

# ਸਿਰਜਣਾ

## 200

ਅਪਰੈਲ-ਜੂਨ 2021

150 ਰੁਪਏ

# ਸਿਰਜਣਾ
**200**

**ਅਪਰੈਲ-ਜੂਨ 2021**

**ਸੰਪਾਦਕ : ਰਘਬੀਰ ਸਿੰਘ**
**Editor : Raghbir Singh**

1728, ਸੈਕਟਰ 43-ਬੀ,
ਚੰਡੀਗੜ੍ਹ-160 043
ਫੋਨ : +91-172-2601693

***SIRJANA***
*1728, Sector 43-B,*
*Chandigarh-160 043*
*INDIA*
*Phone : +91-172-2601693*
*E-mail :*
*raghbirssirjana@yahoo.com*

Sirjana is approved by DPI Punjab for all Schools, Colleges and Social Education Centres vide letter No. 2/6-66B (EP) dated 26-9-1966

Account Name
**SIRJANA**
Account Number:
**Current Account**
**00321100082130**
Bank-Branch
**Punjab & Sind Bank**
**17-C, Chandigarh**
IFSC Code:
**PSIB 0000032**

**ਟਾਈਟਲ ਚਿੱਤਰ : ਦੇਵ**

## ਇਸ ਅੰਕ ਵਿਚ

**ਸੰਪਾਦਕੀ**
ਇਸ ਮੁਕਾਮ 'ਤੇ- ਰਘਬੀਰ ਸਿੰਘ 1

**ਕਵਿਤਾਵਾਂ**
ਸੁਰਜੀਤ ਪਾਤਰ 3, ਦੇਵ 7, ਮੋਹਨਜੀਤ 11, ਗੁਰਭਜਨ ਗਿੱਲ 71, ਜਸਵੰਤ ਜ਼ਫਰ 77, ਗੁਰਪ੍ਰੀਤ 129, ਸੱਤਪਾਲ ਭੀਖੀ 133, ਮਦਨ ਵੀਰਾ 158, ਪਰਮਜਿੰਦਰ ਸੋਢੀ 162, ਸੁਖਵਿੰਦਰ ਕੰਬੋਜ 164, ਸੰਦੀਪ 207, ਸਰਬਜੀਤ ਕੌਰ ਜਸ 210, ਕਰਮਜੀਤ ਕਿਸ਼ਾਂਵਲ 213, ਨਵਰੂਪ ਕੌਰ 216, ਅਜੀਤ ਪਿਆਸਾ 255, ਦਵਿੰਦਰ ਬਿਮਰਾ 257, ਸੁਰਿੰਦਰਪ੍ਰੀਤ ਘਣੀਆ 258

**ਸ਼ਬਦ ਚਿੱਤਰ**
ਗੁਲਜ਼ਾਰ ਸਿੰਘ ਸੰਧੂ 78, ਸੁਕੀਰਤ 84, ਜਸਵੰਤ ਦੀਦ 96, ਬਲਬੀਰ ਪਰਵਾਨਾ 106, ਅਵਤਾਰ ਸਿੰਘ ਬਿਲਿੰਗ 117, ਰਾਜਿੰਦਰ ਪਾਲ ਸਿੰਘ ਬਰਾੜ 124

**ਕਹਾਣੀਆਂ**
ਵਰਿਆਮ ਸੰਧੂ 15, ਬਲਵਿੰਦਰ ਗਰੇਵਾਲ 135, ਗੁਰਮੀਤ ਕੜਿਆਲਵੀ 143, ਲਾਲ ਸਿੰਘ 152, ਸਾਧੂ ਬਿਨਿੰਗ 166, ਹਰਪ੍ਰੀਤ ਸੇਖਾ 171, ਬਲਬੀਰ ਮਾਧੋਪੁਰੀ 185, ਜਤਿੰਦਰ ਹਾਂਸ 193 ਸਿਮਰਨ ਧਾਲੀਵਾਲ 201, ਦੀਪਤੀ ਬਬੂਟਾ 219, ਕੁਲਬੀਰ ਬਡੇਸਰੋਂ 235, ਅਰਵਿੰਦਰ ਧਾਲੀਵਾਲ 245, ਨਿਰੰਜਨ ਬੋਹਾ 260

**ਲੇਖ**
ਚਮਨ ਲਾਲ 265, ਤੇਜਵੰਤ ਸਿੰਘ ਗਿੱਲ 277, ਰੌਣਕੀ ਰਾਮ 284, ਸੁਖਵੰਤ ਹੁੰਦਲ 295, ਕੁਲਦੀਪ ਦੀਪ 316, ਸਾਧੂ ਸਿੰਘ 328, ਸਾਹਿਬ ਸਿੰਘ 331, ਪਿਆਰਾ ਸਿੰਘ ਭੋਗਲ 338, ਸਤੀਸ਼ ਵਰਮਾ 386

**ਮੁਲਾਕਾਤ**
ਮੁਖਤਿਆਰ ਸਿੰਘ 346

**ਸਿਰਜਣਾ ਲਈ ਮੁਹੱਬਤੀ ਬੋਲ**
ਸਾਧੂ ਸਿੰਘ 360, ਸੁਰਿੰਦਰ ਗਿੱਲ 361, ਅਵਤਾਰ ਸਿੰਘ ਬਿਲਿੰਗ 362, ਮੁਖਤਿਆਰ 364, ਬਲਬੀਰ ਮਾਧੋਪੁਰੀ 365, ਸਿਮਰਨ ਧਾਲੀਵਾਲ 366, ਸਰਬਜੀਤ ਕੌਰ ਜਸ 366, ਜੋਗੇ ਭੰਗਲ 366

**ਪੁਸਤਕ ਰੀਵੀਊ**
ਜਸਬੀਰ-ਮਿੱਟੀ ਬੋਲ ਪਈ 369, ਚੰਦਰਮੋਹਨ-ਬੇਸਮਝੀਆਂ 372, ਪੁਸ਼ਵਿੰਦਰ ਕੌਰ-ਆਪਣੇ ਆਪਣੇ ਮਰਸੀਏ 375, ਜੇ.ਬੀ.ਸੇਖੋਂ-ਬੋਸਕੀ ਦਾ ਪਜਾਮਾ 377, (ਡਾ.) ਹਰਿੰਦਰ ਸਿੰਘ-ਉਰਫ ਰੋਸ਼ੀ ਜੱਲਾਦ 379, ਹੱਦੋਂ ਪਰੇ 382, ਪਰਗਟ ਸਿੰਘ ਬਰਾੜ-ਸਵਾਹਾ 384

**ਚੰਦਾ-ਦਸ ਅੰਕ : ਦੇਸ : 500 ਰੁਪਏ, ਪੰਜ ਸਾਲ : 1000 ਰੁਪਏ**
**ਵਿਦੇਸ਼-ਹਵਾਈ ਡਾਕ ਰਾਹੀਂ : ਦਸ ਅੰਕ: 40 ਪੌਂਡ, 50 ਡਾਲਰ, ਪੰਜ ਸਾਲ : 80 ਪੌਂਡ, 100 ਡਾਲਰ**

**ਸੰਪਾਦਕੀ**

# ਇਸ ਮੁਕਾਮ ‘ਤੇ ...

ਪੱਚੀ ਵਰ੍ਹੇ ਪਹਿਲਾਂ, 1995 ਵਿਚ, ‘ਸਿਰਜਣਾ’ ਦਾ 100ਵਾਂ ਅੰਕ ਪ੍ਰਕਾਸ਼ਤ ਹੋਣ ‘ਤੇ ਇਸਦਾ ਜਸ਼ਨ ਮਨਾਉਣ ਲਈ ਇਕ ਸਾਹਿਤਕ ਸਮਾਗਮ ਹੋਇਆ ਸੀ, ਪੰਜਾਬੀ ਯੂਨਵਰਸਿਟੀ ਪਟਿਆਲਾ ਵਿਚ। ਪੰਜਾਬ ਅਤੇ ਪੰਜਾਬੋਂ ਬਾਹਰ ਦੂਰ-ਦੁਰਾਡੀਆਂ ਥਾਵਾਂ ਤੋਂ ਨਵੀਂ ਪੁਰਾਣੀ ਪੀੜ੍ਹੀ ਦੇ ਸਾਹਿਤਕਾਰ ਦੋਸਤ, ‘ਸਿਰਜਣਾ’ ਦੇ ਪਾਠਕ ਅਤੇ ਪ੍ਰਸ਼ੰਸਕ ਇਸ ਵਿਚ ਸ਼ਾਮਲ ਹੋਣ ਲਈ ਵੱਡੀ ਗਿਣਤੀ ਵਿਚ ਪੁੱਜੇ ਸਨ। ‘ਸਿਰਜਣਾ’ ਦੇ ਨਿਕਟ ਸਹਿਯੋਗੀ, ਉਸ ਵੇਲ਼ੇ ਦੇ ਪੰਜਾਬੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ, ਡਾ. ਜੋਗਿੰਦਰ ਸਿੰਘ ਪੁਆਰ, ਤੋਂ ਬਿਨਾਂ ਸੰਤ ਸਿੰਘ ਸੇਖੋਂ, ਦਲੀਪ ਕੌਰ ਟਿਵਾਣਾ ਅਤੇ ਅਜਮੇਰ ਸਿੰਘ ਔਲਖ ਵਰਗੇ ਮਹਾਂਰਥੀ ਲੇਖਕ ਹਾਜ਼ਰ ਸਨ। ਇਸ ਸਮਾਗਮ ਦਾ ਸੰਚਾਲਨ ਕਰਦਿਆਂ ਡਾ. ਸਤੀਸ਼ ਕੁਮਾਰ ਵਰਮਾ ਨੇ ‘ਸਿਰਜਣਾ’ ਨਾਲ ਮੋਹ ਦੇ ਇਜ਼ਹਾਰ ਵਜੋਂ ਆਪਣੀ ਰਵਾਇਤੀ ਆਸ਼ਾਵਾਦੀ ਸੁਰ ਵਿਚ ਇਹ ਕਿਹਾ ਸੀ ਕਿ ‘ਸਿਰਜਣਾ’ ਦੇ ਅਜਿਹੇ ਜਸ਼ਨ ਦਾ ਅਗਲਾ ਸਮਾਗਮ 200ਵੇਂ ਅੰਕ ਦੇ ਪ੍ਰਕਾਸ਼ਨ ਮੌਕੇ ਹੋਵੇਗਾ। ਜਦੋਂ ਉਸਨੇ ਇਉਂ ਆਖਿਆ ਸੀ ਤਾਂ ਇਹ ਬਹੁਤ ਦੂਰ ਦੀ ਅਤੇ ਅਸੰਭਵ ਜਿਹੀ ਗੱਲ ਜਾਪਦੀ ਸੀ। ਪਰ ਸਾਡੇ ਮਿੱਤਰ ਦੇ ਇਹ ਸ਼ੁਭ-ਭਾਵੀ ਬੋਲ ਸੱਚ ਸਾਬਤ ਹੋ ਗਏ ਹਨ। ਕੋਰੋਨਾਵਇਰਸ ਨਾਲ ਪੈਦਾ ਹੋਏ ਹਾਲਾਤ ਕਾਰਨ ਜਸ਼ਨਾਂ ਵਾਲਾ ਸਮਾਗਮ ਰਚਾਉਣਾ ਤਾਂ ਭਾਵੇਂ ਹਾਲ ਦੀ ਘੜੀ ਮੁਮਕਿਨ ਨਹੀਂ ਜਾਪਦਾ, ਪਰ ‘ਸਿਰਜਣਾ’ ਦਾ 200ਵਾਂ ਵਿਸ਼ੇਸ਼ ਅੰਕ ਅਵੱਸ਼ ਹਾਜ਼ਰ ਹੈ।

ਸਮੇਂ ਸਮੇਂ ਸੰਪਾਦਕ ਸਿਰਜਣਾ ਨੂੰ 200ਵੇਂ ਅੰਕ ਦਾ ਚੇਤਾ ਕਰਾਉਂਦੇ ਰਹੇ ਡਾ. ਸਤੀਸ਼ ਵਰਮਾ ਦਾ ਹੀ ਲਿਖਿਆ ਇਕ ਲੇਖ ਵੀ ਇਸ ਅੰਕ ਵਿਚ ‘ਅੰਤਿਕਾ’ ਵਜੋਂ ਛਪ ਰਿਹਾ ਹੈ। ਹੋਰ ਬਹੁਤ ਸਾਰਥਕ ਵੱਥ ਤੋਂ ਬਿਨਾਂ ਇਸ ਲੇਖ ਵਿਚ ‘ਸਿਰਜਣਾ’ ਦੇ ਇਤਿਹਾਸਕ ਪਿਛੋਕੜ ਅਤੇ ਦਰਪੇਸ਼ ਸਵਾਲਾਂ ਬਾਰੇ ਉਹ ਸਾਰੀਆਂ ਗੱਲਾਂ ਹਨ ਜੋ ਇਸ ਅੰਕ ਦੇ ਸੰਪਾਦਕੀ ਵਿਚ ਦੱਸੀਆਂ ਜਾਂ ਕੀਤੀਆਂ ਜਾਣੀਆਂ ਬਣਦੀਆਂ ਸਨ। ਇਸ ਲਈ ਪਾਠਕ ‘ਅੰਤਿਕਾ’ ਵਾਲੇ ਇਸ ਲੇਖ ਨੂੰ ਇਕ ਤਰ੍ਹਾਂ ਸੰਪਾਦਕੀ ਸਮਝਕੇ ਹੀ ਪੜ੍ਹਨ।

ਪਿੱਛਲ ਝਾਤ ਮਾਰਦਿਆਂ ਇਹ ਅਚੰਭਾ ਜਿਹਾ ਜਾਪਦਾ ਹੈ ਕਿ ‘ਸਿਰਜਣਾ’ ਨੇ ਏਨਾ ਲੰਮਾ ਸਫਰ ਤੈਅ ਕਰ ਲਿਆ ਹੈ। ਇਸ ਮੁਕਾਮ ਤਕ ਪਹੁੰਚਦਿਆਂ ਅੱਧੀ ਸਦੀ ਤੋਂ ਵੱਧ, ਪੂਰੇ 55 ਸਾਲ, ਦਾ ਸਮਾਂ ਲੱਗਣ ਤੋਂ ਪ੍ਰਤੱਖ ਹੈ ਕਿ ਸਫਰ ਦੌਰਾਨ ਅਵੱਸ਼ ਕੁਝ ਔਕੜਾਂ ਤੇ ਰੁਕਾਵਟਾਂ ਦਾ ਸਾਹਮਣਾ ਸੀ, ਨਹੀਂ ਤਾਂ 200 ਅੰਕ ਤਕ ਪੁੱਜਣ ਦੀ ਇਹ ਵਾਟ 50 ਸਾਲਾਂ ਵਿਚ ਹੀ ਪੂਰੀ ਹੋ ਜਾਂਦੀ। ਵਧੇਰੇ ਕਰਕੇ ਮੁੱਢਲੇ ਵਰ੍ਹਿਆਂ ਵਿਚ ਪੇਸ਼ ਆਈਆਂ ਇਹ ਔਕੜਾਂ ਤੇ ਮੁਸ਼ਕਿਲਾਂ ਆਰਥਿਕ ਵਸੀਲਿਆਂ ਦੇ ਪੱਖੋਂ ਹੀ ਸਨ, ਜਿਨ੍ਹਾਂ ਦੇ ਵੇਰਵੇ ਵਜੋਂ ਸੰਪਾਦਕ ਸਿਰਜਣਾ ਕੋਲ਼ ਦੱਸਣ ਲਈ ਬਹੁਤ ਦਿਲਚਸਪ ਕਹਾਣੀਆਂ ਮੌਜੂਦ ਹਨ। ਖੈਰ!

ਪਰਚਾ ਸ਼ੁਰੂ ਹੋਣ ‘ਤੇ ਸਾਹਿਤ-ਜਗਤ ਵਿਚ ਜਿਵੇਂ ‘ਸਿਰਜਣਾ’ ਦਾ ਸਵਾਗਤ ਹੋਇਆ, ਉਹ ਸਭ ਕੁਝ ਬਹੁਤ ਹੁਲਾਸ ਭਰਪੂਰ ਸੀ। ਉਦੋਂ ਪ੍ਰਗਤੀਵਾਦੀ ਸਾਹਿਤਕ ਲਹਿਰ ਕਮਜ਼ੋਰ ਪੈ ਰਹੀ ਸੀ। ਆਧੁਨਿਕਤਾ ਤੇ ਪ੍ਰਯੋਗਵਾਦ ਦੇ ਨਾਂ ਹੇਠ ਕਾਫੀ ਕੁਝ ਉਹ ਹੋ ਰਿਹਾ ਸੀ, ਜਿਸਨੂੰ ‘ਸਿਰਜਣਾ’ ਵਿਚਲੇ ਜੋਟੀਦਾਰ ਸ਼ੱਕ ਦੀ ਨਜ਼ਰ ਨਾਲ ਵੇਖਦੇ ਸਨ। ਉਸ ਸਮੇਂ ‘ਸਿਰਜਣਾ’ ਦਾ ਐਲਾਨਿਆ ਉਦੇਸ਼ ਪ੍ਰਗਤੀਵਾਦੀ ਲਹਿਰ ਨੂੰ ਨਵੇਂ ਸਿਰਿਉਂ ਮਜ਼ਬੂਤ ਕਰਨਾ ਸੀ। ਹੁਣ ਇਹ ਮੰਨਣ ਵਿਚ ਕੋਈ ਸੰਕੋਚ

ਨਹੀਂ ਕਿ ਇਸ ਸੋਚ ਪਿੱਛੇ ਸਾਹਿਤ ਦੀ ਡੂੰਘੀ ਸਮਝ ਨਾਲੋਂ ਸ਼ੁਭ ਭਾਵਨਾ ਦਾ ਦਖਲ ਵਧੇਰੇ ਸੀ। ਸਮੇਂ ਦੇ ਬੀਤਣ ਨਾਲ ਨਾ ਸਿਰਫ ਪ੍ਰਗਤੀਵਾਦੀ ਸਾਹਿਤ ਸਗੋਂ ਸਮੁੱਚੇ ਰੂਪ ਵਿਚ ਸਾਹਿਤ ਦੀ ਸਮਝ ਵਿਚ ਵੀ ਵਧੇਰੇ ਨਿਖਾਰ ਆਉਂਦਾ ਗਿਆ। ਜਿਸਦੇ ਸਿੱਟੇ ਵਜੋਂ 'ਸਿਰਜਣਾ' ਦੇ ਪ੍ਰਭਾਵ ਖੇਤਰ ਵਿਚ ਚੋਖਾ ਵਿਸਤਾਰ ਹੁੰਦਾ ਗਿਆ, ਭਾਵੇਂ ਨਾਅਰੇਬਾਜ਼ੀ ਜਾਂ ਸਪਾਟ ਬਿਆਨੀ ਨੂੰ ਉਤਸ਼ਾਹ ਨਾ ਦੇਣ 'ਤੇ ਕੁਝ ਮਿੱਤਰ ਹਲਕਿਆਂ ਵਿਚ ਨਿਰਾਸਤਾ ਤੇ ਉਦਾਸੀਨਤਾ ਦੇ ਭਾਵ ਵੀ ਉਤਪੰਨ ਹੋਏ।

'ਸਿਰਜਣਾ' ਦੀ ਨਿਰੰਤਰ ਇਹ ਨੀਤੀ ਰਹੀ ਕਿ ਕਲਾਤਮਕ ਪੱਖ ਦਾ ਖਿਆਲ ਰੱਖਦੇ ਹੋਏ ਪਰਚੇ ਵਿਚ ਸਿਰਜਣਾਤਮਕ ਲਿਖਤਾਂ ਉਹ ਹੀ ਛਪਣ ਜੋ ਯਥਾਰਥਵਾਦੀ ਮਾਨਵਵਾਦੀ ਪਹੁੰਚ ਦੀਆਂ ਧਾਰਨੀ ਹੋਣ। ਐਪਰ ਵਿਚਾਰਧਾਰਕ ਪੱਧਰ 'ਤੇ ਪੂਰੇ ਜ਼ੋਰ ਨਾਲ ਆਪਣੀ ਗੱਲ ਕਰਨ ਦੇ ਨਾਲ ਨਾਲ ਵਿਰੋਧੀ ਵਿਚਾਰਾਂ ਦੇ ਪ੍ਰਗਟਾਅ ਲਈ ਵੀ ਰਾਹ ਮੋਕਲ਼ਾ ਛੱਡਿਆ ਗਿਆ ਸੀ। ਵੈਸੇ ਵੀ ਅਹਿਮ ਮੁੱਦਿਆਂ ਬਾਰੇ ਸੰਵਾਦ ਨੂੰ ਉਤਸ਼ਾਹਤ ਕੀਤਾ ਗਿਆ। ਨਤੀਜੇ ਵਜੋਂ 'ਸਿਰਜਣਾ' ਸਾਹਿਤਕ ਤੇ ਸਿਧਾਂਤਕ ਵਿਚਾਰ-ਚਰਚਾ ਅਤੇ ਸੰਵਾਦ ਦਾ ਇਕ ਤਕੜਾ ਮੰਚ ਬਣ ਗਿਆ। ਪਰਚਾ ਸ਼ੁਰੂ ਕਰਨ ਵਾਲੇ ਦੋਸਤਾਂ ਦੀ ਟੋਲੀ ਅਤੇ ਸੰਪਾਦਕ ਦੀ ਖੱਬੇਪੱਖੀ ਰਾਜਸੀ ਲਹਿਰ ਅਤੇ ਸਮਾਜਵਾਦੀ ਚਿੰਤਨ ਧਾਰਾ ਨਾਲ ਸਰਗਰਮ ਸਾਂਝ ਹੋਣ ਕਰਕੇ ਕੁਝ ਹਲਕਿਆਂ ਵੱਲੋਂ ਉਦੋਂ 'ਸਿਰਜਣਾ' ਬਾਰੇ ਬੇਵਸਾਹੀ ਜਿਹੀ ਪ੍ਰਗਟ ਕੀਤੀ ਗਈ ਸੀ। ਪਰ ਛੇਤੀ ਹੀ ਇਸ ਕਿਸਮ ਦੀ ਬੇਵਸਾਹੀ ਕਿਧਰੇ ਅਲੋਪ ਹੋ ਗਈ। ਪਰਚੇ ਦਾ ਬਿੰਬ ਕੁਝ ਇਸ ਪ੍ਰਕਾਰ ਦਾ ਬਣ ਗਿਆ ਕਿ ਥੋੜ੍ਹਾ ਸਮਾਂ ਪਹਿਲਾਂ ਤਕ ਇਸ ਬਾਰੇ ਸੰਦੇਹ ਦਾ ਇਜ਼ਹਾਰ ਕਰਨ ਵਾਲੇ ਸਾਹਿਤਕਾਰ ਖੁਦ 'ਸਿਰਜਣਾ' ਵਿਚ ਆਪਣੀਆਂ ਰਚਨਾਵਾਂ ਪ੍ਰਕਾਸ਼ਤ ਹੋਈਆਂ ਦੇਖਣ ਲਈ ਤੱਤਪਰ ਸਨ।

ਲੇਖਕਾਂ ਨੇ ਜਿਸ ਤਰ੍ਹਾਂ ਦਾ ਭਰਵਾਂ ਹੁੰਗਾਰਾ 'ਸਿਰਜਣਾ' ਨੂੰ ਦਿੱਤਾ, ਉਹ ਹੈਰਾਨੀ ਦੀ ਹੱਦ ਤਕ ਖੁਸ਼ੀ ਭਰਿਆ ਸੀ। ਸ਼ੁਰੂ ਵਿਚ ਹੀ ਪੰਜਾਬੀ ਸਾਹਿਤ ਦੇ ਬਾਬਾ ਬੋਹੜ ਸੰਤ ਸਿੰਘ ਸੇਖੋਂ ਦੀ ਹਲਾਸ਼ੇਰੀ ਤਾਂ ਹਾਸਲ ਹੋਈ ਹੀ, ਪ੍ਰੋ. ਮੋਹਨ ਸਿੰਘ, ਬਾਵਾ ਬਲਵੰਤ, ਕਰਤਾਰ ਸਿੰਘ ਦੁੱਗਲ, ਕੁਲਵੰਤ ਸਿੰਘ ਵਿਰਕ, ਸੰਤੋਖ ਸਿੰਘ ਧੀਰ, ਪਿਆਰਾ ਸਿੰਘ ਸਹਿਰਾਈ ਅਤੇ ਸੁਖਬੀਰ ਵਰਗੇ, ਵੇਲ਼ੇ ਦੇ ਵੱਡੇ ਨਾਮਵਰ ਲੇਖਕਾਂ ਨੇ ਵੀ ਭਰਵਾਂ ਸਹਿਯੋਗ ਦਿੱਤਾ। ਇੰਝ ਹੀ ਉਹਨਾਂ ਤੋਂ ਮਗਰੋਂ ਦੀ ਪੀੜ੍ਹੀ ਦੇ ਵੱਡੇ ਨਾਂ ਵਾਲੇ ਲੇਖਕ ਚਿੰਤਕ, ਗੁਰਦਿਆਲ ਸਿੰਘ, ਸੁਰਜੀਤ ਹਾਂਸ, ਡਾ. ਅਤਰ ਸਿੰਘ, ਸ਼ਿਵ ਕੁਮਾਰ, ਸ.ਸ. ਮੀਸ਼ਾ, ਜਗਤਾਰ ਆਦਿ, ਜੋ ਹੁਣ ਸਾਹਿਤ ਇਤਿਹਾਸ ਦਾ ਹਿੱਸਾ ਬਣ ਚੁੱਕੇ ਹਨ, ਵੀ ਮਾਣ ਨਾਲ 'ਸਿਰਜਣਾ' ਦਾ ਸਾਥ ਦਿੰਦੇ ਰਹੇ ਸਨ। ਵਾਸਤਵ ਵਿਚ ਪਿਛਲੀ ਅੱਧੀ ਸਦੀ ਦੌਰਾਨ ਕੋਈ ਅਜਿਹਾ ਗੌਲਣਯੋਗ ਲੇਖਕ ਨਹੀਂ ਹੋਇਆ ਜਿਸਦਾ ਨੇੜ 'ਸਿਰਜਣਾ' ਨੂੰ ਹਾਸਲ ਨਾ ਰਿਹਾ ਹੋਵੇ। ਅਤੇ ਇਸ ਤੱਥ ਦਾ ਵੇਰਵਾ ਦੇਣ ਦੀ ਲੋੜ ਨਹੀਂ ਜਾਪਦੀ ਕਿ ਕਿ ਸਮਕਾਲ ਵਿਚ ਵੱਡੇ ਲੇਖਕਾਂ ਵਜੋਂ ਪ੍ਰਵਾਨ ਚੜ੍ਹਨ ਵਾਲੇ ਬਹੁਤੇ ਨਾਉਂ ਉਹ ਹਨ, ਜਿਨ੍ਹਾਂ ਦੀ ਨਿਵੇਕਲੀ ਪਛਾਣ 'ਸਿਰਜਣਾ' ਦੁਆਰਾ ਸਥਾਪਤ ਹੋਈ ਹੈ।

ਅੱਜ ਵੀ ਅਗਾਂਵਧੂ ਸੋਚ ਵਾਲੇ ਗੰਭੀਰ ਚਿੰਤਕ, ਵੱਡੀ ਕਲਾਤਮਕ ਸਮਰੱਥਾ ਵਾਲੇ ਸਾਹਿਤਕਾਰ ਅਤੇ ਸੰਭਾਵਨਾਵਾਂ ਵਾਲੇ ਨਵੀਂ ਪੀੜ੍ਹੀ ਦੇ ਲੇਖਕ ਜਿਵੇਂ 'ਸਿਰਜਣਾ' ਲਈ ਹੱਲਾਸ਼ੇਰੀ, ਨੇੜ, ਅਪਣੱਤ ਤੇ ਆਦਰ-ਭਾਵ ਪ੍ਰਗਟਾਉਂਦੇ ਹਨ, ਉਹ ਹੋਰ ਅਗਾਂਹ ਚੱਲਦੇ ਰਹਿਣ ਲਈ ਸ਼ਕਤੀ ਦਾ ਵੱਡਾ ਸ੍ਰੋਤ ਹੈ। ਤਦ ਵੀ ਇਹ ਮਸਲਾ ਅਜੇ ਸੁਲਝਣਾ ਬਾਕੀ ਹੈ ਕਿ ਉਮਰ ਦੇ ਅੱਸੀਵਿਆਂ ਵਿਚੋਂ ਲੰਘ ਰਹੇ ਸੰਪਾਦਕ ਸਿਰਜਣਾ ਦੇ ਲਾਂਭੇ ਹੋਣ ਦੀ ਸੂਰਤ ਵਿਚ ਇਹ ਸਫਰ ਅਗਾਂਹ ਕਿਵੇਂ ਜਾਰੀ ਰਹਿ ਸਕਦਾ ਹੈ। ਪਿਛਲੇ ਕੁਝ ਸਮੇਂ ਤੋਂ ਇਕ ਨੇੜਲਾ ਅਜ਼ੀਜ਼ ਪਰਚਾ ਜਾਰੀ ਰੱਖਣ ਵਿਚ ਬਹੁਤ ਮੁੱਲਵਾਨ ਸਹਿਯੋਗ ਦੇ ਰਿਹਾ ਹੈ। ਪਰ ਲੰਮੇ ਸਮੇਂ ਤਕ ਇਸਦੇ ਸੰਚਾਲਨ ਨੂੰ ਯਕੀਨੀ ਬਣਾਉਣ ਲਈ ਕੋਈ ਠੋਸ ਵਿਵਸਥਾ ਹਾਲੇ ਤਕ ਵੀ ਬਣੀ ਨਹੀਂ, ਜਿਸ ਲਈ ਲਾਜ਼ਮੀ ਕੁਝ ਕਰਨਾ ਪਏਗਾ। **-ਰਘਬੀਰ ਸਿੰਘ**

# ਸੁਰਜੀਤ ਪਾਤਰ: ਦੋ ਕਵਿਤਾਵਾਂ

## ਇਹ ਬਾਤ ਨਿਰੀ ਏਨੀ ਹੀ ਨਹੀਂ

ਇਹ ਬਾਤ ਨਿਰੀ ਏਨੀ ਹੀ ਨਹੀਂ, ਨਾ ਮਸਲਾ ਸਿਰਫ ਕਿਸਾਨ ਦਾ ਏ
ਇਹ ਪਿੰਡ ਦੇ ਵਸਦੇ ਰਹਿਣ ਦਾ ਏ, ਜਿਹਨੂੰ ਤੌਖਲਾ ਉੱਜੜ ਜਾਣ ਦਾ ਏ

ਉਂਝ ਤਾਂ ਇਹ ਚਿਰਾਂ ਦਾ ਉੱਜੜ ਰਿਹਾ, ਕੋਈ ਅੱਜ ਨਈਂ ਉੱਜੜਨ ਲੱਗਿਆ ਏ
ਇਹਨੂੰ ਗ਼ੈਰਾਂ ਨੇ ਵੀ ਲੁੱਟਿਆ ਏ ਤੇ ਆਪਣਿਆਂ ਵੀ ਠੱਗਿਆ ਏ
ਇਹਦਾ ਮਨ ਪਿੰਡੇ ਤੋਂ ਵੱਧ ਜ਼ਖਮੀ, ਦੁੱਖ ਰੂਹ ਤੋਂ ਵਿੱਛੜ ਜਾਣ ਦਾ ਏ
ਇਹ ਬਾਤ ਨਿਰੀ ਏਨੀ ਹੀ ਨਹੀਂ...

ਜਿਸ ਗੁਰੂ ਦੇ ਨਾਮ 'ਤੇ ਜਿਉਂਦਾ ਸੀ, ਉਸ ਦੇ ਪੈਗ਼ਾਮ ਨੂੰ ਵਿਸਰ ਗਿਆ
ਇਕ ਘੁਰਾ ਸ਼ਬਦ ਦਾ ਨਿਕਲ ਗਿਆ, ਇਹਦੀ ਸੁਰਤ ਦਾ ਤਾਣਾ ਉਧੜ ਗਿਆ
ਇਹ ਵੇਲਾ ਸੱਜਰੀ ਬੁਣਤੀ ਵਿਚ, ਸ਼ਬਦਾਂ ਦੇ ਬੂਟੇ ਪਾਣ ਦਾ ਏ
ਇਹ ਬਾਤ ਨਿਰੀ ਏਨੀ ਹੀ ਨਹੀਂ...

ਇਹ ਗੱਲ ਨਿਰੀ ਖੇਤਾਂ ਦੀ ਨਹੀਂ, ਇਹ ਗੱਲ ਤਾਂ ਸਫਿਆਂ ਦੀ ਵੀ ਹੈ
ਅੱਖਰ ਨੇ ਜਿਨ੍ਹਾਂ 'ਤੇ ਬੀਜਾਂ ਜਿਹੇ, ਸੱਚ ਦੇ ਫਲਸਫਿਆਂ ਦੀ ਵੀ ਹੈ
ਮੈਨੂੰ ਫਿਕਰ ਲਾਲੋ ਦੇ ਕੋਧਰੇ ਦਾ, ਤੈਨੂੰ ਭਾਗੋ ਦੇ ਪਕਵਾਨ ਦਾ ਏ
ਇਹ ਬਾਤ ਨਿਰੀ ਏਨੀ ਹੀ ਨਹੀਂ...

ਆਖੀ ਸੀ ਕਦੇ ਇਕ ਪੁਰਖੇ ਨੇ, ਉਹ ਬਾਤ ਜੋ ਅੱਜ ਤਕ ਹੈ ਸੱਜਰੀ
ਨਹੀਂ ਕੰਮ ਥਕਾਉਂਦਾ ਬੰਦੇ ਨੂੰ, ਬੰਦੇ ਨੂੰ ਥਕਾਉਂਦੀ ਬੇਕਦਰੀ
ਇਹ ਦੁੱਖ ਓਸੇ ਬੇਕਦਰੀ ਦਾ, ਇਹ ਸੱਲ ਓਸੇ ਅਪਮਾਨ ਦਾ ਏ
ਇਹ ਬਾਤ ਨਿਰੀ ਏਨੀ ਹੀ ਨਹੀਂ...

ਤੇਰੇ ਵੱਡੇ ਵਸਣ ਘਰਾਣੇ ਵੀ, ਸਾਡੇ ਰਹਿਣ ਦੇ ਨਿੱਕੇ ਘਰ ਵਸਦੇ
ਸਭ ਚੁਲ੍ਹਿਆਂ ਵਿਚ ਅੱਗ ਬਲ਼ਦੀ ਰਵ੍ਹੇ, ਸਭ ਧੀਆਂ ਪੁੱਤ ਵਸਦੇ ਰਸਦੇ
ਇਹ ਗੱਲ ਸਭਨਾਂ ਦੇ ਵਸਣ ਦੀ ਹੈ ਇਹ ਜਸ਼ਨ ਤਾਂ ਵੰਡ ਕੇ ਖਾਣ ਦਾ ਏ
ਇਹ ਬਾਤ ਨਿਰੀ ਏਨੀ ਹੀ ਨਹੀਂ...

ਕਿਉਂ ਧੀ ਕਿਸੇ ਕਿਰਤੀ ਕੰਮੀ ਦੀ, ਉਹਨਾਂ ਦੀ ਖਾਤਰ ਧੀ ਹੀ ਨਹੀਂ
ਜੋ ਪੁੱਤ ਨੇ ਡਾਢਿਆਂ ਦੇ ਜਾਏ, ਉਹਨਾਂ ਦੀ ਕਿਤੇ ਪੇਸ਼ੀ ਹੀ ਨਹੀਂ
ਤੂੰ ਡਰ ਉਹਨਾਂ ਦੀ ਅਦਾਲਤ ਤੋਂ, ਜਿੱਥੇ ਹੋਣਾ ਅਦਲ ਈਮਾਨ ਦਾ ਏ
ਇਹ ਬਾਤ ਨਿਰੀ ਏਨੀ ਹੀ ਨਹੀਂ...

ਤੇਰੇ ਨਾਲ ਅਮੀਰ ਵਜ਼ੀਰ ਖੜ੍ਹੇ, ਮੇਰੇ ਨਾਲ ਪੈਗ਼ੰਬਰ ਪੀਰ ਖੜ੍ਹੇ
ਰਵਿਦਾਸ, ਫਰੀਦ, ਕਬੀਰ ਖੜ੍ਹੇ, ਮੇਰੇ ਨਾਨਕ ਸ਼ਾਹ ਫਕੀਰ ਖੜ੍ਹੇ
ਮੇਰਾ ਨਾਮਦੇਵ, ਮੇਰਾ ਧੰਨਾ ਵੀ, ਮੈਨੂੰ ਮਾਣ ਆਪਣੀ ਇਸ ਸ਼ਾਨ ਦਾ ਏ
ਇਹ ਬਾਤ ਨਿਰੀ ਏਨੀ ਹੀ ਨਹੀਂ...

ਤੂੰ ਆਖਦਾਂ ਹੁਣ ਆਜ਼ਾਦ ਹਾਂ ਮੈਂ, ਮੇਰੀਆਂ ਜ਼ੰਜੀਰਾਂ ਟੁੱਟ ਰਹੀਆਂ
ਇਹ ਮੇਰੀਆਂ ਜੜ੍ਹਾਂ ਨੇ ਸਾਹਿਬ ਜੀ, ਜਿਹਨਾਂ ਨੂੰ ਮਸ਼ੀਨਾਂ ਪੁੱਟ ਰਹੀਆਂ
ਇਕ ਪਾਸੇ ਦੈਂਤ ਹੈ ਹਾਬੜਿਆ, ਇਕ ਪਾਸੇ ਦੁੱਖ ਇਨਸਾਨ ਦਾ ਏ
ਇਹ ਬਾਤ ਨਿਰੀ ਏਨੀ ਹੀ ਨਹੀਂ...

ਖੂਹ ਵਗਦੇ ਵਗਦੇ ਛਪਨ ਹੋਏ, ਹੁਣ ਬਾਤ ਨੇ ਸਦੀਆਂ ਗਈਆਂ ਦੀ
ਮੈਂ ਜਾਣਦਾਂ ਯੁੱਗ ਬਦਲਦੇ ਨੇ, ਤਿੱਖੀ ਰਫਤਾਰ ਹੈ ਪਹੀਆਂ ਦੀ
ਬੰਦੇ ਨੂੰ ਮਿੱਧ ਕੇ ਨਾ ਲੰਘ ਜਾਵਣ, ਇਹ ਫਰਜ਼ ਵੀ ਨੀਤੀਵਾਨ ਦਾ ਏ
ਇਹ ਬਾਤ ਨਿਰੀ ਏਨੀ ਹੀ ਨਹੀਂ...

ਇਹ ਕਣਕ ਤੇ ਧਾਨ ਦੀ ਗੱਲ ਹੀ ਨਹੀਂ, ਇਹ ਅਣਖ ਤੇ ਆਨ ਦੀ ਗੱਲ ਵੀ ਹੈ
ਕੀ ਹਾਲ ਹੈ, ਕਿੰਝ ਗੁਜ਼ਰਦੀ ਹੈ, ਇਹ ਮੋਹ ਤੇ ਮਾਣ ਦੀ ਗੱਲ ਵੀ ਹੈ
ਜੋ ਅਪਣਾ ਹੁੰਦਾ ਪੁੱਛਦਾ ਹੈ, ਕੀ ਦੁਖਦਾ ਮੇਰੀ ਜਾਨ ਦਾ ਏ
ਇਹ ਬਾਤ ਨਿਰੀ ਏਨੀ ਹੀ ਨਹੀਂ...

ਮੈਂ ਜਾਗਿਆ ਹਾਂ ਬੜੀ ਦੇਰੀ ਨਾਲ, ਮੇਰੀ ਟੁੱਟੀ ਏ ਨੀਂਦ ਹਨ੍ਹੇਰੀ ਨਾਲ
ਮੇਰੇ ਸੁੱਤਿਆਂ ਸੁੱਤਿਆਂ ਤੁਰ ਗਿਆ ਏ, ਮੇਰਾ ਕੀ ਕੁਝ ਗਫਲਤ ਮੇਰੀ ਨਾਲ
ਉਹ ਜੋ ਇਸ ਦੇ ਮਗਰੇ ਆਉਂਦਾ ਹੈ, ਮੈਨੂੰ ਫਿਕਰ ਤਾਂ ਉਸ ਤੂਫਾਨ ਦਾ ਏ
ਇਹ ਬਾਤ ਨਿਰੀ ਏਨੀ ਹੀ ਨਹੀਂ...

ਜਿਸ ਦੀ ਸਰਕਾਰ ਵੀ ਜ਼ਰਖਰੀਦ, ਕਿੰਨੇ ਅਖਬਾਰ ਵੀ ਜ਼ਰਖਰੀਦ
ਇਹ ਚੈਨਲ ਵੈਨਲ ਐਂਕਰ ਵੀ, ਮੰਡਲ ਵਿਉਪਾਰ ਵੀ ਜ਼ਰਖਰੀਦ
ਇਹ ਮਸਲਾ ਮਾਇਆਧਾਰੀਆਂ ਦੇ ਜੰਜਾਲ 'ਚ ਫਸੇ ਜਹਾਨ ਦਾ ਏ
ਇਹ ਬਾਤ ਨਿਰੀ ਏਨੀ ਹੀ ਨਹੀਂ...

ਤੇਰੇ ਕੋਲ਼ ਤਾਂ ਚਾਰ ਸਿਆੜ ਨਹੀਂ, ਤੂੰ ਏਥੇ ਕਿੱਥੇ ਫਿਰਦਾ ਏਂ
ਤੇਰੀ ਗੁਮਰਾਹੀ ਸਿਰੇ ਦੀ ਹੈ, ਐਵੇਂ ਕਮਲ਼ਾ ਹੋਇਆ ਫਿਰਦਾ ਏਂ
ਜੀ ਮੈਂ ਚੇਲਾ ਹਾਂ ਓਸ ਕੁਰਾਹੀਏ ਦਾ, ਜਿਹਦਾ ਥਾਲ ਪੂਰੇ ਅਸਮਾਨ ਦੇ
ਇਹ ਬਾਤ ਨਿਰੀ ਏਨੀ ਹੀ ਨਹੀਂ...

ਵਾਹ ਪਾਤਰ ਤੂੰ ਵੀ ਏਥੇ ਹੈਂ, ਤੇਰੀ ਕਿਸ ਜ਼ਮੀਨ ਨੂੰ ਖਤਰਾ ਏ
ਮੇਰੇ ਬੋਲਾਂ ਨੂੰ, ਮੇਰੀ ਕਵਿਤਾ ਨੂੰ, ਮੇਰੀ ਸਰਜ਼ਮੀਨ ਨੂੰ ਖਤਰਾ ਏ
ਮੇਰਾ ਹਰਫ ਹਰਫ ਤੇਰੀ ਜ਼ਦ ਵਿਚ ਹੈ, ਮੇਰਾ ਮਸਲਾ ਉਹਨੂੰ ਬਚਾਣ ਦਾ ਏ
ਇਹ ਬਾਤ ਨਿਰੀ ਏਨੀ ਹੀ ਨਹੀਂ...

## ਜਦ ਉਹਨਾਂ ਬੁੱਲ੍ਹੇ ਨੂੰ ਪੁੱਛਿਆ

ਜਦ ਉਹਨਾਂ ਬੁਲ੍ਹੇ ਨੂੰ ਪੁੱਛਿਆ
ਬੁਲ੍ਹਾ ਕਹਿੰਦਾ:
ਕੀ ਜਾਣਾ ਮੈਂ ਕੌਣ

*ਨਾ ਮੈਂ ਮੋਮਨ ਵਿਚ ਮਸੀਤਾਂ*
*ਨਾ ਮੈਂ ਵਿਚ ਕੁਫਰ ਦੀਆਂ ਰੀਤਾਂ*
*ਨਾ ਮੈਂ ਪਾਕਾਂ ਵਿਚ ਪਲੀਤਾਂ*
*ਨਾ ਮੈਂ ਮੂਸਾ ਨਾ ਫਿਰਔਨ*
*ਕੀ ਜਾਣਾਂ ਮੈਂ ਕੌਣ*

*ਮੈਂ ਜਦ ਸਬਕ ਇਸ਼ਕ ਦਾ ਪੜ੍ਹਿਆ*
*ਮਸਜਿਦ ਕੋਲੋਂ ਜੀਉੜਾ ਡਰਿਆ*
*ਭੱਜ ਭੱਜ ਠਾਕਰ ਦੁਆਰੇ ਵੜਿਆ*
*ਲੋਕੀਂ ਕਹਿਣ ਖੜ੍ਹਾ ਹੈ ਕੌਣ*
*ਕੀ ਜਾਣਾਂ ਮੈਂ ਕੌਣ*

ਜੋ ਮਰਜ਼ੀ ਆਖੀ ਜਾ ਬੁਲ੍ਹਿਆ
ਸਾਥੋਂ ਤੇਰਾ ਕੁਝ ਨਹੀਂ ਭੁੱਲਿਆ
ਭੇਤ ਹੈ ਸਾਨੂੰ ਤੂੰ ਹੈਂ ਕੌਣ

ਤੇਰਾ ਅਸਲ ਨਾਮ ਅਬਦੁੱਲਾ
ਲੁਕ ਛਿਪਣ ਨੂੰ ਬਣ ਗਿਆ ਬੁਲ੍ਹਾ
ਉੱਚ ਸ਼ਰੀਫ 'ਚ ਜੰਮਿਆ ਸੀ ਤੂੰ
ਸਈਅਦ ਤੇਰੀ ਜਾਤ
ਸ਼ਾਹ ਇਨਾਇਤ ਰਾਂਈਂ
ਤੇਰਾ ਮੁਰਸ਼ਿਦ
ਭੇਤ ਹੈ ਸਾਨੂੰ ਤੂੰ ਹੈਂ ਕੌਣ

ਬੱਸ ਏਹੋ ਹੀ ਭੇਤ ਨਾ ਲੱਗਿਆ
ਤੂੰ ਏਧਰ ਕਿੱਦਾਂ ਆ ਵੱਸਿਆ
ਸਾਥੋਂ ਚੋਰੀ
ਲੋਕ ਦਿਲਾਂ ਦੇ ਅੰਦਰ
ਸਾਨੂੰ ਸ਼ੱਕ ਹੈ
ਸਾਜ਼ਾਂ ਦੀਆਂ ਸੁਰਾਂ ਵਿਚ ਰਲ਼ ਕੇ
ਗਾਇਕਾਂ ਦੇ ਬੋਲਾਂ ਦੇ ਅੰਦਰ ਲੁਕਦਾ ਛਿਪਦਾ

ਆ ਗਿਆ ਹੋਣੈਂ
ਕੁਝ ਵੀ ਹੈ
ਪਰ ਹੁਣ ਗੱਲ ਇਹ ਹੈ
ਸਾਨੂੰ ਚਾਹੀਦੇ ਕਾਗ਼ਜ਼ਾਤ

ਇਹ ਲਉ ਇਹ ਕੁਝ ਦੋਹੜੇ ਨੇ
ਕੁਝ ਕਾਫੀਆਂ ਨੇ
ਸੀਹਰਫੀਆਂ ਨੇ
ਸਤਵਾਰਾ ਹੈ

ਹਾਂ ਇਹ ਵੀ ਸਾਨੂੰ ਚਾਹੀਦੇ
ਕੋਈ ਉੱਚ ਕਮੇਟੀ ਬੈਠੇਗੀ
ਕੁਝ ਚੀਰਫਾੜ ਕਰ ਦੇਖੇਗੀ
ਪਰਖੇਗੀ ਇਨ੍ਹਾਂ ਦਾ ਹਰਫ ਹਰਫ
ਨਿਰਖੇਗੀ ਇਨ੍ਹਾਂ ਦਾ ਵਾਕ ਵਾਕ
ਸੁੰਘੇਗੀ ਤੇਰੀਆਂ ਕਾਫੀਆਂ ਨੂੰ

ਪਰ ਉਹ ਵੀ ਸਾਨੂੰ ਚਾਹੀਦੇ
ਕੋਈ ਸਨਦ, ਫਰਦ
ਕੋਈ ਬੈਨਾਮਾ,
ਕੋਈ ਖਸਰਾ ਨੰਬਰ, ਇੰਤਕਾਲ
ਕੋਈ ਰਾਹਦਾਰੀ, ਕੋਈ ਵਲਦੀਅਤ

ਉਹਨਾਂ ਤੋਂ ਹੀ ਨਿਰਣਾ ਹੋਵੇਗਾ
ਪਈ ਕੀ ਹੈ ਸਟੇਟਸ
ਕੀ ਰੁਤਬਾ

ਉਹਨਾਂ ਤੋਂ ਹੀ ਨਿਰਣਾ ਹੋਵੇਗਾ
ਕਿ ਜੇ ਲੋਕ-ਦਿਲਾਂ ਵਿਚ ਵਸਦਾ ਏਂ
ਤਾਂ ਵਸਦਾ ਏਂ ਕਿਸ ਹੈਸੀਅਤ ਵਿਚ

ਮਸ਼ਕੂਕ ਨਾਗਰਿਕ ਹੈਂ
ਜਾਂ ਕਿ
ਘੁਸਪੈਠੀਆ ਹੈਂ
ਜਾਂ ਰਿਫਿਊਜੀ? 000

***(46-47 ਆਸ਼ਾ ਪੁਰੀ, ਪਿੱਛੇ ਅਗਰ ਨਗਰ, ਲੁਧਿਆਣਾ-141001***
***surjitpatar@gmail.com)***

## ਦੇਵ: ਪੰਜ ਕਵਿਤਾਵਾਂ

### ਆਕਾ ਦਾ ਕਿਲ੍ਹਾ

ਆਕਾ ਨੇ ਆਪਣੇ ਕਾਲ਼ੇ ਕਿਲ੍ਹੇ ਦੇ ਇਰਦ ਗਿਰਦ
ਕਿੱਲ ਜੜਨ ਦੀ
ਜ਼ਹਿਰੀਲੀ ਜ਼ਿੱਦ ਛਿੜਕ ਦਿੱਤੀ
ਉਸਦੀ ਸਰਾਪੀ ਛਾਤੀ ਨੂੰ ਅਕਲ ਨਹੀਂ
ਹਲ਼ ਜਦੋਂ ਸਿਆੜ ਕੱਢਦੈ
ਹਾਲ਼ੀ ਸੱਪਾਂ ਕਿਰਲਿਆਂ ਕੰਡਿਆਂ ਨੂੰ
ਪੈਰਾਂ ਨਾਲ ਗੁੰਨ੍ਹਕੇ ਮਿੱਟੀ ਵਿਚ ਰਲ਼ਾ ਦਿੰਦਾ
ਬੀਜ ਹਰੀ ਅੱਖ ਦਾ ਸੁਪਨਾ

ਆਕੜੇ ਆਕਾ ਨੂੰ ਗਿਆਨ ਨਹੀਂ
ਹੰਝੂ ਦਾ ਨਮਕ
ਲੋਹੇ ਨੂੰ ਜੰਗਾਲ ਦਿੰਦਾ
ਕਾਲ਼ ਦੀ ਹਨੇਰੀ 'ਤੇ ਕਿਲ੍ਹੇ ਖੰਡਰ ਬਣ ਜਾਂਦੇ ਨੇ

ਆਕਾ ਤੇਰੇ ਕਿਲ੍ਹੇ ਦੀ ਕਬਰ ਹੇਠ
ਨਵੀਂ ਨਸਲ ਤੇਰੇ ਤੰਤਰੀਆਂ
ਯੋਗੀਆਂ ਰੋਗੀਆਂ ਦੇ ਮਰਸੀਏ ਪੜ੍ਹਨਗੇ
ਫਸਲਾਂ ਦੇ ਵਾਰਿਸ
ਚੁਲ੍ਹਿਆਂ ਨੂੰ ਭੁੱਖੇ ਨਹੀਂ ਸੌਣ ਦੇਣਗੇ

ਤੇਰੀਆਂ ਚਾਲਾਂ ਚਲਾਕੀਆਂ
ਤਵੇ 'ਤੇ ਪੱਕਦੀ ਰੋਟੀ ਨੇ ਪੜ੍ਹ ਲਈਆਂ
ਜਾਗੇ ਜੈਕਾਰੇ ਹਰਿਆਲੀ ਦਾ ਵਾਕ
ਮਿੱਟੀ ਦਾ ਮੰਤਰ ਅਲਾਪਦੇ
ਆਕਾ ਤੇਰੀ ਵਪਾਰੀ ਬਿਮਾਰੀ ਤੋਂ
ਹਰ ਅੱਖ ਅੱਕ ਗਈ ਏ
ਤੇਰਾ ਕਿਲ੍ਹਾ
ਸੱਪਾਂ ਦੀ ਵਰਮੀ ਤੋਂ ਸਿਵਾ
ਹੋਰ ਕੁਝ ਵੀ ਨਹੀਂ

## ਪੈਰ ਤੇ ਪੈੜਾਂ

ਬਹੁ ਵਿਰਸਿਆਂ ਦਾ ਬੀਜ ਹਾਂ
ਅਨੇਕਾਂ ਮਿੱਟੀਆਂ ਨੇ ਚੁੰਮਿਆ
ਰੇਸ਼ਮੀ ਰਾਹਾਂ ਦੇ ਪਥਿਕ ਨੂੰ

ਭਰਿਆ ਪਿਆ ਬਾਜ਼ਾਰ
ਸਸਤੇ ਰਿਸ਼ਤਿਆਂ ਦੀ ਖੋਟੀ ਲਿਸ਼ਕ ਨਾਲ

ਉਹ ਨਾ ਮੰਚ 'ਤੇ ਬੈਠਾ
ਨਾ ਦਿਸਿਆ ਸੱਥਾਂ ਅੰਦਰ
ਵਿੱਥ ਉਹਦਾ ਤੱਥ
ਉਦਾਸਿਆ ਗਿਆ ! ਝੂਰਿਆ ਨਹੀਂ
ਡਿਗਦਾ ਉਠਦਾ ਤੁਰਦਾ ਰਿਹਾ
ਨਾ ਅੱਕਿਆ ਨਾ ਹੀ ਰੁਕਿਆ
ਸਫਰਾਂ ਦੀ ਮਿੱਟੀ ਨਾਲ ਪੈਰ ਸਮ੍ਰਿੱਧ ਹੋਏ
ਨਾਲ ਨਾਲ ਤੁਰਦੇ ਰਾਹਾਂ ਨੇ ਕਿਹਾ
ਤ੍ਰਿਹਾਇਆ ਰਹੀਂ
ਥੁੱਕਜੀਵੀ ਥੇਹ ਨਾ ਬਣੀਂ
ਪਿੱਛੇ ਮੁੜ ਕੇ ਵੀ ਨਾ ਤੱਕੀਂ

ਰਾਹ ਤੇ ਪੈੜਾਂ
ਪੈਰਾਂ ਦੀ ਪਾਂਡੂਲਿਪੀ ਨੇ
ਵਾਕ ਚੁੱਪਾਂ ਦੀ ਇਕੱਲ ਦੇ ਕਾਫਲੇ 00

## ਪਰ ਤੇ ਮੈਂ

ਚੇਤੇ ਦੀ ਚਾਬੀ ਇੱਟ ਹੇਠ ਰੱਖੀ
ਕਿਸੇ ਅਦਿਸਦੇ ਨੇ ਚੁਰਾ ਲਈ

ਸੰਦੇਸ਼ ਆ ਜਾ ਰਹੇ ਨੇ
ਉਂਗਲਾਂ ਦੀਆਂ ਪੋਰੀਆਂ 'ਚੋਂ
ਸਿਮ ਰਹੀ ਚੀਸ
ਭੀੜ ਚਾਰ ਚੁਫੇਰੇ
ਕਿਸ ਨਾਲ ਸਾਂਝੀ ਕਰਾਂ
ਕੋਈ ਅੱਖ ਵੀ ਤਾਂ ਦਿਸ ਨਹੀਂ ਰਹੀ

ਘੜੀ ਦੀ ਗੂੰਜ ਕਨਸੋਅ ਰਹੀ
ਸਮਾਂ    ਰੇਤ    ਸਿਮ੍ਰਤੀ
ਪੈਰ ਕਹਿ ਰਹੇ

ਤੁਰ ਥੋੜ੍ਹਾ ਜਿਹਾ ਹੋਰ
ਥੋੜ੍ਹਾ ਜਿਹਾ ਹੋਰ
ਵਾਵਰੋਲੇ ਝੱਖੜ ਝੂਲ ਰਹੇ ਨੇ
ਕਾਲ਼ੇ ਹੁਣ ਬੱਗੇ ਹੋ ਗਏ

ਉਕਾਬ ਖੰਭ ਚੁਰਾ ਕੇ ਲੈ ਗਿਆ
ਆਕਾਸ਼ ਤੋਂ ਡਿੱਗੇ ਫਰਿਸ਼ਤੇ ਨੂੰ
ਅੱਗ ਦੀ ਸੁਗਾਤ ਦੇਣ ਲਈ
ਮੁੜ ਉਡਣ ਦਾ ਇਲਮ ਜਾਦੂਗਰ ਵਿਸਰ ਗਿਆ
ਪੁੱਛ ਰਿਹਾ ਆਪਣਾ ਹੀ ਅਤਾ ਪਤਾ
ਬਸਤੇ ਤੋਂ ਮੁਕਤ ਮਸਤੀ ਨਾਲ ਖੇਡ ਰਹੇ ਬੱਚੇ ਤੋਂ

ਭੰਮੱਤਰਿਆ ਬੱਚਾ ਬਿਟ ਬਿਟ ਝਾਕਿਆ
ਨਾਲ ਨਾਲ ਤੁਰ ਪਿਆ
ਮੈਨੂੰ 'ਪੁਲ਼' ਪਾਰ ਕਰਉਣ ਲਈ 00

## ਸ਼ਾਇਦ

ਮੈਂ
ਆਉਣੈ
ਦੀਵਾ ਜਗਾ ਕੇ ਰੱਖੀਂ
ਅੰਨ੍ਹੇ ਹਨੇਰਿਆਂ 'ਚ ਗਰਕ ਗਏ ਜਹਾਜ਼
ਉਦਾਸ ਬੰਦਰਗਾਹਾਂ 'ਤੇ
ਵੈਣ ਪਾਉਂਦੀਆਂ
ਉਦਾਸ ਉਡੀਕਾਂ ਦੇ ਕਿੱਸੇ

ਲੈ ਗਏ ਸੀ ਜੋ ਜੇਬਾਂ 'ਚ ਘੁੱਟ ਕੇ ਚੇਤੇ
ਭੁਚਾਲ਼ਾਂ ਭੰਵਰਾਂ ਵਾਵਰੋਲ਼ਿਆਂ ਨਾਲ
ਦਸਤਪੰਜਿਆਂ ਲਈ
ਕੀ ਕਦੇ ਵੀ ਪਰਤਣਗੇ
ਦੱਸਣ ਲਈ ਆਪਣੇ ਆਪਣੇ ਕਿੱਸੇ
ਉਡੀਕਦੀਆਂ ਉਣੀਂਦੀਆਂ ਅੱਖਾਂ
ਦਰ ਟਿਕਟਿਕੀ ਲਾਈ ਝਾਕ ਰਿਹਾ
ਅਚਾਨਕੀ ਦਸਤਕ ਲਈ

ਆਲ਼ੇ 'ਚ ਬੁਝ ਬੁਝ ਬਲ਼ਦੇ ਦੀਵੇ ਨੂੰ
ਜਗਾਈ ਰੱਖੀਂ
ਮਲਾਹ ਨੇ ਮੁੜ ਪਰਤਣੈ
ਸ਼ਾਇਦ 00

## ਇਹ ਹਾਂ ਮੈਂ

ਵੀਰਾਨੀਆਂ ਦੇ ਵਾਵਰੋਲ਼ੇ
ਸੁੰਨ ਸਰਾਵਾਂ ਦੇ ਸ਼ੇਸ਼ਨਾਗ
ਤਹਿਖਾਨਿਆਂ ਦੇ ਤਸੀਹੇ
ਭੋਰਿਆਂ ਨੂੰ ਭਰਿਆ ਸਵੈ ਦਿੱਤੀਆਂ ਦੁਰਸੀਸਾਂ ਨਾਲ

ਸ਼ੀਸ਼ੇ 'ਚੋਂ ਤੱਕ ਰਹੇ ਹੋ ਜਿਸਨੂੰ
ਲਾਲ ਕਾਲ਼ੇ ਰੰਗ 'ਚ ਢਕੇ
ਉਦਾਸ ਚਿਹਰੇ ਦੀ
ਪਲ ਪਲ ਬਦਲਦੀ ਤਸਵੀਰ
ਇਸ ਚੰਦਰੇ ਸ਼ੀਸ਼ੇ 'ਚ
ਉਸਦਾ ਬਚਪਨ ਦਫਨ ਏ
ਚੁੱਪ ਦੇ ਭਾਂ ਭਾਂ ਕਰਦੇ
ਗੁੰਬਦ ਅੰਦਰ ਗੁੰਮਿਆ
ਸਤਿਅਮ ਸ਼ਿਵਮ ਸੁੰਦਰਮ
ਚਾਬੀ ਦੀ ਤਲਾਸ਼
ਚਿਰਾਂ ਤੋਂ ਆਪਣੇ ਹੀ 'ਬੰਦ' ਪਏ
ਘਰ ਦਾ ਬੂਹਾ ਖੋਲ੍ਹਣ ਲਈ

ਆਕਾਸ਼ ਦੇ ਬੇਅੰਤ ਤਾਰਿਆਂ ਦੀ ਭੀੜ ਅੰਦਰ
ਤੂੰ ਹੀ ਇਕੱਲਾ ਨਹੀਂ
ਜੱਗ ਦੇ ਜਸ਼ਨਾਂ ਅੰਦਰ
ਹੋਰ ਵੀ ਧਰਤੀ ਦੇ ਕਿੰਨੇ 'ਕੱਲਕਾਰੇ ਨੇ
ਸੱਚ ਸਿਰਜਣ ਸੁਹਜ

ਰਿਸ਼ੀ ਨੇ ਕਿਹਾ: ਦੇਵਪੁਰਸ਼
ਇਹ ਪ੍ਰਵਚਨ ਸਵੈ ਲਈ ਜਗਾਈ ਰੱਖੀਂ
ਪ੍ਰਵਚਨ ਦਾ ਮੰਤਰ ਪਰਚਾਰਨ ਲਈ ਵੀ
ਯੰਤਰ ਦੀ ਕੁੰਜੀ
ਜੀਭ ਦੇ ਜ਼ਰਦ ਜੰਗਾਲੇ 'ਸ਼ੋਰ ਸ਼ਰਾਬੇ ਤੋਂ ਸਿਵਾ'
ਹੋਰ ਕੁਝ ਨਹੀਂ ਹੁੰਦਾ
ਪ੍ਰਸ਼ਨਾਂ ਨੂੰ ਪ੍ਰਸ਼ਨੀ? ? ?
ਸੁਆਲਾਂ ਦੇ ਲਾਲਚ ਨਾ ਭਟਕੀਂ
ਅਸ਼ੁੱਧ ਸਵਾਲ ਦਾ ਉੱਤਰ ਸ਼ੁੱਧ ਨਹੀਂ ਹੁੰਦਾ
ਗਿਆਨ ਦੀ ਮੈਂ ਤਮਸ ਹੁੰਦੀ
'ਮੈਂ' ਦੀ ਤਲਾਸ਼ ਦੀਵੇ ਨਾਲ ਸੰਵਾਦ ਐ ਮੇਰਾ 000

***(Schulhausgasse 12 , CH 3113 Rubigen, SWITZERLAND)***

## ਮੋਹਨਜੀਤ: ਰੋਜ਼ ਆਫ ਸੇਰਾਓ ਦਾ ਵਿਅਕਤੀ ਚਿਤਰ

ਅਮਰੀਕਾ ਦੇ ਪਿੰਡ ਦੀ ਸੀ ਰੋਜ਼
ਨੂੰਹ ਮੁਜ਼ਾਰੇ ਪਰਿਵਾਰ ਦੀ
ਮੂੰਹ ਮੱਥੇ ਲੱਗਦੀ
ਕਰੜਾ ਸਾਊ ਪਿੰਡਾ
ਚਿਹਰਾ ਵੇਖਿਆਂ ਭੁੱਖ ਲਹਿੰਦੀ

ਕਈ ਪੀੜ੍ਹੀਆਂ ਤੋਂ ਭੋਂ ਵਾਹੁੰਦੇ ਆ ਰਹੇ
ਉਹਦਾ ਤੇ ਹੋਰ ਕਈ ਪਰਿਵਾਰ
ਫੇਹੀਆਂ ਸੱਪਾਂ ਦੀਆਂ ਸਿਰੀਆਂ
ਸ਼ੱਕਰ ਕੀਤੀ ਪਥਰੀਲੀ ਭੋਂ

ਕਿਰਤੀ ਨਹੀਂ ਸੀ ਜਾਣਦੇ
ਖਾਲੀ ਕਰਨੀ ਪਏਗੀ ਕਿਸੇ ਦਿਨ ਜ਼ਮੀਨ
ਉਹ ਤਾਂ ਮੁਜ਼ਾਰੇ ਸਨ
ਵੱਖਰੀ ਗੱਲ ਪੀੜ੍ਹੀਆਂ ਤੋਂ ਖੇਤ ਵਾਹੁੰਦੇ ਆ ਰਹੇ
ਖੇਤ ਵਾਹੁਣਾ ਚਾਹੁੰਦਾ ਸੀ ਇਕ ਪਾਦਰੀ ਵੀ
ਖੇਤ ਵਾਹੁਣਾ ਚੰਗਾ ਲਗਦਾ ਸੀ ਉਹਨੂੰ
ਗਿਰਜੇ ਦੇ ਸਾਊ ਕੰਮ ਤੋਂ ਸੀ ਅਵਾਜ਼ਾਰ
ਪਰ ਧਰਮਚਾਰੇ ਨੂੰ ਨਹੀਂ ਸੀ ਇਹ ਪਸੰਦ
ਕਿ ਕੋਈ ਪਾਦਰੀ ਜ਼ਮੀਨ ਵਾਹੇ
(ਨੀਵਾਂ ਸੀ ਇਹ ਕੰਮ ਉਨ੍ਹਾਂ ਲਈ)
ਕੱਢ ਦਿੱਤਾ ਉਹਨੂੰ ਧਰਮ ਸਥਾਨ 'ਚੋਂ

ਕੱਟੜਸ਼ਾਹੀ ਦੀ ਜਿੱਤ
ਧੱਕੜਸ਼ਾਹੀ ਦੀ ਜਿੱਤ

ਬੈਂਕ ਮਾਲਕ ਸੀ ਹਜ਼ਾਰਾਂ ਏਕੜ ਜ਼ਮੀਨ ਦਾ
ਖੋਹ ਲਈ ਸਾਰੀ ਜ਼ਮੀਨ ਕਾਮਿਆਂ ਤੋਂ

ਚੱਲ ਪਏ ਟਰੈਕਟਰ ਮਸ਼ੀਨਾਂ
ਹੋ ਗਏ ਬੇਰੁਜ਼ਗਾਰ ਕਾਮੇ
ਲੱਭਣ ਲੱਗੇ ਹੋਰ ਕੋਈ ਕੰਮ ਕਾਰ

ਤੁਰ ਪਏ ਕੰਮ ਦੀ ਭਾਲ਼ ਵਿਚ
ਪਹੁੰਚੇ ਕੈਲੀਫੋਰਨੀਆ
ਬਾਗ਼ਾਂ 'ਚ ਮਜ਼ਦੂਰੀ ਲਈ
ਸੰਤਰੇ ਅੰਗੂਰ ਨਾਸ਼ਪਾਤੀਆਂ ਤੋੜਨ ਦਾ ਕੰਮ
ਘੱਟ ਉਜਰਤ
ਵੱਧ ਮਿਹਨਤ

ਏਦਾਂ ਹੁੰਦਾ ਏ ਉਜਾੜਾ
ਏਦਾਂ ਆਉਂਦਾ ਭੁੱਖਮਰੀ ਦਾ ਦੌਰ
ਉਹ ਜਿਨ੍ਹਾਂ ਦੇ ਆਪਣੇ ਟਿਕਾਣੇ ਸਨ
ਸੜਕਾਂ ਕੰਢੇ ਤੰਬੂਆਂ 'ਚ ਰਹਿੰਦੇ ਸੀ ਹੁਣ
ਇੱਟਾਂ ਦਾ ਜੁਗਾੜ ਕਰ ਰੋਟੀ ਬਣਾਉਂਦੇ
ਮੀਂਹ ਹਨੇਰੀ ਆਉਂਦੀ ਤਾਂ ਕਿਸਮਤ ਨੂੰ ਕੋਸਦੇ
ਬੀਤੇ ਦਿਨਾਂ ਨੂੰ ਯਾਦ ਕਰਕੇ ਝੂਰਦੇ
ਮਾੜਾ ਚੰਗਾ ਈ ਸਹੀ
ਆਪਣਾ ਤਾਂ ਸੀ
ਇੱਥੇ ਤਾਂ ਹਰ ਵੇਲ਼ੇ ਈ ਤਾੜਨਾ ਸੀ
ਤੁਹਮਤ ਸੀ ਤਿਉੜੀ ਸੀ
ਖੇਤ ਮਾਲਕਾਂ ਦੀ
ਪੁਲਸ ਪ੍ਰਸ਼ਾਸਨ ਦਾ ਝਿੜਕ-ਡੰਡਾ

ਮੁਟਿਆਰਾਂ ਨੂੰ ਗੱਭਰੂ ਯਾਦ ਆਉਂਦੇ
ਇਕ ਦੂਜੀ ਨੂੰ ਚੂੰਢੀ ਵੱਢਦੀਆਂ
ਖਾਂਦੀਆਂ ਪੀਂਦੀਆਂ ਦੇ ਬੀਤਦੇ ਸੀ ਦਿਨ
ਮਾੜੇ ਚੰਗੇ ਈ ਸੀ
ਗਾਹਲ਼ ਮਿਹਣਾ ਤਾਂ ਨਹੀਂ ਸੀ

ਦੁੱਖ ਜਦੋਂ ਆਉਂਦੇ
ਵਿਰਲੇ ਟਾਵੇਂ ਨਹੀਂ ਆਉਂਦੇ
ਸੌ ਮੁਸੀਬਤਾਂ ਨਾਲ ਆਉਂਦੀਆਂ
ਬੇਬਸੀ ਪੀੜਾ ਵਿਛੋੜਾ ਵੇਦਨਾ
ਵੀ ਨਾਲ ਆਉਂਦੇ

ਹੋਰ ਵੱਡਾ ਬਿਰਹੜਾ
ਲੂੰਹਦੀਆਂ ਤੇ ਕੋਂਹਦੀਆਂ
ਇਕਲਾਪੇ ਦੀਆਂ ਰਾਤਾਂ
ਕਿੱਥੇ ਤੁਰ ਜਾਂਦੇ ਦਿਲਾਂ ਦੇ ਮਾਮਲੇ?

ਰੋਜ਼ ਦੇ ਪਰਿਵਾਰ ਵਿਚ
ਕਿਸੇ 'ਤੇ ਕਤਲ ਦਾ ਇਲਜ਼ਾਮ ਲੱਗਾ
ਭਗੌੜਾ ਹੋ ਗਿਆ
ਰੋਜ਼ ਦਾ ਆਪਣਾ ਘਰ ਵਾਲਾ

ਇਹ ਨਾ ਸੋਚਿਆ –
ਪੂਰੇ ਦਿਨਾਂ 'ਤੇ ਸੀ ਵਿਚਾਰੀ
ਬਚਿਆਂ-ਖੁਚਿਆਂ 'ਚੋਂ ਰਹਿ ਗਏ
ਬਿਰਧ ਅੱਧਖੜ੍ਹ ਤੇ ਔਰਤਾਂ
ਨਿੱਕੀ ਉਮਰ ਦੇ ਬਾਲ

ਇਹ ਹੈ ਉਜਾੜਾ
ਕਈ ਇਹਨੂੰ ਪ੍ਰਵਾਸ ਕਹਿੰਦੇ
ਕੀ ਪਿਆ ਨਾਵਾਂ 'ਚ ਭਲਾ

ਤੇ ਇਕ ਦਿਨ
ਮੀਂਹ ਹਨੇਰੀ ਝੱਖੜ ਤੂਫਾਨ
ਦੌੜੇ ਇਕ ਟਿੱਬੇ ਵੱਲ
ਸ਼ਾਹ ਕਾਲ਼ੀਆਂ ਰਾਤਾਂ
ਇੱਥੇ ਸੀ ਇਕ ਟੁੱਟੀ-ਫੁੱਟੀ ਝੌਂਪੜੀ
ਗਰਮੀ ਹੁੰਮਸ ਸਲ੍ਹਾਬ ਤੇ ਤੂੜੀ ਦੀ ਬੋਅ

ਮੰਜੇ 'ਤੇ ਪਿਆ ਕੋਈ ਬਿਰਧ ਬਾਬਾ
ਤੇ ਦਸਾਂ ਬਾਰਾਂ ਵਰ੍ਹਿਆਂ ਦਾ ਮੁੰਡਾ
ਪਹਿਲਾਂ ਹੀ ਝੁੱਗੀ 'ਚ ਸਨ

ਕਹਿਣ ਲੱਗਾ –
'ਉੱਠ ਨਹੀਂ ਸਕਦਾ ਮੇਰਾ ਬਾਬਾ!

ਕਲ੍ਹ ਚੋਰੀ ਕਰ ਕੇ ਲਿਆਇਆ ਸਾਂ
ਕਿਤੋਂ ਰੋਟੀ
ਖਾ ਨਹੀਂ ਸਕਿਆ ਬਿਰਧ
ਤਰਲ ਈ ਲੈ ਸਕਦਾ ਸਿਰਫ
ਮਿਲ ਸਕੇਗਾ?

ਹਾਂ ਬੇਟਾ! ਕਿਉਂ ਨਹੀਂ
ਰੋਜ਼ ਦੀ ਮਾਂ ਨੇ ਕਿਹਾ

ਫਿਰ ਅੱਖਾਂ ਦੇ ਇਸ਼ਾਰੇ ਨਾਲ
ਗੱਲ ਕੀਤੀ ਮਾਂ ਨੇ ਰੋਜ਼ ਨਾਲ

ਕੁਝ ਚਿਰ ਪਹਿਲਾਂ
ਮਰੇ ਬੱਚੇ ਨੂੰ ਜਨਮ ਦਿੱਤਾ ਸੀ ਰੋਜ਼ ਨੇ
ਪਈ ਨਿਢਾਲ
ਟੁੱਟਦੇ ਸੀ ਹੱਡ ਪੈਰ
ਮਨ ਸੀ ਚਕਾਨਚੂਰ
ਫਿਰ ਵੀ ਮਾਂ ਨੂੰ 'ਹਾਂ' ਕਿਹਾ
ਝੁੱਗੀ 'ਚ ਹੁਣ ਬੁੱਢਾ ਸੀ, ਰੋਜ਼ ਸੀ
ਤੇ ਉਹਦੀ ਮਾਂ
ਟੇਢੀ ਹੋ ਕੇ ਲੇਟ ਗਈ
ਰੋਜ਼ ਉਸ ਬਿਰਧ ਨਾਲ
ਦੁੱਧ ਉਹਦੇ ਮੂੰਹ 'ਚ ਪਾਇਆ
ਦੁੱਧ ਨਾਲ ਭਰੀ ਛਾਤੀ ਸੀ
ਪੂਰੇ ਉਭਾਰ 'ਤੇ
ਹੱਥ ਬਿਮਾਰ ਬੁੱਢੇ ਦੇ ਵਾਲ਼ਾਂ 'ਚ ਫੇਰਿਆ
ਮਿਲਿਆ ਸਕੂਨ ਬਿਰਧ ਨੂੰ
ਮਿਲਿਆ ਜੀਵਨ ਨਵਾਂ
ਰੋਜ਼ ਦੀ ਰੂਹ ਸੀ ਵਿਸਮਾਦੀ ਗਈ

ਇਸ ਵਕਤ ਰੋਸ
ਮਾਂ ਸੀ, ਮਰੀਅਮ ਸੀ
ਜਾਂ ਦੈਵੀ ਹੋਂਦ ਕੋਈ
ਬੋਲ ਕੇ ਕਹਿਣਾ ਮੁਸ਼ਕਿਲ ਹੈ
ਅਹਿਸਾਸ ਦੀਆਂ ਗੱਲਾਂ ਨੇ
ਮਹਿਸੂਸ ਕਰਨ ਦੀਆਂ। 000

***ਪੋਸਟ ਸਕ੍ਰਿਪਟ:***

*ਇਸ ਨੁਕਤੇ 'ਤੇ ਜੌਨ੍ਹ ਸਟੈਨਬੈਕ ਦਾ ਨਾਵਲ 'ਗ੍ਰੇਪਸ ਆਫ ਰਾਥ' ਖਤਮ ਹੁੰਦਾ ਹੈ। ਸਦੀਆਂ ਬਾਅਦ ਕੋਈ ਸਟੈਨਬੈਕ ਹੁੰਦਾ ਹੈ।ਅਜਿਹੀ ਕਿਰਤ ਲਿਖਦਾ ਹੈ - ਜਿਹਨੂੰ ਪੜ੍ਹ ਕੇ ਹਿਲਦੇ ਤਾਜੋ-ਤਖਤ, ਕੰਬਦੇ ਰਾਸ਼ਟਰਪਤੀ, ਡੋਲਦੇ ਵ੍ਹਾਈਟ ਹਾਊਸ, ਪਾਸ ਹੁੰਦੇ ਕਿਰਤੀਆਂ ਦੇ ਹੱਕ ਵਿਚ ਮਤੇ।*

***(C-22 Millenium Aptts, Block C,***
***Sector 18, Rohini, DELHI - 110 085***
***ਈਮੇਲ: Mohanjit38@gmail.com ਫੋਨ: 98113-98223)***

# ਵਰਿਆਮ ਸਿੰਘ ਸੰਧੂ: ਕਹਾਣੀ: ਮੈਂ ਰੋ ਨਾ ਲਵਾਂ ਇਕ ਵਾਰ !

ਉਹ ਰਾਤ ਦਾ ਰੋਟੀ-ਟੁੱਕ ਖਾਣ ਦੀ ਤਿਆਰੀ ਵਿਚ ਸਨ। ਅਜੇ ਘਰ ਦਾ ਬਾਹਰਲਾ ਦਰਵਾਜ਼ਾ ਵੀ ਖੁੱਲ੍ਹਾ ਸੀ। ਗਵਾਂਢਣ ਗੁਰਨਾਮੋ ਭੱਜੀ ਆਈ। ਕਹਿੰਦੀ, "ਮੈਂ ਓਧਰੋਂ ਆਉਂਦੀ ਸਾਂ। ਵੇਖਿਆ; ਨਿੰਦਰ ਨੂੰ ਕੁਝ ਹੋ ਗਿਐ। ਗਲੀ 'ਚ ਬਹੋਸ਼ ਪਿਐ। ਭੀੜ ਕੱਠੀ ਹੋਈ ਉਹਦੇ ਦਵਾਲੇ। ਮੈਂ 'ਖਿਆ, ਧਾਨੂੰ ਦੱਸਦੀ ਜਾਵਾਂ।"

ਸੁਨੇਹਾ ਦੇ ਕੇ ਉਹ ਉਹਨੀਂ ਪੈਰੀਂ ਪਰਤ ਗਈ।

ਜਸਵੰਤ ਹੈਰਾਨ ਸੀ। ਹੁਣੇ ਪੰਜ ਮਿੰਟ ਪਹਿਲਾਂ ਤਾਂ ਉਹ ਉਹਨਾਂ ਘਰੋਂ ਰਾਤ ਦੀ ਰੋਟੀ ਖਾ ਕੇ ਆਪਣੇ ਘਰ ਨੂੰ ਗਿਆ ਸੀ। ਏਡੀ ਛੇਤੀ ਕੀ ਹੋ ਗਿਆ ਉਹਨੂੰ!

ਉਹਨੇ ਪੈਰੀਂ ਜੁੱਤੀ ਅੜਾਈ ਤੇ ਕਾਹਲੇ ਕਦਮੀਂ ਬਾਹਰ ਨੂੰ 'ਭੱਜਾ'। ਅਜੇ ਚਾਨਣ ਹੀ ਸੀ। ਗਲੀ ਵਿਚ ਤੁਰੇ ਆਉਂਦੇ ਕਿਸੇ ਨੇ ਦੱਸਿਆ, "ਉਹਨੂੰ ਮੰਜੇ 'ਤੇ ਪਾ ਕੇ ਲੋਕ ਉਹਦੇ ਘਰ ਛੱਡ ਆਏ ਨੇ।"

ਮੰਜੇ 'ਤੇ ਬੇਹੋਸ਼ ਪਏ ਨਿੰਦਰ ਦੁਆਲੇ ਖਲੋਤੀ ਭੀੜ ਵਿਚੋਂ ਕਿਸੇ ਨੇ ਕਿਹਾ, "ਇਹ ਮਾਸਟਰ ਦੀ ਪੈਲ਼ੀ 'ਚ ਸਪਰੇਅ ਕਰਦਾ ਸੀ ਦੁਪਹਿਰੇ। ਇਹਨੂੰ ਦਵਾਈ ਚੜ੍ਹ ਗਈ ਆ।"

ਏਨੀ ਸੁਣਦਿਆਂ ਛਿੰਨੋ ਨੇ ਪਿੰਡ ਸਿਰ 'ਤੇ ਚੁੱਕਣਾ ਕਰ ਲਿਆ, "ਹਾਏ! ਮੇਰੀ ਗਰੀਬੜੀ ਦਾ ਮੁੰਡਾ ਮਾਸਟਰ ਦੀ ਸਪਰੇਅ ਨੇ ਬਹੋਸ਼ ਕਰ ਦਿੱਤਾ। ਲੋਕੋ ਮੇਰਾ ਮੁੰਡਾ ਨਹੀਂ ਬਚਣਾ। ਮੈਂ ਲੁੱਟੀ ਗਈ ਵੇ ਲੋਕੋ! ਬਹੁੜੀ! ਹਾਏ ਵੇ ਰੱਬਾ!"

ਉਹ ਭੱਜੀ-ਭੱਜੀ ਠੱਠੀ ਦੇ ਮੈਂਬਰ ਪੰਚਾਇਤ ਅਜੀਤ ਸਿੰਘ ਵੱਲ ਗਈ। ਭਿੱਲੀ ਨਿੰਦਰ ਦੇ ਪੈਰਾਂ ਦੀਆਂ ਤਲ਼ੀਆਂ ਝੱਸ ਰਿਹਾ ਸੀ ਤੇ ਬਾਬਾ ਨੈਤਾ ਹੱਥਾਂ ਦੀਆਂ। ਉਹਦੀ ਬੇਹੋਸ਼ੀ ਨੂੰ ਲੈ ਕੇ ਕੋਲ਼ ਖਲੋਤੇ ਲੋਕ ਭਾਂਤ-ਭਾਂਤ ਦੀਆਂ ਗੱਲਾਂ ਕਰ ਰਹੇ ਸਨ।

ਜਦ ਨੂੰ ਜਸਵੰਤ ਪੁੱਜਾ, ਛਿੰਨੋ ਦੀ ਮੁਹਾਰਨੀ ਉਂਝ ਹੀ ਜਾਰੀ ਸੀ, "ਲਓ ਆ ਗਿਆ ਜੇ ਮਾਸਟਰ। ਵੇ ਮੇਰੇ ਪੁੱਤ ਦੀ ਜਾਨ ਗਈ ਮਿੰਬਰਾ! ਵੇ ਮਾਸ਼ਟਰਾ! ਇਹਦਾ ਕਰੋ ਕੁਛ।"

ਜਸਵੰਤ ਨੇ ਆਪਣੇ ਪਿੱਛੇ ਆ ਖਲੋਤੇ ਆਪਣੇ ਪੁੱਤ ਗੁਰਪਾਲ ਨੂੰ ਕਿਹਾ ਕਿ ਉਹ ਭੱਜ ਕੇ ਛਿੰਦੇ 'ਡਾਕਟਰ' ਨੂੰ ਬੁਲਾ ਕੇ ਲਿਆਵੇ।

ਉਹਨੇ ਛਿੰਨੋ ਦੀਆਂ ਗੱਲਾਂ ਸੁਣ ਲਈਆਂ ਸਨ, ਪਰ ਬੋਲਿਆ ਕੁਝ ਨਹੀਂ। ਅੱਗੇ ਵਧ ਕੇ ਨਿੰਦਰ ਦੇ ਮੱਥੇ 'ਤੇ ਹੱਥ ਰੱਖਿਆ, "ਨਿੰਦਰਾ! ਉਏ ਨਿੰਦਰਾ! ਕੈਮ ਹੋ। ਕੀ ਹੋ ਗਿਆ?"

ਉਹਨੇ ਉਹਦੀ ਨਬਜ਼ ਟੋਹੀ। ਫਿਰ ਦੋਵਾਂ ਹੱਥਾਂ ਨੂੰ ਉਲਟਾ-ਪੁਲਟਾ ਕੇ ਵੇਖਿਆ।

"ਇਹਨੂੰ ਭਾਈ ਸਾਹਬ ਜੇ ਦਵਾਈ ਚੜ੍ਹਨੀ ਹੁੰਦੀ ਤਾਂ ਦੁਪਹਿਰੇ ਹੀ ਬੇਹੋਸ਼ ਹੋ ਜਾਂਦਾ। ਦਵਾਈ ਪਾਉਣ ਤੋਂ ਬਾਅਦ ਇਹ ਬੰਬੀ 'ਤੇ ਨ੍ਹਾਤਾ। ਫਿਰ ਪੱਠੇ ਵੱਢੇ। ਘਰ ਲਿਆ ਕੇ ਕੁਤਰੇ। ਡੰਗਰਾਂ ਨੂੰ ਪਾਏ। ਫਿਰ ਤਕਾਲ਼ਾਂ ਨੂੰ ਸਾਡੇ ਨਾਲ ਬਹਿ ਕੇ ਟੀਵੀ ਵੇਖਿਆ। ਰੋਟੀ ਖਾਧੀ ਤੇ ਹੱਸਦਾ ਹੱਸਦਾ ਘਰ ਨੂੰ ਤੁਰਿਆ। ਇਹਨੇ ਦਵਾਈ ਨਾਲ ਰਾਤ ਨੂੰ ਆ ਕੇ, ਗਲੀ 'ਚ ਈ ਬੇਹੋਸ਼ ਹੋ ਕੇ ਡਿੱਗਣਾ ਸੀ! ਆਹ ਵੇਖੋ!"

ਉਹਨੇ ਸੱਜਣ ਦੀ ਸੱਜੀ ਉਂਗਲ 'ਤੇ ਪਏ ਨਿੱਕੇ ਜਿਹੇ ਕਾਲੇ ਨਿਸ਼ਾਨ ਵੱਲ ਇਸ਼ਾਰਾ ਕੀਤਾ, "ਰਾਹ 'ਚ ਆਉਂਦਿਆਂ ਗਲੀ ਵਿਚ ਲਟਕਦੀਆਂ ਬਿਜਲੀ ਦੀਆਂ ਨੀਵੀਂਆਂ ਤਾਰਾਂ 'ਤੇ ਨੰਗੇ ਜੋੜ ਨੂੰ ਕਿਤੇ ਇਹਦਾ ਹੱਥ ਲੱਗ ਗਿਆ ਜਾਪਦਾ। ਸਿਰ ਦਾ ਸਾਫ਼ਾ ਬੰਨ੍ਹਣ ਲੱਗਾ ਹੋਊ ਤਾਂ ਹੱਥ ਪੁੱਠੇ ਪਾਸਿਓਂ ਨੰਗੀ ਤਾਰ ਨੂੰ ਲੱਗ ਗਿਆ ਲੱਗਦੈ। ਸੁਰਤ ਆਉਣ 'ਤੇ ਪਤਾ ਲੱਗ ਜੂ ਸਾਰਾ।"

"ਬੱਲੇ ਉਏ ਮਾਸ਼ਟਰ ਜੀ! ਹੂੰਅ! ਬਿਜਲੀ ਦੀ ਤਾਰ ਨੂੰ? ਪਰਨਾ ਨਾ ਪਰਨਾ! ਉਹ ਤਾਂ ਹੁਣ ਟੋਪ ਪਾਉਂਦਾ ਏ ਸਿਰ 'ਤੇ। ਵਾਹ! ਭਈ! ਓ ਨਾ ਭਰਾ ਅਹੀਂ ਕੁਛ ਨ੍ਹੀਂ ਆਂਹਦੇ!" ਨਿੰਦਰ ਦੇ ਸ਼ਰਾਬੀ ਹੋਏ ਚਾਚੇ ਕੇਸਰ ਨੇ ਗੱਲ ਨਿਬੇੜਦਿਆਂ ਦੋਵੇਂ ਹੱਥ ਹਿਲਾਏ ਤੇ ਫਿਰ ਕੰਨਾਂ ਨੂੰ ਛੂਹਾ ਲਏ।

"ਟੋਪ ਤਾਂ ਭਰਾਵਾ ਕਦੀ ਕਦੀ ਪਾਉਂਦਾ ਜਦੋਂ ਭਗਤ ਸੁੰਹ ਵਾਲੇ ਮੂਡ 'ਚ ਹੋਵੇ। ਅੱਜ ਉਹਨੇ ਪਰਨਾ ਬੱਧਾ ਸੀ।"ਜਸਵੰਤ ਨੇ ਨਿੰਦਰ ਦੇ ਸਿਰਹਾਣੇ ਪਏ ਪੀਲੇ ਪਰਨੇ ਨੂੰ ਫੜ ਕੇ ਵਿਖਾਇਆ।

ਇਸਤੋਂ ਪਹਿਲਾਂ ਕਿ ਗੱਲ ਅੱਗੇ ਤੁਰਦੀ, ਛਿੰਦਾ 'ਡਾਕਟਰ' ਨਸਵਾਰੀ ਬੈਗ ਲਈ ਆ ਗਿਆ ਤੇ ਆਉਂਦਿਆਂ ਹੀ ਆਦੇਸ਼ ਦਿੱਤਾ।

"ਪਾਸੇ ਹੋ ਜੋ! ਪਾਸੇ ਹੋ ਜੋ। ਮਰੀਜ ਨੂੰ ਵਾਅ ਆਉਣ ਦਿਓ।"

ਛਿੰਦੇ ਨੇ ਨਿੰਦਰ ਦੀ ਨਬਜ਼ ਵਗ਼ੈਰਾ ਬੜੇ ਧਿਆਨ ਨਾਲ ਵੇਖੀ। ਟੂਟੀਆਂ ਨਾਲ ਉਹਦੀ ਛਾਤੀ ਅੰਦਰਲੇ ਰੋਗ ਨੂੰ ਅਨੁਮਾਨਿਆਂ। ਫਿਰ ਜਸਵੰਤ ਵੱਲ ਮੂੰਹ ਕਰ ਕੇ ਕਹਿੰਦਾ, "ਮਾਸਟਰ ਜੀ, ਮੈਂ ਇਹਨੂੰ ਟੀਕਾ ਲਾਉਣੈਂ। ਪਰ ਇਸ ਕਾਪੀ 'ਤੇ ਲਿਖ ਕੇ ਦੇ ਦਿਓ ਕਿ ਜੇ ਇਹਨੂੰ ਕੁਝ ਹੁੰਦੈ ਤਾਂ ਉਹਦੇ ਜੁੰਮੇਵਾਰ ਤੁਸੀਂ ਹੋਵੋਗੇ।"

ਜਸਵੰਤ ਨੇ ਤੁਰਤ ਜਵਾਬ ਦਿੱਤਾ, "ਲਿਖ ਕੇ ਇਹਦੇ ਮਾਂ ਪਿਉ ਦੇਣ; ਮੈਂ ਕੌਣ ਆਂ ਲਿਖ ਕੇ ਦੇਣ ਵਾਲਾ?"

ਕੇਸਰ ਲੜਖੜਾਉਂਦਾ ਹੋਇਆ ਅੱਗੇ ਆਇਆ, "ਲੈ ਮੈਂ ਲਿਖ ਕੇ ਦੇ ਦੇਂਦਾਂ।"

"ਠੀਕ ਆ ਲਿਖ ਦੇ, ਤੂੰ ਅਭੀ ਨਭੀ ਦਾ ਜ਼ਿੰਮੇਵਾਰ ਹੋਵੇਂਗਾ।" ਇਹ ਸੁਣ ਕੇ ਉਹ ਓਥੇ ਹੀ ਰੁਕ ਗਿਆ।

ਬਾਬੇ ਨੈਤੇ ਨੇ ਜਸਵੰਤ ਨੂੰ ਪੁੱਛਿਆ, "ਮਾਸਟਰ ਜੀ ਕਿਵੇਂ ਕਰੀਏ?"

"ਬਾਬਾ ਜੇ ਰੀਐਕਸ਼ਨ ਹੋ ਗਿਆ ਤਾਂ ਇਹਨੇ ਬਚਣਾ ਨਹੀਂ। ਜੇ ਕਹੇਂ ਤਾਂ ਮੈਂ ਇਸ ਨੂੰ ਛੇਹਰਟੇ ਹਸਪਤਾਲ ਲੈ ਜਾਨਾਂ ਪਰ ਏਥੇ ਟੀਕਾ ਲਵਾਉਣ ਦੇ ਮੈਂ ਹੱਕ ਵਿਚ ਨਹੀਂ ਕਿਉਂਕਿ ਛਿੰਦਾ ਸੁੰਹ ਕੋਲ਼ ਇਹਦੇ ਰਿਐਕਸ਼ਨ ਦਾ ਤੋੜ ਹੈ ਨ੍ਹੀਂ।"

ਅਖੀਰ ਸਭ ਨਾਲ ਸਲਾਹ ਕਰਕੇ ਜਸਵੰਤ ਨੇ ਗੁਰਪਾਲ ਨੂੰ ਕਿਹਾ ਕਿ ਉਹ ਸਕੂਟਰ 'ਤੇ ਜਾ ਕੇ 'ਅੱਡੇ' ਤੋਂ ਵੈਨ ਲੈ ਕੇ ਆਵੇ।

ਹੱਥਾਂ-ਪੈਰਾਂ ਦੀਆਂ ਤਲੀਆਂ ਝੱਸਣ ਨਾਲ ਉਹਦੀ ਸੁਰਤ ਕੁਝ-ਕੁਝ ਪਰਤਣ ਲੱਗੀ। ਕਦੀ ਅੱਖਾਂ ਖੋਲ੍ਹਦਾ, ਡੌਰ-ਭੌਰ ਹੋਇਆ ਆਸੇ ਪਾਸੇ ਖਲੋਤੇ ਲੋਕਾਂ ਨੂੰ ਵੇਖਦਾ ਤੇ ਮੁੜ ਅੱਖਾਂ ਬੰਦ ਕਰ ਲੈਂਦਾ।

ਥੋੜੇ ਚਿਰ ਬਾਅਦ ਵੈਨ ਆ ਗਈ। ਜਸਵੰਤ ਨੇ ਧੌਣ ਪਿੱਛੋਂ ਹੱਥ ਪਾ ਕੇ ਨਿੰਦਰ ਨੂੰ ਉਠਾਉਣ ਦੀ ਕੋਸ਼ਸ਼ ਕੀਤੀ, ਪਰ ਉਹ ਉਠਿਆ ਨਹੀਂ। ਜਸਵੰਤ ਤੇ ਅਜੀਤ ਸਿੰਘ ਮੈਂਬਰ ਨੇ ਉਹਦੀਆਂ ਕੱਛਾਂ ਥੱਲੇ ਬਾਹਵਾਂ ਦੇ ਕੇ ਜ਼ੋਰ ਨਾਲ ਉਠਾਇਆ।

"ਚੱਲ! ਚੱਲ ਤੈਨੂੰ ਵੈਨ ਦਾ ਹੂਟਾ ਦਵਾਈਏ।"

ਨਿੰਦਰ ਨੇ ਸਿਰ ਝਟਕਿਆ, ਗਲੀ 'ਚ ਖਲੋਤੀ ਵੈਨ ਵੇਖੀ ਤੇ ਉੱਠਣ ਦਾ ਚਾਰਾ ਕਰਨ ਲੱਗਾ। ਜਸਵੰਤ ਤੇ ਮੈਂਬਰ ਨੇ ਦੋਵਾਂ ਮੋਢਿਆਂ ਤੋਂ ਫੜ ਕੇ ਉਹਨੂੰ ਇਕ-ਤਰ੍ਹਾਂ ਚੁੱਕ ਕੇ ਹੀ ਸੀਟ 'ਤੇ ਪਾਇਆ।

ਲੜਖੜਾਉਂਦੇ ਪੈਰਾਂ ਨਾਲ ਕੇਸਰ ਸਭ ਤੋਂ ਅੱਗੇ ਹੋ ਕੇ ਵੈਨ ਵਿਚ ਬਹਿਣ ਲੱਗਾ ਤਾਂ ਜਸਵੰਤ ਨੇ ਕਿਹਾ, "ਬਾਬਾ ਨੈਤਿਆ ਤੂੰ ਆਪ ਆ। ਜੀਤ ਸਿਹਾਂ! ਤੂੰ ਆ ਨਾਲ, ਬੀਬਾ ਵੀਰ ਬਣ ਕੇ। ਬਹੁਤੇ ਬੰਦਿਆਂ ਲਈ ਥਾਂ ਨਹੀਂ।"

ਅਜੀਤ ਸਿੰਘ ਨੇ ਕੇਸਰ ਨੂੰ ਮੋਢੇ ਤੋਂ ਫੜ ਕੇ ਪਿੱਛੇ ਕੀਤਾ ਤੇ ਨੈਤੇ ਤੇ ਜਸਵੰਤ ਨਾਲ ਵੈਨ ਵਿਚ ਬਹਿ ਗਿਆ।

ਨਿੰਦਰ ਅੱਖਾਂ ਮੀਟੀ ਸੀਟ ਨਾਲ ਢੋਹ ਲਾ ਕੇ ਬੈਠਾ ਸੀ।

ਜਸਵੰਤ ਫਿਕਰਮੰਦ ਸੀ ਕਿ ਜੇ ਕਿਤੇ ਇਹਨੂੰ ਕੁਝ ਹੋ ਗਿਆ ਤਾਂ ਅਗਲਿਆਂ 'ਸਪਰੇਅ' ਚੜ੍ਹਨ ਵਾਲਾ ਮੁੱਦਾ ਉਛਾਲ ਲੈਣਾ ਏਂ।

"ਨਿੰਦਰ ਤਾਂ ਮੇਰਾ ਸੂਰਮਾ ਪੁੱਤ ਏ! ਇਹ ਨਹੀਂ ਨਿੱਕੀ ਮੋਟੀ ਗੱਲ ਤੋਂ ਲਈਦਾ! ਕਿਉਂ ਨਿੰਦਰਾ?" ਜਸਵੰਤ ਨੇ ਦੋ ਵਾਰ ਉਹਨੂੰ ਮੋਢੇ ਤੋਂ ਫੜ ਕੇ ਹਲੂਣਿਆਂ। ਨਿੰਦਰ ਨੇ ਅੱਖਾਂ ਖੋਲ੍ਹ ਕੇ ਮੁੜ ਬੰਦ ਕਰ ਲਈਆਂ।

'ਗਿੱਲ ਹਸਪਤਾਲ' ਡਾਕਟਰ ਦਾ ਨਿੱਜੀ ਹਸਪਤਾਲ ਸੀ। ਉਹ ਜਸਵੰਤ ਦਾ ਵਾਕਫ਼ ਵੀ ਸੀ।

ਨਿੰਦਰ ਨੂੰ ਬੈੱਡ 'ਤੇ ਲਿਟਾਉਣ ਤੋਂ ਬਾਅਦ ਨਰਸ ਡਾਕਟਰ ਨੂੰ ਉਪਰਲੀ ਮੰਜ਼ਿਲ ਤੋਂ ਉਹਦੀ ਰਿਹਾਇਸ਼ ਤੋਂ ਬੁਲਾ ਲਿਆਈ। ਨਿੰਦਰ ਦੀ ਨਬਜ਼ ਟੋਂਹਦਿਆਂ ਡਾਕਟਰ ਨੇ ਪੁੱਛਿਆ, "ਕੋਈ ਗੜਬੜ ਤਾਂ ਨਹੀਂ?"

"ਕੋਈ ਗੜਬੜ ਨਹੀਂ। ਤੁਸੀਂ ਇਹਦਾ ਇਲਾਜ ਕਰੋ। ਇਹ ਸਾਡਾ ਕਾਮਾ ਹੈ।" ਜਸਵੰਤ ਨੇ ਕਾਹਲੀ ਨਾਲ ਕਿਹਾ ਤੇ ਨੈਤੇ ਤੇ ਮੈਂਬਰ ਵੱਲ ਵੇਖਿਆ ਕਿ ਕਿਤੇ ਕੋਈ ਕੇਸਰ ਦੀ 'ਸਪਰੇਅ' ਵਾਲੀ ਮੁਹਾਰਨੀ ਨਾ ਬੋਲਣ ਲੱਗ ਪਵੇ।

ਡਾਕਟਰ ਨੇ ਨਿੰਦਰ ਦਾ ਬਲੱਡ ਪਰੈਸ਼ਰ ਵੇਖਿਆ। ਛਾਤੀ ਨੂੰ ਸਟੈਥਸਕੋਪ ਲਾ ਕੇ ਪੜਤਾਲਿਆ। ਅੱਖਾਂ ਦੇ ਪਪੋਟੇ ਖੋਲ੍ਹੇ ਤਾਂ ਨਿੰਦਰ ਨੇ ਸਿਰ ਝੰਜੋੜ ਕੇ ਅੱਖਾਂ ਖੋਲ੍ਹ ਲਈਆਂ ਤੇ ਛੱਤ 'ਤੇ ਚੱਲਦੇ ਪੱਖੇ ਵੱਲ ਵੇਖਣ ਲੱਗਾ।

"ਨਿੰਦਰਾ ਠੀਕ ਐਂ?" ਜਸਵੰਤ ਨੇ ਫਿਕਰਮੰਦੀ ਨਾਲ ਪੁੱਛਿਆ ਤਾਂ ਡਾਕਟਰ ਨੇ ਉਹਨੂੰ ਬੋਲਣੋਂ ਵਰਜ ਦਿੱਤਾ। ਡਾਕਟਰ ਨੇ ਨਰਸ ਨੂੰ ਕਹਿ ਕੇ ਉਸੇ ਵੇਲੇ ਗੁਲੂਕੋਜ਼ ਲਵਾ ਦਿੱਤਾ ਤੇ ਇਕ-ਦੋ ਟੀਕੇ ਵੀ ਗੁਲੂਕੋਜ਼ ਵਿਚ ਪਾ ਦਿੱਤੇ।

"ਡਾਕਟਰ ਸਾਬ੍ਹ! ਕੋਈ ਖਤਰਾ ਤਾਂ ਨਹੀਂ?"

"ਨਹੀਂ, ਨਹੀਂ, ਬਿਲਕੁਲ ਨਹੀਂ। ਸਭ ਕੁਝ ਠੀਕ ਈ ਲੱਗਦਾ। ਬੱਸ, ਬਲੱਡ ਪਰੈਸ਼ਰ ਕਾਫੀ ਲੋਅ ਏ। ਵੇਖਦੇ ਆਂ, ਘੰਟੇ ਕੁ ਤਕ!"

"ਫਿਰ ਵੀ ਕੁਝ ਤਾਂ ਪਤਾ ਲੱਗਦਾ ਹੋਊ ਤੁਹਾਨੂੰ?"

"ਮੈਨੂੰ ਲੱਗਦਾ ਏ ਕਿ ਇਹਨੂੰ ਕਿਸੇ ਗੱਲ ਦਾ ਡਿਪਰੈਸ਼ਨ ਹੋ ਸਕਦਾ ਏ। ਘਰ ਵਿਚ ਕੋਈ ਲੜਾਈ ਝਗੜਾ ਹੋਇਆ ਹੋਵੇ? ਕੋਈ ਵੱਡਾ ਦੁੱਖ-ਕਲੇਸ਼?"

"ਦੁੱਖ ਕਾਹਦਾ ਜੀ! ਸਾਡਾ ਇਹ ਬੰਦਾ ਤਾਂ ਹੀਰੋ ਏ। ਐਕਟਰ ਧਰਮਿੰਦਰ ਦਾ ਮੁੰਡਾ। ਵੱਡੀਆਂ ਪਹੁੰਚਾਂ ਵਾਲਾ!" ਮੈਂਬਰ ਦੀ ਗੱਲ ਸੁਣ ਕੇ ਹੈਰਾਨ ਹੋਇਆ ਡਾਕਟਰ ਜਵਾਬ ਭਾਲਦੀਆਂ ਨਜ਼ਰਾਂ ਨਾਲ ਜਸਵੰਤ ਨੂੰ ਵੇਖਣ ਲੱਗਾ।

ਜਸਵੰਤ ਮੁਸਕਰਾ ਰਿਹਾ ਸੀ। ਪਹਿਲਾਂ ਤਾਂ ਉਹਦਾ ਜੀਅ ਕੀਤਾ ਕਿ ਡਾਕਟਰ ਨੂੰ ਦੱਸੇ ਕਿ ਇਹ ਓਹੋ ਪਾਤਰ ਹੈ ਜਿਸ ਬਾਰੇ ਪਿਛਲੇ ਮਹੀਨੇ ਅਖ਼ਬਾਰ ਵਿਚ ਕਹਾਣੀ ਛਪੀ ਸੀ। ਪਰ ਫਿਰ ਇਹ ਸੋਚ ਕੇ ਚੁੱਪ ਰਿਹਾ ਕਿ ਡਾਕਟਰ ਕੋਲ ਕਿੱਥੇ ਏਨਾ ਵਿਹਲ ਕਿ ਅਖ਼ਬਾਰਾਂ ਵਿਚ ਛਪੀਆਂ ਕਹਾਣੀਆਂ ਪੜ੍ਹਦਾ ਫਿਰੇ।

ਅਸਲ ਵਿਚ ਜਸਵੰਤ ਦੇ ਦੋਸਤ ਸਤਿਨਾਮ ਨੇ ਤਾਂ ਉਹਦੇ 'ਤੇ ਇਕ ਕਹਾਣੀ ਲਿਖ ਦਿੱਤੀ ਸੀ।ਸਤਿਨਾਮ ਲੇਖਕ ਸੀ। ਜਸਵੰਤ ਦਾ ਪੁਰਾਣਾ ਯਾਰ ਤੇ ਜਮਾਤੀ। ਕਾਲਿਜ ਵਿਚ ਪੜ੍ਹਾਉਂਦਾ ਸੀ। ਉਹਦਾ, ਯੂਨੀਵਰਸਿਟੀ ਵਿਚ, ਸਾਲ-ਛਿਮਾਹੀ, ਕਿਸੇ ਸੈਮੀਨਾਰ ਜਾਂ ਕਾਨਫ਼ਰੰਸ 'ਤੇ ਆਉਣ ਦਾ ਸਬੱਬ ਬਣਦਾ ਰਹਿੰਦਾ ਸੀ। ਉੱਥੋਂ ਉਹ ਆਪਣੇ ਕੁਝ ਪ੍ਰੋਫ਼ੈਸਰ ਦੋਸਤਾਂ ਨੂੰ ਨਾਲ ਲੈ ਕੇ ਵਾਘਾ ਬਾਰਡਰ ਵੇਖਣ ਜਾਂਦੇ ਤੇ ਵਾਪਸੀ 'ਤੇ ਜਸਵੰਤ ਕੋਲ ਜ਼ਰੂਰ ਰੁਕਦੇ। ਰੁਕਣ ਦਾ ਇਕ ਕਾਰਨ ਨਿੰਦਰ ਨੂੰ ਮਿਲਣਾ ਵੀ ਹੁੰਦਾ ਸੀ! ਉਹਦੀਆਂ ਸੁਪਨਈ ਗੱਲਾਂ ਸੁਣਨੀਆਂ। 'ਸਵਾਦ ਲੈਣਾ ਤੇ ਹੱਸਣਾ'।

ਨਿੰਦਰ ਬਾਰੇ ਲਿਖੀ ਕਹਾਣੀ ਪਹਿਲਾਂ ਤਾਂ ਪੰਜਾਬੀ ਦੇ ਇਕ ਚਰਚਿਤ ਸਾਹਿਤਕ ਮੈਗਜ਼ੀਨ ਵਿਚ ਛਪੀ ਸੀ ਤੇ ਬਾਅਦ ਵਿਚ ਪੰਜਾਬ ਦੇ ਪਿੰਡਾਂ ਵਿਚ ਆਉਂਦੀ ਪੰਜਾਬੀ ਦੀ ਇਕ ਵੱਡੀ ਅਖ਼ਬਾਰ ਵਿਚ ਹਫ਼ਤਾਵਾਰੀ ਚਾਰ ਕਿਸ਼ਤਾਂ ਵਿਚ ਛਪ ਗਈ ਸੀ। ਸਾਹਿਤਕ ਮੈਗਜ਼ੀਨ ਵਿਚ ਛਪੀ

ਕਹਾਣੀ ਨੇ ਪੰਜਾਬੀ-ਬੁੱਧੀਮਾਨਾਂ ਵਿਚ ਉਹਦੀ ਚਰਚਾ ਛੇੜੀ ਸੀ ਪਰ ਅਖ਼ਬਾਰ ਵਿਚ ਕਹਾਣੀ ਛਪਣ ਤੋਂ ਬਾਅਦ ਇਹ ਆਮ ਲੋਕਾਂ ਤਕ ਪਹੁੰਚ ਗਈ। ਜ਼ਾਹਿਰ ਹੈ ਕਿ ਅਖ਼ਬਾਰ ਉਹਨਾਂ ਦੇ ਇਲਾਕੇ ਵਿਚ ਵੀ ਆਉਂਦੀ ਸੀ।

ਕਹਾਣੀ ਛਪਣ ਤੋਂ ਬਾਅਦ ਨਿੰਦਰ ਤਾਂ 'ਇਲਾਕੇ ਦਾ ਹੀਰੋ' ਬਣ ਗਿਆ ਸੀ। ਹੁਣ ਤਾਂ ਕਦੀ ਕਦੀ ਕਿਸੇ ਗਵਾਂਢੀ ਪਿੰਡ ਦਾ ਬੰਦਾ ਲੰਘਦਾ-ਵੜਦਾ ਨਿੰਦਰ ਦੀ 'ਖ਼ੈਰ-ਸੁਖ' ਕਿਸੇ ਨਾ ਕਿਸੇ ਪਿੰਡ-ਵਾਸੀ ਤੋਂ ਪੁੱਛ ਲੈਂਦਾ। ਸਮਾਂ ਹੁੰਦਾ ਤਾਂ ਕਦੀ ਕਦੀ ਜਸਵੰਤ ਦਾ ਘਰ ਲੱਭ ਕੇ ਉਹਦੇ 'ਦਰਸ਼ਨ' ਵੀ ਕਰ ਜਾਂਦਾ। ਉਹ ਤਾਂ ਇਲਾਕੇ ਦਾ ਨੌਵਾਂ ਅਜੂਬਾ ਬਣ ਚੁੱਕਾ ਸੀ।

ਥੋੜ੍ਹੀ ਦੂਰ ਨਿੰਦਰ ਦੇ ਸਿਰਹਾਣੇ ਬੈਠਾ ਨੈਤਾ ਜਸਵੰਤ ਹੁਰਾਂ ਦੀ ਡਾਕਟਰ ਨਾਲ ਹੋ ਰਹੀ ਸਾਰੀ ਗੱਲ ਬਾਤ ਸੁਣ ਰਿਹਾ ਸੀ। ਉਹ ਉੱਠ ਕੇ ਕੋਲ਼ ਆ ਗਿਆ,"ਓ ਕਾਹਨੂੰ ਜੀ! ਪਾਕਲ ਆ ਇਹ ਕੰਜਰ; ਪਾਕਲ ਆ। ਇਕ ਨੰਬਰ ਦਾ ਛਦਾਈ। ਧਾਨੂੰ ਹੁਣ ਮੈਂ ਕੀ ਦੱਸਾਂ! ਮੈਂਬਰ ਤਾਂ ਸਵਾਦ ਲੈਂਦਾ।

ਨਿੰਦਰ ਨੇ ਆਪ ਹੀ ਆਪਣੇ ਬਾਰੇ ਇਕ ਤੁਕ ਜੋੜੀ ਹੋਈ ਸੀ ਜੋ 'ਸਵਾਦ' ਲੈਣ ਵਾਲਿਆਂ ਲਈ ਇਕ-ਤਰ੍ਹਾਂ ਦਾ ਜਵਾਬ ਵੀ ਸੀ:

"ਸਾਨੂੰ ਲੋਕ ਸੁਦਾਈ ਆਂਹਦੇ, ਸਾਡੇ ਦੁੱਖ ਦੇ ਵੱਲ ਨਹੀਂ ਜਾਂਦੇ"

ਉਹਦਾ ਦੁੱਖ ਕੀ ਸੀ?

ਉਹ ਬੇਜ਼ਮੀਨੇ ਮਜ਼੍ਹਬੀ ਸਿੱਖਾਂ ਦਾ ਮੁੰਡਾ ਸੀ। ਉਹਦੇ ਪਿਉ ਤੇ ਉਹਦੇ ਪਿਉ ਦੇ ਪਿਉ ਨੇ ਸਦਾ ਜੱਟਾਂ ਦੇ ਖੇਤਾਂ ਵਿਚ ਕੰਮ ਕੀਤਾ ਸੀ। ਕਦੀ ਸਾਂਝੀ ਬਣ ਕੇ, ਕਦੀ ਕਾਮਾ ਬਣ ਕੇ। ਬਚਪਨ ਵਿਚ ਉਹਨਾਂ ਦੇ ਡੰਗਰ ਚਾਰੇ। ਗੱਭਰੂ ਹੋਏ ਤਾਂ ਬਿਗਾਨੇ ਬਲ਼ਦਾਂ ਨੂੰ ਆਪਣੇ ਜਾਣ ਕੇ ਹਲ਼ ਦੀ ਹੱਥੀ ਫੜ ਕੇ ਉਹਨਾਂ ਦੇ ਹਾਲ਼ੀ ਬਣ ਗਏ। ਸਾਰੀ ਉਮਰ ਆਪ ਵੀ 'ਬਲ਼ਦ' ਬਣ ਕੇ ਅਗਲਿਆਂ ਦੇ ਖੇਤਾਂ ਵਿਚ ਵਗਦੇ ਰਹੇ।

ਪਰ ਨਿੰਦਰ ਦਾ ਦੁੱਖ ਤਾਂ ਕੁਝ 'ਅਲੋਕਾਰ' ਜਿਹਾ ਹੀ ਸੀ।

'ਬਾਬੇ' ਨੈਤੇ ਤੇ ਛਿੰਨੋ ਦਾ ਪੁੱਤ ਨਿੰਦਰ ਉਦੋਂ ਤੋਂ ਅਸਮਾਨ ਵਿਚ ਉੱਡਣ ਲੱਗਾ ਸੀ, ਜਦੋਂ ਤੋਂ ਉਹਨੇ ਪਹਿਲੀਆਂ ਵਿਚ ਵੀ.ਸੀ.ਆਰ. 'ਤੇ ਅਤੇ ਬਾਅਦ ਵਿਚ ਜਸਵੰਤ ਹੁਰਾਂ ਦੇ ਟੀਵੀ 'ਤੇ ਫਿਲਮਾਂ ਵੇਖਣੀਆਂ ਸ਼ੁਰੂ ਕੀਤੀਆਂ ਸਨ। ਉਹਨੂੰ ਪਤਾ ਹੀ ਨਾ ਲੱਗਾ, ਕਦੋਂ ਪਹਿਲੀ ਫ਼ਿਲਮ ਦੀ ਪਹਿਲੀ ਝਲਕੇ ਉਹ ਸ੍ਰੀਦੇਵੀ ਦਾ ਆਸ਼ਕ ਬਣ ਗਿਆ ਸੀ। ਕਦੋਂ ਉਹਦੇ ਮਨ ਵਿਚ ਇਹ ਖਿਆਲ ਆਇਆ ਕਿ ਉਹ ਧਰਮਿੰਦਰ ਦਾ ਤੀਜਾ ਪੁੱਤ ਹੈ। ਪਰ ਇਹਦਾ ਐਲਾਨ ਉਹਨੇ ਉਸ ਦਿਨ ਕੀਤਾ, ਜਿਸ ਦਿਨ ਅਤਰੇ ਨਿਹੰਗ ਨੇ ਉਹਦੀ 'ਨੀਵੀਂ ਜਾਤ' ਨੌਲ਼ੀ ਸੀ। ਅਤਰੇ ਨੂੰ ਗਾਲ੍ਹ ਕੱਢਦਿਆਂ ਉਹਨੇ ਟੋਕਰੀ ਵਿਚ ਪੱਠੇ ਪਾਉਂਦਿਆਂ ਜਸਵੰਤ ਦੀਆਂ ਅੱਖਾਂ ਵਿਚ ਅੱਖਾਂ ਗੱਡ ਲਈਆਂ ਸਨ ਤੇ ਹੌਲ਼ੀ ਜਿਹੀ ਰਹੱਸ ਉਦਘਾਟਨ ਕੀਤਾ ਸੀ, "ਚਾਚਾ! ਤੈਨੂੰ ਨ੍ਹੀਂ ਪਤਾ। ਇਹ ਬੜੀਆਂ ਡੂੰਘੀਆਂ ਗੱਲਾਂ ਨੇ। ਜਿਹੜਾ ਫਿਲਮ ਐਕਟਰ ਧਰਮਿੰਦਰ ਐ ਨਾ...ਅਸਲ ਵਿਚ ਉਹ ਮੇਰਾ ਪਿਉ ਆ... ਮਾਂ ਹੈ ਮੇਰੀ ਹੇਲਾ ਮਾਲਿਨੀ... "

ਤੇ ਫਿਰ ਲੋਕਾਂ ਨੇ ਆਪ ਹੀ ਉਹਦੇ ਸੁਪਨੇ ਵਿਚ ਕੱਚੇ ਰੰਗ ਭਰਨੇ ਸ਼ੁਰੂ ਕਰ ਦਿੱਤੇ ਸਨ ਤੇ ਦੱਸਿਆ ਸੀ ਕਿ ਕਿਹੜੀ ਉਹਦੀ ਅਸਲ ਮਾਂ ਹੈ! ਕੌਣ ਉਹਦੇ ਭਰਾ ਹਨ! ਤੇ ਉਹਨੇ ਇਸ ਸੱਚ ਨੂੰ ਅਟੱਲ ਮੰਨ ਲਿਆ ਹੋਇਆ ਸੀ। ਉਹਦਾ ਆਖਣਾ ਸੀ ਕਿ ਸ੍ਰੀ ਦੇਵੀ ਤਾਂ ਹੁਣ ਵੀ ਕਦੀ-ਕਦੀ ਜਸਵੰਤ ਦੇ ਖੇਤਾਂ ਵਿਚ ਕੰਮ ਕਰਦੇ ਨੂੰ 'ਆਣ ਮਿਲਦੀ' ਸੀ ਤੇ ਉਹਦੇ ਨਾਲ ਬੰਬੀ ਦੇ ਚੁਬੱਚੇ ਵਿਚ ਨਹਾਉਂਦੀ ਤੇ ਹੱਸ ਹੱਸ ਕੇ ਉਹਦੇ ਮੂੰਹ 'ਤੇ ਪਾਣੀ ਦੇ ਛਿੱਟੇ ਮਾਰ ਕੇ ਲਾਡੀਆਂ ਕਰਦੀ ਸੀ। ਉਹਨੂੰ ਉਹ ਦਿਨ 'ਚੇਤੇ' ਆਉਂਦੇ ਜਦੋਂ ਉਹ 'ਬੰਬਈ' ਵਿਚ ਕਾਲੀ ਕਾਰ ਵਿਚ ਬਹਿ ਕੇ ਸਕੂਲੇ ਪੜ੍ਹਨ ਜਾਂਦਾ ਸੀ ਤੇ ਰਾਹ ਵਿਚੋਂ ਸ੍ਰੀਦੇਵੀ ਨੂੰ ਨਾਲ ਬਿਠਾ ਲੈਂਦਾ ਸੀ। ਪਹਿਲਾਂ ਤਾਂ ਉਹਦੇ ਮਾਪਿਆਂ ਨੇ

ਸਮਝਿਆ ਕਿ 'ਚੱਲੋ ਅਜੇ ਬੱਚੇ ਛੋਟੇ ਨੇ', ਪਰ ਜਦੋਂ ਗੱਲ 'ਵਧਦੀ' ਵੇਖੀ ਤਾਂ ਇਕ ਦਿਨ ਧਰਮਿੰਦਰ ਨੂੰ ਗੁੱਸਾ ਆ ਗਿਆ। 'ਇਹ ਕੋਈ ਬੰਦਿਆਂ ਦਾ ਕੰਮ ਏਂ, ਕਿਸੇ ਦੀ ਧੀ-ਭੈਣ ਨੂੰ ਬਦਨਾਮ ਕਰਨਾ। ਨਿੰਦਰ ਦਾ ਕੀ ਏ! ਨ੍ਹਾਤਾ-ਧੋਤਾ ਘੋੜਾ! ਧੀ ਦੀ ਇੱਜ਼ਤ; ਨਾ ਲੱਖੀਂ ਨਾ ਹਜ਼ਾਰੀਂ।' ਜੇ ਉਹਦਾ ਬਾਪ ਧਰਮਿੰਦਰ ਉਹਨੂੰ ਸ੍ਰੀ ਦੇਵੀ ਨਾਲ ਬਾਲ-ਉਮਰੇ ਹੀ ਇਸ਼ਕ ਕਰਨ ਦੀ ਸਜ਼ਾ ਦੇ ਕੇ ਅਤੇ ਮਾਰ-ਕੁੱਟ ਕੇ, ਰੇਲ 'ਤੇ ਬਿਠਾ ਕੇ, ਘਰੋਂ ਨਾ ਕੱਢਦਾ ਤਾਂ ਹੁਣ ਤਕ ਉਹਨੇ ਬਹੁਤ ਵੱਡਾ ਫ਼ਿਲਮ ਐਕਟਰ ਹੋਣਾ ਸੀ! ਉਹਨੇ ਅਮਿਤਾਬ ਬਚਨ ਦੀਆਂ ਘੀਸੀਆਂ ਕਰਾ ਛੱਡਣੀਆਂ ਸਨ। ਆਪਣੀ ਗਾਇਕੀ ਦੇ ਬੇਮਿਸਾਲ ਹੁਨਰ ਨਾਲ ਗੁਰਦਾਸ ਮਾਨ ਵਰਗਿਆਂ ਦੀ ਡਫ਼ਲੀ ਵਿਚ ਮਘੋਰਾ ਕਰ ਛੱਡਣਾ ਸੀ ਤੇ ਦਲੇਰ ਮਹਿੰਦੀ ਵਰਗਿਆਂ ਦੇ ਚੋਲ਼ੇ ਪਾੜ ਸੁੱਟਣੇ ਸਨ। ਸ੍ਰੀ ਦੇਵੀ ਨਾਲ ਵਿਆਹ ਵੀ ਕਦੋਂ ਦਾ ਹੋ ਜਾਣਾ ਸੀ ਤੇ ਹੁਣ ਤਕ ਉਹਦੇ ਨਿਆਣੇ ਅੰਗਰੇਜ਼ੀ ਸਕੂਲਾਂ ਵਿਚ ਪੜ੍ਹਦੇ ਹੋਣੇ ਸਨ!

ਉਂਝ ਉਹਨੂੰ ਅਜੇ ਵੀ ਬੜਾ ਧਰਵਾਸਾ ਸੀ ਕਿ ਸ੍ਰੀ ਦੇਵੀ ਉਹਨੂੰ ਏਥੇ ਖੇਤਾਂ ਵਿਚ ਕਦੀ-ਕਦੀ ਆ ਕੇ ਮਿਲ ਜਾਂਦੀ ਸੀ ਤੇ ਭਾਅ ਜੀ ਸੰਨੀ ਦਿਓਲ ਵੀ ਆਉਂਦੇ ਰਹਿੰਦੇ ਸਨ ਤੇ ਉਹਦੀ ਵੱਡੀ ਧਿਰ ਬਣ ਕੇ ਹੌਂਸਲਾ ਦਿੰਦੇ ਰਹਿੰਦੇ ਸਨ।

ਇਹ ਤਾਂ ਉਹਦੀ ਬਦਕਿਸਮਤੀ ਸੀ ਕਿ ਰੇਲ ਤੋਂ ਉਤਰਦੇ ਨੂੰ 'ਬਾਬਾ' ਨੈਤਾ ਆਪਣੇ ਨਾਲ ਘਰ ਲੈ ਆਇਆ ਸੀ ਤੇ ਉਹਨੂੰ ਨੰਬਰਦਾਰਾਂ ਦੇ ਡੰਗਰ ਚਾਰਨ ਲਾ ਦਿੱਤਾ ਸੀ; ਜਿੱਥੇ ਉਹ ਸਕੂਲ ਦੇ ਗੇਟ ਉਹਲੇ ਲੁਕ ਕੇ ਗੁਰਮੀਤ ਭੈਣ ਜੀ ਨੂੰ ਉਹਦੀ ਉਮਰ ਦੇ ਹਾਣੀ ਮੁੰਡਿਆਂ ਨੂੰ ਪੜ੍ਹਾਉਂਦਿਆਂ ਵੇਖਦਾ ਸੀ। ਸਕੂਲ ਦੇ ਬਾਹਰਲੇ ਗੇਟ ਕੋਲ਼, ਰੋਜ਼ ਉਹਨੂੰ ਲੁਕ ਕੇ ਆਪਣੇ ਵੱਲ ਵੇਖਦਿਆਂ ਤੱਕ ਕੇ ਇਕ ਦਿਨ ਗੁਰਮੀਤ ਭੈਣ ਜੀ ਨੇ ਜਦੋਂ ਕੋਲ਼ ਬੁਲਾ ਕੇ ਉਹਦੀਆਂ ਗੱਲ੍ਹਾਂ ਨੂੰ ਦੋਵਾਂ ਤਲੀਆਂ ਵਿਚ ਘੁੱਟ ਕੇ ਲਾਡ ਨਾਲ ਪੁੱਛਿਆ ਸੀ, "ਤੇਰਾ ਵੀ ਸਕੂਲੇ ਪੜ੍ਹਨ ਨੂੰ ਜੀਅ ਕਰਦੈ!" ਤਾਂ ਉਹਦੇ 'ਹਾਂ' ਕਹਿੰਦਿਆਂ ਹੀ ਤਾਰੇ ਘੈਂਟ ਦੀ ਗਾਲ੍ਹ ਨੇ ਉਹਨੂੰ ਡਰਾ ਦਿੱਤਾ ਸੀ। ਘੈਂਟ ਦੀ ਪੈਲ਼ੀ ਵਿਚ ਡੰਗਰਾਂ ਦੇ ਜਾ ਵੜਨ ਕਰ ਕੇ ਉਹਦੇ ਮੂੰਹ 'ਤੇ ਵੱਜੀ ਚਪੇੜ ਦੇ ਸੜਦੇ ਸੇਕ ਨੇ ਗੁਰਮੀਤ ਭੈਣ ਜੀ ਵੱਲੋਂ ਥਪਥਪਾਈ ਗੱਲ੍ਹ 'ਤੇ ਪਏ ਕੂਲੇ ਨਿਸ਼ਾਨਾਂ ਦੀ ਠੰਢਕ ਨੂੰ ਲੂਹ ਦਿੱਤਾ ਸੀ।

ਇਕ ਦਿਨ ਉਹ ਸਕੂਲ ਨੇੜਲੇ ਛੱਪੜ ਵਿਚ ਮੱਝਾਂ ਨੂੰ ਵਾੜ ਕੇ ਸਕੂਲ ਦੇ ਗੇਟ ਕੋਲ਼ ਖਲੋਤਾ, ਗੁਰਮੀਤ ਭੈਣ ਜੀ ਨਾਲ ਪੜ੍ਹਾਉਣ ਵਾਲੇ ਮਾਸਟਰ ਨੂੰ ਨਿੱਕੇ ਸਕੂਲੀ ਮੁੰਡਿਆਂ ਦੇ ਘੋਲ ਕਰਾਉਂਦਿਆਂ ਵੇਖ ਰਿਹਾ ਸੀ। ਹੌਲ਼ੀ ਹੌਲ਼ੀ ਤੁਰਦਾ ਉਹ ਮੁੰਡਿਆਂ ਕੋਲ਼ ਆ ਗਿਆ। ਇਕ 'ਭਲਵਾਨੀ ਜੋੜੀ' ਦਾ ਘੋਲ ਖ਼ਤਮ ਹੋਇਆ ਤਾਂ ਕੋਲ਼ ਆਣ ਖਲੋਤੇ ਨਿੰਦਰ ਨੂੰ ਮਾਸਟਰ ਨੇ ਪੁੱਛਿਆ, "ਤੂੰ ਵੀ ਪਕੜ ਵਖਾਵੇਂਗਾ?" ਮਾਸਟਰ ਨੂੰ ਪਤਾ ਸੀ ਕਿ ਗੁਰਮੀਤ ਭੈਣ ਜੀ ਨਿੰਦਰ ਨਾਲ 'ਤੇਹ' ਕਰਦੀ ਏ।

ਨਿੰਦਰ ਨੇ ਨੇੜੇ ਹੀ ਕਿੱਕਰ ਦੀ ਛਾਵੇਂ ਕੁਰਸੀ 'ਤੇ ਬੈਠੀ ਗੁਰਮੀਤ ਭੈਣ ਜੀ ਵੱਲ ਵੇਖਿਆ। ਉਹ ਮਾਸਟਰ ਦੀ ਗੱਲ ਸੁਣ ਕੇ ਮੁਸਕਰਾ ਰਹੀ ਸੀ।

ਨਿੰਦਰ ਵੀ ਮਾਸਟਰ ਵਾਂਗ ਗੁਰਮੀਤ ਭੈਣ ਜੀ ਨੂੰ 'ਖ਼ੁਸ਼' ਕਰਨਾ ਚਾਹੁੰਦਾ ਸੀ। ਪਰ ਅਜੇ ਵੀ ਜੱਕੋ-ਤੱਕੇ ਵਿਚ ਸੀ। ਮਾਸਟਰ ਨੇ ਹੱਲਾਸ਼ੇਰੀ ਦਿੱਤੀ, "ਡਰ ਨਾ। ਤੇਰੇ ਹਾਣੀ ਮੁੰਡੇ ਨਾਲ ਹੀ ਘੋਲ ਕਰਾਵਾਂਗੇ।"

"ਚੱਲ ਆ ਉਏ ਛਿੰਦਿਆ!" ਮਾਸਟਰ ਨੇ ਚੌਥੀ ਵਿਚ ਪੜ੍ਹਦੇ ਨਿੰਦਰ ਦੇ ਹਾਣੀ ਮੁੰਡੇ ਨੂੰ ਅੱਗੇ ਆਉਣ ਲਈ ਕਿਹਾ। ਨਿੰਦਰ ਨੇ ਛਿੰਦੇ ਵੱਲ ਵੇਖ ਕੇ ਮਨ ਹੀ ਮਨ ਸੋਚਿਆ ਕਿ ਇਹਦੇ ਨਾਲ ਤਾਂ ਉਹ ਘੁਲ ਸਕਦਾ ਏ। ਦੋ ਕਦਮ ਅੱਗੇ ਹੁੰਦਿਆਂ ਉਹਨੇ ਹੌਲ਼ੀ ਜਿਹੀ 'ਹਾਂ' ਵਿਚ ਸਿਰ ਹਿਲਾਇਆ।

"ਚਲੋ1 ਮਾਰੋ ਮੁੰਡਿਓ ਤਾੜੀ। ਤੇ ਤੁਸੀਂ 'ਭਲਵਾਨੋ ਮਾਰ ਕੇ ਲਲਕਾਰਾ ਆ ਜੋ ਅਖਾੜੇ 'ਚ।" ਘੇਰਾ ਬਣਾ ਕੇ ਖਲੋਤੇ ਮੁੰਡਿਆਂ ਨੇ ਤਾੜੀ ਮਾਰੀ।

'ਲਲਕਾਰੇ' ਦੀ ਗੱਲ ਸੁਣ ਕੇ ਛਿੰਦੇ ਨੇ ਪੱਟ 'ਤੇ ਥਾਪੀ ਮਾਰੀ ਤੇ ਬੁਲਬੁਲੀ ਮਾਰ ਕੇ ਲਲਕਾਰਿਆ, "ਮੈਂ ਸਾਨ੍ਹ ਜੱਟ ਉਏ!"

ਉਹਦੀ ਵੇਖਾ-ਵੇਖੀ ਨਿੰਦਰ ਨੇ ਥਾਪੀ ਮਾਰ ਕੇ ਲਲਕਾਰਿਆ, " ਮੈਂ ਵੀ ਸਾਨ੍ਹ ਜੱਟ ਉਏ!"

ਪਰ ਏਨੀ ਆਖ ਕੇ ਉਹ ਇਕ-ਦਮ ਢੈਲ਼ਾ ਪੈ ਗਿਆ। ਮਾਫੀ ਮੰਗਣ ਵਾਂਗ ਮਾਸਟਰ ਨੂੰ ਕਹਿੰਦਾ, "ਪਰ ਮੈਂ ਤਾਂ ਮਜਬ੍ਹੀ ਆਂ!"

"ਕੋਈ ਨ੍ਹੀਂ! ਕੋਈ ਨ੍ਹੀ। ਜੱਟ, ਮਜ੍ਹਬੀ ਦਾ ਕੋਈ ਰੌਲ਼ਾ ਨ੍ਹੀਂ। ਤੂੰ ਪਕੜ ਵਖਾ।" ਮਾਸਟਰ ਦੇ ਦਿੱਤੇ ਹੌਂਸਲੇ ਨੇ ਵੀ ਨਿੰਦਰ ਨੂੰ ਕੋਈ ਆਸਰਾ ਨਾ ਦਿੱਤਾ ਤੇ ਉਹ ਘੁਲਣ ਤੋਂ ਇਨਕਾਰੀ ਹੋ ਕੇ 'ਆਪਣੀਆਂ' ਮੱਝਾਂ ਵੱਲ ਮੁੜ ਗਿਆ।

ਪਰ ਅੱਜ-ਕੱਲ੍ਹ ਜੱਟ-ਮਜ੍ਹਬੀ ਦਾ ਰੌਲ਼ਾ ਉਹਦੇ ਅੰਦਰ ਲਗਾਤਾਰ ਪੈ ਰਿਹਾ ਸੀ।ਕਦੀ ਆਪਣੇ ਆਪ ਨੂੰ ਪੁੱਛਦਾ ਕਿ ਕੀ ਉਹ ਸੱਚਮੁੱਚ ਨੈਤੇ ਦਾ ਮੁੰਡਾ ਹੈ? ਫਿਰ ਆਪ ਹੀ ਸਿਰ ਝਟਕ ਕੇ ਕਹਿੰਦਾ, "ਨਹੀਂ ਨਹੀਂ, ਮੇਰਾ ਪਿਓ ਤਾਂ ਧਰਮਿੰਦਰ ਈ ਏ। ਕੀ ਹੋਇਆ ਜੇ ਘਰੋਂ ਕੱਢ ਦਿੱਤਾ ਪਰ ਪਿਉ ਨੇ ਤਾਂ ਪਿਉ ਈ ਰਹਿਣਾ!

ਉਂਝ ਐਸੀ ਗੱਲ ਵੀ ਨਹੀਂ ਕਿ ਧਰਮਿੰਦਰ ਨੂੰ ਇਸ 'ਤੀਜੇ ਪੁੱਤ' ਨੂੰ ਘਰੋਂ ਕੱਢਣ ਦਾ ਦੁੱਖ ਨਾ ਹੋਵੇ। ਅਕਸਰ ਉਹ ਉਹਦੀ ਆਂਦਰ ਸੀ। ਇਕ ਦਿਨ ਸੰਨੀ ਭਾਅ ਜੀ ਨੇ ਆਪਣੇ ਪਿਉ ਨੂੰ ਜਾ ਕੇ ਦੱਸਿਆ ਸੀ ਕਿ ਸਾਡਾ ਭਰਾ ਅਰਬਾਂ-ਖ਼ਰਬਾਂ ਦਾ ਮਾਲਕ ਹੋ ਕੇ ਉੱਥੇ ਜੱਟਾਂ ਦੇ ਡੰਗਰਾਂ ਨੂੰ ਪੱਠੇ ਪਾਉਂਦੈ। ਫਿਰ ਇਕ ਦਿਨ ਬੌਬੀ ਵੀਰ ਵੀ ਆਇਆ ਸੀ। ਉਹ ਆਖਦਾ, ਭਾਪਾ ਰੋਜ਼ ਰਾਤ ਨੂੰ ਸ਼ਰਾਬ ਪੀ ਕੇ ਤੇਰੀ ਫੋਟੋ ਵੇਖ ਕੇ ਤੇ ਤੈਨੂੰ ਯਾਦ ਕਰਕੇ ਰੋਣ ਲੱਗ ਪੈਂਦਾ...। ਧਰਮਿੰਦਰ ਨੇ ਵੀ ਉਹਨੂੰ ਸਵਾਰੀਆਂ ਢੋਣ ਤੇ ਸੈਰ ਸਪਾਟੇ ਲਈ ਹਵਾਈ ਜਹਾਜ਼ ਲੈ ਕੇ ਦਿੱਤਾ ਹੋਇਆ ਸੀ। ਅੰਬਰਸਰ ਸ਼ਹਿਰ ਵਿਚ ਉਹਦੀ ਬੇਸ਼ੁਮਾਰ ਜਾਇਦਾਦ ਸੀ। ਉਹ ਆਖਦਾ ਸੀ, ''ਆਪਣੀ ਕੋਠੀ ਆ ਸ਼ਹਿਰ! ਪੰਜਾਂ ਕਿੱਲਿਆਂ 'ਚ ਬਣੀ ਹੋਈ। ਪੰਜ ਟੈਲੀਫ਼ੋਨ ਲੱਗੇ। ਪੰਜ ਗੰਨ-ਮੈਨ... ਪੰਜ ਹੀ ਵੱਡੇ ਵੱਡੇ ਕੁੱਤੇ...। ਤਿੰਨ ਕੋਠੀਆਂ ਹੋਰ ਵੀ ਨੇ... ਕਰਾਏ ਉੱਤੇ ਦਿੱਤੀਆਂ। ਇਕ ਵੱਡੀ ਹਵੇਲੀ ਆ ਹਾਲ ਬਜਾਰ 'ਚ। ਸੌ ਡੰਗਰ ਬੱਝੇ ਆ ਉਹਦੇ 'ਚ।....ਰਿਹਾ ਕਰੂੰ ਉੱਥੇ ਵੱਡੀ ਕੋਠੀ 'ਚ ਹੀ। ਉੱਥੇ ਹੀ ਰਹਿਣਾ ਪੈਣਾਂ ਹੁਣ ਤਾਂ! ਨਿੱਕੇ-ਨਿਆਣੇ ਵੀ ਤਾਂ ਕੱਲ੍ਹ-ਕਲੋਤਰ ਨੂੰ ਸ਼ਹਿਰ 'ਚ ਈ ਅੰਗਰੇਜ਼ੀ ਸਕੂਲ 'ਚ ਪਾਉਣੇ ਪੈਣੇ ਆਂ। ਅੱਜ ਕੱਲ੍ਹ ਪਿੰਡਾਂ 'ਚ ਉਹ ਪੜ੍ਹਾਈਆਂ ਤਾਂ ਰਹਿ ਨਹੀਂ ਗਈਆਂ, ਜਿਹੜੀਆਂ ਆਪਣੇ ਵੇਲਿਆਂ 'ਚ ਹੁੰਦੀਆਂ ਸਨ...।''

'ਪਿੰਡ ਵਾਲੀ ਜਾਇਦਾਦ' ਬਾਰੇ ਉਹਦਾ ਦਾਅਵਾ ਸੀ ''ਜ਼ਮੀਨ ਤਾਂ ਜਿਹੜੀ ਤਿੰਨ ਚਾਰ ਸੌ ਕਿੱਲਾ ਪਿੰਡ ਵਾਲੀ ਆ... ਉਹ ਤਾਂ ਡੈਡੀ ਧਰਮਿੰਦਰ ਨੇ ਆਖ ਦਿੱਤੈ ਕਿ ਇਹ ਤੇਰੇ ਨਾਂ ਈ ਐਂ... ਆਪ ਵਾਹੀ ਕਰ, ਚਾਹੇ ਤਾਂ ਹਿੱਸੇ ਠੇਕੇ 'ਤੇ ਦੇ, ਵੇਚ-ਵੱਟ, ਤੂੰ ਹੀ ਖਾ-ਖ਼ਰਚ। ਦੂਜੇ ਮੁੰਡਿਆਂ ਨੇ ਤਾਂ ਪਿੰਡ ਆ ਕੇ ਰਹਿਣਾ ਨਹੀਂ। ਉਹ ਤਾਂ ਹੁਣ ਬੰਬਈ ਹੀ ਟਿਕਣਗੇ। ਵੱਡੀ ਬੀਬੀ ਨੇ ਆਖਿਐ... ਪੁੱਤ ਗਹਿਣਿਆਂ ਕੱਪੜਿਆਂ ਦਾ ਘਾਟਾ ਨਹੀਂ। ਟਰੰਕਾਂ ਦੇ ਟਰੰਕ ਤੇ ਸੰਦੂਖਾਂ ਦੇ ਸੰਦੂਖ ਭਰੇ ਪਏ ਨੇ। ਹੋਰ ਤਾਂ ਹੋਰ ਛੋਟੀ ਬੀਬੀ ਹੇਮਾ ਮਾਲਿਨੀ ਨੇ ਵੀ ਆਖਿਐ, ਤੇਰੀਆਂ ਦੋ ਭੈਣਾਂ ਨੇ... ਇਹਨਾਂ ਲਈ ਚੰਗੇ ਸਾਕ ਲੱਭ। ਇਹਨਾਂ ਨੂੰ ਮੰਗ-ਵਿਆਹ। ਘਰੋ-ਘਰੀ ਤੋਰ। ਪਿੱਛੋਂ ਸਾਰਾ ਕੁਝ ਤੇਰਾ ਈ ਆ। ਐਸ਼ ਕਰੀਂ, ਪੁੱਤ! ਮੈਂ ਕਿਤੇ ਸਾਰੀ ਉਮਰ ਬਹਿ ਰਹਿਣੈ ਏਥੇ?''

ਸਾਰਾ ਇਲਾਕਾ ਵੀ ਹੁਣ ਉਹਨੂੰ ਧਰਮਿੰਦਰ ਤੇ ਹੇਮਾ ਮਾਲਿਨੀ ਦਾ 'ਪੁੱਤ' ਕਰਕੇ ਜਾਣਦਾ ਤੇ 'ਮਿੰਟੂ ਦਿਓਲ' ਕਰ ਕੇ 'ਪਛਾਣਦਾ' ਸੀ।

ਇਹ ਤਾਂ ਕੁਝ ਮੂਰਖ਼ ਲੋਕ ਸਨ ਜਿਹੜੇ ਉਹਦਾ ਮਜ਼ਾਕ ਉਡਾਉਂਦੇ ਸਨ ਤੇ ਸਮਝਦੇ ਸਨ ਕਿ ਉਹ 'ਕਮਲਾ' ਐਵੇਂ ਹਵਾਈ ਕਿਲ੍ਹੇ ਉਸਾਰੀ ਬੈਠਾ ਸੀ। ਉਹਦੀ ਸਿਖਰ ਅਸਮਾਨ ਵਿਚ ਉਡਦੀ ਕਲਪਨਾ ਦੀ ਗੁੱਡੀ ਨੂੰ ਹੇਠਾਂ ਡੇਗਣ ਲਈ ਡੋਰ ਨੂੰ ਹੁਜਕੇ ਮਾਰਦੇ ਰਹਿੰਦੇ ਸਨ। ਕੁੱਬੇ ਫੌਜੀ ਤੇ ਅਤਰੇ ਨਿਹੰਗ ਵਰਗੇ ਉਹਦੀ 'ਜਾਤ' ਪਰਖ਼ਦੇ ਤੇ 'ਕੁਜਾਤ' ਕਹਿ ਕੇ ਉਹਦੇ ਖਿਆਲੀ ਪਲਾਵਾਂ 'ਤੇ ਸਵਾਹ ਧੂੜਦੇ ਰਹਿੰਦੇ। ਤੁਲਸੇ ਖੁੰਘ ਨੇ ਤਾਂ ਬੜਾ ਟਿਕਾ ਕੇ ਉਹਦੇ ਕੰਨ ਖੋਲ੍ਹੇ ਸਨ। ਅਖ਼ੇ, " ਖੋਤਿਆਂ ਦੇ ਸਿਰਾਂ 'ਤੇ ਕਿਤੇ ਸਿੰਙ ਹੁੰਦੇ ਨੇ।...ਜੱਟਾਂ ਨੇ ਕਿਆ ਇਹਨੂੰ ਹੱਥਾਂ ਉੱਤੇ ਪਾਇਆ ਹੋਇਐ। ਆਂਹਦੇ

ਨੇ, ਕੀ ਨਾਂ ਲਈਦਾ, ਤੈਨੂੰ ਕਿਸੇ ਸਿਰ-ਸੜੀ ਦਾ ਕਿ ਕੀਹਦਾ, ਫਲਾਣੀ ਦਾ ਸਾਕ ਕਰਾ ਦਿਆਂਗੇ। ਇਹ ਖੋਤੇ ਦਾ ਖੁਰ ਖ਼ਿਆਲਾਂ ਦੇ ਘੋੜੇ ਭਜਾਈ ਫਿਰਦਾ ਰਹਿੰਦੈ। ਕਦੀ ਫ਼ਿਲਮ ਦਾ ਹੀਰੋ ਬਣ ਗਿਆ... ਕਦੀ ਟੀ.ਵੀ. ਦਾ ਕਲਾਕਾਰ ਬਣ ਗਿਆ। ਆਪਣੇ ਹੀ ਸੁਫ਼ਨਿਆਂ 'ਚ ਗਵਾਚਾ ਰਹਿੰਦਾ ਏ ਉੱਲੂ ਕਿਸੇ ਥਾਂ ਦਾ। ਆਖੂ, ਮੈਨੂੰ ਤਨਖ਼ਾਹ ਮਿਲਦੀ ਐ, ਕਿੱਡਾ ਨੈਬ ਸੂਬੇਦਾਰ ਲੱਗਾ ਹੁੰਦਾ! ਤਨਖ਼ਾਹ ਤੈਨੂੰ ਦੇਂਦੇ ਆ ਮਹੀਨੇ ਦੀ ਚਾਰ-ਪੰਜ ਸੌ। ਤੇ ਮੈਂ ਡੂਢ ਸੌ ਦਿਹਾੜੀ ਲੈਂਦਾ ਈ ਟੁਣਕਾ ਕੇ। ਉਹਨਾਂ ਨੂੰ ਮੁਫ਼ਤ ਦਾ ਬੰਦਾ ਲੱਭਾ ਹੋਇਐ। ਤੇਰੀਆਂ ਯੁਗਵੀਆਂ ਸੁਣ ਛੱਡਦੇ ਆ। ਤੈਨੂੰ ਫੂਲਾ ਛੱਡਦੇ ਆ... ਤੂੰ ਝੂਠੀ-ਮੂਠੀ ਸੁਫਨਿਆਂ ਦੇ ਮਹੱਲ ਬਣਾਈ ਜਾਇਆ ਕਰ..."

ਤੁਲਸੇ ਦੀ ਝਾੜ ਸੁਣ ਕੇ ਉਹ ਪਲ ਭਰ ਲਈ ਠਠੰਬਰ ਗਿਆ ਸੀ। ਉਹਨੂੰ ਤੁਰਤ ਕੋਈ ਗੱਲ ਨਹੀਂ ਸੀ ਅਉੜੀ। ਉਹ ਬੁੜਬੁੜਾਇਆ, "ਓ ਹੇਮਾ ਮਾਲਿਨੀ ਤਾਂ ਮੇਰੀ ਛੋਟੀ ਬੀਬੀ ਏ।"

ਤੇ ਫਿਰ ਉਹਨੇ ਆਪਣੇ ਸੁਪਨਈ ਅੰਦਾਜ਼ ਵਿਚ ਗੱਲ ਨੂੰ ਸੰਭਾਲ ਤਾਂ ਲਿਆ ਸੀ।

ਉਂਝ ਇਸ਼ਕ ਤਾਂ ਉਹਨੂੰ ਕਈਆਂ ਨਾਲ ਸੀ। ਬਿੱਲੀਆਂ ਅੱਖਾਂ ਵਾਲੀ ਗੁਰਮੀਤ ਭੈਣ ਜੀ ਨਾਲ ਵੀ ਹੋ ਗਿਆ ਸੀ। ਆਪਣੀ ਠੱਠੀ ਦੀ ਬਚਪਨ ਦੀ ਹਾਨਣ ਕੁੜੀ ਧੰਤੋ ਨਾਲ ਵੀ ਸੀ ਤੇ ਫਿਰ ਜਦੋਂ ਉਹਦਾ 'ਇਲਾਜ' ਕਰਵਾਉਣ ਲਈ ਉਹਦੀ ਮਾਂ ਛਿੰਨੋ ਉਹਨੂੰ ਬਾਬਿਆਂ ਦੇ ਡੇਰੇ 'ਤੇ ਲੈ ਕੇ ਜਾਣ ਲੱਗੀ ਸੀ ਤਾਂ ਓਥੇ ਮਿਲੀ ਜੱਟਾਂ ਦੀ ਕੁੜੀ ਸੀਤੋ ਨਾਲ ਵੀ ਉਹਨੂੰ ਮੁਹੱਬਤ ਹੋ ਗਈ ਸੀ, ਜਿਸ ਨੇ ਉਹਦੀ ਗਲਾਸੀ ਵਿਚੋਂ ਜੂਠੀ ਚਾਹ ਪੀ ਲਈ ਸੀ। ਉਸ ਦਿਨ ਤੋਂ ਬਾਅਦ ਉਹ ਧੋਤੇ ਕੱਪੜੇ ਪਾ ਕੇ ਤੇ ਬਣ-ਸੰਵਰ ਕੇ ਵੀਰਵਾਰ ਵਾਲੇ ਦਿਨ ਜਸਵੰਤ ਤੋਂ ਛੁੱਟੀ ਲੈ ਕੇ ਡੇਰੇ 'ਤੇ ਜਾਣ ਲੱਗਾ ਹੱਸ ਕੇ ਆਖਦਾ ਸੀ, "ਚਾਚਾ! ਅੱਜ ਮੇਲੇ ਚੱਲਿਆਂ।"

ਪਰ ਉਹਦਾ ਦੁੱਖ ਗੂੜ੍ਹੇ ਤੋਂ ਗੂੜ੍ਹਾ ਹੁੰਦਾ ਗਿਆ ਸੀ। ਸਤਿਨਾਮ ਤੇ ਜਸਵੰਤ ਹੁਰਾਂ ਨੇ ਉਹਦਾ ਵਿਆਹ ਸ੍ਰੀ ਦੇਵੀ ਨਾਲ ਕਰਨ ਦਾ ਲਾਰਾ ਹੋਇਆ ਸੀ ਜੋ ਅਜੇ ਤਕ ਸਿਰੇ ਨਹੀਂ ਸੀ ਚੜ੍ਹਿਆ ਤੇ ਚੜ੍ਹਨਾ ਵੀ ਨਹੀਂ ਸੀ। ਦੂਜੇ ਪਾਸੇ ਸੁਰਜੀਤ ਹੁਰਾਂ ਦੇ ਮੂਸਲ 'ਚੋਂ ਤੂੜੀ ਦੀ ਮਗਰੀ ਦੇ 'ਭਾਰ' ਹੇਠਾਂ ਦੱਬ ਕੇ, ਧੰਤੋ ਨਿੰਦਰ ਨਾਲ ਵੀ, ਜਿਵੇਂ ਬਚਪਨ ਵਿਚ ਖੇਡਦਿਆਂ ਰੋਂਦ ਮਾਰ ਜਾਂਦੀ ਸੀ, ਹੁਣ ਵੀ 'ਰੋਂਦ' ਮਾਰ ਕੇ ਇਸ ਦੁਨੀਆਂ ਤੋਂ ਤੁਰ ਗਈ ਸੀ। ਤੇ ਸੀਤੋ ਦੀ ਮਾਂ ਨੇ ਤਾਂ ਜਦੋਂ ਆਪਣੀ ਧੀ ਦਾ ਸਾਕ ਨਿੰਦਰ ਨੂੰ ਕਰਨ ਲਈ ਉਹਦੀ ਜਾਤ ਜਾਨਣੀ ਚਾਹੀ ਤਾਂ ਉਹਦੀ ਜ਼ਬਾਨ, "ਮੈਂ ਮੈਂ ਮਿੰਟੂ ਦਿਓਲ" ਕਹਿੰਦਿਆਂ ਥਿੜਕ ਗਈ ਸੀ ਤੇ ਉਹ ਅੰਬਰੀਂ ਉੱਡਦਾ ਧਰਤੀ 'ਤੇ ਆ ਪਟਕਿਆ ਸੀ।

ਜਦੋਂ ਸੀਤੋ ਦੀ ਮਾਂ ਨੇ ਉਹਦੀ ਜਾਤ ਪਰਖ਼ ਕੇ ਹੁੰਦੇ-ਹੁੰਦੇ ਸਾਕ ਤੋਂ ਜਵਾਬ ਦੇ ਦਿੱਤਾ ਸੀ ਤਾਂ ਸਾਧ ਦੇ ਡੇਰੇ ਤੋਂ ਉਹਦੀ ਵਾਪਸੀ 'ਤੇ ਜਦ ਜਸਵੰਤ ਨੇ ਪੁੱਛਿਆ ਸੀ ਕਿ , "ਕੈਸਾ ਰਿਹਾ ਤੇਰਾ ਅੱਜ ਦਾ ਮੇਲਾ?" ਤਾਂ ਉਹਨੇ ਕੋਲ਼ ਆ ਕੇ ਫੁੱਟ-ਫੁੱਟ ਕੇ ਰੋਂਦਿਆ ਕਿਹਾ ਸੀ, "ਚਾਚਾ! ਮੇਲਾ ਤਾਂ ਲੁੱਟਿਆ ਗਿਆ ਉਏ!"

"ਕਿਉਂ ਕੀ ਗੱਲ ਹੋ ਗੀ?"

"ਚਾਚਾ ਸਾਡੇ ਨਾਲ ਬੜਾ ਵੱਡਾ ਰੋਂਦ ਵੱਜ ਗਿਐ!"

"ਕਿਵੇਂ? ਕੀਹਨੇ ਮਾਰਿਐ ਰੋਂਦ?"

"ਰੱਬ ਨੇ ਮਾਰਿਐ ਜਿਹੜੇ ਨੈਤੇ ਤੇ ਛਿੰਨੋ ਦੇ ਘਰ ਜੰਮ ਪਏ!"

ਏਨੀ ਆਖ ਕੇ ਉਹ ਫਿਰ ਰੋਣ ਲੱਗ ਪਿਆ ਸੀ।

ਉਹਨੂੰ ਹੁਣ ਕਦੀ-ਕਦੀ ਲੱਗਣ ਲੱਗਾ ਕਿ ਧਰਮਿੰਦਰ ਦਾ ਪੁੱਤ ਹੋਣ ਵਾਲੀ ਉਹਦੀ ਗੱਲ ਕੋਈ ਸੁਪਨੇ ਵਿਚ ਬੀਤੀ ਹਕੀਕਤ ਹੋਵੇ। ਅਸਲ ਵਿਚ ਉਹ ਛਿੰਨੋ ਅਤੇ ਨੈਤੇ ਦਾ ਹੀ ਪੁੱਤ ਹੈ, ਸੱਜਣ ਤੇ ਭਿੱਲੀ ਹੁਰਾਂ ਦਾ ਭਰਾ ਹੈ ਤੇ ਚਾਚੇ ਜਸਵੰਤ ਦਾ ਕਾਮਾ, ਜਿਸਤੋਂ ਉਹਨੂੰ ਮਹੀਨੇ ਦੇ 'ਬੱਝੇ' ਹੋਏ ਪੈਸੇ ਮਿਲਦੇ ਨੇ।

ਕੁਝ ਦਿਨ ਉਹ ਪੰਜਾਲੀ ਹੇਠਾਂ ਸਿਰ ਦਿੱਤੇ ਬਲ਼ਦ ਵਾਂਗ ਕੰਮ ਕਰਦਾ ਰਿਹਾ। ਕੋਈ ਜਣਾ ਸ੍ਰੀ

ਦੇਵੀ, ਧਰਮਿੰਦਰ ਜਾਂ 'ਉਹਦੀਆਂ ਕੋਠੀਆਂ ਤੇ ਹਵਾਈ ਜਹਾਜ਼ਾਂ' ਦੀ ਗੱਲ ਕਰਦਾ ਤਾਂ ਉਹ ਕੋਈ ਜਵਾਬ ਨਾ ਦਿੰਦਾ ਤੇ ਬਿਟਰ ਬਿਟਰ ਅਗਲੇ ਦੇ ਮੂੰਹ ਵੱਲ ਵੇਖਦਾ ਰਹਿੰਦਾ। ਉਹ 'ਉੱਡਣ' ਦੀ ਕੋਸ਼ਿਸ਼ ਕਰਨ ਲੱਗਦਾ ਤਾਂ ਸੀਤੋ ਦੀ ਮਾਂ ਉਹਨੂੰ ਪੁੱਛਣ ਲੱਗਦੀ, "ਪੁੱਤ ਨਿੰਦਰ ਸਿਆਂ। ਤੁਹਾਡੀ ਜਾਤ-ਬਰਾਦਰੀ ਭਲਾ ਕਿਹੜੀ ਐ? ਮੇਰਾ ਮਤਲਬ ਐ ਤੁਸੀਂ ਜੱਟ ਈ ਓ ਨਾ?"

ਉਹਦੇ ਗੁਬਾਰੇ ਦੀ ਫੂਕ ਨਿਕਲ ਚੁੱਕੀ ਸੀ।

...ਅੱਧੇ ਕੁ ਘੰਟੇ ਬਾਅਦ ਨਿੰਦਰ ਪੂਰੀ ਹੋਸ਼ ਵਿਚ ਆ ਗਿਆ। ਪੋਲੇ ਗੱਦੇ 'ਤੇ ਲੰਮਾ ਪਿਆ ਨਿੰਦਰ ਚੱਲਦੇ ਪੱਖੇ ਥੱਲੇ ਆਨੰਦ ਨਾਲ ਪਿਆ ਸੀ। ਗੁਲੂਕੋਜ਼ ਦੀ ਦੂਜੀ ਬੋਤਲ ਲਾਉਣ ਤੋਂ ਪਹਿਲਾਂ ਨਰਸ ਨੇ ਉਹਦਾ ਬਲੱਡ-ਪਰੈਸ਼ਰ ਚੈੱਕ ਕਰਨ ਲਈ ਉਹਦੀ ਬਾਂਹ ਫੜੀ ਤਾਂ ਨਰਸ ਦੀਆਂ ਉਂਗਲਾਂ ਦੀ ਛੂਹ ਨਾਲ ਨਿੰਦਰ ਦਾ ਸਾਰਾ ਸਰੀਰ ਥਰਥਰਾ ਗਿਆ। ਇਕ ਆਨੰਦ ਦਾ ਅਹਿਸਾਸ ਉਹਦੇ ਅੰਦਰ ਕੌਂਦ ਗਿਆ।

ਗੁਬਾਰੇ ਵਿਚ ਹਵਾ ਭਰੀ ਜਾਣ ਲੱਗੀ ਸੀ।

ਕਿਸੇ ਮੁਟਿਆਰ ਕੁੜੀ ਨੇ ਅੱਜ ਤਕ ਉਹਦੇ ਜਿਸਮ ਨੂੰ ਛੁਹਿਆ ਨਹੀਂ ਸੀ। ਧੰਤੋ ਜ਼ਰੂਰ ਨਿੱਕੇ ਹੁੰਦਿਆਂ, ਉਹਦੇ ਨਾਲ ਖੇਡਦਿਆਂ, ਲਾਡ ਨਾਲ ਧੌਲ-ਧੱਫਾ ਵੀ ਕਰ ਲੈਂਦੀ ਸੀ। ਪਰ ਇਹ ਤਾਂ ਬਚਪਨ ਦੀਆਂ ਗੱਲਾਂ ਸਨ।

ਉਹਨੇ ਨਜ਼ਰ ਭਰ ਕੇ ਨਰਸ ਵੱਲ ਵੇਖਿਆ।ਇਹ ਧੰਤੋ ਨਾਲ ਮਿਲਦੀ ਏ ਕਿ ਸ੍ਰੀ ਦੇਵੀ ਨਾਲ? ਐਂ ਵੀ ਲੱਗਦਾ ਜਿਉਂ ਥੋੜ੍ਹੀ ਥੋੜ੍ਹੀ ਸੀਤੋ ਵਰਗੀ ਵੀ ਏ!

ਨਰਸ ਨੇ ਉਹਦੇ ਜਿਸਮ ਦਾ ਤਾਪਮਾਨ ਵੇਖਣ ਲਈ ਥਰਮਾਮੀਟਰ ਰੱਖਣ ਵਾਸਤੇ ਉਹਨੂੰ ਮੂੰਹ ਖੋਲ੍ਹਣ ਲਈ ਕਿਹਾ ਤਾਂ ਉਹਦਾ ਜੀਅ ਕੀਤਾ ਕਿ ਆਪਣੇ ਬੁੱਲ੍ਹਾਂ ਦੇ ਨੇੜੇ ਆਏ ਨਰਸ ਦੇ ਪੋਟੇ ਚੁੰਮ ਲਵੇ!ਨਰਸ ਦੂਜੇ ਮਰੀਜ਼ ਵੱਲ ਤੁਰੀ ਤਾਂ ਉਹਦੇ ਪਿੱਛੇ ਪਿੱਛੇ ਉਹਦੀਆਂ ਅੱਖਾਂ ਨੱਚਣ ਲੱਗੀਆਂ।

ਉਹਦੀਆਂ ਹਰਕਤਾਂ ਨੂੰ ਜਸਵੰਤ ਤਾੜ ਰਿਹਾ ਸੀ।"ਐਕਟਰਾ! ਕੈਮ ਐਂ ਹੁਣ?"

"ਫੁੱਲ, ਚਾਚਾ ਜੀ! ਫੁੱਲ! ਮੌਜਾਂ ਈ ਮੌਜਾਂ!"

ਸਿਰ 'ਤੇ ਚੱਲਦੇ ਪੱਖੇ ਵੱਲ ਵੇਖ ਕੇ ਕਹਿੰਦਾ, "ਨੈਤੇ ਹੁਣਾਂ ਵੱਲ ਤਾਂ ਰਾਤ ਨੂੰ ਮੱਛਰ ਈ ਤੋੜ ਤੋੜ ਖਾ ਲੈਂਦਾ!" ਉਹ ਉੱਠ ਕੇ ਬੈਠ ਗਿਆ।

ਜਸਵੰਤ ਨੇ ਸੋਚਿਆ ਹੁਣ ਇਸ ਨੇ ਇੱਥੋਂ ਜਲਦੀ ਉੱਠਣਾ ਨਹੀਂ। ਉਹਨੇ ਮੈਂਬਰ ਅਜੀਤ ਸਿੰਘ ਨੂੰ ਪਾਸੇ ਕਰ ਕੇ ਕਿਹਾ, "ਮੈਂਬਰਾ! ਹੁਣ ਇਹ ਜਿਹੜੀ ਮੌਜ ਵਿਚ ਪਿਆ, ਏਹਨੇ ਉੱਠਣਾ ਨਹੀਂ ਜਾਣ ਵਾਸਤੇ। ਮੈਨੂੰ ਲੱਗਦਾ, ਇਹ ਹੁਣ ਠੀਕ ਆ। ਐਵੇਂ ਵਾਧੂ ਖ਼ਰਚਾ ਪਈ ਜਾਣਾ। ਇਹਨੂੰ ਪਿੰਡ ਲੈ ਜਾਈਏ।"

ਦੋਵਾਂ ਨੇ 'ਤਰਕੀਬ' ਵੀ ਸੋਚ ਲਈ। ਮੈਂਬਰ ਕਹਿੰਦਾ, "ਕੋਈ ਨਹੀਂ, ਹੁਣ ਇਹਨੂੰ ਮੈਂ ਆਪਣੇ ਤਰੀਕੇ ਨਾਲ ਸਮਝਾਉਂਦਾਂ।"

ਮੈਂਬਰ ਬੁੱਲ੍ਹਾਂ ਵਿਚ ਹਾਸਾ ਦੱਬ ਕੇ ਕਹਿੰਦਾ, "ਨਿੰਦਰਾ! ਜਦੋਂ ਡਾਕਟਰ ਆਏ ਤਾਂ ਆਖ ਦਈਂ ਕਿ ਮੈਂ ਠੀਕ ਠਾਕ ਹਾਂ। ਮੈਨੂੰ ਛੁੱਟੀ ਦੇ ਦਿਓ। ਨਹੀਂ ਤਾਂ ਉਹ ਚਾਕੂ ਛੁਰੀਆਂ ਤਿੱਖੇ ਕਰਨ ਡਹੇ ਨੇ ਤੇਰਾ ਆਪ੍ਰੇਸ਼ਨ ਕਰਨ ਲਈ। ਕਹਿੰਦੇ, ਇਹਦਾ ਢਿੱਡ ਪਾੜ ਕੇ ਅੰਦਰੋਂ ਗੰਦ-ਮੰਦ ਕੱਢਣਾ। ਜੇ ਬਚਣਾ ਈ ਤਾਂ ਜਿੱਦਾਂ ਮੈਂ ਤੈਨੂੰ ਕਿਹਾ ਓਦਾਂ ਕਹਿ ਦੇਵੀਂ। ਆਪਾਂ ਕਿਉਂ ਆਪਣੀ ਜਾਨ ਖ਼ਤਰੇ 'ਚ ਪਾਈਏ। ਉੱਤੋਂ ਹਜਾਰਾਂ ਦਾ ਖਰਚਾ!"

ਨਿੰਦਰ ਡਰ ਗਿਆ। ਉਹਦਾ ਜੀਅ ਤਾਂ ਨਹੀਂ ਸੀ ਕਰਦਾ ਏਥੋਂ ਜਾਣ ਨੂੰ ਪਰ ਦਿਲ 'ਤੇ ਪੱਥਰ ਧਰ ਕੇ ਕਹਿਣਾ ਪਿਆ, "ਚੰਗਾ ਕੀਤਾ ਈ ਦੱਸ ਕੇ। ਨਹੀਂ ਤਾਂ ਮੈਂ ਸੋਚਿਆ ਸੀ ਕਿ ਚਾਰ-ਪੰਜ ਦਿਨ ਪੱਖੇ ਦੀ ਠੰਢੀ ਵਾ ਲੈਂਦੇ ਆਂ।"

ਉਹਦੀਆਂ ਨਜ਼ਰਾਂ ਨਰਸ ਨੂੰ ਲੱਭ ਰਹੀਆਂ ਸਨ।

ਡਾਕਟਰ ਹਸਪਤਾਲ ਵਿਚ ਦਾਖ਼ਲ ਤਿੰਨ ਮਰੀਜਾਂ ਦੀਆਂ ਰੀਪੋਰਟਾਂ ਵੇਖ ਕੇ ਸੌਣ ਲਈ ਜਾਣ ਹੀ ਵਾਲਾ ਸੀ ਕਿ ਜਸਵੰਤ ਕੋਲ਼ ਚਲਾ ਗਿਆ, "ਡਾਕਟਰ ਸਾਬ੍ਹ! ਜੇ ਸਾਡਾ ਬੰਦਾ ਠੀਕ ਏ ਤਾਂ ਇਹਨੂੰ ਲੈ ਜਾਈਏ?"

"ਹੁਣ ਤਾਂ ਅੱਧੀ ਰਾਤ ਹੋਣ ਵਾਲੀ ਏ। ਜੇ ਇਕ ਨੰਬਰ ਬੈੱਡ ਵਾਲਾ ਜਿਆਦਾ ਢਿੱਲਾ ਨਾ ਹੁੰਦਾ ਤਾਂ ਮੈਂ ਤਾਂ ਕਦੋਂ ਦਾ ਸੌਣ ਚਲੇ ਜਾਣਾ ਸੀ। ਚਲੋ ਵੇਖ ਲੈਂਦੇ ਆਂ। ਰੀਪੋਰਟ ਤਾਂ ਊਂ ਠੀਕ ਈ ਏ।"

ਕੁਰਸੀ ਤੋਂ ਉੱਠ ਕੇ ਨਿੰਦਰ ਵੱਲ ਤੁਰਨ ਲੱਗੇ ਡਾਕਟਰ ਨੂੰ ਜਸਵੰਤ ਨੇ ਕਿਹਾ, "ਅਸਲ 'ਚ ਸਵੇਰੇ ਮੇਰੀ ਰਿਟਾਇਰਮੈਂਟ ਏ। ਸਕੂਲ ਤੋਂ ਬਾਅਦ ਘਰ ਵਿਚ ਪਾਰਟੀ ਰੱਖੀ ਏ। ਬਹੁਤ ਸਾਰਾ ਕੰਮ ਕਰਨ ਵਾਲਾ ਪਿਆ ਏ। ਹੁਣ ਘਰ ਚਲੇ ਜਾਵਾਂਗੇ ਤਾਂ ਦੋ-ਚਾਰ ਘੰਟੇ ਅਰਾਮ ਕਰ ਲਊਂਗਾ।"

"ਕੌਂਗਰੈਚੂਲੇਸ਼ਨਜ਼!" ਡਾਕਟਰ ਨੇ ਜਸਵੰਤ ਨਾਲ ਹੱਥ ਮਿਲਾਇਆ।

ਜਦੋਂ ਡਾਕਟਰ ਨੇ ਆ ਕੇ ਨਿੰਦਰ ਨੂੰ ਪੁੱਛਿਆ, "ਕਿੱਦਾਂ ਸ਼ੇਰਾ?"

"ਮੈਂ ਠੀਕ ਆਂ ਜੀ। ਮੈਨੂੰ ਛੁੱਟੀ ਦੇ ਦਿਓ।"

ਡਾਕਟਰ ਨੇ ਉਹਦੇ ਮੋਢੇ 'ਤੇ ਥਾਪੀ ਦਿੱਤੀ, "ਗੁੱਡ! ਗੁੱਡ!"

ਬਲੱਡ ਪਰੈਸ਼ਰ ਚੈੱਕ ਕਰ ਕੇ ਡਾਕਟਰ ਨੇ ਕਿਹਾ, "ਠੀਕ ਏ! ਇਹਨੂੰ ਲੈ ਜੋ ਬੇਸ਼ੱਕ। ਪਰ ਦੋ ਕੁ ਦਿਨ ਅਰਾਮ ਕਰ ਲੈਣ ਦਿਓ। ਮੈਂ ਦੋਂਹ ਕੁ ਦਿਨਾਂ ਦੀ ਦਵਾਈ ਦੇ ਦਿੰਦਾਂ।"

ਜਸਵੰਤ ਨੇ ਨੈਤੇ ਤੇ ਮੈਂਬਰ ਨੂੰ ਨਾਲ ਲੈ ਕੇ ਡਾਕਟਰ ਨੂੰ ਬਣਦੇ ਚਾਰ ਸੌ ਰੁਪਏ ਦੇ ਦਿੱਤੇ।

ਤੁਰਨ ਲੱਗਿਆਂ ਨਿੰਦਰ ਦੇ ਚਿਹਰੇ 'ਤੇ ਮੁੜ ਮੁਰਦੇਹਾਨੀ ਛਾ ਗਈ। ਨਰਸ ਹੁਣ ਕਿਧਰੇ ਦਿਸਦੀ ਨਹੀਂ ਸੀ।

ਸਾਰੇ ਜਣੇ ਵੈਨ ਵਿਚ ਬਹਿ ਗਏ।ਬੁਲਾਉਣ 'ਤੇ ਵੀ ਨਿੰਦਰ ਨੇ ਕੋਈ ਉਤਸ਼ਾਹੀ ਹੁੰਗਾਰਾ ਨਾ ਭਰਿਆ। ਉਹ ਆਪਣੇ ਅੰਦਰ ਡੁੱਬ ਗਿਆ।

ਗੁਬਾਰੇ ਦੀ ਹਵਾ ਮੁੜ ਨਿਕਲ ਚੁੱਕੀ ਸੀ।

ਜਸਵੰਤ ਚਾਹੁੰਦਾ ਸੀ ਉਹ ਕੁਝ ਬੋਲੇ-ਚਾਲੇ। "ਨਿੰਦਰਾ! ਮੈਂਬਰ ਨੂੰ ਉਹ ਗਾਉਣ ਸੁਣਾ ਜਿਹੜਾ ਤੂੰ ਮੇਰੀ ਰਟਾਇਰਮੈਂਟ ਦੀ ਪਾਰਟੀ 'ਤੇ ਗਾਉਣ ਲਈ ਜੋੜਿਆ ਏ।"

ਨਿੰਦਰ ਹਲਕਾ ਜਿਹਾ ਮੁਸਕਰਾਇਆ, "ਕੱਲ੍ਹ ਨੂੰ ਈ ਸੁਣਾਊਂ।"

ਏਨੀ ਆਖ ਕੇ ਅੱਖਾਂ ਮੀਚ ਲਈਆਂ ਤੇ ਮੁੜ ਤੋਂ ਮਨ ਦੇ ਹਨੇਰੇ ਵਿਚ ਗਵਾਚ ਗਿਆ। ਹਨੇਰੇ ਵਿਚ ਕੋਈ ਰਾਹ ਨਹੀਂ ਸੀ ਦਿਸਦਾ।

ਬੁਝੇ ਮਨ ਨਾਲ ਉਹ ਏਸੇ ਹਨੇਰੇ ਵਿਚ ਪਿਛਲੇ ਮਹੀਨਿਆਂ ਤੋਂ ਜਸਵੰਤ ਦਾ ਕੰਮ-ਕਾਰ ਕਰੀ ਜਾ ਰਿਹਾ ਸੀ।ਜਿਸ ਦਿਨ ਅਖ਼ਬਾਰ ਵਿਚ ਕਹਾਣੀ ਛਪੀ ਸੀ, ਉਸ ਦਿਨ ਗੁਰਪਾਲ ਨੇ ਫਿਰ 'ਹਵਾ' ਭਰਨ ਦੀ ਕੋਸਿਸ਼ ਕੀਤੀ। ਉਹਨੂੰ ਪੱਠੇ ਕੁਤਰਨੋਂ ਰੋਕ ਕੇ ਉਹਦੇ ਅੱਗੇ ਅਖ਼ਬਾਰ ਵਿਛਾ ਦਿੱਤੀ।

"ਆਹ ਵੇਖ ਉਏ ਐਕਟਰਾ! ਚਾਚੇ ਸਤਿਨਾਮ ਨੇ ਤੇਰੀ ਕਹਾਣੀ ਲਿਖ ਕੇ ਹੁਣ ਅਖ਼ਬਾਰ 'ਚ ਵੀ ਛਪਾ ਦਿੱਤੀ ਊ। ਰਸਾਲੇ ਵਾਲੀ ਕਹਾਣੀ ਦਾ ਤਾਂ ਆਪਾਂ ਨੂੰ ਈ ਪਤਾ ਸੀ। ਪਰ ਹੁਣ ਆਪਣਾ ਪਿੰਡ ਈ ਨਹੀਂ, ਸਾਰਾ ਇਲਾਕਾ ਛੱਡ ਕੇ ਪੂਰਾ ਪੰਜਾਬ ਅੱਜ ਜਾਣ ਗਿਆ ਈ ਕਿ ਤੂੰ ਧਰਮਿੰਦਰ ਦਾ ਮੁੰਡਾ ਏਂ, ਸ੍ਰੀ ਦੇਵੀ ਨਾਲ ਤੇਰਾ ਵਿਆਹ ਦਾ ਸਾਹਾ ਪੱਕਾ ਹੋ ਗਿਆ। ਸਭ ਥਾਈਂ 'ਮਿੰਟੂ ਦਿਓਲ! ਮਿੰਟੂ ਦਿਓਲ!' ਹੋਣ ਡਹੀ ਆ। ਛਾ ਗਿਐਂ ਤੂੰ ਤਾਂ।"

ਗੁਰਪਾਲ ਨੇ ਅਖ਼ਬਾਰ ਵਿਚੋਂ ਉੱਥੋਂ ਪੜ੍ਹ ਕੇ ਸੁਨਾਉਣਾ ਸ਼ੁਰੂ ਕੀਤਾ ਜਿੱਥੇ ਕੁ ਹੁਣੇ ਉਹਦੇ ਮਰ ਗਏ ਵੱਡੇ ਭਰਾ ਸੱਜਣ ਦੀਆਂ ਗੱਲਾਂ ਹੋ ਕੇ ਹਟੀਆਂ ਸਨ।

---ਉਸਨੂੰ ਯਾਦ ਕਰਦਿਆਂ ਨਿੰਦਰ ਨੇ ਉਦਾਸੀ ਵਿਚ ਭਿੱਜ ਕੇ ਆਖਿਆ, ''ਸ੍ਰੀਦੇਵੀ ਕੱਲ੍ਹ ਮੇਰੇ ਪਿੱਛੋਂ ਸਾਡੇ ਘਰ ਭਾਪੇ ਕੋਲ਼ ਆਈ ਸੀ।''

'ਕੀ ਕਰਨ ਆਈ ਸੀ?"

''ਸੱਜਣ ਦਾ ਹਿਰਖ਼ ਕਰਨ...''

''ਕੀ ਆਂਹਦੀ ਸੀ?"

''ਆਖਦੀ ਸੀ, ਭਾਪਾ ਜੀ ਵੱਡੇ ਭਾਅ ਜੀ ਵੱਲੋਂ ਤਾਂ ਬੜਾ ਮਾੜਾ ਹੋਇਆ। ਉਹ ਤਾਂ ਘਰ ਦਾ ਬੰਨ੍ਹ ਸੀ। ਕਮਾਊ ਪੁੱਤ...। ਹੌਸਲਾ ਰੱਖੋ। ਹੁਣ ਤਾਂ ਭਾਣਾ ਮੰਨਣਾ ਹੀ ਪੈਣੈਂ।''

ਉਹ ਏਨੀ ਗੰਭੀਰਤਾ ਨਾਲ ਦੱਸ ਰਿਹਾ ਸੀ ਕਿ ਨਾ ਚਾਹੁੰਦਿਆਂ ਵੀ ਜਸਵੰਤ ਅਤੇ ਸਤਿਨਾਮ ਦਾ ਹਾਸਾ ਨਿਕਲ ਗਿਆ। ਉਹਨਾਂ ਨੂੰ ਹੱਸਦਾ ਵੇਖਕੇ ਨਿੰਦਰ ਆਪ ਵੀ ਹੱਸ ਪਿਆ।---

ਅਖ਼ਬਾਰ ਵਿਚੋਂ ਏਨਾ ਕੁ ਬਿਰਤਾਂਤ ਸੁਣਾ ਕੇ ਗੁਰਪਾਲ ਨੇ ਨਿੰਦਰ ਵੱਲ ਵੇਖਿਆ। ਉਹਦੇ ਚਿਹਰੇ 'ਤੇ ਵੀ ਹਲਕੀ ਜਿਹੀ ਮੁਸਕਰਾਹਟ ਸੀ।

"ਹੋਣ ਵਾਲੀ ਨੂੰਹ ਨੂੰ ਤੇਰੇ ਭਾਪੇ ਨੇ ਕੋਈ ਸ਼ਗਨ ਵੀ ਦਿੱਤਾ ਕਿ ਨਹੀਂ? ਛਿੰਨੋ ਨੇ ਬਰੂਹਾਂ 'ਚ ਤੇਲ ਚੋਇਆ ਸੀ?"

"ਹਾਂਅ! ਤੇਲ ਕੀ ਚੋਣਾ ਉਹਨੇ! ਵੀਰਵਾਰ ਤਖੀਏ 'ਤੇ ਦੀਵਾ ਜਗਾਉਣ ਤੁਰ ਪੈਂਦੀ ਆ। ਮੈਂ ਆਖਦਾ ਹੁੰਦਾਂ, ਓ ਭੜੂਓ! ਜਿਹੜਾ ਤੇਲ ਚਰਾਗਾਂ 'ਚ ਫੂਕਦੇ ਓ, ਦੋਵੇਂ ਜੀਅ ਏਹੋ ਤੇਲ ਆਪਣੇ ਸਿਰ 'ਚ ਝੱਸਿਆ ਕਰੋ, ਥਾਨੂੰ ਅਕਲ ਆਵੇ। ਦੋਵੇਂ ਪਾਕਲ ਨੇ ਕਿਸੇ ਥਾਂ ਦੇ!"

ਉਹ ਤਾੜੀ ਮਾਰ ਕੇ ਹੱਸਿਆ।

ਕਹਾਣੀ ਕਿਉਂਕਿ ਹਫ਼ਤੇ-ਹਫ਼ਤੇ ਬਾਅਦ ਚਾਰ ਕਿਸ਼ਤਾਂ ਵਿਚ ਛਪੀ ਸੀ। ਇਸ ਲਈ ਮਹੀਨਾ ਭਰ ਤਾਂ ਗਲੀ ਦੇ ਹਰੇਕ ਮੋੜ 'ਤੇ, ਜਿੱਥੋਂ ਵੀ ਉਹ ਗੁਜ਼ਰਦਾ, ਅਗਲੇ ਉਹਨੂੰ ਘੇਰ ਕੇ ਅਸਮਾਨੀਂ ਚੜ੍ਹਾ ਛੱਡਦੇ।

ਪੜ੍ਹਨਾ ਤਾਂ ਉਹਨੂੰ ਆਉਂਦਾ ਨਹੀਂ ਸੀ ਤੇ ਨਾ ਹੀ ਉਹਨੂੰ ਕਿਸੇ ਨੇ ਪੜ੍ਹ ਕੇ ਸੁਣਾਇਆ ਸੀ ਕਿ ਕਹਾਣੀ ਵਿਚ ਉਹਦੇ ਸੁਪਨਿਆਂ ਦਾ ਕਿਹੋ ਜਿਹਾ ਦੁਖਦਾਈ ਅੰਤ ਹੋਇਆ ਸੀ।

ਅੱਗੇ ਤਾਂ ਉਹ ਕੁਝ ਗਿਣਤੀ ਦੇ ਲੋਕਾਂ ਦੀ ਦਿਲਚਸਪੀ ਦਾ ਮੁੱਦਾ ਸੀ। ਹੁਣ ਸਾਰੇ ਇਲਾਕੇ ਵਿਚ ਉਹਦੀ ਗੱਲ ਧੁੰਮ ਗਈ ਸੀ। ਲਾਗਲੇ ਪਿੰਡਾਂ ਦੇ ਪੰਜ-ਦਸ ਬੰਦੇ ਤਾਂ, ਜਿਨ੍ਹਾਂ ਤਕ ਉਡਦੀ ਉਡਦੀ ਗੱਲ ਪਹੁੰਚੀ ਸੀ, ਲੰਘਦੇ-ਕਰਦੇ ਜਸਵੰਤ ਦਾ ਘਰ ਪੁੱਛ ਕੇ ਉਹਨੂੰ ਮਿਲਣ ਵੀ ਆ ਗਏ ਸਨ।

ਜਦੋਂ ਚੌਥੀ ਤੇ ਆਖ਼ਰੀ ਕਿਸ਼ਤ ਅਖ਼ਬਾਰ ਵਿਚ ਛਪੀ ਤਾਂ ਉਹ ਜਸਵੰਤ ਕੋਲੋਂ ਅਖ਼ਬਾਰ ਮੰਗ ਕੇ ਤੁਲਸੇ ਖੁੰਘ ਕੋਲ਼ ਗਿਆ ਤੇ ਅਖ਼ਬਾਰ ਉਹਦੇ ਅੱਗੇ ਸੁੱਟ ਕੇ ਆਖਣ ਲੱਗਾ, "ਆਹ ਵੇਖ, ਤੂੰ ਨਹੀਂ ਸੈਂ ਮੰਨਦਾ, ਸਾਰਾ ਜੱਗ ਜਾਣਦਾ ਈ ਕਿ ਮੈਂ ਧਰਮਿੰਦਰ ਦਾ ਪੁੱਤ ਆਂ, ਮਿੰਟੂ ਦਿਓਲ।"

"ਜਾਹ ਉਏ ਜਾਹ। ਖੋਤੇ ਦਿਆ ਖੁਰਾ। ਤੈਨੂੰ ਕਦੀ ਅਕਲ ਨਹੀਂ ਆਉਣੀ।"

ਤੇ ਤਕਾਲੀਂ ਤੁਲਸਾ ਉਹਨਾਂ ਦੇ ਘਰ ਜਾ ਵੜਿਆ। ਛਿੰਨੋ ਤੇ ਨੈਤਾ ਘਰੇ ਸਨ। ਤੁਲਸੇ ਨੇ ਕਿਹਾ, "ਬਾਬਾ ਨੈਤਿਆ! ਇਹਨੂੰ ਕੰਜਰ ਨੂੰ ਕਿਸੇ ਸਿਆਣੇ ਨੂੰ ਵਿਖਾਓ।ਕਿਸੇ ਤੋਂ ਹੱਥ ਹੌਲਾ ਕਰਾਓ।ਇਹਦੀ ਸੁਰਤ ਥਾਂ ਸਿਰ ਨਹੀਂ। ਪਤਾ ਨਹੀਂ ਜੱਟਾਂ ਨੇ ਇਹਦੇ ਸਿਰ ਵਿਚ ਕੀ ਧੂੜ ਛੱਡਿਆ ਏ।"

ਛਿੰਨੋ ਫੁੱਟ ਪਈ, "ਵੇ ਵੀਰਾ! ਮੈਂ ਤਾਂ ਅੱਗੇ ਪਿੱਟਦੀ ਆਂ ਕਿ ਉਹਨਾਂ ਨੇ ਇਹਨੂੰ ਤਵੀਤ ਪਾਏ ਨੇ। ਇਕ ਵਾਰ ਤਾਂ ਚੰਗਾ ਭਲਾ ਹੋ ਗਿਆ ਸੀ। ਮੈਂ ਬਾਬੇ ਦੇ ਡੇਰੇ 'ਤੇ ਲੈ ਕੇ ਦੋਵਾਂ ਭਰਾਵਾਂ ਨੂੰ ਜਾਂਦੀ ਰਹੀ ਆਂ। ਬੜੀ ਖ਼ੁਸ਼ੀ ਨਾਲ ਹਰ ਵੀਰਵਾਰ ਭੱਜਾ-ਭੱਜਾ ਜਾਂਦਾ ਸੀ। ਇਕ ਦਿਨ ਪਤਾ ਨਹੀਂ ਕੀ ਬਿੱਲੀ ਛਿੱਕ ਗਈ। ਘਰ ਆ ਕੇ ਕਈ ਦਿਨ ਰੋਂਦਾ ਰਿਹਾ। ਅਗਲੀ ਚੌਂਕੀ 'ਤੇ, ਮੈਂ ਵਾਹ ਜਹਾਨ ਦੀ ਲਾ ਥੱਕੀ, ਇਕੋ ਨੰਨਾ ਫੜ ਗਿਆ। ਆਖੇ ਹਾਂ-ਜਾਂ, ਮੈਂ ਤੇਰਾ ਦੇਣਾ ਕੀ ਐ, ਜੇ

ਡੇਰੇ ਵੱਲ ਮੂੰਹ ਕਰ ਜਾਂ।"

ਛਿੰਨੋ ਨੇ ਅਗਲੇ ਦਿਨਾਂ ਵਿਚ ਆਪਣਾ 'ਤਵਾ' ਤੇਜ਼ ਕਰ ਦਿੱਤਾ। ਜਿੱਥੇ ਖਲੋਵੇ, ਜਿਹਦੇ ਨਾਲ ਗੱਲੀਂ ਲੱਗੇ, ਆਖੇ, "ਜਸਵੰਤ ਹੁਰਾਂ ਨੇ ਮੇਰੇ ਮੁੰਡੇ ਦੇ ਜਾਦੂ ਪਾ 'ਤੇ। ਉਹਨਾਂ ਦੇ ਘਰੋਂ ਨਿਕਲਦਾ ਨਹੀਂ। ਪੈਸਾ-ਧੇਲਾ ਵੀ ਉਹਨੂੰ ਕੋਈ ਨਹੀਂ ਦੇਂਦੇ। ਫਲੌਣੀਆਂ ਦੇ ਕੇ ਮੁਫ਼ਤ 'ਚ ਉਹਦੇ ਤੋਂ ਕੰਮ ਕਰਵਾਈ ਜਾਂਦੇ ਨੇ। ਹੱਛਾ! ਗਰੀਬਾਂ ਨੂੰ ਲੁੱਟਣ ਵਾਲਿਓ! ਆਪੇ ਧਾਨੂੰ ਵੇਖੂ ਬਾਬਾ ਸ਼ਾਹ ਮਦਾਰ।"

ਤੁਲਸੇ ਨੇ ਫੇਰ ਉਹਦੀ ਫੂਕ ਕੱਢ ਦਿੱਤੀ ਸੀ। ਹੁਣ ਪਹਿਲਾਂ ਵਾਂਗ ਕੋਈ ਸ੍ਰੀ ਦੇਵੀ ਜਾਂ ਧਰਮਿੰਦਰ ਦਾ ਨਾਂ ਲੈ ਕੇ ਛੇੜਦਾ ਤਾਂ ਉਹ ਚੁੱਪ ਕਰ ਰਹਿੰਦਾ। ਉਹ ਉਹਨਾਂ ਦੀ ਕੋਈ ਗੱਲ ਨਾ ਕਰਦਾ। ਉਹਦਾ ਅੰਦਰ ਮੂਲੋਂ ਹੀ ਬੁਝ ਗਿਆ ਸੀ। ਪਸ਼ੂਆਂ ਨੂੰ ਨਵ੍ਹਾਉਂਦਾ, ਪਾਣੀ ਪਿਆਉਂਦਾ। ਪੱਠੇ ਵੱਢਦਾ, ਕੁਤਰਦਾ, ਡੰਗਰਾਂ ਨੂੰ ਪਾਉਂਦਾ ਤੇ ਜਸਵੰਤ ਦੇ ਘਰ ਦੇ ਹੋਰ ਨਿੱਕੇ ਮੋਟੇ ਕੰਮ ਕਰਦਾ। ਕਦੀ ਕਦੀ ਟੈਲੀਵੀਯਨ 'ਤੇ ਕੋਈ ਫ਼ਿਲਮ ਆ ਰਹੀ ਹੁੰਦੀ ਤਾਂ ਵੇਖਣ ਬਹਿ ਜਾਂਦਾ। ਰਾਤ ਦੀ ਰੋਟੀ ਖਾ ਕੇ ਚੁੱਪ-ਚਾਪ ਘਰ ਨੂੰ ਤੁਰ ਜਾਂਦਾ।

ਇਕ ਦਿਨ ਸ਼ਾਮ ਨੂੰ ਜਸਵੰਤ ਹੁਰਾਂ ਦਾ ਸਾਰਾ ਪਰਿਵਾਰ ਰਾਤ ਦਾ ਰੋਟੀ ਟੁੱਕ ਖਾ ਕੇ ਟੀਵੀ ਵੇਖ ਰਿਹਾ ਸੀ। ਨਿੰਦਰ ਕਮਰੇ ਦੀ ਇਕ ਨੁੱਕਰੇ ਬੈਠਾ ਰੋਟੀ ਖਾ ਰਿਹਾ ਸੀ। ਟੀਵੀ 'ਤੇ ਖ਼ਬਰ ਆ ਰਹੀ ਸੀ ਕਿ ਸ੍ਰੀ ਦੇਵੀ 'ਸ਼ਰਾਬਣ' ਹੋ ਕੇ ਨਹਾਉਣ ਵਾਲੇ ਟੱਬ ਵਿਚ ਡੁੱਬ ਕੇ ਮਰ ਗਈ ਸੀ।

ਨਿੰਦਰ ਨੇ ਘਬਰਾ ਕੇ ਪੁੱਛਿਆ,"ਚਾਚਾ! ਸੱਚੀਂ ਮਰ ਗਈ?" ਖ਼ਬਰਾਂ ਵਾਲਾ ਮੈਨੂੰ ਡਰਾਉਣ ਲਈ ਤਾਂ ਝੂਠ ਨਹੀਂ ਮਾਰਦਾ?"

ਖ਼ਬਰ ਸੁਣ ਕੇ ਜਸਵੰਤ ਵੀ ਉਦਾਸ ਜਿਹੀ ਆਵਾਜ਼ ਵਿਚ ਬੋਲਿਆ, "ਨਹੀਂ ਪੁੱਤ! ਝੂਠ ਨਹੀਂ। ਸਵੇਰ ਦੀ ਕਈ ਵਾਰ ਖ਼ਬਰ ਆ ਚੁੱਕੀ ਏ!"

ਕਿੰਨ੍ਹਾਂ ਚਿਰ ਉਹਨੂੰ ਕੋਈ ਗੱਲ ਨਾ ਅਹੁੜੀ।

"ਚਾਚਾ! ਟੱਬ ਕੀ ਹੁੰਦਾ?"

'ਚੁਬੱਚਾ! ਆਪਣੀ ਬੰਬੀ ਵਰਗਾ ਸਮਝ ਲੈ।"

"ਹਲਾਅ!"

ਨਿੰਦਰ ਕੁਝ ਚਿਰ ਚੁੱਪ ਚਾਪ ਬੈਠਾ ਰਿਹਾ ਤੇ ਫਿਰ ਰੁਆਂਸਿਆ ਜਿਹਾ ਮੂੰਹ ਲੈ ਕੇ ਘਰ ਨੂੰ ਤੁਰ ਗਿਆ। ਸਵੇਰੇ ਆਇਆ ਤਾਂ ਚਾਹ ਪੀਣ ਤੋਂ ਬਾਅਦ ਕਹਿੰਦਾ, "ਚਾਚਾ! ਮੈਂ ਸਾਰੀ ਰਾਤ ਸੋਚਦਾ ਰਿਹਾਂ। ਚੱਲ ਚੰਗਾ ਹੋਇਆ। ਮਰ ਗਈ ਤੇ ਮਰ ਗਈ। ਚਲੀ ਗਈ ਹੋਣੀ ਆਂ ਧੰਤੋ ਕੋਲ। ਦੋਵੇਂ ਭੈਣਾਂ ਬਹਿ ਕੇ ਦੁਖ-ਸੁਖ ਫੋਲਦੀਆਂ ਹੋਣਗੀਆਂ। ਜਦੋਂ ਏਥੇ ਆ ਕੇ ਆਪਣੀ ਬੰਬੀ ਦੇ ਚੁਬੱਚੇ ਵਿਚ ਨਾਹੁੰਦੀ ਸੀ ਤਾਂ ਮੈਨੂੰ ਉਦੋਂ ਵੀ ਡਰ ਲੱਗਦਾ ਸੀ ਕਿ ਕਿਤੇ ਡੁੱਬ ਨਾ ਜਾਏ। ਇਕ ਦਿਨ ਸੁਰਜੀਤ ਸਾਨੂੰ ਵੇਖ ਕੇ ਕੋਲ਼ ਆ ਕੇ ਆਖਣ ਲੱਗਾ, 'ਐਕਟਰਾ! ਮੂਸਲ ਵਿਚ ਘਰ ਦੀ ਕੱਢੀ ਪਹਿਲੇ ਤੋੜ ਦੀ ਪਈ ਊ। ਆ ਜਾ ਇਹਨੂੰ ਓਥੇ ਲੈ ਜਾਈਏ। ਆਪਣੀ ਪ੍ਰਾਹੁਣੀ ਦੀ ਸੇਵਾ ਕਰੀਏ।' ਮੈਂ ਆਖਿਆ, "ਜਾ ਉਏ ਜਾ, ਭਾਊ! ਮੈਂ ਤੇਰੀਆਂ ਸੱਭੇ ਜਾਣਦਾਂ! ਨਾਲੇ ਇਹ ਤਾਂ ਪੀਂਦੀ ਈ ਨ੍ਹੀਂ।" ਜੇ ਮੂਸਲ ਵਿਚ ਚਲੀ ਜਾਂਦੀ ਤਾਂ ਉਹਨੇ ਓਦਣ ਈ ਡੁੱਬ ਜਾਣਾ ਸੀ। ਸੱਚੀ ਗੱਲ ਈ, ਏਸੇ ਡਰੋਂ ਮੈਂ ਏਥੇ ਉਹਨੂੰ ਪੀਣ ਨਹੀਂ ਸਾਂ ਦੇਂਦਾ। ਪਰ ਵੇਖ ਲਾ ਓਹੋ ਗੱਲ ਹੋ 'ਗੀ।"

ਕੁਝ ਚਿਰ ਚੁੱਪ ਰਹਿਣ ਤੋਂ ਬਾਅਦ ਕਹਿੰਦਾ, "ਮੈਂ ਤਾਂ ਆਹਨਾਂ ਚਾਚਾ! ਚੰਗਾ ਹੋਇਆ। ਰੋਜ ਦੀ ਘੈਂਸ-ਘੈਂਸ ਮੁੱਕੀ। ਧਾਡੇ ਸਿਰੋਂ ਵੀ ਭਾਰ ਲੱਥਾ ਵਚੋਲਗੀ ਦਾ। ਮੇਰਾ ਵੀ ਖਰਚਾ ਬਚਿਆ। ਨਾਲੇ ਮੇਰਾ ਅਜੇ ਮਨ ਜਿਹਾ ਵੀ ਨਹੀਂ ਸੀ ਬਣਦਾ ਵਿਆਹ ਕਰਾਉਣ ਨੂੰ।"

ਇਕ ਦਿਨ ਉਹ ਖੇਤਾਂ ਵਿਚ ਬੰਬੀ ਦੇ ਚੁਬੱਚੇ 'ਤੇ ਖਲੋ ਕੇ ਗਵਾਂਢੀ ਖ਼ੇਤ ਵਾਲੇ ਸੁਰਜੀਤ ਹੁਰਾਂ ਦੇ ਹਰ ਸਾਲ ਬਣਾਏ ਜਾਂਦੇ ਤੂੜੀ ਦੇ ਨਵੇਂ ਮੂਸਲ ਵੱਲ ਵੇਖ ਰਿਹਾ ਸੀ। ਕਿੰਨਾ ਚਿਰ ਟਿਕਟਿਕੀ ਲਾ

ਕੇ ਵਿੰਹਦਾ ਹੀ ਰਿਹਾ। ਜਸਵੰਤ ਨੇ ਕੋਲ਼ ਆ ਕੇ ਵੇਖਿਆ, ਉਹਦੀਆਂ ਅੱਖਾਂ ਵਿਚੋਂ ਪਰਲ-ਪਰਲ ਅੱਥਰੂ ਵਹਿ ਰਹੇ ਸਨ।

"ਕੀ ਗੱਲ ਹੋ ਗਈ ਨਿੰਦਰਾ!"

ਜਸਵੰਤ ਦੀ ਪਿਘਲੀ ਆਵਾਜ਼ ਸੁਣ ਕੇ ਉਹਨੇ ਦੋਵਾਂ ਤਲ਼ੀਆਂ ਨਾਲ ਰਗੜ ਕੇ ਅੱਥਰੂ ਪੂੰਝੇ।

"ਚਾਚਾ! ਮੈਨੂੰ ਉਹ ਦਿਨ ਚੇਤੇ ਆਉਂਦੇ ਨੇ ਜਦੋਂ ਸ੍ਰੀ ਦੇਵੀ ਏਸੇ ਚੁਬੱਚੇ ਵਿਚ ਬੰਬੀ ਦੀ ਧਾਰ ਹੇਠਾਂ ਨਹਾਉਂਦੀ, ਮੇਰੇ ਮੂੰਹ 'ਤੇ ਛਿੱਟੇ ਮਾਰ ਕੇ ਮੇਰੇ ਨਾਲ ਲਾਡੀਆਂ ਕਰਦੀ ਹੁੰਦੀ ਸੀ। ਤੇ ਔਹ ਵੇਖ ਸਾਹਮਣੇ ਮੂਸਲ। ਏਸੇ 'ਚੋਂ ਤੂੜੀ ਦੀ ਮਗਰੀ ਚੁੱਕ ਕੇ ਧੰਤੋ ਬਾਹਰ ਨਿਕਲੀ ਸੀ ਤੇ ਉਹਦੇ ਪਿੱਛੇ-ਪਿੱਛੇ ਕੰਜਰ ਅਮਰੀਸ਼ ਪੁਰੀ ਸੁਰਜੀਤ ਨਿਕਲਿਆ ਸੀ।"

ਪਲ ਭਰ ਲਈ ਰੁਕ ਕੇ ਬੋਲਿਆ, "ਚਾਚਾ! ਵੇਖ ਲਾ, ਦੋਵੇਂ ਪਲਾਂ-ਛਿਣਾਂ 'ਚ ਈ ਛਿਪਨ ਹੋ ਗੀਆਂ। ਕਿੱਥੇ ਹੋਣਗੀਆਂ ਭਲਾ! ਮੈਨੂੰ ਵਿੰਹਦੀਆਂ ਹੋਣਗੀਆਂ ਰੋਂਦੇ ਨੂੰ?"

ਫਿਰ ਜਸਵੰਤ ਵੱਲ ਰੋਣੀ ਜਿਹੀ ਮੁਸਕਰਾਹਟ ਸੁੱਟੀ, "ਮੈਂ ਚੰਗੀ ਤਰ੍ਹਾਂ ਰੋ ਨਾ ਲਵਾਂ ਚਾਚਾ!"

ਜਸਵੰਤ ਨੂੰ ਤਰਸ ਆ ਗਿਆ।

"ਪਹਿਲਾਂ ਚੁਬੱਚੇ ਤੋਂ ਹੇਠਾ ਆ ਮੇਰਾ ਪੁੱਤ! ਫਿਰ ਰੋ ਲੈ, ਜਿੰਨਾ ਰੋਣਾ!"

ਉਹ ਛਾਲ ਮਾਰ ਕੇ ਚੁਬੱਚੇ ਤੋਂ ਹੇਠਾਂ ਉਤਰਿਆ ਤੇ ਤੁਰਤ ਜਸਵੰਤ ਨੂੰ ਜੱਫ਼ੀ ਪਾ ਕੇ ਉਹਦੇ ਮੋਢੇ 'ਤੇ ਸਿਰ ਰੱਖ ਕੇ ਉੱਚੀ ਉੱਚੀ ਰੋਣ ਲੱਗਾ।

"ਉਹ ਦੋਵੇਂ ਉਂਝ ਮਰ ਗੀਆਂ ਤੇ ਸੀਤੋ ਜਿਉਂਦੇ ਜੀਅ ਮਰ ਗੀ।" ਉਹ ਹੁਬਕੀਂ ਹੁਬਕੀਂ ਰੋ ਰਿਹਾ ਸੀ।

ਜਸਵੰਤ ਨੇ ਪਿਆਰ ਨਾਲ ਉਹਦੀ ਪਿੱਠ ਥਾਪੜੀ। ਮੋਢਿਆਂ ਤੋਂ ਫੜ ਕੇ ਉਹਨੂੰ ਸਿੱਧਾ ਕੀਤਾ।"ਹੌਂਸਲਾ ਰੱਖ ਪੁੱਤਰਾ! ਚੱਲ, ਮਿਰਚਾਂ ਗੋਡਣ ਵਾਲੀਆਂ ਨੇ। ਚੱਲ! ਚੱਲ! ਮੇਰਾ ਬੀਬਾ ਪੁੱਤ! ਨਾਲੇ ਮਰਿਆਂ ਨਾਲ ਵੀ ਕੋਈ ਮਰਿਆ ਏ ਕਦੀ!"

"ਹਾ ਹੋ ਚਾਚਾ! ਇਹ ਰੋਣਾ ਤਾਂ ਹੁਣ ਸਾਰੀ ਉਮਰ ਦਾ ਏ।"

ਏਸੇ ਵੈਰਾਗ-ਭਾਵ ਵਿਚ ਉਹਦੇ ਦਿਨ ਲੰਘਦੇ ਗਏ।

ਇਕ ਸ਼ਾਮ ਜਸਵੰਤ ਦਾ ਸਾਰਾ ਟੱਬਰ ਬੈਠਾ ਸੀ। ਨਿੰਦਰ ਜਸਵੰਤ ਦੀ ਘਰ ਵਾਲੀ ਨੂੰ ਕਹਿੰਦਾ, "ਚਾਚੀ! ਤੂੰ ਸਿਆਣੀ ਏਂ। ਤੂੰ ਈ ਦੱਸ ਇਹਨਾਂ ਦੋਵਾਂ ਦਾ ਝਗੜਾ ਕਿਵੇਂ ਨਿਬੇੜਾਂ?"

"ਵੇ ਕੀਹਨਾਂ ਦਾ ਝਗੜਾ?"

"ਧੰਤੋ ਤੇ ਸ੍ਰੀ ਦੇਵੀ ਦਾ! ਦੋਵੇਂ ਓਥੇ ਆਪੋ ਵਿਚ ਲੜੀ ਜਾਂਦੀਆਂ!"

"ਕਿੱਥੇ?"

ਜਾਣਦਿਆਂ-ਬੁਝਦਿਆਂ ਗੁਰਪਾਲ ਨੇ ਛੇੜਿਆ,"ਨਰਕਾਂ 'ਚ। ਹੋਰ ਕਿੱਥੇ!"

ਸਾਰੇ ਹੱਸਣ ਲੱਗੇ। ਨਿੰਦਰ ਵੀ ਹੱਸਣ ਲੱਗਾ।

"ਓ ਹੋਰ ਫਿਰ! ਮੈਨੂੰ ਦੁੱਖ ਦੇ ਕੇ ਸੁਰਗਾਂ 'ਚ ਥੋੜ੍ਹਾ ਜਾਣਗੀਆਂ।"

"ਕੀ ਆਂਹਦੀਆਂ ਨੇ?"

"ਆਖਣਾ ਕੀ ਏ! ਇਕ ਆਂਹਦੀ ਏ, ਨਿੰਦਰ ਮੇਰਾ ਏ, ਦੂਜੀ ਆਂਹਦੀ ਏ ਮੇਰਾ ਏ।"

"ਅੱਛਾਅ!"

"ਹੋਰ? ਧੰਤੋ ਆਂਹਦੀ ਏ, ਅਸੀਂ ਤਾਂ ਨਿੱਕੇ ਹੁੰਦੇ ਤੋਂ ਕੱਠੇ ਖੇਡਦੇ ਰਹੇ ਆਂ। ਇਕੋ ਠੱਠੀ ਵਿਚ ਜੰਮੇ, ਪਲੇ, ਵੱਡੇ ਹੋਏ! ਤੂੰ ਕਿੱਥੋਂ ਉਹਦੀ ਏਡੀ ਹੇਜਲੀ ਹੋ ਗੀ?"

"ਸ੍ਰੀ ਦੇਵੀ ਕੀ ਆਂਹਦੀ ਏ?"

"ਉਹ ਆਪਣੀ ਥਾਂ 'ਤੇ ਅੜੀ ਹੋਈ ਏ। ਆਖਦੀ ਏ, ਉਹਨੂੰ ਪੁੱਛ ਜਦੋਂ ਮੇਰੇ ਘਰ ਤਿਜੀ ਜਮਾਤ ਦੀ ਪੰਜਾਬੀ ਦੀ ਕਿਤਾਬ ਲੈਣ ਆਇਆ ਸਾਰਾ-ਸਾਰਾ ਦਿਨ ਸਾਡੇ ਘਰੋਂ ਨਹੀਂ ਸੀ ਹਿੱਲਦਾ

ਹੁੰਦਾ! ਜਦੋਂ ਆਪਣੀ ਕਾਰ ਵਿਚ ਬਹਾ ਕੇ ਮੈਨੂੰ ਸਕੂਲੇ ਲੈ ਕੇ ਜਾਂਦਾ ਹੁੰਦਾ ਸੀ।"

"ਫਿਰ ਤੇਰਾ ਕੀ ਫੈਸਲਾ?"

"ਏਹੋ ਫੈਸਲਾ ਕਰਾਉਣ ਲਈ ਤਾਂ ਚਾਚੀ ਨੂੰ ਜੱਜ ਬਣਾਇਆ!"

"ਵੇ ਨਿੰਦਰਾ! ਪੁੱਤ ਤੈਨੂੰ ਸੱਚੀ ਗੱਲ ਦੱਸਾਂ? ਮਰਿਆਂ ਨੂੰ ਬਹੁਤਾ ਯਾਦ ਨਹੀਂ ਕਰੀਦਾ।"

ਆਪਣੀ ਮਾਂ ਦੀ ਗੱਲ ਵਿਚੋਂ ਹੀ ਟੋਕ ਕੇ ਗੁਰਪਾਲ ਨੇ ਕਿਹਾ, "ਨਾਲੇ ਮਰਿਆਂ ਨੂੰ ਬਹੁਤਾ ਯਾਦ ਕਰੀਏ ਤਾਂ ਉਹ ਬੰਦੇ ਨੂੰ ਆਪਣੇ ਕੋਲ਼ ਈ ਲੈ ਜਾਂਦੇ ਨੇ!"

"ਹੈਂਅਅ? ਸੱਚੀਂ?"

"ਹੋਰ? ਜੇ ਛੇਤੀ ਮਰਨ ਨੂੰ ਜੀਅ ਕਰਦਾ ਤਾਂ ਯਾਦ ਕਰੀ ਚੱਲ! ਮੁਰਦੇ ਵੀ ਕਦੀ ਕਿਸੇ ਦੇ ਸਕੇ ਹੋਏ ਨੇ!" ਜਸਵੰਤ ਦੀ ਸੁਣ ਕੇ ਨਿੰਦਰ ਨੇ ਧਰਤੀ ਨੂੰ ਪੋਟੇ ਛੁਹਾ ਕੇ ਕੰਨਾਂ ਨੂੰ ਲਾਏ

"ਨਾ ਨਾ ਨਾ, ਬਾਬਾ! ਮੈਂ ਨਹੀਂ ਮਰਨਾ ਅਜੇ। ਨਾਲੇ ਮਰਿਆਂ ਨਾਲ ਵੀ ਮਰਿਆ ਏ ਕੋਈ!"

ਜਸਵੰਤ ਨੇ ਹੌਂਸਲਾ ਦਿੱਤਾ, "ਬੱਸ ਆਹ ਗੱਲ ਈ ਬੰਦਿਆਂ ਵਾਲੀ। ਸੂਰਮਾ ਬਣ ਤੂੰ। ਸੂਰਮਾ!"

"ਭਗਤ ਸੁੰਹ ਵਰਗਾ? ਜਿਸ ਤਰ੍ਹਾਂ ਦਾ ਯੂਨੀਅਨ ਵਾਲਾ ਲੀਡਰ ਆਂਹਦਾ ਸੀ।"

"ਆਹੋ, ਆਹੋ, ਓਦਾਂ ਦਾ ਈ। ਦਿਲ ਨਹੀਂ ਛੱਡਣਾ। ਸਦਾ ਚੜ੍ਹਦੀ ਕਲਾ ਚ ਰਹਿਣਾ।"

"ਭਗਤ ਸਿੰਘ ਦਾ ਰਾਹ-ਸਾਡਾ ਰਾਹ! ਹੈਂ ਨਾ?"

"ਬਿਲਕੁਲ! ਬਿਲਕੁਲ! ਭਗਤ ਸੁੰਹ ਵਾਂਗ ਸੂਰਮਾ ਬਣ।"

ਕੁਝ ਮਹੀਨੇ ਪਹਿਲਾਂ ਪਿੰਡ ਵਿਚ ਕਿਸਾਨ ਯੂਨੀਅਨ ਵਾਲਿਆਂ ਦਾ ਜਲਸਾ ਸੀ। ਨਿੰਦਰ ਵੀ ਪੱਠੇ-ਦੱਥੇ ਤੋਂ ਵਿਹਲਾ ਹੋ ਕੇ ਜਲਸਾ ਵੇਖਣ ਚਲਾ ਗਿਆ। ਕਿਸੇ ਨਾਟਕ-ਮੰਡਲੀ ਨੇ ਪਹਿਲਾਂ ਭਗਤ ਸਿੰਘ ਬਾਰੇ ਨਾਟਕ ਕੀਤਾ। ਕੁਝ ਗਾਇਕਾਂ ਨੇ ਗੀਤ ਗਾਏ। ਬਾਅਦ ਵਿਚ ਨੇਤਾਵਾਂ ਦੇ ਭਾਸ਼ਨ ਹੋਏ। ਉਹ ਸਭ ਦੇ ਭਾਸ਼ਨ ਸੁਣਦਾ ਰਿਹਾ। ਜਦੋਂ ਕੋਈ ਕਿਸਾਨ ਨੇਤਾ ਭਾਸ਼ਨ ਦੇਣ ਤੋਂ ਬਾਅਦ ਨਾਅ੍ਹਰੇ ਲਾਉਂਦਾ ਤਾਂ ਕਿਸਾਨਾਂ ਵਾਂਗ ਨਿੰਦਰ ਵੀ ਬਾਂਹ ਉਲਾਰ ਕੇ ਨਾਅ੍ਹਰੇ ਲਾਉਣ ਲੱਗਦਾ।

"ਕਿਸਾਨ ਯੂਨੀਅਨ ਜ਼ਿੰਦਾਬਾਦ!" - "ਜ਼ਿੰਦਾਬਾਦ, ਜ਼ਿੰਦਾਬਾਦ।"

"ਸਾਡਾ ਕਰਜਾ ਮਾਫ ਕਰੋ"- "ਮਾਫ਼ ਕਰੋ, ਮਾਫ਼ ਕਰੋ।"

"ਪੰਜਾਬ ਸਰਕਾਰ ਮੁਰਦਾਬਾਦ!" - "ਮੁਰਦਾਬਾਦ, ਮੁਰਦਾ ਬਾਦ।"

"ਕਿਸਾਨ ਏਕਤਾ ਜ਼ਿੰਦਾਬਾਦ!"- "ਜ਼ਿੰਦਾਬਾਦ, ਜ਼ਿੰਦਾਬਾਦ।"

"ਭਗਤ ਸਿੰਘ ਦਾ ਰਾਹ-ਸਾਡਾ ਰਾਹ!" "ਭਗਤ ਸਿੰਘ ਦਾ ਰਾਹ-ਸਾਡਾ ਰਾਹ, ਸਾਡਾ ਰਾਹ!"

ਜਸਵੰਤ ਨੇ ਹੌਂਸਲਾ ਦਿੰਦਆਂ ਕਿਹਾ, "ਨਾਲੇ ਤੈਨੂੰ ਕੁੜੀਆਂ ਦਾ ਕੋਈ ਘਾਟਾ! ਵਿੰਹਦੇ ਆਂ ਕੋਈ ਹੋਰ ਸੋਹਣੀ ਜਿਹੀ ਕੁੜੀ ਤੇਰੇ ਲਈ!"

"ਲੈ ਚਾਚਾ! ਹੁਣ ਨ੍ਹੀਂ ਯਾਦ ਕਰਦਾ ਉਹਨਾਂ ਨੂੰ। ਪਰ ਤੂੰ ਵੀ ਆਪਣਾ ਵਾਅ੍ਹਦਾ ਯਾਦ ਰੱਖੀਂ ਹੁਣ।"

"ਲੈ ਕਮਲਾ ਨਾ ਹੋਵੇ ਤੇ! ਅੱਗੇ ਅਸੀਂ ਕਦੀ ਭੱਜੇ ਆਂ ਤੈਥੋਂ? ਤੂੰ ਭਗਤ ਸਿੰਘ ਨੂੰ ਯਾਦ ਰੱਖੀਂ, ਮੈਂ ਵਾਅਦਾ ਨਹੀਂ ਭੁੱਲਦਾ।"

...ਸੜਕ ਵਿਚ ਖੱਡਾ ਆਉਣ ਕਰ ਕੇ ਵੈਨ ਬੁੜ੍ਹਕੀ ਤਾਂ ਨਿੰਦਰ ਨੇ ਅੱਭੜ ਵਾਹੇ ਅੱਖਾਂ ਖੋਲ੍ਹੀਆਂ, "ਬੰਬ ਚੱਲ ਗਿਆ ਜਾਪਦਾ ਕਿਤੇ!"

"ਕੁਛ ਨ੍ਹੀਂ ਹੋਇਆ ਪਾਕਲਾ! ਕੁਛ ਨ੍ਹੀਂ ਹੋਇਆ। ਬੈਠਾ ਰਹੁ 'ਰਾਮ ਨਾਲ।" ਨੈਤੇ ਨੇ ਝਿੜਕਿਆ।

ਉਹ ਫੇਰ ਗੁੰਮ-ਸੁੰਮ ਹੋ ਗਿਆ।

ਜਸਵੰਤ ਨੇ ਫਿਕਰਮੰਦੀ ਨਾਲ ਪੁੱਛਿਆ, "ਨਿੰਦਰਾ! ਅਸਲ ਵਿਚ ਹੋਇਆ ਕੀ ਸੀ ਤੈਨੂੰ?"

"ਹੋਣਾ ਕੀ ਸੀ ਚਾਚਾ! ਮੈਨੂੰ ਐਂ ਲੱਗਾ ਜਿਉਂ ਗਲੀ ਵਿਚ ਸਾਹਮਣਿਓਂ ਸ੍ਰੀਦੇਵੀ ਤੁਰੀ ਆਉਂਦੀ ਐ। ਮੈਂ ਉਹਨੂੰ ਜੱਫੀ ਪਾਉਣ ਲੱਗਾ ਤਾਂ ਪਤਾ ਨਹੀਂ ਇਕ-ਦਮ ਧੰਤੋ ਕਿੱਥੋਂ ਨਿਕਲ ਆਈ। ਆਉਂਦਿਆਂ ਹੀ ਮੇਰੇ ਜੁੰਡਿਆਂ ਨੂੰ ਹੱਥ ਪਾ ਕੇ ਆਂਹਦੀ, "ਕੁੱਤਿਆ! ਮੇਰੇ ਨਾਲ ਰੋਂਦ ਮਾਰਦੈਂ!"...ਤੇ ਵਾਲਾਂ ਤੋਂ ਫੜ ਕੇ ਪਟਕਾ ਕੇ ਮੈਨੂੰ ਜਮੀਨ 'ਤੇ ਦੇ ਮਾਰਿਆ। ਉਹਤੋਂ ਬਾਅਦ ਤਾਂ ਮੈਨੂੰ ਪਤਾ ਈ ਨ੍ਹੀਂ ਲੱਗਾ ਕਿ ਕੀ ਹੋਇਆ!"

ਪਿੰਡ ਵੱਲ ਜਾਂਦੀ ਛੋਟੀ ਸੜਕ 'ਤੇ ਵੈਨ ਮੁੜੀ ਤਾਂ ਨਿੰਦਰ ਨੇ ਅੱਖਾਂ ਖੋਲ੍ਹ ਕੇ ਤੇ ਸਿਰ ਛੰਡ ਕੇ ਜਸਵੰਤ ਨੂੰ ਪੁੱਛਿਆ, "ਚਾਚਾ! ਤੈਨੂੰ ਵਾਅਦਾ ਯਾਦ ਐ ਨਾ!"

"ਕਿਹੜਾ?"

"ਓਹੋ ਰਿਸ਼ਤੇ ਵਾਲਾ।" ਉਹਦੇ ਚਿਹਰੇ 'ਤੇ ਮੁਸਕਣੀ ਸੀ।

ਨਿੰਦਰ ਹਿੰਮਤ ਫੜ ਗਿਆ, "ਮੈਂ ਆਹਨਾਂ ਏਥੇ ਈ ਗੱਲ ਚਲਾ ਕੇ ਵੇਖ ਲੀਏ।"

"ਕਿੱਥੇ?"

"ਹਸਪਤਾਲ ਵਾਲੀ ਨਰਸ ਨਾਲ!"

ਜਸਵੰਤ ਤੇ ਮੈਂਬਰ ਹੱਸ ਪਏ।

"ਓ ਸ਼ੁਕਰ ਆ ਭਰਾਵਾ! ਸਾਡੀ ਤਾਂ ਜਾਨ ਈ ਕੱਢ ਲਈ ਸੀ ਤੂੰ।"

ਜਸਵੰਤ ਨੇ ਉਹਨੂੰ ਮੁੜ ਰਉਂ ਵਿਚ ਆਇਆ ਜਾਣ ਤਸੱਲੀ ਨਾਲ ਸਾਹ ਲਿਆ।

ਪਿੰਡ ਪਹੁੰਚ ਕੇ ਜਸਵੰਤ ਨੇ ਸਾਢੇ ਤਿੰਨ ਸੌ ਵੈਨ ਵਾਲੇ ਨੂੰ ਕਿਰਾਏ ਦੇ ਦਿੱਤੇ ਤੇ ਨਿੰਦਰ ਨੂੰ ਬਾਹੋਂ ਫੜ ਕੇ ਵੈਨ ਵਿਚੋਂ ਉਤਾਰਿਆ।

ਨਿੰਦਰ ਨੇ ਝਿਜਕਦਿਆਂ ਪੁੱਛਿਆ, "ਚਾਚਾ! ਜਦ ਔਣ ਲੱਗੇ ਸਾਂ ਤਾਂ ਨਰਸ ਵੀ ਪਤਾ ਨ੍ਹੀਂ ਕਿਧਰ ਛਿਪਨ ਹੋ ਗੀ। ਦਿਸੀ ਨ੍ਹੀਂ ਮੁੜ ਕੇ।"

ਜਸਵੰਤ ਹੱਸ ਪਿਆ, "ਲਓ ਵੇਖੋ ਸੂ। ਮੈਨੂੰ ਲੱਗਦਾ, ਸਾਰਾ ਰਾਹ ਇਹ ਨਰਸ ਬਾਰੇ ਈ ਸੋਚਦਾ ਆਇਐ।"

ਫਿਰ ਰੁਕ ਕੇ ਕਿਹਾ, " ਬਾਬਾ ਨੈਤਿਆ! ਇਹਨੂੰ ਫੜ ਬਾਹੋਂ ਤੇ ਤੂੰ ਹੁਣ ਜਵਾਨਾ! ਨਰਸ ਦੀ ਥਾਂ ਛਿੰਨੋ ਨੂੰ ਵੇਖ ਜਾ ਕੇ। ਚੰਗਾ ਮੈਂਬਰਾ!"

ਅਗਲੇ ਦਿਨ ਜਸਵੰਤ ਦੀ ਰਿਟਾਇਰਮੈਂਟ ਸੀ। ਸਕੂਲ ਵਿਚ ਸਟਾਫ਼ ਨੇ ਉਹਦੀ ਪਾਰਟੀ ਕੀਤੀ। ਬਾਅਦ ਵਿਚ ਜਸਵੰਤ ਨੇ ਆਪਣੇ ਘਰ ਵਿਚ ਰਿਸ਼ਤੇਦਾਰਾਂ, ਸਟਾਫ਼-ਮੈਂਬਰਾਂ ਦੇ ਨਾਲ ਆਪਣੇ ਯਾਰਾਂ ਦੋਸਤਾਂ ਨੂੰ ਪਾਰਟੀ 'ਤੇ ਬੁਲਾਇਆ।

ਘਰ ਵਿਚ ਰੌਣਕ ਲੱਗੀ ਹੋਈ ਸੀ। ਖਾਣ-ਪੀਣ ਦਾ ਪ੍ਰੋਗਰਾਮ ਚੱਲ ਰਿਹਾ ਸੀ। ਸਾਰੇ ਜਣੇ ਨਿੰਦਰ ਨੂੰ ਜਾਣਦੇ ਸਨ। ਕਿਸੇ ਮਾਸਟਰ ਨੇ ਨਿੰਦਰ ਨੂੰ ਕਿਹਾ, "ਐਕਟਰਾ! ਸੁਣਾ ਕੋਈ ਆਪਣਾ ਲਿਖਿਆ ਗੌਣ।"

ਗੁਰਪਾਲ ਦੇ ਕਹਿਣ 'ਤੇ ਉਹਨੇ ਕੁਝ ਦਿਨ ਪਹਿਲਾਂ 'ਪਾਰਟੀ' ਵਿਚ ਸੁਣਾਉਣ ਲਈ 'ਗੀਤ' ਜੋੜ ਤਾਂ ਲਿਆ ਸੀ। ਪੈਲ਼ੀਆਂ ਵਿਚ ਗਾਉਣ ਦਾ ਅਭਿਆਸ ਵੀ ਕਰਦਾ ਰਿਹਾ ਸੀ। ਪਰ ਪਤਾ ਨਹੀਂ ਉਹਦੇ ਮਨ ‘ਚੋਂ ਉਹ ਸਤਰਾਂ ਕਿਉਂ ਉਮੜ ਆਈਆਂ, ਜਿਹੜੀਆਂ ਉਹਨੇ ਵੈਰਾਗੀ ਅਵਸਥਾ ਵਿਚ ਪਿਛਲੇ ਦਿਨੀਂ ਜੋੜੀਆਂ ਸਨ। ਜਦੋਂ ਜੀਅ ਕਰਦਾ ਪੈਲ਼ੀਆਂ ਵਿਚ ਖਲੋ ਕੇ ਕਦੀ ਬੰਬੀ ਦੇ ਚੁਬੱਚੇ ਵੱਲ ਤੇ ਕਦੀ ਸੁਰਜੀਤ ਹੁਰਾਂ ਦੇ ਤੂੜੀ ਦੇ ਮੂਸਲ ਵੱਲ ਵੇਖ ਕੇ, ਆਪਣੇ ਆਪ ਨੂੰ ਸੁਣਾ ਕੇ ਗਾਉਣ ਲੱਗ ਜਾਂਦਾ ਸੀ।

*ਨਾ ਰੋ ਨਿੰਦਰਾ! ਨਾ ਰੋ!, ਤੇਰਾ ਕੋਈ ਨਾ ਬੇਲੀ ਉਏ!*

*ਤੇਰਾ ਸਭ ਕੁਛ ਉੱਜੜ ਗਿਆ, ਤੇਰਾ ਮੁੱਲ ਨਾ ਧੇਲੀ ਉਏ!*
*ਤੂੰ ਖਾਲੀ ਖਾਲੀ ਉਏ, ਬਣ ਗਿਆ ਸਵਾਲੀ ਉਏ!*
*ਨਾ ਭਾਪਾ ਪੁੱਛਦਾ ਉਏ, ਨਾ ਮਿਲਦਾ ਸੰਨੀ ਉਏ!*
*ਤੂੰ ਤਰਲੇ ਲੈਂਦਾ ਰਿਹਾ, ਤੇਰੀ ਕਿਸੇ ਨਾ ਮੰਨੀ ਉਏ!*
*ਉਹ ਉੱਡਣ ਉੱਡਣ ਕਰਦੀ ਸੀ,*
*ਲੈ ਮਗਰੀ ਤੂੜੀ ਦੀ, ਉਹ ਉੱਡ ਪੁੱਡ ਗਈ ਲੋਕੋ!*
*ਉਹ ਡੁੱਬਣ ਡੁੱਬਣ ਕਰਦੀ ਸੀ, ਹੁਣ ਮੈਨੂੰ ਡੋਬ ਗਈ।*
*ਤਿੱਖੀ ਬਰਛੀ ਮੇਰੀ ਹਿੱਕ 'ਚ ਖੋਭ ਗਈ।*
*ਤੇਰਾ ਕੋਈ ਨਾ ਵਾਲੀ ਉਏ! ਤੇਰਾ ਕੋਈ ਨਾ ਵਾਲੀ ਉਏ!*
*ਤੂੰ ਖਾਲੀ ਖਾਲੀ ਉਏ!*

ਤੇ ਫਿਰ ਪੈਲ਼ੀਆਂ ਦੀ ਇਕੱਲ ਵਿਚ ਭੁੱਬਾਂ ਮਾਰ ਕੇ ਰੋਣ ਲੱਗ ਪੈਂਦਾ।

ਅੱਜ ਵੀ ਉਹਨੇ ਓਹੋ 'ਗੀਤ' ਛੁਹ ਲਿਆ। ਪਰ ਜਸਵੰਤ ਦੇ ਛੋਟੇ ਭਰਾ ਨੇ ਟੋਕ ਦਿੱਤਾ, "ਨਹੀਂ ਭਾਈ, ਰੋਣ ਧੋਣ ਨਹੀਂ, ਅੱਜ ਖੁਸ਼ੀ ਦਾ ਗੌਣ ਹੋ ਜੇ।"

ਓਸੇ ਨੇ ਗਲਾਸ ਵਿਚ ਸ਼ਰਾਬ ਦਾ ਹਾੜਾ ਪਾ ਕੇ ਨਿੰਦਰ ਨੂੰ ਫੜਾਇਆ।

ਨਿੰਦਰ ਨੇ ਗਲਾਸ ਖਾਲੀ ਕਰ ਕੇ ਮੇਜ਼ 'ਤੇ ਰੱਖ ਦਿੱਤਾ।

ਗੁਰਪਾਲ ਨੇ ਹੱਲਾਸ਼ੇਰੀ ਦਿੱਤੀ, "ਐਕਟਰਾ! ਉਹ ਗੌਣ ਸੁਣਾ ਜਿਹੜਾ ਤੂੰ ਪਾਰਟੀ ਲਈ ਜੋੜਿਆ ਏ!"

"ਉਹ ਗੌਣ ਮੈਂ ਤਾਂ ਸੁਣਾਊਂਗਾ ਜੇ ਭਲਕੇ ਛਿਹਾਟੇ ਲੈ ਕੇ ਜਾਏਂਗਾ!"

"ਨਰਸ ਨੂੰ ਮਿਲਾਉਣ?" ਜਸਵੰਤ ਨੇ ਉਹਦੇ ਮਨ ਦੀ ਬੁੱਝ ਲਈ।

ਉਹ ਕੱਚਾ ਜਿਹਾ ਹੋ ਗਿਆ, " ਓ ਨਹੀਂ ਚਾਚਾ! ਨਰਸ ਤੋਂ ਆਪਾਂ ਕੀ ਮੁੰਜ ਦਲਾਉਣੀ ਆਂ। ਮੈ 'ਖਿਆ ਇਕ ਵਾਰ ਡਾਕਟਰ ਨੂੰ ਵਿਖਾ ਆਵਾਂਗੇ। ਆਪਾਂ ਨੂੰ ਨ੍ਹੀਂ ਨਰਸ ਦਾ ਕੋਈ ਏਡਾ ਹੇਜ। ਊਂ ਈ ਮੇਰਾ ਸਰੀਰ ਅਜੇ ਪੂਰਾ ਵੱਲ ਜਿਹਾ ਨ੍ਹੀਂ।"

"ਹੇਜ ਨਾ ਸਹੀ, ਪਰ ਵੇਖਣ ਨੂੰ ਜੀਅ ਤਾਂ ਕਰਦਾ ਈ ਹੋਊ?" ਕਿਸੇ ਮਾਸਟਰ ਨੇ ਪੁੱਛਿਆ ਤਾਂ ਖਚਰਾ ਜਿਹਾ ਹੱਸ ਕੇ ਕਹਿੰਦਾ, "ਦਿਸ ਜੂ ਤਾਂ ਵੇਖ ਵੀ ਲਾਂ'ਗੇ। ਸੋਹਣੀਆਂ ਮੂਰਤਾਂ ਵੇਖਣ ਨੂੰ ਹੁੰਦੀਆਂ।"

"ਛਿਹਾਟੇ ਵੀ ਜਾਵਾਂਗੇ, ਹੁਣ ਤੂੰ ਗੌਣ ਸੁਣਾ!" ਓਸੇ ਮਾਸਟਰ ਨੇ ਭਰੋਸਾ ਦਿਵਾਇਆ।

"ਲੈ ਚੰਗਾ ਫਿਰ ਸੁਣੋ", ਉਹਨੇ ਗਲਾ ਖੰਘੂਰਿਆ।

*ਅੱਜ ਚਾਚੇ ਦੀ ਪਾਰਟੀ ਉਏ!*
*ਲੱਗਾ ਮੇਲਾ-ਗੇਲਾ ਜੀ*
*ਤੁਸੀਂ ਖਾਓ-ਪੀਓ ਐਸ਼ ਕਰੋ ਮਿੱਤਰੋ!*
*ਪਾਓ ਭੰਗੜੇ, ਮਦਾਨ ਵਿਚ ਨਿੱਤਰੋ।*
*ਤੁਸੀਂ ਉਡ ਜੋ ਭੁੰਨੇ ਹੋਏ ਤਿੱਤਰੋ!*
*ਨਾਲੇ ਉੱਡ ਜਾ ਕਨੇਡਾ ਗੁਰਪਾਲ ਤੂੰ*
*ਕੰਮ-ਕਾਰ ਸਾਰਾ ਮੈਨੂੰ ਦੇ ਸੰਭਾਲ ਤੂੰ*
*ਕਰੀਂ ਫਿਕਰ ਨਾ ਕਿਸੇ ਕੰਮ-ਕਾਰ ਦਾ*
*ਕਰੀਂ ਪੂਰਾ ਤੂੰ ਜਕੀਨ ਐਸ ਯਾਰ ਦਾ*
*ਹੁਣ ਚਾਚੇ ਨੂੰ ਵੀ ਕੱਢ 'ਤਾ ਨੌਕਰੀਓਂ।*
*ਹੁਣ ਉਹ ਵੀ ਹੋ ਗਿਆ ਵਿਹਲਾ ਜੀ*
*ਰੋਜ-ਦਿਹਾੜੀ ਹੁਣ ਮੈਨੂੰ ਟੋਕੂਗਾ*

*ਮੇਰੇ ਸਿਰ ਵਿਚ ਛਿੱਤਰ ਠੋਕੂਗਾ*
*ਸਭ ਛਕਣ ਛਕੌਣ ਜੀ।*
*ਸਭ ਸੁਣਦੇ ਗੌਣ ਜੀ।*
*ਪਰ ਸਾਡਾ ਕੌਣ ਜੀ!*

ਉਹਨੇ ਗਾਉਣਾ ਬੰਦ ਕੀਤਾ ਤਾਂ ਸਭਨਾਂ ਨੇ ਤਾੜੀਆਂ ਮਾਰੀਆਂ।

ਜਸਵੰਤ ਵੀ ਰਉਂ ਵਿਚ ਸੀ। ਕਹਿੰਦਾ, "ਤੇਰੇ ਅਸੀਂ ਜੁ ਆਂ ਪੁੱਤਰਾ! ਸਵੇਰ ਤੋਂ ਤੇਰਾ ਚਾਚਾ ਤੇਰੇ ਨਾਲ ਕੰਮ ਕਰਿਆ ਕਰੂ। ਢਿੱਲਾ ਵਗੇਂਗਾ ਤਾਂ ਤੇਰੇ ਛਿੱਤਰ ਵੀ ਠੋਕੂ।"

ਸਾਰੇ ਹੱਸਣ ਲੱਗ ਪਏ।

ਅਗਲੇ ਦਿਨ ਜਦ ਜਸਵੰਤ ਤੇ ਨਿੰਦਰ ਬੰਬੀ 'ਤੇ ਸਨ ਤਾਂ ਨਿੰਦਰ ਨੇ ਫਿਰ ਸਵਾਲ ਛੇੜ ਲਿਆ, " ਚਾਚਾ! ਨਰਸ ਵਾਲੀ ਗੱਲ ਤੋਰ ਫਿਰ ਡਾਕਟਰ ਨਾਲ?"

ਜਸਵੰਤ ਨੂੰ ਹਾਸਾ ਵੀ ਆਇਆ ਤੇ ਗੁੱਸਾ ਵੀ। "ਕੰਜਰਾ! ਬਾਬਾ ਨੈਤਾ ਠੀਕ ਆਂਹਦਾ ਏ, 'ਪਾਕਲ ਏਂ ਤੂੰ ਪਾਕਲ!...ਕੋਈ ਰਾਹ ਦੀ ਗੱਲ ਕਰ ਤੂੰ। ਦੋ ਘੰਟੇ ਤੂੰ ਹਸਪਤਾਲ 'ਚ ਰਿਹੋਂ ਤੇ ਤੈਨੂੰ ਨਰਸ ਨਾਲ ਵੀ ਇਸ਼ਕ ਹੋ ਗਿਆ!"

"ਜਦੋਂ ਬਾਕੀਆਂ ਨੇ ਕੋਈ ਰਾਹ ਨਹੀਂ ਦਿੱਤਾ ਤਾਂ ਮੈਂ ਸੋਚਿਆ ਇਹ ਰਾਹ ਵੀ ਵੇਖ ਲਈਏ।"

ਫਿਰ ਅਚਨਚੇਤ ਉਹਨੇ ਜਸਵੰਤ ਨੂੰ ਪੁੱਛ ਲਿਆ, "ਚਾਚਾ! ਭਗਤ ਸਿੰਘ ਦਾ ਰਾਹ ਕਿਹੜਾ ਰਾਹ ਸੀ?"

"ਪਹਿਲਾਂ ਕੰਮ ਮੁਕਾ ਲਈਏ। ਫੇਰ ਭਗਤ ਸਿੰਘ ਦਾ ਰਾਹ ਵੀ ਲੱਭਦੇ ਆਂ।"

ਨਰਸ ਨਾਲ ਰਿਸ਼ਤੇ ਵਾਲੀ ਗੱਲ ਟਾਲ ਦੇਣ 'ਤੇ ਉਹ ਚੁੱਪ-ਚਾਪ ਪੱਠੇ ਵੱਢਣ ਜਾ ਲੱਗਾ।

ਉਹਨੂੰ ਜ਼ਿੰਦਗੀ ਹਨੇਰੀ ਗਲੀ ਵਾਂਗ ਲੱਗਦੀ ਸੀ। ਉਹਦੇ ਅੰਦਰਲਾ 'ਭਗਤ ਸਿੰਘ' ਵੀ ਅੰਨ੍ਹਾ ਹੋ ਗਿਆ ਸੀ। ਨਾ ਭਗਤ ਸਿੰਘ ਨੂੰ ਕੋਈ ਰਾਹ ਲੱਭ ਰਿਹਾ ਸੀ ਨਾ ਉਹਨੂੰ।

ਉਹਨੇ ਹਉਕਾ ਭਰਿਆ, "ਭਗਤ ਸੂੰਹ ਦਾ ਰਾਹ ਕਿਹੜਾ? ਮੇਰਾ ਰਾਹ ਕਿਹੜਾ?"

ਉਸ ਦਿਨ ਕਿਸਾਨ ਨੇਤਾ ਭਗਤ ਸਿੰਘ ਦਾ ਨਾਂ ਲੈ ਕੇ ਆਖ ਰਿਹਾ ਸੀ, "ਜਿਵੇਂ ਭਗਤ ਸਿੰਘ ਨੇ ਕਿਹਾ ਸੀ, ਸਾਡੀ ਲੜਾਈ ਓਨਾ ਚਿਰ ਜਾਰੀ ਰਹੂਗੀ, ਜਿੰਨਾ ਚਿਰ ਮਨੁੱਖ ਦੇ ਹੱਥੋਂ ਮਨੁੱਖ ਦੀ ਲੁੱਟ ਖ਼ਤਮ ਨਹੀਂ ਹੁੰਦੀ।"

ਉਹਨੂੰ ਨੇਤਾ ਦੀਆਂ ਕੁਝ ਗੱਲਾਂ ਸਮਝ ਆਉਂਦੀਆਂ ਸਨ ਤੇ ਕੁਝ ਅਸਲੋਂ ਸਿਰ ਤੋਂ ਲੰਘ ਜਾਣ ਵਾਲੀਆਂ ਸਨ।

ਤੁਲਸਾ ਖੁੰਘ ਵੀ ਜਲਸੇ ਵਿਚ ਹੀ ਸੀ। ਨਿੰਦਰ ਨੇ ਉਦੋਂ ਤਾਂ ਉਹਨੂੰ ਕੁਝ ਨਾ ਪੁੱਛਿਆ। ਪਰ ਦੋ ਕੁ ਦਿਨਾਂ ਬਾਅਦ ਬਾਹਰ ਨੂੰ ਜਾਂਦਿਆਂ ਰਾਹ ਵਿਚ ਤੁਲਸਾ ਮਿਲ ਪਿਆ ਤਾਂ ਉਹਨੇ ਜਾਨਣਾ ਚਾਹਿਆ, "ਚਾਚਾ! ਇਹ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਕੀ ਹੁੰਦੀ ਏ?"

ਤੁਲਸਾ ਵੀ ਸੋਚੀਂ ਪੈ ਗਿਆ। ਫਿਰ ਆਪਣੇ ਹਿਸਾਬ ਨਾਲ ਕਹਿੰਦਾ, "ਜਿਵੇਂ ਦੁਕਾਨਾਂ ਵਾਲੇ ਪੰਜਾਂ ਦੀ ਚੀਜ ਦਸਾਂ 'ਚ ਵੇਚਦੇ ਨੇ। ਇਹ ਲੁੱਟ ਈ ਐ ਸਭਨਾਂ ਦੀ ਕਿ!"

"ਹੱਛਾਅ!" ਪਰ, ਗੱਲ ਨਿੰਦਰ ਦੇ ਬਹੁਤਾ ਗੇੜ ਜਿਹੇ ਵਿਚ ਨਹੀਂ ਸੀ ਆਈ।

ਤੁਲਸੇ ਨੇ ਹੋਰ ਸਪਸ਼ਟ ਕਰਨਾ ਚਾਹਿਆ।

"ਜਿਵੇਂ ਜੱਟਾਂ ਦੀ ਆੜ੍ਹਤੀਏ ਕਰਦੇ ਨੇ, ਆਪਣੀ ਜੱਟ ਕਰਦੇ ਨੇ।"

"ਆੜ੍ਹਤੀਆਂ ਦੀ ਲੁੱਟ ਕੌਣ ਕਰਦਾ?"

"ਓਦੋਂ ਅੱਗੇ ਸਭ ਘਾਲਾ-ਮਾਲਾ ਏ।"

"ਇਹ ਘਾਲਾ-ਮਾਲਾ ਕੀ ਹੁੰਦਾ ਏ?"

"ਇਹ ਸਮਝਣਾ ਆਪਣੇ ਵੱਸ ਦੀ ਗੱਲ ਨਹੀਂ ਨਿੰਦਰਾ!"

23 ਮਾਰਚ ਨੂੰ ਭਗਤ ਸਿੰਘ ਦਾ ਸ਼ਹੀਦੀ ਦਿਨ ਹੋਣ ਕਰ ਕੇ ਦੁਪਹਿਰੇ ਟੀਵੀ 'ਤੇ ਸ਼ਹੀਦ ਭਗਤ ਸਿੰਘ ਦੀ ਫ਼ਿਲਮ ਆ ਰਹੀ ਸੀ। ਜਸਵੰਤ ਸ਼ਹਿਰ ਗਿਆ ਹੋਇਆ ਸੀ। ਗੁਰਪਾਲ ਫ਼ਿਲਮ ਵੇਖ ਰਿਹਾ ਸੀ। ਨਿੰਦਰ ਵੀ ਕੋਲ਼ ਬਹਿ ਕੇ ਫ਼ਿਲਮ ਵੇਖਣ ਲੱਗਾ। ਫ਼ਿਲਮ ਮੁੱਕੀ ਤਾਂ ਗੁਰਪਾਲ ਨੇ ਕਿਹਾ, "ਚੱਲ ਹੁਣ ਉੱਠ ਕੇ ਡੰਗਰਾਂ ਨੂੰ ਪੱਠਾ-ਦੱਥਾ ਪਾ"

ਨਿੰਦਰ ਝੱਗਾ ਝਾੜਦਾ ਉੱਠਿਆ, "ਬੜਾ ਸੂਰਮਾ ਜੱਟ ਸੀ ਬਈ। ਨਹੀਂ ਰੀਸਾਂ ਬੱਬਰ ਸ਼ੇਰ ਦੀਆਂ।" ਤੇ ਫੇਰ ਹੱਸਦੇ ਹੋਏ ਨੇ ਬਾਂਹ ਉੱਚੀ ਕੀਤੀ, ""ਭਗਤ ਸਿੰਘ ਦਾ ਰਾਹ-ਸਾਡਾ ਰਾਹ!"- "ਭਗਤ ਸਿੰਘ ਦਾ ਰਾਹ-ਸਾਡਾ ਰਾਹ, ਸਾਡਾ ਰਾਹ!"

ਸਾਰਾ ਦਿਨ ਉਹ ਆਪਣੇ ਹਿੱਸੇ ਦਾ ਕੰਮ ਕਰਦਾ ਰਿਹਾ।

ਸ਼ਾਮ ਨੂੰ ਕੰਮ ਧੰਦੇ ਤੋਂ ਵਿਹਲਾ ਹੋਇਆ ਤਾਂ ਗੁਰਪਾਲ ਨੇ ਆਵਾਜ਼ ਦਿੱਤੀ, "ਆ ਐਕਟਰਾ ਜੇ ਭਗਤ ਸਿੰਘ ਦੀ ਹੋਰ ਫ਼ਿਲਮ ਵੇਖਣੀ ਏਂ ਤਾਂ!"

ਕਿਸੇ ਹੋਰ ਚੈਨਲ 'ਤੇ ਭਗਤ ਸਿੰਘ ਬਾਰੇ ਹੋਰ ਫ਼ਿਲਮ ਆ ਰਹੀ ਸੀ।

ਅਗਲੇ ਦਿਨਾਂ ਵਿਚ ਉਹਨੇ ਵਿਹਲੇ ਵੇਲੇ ਗੁਰਪਾਲ ਨੂੰ ਆਖਣਾ, "ਗੁਰਪਾਲ ਸਿਹਾਂ! ਬੀਬਾ ਵੀਰ ਬਣ ਕੇ ਯੂ 'ਟੂਬ 'ਤੇ ਭਗਤ ਸਿੰਘ ਦੀ ਕੋਈ ਫਿਲਮ ਚਲਾ ਦੇ। ਇਹਦੇ ਨਾਲ ਵਾਹਵਾ ਹੌਂਸਲਾ ਜਿਹਾ ਮਿਲਦਾ।"

ਉਹਨੇ ਮਨੋਜ ਕੁਮਾਰ ਦੀ 'ਸ਼ਹੀਦ' ਤੋਂ ਲੈ ਕੇ ਸੋਨੂ ਸੂਦ, ਅਜੇ ਦੇਵਗਨ ਤੇ ਬੌਬੀ ਦਿਓਲ ਤਕ ਭਗਤ ਸਿੰਘ ਬਾਰੇ ਬਣੀਆਂ ਫ਼ਿਲਮਾਂ 'ਘੋਟ' ਕੇ ਪੀ ਲਈਆਂ ਸਨ।

ਸ੍ਰੀ ਦੇਵੀ, ਧੰਤੋ ਤੇ ਸੀਤੋ ਦੇ ਨਾਲ-ਨਾਲ ਦ੍ਰਿਸ਼ ਬਦਲ-ਬਦਲ ਕੇ ਹੁਣ ਭਗਤ ਸਿੰਘ ਵੀ ਉਹਦੇ ਮਨ ਦੇ ਚਿਤਰਪਟ 'ਤੇ ਲਿਸ਼ਕਦਾ ਰਹਿੰਦਾ ਸੀ।

ਇਕ ਦਿਨ ਜਸਵੰਤ ਘਰ ਲਈ ਕੁਝ ਲੋੜੀਂਦਾ ਸਮਾਨ ਲੈਣ ਲਈ ਨਿੰਦਰ ਨੂੰ ਵੀ ਨਾਲ ਸ਼ਹਿਰ ਲੈ ਗਿਆ।

ਨਿੰਦਰ ਨੂੰ ਨਾਲ ਸ਼ਹਿਰ ਲਿਜਾਣ ਦਾ ਇਕ ਖ਼ਾਸ ਮਕਸਦ ਵੀ ਸੀ। ਜਸਵੰਤ ਦਾ ਇਕ ਜਮਾਤੀ ਤੇ ਬਹੁਤ ਨੇੜਲਾ ਮਿੱਤਰ ਅਜਾਇਬ ਸਿੰਘ ਕਚਹਿਰੀਆਂ ਵਿਚ ਵਕੀਲ ਸੀ। ਉਹ ਅਗਾਂਹਵਧੂ ਵਿਚਾਰਾਂ ਦਾ ਸੀ ਤੇ ਕਈ ਲੋਕ-ਸੇਵੀ ਸੰਸਥਾਵਾਂ ਅਤੇ ਸੰਘਰਸ਼ੀਲ ਤੇ ਲੋੜਵੰਦ ਬੰਦਿਆਂ ਦੇ ਕੇਸ ਮੁਫ਼ਤ ਲੜਦਾ ਸੀ। ਸਭ ਤੋਂ ਵੱਡੀ ਗੱਲ ਇਹ ਸੀ ਕਿ ਉਹ ਉਸ ਮੈਗਜ਼ੀਨ ਦਾ ਪੱਕਾ ਪਾਠਕ ਸੀ, ਜਿਸ ਵਿਚ ਨਿੰਦਰ ਵਾਲੀ ਕਹਾਣੀ ਛਪੀ ਸੀ ਤੇ ਉਹਨੇ ਉਹ ਕਹਾਣੀ ਪੜ੍ਹੀ ਹੋਈ ਸੀ। ਉਹਨੇ ਹੀ ਇਕ ਦਿਨ ਜਸਵੰਤ ਨੂੰ ਕਿਹਾ ਸੀ ਕਿ ਕਿਸੇ ਦਿਨ ਨਿੰਦਰ ਨੂੰ ਨਾਲ ਲੈ ਕੇ ਆਵੇ; ਕਹਾਣੀ ਪੜ੍ਹਨ ਬਾਅਦ ਉਹਨੂੰ ਵੇਖਣ ਤੇ ਮਿਲਣ ਨੂੰ ਉਹਦਾ ਦਿਲ ਕਰਦਾ ਸੀ।

ਅਜਾਇਬ ਸਿੰਘ ਕੁਦਰਤੀ ਉਸ ਵੇਲੇ ਵਿਹਲਾ ਹੀ ਸੀ। ਉਹਨੇ ਮੁਨਸ਼ੀ ਨੂੰ ਭੇਜਿਆ ਕਿ ਜਾ ਕੇ ਚਾਹ ਦੇ ਨਾਲ ਕੁਝ ਨਮਕੀਨ ਵੀ ਲਈ ਆਵੇ।

ਅਜਾਇਬ ਸਿੰਘ ਨੇ ਨਿੰਦਰ ਨਾਲ ਕੁਝ ਸਾਧਾਰਨ ਜਿਹੀਆਂ ਗੱਲਾਂ ਕੀਤੀਆਂ। ਇਹ ਗੱਲਾਂ 'ਸਵਾਦ' ਲੈਣ ਦੇ ਮਕਸਦ ਨਾਲ ਨਹੀਂ ਸਨ ਕੀਤੀਆਂ ਸਗੋਂ ਨਿੰਦਰ ਨੂੰ ਹੋਰ ਜਾਨਣ ਲਈ ਕੀਤੀਆਂ ਸਨ।

ਚਾਹ ਪੀਂਦਿਆਂ ਅਜਾਇਬ ਸਿੰਘ ਤੇ ਜਸਵੰਤ ਆਪਣੀਆਂ ਗੱਲਾਂ ਵਿਚ ਰੁੱਝੇ ਹੋਏ ਸਨ ਜਦ ਕਿ ਨਿੰਦਰ ਚਾਹ ਨਾਲ ਪਕੌੜੇ ਖਾਣ ਦਾ ਸਵਾਦ ਲੈ ਰਿਹਾ ਸੀ।

ਅਜਾਇਬ ਸਿੰਘ ਦਾ ਆਖਣਾ ਸੀ, "ਇਹਦੇ ਵਿਚਾਰੇ ਦੇ ਖ਼ਿਆਲੀ ਸੁਪਨਿਆਂ ਨੂੰ ਬਹੁਤਾ ਨਹੀਂ ਉਭਾਰਨਾ ਚਾਹੀਦਾ। ਹੌਲ਼ੀ ਹੌਲ਼ੀ ਇਹਨੂੰ ਇਹਦੀ ਹਕੀਕੀ ਸਥਿਤੀ ਸਮਝਾਉਣ ਦਾ ਯਤਨ ਕਰਦੇ ਰਹਿਣਾ ਚਾਹੀਦਾ ਏ। ਤੁਸੀਂ ਸਭ ਨੇ ਸਵਾਦ-ਸਵਾਦ ਵਿਚ ਇਹਦੇ ਸੁਪਨਿਆਂ ਨੂੰ ਹੋਰ ਖੰਭ ਲਾ ਦਿੱਤੇ ਨੇ। ਇੰਝ ਤਾਂ ਇਹਦਾ ਬੜਾ ਦੁਖਦਾਈ ਅੰਤ ਹੋਊ।"

ਫਿਰ ਅਜਾਇਬ ਸਿੰਘ ਨੇ ਸਲਾਹ ਦਿੱਤੀ, "ਮੈਂ ਕਿਸੇ ਦਿਨ ਕਿਸੇ ਜਾਣ-ਪਛਾਣ ਵਾਲੇ ਸਾਈਕੈਟਰਿਸਟ ਨਾਲ ਗੱਲ ਕਰਦਾਂ। ਉਹਨੂੰ ਵਿਖਾਵਾਂਗੇ ਇਹਨੂੰ।"

ਨਿੰਦਰ ਨੂੰ ਲੱਗਾ, ਸ਼ਾਇਦ,ਕਿਸੇ ਥਾਂ 'ਤੇ ਉਹਦਾ ਰਿਸ਼ਤਾ ਕਰਨ ਲਈ 'ਵੇਖਣ-ਵਿਖਾਉਣ' ਦੀ ਗੱਲ ਹੋ ਰਹੀ ਹੈ।

"ਓ ਨਹੀਂ ਜੀ, ਤੁਸੀਂ ਫਿਕਰ ਨਾ ਕਰੋ। ਕਿਸੇ ਹੋਰ ਨੂੰ ਵਿਖਾਉਣ ਦੀ ਲੋੜ ਨਹੀਂ। ਚਾਚੇ ਹੁਰੀਂ ਆਪ ਈ ਮੇਰੇ ਲਈ ਕੁੜੀ ਵੇਖਣ ਡਹੇ ਹੋਏ ਨੇ!"

ਉਹਦੀ ਸੁਣ ਕੇ ਸਾਰੇ ਹੱਸ ਪਏ।

"ਅਜਾਇਬ! ਗੱਲ ਤਾਂ ਤੇਰੀ ਠੀਕ ਐ। ਪਰ ਆਹ ਵੇਖ ਲੈ ਇਹ ਕੰਜਰ ਅਸਮਾਨੋਂ ਥੋੜ੍ਹਾ ਹੇਠਾਂ ਤਾਂ ਉਤਰੇ!"

ਫਿਰ ਜਸਵੰਤ ਨੇ ਕੋਲ਼ ਬੈਠੇ ਨਿੰਦਰ ਦੀ ਪਿੱਠ ਥਾਪੜੀ, "ਹੁਣ ਸਾਡਾ ਪੁੱਤ ਦਿਲ ਨਹੀਂ ਛੱਡਦਾ। ਕਾਇਮ ਐ ਹੁਣ! ਹੁਣ ਤਾਂ ਭਗਤ ਸਿੰਘ ਵਾਂਗ ਸੂਰਮਾ ਬਣਨ ਦੀਆਂ ਗੱਲਾਂ ਕਰਦਾ।"

"ਹਾਹੋ, ਭਗਤ ਸਿੰਘ ਦਾ ਰਾਹ, ਸਾਡਾ ਰਾਹ!" ਨਿੰਦਰ ਦੀਆਂ ਮਾਣ ਵਿਚ ਵਰਾਛਾਂ ਖਿੜੀਆਂ ਹੋਈਆਂ ਸਨ।

ਅਜਾਇਬ ਕੋਲ਼ੋਂ ਉੱਠ ਕੇ ਉਹ ਸੌਦਾ-ਸੂਤ ਲੈਣ ਲਈ ਬਾਜ਼ਾਰ ਵਿਚ ਆਏ। ਨਿੰਦਰ ਨੇ ਇਕ ਦੁਕਾਨ ਦੇ ਬਾਹਰ ਵੰਝਾਂ ਨਾਲ ਲਟਕਦੀਆਂ ਛਤਰੀਆਂ, ਪਰਾਂਦੀਆਂ, ਟੋਪ ਤੇ ਹੋਰ ਨਿਕ-ਸੁਕ ਵੱਲ ਵੇਖਿਆ ਤਾਂ ਬੜੇ ਉਤਸ਼ਾਹ ਨਾਲ ਕਹਿੰਦਾ, "ਚਾਚਾ! ਮੈਨੂੰ ਔਹ ਭਗਤ ਸਿੰਘ ਵਰਗਾ ਟੋਪ ਲੈ ਕੇ ਦੇ।"

"ਕੰਜਰਾ! ਕੀ ਕਰੇਂਗਾ ਟੋਪ ਲੈ ਕੇ?"

"ਮੈਂ? ਮੈਂ? ਕੀ ਕਰੂੰਗਾ?"

ਉਹ ਪਲ ਭਰ ਲਈ ਸੋਚਣ ਲੱਗਾ ਤੇ ਫਿਰ ਚਹਿਕ ਕੇ ਬੋਲਿਆ, "ਇਹਨੂੰ ਪਾ ਕੇ ਸਰੰਬਲੀ ਹਾਲ ਵਿਚ ਬੰਬ ਸੁੱਟੂੰਗਾ।"

ਫਿਰ ਉਹ ਜਸਵੰਤ ਨਾਲ ਮਿਲ ਕੇ ਹੱਸਣ ਲੱਗਾ।

ਜਸਵੰਤ ਨੇ ਦੁਕਾਨ ਵਾਲੇ ਨਾਲ ਟੋਪ ਦਾ ਮੁੱਲ ਟੁੱਕ ਕੇ ਟੋਪ ਨਿੰਦਰ ਦੇ ਸਿਰ 'ਤੇ ਟਿਕਾ ਦਿੱਤਾ। ਟੋਪ ਨੂੰ ਸੰਵਾਰਦਿਆਂ ਨਿੰਦਰ ਨੇ ਦੁਕਾਨ 'ਤੇ ਖਲੋਤਿਆਂ ਹੀ "ਇਨਕਲਾਬ-ਜ਼ਿੰਦਾਬਾਦ!" ਦਾ ਨਾਅ੍ਹਰਾ ਲਾ ਦਿੱਤਾ।

ਜਸਵੰਤ ਤਾਂ ਉਹਦੀ ਇਸ 'ਕਾਰਵਾਈ' 'ਤੇ ਹੈਰਾਨ ਤੇ ਪਸ਼ੇਮਾਨ ਜਿਹਾ ਸੀ ਕਿ ਦੁਕਾਨਦਾਰ ਹੱਸਣ ਲੱਗਾ। ਦੋ ਕੁ ਰਾਹ ਜਾਂਦੇ ਬੰਦੇ ਉਹਦੇ ਵੱਲ ਵੇਖ ਕੇ ਮੁਸਕਰਾ ਪਏ।

ਅਗਲੇ ਦਿਨ ਖਾਲ ਖਾਲ ਕੇ ਹਟਿਆ ਤਾਂ ਜਿਸਮ ਮੁੜ੍ਹਕੋ-ਮੁੜ੍ਹਕੀ। ਸਿਰ 'ਤੇ ਪਾਇਆ ਟੋਪ ਵੀ ਮੁੜ੍ਹਕੇ ਨਾਲ ਗਿੱਲਾ ਹੋ ਗਿਆ। ਉਹਦੀ ਭੁੱਖ ਚਮਕ ਆਈ। ਵਾਰ ਵਾਰ ਪਿੰਡ ਵੱਲ ਵੇਖੇ। ਰੋਟੀ ਲੈ ਕੇ ਆਉਣ ਵਾਲਾ ਕੋਈ ਦੀਹਦਾ ਨਹੀਂ ਸੀ। ਉਡੀਕ ਕੇ, ਥੱਕ ਹਾਰ ਕੇ ਉਹ ਡੰਗਰਾਂ ਲਈ ਪੱਠੇ ਵੱਢਣ ਜਾ ਲੱਗਾ। ਇਹ ਕੰਮ ਵੀ ਤਾਂ ਉਹਨੇ ਹੀ ਕਰਨਾ ਸੀ! ਭੁੱਖ ਵੱਲੋਂ ਧਿਆਨ ਹਟਾਉਣ ਲਈ ਉੱਚੀ ਉੱਚੀ ਗਾਉਣ ਲੱਗਾ।

"ਮੇਰਾ ਰੰਗ ਦੇ ਬਸੰਤੀ ਚੋਲ਼ਾ! ਮੇਰਾ ਰੰਗ ਦੇ ਬਸੰਤੀ ਚੋਲ਼ਾ! ਨੀ ਮਾਏ ਮੇਰੀਏ! ਮੇਰਾ ਰੰਗ ਦੇ ਬਸੰਤੀ ਚੋਲ਼ਾ!"

ਇਸ ਤੋਂ ਅੱਗੇ ਉਹਨੂੰ ਗੀਤ ਆਉਂਦਾ ਨਹੀਂ ਸੀ। ਪੱਠਿਆਂ ਦਾ ਰੁੱਗ ਵੱਢ ਕੇ ਢੇਰੀ 'ਤੇ ਰੱਖਦਾ ਤੇ ਆਵਾਜ਼ ਉੱਚੀ ਚੁੱਕ ਲੈਂਦਾ। ਉਹਨੂੰ ਪਤਾ ਨਾ ਲੱਗਾ, ਕਦੋਂ ਜਸਵੰਤ ਉਹਦੀ ਰੋਟੀ ਲੈ ਕੇ ਆਇਆ ਸੀ।

"ਓ ਆ ਜਾਹ ਰੋਟੀ ਖਾ ਲਾ ਭਗਤ ਸਿਹਾਂ!"

ਉਹਨੇ ਝੱਗੇ ਨਾਲ ਹੱਥ ਪੂੰਝੇ ਤੇ ਹੱਥ 'ਤੇ ਰੱਖੀ ਰੋਟੀ ਨਾਲੋਂ ਬੁਰਕੀ ਤੋੜ ਕੇ ਦਾਲ ਵਾਲੇ ਕੌਲੇ ਵਿਚ ਡੁਬੋਈ ਹੀ ਸੀ ਕਿ ਜਸਵੰਤ ਨੇ ਪੁੱਛ ਲਿਆ, "ਉਏ ਚੋਲ਼ਾ ਕੀ ਹੁੰਦਾ ਏ?"

"ਲੈ ਚਾਚਾ! ਏਨਾ ਮੂਰਖ ਨਾ ਸਮਝ। ਜਿਹੋ ਜਿਹਾ ਦਲੇਰ ਮਹਿੰਦੀ ਪਾਉਂਦਾ ਏ।"

ਉਹਨੇ ਜਸਵੰਤ ਵੱਲ ਜੇਤੂ ਮੁਸਕਰਾਹਟ ਸੁੱਟੀ ਤੇ ਅਗਲੀ ਬੁਰਕੀ ਤੋੜੀ।

"ਬਸੰਤੀ ਰੰਗ ਕਿਹੜਾ ਹੁੰਦੈ?"

"ਬਸੰਤੀ? ਬਸੰਤੀ?" ਉਹ ਦਿਮਾਗ਼ 'ਤੇ ਜ਼ੋਰ ਪਾਉਂਦਿਆਂ ਦਾਲ਼ ਦੇ ਕੌਲੇ ਵੱਲ ਵੇਖਣ ਲੱਗਾ।

"ਆਹੋ ਬਸੰਤੀ!"

ਉਹਨੂੰ ਕੋਈ ਜੁਆਬ ਨਾ ਅਹੁੜਿਆ। ਬੁਰਕੀ ਨਾਲ ਦਾਲ ਹਿਲਾਈ ਤੇ ਦਾਲ ਲਿੱਬੜੀ ਬੁਰਕੀ ਵੱਲ ਵਿੰਹਦਿਆਂ ਝੂਠਾ ਜਿਹਾ ਹੱਸ ਕੇ ਕਿਹਾ, "ਬਸੰਤੀ ਰੰਗ? ਐਹਦੇ ਵਰਗਾ ਹੁੰਦਾ ਬਸੰਤੀ ਰੰਗ!"

"ਵਾਹ! ਭਈ, ਬਿਲਕੁਲ ਠੀਕ ਬੁੱਝਿਆ ਈ।" ਜਸਵੰਤ ਉਹਦੀ 'ਹਾਜ਼ਰ ਜਵਾਬੀ' 'ਤੇ ਹੱਸਿਆ।

ਉਹਦੇ ਵੱਲ ਵੇਖ ਕੇ ਨਿੰਦਰ ਵੀ ਜ਼ੋਰ-ਜ਼ੋਰ ਨਾਲ ਹੱਸਣ ਲੱਗਾ। ਫਿਰ ਬੁਰਕੀ ਮੂੰਹ ਵਿਚ ਪਾਈ। ਇਮਤਿਹਾਨ ਵਿਚੋਂ ਪਾਸ ਹੋ ਗਏ ਬੱਚੇ ਵਾਲੀ ਖ਼ੁਸ਼ੀ ਉਹਦੇ ਚਿਹਰੇ ਤੋਂ ਡੁੱਲ੍ਹ ਡੁੱਲ੍ਹ ਪੈ ਰਹੀ ਸੀ।

"ਚਾਚਾ! ਸੱਚੀ ਦੱਸਾਂ। ਮਾਰਿਆ ਤਾਂ ਮੈਂ ਟੁੱਲ ਈ ਸੀ। ਪਰ ਠੀਕ ਲੱਗ ਗਿਆ ਈ।"

ਜਸਵੰਤ ਵਿਹੜੇ ਵਿਚ ਕੁਰਸੀ 'ਤੇ ਬੈਠਾ ਅਖ਼ਬਾਰ ਪੜ੍ਹ ਰਿਹਾ ਸੀ। ਉਹਦੇ ਨੇੜੇ ਪਸ਼ੂਆਂ ਦਾ ਗੋਹਾ-ਕੂੜਾ ਕਰਦੀ ਨਿੰਦਰ ਦੀ ਮਾਂ ਨੇ ਪਹਿਲਾਂ ਨਲਕੇ ਤੋਂ ਗੋਹੇ ਵਾਲੇ ਹੱਥ ਸਾਫ਼ ਕੀਤੇ ਤੇ ਫਿਰ ਜਸਵੰਤ ਨੂੰ ਬੜੇ ਹਿਰਖ਼ ਨਾਲ ਕਹਿਣ ਲੱਗੀ, "ਵੀਰਾ ਜਸਵੰਤ ਸਿਹਾਂ! ਮੇਰੀ ਗੱਲ ਸੁਣ! ਇਹ ਸਾਡੇ ਹੱਥ 'ਤੇ ਟਕਾ ਨਹੀਂ ਧਰਦਾ। ਤੂੰ ਇਹਨੂੰ ਕੁਛ ਦੇਂਦਾ ਲੈਂਦਾ ਵੀ ਏਂ ਕਿ ਮੁਖਤ 'ਚ ਈ ਇਹਦੇ ਹੱਡ ਵਾਹੀ ਜਾਂਦਾ ਏਂ। ਅਸੀਂ ਪੁੱਛੀਏ ਤਾਂ ਆਖ ਦੇਂਦਾ ਏ ਕਿ ਮੇਰੇ ਪੈਸੇ ਚਾਚੇ ਕੋਲ ਜਮ੍ਹਾਂ ਨੇ।"

ਜਸਵੰਤ ਉਹਦੀ ਗੱਲ ਸੁਣ ਕੇ ਤਾਅ ਖਾ ਗਿਆ।

"ਸੁਣ ਛਿੰਨੋ ਮੇਰੀ ਗੱਲ ਕੰਨ ਖੋਲ੍ਹ ਕੇ। ਔਹ ਤੇਰੇ ਸਾਹਮਣੇ ਖਲੋਤਾ ਸਣ ਕੱਢਣ ਡਿਹਾ। ਐਧਰ ਨੇੜੇ ਆ ਉਏ ਐਕਟਰਾ!"

ਨਿੰਦਰ ਸਣ ਦੀ ਗੁੱਟੀ ਹੱਥ ਵਿਚ ਫੜੀ ਕੋਲ਼ ਆ ਖਲੋਤਾ।

"ਆਹ ਤੇਰੀ ਮਾਂ ਆਂਹਦੀ ਆ ਕਿ ਮੈਂ ਤੈਨੂੰ ਕੁਝ ਦੇਂਦਾ ਲੈਂਦਾ ਨਹੀਂ। ਤੂੰ ਦੱਸ ਇਹਨੂੰ।"

"ਚਾਚਾ! ਇਹ ਮੇਰੇ ਪੈਸਿਆਂ ਦੀ ਮਾਂ ਲੱਗਦੀ ਆ। ਐਵੇਂ ਕੁੱਤੀ ਆਂਗੂੰ ਭੌਂਕਦੀ ਆ। ਮੈਂ ਇਹਨੂੰ ਵੀਹ ਵਾਰੀ ਆਖਿਐ ਕਿ ਮੇਰੇ ਪੈਸੇ ਚਾਚੇ ਕੋਲ਼ ਜਮ੍ਹਾਂ ਨੇ।"

ਜਸਵੰਤ ਕਾਹਲੀ ਨਾਲ ਉੱਠਿਆ ਤੇ ਅੰਦਰੋਂ ਆਪਣੀ ਹਿਸਾਬ-ਕਿਤਾਬ ਲਿਖਣ ਵਾਲੀ ਡਾਇਰੀ ਚੁੱਕ ਲਿਆਇਆ। ਕੁਰਸੀ 'ਤੇ ਬਹਿ ਕੇ ਡਾਇਰੀ ਫੋਲਦਿਆਂ ਉਹ ਬੋਲਿਆ, "ਇਹ ਕੋਈ ਨਿੱਕਾ ਨਿਆਣਾ ਨਹੀਂ ਕਿ ਮੇਰਾ ਕੰਮ ਮੁਫ਼ਤ 'ਚ ਕਰੀ ਜੂ। ਲੈ ਆਹ ਸੁਣ! ਅਸੀਂ ਇਹਨੂੰ ਹਜ਼ਾਰ ਰੁਪਈਆਂ ਮ੍ਹੀਨੇ ਦਾ ਦੇਂਦੇ ਆਂ। ਦੋ ਸਾਲ ਪਹਿਲਾਂ ਛੇ ਸੌ ਦੇਂਦੇ ਸਾਂ। ਪਿਛਲੇ ਸਾਲ ਨੌਂ ਸੌ ਕੀਤਾ। ਐਸ ਸਾਲ ਇਹਦੇ ਤਰਲਾ ਮਾਰਨ 'ਤੇ ਹਜ਼ਾਰ ਕਰ 'ਤਾ ਸੀ। ਜਦੋਂ ਇਹਨੂੰ ਜਿੰਨੇ ਦੀ ਲੋੜ ਹੋਵੇ ਮੈਥੋਂ ਲੈ ਜਾਂਦਾ। ਨਾਲ ਦੇ ਨਾਲ ਇਹ ਹਿਸਾਬ ਲਈ ਜਾਂਦਾ। ਪਿਛਲਾ ਸਾਲ ਮੁੱਕਣ 'ਤੇ ਇਹਨੇ ਆਪਣੇ ਬਣਦੇ ਸਾਰੇ ਪੈਸੇ ਲੈ ਕੇ ਮੁੱਕ ਮੁਕਾ ਕਰ ਲਿਆ ਸੀ।"

"ਜਿਹੜੇ ਪੈਸੇ ਤੈਥੋਂ ਲੈਂਦਾ, ਉਹ ਜਾਂਦੇ ਕਿੱਥੇ ਨੇ! ਸਾਨੂੰ ਤਾਂ ਦੁੱਕੀ ਦਾ ਮੂੰਹ ਵੀ ਨਹੀਂ ਵਿਖਾਉਂਦਾ।"

"ਛਿੰਨੋ, ਤੈਨੂੰ ਸਾਰਾ ਪਤਾ। ਤੂੰ ਇਹਨੂੰ ਧੰਨੇ ਸ਼ਾਹ ਨੂੰ ਈ ਪੁੱਛ।"

ਜਿਹੜੇ ਪੈਸੇ ਜਸਵੰਤ ਕੋਲ਼ ਜਮ੍ਹਾਂ ਹੁੰਦੇ ਸਨ, ਉਹ ਕਈ ਵਾਰ ਦੋ-ਦੋ, ਚਾਰ-ਚਾਰ ਮਹੀਨੇ ਜਸਵੰਤ ਕੋਲ਼ ਜਮ੍ਹਾਂ ਰੱਖਦਾ ਤੇ ਫਿਰ ਲੈ ਕੇ ਕਿਸੇ ਨਾ ਕਿਸੇ ਨੂੰ ਵਿਆਜੀ ਦੇ ਦਿੰਦਾ ਸੀ। ਉਹਦੇ ਭਾਈਚਾਰੇ ਦੇ ਗ਼ਰੀਬ ਤੇ ਲੋੜਵੰਦ ਬੰਦੇ ਉਹਦਾ ਫਾਇਦਾ ਚੁੱਕਦੇ ਰਹਿੰਦੇ। ਚੌਹ-ਪੰਜੀਂ ਮਹੀਨੀਂ ਜਦੋਂ ਕੋਈ ਵੀਹ-ਤੀਹ ਰੁਪਏ ਉਹਨੂੰ ਵਿਆਜ ਦੇ ਮੋੜਦਾ ਤਾਂ ਉਹ ਆਪਣੇ ਆਪ ਨੂੰ 'ਧੰਨੇ ਸ਼ਾਹ'

ਸਮਝਣ ਲੱਗਦਾ। ਆਮ ਤੌਰ 'ਤੇ ਸਿਰਫ਼ ਵਿਆਜ ਹੀ ਮਿਲਦਾ, ਮੂਲ ਖੜੋਤੇ ਦਾ ਖੜੋਤਾ ਰਹਿੰਦਾ। ਥੋੜਾ-ਬਾਹਲ਼ਾ ਵਿਆਜ ਵੀ ਅਗਲਾ ਇਸ ਕਰ ਕੇ ਮੋੜਦਾ ਕਿਉਂਕਿ ਨਿੰਦਰ ਪੈਸੇ ਜਸਵੰਤ ਦੇ ਹੱਥੀਂ ਦਵਾਉਂਦਾ ਸੀ ਤੇ ਓਸੇ ਨੂੰ ਹਿਸਾਬ-ਕਿਤਾਬ ਰੱਖਣ ਲਈ ਆਖਦਾ ਸੀ।

"ਇਸ ਸਾਲ ਦੇ ਕੱਟ-ਕਟਾ ਕੇ ਮੇਰੇ ਕੋਲ਼ ਇਹਦੇ ਪੰਜ ਹਜ਼ਾਰ ਅੱਠ ਸੌ ਪੈਂਤੀ ਰੁਪੈ ਜਮ੍ਹਾਂ ਨੇ। ਜੇ ਇਹ ਆਖੇ ਮੈਂ ਇਹ ਪੈਸੇ ਹੁਣੇ ਤੈਨੂੰ ਦੇ ਦੇਂਦਾਂ। ਕਿਉਂ ਨਿੰਦਰਾ! ਇਹਦੇ ਮੂੰਹ 'ਤੇ ਆਖ ਜੋ ਆਖਣਾ। ਮੈਨੂੰ ਵਿਚ ਬੁਰਾ ਨਾ ਬਣਾਓ।"

ਛਿੰਨੋ ਥੋੜ੍ਹੀ ਨਰਮ ਪੈ ਗਈ ਸੀ।

"ਲਿਆ ਸਾਨੂੰ ਦੇ ਦੇ ਏਹ ਪੈਸੇ, ਸਾਡਾ ਬੀਬਾ ਵੀਰ ਬਣ ਕੇ। ਅਸੀਂ ਸੱਚੀਂ ਬੜੇ ਤੰਗ ਈ।"

"ਲੈ ਇਹਨੂੰ ਦੇ ਦੇ ਏਹ ਪੈਸੇ! ਕਿਉਂ? ਤੂੰ ਪੈਸਿਆਂ 'ਤੇ ਲੱਤ ਫੇਰਦੀ ਰਹੀ ਏਂ। ਪੈਸੇ ਤਾਂ ਮੇਰੇ ਆਖਣ 'ਤੇ ਚਾਚੇ ਨੇ ਕੋਲ਼ ਰੱਖੇ ਨੇ, ਹਰ ਮਹੀਨੇ ਮੇਰੀ ਤਨਖਾਹ ਜਮ੍ਹਾਂ ਕਰੀ ਜਾਂਦਾ। ਮੇਰੇ ਖ਼ਰਚੇ ਦਾ ਵੀ ਪੂਰਾ ਸ੍ਹਾਬ ਦੇਂਦਾ। ਮੈਨੂੰ ਪੂਰਾ 'ਤਬਾਰ ਆ ਇਹਦੇ 'ਤੇ।"

"ਨਾ,ਸਾਡਾ ਕਿਉਂ ਨਹੀਂ ਹੱਕ ਤੇਰੇ ਪੈਸਿਆਂ 'ਤੇ। ਤੈਨੂੰ ਜੰਮਿਆਂ, ਪਾਲਿਆ, ਜਵਾਨ ਕੀਤਾ!"

ਛਿੰਨੋ ਦਾ ਦੁੱਖ ਵੀ ਸੱਚਾ ਸੀ। ਪਰ ਨਿੰਦਰ ਨੇ ਪੈਰਾਂ 'ਤੇ ਪਾਣੀ ਨਾ ਪੈਣ ਦਿੱਤਾ।

"ਕਿਉਂ, ਥਾਨੂੰ ਕਿਉਂ ਦਿਆਂ? ਕੱਲ੍ਹ ਕਲੋਤਰ ਨੂੰ ਮੈਂ ਵਿਆਹ ਨ੍ਹੀਂ ਕਰਾਉਣਾ! ਚਾਚੇ ਹੁਰੀਂ ਕੁੜੀ ਵਿੰਹਦੇ ਫਿਰਦੇ ਆ। ਮੈਨੂੰ ਪਤਾ, ਤੁਸੀਂ ਤਾਂ ਦੁੱਕੀ ਨ੍ਹੀਂ ਲਾਉਣੀ। ਸਾਰਾ ਖਰਚਾ ਮੈਂ ਈ ਕਰਨਾ। ਨਾਲੇ ਜਿਹੜੀ ਪਿਛਲੀ ਕੋਠੜੀ ਪਿਛਲੇ ਸਾਲ ਮੀਹਾਂ 'ਚ ਢਹਿ ਗੀ ਸੀ, ਉਹਨੂੰ ਨ੍ਹੀਂ ਛੱਤਣਾ! ਚਾਚੇ ਤੋਂ ਨਿੱਕਾ ਗਾਡਰ ਲੈ ਕੇ ਗਿਆਂ ਛੱਤ ਵਾਸਤੇ। ਤੂੰ ਅੰਨ੍ਹੀਂ ਐਂ, ਘਰ ਵਿਚ ਪਿਆ ਤੈਨੂੰ ਦੀਹਦਾ ਨਹੀਂ। ਕੋਠੜੀ ਵੱਖਰੀ ਹੋਊ ਤਾਂ ਹੀ ਓਥੇ ਵਹੁਟੀ ਨੂੰ ਵੱਖਰਿਆਂ ਰੱਖੂੰ। ਚਲੋ ਬਾਅਦ ਵਿਚ ਤਾਂ ਉਹਨੂੰ ਅੰਬਰਸਰ ਵਾਲੀ ਕੋਠੀ 'ਚ ਲੈ ਜੂੰ।"

ਜਸਵੰਤ ਦਾ ਗੁੱਸਾ ਅਜੇ ਉਤਰਿਆ ਨਹੀਂ ਸੀ।

"ਵੇਖ ਛਿੰਨੋ! ਮੈਂ ਫੇਰ ਆਖਦਾਂ ਕਿ ਜੇ ਇਹ ਆਖੇ ਹੁਣੇ ਪੈਸੇ ਤੇਰੀ ਤਲ਼ੀ 'ਤੇ ਲਿਆ ਰੱਖਦਾਂ। ਪਰ ਜਿਹੜਾ ਤੂੰ ਰੋਜ਼ ਆਸੇ ਪਾਸੇ ਰੌਲਾ ਪਾਉਂਦੀ ਰਹਿੰਦੀ ਏਂ, ਸਾਨੂੰ ਸਾਰਾ ਪਤਾ। ਚੌਥ ਤੂੰ ਚਾਚੇ ਕੁਲਵੰਤ ਸੁੰਹ ਦੇ ਘਰ ਆਖਣ ਡਹੀ ਸੈਂ ਕਿ ਮਾਸਟਰ ਹੁਰਾਂ ਮੇਰੇ ਮੁੰਡੇ ਨੂੰ ਤਵੀਤ ਪਾਏ ਹੋਏ ਨੇ। ਅਸੀਂ ਇਹਨੂੰ ਤਵੀਤ ਕੀ ਪਾਉਣੇ ਨੇ। ਨਾ ਅਸੀਂ ਕੋਈ ਜਾਦੂ ਟੂਣਾ ਮੰਨਦੇ ਆਂ। ਹਰੇ ਚੋਲ਼ਿਆਂ ਵਾਲੇ ਬਾਬਿਆਂ ਦੇ ਮਗਰ ਤਾਂ ਤੂੰ ਤੁਰੀ ਫਿਰਦੀ ਏਂ। ਉਹਨਾਂ ਤੋਂ ਉਪਾਅ ਲੈ ਕੇ ਇਹਦੇ ਤਵੀਤਾਂ ਦਾ ਅਸਰ ਲਾਹ ਲੈ।"

"ਤਵੀਤ ਨ੍ਹੀਂ ਤਾਂ ਹੋਰ ਕੀ ਆ। ਤਵੀਤ ਨ੍ਹੀਂ ਤਾਂ ਹੋਰ ਕੀ ਆ!"

ਛਿੰਨੋ ਕੀਤੀ ਹੋਈ ਗੱਲ ਦਾ ਭੇਤ ਖੁੱਲ੍ਹ ਜਾਣ ਕਰ ਕੇ ਛਿੱਥੀ ਹੋ ਕੇ ਬੁੜਬੁੜਾਉਂਦੀ ਹੋਈ ਬਾਹਰ ਨੂੰ ਤੁਰ ਗਈ।

ਇਹ ਸੁਣ ਕੇ ਜਸਵੰਤ ਨੂੰ ਹੋਰ ਗੁੱਸਾ ਆ ਗਿਆ। ਇਕ ਵਾਰ ਤਾਂ ਉਹਦਾ ਜੀਅ ਕੀਤਾ ਕਿ ਛਿੰਨੋ ਤੇ ਨਿੰਦਰ ਦੋਵਾਂ ਨੂੰ ਕੰਮ ਤੋਂ ਜਵਾਬ ਦੇ ਦੇਵੇ। ਪਰ ਆਪਣੀ ਲੋੜ ਕਰ ਕੇ ਚੁੱਪ ਰਿਹਾ।

ਪਰ ਹੁਣ ਤਾਂ ਉਹਨੂੰ ਪਾਣੀ ਸਿਰੋਂ ਲੰਘਦਾ ਲੱਗਣ ਲੱਗਾ।

ਭਾਵੇਂ ਨਿੰਦਰ ਨੂੰ ਹਸਪਤਾਲੋਂ ਮੁੜਿਆਂ ਮਹੀਨੇ ਤੋਂ ਵੀ ਉੱਪਰ ਹੋ ਗਿਆ ਸੀ ਤੇ ਜਸਵੰਤ ਨੇ ਉਹਦੇ ਇਲਾਜ 'ਤੇ ਹੋਏ ਖ਼ਰਚੇ ਦਾ ਦੱਸ ਕੇ ਸਾਰਾ ਹਿਸਾਬ ਡਾਇਰੀ 'ਤੇ ਲਿਖ ਲਿਆ ਸੀ। ਪਰ ਇਕ ਦਿਨ ਸਭ ਜਾਣਦੀ ਹੋਈ ਵੀ ਛਿੰਨੋ ਨੇ ਜਸਵੰਤ ਨੂੰ ਪੁੱਛਿਆ, "ਮਾਛਟਰ ਜੀ, ਨਿੰਦਰ ਦੇ 'ਲਾਜ 'ਤੇ ਕਿੰਨੇ ਪੈਸੇ ਲੱਗੇ ਸੀ?"

ਜਸਵੰਤ ਨੇ ਦੋ-ਹਰਫੀ ਗੱਲ ਮੁਕਾਈ, " ਸਾਢੇ ਸੱਤ ਸੌ। ਨਿੰਦਰ, ਨੈਤੇ, ਮੈਂਬਰ ਸਭ ਨੂੰ

ਪਤਾ।"

"ਹੈਂਅ! ਸਾਢੇ ਸੱਤ ਸੋ! ਨ੍ਹੇਰ ਸਾਈਂ ਦਾ! ਐਨਾ ਖਰਚਾ!" ਉਹਨੇ ਗੋਹੇ ਨਾਲ ਲਿੱਬੜੇ ਹੱਥਾਂ ਦੀਆਂ ਉਂਗਲਾਂ ਹੈਰਾਨੀ ਜਿਹੀ ਵਿਚ ਜੋੜ ਲਈਆਂ।

ਉਹਨੇ ਸਾਰੇ ਪਿੰਡ ਵਿਚ ਕਾਂ ਵੱਟੀ ਫੇਰ ਦਿੱਤੀ, "ਦੋ ਸੌ ਲੱਗਾ ਤੇ ਇਹ ਸਾਢੇ ਸੱਤ ਸੌ ਆਂਹਦਾ। ਹੈ ਹਾਏ! ਏਨੀ ਗਰੀਬ ਮਾਰ! ਉਹਨੂੰ ਔਂਤਰੇ ਨੂੰ ਇਹਨਾਂ ਤਵੀਤ ਘੋਲ ਕੇ ਪਿਆਏ ਹੋਏ ਨੇ। ਹੋਰ ਕੋਈ ਗੱਲ ਨ੍ਹੀਂ। ਉਹ ਅਜੇ ਵੀ ਆਂਹਦਾ, ਮੈਂ ਚਾਚੇ ਨਾਲ ਈ ਕੰਮ ਕਰਨਾ!"

ਉਸ ਕੋਲੋਂ ਜੇ ਕੋਈ ਨਿੰਦਰ ਦਾ ਹਾਲ ਪੁੱਛਦਾ, ਉਹ ਅੱਗੋਂ ਪੈਸਿਆਂ ਦਾ ਮਸਲਾ ਛੇੜ ਕੇ ਗੱਲ 'ਤਵੀਤ ਪਾਉਣ' ਤਕ ਲੈ ਆਉਂਦੀ।

ਜਸਵੰਤ ਨੇ ਘਰ-ਘਰ ਹੁੰਦੀ ਆਪਣੀ ਬਦਨਾਮੀ ਸੁਣੀ ਤਾਂ ਬਹੁਤ ਪਰੇਸ਼ਾਨ ਹੋਇਆ। ਮਨ ਨਾਲ ਪੱਕਾ ਫ਼ੈਸਲਾ ਕਰ ਕੇ ਉਹਨੇ ਨਿੰਦਰ ਨੂੰ ਕਿਹਾ, "ਚੱਲ ਨਿੰਦਰਾ! ਤੇਰੇ ਘਰ ਨੂੰ ਚੱਲਣਾ!"

ਉਹਨੇ ਗਵਾਂਢੋਂ ਅਜੀਤ ਸਿੰਘ ਮੈਂਬਰ ਨੂੰ ਵੀ ਬੁਲਾ ਲਿਆ। ਨਿੰਦਰ ਦੇ ਚਾਚੇ ਕੇਸਰ ਨੂੰ ਵੀ।

ਨਿੰਦਰ ਦੇ ਵਿਹੜੇ ਵਿਚ ਪਈ ਕਾਣ-ਸੂਤੀ ਮੰਜੀ 'ਤੇ ਬਹਿ ਕੇ ਉਹਨੇ ਨੈਤੇ ਤੇ ਛਿੰਨੋ ਨੂੰ ਕੋਲ਼ ਬੁਲਾ ਲਿਆ ਤੇ ਪਿਛਲੇ ਦਿਨੀਂ ਹੋਈ ਸਾਰੀ 'ਗੱਲ-ਬਾਤ' ਦਾ ਵਿਸਥਾਰ ਸਭਨਾਂ ਨਾਲ ਸਾਂਝਾ ਕੀਤਾ ਤੇ ਨਿੰਦਰ ਦੇ ਆਪਣੇ ਕੋਲ਼ ਪਏ ਪੈਸਿਆਂ ਦਾ 'ਜਮ੍ਹਾਂ-ਘਟਾਓ' ਸਭ ਨਾਲ ਸਾਂਝਾ ਕਰਦਿਆਂ ਸਿਰੇ ਦੀ ਗੱਲ ਆਖ ਦਿੱਤੀ, "ਮੇਰੇ ਕੋਲ਼ ਇਹਦੇ ਪੰਜ ਹਜ਼ਾਰ ਅੱਠ ਸੌ ਪੈਂਤੀ ਪਏ ਸਨ। ਸਾਢੇ ਸੱਤ ਸੌ ਵੈਨ ਦੇ ਕਿਰਾਏ ਤੇ ਇਲਾਜ 'ਤੇ ਲੱਗੇ। ਸਾਰਾ ਖ਼ਰਚਾ ਮੈਂਬਰ ਤੇ ਨੈਤੇ ਦੇ ਸਾਹਮਣੇ ਹੋਇਆ। ਤੇ ਆਹ ਲੈ ਮੈਂਬਰਾ! ਬਾਕੀ ਬਚਦੇ ਪੈਸੇ। ਗਿਣ ਲੈ। ਇਹਨਾਂ ਨੂੰ ਦੇ ਕੇ ਇਹਨਾਂ ਦਾ ਅੰਗੂਠਾ ਲਵਾ ਕੇ ਕਾਗਜ਼ ਮੈਨੂੰ ਦੇ ਦਿਓ। ਤੇ ਅੱਜ ਤੋਂ ਨਾ ਨਿੰਦਰ ਮੇਰੇ ਕੰਮ'ਤੇ ਆਵੇ ਤੇ ਨਾ ਛਿੰਨੋ। ਅਸੀਂ ਇਹਨਾਂ ਤੋਂ ਸਦਾ ਲਈ ਹੱਥ ਜੋੜੇ। ਮੈਥੋਂ ਰੋਜ਼ ਦੀ ਥੂਹ-ਥੂਹ ਨਹੀਂ ਕਰਵਾਈ ਜਾਂਦੀ।"

ਲਿਖ-ਲਿਖਵਾ ਕੇ ਮੈਂਬਰ ਨੇ ਸਭ ਦੇ ਸਾਹਮਣੇ ਪੈਸੇ ਗਿਣ ਕੇ ਬਾਬੇ ਨੈਤੇ ਦੀ ਤਲ਼ੀ 'ਤੇ ਧਰ ਦਿੱਤੇ। ਬਾਅਦ ਵਿਚ ਜਸਵੰਤ ਨੇ ਡਾਇਰੀ ਵਿਚੋਂ ਦੋ ਵਰਕੇ ਖਿੱਚੇ ਤੇ ਮੈਂਬਰ ਵੱਲ ਕੀਤੇ, "ਐਹਨਾਂ ਕਾਗਜ਼ਾਂ 'ਤੇ, ਜਿਨ੍ਹਾਂ ਨੂੰ ਇਹਨੇ ਪੈਸੇ ਵਿਆਜੀ ਦਿੱਤੇ ਹੋਏ ਨੇ, ਉਹਨਾਂ ਦਾ ਹਿਸਾਬ ਲਿਖਿਆ ਏ। 'ਧੰਨੇ ਸ਼ਾਹ' ਜੀ ਇਹ ਹਿਸਾਬ ਵੇਖ-ਵਖਾ ਕੇ ਸਾਮੀਆਂ ਤੋਂ ਉਗਰਾਹੀ ਕਰ ਲੈਣ!"

"ਤੇ ਅੱਜ ਤੋਂ ਸਮਝੋ, ਮੈਂ ਇਹਨਾਂ ਵਾਲਾ ਵਰਕਾ ਪਾੜ 'ਤਾ। "

ਉਹਨੇ ਇਕ ਵਾਰ ਫੇਰ ਆਪਣੇ ਫ਼ੈਸਲੇ ਨੂੰ ਕਰੜਾਈ ਨਾਲ ਦੁਹਰਾਇਆ।

ਨਿੰਦਰ ਲਈ ਇਹ ਸਭ-ਕੁਝ ਸਿਰ 'ਤੇ ਬੰਬ ਡਿੱਗਣ ਵਾਂਗ ਸੀ।

ਅਗਲੇ ਦਿਨ ਉਹ ਜਸਵੰਤ ਦੇ ਘਰ ਜਾ ਵੜਿਆ ਤੇ ਮੱਝ ਦਾ ਸੰਗਲ ਖੋਲ੍ਹ ਕੇ ਉਹਨੂੰ ਪਾਣੀ ਪਿਆਉਣ ਲੱਗਾ। ਜਸਵੰਤ ਨੇ ਕਾਹਲੀ ਨਾਲ ਅੱਗੇ ਵਧ ਕੇ ਉਹਦੇ ਹੱਥੋਂ ਸੰਗਲ ਖੋਹ ਲਿਆ।

"ਨਿੰਦਰਾ! ਖ਼ਬਰਦਾਰ! ਜੇ ਅੱਗੇ ਤੋਂ ਮੇਰੇ ਘਰ ਵੱਲ ਮੂੰਹ ਵੀ ਕੀਤਾ ਤੁਸਾਂ ਮਾਂ-ਪੁੱਤਾਂ ਨੇ। ਮੈਥੋਂ ਬੁਰਾ ਕੋਈ ਨਹੀਂਓਂ।"

ਕਰੜਾਈ ਨਾਲ ਨਿੰਦਰ ਦਾ ਗੁੱਟ ਫੜ ਕੇ ਉਹਨੇ ਬਾਹਰਲੇ ਦਰਵਾਜ਼ੇ ਵਿਚੋਂ ਉਹਨੂੰ ਗਲੀ ਵਿਚ ਲਿਆ ਖੜ੍ਹਾ ਕੀਤਾ ਤੇ ਮੁੜ ਕੇ ਦਰਵਾਜ਼ਾ ਬੰਦ ਕਰ ਲਿਆ।

ਅਗਲੇ ਕਈ ਦਿਨ ਨਿੰਦਰ ਉਹਨਾਂ ਦੇ ਘਰ ਦੇ ਬਾਹਰ ਗੇੜੇ ਕੱਢਦਾ ਰਿਹਾ ਪਰ ਜਸਵੰਤ ਦਾ ਸਾਰਾ ਟੱਬਰ ਉਹਨੂੰ ਵੇਖ ਕੇ ਵੀ ਅਣਗੌਲਿਆਂ ਕਰ ਛੱਡਦਾ।

ਉਹਨੇ ਮਾਂ-ਪਿਉ ਨਾਲ ਝੱਜੂ ਪਾ ਲਿਆ ਕਿ ਉਹਦੀ ਰਕਮ ਉਹਦੇ ਹੱਥ ਫੜਾਉਣ। ਪਰ ਘਰਦਿਆਂ ਨੇ ਮਹੀਨੇ ਵਿਚ ਈ 'ਲੈਣ-ਦੇਣ' ਵਿਚ ਸਾਰੇ ਪੈਸੇ ਖੱਲਾਂ-ਖੂੰਜਿਆਂ ਵਿਚ ਵਾੜ ਦਿੱਤੇ ਸਨ।

ਉਹਨਾਂ ਘਰ ਰੋਜ਼ ਕੰਜਰ-ਕਲੇਸ਼ ਹੁੰਦਾ।

ਉਹ ਗਲੀਆਂ ਵਿਚ ਫਿਰਦਾ ਰਹਿੰਦਾ। ਉਹਦੇ ਮਾਂ-ਪਿਉ ਨੇ ਬੜਾ ਚਾਰਾ ਕੀਤਾ ਕਿ ਕੋਈ

ਉਹਨੂੰ ਕੰਮ 'ਤੇ ਲਾ ਲਵੇ। ਪਰ ਕਿਸੇ ਨੇ ਉਸ 'ਕਮਲ਼ੇ' ਨੂੰ ਕੰਮ 'ਤੇ ਰੱਖਣ ਦੀ ਹਾਮੀ ਨਾ ਭਰੀ।

ਇਕ ਦਿਨ ਛਿੰਨੋ ਨੂੰ ਕਹਿੰਦਾ, "ਤੇਰੇ ਹੱਥ ਟੁੱਟਦੇ ਨੇ ਦਾਲ ਨੂੰ ਤੜਕਾ ਲਾਉਂਦਿਆਂ? ਨਿਰ੍ਹੀ ਪਾਣੀ। ਚਾਚੀ ਦੀ ਦਾਲ ਖਾ ਕੇ ਵੇਖੀ ਉ। ਕਿੰਨੀ ਸਵਾਦੀ ਹੁੰਦੀ ਆ!"

"ਤੜਕਾ ਨਾ ਤੜਕਾ! ਤੇਰੇ ਸਿਰ ਸੱਤਾਂ ਚੁੱਲ੍ਹਿਆਂ ਦੀ ਸਵਾਹ! ਮੈਥੋਂ ਤੇਰੀ ਵਿਹਲੇ ਦੀ ਰੋਟੀ ਨਹੀਂ ਪੁੱਗਦੀ। ਕਿਤੇ ਕੋਈ ਕੰਮ-ਕਾਰ, ਕੋਈ ਦਿਹਾੜੀ-ਦੱਪਾ ਕਰ। ਤੇਰਾ ਪਿਉ ਬੁੱਢੇ-ਵਾਰੇ ਦਿਹਾੜੀਆਂ ਕਰਦਾ। ਛੋਟਾ ਭਰਾ ਕਰਦਾ। ਤੈਨੂੰ ਕੀ ਮੌਤ ਪੈਂਦੀ ਆ। ਕਿਤੇ ਕੰਮ ਲੱਭ।"

"ਮੈਂ ਕਿਉਂ ਦਿਹਾੜੀਆਂ ਕਰਾਂ। ਮੈਂ ਜੱਟ ਸਰਦਾਰਾਂ ਦਾ ਪੁੱਤ! ਮੈਂ ਧਾਡੀਆਂ ਸਭ ਕਰਤੂਤਾਂ ਜਾਣਦਾਂ। ਜਦੋਂ ਮੈਂ ਰਾਤੀਂ ਸੁੱਤਾ ਹੁੰਦਾਂ, ਤੁਸੀਂ ਮੇਰਾ ਲਹੂ ਸਰਿੰਜਾਂ ਨਾਲ ਕੱਢ ਕੇ ਆਪਣੇ ਆਪ ਨੂੰ ਚਾੜ੍ਹੀ ਜਾਂਦੇ ਜੇ। ਨਾਲੇ ਕੰਜਰੋ! ਮੇਰੇ ਪੈਸੇ ਮੈਨੂੰ ਦਿਓ। ਅੱਗੇ ਈ ਮੇਰੇ ਵਿਆਜੀ-ਸਵਾਈ ਦਿੱਤੇ ਪੈਸੇ ਡੁੱਬ ਗਏ ਨੇ। ਜੀਹਦੇ ਵੱਲ ਜਾਂਦਾਂ ਕੰਜਰ ਦਾ ਪੁੱਤ ਆਂਹਦਾ, ਦੋ-ਚਾਰ ਮ੍ਹੀਨੇ 'ਡੀਕ ਲਾ। ਮਿਲ ਜਾਣਗੇ! ਅਸੀਂ ਭੱਜ ਨਹੀਂ ਚੱਲੇ ਕਿਤੇ!"ਏਨੀ ਆਖ ਕੇ ਕੁਝ ਚਿਰ ਛਿੰਨੋ ਦੇ ਮੂੰਹ ਵੱਲ ਵੇਖਿਆ।

"ਮੇਰੇ ਵੱਲ ਕੀ ਵੇਖੀ ਜਾਂਦੀ ਏਂ। ਜਿਵੇਂ ਗੂੰਗੀ ਵਿੰਹਦੀ ਆ!"

ਛਿੰਨੋ ਨੂੰ ਗੁੱਸਾ ਆ ਗਿਆ। "ਖਲੋ! ਤੈਨੂੰ ਦਿਆਂ ਰੋਕੜਾਂ ਹਰਾਮਦੇ ਨੂੰ।"

ਛਿੰਨੋ ਚਿਮਟਾ ਫੜ ਕੇ ਉਹਦੇ ਮਗਰ ਦੌੜੀ।

ਉਹਨੇ ਸਾਰਾ ਦਿਨ ਨਿੰਦਰ ਨੂੰ ਮੰਗਣ 'ਤੇ ਵੀ ਰੋਟੀ ਨਾ ਦਿੱਤੀ।

ਭੁੱਖਣ-ਭਾਣਾ ਉਹ ਸਾਰਾ ਦਿਨ ਗਲੀਆਂ ਵਿਚ ਫਿਰਦਾ ਰਿਹਾ। ਜਿਨ੍ਹਾਂ ਨੂੰ ਵਿਆਜੀ ਪੈਸੇ ਦਿੱਤੇ ਸਨ, ਉਹਨਾਂ ਵੱਲ ਵੀ 'ਸਾਮੀ' ਉਗਰਾਹੁਣ ਲਈ' ਰੋਜ਼ ਵਾਂਗ ਗੇੜੇ ਕੱਢੇ। ਕਿਤਿਉਂ ਵੀ ਕੀ ਮਿਲਣਾ ਸੀ! ਦੋ ਤਿੰਨ ਵਾਰ ਜਸਵੰਤ ਦੇ ਘਰ ਅੱਗੋਂ ਵੀ ਲੰਘਿਆ। ਕਿਸੇ ਨੇ ਉਹਨੂੰ ਨਾ ਗੌਲ਼ਿਆ। ਉਹਦਾ ਜੀਅ ਕਰਦਾ ਸੀ ਕਿ ਹੋਰ ਕੁਝ ਨਹੀਂ ਤਾਂ ਜਸਵੰਤ ਨੂੰ ਮਿਲ ਕੇ ਆਖੇ, "ਚਾਚਾ! ਮੈਂ ਰੋ ਨਾ ਲਵਾਂ ਇਕ ਵਾਰ! ਫੇਰ ਖੌਰੇ ਚਾਚਾ! ਗਲ਼ ਨਾਲ ਲਾ ਈ ਲਵੇ!"

ਪਰ ਹੁਣ ਜਸਵੰਤ ਦੇ ਗਲ਼ ਲੱਗ ਕੇ ਰੋਣ ਵਾਲੀ ਗੱਲ ਵੀ ਉਹਦੇ 'ਦਿਨੇ ਵੇਖਣ ਵਾਲੇ ਸੁਪਨਿਆਂ' ਵਿਚ ਸ਼ੁਮਾਰ ਹੋ ਗਈ ਸੀ।

ਉਹਨੂੰ ਜਿੰਦਗੀ ਹਨੇਰੀ ਗਲੀ ਵਾਂਗ ਲੱਗਦੀ ਸੀ। ਉਹਦੇ ਅੰਦਰਲਾ 'ਭਗਤ ਸਿੰਘ' ਵੀ ਅੰਨ੍ਹਾ ਹੋ ਗਿਆ ਸੀ। ਨਾ ਭਗਤ ਸਿੰਘ ਨੂੰ ਕੋਈ ਰਾਹ ਲੱਭ ਰਿਹਾ ਸੀ ਨਾ ਉਹਨੂੰ। ਨਿੰਦਰ ਨੂੰ ਸਾਰੀ ਰਾਤ ਨੀਂਦ ਨਹੀਂ ਆਈ।

ਘੋਰ ਉਦਾਸੀ ਤੇ ਉਨੀਂਦਰੇ ਦੇ ਦੌਰੇ ਉਹਨੂੰ ਅਕਸਰ ਪੈਂਦੇ ਹੀ ਰਹਿੰਦੇ ਸਨ। ਇਹਨਾਂ ਦਿਨਾਂ ਵਿਚ ਉਹ ਬੜਾ ਪਰੇਸ਼ਾਨ ਤੇ ਪਸ਼ੇਮਾਨ ਸੀ।ਤੜ੍ਹਕੇ ਜਿਹੇ ਕੁਝ ਪਲਾਂ ਲਈ ਅੱਖ ਲੱਗੀ। ਉਹਨੂੰ ਬੜਾ ਭੈੜਾ ਸੁਪਨਾ ਆਇਆ।

ਉਹ ਸੁਪਨੇ ਤਾਂ ਲੈਂਦਾ ਰਹਿੰਦਾ ਸੀ। ਪਰ ਜਾਗਦਿਆਂ ਹੋਇਆਂ। ਉਹਨੂੰ 'ਦਿਨ ਵੇਲੇ ਆਪੇ ਲਏ ਸੁਪਨੇ' ਹੀ ਚੰਗੇ ਲੱਗਦੇ ਸਨ।ਪਰ ਇਹ ਰਾਤ ਵਾਲਾ ਸੁਪਨਾ? ਓ ਰੱਬਾ ਮੇਰਿਆ!

ਉਹਨੂੰ ਅੰਤਾਂ ਦੀ ਭੁੱਖ ਲੱਗੀ ਹੋਈ ਸੀ। ਕੁੱਤਾ ਬਣਿਆਂ ਉਹ ਲੋਹੇ ਦੇ ਗਾਡਰ ਨੂੰ ਚੱਕ ਵੱਢ-ਵੱਢ ਕੇ ਖਾ ਰਿਹਾ ਸੀ। ਉਹਦੇ ਦੰਦ ਪੀੜ ਕਰ ਰਹੇ ਸਨ ਤੇ ਲਹੂ-ਲੁਹਾਨ ਜੀਭ ਵਿਚੋਂ ਖ਼ੂਨ ਦੇ ਟੇਪੇ ਉਹਦੀਆਂ ਵਰਾਛਾਂ 'ਚੋਂ ਨਿਕਲ ਕੇ ਧੌਣ ਤਕ ਸਰਕ ਆਏ ਸਨ। ਏਨੇ ਚਿਰ ਨੂੰ 'ਚਾਚਾ' ਜਸਵੰਤ ਡਾਂਗ ਲੈ ਕੇ ਆਪਣੇ 'ਗਾਡਰ' ਨੂੰ ਬਚਾਉਣ ਭੱਜਾ ਆਇਆ ਤੇ ਉਹਦੇ ਵੱਲ ਵਗ੍ਹਾਤੀ ਡਾਂਗ ਮਾਰ ਕੇ ਲਲਕਾਰਿਆ, "ਹੈਅਤ! ਤੇਰੇ ਕਤੀੜ੍ਹ ਦੀ।" ਡਾਂਗ ਦਾ ਸਿਰਾ ਸਿੱਧਾ ਉਹਦੇ ਢਿੱਡ ਵਿਚ ਵੱਜਾ। ਡਰ ਨਾਲ ਉਹਦੀ ਅੱਖ ਖੁੱਲ੍ਹ ਗਈ ਤੇ ਉਹ ਕਲੇਜਾ ਫੜ ਕੇ ਬਹਿ ਗਿਆ। ਮੂੰਹ ਵਿਚੋਂ ਨਿਕਲੀਆਂ ਲ਼ਾਲ਼ਾਂ ਨੇ ਉਹਦੀ ਧੌਣ ਗਿੱਲੀ ਕਰ ਛੱਡੀ ਸੀ।

ਉਹ ਉਠਿਆ ਤੇ ਛੇਤੀ ਨਾਲ ਵਿਹੜੇ ਵਿਚ ਪਏ ਛੋਟੇ ਗਾਡਰ ਵੱਲ ਵੇਖਿਆ, ਜਿਹੜਾ ਉਹਨੇ ਚਾਚੇ ਜਸਵੰਤ ਕੋਲੋਂ ਢੱਠੀ ਕੋਠੜੀ ਨੂੰ ਛੱਤਣ ਲਈ ਮੰਗ ਕੇ ਲਿਆਂਦਾ ਸੀ ਤੇ ਜਿਸ ਦੇ ਬਣਦੇ ਪੈਸੇ ਜਸਵੰਤ ਨੇ ਆਪਣੀ ਡਾਇਰੀ ਵਿਚ ਲਿਖ ਲਏ ਸਨ।

ਵਿਹੜੇ ਵਿਚ ਪਿਛਲੀ ਰਾਤ ਦੇ ਡੁੱਬਦੇ ਚੰਨ ਦੀ ਮੱਧਮ ਜਿਹੀ ਲੋਅ ਸੀ। ਉਹਦਾ ਜੀਅ ਘਾਊਂ ਮਾਊਂ ਕਰਨ ਲੱਗਾ ਤਾਂ ਉਹ ਘੁਸਮੁਸੇ ਜਿਹੇ ਵਿਚ ਹੀ ਬਾਹਰ ਗਲੀ ਵਿਚ ਨਿਕਲ ਗਿਆ। ਪਤਾ ਨਹੀਂ ਕਿਉਂ, ਸਭ ਤੋਂ ਪਹਿਲਾਂ ਉਹ ਜਸਵੰਤ ਦੇ ਘਰ ਵੱਲ ਹੀ ਗਿਆ। ਬਾਹਰਲਾ ਵੱਡਾ ਦਰਵਾਜ਼ਾ ਬੰਦ ਸੀ।

ਫਿਰ ਉਹ ਕਿੰਨਾ ਚਿਰ ਰੇਲਵੇ ਲਾਈਨ 'ਤੇ ਏਧਰ ਓਧਰ ਚੱਕਰ ਕੱਟਦਾ ਰਿਹਾ। ਧੁੰਦਲਾ ਜਿਹਾ ਯਾਦ ਆਇਆ, ਏਸੇ ਰੇਲਵੇ ਲਾਈਨ 'ਤੇ ਉਹਦੇ ਨਾਲ ਹੱਥ ਵਿਚ ਹੱਥ ਪਾ ਕੇ ਤੁਰਦਿਆਂ ਸੀਤੋ ਲੜਖੜਾ ਕੇ ਹੱਸਦੀ ਹੋਈ ਉਹਦੀਆਂ ਬਾਹਵਾਂ ਵਿਚ ਜਾਣ-ਬੁੱਝ ਕੇ ਡਿੱਗ ਪਈ ਸੀ।

ਕਿੱਥੇ ਗਈ ਸੀਤੋ?

ਉਹਦੀ ਮਾਂ ਉਹਨੂੰ ਬਾਹੋਂ ਫੜ ਕੇ ਧੂਹਦੀ ਹੋਈ ਰੇਲ 'ਤੇ ਚੜ੍ਹ ਗਈ ਸੀ। ਖਿੱਚੀ ਜਾਂਦੀ ਬਾਂਹ ਛੁਡਾਉਣ ਦੀ ਕੋਸ਼ਿਸ਼ ਕਰਦਿਆਂ ਸੀਤੋ ਰੋਂਦੀ ਹੋਈ ਪਿੱਛੇ ਖਲੋਤੇ ਨਿੰਦਰ ਵੱਲ ਧੌਣ ਮੋੜ ਕੇ ਵਾਰ-ਵਾਰ ਵੇਖ ਰਹੀ ਸੀ।

ਨਿੰਦਰ ਦੀਆਂ ਅੱਖਾਂ ਵਿਚ ਉਮਡ ਆਏ ਅੱਥਰੂਆਂ ਦੇ ਧੁੰਦਲਕੇ ਵਿਚ ਸੀਤੋ ਤੇ ਉਹਦੀ ਮਾਂ ਦੇ ਆਕਾਰ ਅਸਲੋਂ ਧੁੰਦਲੇ ਹੋ ਗਏ। ਫਿਰ ਰੇਲ ਦੀ ਬਾਰੀ ਜਸਵੰਤ ਦੇ ਘਰ ਦਾ ਦਰਵਾਜ਼ਾ ਬਣ ਗਈ ਤੇ ਦਰਵਾਜ਼ਾ 'ਫੜਾਕ' ਦੇਣੀ ਬੰਦ ਹੋ ਗਿਆ। ਉਹ ਦੂਰ ਤੁਰੀ ਜਾਂਦੀ ਰੇਲ ਨੂੰ ਪਿੱਛੋਂ ਕਿੰਨਾ ਚਿਰ ਵੇਖਦਾ ਰਿਹਾ।

ਸੀਤੋ ਚਲੀ ਗਈ ਸੀ। ਮੇਲਾ ਉਜੜ ਗਿਆ ਸੀ!

ਮੇਰੇ ਲਈ ਸਭ ਦਰਵਾਜ਼ੇ ਬੰਦ ਕਿਉਂ ਹੁੰਦੇ ਜਾਂਦੇ ਨੇ! ਪਹਿਲਾਂ ਧੰਤੋ ਗਈ, ਫਿਰ ਸੀਤੋ ਤੇ ਫਿਰ ਸ੍ਰੀ ਦੇਵੀ ਵੀ ਡੁੱਬ ਮੋਈ। ਗੁਰਮੀਤ ਭੈਣ ਜੀ ਤਾਂ ਵਿਆਹ ਕਰਵਾ ਕੇ ਕਈ ਵਰ੍ਹੇ ਪਹਿਲਾਂ ਪਤਾ ਨਹੀਂ ਕਿੱਥੇ ਬਦਲੀ ਕਰਵਾ ਗਈ ਸੀ। ਤੇ ਹੁਣ ਚਾਚਾ ਜਸਵੰਤ ਵੀ ਵਿੱਟਰ ਗਿਆ। ਅਖੇ; ਮੈਂ ਨਹੀਂ ਹੁਣ ਤੈਨੂੰ ਕੰਮ 'ਤੇ ਰੱਖਣਾ। ਏਨੇ ਚਿਰ ਤੋਂ ਉਹਦਾ ਵਾਹੀ ਦਾ ਸਾਰਾ ਕਾਰੋਬਾਰ ਸਾਂਭਿਆ ਹੋਇਆ ਸੀ। ਪਹਿਲਾਂ ਮੇਰੇ ਭਰਾ ਸੱਜਣ ਨੇ ਸਾਂਭਿਆ ਸੀ। ਅਸੀਂ ਉਹਦੇ ਪੀੜ੍ਹੀਆਂ ਦੇ ਕਾਮੇ! ਉਹਨੇ ਚੰਗੀ ਕੀਤੀ ਮੇਰੇ ਨਾਲ! ਆਖਦਾ ਸੀ, "ਤੇਰੀ ਮਾਂ ਛਿੰਨੋ ਸ਼ਰ੍ਹੇਆਮ ਕਹਿੰਦੀ ਏ ਕਿ ਅਸੀਂ ਤੈਨੂੰ ਜਾਦੂ ਪਾਏ ਹੋਏ ਨੇ ਤੇ ਤੈਥੋਂ ਮੁਫ਼ਤ ਵਿਚ ਕੰਮ ਕਰਾਉਂਦੇ ਤੇ ਤੈਨੂੰ ਲੁੱਟਦੇ ਆਂ!"

ਯਾਅ! ਤਕੀਏ ਵਾਲੇ ਬਾਬਾ ਜ਼ਾਹਰਾ ਪੀਰ! ਬੇੜਾ ਡੁੱਬ ਜੇ ਇਸ ਨਾ-ਹੋਈ ਛਿੰਨੋ ਦਾ; ਮੇਰੀਆਂ ਬੇੜੀਆਂ 'ਚ ਵੱਟੇ ਪਾਉਣ ਵਾਲੀ ਦਾ!

ਤੇ ਉਹਦੇ ਕਦਮ ਪਤਾ ਨਹੀਂ ਕਿਉਂ ਤਕੀਏ ਵੱਲ ਹੋ ਤੁਰੇ। ਸੂਰਜ ਦੀ ਲਾਲੀ ਪਾਟਣ ਵਾਲੀ ਸੀ। ਮੱਧਮ ਜਿਹਾ ਚਾਨਣ ਫ਼ੈਲਣ ਲੱਗਾ ਸੀ; ਪਰ ਲੋਕ ਅਜੇ ਘਰਾਂ ਵਿਚੋਂ ਬਾਹਰ ਨਹੀਂ ਸਨ ਨਿਕਲੇ। ਉਹਨੇ ਪਹਿਲਾਂ ਤਕੀਏ ਨੇੜਲੇ 'ਆਪਣੇ' ਗੁਰਦਵਾਰੇ ਨੂੰ ਬਾਹਰ ਖਲੋ ਕੇ ਮੱਥਾ ਟੇਕਿਆ, "ਯਾ ਮੇਰੇ ਮੌਲਾ! ਗੁਰੂ ਨਾਨਕ ਸੱਚੇ ਪਾਸਾਹ! ਕਲਗੀਆਂ ਵਾਲਿਆ ਸਤਗੁਰਾ! ਸਾਡੇ ਗੁਰਦਵਾਰੇ ਵਿਚ ਵੀ ਕਦੇ ਲੰਗਰ ਖੋਲ੍ਹ। ਕੋਈ ਭੁੱਖਾ ਨਾ ਰਵ੍ਹੇ ਬਾਬਾ ਜਾਹਰਾ ਪੀਰ! ਬਾਬਾ ਜੀ।"

ਗੁਰਦਵਾਰਾ ਅਜੇ ਨਾ-ਮੁਕੰਮਲ ਸੀ। ਇਮਾਰਤ ਨੂੰ ਅਜੇ ਬਾਹਰੋਂ ਪਲੱਸਤਰ ਹੋਣ ਵਾਲਾ ਸੀ। ਗੁਰੂ ਗ੍ਰੰਥ ਸਾਹਿਬ ਦੀ ਬੀੜ ਵੀ ਅਜੇ ਲਿਆਉਣੀ ਸੀ। ਪਰ ਭਾਈਚਾਰਾ ਖੁਸ਼ ਸੀ ਕਿ ਉਹਨਾਂ ਦਾ ਆਪਣਾ ਗੁਰਦਵਾਰਾ ਬਣ ਗਿਆ ਸੀ।

ਨੈਤੇ ਦੇ ਤਾਏ ਦੇ ਪੁੱਤ ਮੋਤੀ ਤੇ ਉਹਦੇ ਨਾਇਬ ਤਹਿਸੀਲਦਾਰ ਲੜਕੇ ਸਲਵੰਤ ਦੇ ਉਦਮ ਨਾਲ ਗੁਰਦਵਾਰਾ ਬਨਾਉਣ ਦੀ ਸ਼ੁਰੂਆਤ ਹੋਈ ਸੀ।

ਵੀਹ ਕੁ ਸਾਲ ਪਹਿਲਾਂ ਮੋਤੀ ਜੱਟਾਂ ਦੀ ਆਥੜੀ ਛੱਡ ਕੇ ਬਾਰਡਰ 'ਤੇ ਹਿੰਦ-ਪਾਕਿ ਵੱਲੋਂ

ਆਉਂਦੇ-ਜਾਂਦੇ ਸਮਾਨ ਨੂੰ ਲਾਹੁਣ-ਚੜ੍ਹਾਉਣ ਵਾਲੇ ਕੁਲੀਆਂ ਵਿਚ ਭਰਤੀ ਹੋ ਗਿਆ ਸੀ। ਪਹਿਲਾਂ ਚਾਰ ਕੋਹ ਵਾਟ ਤੁਰ ਕੇ ਡਿਊਟੀ 'ਤੇ ਜਾਂਦਾ ਸੀ। ਤਿੰਨਾਂ ਮਹੀਨਿਆਂ ਵਿਚ ਨਵਾਂ ਸਾਈਕਲ ਲੈ ਲਿਆ ਤੇ ਸਾਲ ਬਾਅਦ ਮੋਟਰ ਸਾਈਕਲ 'ਤੇ ਜਾਣ ਲੱਗਾ। ਸਭ ਨੂੰ ਪਤਾ ਸੀ ਕਿ ਬਾਰਡਰ ਦੇ ਕੁਲੀਆਂ ਦੀ ਚਾਂਦੀ ਸੀ। ਉਹ ਕੁਝ ਸਾਲਾਂ ਵਿਚ ਹੀ ਪਿੰਡ ਦੇ ਆਮ ਜੱਟ ਕਿਸਾਨਾਂ ਨਾਲੋਂ ਵੱਡੀ ਸਾਮੀ ਬਣ ਗਿਆ ਸੀ ਤੇ ਪੰਜ ਸਾਲ ਦੇ ਵਿਚ-ਵਿਚ ਉਹਨੇ ਛੇਹਰਟੇ ਦੀ ਨਵੀਂ ਬਣੀ ਕਾਲੋਨੀ ਵਿਚ ਮਕਾਨ ਵੀ ਬਣਾ ਲਿਆ ਸੀ।

ਸਭ ਤੋਂ ਚੰਗਾ ਕੰਮ ਉਹਨੇ ਇਹ ਕੀਤਾ ਕਿ ਸਲਵੰਤ ਨੂੰ ਯੂਨੀਵਰਸਿਟੀ ਨਾਲ ਪੈਂਦੇ ਅੰਗਰੇਜੀ ਸਕੂਲ ਵਿਚ ਦਾਖ਼ਲ ਕਰਵਾ ਦਿੱਤਾ। ਉਹ ਰੋਜ਼ ਬੱਸ 'ਤੇ ਸਕੂਲ ਜਾਣ ਲੱਗਾ। ਸਲਵੰਤ ਪੜ੍ਹਾਈ ਵਿਚ ਹੁਸ਼ਿਆਰ ਸੀ। ਮੋਤੀ ਦੀ ਸਿਆਣਪ, ਸਲਵੰਤ ਦੀ ਮਿਹਨਤ ਤੇ ਸਰਕਾਰ ਦੀ ਰੀਜ਼ਰਵੇਸ਼ਨ ਸਕੀਮ ਦੀ ਮਦਦ ਨਾਲ ਸਲਵੰਤ ਨਾਇਬ ਤਹਿਸੀਲਦਾਰ ਬਣ ਗਿਆ ਸੀ।

ਨਾਇਬ ਤਹਿਸੀਲਦਾਰ ਬਣਨ ਤੋਂ ਬਾਅਦ ਮੋਤੀ ਤੇ ਸਲਵੰਤ ਆਪਣੀ ਕਾਰ 'ਤੇ ਪਿੰਡ ਆਏ ਸਨ। ਦੋਵੇਂ ਪਿਉ-ਪੁੱਤ, ਮੈਂਬਰ ਅਜੀਤ ਸਿੰਘ ਤੇ ਨੈਤਾ ਗੁਰਦਵਾਰੇ ਮੱਥਾ ਟੇਕਣ ਗਏ।

ਅਜੀਤ ਸਿੰਘ ਰਾਹੀਂ ਮੋਤੀ ਨੇ ਪੰਚਾਇਤ ਨੂੰ ਵੀ ਆਪਣੇ ਆਉਣ ਦਾ ਸੁਨੇਹਾ ਲਾ ਦਿੱਤਾ ਸੀ। ਸਰਪੰਚ ਤੇ ਖੜਪੈਂਚ ਨੇ ਅੱਗੇ ਹੋ ਕੇ ਸਲਵੰਤ ਦਾ ਸਵਾਗਤ ਕੀਤਾ।

"ਬੱਲੇ! ਬੱਲੇ! ਭਈ ਮੋਤਾ ਸਿਹਾਂ। ਸਾਡੇ ਪੁੱਤ ਸਲਵੰਤ ਸੁੰਹ ਨੇ ਪਿੰਡ ਦਾ ਮਾਣ ਵਧਾ 'ਤਾ। ਜੀ ਆਇਆਂ ਨੂੰ ਤਸੀਲਦਾਰ ਸਾਹਿਬ!"

ਅਰਦਾਸ ਤੋਂ ਬਾਅਦ ਸਲਵੰਤ ਨੂੰ, ਗੁਰਦਵਾਰੇ ਵੱਲੋਂ ਉਹਦੀ ਸਫ਼ਲਤਾ ਲਈ, ਸਿਰੋਪਾ ਦਿੱਤਾ ਗਿਆ। ਪਰ ਘੜੀ ਬਾਅਦ ਹੀ ਮੰਦੀ ਘਟਨਾ ਵਾਪਰ ਗਈ। ਭਾਈ ਕੜਾਹ ਪਰਸ਼ਾਦ ਵਰਤਾਉਣ ਲੱਗਾ। ਕੜਾਹ ਦਾ ਰੰਗ ਕੁਝ-ਕੁਝ ਕਾਲੀ ਭਾਹ ਮਾਰਦਾ ਸੀ। ਖੜਪੈਂਚ ਨੇ ਪੁੱਛਿਆ, "ਭਾਈ ਜੀ ਪਰਸ਼ਾਦ ਦਾ ਰੰਗ ਕਿੱਦਾਂ ਦਾ?"

ਭਾਈ ਬਿਨਾਂ ਜਵਾਬ ਦਿੱਤੇ ਪਰਸ਼ਾਦ ਵਰਤਾਉਂਦਾ ਅੱਗੇ ਤੁਰਿਆ ਤਾਂ ਨੈਤੇ ਨੇ ਹੌਲ਼ੀ ਜਿਹੀ ਕਿਹਾ, "ਖੜਪੈਂਚਾ! ਇਕ ਗੱਲ ਦੱਸਾਂ। ਰਾਤੀਂ ਇਹਨੇ ਭਾਈਆਣੀ ਨਾਲ ਸੰਗ ਕੀਤਾ ਤੇ ਸਵੇਰੇ ਬਿਨਾਂ ਨ੍ਹਾਤਿਆਂ ਪਰਛਾਦ ਬਣਾ 'ਤਾ। ਰੰਗ ਤਾਂ ਕਰ ਕੇ ਕਾਲਾ ਹੋਇਆ ਪਰਸ਼ਾਦ ਦਾ।"

ਭਾਈ ਨੇ ਪਰਸ਼ਾਦ ਵਾਲਾ ਬਾਟਾ ਪੀੜ੍ਹੀ 'ਤੇ ਟਿਕਾਇਆ ਤੇ ਗੁੱਸੇ ਵਿਚ ਰਿੱਝਦੇ ਨੇ, ਘਸੁੰਨ ਮਾਰ ਕੇ ਨੈਤੇ ਦੇ ਸਿਰ 'ਤੇ ਬੱਝੀ ਪਾਟੀ-ਪੁਰਾਣੀ ਪੱਗ ਲਾਹ ਦਿੱਤੀ। ਸਲਵੰਤ ਨੇ ਦੂਜਾ ਘਸੁੰਨ ਮਾਰਨ ਲਈ ਉੱਠੀ ਭਾਈ ਦੀ ਬਾਂਹ ਮਜ਼ਬੂਤੀ ਨਾਲ ਫੜ ਕੇ ਝਟਕ ਦਿੱਤੀ।

"ਭਾਈ ਜੀ! ਤੁਸਾਂ ਚੰਗੀ ਨਹੀਂ ਕੀਤੀ।" ਮੋਤੀ ਨੂੰ ਗੁੱਸਾ ਸੀ ਕਿ ਉਹਦੇ ਨਾਲ ਆਏ ਉਹਦੇ 'ਭਰਾ' ਦੀ ਬੇਇਜ਼ਤੀ ਹੋਈ ਸੀ।

ਸਰਪੰਚ ਨੇ ਅੱਗੋਂ ਜਵਾਬ ਮੋੜਿਆ, "ਤੇ ਤੇਰੇ ਮੁੰਡੇ ਨੇ ਸਾਡੇ ਭਾਈ ਦੀ ਬਾਂਹ ਕਿਉਂ ਮਰੋੜੀ? ਆਪਣੇ ਭਰਾ ਦੇ ਬਚਨ ਨ੍ਹੀਂ ਸੁਣੇ ਤੂੰ? ਨਾਲੇ ਧਾਨੂੰ ਇਜਤ-ਮਾਣ ਦਿੱਤਾ ਨਾਲੇ ਆਕੜਦੇ ਓ। ਨਾ ਕਰੀਂ ਸਾਡੇ ਇੰਤਕਾਲ ਜਦ ਤੇਰੇ ਕੋਲ਼ ਕੋਈ ਕੇਸ ਆਇਆ।"

ਸਲਵੰਤ ਹੁਰੀਂ ਭਰੇ ਪੀਤੇ ਗੁਰਦਵਾਰਿਉਂ ਬਾਹਰ ਆ ਗਏ ।

ਸਲਵੰਤ ਦੇ ਕਹਿਣ 'ਤੇ ਮੋਤੀ ਨੇ ਸਾਰੇ ਠੱਠੀ ਵਾਲਿਆਂ ਦਾ ਕੱਠ ਕੀਤਾ ਤੇ ਕਿਹਾ, "ਅਣਖ਼ ਨਾਲ ਜਿਊਣਾ ਤਾਂ ਆਪਣਾ ਗੁਰਦਵਾਰਾ ਬਣਾਓ। ਸਲਵੰਤ ਆਖਦਾ, ਮੈਂ ਧਾਡੀ ਮਦਾਤ ਕਰੂੰ। ਤੁਸੀਂ ਵੀ 'ਗਰ੍ਹਾਈ ਕਰੋ। ਮਰ ਨ੍ਹੀਂ ਚੱਲੇ। ਸੌ-ਸੌ, ਦੋ ਦੋ ਸੋ ਕੱਢਦਿਆਂ।"

ਗੁਰਦਵਾਰਾ ਬਣਿਆਂ ਤਾਂ ਮੋਤੀ ਤੇ ਸਲਵੰਤ ਨੇ ਨੈਤੇ ਨੂੰ ਗੁਰਦਵਾਰੇ ਦੀ ਦੇਖ-ਰੇਖ਼ ਦੀ ਜ਼ਿੰਮੇਵਾਰੀ ਸੌਂਪੀ। ਉਹ ਰੋਜ਼ ਗੁਰਦਵਾਰੇ ਜਾਂਦਾ। ਬਹੁਕਰ ਬਹਾਰੀ ਕਰਦਾ।

ਆਪਣੀ ਅਰਦਾਸ ਮੁਕੰਮਲ ਕਰ ਕੇ ਨਿੰਦਰ ਨੇ ਤਕੀਏ ਵੱਲ ਧੌਣ ਮੋੜੀ।

ਔਹ ਕੀ ਲਮਕਦਾ ਸੀ ਤਕੀਏ ਦੇ ਬੁੱਢੇ ਬੋਹੜ ਨਾਲ! ਬੰਦੇ ਵਰਗਾ ਸੀ ਇਹ ਤਾਂ!

ਸੱਚਮੁੱਚ ਬੰਦਾ ਹੀ ਸੀ। ਨੀਵੇਂ ਡਾਹਣ ਨਾਲ ਪੱਗ ਬੰਨ੍ਹ ਕੇ ਕਿਸੇ ਨੇ ਫ਼ਾਹਾ ਲੈ ਲਿਆ ਸੀ। ਭਿਆਨਕ ਦ੍ਰਿਸ਼ ਵੇਖ ਕੇ ਉਹ ਚੀਕ ਮਾਰਨ ਲੱਗਾ ਪਰ ਉਹਦਾ ਤਾਂ ਸਾਹ ਹੀ ਸੁੱਕ ਗਿਆ ਸੀ। ਪਹਿਲਾਂ ਉਹ ਓਥੋਂ ਭੱਜਣ ਲੱਗਾ, ਪਰ ਫਿਰ ਕੁਝ ਸੋਚ ਕੇ ਰੁਕ ਗਿਆ। ਪਛਾਣ ਕਰਨ ਲਈ ਉਹਨੇ ਉੱਘੜ ਰਹੇ ਚਾਨਣ ਵਿਚ ਲਟਕਦੀ ਲਾਸ਼ ਦੇ ਆਲੇ ਦੁਆਲੇ ਗੇੜਾ ਕੱਢਿਆ।

ਇਹ ਤਾਂ ਭਜਨਾ ਲੀਡਰ ਸੀ। ਪਿੰਡ ਵਿਚ ਨੌਜਵਾਨ ਸਭਾ ਵੱਲੋਂ ਨਾਟਕ ਹੁੰਦੇ, ਕਿਸਾਨ ਯੂਨੀਅਨਾਂ ਦੇ ਜਲਸੇ ਹੁੰਦੇ ਤਾਂ ਉਹ ਆਗੂਆਂ ਨਾਲ ਹੋ ਕੇ ਪਿੰਡ ਵਿਚੋਂ ਉਗਰਾਹੀ ਕਰਵਾਉਂਦਾ। ਆਪਣੇ ਘਰ ਉਹਨਾਂ ਦੇ ਰੋਟੀ-ਟੁੱਕ ਦਾ ਪ੍ਰਬੰਧ ਕਰਦਾ। ਕਿਸਾਨ ਯੂਨੀਅਨ ਵਾਲਿਆਂ ਨੇ ਇਕ ਜਲਸੇ ਵੇਲੇ ਉਹਨੂੰ ਬਦੋ-ਬਦੀ ਪ੍ਰਧਾਨਗੀ ਦੀ ਕੁਰਸੀ 'ਤੇ ਬਿਠਾ ਦਿੱਤਾ ਤਾਂ ਪਿੰਡ ਵਾਲਿਆਂ ਨੇ ਉਹਦੀ ਅੱਲ 'ਲੀਡਰ' ਪਾ ਦਿੱਤੀ ਸੀ।

ਨਿੰਦਰ ਨੇ ਕਾਹਲੀ-ਕਾਹਲੀ ਲੀਡਰ ਦੇ ਘਰ ਦਾ ਰੁਖ਼ ਕੀਤਾ। ਚਾਨਣ ਹੋ ਚੁੱਕਾ ਸੀ। ਇੱਕਾ-ਦੁੱਕਾ ਲੋਕ ਕੰਮ ਧੰਦਿਆਂ ਲਈ ਗਲੀਆਂ ਵਿਚ ਨਿਕਲ ਤੁਰੇ ਸਨ।

ਘਰ ਦਾ ਬਾਹਰਲਾ ਬੂਹਾ ਅੱਧ-ਖੁੱਲ੍ਹਾ ਸੀ। ਅੰਦਰ ਹੋ ਕੇ ਉਹਨੇ ਲੀਡਰ ਦੇ ਮੁੰਡੇ ਦਾ ਨਾਂ ਲੈ ਕੇ ਆਵਾਜ਼ ਦਿੱਤੀ, "ਭਾਊ ਮਿੰਦ੍ਰਾ! ਓ ਭਾਊ ਮਿੰਦ੍ਰਾ!"

ਘਰ ਵਿਚੋਂ ਕੋਈ ਨਾ ਕੁਸਕਿਆ ਤਾਂ ਉਹਨੇ ਵਿਹੜੇ ਵਿਚ ਹੋਰ ਅੱਗੇ ਹੋ ਕੇ ਆਵਾਜ਼ ਦਿੱਤੀ।

ਐਤਕੀਂ ਲੀਡਰ ਦੀ ਘਰਵਾਲੀ ਤਾਰੋ ਸਿਰ ਦੇ ਵਾਲ ਸੰਵਾਰਦੀ ਤੇ ਘਸਮੈਲਾ ਲੀੜਾ ਸਿਰ 'ਤੇ ਠੀਕ ਕਰਦੀ ਬਾਹਰ ਆਈ।

"ਵੇ ਕਿਧਰ ਆ ਗਿਐਂ ਤੜਕੇ ਤੜਕੇ? ਹੇਮਾ ਮਾਲਨੀ ਨੂੰ ਲੱਭਦਾ ਫਿਰਦੈਂ?"

"ਨਹੀਂ ਚਾਚੀ! ਮੈਂ ਤਾਂ ਚਾਚੇ ਭਜਨ ਸੁੰਹ ਨੂੰ ਲੱਭਦਾ ਫਿਰਦਾਂ।"

"ਵੇ ਕੀ ਕੰਮ ਆ ਪਿਆ ਸਵੇਰੇ ਸਵੇਰੇ ਉਹਦੇ ਗੋਚਰਾ? ਨਾਲੇ ਉਹ ਕਿਹੜਾ ਗਵਾਚਾ ਆ, ਜਿਹਨੂੰ ਲੱਭਦਾ ਫਿਰਦੈਂ?"

"ਚਾਚੀ! ਚਾਚਾ ਗਵਾਚ ਗਿਆ ਈ। ਹੁਣ ਲੱਭਦੀ ਫਿਰੇਂਗੀ।"

ਤਾਰੋ ਦੇ ਕਲੇਜੇ ਨੂੰ ਘੇਰ ਪਈ,"ਹੈ ਹਾਏ! ਵੇ ਤੇਰੇ ਰੱਖ ਲਿਆਂ ਨੂੰ। ਕੀ ਕਬੋਲ ਬਕਣ ਡਿਹੈਂ?"

ਉਹ ਕਾਹਲੀ ਕਦਮੀ ਅੰਦਰ ਗਈ ਤੇ ਭਜਨ ਸੁੰਹ ਦੀ ਖਾਲੀ ਮੰਜੀ ਵੇਖ ਕੇ ਬਾਹਰ ਭੱਜੀ ਆਈ।

ਉਹਨੇ ਬੁੱਤ ਬਣੇ ਨਿੰਦਰ ਨੂੰ ਝੰਜੋੜਿਆ, "ਵੇ ਕੁਝ ਮੂੰਹੋਂ ਵੀ ਫੁੱਟ। ਕਿੱਥੇ ਐ ਚਾਚਾ ਤੇਰਾ?"

"ਚਾਚੀ! ਚਾਚਾ ਤਕੀਏ ਵਾਲੇ ਬੋਹੜ ਦੇ ਟਾਹਣ ਨਾਲ!" ਨਿੰਦਰ ਦਾ ਰੋਣ ਨਿਕਲ ਗਿਆ।

ਤਾਰੋ ਦੀ ਅਸਮਾਨ ਚੀਰਦੀ ਚੀਕ ਨਾਲ ਪਿੰਡ ਜਾਗ ਉਠਿਆ। ਅੰਦਰੋਂ ਕਮਲਿਆਂ ਵਾਂਗ ਭੱਜੀ ਆਉਂਦੀ ਉਹਦੀ ਧੀ ਨੇ ਹਾੜ੍ਹਾ ਲਿਆ, "ਨੀ ਬੀਬੀ! ਅਸੀਂ ਤਾਂ ਪਹਿਲਾਂ ਈ ਲੁੱਟ-ਪੁੱਟੇ ਆਂ। ਨਵਾਂ ਕੀ ਕਹਿਰ ਢਹਿ ਪਿਆ?"

ਪੱਟਾਂ 'ਤੇ ਵੱਜੇ ਦੁਹੱਥੜ ਨਾਲ ਕੁੜੀ ਦੇ ਹੱਥੀਂ ਪਏ ਚੂੜੇ ਦੀਆਂ ਬੇਰੰਗ ਹੋ ਗਈਆਂ ਚੂੜੀਆਂ ਦੀ ਰੋਂਦੀ ਟੁਣਕਾਰ ਚੀਕਾਂ ਵਿਚ ਗਵਾਚ ਗਈ।

ਕੁਹਰਾਮ ਮੱਚਿਆ ਵੇਖ ਕੇ ਅੱਖਾਂ ਮਲਦਾ ਮਹਿੰਦਰ ਵੀ ਕੋਲ਼ ਆ ਕੇ ਖਲੋ ਗਿਆ। ਨਸ਼ੇ ਨਾਲ ਅਜੇ ਵੀ ਉਹਦੀਆਂ ਅੱਖਾਂ ਮਿਚਦੀਆਂ ਜਾ ਰਹੀਆਂ ਸਨ ਤੇ ਤਾਰੋ ਦੇ ਕਥਨ ਮੂਜਬ ਖਾਧੀ ਹੋਈ 'ਭੱਸ-ਖੇਹ' ਨਾਲ ਅਜੇ ਵੀ ਉਹਦੇ ਬੁੱਲ੍ਹ ਲਿੱਬੜੇ, ਲਾਲ ਤੇ ਘੁੱਟ ਕੇ ਮੀਚੇ ਹੋਏ ਸਨ।

ਪਲਾਂ-ਛਿਣਾਂ ਵਿਚ ਆਂਢ-ਗਵਾਂਢ ਤੇ ਭਜਨੇ ਦਾ ਭਾਈਚਾਰਾ ਇਕੱਠਾ ਹੋ ਗਿਆ।

ਪੁਰਾਣੇ ਅਕਾਲੀ ਬਾਬੇ ਨਿਹਾਲ ਸਿੰਘ ਨੇ ਸਿਆਣੀ ਸਲਾਹ ਦਿੱਤੀ, "ਛੇਤੀ ਛੇਤੀ ਇਹਨੂੰ ਸਾਂਭਣ-ਸਮੇਟਣ ਦੀ ਗੱਲ ਕਰੋ। ਪੁਲਿਸ ਨਾ ਕੋਈ ਬਖੇੜਾ ਖੜ੍ਹਾ ਕਰ ਲਵੇ।"

ਦੋ ਘੰਟਿਆਂ ਦੇ ਵਿਚ-ਵਿਚ ਭਜਨੇ ਦਾ ਸਸਕਾਰ ਕਰ ਕੇ ਬਹੁਤੇ ਲੋਕ ਘਰੋ-ਘਰੀ ਚਲੇ ਗਏ। ਕੁਝ ਗਿਣਵੇਂ-ਚੁਣਵੇਂ ਸਕੇ-ਸੋਦਰੇ ਤੇ ਆਂਢੀ-ਗਵਾਂਢੀ ਸੱਥਰ 'ਤੇ ਆਣ ਬੈਠੇ।

ਨਿੰਦਰ ਨੇ ਸੱਥਰ 'ਤੇ ਬੈਠੇ ਲੋਕਾਂ ਨੂੰ ਪਾਣੀ-ਧਾਣੀ ਪਿਆਉਣ ਦੀ ਡਿਊਟੀ ਆਪ ਹੀ ਸਾਂਭ ਲਈ ਸੀ। ਜੱਗ 'ਚੋਂ ਪਾਣੀ ਦਾ ਗਲਾਸ ਭਰ ਕੇ ਹੋਰਾਂ ਨੂੰ ਪਿਆਉਂਦਾ ਜਦੋਂ ਉਹ ਦਰੀ 'ਤੇ ਬੈਠੇ ਅਤਰੇ ਨਿਹੰਗ ਨੂੰ ਗਲਾਸ ਫੜਾਉਣ ਲੱਗਾ ਤਾਂ ਉਹ ਚਿਣਕ ਕੇ ਪਿਆ, "ਚੱਲ ਉਏ! ਪਾਸੇ ਹਟ! ਇਹਨੂੰ ਪਾਣੀ ਪਿਆਉਣ ਕੀਹਨੇ ਲਾਇਐ? ਕੋਈ ਸੁੱਚ-ਭਿੱਟ ਦਾ ਵੀ ਧਿਆਨ ਧਰੋ ਗੁਰਮੁਖੋ!"

"ਕੋਈ ਨਹੀਂ ਸਿੰਘ ਸਾਹਬ! ਗੁੱਸਾ ਨਾ ਕਰੋ। ਅੱਜ-ਕੱਲ੍ਹ ਸੁੱਚ-ਭਿੱਟ ਦੀਆਂ ਗੱਲਾਂ ਕਿੱਥੇ ਰਹਿ ਗਈਆਂ! ਕਲਗੀਆਂ ਵਾਲੇ ਪਾਤਸ਼ਾਹ ਨੇ ਤਾਂ ਆਪ ਰੰਘਰੇਟਿਆਂ ਨੂੰ ਗਲ ਨਾਲ ਲਾਇਆ ਸੀ।"

ਬਾਬੇ ਨਿਹਾਲ ਸਿੰਘ ਨੇ ਜਦ ਅਤਰੇ ਨਿਹੰਗ ਨੂੰ ਟੋਕਿਆ ਤਾਂ ਨਿੰਦਰ ਹੌਂਸਲੇ ਵਿਚ ਹੋ ਗਿਆ। ਉਹਨੇ ਪਾਣੀ ਦਾ ਗਲਾਸ ਹੋਰ ਵੀ ਚੰਗੀ ਤਰ੍ਹਾਂ ਹੱਥ ਵਿਚ ਘੁੱਟ ਲਿਆ। ਮਨ ਹੀ ਮਨ ਵਿਚ ਅਤਰੇ ਨੂੰ ਗਾਲ੍ਹ ਕੱਢੀ। "ਇਹਦੇ ਨਾਲ ਐਂ ਹੀ ਹੋਣੀ ਚਾਹੀਦੀ ਸੀ। ਟਿੰਡ ਸੁੱਖੇ ਦੀ ਪੀ ਕੇ ਜੱਟ-ਮਜ਼ਬ੍ਹੀ ਪਰਖਦੇ ਰਹਿੰਦਾ ਹਰ ਵੇਲੇ!"

"ਚੱਲ ਹਟ ਜਾ ਕਾਕਾ ਪਿੱਛੇ।" ਬਾਬੇ ਨਿਹਾਲ ਸਿੰਘ ਨੇ 'ਵਿਚ-ਵਿਚਾਲਾ' ਕਰਦਿਆਂ ਕਿਹਾ, "ਚੱਲ੍ਹ ਮਿੰਦ੍ਰਾ! ਤੂੰ ਪਿਆ ਦੇ ਪਾਣੀ ਭਾਈ!"

ਆਪਣਾ ਨਾਂ ਸੁਣ ਕੇ ਮਹਿੰਦਰ ਨੇ ਜ਼ੋਰ ਲਾ ਕੇ ਅੱਖਾਂ ਪੁੱਟੀਆਂ।

ਅਤਰੇ ਨਿਹੰਗ ਦੇ ਟੋਕਣ ਅਤੇ ਬਾਬੇ ਅਕਾਲੀ ਦੇ ਵਰਜਣ ਕਰ ਕੇ ਨਿੰਦਰ ਇਕ ਪਾਸੇ ਹੋ ਕੇ ਖਲੋ ਗਿਆ।

ਮਿੰਦੋ ਤੇ ਤਾਰੋ ਦੀ ਕੁਰਲਾਹਟ ਸੁਣ ਕੇ ਨਿੰਦਰ ਦੇ ਆਪ ਮੁਹਾਰੇ ਅੱਥਰੂ ਵਹਿਣ ਲੱਗੇ। ਉਹਨੂੰ ਧੰਤੋ, ਸ੍ਰੀ ਦੇਵੀ ਤੇ ਸੀਤੋ ਯਾਦ ਆ ਗਈਆਂ ਸਨ। ਅਤਰੇ ਨਿਹੰਗ ਵੱਲੋਂ ਕੀਤੀ ਬੇਇਜ਼ਤੀ ਪਲ ਦੀ ਪਲ ਭੁੱਲ ਗਈ। ਉਹ ਸੋਚਣ ਲੱਗਾ, ਕੀ ਉਹ ਸੱਚਮੁੱਚ ਧਰਮਿੰਦਰ ਦਾ ਮੁੰਡਾ ਨਹੀਂ? ਕੀ ਨੈਤਾ ਤੇ ਛਿੰਨੋ ਹੀ ਉਹਦੇ ਮਾਂ-ਬਾਪ ਨੇ? ਕੀ ਉਹ ਜੱਟਾਂ ਦਾ ਨਹੀਂ, ਮਜ਼੍ਹਬੀਆਂ ਦਾ ਮੁੰਡਾ ਹੀ ਏ?

ਉਹਦੇ ਚੇਤੇ ਵਿਚ ਬਚਪਨ ਦਾ ਦ੍ਰਿਸ਼ ਚੀਸ ਬਣ ਕੇ ਉੱਭਰ ਆਇਆ।

..."ਚਲੋ1 ਮਾਰੋ ਮੁੰਡਿਓ ਤਾੜੀ। ਤੇ ਤੁਸੀਂ 'ਭਲਵਾਨੋ ਮਾਰ ਕੇ ਲਲਕਾਰਾ ਆ ਜੋ ਅਖਾੜੇ 'ਚ।"

ਘੇਰਾ ਬਣਾ ਕੇ ਖਲੋਤੇ ਮੁੰਡਿਆਂ ਨੇ ਤਾੜੀ ਮਾਰੀ।

'ਲਲਕਾਰੇ' ਦੀ ਗੱਲ ਸੁਣ ਕੇ ਛਿੰਦੇ ਨੇ ਪੱਟ 'ਤੇ ਥਾਪੀ ਮਾਰੀ ਤੇ ਬੁਲਬੁਲੀ ਮਾਰ ਕੇ ਲਲਕਾਰਿਆ, "ਮੈਂ ਸਾਨ੍ਹ ਜੱਟ ਉਏ!"

ਉਹਦੀ ਵੇਖਾ-ਵੇਖੀ ਨਿੰਦਰ ਨੇ ਵੀ ਥਾਪੀ ਮਾਰ ਕੇ ਲਲਕਾਰਿਆ, " ਮੈਂ ਵੀ ਸਾਨ੍ਹ ਜੱਟ ਉਏ!"

ਏਨੀ ਆਖ ਕੇ ਉਹ ਇਕ-ਦਮ ਢੈਲਾ ਪੈ ਗਿਆ। ਮਾਫੀ ਮੰਗਣ ਵਾਂਗ ਮਾਸਟਰ ਨੂੰ ਕਹਿੰਦਾ, "ਪਰ ਮੈਂ ਤਾਂ ਮਜਬ੍ਹੀ ਆਂ!"

ਉਹਦੇ ਬੋਲਾਂ ਵਿਚਲੀ ਵਿਚਾਰਗੀ ਨੂੰ ਮਹਿਸੂਸ ਕੀਤੇ ਬਿਨਾਂ ਮਾਸਟਰ ਸਮੇਤ ਮੁੰਡੇ ਹੱਸ ਪਏ।

"ਕੋਈ ਨ੍ਹੀਂ! ਕੋਈ ਨ੍ਹੀ। ਜੱਟ, ਮਜ਼੍ਹਬੀ ਦਾ ਕੋਈ ਰੌਲਾ ਨ੍ਹੀਂ। ਤੂੰ ਪਕੜ ਵਖਾ।" ਮਾਸਟਰ ਦੇ ਦਿੱਤੇ ਹੌਂਸਲੇ ਨੇ ਵੀ ਨਿੰਦਰ ਨੂੰ ਕੋਈ ਆਸਰਾ ਨਾ ਦਿੱਤਾ। ...

ਤੇ ਹੁਣ ਉਹਦਾ ਜੀਅ ਕੀਤਾ ਕਿ ਉੱਚੀ ਆਵਾਜ਼ ਵਿਚ ਆਖੇ, "ਰੌਲਾ ਕਿਉਂ ਨ੍ਹੀਂ? ਜੱਟ-ਮਜ਼੍ਹਬੀ ਦਾ ਰੌਲਾ ਤਾਂ ਫੇਰ ਹੈ ਈ ਆ ਕਿ!"

ਸੱਥਰ 'ਤੇ ਬੈਠੇ ਬੰਦਿਆਂ ਲਈ 'ਰਾਜਾ' ਚਾਹ ਦਾ ਜੱਗ ਫੜੀ ਆਇਆ। ਉਹਨੇ ਇਕ ਹੱਥ ਵਿਚ ਦਸ ਪੰਦਰਾਂ ਗਲਾਸ ਫੜ ਕੇ ਹਿੱਕ ਨਾਲ ਲਾਏ ਹੋਏ ਸਨ। ਚਾਹ ਵਰਤਾਉਣ ਦੀ ਸਹੂਲਤ ਲਈ

ਉਹਨੇ ਗਲਾਸ ਨਿੰਦਰ ਨੂੰ ਫੜਾਏ ਤੇ 'ਕੱਲੇ-'ਕੱਲੇ ਗਲਾਸ ਵਿਚ ਚਾਹ ਪਾ ਕੇ ਬੈਠੇ ਬੰਦਿਆਂ ਨੂੰ ਫੜਾਉਣ ਲੱਗਾ। ਕਿਸੇ ਨੇ ਵੀ ਇਸ 'ਤੇ ਇਤਰਾਜ਼ ਨਾ ਕੀਤਾ। ਰਾਜੇ ਨੂੰ ਗਲਾਸ ਵਿਚ ਚਾਹ ਉਲੱਦਦਿਆਂ ਵੇਖ ਕੇ, ਨਿੰਦਰ ਕੋਲ ਜਿਹੇ ਹੋ ਕੇ, ਗਲਾਸ ਵਿਚ ਪੈਂਦੀ ਭਾਫ਼ ਛੱਡਦੀ ਚਾਹ ਦੀ ਧਾਰ ਵੱਲ ਟਿਕਟਿਕੀ ਲਾ ਕੇ ਵੇਖ ਰਿਹਾ ਸੀ ਕਿ ਅਤਰਾ ਨਿਹੰਗ ਮੁੜ ਉਹਦੇ ਵੱਲ ਹੋਇਆ, "ਕੁਜਾਤੇ! ਤੂੰ ਏਥੇ ਕਰਦਾ ਕੀ ਐਂ ਉਏ। ਐਵੇਂ ਉੱਤੇ ਚੜ੍ਹ-ਚੜ੍ਹ ਆਉਨੈ। ਕਿਆ ਕੁੱਤੇ ਝਾਕ ਲਾਈ ਏ। ਫੜੋ ਇਹਦੇ ਹੱਥੋਂ ਗਲਾਸ!"

"ਉਫ਼ ਓ! ਵਾਹ ਉਏ ਗੁਰੂ ਦਿਆ ਸਿੰਘਾ!"

ਬਾਬੇ ਅਕਾਲੀ ਨੇ ਨਿਹੰਗ ਦੀ ਹਰਕਤ ਤੋਂ ਪਰੇਸ਼ਾਨ ਹੋ ਕੇ ਆਪਣੇ ਮੱਥੇ ਨੂੰ ਘੁੱਟ ਲਿਆ।

ਬੇਰਸੀ ਹੋਣ ਦੇ ਡਰੋਂ ਬਾਬੇ ਨੇ ਮਹਿੰਦਰ ਨੂੰ ਪੁੱਛਿਆ, "ਇਹਨੂੰ ਆਪ ਸੱਦਿਐ ਤੁਸੀਂ?"

ਮਹਿੰਦਰ ਦਾ ਨਾਂਹ ਵਿਚ ਹਿੱਲਦਾ ਸਿਰ ਵੇਖ ਕੇ ਬਾਬੇ ਨੇ ਨਿੰਦਰ ਨੂੰ ਕਿਹਾ, "ਕਾਕਾ! ਜਾਹ ਤੂੰ ਆਪਣੇ ਘਰ। ਲੋੜ ਹੋਈ ਤਾਂ ਸੱਦ ਲਾਂ 'ਗੇ।"

"ਲਿਆ ਉਰੇ ਉਏ ਐਕਟਰਾ! ਕੀ ਨਾਂ ਲਈਦਾ, ਤੂੰ ਚਾਹ ਦਾ ਗਲਾਸ ਮੇਰੇ ਵੱਲ ਕਰ। ਹੱਦ ਹੋ 'ਗੀ ਯਾਰ! ਇਹਨੂੰ ਭਲਾ ਕੋਹੜ ਹੋਇਆ? ਬਾਬਾ ਅਕਾਲੀਆ ਤੂੰ ਵੀ ਚੰਗਾ ਗੁਰੂ ਦਾ ਸਿੱਖ ਏਂ।"

ਇਹ ਨੰਜੂ ਖੜਪੈਂਚ ਸੀ। ਚੱਲਦਾ ਪੁਰਜ਼ਾ ਬੰਦਾ। ਸਰਕਾਰੇ ਦਰਬਾਰੇ ਪਹੁੰਚ ਵਾਲਾ। ਸਮੈਕ ਤੇ ਚਿੱਟੇ ਦਾ ਵਪਾਰੀ। ਮੰਤਰੀਆਂ ਨਾਲ ਯਾਰੀ! ਉਹਦੀ ਘੁਰਕੀ ਅੱਗੇ ਅਤਰਾ ਨਿਹੰਗ ਵੀ ਚੁੱਪ ਕਰ ਗਿਆ। ਉਹ ਵੀ ਕਦੀ ਕਦੀ ਖੜਪੈਂਚ ਕੋਲੋਂ 'ਸੁਰਗੀ ਝੂਟਾ' ਲੈ ਲੈਂਦਾ ਸੀ।

"ਨਹੀਂ ਨਿਰੰਜਨ ਸਿਹਾਂ! ਮੈਂ ਕਾਹਦਾ ਗੁਰੂ ਦਾ ਸਿੱਖ ਆਂ! ਨਿਹੰਗ ਅਤਰ ਸੁੰਹ ਆਂ ਗੁਰੂ ਦਾ ਅਸਲੀ ਸਿੱਖ ਤਾਂ!"

ਬਾਬੇ ਅਕਾਲੀ ਦੇ ਬੋਲਾਂ ਵਿਚ ਰੋਸ ਤੇ ਨਿਹੋਰਾ ਸੀ।

ਚਾਹ ਦਾ ਗਲਾਸ ਹੱਥ ਵਿਚ ਲੈ ਕੇ ਦੋਵਾਂ ਹੱਥਾਂ ਨਾਲ ਸਹਿਲਾਉਂਦਾ ਖੜਪੈਂਚ ਬੋਲਿਆ, "ਅੱਜ ਕੱਲ੍ਹ, ਕੀ ਨਾਂ ਲਈਦਾ, ਕੌਣ ਜਾਤਾਂ ਪਾਤਾਂ ਨੂੰ ਪੁੱਛਦੈ। ਬੰਦੇ ਦੇ ਅਮਲ ਚੰਗੇ ਹੋਣੇ ਚਾਹੀਦੇ ਨੇ।"

"ਗੱਲ ਤਾਂ ਖੜਪੈਂਚ ਦੀਂ ਠੀਕ ਆਂ ਭਾਈ, ਬੰਦੇ ਦੇਂ ਅਮਲ ਚੰਗੇ ਹੋਣੇ ਚਾਹੀਂਦੇ ਨੇ।" ਭੁੱਚਰ ਅਮਲੀ ਨੇ ਗੁਣਗੁਣੀ ਆਵਾਜ਼ ਵਿਚ ਹਾਮੀ ਤਾਂ ਭਰ ਦਿੱਤੀ ਪਰ ਅਗਲੀ ਗੱਲ ਉਹਨੇ ਮਨ ਹੀ ਮਨ ਵਿਚ ਆਖ ਲਈ, "ਤੇਰੇ ਧੰਦੇ 'ਚ ਭਾਈ ਜਾਤ ਪਾਤ ਕਾਹਦੀ! ਤੂੰ ਤਾਂ ਲੁੱਟਣੈ, ਤਬਾਹ ਕਰਨੈ। ਕੋਈ ਵੀ ਘਰ ਹੋਵੇ। ਕੋਈ ਵੀ ਜੀਅ ਹੋਵੇ।"

ਖੜਪੈਂਚ ਨੇ ਗੱਲਬਾਤ ਦੀ ਵਾਗ-ਡੋਰ ਸੰਭਾਲੀ ਹੋਈ ਸੀ, "ਅਸਲ 'ਚ ਲੀਡਰ ਨੂੰ, ਕੀ ਨਾਂ ਲਈਦਾ, ਕਰਜੇ ਦੀ ਮਾਰ ਲੈ ਗਈ। ਪਿਛਲੇ ਹਫ਼ਤੇ ਅਜੇ ਤੇਲੂ ਆੜ੍ਹਤੀਆ ਮੈਨੂੰ ਆਂਹਦਾ ਸੀ ਕਿ ਭਜਨੇ ਦੇ ਸਿਰ ਸਾਢੇ ਚਾਰ ਲੱਖ ਦਾ ਕਰਜਾ। ਦਿਵਾ ਦੇ, ਤੇਰੇ ਆਖੇ ਲੱਗਦਾ। ਮੈਂ 'ਖਿਆ ਜੇ ਤੇਰੇ ਦਵਾ ਸਕਦਾ ਹੁੰਦਾ ਤਾਂ ਪਹਿਲਾਂ ਆਪਣੇ ਨਾ ਲੈ ਲੈਂਦਾ। ਕਿਉਂ ਮਿੰਦ੍ਰਾ?"

ਜਵਾਬ ਦੇਣ ਦੀ ਥਾਂ ਮਹਿੰਦਰ ਕਿਸੇ ਬਹਾਨੇ ਉਠ ਕੇ ਅੰਦਰ ਜਾ ਵੜਿਆ।

ਨਿੰਦਰ ਨੇ ਵੀ ਕਈਆਂ ਨੂੰ ਦਿੱਤਾ 'ਕਰਜਾ' ਵਾਪਸ ਲੈਣਾ ਸੀ। ਉਹ ਹੁਣ ਕਿਸ ਨੂੰ ਆਖੇ , "ਮੇਰਾ ਕਰਜਾ ਮੁੜਵਾ ਦਿਉ।" ਭਜਨੇ ਦੇ ਛੋਟੇ ਭਰਾ ਸੁਰਜਨ ਨੇ ਟਾਂਕਾ ਲਾਇਆ, "ਅਜੇ ਤਾਂ ਭਾਊ, ਬੈਂਕ ਦਾ ਸੱਤ ਲੱਖ ਖੜ੍ਹੈ ਸਿਰ 'ਤੇ।"

ਛੇਆਂ ਕਿੱਲਿਆਂ ਵਾਲੇ ਗ਼ਰੀਬ ਜੱਟ ਨੇ ਜ਼ਮੀਨ ਗਹਿਣੇ ਰੱਖ ਕੇ ਮਹਿੰਦਰ ਨੂੰ 'ਬਾਹਰਲੇ ਮੁਲਕ' ਭੇਜਿਆ ਸੀ ਤਾਕਿ ਘਰ ਦੀ ਕਿਸਮਤ ਪਲਟ ਜਾਵੇ। ਬਾਰ੍ਹਵੀਂ ਕਰ ਕੇ ਉਹ ਅੱਗੇ ਪੜ੍ਹਨੋਂ ਵਿਹਰ ਗਿਆ ਸੀ ਤੇ ਏਜੰਟਾਂ ਦੇ ਢਹੇ ਚੜ੍ਹ ਕੇ ਸਾਲ-ਭਰ ਏਧਰ-ਓਧਰ ਧੱਕੇ ਖਾ ਕੇ ਘਰ ਮੁੜ ਆਇਆ ਸੀ। ਇਕ-ਦੋ ਵਾਰ ਫਿਰ ਕੋਸ਼ਿਸ਼ ਕੀਤੀ ਪਰ ਗੱਲ ਨਾ ਬਣੀ। ਫਿਰ ਨਸ਼ਿਆਂ ਵਿਚ ਅਜਿਹਾ ਰੁੜ੍ਹਿਆ ਕਿ ਲੱਖ ਕੋਸ਼ਿਸ਼ ਕਰਨ ਦੇ ਬਾਵਜੂਦ ਭਜਨ ਸੁੰਹ ਉਹਨੂੰ ਇਸ ਘੁੰਮਣਘੇਰੀ ਵਿਚੋਂ ਬਾਹਰ ਨਾ ਕੱਢ ਸਕਿਆ।

ਬਾਬੇ ਨਿਹਾਲ ਸਿੰਘ ਨੇ ਤੋੜਾ ਝਾੜਿਆ, "ਬੁਰਾ ਹਾਲ ਤੇ ਬੌਂਕੇ ਦਿਹਾੜੇ ਮਾੜੇ ਜੱਟਾਂ ਦੇ! ਵਿਚਾਰਾ ਭਜਨ ਸੁੰਹ! ਔਲਾਦ ਵੀ ਦਏ ਸੱਚਾ ਪਾਤਸ਼ਾਹ ਤਾਂ" ਉਹਨੇ ਗੱਲ ਅੱਧ-ਵਿਚਾਲੇ ਛੱਡ ਦਿੱਤੀ।

"ਔਲਾਦ ਨੂੰ ਕੀ ਹੋਇਆ ਚਾਚਾ! ਧੀ ਵਿਚਾਰੀ ਗਊ। ਕੀ ਨਾਂ ਲਈਦਾ, ਉਹਨੇ ਤਾਂ ਘਾਹ ਵੇਖ ਕੇ ਅਗਲਿਆਂ ਦੇ ਕਿੱਲੇ ਜਾ ਬੰਨ੍ਹੀ। ਹੁਣ ਜੇ ਅਗਲੇ ਕੰਜਰ ਨਿਕਲੇ ਤਾਂ ਕੀ ਨਾਂ ਲਈਦਾ, ਕੁੜੀ ਦਾ ਕੀ ਕਸੂਰ?" ਖੜਪੈਂਚ ਨੇ ਗੱਲ ਬਹਿਸ ਵਿਚ ਪਾਉਣੀ ਚਾਹੀ ਤਾਂ ਬਾਬੇ ਨਿਹਾਲ ਸਿੰਘ ਨੂੰ ਲੱਗਾ ਕਿ ਉਹਦੀ ਗੱਲ ਨੂੰ ਖੜਪੈਂਚ ਜਾਣ-ਬੁੱਝ ਕੇ ਪੁੱਠਾ ਗੇੜਾ ਦੇ ਰਿਹਾ ਸੀ।

"ਨਿਰੰਜਨ ਸਿਆਂ! ਉਸ ਵਿਚਾਰੀ ਬੇਕਸੂਰ ਅਬਲਾ ਦੀ ਗੱਲ ਕੀਹਨੇ ਕੀਤੀ ਏ। ਮੈਂ ਤਾਂ...", ਗੱਲ ਵਧਣ ਦੇ ਡਰੋਂ ਨਿਹਾਲ ਸਿੰਘ ਚੁੱਪ ਹੋ ਗਿਆ।

ਮਿੰਦ੍ਹੋ ਦਾ ਗ਼ਮ ਵੀ ਸੱਚਾ ਸੀ। ਕੁੜੀ ਹੋਣਹਾਰ ਸੀ ਤੇ ਮਿਹਨਤ ਨਾਲ ਬੀਏ ਪਾਸ ਕਰ ਗਈ ਸੀ। ਜਦੋਂ ਉਹਨਾਂ ਦੇ ਕਿਸੇ ਦੂਰ ਦੇ ਰਿਸ਼ਤੇਦਾਰ ਨੇ ਮਿੰਦ੍ਹੋ ਵਾਸਤੇ 'ਬਾਹਰੋਂ' ਆਏ ਕਿਸੇ ਮੁੰਡੇ ਦੀ ਦੱਸ ਪਾਈ ਤਾਂ ਭਜਨ ਸੁੰਹ ਨੇ ਸੋਚਿਆ, ਚਲੋ! ਪੁੱਤ ਨਹੀਂ ਤਾਂ, ਐਤਕੀਂ ਧੀ ਨੂੰ ਦਾਅ 'ਤੇ ਲਾ ਕੇ ਵੇਖ ਲੈਂਦੇ ਹਾਂ। ਉਹਦੇ ਪੈਰਾਂ ਪਿੱਛੇ ਸ਼ਾਇਦ ਮਹਿੰਦਰ ਤੇ ਉਹ ਵੀ ਦੋਵੇਂ ਜੀਅ ਬਾਹਰ ਚਲੇ ਜਾਣ। ਉਹਨਾਂ ਦਾ ਵੀ ਨਰਕ ਕੱਟਿਆ ਜਾਏ।

ਭਜਨੇ ਦੇ ਭਰਾ ਸੁਰਜਨ ਦਾ ਦੁੱਖ ਉਮਡ ਆਇਆ, "ਉਦੋਂ ਤਾਂ ਕੰਜਰ ਆਂਹਦੇ ਸੀ ਕਿ ਸਾਡੀ ਕੋਈ ਮੰਗ ਈ ਨਹੀਂ। ਬੱਸ ਚੰਗੇ ਜਿਹੇ ਪੈਲੇਸ ਵਿਚ, ਜਿੰਨੀ ਵੀ ਜੰਝ ਆਏ, ਉਹਦੀ ਵਧੀਆ ਜਿਹੀ ਸੇਵਾ ਕਰ ਦਿਓ! ਬੱਸ। ਫਿਰ ਦਿੱਤ-ਦਾਜ ਵੀ ਲੈ ਲਿਆ, ਕਾਰ ਵੀ ਮੰਗ ਲਈ। ਵਿਚਾਰੇ ਭਾਊ ਦੀ ਇਸ ਜੂਏ 'ਚ ਕਿੱਲਾ ਜਮੀਨ ਵੀ ਖਾਧੀ ਗਈ ਤੇ ਮੁੰਡਾ ਜਾ ਕੇ ਕਾਗਜ ਭੇਜਣ ਦਾ ਲਾਰਾ ਲਾ ਕੇ ਐਸਾ ਗਿਆ ਕਿ ਅੱਜ ਕਾਗਜ ਆਉਂਦੇ ਈ।"

"ਹਲਾਅ! ਸਾਨੂੰ ਤਾਂ ਵਿਚਲੀ ਗੱਲ ਦਾ ਪਤਾ ਨ੍ਹੀਂ।"

ਬਾਬੇ ਅਕਾਲੀ ਦੇ ਜਵਾਬ ਵਿਚ ਸੁਰਜਨ ਦੀ ਖਿਝ, ਗੁੱਸਾ ਤੇ ਬੇਵੱਸੀ ਬੋਲੀ, "ਬਾਬਾ ਕਾਲੀਆ! ਝੱਗਾ ਚੁੱਕੀਏ ਤਾਂ ਆਪਣਾ ਈ ਢਿੱਡ ਨੰਗਾ ਹੁੰਦਾ। ਕੁੜੀ ਵਿਚਾਰੀ ਤਾਂ ਸਹੁਰਿਆਂ ਦਾ ਰੋਟੀ-ਟੁੱਕ ਕਰਨ, ਅਧਰੰਗ ਦੀ ਮਾਰੀ ਸੱਸ ਦੀ ਸੇਵਾ-ਸੰਭਾਲ ਕਰਨ ਜੋਗੀ ਰਹਿ ਗਈ। ਗੋਹਾ-ਕੂੜਾ ਸਾਂਭਦੀ ਤੇ ਸਹੁਰਿਆਂ ਦਾ ਗੁਲੱਮ ਕਰਦੀ ਰਹੀ। ਇਹ ਤਾਂ ਹਫ਼ਤਾ ਪਹਿਲਾਂ ਉਹਨਾਂ ਦੇ ਘਰ ਮਿਲਣ ਆਈ ਪਿੰਡ ਦੀ ਬਾਹਰ ਰਹਿੰਦੀ ਕਿਸੇ ਸ਼ਰੀਕਣੀ ਤੋਂ ਪਤਾ ਲੱਗਾ ਕਿ ਮੁੰਡਾ ਤਾਂ ਕਿਸੇ ਨਾਲ ਪਹਿਲਾਂ ਹੀ ਵਿਆਹ ਕਰੀ ਬੈਠਾ ਏ ਤੇ ਉਹਦੇ ਤਾਂ ਦੋ ਨਿਆਣੇ ਵੀ ਨੇ। ਵਿਆਹ ਤਾਂ ਉਹਨੇ ਏਥੇ ਆਪਣੀ ਬੀਮਾਰ ਮਾਂ ਦੀ ਸੇਵਾ ਕਰਨ ਲਈ ਕੀਤਾ ਸੀ। ਉਹਦੇ ਸਹੁਰਿਆਂ ਨੂੰ ਵੀ ਸਾਰੀ ਗੱਲ ਦਾ ਪਤਾ ਸੀ।"

"ਬੜਾ ਧੱਕਾ ਹੋਇਆ ਫਿਰ ਤਾਂ। ਹੱਦ ਹੋ ਗੀ ਮੁਲਖ ਵਾਲੀ! ਧਾਡਾ ਕਿਹੜੇ ਜੁਗ ਭਲਾ ਹੋਊ ਜੁਲਮ ਕਰਨ ਵਾਲਿਓ! ਸਭਨਾਂ ਦਾ ਤੂੰ ਈ ਆਂ ਸੱਚਿਆ ਪਾਤਸ਼ਾਹ!" ਬਾਬੇ ਅਕਾਲੀ ਨੇ ਹੱਥ ਜੋੜ ਕੇ 'ਰੱਬ' ਵੱਲ ਕੀਤੇ।

ਖੜਪੈਂਚ ਨੇ ਗੱਲ-ਬਾਤ ਦਾ ਰੁਖ਼ ਮੋੜਨ ਲਈ ਆਪਣੀ ਰਾਇ ਦੇਣੀ ਜ਼ਰੂਰੀ ਸਮਝੀ, "ਸੁਰਜਨ ਸਿਹਾਂ! ਠੀਕ ਐ ਕੁੜੀ ਨਾਲ ਬਹੁਤ ਮਾੜਾ ਹੋਇਆ। ਪਰ ਮਿੰਦ੍ਹਰ ਨੇ ਕਿਹੜਾ ਮਰਜੀ ਨਾਲ ਸਭ ਕੁਝ ਕੀਤਾ? ਹੀਰੇ ਵਰਗਾ ਜਵਾਨ ਪੁੱਤ। ਉਹਨੇ ਕਰਜਾ ਚੁੱਕ ਕੇ ਬਾਹਰ ਭੇਜਿਆ। ਜੇ ਗੱਲ ਨਹੀਂ ਬਣੀ। ਵਿਚਾਰਾ ਮੁੜ ਆਇਆ ਤਾਂ ਕੀ ਨਾਂ ਲਈਦਾ, ਮੁੰਡੇ ਦਾ ਕੀ ਕਸੂਰ?"

ਖੜਪੈਂਚ ਲਈ ਮਹਿੰਦਰ ਸੱਚਮੁੱਚ 'ਬੇਕਸੂਰ' ਸੀ। ਹੁਣੇ ਤਾਂ ਵੇਲਾ ਆਇਆ ਸੀ ਉਹਦੀ ਮੁਰਾਦ ਪੂਰੀ ਹੋਣ ਦਾ। ਮਿੰਦ੍ਹਰ ਉਹਦੇ ਕੋਲ਼ੋਂ ਢਾਈ ਲੱਖ ਦੀ ਸਮੈਕ ਪੀ ਗਿਆ ਸੀ। ਜਦੋਂ ਖੜਪੈਂਚ ਨੇ ਭਜਨੇ ਨੂੰ ਮਿੰਦ੍ਹਰ ਦੇ 'ਬਣਦੇ ਪੈਸੇ' ਦੇਣ ਲਈ ਕਿਹਾ ਤਾਂ ਉਹ ਸੁਣ ਕੇ ਸੁੰਨ ਹੋ ਗਿਆ। ਉਹਦੀ ਜ਼ਬਾਨ ਥਥਲਾ ਗਈ, "ਭ ਭ ਭਾਊ! ਇ ਇਹ ਕੀ? ਕਿਵੇਂ, ਕਿਉਂ? ਕ ਕ ਕਿਉਂ, ਮੈ ਕਿਉਂ ਦਵਾਂ? ਓਸੇ ਤੋਂ ਲੈ ਜਿਨ੍ਹੇ ਨਸ਼ਾ ਖਵਾਇਆ ਈ। ਤੂੰ ਦੁਸ਼ਮਣੀ ਕੀਤੀ ਸਾਡੇ ਨਾਲ। ਮੁੰਡੇ ਨੂੰ ਨਸ਼ੇ 'ਤੇ ਲਾ 'ਤਾ।"

"ਓ ਸ਼ਰਮ ਕਰ ਲੀਡਰਾ! ਕੁਛ ਸ਼ਰਮ ਕਰ। ਕੋਈ ਕਿਸੇ ਨੂੰ ਨਸ਼ੇ 'ਤੇ ਕਿਵੇਂ ਲਾ ਸਕਦਾ ਜੇ ਅਗਲੇ ਦੀ ਮਰਜੀ ਨਾ ਹੋਵੇ। ਮੈਂ ਉਹਨੂੰ ਘਰੋਂ ਸੱਦਣ ਜਾਂਦਾ ਸਾਂ ਨਸ਼ਾ ਦੇਣ ਲਈ? ਆਪ ਆਉਂਦਾ ਸੀ ਸਰਦਾਰ ਜੀ। ਦੋ-ਦੋ ਦਿਨ ਤਰਲੇ ਕਰਦਾ ਸੀ, ਲੇਲ੍ਹੜੀਆਂ ਕੱਢਦਾ ਸੀ। ਪੈਰੀਂ ਪੈਂਦਾ ਸੀ। ਹੱਥ ਜੋੜਦਾ ਸੀ, "ਚਾਚਾ! ਜੇ ਤੂੰ ਮਿਹਰ ਨਾ ਕੀਤੀ ਤਾਂ ਮੈਂ ਮਰ ਜੂੰ। ਮੇਰੀ ਜਾਨ ਬੜੀ ਤੜਫ਼ਦੀ ਊ। ਬਚਾ ਲੈ ਮੈਨੂੰ।"...।"

ਕੁਝ ਪਲ ਰੁਕ ਕੇ ਉਹ ਫਿਰ ਬੋਲਿਆ,"ਵੇਖੋ ਉਏ ਯਾਰੋ! ਭਲੇ ਨੂੰ ਕੋਈ ਥਾਂ ਈ ਨਹੀਂ। ਸਾਡਾ ਵੀ ਵੀਰਾ ਕਾਰੋਬਾਰ ਆ। ਇਹ ਵੀ ਪੈਸੇ ਨਾਲ ਚੱਲਦਾ। ਮੇਰੇ ਵੱਲੋਂ ਕਾਲੇ ਚੋਰ 'ਤੋਂ ਲਿਆ। ਮੈਨੂੰ ਕੀ ਲੱਗੇ ਇਹਦੇ ਨਾਲ! ਜੇ ਨਾ ਦਏਂਗਾ ਤਾਂ ਮੈਂ ਪੁਲਿਸ ਕੋਲ ਵੀ ਜਾਊਂ ਤੇ ਅਦਾਲਤੇ ਵੀ।"

ਖੜਪੈਂਚ ਨੇ 'ਸਰਕਾਰੀ ਕਾਗ਼ਜ਼' ਦੀ ਲਿਖਤ ਭਜਨੇ ਅੱਗੇ ਕਰ ਦਿੱਤੀ, ਜਿਸ ਵਿਚ ਮਹਿੰਦਰ ਨੇ ਕਰਜ਼ੇ 'ਤੇ ਲਈ ਹੋਈ ਰਕਮ 'ਤੇ ਦਸਤਖ਼ਤ ਕੀਤੇ ਹੋਏ ਸਨ।

ਬਦਨਾਮੀ ਹੋਣ ਦੇ ਡਰੋਂ ਤੇ ਹੋਰ ਕੋਈ ਚਾਰਾ ਨਾ ਚੱਲਦਾ ਵੇਖ ਕੇ ਭਜਨੇ ਨੇ ਆਪਣੀ ਜ਼ਮੀਨ ਵਿਚੋਂ ਅੱਧਾ ਕਿੱਲਾ ਖੜਪੈਂਚ ਨੂੰ ਗਹਿਣੇ ਲਿਖਵਾ ਦਿੱਤਾ।

ਉਸਤੋਂ ਬਾਅਦ ਵੀ ਮਹਿੰਦਰ ਨਾ ਨਸ਼ਾ ਲੈਣੋਂ ਹਟਿਆ ਸੀ ਤੇ ਨਾ ਖੜਪੈਂਚ ਉਧਾਰ ਦੇਣੋਂ। 'ਲੋੜ ਜੋਗੀ' ਰਕਮ ਬਣ ਜਾਂਦੀ ਤਾਂ ਉਹ ਮਹਿੰਦਰ ਤੋਂ ਕਾਗ਼ਜ਼ ਕਰਾ ਲੈਂਦਾ। ਜਦੋਂ ਵਾਹਵਾ ਰਕਮ ਬਣ ਗਈ ਤਾਂ ਉਹਨੇ ਮਹਿੰਦਰ 'ਤੇ ਜ਼ੋਰ ਪਾਇਆ ਕਿ ਉਹਦੀ ਜ਼ਮੀਨ ਨਾਲ ਲਗਦਾ ਕਿੱਲਾ ਉਹਨੂੰ ਵੇਚ ਦੇਣ।

"ਚਾਚਾ! ਜਮੀਨ ਮੇਰੇ ਨਾਂ ਨਹੀਂ। ਹੁੰਦੀ ਤਾਂ ਮੈਂ ਲਿਖਵਾ ਦੇਂਦਾ।"

"ਤੂੰ ਆਪਣਾ ਹਿੱਸਾ ਮੰਗ ਲੀਡਰ 'ਤੋਂ।"

ਓਸੇ ਰਾਤ ਮਹਿੰਦਰ ਨੇ ਘਰ ਵਿਚ ਝੱਜੂ ਪਾ ਲਿਆ। "ਤੂੰ ਮੇਰੇ ਹਿੱਸੇ ਦੀ ਜਮੀਨ ਮੇਰੇ ਨਾਂ ਕਿਉਂ ਨਹੀਂ ਲਵਾਉਂਦਾ। ਮੈਂ ਜਿਵੇਂ ਚਾਹਵਾਂ,ਖਾਵਾਂ-ਵਰਤਾਂ।"

"ਤੈਨੂੰ ਕਿਉਂ ਦੇਵਾਂ ਉਏ। ਤੂੰ ਫੂਕ ਦਏਂ ਨਸ਼ੇ ਵਿਚ। ਜਿੰਨਾ ਚਿਰ ਜਿਊਂਦੇ ਆਂ ਜਮੀਨ ਸਾਡੀ। ਮਰਨ ਤੋਂ ਬਾਅਦ ਵੇਖੀ ਜੂ। ਜਿਹਨੂੰ ਜਾਂਦੀ ਜਾਵੇ!"

"ਕੰਜਰਾ! ਮੈਨੂੰ ਪਹਿਲਾਂ ਪਤਾ ਤੂੰ ਜਮੀਨ ਮੈਨੂੰ ਨਹੀਂ ਦੇਣੀ। ਔਹ ਜਿਹੜੀ ਹਰਾਮ ਦੀ ਸੱਟ ਬੂਹੇ ਲਿਆ ਬਠਾਈ ਉ, ਵਾੜ ਦੀਂ ਉਹਦੀ ...'ਚ।"

ਕੁੜੀ ਉੱਚੀ ਉੱਚੀ ਰੋਣ ਲੱਗੀ।

"ਵੇ ਕੁੱਤਿਆ! ਤੇਰੀ ਸੜ ਜੇ ਜਬਾਨ। ਐਸੇ ਕਬੋਲ ਬੋਲਣ ਵਾਲਿਆ।" ਤਾਰੋ ਨਾਲੇ ਰੋਈ ਜਾਵੇ, ਨਾਲੇ ਦੋਵਾਂ ਪਿਉ-ਪੁੱਤਾਂ ਅੱਗੇ ਚੁੱਪ ਕਰਨ ਲਈ ਹੱਥ ਜੋੜੀ ਜਾਵੇ।

"ਹਰਾਮ ਦੀ ਸੱਟ ਕੰਜਰਾ ਤੂੰ ਹੋਵੇਂਗਾ।" ਭਜਨੇ ਦਾ ਜੀਅ ਕੀਤਾ, ਅੱਗੇ ਹੋ ਕੇ ਮਿੰਦ੍ਰ ਦਾ ਗਲਾ ਘੁੱਟ ਦੇਵੇ।

ਤਾਰੋ ਤਰਲੇ ਲਈ ਜੁੜੇ ਹੱਥਾਂ ਨਾਲ ਭੱਜ ਕੇ ਦੋਵਾਂ ਵਿਚਕਾਰ ਖਲੋ ਗਈ।

"ਮੈਂ ਤਾਂ ਪਹਿਲਾਂ ਈ ਕਹਿੰਦਾਂ, ਮੈਂ ਹਰਾਮ ਦੀ ਸੱਟ ਈ ਆਂ। ਆਹ ਜਿਹੜੀ ਪਖੰਡਣ ਹੱਥ ਜੋੜ ਕੇ ਰੀਂ ਰੀਂ ਕਰਦੀ ਫਿਰਦੀ; ਪਤਾ ਨੀ ਕੀਹਦੇ ਥੱਲੇ ਪੈਂਦੀ ਰਹੀ ਏ। ਹਾਹੋ! ਮੈਂ ਤੇਰਾ ਬੀ ਨਹੀਂ। ਮੈਂ ਹਰਾਮ ਦੀ ਸੱਟ ਈ ਆਂ।"

ਦੋਵੇਂ ਪਿਉ-ਪੁੱਤ ਇਕ ਦੂਜੇ ਦੇ ਗਲ਼ ਪੈਣ ਲਈ ਉਲਰ ਰਹੇ ਸਨ। ਮਾਵਾਂ ਧੀਆਂ ਨੇ ਭਜਨੇ ਨੂੰ ਜੱਫਾ ਮਾਰ ਕੇ ਕਮਰੇ ਵਿਚ ਬੰਦ ਕਰ ਦਿੱਤਾ।

ਅੱਗ ਵਾਂਗ ਮੱਚਦੇ ਗੁੱਸੇ ਵਿਚ ਕੋਈ ਨਹੀਂ ਸੀ ਸੋਚ ਰਿਹਾ ਕਿ ਉਹ ਕੀ ਬੋਲ ਰਿਹਾ ਹੈ।

'ਸਭ ਕੁਝ' ਸੜ ਕੇ ਸਵਾਹ ਹੋਈ ਜਾ ਰਿਹਾ ਸੀ।

ਕੱਲ੍ਹ ਸਾਰਾ ਦਿਨ ਘਰ ਵਿਚ ਸੋਗ ਪਸਰਿਆ ਰਿਹਾ ਸੀ। ਮੁੜ ਕੇ ਪਿਉ-ਪੁੱਤਾਂ ਨੇ ਆਪਸ ਵਿਚ ਜ਼ਬਾਨ ਸਾਂਝੀ ਨਹੀਂ ਸੀ ਕੀਤੀ। ਭਜਨੇ ਨੇ ਸਾਰੇ ਘਰ ਦੇ ਕੰਮ ਰੋਜ਼ ਵਾਂਗ ਕੀਤੇ ਸਨ।

ਤਕਾਲੀਂ ਵੇਲੇ ਸਿਰ ਰੋਟੀ ਖਾ ਕੇ ਮੰਜੇ 'ਤੇ ਲੰਮਾ ਜਾ ਪਿਆ ਸੀ।

ਤੇ ਫਿਰ ਪਤਾ ਨਹੀਂ ਕਦੋਂ ਉਹ ਉਠਿਆ ਤੇ ਕਦੋਂ ਭਾਣਾ ਵਾਪਰ ਗਿਆ!

ਜ਼ਨਾਨੀਆਂ ਵਿਚ ਬੈਠੀ ਮਿੰਦੋ ਨੇ ਅਚਨਚੇਤ ਉੱਚੀ ਲੇਰ ਮਾਰੀ, "ਹਾਏ ਵੇ ਭਾਅ ਮੇਰਿਆ। ਤੇਰੀ ਔਲਾਦ ਤੈਨੂੰ ਲੈ ਬੈਠੀ। ਵੇ ਤੇਰਾ ਸੁਫ਼ਨਾ ਵਾਲ਼ ਖਲਾਰੀ ਵਿਲਕ ਰਿਹਾ।"

ਉਹ ਖੁੱਲ੍ਹੇ ਵਾਲ਼ਾਂ ਨਾਲ ਜਾਦੂ ਖੇਡਣ ਲੱਗੀ। ਤਾਰੋ ਨੇ ਉਹਨੂੰ ਬੁੱਕਲ ਵਿਚ ਲਿਆ, "ਨੀ ਨਾ ਰੋ ਮੇਰੀਏ ਛਿੰਦੀਏ ਧੀਏ! ਤੂੰ ਤਾਂ ਸਾਨੂੰ ਮੱਤਾਂ ਦੇਣ ਵਾਲੀ, ਸਾਡੀ ਸਿਆਣੀ ਧੀ।" ਤੇ ਫਿਰ ਉਹਦੀ ਭੁੱਬ ਨਿਕਲ ਗਈ, "ਵੇ ਆਪ ਛੁੱਟ ਗਿਆਂ ਤੇ ਸਾਨੂੰ ਸੁੱਟ ਗਿਐਂ ਕਿਹੜੇ ਅੰਨ੍ਹੇ ਖੂਹ 'ਚ। ਵੇ ਸਾਨੂੰ ਕੌਣ ਕੱਢੂ ਓਥੋਂ ਬਾਹਰ?"

ਨਿੰਦਰ ਦਾ ਮਨ ਭਰ ਆਇਆ। ਅੱਥਰੂ ਉਹਦੀਆਂ ਅੱਖਾਂ 'ਚੋਂ ਕਿਰਨ ਲੱਗੇ। ਉਹਨੂੰ ਸਮਝ ਨਹੀਂ ਪੈ ਰਹੀ ਸੀ ਕਿ ਉਹ ਕਿਸ ਦੇ ਦੁੱਖ ਵਿਚ ਰੋ ਰਿਹਾ ਸੀ! ਉਹਨੂੰ ਲੱਗਾ ਕਿ ਉਹ ਤਾਂ ਅੰਨ੍ਹੇ ਖੂਹ ਵਿਚ ਡਿੱਗਾ ਪਿਆ ਹੈ। ਉਹਨੂੰ ਕੌਣ ਬਾਹਰ ਕੱਢੂ? ਉਹ ਤਾਂ ਆਪ ਅੰਨ੍ਹਾ ਹੋ ਗਿਆ ਸੀ। ਉਹਨੂੰ ਬਾਹਰ ਨਿਕਲਣ ਦਾ ਕੋਈ ਰਾਹ ਹੀ ਨਹੀਂ ਸੀ ਦਿਸਦਾ! ਮਨ ਵਿਚ ਲਿਸ਼ਕ ਆਈ, "ਭਗਤ ਸਿੰਘ ਦਾ ਰਾਹ-ਸਾਡਾ ਰਾਹ!" ਉਹਦਾ ਜੀਅ ਕੀਤਾ ਭਗਤ ਸਿੰਘ ਨੂੰ ਪੁੱਛੇ, "ਤੇਰਾ ਕਿਹੜਾ ਰਾਹ ਏ? ਸਾਨੂੰ ਗਰੀਬਾਂ ਨੂੰ ਵੀ ਦੱਸ ਜਾ!" ਪਰ ਭਗਤ ਸਿੰਘ ਹੁਣ ਕਿੱਥੇ ਸੀ! ਸਾਹਮਣੇ ਤਾਂ ਅਤਰਾ ਨਿਹੰਗ ਸੀ, ਜਿਹੜਾ ਸ਼ਾਇਦ ਜਾਣ ਲਈ ਉੱਠਿਆ ਸੀ ਤੇ ਆਪਣਾ ਪਰਨਾ ਝਾੜ ਰਿਹਾ ਸੀ।

ਨਿੰਦਰ ਨੇ ਸੋਚਿਆ, ਇਸਤੋਂ ਪਹਿਲਾਂ ਕਿ ਅਤਰਾ ਨਿਹੰਗ ਕੁਝ ਬੋਲੇ ਤੇ ਉਹਦੀ ਹੋਰ ਦੁਰਗਤ ਕਰੇ, ਜਾਂ ਕੋਈ ਹੋਰ ਉਹਨੂੰ ਏਥੋਂ ਚਲੇ ਜਾਣ ਲਈ ਆਖੇ, ਉਹਨੂੰ ਘਰੋਂ ਬਾਹਰ ਚਲੇ ਜਾਣਾ ਚਾਹੀਦਾ ਹੈ।

ਉਹ ਦਰਵਾਜਿਓਂ ਬਾਹਰ ਹੋਇਆ ਤਾਂ ਸੱਥਰ 'ਤੇ ਬੈਠੀ ਮਿੰਦੋ ਨੇ ਫੇਰ ਲੇਰ ਮਾਰੀ, "ਵੇ ਬਾਬਲਾ! ਅਸੀਂ ਉੱਡਣੋਂ ਪਹਿਲਾਂ ਈ ਪਟਾਕ ਵੱਜੇ ਪੱਥਰਾਂ 'ਤੇ।"

ਘਰੋਂ ਬਾਹਰ ਨਿਕਲਦਿਆਂ ਨਿੰਦਰ ਦਾ ਵੀ ਧਾਹ ਮਾਰਨ ਨੂੰ ਜੀਅ ਕੀਤਾ, "ਮੈਨੂੰ ਪਟਾਕ ਸੁੱਟ ਗਈਓਂ ਪੱਥਰਾਂ 'ਤੇ, ਮੇਰੀਏ ਸੀਤੋ! ਹਾਏ ਨੀ ਮੇਰੀਏ ਧੰਤੋ!"

ਹੁਣ ਉਹਨੂੰ ਪਤਾ ਨਹੀਂ ਕਿਉਂ ਸ੍ਰੀ ਦੇਵੀ ਘੱਟ ਯਾਦ ਆਉਂਦੀ। ਸ਼ਾਇਦ ਇਸ ਕਰ ਕੇ ਕਿ ਉਹ ਉਹਦੀ ਅਸਮਾਨੀ ਕਲਪਨਾ ਦਾ ਹਿੱਸਾ ਸੀ। ਪਰ ਧੰਤੋ ਤੇ ਸੀਤੋ ਤਾਂ ਉਹਦੀ ਧਰਤੀ ਦੀਆਂ ਸਨ। ਉਹਦੀਆਂ ਆਪਣੀਆਂ। ਉਹਦੇ ਵਧੇਰੇ ਨੇੜੇ। ਜੇ ਹੁਣ ਸਿਰਫ਼ ਧੁੰਦਲਾ ਜਿਹਾ ਧਰਵਾਸਾ ਸੀ ਤਾਂ ਛਿਹਰਟੇ ਵਾਲੀ ਨਰਸ ਦਾ ਹੀ ਸੀ। ਪਰ ਚਾਚੇ ਜਸਵੰਤ ਵੱਲੋਂ 'ਨਾਂਹ' ਹੋਣ ਕਰ ਕੇ ਉਹਨੂੰ ਲੱਗਦਾ ਸੀ ਕਿ ਨਰਸ ਵੀ ਕਿਧਰੇ ਬੱਦਲਾਂ ਵਿਚ ਗਵਾਚ ਗਈ ਹੋਵੇ!

ਪੈਰਾਂ ਨਾਲ ਪਹਾੜ ਬੰਨ੍ਹੀ ਉਹ ਉਸ ਘਰ ਵੱਲ ਤੁਰ ਪਿਆ, ਜਿਹੜਾ ਉਹਦਾ ਆਪਣਾ ਸੀ ਤੇ ਨਹੀਂ ਵੀ।

ਹੁਣ ਮਿੰਟੂ ਦਿਓਲ ਨਹੀਂ, ਮਜ਼ਬ੍ਹੀਆਂ ਦਾ ਮੁੰਡਾ ਨਿੰਦਰ ਗਲੀ 'ਚ ਤੁਰਿਆ ਜਾ ਰਿਹਾ ਸੀ।

ਗਲ਼ੀ ਵਿਚ ਉਹਨੂੰ ਅੱਗੋਂ ਆਉਂਦਾ ਤੁਲਸਾ ਖੁੰਘ ਮਿਲ ਪਿਆ। ਤੁਲਸੇ ਨੇ ਉਹਨੂੰ ਬਾਹੋਂ ਫੜ ਕੇ ਵਾਪਸ ਲੀਡਰ ਦੇ ਘਰ ਵੱਲ ਮੋੜ ਲਿਆ। ਉਹ ਪਿੰਡੋਂ ਬਾਹਰ ਗਿਆ ਹੋਇਆ ਸੀ। ਭਜਨ ਸਿੰਘ ਦੀ ਅਣਹੋਣੀ ਮੌਤ ਬਾਰੇ ਸੁਣਦੇ-ਸਾਰ ਹੀ ਏਧਰ ਨੂੰ ਆ ਗਿਆ।

ਸੱਥਰ 'ਤੇ ਦਰੀ ਉੱਤੇ ਬੈਠੇ ਲੋਕਾਂ ਤੋਂ ਥੋੜ੍ਹੀ ਦੂਰ ਤੁਲਸਾ ਜ਼ਮੀਨ 'ਤੇ ਬਹਿ ਗਿਆ। ਉਹਨੇ ਬਾਹੋਂ ਖਿੱਚ ਕੇ ਨਿੰਦਰ ਨੂੰ ਵੀ ਕੋਲ਼ ਬਿਠਾ ਲਿਆ।

ਕਿਸੇ ਇਕ ਦੀ ਥਾਂ ਤੁਲਸਾ ਸਾਰੀ 'ਸੰਗਤ' ਨੂੰ ਹੀ ਮੁਖ਼ਾਤਬ ਹੋਇਆ, "ਸੰਗਤੇ! ਭਜਨ ਸੂੰਹ ਵੱਲੋਂ ਤਾਂ ਬਹੁਤ ਈ ਮਾੜਾ ਹੋਇਆ। ਕੋਹੜੀ ਨੇ ਇਹ ਕੀ ਕੀਤਾ! ਉਹ ਤਾਂ ਸੂਰਮਾ ਬੰਦਾ ਸੀ। ਅੱਠ ਸਾਲ ਮੈਂ ਉਹਦੇ ਨਾਲ ਲੰਘਾਏ ਆਥੜੀ ਕਰਦਿਆਂ। ਬੜੇ ਚੰਗੇ-ਮਾੜੇ ਦਿਨ ਕੱਠਿਆਂ ਨੇ ਵੇਖੇ। ਕਦੀ ਡੋਲਿਆ ਨੀਂ ਸੀ। ਹੱਦ ਕਰ 'ਤੀ ਤੂੰ ਤਾਂ ਯਾਰ ਭਜਨ ਸਿਊਂ! ਬੰਦਾ ਐਂ ਵੀ ਕਰਦੈ ਕਦੀ!"

ਤੁਲਸੇ ਦਾ ਗਲ਼ਾ ਭਰ ਆਇਆ। ਆਵਾਜ਼ ਭਾਰੀ ਹੋ ਗਈ। ਅੱਖਾਂ 'ਚੋਂ ਨਿਕਲੇ ਦੋ ਅੱਥਰੂ

ਉਹਦੇ ਚਿਹਰੇ ਦੀਆਂ ਝੁਰੜੀਆਂ 'ਚੋਂ ਤਿਲ੍ਹਕ ਕੇ ਉਹਦੀ ਚਿੱਟੀਆਂ ਮੁੱਛਾਂ ਵਿਚ ਗਵਾਚ ਗਏ।

"ਓਸ ਡਾਢੇ ਅੱਗੇ ਕੀਹਦਾ ਜੋਰ ਐ ਤੁਲਸਿਆ! ਦਿਲ ਹੌਲ਼ਾ ਨਾ ਕਰ। ਸਾਨੂੰ ਪਤੈ; ਤੈਨੂੰ ਤਾਂ ਉਹ ਭਰਾਵਾਂ ਵਾਂਗ ਜਾਣਦਾ ਸੀ।" ਸੁਰਜਨ ਦੇ ਧਰਵਾਸ ਦਿੰਦੇ ਬੋਲ ਸਨ।

ਤੁਲਸੇ ਨੇ ਮੋਢੇ 'ਤੇ ਰੱਖੇ ਮੈਲੇ ਪਰਨੇ ਨਾਲ ਅੱਖਾਂ ਪੂੰਝੀਆਂ। ਫਿਰ ਵਿਹੜੇ ਵਿਚ ਚਾਰ-ਚੁਫ਼ੇਰੇ ਨਜ਼ਰ ਮਾਰੀ। ਘਰ ਵੜਦਿਆਂ ਉਹਨੂੰ ਪਛਾਣ ਕੇ ਬੁੱਢੀ ਮੱਝ ਅੜਿੰਗੀ ਸੀ। ਜਦੋਂ ਉਹ ਭਜਨੇ ਨਾਲ ਕਾਮਾ ਸੀ, ਉਦੋਂ ਇਹ ਮੱਝ ਦੂਜੇ ਸੂਏ ਸੀ, ਭਰ ਜਵਾਨ। ਉਹ ਬੜੇ ਪਿਆਰ ਨਾਲ ਉਹਨੂੰ ਨਹਾਉਂਦਾ, ਪਾਣੀ ਪਿਆਉਂਦਾ, ਪੱਠੇ ਪਾਉਂਦਾ ਰਿਹਾ ਸੀ। ਸ਼ਾਮ ਨੂੰ ਤਾਰੋ ਉਹਨੂੰ ਵੀ ਇਹਦਾ ਹਿੱਸੇ ਆਉਂਦਾ ਦੁੱਧ ਬਾਟੀ ਵਿਚ ਪਾ ਕੇ ਦਿੰਦੀ ਰਹੀ ਸੀ।

ਤੁਲਸੇ ਨੇ ਏਧਰ ਵੇਖ ਰਹੀ ਮੱਝ ਵੱਲ ਵੇਖਿਆ ਤੇ ਕੋਲ਼ ਖਲੋਤੇ ਨਿੰਦਰ ਨੂੰ ਕਿਹਾ, "ਐਕਟਰਾ! ਔਹ ਖੋਤੀ ਖੋਲ੍ਹ ਕੇ ਰੇੜ੍ਹੀ ਅੱਗੇ ਜੋਅ। ਪੱਠੇ ਲੈ ਕੇ ਆਈਏ। ਬੇਜਬਾਨ ਭੁੱਖੇ ਖਲੋਤੇ ਆ। ਉਹਨਾਂ ਨੂੰ ਕੀ ਪਤਾ, ਉਹਨਾਂ ਦਾ ਮਾਲਕ ਤਾਂ ਤੁਰ ਗਿਆ।"

"ਸ਼ਾਬਾਸ਼ੇ! ਬਈ ਸ਼ਾਬਾਸ਼ੇ!!" ਕਿਸੇ ਨੇ ਵਿਚੋਂ ਹੱਲਾਸ਼ੇਰੀ ਦਿੱਤੀ, ""ਸਭ ਦੀ ਸੁਧ-ਬੁਧ ਗਵਾਚੀ ਫਿਰਦੀ ਆ। ਵੇਖ ਲੌ ਕਿਸੇ ਨੂੰ ਪਸ਼ੂਆਂ ਦਾ ਖਿਆਲ ਈ ਨਹੀਂ ਆਇਆ!"

ਨਿੰਦਰ ਦਾ ਜੀਅ ਕੀਤਾ, ਆਖੇ, "ਮੇਰਾ ਵੀ ਕਿਹੜਾ ਕਿਸੇ ਨੂੰ ਖਿਆਲ ਆਇਆ!"

ਤੁਲਸੇ ਦਾ 'ਹੁਕਮ' ਮੰਨ ਕੇ ਨਿੰਦਰ ਕਿੱਲੇ 'ਤੇ ਬੱਧੀ ਖੋਤੀ ਵੱਲ ਹੋਣ ਲੱਗਾ ਤਾਂ 'ਰਾਜੇ' ਨੇ ਦੋ ਗਲਾਸਾਂ ਵਿਚ ਚਾਹ ਪਾ ਕੇ ਗਲਾਸ ਉਹਨਾਂ ਦੇ ਹੱਥਾਂ ਵਿਚ ਫੜਾ ਦਿੱਤੇ। ਤੁਲਸੇ ਨੇ ਤਾਂ ਚਾਹ ਪੀਣੀ ਸੁਰੂ ਕਰ ਦਿੱਤੀ ਪਰ ਨਿੰਦਰ ਚਾਹ ਦਾ ਘੁੱਟ ਭਰਨ ਤੋਂ ਪਹਿਲਾਂ ਕਿੰਨਾ ਚਿਰ ਅਤਰੇ ਨਿਹੰਗ ਦੀ ਗਾਲ੍ਹ ਦੀ ਉਡੀਕ ਕਰਦਾ ਰਿਹਾ। ਪਰ 'ਸਭ ਸੁੱਖ-ਸਾਂਦ' ਰਹੀ।ਅਤਰਾ ਨਿਹੰਗ ਤਾਂ ਜਾ ਚੁੱਕਾ ਸੀ।

ਚਾਹ ਪੀ ਕੇ ਤੁਲਸਾ ਮੱਝ ਕੋਲ਼ ਗਿਆ। ਉਹਦੇ ਪਿੰਡੇ 'ਤੇ ਹੱਥ ਫੇਰਨ ਤੋਂ ਬਾਅਦ ਉਹਦੇ ਮੱਥੇ ਨੂੰ ਹੌਲ਼ੀ ਹੌਲ਼ੀ ਖੁਰਚਿਆ। ਮੱਝ ਮੂੰਹ ਚੁੱਕ ਕੇ ਉਹਦੇ ਹੱਥ ਨੂੰ ਚੱਟਣ ਲੱਗੀ।

ਉਹ ਰੇੜ੍ਹੀ ਲੈ ਕੇ ਗਲੀ ਵਿਚ ਨਿਕਲੇ ਤਾਂ ਮੁੜ ਮੱਝ ਦੇ ਅੜਿੰਗਣ ਦੀ ਆਵਾਜ਼ ਆਈ।

ਗਲੀ ਦੇ ਦੂਜੇ ਸਿਰੇ ਤੋਂ ਥਾਣੇਦਾਰ, ਹੌਲਦਾਰ ਤੇ ਇਕ ਸਿਪਾਹੀ ਤੁਰੇ ਆਉਂਦੇ ਦਿਸੇ ਤੇ ਉਹਨਾਂ ਦੇ ਵਿੰਹਦੇ-ਵਿੰਹਦੇ ਭਜਨੇ ਦੇ ਘਰ ਵੜ ਗਏ।

ਤੁਲਸੇ ਨੇ ਹਿਰਖ਼ ਵਿਚ ਸਿਰ ਮਾਰਿਆ,"ਲੈ ਹੁਣ ਇਹ ਆ ਗਏ ਈ ਭੈਣ ਦੇਣੇ। ਇਹਨਾਂ ਨੂੰ ਕੀ ਕਿਸੇ ਦੇ ਦੁਖ-ਸੁਖ ਨਾਲ।"

ਖੇਤਾਂ ਵਿਚ ਪਹੁੰਚ ਕੇ ਤੁਲਸੇ ਨੇ ਨਿੰਦਰ ਨੂੰ ਕਿਹਾ ਕਿ ਉਹ ਖੋਤੀ ਨੂੰ ਰੇੜ੍ਹੀ ਨਾਲੋਂ ਖੋਲ੍ਹ ਕੇ ਬੰਨ੍ਹ ਦੇਵੇ। ਆਪ ਉਹਨੇ ਖੇਤਾਂ ਵਿਚ ਚਾਰ-ਚੁਫ਼ੇਰੇ ਨਜ਼ਰ ਮਾਰੀ। ਇਹਨਾਂ ਖੇਤਾਂ ਵਿਚ ਉਹਨੇ ਕਈ ਸਾਲ ਭਜਨੇ ਦੇ ਮੋਢੇ ਨਾਲ ਮੋਢਾ ਜੋੜ ਕੇ ਕੰਮ ਕੀਤਾ ਸੀ।

ਕਣਕਾਂ ਪੱਕਣ 'ਤੇ ਆਈਆਂ ਹੋਈਆਂ ਸਨ। ਕੁਝ ਦਿਨਾਂ ਤਕ ਵਾਢੀ ਸ਼ੁਰੂ ਹੋ ਜਾਣੀ ਸੀ।

ਪਤਾ ਨਹੀਂ ਕਿਉਂ ਉਹਨੂੰ ਉਹ ਦ੍ਰਿਸ਼ ਚੇਤੇ ਆ ਗਿਆ।

ਕਣਕ ਦੀ ਗਹਾਈ ਤੋਂ ਬਾਅਦ ਉਹਨਾਂ ਨੇ ਹਿੱਸੇ ਆਉਂਦੀ ਕਣਕ ਦੀ ਵੰਡ ਵੰਡਾਈ ਕਰ ਲਈ ਸੀ।ਤੁਲਸੇ ਨੂੰ ਪਤਾ ਤਾਂ ਸੀ ਪਰ ਉਹਨੇ ਆਪਣੇ ਸ਼ਰਾਰਤੀ ਸੁਭਾਅ ਮੁਤਾਬਕ ਪੁੱਛ ਲਿਆ, "ਭਾਊ! ਲੱਗਦੈ ਮੈਨੂੰ ਕਣਕ ਪਾਉਂਦਿਆਂ ਤੈਨੂੰ ਕੋਈ ਭੁਲੇਖਾ ਲੱਗ ਗਿਆ।"

ਕੱਚਾ ਜਿਹਾ ਹਾਸਾ ਹੱਸਦਿਆਂ ਭਜਨੇ ਨੇ ਕਿਹਾ, "ਐਤਕੀਂ ਸਿਆਲ 'ਚ ਤੂੰ ਖਾਣ ਵਾਸਤੇ ਕਵਿੰਟਲ ਕਣਕ ਲਈ ਸੀ ਨਾ?"

"ਆਹੋ, ਪਰ ਡੂਢ ਕਵਿੰਟਲ ਕਿਉਂ ਕੱਟੀ?"

"ਤੂੰ ਘੋਗਲ-ਕੰਨਾਂ ਨਾ ਬਣ। ਇਹ ਤਾਂ ਬਣਦਾ ਵਿਹਾਰ ਆ। ਕਵਿੰਟਲ ਕਣਕ ਦਾ ਡੇਢ ਕਵਿੰਟਲ ਈ ਦੇਣਾ ਬਣਦਾ ਏ।"

"ਚੰਗਾ ਭਈ ਭਰਾਵਾ!" ਤੁਲਸੇ ਨੇ 'ਭਰਾਵਾ' ਨੂੰ ਕੁਝ ਲਮਕਾ ਕੇ ਕਿਹਾ ਤਾਂ ਭਜਨਾ ਹੱਸਿਆ, "ਭਰਾ ਨੂੰ ਤਾਂ ਭਰਾ ਈ ਰਹਿਣਾ। ਤੂੰ ਐਵੇਂ ਛੇੜਖਾਨੀਆਂ ਨਾ ਕਰ।"

ਉਹਨਾਂ ਦੀ ਸਦਾ 'ਭਰਾਵਾਂ' ਵਾਂਗ ਨਿਭਦੀ ਆਈ ਸੀ।

ਤੁਲਸੇ ਦੇ ਕੰਨਾਂ ਵਿਚ ਨਿੰਦਰ ਦੀ ਆਵਾਜ਼ ਪਈ,"ਚੱਲ ਚਾਚਾ! ਹੁਣ ਪੱਠੇ ਵੱਢੀਏ ਕਿ ਵੱਟ 'ਤੇ ਈ ਬੈਠੇ ਰਹਿਣਾ ਈਂ। ਨਾਲੇ ਇਕ ਗੱਲ ਈ, ਮੈਨੂੰ ਅੱਜ ਏਧਰੋਂ ਰੋਟੀ ਜ਼ਰੂਰ ਖਵਾਉਣੀ ਊਂ। ਫਿਰ ਨਾ ਆਖੀਂ। ਆਹੋ ਤੇ। ਤੈਨੂੰ ਦੱਸ 'ਤਾ ਈ।"

ਤੁਲਸਾ ਬੋਲਿਆ ਨਹੀਂ।

"ਕੰਜਰਾ! ਟੱਬਰ ਨੇ ਆਪ ਪਤਾ ਨ੍ਹੀਂ ਬੁਰਕੀ ਮੂੰਹ ਨੂੰ ਲਾਈ ਵੀ ਏ ਕਿ ਨਹੀਂ। ਤੈਨੂੰ ਪਹਿਲਾਂ ਪਰਛਾਦਾ ਕਿੱਥੋਂ ਛਕਾ ਲਵਾਂ।"

ਪੱਠੇ ਲੈ ਕੇ ਆਏ ਤਾਂ ਖਾਉ-ਪੀਉ ਦਾ ਵੇਲਾ ਹੋ ਚੱਲਿਆ ਸੀ।

ਪੁਲਿਸ ਨਾਲ ਖੜਪੈਂਚ ਨੇ ਅੰਦਰ ਵੜ ਕੇ, ਤਾਰੋ ਤੇ ਮਹਿੰਦਰ ਨੂੰ ਨਾਲ ਲੈ ਕੇ 'ਅਟੀ-ਸਟੀ' ਲਾ ਲਈ ਸੀ ਤੇ ਬਿਨਾਂ ਪੁਲਿਸ ਦੀ ਇਜਾਜ਼ਤ ਤੋਂ ਖ਼ੁਦਕਸ਼ੀ ਕਰਨ ਵਾਲੇ ਬੰਦੇ ਦਾ ਸਸਕਾਰ ਕਰਨ ਦੀ ਕਾਨੂੰਨੀ ਖ਼ਿਲਾਫ਼-ਵਰਜ਼ੀ ਦਾ 'ਹੱਲ' ਕੱਢ ਲਿਆ ਗਿਆ ਸੀ।

ਸੱਥਰ 'ਤੇ ਬੈਠੇ ਲੋਕਾਂ ਦੀ ਗਿਣਤੀ ਘਟ ਗਈ ਸੀ। ਪੰਜ-ਚਾਰ ਆਂਢੀ-ਗਵਾਂਢੀ ਬੈਠੇ ਦੁਖ-ਸੁਖ ਸਾਂਝਾ ਕਰ ਰਹੇ ਸਨ। ਦੁਪਹਿਰੇ ਗਵਾਂਢ ਤੋਂ ਕੋਈ ਸਕਾ-ਸੋਦਰਾ ਸਾਰੇ ਟੱਬਰ ਲਈ ਰੋਟੀਆਂ ਤੇ ਦਾਲ ਦਾ ਡੋਲੂ ਲੈ ਕੇ ਆਇਆ ਸੀ। ਸਿਆਣਿਆਂ ਨੇ ਆਖ-ਵੇਖ ਕੇ ਰੋਂਦੇ ਟੱਬਰ ਨੂੰ, "ਰੋਟੀ-ਟੁੱਕ ਵੀ ਕਦੀ ਛੁੱਟਾ ਏ!" ਆਖ ਕੇ ਤੇ ਦਿਲਬਰੀ ਦੇ ਕੇ ਰੋਟੀ ਖਵਾ ਦਿੱਤੀ ਸੀ। ਹੁਣ ਸੁਰਜਨ ਰੋਟੀਆਂ ਤੇ ਵਾਹਵਾ ਸਾਰੀ ਸਬਜ਼ੀ ਲੈ ਆਇਆ ਸੀ।

ਰੋਟੀ ਫੜਦਿਆਂ ਮਿੰਦ੍ਹੋ ਨੇ ਤੁਲਸੇ ਤੇ ਨਿੰਦਰ ਨੂੰ ਪਸ਼ੂਆਂ ਨੂੰ ਪੱਠੇ ਪਾਉਂਦੇ ਵੇਖਿਆ।

ਮਿੰਦ੍ਹੋ ਨੇ ਕੋਲ਼ ਜਾ ਕੇ ਤੁਲਸੇ ਨੂੰ ਕਿਹਾ, "ਚਾਚਾ! ਆ ਜੋ, ਤੁਸੀਂ ਵੀ ਖਾ ਲੌ ਬੁਰਕੀ ਬੁਰਕੀ।"

"ਨਹੀਂ ਧੀਏ! ਤੁਸੀਂ ਛਕੋ।"

"ਨਹੀਂ ਬਥੇਰੀ ਰੋਟੀ ਆ। ਦੁਪਹਿਰ ਦੀ ਵੀ ਬਚੀ ਪਈ ਆ। ਬੁਰਕੀ ਕਿਹੜੀ ਲੰਘਦੀ ਆ ਸੰਘੋਂ।"

ਤੁਲਸੇ ਦੀ ਅਗਲੀ ਗੱਲ ਸੁਣਨ ਤੋਂ ਪਹਿਲਾਂ ਈ ਮਿੰਦ੍ਹੋ ਨੇ ਦੋ ਰੋਟੀਆਂ ਉੱਤੇ ਗੋਭੀ ਦੀ ਸਬਜ਼ੀ ਪਾਈ ਤੇ ਲਲਚਾਈਆਂ ਅੱਖਾਂ ਨਾਲ ਵੇਖ ਰਹੇ ਨਿੰਦਰ ਦੀ ਤਲ਼ੀ 'ਤੇ ਰੋਟੀਆਂ ਰੱਖ ਦਿੱਤੀਆਂ।

"ਧੀਏ! ਜੇ ਤੁਹਾਡੇ ਗਲੋਂ ਨ੍ਹੀਂ ਲੰਘਦੀ ਤਾਂ ਮੇਰੇ ਅੰਦਰ ਕਿਵੇਂ ਲੰਘ ਜੂ।"

ਸੁਣ ਕੇ ਮਿੰਦ੍ਹੋ ਦੇ ਹੰਝੂ ਕਿਰਨ ਲੱਗੇ ਤਾਂ ਤੁਲਸਾ ਵੀ ਰੋਣ ਲੱਗਾ।

ਰੋਂਦੀ ਹੋਈ ਮਿੰਦ੍ਹੋ ਨੇ ਰੋਟੀਆਂ ਉਹਦੇ ਵੱਲ ਵਧਾਈਆਂ। ਰੋਂਦੇ ਹੋਏ ਤੁਲਸੇ ਨੇ ਬੁੱਕ ਵਿਚ ਰੋਟੀਆਂ ਰਖਾ ਲਈਆਂ।

ਰੋਟੀ ਖਾ ਕੇ ਜਾਣ ਲਈ ਜਦ ਉਹ ਗਲੀ ਵਿਚ ਆਏ ਤਾਂ ਨਿੰਦਰ ਨੇ ਪੈਂਦੀ ਸੱਟੇ ਆਖਿਆ, "ਲੈ ਭਈ ਚਾਚਾ! ਲੀਡਰ ਦਾ ਮਰਨਾ ਸੁਕਾਰਥੇ ਆਇਆ। ਪਤਾ ਨਹੀਂ ਕਿੰਨੇ ਚਿਰ ਬਾਅਦ ਗੋਭੀ ਦੀ ਸਬਜੀ ਨਾਲ ਰੋਟੀ ਖਾਣ ਨੂੰ ਮਿਲੀ ਆ।"

"ਦੁਰ ਫਿਟੇ ਮੂੰਹ ਤੇਰਾ ਕਾਲੀ ਜਬਾਨ ਵਾਲਿਆ।"

ਅਸਲ ਵਿਚ ਇਹਨਾਂ ਦਿਨਾਂ ਵਿਚ ਰੋਟੀ ਹੀ ਉਹਦਾ ਵੱਡਾ ਮਸਲਾ ਸੀ। ਘਰੋਂ ਛਿੰਨੋ ਉਹਨੂੰ ਕਦੀ ਰੋਟੀ ਦਿੰਦੀ, ਕਦੀ ਨਾ ਦਿੰਦੀ। ਛਿੰਨੋ ਦਾ ਕਹਿਣਾ ਸੀ, "ਕੋਈ ਦਿਹਾੜੀ-ਦੱਪਾ ਕਰ। ਆਪ ਕਮਾ ਤੇ ਖਾਹ! ਮੇਰੇ ਕੋਲ਼ ਤੇਰੇ ਲਈ ਆਟੇ ਦੇ ਡਰੰਮ ਨਹੀਂ ਰੱਖੇ ਪਏ।"

ਕੱਲ੍ਹ ਸਵੇਰ ਤੋਂ ਉਹ ਜਸਵੰਤ ਦੇ ਘਰ ਦੇ ਨੇੜੇ-ਤੇੜੇ ਘੁੰਮਦਾ ਰਿਹਾ ਸੀ। ਜਸਵੰਤ ਨੇ ਉਹਨੂੰ

ਵੇਖ ਕੇ ਵੀ ਮੂੰਹ ਪਾਸੇ ਫੇਰ ਲਿਆ ਸੀ।

'ਲੱਗਦਾ ਨ੍ਹੀਂ, ਚਾਚਾ ਹੁਣ ਕੰਮ 'ਤੇ ਰੱਖੇ। ਸਾਰੇ ਛਿੰਨੋ ਦੇ ਸਿਆਪੇ ਨੇ।"

ਉਹਦਾ ਜੀਅ ਕੀਤਾ ਸੀ ਇੱਟ ਚੁੱਕੇ ਤੇ ਛਿੰਨੋ ਦੇ ਸਿਰ ਵਿਚ ਮਾਰ ਕੇ ਉਹਨੂੰ ਪਾਰ ਬੁਲਾਵੇ!

ਏਨੇ ਨੂੰ ਸੜਕ ਵੱਲੋਂ ਸਪੀਕਰ ਦੀ ਆਵਾਜ਼ ਆਈ ਤਾਂ ਉਹ ਓਧਰ ਤੁਰ ਪਿਆ।

ਭਜਨ ਸੁੰਹ ਲੀਡਰ ਕਈ ਦਿਨ ਹੋਏ ਫਾਹਾ ਲੈ ਕੇ ਮਰ ਗਿਆ ਸੀ। ਅਜੇ ਤਕ ਕੋਈ ਸਰਕਾਰੀ ਬੰਦਾ ਵਿਲਕਦੇ ਟੱਬਰ ਦੀ ਖ਼ਬਰ-ਸੁਰਤ ਲੈਣ ਨਹੀਂ ਸੀ ਆਇਆ। ਏਸੇ ਮਕਸਦ ਲਈ ਅੱਜ ਕਿਸਾਨ ਯੂਨੀਅਨ ਨੇ ਸੜਕ 'ਤੇ ਧਰਨਾ ਲਾਇਆ ਸੀ।

ਸਵੇਰ ਤੋਂ ਹੀ ਨਿੰਦਰ ਕਿਸਾਨ ਯੂਨੀਅਨ ਦੇ ਧਰਨੇ ਦੁਆਲੇ ਘੁੰਮਦਾ ਰਿਹਾ ਸੀ। ਉਹਦੇ ਮਨ ਵਿਚ ਸੀ ਕਿ ਸਾਰੀ ਦਿਹਾੜੀ ਸੜਕ ਰੋਕ ਕੇ ਬੈਠੇ ਬੰਦਿਆਂ ਲਈ 'ਗੁਰੂ ਕਾ ਲੰਗਰ' ਤਾਂ ਵਰਤੇਗਾ ਈ, ਤੇ ਉਹ ਵੀ ਰੋਟੀ ਦਾ 'ਦਾਅ' ਲਾ ਲਵੇਗਾ।

ਉਹਨੇ ਵੇਖਿਆ ਕੁਝ ਗੱਭਰੂ ਚਾਹ ਦੀਆਂ ਬਾਲਟੀਆਂ ਫੜੀ ਆਏ ਤੇ ਗਲਾਸਾਂ ਵਿਚ ਪਾ ਕੇ ਧਰਨੇ 'ਤੇ ਬੈਠੇ ਕਿਸਾਨਾਂ ਨੂੰ ਵਰਤਾਉਣ ਲੱਗੇ। ਉਹ ਖਿਸਕ ਕੇ ਉਸ ਪਾਸੇ ਨੂੰ ਹੋਇਆ ਤਾਕਿ ਉਹਦੀ ਵਾਰੀ ਛੇਤੀ ਨਾਲ ਆ ਸਕੇ। ਉਹ ਜੱਗ 'ਚੋਂ ਗਲਾਸ ਵਿਚ ਪੈਂਦੀ ਤੱਤੀ ਚਾਹ ਦੀ ਹਵਾੜ ਛੱਡਦੀ ਧਾਰ ਨੂੰ ਇਕ ਟੱਕ ਵੇਖਣ ਲੱਗਾ ਤੇ ਕਿਧਰੇ ਗਵਾਚ ਗਿਆ।

ਡੇਰੇ 'ਤੇ ਬਣੀ ਰਸੋਈ ਵਿਚ ਸੀਤੋ ਨੇ ਜੱਗ ਵਿਚੋਂ ਦੋ ਗਲਾਸਾਂ ਵਿਚ ਚਾਹ ਪਾਈ ਤੇ ਇਕ ਗਲਾਸ ਨਿੰਦਰ ਵੱਲ ਵਧਾ ਦਿੱਤਾ। ਕੋਸੀ ਚਾਹ ਦੇ ਵੱਡੇ-ਵੱਡੇ ਘੁੱਟ ਭਰਦਿਆਂ ਉਹ ਸੀਤੋ ਦੇ ਚਿਹਰੇ ਵੱਲ ਵੇਖੀ ਜਾਂਦਾ ਹੈ। ਸੀਤੋ ਪਤਾ ਨਹੀਂ ਕਿਹੜੀਆਂ ਸੋਚਾਂ ਵਿਚ ਡੁੱਬੀ ਹੋਈ ਏ ਕਿ ਬੇਧਿਆਨੀ ਵਿਚ ਹੀ ਉਸਦਾ ਹੱਥ ਬੰਨੀ 'ਤੇ ਪਏ ਗਲਾਸ ਨੂੰ ਵੱਜਦਾ ਤੇ ਸਾਰੀ ਚਾਹ ਸ਼ੈਲਫ਼ ਉੱਤੇ ਡੁੱਲ੍ਹ ਜਾਂਦੀ ਹੈ।

''ਹੁਣ?'' ਕੱਪੜਾ ਲੈ ਕੇ ਸ਼ੈਲਫ਼ ਸਾਫ਼ ਕਰਦੀ ਸੀਤੋ ਵੱਲ ਵੇਖ ਕੇ ਨਿੰਦਰ ਦੇ ਮੂੰਹੋਂ ਨਿਕਲਣ ਦੀ ਦੇਰ ਹੈ ਕਿ ਸੀਤੋ ਉਹਦੀਆਂ ਅੱਖਾਂ 'ਚ ਅੱਖਾਂ ਪਾ ਲੈਂਦੀ ਹੈ, ''ਹੁਣ ਹੈਸੇ ਨੂੰ ਵੰਡ-ਵਰਤ ਕੇ ਪੀ ਲੈਂਦੇ ਆਂ!'' ਉਹ ਘਬਰਾ ਜਾਂਦਾ ਹੈ। ਉਸਨੂੰ ਸੁੱਝਦੀ ਨਹੀਂ ਕਿ ਅੱਗੋਂ ਸੀਤੋ ਨੂੰ ਕੀ ਆਖੇ! ਸੀਤੋ ਨੇ ਹੱਥ ਵਧਾ ਕੇ ਉਸਦੇ ਹੱਥੋਂ ਗਲਾਸ ਖੋਹ ਲਿਆ ਏ। ਉਹ ਜੂਠੀ ਚਾਹ ਦੇ ਵੱਡੇ-ਵੱਡੇ ਘੁੱਟ ਛੇਤੀ-ਛੇਤੀ ਭਰਕੇ ਤੇ ਗਲਾਸ ਖ਼ਾਲੀ ਕਰਕੇ,ਬਿਨਾਂ ਨਿੰਦਰ ਨਾਲ ਨਜ਼ਰ ਮਿਲਾਏ,ਰਸੋਈ ਵਿਚੋਂ ਬਾਹਰ ਨਿਕਲ ਜਾਂਦੀ ਹੈ। ਪਰ ਨਿੰਦਰ ਦੇ ਬੁਝੇ ਅੰਦਰ ਵਿਚ ਚੰਨ ਚੜ੍ਹ ਰਿਹਾ ਏ।

"ਲੈ ਉਏ ਐਕਟਰਾ!" ਗੱਭਰੂ ਉਹਦੇ ਵੱਲ ਚਾਹ ਦਾ ਗਲਾਸ ਵਧਾਉਂਦਾ ਹੈ।

ਕਿਸਾਨ ਯੂਨੀਅਨ ਦਾ ਲੀਡਰ ਬੋਲ ਰਿਹਾ ਹੈ, "ਸਾਥੀਓ! ਕਰਜ਼ੇ ਦੇ ਭਾਰ ਹੇਠਾਂ ਦੱਬੇ ਕਿਸਾਨਾਂ ਦੀ ਕੋਈ ਬਾਤ ਨਹੀਂ ਪੁੱਛਦਾ। ਵੇਖੋ ਕੈਸਾ ਕਹਿਰ ਏ ਕਿ ਸਰਕਾਰਾਂ ਕਹਿੰਦੀਆਂ ਨੇ ਅਸੀਂ ਨਵੀਂ ਸਦੀ ਵਿਚ ਦਾਖ਼ਲ ਹੋ ਗਏ ਆਂ। ਪਰ ਗ਼ਰੀਬਾਂ ਦੇ ਦਿਨ ਤਾਂ ਪੁਰਾਣੇ ਈ ਰਹੇ। ਨਾ ਉਹਨਾਂ ਨੂੰ ਪੁਰਾਣੀ ਸਦੀ ਵਿਚ ਕਿਸੇ ਨੇ ਪੁੱਛਿਆ ਤੇ ਨਵੀਂ ਸਦੀ ਨੇ ਕੇਹਾ ਚੰਨ ਚਾੜ੍ਹਿਆ ਏ! ਮਿਹਨਤਕਸ਼ਾਂ ਦੇ 'ਅੱਛੇ ਦਿਨ' ਕਦੀ ਨਹੀਂ ਆਏ। ਹੋਰਨਾਂ ਹਜ਼ਾਰਾਂ ਕਿਸਾਨਾਂ ਵਾਂਗ ਹੀ ਸਾਡਾ ਕਿਸਾਨ ਯੂਨੀਅਨ ਦਾ ਸਰਗਰਮ ਵਰਕਰ ਭਜਨ ਸੁੰਹ ਵੀ ਗਰੀਬੀ ਤੇ ਭੁੱਖ ਦੇ ਖਿਲਾਫ਼ ਲੜਦਾ-ਲੜਦਾ ਫਾਹਾ ਲੈ ਕੇ ਜ਼ਿੰਦਗੀ ਦੀ ਜੰਗ ਹਾਰ ਗਿਆ। ਸਾਡੀ ਸਰਕਾਰ ਤੋਂ ਪੁਰਜ਼ੋਰ ਮੰਗ ਹੈ ਕਿ ਉਹਦੇ ਸਿਰ ਚੜ੍ਹਿਆ ਸਾਰਾ ਕਰਜ਼ਾ ਮਾਫ਼ ਕੀਤਾ ਜਾਵੇ ਤੇ ਉਹਦੇ ਟੱਬਰ ਨੂੰ ਪੰਜ ਲੱਖ ਰੁਪਈਆ ਤੇ ਮੁੰਡੇ ਨੂੰ ਨੌਕਰੀ ਦਿੱਤੀ ਜਾਏ !"

ਬਾਕੀ ਗੱਲਾਂ ਤਾਂ ਨਿੰਦਰ ਦੀ ਸਮਝ ਵਿਚ ਪੈ ਰਹੀਆਂ ਸਨ ਪਰ ਇਹ ਨਵੀਂ ਸਦੀ ਕੀ ਹੋਈ? ਗੱਲ ਉਹਦੇ ਗੇੜ ਵਿਚ ਨਾ ਆਈ।

ਕਿਸੇ ਨੇ ਨਾਹਰਾ ਲਾਇਆ, ''ਕਿਸਾਨ ਏਕਾ-ਜ਼ਿੰਦਾਬਾਦ!''

"ਜ਼ਿੰਦਾਬਾਦ!" ਦੀਆਂ ਆਵਾਜ਼ਾਂ ਨਾਲ ਬਾਹਵਾਂ ਅਸਮਾਨ ਵੱਲ ਉਠੀਆਂ।

"ਭਗਤ ਸਿੰਘ ਦਾ ਰਾਹ-ਸਾਡਾ ਰਾਹ" ਕਿਸੇ ਨੌਜਵਾਨ ਨੇ ਚੀਕਵੀਂ ਆਵਾਜ਼ ਵਿਚ ਆਖਿਆ।

ਨਿੰਦਰ ਨੇ ਭਗਤ ਸਿੰਘ ਦੀਆਂ ਫ਼ਿਲਮਾਂ ਵੇਖੀਆਂ ਹੋਈਆਂ ਸਨ। ਉਹਨੂੰ ਭਗਤ ਸਿੰਘ ਅਸੈਂਬਲੀ ਹਾਲ ਵਿਚ ਬੰਬ ਸੁੱਟਦਾ ਦਿਸਿਆ।

ਬੁਲਾਰੇ ਨੇ ਗੱਲ ਫੜ ਲਈ, "ਸਾਥੀਓ! ਇਸ ਨੌਜਵਾਨ ਨੇ ਭਗਤ ਸਿੰਘ ਦੀ ਗੱਲ ਕੀਤੀ ਹੈ। ਸਾਨੂੰ ਭਗਤ ਸਿੰਘ ਦੇ ਰਾਹ 'ਤੇ ਚੱਲਣ ਵਾਲੇ ਏਹੋ ਜਿਹੇ ਜਵਾਨਾਂ ਦੀ ਲੋੜ ਏ। ਪਰ ਸਰਕਾਰਾਂ ਦੀ ਸ਼ਹਿ ਤੇ ਮਿਲੀ-ਭੁਗਤ ਨਾਲ ਨਸ਼ੇ ਦੇ ਵਪਾਰੀਆਂ ਨੇ ਸਾਡੀ ਜਵਾਨੀ ਖਾ ਲਈ ਹੈ। ਕਿਸਾਨ ਖ਼ੁਦਕਸ਼ੀਆਂ ਕਰ ਰਹੇ ਨੇ। ਸਾਡੀ ਬਹੁਤੀ ਜਵਾਨੀ ਭਗਤ ਸਿੰਘ ਨੂੰ ਭੁਲਾ ਬੈਠੀ ਏ।..."

ਤੁਲਸਾ ਖੁੰਘ ਵੀ ਉਹਦੇ ਕੋਲ ਆ ਕੇ ਖਲੋ ਗਿਆ ਸੀ। ਜਦੋਂ 'ਗੁਰੂ ਕਾ ਲੰਗਰ' ਵਰਤਣ ਦੀਆਂ ਸਭ ਸੰਭਾਵਨਾਵਾਂ ਖ਼ਤਮ ਹੋ ਗਈਆਂ ਜਾਪੀਆਂ ਤਾਂ ਤੁਲਸੇ ਨੇ ਉਹਦਾ ਹੱਥ ਫੜ ਕੇ ਆਪਣੇ ਨਾਲ ਤੋਰ ਲਿਆ, "ਚੱਲ ਚੱਲੀਏ, ਇਹ ਜੱਟਾਂ ਦਾ 'ਆਪਣਾ' ਝਗੜਾ ਏ। ਆਪਣਾ ਇਹਦੇ ਨਾਲ ਕੀ ਲੈਣਾ ਦੇਣਾ?"

"ਤੇਰਾ ਨਾ ਹੋਊ, ਮੇਰਾ ਤਾਂ ਹੈਗਾ।"

'ਕੰਜਰਦਿਆ! ਤੈਨੂੰ ਨਾ ਅਕਲ ਆਈ। ਆਪਣੀ ਔਕਾਤ ਪਛਾਣ। ਲੱਖ ਹੋਵੇ, ਦੋ ਲੱਖ ਜਾਂ ਪੰਜ ਲੱਖ, ਮਿਲਣਾ ਤਾਂ ਭਜਨੇ ਦੇ ਟੱਬਰ ਨੂੰ ਈ ਏ ਤੇ ਨੌਕਰੀ ਵੀ ਉਹਦੇ ਮੁੰਡੇ ਨੂੰ। ਤੈਨੂੰ ਉਹਦੇ 'ਚੋਂ ਘੁੱਗੂ ਮਿਲਣਾ?"

ਨਿੰਦਰ ਦਾ ਆਪਣੇ ਕਥਨ ਵਿਚਲਾ ਵਿਸ਼ਵਾਸ ਡੋਲ ਗਿਆ।

ਸੀਤੋ ਦੀ ਮਾਂ ਉਹਨੂੰ ਰੋਕ ਕੇ ਇਕ ਪਾਸੇ ਲਿਜਾ ਕੇ ਇਕੱਲੇ ਨੂੰ ਬੜੇ ਮੋਹ ਨਾਲ ਪੁੱਛ ਰਹੀ ਏ, ''ਪੁੱਤ ਨਿੰਦਰ ਸਿਆਂ। ਤੁਹਾਡੀ ਜਾਤ-ਬਰਾਦਰੀ ਭਲਾ ਕਿਹੜੀ ਐ? ਮੇਰਾ ਮਤਲਬ ਐ ਤੁਸੀਂ ਜੱਟ ਈ ਓ ਨਾ?'' ਸੀਤੋ ਪਰੇ ਸੰਗਤ ਵਿਚ ਬੈਠੀ ਏਧਰ ਹੀ ਵੇਖ ਰਹੀ ਏ। ਉਹਦੇ ਚਿਹਰੇ ਵਿਚ ਸ੍ਰੀ ਦੇਵੀ, ਧੰਤੋ ਤੇ ਗੁਰਮੀਤ ਭੈਣ ਜੀ ਦੇ ਚਿਹਰੇ ਖ਼ਲਤ ਮਲਤ ਹੋ ਗਏ ਨੇ। ਜਦੋਂ ਉਹ ਸੀਤੋ ਦੀ ਮਾਂ ਨੂੰ ਜਵਾਬ ਦਿੰਦਾ ਏ ਤਾਂ ਓਥੇ ਧੂੰਏਂ ਤੋਂ ਸਿਵਾ ਕੁਝ ਨਹੀਂ।

ਉਹ ਆਖਦਾ ਤਾਂ ਹੈ ''ਜੱਟ ਆਂ ਅਸੀਂ। ਤੇ ਗੋਤ ਹੈ ਸਾਡਾ ਦਿਓ... ਮੈਂ ਮਿੰ... ਮਿੰ...''

ਪਰ ਉਹਦੀ ਜ਼ਬਾਨ ਕੰਬਣ ਲੱਗ ਪੈਂਦੀ ਏ ਤੇ 'ਮੈਂ ਮਿੰਟੂ ਦਿਓਲ ਹਾਂ' ਕਹਿਣ ਤੋਂ ਆਕੀ ਹੋਈ ਜ਼ਬਾਨ ਖ਼ੁਸ਼ਕ ਹੋ ਕੇ ਉਸਦੇ ਤਾਲੂ ਨਾਲ ਜਾ ਲੱਗਦੀ ਏ।ਉਹਦੇ ਤੋਂ ਪੱਟ 'ਤੇ ਥਾਪੀ ਮਾਰ ਨੇ ਆਖਿਆ ਨਹੀਂ ਸੀ ਜਾ ਰਿਹਾ, "ਮੈਂ ਵੀ ਸਾਨ੍ਹ ਜੱਟ ਉਏ!"

ਉਹ ਢੈਲਾ ਪੈ ਗਿਆ ਸੀ ਤੇ ਉਹਦੇ ਵਿਲਕਦੇ ਬੋਲ ਸਨ, "ਪਰ ਮੈਂ ਤਾਂ ਮਜ਼੍ਹਬੀ ਆਂ!"

ਤੁਲਸੇ ਦੀ ਗੱਲ ਸੁਣ ਕੇ ਉਹਨੇ ਅੱਖਾਂ ਵਿਚ ਤੈਰ ਆਏ ਪਾਣੀ ਨੂੰ ਤਲੀ ਨਾਲ ਪੂੰਝਿਆ, "ਬਾਬਾ! ਤੇਰੀ ਗੱਲ ਠੀਕ ਆ। ਆਪਾਂ ਨੂੰ ਕਿਹੜਾ ਪੰਜ ਲੱਖ ਮਿਲਣਾ?"

ਫਿਰ ਕੁਝ ਚਿਰ ਰੁਕ ਕੇ ਪੁੱਛਿਆ, "ਹੱਛਾ ਬਾਬਾ! ਐਂ ਦੱਸ, ਕਿਸੇ ਤਰ੍ਹਾਂ ਆਪਾਂ ਨੂੰ ਵੀ ਪੰਜ ਲੱਖ ਨਹੀਂ ਮਿਲ ਸਕਦਾ?"

ਤੁਲਸਾ ਅਣਮੰਨਿਆਂ ਜਿਹਾ ਹਾਸਾ ਹੱਸਿਆ, "ਗਲ 'ਚ ਪਰਨਾ ਬੰਨ੍ਹ ਕੇ ਲਮਕਾ ਦੇ ਕਿਸੇ ਜੀਅ ਨੂੰ ਬੋਹੜ ਨਾਲ ਭਜਨੇ ਲੀਡਰ ਵਾਂਗੂੰ। ਖੋਤੇ ਦਾ ਖੋਤਾ ਰਿਹਾ। ਭਾਈ ਸਿੱਖਾ! ਉਹਨਾਂ ਦੇ ਟੱਬਰ ਦਾ ਵੱਡਾ ਜੀਅ ਮਰ ਗਿਆ। ਵਿਚਾਰੇ ਨੇ ਧੀ ਕਰਜਾ ਚੁੱਕ ਕੇ ਵਿਆਹੀ। ਉਹ ਘਰ ਆ ਬੈਠੀ। ਮੁੰਡਾ ਨਸ਼ਿਆਂ-ਪੱਤਿਆਂ 'ਚ ਪੈ ਗਿਆ। ਉਹਨਾਂ ਗਰੀਬਾਂ ਨੂੰ ਪਤਾ ਨਹੀਂ ਕੋਈ ਪੈਸਾ ਮਿਲਣਾ ਕਿ ਨਹੀਂ, ਤੈਨੂੰ ਪਹਿਲਾਂ ਮਿਲ ਜੇ?"

ਨਿੰਦਰ ਘਰ ਆਇਆ ਤਾਂ ਬੜਾ ਉਦਾਸ ਤੇ ਟੁੱਟਿਆ ਹੋਇਆ ਸੀ।

ਤੇਹ ਬੁਝਾਉਣ ਲਈ ਉਹਨੇ ਨਲਕੇ ਦੀ ਹੱਥੀ ਨੂੰ ਹੱਥ ਨਾਲ ਉਪਰ ਚੁੱਕ ਕੇ ਹੇਠਾਂ ਕੀਤਾ ਤਾਂ ਹੱਥੀ ਦੇ ਚਿਮਟੇ ਨਾਲ ਲੱਗਾ ਕਿੱਲ ਨਿਕਲ ਕੇ ਬਾਹਰ ਜਾ ਡਿੱਗਾ। ਲੱਗੇ ਜ਼ੋਰ ਨਾਲ ਹੱਥੀ ਹੇਠਾਂ ਲੁੜ੍ਹਕ ਆਈ। ਉਹ ਵੀ ਹੇਠਾਂ ਡਿੱਗਦਾ ਡਿੱਗਦਾ ਬਚਿਆ।

"ਫਿੱਟੇ ਮੂੰਹ ਤੇਰਾ!"

ਪਤਾ ਨਹੀਂ ਇਹ ਫਿਟਕਾਰ 'ਘੜੱਚ! ਘੜੱਚ!" ਕਰ ਕੇ ਬੂੰਦ ਬੂੰਦ ਪਾਣੀ ਕੱਢਣ ਵਾਲੇ ਨਲਕੇ ਨੂੰ ਸੀ ਜਾਂ ਕਿੱਲ ਨੂੰ, ਜੋ ਅਕਸਰ ਹੀ ਹੱਥੀ 'ਚੋਂ ਬਾਹਰ ਨਿਕਲ ਜਾਂਦਾ ਸੀ।

ਫਿਰ ਮੰਜੀ 'ਤੇ ਬੈਠੇ ਨੈਤੇ ਤੇ ਚੌਂਤਰੇ ਵਿਚ ਰੋਟੀ-ਟੁੱਕ ਦੇ ਆਹਰ ਲੱਗੀ ਛਿੰਨੋ ਵੱਲ ਵੇਖ ਕੇ ਉਹਨਾਂ ਨੂੰ ਸਾਂਝੀ ਫਿਟਕਾਰ ਪਾਈ, "ਫਿੱਟੇ ਮੂੰਹ ਤੁਾਡਾ ਸਾਰੇ ਟੱਬਰ ਦਾ। ਦੋ ਕਾਬਲੇ ਨਹੀਂ ਪਵਾ ਸਕਦੇ!"

"ਫਿੱਟੇ ਮੂੰਹ ਤੇਰਾ ਕੰਜਰਾ! ਤੂੰ ਟੱਬਰ ਦਾ ਹਿੱਸਾ ਨਹੀਂ? ਕਾਬਲੇ ਤੈਥੋਂ ਨਹੀਂ ਪੈਂਦੇ।"

ਨੈਤੇ ਦੀ ਫਿਟਕਾਰ ਦਾ ਕੋਈ ਜਵਾਬ ਦੇਣ ਦੀ ਥਾਂ ਅੱਧਾ ਉਹਨਾਂ ਨੂੰ ਤੇ ਅੱਧਾ ਆਪਣੇ ਆਪ ਨੂੰ ਸੁਣਾ ਕੇ ਕਹਿਣ ਲੱਗਾ, "ਸਨੀ ਭਾਅ ਜੀ ਦੇ ਲਾਰੇ! ਵਿਆਹੇ ਵੀ ਰਹਿਣ ਕਵਾਰੇ। ਮੈਨੂੰ ਆਂਹਦਾ ਸੀ, ਜਿਹੜਾ ਨਲਕਾ ਮੈਂ ਪਾਕਿਸਤਾਨ ਵਿਚੋਂ ਪੁੱਟਿਆ ਸੀ, ਤੇਰੇ ਲਈ ਸਾਂਭ ਕੇ ਰੱਖਿਆ। ਕਿਸੇ ਦਿਨ ਲੱਛੂ ਦੇ ਰੇੜ੍ਹੇ 'ਤੇ ਲੱਦ ਕੇ ਘਲਾ ਦੂੰ। ਲੈ ਉਹ ਦਿਨ ਤੇ ਅੱਜ ਦਾ ਦਿਨ! ਮੈਂ ਸੌ ਵਾਰੀ ਲੱਛੂ ਨੂੰ ਪੁੱਛ ਬੈਠਾਂ।"

ਫਿਰ ਉਹਨੇ ਅਚਨਚੇਤ ਨੈਤੇ 'ਤੇ ਸਵਾਲ ਦਾਗ਼ ਦਿੱਤਾ, "ਤੇ ਤੂੰ ਐਂ ਦੱਸ ਖਾਂ। ਪਿਓ ਵਾਲੇ ਆਪਣੇ ਗੁਰਦਵਾਰੇ ਦਾ ਭਾਈ ਜੂ ਬਣਿਆਂ ਫਿਰਦਾ ਏਂ, ਗਜਾ ਕਰ ਕੇ 'ਆਪਣੇ ਘਰਾਂ' 'ਚੋਂ ਰੋਟੀਆਂ ਨ੍ਹੀਂ ਕੱਠੀਆਂ ਕਰ ਸਕਦਾ! ਅਸੀਂ ਭੁੱਖੇ ਢਿੱਡ ਵਜਾਉਂਦੇ ਫਿਰਦੇ ਹਾਂ।"

ਏਨਾ ਆਖ ਕੇ ਉਹ ਟੁੱਟੇ ਵਾਣ ਦੀ ਓਕੜੂ ਮੰਜੀ ਦੀ ਪੁਆਂਧੀ ਬਹਿ ਗਿਆ। ਛਿੰਨੋ ਠਰਦੇ ਜਾਂਦੇ ਤਵੇ ਹੇਠਾਂ ਬੁਝਦੀ ਜਾਂਦੀ ਪਰਾਲੀ ਦੀ ਅੱਗ ਨੂੰ ਫੂਕਾਂ ਮਾਰ ਰਹੀ ਸੀ। ਨਿੰਦਰ ਤਵੇ 'ਤੇ ਪਾਈ ਰੋਟੀ ਵੱਲ ਲਲਸਾਈਆਂ ਨਜ਼ਰਾਂ ਨਾਲ ਵੇਖ ਰਿਹਾ ਸੀ। ਉਹਦਾ ਪਿਉ ਨੈਤਾ, ਜਿਸ ਨੂੰ ਉਹ ਪਿਉ ਮੰਨਣ ਤੋਂ ਇਨਕਾਰੀ ਸੀ, ਤਾਸੀ ਵਿਚ ਰੱਖੀ ਅੱਧ ਕੱਚੀ-ਪੱਕੀ ਰੋਟੀ ਚੁੱਕ-ਥੱਲ ਕੇ ਇੰਝ ਵੇਖ ਰਿਹਾ ਸੀ ਜਿਵੇਂ 'ਏਹੋ ਜਿਹੀ' ਰੋਟੀ ਬਾਰੇ ਛਿੰਨੋ ਨੂੰ ਸ਼ਿਕਾਇਤ ਕਰਨਾ ਚਾਹ ਰਿਹਾ ਹੋਵੇ, ਪਰ ਉਹ ਬੋਲਿਆ ਕੁਝ ਨਹੀਂ। ਉਹਨੇ ਕੱਚੀ ਝੁਲਸੀ ਰੋਟੀ ਤਾਸੀ ਵਿਚ ਰੱਖੀ ਤੇ ਬੁਰਕੀ ਤੋੜਨ ਤੋਂ ਪਹਿਲਾਂ ਨਿੰਦਰ ਦੀਆਂ ਭੁੱਖੀਆਂ, ਰੋਟੀ ਤਾੜਦੀਆਂ ਨਜ਼ਰਾਂ ਵੱਲ ਤਰਦੀ ਜਿਹੀ ਨਜ਼ਰ ਮਾਰੀ। ਇਕ ਵਾਰ ਦਿਲ ਕੀਤਾ ਕਿ ਉਹਨੂੰ ਆਖੇ, "ਕਿਉਂ ਕੁੱਤੇ ਵਾਂਗੂੰ ਅੱਖਾਂ ਪਾੜ ਪਾੜ ਵਿੰਹਦਾ ਏਂ"; ਪਰ ਫਿਰ ਕੁਝ ਸੋਚ ਕੇ ਚੁੱਪ ਰਹਿਣਾ ਹੀ ਬਿਹਤਰ ਸਮਝਿਆ।

ਨਿੰਦਰ ਨੂੰ ਪਤਾ ਸੀ ਕਿ ਜੇ ਰੋਟੀ ਮੰਗੀ ਤਾਂ ਛਿੰਨੋ ਨੇ ਉਹਦੇ ਕਹਿਣ ਮੁਤਾਬਕ, ਚਾਰੇ ਖੁਰ ਚੁੱਕ ਕੇ ਪੈ ਜਾਣਾ ਸੀ! ਤਦ ਵੀ ਉਹ ਕਦੀ ਤਵੇ 'ਤੇ ਪੱਕ ਰਹੀ ਤੇ ਕਦੇ ਨੈਤੇ ਦੀ ਤਾਸੀ ਵਿਚ ਪਈ ਰੋਟੀ ਵੇਖੀ ਜਾ ਰਿਹਾ ਸੀ। ਫਿਰ ਉਹਨੂੰ ਗਲੀ ਵਿਚੋਂ ਕਿਸੇ ਦੇ ਲੰਘਣ ਦਾ ਝੌਲਾ ਜਿਹਾ ਪਿਆ। ਇੰਝ ਜਾਪਿਆ, ਜਿਵੇਂ ਧੰਤੋ ਲੰਘੀ ਹੋਵੇ। ਪਰ ਧੰਤੋ ਕਿਵੇਂ ਹੋ ਸਕਦੀ ਏ? ਬਾਹਰ ਨਿਕਲ ਕੇ ਵੇਖਾਂ ਤਾਂ ਸਹੀ, ਕਿਤੇ ਓਹੋ ਨਾ ਹੋਵੇ! 'ਭਾਪੇ' ਧਰਮਿੰਦਰ ਦੀ ਇਕ ਫ਼ਿਲਮ ਵਿਚ ਵੀ ਤਾਂ ਹੀਰੋਇਨ ਮਰ ਕੇ ਬਾਅਦ ਵਿਚ ਜਿਊਂਦੀ ਹੋ ਗਈ ਸੀ।

ਪਹਿਲਾਂ ਛਿੰਨੋ ਕੋਲੋਂ ਰੋਟੀ ਮੰਗਾਂ ਕਿ ਪਹਿਲਾਂ ਧੰਤੋ ਨੂੰ ਵੇਖਾਂ?

ਰੋਟੀ ਕਿ ਧੰਤੋ, ਧੰਤੋ ਕਿ ਰੋਟੀ?

ਜੀਅ ਕੀਤਾ ਇਕ ਹੱਥ ਵਿਚ ਰੋਟੀ ਫੜ ਲਵੇ ਤੇ ਦੂਜੇ ਵਿਚ ਧੰਤੋ ਦੀ ਬਾਂਹ।

ਉਹ ਅਹੁਲ ਕੇ ਗਲੀ ਵਿਚ ਆਇਆ। ਬੰਸੀ ਦੀ ਦੁਕਾਨ 'ਤੇ ਹਰੀ ਚੁੰਨੀ ਵਾਲੀ ਕੋਈ ਕੁੜੀ ਸੌਦਾ ਲੈਣ ਲਈ ਖਲੋਤੀ ਸੀ। ਧੰਤੋ ਨੇ ਵੀ ਉਸ ਦਿਨ ਹਰੀ ਚੁੰਨੀ ਲਈ ਹੋਈ ਸੀ, ਜਦੋਂ ਉਹ

ਸੁਰਜੀਤ ਹੁਰਾਂ ਦੇ ਮੂਸਲ ਵਿਚੋਂ ਤੂੜੀ ਲੈ ਕੇ ਨਿਕਲੀ ਸੀ।

ਉਹ ਦੁਕਾਨ ਵੱਲ ਉਡਿਆ ਗਿਆ। ਉਹਨੂੰ ਸਹਿਵਨ ਹੀ ਉਹ ਗੱਲ ਯਾਦ ਆ ਗਈ।

ਵਾਢਿਆਂ ਲਈ ਚਾਹ ਧਰੀ ਹੋਈ ਸੀ ਪਰ ਖੰਡ ਥੁੜ ਗਈ। ਜਸਵੰਤ ਨੇ ਨਿੰਦਰ ਨੂੰ ਪੈਸੇ ਫੜਾਏ ਤੇ ਦੋ ਘਰ ਛੱਡ ਕੇ ਜੰਗੀ ਦੀ ਦੁਕਾਨ ਤੋਂ ਛੇਤੀ-ਛੇਤੀ ਖੰਡ ਲਿਆਉਣ ਲਈ ਕਿਹਾ। ਨਿੰਦਰ ਜੰਗੀ ਦੀ ਦੁਕਾਨ ਉੱਤੇ ਨਾ ਰੁਕਿਆ। ਉਹ ਸਿੱਧਾ ਧੰਤੋ ਦੀ ਗਲੀ ਵਿਚੋਂ ਲੰਘਿਆ। ਉਹਦੇ ਵਿਹੜੇ ਵਿਚ ਉਹਨੂੰ ਲੱਭਦੀਆਂ ਨਜ਼ਰਾਂ ਨਾਲ ਵੇਖਿਆ ਤੇ ਗਲੀ ਦੇ ਸਿਰੇ ਉੱਤੇ ਬੰਸੀ ਦੀ ਦੁਕਾਨ 'ਤੇ ਜਾ ਪੁੱਜਾ।

ਚਾਹ ਰਿੱਝ-ਰਿੱਝ ਕਮਲੀ ਹੋਈ ਗਈ। ਉਹ ਵਾਪਸ ਪਰਤਿਆ ਤਾਂ ਪਹਿਲਾਂ ਹੀ ਲਾਏ ਅਨੁਮਾਨ ਅਨੁਸਾਰ ਉਹਨੂੰ 'ਬਕਾਉਣ' ਲਈ ਜਸਵੰਤ ਨੇ ਗੁੱਸੇ ਨਾਲ ਆਖਿਆ, ''ਤੈਨੂੰ ਤਾਂ ਜੰਗੀ ਦੀ ਹੱਟੀ ਉੱਤੇ ਘੱਲਿਆ ਸੀ ਤੇ ਤੂੰ ਖੰਡ ਲੈਣ ਬੰਸੀ ਦੀ ਦੁਕਾਨ ਉੱਤੇ ਜਾ ਅੱਪੜਿਓਂ।''

ਉਹ ਮੁੱਕਰਿਆ ਨਹੀਂ, ''ਓ ਨਾ, ਓ ਨਾ...ਉਥੋਂ ਜਾ ਕੇ ਖੰਡ ਤਾਂ ਲਿਆਇਆਂ, ਪਈ ਜੰਗੀ ਹੁਰੀਂ ਖੰਡ 'ਚ ਮਿੱਠਾ ਘੱਟ ਪਾਉਂਦੇ ਨੇ...''

ਉਹਦੀ ਵਜ਼ਨਦਾਰ ਦਲੀਲ ਸੁਣਕੇ ਜਸਵੰਤ ਨੇ ਆਖਿਆ,''ਆਹੋ ਬੰਸੀ ਦੀ ਦੁਕਾਨ ਉੱਤੇ ਖੰਡ ਵਿਚ ਮਿੱਠਾ ਧੰਤੋ ਜੂ ਪਾ ਜਾਂਦੀ ਆ...''

'ਚੋਰੀ' ਫੜੀ ਜਾਣ 'ਤੇ ਉਹ ਆਪ ਹੀ ਸਪੱਸ਼ਟੀਕਰਨ ਦੇਣ ਲੱਗਾ, ''ਕੀ ਕਰਾਂ ਚਾਚਾ, ਜਿਵੇਂ ਡੰਗਰ ਤਿਹਾਇਆ ਹੋਵੇ ਤਾਂ ਪਾਣੀ ਵੱਲ ਰੱਸੇ ਤੁੜਾ ਕੇ ਭੱਜ ਉੱਠਦੈ, ਐਂ ਈ, ਜਦੋਂ ਮੈਨੂੰ ਚੇਤਾ ਆਵੇ, ਮੈਂ ਓਂ ਨੂੰ ਭੱਜ ਉੱਠਦਾਂ...''

ਅੱਜ ਵੀ ਉਹ ਤਿਹਾਏ ਡੰਗਰ ਵਾਂਗ ਭੱਜਾ ਗਿਆ ਤੇ ਹਰੀ ਚੁੰਨੀ ਵਾਲੀ 'ਕੁੜੀ' ਦੇ ਮੂੰਹ ਵੱਲ ਵੇਖਿਆ। ਉਡਦਾ ਉਡਦਾ ਉਹ ਜ਼ਮੀਨ 'ਤੇ ਮੂੰਹ ਭਾਰ ਆਣ ਡਿੱਗਾ। ਜਿੰਦੂ 'ਟੁੱਲ' ਦੀ ਦੰਦ-ਬੋੜੀ ਅੱਧ-ਖੜ ਘਰਵਾਲੀ ਦਾ ਭੈਂਗ ਉਹਦੇ ਕਲੇਜੇ ਵਿਚ ਵੱਜਾ ਤੇ ਉਹ ਨਿਰਾਸ ਹੋ ਕੇ ਕਾਹਲੇ ਕਦਮੀਂ ਘਰ ਨੂੰ ਤੁਰ ਪਿਆ।

"ਕਿਆ ਹਰੀ ਚੁੰਨੀ ਲੈ ਕੇ ਧੰਤੋ ਬਣ ਬਣ ਬਹਿੰਦੀ ਆ। ਫਾਫਾਂ ਨਾ ਹੋਵੇ! ਬੁੱਢੀ ਘੋੜੀ, ਹਰੀ ਲਗਾਮ!"

ਬੰਸੀ ਦੀ ਹੱਟੀ ਤੋਂ ਮੁੜ ਕੇ ਉਹ ਘਰ ਵੜਿਆ ਤਾਂ ਨੈਤਾ ਅੱਜ ਦੇ 'ਖਾਣੇ ਦੀ' ਆਖ਼ਰੀ ਬੁਰਕੀ ਬਚੇ-ਖੁਚੇ ਮਿਰਚ ਦੇ ਅਚਾਰ ਨਾਲ ਰਗੜ ਰਿਹਾ ਸੀ ਤਾਂ ਨਿੰਦਰ ਦੇ ਮਨ ਵਿਚ ਤੁਲਸੇ ਦੇ ਸ਼ਬਦ ਲਿਸ਼ਕੇ, "ਉਹਨਾਂ ਦੇ ਟੱਬਰ ਦਾ ਵੱਡਾ ਜੀਅ ਮਰ ਗਿਆ!"

ਜੋ ਕੁਝ ਉਹਨੇ ਸੋਚਿਆ ਸੀ, ਨੈਤੇ ਨੂੰ ਆਖਦਾ ਆਖਦਾ ਰਹਿ ਗਿਆ। ਉਹਦਾ ਧਿਆਨ ਨੈਤੇ ਦੇ ਹੱਥ ਵਿਚ ਫੜੀ ਰੋਟੀ ਦੀ ਬੁਰਕੀ 'ਤੇ ਜੰਮ ਗਿਆ। ਤਵੇ 'ਤੇ ਪੱਕਦੀ ਰੋਟੀ ਦੀ ਖ਼ੁਸ਼ਬੋ ਧੂੰਏਂ ਦੀ ਗੰਧ ਨਾਲ ਮਿਲ ਕੇ ਉਹਦੇ ਮੂੰਹ ਵਿਚਲਾ ਪਾਣੀ ਬਣ ਗਈ।

ਪਰਸੋਂ ਸਵੇਰੇ ਛਿੰਨੋ ਨੇ ਐਲਾਨ ਕਰ ਦਿੱਤਾ ਸੀ, "ਅੱਜ ਤਾਂ ਤੇਰਾ ਮੱਥਾ ਡੰਮ੍ਹ 'ਤਾ। ਤਕਾਲਾਂ ਤੋਂ ਰੋਟੀ ਦੀ ਝਾਕ ਨਾ ਰੱਖੀਂ। ਆਪਣੀ ਕਮਾਈ ਕਰ ਤੇ ਖਾਹ।"

ਛਿੰਨੋ ਬੋਲਾਂ ਦੀ ਪੱਕੀ ਰਹੀ ਸੀ। ਉਹਨੇ ਨਾ ਰਾਤ ਨੂੰ ਰੋਟੀ ਦਿੱਤੀ ਸੀ ਨਾ ਅਗਲੀ ਸਵੇਰੇ ਚਾਹ। ਉਹਦੇ ਵਿਚੋਂ ਉਹ ਮਾਂ ਮਰ ਚੁੱਕੀ ਸੀ, ਜਿਹੜੀ 'ਦਹੀਂ ਨਾਲ ਟੁੱਕ' ਦਿੰਦੀ ਸੀ। ਉਹਦਾ ਕਹਿਣਾ ਸੀ, "ਜਦੋਂ ਮੈਂ ਤੇਰੀ ਮਾਂ ਈ ਨਹੀਂ। ਨੈਤਾ ਤੇਰਾ ਪਿਓ ਈ ਨਹੀਂ। ਤਾਂ ਜਾ ਕੇ ਮੰਗ ਰੋਟੀ 'ਧਮਿੰਦਰ' ਕੋਲ਼ੋਂ, ਜਿਹਦਾ ਤੂੰ 'ਪੁੱਤ' ਏਂ ਤੇ ਜਾਂ ਜਾਹ ਆਪਣੀ ਮਾਂ ਹੇਮਾ ਮਾਲਨੀ ਕੋਲ਼ ਜੀਹਨੇ ਤੇਰੇ ਲਈ ਪਰੌਂਠੇ ਪਕਾ ਕੇ, ਪੋਣੇ 'ਚ ਵਲ੍ਹੇਟ ਕੇ ਚੰਗੇਰ ਵਿਚ ਰੱਖ ਛੱਡੇ ਨੇ। ਤੇ ਜਾਂ ਲੈ ਆ ਆਪਣਾ ਡੋਲ਼ਾ ਬੰਬਈਓਂ ਆਪਣੀ ਕੁਲੱਗਦੀ ਸਿਰ ਸੜੀ ਦਾ! ਤੈਨੂੰ ਦੇਵੇ ਤੋਸਾ ਪਕਾ ਕੇ!"

ਨੈਤੇ ਨੇ ਆਖ਼ਰੀ ਬੁਰਕੀ ਮੂੰਹ ਵਿਚ ਪਾ ਲਈ ਤੇ ਪਚਾਕੇ ਮਾਰ ਕੇ ਖਾਣ ਲੱਗਾ। ਨਿੰਦਰ ਨੂੰ

ਬੁਰਕੀ ਆਪਣੇ ਮੂੰਹ ਵਿਚ ਘੁਲਦੀ ਜਾਪੀ।

ਭਿੱਲੀ ਚੀਨੀ ਕੁਕੜੀ ਨੂੰ ਖੁੱਡੇ ਵਿਚ ਤਾੜਣ ਲੱਗਾ ਆਪਣੇ ਆਪ ਨਾਲ ਗੱਲਾਂ ਕਰਨ ਵਾਂਗ ਬੋਲਿਆ, "ਗੜ੍ਹੀ ਹੋਣੀਂ ਆਂਡਾ, ਮੈਨੂੰ ਪੱਕਾ ਪਤੈ, ਦੇਸੇ ਨਾਈ ਦੀ ਖੁਰਲੀ 'ਚ ਦੇ ਆਉਂਦੀ ਏ। ਮੈਂ ਆਖਿਆ, "ਚਾਚਾ! ਸਾਡਾ ਆਂਡਾ ਦੇਹ।" ਕੰਜਰ ਦਾ ਆਖਣ ਲੱਗਾ, "ਹਰਾਮੀਆਂ, ਗੰਦੇ ਆਂਡਿਆ! ਤੇਰੀ ਮਾਂ ਛਿੰਨੋ ਕਦੋਂ ਦੀ ਸਾਡੀ ਖੁਰਲੀ ਵਿਚ ਕੁੜਕ ਮੱਲ ਕੇ ਬਹਿਣ ਲੱਗ ਗੀ ਏ ਉਏ! ਭੱਜ ਜਾਹ ਏਥੋਂ, ਨਹੀਂ ਤਾਂ ਜੁੱਤੀਆਂ ਮਾਰ-ਮਾਰ ਸਿਰ ਗੰਜਾ ਕਰ ਦੂੰ।"

ਕੁਕੜੀ ਖੁੱਡੇ ਵਿਚ ਤਾੜ ਕੇ ਭਿੱਲੀ ਨੇ ਢਿੱਲੀ ਕੱਛ ਨਾਲ ਹੱਥ ਪੂੰਝੇ ਤੇ ਧੂੰਏ ਭਰੀਆਂ ਅੱਖਾਂ ਵਿਚੋਂ ਨਿਕਲਦੇ ਪਾਣੀ ਨੂੰ ਮੈਲੀ ਚੁੰਨੀ ਨਾਲ ਰਗੜ ਰਹੀ ਛਿੰਨੋ ਵੱਲ ਮੂੰਹ ਕੀਤਾ।

"ਬੀਬੀ! ਰੋਟੀ ਦੇਹ। ਬੜੀ ਭੁੱਖ ਲੱਗੀ ਊ।"

ਛਿੰਨੋ ਕੁਝ ਬੋਲੀ ਨਹੀਂ। ਬੁਝਦੀ ਜਾਂਦੀ ਅੱਗ ਨੂੰ ਫੂਕਾਂ ਮਾਰਨ ਲੱਗੀ।

"ਦੇ ਰੋਟੀ ਇਹਨੂੰ ਸਾਹਬ ਨੂੰ। ਬੜੀ ਕਮਾਈ ਕਰ ਕੇ ਆਇਆ। ਹਰ ਵੇਲੇ ਰੋਟੀ ਰੋਟੀ ਲਾ ਰੱਖਦਾ ਏ।"ਨਿੰਦਰ ਨੇ ਆਖ ਤਾਂ ਦਿੱਤਾ, ਪਰ ਲੱਗਾ; ਢਿੱਡ ਤਾਂ ਉਹਦਾ ਆਪ 'ਰੋਟੀ! ਰੋਟੀ' ਕਰਦਾ ਪਿਆ ਏ।

ਖਿਆਲ ਆਇਆ, 'ਬਾਬਾ ਤੁਲਸਾ ਠੀਕ ਆਂਹਦਾ ਸੀ, ਦਿਹਾੜੀ 'ਚ ਇਕ ਘੜੀ ਐਹੋ ਜਿਹੀ ਜ਼ਰੂਰ ਆਉਂਦੀ ਏ ਜਦੋਂ ਬੰਦੇ ਦੀ ਆਖੀ ਗੱਲ ਪੂਰੀ ਹੋ ਜਾਂਦੀ ਹੈ! ਮੈਂ ਕਾਹਨੂੰ ਚਾਚੇ ਜਸਵੰਤ ਨੂੰ ਆਖਣਾ ਸੀ!

ਇਹ ਉਹਨਾਂ ਦਿਨਾਂ ਦੀ ਗੱਲ ਹੈ ਜਦੋਂ ਉਹ ਕੁਝ ਚਿਰ ਆਪਣੀ 'ਮਾਸ਼ੂਕਾ' ਸ੍ਰੀ ਦੇਵੀ ਨੂੰ ਭੁੱਲ ਕੇ ਆਪਣੀ ਗਲੀ ਦੀ ਕੁੜੀ ਧੰਤੋ ਨੂੰ ਖੇਤਾਂ ਵਿਚੋਂ ਸਾਗ ਤੁੜਵਾਉਣ ਲੱਗ ਪਿਆ ਸੀ। ਤੇ ਇਕ ਦਿਨ ਜਦੋਂ ਉਹਨੇ ਧੰਤੋ ਨੂੰ ਸੁਰਜੀਤ ਹੁਰਾਂ ਦੇ ਮੂਸਲ ਵਿਚੋਂ ਤੂੜੀ ਦੀ ਪੰਡ ਲੈ ਕੇ ਨਿਕਲਦਿਆਂ ਤੇ ਪਿੱਛੇ ਪਿੱਛੇ ਮੂਸਲ ਵਿਚੋਂ ਸੁਰਜੀਤ ਨੂੰ ਬਾਹਰ ਆਉਂਦਿਆਂ ਵੇਖ ਲਿਆ ਸੀ ਤਾਂ ਬੜਾ ਦੁਖੀ ਤੇ ਉਦਾਸ ਹੋਇਆ ਸੀ। ਆਪਣੇ ਆਪ ਨੂੰ ਇਹ ਆਖ ਕੇ ਸਮਝਾਉਣ ਦੀ ਕੋਸ਼ਿਸ਼ ਵੀ ਕੀਤੀ ਸੀ ਕਿ 'ਤੂੜੀ ਕਿਹੜੀ ਮੇਰੀ ਗਈ ਆ!" ਪਰ ਜਦੋਂ ਓਸੇ 'ਤੂੜੀ ਦੇ ਭਾਰ ਹੇਠਾਂ ਦੱਬ ਕੇ' ਪਏ ਸਰੀਰਕ ਨੁਕਸ ਨਾਲ ਧੰਤੋ ਸਦਾ ਲਈ ਤੁਰ ਗਈ ਤਾਂ ਉਹ ਅਸਲੋਂ ਟੁੱਟ ਗਿਆ ਸੀ। ਉਹ ਗਾਉਂਦਾ, "ਸਾਨੂੰ ਲੋਕ ਸ਼ੁਦਾਈ ਆਂਹਦੇ, ਸਾਡੇ ਦੁੱਖ ਦੇ ਵੱਲ ਨਹੀਂ ਜਾਂਦੇ!" ਉਹਦੀ ਭੁੱਖ ਮਰ ਗਈ ਸੀ। ਉਦੋਂ ਹੀ ਇਕ ਦਿਨ ਜਸਵੰਤ ਦੀ ਪਤਨੀ ਰੋਟੀ ਲੈ ਕੇ ਆਈ ਤਾਂ ਆਖਣ ਲੱਗਾ, ''ਚਾਚੀ! ਅੱਜ ਰੋਟੀ ਰਹਿਣ ਈ ਦਈਏ। ਭੁੱਖ ਈ ਨਹੀਂ ਲੱਗਦੀ।''

''ਵੇ ਫੜ 'ਗਾਂਹ। ਰੋਟੀ ਬਿਨਾਂ ਗੁਜ਼ਾਰਾ ਹੁੰਦੈ ਕਿਤੇ! ਸਿਆਣੇ ਆਂਹਦੇ: ਪੇਟ ਨਾ ਪਈਆਂ ਰੋਟੀਆਂ ਤੇ ਸਭੇ ਗੱਲਾਂ ਖੋਟੀਆਂ...''

ਜਸਵੰਤ ਦੀ ਪਤਨੀ ਦੀ ਮਿੱਠੀ ਜਿਹੀ ਝਿੜਕ ਸੁਣਕੇ ਉਹ ਗਹਿਰ-ਗੰਭੀਰ ਹੋ ਗਿਆ, ''ਚਾਚੀ! ਜੇ ਸੱਚ-ਮੁੱਚ ਕਿੱਤੇ ਰੋਟੀ ਬਿਨਾਂ ਗੁਜ਼ਾਰਾ ਹੋਣ ਲੱਗ ਪਵੇ ਤਾਂ ਕਿਆ ਕਹਿਣੇ! ਸਾਡੇ ਸੱਜਣ ਨੂੰ ਰੋਟੀ ਈ ਮਾਰ ਗਈ....''

ਗੱਲ ਉਸਦੀ ਕੁਝ ਹੱਦ ਤਕ ਠੀਕ ਹੀ ਸੀ। ਮਹੀਨਾ ਭਰ ਮਿਆਦੀ ਬੁਖ਼ਾਰ ਦਾ ਭੰਨਿਆ ਉਸਦਾ ਵੱਡਾ ਭਰਾ ਸੱਜਣ ਰਾਜ਼ੀ ਹੋ ਕੇ ਜਦੋਂ ਸੁੱਖਣਾ ਲਾਹੁਣ 'ਗੁਰੂ ਸਰ' ਦੀ ਮੱਸਿਆ ਗਿਆ ਤਾਂ ਸਾਹਮਣੇ ਲੰਗਰ ਵਰਤਦਾ ਵੇਖਕੇ ਉਸ ਤੋਂ ਰਿਹਾ ਨਾ ਗਿਆ। ਚਮਕਦੀ ਭੁੱਖ ਨੂੰ ਸ਼ਾਂਤ ਕਰਨ ਲਈ ਆਖਣ ਲੱਗਾ, ''ਆਏ ਆਂ ਤਾਂ ਗੁਰੂ ਕੇ ਲੰਗਰ ਵਿਚ ਵੀ ਹਾਜ਼ਰੀ ਲਵਾ ਹੀ ਚੱਲੀਏ।''

ਫਿਰ ਮਾਂਹ ਦੀ ਦਾਲ ਨਾਲ ਲੇਡੂ ਕੇ ਰੋਟੀਆਂ ਖਾਧੀਆਂ। ਮਹੀਨੇ ਦੀ ਭੁੱਖ ਜਿਵੇਂ ਅੱਜ ਹੀ ਮਿਟਾ ਲੈਣੀ ਹੋਵੇ। ਵਾਪਸੀ 'ਤੇ ਆਉਂਦਿਆਂ ਰਾਹ ਵਿਚ ਹੀ ਐਸਾ ਸੂਲ ਉੱਠਿਆ ਕਿ ਜਾਨ ਹੀ ਲੈ ਕੇ ਗਿਆ। ਉਸ ਮਾਸੂਮ ਚਿੜੀ ਦੀ ਮੌਤ ਉੱਤੇ ਕਿਸੇ ਨੇ ਹੱਸ ਕੇ ਆਖਿਆ ਸੀ,''ਗੁਰੂ ਕੇ ਲੰਗਰ 'ਚ

ਹਾਜਰੀ ਲਵਾਉਂਦਾ ਲਵਾਉਂਦਾ ਸੱਜਣ ਗੁਰੂ-ਘਰ ਹੀ ਪਹੁੰਚ ਗਿਆ।''

ਉਦੋਂ ਹੀ ਉਹਨੇ ਇਕ ਦਿਨ ਜਸਵੰਤ ਨੂੰ ਕਿਹਾ ਸੀ, "ਚਾਚਾ! ਵੇਖ ਲਾ, ਬੰਦੇ ਬੰਦੇ ਦੀ ਗੱਲ ਹੁੰਦੀ ਆ। ਹੁਣ ਸਾਡੇ ਭਿੱਲੀ ਵੱਲ ਵੇਖੋ। ਰੋਟੀਆਂ ਨਾਲ ਰੱਜਦਾ ਈ ਨਹੀਂ। ਚੌਦਾਂ ਰੋਟੀਆਂ ਤੋਂ ਘੱਟ ਮਰੋੜਦਾ ਈ ਨਹੀਂ। ਮੇਰੀ ਸਲਾਹ ਆ ਪਈ ਭਿੱਲੀ ਨਾਲ ਆਪਣਾ ਮਿਹਦਾ ਬਦਲ ਲਵਾਂ। ਆਪਣਾ ਚਹੁੰ ਰੋਟੀਆਂ ਵਾਲਾ ਉਹਨੂੰ ਪੁਆ ਦਿਆਂ ਤੇ ਉਹਦਾ ਚੌਦਾਂ ਰੋਟੀਆਂ ਵਾਲਾ ਆਪ ਪਵਾ ਲਵਾਂ। ਨਾਲੇ ਮੈਨੂੰ ਭੁੱਖ ਲੱਗਣ ਲੱਗ ਪਊ ਨਾਲੇ ਓਧਰ ਛਿੰਨੋ ਦਾ ਆਟਾ ਬਚੂ...ਐਂਵੇਂ ਚੀਕਦੀ ਰਹਿੰਦੀ ਆ ਕਿ ਮੈਂ ਉਹਨੂੰ ਦੇਂਦਾ ਕੁਝ ਨਹੀਂ। ਜਿਹੜਾ ਆਟਾ ਇਸ ਤਰ੍ਹਾਂ ਭਿੱਲੀ ਦਾ ਬਚਿਆ ਕਰੂ ਉਹ ਇਕ ਤਰ੍ਹਾਂ ਮੈਂ ਹੀ ਦਿੱਤਾ ਹੋਇਆ ਕਿ। ...ਮੇਰਾ ਕੀ ਐ..ਮੈਂ ਤਾਂ ਤੁਹਾਡੇ ਵੱਲੋਂ ਈ ਰੋਟੀ ਖਾ ਲੈਣੀ ਐਂ। ਚਾਚੀ ਕੋਲ਼ ਆਟਾ ਬਥੇਰਾ...''

ਹੁਣ ਉਹਨੂੰ ਲੱਗਦਾ ਸੀ ਕਿ ਭਿੱਲੀ ਦੀ 'ਚੌਦਾਂ ਰੋਟੀਆਂ ਵਾਲੀ ਭੁੱਖ' ਤਾਂ ਉਹਨੇ ਆਪ ਹੀ ਰੱਬ ਕੋਲ਼ੋਂ ਮੰਗ ਕੇ ਲਈ ਸੀ।

ਨੈਤੇ ਨੇ ਜੂਠੀ ਤਾਸੀ ਛਿੰਨੋ ਨੂੰ ਫੜਾ ਕੇ ਡਕਾਰ ਲਿਆ, 'ਧੰਨ ਬਾਬਾ ਸ਼ਾਹ ਮਦਾਰ!"

ਨਿੰਦਰ ਨੇ ਅੰਦਰ ਡੱਕੀ ਗੱਲ ਆਖ ਈ ਦਿੱਤੀ, "ਤੂੰ ਫਾਹਾ ਕਿਉਂ ਨਹੀਂ ਲੈ ਲੈਂਦਾ! ਪੰਜ ਲੱਖ ਮਿਲੂ ਟੱਬਰ ਨੂੰ। ਸਰਕਾਰ ਦੇਂਦੀ ਆ।"

ਨੈਤਾ ਡੌਰ ਭੌਰਾ ਹੋ ਕੇ ਉਹਦੇ ਮੂੰਹ ਵੱਲ ਵੇਖਣ ਲੱਗਾ।

ਭਿੱਲੀ ਨੇ ਭੁੜਕ ਕੇ ਤਾੜੀ ਮਾਰੀ, "ਲੈ ਬਈ! ਗੱਲ ਠੀਕ ਈ। ਬੱਲੇ! ਬੱਲੇ! ਪੰਜ ਲੱਖ ਮਿਲਣਗੇ! ਵਾਹ! ਬਈ ਵਾਹ! ਫਾਹਾ! ਲੈ ਲਾ ਫਾਹਾ!!"

ਨਿੰਦਰ ਵੀ ਰਾਖਸ਼ੀ ਹਾਸਾ ਹੱਸਣ ਲੱਗਾ,"ਉਏ, ਇਹਦਾ ਹੁਣ ਕਰਨਾ ਵੀ ਕੀ ਏ? ਹੋਰ ਦੋਂਹ-ਚਹੁੰ ਸਾਲਾਂ ਨੂੰ ਵੀ ਤਾਂ ਇਹਨੇ ਮਰਨਾ ਈ ਏਂ। ਰਹਿ ਕਿੰਨੀ ਕੁ ਗਈ ਆ! ਹੁਣ ਮਰ ਜੂ ਤਾਂ ਟੱਬਰ ਦਾ ਕੁਝ ਸੌਰ ਜੂ।"

ਦੋਵਾਂ ਭਰਾਵਾਂ ਦੀ 'ਸੰਮਤੀ' ਸੁਣ ਕੇ ਛਿੰਨੋ ਮੱਚ ਉਠੀ,"ਤ੍ਹਾਡਾ ਹੋ 'ਜੇ ਬੇੜਾ ਗਰਕ। ਕਾਲੀ ਜਬਾਨ ਵਾਲਿਓ!" ਫਿਰ ਉਹ ਨਿੰਦਰ ਵੱਲ ਹੋਈ, "ਸੜ ਜੇ ਤੇਰੀ ਜਬਾਨ ਐਹੋ ਜਿਹੇ ਮੰਦੇ ਬੋਲ ਬੋਲਣ ਵਾਲਿਆ!"

ਉਹਨੇ ਮੱਥੇ 'ਤੇ ਹੱਥ ਮਾਰਿਆ ਤੇ ਉਹਦਾ ਗੁੱਸਾ ਵੈਣ ਵਿਚ ਤਬਦੀਲ ਹੋ ਗਿਆ।

"ਬੇੜਾ ਤੇਰਾ ਗਰਕ ਹੋਵੇ ਖਾਂ। ਵਾਹਵਾ ਮੇਰਾ ਤੋਰੀ-ਫੁਲਕਾ ਤੁਰਿਆ ਜਾਂਦਾ ਸੀ। ਤੂੰ ਈ ਚਾਚੇ ਜਸਵੰਤ ਦਾ ਕੰਮ ਛੁਡਵਾਇਆ। ਅਖੇ-ਮੈਨੂੰ 'ਠੱਗਣ' ਲਈ ਉਹਨਾਂ ਢਾਈ ਤਵੀਤ ਪਾਏ ਨੇ। ਹੁਣ ਉਹ ਮੇਰੇ ਵੱਲ ਵਿੰਹਦਾ ਵੀ ਨਹੀਂ।"

ਛਿੰਨੋ ਅਜੇ ਵੀ ਵੈਣ ਪਾ ਰਹੀ ਸੀ।"ਵੇ ਬਾਬਾ ਸ਼ਾਹ ਮਦਾਰ! ਸਾਡੇ ਸਿਰਾਂ 'ਤੇ ਮੌਤ ਨੱਚਦੀ ਊ। ਐਹੋ ਜਿਹੀ ਕੁਲਹਿਣੀ ਔਲਾਦ ਕਿਸੇ ਦੇ ਘਰ ਨਾ ਜੰਮੇ। ਵੇ ਤੁਹਾਡਾ ਕੱਖ ਨਾ ਰਹੇ, ਪਿਓ ਦੀ ਮੌਤ ਮੰਗਣ ਵਾਲਿਓ।"

'ਵੇਖ; ਵੇਖ ਉਏ ਭਿੱਲੀ। ਕੀ ਖੇਖਣ ਕਰਨ ਡਹੀ ਆ।"

'ਭੌਂਕੋ ਨਾ ਉਏ! ਕੁੱਤਿਓ ਭੌਂਕੋ ਨਾ।" ਨੈਤਾ ਦੋਵਾਂ ਨੂੰ ਝਈ ਲੈ ਕੇ ਪਿਆ ਤੇ ਫਿਰ ਰੋਂਦੀ ਹੋਈ ਛਿੰਨੋ ਨੂੰ ਦਿਲਾਸਾ ਦੇਣ ਲੱਗਾ।

"ਓ ਕੁਛ ਨ੍ਹੀਂ ਹੁੰਦਾ ਮੈਨੂੰ। ਇਹ ਕੰਜਰ ਤਾਂ ਪਾਕਲ ਨੇ ਦੋਵੇਂ ਪਾਕਲ! ਕਾਵਾਂ-ਕੁੱਤਿਆਂ ਦੇ ਆਖੇ ਡੰਗਰ ਮਰਨ ਲੱਗੇ ਤਾਂ ਸਾਰਾ ਜਹਾਨ ਨਾ ਹੱਡੋਰੋੜੀ ਬਣ ਜੂ।"

ਇਹ ਕੁੱਤ-ਕਲੇਸ਼ ਚੱਲਦਾ ਪਿਆ ਸੀ ਕਿ ਏਸੇ ਵੇਲੇ ਜਸਵੰਤ ਦਾ ਵੱਡਾ ਲੜਕਾ ਗੁਰਪਾਲ ਉਹਨਾਂ ਦੇ ਵਿਹੜੇ ਵੜਿਆ।

"ਉਏ ਐਕਟਰਾ! ਤੈਨੂੰ ਸਾਡੇ ਘਰ ਮਿਲਣ ਵਾਲੇ ਬੰਦੇ ਆਏ ਨੇ ਚੰਡੀਗੜ੍ਹੋਂ। ਚਾਚਾ ਸਤਿਨਾਮ

ਵੀ ਐ। ਮਿਲਣਾ ਈ ਤਾਂ ਵੇਖ ਲਾ। ਤੇਰੀ ਮਰਜ਼ੀ। ਪਰ ਆਪਣੀ ਮਾਂ ਨੂੰ ਪੁੱਛ ਲੈ ਪਹਿਲਾਂ । ਮੈਂ ਤਾਂ ਤੈਨੂੰ ਘੰਟੇ ਦਾ ਪਿੰਡ ਵਿਚ ਲੱਭੀ ਜਾਂਦਾਂ।ਪਹਿਲਾਂ ਵੀ ਧਾਡੇ ਘਰ ਗੇੜਾ ਮਾਰ ਗਿਆਂ।"

ਅਜੇ ਦੋ ਕੁ ਘੰਟੇ ਹੋਏ ਹੋਣਗੇ ਜਦੋਂ ਸਤਿਨਾਮ ਹੁਰਾਂ ਦੀ ਕਾਰ ਜਸਵੰਤ ਹੁਰਾਂ ਦੇ ਗੇਟ ਅੱਗੇ ਰੁਕੀ।

ਆਉਂਦਿਆਂ ਹੀ ਅਜੇ ਚਾਹ-ਪਾਣੀ ਵੀ ਨਹੀਂ ਸੀ ਪੀਤਾ ਕਿ ਸਤਿਨਾਮ ਨੇ ਆਪਣੇ ਨਾਲ ਆਏ ਸਾਥੀਆਂ ਵੱਲ ਇਸ਼ਾਰਾ ਕਰ ਕੇ ਜਸਵੰਤ ਨੂੰ ਪੁੱਛਿਆ। "ਨਿੰਦਰ ਕਿੱਥੇ ਐ? ਇਹ ਬੇਲੀ ਉਹਨੂੰ 'ਵੇਖਣ' ਆਏ ਨੇ!"

"ਮੈਂ ਤਾਂ ਉਹਨੂੰ ਕੰਮ ਤੋਂ ਜਵਾਬ ਦੇ 'ਤਾ।"

"ਪਰ ਕਿਉਂ? ਹੁਣ ਫਿਰ? ਕਿੱਥੇ ਹੁੰਦੈ ਉਹ? ਹੁਣ ਮਿਲ ਜੂ? ਇਹ ਤਾਂ ਮਿਲਣ ਈ ਉਹਨੂੰ ਆਏ ਨੇ।"

ਸਤਿਨਾਮ ਦੇ ਇਕੋ ਸਾਹੇ ਕੀਤੇ ਸਵਾਲਾਂ ਦਾ ਬੇਦਿਲੀ ਜਿਹੀ ਨਾਲ ਜਵਾਬ ਦਿੰਦਿਆਂ ਜਸਵੰਤ ਨੇ ਕਿਹਾ, "ਘੱਲਦੇ ਆਂ ਗੁਰਪਾਲ ਨੂੰ ਉਹਦੇ ਘਰ। ਆਪਣੇ ਘਰ ਟਿਕਦਾ ਤਾਂ ਹੈ ਨਹੀਂ ਉਹ। ਕੀ ਪਤਾ ਕੀਹਦੇ ਘਰ 'ਚ, ਕਿਹੜੀ ਗਲੀ 'ਚ, ਕੀਹਦੇ ਨਾਲ ਗੱਲੀਂ ਲੱਗਾ ਹੋਵੇ।"

ਉਹਨੇ ਚਾਹ ਦਾ ਕੱਪ ਮੇਜ਼ ਤੋਂ ਚੁੱਕਦਿਆਂ ਉਹਨਾਂ ਨੂੰ ਚਾਹ ਪੀਣ ਲਈ ਇਸ਼ਾਰਾ ਕੀਤਾ।

ਜਸਵੰਤ ਦਾ ਦੋਸਤ ਸਤਿਨਾਮ ਤੇ ਉਹਦੇ ਦੋ ਹੋਰ ਦੋਸਤ ਯੂਨੀਵਰਸਿਟੀ ਕਿਸੇ ਸੈਮੀਨਾਰ 'ਤੇ ਆਏ ਸਨ। ਜਸਵੰਤ ਦਾ ਪਿੰਡ ਨਜ਼ਦੀਕ ਹੋਣ ਕਰ ਕੇ ਉਹਨਾਂ ਦੋਸਤਾਂ ਨੇ 'ਨਿੰਦਰ' ਨੂੰ ਮਿਲਣ ਦੀ ਇੱਛਾ ਪ੍ਰਗਟ ਕੀਤੀ। ਉਹਨਾਂ ਨਿੰਦਰ ਬਾਰੇ ਲਿਖੀ ਸਤਿਨਾਮ ਦੀ ਕਹਾਣੀ ਪੜ੍ਹੀ ਹੋਈ ਸੀ।

ਮੇਜ਼ 'ਤੋਂ ਚਾਹ ਵਾਲੇ ਜੂਠੇ ਭਾਂਡਿਆਂ ਦੀ ਟਰੇਅ ਪਾਸੇ ਕਰ ਕੇ ਭੁਜੀਏ ਤੇ ਉੱਬਲੇ ਆਂਡਿਆਂ ਦੀਆਂ ਪਲੇਟਾਂ ਟਿਕਾਉਂਦਿਆਂ ਗੁਰਪਾਲ ਮੁਸਕਰਾਇਆ।

"ਇਸ ਅਜੂਬੇ ਨੂੰ ਲੱਭਣਾ ਕਿਹੜਾ ਸੌਖਾ!"

ਗੁਰਪਾਲ ਨੂੰ ਵੇਖ ਕੇ ਸੁਖਵਿੰਦਰ ਨੇ ਜਸਵੰਤ ਨੂੰ ਪੁੱਛਿਆ, "ਸਾਹਬਜ਼ਾਦਾ ਕੀ ਕਰਦਾ ਏ?"

"ਹਾਲ ਦੀ ਘੜੀ ਤਾਂ ਵਿਹਲਾ ਈ ਸਮਝੋ। ਏਸ ਸਾਲ ਬੀ-ਟੈੱਕ ਕਰ ਲਈ ਸੂ। ਆਈ-ਲੈਟਸ ਦੇ ਵੀ ਸੱਤ ਬੈਂਡ ਆ ਗਏ ਨੇ। ਕਨੇਡਾ ਵਿਚ ਅਗਲੀ ਪੜ੍ਹਾਈ ਵਾਸਤੇ ਦਾਖ਼ਲੇ ਲਈ ਐਪਲੀਕੇਸ਼ਨ ਵੀ ਮਨਜ਼ੂਰ ਹੋ ਗਈ ਆ। ਹੁਣ ਤਾਂ ਅੱਜ-ਭਲਕ ਬਾਹਰ ਜਾਣ ਦੀਆਂ ਤਿਆਰੀਆਂ 'ਚ ਏ।"

"ਚੰਗੀ ਹਿੰਮਤ ਮਾਰੀ ਆ ਭਈ ਮੁੰਡੇ ਨੇ। ਅੱਜ-ਕੱਲ੍ਹ ਦੇ ਹਾਲਾਤ ਵਿਚ ਪਿੰਡ 'ਚੋਂ ਜਾ ਕੇ ਪੜ੍ਹ ਜਾਣਾ!"

ਸੰਘੇ ਦੀ ਸ਼ਾਬਾਸ਼ ਦੇ ਜਵਾਬ ਵਿਚ ਜਸਵੰਤ ਨੇ ਕਿਹਾ, "ਭਾਅ ਜੀ ਮੁੰਡਾ ਵੀ ਸੁਲੱਗ ਸੀ ਤੇ ਮੈਂ ਵੀ ਸਾਰਾ ਜ਼ੋਰ ਲਾ ਦਿੱਤਾ। ਨੌਕਰੀ ਦੇ ਨਾਲ ਨਾਲ, ਪੈਲ਼ੀਆਂ ਵਿਚ ਵੀ ਆਪਣਾ ਆਪ ਵਾਹਿਆ ਪਰ ਇਹਨੂੰ ਪੜ੍ਹਨ ਲਈ ਵਿਹਲਾ ਛੱਡੀ ਰੱਖਿਆ ਤੇ ਇਹਨੇ ਵੀ ਸਾਡੀ ਮਿਹਨਤ ਦੀ ਲਾਜ ਰੱਖੀ।"

ਗਲਾਸੀਆਂ ਵਿਚਲਾ ਸ਼ਰਬਤੀ ਰੰਗ ਜਦੋਂ ਅੰਦਰਾਂ ਵਿਚ ਘੁਲਣ ਲੱਗਾ ਤਾਂ ਪਤਾ ਈ ਨਾ ਲੱਗਾ ਕਿ ਕਦੋਂ ਸ਼ਾਮ ਦਾ ਸੁਪਨੀਲਾ ਰੰਗ ਰਾਤ ਦੇ ਹਨੇਰੇ ਵਿਚ ਡੁੱਬਣ ਲੱਗਾ।

ਰੋਟੀ ਤਿਆਰ ਹੋ ਰਹੀ ਸੀ। ਗੁਰਪਾਲ ਨੂੰ ਗਿਆਂ ਬੜੀ ਦੇਰ ਹੋ ਚੁੱਕੀ ਸੀ। ਲੱਗਦਾ ਸੀ, ਉਹਨੂੰ ਨਿੰਦਰ ਲੱਭਾ ਨਹੀਂ ਸੀ। ਪਰ ਉਹ ਅਜੇ ਮੁੜਿਆ ਵੀ ਨਹੀਂ ਸੀ। ਉਹਦੇ ਅਜੇ ਤਕ ਨਾ ਮੁੜਨ ਤੋਂ ਇਹ ਮੱਧਮ ਜਿਹੀ ਆਸ ਕੀਤੀ ਜਾ ਰਹੀ ਸੀ ਕਿ ਸ਼ਾਇਦ ਨਿੰਦਰ ਲੱਭ ਹੀ ਪਵੇ। ਪਰ ਸਤਿਨਾਮ ਹੁਰਾਂ ਨੂੰ ਲੱਗਦਾ ਸੀ ਕਿ ਜੇ ਉਹ ਨਾ ਮਿਲਿਆ ਤਾਂ ਸਮਝੋ ਆਉਣ ਦਾ ਸਾਰਾ 'ਸਵਾਦ' ਮਾਰਿਆ ਗਿਆ!

ਜਦ ਗੁਰਪਾਲ ਨੇ ਨਿੰਦਰ ਨੂੰ ਨਾਲ ਚੱਲਣ ਲਈ ਕਿਹਾ ਤਾਂ ਉਹ ਇਕ ਤਰ੍ਹਾਂ ਛਾਲ ਮਾਰ ਕੇ ਉਠਿਆ ਤੇ ਕਾਹਲੇ ਕਦਮੀ ਗੁਰਪਾਲ ਦੇ ਅੱਗੇ-ਅੱਗੇ ਤੁਰਨ ਲੱਗਾ।

ਘਰੋਂ ਤਾਂ ਨਿੰਦਰ ਏਧਰ ਆਉਣ ਲਈ ਛਾਲ ਮਾਰ ਕੇ ਉਠਿਆ ਸੀ, ਪਰ ਰਾਹ ਵਿਚ ਉਹਦੇ ਪੈਰ ਥਿੜਕਣ ਲੱਗੇ। ਭੁੱਖਾ ਢਿੱਡ ਬੋਲਣ ਲੱਗਾ, 'ਧਰਨੇ ਵਾਲਿਆਂ ਵੀ ਚਾਹ ਨਾਲ ਈ ਸਾਰ ਦਿੱਤਾ। ਸੋਚਿਆ ਸੀ, ਗੁਰੂ ਕਾ ਲੰਗਰ ਵਰਤੇਗਾ। ਨੈਤੇ ਨੂੰ ਖ਼ੁਦਕੁਸ਼ੀ ਕਰਨ ਦੀ ਸਲਾਹ ਦੇਣ ਤੋਂ ਪਹਿਲਾਂ ਛਿੰਨੋ ਦਾ ਮਿੰਨਤ-ਤਰਲਾ ਮਾਰ ਕੇ ਰੋਟੀ ਦੀ ਬੁਰਕੀ ਮੰਗ ਵਿੰਹਦਾ ਤਾਂ ਸ਼ਾਇਦ ਉਹਦੇ ਮਨ ਮਿਹਰ ਪੈ ਜਾਂਦੀ। ਪਰ ਉਹ ਤਾਂ ਨੈਤੇ ਦੇ ਮਰਨ ਦਾ ਸੁਣ ਕੇ ਆਪਣਾ ਰੋਣਾ ਲੈ ਬੈਠੀ!

ਤੇ ਪਤਾ ਨਹੀਂ ਕਿਉਂ ਉਹਦਾ ਰੋਣ ਨਿਕਲ ਆਇਆ। ਉਹਨੂੰ ਧੰਤੋ ਦਾ ਮਰਨਾ ਚੇਤੇ ਆ ਗਿਆ। ਫਿਰ ਉਹ ਸ਼ਾਮ ਦੇ ਇਸ ਘੁਸਮੁਸੇ ਜਿਹੇ ਵਿਚ ਨੰਬਰਦਾਰਾਂ ਦੇ ਘਰ ਅੱਗੇ ਜਗਦੇ ਬਲਬ ਦੇ ਚਾਨਣ ਵਿਚ ਆਪਣੇ ਅੱਗੇ-ਅੱਗੇ ਤੁਰੇ ਜਾਂਦੇ ਗੁਰਪਾਲ ਦੇ ਪ੍ਰਛਾਵੇਂ ਵਿਚੋਂ ਧੰਤੋ ਦਾ ਪਰਛਾਵਾਂ ਲੱਭਣ ਲੱਗਾ। ਫਿਰ ਪਰਛਾਵਾਂ ਸੀਤੋ ਵਿਚ ਬਦਲ ਗਿਆ। ਜਦੋਂ ਉਹ ਸ੍ਰੀ ਦੇਵੀ ਦੀ ਸ਼ਕਲ ਵਟਾਉਣ ਲੱਗਾ ਤਾਂ ਸਾਹਮਣੇ ਛਿਹਰਟੇ ਵਾਲੀ ਨਰਸ ਆਣ ਖਲੋਤੀ।

ਹੁਣ ਪਰਛਾਵੇਂ ਉਲੀਕਣ ਵਾਲਾ ਬਿਜਲੀ ਦਾ ਚਾਨਣ ਪਿੱਛੇ ਰਹਿ ਗਿਆ ਸੀ। ਹਨੇਰੀ ਗਲੀ ਵਿਚ ਹੁਣ ਉਹਨੂੰ ਤਾਸੀ ਵਿਚ ਰੋਟੀ ਰੱਖੀ, ਬੁਰਕੀ ਤੋੜਦਾ ਨੈਤਾ ਨਜ਼ਰ ਆਇਆ।

ਘਸਮੈਲੇ ਚਾਨਣ ਵਿਚ ਗਲੀ ਵਿਚ ਲੜਖੜਾਉਂਦਾ ਆਉਂਦਾ ਇਕ ਪ੍ਰਛਾਵਾਂ ਕੋਲ਼ ਆਇਆ ਤਾਂ ਉਹਨੂੰ ਪਛਾਣ ਕੇ ਗੁਰਪਾਲ ਨੇ ਕਿਹਾ, "ਭਾਊ ਮਿੰਦ੍ਰ ਸਿਹਾਂ! ਚਾਚੇ ਭਜਨ ਸੂੰਹ ਵੱਲੋਂ ਤਾਂ ਬੜਾ ਮਾੜਾ ਹੋਇਆ!"

ਮਹਿੰਦਰ ਰੁਕ ਗਿਆ, "ਮ ਮ ਮਾੜਾ, ਮਾੜਾ ਈ ਹੋਇਆ ਕਿ!"

ਨਸ਼ੇ ਨਾਲ 'ਟੁੰਨ' ਮਹਿੰਦਰ ਦੇ ਮੂੰਹੋਂ ਕੋਸ਼ਿਸ਼ ਕਰਨ ਦੇ ਬਾਵਜੂਦ ਦਿਲੋਂ ਨਿਕਲਣ ਵਾਲੀ ਗੱਲ 'ਘੁਰਲ' ਹੋ ਗਈ ਤਾਂ ਉਹਨੇ ਬੇਵੱਸੀ ਵਿਚ ਸੱਜਾ ਹੱਥ ਏਧਰ-ਓਧਰ ਹਿਲਾਇਆ।

ਵਿਚੋਂ ਹੀ ਨਿੰਦਰ ਬੋਲ ਪਿਆ, "ਮਿੰਦ੍ਰਾ! ਮੈਨੂੰ ਇਕ ਗੱਲ ਦੱਸੀਂ। ਚਾਚੇ ਭਜਨ ਸੂੰਹ ਦੇ ਮਰਨ ਵੱਟੇ ਮਿਲਣ ਵਾਲੇ ਪੈਸੇ, ਭਲਾ, ਤੈਨੂੰ ਮਿਲਣਗੇ ਕਿ ਚਾਚੀ ਨੂੰ? ਕੀ ਭੈਣ ਮ੍ਹਿੰਦੋ ਨੂੰ ਵੀ ਮਿਲ ਸਕਦੇ ਨੇ?"

ਐਤਕੀਂ ਮਹਿੰਦਰ ਦੀ ਜ਼ਬਾਨ ਬਿਲਕੁਲ ਨਹੀਂ ਥਥਲਾਈ, "ਮਿੰਦ੍ਹੋ ? ਕਿਉਂ? ਮਿੰਦ੍ਹੋ ਕਿਉਂ? ਮਿੰਦ੍ਹੋ ਪੈਸਿਆਂ ਦੀ ਕੀ ?" ਉਹ ਅਜੇ ਗੱਲ ਮੁਕੰਮਲ ਕਰਨ ਦੀ ਕੋਸ਼ਿਸ਼ ਕਰ ਹੀ ਰਿਹਾ ਸੀ ਕਿ ਗੁਰਪਾਲ ਨੇ ਨਿੰਦਰ ਦੀ ਬਾਂਹ ਖਿੱਚਦਿਆਂ ਅੱਗੇ ਤੋਰ ਲਿਆ, "ਮਾਮਾ! ਤੈਨੂੰ ਕੀ ਪੈਸਿਆਂ ਨਾਲ, ਕਿਸੇ ਨੂੰ ਮਿਲਣ। ਤੂੰ ਵਿਚੋਂ ਡੋਕੇ ਲੈਣੇ ਆਂ?"

ਜਦੋਂ ਗੁਰਪਾਲ ਨਿੰਦਰ ਨੂੰ ਲੈ ਕੇ ਬੈਠਕ ਵਿਚ ਵੜਿਆ, ਆਏ ਮਹਿਮਾਨ ਰੋਟੀ ਖਾਣ ਦੀ ਤਿਆਰੀ ਵਿਚ ਸਨ। ਮੇਜ਼ 'ਤੇ ਦਾਲ-ਸਬਜ਼ੀ ਦੇ ਡੂੰਗੇ ਤੇ ਪਲੇਟਾਂ ਟਿਕ ਗਈਆਂ ਸਨ।

ਜਸਵੰਤ ਛੋਟੀਆਂ ਪਲੇਟਾਂ ਵਿਚ ਸਭਨਾਂ ਲਈ ਦਾਲ-ਸਬਜ਼ੀ ਪਾਉਂਦਾ ਆਏ ਮਹਿਮਾਨਾਂ ਨੂੰ ਨਿੰਦਰ ਬਾਰੇ ਦੱਸ ਰਿਹਾ ਸੀ।

"ਸਤਿਨਾਮ ਨੂੰ ਤਾਂ ਪਤੈ; ਇਹ ਕਾਫੀ ਸਾਲਾਂ ਤੋਂ ਸਾਡੇ ਨਾਲ ਕਾਮਾ ਸੀ। ਇਹਦੇ ਤੋਂ ਪਹਿਲਾਂ ਇਹਦਾ ਵੱਡਾ ਭਰਾ ਸੱਜਣ ਸਾਡਾ ਕਾਮਾ ਹੁੰਦਾ ਸੀ। ਉਹ ਵੀ ਲੱਲ੍ਹਾ ਈ ਸੀ। ਇਹਨੂੰ ਤਾਂ ਅਸੀਂ ਸਿਰਫ ਸਾਡੀਆਂ ਮੱਝਾਂ ਨੂੰ ਪੱਠੇ ਪਾਉਣ ਤੇ ਉਤਲਾ-ਪੁਤਲਾ ਕੰਮ ਕਰਨ ਲਈ ਰੱਖਿਆ ਸੀ। ਇਹਦੀ ਮਾਂ ਪੁੱਠੀਆਂ-ਸਿੱਧੀਆਂ ਗੱਲਾਂ ਕਰਦੀ ਰਹਿੰਦੀ ਸੀ। ਮੈਂ ਆਖਿਆ ਤੁਸੀਂ ਦੋਵੇਂ ਮਾਂ-ਪੁੱਤ ਛੁੱਟੀ ਕਰੋ। ਨਾਲੇ ਹੁਣ ਉਤਲੇ-ਪੁਤਲੇ ਕੰਮ-ਧੰਦੇ ਲਈ ਮੈਂ ਆਪ ਵੀ ਵਿਹਲਾ ਹੋ ਗਿਆਂ।"

ਗੱਲ ਵਿਚਕਾਰ ਹੀ ਛੱਡਦਿਆਂ ਉਹਨੇ ਪਲੇਟਾਂ ਵਿਚ ਫੁਲਕੇ ਰੱਖਦਿਆਂ ਸਭਨਾਂ ਨੂੰ ਖਾਣਾ ਸ਼ੁਰੂ ਕਰਨ ਲਈ ਕਿਹਾ।

ਜਸਵੰਤ ਦੇ ਘਰ ਦਾ ਦਰਵਾਜ਼ਾ ਲੰਘਦਿਆਂ ਨਿੰਦਰ ਦੇ ਮਨ ਵਿਚ ਉਡਦਾ ਜਿਹਾ ਖਿਆਲ ਆਇਆ ਸੀ, ਕੀ ਪਤਾ, ਚਾਚਾ ਜਸਵੰਤ ਕੰਮ 'ਤੇ ਮੁੜ ਰੱਖ ਲਵੇ!

ਬੈਠਕ ਅੰਦਰ ਵੜਦੇ ਸਾਰ ਉਹਨੇ ਵੇਖਿਆ 'ਚਾਚਾ ਸਤਿਨਾਮ' ਸਬਜ਼ੀ ਨਾਲ ਭਿੱਜੀ ਬੁਰਕੀ ਮੂੰਹ ਵਿਚ ਪਾ ਰਿਹਾ ਸੀ।

ਉਹਦੇ ਅੰਦਰ ਜਗਣ ਲੱਗਾ ਮੱਧਮ ਜਿਹਾ ਚਿਰਾਗ਼ ਬੁਝ ਗਿਆ। ਉਦਾਸ ਚਿਹਰਾ, ਡਿੱਗੀ ਹੋਈ ਧੌਣ, ਸਿਕਰੀ ਜੰਮੇ ਬੁੱਲ੍ਹ। ਕਮਰੇ ਵਿਚ ਰੋਟੀ ਤੇ ਸਬਜ਼ੀ ਦੀ ਮਿਲੀ-ਜੁਲੀ ਖ਼ੁਸ਼ਬੋ ਸੀ। ਇਸ ਖ਼ੁਸ਼ਬੋ ਨੂੰ ਅੰਦਰ ਲੰਘਾਉਣ ਲਈ ਉਹਨੇ ਲੰਮਾ ਸਾਹ ਲਿਆ।

"ਆ ਜਾ ਐਕਟਰਾ ਆ ਜਾ। ਆਹ ਵੇਖ, ਤੇਰੀ ਮਸ਼ਹੂਰੀ ਸੁਣ ਕੇ ਪ੍ਰਾਹੁਣੇ ਤੈਨੂੰ ਮਿਲਣ ਆਏ ਨੇ। ਆ, ਬਹਿਜਾ, ਸਾਹਮਣੇ ਕੁਰਸੀ 'ਤੇ।" ਸਤਿਨਾਮ ਨੇ ਭੂਮਿਕਾ ਬੰਨ੍ਹਦਿਆਂ ਆਪਣੇ ਦੋਵਾਂ ਸਾਥੀਆਂ ਸੰਘੇ ਤੇ ਅਗਨੀਹੋਤਰੀ ਵੱਲ ਇਸ਼ਾਰਾ ਕੀਤਾ।

ਨਿੰਦਰ ਝਿਜਕਦਾ ਜਿਹਾ ਖਲੋਤਾ ਰਿਹਾ।

"ਬਹਿ ਜਾ, ਰੋਟੀ ਖਾ ਲਈਏ, ਫਿਰ ਗੱਲਾਂ ਕਰਦੇ ਆਂ।" ਜਸਵੰਤ ਦਾ ਹੁਕਮ ਸੁਣ ਕੇ ਉਹ ਆਪਾ ਸੰਕੋਚ ਕੇ ਕੁਰਸੀ 'ਤੇ ਬਹਿ ਗਿਆ। ਤਿੰਨਾਂ ਜਣਿਆਂ ਦੇ ਰੋਟੀ ਖਾਂਦਿਆਂ ਮੱਧਮ ਜਿਹੇ ਪਚਾਕੇ ਵੱਜਣ ਦੀ ਆਵਾਜ਼ ਨੇ ਉਹਦੇ ਮੂੰਹ ਵਿਚ ਪਾਣੀ ਲੈ ਆਂਦਾ। ਉਹਦੀ ਧੌਣ ਨੀਵੀਂ ਸੀ। ਨਜ਼ਰਾਂ ਝੁਕੀਆਂ ਹੋਈਆਂ, ਪਰ ਵਾਰ ਵਾਰ ਉਹ ਚੋਰ-ਅੱਖੀਂ, ਉਹਨਾਂ ਤਿੰਨਾਂ ਨੂੰ ਬੁਰਕੀ ਤੋੜਕੇ ਸਬਜ਼ੀ ਨਾਲ ਭਿਉਂ ਕੇ ਮੂੰਹ ਵਿਚ ਪਾਉਂਦਿਆਂ ਵੇਖ ਰਿਹਾ ਸੀ। ਕਦੀ ਉਹਦੀ ਨਜ਼ਰ ਸਲਾਦ ਦੀ ਪਲੇਟ ਵੱਲ ਜਾਂਦੀ, ਕਦੀ ਸਬਜ਼ੀ, ਦਾਲ ਤੇ ਰਾਇਤੇ ਨਾਲ ਭਰੇ ਡੂੰਗਿਆਂ ਵੱਲ।

ਸਤਿਨਾਮ ਨੇ ਉਹਦੀਆਂ ਭੁੱਖੀਆਂ ਨਜ਼ਰਾਂ ਨੂੰ ਤਾੜ ਲਿਆ।

"ਕੀ ਗੱਲ ਦਿਲ ਜਿਹਾ ਕਿਉਂ ਛੱਡੀ ਫਿਰਦਾ ਏਂ?"

ਉਹਦੇ 'ਤੇ ਸਤਿਨਾਮ ਦੀ ਗੱਲ ਦਾ ਕੋਈ ਬਹੁਤਾ ਅਸਰ ਜਿਹਾ ਨਾ ਹੋਇਆ।

ਜਸਵੰਤ ਦਾ ਛੋਟਾ ਲੜਕਾ ਮਹਿਮਾਨਾਂ ਲਈ ਗਰਮ ਫੁਲਕੇ ਲੈ ਕੇ ਆਇਆ ਤਾਂ ਉਹ ਸਭ ਕੁਝ ਭੁੱਲ ਕੇ ਹਾਬੜੀਆਂ ਨਜ਼ਰਾਂ ਨਾਲ ਫੁਲਕਿਆਂ ਵਾਲੀ ਪਲੇਟ ਵੱਲ ਵੇਖਣ ਲੱਗਾ।

"ਕੀ ਗੱਲ ਯਾਰ! ਅਸੀਂ ਤੈਨੂੰ ਮਿਲਨ ਆਏ ਆਂ ਕਿੱਡੀ ਦੂਰੋਂ ਚੱਲ ਕੇ। ਤੂੰ ਅੱਖਾਂ ਈ ਨਹੀਂ 'ਤਾਂਹ ਚੁੱਕਦਾ। ਹੋਵੇਂ ਧਰਮਿੰਦਰ ਦਾ ਪੁੱਤ ਤੇ ਏਨੀ ਦਿਲਗੀਰੀ ਕੀ ਆਖ! ਏਡੇ ਸ਼ੇਰ ਪਿਉ ਦਾ ਪੁੱਤ। ਸ਼ੇਰ ਬਣ।" ਆਏ ਮਹਿਮਾਨਾਂ ਵਿਚੋਂ ਅਗਨੀਹੋਤਰੀ ਨੇ ਤੋੜਾ ਝਾੜਿਆ।

ਉਹਨੂੰ ਮੂਲੋਂ ਹੀ ਗੁੰਮ-ਸੁੰਮ ਹੋਇਆ ਵੇਖ ਕੇ ਗੁਰਪਾਲ ਨੇ ਹੁਲਾਰਿਆ, "ਸ੍ਰੀਦੇਵੀ ਤਾਂ ਗਈ। ਇਹ ਅੰਕਲ ਹੁਣ ਕੰਜ-ਕੰਵਾਰੀ ਆਲੀਆ ਭੱਟ ਦਾ ਰਿਸ਼ਤਾ ਲੈ ਕੇ ਆਏ ਨੇ।"

ਉਹਦੇ ਚਿਹਰੇ 'ਤੇ ਕੋਈ ਖੇੜਾ ਨਾ ਵੇਖ ਕੇ ਜਸਵੰਤ ਨੇ ਹੌਂਸਲਾ ਦਿੱਤਾ।

"ਕੰਜਰਾ! ਖੁਸ਼ੀ 'ਚ ਪੁੱਠੀਆਂ ਛਾਲਾਂ ਮਾਰ। ਤੂੰ ਤਾਂ ਜ਼ਮੀਨ 'ਚ ਈ ਵੜਦਾ ਜਾਂਦਾ ਏਂ।"

"ਚਾਚਾ! ਪੁੱਠੀਆਂ ਛਾਲਾਂ ਕੀ ਮਾਰਨੀਆਂ। ਹੁਣ ਤਾਂ ਸਾਰੀ ਖੇਡ ਈ ਪੁੱਠੀ ਪੈ ਗਈ। ਜਮੀਨ 'ਚ ਤਾਂ ਵੜਨਾ ਈ ਹੋਇਆ!"

"ਕਿਉਂ ਅਜਿਹਾ ਕੀ ਭਾਣਾ ਵਾਪਰ ਗਿਆ? ਖੇਡ ਕਿਵੇਂ ਪੁੱਠੀ ਪੈ ਗਈ।" ਜਸਵੰਤ ਦੇ ਬੁੱਲ੍ਹ ਜਬਰੀ ਗੰਭੀਰਤਾ ਨਾਲ ਫੁੱਟਣ-ਫੁੱਟਣ ਕਰਦੇ ਹਾਸੇ ਨੂੰ ਬੰਨ੍ਹ ਰਹੇ ਸਨ।

"ਚਾਚਾ! ਤੈਨੂੰ ਕੀ ਦੱਸਦਾ। ਜਿੱਦਣ ਤੂੰ ਕੰਮ ਤੋਂ ਜਵਾਬ ਦਿੱਤਾ, ਓਸਤੋਂ ਅਗਲੇ ਦਿਨ ਈ ਭਾਪੇ ਧਰਮਿੰਦਰ ਨੇ ਆਪਣੀ ਵਸੀਅਤ ਕਰਾ 'ਤੀ। ਸਾਰੀ ਜਮੀਨ ਜਾਇਦਾਦ, ਜਿੰਨੀ ਵੀ ਸੀ, ਬੰਬਈ ਵਾਲੀ, ਅੰਬਰਸਰ ਵਾਲੀ, ਉਹ ਸਾਰੀ, ਦੂਜੇ ਦੋਵਾਂ ਭਰਾਵਾਂ ਬੌਬੀ ਤੇ ਸਨੀ ਦੇ ਨਾਂ ਕਰਵਾ ਦਿੱਤੀ ਸੂ। ਮੈਨੂੰ ਵਸੀਅਤ ਵਿਚੋਂ ਉੱਕਾ ਈ ਕੱਢ 'ਤਾ। ਧੇਲਾ ਵੀ ਨਹੀਂ ਦਿੱਤਾ। ਮੇਰੇ ਵਾਲਾ ਵ੍ਹਾਈ ਜ਼ੂਜ ਵੀ ਲੈ ਲਿਆ ਤੇ ਵੀਡੀਓ ਕੋਚਾਂ ਵੀ ਖੋਹ ਲਈਆਂ ਸਾਰੀਆਂ। ਅੰਬਰਸਰ ਵਾਲੀ ਕੋਠੀ ਵੀ। ਮੈਂ ਤਾਂ ਆ ਗਿਆਂ ਸੜਕ 'ਤੇ। ਰਹਿ ਗਿਆ ਗਲੀਆਂ 'ਚ ਭੁੱਖਾ ਰੁਲਣ ਜੋਗਾ। ਰੋਟੀ ਦੇ ਟੁੱਕ ਲਈ ਨੈਤੇ ਤੇ ਛਿੰਨੋ ਦੇ ਹੱਥਾਂ ਵੱਲ ਵੇਖਣ ਜੋਗਾ।"

"ਚੁਅ!ਚੁਅ! ਬੜਾ ਮਾੜਾ ਹੋਇਆ ਭਾਈ ਇਹ ਤਾਂ।" ਸੰਘੇ ਨੇ 'ਹਮਦਰਦੀ' ਜਤਾਈ,

"ਧਰਮਿੰਦਰ ਨੂੰ ਇੰਞ ਨਹੀਂ ਸੀ ਕਰਨਾ ਚਾਹੀਦਾ। ਧੀ-ਪੁੱਤ ਤਾਂ ਸਾਰੇ ਬਰਾਬਰ ਹੁੰਦੇ ਨੇ।"

ਉਹਨੇ ਹਉਕਾ ਲਿਆ ਤੇ ਨੀਵੀਂਆਂ ਅੱਖਾਂ ਕੀਤੀ ਹੌਲੀ ਜਿਹੀ ਮਿਣ-ਮਿਣ ਕੀਤੀ, "ਚਾਚਾ, ਜਦੋਂ ਰੱਬ ਨੇ ਬਰੋਬਰ ਨਹੀਂ ਕੀਤੇ, ਭਾਪੇ ਨੇ ਕੀ ਕਰਨੇ ਸੀ।"

"ਹੁਣ ਅੱਗੇ ਵਾਂਗ ਸਨੀ ਭਾਅ ਜੀ ਨਹੀਂ ਮਿਲਣ ਆਉਂਦਾ? ਇਹਨੀ ਦਿਨੀਂ ਤਾਂ ਉਹ ਪੰਜਾਬ 'ਚ ਈ ਆ। ਅੱਜ ਦੀ ਖ਼ਬਰ ਸੀ।"

ਸੰਘੇ ਦੀ ਗੱਲ ਸਹੀ ਸੀ। ਸਨੀ ਦਿਓਲ ਗੁਰਦਾਸਪੁਰ ਹਲਕੇ ਤੋਂ ਲੋਕ ਸਭਾ ਦੀ ਚੋਣ ਲੜ ਰਿਹਾ ਸੀ ਤੇ ਇਹਨੀਂ ਦਿਨੀਂ ਆਪਣੇ ਚੋਣ-ਹਲਕੇ ਵਿਚ ਪ੍ਰਚਾਰ ਕਰ ਰਿਹਾ ਸੀ।

"ਭਾਅ ਜੀ ਜਦੋਂ ਲਹੂ ਈ ਚਿੱਟਾ ਹੋ ਗਿਆ ਤਾਂ ਕੌਣ ਭਰਾ, ਕੌਣ ਪਿਉ?"

ਨਿੰਦਰ ਨੇ ਹਾਉਕਾ ਲਿਆ।

ਗੁਰਪਾਲ ਮੇਜ਼ ਤੋਂ ਜੂਠੀਆਂ ਪਲੇਟਾਂ ਚੁੱਕ ਰਿਹਾ ਸੀ। ਗੱਲਬਾਤ ਭੁੱਲ ਕੇ ਨਿੰਦਰ ਨੇ ਧੌਣ ਚੁੱਕੀ ਤੇ ਪਲੇਟ ਵਿਚ ਬਚੇ ਫੁਲਕਿਆਂ ਵੱਲ ਵੇਖਣ ਲੱਗਾ। ਉਹਦੀ ਨਜ਼ਰ ਕਮਰੇ 'ਚੋਂ ਰੋਟੀਆਂ ਵਾਲੀ ਪਲੇਟ ਚੁੱਕੀ ਜਾਂਦੇ ਗੁਰਪਾਲ ਦੇ ਮਗਰੇ-ਮਗਰ ਦਰਵਾਜ਼ੇ ਦੇ ਬਾਹਰ ਤਕ ਗਈ। ਉਹਦਾ ਚੀਕਣ ਨੂੰ ਜੀਅ ਕੀਤਾ, "ਚਾਚਾ! ਆਹ ਵੇਖੋ! ਸੁਰਜੀਤ ਧੰਤੋ ਨੂੰ ਜਬਰੀ ਚੁੱਕ ਕੇ ਤੂੜੀ ਵਾਲੇ ਮੂਸਲ ਵਿਚ ਲੈ ਗਿਆ ਜੇ!"

ਮੁੰਡੇ ਦੇ ਕਮਰੇ ਵਿਚੋਂ ਬਾਹਰ ਜਾਂਦੇ ਸਾਰ ਹੀ ਉਹਨੇ ਫਿਰ ਨਿਰਾਸ਼ਾ ਵਿਚ ਧੌਣ ਸੁੱਟ ਦਿੱਤੀ।

ਸਤਿਨਾਮ ਨੇ ਉਹਦੀਆਂ ਨਜ਼ਰਾਂ ਨੂੰ ਤਾੜ ਕੇ ਪੁੱਛਿਆ,"ਰੋਟੀ ਖਾਣੀ ਊਂ?"

ਮਾੜਾ ਜਿਹਾ ਖੰਘੂਰਾ ਮਾਰ ਕੇ ਉਹਨੇ ਆਵਾਜ਼ ਕੱਢੀ, "ਚਾਚਾ! ਤਾੜ੍ਹੀ ਮਰਜੀ ਆ।"

"ਜਾਹ ਗੁਰਪਾਲ, ਇਹਦੇ ਲਈ ਰੋਟੀ ਪਵਾ ਕੇ ਲਿਆ।"

ਧੌਣ ਨੀਵੀਂ ਕੀਤੀ ਉਹ ਅਹਿਲ ਬੈਠਾ ਸੀ। ਹਰਿਆ ਬੂਟਾ, ਧੁੱਪਾਂ 'ਚ ਲੂਸ ਕੇ ਤੇ ਪਾਣੀਓਂ ਵਾਂਝਾ ਹੋਣ ਕਰ ਕੇ, ਕੁਮਲਾ ਕੇ ਧੁਆਂਖਿਆ ਤੇ ਲੱਕੜ ਹੋ ਚੁੱਕਾ ਸੀ।

"ਯਾਰ! ਅਸੀਂ ਤਾਂ ਤੇਰਾ ਜਲੌਅ ਵੇਖਣ ਆਏ ਸਾਂ। ਤੇਰੇ ਹਵਾਈ ਜਹਾਜਾਂ ਦੇ ਹੂਟੇ। ਸ੍ਰੀਦੇਵੀ ਨਾਲ ਕੱਠੇ ਸਕੂਲੇ ਜਾਣ ਦੀਆਂ ਕਹਾਣੀਆਂ। ਜਦੋਂ ਤੂੰ ਉਹਦੇ ਕੋਲੋਂ ਤੀਜੀ ਦੀ ਪੰਜਾਬੀ ਦੀ ਕਿਤਾਬ ਲੈਣ ਦੇ ਬਹਾਨੇ ਉਹਦੇ ਘਰ ਜਾ ਵੜਦਾ ਸੀ। ਤੇ ਫਿਰ ਜਦੋਂ ਏਥੇ ਬੰਬੀ ਦੇ ਚੁਬੱਚੇ ਵਿਚ ਉਹ ਤੇਰੇ ਨਾਲ ਨਹਾਉਂਦੀ ਸੀ।" ਸੰਘੇ ਨੇ ਉਹਨੂੰ ਕਹਾਣੀ ਵਿਚੋਂ ਪੜ੍ਹੇ ਹਵਾਲਿਆਂ ਨਾਲ ਭਰਮਾਉਣ ਦੀ ਕੋਸ਼ਿਸ਼ ਕੀਤੀ।

ਨਾਲ ਹੀ ਅਗਨੀਹੋਤਰੀ ਨੇ ਉਹਦਾ ਦਿਲ ਧੜਕਾਉਣ ਲਈ ਸਤਿਨਾਮ ਦੀ ਉਹਦੇ ਬਾਰੇ ਲਿਖੀ ਕਹਾਣੀ ਵਿਚੋਂ ਕੁਝ ਲਿਸ਼ਕਾਰੇ ਛੱਡੇ। "ਉਹ ਗੱਲ ਕਿਵੇਂ ਹੋਈ ਸੀ ਜਦੋਂ ਬਿੱਲੀਆਂ ਅੱਖਾਂ ਵਾਲੀ ਭੈਣ ਜੀ ਗੁਰਮੀਤ ਨੇ ਤੇਰੀਆਂ ਗੱਲ੍ਹਾਂ ਘੁੱਟ ਕੇ ਲਾਡ ਕੀਤਾ ਸੀ। ਨਾਲੇ ਧੰਤੋ ਨੇ ਤੇਰੇ ਨਾਲ ਕਿਵੇਂ ਰੋਂਦ ਮਾਰਿਆ ਸੀ। ਅਸੀਂ ਤਾਂ ਉਹ ਵੀ ਗੱਲ ਸੁਣਨੀ ਸੀ ਜਦੋਂ ਸਾਧ ਦੇ ਡੇਰੇ 'ਤੇ ਸੀਤੋ ਨੇ ਤੇਰੀ ਜੂਠੀ ਚਾਹ ਪੀ ਲਈ ਸੀ।"

ਪਰ ਉਹਦਾ ਦਿਲ ਜੋ ਇਹਨਾਂ ਕੁੜੀਆਂ ਦਾ ਜ਼ਿਕਰ ਛਿੜਦੇ ਸਾਰ ਹੀ ਇੰਜਣ ਵਾਂਗੂ ਧਕ-ਧਕ ਕਰਨ ਲੱਗਦਾ ਸੀ ਅੱਜ ਧੜਕਿਆ ਨਹੀਂ।

"ਤੂੰ ਤਾਂ ਕੰਜਰਾ! ਬੁੱਤ ਬਣ ਕੇ ਬੈਠਾ ਏਂ। ਬੋਲਦਾ ਨਹੀਂ ਖੁਲ੍ਹ ਕੇ।" ਸਤਿਨਾਮ ਨੂੰ ਲੱਗਦਾ ਸੀ ਕਿ ਉਹਨਾਂ ਦਾ ਨਿੰਦਰ ਨੂੰ ਮਿਲ ਕੇ 'ਮਨੋਰੰਜਨ' ਕਰਨ ਲਈ ਕੀਤਾ ਇਹ ਦੌਰਾ ਅਸਫ਼ਲ ਰਹਿ ਗਿਆ ਸੀ।

ਕਦੀ ਨਿੰਦਰ ਨੇ ਅਜਿਹੀ ਬੇਚੈਨ ਮਾਸਨਿਕ ਅਵਸਥਾ ਵਿਚੋਂ ਬਾਹਰ ਨਿਕਲਣ ਲਈ ਕਿਹਾ ਸੀ, "ਊਂ ਕਦੀ ਤਾਂ ਜੀਅ ਕਰਦੈ ਤਿੱਖੀ ਚੁੰਝ ਵਾਲੇ ਕਾਚੂ ਨਾਲ ਮੱਥਾ ਚੀਰ ਸੁੱਟਾਂ... ਖਰਬੂਜੇ ਦੀ ਫਾੜੀ ਵਾਂਗ... ਤੇ ਉਹਨੂੰ ਬੀਅ ਵਾਂਗੂੰ ਕੱਢਕੇ ਬਾਹਰ ਸੁੱਟ ਦਿਆਂ, ਕਲੇਜੇ ਦਾ ਰੁੱਗ ਭਰ ਕੇ ਬਾਹਰ ਢੇਰੀ ਕਰ ਦਿਆਂ। ਫੇਰ ਪਹਿਲਾਂ ਰੱਜ ਕੇ ਰੋਵਾਂ .. ਫੇਰ ਰੱਜ ਕੇ ਸੌਂਵਾਂ। ਚਾਚਾ ਬਦਾਮ 'ਚੋਂ ਗਿਰੀ

ਨਿਕਲ ਗਈ ਤਾਂ ਪਿੱਛੇ ਬਚੂਗਾ ਕੀ?"

ਹੁਣ ਉਹ ਆਖਣਾ ਚਾਹੁੰਦਾ ਸੀ, "ਚਾਚਾ! ਬਦਾਮ 'ਚੋਂ ਗਿਰੀ ਨਿਕਲ ਗਈ ਊ। ਪਿੱਛੇ ਕੁਝ ਨ੍ਹੀਂ ਬਚਿਆ, ਸਿਵਾਇ ਛਿੱਲਾਂ 'ਤੋਂ।"

ਪਰ ਉਹਨੇ ਕੁਝ ਨਹੀਂ ਕਿਹਾ ਤੇ ਬੁੱਤ ਬਣ ਕੇ ਬੈਠੇ ਰਹਿਣਾ ਹੀ ਠੀਕ ਸਮਝਿਆ। ਦੋ ਕੁ ਵਾਰ ਉਹਨੇ ਦਰਵਾਜ਼ੇ ਵੱਲ ਵੇਖਿਆ। ਸ਼ਾਇਦ ਰੋਟੀ ਨੂੰ ਉਡੀਕ ਰਿਹਾ ਸੀ।

ਉਹਦੀ ਪਥਰਾਈ ਚੁੱਪ ਤੋੜਨ ਲਈ ਜਸਵੰਤ ਨੇ ਛੇੜਿਆ, "ਤੇ ਹੇਮਾ ਮਾਲਿਨੀ ਨੇ ਤੈਨੂੰ ਕਿਹਾ ਸੀ ਕਿ ਪਹਿਲਾਂ ਆਪਣੀਆਂ ਭੈਣਾਂ ਨੂੰ ਵਿਆਹ ਲੈ, ਬਾਅਦ ਵਿਚ ਸਾਰੀ ਜਾਇਦਾਦ ਤੇਰੀ ਹੀ ਆ। ਉਹਦਾ ਕੀ ਬਣਿਆਂ?"

ਉਹ ਬੋਲਿਆ ਨਹੀਂ। ਜਦੋਂ ਏਸੇ ਸਵਾਲ ਦਾ ਸਤਿਨਾਮ ਨੇ ਹੁੰਗਾਰਾ ਮੰਗਿਆ ਤਾਂ ਉਹਦੇ ਟੁੱਟਦੇ ਬੋਲ ਸਨ, "ਚਾਚਾ! ਜਦੋਂ ਕਲਗੀਆਂ ਵਾਲਾ ਰੁੱਸ ਜਾਏ, ਫਿਰ ਕੌਣ ਪਿਉ ਤੇ ਕੌਣ ਮਾਂ! ਸੁਣਿਆਂ ਮਾਂ-ਬਾਪ ਤਾਂ ਧੀਆਂ-ਪੁੱਤਾਂ ਲਈ ਜਾਨ ਵਾਰਨ ਨੂੰ ਤਿਆਰ ਰਹਿੰਦੇ ਨੇ, ਪਰ ਏਥੇ ਤਾਂ ਨੈਤੇ ਵਰਗੇ ਪਿਉ ਨੂੰ ਆਖੀਏ ਕਿ ਸਾਡੇ ਲਈ ਮਰ ਜਾਹ, ਤਾਂ ਅੱਗੋਂ ਛਿੰਨੋ 'ਚਾਰੇ ਖੁਰ' ਚੁੱਕ ਕੇ ਪੈ ਜਾਂਦੀ ਏ।"

ਏਨੇ ਨੂੰ ਗੁਰਪਾਲ ਥਾਲੀ ਵਿਚ ਚਾਰ ਰੋਟੀਆਂ ਤੇ ਸਬਜ਼ੀ ਦਾ ਕੌਲ ਲੈ ਕੇ ਆਇਆ ਤੇ ਥਾਲੀ ਉਹਦੇ ਵੱਲ ਵਧਾਈ।

ਕੁਮਲਾਏ ਬੂਟੇ ਦੀਆਂ ਸੁੱਕੀਆਂ ਟਾਹਣੀਆਂ ਹਵਾ ਨਾਲ ਹਿੱਲੀਆਂ। ਦੋਵਾਂ ਹੱਥਾਂ ਵਿਚ ਥਾਲੀ ਘੁੱਟ ਕੇ ਪੱਟਾਂ 'ਤੇ ਟਿਕਾਈ। ਉਹ ਨਿੰਠ ਕੇ ਬਹਿ ਗਿਆ। ਵੱਡੀ ਸਾਰੀ ਬੁਰਕੀ ਤੋੜੀ ਤੇ ਸਬਜ਼ੀ ਨਾਲ ਲਬੇੜ ਕੇ ਛੇਤੀ ਨਾਲ ਅੰਦਰ ਸੁੱਟੀ। ਤਪਦੀ ਰੇਤ 'ਤੇ ਪਾਣੀ ਦੀ ਕਣੀ ਡਿੱਗੀ। ਕਾਹਲੀ-ਕਾਹਲੀ ਦੂਜੀ ਬੁਰਕੀ। ਫਿਰ ਤੀਜੀ। ਕਣੀ-ਕਣੀ ਨਾਲ ਕਦੋਂ ਧਰਤੀ ਗਿੱਲੀ ਹੋਣੀ ਸੀ! ਉਹਦਾ ਜੀਅ ਕੀਤਾ ਸਾਰੀਆਂ ਰੋਟੀਆਂ ਦੀ ਇੱਕੋ ਬੁਰਕੀ ਕਰ ਕੇ ਇੱਕੋ ਵਾਰ ਅੰਦਰ ਸੁੱਟ ਲਵੇ। ਪਰ ਮੀਂਹ ਤਾਂ ਕਣੀ-ਕਣੀ ਕਰ ਕੇ ਹੀ ਵਰ੍ਹਨਾ ਸੀ। ਕਣੀਆਂ ਤੇਜ਼ ਹੋ ਰਹੀਆਂ ਸਨ। ਬੁਰਕੀ ਤੇ ਬੁਰਕੀ ਅੰਦਰ ਸੁੱਟੀ ਜਾ ਰਹੀ ਸੀ। ਆਖ਼ਰੀ ਬੁਰਕੀ ਮੂੰਹ ਵਿਚ ਪਾਉਣ ਤੋਂ ਪਹਿਲਾਂ ਉਹਨੇ ਹੱਸਦੀ ਜਿਹੀ ਆਵਾਜ਼ ਵਿਚ ਕਿਹਾ, "ਸਾਡੀ ਚਾਚੀ ਨਾਲ ਦੀ ਸਵਾਦੀ ਰੋਟੀ ਹੋਰ ਕਿਸੇ ਤੋਂ ਨਹੀਂ ਬਣਦੀ।"

ਚਾਰੇ ਰੋਟੀਆਂ ਮੁੱਕ ਗਈਆਂ। ਉਹਦੀ ਗੱਲ ਦਾ ਅਰਥ ਸਮਝ ਕੇ ਸਾਰੇ ਜਣੇ ਹੱਸ ਪਏ। ਉਹ ਵੀ ਮਾੜਾ ਜਿਹਾ ਹੱਸਿਆ। ਮੁਰਝਾਈਆਂ ਪੱਤੀਆਂ ਹੌਲੀ ਹੌਲੀ ਸਿਰ ਚੁੱਕਣ ਲੱਗੀਆਂ। ਜਾਮ ਹੋਇਆ ਸਰੀਰ ਹਰਕਤ ਵਿਚ ਆਇਆ। ਧੌਣ ਹਿੱਲੀ। ਆਸੇ ਪਾਸੇ ਵੇਖਿਆ। ਫਿਰ ਦਰਵਾਜ਼ੇ ਵੱਲ ਮੂੰਹ ਕੀਤਾ।

"ਹੋਰ ਆਵੇ ਰੋਟੀ?"

ਅੱਖਾਂ ਵਿਚ ਜੋਤ ਜਗੀ।

"ਆਉਣ ਦੇ ਚਾਚਾ! ਤੈਨੂੰ ਤਾਂ ਪਤਾ ਈ ਐ ਕਿ ਮੇਰੇ ਤਾਂ ਭਿੱਲੀ ਦਾ ਚੌਦਾਂ ਰੋਟੀਆਂ ਵਾਲਾ ਮਿਹਦਾ ਪਿਐ।"

ਆਏ ਮਹਿਮਾਨਾਂ ਵਿਚੋਂ ਅਗਨੀਹੋਤਰੀ ਨੇ ਮੇਜ਼ 'ਤੇ ਪਈ ਬੋਤਲ ਵਿਚੋਂ ਦੋਂਹ ਜਿੱਡਾ ਇੱਕੋ ਹਾੜਾ ਬਣਾ ਕੇ ਗਲਾਸ ਉਹਦੇ ਵੱਲ ਵਧਾਇਆ ਤਾਂ ਉਹਨੇ ਡਰਦਿਆਂ ਡਰਦਿਆਂ ਜਸਵੰਤ ਵੱਲ ਮਨਜ਼ੂਰੀ ਲੈਣ ਲਈ ਵੇਖਿਆ।

"ਚੱਲ ਲੈ ਲਾ, ਕੋਈ ਨ੍ਹੀਂ।"

ਜਸਵੰਤ ਦਾ ਇਸ਼ਾਰਾ ਪਾ ਕੇ ਉਹਨੇ ਗਲਾਸ ਡਕਾ-ਡਕ ਚੜ੍ਹਾ ਲਿਆ।

'ਚਾਚੀ' ਨੇ ਰੋਟੀਆਂ ਲਈ ਹੁਣ ਹੱਥ ਭਾਰਾ ਰੱਖ ਲਿਆ ਸੀ। ਸਬਜ਼ੀ ਦਾ ਕੌਲ ਵੀ ਮੁੜ ਕੇ ਭਰ ਦਿੱਤਾ ਸੀ। ਨੌਵੀਂ ਰੋਟੀ ਖਾਂਦਿਆਂ ਤਕ ਧਰਤੀ ਪੂਰੀ ਗਿੱਲੀ ਹੋ ਗਈ ਸੀ। ਆਖ਼ਰੀ ਬੁਰਕੀ ਨਾਲ ਬੜੇ ਸਹਿਜ ਨਾਲ ਉਹਨੇ ਕੌਲਾ ਸਾਫ਼ ਕੀਤਾ। ਬੁਰਕੀ ਮੂੰਹ ਵਿਚ ਪਾਈ ਤੇ ਥਾਲੀ ਮੇਜ਼ 'ਤੇ ਰੱਖ ਕੇ ਪਾਣੀ ਦਾ ਗਲਾਸ ਡਕਾ-ਡਕ ਚੜ੍ਹਾ ਗਿਆ।

ਉਹ ਬਿਨਾਂ ਗੱਲ ਤੋਂ ਹੱਸਿਆ, "ਚਾਚਾ! ਹੋਰ ਪਾ ਇਕ ਗਲਾਸ ਪਾਣੀ ਦਾ।"

ਦੂਜਾ ਗਲਾਸ ਪੀ ਕੇ ਉਹਨੇ ਹਿੱਕ 'ਤੇ ਹੱਥ ਫੇਰਿਆ।

ਛਮ! ਛਮ!! ਵਰਖਾ ਹੋਣ ਲੱਗੀ। ਕੁਮਲਾਈਆਂ ਸ਼ਾਖ਼ਾਂ ਤੇ ਪੱਤੀਆਂ ਸੁੱਖੜ ਹੋ ਕੇ ਸਿੱਧੀਆਂ ਖੜ੍ਹੀਆਂ ਹੋ ਗਈਆਂ। ਨੀਵੀਂ ਧੌਣ ਸਿੱਧੀ ਹੋ ਕੇ ਤਣ ਗਈ। ਅੱਖਾਂ ਲਿਸ਼ਕਣ ਲੱਗੀਆਂ।

ਉਹਨੇ ਮੁਸਕਰਾ ਕੇ ਸਭਨਾਂ ਨਾਲ ਅੱਖਾਂ ਮਿਲਾਉਂਦਿਆਂ ਗੜ੍ਹਕਦੀ ਆਵਾਜ਼ ਵਿਚ ਆਖਿਆ, "ਚਾਚਾ! ਤੁਹਾਨੂੰ ਇਕ ਗੱਲ ਦੱਸਾਂ?"

ਸਾਰੇ ਜਣੇ ਰੋਟੀ ਖਾਣ ਤੋਂ ਬਾਅਦ ਉਹਦੇ ਸਰੀਰ ਵਿਚ ਆਈ ਤਬਦੀਲੀ ਨੂੰ ਦਿਲਚਸਪੀ ਨਾਲ ਵਾਚ ਰਹੇ ਸਨ।

ਸਭਨਾਂ ਨੂੰ ਲੱਗਾ, ਉਹ ਆਪਣੇ 'ਅਸਲੀ ਰੰਗ' ਵਿਚ ਪਰਤਣ ਲੱਗਾ ਹੈ।

ਨਿੰਦਰ ਪੁੱਛਦੀਆਂ ਨਜ਼ਰਾਂ ਨਾਲ ਸਭਨਾਂ ਵੱਲ ਵੇਖ ਰਿਹਾ ਸੀ।

"ਕੱਢ ਹੁਣ, ਜਿਹੜਾ ਸੱਪ ਕੱਢਣਾ ਈਂ।"

"ਲੈ ਫਿਰ ਤਾਹਨੂੰ ਸੌ ਦੀ ਇਕ ਸੁਣਾਵਾਂ। ਭਾਪੇ ਧਰਮਿੰਦਰ ਨੇ ਧੱਕਾ ਤਾਂ ਭਾਵੇਂ ਮੇਰੇ ਨਾਲ ਬੜਾ ਵੱਡਾ ਕੀਤਾ ਏ। ਵਸੀਅਤ ਵਿਚੋਂ ਮੈਨੂੰ ਬਾਹਰ ਕੱਢ ਕੇ ਸਾਰੀ ਜੈਦਾਦ ਲਾ ਦਿੱਤੀ ਬੌਬੀ ਤੇ ਸਨੀ ਦੇ ਨਾਂ। ਪਿਉ ਲਈ ਸਾਰੇ ਪੁੱਤ ਇਕੋ ਜਿਹੇ ਸਾਂ। ਉਹਨੂੰ ਐਸੀ ਦੁਰੈਗੀ ਨਹੀਂ ਸੀ ਕਰਨੀ ਚਾਹੀਦੀ। ਪਰ ਇਕ ਗੱਲ ਸੁਣ ਲੌ ਤੁਸੀਂ ਵੀ। ਆਹ ਚਾਨਣ ਮੱਥੇ ਲੱਗਦਾ।"

ਉਹਨੇ ਜਗਦੀ ਟਿਊਬ ਵੱਲ ਵੇਖਿਆ ਤੇ ਓਸੇ ਗੜ੍ਹਕੇ ਨਾਲ ਆਖਿਆ, "ਭਾਪਾ ਭਾਵੇਂ ਕਿੰਨਾ ਫੰਨੇ ਖਾਂ ਬਣਿਆਂ ਫਿਰਦਾ ਏ। ਹੈਗਾ ਤਾਂ ਮੈਂ ਵੀ ਉਹਦਾ ਈ ਪੁੱਤ ਆਂ। ਮਿੰਟੂ ਦਿਓਲ। ਖ਼ੂਨ ਤਾਂ ਮੇਰੀਆਂ ਰਗਾਂ 'ਚ ਵੀ ਓਸੇ ਬੱਬਰ ਸ਼ੇਰ ਜੱਟ ਦਾ ਐ। ਆਪਣਾ ਹੱਕ ਮੈਂ ਵੀ ਨਹੀਂ ਛੱਡਣ ਲੱਗਾ। ਸਵੇਰੇ ਈ ਝੂਠੀ ਵਸੀਅਤ ਦਾ ਕੇਸ ਅਦਾਲਤੇ ਲੱਗਾ ਲੈ। ਭਾਵੇਂ ਮੈਨੂੰ ਸੁਪਰੀਮ ਕੋਟ ਤਕ ਨਾ ਜਾਣਾ ਪਵੇ, ਆਪਣੇ ਹਿੱਸੇ ਦੀ ਜੈਦਾਦ ਲੈ ਕੇ ਛੱਡੂੰ।"

"ਓ ਜਾਣ ਦੇ ਯਾਰ! ਕਿੱਥੇ ਤੂੰ ਕਿੱਥੇ ਧਰਮਿੰਦਰ? ਸਾਰੇ ਜੱਜ-ਵਕੀਲ ਉਹਦੀ ਮੁੱਠ ‘ਚ। ਤੇਰੇ ਹੱਕ 'ਚ ਕੀਹਨੇ ਫ਼ੈਸਲਾ ਦੇਣਾ! ਤੇਰੇ ਲਈ ਤਾਂ ਵਕੀਲ ਕਰਨਾ ਔਖਾ। ਤੂੰ ਤਾਂ ਕੰਮ ਵੀ ਛੱਡ ਬੈਠਾਂ। ਬਿਨਾਂ ਪੈਸੇ ਦੇ ਵਕੀਲ ਕਿੱਥੋਂ ਕਰੇਂਗਾ। ਸਭ ਫ਼ੈਸਲੇ ਦੌਲਤ ਵਾਲਿਆਂ ਦੇ ਹੱਕ ਵਿਚ ਹੁੰਦੇ ਨੇ।" ਸਤਿਨਾਮ ਨੇ ਉਹਨੂੰ ਰਉਂ ਵਿਚ ਆਇਆ ਵੇਖ ਕੇ ਨਵਾਂ ਸਵਾਲ ਖੜ੍ਹਾ ਕੀਤਾ ਤਾਂ ਉਹਨੇ ਓਸੇ ਬੁਲੰਦ ਆਵਾਜ਼ ਵਿਚ ਆਖਿਆ, "ਆਪਣਾ ਮੁਕੱਦਮਾ ਮੈਂ ਆਪ ਲੜੂੰਗਾ ਆਪ ਵਕੀਲ ਬਣ ਕੇ। ਜਿਵੇਂ ਭਗਤ ਸੁੰਹ ਨੇ ਲੜਿਆ ਸੀ।"

ਭਗਤ ਸਿੰਘ ਵਾਂਗ ਕੇਸ ਲੜਨ ਵਾਲੀ ਗੱਲ ਸੁਣ ਕੇ ਸੰਘਾ ਉਹਦੀ 'ਜਾਣਕਾਰੀ' ਤੋਂ ਹੈਰਾਨ ਹੋਇਆ, "ਵਾਹ ਬਈ! ਤੂੰ ਤਾਂ ਬੜਾ ਗੁਣੀ ਗਿਆਨੀ ਬੰਦਾ ਏਂ। ਭਗਤ ਸਿੰਘ ਬਾਰੇ ਵੀ ਜਾਣਦਾਂ।"

"ਸਰਦਾਰ ਜੀ, ਭਗਤ ਸਿੰਘ ਦੀਆਂ ਪੰਜ ਫ਼ਿਲਮਾਂ ਦਸ-ਦਸ ਵਾਰ ਵੇਖੀਆਂ ਨੇ। ਪੁੱਛੋ, ਕਿਹੜੀ ਗੱਲ ਪੁੱਛਣੀ ਏਂ ਉਹਦੇ ਬਾਰੇ?" ਉਹ ਇਤਿਹਾਸਕਾਰ ਬਣਿਆ ਖੜੋਤਾ ਸੀ।

"ਹੱਛਾ ਇਹ ਦੱਸ, ਜੇ ਭਲਾ ਤੇਰੇ ਹੱਕ 'ਚ ਫ਼ੈਸਲਾ ਨਾ ਹੋਇਆ ਤਾਂ ਫਿਰ ਕੀ ਕਰੇਂਗਾ? ਨਾਲੇ ਭਗਤ ਸਿੰਘ ਦੇ ਹੱਕ 'ਚ ਕਿਹੜਾ ਫ਼ੈਸਲਾ ਹੋ ਗਿਆ ਸੀ!"

ਜਸਵੰਤ ਦੇ ਸਵਾਲ ਦੇ ਜਵਾਬ ਵਿਚ ਉਹਦੀ ਦਲੀਲ ਸੀ, "ਚਾਚਾ! ਅੱਵਲ ਤਾਂ ਮੈਂ ਕੇਸ ਜਿੱਤੂੰ ਈ ਜਿੱਤੂੰ। ਜੇ ਖ਼ੁਦਾ-ਨਾ-ਖਾਸਤਾ ਹਾਰ ਈ ਗਿਆ ਤਾਂ ਭਗਤ ਸਿੰਘ ਵਾਂਗੂੰ ਫਿਰ ਵੇਖੀਂ ਬੰਬ ਚੱਲਦੇ। ਭਗਤ ਸਿੰਘ ਦਾ ਬੰਬ ਤਾਂ ਫੁੱਸ ਕਰ ਗਿਆ ਸੀ। ਆਪਣਾ ਨਹੀਂ ਕਰਦਾ। ਜੀਹਨੇ ਜੀਹਨੇ ਵੀ ਸਾਡੇ ਨਾਲ ਧੱਕਾ ਕੀਤਾ, ਬੇਨਿਆਈਂ ਕੀਤੀ, ਉਹ ਸਭ ਕੁਝ ਸਾੜ ਕੇ ਸਵਾਹ ਕਰ ਦੂੰ। ਵੇਖੀਂ, ਸਾਡੀ 'ਟਾਈਗਰ ਫੋਰਸ' ਕਿਵੇਂ ਸਟੇਨਾਂ ਦੇ ਛਰ੍ਹਾਟੇ ਛੱਡਦੀ।"

"ਕੇਸ ਤਾਂ ਤੇਰਾ ਕੱਲ੍ਹੇ ਦਾ ਏ, ਇਹ 'ਸਾਡੇ ਨਾਲ ਧੱਕਾ ਕੀਤਾ' ਕੀ ਆਖੀ ਜਾਂਦੈਂ। ਇਹ 'ਸਾਡੇ

ਨਾਲ ਧੱਕਾ ਕੀਤਾ'' ਵਿਚ ਹੋਰ 'ਸਾਡੇ' ਕੌਣ ਆਂ?"

"ਸਾਡੇ ਨਾਲ, ਸਾਡੇ ਨਾਲ" ਉਹ ਇਕ ਪਲ ਲਈ ਸੋਚਣ ਲਈ ਰੁਕਿਆ ਤੇ ਫਿਰ ਰਵਾਂ ਹੋ ਗਿਆ, "ਸਾਡੇ ਨਾਲ, ਸਾਡੇ ਨਾਲ ਆਪਣੀ ਧੰਤੋ, ਤੁਲਸਾ ਖੁੰਘ, ਸਾਡਾ ਸੱਜਣ, ਸਾਡਾ ਭਿੱਲੀ, ਬਾਬਾ ਨੈਤਾ ਤੇ ਛਿੰਨੋ, ਜੀਤਾ ਮੈਂਬਰ, ਚਾਚੀ ਤਾਰੋ, ਭੈਣ ਮਿੰਦੋ, ਬਾਬਾ ਅਕਾਲੀ ਤੇ ਆਪਾਂ ਸਾਰੇ ਈ ਕਿ।"

ਤੇ ਫਿਰ ਉਹਨੇ ਖਿੜਖਿੜਾ ਕੇ ਹੱਸਦਿਆਂ ਦੋਵਾਂ ਹੱਥਾਂ ਨਾਲ ਆਪਣਾ ਢਿੱਡ ਘੁੱਟਦਿਆਂ ਕਿਹਾ, "ਤੇ ਸਾਡਾ ਚੌਦਾਂ ਰੋਟੀਆਂ ਵਾਲਾ ਮਿਹਦਾ ਵੀ! ਕਿਉਂ ਚਾਚਾ ਜੀ?" ਤੇ ਉਹਨੇ ਜਸਵੰਤ ਨੂੰ ਭੇਤ-ਭਰੀ ਅੱਖ ਮਾਰੀ।

ਮਿਹਦੇ ਦੀ ਗੱਲ ਕਰਦਿਆਂ ਉਹਦੇ ਚਿਹਰੇ 'ਤੇ ਫਿਰ ਹਲਕੀ ਜਿਹੀ ਉਦਾਸੀ ਦਾ ਪੋਚਾ ਫਿਰ ਗਿਆ।

"ਓ ਜਾਣ ਦੇ! ਐਵੇਂ ਯਾਵੀਆਂ ਨਾ ਮਾਰ! ਬੰਬ ਤੈਥੋਂ ਕਿੱਥੇ ਚੱਲਣੇਂ ਨੇ। ਧੰਤੋ ਵੀ ਜਦੋਂ ਸੁਰਜੀਤ ਕੇ ਮੂਸਲ ਵਿਚੋਂ ਤੂੜੀ ਦਾ ਮਗਰਾ ਲੈ ਕੇ ਨਿਕਲੀ ਸੀ, ਤੂੰ ਉਦੋਂ ਵੀ ਆਖਿਆ ਸੀ ਕਿ ਉਹਦੇ ਤੂੜੀ ਦੇ ਮੂਸਲ ਗਰਨੇਡ ਚਲਾ ਕੇ ਲੂਹ ਦਏਂਗਾ। ਪਰ ਹੋਇਆ ਹਵਾਇਆ ਤਾਂ ਕੁਝ ਨਹੀਂ। ਉਹਦੇ ਮੂਸਲ ਤਾਂ ਉਂਝ ਹੀ ਖੜੇ ਰਹੇ।"

"ਕੀ ਕਰਦਾ ਚਾਚਾ! ਮੈਂ ਕੱਲ੍ਹਾ ਜੁ ਹੋਇਆ। 'ਕੱਲਾ ਬੰਦਾ ਕੀ ਕਰ ਲਊਗਾ!" ਪਰ ਡਿੱਗਦੇ ਜਾਂਦੇ ਮਨ ਨੂੰ ਧਰਵਾਸ ਦਿੰਦਿਆਂ ਉਹਨੇ ਫਿਰ ਬੜ੍ਹਕ ਮਾਰੀ, "ਪਰ ਚਾਚਾ! ਐਤਕੀਂ ਮੈਂ 'ਕੱਲਾ ਨਹੀਂ ਰਹਿੰਦਾ। ਤੁਲਸੇ ਖੁੰਘ ਸਣੇ ਕਈ ਜਣੇ ਮੇਰੇ ਨਾਲ ਆ। ਵੇਖੀਂ ਜਦੋਂ 'ਗੜ! ਗੜ!' ਹੋਈ, ਕੁਰਸੀਆਂ ਹੇਠ ਲੁਕਿਆਂ ਨੂੰ ਕੱਢ ਕੱਢ ਨਾ ਮਾਰਿਆ ਤਾਂ ਮੈਨੂੰ ਵੀ ਨੈਤੇ ਦਾ ਬੀ ਨਾ ਆਖੀਂ।"

ਸਾਰੇ ਹੱਸ ਪਏ। ਕਿਸੇ ਨੇ ਆਖਿਆ, "ਤੂੰ ਤਾਂ ਕਹਿੰਦਾਂ ਤੇਰਾ ਪਿਓ ਧਰਮਿੰਦਰ ਆ। ਇਹ ਹੁਣ ਨੈਤਾ ਤੇ ਛਿੰਨੋ ਤੇਰੇ ਮਾਂ-ਪਿਓ ਕਿੱਥੋਂ ਬਣ ਗਏ!"

"ਜਦੋਂ ਧਰਮਿੰਦਰ ਨੇ ਮੇਰਾ ਹੱਕ ਨਾ ਦਿੱਤਾ ਤਾਂ ਉਹ ਕਾਹਦਾ ਬਾਪ ਰਹਿ ਗਿਆ! ਤੇ ਇਹ ਵੀ ਸੁਣ ਲੈ, ਜੇ ਜੱਜਾਂ ਨੇ ਫ਼ੈਸਲਾ ਠੀਕ ਨਾ ਕੀਤਾ ਤਾਂ ਉਹ ਮੇਰੇ ਮਾਮੇ ਲੱਗਦੇ ਆ। ਫਿਰ ਤਾਂ ਸਭ ਨਾਲ ਇਕੋ ਭਾਅ ਤੁੱਲੂ। ਕਿਸੇ ਦਾ ਲਿਹਾਜ ਨਹੀਂ ਹੁੰਦਾ। ਫਿਰ ਤਾਂ ਗੜੂੰਜਾਂ ਪੈਣਗੀਆਂ ਤੇ ਦੁਨੀਆਂ ਵੇਖੂ ਕਿ ਆਪਣੇ ਹੱਕ ਕਿਵੇਂ ਲਏ ਜਾਂਦੇ ਆ। ਵੇਖੀਂ ਚਾਚਾ, ਖ਼ਰੀ ਸੁਣਾਵਾਂ, ਉਦੋਂ ਜੇ ਤੈਨੂੰ ਵੀ ਮਾੜਾ-ਮੋਟਾ ਸੇਕ ਲੱਗ ਗਿਆ ਤਾਂ ਗੁੱਸਾ ਨਾ ਕਰੀਂ।"

ਮਗਰਲਾ ਵਾਕ ਉਹਨੇ ਜਸਵੰਤ ਵੱਲ ਵੇਖ ਕੇ ਕਿਹਾ ਤਾਂ ਜਸਵੰਤ ਦੇ ਨਾਲ ਸਾਰੇ ਜਣੇ ਹੱਸਣ ਲੱਗੇ।

"ਲੌ ਕਰ ਲਓ ਭਲੀ ਇਹਦੇ ਨਾਲ। ਇਹ ਮੈਨੂੰ ਵੀ ਵਿਚੇ ਰਗੜਣ ਨੂੰ ਫਿਰਦਾ।"

ਸਭ ਨੂੰ ਹੱਸਦਿਆਂ ਵੇਖ ਕੇ ਉਹ ਵੀ ਤਾੜੀ ਮਾਰ ਕੇ ਹੱਸਣ ਲੱਗਾ, "ਚਾਚਾ! ਜਦੋਂ ਮਸ਼ੀਨ ਚੱਲੀ, ਆਟੇ ਨਾਲ ਘੁਣ ਤਾਂ ਪਿਸੂ ਈ ਪਿਸੂ।"

ਸਤਿਨਾਮ ਵਾਸ਼-ਰੂਮ ਜਾਣ ਲਈ ਉੱਠਿਆ। ਉਹਦੀ ਗ਼ੈਰ-ਹਾਜ਼ਰੀ ਵਿਚ ਸਾਰੇ ਜਣੇ ਕੁਝ ਚਿਰ ਲਈ ਚੁੱਪ ਜਿਹੇ ਹੋ ਗਏ। ਨਿੰਦਰ ਵੀ ਡੂੰਘੀ ਖ਼ਾਮੋਸ਼ੀ ਵਿਚ ਉਤਰ ਗਿਆ। ਉਹਦਾ ਮਨ ਫਿਰ ਉਦਾਸ ਹੋ ਗਿਆ।

ਸਤਿਨਾਮ ਵਾਪਸ ਪਰਤਿਆ ਤਾਂ ਨਿੰਦਰ ਡੂੰਘੀ ਉਦਾਸੀ ਵਿਚੋਂ ਬੋਲਿਆ,"ਚਾਚਾ! ਮੈਂ ਰੋ ਨਾ ਲਵਾਂ ਇਕ ਵਾਰ!"

ਸਾਰੇ ਸਰੂਰ ਵਿਚ ਸਨ।

"ਨਹੀਂ ਪੁੱਤਰਾ! ਅੱਜ ਰੋਣਾ ਨਹੀਂ ਗਾਉਣਾ ਏਂ, ਆਪਾਂ ਗਾਉਣਾ ਏਂ!"

ਨਿੰਦਰ ਦੀਆਂ ਅੱਖਾਂ ਲਿਸ਼ਕੀਆਂ।

"ਹੱਛਾਅ! ਗਾਉਣ ਸੁਣਾਵਾਂ ਫੇਰ?"

ਜਸਵੰਤ ਨੇ ਹਾਮੀ ਭਰੀ ਤਾਂ ਨਿੰਦਰ ਨੇ ਗਲਾ ਖੰਘੂਰਿਆ, "ਲੈ ਫਿਰ!"

ਉਹਨੇ ਉੱਚੀ ਆਵਾਜ਼ ਚੁੱਕੀ:

*ਉਏ ਕੋਈ ਦਿਨ ਖੇਡ ਲੈ, ਮੌਜਾਂ ਮਾਣ ਲੈ*
*ਤੇਰਾ ਰਾਜ ਸਦਾ ਨਹੀਂ ਉਂ ਰਹਿਣਾ*
*ਉਏ ਸਾਡੇ ਦੁਸ਼ਮਣਾ!*
*ਸਾਡਾ ਰਾਜ ਆਇਆ ਤਾਂ ਵੇਖੀਂ*
*ਸਿਲਮਿਆਂ 'ਚੋਂ ਖੁਰਸੀਆਂ ਚੁਕਾ ਦਿਆਂਗੇ*
*ਫਰਸ਼ਾਂ 'ਤੇ ਪਰਾਲੀ ਵਿਛਾ ਕੇ*
*ਸਭਨਾਂ ਲਈ ਬਹਿਣ ਦਾ ਥਾਂ ਬਣਾ ਦਿਆਂਗੇ*
*ਭੁੱਖੀਆਂ ਸੰਗਤਾਂ ਲਈ ਬਾਹਰ ਲੰਗਰ ਲਾ ਦਿਆਂਗੇ*
*ਧਰਮਿੰਦਰ ਤੇ ਸਨੀ ਦੀਆਂ ਫ਼ਿਲਮਾਂ ਬੰਦ ਕਰਾ ਕੇ*
*ਭਗਤ ਸੁੰਹ ਦੀਆਂ ਫ਼ਿਲਮਾਂ ਚਲਾ ਦਿਆਂਗੇ*
*ਸ੍ਰੀ ਦੇਵੀ ਨੂੰ ਆਖਣਾ, ਤੂੰ ਗਈ ਸੁਰਗਾਂ ਨੂੰ*
*ਸਾਡੀ ਹੁਣ ਤੂੰ ਕੀ ਲੱਗਦੀ!*
*ਸਾਡਾ ਤਾਂ ਹੁਣ ਰੱਬ ਰਾਖਾ!*
*ਪੰਤੋ ਤੇ ਛਿਹਾਟੇ ਵਾਲੀ ਨਰਸ ਨੂੰ ਨਾਲ ਲੈ ਕੇ*
*ਅਗਲੀ ਲਾਈਨ 'ਚ ਚੌਕੜੀ ਮਾਰ ਕੇ ਬਹਿ ਜਾਂ 'ਗੇ*
*ਤੇ ਸੀਤੋ ਦੀ ਮਾਂ ਨੂੰ ਸਬਕ ਸਿਖਾ ਦਿਆਂਗੇ*
*ਜੇ ਐਂਜ ਨਾ ਹੋਇਆ*
*ਤਾਂ ਸਰੈਂਬਲੀ 'ਚ ਬੰਬ ਚਲਾ ਦਿਆਂਗੇ*
*ਇਨਕਲਾਬ ਜਿੰਦਾਬਾਦ ਦਾ ਨਾਅਰਾ ਲਾ ਦਿਆਂਗੇ।*

'ਗਾਉਣ' ਮੁਕੰਮਲ ਕਰ ਕੇ ਉਹਨੇ "ਇਨਕਲਾਬ-ਜ਼ਿੰਦਾਬਾਦ!" ਦਾ ਨਾਅਰ੍ਹਾ ਲਾ ਦਿੱਤਾ।

ਸਾਰਿਆਂ ਨੇ ਤਾੜੀ ਮਾਰੀ।

ਫੇਰ ਨਿੰਦਰ ਨੇ ਵੱਖਰਾ ਸਵਾਲ ਕਰ ਦਿੱਤਾ, "ਚਾਚਾ! ਇਕ ਗੱਲ ਨਹੀਂ ਮੇਰੇ ਗੇੜ 'ਚ ਆਉਂਦੀ। ਭਗਤ ਸੁੰਹ ਹੁਰੀਂ ਆਪਣੀਆਂ ਮੰਗਾਂ ਲਈ ਜੇਲ੍ਹ 'ਚ ਏਨੀ ਲੰਮੀ ਭੁੱਖ ਹੜਤਾਲ ਕਿਵੇਂ ਕਰ ਲੈਂਦੇ ਸੀ! ਕਿੰਨਾ ਕੁ ਚਿਰ ਕੋਈ ਭੁੱਖਾ ਰਹਿ ਸਕਦਾ ਭਲਾ! ਬਾਬਾ! ਭੁੱਖ ਕੱਟਣੀ ਬੜੀ ਔਖੀ।" ਉਹਨੇ ਦੋਵਾਂ ਕੰਨਾਂ ਨੂੰ ਹੱਥ ਲਾਏ। "ਭੁਖਿਆਂ ਨੇ ਫੇਰ ਬੰਬ ਈ ਸੁਟਣੇ ਆਂ।"

ਫਿਰ ਉਹਨੂੰ ਅਚਨਚੇਤ ਮਨੋਜ ਕੁਮਾਰ ਦੀ ਗੁਰਪਾਲ ਕੋਲ ਬਹਿ ਕੇ ਟੀਵੀ 'ਤੇ ਵੇਖੀ 'ਸ਼ਹੀਦ' ਫ਼ਿਲਮ ਵਿਚ ਭਗਤ ਸਿੰਘ ਹੁਰਾਂ ਨਾਲ ਜੇਲ੍ਹ ਵਿਚ ਬੰਦ, ਡਾਕੂ ਬਣੇ ਕੈਦੀ, ਪ੍ਰਾਣ ਦਾ ਰੋਲ ਯਾਦ ਆ ਗਿਆ।"ਜੇ ਮੈਂ ਉਹਨਾਂ ਨਾਲ ਜੇਲ੍ਹ ਵਿਚ ਹੁੰਦਾ ਤਾਂ ਉਸ ਬਦਮਾਸ਼ ਵਾਂਗੂੰ ਇਹਨਾਂ ਦੀਆਂ ਵੀ ਸਾਰੀਆਂ ਰੋਟੀਆਂ ਖਾ ਜਾਂਦਾ।"

ਸੰਘੇ ਨੇ ਜੇਬ ਵਿਚੋਂ ਬਟੂਆ ਕੱਢਿਆ ਤੇ ਸੌ ਦਾ ਨੋਟ ਨਿੰਦਰ ਵੱਲ ਵਧਾਇਆ। ਸਤਿਨਾਮ ਨੇ ਵੀ ਸੌ ਦਾ ਇਕ ਹੋਰ ਨੋਟ ਉਹਦੀ ਮੁੱਠ ਵਿਚ ਦੇ ਦਿੱਤਾ ਤਾਂ ਅਗਨੀਹੋਤਰੀ ਨੇ ਵੀ "ਵਾਹ! ਵਾਹ" ਕਹਿੰਦਿਆਂ ਸੌ ਦਾ ਨੋਟ ਕੱਢ ਲਿਆ।

"ਕੰਜਰ ਦਿਆ! ਜੇ ਅਸੈਂਬਲੀ 'ਚ ਬੰਬ ਚਲਾ ਦਿੱਤਾ ਤਾਂ ਓਥੇ ਲੱਗਾ ਭਗਤ ਸਿੰਘ ਦਾ ਬੁੱਤ ਟੁੱਟ ਜਾਣਾ!" ਜਸਵੰਤ ਨੇ ਛੇੜਿਆ।

"ਕਿਉਂ? ਭਗਤ ਸਿੰਘ ਦਾ ਬੁੱਤ ਓਥੇ ਕੀ ਕਰਦਾ?"

"ਤੂੰ ਈ ਦੱਸ! ਇਨਕਲਾਬ ਤਾਂ ਤੁਸੀਂ ਲਿਆਉਣਾ। ਸਾਨੂੰ ਕੀ ਪਤਾ!"

ਉਹ ਸੋਚਣ ਲੱਗਾ ਤੇ ਫਿਰ ਉਹਨੂੰ ਆਪ ਈ ਜਵਾਬ ਸੁੱਝ ਗਿਆ, "ਚਾਚਾ! ਭਗਤ ਸੂੰਹ ਓਥੇ ਫ਼ਿਲਮ ਵੇਖਣ ਬਹਿ ਗਿਆ ਹੋਣਾ, ਨਹੀਂ ਤਾਂ ਉਹਨੇ ਓਥੇ ਕੜਛ ਮਾਂਜਣ ਜਾਣਾ ਸੀ।"

ਉਹਨੇ 'ਸਿਰੇ 'ਤੇ ਗੰਢ' ਦਿੰਦਿਆਂ ਆਖਿਆ, "ਆਹ ਚਾਨਣ ਮੱਥੇ ਲੱਗਦਾ, ਅੱਜ ਤੋਂ ਇਹ ਗੱਲ ਪੱਕ ਆ ਕਿ ਧਰਮਿੰਦਰ ਤੇ ਸਨੀ ਵਾਲਾ ਵਰਕਾ ਤਾਂ ਉੱਕਾ ਈ ਪਾੜ 'ਤਾ। ਸ੍ਰੀਦੇਵੀ ਨੂੰ ਮੈਂ ਆਪ ਈ ਗਲੋਂ ਲਾਹੁਣਾ ਚਾਹੁੰਦਾ ਸੀ। ਮਹਾਰਾਜ ਨੇ ਮਿਹਰ ਕੀਤੀ, ਉਹ ਆਪੇ ਗਲੋਂ ਲਹਿ ਗਈ। ਹੁਣ ਤਾਂ ਛਿਹਾਟੇ ਵਾਲੀ ਨਰਸ 'ਤੇ ਅੱਖ ਆ। ਵੇਖੋ, ਚਾਚੇ ਦੇ ਮਨ ਕਦੋਂ ਮਿਹਰ ਪੈਂਦੀ।"

ਉਹਨੇ ਸ਼ਰਾਰਤ ਨਾਲ ਪੋਲੀ ਜਿਹੀ ਅੱਖ ਜਸਵੰਤ ਵੱਲ ਨੱਪੀ।

ਉਹਦਾ ਇਹ ਅੰਦਾਜ਼ ਵੇਖ ਕੇ ਸਾਰੇ ਹੱਸਣ ਲੱਗੇ।

ਸਭਨਾਂ ਨੂੰ ਆਪਣੇ 'ਤੇ 'ਡੁੱਲ੍ਹਿਆ ਵੇਖ' ਉਹਨੇ ਮੁਨਾਸਬ ਮੌਕਾ ਜਾਣਿਆਂ ਤੇ ਜਸਵੰਤ ਨੂੰ ਮਨ ਦੀ ਆਖ ਦਿੱਤੀ, "ਚਾਚਾ! ਫੇਰ ਸਵੇਰ ਤੋਂ ਕੰਮ 'ਤੇ ਆ ਜਾਵਾਂ?"

ਜਸਵੰਤ ਗੰਭੀਰ ਹੋ ਗਿਆ।

"ਨਹੀਂ ਪੁੱਤਰਾ! ਕੰਮ ਤਾਂ ਹੁਣ ਤੂੰ ਛਿੰਨੋ ਕੋਲ ਈ ਕਰੀਂ।"

ਜਸਵੰਤ ਕੁਰਸੀ ਤੋਂ ਉਠਿਆ ਤੇ ਆਪਣੀ ਜੇਬ 'ਚੋਂ ਸਾਥੀਆਂ ਵਾਂਗ ਹੀ ਸੌ ਦਾ ਨੋਟ ਕੱਢ ਕੇ ਨਿੰਦਰ ਦੀ ਮੁੱਠ ਵਿਚ ਫੜਾਉਂਦਿਆਂ ਕਿਹਾ, "ਚੰਗਾ ਨਿੰਦਰਾ! ਰਾਤ ਬਹੁਤ ਹੋ ਗਈ ਆ। ਤੂੰ ਜਾਹ ਹੁਣ ਘਰ ਨੂੰ ਬੀਬਾ ਪੁੱਤ ਬਣ ਕੇ।"

ਉਹਨੇ ਦੂਜੇ ਕਮਰੇ ਵਿਚ ਪੜ੍ਹ ਰਹੇ ਗੁਰਪਾਲ ਨੂੰ ਆਵਾਜ਼ ਦਿੱਤੀ, "ਗੁਰਪਾਲ! ਨਿੰਦਰ ਘਰ ਨੂੰ ਚੱਲਿਐ। ਤੂੰ ਇਹਨੂੰ ਤੋਰ ਕੇ ਬਾਹਰਲਾ ਦਰਵਾਜ਼ਾ ਬੰਦ ਕਰ ਲੈ।"

ਜਸਵੰਤ ਦਾ ਕੋਰਾ ਜਵਾਬ ਸੁਣ ਕੇ ਉਦਾਸ ਅਤੇ ਨਿਰਾਸ ਹੋਇਆ ਨਿੰਦਰ ਧੌਣ ਸੁੱਟੀ ਪੋਲੇ ਕਦਮੀਂ ਦਰਵਾਜ਼ੇ 'ਚੋਂ ਬਾਹਰ ਨਿਕਲ ਗਿਆ।

ਉਹਦੇ ਜਾਣ ਬਾਅਦ ਕੁਝ ਪਲਾਂ ਲਈ ਮਾਹੌਲ ਵਿਚ ਖ਼ਾਮੋਸ਼ੀ ਤਾਰੀ ਰਹੀ।

ਅਗਨੀਹੋਤਰੀ ਨੇ ਮੱਥੇ ਨੂੰ ਘੁੱਟਿਆ ਤੇ ਬੁੜਬੁੜਾਇਆ, "ਵਿਚਾਰਾ! ਪਾਟੀ ਹੋਈ ਸ਼ਖ਼ਸੀਅਤ!"

"ਜਦੋਂ ਸੁਪਨੇ ਅਸਮਾਨੀ ਬਣਾ ਦਿੱਤੇ ਜਾਣ 'ਤੇ ਜ਼ਮੀਨੀ ਹਕੀਕਤ ਨੇ ਪੈਰਾਂ ਨੂੰ ਸੰਗਲ ਬੱਧੇ ਹੋਣ ਤਾਂ ਬੰਦੇ ਇੰਝ ਹੀ ਪਾਟਦੇ ਨੇ!"

ਏਨੀ ਆਖ ਕੇ ਸਤਿਨਾਮ ਹੁਝਕਾ ਮਾਰ ਕੇ ਕੁਰਸੀ ਤੋਂ ਉੱਠਿਆ, "ਪੰਡਤ ਜੀ! ਇਹ ਹੁਣ ਫ਼ਲਸਫ਼ੇ ਝਾੜਨ ਦਾ ਮੌਕਾ ਨਹੀਂ। ਚੰਗਾ, ਅਸੀਂ ਵੀ ਚੱਲਦੇ ਆਂ! ਨਿੰਦਰ ਨੂੰ ਮਿਲ ਕੇ ਖ਼ੁਸ਼ ਹੋਣ ਆਏ ਸਾਂ, ਉਦਾਸ ਹੋ ਕੇ ਚੱਲੇ ਆਂ!"

ਅਗਲੇ ਦਿਨਾਂ ਵਿਚ ਤੁਲਸੇ ਨੇ ਭਜਨੇ ਲੀਡਰ ਦੇ ਘਰ ਕੰਮ 'ਤੇ ਜਾਣਾ ਸ਼ੁਰੂ ਕਰ ਦਿੱਤਾ ਸੀ। ਪਿਛਲੀ ਸਾਂਝ ਨੂੰ ਧਿਆਨ ਵਿਚ ਰੱਖਦਿਆਂ ਤਾਰੋ ਨੇ ਕਿਹਾ ਸੀ, "ਭਾਅ ਤੁਲਸਿਆ! ਤੂੰ ਪਸ਼ੂਆਂ ਦਾ ਪੱਠਾ-ਦੱਥਾ ਕਰ ਦਿਆ ਕਰ! ਤੇਰਾ ਬਣਦਾ ਹੱਕ ਨਹੀਂ ਰੱਖਦੇ। ਮਿੰਦੂਰ ਆਲਸੀ ਜਿਹਾ। ਕੰਮ ਤੋਂ ਘੌਲ ਕਰ ਜਾਂਦਾ। ਕਈ ਵਾਰ ਵੇਲਾ ਕਵੇਲਾ ਹੋ ਜਾਂਦਾ। ਡੰਗਰ ਭੁੱਖੇ-ਤਿਹਾਏ ਮਰਦੇ ਰਹਿੰਦੇ ਨੇ। ਉਂਝ ਤਾਂ ਮਿੰਦੂਰ ਵੀ ਤੇਰੇ ਨਾਲ ਹੀ ਹੋਇਆ ਕਰੂ। ਗੁੱਸੇ ਖੋਰ ਜਰੂਰ ਆ ਪਰ ਦਿਲ ਦਾ ਮਾੜਾ ਨਹੀਂ।"

ਪਰ ਮਹਿੰਦਰ ਘੱਟ-ਵੱਧ ਹੀ 'ਨਾਲ' ਹੁੰਦਾ!

ਕਿਸੇ ਕਿਸੇ ਦਿਨ ਤੁਲਸੇ ਦੇ ਕਹਿਣ 'ਤੇ ਨਿੰਦਰ ਵੀ ਤੁਲਸੇ ਨਾਲ ਤੁਰ ਜਾਂਦਾ। ਤੁਲਸੇ ਦੀ ਕੰਮ ਵਿਚ ਮਦਦ ਹੋ ਜਾਂਦੀ। ਨਿੰਦਰ ਨੂੰ ਖਾਣ ਲਈ ਰੋਟੀ ਮਿਲ ਜਾਂਦੀ ਸੀ। ਉਸ ਲਈ ਏਹੋ ਬਹੁਤ ਸੀ।

ਅਸਲ ਵਿਚ ਨਿੰਦਰ ਇਸ ਗੱਲ ਦੀ ਵੀ ਟੋਹ ਰੱਖ ਰਿਹਾ ਸੀ ਕਿ ਭਜਨੇ ਹੁਰਾਂ ਦੇ ਟੱਬਰ ਨੂੰ ਸਰਕਾਰ ਪੈਸੇ ਦਿੰਦੀ ਹੈ ਕਿ ਨਹੀਂ।

ਕਿਸਾਨ ਯੂਨੀਅਨ ਵਾਲਿਆਂ ਨੇ ਧਰਨਾ ਲਾਉਣ ਤੋਂ ਬਾਅਦ ਵੀ ਪੈਰਵੀ ਰੱਖੀ ਸੀ। ਮੁੱਖ-ਮੰਤਰੀ ਨੂੰ ਚਿੱਠੀ ਲਿਖੀ ਸੀ ਕਿ ਭਜਨ ਸਿੰਘ ਦਾ ਕਰਜ਼ਾ ਮਾਫ਼ ਕੀਤਾ ਜਾਵੇ; ਉਹਦੇ ਟੱਬਰ ਨੂੰ ਪੰਜ

ਲੱਖ ਦੀ ਸਹਾਇਤਾ ਦਿੱਤੀ ਜਾਵੇ ਤੇ ਘਰ ਦੇ ਕਿਸੇ ਜੀਅ ਨੂੰ ਸਰਕਾਰ ਨੌਕਰੀ ਦੇਵੇ। ਡਿਪਟੀ ਕਮਿਸ਼ਨਰ ਨੂੰ ਵੀ ਮੈਮੋਰੰਡਮ ਦਿੱਤਾ ਸੀ। ਅਖ਼ਬਾਰਾਂ ਵਿਚ ਖ਼ਬਰਾਂ ਵੀ ਲਵਾਈਆਂ ਸਨ। ਟੀਵੀ ਚੈਨਲਾਂ ਤੋਂ ਵੀ ਖ਼ਬਰ ਨਸ਼ਰ ਹੋਈ ਸੀ।

ਯੂਨੀਅਨ ਵੱਲੋਂ ਕੀਤੀ ਲਗਾਤਾਰ ਪੈਰਵੀ ਦਾ ਸਿੱਟਾ ਇਹ ਨਿਕਲਿਆ ਕਿ ਆਖ਼ਰਕਾਰ ਇਕ ਦਿਨ ਪੰਜ-ਛੇ ਕਾਰਾਂ ਧੂੜ ਉਡਾਉਂਦੀਆਂ ਆਈਆਂ। ਇਲਾਕੇ ਦੀ ਸਰਕਾਰੀ ਪਾਰਟੀ ਦਾ ਐੱਮ ਐੱਲ ਏ ਡਿਪਟੀ ਕਮਿਸ਼ਨਰ ਨੂੰ ਨਾਲ ਲੈ ਕੇ ਆਇਆ ਸੀ ਤੇ ਤਾਰੋ ਦੇ ਨਾਂ 'ਤੇ ਦੋ ਲੱਖ ਦਾ ਚੈੱਕ ਦੇ ਗਿਆ ਸੀ। ਫੋਟੋ ਖਿੱਚੀਆਂ ਗਈਆਂ ਸਨ। ਇਹ ਖ਼ਬਰਾਂ ਵੀ ਟੀਵੀ ਚੈਨਲਾਂ ਅਤੇ ਅਖ਼ਬਾਰਾਂ ਵਿਚ ਆ ਗਈਆਂ ਸਨ। ਉਸ ਦਿਨ ਯੂਨੀਅਨ ਦਾ ਕੋਈ ਲੀਡਰ ਨਾਲ ਨਹੀਂ ਸੀ ਆਇਆ। ਸ਼ਾਇਦ ਉਹਨਾਂ ਨੂੰ ਕਿਸੇ ਦੱਸਿਆ-ਪੁੱਛਿਆ ਹੀ ਨਹੀਂ ਸੀ।

ਕੁਝ ਦਿਨਾਂ ਬਾਅਦ ਹੀ ਭਜਨ ਸਿੰਘ ਦੇ ਘਰ ਕਲੇਸ਼ ਪੈ ਗਿਆ। ਯੂਨੀਅਨ ਵਾਲਿਆਂ ਨੇ ਨੰਬਰਦਾਰ ਨੂੰ ਨਾਲ ਲੈ ਕੇ ਤੇ ਪਟਵਾਰੀ ਨੂੰ ਮਿਲ ਕੇ ਜ਼ਮੀਨ ਦਾ ਇੰਤਕਾਲ ਤਾਰੋ, ਮਿੰਦ੍ਰੋ ਤੇ ਮਹਿੰਦਰ ਤਿੰਨਾਂ ਦੇ ਨਾਂ ਕਰਵਾ ਦਿੱਤਾ ਸੀ। ਮਹਿੰਦਰ ਮਾਂ ਨੂੰ ਕਹਿੰਦਾ ਸੀ, "ਜਦੋਂ ਖੜਪੈਂਚ ਆਂਹਦਾ ਸੀ ਕਿ ਉਹ ਤਸੀਲਦਾਰ ਨੂੰ ਦੇ-ਦਵਾ ਕੇ, ਜ਼ਮੀਨ ਮੇਰੇ 'ਕੱਲੇ ਦੇ ਨਾਂ ਕਰਵਾ ਦਊ ਤਾਂ ਤੁਸਾਂ ਸਭਨਾਂ ਦੇ ਨਾਂ ਕਿਉਂ ਕਰਵਾਈ? ਚੱਲ ਤੂੰ ਤਾਂ ਹੋਈਓਂ,ਉਂਝ ਤੂੰ ਵੀ ਕਾਹਦੀ,ਪਰ, ਮਿੰਦ੍ਰੋ ਮਾਂ ਲੱਗਦੀ ਆ ਹੁਣ ਜਮੀਨ ਦੀ, ਜਦੋਂ ਉਹਦੇ ਵਿਆਹ 'ਤੇ ਅੱਗੇ ਈ ਏਨਾ ਖਰਚਾ ਕਰ 'ਤਾ।"

ਤਾਰੋ ਕਹਿੰਦੀ ਸੀ ਕਿ ਹੁਣ ਕਾਨੂੰਨ ਹੀ ਇਹ ਹੈ ਕਿ ਮਾਲਕ ਦੇ ਜਾਣ ਤੋਂ ਬਾਅਦ ਜ਼ਮੀਨ ਘਰ ਦੇ ਬਾਕੀ ਸਾਰੇ ਜੀਆਂ ਦੇ ਨਾਂ ਲੱਗਦੀ ਏ। ਪਰ ਮਹਿੰਦਰ ਕਹਿੰਦਾ ਸੀ ਕਿ ਅੱਗੇ ਏਥੇ ਸਾਰੇ ਕੰਮ ਕਾਨੂੰਨ ਨਾਲ ਹੀ ਹੁੰਦੇ ਹੋਣੇ ਨੇ!

"ਤੁਸੀਂ ਮੇਰੇ ਨਾਲ ਧੋਖਾ ਕੀਤਾ।"

ਅਗਲੇ ਦਿਨਾਂ ਵਿਚ ਉਹ ਮੰਗ ਕਰਨ ਲੱਗਾ ਕਿ ਬੈਂਕ ਵਿਚ ਆਇਆ ਦੋ ਲੱਖ ਉਹਨੂੰ ਦੇ ਦਿੱਤਾ ਜਾਵੇ ਤਾਕਿ ਉਹ ਖੜਪੈਂਚ ਨਾਲ ਆਪਣਾ 'ਹਿਸਾਬ-ਕਿਤਾਬ' ਨਿਬੇੜ ਸਕੇ!

ਕਮਰੇ ਅੰਦਰ ਹੁੰਦੀ ਗੱਲਬਾਤ ਤੁਲਸੇ ਤੇ ਨਿੰਦਰ ਨੇ ਵੀ ਸੁਣ ਲਈ ਸੀ।

ਨਿੰਦਰ ਨੂੰ ਬਾਕੀ ਗੱਲਾਂ ਤਾਂ ਭੁੱਲ ਗਈਆਂ ਪਰ 'ਦੋ ਲੱਖ' ਉਹਦੇ ਸਿਰ ਵਿਚ ਘੁੰਮਣ ਲੱਗਾ।

ਘਰ ਨੂੰ ਜਾਂਦਿਆਂ ਨਿੰਦਰ ਨੇ ਤੁਲਸੇ ਨੂੰ ਪੁਸ਼ਟੀ ਕਰਨ ਲਈ ਪੁੱਛਿਆ, "ਚਾਚਾ! ਸੱਚੀਂ ਮਿੰਦ੍ਰੂ ਹੁਰਾਂ ਨੂੰ ਦੋ ਲੱਖ ਮਿਲ ਗਿਆ?"

"ਮਿਲ ਈ ਗਿਆ ਮੇਰੀ ਜਾਚੇ! ਹੋਰ ਝਗੜਾ ਕਿਸ ਗੱਲ ਦਾ ਘਰ ਵਿਚ!"

"ਮੌਜਾਂ ਲੱਗ ਗੀਆਂ ਮਿੰਦ੍ਰੂ ਹੁਰਾਂ ਦੀਆਂ ਫੇਰ ਤਾਂ। ਲੀਡਰ ਵੱਟੇ ਦੋ ਲੱਖ ਮਿਲ ਗਿਆ। ਵਾਹ ਭਈ ਵਾਹ! ਮੁਰਦਿਆਂ ਵੱਟੇ ਪੈਸੇ ਮਿਲਣ ਲੱਗ ਪੇ।"

ਤੁਲਸਾ ਉਹਦੀ 'ਯਭਲੀ' 'ਤੇ ਹੱਸ ਪਿਆ। "ਖੋਤੇ ਦਿਆ ਖੁਰਾ! ਐਵੇਂ ਹਵਾਈ ਗੱਲਾਂ ਨਾ ਸੋਚਿਆ ਕਰ। ਜਿੱਥੇ ਰੱਬ ਰੱਖੇ,ਰਾਜੀ ਰਹੀਏ!"

ਪਰ ਨਿੰਦਰ ਦਾ ਮਨ ਹਵਾਈ ਗੱਲਾਂ ਸੋਚਣੋਂ ਬਾਜ ਨਹੀਂ ਸੀ ਆ ਰਿਹਾ।

"ਲੀਡਰ ਵੱਟੇ ਦੋ ਲੱਖ! ਮੌਜਾਂ ਈ ਮੌਜਾਂ!"

ਘਰ ਆਇਆ ਤਾਂ ਖਾਓ-ਪੀਓ ਦਾ ਵੇਲਾ ਹੋ ਚੁੱਕਾ ਸੀ।

ਭਿੱਲੀ ਤੇ ਨੈਤਾ ਇੱਕੋ ਮੰਜੀ 'ਤੇ ਬੈਠੇ ਸਨ। ਛਿੰਨੋ ਘਰ ਦਾ ਕੰਮ-ਧੰਦਾ ਕਰਦੀ ਫਿਰਦੀ ਸੀ।

ਨਿੰਦਰ ਮੂੰਹ-ਹੱਥ ਧੋਣ ਲਈ ਨਲਕੇ ਵੱਲ ਹੋਇਆ। ਹੱਥੀ ਨੂੰ ਜ਼ੋਰ ਨਾਲ ਹੇਠਾਂ ਦੱਬਿਆ ਤਾਂ ਸਦਾ ਵਾਂਗ ਕਾਬਲੇ-ਵਿਹੂਣਾ ਕਿੱਲ ਚਿਮਟੇ ਵਿਚੋਂ ਨਿਕਲ ਕੇ ਨਿੰਦਰ ਦੇ ਗਿੱਟੇ 'ਤੇ ਵੱਜਾ।

"ਉਏ ਧਾਡਾ ਬੇੜਾ ਗਰਕ ਜੇ ਕੰਜਰੋ। ਨਲਕੇ ਨੂੰ ਦੋ ਕਾਬਲੇ ਨਹੀਂ ਪਵਾ ਸਕਦੇ ਤਾਂ ਮਰ ਕਿਉਂ

ਨਹੀਂ ਜਾਂਦੇ ਸਾਰੇ ਜਣੇ!"

"ਨਖ਼ਾਫ਼ਣਿਆਂ ਮਰੇਂ ਤੂੰ! ਅਸੀਂ ਕਿਉਂ ਮਰੀਏ ਸੁੱਖੀ ਸਾਂਦੀ। ਸੜ ਜੇ ਤੇਰੀ ਕਾਲੀ ਜਬਾਨ! ਖਲੋ ਜਾਂ ਤੈਨੂੰ ਦਵਾਂ ਛਾਂਦਾ!"

ਛਿੰਨੋ ਚਿਮਟਾ ਲੈ ਕੇ ਉਹਦੇ ਵੱਲ ਹੋਈ ਤਾਂ ਉਹ ਬਾਹਰ ਵੱਲ ਨੂੰ ਭੱਜਾ। ਛਿੰਨੋ ਨੇ ਭੱਜੇ ਜਾਂਦੇ ਦੇ ਪਿੱਛੇ ਚਿਮਟਾ ਵਗ੍ਹਾਤਾ ਮਾਰਿਆ ਪਰ ਏਨੇ ਚਿਰ ਵਿਚ ਨਿੰਦਰ ਧਮਕੀਆਂ ਦੇਂਦਾ ਗਲੀ ਵਿਚ ਜਾ ਚੁੱਕਾ ਸੀ, "ਕੋਈ ਨ੍ਹੀ ਦੇਂਦਾਂ ਧਾਨੂੰ ਵੀ ਦਾਖੂ ਦਾਣਾ!"

ਉਹ ਬੜਾ ਚਿਰ ਗਲੀਆਂ ਵਿਚ ਘੁੰਮਦਾ ਰਿਹਾ। ਫਿਰਦਾ ਫਿਰਾਉਂਦਾ ਉਹ ਤਕੀਏ ਵਾਲੇ ਬੋਹੜ ਕੋਲ ਜਾ ਖਲੋਤਾ। ਉਤਰ ਆਏ ਮੱਧਮ ਜਿਹੇ ਹਨੇਰੇ ਵਿਚ ਬੋਹੜ ਦੇ ਉਸ ਟਾਹਣ ਨੂੰ ਵੇਖਣ ਲੱਗਾ ਜਿੱਥੇ ਉਹਨੇ ਭਜਨੇ ਲੀਡਰ ਦੀ ਟੰਗੀ ਹੋਈ ਲਾਸ਼ ਵੇਖੀ ਸੀ।

ਉਹਦੇ ਮਨ ਵਿਚ ਖਿਆਲ ਘੁੰਮਣ ਲੱਗਾ, "ਭਜਨੇ ਵੰਡੇ ਦੋ ਲੱਖ! ਭਜਨੇ ਵੰਡੇ ਦੋ ਲੱਖ!"

ਫਿਰ ਉਹਨੇ ਆਪਣੇ ਆਪ ਨੂੰ ਸੁਣਾ ਕੇ ਫੁਸਫੁਸਾਉਂਦੀ ਆਵਾਜ਼ ਵਿਚ ਆਖਿਆ, "ਭਜਨੇ ਵੰਡੇ ਦੋ ਲੱਖ! ਨੈਤੇ ਵੰਡੇ ਦੋ ਲੱਖ।"

ਸੋਚਦਾ ਹੋਇਆ ਉਹ ਰੇਲਵੇ ਲਾਈਨ ਵੱਲ ਨਿਕਲ ਗਿਆ। ਉਹ 'ਦੋ ਲੱਖ' ਦਾ ਲੇਖਾ-ਜੋਖਾ ਕਰੀ ਜਾ ਰਿਹਾ ਸੀ।

ਬੜਾ ਚਿਰ ਘੁੰਮ-ਘੁਮਾ ਕੇ ਉਹ ਘਰ ਆਇਆ। ਚੰਨ ਦੀ ਮੱਧਮ ਚਾਨਣੀ ਵਿਚ ਵੇਖਿਆ। ਭਿੱਲੀ ਤੇ ਨੈਤਾ ਇੱਕੋ ਮੰਜੀ 'ਤੇ ਸੁੱਤੇ ਹੋਏ ਸਨ। ਛਿੰਨੋ ਥੋੜ੍ਹਾ ਫ਼ਾਸਲੇ 'ਤੇ ਨਿੱਕੀ ਮੰਜੀ 'ਤੇ ਪਈ ਘੁਰਾੜੇ ਮਾਰ ਰਹੀ ਸੀ।

ਧੜਕਦੇ ਦਿਲ ਨਾਲ ਪੋਲੇ ਪੈਰੀਂ ਉਹ ਨਲਕੇ ਵੱਲ ਹੋਇਆ। ਇਕ ਕਿੱਲ ਤਾਂ ਹੱਥੀ ਵਿਚੋਂ ਨਿਕਲ ਕੇ ਪਹਿਲਾਂ ਹੀ ਡਿੱਗ ਪਿਆ ਸੀ। ਦੂਜਾ ਉਹਨੇ ਪੋਲੇ ਜਿਹੇ, ਬਿਨਾਂ ਖੜਾਕ ਕਰਨ ਤੋਂ, ਬਾਹਰ ਖਿੱਚ ਲਿਆ।

ਧੱਕ! ਧੱਕ ਕਰਦੇ ਦਿਲ ਨਾਲ ਪਰ ਪੂਰੀ ਮਜ਼ਬੂਤੀ ਨਾਲ ਹੱਥੀ ਦਾ ਪਿਛਲਾ ਸਿਰਾ ਦੋਵਾਂ ਹੱਥਾਂ ਵਿਚ ਘੁੱਟ ਲਿਆ ਤੇ ਮਾਰ-ਖ਼ੋਰੇ ਸ਼ਿਕਾਰੀ ਵਾਂਗ ਦਬਵੇਂ ਪੈਰੀਂ ਨੈਤੇ ਹੁਰਾਂ ਦੀ ਮੰਜੀ ਵੱਲ ਵਧਿਆ। ਪੂਰੇ ਜ਼ੋਰ ਨਾਲ ਲੋਹੇ ਦੀ ਹੱਥੀ ਨੈਤੇ ਦੇ ਸਿਰ ਵਿਚ ਮਾਰੀ। ਭਿੱਲੀ ਖੜਾਕ ਸੁਣ ਕੇ ਮਾੜਾ ਜਿਹਾ ਹਿੱਲਿਆ ਤਾਂ ਦੂਜਾ ਵਾਰ ਪੂਰੇ ਜ਼ੋਰ ਨਾਲ ਉਹਦੇ ਸਿਰ 'ਤੇ ਕਰ ਦਿੱਤਾ। ਦੋਵਾਂ ਦੀ ਆਵਾਜ਼ ਵੀ ਨਾ ਨਿਕਲੀ। ਪਰ ਹੱਥੀ ਵੱਜਣ ਦਾ ਖੜਾਕ ਸੁਣ ਕੇ ਛਿੰਨੋ ਜਾਗ ਪਈ। ਮੰਜੀ 'ਤੇ ਪਈ-ਪਈ ਸੁੱਤ-ਅਨੀਂਦੇ ਵਿਚ ਬੋਲੀ, "ਵੇ ਕੀ ਹੋ ਗਿਆ?"

"ਦੱਸਦਾਂ ਤੈਨੂੰ ਖਲੋ ਜਾ।" ਫੁਰਤੀ ਨਾਲ ਨਿੰਦਰ ਨੇ ਮੰਜੀ ਤੋਂ ਉੱਠਣ-ਉੱਠਣ ਕਰ ਰਹੀ ਛਿੰਨੋ ਦੇ ਸਿਰ ਵਿਚ ਹੱਥੀ ਦਾ ਵਾਰ ਕੀਤਾ ਤੇ ਉਹ ਵੀ ਬੁੜ੍ਹਕ ਕੇ ਜ਼ਮੀਨ 'ਤੇ ਜਾ ਡਿੱਗੀ।

ਛਿੰਨੋ ਦੇ ਗਲੇ 'ਚੋਂ ਘਰਰ ਘਰਰ ਦੀ ਆਵਾਜ਼ ਆ ਰਹੀ ਸੀ ਜਦ ਕਿ ਨੈਤੇ ਤੇ ਭਿੱਲੀ ਦੀਆਂ ਦੇਹਾਂ ਅਹਿੱਲ ਤੇ ਖ਼ਾਮੋਸ਼ ਸਨ।

ਨਿੰਦਰ ਨੂੰ ਘਬਰਾਹਟ ਵਿਚ ਹੁਣ ਸੁੱਝ ਨਹੀਂ ਸੀ ਰਿਹਾ ਕਿ ਕੀ ਕਰੇ ਤੇ ਕੀ ਨਾ ਕਰੇ! ਉਹਨੇ ਹੱਥੀ ਇਕ ਪਾਸੇ ਸੁੱਟੀ ਤੇ ਕਾਹਲੀ ਨਾਲ ਘਰੋਂ ਨਿਕਲ ਗਿਆ।

ਕਿਸੇ ਨੂੰ ਆਂਢ-ਗਵਾਂਢ ਪਤਾ ਵੀ ਨਾ ਲੱਗਾ ਕਿ ਨੈਤੇ ਹੁਰਾਂ ਘਰ ਕੀ ਭਾਣਾ ਵਾਪਰ ਗਿਆ ਹੈ। ਉਹ ਤਾਂ ਸਵੇਰੇ ਜਦੋਂ ਤੁਲਸਾ, ਨਿੰਦਰ ਨੂੰ ਬੁਲਾਉਣ ਆਇਆ ਤਾਂ ਅੱਗੇ ਵਿਹੜੇ ਵਿਚ ਲਹੂ ਦੇ ਛੱਪੜ ਲੱਗੇ ਵੇਖੇ। ਨੈਤਾ ਤੇ ਭਿੱਲੀ ਮੰਜੀ 'ਤੇ ਹੀ ਪਏ ਸਨ ਪਰ ਛਿੰਨੋ ਜ਼ਮੀਨ 'ਤੇ ਟੇਢੀ ਹੋਈ ਪਈ ਸੀ।

ਤੁਲਸੇ ਦੇ ਮੂੰਹੋਂ ਆਪ-ਮੁਹਾਰੇ ਨਿਕਲਿਆ, "ਕਰਤਾ ਕਾਰਾ ਕੰਜਰ ਨੇ!"

ਉਹਨੇ ਬਾਹਰ ਨਿਕਲ ਕੇ ਹਾਲ-ਦੁਹਾਈ ਪਾ ਦਿੱਤੀ। ਆਂਢ-ਗਵਾਂਢ ਇਕੱਠਾ ਹੋ ਗਿਆ। ਸਭ ਮੂੰਹ ਵਿਚ ਉਂਗਲਾਂ ਪਾਉਣ। ਕੋਈ ਜਣਾ ਸਰਪੰਚ ਨੂੰ ਬੁਲਾ ਲਿਆਇਆ।

ਸਰਪੰਚ ਨੇ ਕਿਸੇ ਦੇ ਜਿਸਮ ਨੂੰ ਛੂਹੇ ਬਿਨਾਂ ਉਹਨਾਂ ਦੇ ਨੱਕ ਅੱਗੇ ਹੱਥ ਧਰ ਕੇ ਵੇਖਿਆ ਕਿ ਸਾਹ ਆਉਂਦਾ ਹੈ ਕਿ ਨਹੀਂ। ਨੈਤੇ ਤੇ ਭਿੱਲੀ ਦੀਆਂ ਨਾਸਾਂ ਤੋਂ ਹੱਥ ਪਾਸੇ ਕਰ ਕੇ ਉਹਨੇ ਐਲਾਨ ਕੀਤਾ, "ਇਹ ਤਾਂ ਦੋਵੇਂ ਗਏ!"

ਛਿੰਨੋ ਨੂੰ ਵੇਖਿਆ, ਉਹਦੇ ਸਾਹ ਅਜੇ ਚੱਲਦੇ ਸਨ।

ਪੁਲਿਸ ਦਾ ਕੇਸ ਸੀ। ਅਗਲੀ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਪੁਲਿਸ ਨੂੰ ਦੱਸਣਾ ਜ਼ਰੂਰੀ ਸੀ। ਸਰਪੰਚ ਨੇ ਥਾਣੇ ਫ਼ੋਨ ਕਰ ਦਿੱਤਾ ਤੇ ਫਿਰ ਆਖਿਆ, "ਤਿੰਨਾਂ ਨੂੰ ਵੈਨ ਮੰਗਾ ਕੇ ਹਸਪਤਾਲ ਲੈ ਚੱਲੀਏ। ਸ਼ਾਇਦ ਦੂਜਿਆਂ ਵਿਚ ਵੀ ਕੋਈ ਸਾਹ-ਪ੍ਰਾਣ ਹੋਣ!"

ਜਿੰਨੇ ਚਿਰ ਨੂੰ ਵੈਨ ਆਈ, ਓਨੇ ਚਿਰ ਨੂੰ ਪੁਲਿਸ ਵੀ ਪਹੁੰਚ ਗਈ। ਥਾਣੇਦਾਰ ਨੇ ਭੀੜ ਨੂੰ ਪਾਸੇ ਕਰ ਕੇ 'ਮੁਆਇਨਾ' ਸ਼ੁਰੂ ਕਰ ਦਿੱਤਾ। ਨਾਲ ਨਾਲ ਪੁੱਛ-ਪੜਤਾਲ ਵੀ।

"ਕੀਹਨੇ ਕਤਲ ਕੀਤਾ ਇਹਨਾਂ ਦਾ? ਕਿਸੇ ਨਾਲ ਕੋਈ ਦੁਸ਼ਮਣੀ?"

ਸਾਰੇ ਜਣੇ ਇਕ ਦੂਜੇ ਦੇ ਮੂੰਹ ਵੱਲ ਵੇਖੀ ਜਾਣ ਪਰ ਬੋਲੇ ਕੋਈ ਨਾ। ਕਿਸੇ ਨੇ ਉਹਨਾਂ ਦਾ ਕਤਲ ਹੁੰਦਾ ਵੇਖਿਆ ਵੀ ਤਾਂ ਨਹੀਂ ਸੀ।

ਨੰਬਰਦਾਰ ਦਾ ਕਹਿਣਾ ਸੀ, "ਕੀ ਪਤਾ ਜੀ, ਇਹਨਾਂ ਵਿਚਾਰਿਆਂ ਦੀ ਕਿਸੇ ਨਾਲ ਕੀ ਦੁਸ਼ਮਣੀ ਹੋਣੀ ਐਂ।"

"ਕੋਈ ਲੁੱਟ-ਖੋਹ ਹੋਈ ਹੋਵੇ।"

"ਲੁੱਟ-ਖੋਹ ਕਾਹਦੀ ਜੀ! ਇਹਨਾਂ ਕੋਲ਼ ਕਿਹੜਾ ਕਾਰੂੰ ਦਾ ਖਜਾਨਾ!" ਤੁਲਸੇ ਦੇ ਮੂੰਹੋਂ ਨਿਕਲਿਆ ਤਾਂ ਥਾਣੇਦਾਰ ਗੜ੍ਹਕਿਆ, "ਤੈਨੂੰ ਕਿਸੇ ਪੁੱਛਿਆ ਓਏ! ਜਦੋਂ ਮੋਹਤਬਰ ਬੰਦੇ ਕੋਲ਼ ਖਲੋਤੇ ਆ, ਤੂੰ ਥਣ ਫੜਨ ਨੂੰ ਵਿਚੋਂ ਬੋਲਦਾਂ।"

"ਸੱਤਬਚਨ ਜੀ, ਨਹੀਂ ਬੋਲਦਾ।" ਤੁਲਸੇ ਦੇ ਦੋਵੇਂ ਹੱਥ ਆਜਜ਼ੀ ਵਿਚ ਜੁੜੇ ਹੋਏ ਸਨ।

ਥਾਣੇਦਾਰ ਉੱਠ ਕੇ, ਖੋਜੀ ਨਜ਼ਰਾਂ ਨਾਲ ਨਿੱਕੇ ਜਿਹੇ ਵਿਹੜੇ ਦਾ ਚਾਰ-ਚੁਫ਼ੇਰਾ ਜਾਚਣ ਲੱਗਾ। ਫਿਰ ਕੋਠੜੀ ਅੰਦਰ ਗਿਆ।

ਕਿਸੇ ਨੂੰ ਖਿਆਲ ਆਇਆ, "ਨਿੰਦਰ ਕਿੱਥੇ ਐ। ਉਹ ਨਹੀਂ ਦੀਹਦਾ!"

"ਉਹ ਕੌਣ ਐਂ?" ਥਾਣੇਦਾਰ ਨੇ ਜਾਨਣਾ ਚਾਹਿਆ।

"ਇਹਨਾਂ ਦਾ ਮੁੰਡਾ ਈ ਐ ਜੀ। ਤੁਸੀਂ ਸੁਣਿਆਂ ਹੋਊ, ਉਹ ਜਿਹੜਾ ਐਕਟਰ ਬਣੀ ਫਿਰਦਾ। ਓਹੋ 'ਧਰਮਿੰਦਰ' ਦਾ ਮੁੰਡਾ।" ਸਰਪੰਚ ਨੂੰ ਪਤਾ ਸੀ ਕਿ ਨਿੰਦਰ ਏਨਾ ਕੁ ਮਸ਼ਹੂਰ ਹੋ ਚੁੱਕਾ ਏ ਕਿ ਥਾਣੇਦਾਰ ਵੀ ਉਹਦੇ ਬਾਰੇ ਜਾਣਦਾ ਏ। ਕਈ ਵਾਰ ਥਾਣੇ ਵਾਲੇ ਵੀ ਨਿੰਦਰ ਨੂੰ ਰਾਹ-ਖਹਿੜੇ ਜਾਂਦਿਆਂ ਰੋਕ ਕੇ ਥਾਣੇ ਵਿਚ ਲੈ ਜਾਂਦੇ ਸਨ। ਉਹਨੂੰ ਤਰ੍ਹਾਂ-ਤਰ੍ਹਾਂ ਦੇ ਸਵਾਲ ਕਰ ਕੇ ਤੇ ਉਹਦੇ ਜਵਾਬ ਸੁਣ ਕੇ ਚਸਕਾ ਲੈਂਦੇ ਸਨ।

"ਹੱਛਾਅ! ਉਹ ਜਿਹੜਾ ਮਾਸਟਰ ਨਾਲ ਕੰਮ ਕਰਦਾ?"

ਤੁਲਸਾ ਫੇਰ ਬੋਲ ਪਿਆ,"ਕਰਦਾ ਸੀ ਜੀ। ਪਰ ਹੁਣ ਪਿਛਲੇ ਕੁਝ ਮ੍ਹੀਨਿਆਂ ਤੋਂ ਮਾਸਟਰ ਨੇ ਇਹਨੂੰ ਕੰਮ ਤੋਂ ਜਵਾਬ ਦੇ 'ਤਾ।"

"ਲੱਭੋ ਉਹਨੂੰ ਭੈਣ ਚੋਦ ਨੂੰ। ਹੈ ਕਿੱਥੇ ਆ ਉਹ?"

ਕਿਸੇ ਨੂੰ ਪਤਾ ਹੋਵੇ ਤਾਂ ਦੱਸੇ!

ਸਾਰੇ ਘਟਨਾ-ਕ੍ਰਮ ਦਾ ਨਤੀਜਾ ਇਹ ਨਿਕਲਿਆ ਕਿ ਨੈਤੇ ਤੇ ਭਿੱਲੀ ਦੀ ਮੌਤ ਹੋ ਗਈ ਸੀ। ਛਿੰਨੋ ਦੇ ਸਿਰ ਵਿਚ ਗਹਿਰੀ ਸੱਟ ਲੱਗੀ ਸੀ। ਦੋ ਦਿਨ ਹੋ ਗਏ; ਉਹ ਅਜੇ ਬੇਹੋਸ਼ ਸੀ। ਉਹਦੀ ਧੀ ਸ਼ੀਰੋ ਸਹੁਰਿਆਂ ਤੋਂ ਆ ਕੇ ਉਹਦੀ ਦੇਖ-ਭਾਲ ਲਈ ਸਰਕਾਰੀ ਹਸਪਤਾਲ ਵਿਚ ਉਹਦੇ ਸਿਰਹਾਣੇ ਬੈਠੀ ਸੀ।

ਨਿੰਦਰ 'ਭਾਣਾ' ਵਰਤਾਉਣ ਤੋਂ ਬਾਅਦ ਰਾਤ ਨੂੰ ਹੀ ਦੋ ਮੀਲ ਦੂਰ ਆਪਣੀ ਭੈਣ ਦੇ ਸਹੁਰੇ ਘਰ ਜਾ ਵੜਿਆ ਸੀ।

ਉਹਨੂੰ ਆਇਆ ਵੇਖ ਕੇ ਸਾਰੇ ਇਕ ਦਮ ਡਰ ਗਏ ਸਨ।

"ਕੀ ਹੋਇਆ! ਅੱਧੀ ਰਾਤੀਂ ਕਿਉਂ ਭੱਜਾ ਆਇਆ ਏਂ? ਸਭ ਸੁੱਖ-ਸਾਂਦ ਤਾਂ ਹੈ?" ਉਹਦੇ ਭਣਵੱਈਏ ਨੇ ਪੁੱਛਿਆ ਤਾਂ ਨਿੰਦਰ ਕਹਿੰਦਾ, "ਰਾਤੀਂ ਚੋਰ ਆ ਗਏ ਸੀ ਤੇ ਸਭ ਨੂੰ ਕੁੱਟਣ ਲੱਗੇ। ਮੈਂ ਡਰਦਾ ਭੱਜ ਆਇਆਂ। ਪਤਾ ਨਹੀਂ ਪਿੱਛੋਂ ਕੀ ਬਣਿਆਂ?"

ਸਾਰੇ ਘਬਰਾ ਗਏ ਸਨ ਪਰ ਦਿਨ ਚੜ੍ਹਨ ਤਕ ਤਾਂ ਉਡੀਕਣਾ ਪੈਣਾ ਸੀ।

ਦਿਨ ਦੇ ਚੜ੍ਹਾਅ ਨਾਲ ਸ਼ੀਰੋ ਦਾ ਘਰਵਾਲਾ ਸਾਈਕਲ ਲੈ ਕੇ ਸਹੁਰੇ ਘਰ ਪਹੁੰਚ ਗਿਆ। ਜਾ ਕੇ ਵੇਖਿਆ ਤਾਂ ਉਹਦੀ ਤਾਂ ਹੋਸ਼ ਉੱਡ ਗਈ।

ਤੁਲਸੇ ਨੇ ਪਾਸੇ ਕਰ ਕੇ ਹੌਲੀ ਜਿਹੀ ਉਹਨੂੰ ਪੁੱਛਿਆ, "ਜੇ ਨਿੰਦਰ ਧਾਡੇ ਕੋਲ ਗਿਆ ਤਾਂ ਉਹਨੂੰ ਹਾਲ ਦੀ ਘੜੀ ਆਸੇ ਪਾਸੇ ਟਿਭ ਜਾਣ ਲਈ ਆਖ। ਕਤਲ ਪਤਾ ਨਹੀਂ ਕੀਹਨੇ ਕੀਤੇ ਨੇ ਪਰ ਕਿਧਰੇ ਉਹ ਨਾ ਅੜਿੱਕੇ ਆ ਜਾਂਦਾ ਹੋਵੇ।"

ਅੰਦਰ-ਖ਼ਾਤੇ ਸਭ-ਕੁਝ ਜਾਣਦਾ ਹੋਇਆ ਵੀ ਤੁਲਸਾ ਨਹੀਂ ਸੀ ਚਾਹੁੰਦਾ ਕਿ ਸਹਿਜੇ ਕੀਤੇ ਕਤਲਾਂ ਦੀ ਜ਼ਿੰਮੇਵਾਰੀ ਨਿੰਦਰ ਸਿਰ ਆ ਜਾਵੇ।

ਸ਼ੀਰੋ ਦੇ ਪਰਾਹੁਣੇ ਨੇ ਓਸੇ ਵੇਲੇ ਆਪਣੇ ਪਿੰਡ ਨੂੰ ਸਾਈਕਲ ਭਜਾਇਆ। ਜਾਂਦੇ ਸਾਰ ਸ਼ੀਰੋ ਉਹਨੂੰ "ਕੀ ਹੋਇਆ?" ਪੁੱਛਣ ਲੱਗੀ, ਪਰ ਜਵਾਬ ਦੇਣ ਤੋਂ ਪਹਿਲਾਂ ਉਹਨੇ ਨਿੰਦਰ ਨੂੰ ਬਾਹੋਂ ਫੜਿਆ ਤੇ ਖਿੱਚ ਕੇ ਘਰੋਂ ਬਾਹਰ ਲੈ ਗਿਆ। ਲਾਹਨਤ ਭਰੀ ਤਾੜਨਾ ਕੀਤੀ, "ਫਿਟੇ ਮੂੰਹ ਤੇਰਾ! ਕੰਜਰਾ, ਕੀ ਕੜ੍ਹੀ ਘੋਲ ਆਇਐਂ। ਲੈ ਕੇ ਬਹਿ ਗਿਆਂ ਸਾਰੇ ਟੱਬਰ ਨੂੰ। ਹੁਣ ਐਂ ਕਰ ਮੇਰੀ ਭਕਨੇ ਵਾਲੀ ਭੂਆ ਕੋਲ਼ ਭੱਜ ਜਾ। ਹੋਰ ਘੜੀ ਪਲ ਨੂੰ ਪੁਲਿਸ ਏਥੇ ਪੁੱਜੀ ਲੈ।"

"ਲੈ ਮੈਂ ਕੀ ਕੀਤਾ! ਮੈਂ ਕੀ ਕੀਤਾ! ਮੇਰੇ ਕੋਲ਼ ਤਾਂ ਬੰਬ ਹੈ ਈ ਨ੍ਹੀਂ ਸੀ। ਮੈਂ ਕਦੋਂ ਚਲਾਇਆ?" ਬੁੜਬੁੜਾਉਂਦਾ ਨਿੰਦਰ ਭਕਨੇ ਵਾਲੀ ਸੜਕੇ ਹੋ ਤੁਰਿਆ।

ਅੰਦਰ ਆ ਕੇ 'ਪ੍ਰਾਹੁਣੇ' ਨੇ ਸ਼ੀਰੋ ਨੂੰ ਤਿਆਰ ਹੋਣ ਲਈ ਕਿਹਾ, "ਛੇਤੀ ਤਿਆਰ ਹੋ. ਆਪਾਂ ਜਾਣੈਂ। ਮੈਂ ਤੈਨੂੰ ਲੈਣ ਈ ਆਇਆਂ। ਬੀਬੀ ਨੂੰ ਸੱਟ ਲੱਗ ਗਈ ਏ।"

ਦੋ ਜੀਆਂ ਦੀ ਮੌਤ ਦੀ ਖ਼ਬਰ ਉਹਨੇ ਜਾਣ ਬੁੱਝ ਕੇ ਲੁਕਾ ਲਈ ਸੀ।

ਦੋ ਦਿਨ ਪੁਲਿਸ ਨਿੰਦਰ ਨੂੰ ਆਸੇ-ਪਾਸੇ ਦੇ ਦੱਸੇ ਟਿਕਾਣਿਆਂ 'ਤੇ ਲੱਭਦੀ ਰਹੀ।

ਥਾਣੇਦਾਰ ਨੇ ਜਸਵੰਤ ਨੂੰ ਵੀ ਥਾਣੇ ਬੁਲਾਉਣ ਲਈ ਸਿਪਾਹੀ ਨੂੰ ਭੇਜਿਆ ਪਰ ਉਹਨੇ ਆ ਕੇ ਜਵਾਬ ਦਿੱਤਾ, "ਜੀ ਮਾਸਟਰ ਤਾਂ ਕੱਲ੍ਹ ਦਾ ਆਪਣੇ ਮੁੰਡੇ ਨੂੰ ਕਨੇਡਾ ਲਈ ਜਹਾਜ਼ੇ ਚੜ੍ਹਾਉਣ ਦਿੱਲੀ ਗਿਆ ਹੋਇਆ। ਮੈਂ ਉਹਦੇ ਘਰ ਸੁਨਾਹ ਦੇ ਆਇਆਂ ਕਿ ਜਦੋਂ ਆਵੇ, ਉਹਨੂੰ ਠਾਣੇ ਘੱਲਿਓ।"

ਕਿਸੇ ਕੋਲ਼ੋਂ ਕਾਤਲਾਂ ਦੀ ਕੋਈ ਸੂਹ ਨਹੀਂ ਸੀ ਮਿਲ ਰਹੀ। ਸਿਰਫ਼ ਨਿੰਦਰ ਦਾ ਗ਼ਾਇਬ ਹੋ ਜਾਣਾ ਸ਼ੱਕ ਦੀ ਸੂਈ ਉਹਦੇ ਵੱਲ ਕਰਦਾ ਸੀ। ਪਰ ਉਹਦਾ ਵੀ ਕੋਈ ਪਤਾ ਨਹੀਂ ਸੀ ਲੱਗ ਰਿਹਾ ਕਿ ਕਿਹੜੀ ਖੁੱਡ ਵਿਚ ਵੜ ਗਿਆ ਸੀ!

ਐੱਸ.ਐੱਸ.ਪੀ. ਦੇ ਕੱਲ੍ਹ ਦੇ ਬੋਲ ਥਾਣੇਦਾਰ ਦੇ ਕੰਨਾਂ ਵਿਚ ਬੰਬ ਬਣ ਕੇ ਗੂੰਜ ਰਹੇ ਸਨ, "ਓ ਸ਼ਰਮ ਕਰੋ। ਸਾਰਾ ਥਾਣਾ ਡੁੱਬ ਮਰੋ। ਜੇ ਕੱਲ੍ਹ ਤਕ ਕਾਤਲ ਨਾ ਲੱਭਾ ਤਾਂ ਆਪਣੀਆਂ ਵਰਦੀਆਂ ਦੀ ਫਿਕਰ ਕਰੋ।"

ਅੱਜ ਸਵੇਰੇ ਹੀ ਥਾਣੇਦਾਰ ਨੇ ਸ਼ੀਰੋ ਦੇ ਪਰਾਹੁਣੇ ਨੂੰ ਫੜ ਕੇ ਲਿਆਉਣ ਦਾ ਹੁਕਮ ਦਿੱਤਾ।

ਦੋ ਘੰਟਿਆਂ ਵਿਚ ਪੁਲਿਸ ਉਹਨੂੰ ਫੜ ਲਿਆਈ। ਥਾਣੇਦਾਰ ਮੱਚਿਆ ਪਿਆ ਸੀ।

"ਇਹਨੂੰ ਲੰਮੇ ਪਾ ਲੌ ਭੈਣ ਚੋਦ ਨੂੰ। ਐਕਟਰ ਏਸੇ 'ਚੋਂ ਨਿਕਲਣਾ। ਹੋਰ ਕੋਈ ਨੇੜਲੀ ਰਿਸ਼ਤੇਦਾਰੀ ਹੈ ਈ ਨਹੀਂ। ਉਹ ਕਿਹੜਾ ਭੈਣ ਦਾ ਯਾਰ ਜੱਗਾ ਡਾਕੂ ਆ ਜੋ ਕਿਧਰੇ ਵੀ ਛਿਪਨ ਹੋ

ਜੂ।"

ਸਿਪਾਹੀਆਂ ਨੇ ਉਹਨੂੰ ਨੰਗਾ ਕਰ ਕੇ ਪੁੱਠਾ ਲੰਮਾ ਪਾ ਲਿਆ ਤੇ ਪੁਲਿਸੀ-ਛਿੱਤਰ ਵਰ੍ਹਾਉਣੇ ਸ਼ੁਰੂ ਕਰ ਦਿੱਤੇ। ਪਹਿਲਾ ਛਿੱਤਰ ਪੈਂਦਿਆਂ ਈ ਉਹਨੇ ਚੀਕ ਮਾਰੀ, "ਉਏ ਬਹੁੜੀਂ ਮੇਰੇ ਮਾਲਕਾ! ਹਾਏ ਉਏ ਰੱਬਾ! ਮਾਰ ਘੱਤਿਆ ਈ।"

ਪੰਜਵੇਂ ਛਿੱਤਰ 'ਤੇ ਉਹਨੇ ਰੋਂਦਿਆਂ ਹਾੜਾ ਕੱਢਿਆ, "ਬਖ਼ਸ਼ ਲੌ ਮਾਲਕੋ! ਦੱਸਦਾਂ। ਹੁਣੇ ਦੱਸਦਾਂ।"

ਥਾਣੇਦਾਰ ਨੇ ਸਿਪਾਹੀਆਂ ਨੂੰ ਰੁਕਣ ਲਈ ਕਿਹਾ।

ਲੌਢੇ ਵੇਲੇ ਤਕ ਪੁਲਿਸ ਭਕਨੇ ਤੋਂ ਨਿੰਦਰ ਨੂੰ ਫੜ ਲਿਆਈ। ਥਾਣੇ ਦੇ ਵਿਹੜੇ ਵੜਦਿਆਂ ਹੀ ਨਿੰਦਰ ਨੇ ਕਹਿਣਾ ਸੁਰੂ ਕਰ ਦਿੱਤਾ, "ਮੈਨੂੰ ਤਾਂ ਆਪ ਨੂੰ ਪਤਾ ਨ੍ਹੀਂ, ਬੰਬ ਮੇਰੇ ਝੋਲੇ 'ਚ ਕਿੱਥੋਂ ਆ ਗਿਆ? ਪਰ ਮੈਂ ਚਲਾਇਆ ਤਾਂ ਨਹੀਂ ਨਾ! ਜਦੋਂ ਮੈਂ ਬੰਬ ਚਲਾਇਆ ਈ ਨਹੀਂ ਤਾਂ ਮੇਰਾ ਕਸੂਰ ਕਾਹਦਾ! ਮੋਤੀਆਂ ਵਾਲਿਆ! ਤੂੰ ਈ ਨਿਆਂ ਕਰ!"

ਥਾਣੇਦਾਰ ਨੇ ਉਹਦੇ ਮੂੰਹ 'ਤੇ ਵੱਟ ਕੇ ਚਪੇੜ ਮਾਰੀ। ਉਹ ਡਿੱਗਦਾ ਡੱਗਦਾ ਮਸੀਂ ਬਚਿਆ।

ਥਾਣੇਦਾਰ ਨੇ ਨੁੱਕਰ ਵਿਚ ਪਈ ਡਾਂਗ ਚੁੱਕੀ। ਅਜੇ ਡਿੱਗੇ ਪਏ ਨਿੰਦਰ ਦੀਆਂ ਮੌਰਾਂ ਵਿਚ ਇੱਕੋ ਡਾਂਗ ਟਿਕਾਈ ਸੀ ਕਿ ਏਸੇ ਵੇਲੇ ਦੋ ਸਿਪਾਹੀ ਮਹਿੰਦਰ ਨੂੰ ਹੱਥਕੜੀ ਲਾਈ ਥਾਣੇ ਅੰਦਰ ਦਾਖ਼ਲ ਹੋਏ।

ਥਾਣੇਦਾਰ ਨੇ ਸਿਪਾਹੀਆਂ ਨੂੰ ਕਿਹਾ,"ਇਹਨੂੰ ਐਕਟਰ ਨੂੰ ਅੰਦਰ ਕਰੋ ਹਾਲ ਦੀ ਘੜੀ। ਇਹਦਾ ਬੰਬ ਬਾਅਦ ਵਿਚ ਚਲਾਉਂਦੇ ਆਂ। ਪਹਿਲਾਂ ਮੈਂ ਇਹਨੂੰ ਛਾਂਦਾ ਦੇ ਲਵਾਂ।"

ਉਹਨੇ ਹੱਥ ਵਿਚ ਫੜੀ ਡਾਂਗ ਪੈਂਦੀ ਸੱਟੇ ਮਹਿੰਦਰ 'ਤੇ ਵਰ੍ਹਾਉਣੀ ਸੁਰੂ ਕਰ ਦਿੱਤੀ, "ਆ ਭੈਣ ਚੋਦਾ! ਤੈਨੂੰ ਦੇਵਾਂ ਦੋ ਲੱਖ! ਪਹਿਲਾਂ ਪਿਉ ਨੂੰ ਲੈ ਬੈਠਾਂ ਤੇ ਹੁਣ ਮਾਂ ਦਾ ਸਿਰ ਕਹੀ ਮਾਰ ਕੇ ਪਾੜ ਦਿੱਤਾ ਈ।"

ਮਿੰਦ੍ਰ ਨੇ ਪਿਛਲੇ ਦਿਨਾਂ ਤੋਂ ਤਾਰੋ ਨਾਲ ਕਲੇਸ਼ ਪਾਇਆ ਹੋਇਆ ਸੀ ਕਿ 'ਲੀਡਰ' ਦੀ ਮੌਤ ਦੇ 'ਇਵਜ਼ਾਨੇ' ਵਿਚ ਮਿਲਿਆ ਦੋ ਲੱਖ ਰੁਪਈਆ ਬੈਂਕ ਵਿਚੋਂ ਕਢਵਾ ਕੇ ਉਹਨੂੰ ਦੇਵੇ। ਅੱਜ ਜਦੋਂ ਨਸ਼ੇ ਵਿਚ ਟੁੰਨ ਹੋ ਕੇ ਉਹਨੇ ਤਾਰੋ ਅੱਗੇ 'ਦੋ ਲੱਖ' ਦਾ ਸਵਾਲ ਮੁੜ ਦੁਹਰਾਇਆ ਤਾਂ ਤਾਰੋ ਨੇ ਦੋ-ਟੁਕ ਨਾਂਹ ਕਰ ਦਿੱਤੀ।

"ਤੂੰ ਨਹੀਂ ਦੇਣੇ ਫਿਰ?"

"ਨਹੀਂ ਦੇਣੇ। ਇਕ ਵਾਰ ਛੱਡ ਕੇ ਸੌ ਵਾਰ ਨਹੀਂ ਦੇਣੇ, ਨਹੀਂ ਦੇਣੇ। ਇਹ ਤੇਰੇ ਨਸ਼ੇ ਲਈ ਉਜਾੜਨ ਨੂੰ ਨਹੀਂ ਮਿਲੇ।"

"ਇਕ ਵਾਰ ਫੇਰ ਸੋਚ ਲਾ। ਇਹਦੇ ਹਰਾਮ ਦੀ ਸੱਟ ਦੇ ਆਖੇ ਨਾ ਲੱਗ।" ਮਹਿੰਦਰ ਨੇ ਕੋਲ ਖਲੋਤੀ ਮਿੰਦ੍ਰੋ ਨੂੰ ਵਿਚ ਲਪੇਟ ਲਿਆ।

ਤਾਰੋ ਨੇ ਪੱਟਾਂ 'ਤੇ ਦੁਹੱਥੜ ਮਾਰੀ, "ਹੈ! ਹਾਏ!ਔਂਤਰਿਆ! ਤੂੰ ਮਰੇਂ, ਸਾਡੇ ਮਗਰੋਂ ਲਵ੍ਹੇਂ। ਅੱਗੇ ਪਿਉ ਨੂੰ ਲੈ ਬੈਠਾਂ।"

"ਹੁਣ ਤੈਨੂੰ ਲੈ ਕੇ ਬਹੂੰ। ਮੁੜ ਕੇ ਨਾ ਆਖਿਓ ਮਾਵਾਂ-ਧੀਆਂ। ਮੈਂ ਫੁੜਕਾ ਸੁੱਟੂੰ ਦੋਵਾਂ ਨੂੰ ਨਿੰਦਰ ਐਕਟਰ ਵਾਂਗੂੰ।" ਉਹਨੇ ਲਾਗੇ ਪਈ ਕਹੀ ਦੇ ਦਸਤੇ ਨੂੰ ਹੱਥ ਪਾ ਲਿਆ।

ਗੁੱਸੇ ਵਿਚ ਖਿਝੀ ਹੋਈ ਤਾਰੋ ਨੇ ਕਿਹਾ, "ਲੈ, ਲਾਹ ਲੈ ਤੂੰ ਵੀ ਚਾਅ। ਮਾਰ ਮੇਰੇ ਸਿਰ 'ਚ।"

ਤੇ ਮਹਿੰਦਰ ਨੇ ਸੱਚਮੁੱਚ ਕਹੀ ਫੜ ਕੇ ਪੀਨ ਪਰਨੇ ਉਹਦੇ ਸਿਰ ਵਿਚ ਮਾਰ ਕੇ ਸਿਰ ਦਾ 'ਘੱਗਰ' ਖੋਲ੍ਹ ਦਿੱਤਾ।

ਤੇ ਹੁਣ ਮਹਿੰਦਰ ਥਾਣੇ ਵਿਚ ਸੀ ਤੇ ਤਾਰੋ ਸਰਕਾਰੀ ਹਸਪਤਾਲ ਵਿਚ ਛਿੰਨੋ ਦੇ ਬੈੱਡ ਨੇੜਲੇ ਬੈੱਡ 'ਤੇ ਪਈ ਸੀ। ਦੋਵਾਂ ਦੇ ਸਿਰਹਾਣੇ ਦੋਵਾਂ ਦੀਆਂ ਰੋਂਦੀਆਂ ਧੀਆਂ ਦੇ ਅੱਥਰੂ ਨਹੀਂ ਸਨ ਰੁਕ ਰਹੇ।

ਰੋਂਦੀ ਮਿੰਦ੍ਰੋ ਨੇ ਸ਼ੀਰੋ ਨੂੰ ਗਲ਼ ਨਾਲ ਲਾਇਆ ਤੇ ਅੱਥਰੂ ਪੂੰਝਦੀ ਬੋਲੀ, "ਐਹਨਾਂ ਪੁੱਤਾਂ ਲਈ

ਮਾਵਾਂ ਖੂਹੀਂ ਜਾਲ ਪਾਉਂਦੀਆਂ ਨੇ। ਨਿੱਜ ਨੂੰ ਹੋਵੇ ਐਹੋ ਜਿਹੀ ਔਲਾਦ।"

ਜਸਵੰਤ ਗੁਰਪਾਲ ਨੂੰ ਜਹਾਜ਼ੇ ਚੜ੍ਹਾ ਕੇ ਸਵੇਰ-ਸਾਰ ਪਿੰਡ ਪਹੁੰਚ ਗਿਆ ਸੀ। ਉਹਨੂੰ ਸਾਰਾ ਹਾਲ ਹਵਾਲ ਪਤਾ ਲੱਗ ਚੁੱਕਾ ਸੀ ਤੇ ਥਾਣੇ ਪਹੁੰਚਣ ਦਾ ਸੁਨੇਹਾ ਵੀ।

ਉਹ ਨਹਾ ਧੋ ਕੇ ਥਾਣੇ ਪਹੁੰਚ ਗਿਆ। ਏਨੇ ਚਿਰ ਵਿਚ ਪੁਲਿਸ ਨਿੰਦਰ ਨੂੰ ਫੜ ਕੇ ਲਿਆ ਚੁੱਕੀ ਸੀ।

ਜਸਵੰਤ ਨੇ ਦਫ਼ਤਰ ਵਿਚ ਬੈਠੇ ਥਾਣੇਦਾਰ ਨੂੰ ਫ਼ਤਹਿ ਬੁਲਾਈ। ਓਥੇ ਪਹਿਲਾਂ ਹੀ ਖੜਪੈਂਚ ਵੀ ਕੁਰਸੀ ਮੱਲ ਕੇ ਬੈਠਾ ਸੀ। ਉਹ ਮਹਿੰਦਰ ਦੇ ਪਿੱਛੇ ਆਇਆ ਸੀ।

"ਆਉ ਮਾਸਟਰ ਜੀ, ਬਹਿ ਜੋ। ਤੁਹਾਡਾ ਬੰਦਾ ਕਾਰਾ ਕਰ ਕੇ ਲੁਕਿਆ ਫਿਰਦਾ ਸੀ। ਅਸੀਂ ਸੋਚਿਆ ਕਿ ਤੁਹਾਨੂੰ ਵੀ ਉਹਦੇ ਪਤੇ ਟਿਕਾਣੇ ਬਾਰੇ ਪੁੱਛੀਏ ਪਰ ਤੁਸੀਂ ਤਾਂ ਸ਼ਾਇਦ ਦਿੱਲੀ ਗਏ ਹੋਏ ਸੀ। ਕੋਈ ਗੱਲ ਨਹੀਂ। ਹੁਣ ਅਸੀਂ ਕਾਬੂ ਕਰ ਲਿਐ।"

"ਕਦੋਂ ਪੇਸ਼ ਕਰੋਗੇ?"

"ਅੱਜ ਬਿਆਨ ਲੈ ਲਈਏ ਸਭਨਾਂ ਦੇ। ਜੇ ਸਭ ਠੀਕ ਠਾਕ ਰਿਹਾ ਤਾਂ ਸਵੇਰੇ ਕਚਹਿਰੀ ਪੇਸ਼ ਕਰ ਦਿਆਂਗੇ।"

ਜਸਵੰਤ ਇਜਾਜ਼ਤ ਲੈ ਕੇ ਨਿੰਦਰ ਨੂੰ ਹਵਾਲਾਤ ਮਿਲਣ ਗਿਆ ਤਾਂ ਉਹ ਭੱਜ ਕੇ ਸੀਖਾਂ ਕੋਲ ਆ ਗਿਆ, "ਚਾਚਾ! ਮੈਂ ਬਚ ਜੂੰ ਗਾ ਨਾ! ਤੇਰੀ ਸਹੁੰ ਬੰਬ ਮੈਂ ਨਹੀਂ ਚਲਾਇਆ। ਚਲਾਇਆ ਹੁੰਦਾ ਤਾਂ ਮੁੱਕਰਨਾ ਥੋੜ੍ਹਾ ਸੀ।"

"ਤੂੰ ਬਹੁਤ ਮਾੜਾ ਕੀਤਾ ਨਿੰਦਰਾ! ਬਹੁਤ ਮਾੜਾ!"

"ਚਾਚਾ! ਤੈਨੂੰ ਤਾਂ ਪਤਾ ਮੈਂ ਕੁਛ ਨ੍ਹੀਂ ਕੀਤਾ। ਮੈਨੂੰ ਤਾਂ ਆਪ ਨ੍ਹੀਂ ਪਤਾ ਲੱਗਾ ਕਿ ਸਭ ਕੁਝ ਕੀਹਤੋਂ ਕੌਣ ਕਰਾ ਗਿਆ। ਤੂੰ ਤਾਂ ਜਾਣਦਾ ਈ ਏਂ ਕਿ ਮੈਂ ਦਿਲ ਦਾ ਮਾੜਾ ਨਹੀਂ। ਮੈਂ ਤੇਰਾ ਪੁੱਤ ਆਂ। ਬਚਾ ਲਾ ਮੈਨੂੰ ਐਹਨਾਂ ਪੁਲਸੀਆਂ ਦੀ ਕੁੱਟ ਤੋਂ।ਹੁਣ ਮੈਂ ਬਿਨਾਂ ਤਨਖਾਹ ਤੋਂ, ਸਿਰਫ਼ ਰੋਟੀ 'ਤੇ ਤੇਰਾ ਕੰਮ ਕਰੂੰ।"

ਜਸਵੰਤ ਬੋਲ ਕੇ ਕਹਿਣਾ ਚਾਹੁੰਦਾ ਸੀ, ਪਰ ਉਹਨੇ ਮਨ ਹੀ ਮਨ ਆਖਿਆ,"ਹੁਣ ਤਾਂ ਤੈਨੂੰ ਫਾਹੇ ਲੱਗਣੋਂ ਰੱਬ ਈ ਬਚਾਊ!"

ਰਾਤ ਨੂੰ ਬਹਿ ਕੇ ਥਾਣੇਦਾਰ ਤੇ ਮੁਨਸ਼ੀ ਨੇ ਮਿਲ ਕੇ ਦੋਵੇਂ ਕੇਸ ਤਿਆਰ ਕੀਤੇ ਤੇ ਸਵੇਰੇ ਦੋਵੇਂ ਮੁਲਜ਼ਮ ਅਦਾਲਤ ਵਿਚ ਪੇਸ਼ ਕਰਨ ਦਾ ਪ੍ਰੋਗਰਾਮ ਬਣਾ ਲਿਆ ਸੀ।

ਥਾਣਿਉਂ ਬਾਹਰ ਆ ਕੇ ਜਸਵੰਤ ਸੋਚਣ ਲੱਗਾ ਕਿ ਨਿੰਦਰ ਲਈ ਵਕੀਲ ਕਰਨ ਤੇ ਉਹਦਾ ਕੇਸ ਲੜਨ ਲਈ ਕੌਣ-ਕੌਣ ਮਦਦ ਕਰ ਸਕਦਾ ਹੈ। ਉਹਨੇ ਓਸੇ ਵੇਲੇ ਨਿੰਦਰ ਦੇ ਚਾਚੇ ਕੇਸਰ ਨੂੰ ਮਿਲ ਕੇ ਕਿਹਾ, "ਤੂੰ ਐਂ ਕਰ। ਸ਼ਹਿਰ ਮੋਤੀ ਕੋਲ਼ ਜਾ। ਉਹਨੂੰ ਆਖ ਸਲਵੰਤ ਨੂੰ ਆਖੇ ਕਿ ਨਿੰਦਰ ਲਈ ਵਕੀਲ ਕਰਨਾ ਏਂ। ਉਹ ਇਸ ਕੰਮ ਲਈ ਮਦਦ ਕਰੇ।"

ਸ਼ਾਮ ਤਕ ਕੇਸਰ ਨੇ ਆ ਸੁਨੇਹਾ ਦਿੱਤਾ, "ਮਾਸਟਰ ਜੀ, ਮੈਂ ਭਾਊ ਮੋਤੀ ਨੂੰ ਜਾ ਕੇ ਸਾਰੀ ਗੱਲ ਦੱਸੀ। ਉਹਨੂੰ ਪਹਿਲਾਂ ਈ ਪਤਾ ਸੀ। 'ਖ਼ਬਾਰਾਂ ਵਿਚ ਖ਼ਬਰ ਆ ਚੁੱਕੀ ਸੀ। ਅਸੀਂ ਦੋਵੇਂ ਤਸੀਲਦਾਰ ਸਾਬ੍ਹ ਕੋਲ਼ ਉਹਦੇ ਦਫ਼ਤਰ ਵਿਚ ਹੀ ਚਲੇ ਗਏ। ਉਹਨੇ ਚਾਹ ਮੰਗਾਈ। ਸਾਰੀ ਗੱਲ ਧਿਆਨ ਨਾਲ ਸੁਣੀ। ਫਿਰ ਉਹਨੇ ਭਾਊ ਨੂੰ ਆਖਿਆ, 'ਭਾਪਾ ਜੀ! ਤੁਸੀਂ ਹੁਣ ਪਿੰਡ ਵਾਲੇ ਸਾਰੇ ਮਜ਼੍ਹਬੀਆਂ ਦਾ ਠੇਕਾ ਤਾਂ ਨਹੀਂ ਲਿਆ? ਜਿਹੜਾ ਜੋ ਕਰੇ, ਉਹਦਾ ਫਲ ਭੁਗਤੇ। ਆਪਾਂ ਕੀ ਕਰ ਸਕਦੇ ਆਂ। ਨਾਲੇ ਜਿਹੜਾ ਛੱਡਿਆ ਗਰਾਂ, ਉਹਦਾ ਲੈਣਾ ਕੀ ਨਾਂ।' ਮਾਸਟਰ ਜੀ ਸੱਚੀ ਪੁੱਛੋ, ਮੇਰੇ ਗਲੋਂ ਤਾਂ ਚਾਹ ਦਾ ਘੁੱਟ ਮਸੀਂ ਉਤਰਿਆ।"

ਏਨੀ ਆਖ ਕੇ ਉਹਨੇ ਜਸਵੰਤ 'ਤੇ ਸਾਰੀ ਜ਼ਿੰਮੇਵਾਰੀ ਸੁੱਟ ਦਿੱਤੀ, "ਹੁਣ ਤਾਂ ਮਾਸਟਰ ਜੀ, ਧਾਡੇ ਬਿਨਾਂ ਉਹਦਾ ਹੋਰ ਕੋਈ ਨ੍ਹੀਂ।"

"ਓ ਭਰਾ! ਮੈਂ ਕੀ ਕਰੂੰ? ਬੰਦੇ ਤ੍ਰਾਡੇ ਮਰੇ। ਬੰਦਾ ਧਾਡਾ ਫਸਿਆ। ਮੈਂ ਕਿਵੇਂ ਜੁੰਮਾ ਚੁੱਕ ਲਾਂ?"

ਏਨਾ ਜਵਾਬ ਦੇ ਕੇ ਵੀ ਉਹਦਾ ਮਨ ਸਾਂਤ ਨਹੀਂ ਹੋਇਆ। ਸਾਰੀ ਰਾਤ ਉਹ ਸੋਚਾਂ ਦੀ ਉਧੇੜ ਬੁਣ ਕਰਦਾ ਰਿਹਾ। ਬੇਚੈਨੀ ਵਿਚ ਨੀਂਦ ਵੀ ਠੀਕ ਤਰ੍ਹਾਂ ਨਾ ਆਈ।

ਅਗਲੇ ਦਿਨ ਉਹ ਸਵੇਰੇ ਵੇਲੇ ਸਿਰ ਹੀ ਆਪਣੇ ਯਾਰ ਵਕੀਲ ਅਜਾਇਬ ਸਿੰਘ ਦੇ ਘਰ ਚਲਾ ਗਿਆ ਤੇ ਉਹਦੇ ਨਾਲ ਸਾਰੀ ਹੋਈ-ਬੀਤੀ ਸਾਂਝੀ ਕੀਤੀ, "ਅਜਾਇਬ! ਕਾਗ਼ਜ਼-ਪੱਤਰ ਦਾ ਤੇ ਮੁਨਸ਼ੀ ਦਾ ਖ਼ਰਚਾ ਮੈਂ ਕਰ ਦਊਂ। ਤੂੰ ਨਿੰਦਰ ਦੀ ਕੋਈ ਮਦਦ ਕਰ ਸਕਦਾ ਏਂ ਤਾਂ ਜ਼ਰੂਰ ਕਰ। ਤੇਰਾ ਪੁੰਨ ਹੋਊ।"

ਅਜਾਇਬ ਕਚਹਿਰੀ ਜਾਣ ਲਈ ਤਿਆਰ ਹੋ ਰਿਹਾ ਸੀ। ਉਹਨੇ ਚਾਹ ਮੰਗਵਾਈ। ਚਾਹ ਪੀਂਦਿਆਂ ਦੋਵੇਂ ਨਿੰਦਰ ਦੇ ਕੇਸ ਬਾਰੇ ਗੱਲ-ਬਾਤ ਕਰਦੇ ਰਹੇ।

ਅਜਾਇਬ ਸਿੰਘ ਡੂੰਘੀਆਂ ਸੋਚਾਂ ਵਿਚ ਪੈ ਗਿਆ, "ਬਹੁਤ ਗ਼ਲਤ ਹੋ ਗਿਆ। ਐਂ ਤਾਂ ਬੜਾ ਔਖਾ ਉਹਦਾ ਬਚਣਾ।"

ਅਜਾਇਬ ਨੇ ਕੁਰਸੀ ਤੋਂ ਉਠਦਿਆਂ ਕਿਹਾ,"ਚੱਲੋ, ਕੁਝ ਸੋਚਦੇ ਆਂ।"

ਉਹ ਅਜਾਇਬ ਸਿੰਘ ਦੀ ਕਾਰ ਵਿਚ ਬਹਿ ਕੇ ਪੰਦਰਾਂ ਕੁ ਮਿੰਟਾਂ ਵਿਚ ਕਚਹਿਰੀ ਪਹੁੰਚ ਗਏ। ਉਹਦੇ ਮਨੁਸ਼ੀ ਨੇ ਉਹਨਾਂ ਦੇ ਪਹੁੰਚਣ ਤੋਂ ਪਹਿਲਾਂ ਖੋਖਾ ਸਾਫ਼ ਕਰ ਕੇ ਸਾਰੀਆਂ ਫ਼ਾਈਲਾਂ ਤੇ ਕਾਗ਼ਜ਼-ਪੱਤਰ ਟਿਕਾ ਕੇ ਰੱਖ ਦਿੱਤੇ ਸਨ।

"ਅੱਜ ਆਪਣੇ ਕਿਹੜੇ ਕਿਹੜੇ ਕੇਸ ਨੇ? ਇਕ ਤਾਂ ਖ਼ੈਰਾਬਾਦ ਵਾਲੇ ਸੁੰਦਰ ਦੀ ਜ਼ਮਾਨਤ ਦਾ ਕੇਸ ਏ।"

"ਬਹੁਤਾ ਕੰਮ ਨਹੀਂ। ਤਿੰਨ ਕੇਸ ਤਰੀਕਾਂ ਲੈਣ ਵਾਲੇ ਨੇ। ਉਹ ਤਾਂ ਮੈਂ ਵੀ ਲੈ ਲੂੰ।"

ਇਧਰੋਂ ਵਿਹਲਾ ਹੋ ਕੇ ਅਜਾਇਬ ਨੇ ਜਸਵੰਤ ਨੂੰ ਕਿਹਾ, "ਹੱਛਾ! ਜਸਵੰਤ, ਤੂੰ ਓਧਰ ਧਿਆਨ ਰੱਖ। ਮੈਂ ਵਕਾਲਤ-ਨਾਮੇ ਦੇ ਕਾਗ਼ਜ਼ ਪੱਤਰ ਤਿਆਰ ਕਰਦਾਂ। ਜਦੋਂ ਪੁਲਿਸ ਉਹਨੂੰ ਲੈ ਆਈ, ਮੈਨੂੰ ਤੁਰਤ ਖ਼ਬਰ ਕਰੀਂ।"

ਜਸਵੰਤ ਅਦਾਲਤ ਦੇ ਕਮਰੇ ਅੱਗੇ ਪੁੱਜਾ ਤਾਂ ਓਥੇ ਨਿੰਦਰ ਹੁਰਾਂ ਦਾ ਪਰਾਹੁਣਾ, ਨਿੰਦਰ ਦਾ ਚਾਚਾ ਕੇਸਰ ਤੇ ਅਜੀਤ ਸਿੰਘ ਮੈਂਬਰ ਆਏ ਹੋਏ ਸਨ। ਓਧਰ ਮਹਿੰਦਰ ਦੇ ਪਿੱਛੇ ਖੜਪੈਂਚ, ਨੰਬਰਦਾਰ ਤੇ ਮਹਿੰਦਰ ਦੇ ਪੰਜ-ਚਾਰ ਰਿਸ਼ਤੇਦਾਰ ਹਾਜ਼ਰ ਸਨ।

"ਕਿਸੇ ਵਕੀਲ ਦਾ ਪ੍ਰਬੰਧ ਕੀਤਾ?" ਜਸਵੰਤ ਨੇ ਕੇਸਰ ਨੂੰ ਪੁੱਛਿਆ ਤਾਂ ਸਾਰੇ ਡੌਰ-ਭੌਰੇ ਹੋ ਕੇ ਇਕ ਦੂਜੇ ਦੇ ਮੂੰਹ ਵੱਲ ਵੇਖਣ ਲੱਗੇ।

ਜਦੋਂ ਪੁਲਿਸ ਨਿੰਦਰ ਤੇ ਮਹਿੰਦਰ ਨੂੰ ਲੈ ਕੇ ਕਚਹਿਰੀਆਂ ਵਿਚ ਪੁੱਜੀ ਤਾਂ ਜਸਵੰਤ ਭੱਜ ਕੇ ਅਜਾਇਬ ਸਿੰਘ ਨੂੰ ਬੁਲਾ ਲਿਆਇਆ।

ਉਹਨਾਂ ਬਖਸ਼ੀ-ਖਾਨੇ ਵਿਚ ਬੰਦ ਕੀਤੇ ਨਿੰਦਰ ਦਾ ਵਕਾਲਤਨਾਮੇਂ 'ਤੇ ਅੰਗੂਠਾ ਲਵਾ ਲਿਆ। ਅੱਧੇ ਕੁ ਘੰਟੇ ਬਾਅਦ ਜਦੋਂ ਇਕ-ਇਕ ਹੱਥ ਨੂੰ ਲੱਗੀ ਹੱਥਕੜੀ ਵਿਚ ਜਕੜੇ ਦੋਵੇਂ ਮੁਲਜ਼ਮ ਅਦਾਲਤ ਵਿਚ ਪੇਸ਼ ਹੋਏ ਤਾਂ ਪਹਿਲਾਂ ਪੁਲਿਸ ਨੇ ਮਹਿੰਦਰ ਦਾ ਕੇਸ ਪੇਸ਼ ਕੀਤਾ। ਪੁਲਿਸ ਨੇ ਉਹਦਾ ਦੋ ਦਿਨ ਦਾ ਰੀਮਾਂਡ ਮੰਗਿਆ। ਉਹਨਾਂ ਦੇ ਵਕੀਲ ਨੇ ਮਹਿੰਦਰ ਦੀ ਜ਼ਮਾਨਤ ਲਈ ਕਾਗਜ਼ ਪੇਸ਼ ਕੀਤੇ ਪਰ ਜੱਜ ਨੇ ਜ਼ਮਾਨਤ ਦੇ ਕਾਗਜ਼ ਰੱਦ ਕਰ ਕੇ ਉਹਨੂੰ ਨਿਆਂਇਕ ਹਿਰਾਸਤ ਵਿਚ ਭੇਜਣ ਦੇ ਹੁਕਮ ਲਿਖ ਦਿੱਤੇ।

ਜਦੋਂ ਨਿੰਦਰ ਦੀ ਵਾਰੀ ਆਈ ਤਾਂ ਪੁਲਿਸ ਨੇ ਹੋਰ-ਪੁੱਛ ਗਿੱਛ ਲਈ ਉਹਦਾ ਵੀ ਤਿੰਨ ਦਿਨ

ਦਾ ਰਿਮਾਂਡ ਮੰਗਿਆ।

ਸਰਕਾਰੀ ਵਕੀਲ ਨੇ ਰੀਮਾਂਡ ਦੀ ਪੁਰਜ਼ੋਰ ਮੰਗ ਕੀਤੀ।

ਅਜਾਇਬ ਸਿੰਘ ਨੇ ਮਜਿਸਟਰੇਟ ਅੱਗੇ ਆਪਣੇ ਸਾਇਲ ਦੇ ਰੀਮਾਂਡ ਦੀ ਬੇਨਤੀ ਦੇ ਰੱਦ ਕਰਨ ਲਈ ਕਿਹਾ,"ਸਰ! ਤੁਸੀਂ ਵੇਖ ਸਕਦੇ ਓ, ਮੇਰੇ ਸਾਇਲ ਨੂੰ ਪਹਿਲਾਂ ਹੀ ਬੜੀ ਕੁੱਟ-ਮਾਰ ਕੀਤੀ ਗਈ ਹੈ। ਮੱਥੇ 'ਤੇ ਸੱਟ ਦਾ ਨਿਸ਼ਾਨ ਸਾਫ਼ ਦਿਸਦਾ ਏ। ਕਮੀਜ਼ ਦਾ ਗਲਮਾਂ ਪਾਟਾ ਹੋਇਐ। ਪੈਰਾਂ ਦੀਆਂ ਤਲ਼ੀਆਂ 'ਤੇ ਵੱਜੀਆਂ ਡਾਂਗਾਂ ਨਾਲ ਸੋਜ ਪਈ ਹੋਈ ਹੈ। ਪੁਲਿਸ ਦੇ ਕਹਿਣ ਮੁਤਾਬਕ ਕਤਲਲ ਲਈ ਵਰਤੀ ਜਾਣ ਵਾਲੀ ਹੱਥੀ ਵੀ ਬਰਾਮਦ ਕਰ ਲਈ ਗਈ ਏ। ਵੱਡੀ ਗੱਲ ਤਾਂ ਇਹ ਹੈ ਕਿ ਮੇਰੇ ਸਾਇਲ ਦਾ ਦਿਮਾਗ਼ੀ ਸੰਤੁਲਨ ਠੀਕ ਨਹੀਂ। ਮੇਰੀ ਰਿਕੁਐਸਟ ਹੈ ਕਿ ਇਹਦੇ ਰਿਮਾਂਡ ਦੀ ਦਰਖਾਸਤ ਰੱਦ ਕਰ ਕੇ ਇਹਨੂੰ ਜੇਲ੍ਹ ਵਿਚ ਭੇਜਣ ਦੀ ਥਾਂ ਮੈਂਟਲ ਹਸਪਤਾਲ ਵਿਚ ਇਲਾਜ ਲਈ ਭੇਜਿਆ ਜਾਵੇ ਜਾਂ ਜਨਾਬ ਆਪ ਇਹਦਾ ਮੈਡੀਕਲ ਚੈੱਕ ਅੱਪ ਕਰਾਉਣ ਦਾ ਹੁਕਮ ਦੇ ਸਕਦੇ ਨੇ!"

"ਇਸ ਗੱਲ ਦਾ ਕੀ ਸਬੂਤ ਐ ਕਿ ਇਹਦਾ ਦਿਮਾਗ਼ੀ ਸੰਤੁਲਨ ਠੀਕ ਨਹੀਂ?"

ਮਜਿਸਟਰੇਟ ਨੇ ਪੁੱਛਿਆ ਤਾਂ ਵਕੀਲ ਦੇ ਬੋਲਣ ਤੋਂ ਪਹਿਲਾਂ ਹੀ ਨਿੰਦਰ ਵਿਚੋਂ ਫਿਲਮਾਂ ਵਿਚ ਵੇਖਿਆ ਭਗਤ ਸਿੰਘ ਬੋਲ ਪਿਆ, "ਜੱਜ ਸਾਹਿਬ! ਜਦੋਂ ਮੈਂ ਜੂ ਮੰਨਦਾਂ ਕਿ ਸਰੈਂਬਲੀ ਵਿਚ ਬੰਬ ਮੈਂ ਸੁੱਟਿਆ ਸੀ ਤਾਂ ਇਹ ਮੈਨੂੰ ਮਾਰਦੇ ਕਿਉਂ ਨੇ? ਉਹ ਤਾਂ ਫੁਸਕੀ ਬੰਬ ਸੀ। ਮੈਂ ਕਿਸੇ ਨੂੰ ਮਾਰਨ ਲਈ ਥੋੜ੍ਹਾ ਸੁੱਟਿਆ ਸੀ। ਮੈਂ ਤਾਂ ਸਿਰਫ਼ ਬੋਲ਼ਿਆਂ ਕੰਨਾਂ 'ਚ ਖੜਾਕ ਕਰਨਾ ਸੀ। ਜੇ ਕੋਈ ਖੜਾਕ ਤੋਂ ਡਰਦਾ ਕੁਰਸੀਆਂ ਹੇਠਾਂ ਵੜਦਾ ਸੱਟ ਲਵਾ ਬਵ੍ਹੇ ਤਾਂ ਮੇਰਾ ਕੀ ਕਸੂਰ?"

ਮਜਿਸਟਰੇਟ ਨੇ ਮੇਜ਼ ਖੜਕਾ ਕਰ ਕੇ ਉਹਨੂੰ ਬੋਲਣ ਤੋਂ ਵਰਜਣ ਲਈ ਵਕੀਲ ਨੂੰ ਇਸ਼ਾਰਾ ਕੀਤਾ।ਨਿੰਦਰ ਦੀ ਹੱਥਕੜੀ ਫੜੀ ਖਲੋਤੇ ਸਿਪਾਹੀ ਨੇ ਨਿੰਦਰ ਦੇ ਮੂੰਹ 'ਤੇ ਹੱਥ ਰੱਖ ਦਿੱਤਾ। ਨਿੰਦਰ ਘੁੱਟੇ ਮੂੰਹ ਨਾਲ ਬੋਲਣ ਦੀ ਕੋਸ਼ਿਸ਼ ਕਰ ਰਿਹਾ ਸੀ। ਜੱਜ ਨੇ ਸਿਪਾਹੀ ਨੂੰ ਉਹਦੇ ਮੂੰਹ ਤੋਂ ਹੱਥ ਹਟਾਉਣ ਲਈ ਕਿਹਾ।

ਨਿੰਦਰ ਪੈਂਦੀ ਸੱਟੇ ਮੁੜ ਬੋਲਣ ਲੱਗਾ, "ਜੱਜ ਸਾਹਿਬ! ਕਿੰਨਾ ਕੁ ਚਿਰ ਸਨੀ ਹੁਣੀਂ ਪੁਲਿਸ ਦੇ ਜੋਰ ਨਾਲ ਸਾਡੇ ਮੂੰਹ ਘੁੱਟ ਕੇ ਬੰਦ ਕਰੀ ਰੱਖਣਗੇ। ਮੈਂ ਆਪਣਾ ਕੇਸ ਆਪ ਲੜੂੰ। ਇਹ ਕੇਸ ਮੈਂ ਓਨਾ ਚਿਰ ਲੜਦਾ ਰਹੂੰਗਾ ਜਿੰਨਾ ਚਿਰ ਮੈਨੂੰ, ਮੇਰੀ ਖੁੱਸੀ ਜਮੀਨ ਨੀਂ ਮਿਲ ਜਾਂਦੀ; ਜਿੰਨਾ ਚਿਰ ਨੈਤੇ, ਭਿੱਲੀ ਤੇ ਚਾਚੇ ਭਜਨੇ ਦੇ ਕਾਤਲ ਨੀਂ ਫੜੇ ਜਾਂਦੇ ਤੇ ਧੰਤੋ ਦਾ ਕਾਤਲ 'ਅਮਰੀਸ਼ ਪੁਰੀ' ਫਾਹੇ ਨੀਂ ਲੱਗਦਾ; ਨਾਲੇ ਤੁਲਸੇ, ਛਿੰਨੋ, ਚਾਚੀ ਤਾਰੋ, ਭੈਣ ਮਿੰਦ੍ਹੋ ਤੇ ਧੰਤੋ ਨੂੰ 'ਨਸਾਫ਼ ਨੀਂ ਮਿਲਦਾ ਤੇ ਸਾਡੇ ਗੁਰਦਵਾਰੇ ਲੰਗਰ ਨੀਂ ਲੱਗਦਾ। ਮੇਰੀ ਜੰਗ ਉਦੋਂ ਤਕ ਜਾਰੀ ਰਹੂਗੀ। ਇਨਕਲਾਬ! ਜਿੰਦਾਬਾਦ!"

ਮਜਿਸਟਰੇਟ ਮੇਜ਼ ਖੜਕਾਈ ਜਾ ਰਿਹਾ ਸੀ ਤੇ ਅਦਾਲਤ ਦੀ ਮਰਿਆਦਾ ਬਣਾਈ ਰੱਖਣ ਲਈ ਵਾਰ ਵਾਰ ਚੇਤਾਵਨੀ ਦੇ ਰਿਹਾ ਸੀ।

ਮੌਕਾ ਤਾੜ ਕੇ ਕੋਲ਼ ਖਲੋਤੇ ਜਸਵੰਤ ਨੇ ਹੌਲੀ ਜਿਹੀ ਨਿੰਦਰ ਨੂੰ ਝਿੜਕਿਆ, "ਚੁੱਅਪ! ਸਾਬ੍ਹ ਨਰਾਜ਼ ਹੋ ਜਾਣਗੇ।"

"ਚਾਚਾ! ਜੱਜ ਸਾਬ੍ਹ ਕਿਉਂ ਨਰਾਜ ਹੋਣਗੇ। ਇਹਨਾਂ ਈ ਤਾਂ ਦੁੱਧ ਦਾ ਦੁੱਧ ਤੇ ਪਾਣੀ ਦਾ ਪਾਣੀ ਅੱਡ ਕਰਨਾ। ਨਹੀਂ ਤਾਂ ਅਮਰੀਸ਼ ਪੁਰੀਆਂ ਦਾ ਧੱਕਾ ਤਾਂ ਫਿਰ ਏਦਾਂ ਈ ਚੱਲਦਾ ਰਹੂ!"

ਮਜਿਸਟਰੇਟ ਪੂਰੀ ਤਰ੍ਹਾਂ ਖਿਝ ਗਿਆ ਸੀ। ਉਹਨੇ ਅਜਾਇਬ ਨੂੰ ਜ਼ੋਰ ਦੇ ਕੇ ਕਿਹਾ ਕਿ ਨਿੰਦਰ ਨੂੰ ਚੁੱਪ ਕਰਾਇਆ ਜਾਵੇ।

"ਚੁੱਪ ਨੂੰ ਤਾਂ ਮੈਂ ਅੱਜ ਤਕ ਚੁੱਪ ਈ ਰਿਹਾਂ। ਹੁਣ ਤਾਂ ਬੋਲੂੰਗਾ ਜੱਜ ਸਾਬ੍ਹ। ਕੱਲ੍ਹ ਨੂੰ ਜਦੋਂ ਮੇਰਾ

ਬਿਆਨ 'ਖਬਾਰਾਂ 'ਚ ਛਪੂ ਤਾਂ ਸਾਰਾ ਮੁਲਖ 'ਇਨਕਲਾਬ-ਜਿੰਦਾਬਾਦ' ਨਾ ਕਰਦਾ ਫਿਰਿਆ ਤਾਂ ਮੈਨੂੰ ਆਖਿਓ। ਭਗਤ ਸਿੰਘ ਤੋਂ ਜਿਹੜੀ ਗੱਲ ਨਹੀਂ ਸੀ ਬਣੀ, ਮੈਂ ਬਣਾ ਕੇ ਛੱਡੂੰ। ਹੁਣ ਤਾਂ ਮੈਂ ਈ ਕਰੂੰਗਾ ਕੋਈ ਰਾੜਾ-ਬੀੜਾ।"

ਉਹ ਸਾਹੋ-ਸਾਹ ਹੋਇਆ ਪਿਆ ਸੀ।

ਮਜਿਸਟਰੇਟ ਨੇ ਮੇਜ਼ ‘ਤੇ ਪਈਆਂ ਨਜ਼ਰ ਦੀਆਂ ਐਨਕਾਂ ਚੁੱਕੀਆਂ ਤੇ ਅੱਖਾਂ 'ਤੇ ਲਾ ਕੇ ਕਲਮ ਫੜੀ। ਉਹ ਕਾਗ਼ਜ਼ 'ਤੇ ਕੁਝ ਲਿਖਣ ਲੱਗਾ ਸੀ ਕਿ ਓਸੇ ਵੇਲੇ ਮੌਕਾ ਸੰਭਾਲਦਿਆਂ ਅਜਾਇਬ ਸਿੰਘ ਨੇ ਕਿਹਾ, "ਤੁਸੀਂ ਵੇਖ ਈ ਲਿਆ ਏ ਜਨਾਬ ਕਿ ਇਹਦੀ ਹਾਲਤ ਕੀ ਏ। ਇਹ ਤਾਂ ਪਾਗਲ ਏ ਜਨਾਬ! ਤੇ ਤਾਜ਼-ਏ-ਰਾਤੇ ਹਿੰਦ ਦੀ ਧਾਰਾ 84 ਤਹਿਤ ਇਸ 'ਤੇ ਫੌਜਦਾਰੀ ਮੁਕੱਦਮਾ ਚੱਲ ਈ ਨਹੀਂ ਸਕਦਾ।"

ਇਸ ਤੋਂ ਪਹਿਲਾਂ ਕਿ ਸਰਕਾਰੀ ਵਕੀਲ ਕੋਈ ਗੱਲ ਕਰਦਾ, ਮਜਿਸਟਰੇਟ ਨੇ ਕਾਗ਼ਜ਼ਾਂ 'ਤੇ ਹੁਕਮ ਲਿਖਣਾ ਸ਼ੁਰੂ ਕਰ ਦਿੱਤਾ।

ਅਦਾਲਤ ਵਿਚ ਡੂੰਘੀ ਖ਼ਾਮੋਸ਼ੀ ਸੀ।

ਮਜਿਸਟਰੇਟ ਨੇ ਸਭਨੂੰ ਮੁਖ਼ਾਤਬ ਹੁੰਦਿਆਂ ਕਿਹਾ, "ਮੁਲਜ਼ਮ ਦੀ ਫ਼ਿਜ਼ੀਕਲ ਤੇ ਮੈਂਟਲ ਹੈਲਥ ਦੀ ਮੈਡੀਕਲ ਜਾਂਚ ਕਰਵਾਉਣ ਦੇ ਹੁਕਮ ਦਿੱਤੇ ਜਾਂਦੇ ਨੇ!"

"ਥੈਂਕ ਯੂ ਸਰ। ਥੈਂਕ ਯੂ ਵੈਰੀ ਮੱਚ।" ਅਜਾਇਬ ਸਿੰਘ ਨੇ ਸਿਰ ਝੁਕਾਅ ਕੇ ਕਿਹਾ।

ਪੁਲਿਸ ਵਾਲੇ ਨਿੰਦਰ ਹੁਰਾਂ ਨੂੰ ਲੈ ਕੇ ਅਦਾਲਤ ਦੇ ਵਰਾਂਡੇ ਵਿਚ ਆ ਗਏ। ਸ਼ਾਇਦ ਉਹ ਹੁਕਮ ਦੀ ਨਕਲ ਲੈਣ ਲਈ ਰੁਕ ਗਏ ਸਨ।

ਅਦਾਲਤ ਦੇ ਕਮਰੇ ਵਿਚੋਂ ਬਾਹਰ ਆ ਕੇ ਜਸਵੰਤ ਤੇ ਅਜਾਇਬ ਸਿੰਘ ਵੀ ਉਹਨਾਂ ਕੋਲ਼ ਆਣ ਖਲੋਤੇ।

ਅਜਾਇਬ ਸਿੰਘ ਨੇ ਨਿੰਦਰ ਨੂੰ 'ਕਾਇਮ ਹੋਣ' ਲਈ ਥਾਪੀ ਦਿੱਤੀ।

"ਵਕੀਲ ਚਾਚਾ ਸਾਹਬ! ਮੈਨੂੰ ਇਕ ਗੱਲ ਸੱਚੋ-ਸੱਚ ਦੱਸਿਓ। ਮੈਨੂੰ ਓਥੇ ਜੇਲ੍ਹ ਵਿਚ ਰੋਟੀ ਮਿਲ ਜਿਆ ਕਰੂ ਖਾਣ ਨੂੰ। ਜੇ ਨਾ ਮਿਲੀ ਤਾਂ ਸੱਚੀ ਦੱਸਾਂ, ਮੈਂ ਤਾਂ ਫਿਰ ਭੁੱਖ ਹੜਤਾਲ ਕਰ ਦੇਣੀ ਜੇ। ਫਿਰ ਨਾ ਮੈਨੂੰ ਆਖਿਆ ਜੇ।"

ਅਜਾਇਬ ਸਿੰਘ ਨੇ 'ਸਭ ਕੁਝ ਮਿਲੂ' ਕਹਿ ਕੇ ਹੌਂਸਲਾ ਦਿੱਤਾ।

"ਫਿਰ ਨਹੀਂ ਮੈਂ ਲਈਦਾ। ਫੇਰ ਤਾਂ ਦੂਜੇ ਕੈਦੀਆਂ ਦੀਆਂ ਮੰਗਾਂ ਲਈ ਵੀ ਡਟ ਕੇ ਲੜੂੰਗਾ!"

ਉਹਦੀ 'ਕਮਲ਼ੀ ਮਾਸੂਮੀਅਤ' ਵੇਖ ਕੇ ਜਸਵੰਤ ਨੇ ਪਿਆਰ ਅਤੇ ਹਮਦਰਦੀ ਨਾਲ ਉਹਨੂੰ ਦੋਵਾਂ ਹੱਥਾਂ ਨਾਲ ਮੋਢਿਆਂ ਤੋਂ ਫੜ ਕੇ ਘੁੱਟਿਆ।

ਜਸਵੰਤ ਦੇ ਹੱਥਾਂ ਦੀ ਛੁਹ ਨਾਲ ਨਿੰਦਰ ਪਿਘਲ ਗਿਆ।

ਉਹਦੀਆਂ ਅੱਖਾਂ 'ਚ ਅੱਖਾਂ ਪਾ ਕੇ ਕਹਿਣ ਲੱਗਾ, "ਚਾਚਾ! ਮੈਂ ਰੋ ਨਾ ਲਵਾਂ ਇਕ ਵਾਰ!"

ਇਸਤੋਂ ਪਹਿਲਾਂ ਕਿ ਜਸਵੰਤ ਕੁਝ ਕਹਿੰਦਾ, ਨਿੰਦਰ ਨੇ ਉਹਦੇ ਗਲ਼ ਦਵਾਲੇ ਬਾਹਵਾਂ ਵਲ਼ ਲਈਆਂ।

ਉਹ ਉਹਦੇ ਗਲ਼ ਨਾਲ ਚੰਬੜ ਕੇ ਬੱਚਿਆਂ ਵਾਂਗ ਭੁੱਬੀਂ-ਭੁੱਬੀਂ ਰੋਣ ਲੱਗਾ। 000

***(505 - Lisa Street, Brampton. ON l6T 4T4 Canada***
***Phone &WhatsApp 1-647-535-1539, 91- 98726-02296***
***Email: waryamsandhu@gmail.com)***

# ਗੁਰਭਜਨ ਗਿੱਲ: ਤਿੰਨ ਕਵਿਤਾਵਾਂ

## ਜਾਗਦੀ ਹੈ ਮਾਂ ਅਜੇ

ਸੌਂ ਗਈ ਹੈ ਧਰਤ ਸਾਰੀ, ਰੁਕ ਗਏ ਦਰਿਆ ਦੇ ਪਾਣੀ
ਬਾਤ ਹੋ ਗਈ ਬੇ ਹੁੰਗਾਰਾ।
ਦੂਰ ਜਹੇ ਕਿਧਰੇ ਟਟੀਹਰੀ ਬੋਲਦੀ ਹੈ।
ਚੁੱਪ ਹੈ ਗਲੀਆਂ ਚ ਪਸਰੀ, ਬੰਦਿਆਂ ਦੀ ਪੈਰ ਚਾਪ।
ਜਾਗਦੀ ਹੈ ਮਾਂ ਅਜੇ।

ਭਾਂਡਾ ਟੀਂਡਾ ਸਾਂਭ ਸੁੰਬਰ ਕੇ,ਦੁੱਧ ਨੂੰ ਜਾਗ ਲਾ ਕੇ
ਛਿਕਾਲੇ ਹੇਠ ਧਰ ਆਈ ਹੈ,ਬਿੱਲੀ ਕੁੱਤੇ ਤੋਂ ਡਰਦੀ ਮਾਰੀ।
ਪੀ ਨਾ ਜਾਣ ਕਿਤੇ ਇਹ ਜਾਨਵਰ।

ਲਾਲਟੈਣ ਦੇ ਚਾਨਣੇ 'ਚ, ਪਤਾ ਨਹੀਂ ਕੀ ਵੇਖਦੀ ਹੈ
ਕਿਤਾਬ ਦੇ ਪੰਨਿਆਂ ਚੋਂ।
ਸ਼ਾਇਦ ਪੁੱਤਰ ਦੀ ਭਾਗ ਰੇਖਾ, ਧੀ ਦੇ ਅਗਲੇ ਘਰ ਦਾ ਨਕਸ਼ਾ
ਪੇਕਿਆਂ ਦੀ ਸੁਖ ਸਾਂਦ, ਸਹੁਰੇ ਘਰ ਦੀ ਖੁਸ਼ਹਾਲੀ ਦੇ ਵੇਰਵੇ।

ਅਨਪੜ੍ਹ ਹੋ ਕੇ ਵੀ,ਕਿੰਨਾ ਕੁਝ ਪੜ੍ਹੀ ਜਾਂਦੀ ਹੈ।
ਐਨਕ ਵਿਚੋਂ ਦੀ, ਸਗਲ ਸੰਸਾਰ ਨਾਲ ਰਿਸ਼ਤਾ ਜੋੜਦੀ
ਪੈਨਸਿਲ ਨਾਲ ਲੱਗੇ ਨਿਸ਼ਾਨਾਂ ਨੂੰ, ਗਹੁ ਨਾਲ ਵਾਚਦੀ
ਪੜ੍ਹੇ ਹੋਏ ਨੂੰ ਪੁਣਦੀ ਛਾਣਦੀ।
ਜਾਗਦੀ ਹੈ ਮਾਂ ਅਜੇ

ਦਾਦੀ ਬਣ ਕੇ ਵੀ ਜਾਗਦੀ ਹੈ ਹਾਲੇ
ਅੰਬਰ ਚ ਨਹੀਂ ਵੇਖਦੀ ਤਾਰੇ
ਅੱਖਰਾਂ 'ਚੋਂ ਅੱਖ ਦੇ ਤਾਰਿਆਂ ਦੇ ਸਿਤਾਰੇ ਪਛਾਣਦੀ ਹੈ
ਮਾਂ ਜਾਗਦੀ ਹੈ ਅਜੇ।

ਜਿਹੜੇ ਘਰੀਂ ਮਾਵਾਂ ਸੌਂ ਜਾਂਦੀਆਂ
ਓਥੇ ਘਰਾਂ ਨੂੰ ਜਗਾਉਣ ਵਾਲਾ ਕੋਈ ਨਹੀਂ ਹੁੰਦਾ।
ਰੱਬ ਵੀ ਨਹੀਂ।

ਮਾਂ ਵੱਡਾ ਸਾਰਾ ਰੱਬ ਹੈ।
ਧਰਤੀ ਜਿੱਡਾ ਜੇਰਾ, ਅੰਬਰ ਜਿੱਡੀ ਅੱਖ

ਸਮੁੰਦਰ ਤੋਂ ਡੂੰਘੀ ਨੀਝ, ਪੌਣਾਂ ਤੋਂ ਤੇਜ਼ ਉਡਾਰੀ
ਬਾਗ ਹੈ ਚੰਦਨ ਰੁੱਖਾਂ ਦਾ, ਮਹਿਕਵੰਤੀ ਬਹਾਰ।

ਬਾਬਲ ਤਾਂ ਰਾਜਾ ਹੈ।
ਘਰ ਦੀਆਂ ਨਿੱਕੀਆਂ ਵੱਡੀਆਂ,ਲੋੜਾਂ ਤੋਂ ਬੇਖ਼ਬਰ।
ਖ਼ੁਦ ਨੂੰ ਹਾਕਮ ਸਮਝਦਾ, ਓਨਾ ਹੀ ਲਾ ਪ੍ਰਵਾਹ।
ਪੁੱਤਰ ਧੀਆਂ ਦੇ ਬਸਤੇ ਤੋਂ ਬੇਖ਼ਬਰ, ਸ਼ਹਿਨਸ਼ਾਹਿ ਹਿੰਦ।

ਦੇਸ਼ ਵਿਦੇਸ਼ ਦਾ ਫਿਕਰ ਕਰਦਾ,ਮਰ ਚੱਲਿਆ ਹੈ।
ਕੌਡੀਆਂ ਨਾਲ ਖੇਡਦਿਆਂ
ਪੁੱਠੀਆਂ ਸਿੱਧੀਆਂ ਚਾਲਾਂ ਚੱਲੀ ਜਾਂਦਾ ਤਿਕੜਮਬਾਜ਼।

ਬੰਦੇ ਨੂੰ ਪਹਿਲਾਂ ਪਹਿਲਾਂ
ਅੰਕੜਿਆਂ ਚ ਤਬਦੀਲ ਕਰਕੇ, ਸ਼ਤਰੰਜ ਵਾਂਗ ਖੇਡਦਾ।
ਚਤੁਰਾਈ ਨਾਲ ਦਿਨ ਰਾਤ ਨੂੰ, ਗੇੜੇ ਦੇਈ ਜਾਂਦਾ ਹੈ।

ਇਹ ਤਾਂ ਮਾਂ ਹੀ ਹੈ, ਧਰਤ ਵਾਂਗ ਸਭ ਦੇ ਪਰਦੇ ਕੱਜਦੀ
ਰੋਂਦੇ ਨੂੰ ਚੁੱਪ ਕਰਵਾਉਂਦੀ, ਥਾਂ ਸਿਰ ਬਿਠਾਉਂਦੀ
ਕੁਝ ਨਹੀਂ ਮੰਗਦੀ ਮੂੰਹੋਂ, ਆਪਣੇ ਆਪ ਲਈ।

ਮਾਂ ਜਦ ਤੀਕ ਜਾਗਦੀ ਹੈ
ਲਾਲਟੈਣ ਵੀ ਨਹੀਂ ਬੁਝਣ ਦਿੰਦੀ।
ਪੁੱਤਰ ਧੀਆਂ ਤੇ ਸਗਲ ਸੰਸਾਰ ਲਈ
ਮਾਂ ਜਾਗਦੀ ਹੈ ਅਜੇ।

## ਮਿਲ ਜਾਇਆ ਕਰ

ਏਸੇ ਤਰ੍ਹਾਂ ਹੀ ਮਿਲ ਜਾਇਆ ਕਰ
ਜਿਉਂਦੇ ਹੋਣ ਦਾ,ਭਰਮ ਬਣਿਆ ਰਹਿੰਦਾ ਹੈ।
ਫਿਕਰਾਂ ਦਾ ਚੱਕਰਵਿਊਹ ਟੁੱਟ ਜਾਂਦਾ ਹੈ
ਕੁਝ ਦਿਨ ਚੰਗੇ ਲੰਘ ਜਾਂਦੇ ਨੇ,ਰਾਤਾਂ ਨੂੰ ਨੀਂਦ ਨਹੀਂ ਉਟਕਦੀ
ਮਿਲ ਜਾਇਆ ਕਰ।

ਸ਼ਾਮਾਂ ਸਵੇਰਾਂ ਦਾ ਗਿੜਦਾ ਹੈ ਖੂਹ
ਚੰਗੀ ਲੱਗਦੀ ਹੈ, ਭਰੀਆਂ ਟਿੰਡਾਂ ਦੀ ਝਲਾਰ।
ਸਵੇਰ ਸਾਰ ਵਿਚੋਂ ਦੀ
ਬਚਪਨ ਵੇਲੇ ਸੂਰਜ ਵੇਖਣਾ ਯਾਦ ਆਉਂਦਾ ਹੈ।
ਮਿਲ ਜਾਇਆ ਕਰ।

ਤੈਨੂੰ ਚੇਤੇ ਕਰਕੇ ਇਸ ਰੁੱਤੇ, ਬਹੁਤ ਕੁਝ ਜਾਗਦਾ ਹੈ
ਧੁਰ ਅੰਦਰ,ਸੋਂਧੀ ਮਿੱਟੀ ਦੀ ਮਹਿਕ,ਜਾਗਦੀ ਹੈ
ਚਾਰ ਚੁਫ਼ੇਰ ਬੀਂਡੇ ਬੋਲਦੇ, ਡੱਡੂਆਂ ਦੇ ਫੁੱਲੇ ਹੋਏ ਚਿਹਰੇ
ਪਿੱਪਲ ਪੱਤਿਆਂ 'ਤੇ ਲਮਕਦੇ ਜਲ ਕਣ
ਬੋਹੜ ਦੇ ਪੱਤਿਆਂ ਸਹਾਰੇ ਪੱਕਦੇ ਪੂੜੇ
ਰਿੱਝਦੀਆਂ ਖੀਰਾਂ 'ਵਾਜਾਂ ਮਾਰਦੀਆਂ
ਨਿਰਵਸਤਰੀ ਰੂਹ ਲੈ ਕੇ
ਮੀਂਹ ਵਿੱਚ ਭਿੱਜਣਾ ਚਾਹੁੰਦਾ ਹਾਂ
ਮਿਲ ਜਾਇਆ ਕਰ।

ਤੈਨੂੰ ਮਿਲਿਆਂ ਸੁਪਨੇ ਵੀ ਦਸਤਕ ਦੇਣ ਆ ਜਾਂਦੇ ਨੇ।
ਇਹੀ ਸੁਪਨੇ ਤਾਂ ਮੈਨੂੰ ਤੋਰੀ ਫਿਰਦੇ ਨੇ।
ਰੰਗਾਂ ਦੀਆਂ ਡੱਬੀਆਂ ਲੱਭਣ ਤੁਰ ਪੈਂਦਾ ਹਾਂ ਜਾਗਣ ਸਾਰ।
ਸੁਪਨਿਆਂ ਚ ਰੰਗ ਭਰਨ ਲਈ।
ਨੱਕੋ ਨੱਕ ਭਰੇ ਆਫ਼ਰੇ ਬਾਜ਼ਾਰ ਚੋਂ
ਖ਼ਾਲੀ ਹੱਥ ਪਰਤਦਾਂ ਹਰ ਵਾਰ।

ਆਪਣੀ ਹੀ ਰੱਤ ਕੰਮ ਆਉਂਦੀ ਹੈ
ਤੇਰੇ ਸੁਪਨਿਆਂ 'ਚ ਰੰਗ ਭਰਨ ਲਈ
ਉਂਗਲਾਂ ਬੁਰਸ਼ ਬਣ ਜਾਂਦੀਆਂ ਨੇ।
ਨਕਸ਼ ਉੱਘੜਦੇ ਨੇ ਦੋ ਚਾਰ ਲੀਕਾਂ ਨਾਲ।
ਮਿਲ ਜਾਇਆ ਕਰ।

ਚੌਗਿਰਦੇ ਚ ਮਸ਼ੀਨੀ ਜਹੇ ਰਿਸ਼ਤੇ
ਸੇਵੀਆਂ ਵੱਟਣ ਵਾਲੀ ਜੰਦਰੀ ਜਹੇ।
ਮੈਦਾ ਤੁੰਨੀ ਜਾਉ, ਸੇਵੀਆਂ ਲਾਹੀ ਜਾਉ।
ਦਰਿਆ ਦੀ ਲਹਿਰ ਜਿਹਾ, ਅਲੌਕਿਕ ਨਾਚ ਦਿਸਦਾ ਹੈ ਭਲਿਆ
ਤੇਰੇ ਆਉਣ ਨਾਲ
ਮਿਲ ਜਾਇਆ ਕਰ।

ਬੂਹਾ ਖੜਕਦਾ ਹੈ ਤਾਂ ਮਨ ਜਾਗਦਾ
ਗੂੜ੍ਹੀ ਨੀਂਦ ਟੁੱਟਦੀ ਹੈ।
ਨੀਂਦਰ ਦਾ ਟੁੱਟਣਾ ਬਹੁਤ ਜ਼ਰੂਰੀ ਹੈ
ਮਨ ਦੀ ਰਖਵਾਲੀ ਲਈ
ਮਿਲ ਜਾਇਆ ਕਰ।

ਸ਼ਬਦ ਪੁੰਗਰਦੇ ਨੇ ਕਵਿਤਾ ਜਹੇ

ਤਰਬਾਂ ਛਿੜਦੀਆਂ ਹਨ ਸਰਗਮ ਵਾਂਗ
ਸਾਜ਼ ਵੱਜਦੇ ਹਨ ਬਿਨ ਵਜਾਇਆਂ
ਅਨਹਦ ਨਾਦ ਗੂੰਜਦਾ ਹੈ।
ਮਰਦਾਨੇ ਦੀ ਰਬਾਬ ਚੇਤੇ ਆਉਂਦੀ ਹੈ।
ਸੱਚੀਂ ਯਾਰ! ਮਿਲ ਜਾਇਆ ਕਰ।
ਵਗਦੇ ਪਾਣੀ 'ਚ ਤਾਜ਼ਗੀ ਬਣੀ ਰਹਿੰਦੀ ਹੈ।
ਇਸ਼ਨਾਨ ਨੂੰ ਚਿੱਤ ਕਰਦਾ ਹੈ।
ਬੁੱਸੇ ਪਾਣੀਆਂ ਚ ਕੌਣ ਵੜਦਾ ਹੈ?
ਮਿਲ ਜਾਇਆ ਕਰ।

## ਬਦਲ ਗਏ ਮੰਡੀਆਂ ਦੇ ਭਾਅ

ਉਹ ਹੁਣ
ਪੰਜਾਹ ਸਾਲ ਪਹਿਲਾਂ ਵਾਲਾ
ਕੈਲਾ ਆੜ੍ਹਤੀਆ ਨਹੀਂ ਰਿਹਾ
ਪਿੰਡੋ ਪਿੰਡ ਪੈਲੀਆਂ 'ਚੋਂ, ਬੋਹਲ ਖ਼ਰੀਦਦਾ
ਬੋਰੀਆਂ ਭਰ ਕੇ, ਸੂਏ ਸੇਬੇ ਨਾਲ ਸਿਊਂਦਾ
ਮੋਢੇ ਚੁੱਕ ਖੱਚਰ ਰੇੜ੍ਹੇ 'ਤੇ ਲੱਦ
ਸ਼ਹਿਰ ਵਾਲੀ ਪੱਕੀ ਮੰਡੀ 'ਚ, ਢੇਰੀ ਕਰਦਾ ਛਾਣਾ ਲੁਆ
ਡੇਢੇ ਭਾਅ ਵੇਚਦਾ ਵੇਚਦਾ ਹੁਣ
ਸਰਦਾਰ ਕਰਨੈਲ ਸਿੰਘ ਬਣ ਗਿਆ ਹੈ।
ਤੇ ਖੇਤਾਂ ਦਾ ਰਾਜਾ ਸਰਦਾਰ ਜਰਨੈਲ ਸਿੰਘ ਹੁਣ
ਜੈਲੂ ਬਣ ਗਿਆ ਹੈ।
ਵਾਲ ਵਾਲ ਕਰਜ਼ੇ 'ਚ ਵਿੰਨ੍ਹਿਆ
ਰੱਸੇ ਲੱਭਦਾ ਫਿਰਦਾ ਹੈ।

ਜਦ ਤੋਂ ਖੇਤੀ ਨੂੰ ਮਸ਼ੀਨਾਂ ਸੰਭਾਲਿਐ
ਘਰ 'ਚ ਰੱਸੇ ਰੱਸੀਆਂ, ਮਰਨ ਨੂੰ ਵੀ ਨਹੀਂ ਲੱਭਦੇ।
ਕਲਪੁਰਜ਼ੇ ਪਏ ਨੇ ਥਾਂ ਕੁ ਥਾਂ।
ਅੱਡੀਆਂ 'ਚ ਖੁਭਦੇ ਕਿੱਲ ਕਾਂਟੇ
ਰੂਹ 'ਚ ਬੋਲਦੀ ਹੈ ਇੰਜਨ ਦੀ ਨੋਜ਼ਲ
ਸੌਣ ਨਹੀਂ ਦੇਂਦੀ
ਸਰਦਾਰ ਕਰਨੈਲ ਸਿੰਘ ਆੜ੍ਹਤੀਏ ਦੀ
ਖ਼ੂਨ ਪੀਣੀ ਵਹੀ।
ਬਹੁਤ ਤੇਜ਼ ਸੂੰਦੀ ਹੈ ਸੂਰਨੀ ਵਾਂਗ।
ਵਿਆਜ਼ ਦਰ ਵਿਆਜ਼ ਦਾ ਪਹੀਆ,ਬਹੁਤ ਤੇਜ਼ ਘੁੰਮਦਾ ਹੈ
ਮਸ਼ੀਨੀ ਟੋਕੇ ਵਾਂਗ, ਸੁਪਨੇ ਰੀਝਾਂ ਉਮੰਗਾਂ ਕੁਤਰੀ ਜਾਂਦਾ ਹੈ।

ਹੁਣ ਜੈਲੂ ਰੇਡੀਓ ਦੇ ਦਿਹਾਤੀ ਪ੍ਰੋਗਰਾਮ ਤੋਂ
ਮੰਡੀਆਂ ਦੇ ਭਾਅ ਨਹੀਂ ਸੁਣਦਾ।
ਮਨ ਡੁੱਬਦਾ ਹੈ ਸੁਣਦਿਆਂ
ਜਦ ਵਟਾਲੇ ਮੰਡੀ ਵਿਕਦੀ ਗੋਭੀ
ਬਾਜ਼ਾਰ ਨਾਲੋਂ ਚਵਾਨੀ ਭਾਅ ਵਿਕਦੀ।

ਨਿਰੀ ਠੱਗੀ ਕਹਿ ਕੇ, ਖੰਘੂਰਾ ਤਾਂ ਮਾਰਦੈ
ਪਰ ਇਕੱਲਾ ਹੀ,ਆਪਣੀ ਆਵਾਜ਼ ਸੁਣ
ਵੱਡਾ ਸਾਰਾ ਹਉਕਾ ਭਰਦਾ ਹੈ।

ਮੀਂਹ ਕਣੀ 'ਚ ਕੋਠਾ ਚੋਂਦਾ ਹੈ
ਕੋਠੇ ਜਿੱਡੀ ਧੀ ਦਾ, ਕੱਦ ਡਰਾਉਂਦਾ ਹੈ
ਸਕੂਲੋਂ ਹਟੇ ਪੁੱਤਰ ਨੂੰ, ਫੌਜ ਵੀ ਨਹੀਂ ਲੈਂਦੀ।
ਅਖੇ ਛਾਤੀ ਘੱਟ ਚੌੜੀ ਹੈ!
ਕੌਣ ਦੱਸੇ, ਹੋਰ ਸੁੰਗੜ ਜਾਣੀ ਹੈ
ਇੰਝ ਹੀ ਪੁੜਾਂ ਹੇਠ।

ਹੱਟੀ ‘ਤੇ ਜਾ ਕੇ ਅਖ਼ਬਾਰ ਸੁਣਦਾ ਹੈ।
ਮਰਨ ਰੁੱਤੇ, ਕਿੱਥੇ ਕਿੱਥੇ ਕੌਣ ਗਿਆ, ਹਰ ਕੇ ਦੁਆਰ।
ਅੱਖੀਆਂ ਪੂੰਝਦਾ ਖ਼ੁਦ ਨੂੰ ਕਹਿੰਦਾ ਹੈ।
ਓ ਜਰਨੈਲਾ!
ਤੂੰ ਨਾ ਮਰੀਂ, ਇਉਂ ਨਾ ਕਰੀਂ
ਜਦ ਤੀਕ ਜੀਣਾ ਹੈ, ਅੜਨਾ ਹੈ, ਖੜ੍ਹਨਾ ਹੈ।
ਮਰਨੋਂ ਪਹਿਲਾਂ ਲੜਨਾ ਹੈ।

ਜਵਾਨੀ ਵੇਲੇ ਸੁਣਿਆ ਨਾਅਰਾ
ਉਸਨੂੰ ਹੁਣ ਵੀ ਚੇਤੇ ਹੈ
ਪਰ ਸੁਣਾਉਣ ਵਾਲੇ
ਖਿੱਲਰ ਪੁੱਲਰ ਗਏ
ਸ਼ਾਹ ਅਸਵਾਰ
ਆਲ੍ਹਣਾ ਤੀਲੋ ਤੀਲ ਹੋਇਆ
ਕਿਤੋਂ ਅੱਥਰੂ ਨਾ ਚੋਇਆ।

ਖਿੰਘਰ ਵਾਂਗ ਮੱਥੇ 'ਚ ਵੱਜਦੀ ਹੈ
ਧਰਮ ਸਥਾਨ ‘ਤੇ ਲੱਗੀ ਸੰਗਮਰਮਰੀ ਸਿੱਲ
ਜਿਸ ‘ਤੇ ਲਿਖਿਆ ਹੈ
ਗੁਰੂ ਪਿਆਰੇ ਗੁਰੂ ਸੰਵਾਰੇ

ਕੈਲੂ ਆੜ੍ਹਤੀਏ ਦਾ ਦਾਨ ਵੇਰਵਾ
ਸਰਦਾਰ ਕਰਨੈਲ ਸਿੰਘ ਦੇ ਨਾਂ ਹੇਠ।
ਪੱਖਿਆਂ 'ਤੇ ਲਿਖਿਆ ਉਸ ਦਾ ਨਾਂ
ਤਪਦੀ ਹਵਾ ਮਾਰਦਾ ਹੈ।
ਦਮ ਘੁੱਟਦਾ ਹੈ ਹੁੰਮਸ ਵਿਚ।
ਘਰ ਦੀਆਂ ਗ਼ਰਜ਼ਾਂ ਤੇ ਫ਼ਰਜ਼ਾਂ
ਪੂਰਨ ਲਈ ਪੱਲੇ ਪੂੰਜੀ ਹਰ ਵੇਲੇ
ਥੁੜੀ ਰਹਿੰਦੀ ਹੈ ਸਰਕਾਰ!
ਦੋ ਪੱਟੇ ਖੜ ਖੜ ਕਰਦੇ
ਚਿੱਟੇ ਚਾਦਰੇ ਵਾਲਾ ਸਰਦਾਰ ਜਰਨੈਲ ਸਿੰਘ
ਮੈਲ਼ੇ ਪਰਨੇ ਵਾਲਾ ਜੈਲੂ ਕਦੋਂ ਬਣਿਆ?

ਦੋ ਪੱਟਾ ਚਾਦਰਾ ਸੁੰਗੜ ਕੇ
ਪਰੋਲੇ ਜਿਹਾ ਪਰਨਾ ਕਦੋਂ ਬਣਿਆ?
ਹੇਠ ਵਿਛੀ ਦਰੀ ਕਦੋਂ ਖਿੱਚ ਕੇ ਕੋਈ ਲੈ ਗਿਆ
ਪਤਾ ਹੀ ਨਹੀਂ ਲੱਗਿਆ।

ਉੱਪਰ ਓਹੜੀ ਚਾਦਰ
ਲੱਕ ਬੰਨ੍ਹਦਾ ਹੈ ਤਾਂ ਸਿਰ ਨੰਗਾ
ਸਿਰ ਬੰਨ੍ਹਦਾ ਹੈ ਤਾਂ ਤੇੜ ਨੰਗਾ।
ਅਕਲ ਹਾਰ ਗਈ ਹੈ
ਹਕੀਕਤਾਂ ਦੇ ਦਵਾਰ।
ਨਵੇਂ ਬਣੇ ਸਿਆਣਿਆਂ ਦੇ
ਅਣਿਆਲੇ ਤੀਰ ਹਿੱਕ 'ਚ ਵੱਜਦੇ ਨੇ
ਅਖੇ! ਫੈਲਸੂਫ਼ੀਆਂ ਬੰਦ ਕਰੇ ਵਾਹੀਵਾਨ।

ਘਿਰ ਗਿਆ ਹੈ ਜਰਨੈਲ
ਅਨੇਕ ਸ਼ਾਤਰ ਦੁਸ਼ਮਣਾਂ ਵਿਚ
ਕਿੱਧਰ ਜਾਵੇ?
ਅਕਲਾਂ ਵਾਲਿਓ, ਵਿਦਵਾਨੋ!
ਹਕੂਮਤੋ, ਬੁੱਧੀਮਾਨੋ!
ਪਤਾ ਲੱਗੇ ਤਾਂ ਉਸਨੂੰ ਰਾਹ ਪਾਉਣਾ।
ਮੇਰੇ ਮਰਨ ਮਗਰੋਂ
ਅੰਕੜੇ ਗਿਣਨ ਵਾਲੇ, ਅਰਥ ਸ਼ਾਸਤਰੀਓ! 000

***(113 ਐੱਫ, ਸ਼ਹੀਦ ਭਗਤ ਸਿੰਘ ਨਗਰ, ਪੱਖੋਵਾਲ ਰੋਡ, ਲੁਧਿਆਣਾ
ਈਮੇਲ: gurbhajansinghgill@gmail.com)***

## ਪੀਰ ਬੁੱਧੂ ਸ਼ਾਹ: ਜਸਵੰਤ ਜ਼ਫਰ

ਚਾਰ ਸ਼ਹੀਦਾਂ ਦਾ ਪਿਤਾ
ਗੁਰੂ ਕੇਸ ਵਾਹ ਰਿਹਾ ਹੈ
ਦੋ ਸ਼ਹੀਦਾਂ ਦਾ ਪਿਤਾ
ਪੀਰ ਹੱਥ ਜੋੜ ਸਿਰ ਨਿਵਾਈ ਖੜ੍ਹਾ ਹੈ
ਗੁਰੂ ਨੇ ਪੁੱਛਿਆ-
          ਕੀ ਬਖਸ਼ ਦੇਈਏ ਪੀਰ ਜੀਓ
ਪੀਰ ਮੁਹੱਬਤ ਮੰਗਦਾ ਹੈ
ਗੁਰੂ-
          ਸਿਰਫ ਮੁਹੱਬਤ?
ਪੀਰ-
          ਜੀ, ਸਾਰੀ ਮੁਹੱਬਤ
ਗੁਰੂ ਨੇ ਪੀਰ ਨੂੰ ਕਲਾਵੇ 'ਚ ਲਿਆ
ਗੁਰੂ ਦੇ ਖੁਲ੍ਹੇ ਕੇਸ ਪੀਰ ਦੇ ਉਪਰੋਂ
ਮੁਹੱਬਤ ਦਾ ਝਰਨਾ ਬਣ ਵਗੇ
ਚਾਰ ਚਸ਼ਮਾਂ ਤੋਂ
ਮੁਹੱਬਤੀ ਜਲ ਫੁੱਟ ਵਗਿਆ

ਗੁਰੂ ਹੋਰ ਤੁੱਠਾ-
          ਕੁਝ ਹੋਰ ਵੀ ਮੰਗੋ ਪੀਰ ਜਿਉੜੇ
ਪੀਰ-
          ਦਿਉ ਉਹ ਸਭ
          ਜੋ ਤੇਰੇ ਹੱਥ
ਗੁਰੂ ਕੇਸਾਂ ਭਰਿਆ ਕੰਘਾ ਫੜਾ ਦਿੱਤਾ
ਪੀਰ ਨੂੰ ਸਗਲ ਸ੍ਰਿਸ਼ਟੀ ਤੁਹਫੇ ਵਿਚ
ਮਿਲਣ ਜਿੰਨਾ ਚਾਅ ਹੋਇਆ

ਪਤਾ ਨਹੀਂ
ਪੀਰ ਨੇ ਦੁਨੀਆ ਦਾ ਸਭ ਤੋਂ ਮਹਿੰਗਾ ਸੌਦਾ ਕੀਤਾ
ਜਾਂ ਸਭ ਤੋਂ ਸਸਤਾ
ਇਸ ਸੌਦੇ ਦੀ ਸਾਰ
ਸਿਆਣੇ ਨਹੀਂ ਬੁੱਧੂ ਸ਼ਾਹ ਹੀ ਜਾਨਣ। 000

*(jaszafar@yahoo.com)*

# ਮੈਂ ਤੇ ਮੇਰਾ ਚੰਡੀਗੜ੍ਹ: ਰਸ ਰੰਗ ਤੇ ਵ.ਲ ਵ.ਲੇਵੇਂ
## ਗੁਲਜ਼ਾਰ ਸਿੰਘ ਸੰਧੂ

ਮੇਰੀ ਉਮਰ 87 ਵਰ੍ਹੇ ਹੈ। ਰੋਜ਼ੀ ਰੋਟੀ ਦੀ ਭਾਲ ਵਿਚ ਦਿੱਲੀ ਦੱਖਣ ਗਾਹ ਕੇ ਤੇ ਚਹੁੰ ਕੂਟਾਂ ਦੀ ਦੁਨੀਆ ਦੇਖਣ ਪਿੱਛੋਂ ਚੰਡੀਗੜ੍ਹ ਰਹਿ ਰਿਹਾ ਹਾਂ। ਇਸ ਤੋਂ ਪਹਿਲਾਂ ਤੀਹ ਸਾਲ ਦਿੱਲੀ ਰਿਹਾ ਤੇ ਵੀਹ ਸਾਲ ਨਾਨਕੇ ਦਾਦਕੇ ਜਿਨ੍ਹਾਂ ਵਿਚੋਂ ਦਾਦਕਿਆਂ ਦੇ ਹਿੱਸੇ ਕੇਵਲ ਛੇ ਸਾਲ ਹੀ ਆਏ। ਮੇਰਾ ਨਾਨਕਾ ਪਿੰਡ ਖੰਨਾ ਮੰਡੀ ਦੇ ਨੇੜੇ ਕੋਟਲਾ ਬਡਲਾ ਹੈ ਤੇ ਦਾਦਕਾ ਪਿੰਡ ਮਾਹਿਲਪੁਰ ਨੇੜੇ ਸੂਨੀ। ਤਰਨਤਾਰਨ ਦੇ ਨੇੜੇ ਨੌਸ਼ਹਿਰਾ ਪੰਨੂੰਆ ਵਿਆਹਿਆ ਹੋਣ ਕਾਰਨ ਮੈ ਕ੍ਰਮਵਾਰ ਮਾਲਵਾ, ਦੁਆਬਾ ਤੇ ਮਾਝਾ ਦੇ ਪਉਣ ਪਾਣੀ ਤੇ ਰਹਿਣ ਸਹਿਣ ਤੋਂ ਜਾਣੂ ਹਾਂ।

ਏਸ ਲੇਖ ਵਿਚ ਚੰਡੀਗੜ੍ਹ ਤੇ ਆਸ ਪਾਸ ਦੀ ਬਾਤ ਪਾਵਾਂਗਾ, ਜਿੱਥੇ ਰਹਿੰਦਿਆਂ ਮੈਨੂੰ 37 ਸਾਲ ਹੋ ਗਏ ਹਨ। ਇਹ ਸ਼ਹਿਰ ਪੁਆਧ ਖੇਤਰ ਦੇ ਪੰਜਾਹ ਪਿੰਡ ਉਜਾੜ ਕੇ ਏਧਰਲੇ ਪੰਜਾਬ ਦੀ ਰਾਜਧਾਨੀ ਲਈ ਲਾਹੌਰ ਦੇ ਬਦਲ ਵਜੋਂ ਉਸਾਰਿਆ ਗਿਆ ਸੀ। ਉਸ ਸ਼ਹਿਰ ਦਾ ਬਦਲ ਜਿਸ ਬਾਰੇ ਕਿਹਾ ਜਾਂਦਾ ਸੀ, 'ਜਿਸ ਨੇ ਲਾਹੌਰ ਨਹੀਂ ਤੱਕਿਆ, ਉਹ ਜੰਮਿਆ ਹੀ ਨਹੀਂ।'

ਮੈਂ ਇਸ ਖੇਤਰ ਨੂੰ ਉਦੋਂ ਤੋਂ ਜਾਣਦਾ ਹਾਂ ਜਦ ਏਥੋਂ ਦੇ ਪਿੰਡ ਉਜਾੜੇ ਜਾ ਰਹੇ ਸਨ। 1951 ਤੋਂ। ਉਦੋਂ ਮੈਂ ਮਾਹਿਲਪੁਰ ਦੇ ਕਾਲਿਜ ਤੋਂ ਐੱਫ.ਏ. ਦਾ ਇਮਤਿਹਾਨ ਦੇ ਕੇ ਬੀ.ਏ. ਵਿਚ ਦਾਖ਼ਲ ਹੋਣ ਤਕ ਦੋ ਢਾਈ ਮਹੀਨੇ ਆਪਣੀ ਬੇਔਲਾਦ ਮਾਸੀ ਦੇ ਪਿੰਡ ਆ ਗਿਆ ਸਾਂ, ਜਿਹੜਾ ਘੱਗਰ ਨਦੀ ਦੇ ਕੰਢੇ ਡੇਰਾਬਸੀ ਕਸਬੇ ਦੀ ਬੁੱਕਲ ਵਿਚ ਪੈਂਦਾ ਹੈ। ਨਾਂ ਹੈ ਸੁੰਢਰਾਂ ਖੇੜੀ। ਮਾਸੜ ਦਾ ਨਾਂ ਨਿਹਾਲ ਸਿੰਘ ਸੀ ਜਿਸ ਨੂੰ ਪੁਆਧੀਏ ਨਿਹਾਲ ਸੈਂਹ ਕਹਿੰਦੇ ਸਨ। ਪਿੰਡ ਦਾ ਨੰਬਰਦਾਰ ਹੋਣ ਨਾਤੇ ਨਿਹਾਲ ਸੈਂਹ ਨੰਬਰਦਾਰ।

ਨਵੀਂ ਰਾਜਧਾਨੀ ਲਈ ਸ਼ਿਵਾਲਿਕ ਦੇ ਪੈਰਾਂ ਵਿਚ ਪੈਂਦੇ ਇਸ ਖੇਤਰ ਦੀ ਚੋਣ ਦਾ ਸਿਹਰਾ ਏਥੋਂ ਦੇ ਵਸਨੀਕ, ਉਸ ਵੇਲੇ ਦੇ ਰਖਸ਼ਾ ਮੰਤਰੀ ਬਲਦੇਵ ਸਿੰਘ ਦੇ ਸਿਰ ਬੰਨ੍ਹਦੇ ਸਨ। ਉਸ ਦਾ ਜੱਦੀ ਪਿੰਡ ਦੁੱਮਣਾ ਚਮਕੌਰ ਸਾਹਿਬ ਤੋਂ ਮੋਰਿੰਡਾ ਜਾਣ ਵਾਲੀ ਸੜਕ ਉੱਤੇ ਪੈਂਦਾ ਸੀ ਤੇ ਕਹਿਣ ਵਾਲੇ ਕਹਿੰਦੇ ਸਨ ਕਿ ਉਸ ਨੇ ਆਪਣੇ ਇਲਾਕੇ ਨੂੰ ਲਾਭ ਦੇਣ ਲਈ ਉਸ ਵੇਲ਼ੇ ਦੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਦੇ ਕੰਨ ਵਿਚ ਫੂਕ ਮਾਰੀ ਸੀ। ਜੇ ਲਾਹੌਰ ਰਾਵੀ ਨਦੀ ਦੇ ਕੰਢੇ ਪੈਂਦਾ ਸੀ ਤਾਂ ਇਹ ਵਾਲੀ ਥਾਂ ਘੱਗਰ ਨਾਂ ਦੀ ਬਰਸਾਤੀ ਨਦੀ ਦੇ ਕੰਢੇ। ਦਲੀਲ ਇਹ ਕਿ ਇਹ ਥਾਂ ਵਾਘਾ ਤੋਂ ਦਿੱਲੀ ਪਾਰ ਦੇ ਪਲਵਲ ਤਕ ਫੈਲੇ ਨਵੇਂ ਪੰਜਾਬ ਦੇ ਅੱਧ ਵਿਚਕਾਰ ਪੈਂਦੀ ਸੀ। ਉਦੋਂ ਕੌਣ ਜਾਣਦਾ ਸੀ ਪੰਜਾਬੀ ਸੂਬਾ ਹੋਂਦ ਵਿਚ ਆਉਣ ਤੋਂ ਪਿੱਛੋਂ ਇਸ ਸ਼ਹਿਰ ਨੇ ਨਾ ਹੀ ਪੰਜਾਬ ਦਾ ਰਹਿਣਾ ਸੀ ਤੇ ਨਾ ਹੀ ਹਰਿਆਣਾ ਦਾ। ਦੋਵਾਂ ਸੂਬਿਆਂ ਦੀ ਨੁੱਕਰੇ ਸਿਮਟ ਜਾਣਾ ਸੀ।

ਉਦੋਂ ਏਥੇ ਜ਼ੀਰਕਪੁਰ ਫਲਾਈਓਵਰ ਤੋਂ ਘੱਗਰ ਨਦੀ ਵਾਲਾ ਪੁਲ ਨਹੀਂ ਸੀ ਹੁੰਦਾ। ਬਰਸਾਤਾਂ ਵਿਚ ਘੱਗਰ ਦੇ ਚੜ੍ਹ ਜਾਣ ਕਾਰਨ ਅੰਬਾਲੇ ਤੋਂ ਰੋਪੜ ਜਾਣ ਵਾਲੀਆਂ ਬੱਸਾਂ ਦੀਆਂ ਸਵਾਰੀਆਂ ਨੂੰ ਮੁਬਾਰਕਪੁਰ ਵਾਲੇ ਪਾਸੇ ਉਤਾਰ ਦਿੱਤਾ ਜਾਂਦਾ ਸੀ ਤੇ ਉਹ ਰੇਲਵੇ ਪੁਲ ਦੀਆਂ ਲਾਈਨਾਂ ਉੱਤੋਂ ਤੁਰ ਕੇ ਪੁਲ ਪਾਰ ਕਰਦੀਆਂ ਸਨ। ਉਧਰਲੇ ਪਾਸੇ ਉਨ੍ਹਾਂ ਨੇ ਉਸ ਹੀ ਕੰਪਨੀ ਦੀ ਬਸ ਵਿਚ ਜਾ ਬੈਠਣਾ ਹੁੰਦਾ ਸੀ, ਜਿਸ ਦੀਆਂ ਸਵਾਰੀਆਂ ਨੇ ਆਪਣੇ ਪਾਸੇ ਤੋਂ ਰੇਲ ਦੀਆਂ ਲਾਈਨਾਂ ਲੰਘ ਕੇ ਪੁਲ ਪਾਰ ਕਰਕੇ ਉਸ ਬੱਸ ਵਿਚ ਸੀਟਾਂ ਮੱਲਣੀਆਂ ਹੁੰਦੀਆਂ ਸਨ। ਅਗਲੀਆਂ ਸਵਾਰੀਆਂ ਅੱਗੇ ਤੇ ਪਿਛਲੀਆਂ ਪਿੱਛੇ। ਕਮਾਲ ਦੀ ਪਾਬੰਦੀ ਸੀ।

ਉਦੋਂ ਜ਼ੀਰਕਪੁਰ ਅੱਜ ਵਾਂਗ ਆਬਾਦ ਨਹੀਂ ਸੀ। ਇਸ ਨੂੰ ਪਟਿਆਲਾ ਮੋੜ ਕਹਿੰਦੇ ਸਨ। ਇਸ ਮੋੜ ਉਤੋਂ ਕਾਲਕਾ-ਪਟਿਆਲਾ ਦੇ ਵਾਹਣ ਵੀ ਲੰਘਦੇ ਸਨ ਤੇ ਅੰਬਾਲਾ-ਰੋਪੜ ਵਾਲੇ ਵੀ। ਪਟਿਆਲਾ ਮੋੜ 'ਤੇ ਫਸਲ, ਬੂਟੇ ਤੇ ਰੁੱਖ ਤਾਂ ਸਨ ਪਰ ਬੰਦਾ ਕੋਈ ਕੋਈ। ਏਥੇ ਇਕ ਸਾਈਕਲਾਂ ਦੇ ਪੰਕਚਰ ਲਾਉਣ ਵਾਲਾ ਬੈਠਦਾ ਸੀ ਤੇ ਇਕ ਚਾਹ ਵਾਲਾ। ਚਾਹ ਵਾਲੇ ਨੇ ਖਤਾਨ ਵਿਚ ਬੱਕਰੀ ਬੰਨ੍ਹੀ ਹੁੰਦੀ ਸੀ ਜਿਹੜੀ ਖਤਾਨਾਂ ਦੀਆਂ ਜੜੀ-ਬੂਟੀਆਂ ਖਾ ਕੇ ਆਪਣਾ ਢਿੱਡ ਭਰ ਲੈਂਦੀ ਸੀ ਤੇ ਦੁਕਾਨ ਵਾਲੇ ਨੂੰ ਦੁੱਧ ਦਿੰਦੀ ਸੀ। ਚਾਹ ਵਾਲੇ ਨੂੰ ਜਿੰਨੇ ਕੱਪ ਚਾਹ ਦੀ ਲੋੜ ਹੁੰਦੀ ਸੀ, ਓਨਾ ਕੁ ਦੁੱਧ ਚੋਅ ਲਿਆਉਂਦਾ ਸੀ।

ਉਨ੍ਹਾਂ ਦਿਨਾਂ ਦੀ ਇਕ ਹੋਰ ਗੱਲ ਜਿਹੜੀ ਸੱਤਰ ਸਾਲ ਲੰਘ ਜਾਣ 'ਤੇ ਵੀ ਮੈਨੂੰ ਕੱਲ੍ਹ ਵਾਂਗ ਚੇਤੇ ਹੈ, ਉਹ ਹੈ ਮੁਬਾਰਕਪੁਰ ਵਾਲਾ ਸ਼ਰਨਾਰਥੀ ਕੈਂਪ। ਏਥੇ ਪਾਕਿਸਤਾਨ ਤੋਂ ਉਜੜ ਕੇ ਆਏ ਸ਼ਰਨਾਰਥੀਆਂ ਲਈ ਝੁੱਗੀਆਂ ਸਨ। ਸ਼ਰਨਾਰਥੀ ਇਨ੍ਹਾਂ ਵਿਚ ਹੀ ਖਾਣਾ ਬਣਾਉਂਦੇ ਤੇ ਸੌਂਦੇ ਸੀ। ਮੂਲ ਧੰਦਾ ਮਜ਼ਦੂਰੀ ਸੀ, ਖਾਸ ਕਰਕੇ ਏਧਰੋਂ ਉਧਰ ਤੇ ਉਧਰੋਂ ਏਧਰ ਆਉਣ ਜਾਣ ਵਾਲੀਆਂ ਸਵਾਰੀਆਂ ਦੇ ਸਾਮਾਨ ਢੋਣ ਦਾ। ਇਸ ਕੈਂਪ ਦੇ ਸ਼ਰਨਾਰਥੀ ਪਾਕਿਸਤਾਨ ਦੇ ਝੰਗ ਖੇਤਰ ਤੋਂ ਆਏ ਸਨ। ਉਨ੍ਹਾਂ ਦੀਆਂ ਸੁਆਣੀਆਂ ਜੱਦੀ ਪੁਸ਼ਤੀ ਵਸੋਂ ਦੇ ਘਰਾਂ ਵਿਚ ਕੰਮ ਕਰ ਲੈਂਦੀਆਂ ਸਨ ਤੇ ਮਰਦ ਲੋਕ ਉਨ੍ਹਾਂ ਦੇ ਖੇਤਾਂ ਵਿਚ। ਨਿਵੇਕਲੀ ਗੱਲ ਇਹ ਕਿ ਸਾਰੇ ਇਸਤਰੀ ਮਰਦ ਸਲਵਾਰ ਕਮੀਜ਼ ਦੀ ਥਾਂ ਧੋਤੀ ਪਹਿਨਦੇ ਸਨ। ਮੇਰੇ ਵਰਗੇ ਨੌਜਵਾਨਾਂ ਜਿਨ੍ਹਾਂ ਦੀਆਂ ਮਾਵਾਂ, ਭੈਣਾਂ ਦੇ ਗਿੱਟੇ ਗੋਡੇ ਸਲਵਾਰਾਂ ਨਾਲ ਢਕੇ ਹੁੰਦੇ ਸਨ, ਨੂੰ ਉਨ੍ਹਾਂ ਦੀਆਂ ਧੋਤੀਆਂ ਥੱਲਿਓਂ ਦਿਖਾਈ ਦਿੰਦੀਆਂ ਨੰਗੀਆਂ ਤੇ ਗੋਰੀਆਂ ਲੱਤਾਂ ਓਪਰੀਆਂ ਵੀ ਲਗਦੀਆਂ ਤੇ ਚੰਗੀਆਂ ਵੀ, ਖਾਸ ਕਰਕੇ ਖੇਤਾਂ ਵਿਚ ਕੰਮ ਕਰਦੇ ਸਮੇਂ। ਸਥਾਨਕ ਔਰਤਾਂ ਖੇਤਾਂ ਵਿਚ ਕੰਮ ਨਹੀਂ ਸਨ ਕਰਦੀਆਂ।

ਮੁਆਫ ਕਰਨਾ, ਮੈਂ ਘੱਗਰ ਪਾਰ ਦੇ ਪਿੰਡਾਂ ਤੇ ਲੋਕਾਂ ਵਿਚ ਹੀ ਉਲਝ ਗਿਆ। ਅਸਲ ਰਾਜਧਾਨੀ ਦੀ ਥਾਂ ਤਾਂ ਦੂਜੇ ਪਾਸੇ ਸੀ। ਇਸ ਦਾ ਨਾਂ ਵੀ ਏਥੋਂ ਪੁੱਟੇ ਗਏ ਕਿਸੇ ਪਿੰਡ ਉੱਤੇ ਨਹੀਂ ਸੀ ਰੱਖਿਆ ਤੇ ਨਾ ਹੀ ਕਿਸੇ ਵਿਅਕਤੀ ਵਿਸ਼ੇਸ਼ ਨਾਲ ਜੋੜ ਕੇ। ਨੇੜੇ ਹੀ ਚੰਡੀ ਮੰਦਰ ਪੈਂਦਾ ਸੀ ਜਿਸ ਦੇ ਚੰਡੀ ਨਾਲ ਗੜ੍ਹ ਸ਼ਬਦ ਜੋੜ ਕੇ ਇਸ ਨੂੰ ਮਹਾਨਤਾ ਵੀ ਦਿੱਤੀ ਗਈ ਤੇ ਨਵੀਨਤਾ ਵੀ। ਬਲਦੇਵ ਸਿੰਘ ਨੇ ਦਿੱਤੀ ਜਾਂ ਪੰਡਤ ਨਹਿਰੂ ਨੇ, ਮੈਂ ਨਹੀਂ ਜਾਣਦਾ।

ਉਦੋਂ ਤੋਂ ਹੁਣ ਤਕ ਘੱਗਰ ਵਿਚੋਂ ਬੇਅੰਤ ਪਾਣੀ ਵਹਿ ਚੁੱਕਿਆ ਹੈ। ਇਸ ਦਾ ਮੋਟਾ ਜਿਹਾ ਅਨੁਮਾਨ ਉਸ ਸਮੇਂ ਵਾਲੇ ਘੱਗਰ ਉੱਤੇ ਬਣੇ ਵਧੀਆ ਪੁਲ ਅਤੇ ਪਟਿਆਲਾ ਮੋੜ ਉੱਤੇ ਬਣੀਆਂ ਆਲੀਸ਼ਾਨ ਇਮਾਰਤਾਂ, ਹੋਟਲਾਂ, ਮਹਿਮਾਨਖਾਨਿਆਂ, ਘਰਾਂ ਤੋਂ ਲੱਗ ਜਾਂਦਾ ਹੈ। ਝਾਂਗੀ ਰਹਿਣੀ ਸਹਿਣੀ, ਪਹਿਰਾਵਾ ਤੇ ਵਸਤਰ ਕੀਹਦੇ ਪਾਣੀਹਾਰ ਹਨ।

ਮੈਂ ਆਪਣੀ ਗੱਲ ਅੱਗੇ ਤੋਰਨ ਲਈ ਮੁਬਾਰਕਪੁਰ ਦੀ ਸੜਕ ਉੱਤੇ ਉਸ ਘਰ ਨਾਲ ਜੋੜਨਾ ਚਾਹਾਂਗਾ ਜਿਥੇ ਮਹਿੰਦਰ ਸਿੰਘ ਰੰਧਾਵਾ ਦੇ ਆਦੇਸ਼ ਥੱਲੇ ਇਕ ਵੱਡੇ ਕਮਰੇ ਵਿਚ ਲਾਇਬਰੇਰੀ ਖੋਲ੍ਹੀ ਗਈ ਸੀ। ਉੱਥੇ ਮੈਂ ਵੀ ਵਿਹਲਾ ਸਮਾਂ ਬਿਤਾਉਣ ਲਈ ਸੁੰਢੜਾਂ ਖੇੜੀ ਤੋਂ ਤੁਰ ਕੇ ਹਰ ਦੂਜੇ ਦਿਨ ਪੁਸਤਕਾਂ ਪੜ੍ਹਨ ਅਤੇ ਸ਼ਰਨਾਰਥੀ ਕੈਂਪ ਦੀਆਂ ਗਤੀਵਿਧੀਆਂ ਦੇਖਣ ਚਲਾ ਜਾਂਦਾ ਸਾਂ। ਅਜਿਹੀਆਂ ਲਾਇਬਰੇਰੀਆਂ ਐੱਮ.ਐੱਸ.ਰੰਧਾਵਾ ਨੇ ਪੰਜਾਬ ਸਰਕਾਰ ਦਾ ਡਿਵੈਲਪਮੈਂਟ ਕਮਿਸ਼ਨਰ ਹੁੰਦਿਆਂ ਬਲਾਕ ਡਿਵੈਲਪਮੈਂਟ ਅਫ਼ਸਰਾਂ ਨੂੰ ਹੁਕਮ ਦੇ ਕੇ ਖੁਲ੍ਹਵਾਈਆਂ ਸਨ।

ਇਸ ਖੇਤਰ ਵਿਚ ਅੱਜ ਚੰਡੀਗੜ੍ਹ ਨਾਂ ਦਾ ਸੁੰਦਰ ਸ਼ਹਿਰ ਉਸਰ ਚੁੱਕਿਆ ਹੈ ਜਿਹੜਾ ਪੰਜਾਬ, ਹਰਿਆਣਾ ਤੇ ਚੰਡੀਗੜ੍ਹ ਪ੍ਰਸ਼ਾਸਨ ਦਾ ਹੈੱਡ ਕੁਆਰਟਰ ਹੈ। ਏਥੇ ਮੇਰਾ ਹੁਣ ਵਾਲਾ ਪ੍ਰਵੇਸ਼ ਉਦੋਂ ਨਾਲੋਂ 35 ਸਾਲ ਪਿੱਛੋਂ ਹੋਇਆ। ਦਿੱਲੀ ਦੱਖਣ ਗਾਹ ਕੇ ਮੈਨੂੰ ਚੰਡੀਗੜ੍ਹ ਲਿਆਉਣ ਵਾਲਾ ਐੱਮ. ਐੱਸ.ਰੰਧਾਵਾ ਖੁਦ ਵੀ ਦਿੱਲੀ ਰਾਹੀਂ ਏਥੇ ਪਹੁੰਚਿਆ ਸੀ। ਮੈਂ ਦਿੱਲੀ ਵਿਖੇ ਰਹਿੰਦਿਆਂ ਉਸ ਦਾ

ਚੰਗਾ ਜਾਣੂ ਹੋ ਚੁੱਕਿਆ ਸੀ ਤੇ ਉਹ ਮੈਨੂੰ ਇਸ ਸ਼ਹਿਰ ਤੋਂ ਪ੍ਰਕਾਸ਼ਤ ਹੁੰਦੀ 'ਪੰਜਾਬੀ ਟ੍ਰਿਬਿਊਨ' ਦਾ ਸੰਪਾਦਕ ਬਣਾ ਕੇ ਲੈ ਆਇਆ, ਮੇਰੀ ਦਿੱਲੀ ਵਾਲੀ ਸਰਕਾਰੀ ਨੌਕਰੀ ਛੁਡਵਾ ਕੇ, ਜਿੱਥੇ ਮੈਂ ਨੌਂ ਸਾਲ ਹੋਰ ਕੰਮ ਕਰਨਾ ਸੀ।

ਇਹ ਵਾਲਾ ਪੈਂਡਾ ਕੰਡਿਆਂ ਬਾਹਰਾ ਨਹੀਂ ਸੀ। ਸ਼ਹਿਰ ਨਵਾਂ ਸੀ। ਮੈਂ ਉਹ ਸ਼ਹਿਰ ਛੱਡ ਕੇ ਆਇਆ ਸਾਂ ਜਿੱਥੇ ਮੈਂ ਮਰਦੇ ਦਮ ਤਕ ਰਹਿਣ ਦਾ ਫ਼ੈਸਲਾ ਕਰ ਚੁੱਕਾ ਸਾਂ ਤੇ ਜਿੱਥੇ ਮੈਂ ਆਪਣੀ ਅੰਤਲੀ ਉਮਰ ਬਤੀਤ ਕਰਨ ਲਈ ਘਰ ਵੀ ਬਣਾ ਲਿਆ ਸੀ। ਏਥੇ ਆ ਕੇ ਮੈਂ ਅੰਤਾਂ ਦੀ ਉਦਾਸੀ ਦਾ ਸ਼ਿਕਾਰ ਹੋ ਗਿਆ। ਬਹੁਤਾ ਏਸ ਲਈ ਕਿ ਮੇਰੀ ਪਤਨੀ ਦਿੱਲੀ ਵਾਲੀ ਨੌਕਰੀ ਨਹੀਂ ਸੀ ਛੱਡ ਸਕਦੀ ਤੇ ਮੈਨੂੰ ਇਕੱਲੇ ਨੂੰ ਆਉਣਾ ਪਿਆ ਸੀ। ਦਿਨ ਤਾਂ ਦਫ਼ਤਰ ਦੇ ਕੰਮ ਵਿਚ ਲੰਘ ਜਾਂਦਾ ਪਰ ਸ਼ਾਮ ਬੜੀ ਪ੍ਰੇਸ਼ਾਨ ਕਰਦੀ। ਘੋਰ ਉਦਾਸੀ ਦੀ ਅਵਸਥਾ ਦਾ ਸਹਾਰਾ ਸ਼ਰਾਬ ਦਾ ਸੇਵਨ ਲੱਭਿਆ ਪਰ ਇਹ ਮੈਨੂੰ ਹੋਰ ਵੀ ਉਦਾਸ ਕਰ ਦਿੰਦਾ।

ਉਧਰ ਦਫ਼ਤਰ ਵਿਚ ਵੀ ਉਸ ਬੰਦੇ ਨੇ ਫਣ ਚੁੱਕਣੇ ਸ਼ੁਰੂ ਕਰ ਦਿੱਤੇ ਜਿਹੜਾ ਆਪਣੇ ਆਪ ਨੂੰ ਮੇਰੇ ਨਾਲੋਂ 'ਪੰਜਾਬੀ ਟ੍ਰਿਬਿਊਨ' ਦੀ ਸੰਪਾਦਕੀ ਦੇ ਵਧੇਰੇ ਯੋਗ ਸਮਝਦਾ ਸੀ। ਉਨ੍ਹਾਂ ਦਿਨਾਂ ਵਿਚ ਮੈਨੂੰ ਵਰਚਾਉਣ ਵਾਲੇ ਚੰਡੀਗੜ੍ਹ ਵਿਚ ਕੇਵਲ ਦੋ ਹੀ ਬੰਦੇ ਸਨ ਜਿਨ੍ਹਾਂ ਨੂੰ ਮੈਂ ਦਿੱਲੀ ਤੋਂ ਜਾਣਦਾ ਸੀ। ਇਕ ਡਾ. ਅਤਰ ਸਿੰਘ ਤੇ ਦੂਜਾ ਹੱਥਲੇ ਪਰਚੇ ਵਾਲਾ ਰਘਬੀਰ ਸਿੰਘ। ਉਦੋਂ ਅਤਰ ਸਿੰਘ ਦੇ ਚਾਹੁਣ ਵਾਲੇ ਵੀ ਬਹੁਤ ਸਨ ਤੇ ਉਹ ਆਪ ਵੀ ਰਾਜਨੀਵਾਨਾਂ ਵਿਚ ਉਲਝਿਆ ਰਹਿੰਦਾ ਸੀ। ਰਘਬੀਰ ਸਿੰਘ ਦੀ ਰਿਹਾਇਸ਼ ਵੀ ਮੇਰੀ ਰਿਹਾਇਸ਼ ਵਾਲੇ ਸੈਕਟਰ ਵਿਚ ਸੀ। ਇਹ ਗੱਲ ਵੀ ਮੈਨੂੰ ਕੱਲ੍ਹ ਵਾਂਗ ਚੇਤੇ ਹੈ ਕਿ ਉਹ ਸਮਾਂ ਕੱਢ ਕੇ ਔਖੀ ਘੜੀ ਵਿਚ ਮੇਰਾ ਸਾਥ ਦੇਣ ਆ ਜਾਂਦਾ।

ਜਦੋਂ ਤਕ ਮੈਂ ਸੰਭਲਿਆ, ਮਾਰਚ 1986 ਵਿਚ ਐੱਮ. ਐੱਸ. ਰੰਧਾਵਾ ਦਾ ਦੇਹਾਂਤ ਹੋ ਗਿਆ ਤੇ ਮੈਨੂੰ ਨਿਯੁਕਤੀ ਦੇਣ ਵਾਲਾ ਦਰਿਆ ਦਿਲ ਮੁੱਖ ਸੰਪਾਦਕ ਪ੍ਰੇਮ ਭਾਟੀਆ ਸੇਵਾ ਮੁਕਤ। ਨਤੀਜੇ ਵਜੋਂ ਮੇਰੇ ਵਾਲੀ ਕੁਰਸੀ ਉੱਤੇ ਬੈਠਣ ਦੇ ਇਛੁਕ ਮੇਰੇ ਐਸਿਸਟੈਂਟ ਐਡੀਟਰ ਨੇ ਪ੍ਰਬੰਧਕਾਂ ਨਾਲ ਗਿਟਮਿਟ ਕਰਕੇ ਮੈਨੂੰ ਏਨਾ ਪ੍ਰੇਸ਼ਾਨ ਕੀਤਾ ਕਿ ਮੈਂ ਸੰਪਾਦਕੀ ਛੱਡ ਦਿੱਤੀ।

ਇਹ ਗੱਲ ਵੱਖਰੀ ਹੈ ਕਿ ਤਿੰਨ ਸਾਲ ਦੇ ਇਸ ਅਰਸੇ ਵਿਚ ਕਈ ਭਲੇ ਲੋਕ ਮੇਰੀ ਯੋਗਤਾ ਤੋਂ ਜਾਣੂ ਹੋ ਗਏ ਤੇ ਉਨ੍ਹਾਂ ਨੇ ਮੇਰਾ ਰੁਝੇਵਾਂ ਬਣਾਈ ਰੱਖਿਆ। ਮੈਂ ਐੱਮ. ਐਸ. ਰੰਧਾਵਾ ਵੱਲੋਂ ਸਥਾਪਤ ਕੀਤੀ ਪੰਜਾਬ ਆਰਟਸ ਕੌਂਸਲ ਦਾ ਚੇਅਰਮੈਨ ਵੀ ਬਣਿਆ ਤੇ ਪੰਜਾਬ ਰੈੱਡ ਕਰਾਸ ਦਾ ਸੈਕਟਰੀ ਵੀ, ਜਿੱਥੋਂ ਪੰਜਾਬੀ ਯੂਨੀਵਰਸਟੀ ਪਟਿਆਲਾ ਵਾਲੇ ਮੈਨੂੰ ਪੱਤਰਕਾਰੀ ਤੇ ਜਨ ਸੰਚਾਰ ਵਿਭਾਗ ਦਾ ਮੁਖੀ ਬਣਾ ਕੇ ਲੈ ਗਏ। ਉਹ ਮੇਰੇ 'ਪੰਜਾਬੀ ਟ੍ਰਿਬਿਊਨ' ਤੇ ਉਸ ਤੋਂ ਪਹਿਲਾਂ ਪੰਜਾਬ ਐਗਰੀਕਲਚਰਲ ਯੂਨੀਵਰਸਟੀ ਵਿਚ ਕੀਤੇ ਨਿਵੇਕਲੇ ਕੰਮ ਤੋਂ ਜਾਣੂ ਸਨ। ਯੂਨੀਵਰਸਿਟੀ ਤੋਂ ਸੇਵਾ ਮੁਕਤ ਹੁੰਦੇ ਸਾਰ ਮੈਨੂੰ ਹਰਕਿਸ਼ਨ ਸਿੰਘ ਸੁਰਜੀਤ ਨੇ ਦਿੱਲੀ ਬੁਲਾ ਕੇ ਪਾਰਟੀ ਵੱਲੋਂ ਨਵੇਂ ਕੱਢੇ ਜਾਣ ਵਾਲੇ ਅਖ਼ਬਾਰ 'ਦੇਸ਼ ਸੇਵਕ' ਦੀ ਸੰਪਾਦਕੀ ਸੌਂਪ ਦਿੱਤੀ। ਉਸ ਨੂੰ ਮੇਰਾ ਨਾਂ ਸੁਝਾਉਣ ਵਾਲਾ ਉਹੀਓ ਰਘਬੀਰ ਸਿੰਘ ਸੀ ਜਿਸ ਨੇ ਮੇਰੇ ਦਿੱਲੀ ਛੱਡ ਕੇ ਚੰਡੀਗੜ੍ਹ ਪਹੁੰਚਣ ਪਿੱਛੋਂ ਉਦਾਸੀ ਦੇ ਦਿਨਾਂ ਵਿਚ ਮੇਰਾ ਸਾਥ ਦਿੱਤਾ ਸੀ।

ਮੈਂ ਖ਼ੁਸ਼ ਹਾਂ ਕਿ ਏਸ ਉਮਰੇ ਮੈਂ ਉਸ ਸ਼ਹਿਰ ਦਾ ਵਸਨੀਕ ਹਾਂ ਜਿੱਥੇ ਸਿਹਤ ਸਹੂਲਤਾਂ ਲਈ ਭਾਰਤ ਦੀ ਬਹੁਤ ਵੱਡੀ ਸੰਸਥਾ ਪੋਸਟ ਗਰੈਜੂਏਟ ਇੰਸਟੀਚਿਊਟ ਆਫ਼ ਮੈਡੀਕਲ ਐਜੂਕੇਸ਼ਨ ਐਂਡ ਰਿਸਰਚ ਤੋਂ ਬਿਨਾਂ ਦੋ ਸਰਕਾਰੀ ਹਸਪਤਾਲ ਅਤੇ ਫੋਰਟਿਸ, ਮੈਕਸ, ਆਈਵੀ ਤੇ ਮੇਓ ਕਲਿਨਿਕ ਵਰਗੇ ਗ਼ੈਰ-ਸਰਕਾਰੀ ਹਸਪਤਾਲ ਵੀ ਹਨ। ਰੇਲ, ਰੋਡ ਤੇ ਹਵਾਈ ਆਵਾਜਾਈ ਦੀ ਪੂਰਨ ਸੁਵਿਧਾ ਹੈ। ਸੈਰ ਸਪਾਟੇ ਲਈ ਪਾਰਕਾਂ ਤੇ ਲਈਅਰ ਵੈਲੀ ਦੀ ਸ਼ਾਂਤ ਵਾਦੀ ਹੈ। ਤੇ ਮਨੋਰੰਜਨ ਲਈ ਸੰਗੀਤ ਨਾਟ ਮੰਡਲੀਆਂ ਤੇ ਕਲਾ ਕੇਂਦਰ, ਜਿੱਥੇ ਆਏ ਦਿਨ ਨਾਟਕ ਖੇਡੇ ਜਾਂਦੇ

ਹਨ ਤੇ ਕੋਮਲ ਕਲਾ ਨਾਲ ਸਬੰਧਤ ਨੁਮਾਇਸ਼ਾਂ ਲਗਦੀਆਂ ਹਨ। ਦਿੱਲੀ ਤੇ ਨਵੀਂ ਦਿੱਲੀ ਦੇ ਟਾਕਰੇ ਉੱਤੇ ਇਸ ਸ਼ਹਿਰ ਦੀ ਗੁੰਦਵੀਂ ਰੂਪ-ਰੇਖਾ ਤੇ ਵਿਉਂਤਬੰਦੀ ਮਨ ਨੂੰ ਮੋਂਹਦੀ ਤੇ ਸੁਖਾਉਂਦੀ ਹੈ।

ਮੈਨੂੰ ਚੰਡੀਗੜ੍ਹੀਆਂ ਨੇ ਬੜਾ ਪਿਆਰ ਤੇ ਸਤਿਕਾਰ ਦਿੱਤਾ ਹੈ ਜਿਹੜਾ ਮੇਰੇ 'ਟ੍ਰਿਬਿਊਨ' ਵਿਚ ਦਾਖਲੇ ਸਮੇਂ ਭੂਸ਼ਨ ਧਿਆਨਪੁਰੀ ਦੇ ਉਸ ਟੋਟਕੇ ਵਿਚ ਦਰਜ ਹੈ ਜਿਸ ਵਿਚ ਉਸ ਨੇ ਮੈਨੂੰ ਸੰਤ ਸੰਧੂ, ਅਵਤਾਰ ਸਿੰਘ ਪਾਸ਼ ਤੇ ਕਾਦਰਯਾਰ ਵਰਗਾ ਗੁਣੀਆ ਕਿਹਾ ਹੈ। ਉਸ ਵੇਲੇ ਪੰਜਾਬੀ ਟ੍ਰਿਬਿਊਨ ਦੇ ਸਬ ਐਡੀਟਰ ਸ਼ਮਸ਼ੇਰ ਸਿੰਘ ਸੰਧੂ ਨੇ ਕਹਾਣੀਕਾਰ ਵਰਿਆਮ ਸੰਧੂ ਨੂੰ ਸੰਬੋਧਤ ਖਤ ਵਿਚ ਇਸ ਬਾਰੇ ਜ਼ਿਕਰ ਕੀਤਾ ਸੀ। ਟੋਟਕਾ ਹਾਜ਼ਰ ਹੈ:

*ਲਿਖਿਆ ਖ਼ਤ ਸ਼ਮਸ਼ੇਰ ਵਰਿਆਮ ਤਾਈਂ*
*ਅਸੀਂ ਸਦਾ ਹੀ ਰਹੇ ਸਰਦਾਰ ਸੰਧੂ*
*ਸਾਡਾ ਸੰਤ ਸੰਧੂ ਸਾਡਾ ਪਾਸ਼ ਸੰਧੂ*
*ਪੂਰਨ ਭਗਤ ਵਾਲਾ ਕਾਦਰਯਾਰ ਸੰਧੂ*
*ਸਾਡੀ ਕਲਗੀ ਨੂੰ ਨਵਾਂ ਏ ਖੰਭ ਲੱਗਾ*
*ਆਇਆ ਜਦੋਂ ਦਾ ਏਥੇ ਗੁਲਜ਼ਾਰ ਸੰਧੂ*
*ਜੱਟ ਚੜ੍ਹਿਆ ਸੁਹਾਗੇ ਨਹੀਂ ਮਾਣ ਹੁੰਦਾ*
*ਇਹ ਤਾਂ ਆਇਆ ਅਖ਼ਬਾਰ ਸਵਾਰ ਸੰਧੂ*

ਏਥੇ ਮੈਨੂੰ ਪੰਜਾਬ ਆਰਟਸ ਕੌਂਸਲ ਨੇ ਹੀ ਨਹੀਂ ਨਿਵਾਜਿਆ, ਚੰਡੀਗੜ੍ਹ ਸਾਹਿਤ ਅਕਾਡਮੀ ਦੇ ਪ੍ਰਬੰਧਕਾਂ ਨੇ ਵੀ ਘਰੋਂ ਬੁਲਾ ਕੇ ਮੈਨੂੰ ਇਸ ਦੀ ਵਾਗਡੋਰ ਸੰਭਾਲੀ। ਦੂਰਦਰਸ਼ਨ ਵਾਲਿਆਂ ਨੇ ਮੇਰੀ ਸਾਹਿਤਕ ਤੇ ਸਭਿਆਚਾਰਕ ਸਾਂਝ ਬਾਰੇ ਟੈਲੀ ਫ਼ਿਲਮ ਬਣਾਈ ਤੇ ਇਕ ਹੋਰ ਸੰਸਥਾ ਨੇ ਮੈਨੂੰ ਆਪਣੀ ਪ੍ਰਾਈਮ ਪਰਸਨੈਲਟੀ, ਭਾਵ ਪ੍ਰਮੁਖ ਸ਼ਖ਼ਸੀਅਤ ਲੜੀ ਵਿਚ ਪਰੋਇਆ। ਡਾ. ਸਾਹਿਬ ਸਿੰਘ ਨੇ ਮੇਰੀਆਂ ਤਿੰਨ ਕਹਾਣੀਆਂ ਦੇ ਆਧਾਰ ਉੱਤੇ 'ਅਮਰ ਕਥਾ' ਨਾਂ ਦਾ ਨਾਟਕ ਰਚਿਆ ਜਿਹੜਾ ਪੰਜਾਬ ਦੇ ਕਈ ਭਾਗਾਂ ਵਿਚ ਖੇਡਿਆ ਗਿਆ। ਮੇਰੀਆਂ ਦੋ-ਤਿੰਨ ਸਾਹਿਤਕ ਮਿਲਣੀਆਂ ਯੂਟਿਊਬ ਉੱਤੇ ਵੀ ਚੜ੍ਹ ਚੁੱਕੀਆਂ ਹਨ।

ਵੱਡੀ ਗੱਲ ਇਹ ਕਿ ਏਥੇ ਆ ਕੇ ਮੈਂ ਆਪਣੇ ਨਾਨਕਿਆਂ, ਦਾਦਕਿਆਂ, ਸਹੁਰਿਆਂ ਤੇ ਹੋਰ ਸਾਕ ਸੰਬੰਧੀਆਂ ਦੇ ਨੇੜੇ ਹੋ ਗਿਆ ਹਾਂ। ਇਕ ਦੂਜੇ ਦਾ ਦੁਖ-ਸੁਖ ਵੰਡਾਉਣ ਦੇ ਯੋਗ ਨਵੇਂ ਮਿੱਤਰ ਵੀ ਦਿੱਲੀ ਵਾਲੇ ਮਿੱਤਰਾਂ ਵਾਂਗ ਪਿਆਰ ਦਿੰਦੇ ਹਨ।

ਕਈ ਪੱਖਾਂ ਤੋਂ ਇਹ ਸ਼ਹਿਰ ਲਾਹੌਰ ਨਾਲੋਂ ਵਧੀਆ ਹੈ। ਭੀੜ ਭੜੱਕੇ ਤੇ ਬਹੁਮੰਜ਼ਲੀ ਇਮਾਰਤਾਂ ਤੋਂ ਮੁਕਤ। ਮੇਰੀ ਰਿਹਾਇਸ਼ ਸੈਕਟਰ 36 ਵਿਚ ਹੈ ਜਿਹੜਾ ਭਲੇ ਸਮਿਆਂ ਵਿਚ ਏਥੋਂ ਲੰਘਣ ਵਾਲੀ ਅੰਬਾਲਾ ਰੋਪੜ ਸੜਕ 'ਤੇ ਪੈਂਦਾ ਸੀ। ਮੈਂ ਭਲੇ ਦਿਨਾਂ ਤੋਂ ਇਹਦੇ ਨਾਲ ਜੁੜਿਆ ਹੋਇਆ ਹਾਂ।

ਚੰਡੀਗੜ੍ਹ ਸਕੱਤਰੇਤ, ਹਾਈਕੋਰਟ ਤੇ ਵਿਧਾਨ ਸਭਾ ਦੀਆਂ ਇਮਾਰਤਾਂ ਤੇ ਇਨ੍ਹਾਂ ਵਿਚ ਪ੍ਰਵੇਸ਼ ਕਰਨ ਵਾਲਿਆਂ ਦਾ ਸਵਾਗਤ ਕਰਦਾ ਖੁਲ੍ਹੇ ਹੱਥ ਦਾ ਚਿੰਨ੍ਹ ਕਾਰਬੂਜ਼ੇ ਵੱਲੋਂ ਵਿਉਂਤੇ ਸ਼ਹਿਰ ਨਾਲ ਅਪਣੱਤ ਪੈਦਾ ਕਰਦਾ ਹੈ। ਜੇ ਪੰਡਤ ਨਹਿਰੂ, ਬਲਦੇਵ ਸਿੰਘ ਤੇ ਕਾਰਬੂਜ਼ੇ ਦੇ ਨਾਂ ਲੋਕ ਮਨਾਂ ਦੇ ਚਿਤਰਪਟ ਤੋਂ ਅਲੋਪ ਹੋ ਰਹੇ ਹਨ ਤਾਂ ਇਸ ਸ਼ਹਿਰ ਦੇ ਪਹਿਲੇ ਚੀਫ਼ ਕਮਿਸ਼ਨਰ ਐੱਮ. ਐੱਸ. ਰੰਧਾਵਾ ਨੂੰ ਏਥੋਂ ਦੇ ਰੁੱਖਾਂ ਦੀਆਂ ਡਾਲੀਆਂ ਅਤੇ ਪੱਤੇ ਯਾਦ ਕਰਦੇ ਹਨ। ਹਰ ਸਾਲ ਫਰਵਰੀ ਮਹੀਨੇ ਪੰਜਾਬ ਆਰਟਸ ਕੌਂਸਲ ਦੇ ਵਿਹੜੇ ਵਿਚ ਹਫ਼ਤੇ ਭਰ ਲਈ ਰੰਧਾਵਾ ਉਤਸਵ ਮਨਾਇਆ ਜਾਂਦਾ ਹੈ ਤੇ ਉਸ ਦੇ ਗੁਣ ਗਾਏ ਜਾਂਦੇ ਹਨ।

ਚੰਡੀਗੜ੍ਹ ਨੂੰ ਸੁੰਦਰ ਤੇ ਵਾਤਾਵਰਨ ਸ਼ੁਧਤਾ ਦੇਣ ਲਈ ਪਹਾੜੀਆਂ ਨਾਲ ਲਗਦੇ ਸੈਕਟਰ ਇਕ ਨੇੜੇ ਮਸਨੂਈ ਝੀਲ ਬਣਵਾਈ ਗਈ ਜਿਸ ਵਿਚੋਂ ਦੀ ਸ਼ਿਵਾਲਿਕ ਦੀਆਂ ਮੌਸਮੀ ਕੂਲ੍ਹਾਂ ਦਾ ਪਾਣੀ

ਵਹਿੰਦਾ ਕੀਤਾ ਗਿਆ ਹੈ। ਤਿੰਨ ਕਿਲੋਮੀਟਰ ਲੰਮੀ ਇਸ ਝੀਲ ਦੇ ਕੰਢਿਆਂ ਉੱਤੇ ਸੈਲਾਨੀਆਂ ਲਈ ਸੈਰ ਦੀ ਸੁਵਿਧਾ ਤੇ ਇਸ ਦੀ ਬੁੱਕਲ਼ ਵਿਚ ਛਾਂਦਾਰ ਬੂਟਿਆਂ ਵਾਲੀ ਬਗੀਚੀ ਹੈ, ਜਿਨ੍ਹਾਂ ਦੀ ਵੀ ਛਾਂ ਸੈਲਾਨੀ ਮਾਣਦੇ ਹਨ। ਖੂਬੀ ਇਹ ਕਿ ਹਰ ਤਰ੍ਹਾਂ ਦੀ ਰਚਨਾਕਾਰੀ ਸਮੇਂ ਇਸ ਗੱਲ ਦਾ ਖਾਸ ਧਿਆਨ ਰੱਖਿਆ ਗਿਆ ਹੈ ਕਿ ਜਿੱਥੇ ਕਿਧਰੇ ਵੀ ਪੁਰਾਣੇ ਬੋਹੜ ਤੇ ਪਿੱਪਲ ਸਨ, ਉਨ੍ਹਾਂ ਨੂੰ ਕਿਸੇ ਕਿਸਮ ਦੀ ਆਂਚ ਨਾ ਆਵੇ। ਪੰਜਾਬੀ ਸਭਿਆਚਾਰ ਦੀ ਵਿਰਾਸਤ ਵਜੋਂ ਜਾਣੇ ਜਾਂਦੇ ਇਨ੍ਹਾਂ ਰੁੱਖਾਂ ਦੀ ਉਮਰ ਸੌ ਸਾਲ ਤੋਂ ਵੱਧ ਦੱਸੀ ਜਾਂਦੀ ਹੈ।

ਇਨ੍ਹਾਂ ਤੋਂ ਬਿਨਾਂ ਸੈਕਟਰ 36 ਵਿਚ ਸੁਗੰਧੀ ਬਗੀਚਾ ਹੈ ਜਿਸ ਨੂੰ ਫਰੈਗਰੈਂਸ ਗਾਰਡਨ ਕਹਿੰਦੇ ਹਨ, ਸੈਕਟਰ 42 ਵਿਚ ਖਜੂਰੀ ਬਾਗ਼, ਸੈਕਟਰ 26 ਦਾ ਤਿਤਲੀ ਪਾਰਕ, ਸੈਕਟਰ 31 ਦਾ ਜਪਾਨੀ ਬਗੀਚਾ ਤੇ ਸੈਕਟਰ 49 ਦੀ ਪਸ਼ੂ ਪੰਛੀ ਵਾਦੀ ਤੋਂ ਬਿਨਾਂ ਏਥੇ ਸ਼ਾਂਤੀ ਕੁੰਜ ਬਨਸਪਤੀ ਵਾਦੀ ਤੇ ਬੋਗਨਵਿਲਾ ਬਗੀਚੀ ਵੀ ਹੈ। ਇਹ ਸ਼ਹਿਰ ਮੋਟੇ ਤੌਰ ‘ਤੇ ਚਾਰ ਧਰਮਾਂ ਦਾ ਮਿਸ਼ਰਨ ਹੈ। ਬਹੁ ਗਿਣਤੀ ਹਿੰਦੂ ਵਸੋਂ ਹੈ ਪਰ ਸਿੱਖ, ਮੁਸਲਿਮ, ਬੋਧੀ ਤੇ ਜੈਨੀ ਵੀ ਇਕ ਚੁਥਾਈ ਦੇ ਲਗਪਗ ਹਨ। ਪੂਜਾ ਸਥਾਨਾਂ ਵਜੋਂ ਚੰਡੀਮੰਦਰ ਪਹਿਲੇ ਸਥਾਨ ‘ਤੇ ਆਉਂਦਾ ਹੈ। ਗੁਰਦੁਆਰਾ ਨਾਢਾ ਸਾਹਿਬ ਉਸ ਤੋਂ ਪਿੱਛੋਂ ਤੇ ਫਿਰ ਇਸਕਾਨ ਮੰਦਰ।

ਬਿਨਾਂ ਸ਼ੱਕ, ਚੰਡੀਗੜ੍ਹ ਆਲੀਸ਼ਾਨ ਵੀ ਹੈ ਅਤੇ ਵਿਲੱਖਣ ਤੇ ਸੁੰਦਰ ਵੀ। ਏਥੇ ਦੋ ਸਟੇਡੀਅਮ ਹਨ ਤੇ ਇਕ ਗੋਲਫ਼ ਕਲੱਬ ਅਤੇ ਇਕ ਪ੍ਰੈੱਸ ਕਲੱਬ ਜਿਹੜੀ ਦਿੱਲੀ ਦੀ ਪ੍ਰੈੱਸ ਕਲੱਬ ਨੂੰ ਮਾਤ ਪਾਉਂਦੀ ਹੈ।

ਇਹ ਵਿੱਦਿਆ ਦਾ ਬਹੁਤ ਵੱਡਾ ਕੇਂਦਰ ਹੈ। ਅੱਧੀ ਦਰਜਨ ਸਕੂਲ ਤਾਂ ਸਟੀਫਨ, ਸੇਂਟ ਜਾਨਜ਼, ਸੇਂਟ ਐਨੀ, ਸੇਂਟ ਜ਼ੇਵੀਅਰ, ਸੇਂਟ ਕਬੀਰ ਤੇ ਸੇਂਟ ਕਰਮਲ ਦੇ ਨਾਵਾਂ ‘ਤੇ ਸਥਾਪਤ ਹਨ। ਅੱਧੀ ਦਰਜਨ ਜਵਾਹਰ ਨਵੋਦਿਆਇ, ਭਵਨ ਵਿਦਿਆਲਿਯਾ ਤੇ ਕੁਝ ਧਰਮਾਂ ਨਾਲ ਜੁੜੇ ਪਬਲਿਕ ਸਕੂਲ ਵੀ ਹਨ। 16 ਸੈਕਟਰ ਵਾਲਾ ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਕੂਲ ਇਨ੍ਹਾਂ ਨਾਲੋਂ ਥੋੜ੍ਹਾ ਵੱਖਰਾ ਹੈ। ਏਥੇ ਇਨ੍ਹਾਂ ਸਕੂਲਾਂ ਤੋਂ ਉਚੇਰਾ ਪੰਜਾਬ ਇੰਜੀਨੀਅਰਿੰਗ ਕਾਲਿਜ ਹੀ ਨਹੀਂ, ਰਾਸ਼ਟਰੀ ਪ੍ਰਸਿੱਧੀ ਵਾਲਾ ਹਸਪਤਾਲ ਤੇ ਸਿਹਤ ਸਿੱਖਿਆ ਕੇਂਦਰ ਪੀ,ਜੀ,ਆਈ ਯਾਨੀ ਪੋਸਟ ਗ੍ਰੈਜੂਏਟ ਇੰਸਟੀਚਿਊਟ ਆਫ਼ ਮੈਡੀਕਲ ਐਜੂਕੇਸ਼ਨ ਐਂਡ ਰਿਸਰਚ ਵੀ ਹੈ। ਇਨ੍ਹਾਂ ਸੰਸਥਾਵਾਂ ਦੀ ਸਿਰਤਾਜ ਪੰਜਾਬ ਯੂਨੀਵਰਸਟੀ ਹੈ ਜਿਹੜੀ ਲਾਹੌਰ ਵਿਚ ਰਹਿ ਗਈ ਉੱਤਮ ਯੂਨੀਵਰਸਟੀ ਦੇ ਬਦਲ ਵਜੋਂ ਸਥਾਪਤ ਕੀਤੀ ਗਈ ਸੀ ਪਰ ਅੱਜ ਉਸ ਨੂੰ ਮਾਤ ਦੇ ਗਈ ਹੈ।

ਦੇਸ਼-ਵੰਡ ਤੋਂ ਪਿੱਛੋਂ ਭਾਰਤ ਅਤੇ ਪਾਕਿਸਤਾਨ ਵਿਚ ਅਨੇਕਾਂ ਸ਼ਹਿਰ ਉੱਭਰੇ ਪਰ ਚੰਡੀਗੜ੍ਹ ਸਭ ਤੋਂ ਉੱਤਮ ਹੈ। ਗੁਜਰਾਤ ਦੀ ਰਾਜਧਾਨੀ ਗਾਂਧੀਨਗਰ ਤੇ ਉੜੀਸਾ ਦੇ ਭਵਨੇਸ਼ਵਰ ਨਾਲੋਂ ਵੀ। ਪਾਕਿਸਤਾਨੀਆਂ ਨੇ ਵੀ ਆਪਣੀ ਰਾਜਧਾਨੀ ਕਰਾਚੀ ਤੋਂ ਬਦਲਣ ਸਮੇਂ ਚੰਡੀਗੜ੍ਹ ਵਾਂਗ ਪਰਬਤ ਦੀ ਪੱਬੀ ਨੂੰ ਹੀ ਚੁਣਿਆ ਤੇ ਇਸਲਾਮਾਬਾਦ ਨੂੰ ਢਾਲਵੀਂ ਦਿੱਖ ਪ੍ਰਦਾਨ ਕੀਤੀ ਪਰ ਚੰਡੀਗੜ੍ਹ ਦੀ ਸ਼ਾਨ ਨਿਰਾਲੀ ਹੈ।

ਇਸ ਨੂੰ ਵਿਲੱਖਣ ਦਿੱਖ ਦੇਣ ਵਾਲਾ ਕੇਵਲ ਕਾਰਬੂਜ਼ੇ ਹੀ ਨਹੀਂ, ਇਸ ਦਾ ਪ੍ਰਥਮ ਚੀਫ਼ ਕਮਿਸ਼ਨਰ ਐੱਮ. ਐੱਸ. ਰੰਧਾਵਾ ਵੀ ਸੀ, ਜਿਸ ਨੇ ਕਾਰਬੂਜ਼ੇ ਦੀ ਉੱਤਮਤਾ ਉਤੇ ਪਹਿਰਾ ਦਿੱਤਾ। ਉਹੀਓ ਸੀ ਜਿਸ ਨੇ ਰਾਕ ਗਾਰਡਨ ਦੇ ਰਚੇਤਾ ਨੇਕ ਚੰਦ ਨੂੰ ਉਤਸ਼ਾਹ ਦੇ ਕੇ ਸੁਖਨਾ ਝੀਲ ਦੀ ਬੁੱਕਲ ਵਿਚ ਰਾਕ ਗਾਰਡਨ ਉਸਰਵਾਇਆ ਤੇ ਰੋਜ਼ ਗਾਰਡਨ ਨੂੰ ਸ਼ਿੰਗਾਰ ਕੇ ਇਸ ਨੂੰ ਕੋਮਲ ਕਲਾਵਾਂ ਦਾ ਕੇਂਦਰ ਬਣਾ ਲਿਆ। ਇਸ ਦੇ ਪੰਜਾਬ ਕਲਾ ਕੇਂਦਰ ਵਿਚ ਪੰਜਾਬ ਦੇ ਉਸਰੱਈਆਂ ਦੀ ਸੁਚਿੱਤਰ ਗੈਲਰੀ ਹੈ ਜਿਸ ਵਿਚ ਦੇਸ਼-ਵੰਡ ਤੋਂ ਪਿੱਛੋਂ ਵਾਲੇ ਪੰਜਾਬੀਆਂ ਨੂੰ ਚੇਤੇ ਕੀਤਾ ਗਿਆ ਹੈ।

ਰੰਧਾਵਾ ਦੇ ਮਨ ਵਿਚ ਕੋਮਲ ਕਲਾਵਾਂ ਨੂੰ ਵਿਕਸਤ ਕਰਨ ਦੀ ਭਾਵਨਾ 1947 ਵਿਚ ਦਿੱਲੀ

ਦਾ ਡਿਪਟੀ ਕਮਿਸ਼ਨਰ ਥਾਪੇ ਜਾਣ ਨਾਲ ਆਈ ਸੀ, ਆਲ ਇੰਡੀਆ ਫ਼ਾਈਨ ਆਰਟਸ ਐਂਡ ਕਰਾਫ਼ਟ ਸੁਸਾਇਟੀ ਦਾ ਚੇਅਰਮੈਨ ਹੁੰਦਿਆਂ। ਚੰਡੀਗੜ੍ਹ ਦੇ ਚਿੱਤਰਕਾਰ, ਕਲਾਕਾਰ, ਨਾਟਕਕਾਰ ਤੇ ਸੰਗੀਤਕਾਰ ਉਸ ਦੀ ਇਸ ਰੁਚੀ ਤੋਂ ਜਾਣੂ ਸਨ ਤੇ ਰਾਤੋ-ਰਾਤ ਸਾਰਾ ਸ਼ਹਿਰ ਜਾਗ ਪਿਆ।

ਕੇਵਲ ਸਵਾ ਸਾਲ ਦੇ ਕਾਰਜ ਕਾਲ ਵਿਚ ਰੰਧਾਵਾ ਨੇ ਇਸ ਸ਼ਹਿਰ ਨੂੰ ਏਨਾ ਸਜਾਇਆ ਤੇ ਸੰਵਾਰਿਆ ਕਿ ਇਹ ਦੁਨੀਆ ਭਰ ਦੇ ਸੈਲਾਨੀਆਂ ਦਾ ਮੱਕਾ ਬਣ ਗਿਆ। ਰੰਧਾਵਾ ਨੇ ਇਸ ਸ਼ਹਿਰ ਨੂੰ ਪੰਜਾਬ, ਹਰਿਆਣਾ ਤੇ ਹਿਮਾਚਲ ਦੀ ਸਭਿਆਚਾਰਕ ਤੇ ਸੰਸਕ੍ਰਿਤਕ ਧੜਕਣ ਪ੍ਰਦਾਨ ਕੀਤੀ। ਚੰਡੀਗੜ੍ਹ ਮਿਊਜ਼ੀਅਮ ਤੇ ਪੰਜਾਬ ਆਰਟਸ ਕੌਂਸਲ ਇਸ ਭਾਵਨਾ ਦੀ ਪੁਸ਼ਟੀ ਕਰਦੇ ਹਨ। ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦਾ ਵਾਈਸ ਚਾਂਸਲਰ ਬਣਨ 'ਤੇ ਵੀ ਉਸ ਨੇ ਇਸ ਸ਼ਹਿਰ ਨੂੰ ਨਹੀਂ ਵਿਸਾਰਿਆ। 27 ਸੈਕਟਰ ਵਿਚ ਯੂਨੀਵਰਸਿਟੀ ਦਾ ਕੈਂਪ ਆਫ਼ਿਸ ਸਥਾਪਤ ਕਰਕੇ ਆਪਣੇ ਆਪ ਨੂੰ ਏਥੋਂ ਦੀਆਂ ਕਲਾਤਮਕ ਗਤੀਵਿਧੀਆਂ ਨਾਲ ਜੋੜੀ ਰੱਖਿਆ।

ਮੈਂ ਖੁਦ ਵੀ ਚਹੁੰ ਕੂੰਟਾਂ ਦਾ ਗਮਨ ਕਰਕੇ ਚੰਡੀਗੜ੍ਹ ਰਹਿ ਰਿਹਾ ਹਾਂ। 'ਪੰਜਾਬੀ ਟ੍ਰਿਬਿਊਨ' ਤੇ ਪੰਜਾਬ ਰੈੱਡ ਕਰਾਸ ਦਾ ਹੈੱਡ ਕੁਆਰਟਰ ਚੰਡੀਗੜ੍ਹ ਹੀ ਸੀ ਪਰ ਪੰਜਾਬੀ ਯੂਨੀਵਰਸਟੀ ਪਟਿਆਲਾ ਦੇ ਪੱਤਰਕਾਰੀ ਤੇ ਜਨ ਸੰਚਾਰ ਵਿਭਾਗ ਦੀ ਜ਼ਿੰਮੇਵਾਰੀ ਵੀ ਮੈਂ ਚੰਡੀਗੜ੍ਹ ਰਹਿ ਕੇ ਹੀ ਨਿਭਾਉਂਦਾ ਰਿਹਾ, ਤੇ ਉਸ ਤੋਂ ਪਿਛੋਂ ਦੇ ਕੰਮ ਵੀ।

ਮੈਂ ਦੱਸ ਚੁੱਕਾ ਹਾਂ ਕਿ ਮੈਨੂੰ ਇਸ ਖੇਤਰ ਤੋਂ ਜਾਣੂ ਕਰਵਾਉਣ ਵਾਲਾ ਮੇਰਾ ਮਾਸੜ ਸੀ। ਨਿਹਾਲ ਸਿੰਘ ਨੰਬਰਦਾਰ। ਘੱਗਰ ਪਾਰ ਦੇ ਪਿੰਡ ਸੁੰਢਰਾਂ ਖੇੜੀ ਦਾ ਵਸਨੀਕ। ਪੱਕਾ ਪੁਆਧੀ। ਪੁਆਧ ਦੇ ਇਸ ਇਲਾਕੇ ਦੀ ਬਾਤ ਖਤਮ ਕਰਨ ਤੋਂ ਪਹਿਲਾਂ ਮੈਂ ਆਪਣੇ ਇਸ ਖੇਤਰ ਨਾਲ ਨਾਤੇ ਦੀ ਗੱਲ ਆਪਣੇ ਮਰਹੂਮ ਮਾਸੜ ਨਾਲ ਹੋਈ ਪੁਰਾਣੀ ਵਾਰਤਾਲਾਪ ਦੇ ਹਵਾਲੇ ਨਾਲ ਦੱਸਣੀ ਚਾਹਾਂਗਾ। 1951 ਵਿਚ ਮਾਸੜ ਦੇ ਪਿੰਡ ਰਹਿਣ ਸਮੇਂ ਮੈਂ 18 ਵਰ੍ਹਿਆਂ ਦਾ ਸਾਂ। ਹੋਰਨਾ ਗੱਲਾਂ ਤੋਂ ਬਿਨਾਂ ਮਾਸੜ ਨੇ ਮੈਨੂੰ ਵਾਰ-ਵਾਰ ਵਿਆਹ ਕਰਾਉਣ ਲਈ ਪ੍ਰੇਰਨਾ। 'ਇਬ ਤੇਰੀ ਸ਼ਾਦੀ ਕੀ ਉਮਰ ਹੋ ਗਈ ਹੈ', ਚਿਤਾਰਦੇ ਰਹਿਣਾ। ਮੈਂ ਟਾਲ ਮਟੋਲ ਕਰ ਛੱਡਣੀ।

ਫੇਰ ਉਹ ਇਕ ਪੱਕੀ ਤਜਵੀਜ਼ ਲੈ ਕੇ ਆਇਆ, 'ਅੱਛੇ ਘਰ ਕੀ ਬੇਟੀ ਸੈ। ਖਾਤੇ ਪੀਤੇ ਜ਼ਿੰਮੀਦਾਰ ਸੈ। ਦਾਜ ਮੇਂ ਸਾਈਕਲ ਦਿਹਾਂ । ਨਾਂਹ ਨਾ ਕਰ। ' (ਉਨ੍ਹਾਂ ਦਿਨਾਂ ਵਿਚ ਦਾਜ ਵਿਚ ਸਾਈਕਲ ਮਿਲਣਾ ਵੀ ਵੱਡਾ ਸਮਝਿਆ ਜਾਂਦਾ ਸੀ)

'ਮਾਸੜਾ! ਘਰ-ਬਾਰ ਤੇ ਦਾਜ-ਦਹੇਜ ਦੀਆਂ ਗੱਲਾਂ ਛੱਡ। ਲੜਕੀ ਬਾਰੇ ਵੀ ਦੱਸ ਕਿਹੋ ਜਿਹੀ ਆ। ' ਮੈਂ ਮਾਸੜ ਨੂੰ ਟਾਲਣ ਦੇ ਭਾਵ ਨਾਲ ਪੁੱਛਿਆ। 'ਛੋਕਰੀ? ਛੋਕਰੀ ਕੀ ਕਿਆ ਬਾਤਾਂ ਕਰੈ ਬਾਈ! ਛੋਕਰੀ ਤੋ ਕਾਗਤਾਂ ਮਾਂ ਲਪੇਟੀ ਪੜੀ'। ਉਦੋਂ ਨਵੀਂ ਲਾਲਟੈਣ ਕਾਗਜ਼ਾਂ ਵਿਚ ਲਪੇਟੀ ਮਿਲਦੀ ਸੀ। ਮੈਂ ਮਾਸੜ ਦੀ ਗੱਲ ਨਹੀਂ ਮੰਨੀ। ਮੈਂ ਇਹੋ ਜਿਹਾ ਹੀ ਸਾਂ। ਚੌਥੀ ਜਮਾਤ ਵਿਚ ਪੜ੍ਹਦਿਆਂ ਵੀ ਮੇਰੀ ਮੰਗਣੀ ਹੋਈ ਸੀ ਤੇ ਮੇਰੀ ਝੋਲੀ ਚਾਂਦੀ ਦਾ ਰੁਪਿਆ ਪਾਇਆ ਗਿਆ ਸੀ। ਉਦੋਂ ਮੇਰੇ ਨਾਨਕਿਆਂ ਨੇ ਵਿਚ ਪੈ ਕੇ ਇਹ ਰੁਪਈਆ ਮੁੜਵਾ ਛੱਡਿਆ ਸੀ।

ਮਾਸੜ ਵਾਲੀ ਗੱਲ ਤੋਂ 16 ਸਾਲ ਪਿੱਛੋਂ ਮੇਰਾ ਕਾਗਤਾਂ ਨਾਲ ਵਾਹ ਤਾਂ ਪਿਆ ਪਰ ਹੋਰ ਢੰਗ ਨਾਲ। ਮੇਰੀ ਪਤਨੀ ਨੇ ਬਹੁਤ ਕਾਗ਼ਜ਼ ਫਰੋਲੇ ਹਨ। ਮੇਰੇ ਨਾਲੋਂ ਜ਼ਿਆਦਾ ਪੜ੍ਹੀ-ਲਿਖੀ ਤੇ ਡਾਕਟਰੀ ਪਾਸ ਹੈ। ਮਾਸੜ ਦੀ ਆਤਮਾ ਨਾਲ ਸਾਂਝ ਕਾਇਮ ਹੈ। ਉਸ ਦੇ ਪੁਆਧ ਵਿਚ ਮੇਰਾ ਸਾਥ ਦੇ ਰਹੀ ਹੈ। ਦਿੱਲੀ ਜਾਂਦੇ ਹਾਂ ਤਾਂ ਭੀੜ ਭੜੱਕਾ, ਰੌਲਾ ਰੱਪਾ ਸ਼ੋਰ ਸ਼ਰਾਬਾ ਤੇ ਪ੍ਰਦੂਸ਼ਣ ਵੇਖ ਕੇ ਅੱਖਾਂ ਵਿਚ ਪਾਣੀ ਆ ਜਾਂਦਾ ਹੈ। ਚੰਡੀਗੜ੍ਹ ਦੇ ਕੀ ਕਹਿਣੇ! ਸਮੁੱਚਾ ਪੁਆਧ ਜ਼ਿੰਦਾਬਾਦ। 000

***(1538, ਸੈਕਟਰ 36-ਡੀ, ਚੰਡੀਗੜ੍ਹ-160 036***
***ਫੋਨ: 98157-78469)***

# ਅਨੂੰ ਤੇ ਸ਼ਿਵ

## ਸੁਕੀਰਤ

ਦਿੱਲੀ: ਅਗਸਤ 2019 ਦੀ ਗੱਲ ਹੈ। ਪੰਜਾਬੀ ਸਾਹਿਤ ਸਭਾ ਦੀ ਇਕ ਰਸਮੀ ਬੈਠਕ ਮੁੱਕਣ ਤੋਂ ਬਾਅਦ ਅਸੀਂ ਪੰਜ ਛੇ ਜਣੇ ਘਰੋ-ਘਰੀ ਜਾਣ ਤੋਂ ਪਹਿਲਾਂ ਬਚਦੀ ਚਾਹ ਦੀਆਂ ਆਖਰੀ ਚੁਸਕੀਆਂ ਲੈ ਰਹੇ ਸਾਂ। ਅਚਾਨਕ ਕੋਲ ਬੈਠੇ ਡਾ. ਕੁਲਜੀਤ ਸ਼ੈਲੀ ਨੇ ਮੇਰੇ ਵੱਲ ਮੂੰਹ ਮੋੜਦਿਆਂ ਕਿਹਾ, "ਇਕ ਗੱਲ ਪੁੱਛਣੀ ਸੀ ਤੁਹਾਡੇ ਕੋਲੋਂ, ਪੁੱਛ ਲਵਾਂ?"

"ਜ਼ਰੂਰ।"

"ਸ. ਗੁਰਬਖ਼ਸ਼ ਸਿੰਘ ਵਰਗੇ ਖੁਲ੍ਹੇ ਖਿਆਲਾਂ ਵਾਲੇ ਇਨਸਾਨ ਨੇ ਆਪਣੀ ਵੱਡੀ ਬੇਟੀ ਦਾ ਵਿਆਹ ਸ਼ਿਵ ਬਟਾਲਵੀ ਨਾਲ ਕਿਉਂ ਨਾ ਹੋਣ ਦਿੱਤਾ?"

ਮੇਰੀ ਆਪਮੁਹਾਰੇ ਮੁਸਕੜੀ ਨਿਕਲ ਗਈ। ਡਾ. ਕੁਲਜੀਤ ਸ਼ੈਲੀ ਗੁਰਬਖ਼ਸ਼ ਸਿੰਘ ਹੋਰਾਂ ਦੀ ਸਭ ਤੋਂ ਵੱਡੀ ਬੇਟੀ (ਉਮਾ) ਅਤੇ ਸਭ ਤੋਂ ਛੋਟੀ ਬੇਟੀ (ਅਨੁਸੂਈਆ) ਵਿਚਕਾਰ ਟਪਲਾ ਖਾ ਗਏ ਸਨ। ਵੈਸੇ ਇਸ ਗ਼ਲਤਫ਼ਹਿਮੀ ਨੂੰ ਪੈਦਾ ਕਰਦਾ ਆਧਾਰ ਜ਼ਰੂਰ ਹੈ ਸੀ : ਉਮਾ ਨੂੰ ਜੱਗ ਜਾਣਦਾ ਸੀ, ਤੇ ਇਹ ਗੱਲ ਵੀ ਕਿ ਉਨ੍ਹਾਂ ਕਦੇ ਵਿਆਹ ਨਹੀਂ ਸੀ ਕਰਾਇਆ। ਪਰ 1960 ਤੋਂ ਹੀ ਹਿੰਦੁਸਤਾਨ ਛੱਡ ਕੇ ਚਲੀ ਗਈ ਹੋਈ ਅਨੁਸੂਈਆ ਨੂੰ ਏਥੇ ਹੁਣ ਕੋਈ ਵਿਰਲਾ ਹੀ ਜਾਣਦਾ ਸੀ।

"ਤੁਸੀਂ ਦੋ ਭੈਣਾਂ ਨੂੰ ਰਲਗੱਡ ਕਰ ਬੈਠੇ ਹੋ। ਜੋ ਗੱਲ ਤੁਸੀਂ ਜਾਨਣਾ ਚਾਹੁੰਦੇ ਹੋ, ਉਹ ਮੇਰੀ ਸਭ ਤੋਂ ਛੋਟੀ ਮਾਸੀ ਅਨੁਸੂਈਆ ਜਾਂ ਅਨੂੰ ਨਾਲ ਜੁੜਦੀ ਹੈ, ਉਮਾ ਮਾਸੀ ਦਾ ਉਸ ਕਿੱਸੇ ਨਾਲ ਕੋਈ ਲਾਗਾ-ਦੇਗਾ ਨਹੀਂ। ਤੇ ਨਾ ਹੀ ਇਹ ਗੱਲ ਸਹੀ ਹੈ ਕਿ ਅਨੂੰ ਅਤੇ ਸ਼ਿਵ ਦਾ ਵਿਆਹ ਦਾਰ ਜੀ ਦੀ ਨਾਂਹ ਕਾਰਨ ਨਾ ਹੋ ਸਕਿਆ। ਇਹ ਅਨੂੰ ਮਾਸੀ ਦਾ ਆਪਣਾ ਫ਼ੈਸਲਾ ਸੀ। ਹੁਣ ਤਕ ਬੜੀਆਂ ਝੂਠੀਆਂ ਸੱਚੀਆਂ ਜੁੜ ਚੁੱਕੀਆਂ ਨੇ, ਅਸਲ ਗੱਲ ਮੈਂ ਸੁਣਾ ਦੇਂਦਾ ਹਾਂ।"

ਤੇ ਫੇਰ, ਅਗਲੇ ਵੀਹ ਪੰਝੀ ਮਿੰਟ ਵਿਚ ਮੈਂ ਸਾਰਾ ਕੁਝ ਵਿਸਤਾਰ ਨਾਲ ਕੋਲ ਬੈਠੇ ਦੋਸਤਾਂ ਨੂੰ ਸੁਣਾ ਦਿੱਤਾ, ਜਿਵੇਂ ਹੁਣ ਕਈ ਵਰ੍ਹਿਆਂ ਤੋਂ ਮੇਰੀ ਜਾਣਕਾਰੀ ਵਿਚ ਹੈ : ਬਹੁਤਾ ਹਿੱਸਾ ਪੁੱਛਿਆ ਤੇ ਸੁਣਿਆ, ਪਰ ਕੁਝ ਕੁ ਆਪ ਦੇਖਿਆ ਹੋਇਆ ਵੀ।

ਜਦੋਂ ਮੈਂ ਸਾਰੀ ਕਹਾਣੀ ਸੁਣਾ ਲਈ ਤਾਂ ਗੁਲਜ਼ਾਰ ਸੰਧੂ ਹੋਰਾਂ ਕਿਹਾ, "ਇਹ ਤਾਂ ਬੜੀ ਦਿਲਚਸਪ ਕਹਾਣੀ ਹੈ, ਤੂੰ ਇਸ ਨੂੰ ਲਿਖ ਦੇ, ਇਸਨੂੰ ਛਾਪਿਆ ਜਾਏ।"

ਮੇਰਾ ਜਵਾਬ ਸੀ ਕਿ ਕਿਸੇ ਦਿਨ ਜ਼ਰੂਰ ਲਿਖਾਂਗਾ, ਪਰ ਅਜੇ ਨਹੀਂ। ਅਜੇ ਮੇਰੀਆਂ ਸਾਰੀਆਂ ਮਾਸੀਆਂ ਜਿਉਂਦੀਆਂ ਹਨ। ਅਨੂੰ ਮਾਸੀ ਨੂੰ ਤਾਂ ਕੋਈ ਉਜ਼ਰ ਨਹੀਂ ਹੋਣ ਲੱਗੀ, ਪਰ ਉਮਾ ਮਾਸੀ ਕੁਝ ਓਹਲਾ-ਪਸੰਦ ਸੁਭਾਅ ਦੇ ਹਨ, ਉਨ੍ਹਾਂ ਨੂੰ ਮੰਦਾ ਲੱਗੇਗਾ ਕਿ ਮੈਂ ਘਰ ਵਿਚ ਹੋਈਆਂ ਬੀਤੀਆਂ ਨੂੰ ਇੰਝ ਲਿਖਤੀ ਰੂਪ ਵਿਚ ਪਰੋਸ ਰਿਹਾ ਹਾਂ। ਉਨ੍ਹਾਂ ਦੇ ਜਾਣ ਤੋਂ ਬਾਅਦ ਹੀ....

ਉਦੋਂ ਕੌਣ ਜਾਣਦਾ ਸੀ ਕਿ ਇਸ ਗੱਲਬਾਤ ਨੂੰ ਹੋਇਆਂ ਮਸਾਂ ਸਾਲ ਹੀ ਬੀਤੇਗਾ ਕਿ ਦੋਵੇਂ ਭੈਣਾਂ ਉੱਤੋੜਿਤੀ ਟੁਰ ਜਾਣਗੀਆਂ। ਵੱਡੇ ਉਮਾ ਮਾਸੀ ਮਈ 2020 ਵਿਚ ਪ੍ਰੀਤਨਗਰ ਵਿਖੇ, ਤੇ ਘਰ ਵਿਚ ਸਾਰਿਆਂ ਤੋਂ ਛੋਟੇ ਅਨੂੰ ਮਾਸੀ ਹਜ਼ਾਰਾਂ ਮੀਲ ਦੂਰ ਸਤੰਬਰ 2020 ਵਿਚ ਦੁਰੇਡਲੇ ਦੇਸ ਵੈਨੇਜ਼ੁਏਲਾ ਦੇ ਯੂਨੀਵਰਸਟੀ ਸ਼ਹਿਰ ਮੈਰੀਦਾ ਵਿਚ, ਜਿੱਥੇ ਉਨ੍ਹਾਂ ਸਾਰੀ ਉਮਰ ਪੜ੍ਹਾਇਆ ਅਤੇ ਰਹਿੰਦੇ ਰਹੇ।

ਹੁਣ, ਜਦੋਂ ਮੇਰੇ ਵਡੇਰਿਆਂ ਵਿਚੋਂ ਬਹੁਤੇ ਜਾ ਚੁੱਕੇ ਹਨ, ਤੇ ਵੱਡੇ ਵੀਰਾਂ ਸੁਮੀਤ ਤੇ ਪਾਬਲੋ ਦੀਆਂ ਬੇਵੇਲ਼ੇ ਹੋਈਆਂ ਮੌਤਾਂ ਨੇ ਮੈਨੂੰ ਘਰ ਦੀ ਅਗਲੇਰੀ ਪੀੜ੍ਹੀ ਵਿਚ ਸਭ ਤੋਂ ਵੱਡਾ ਥਾਪ ਧਰਿਆ ਹੈ, ਉਹ ਸਾਰੀ ਹੋਈ-ਬੀਤੀ ਇੰਨ-ਬਿੰਨ ਸੁਨਾਣ ਦਾ ਸਮਾਂ ਆ ਗਿਆ ਹੈ, ਜਿਸ ਵਿਚ ਲੋਕਾਂ, ਤੇ ਕੁਝ ਲਿਖਾਰੀਆਂ ਨੇ ਵੀ, ਸਮੇਂ ਸਮੇਂ ਆਪ ਹੀ ਕਈ ਕੁਝ ਜੜ ਛੱਡਿਆ ਹੈ।

ਅਨੂੰ ਮਾਸੀ ਮੇਰੇ ਨਾਲੋਂ ਐਨ ਵੀਹ ਵਰ੍ਹੇ ਵੱਡੇ ਸਨ। ਮੇਰਾ ਜਨਮ 1956 ਦਾ ਹੈ, ਉਹ 1936 ਦੀ ਪੈਦਾਇਸ਼ ਸਨ।

1960 ਵਿਚ, ਜਦੋਂ ਮੈਂ ਚਾਰ ਵਰ੍ਹਿਆਂ ਦਾ ਸਾਂ, ਉਹ ਉਚੇਰੀ ਪੜ੍ਹਾਈ ਲਈ ਮਾਸਕੋ ਚਲੇ ਗਏ। ਉਮਰ ਦੇ ਪਹਿਲੇ 7 ਸਾਲ ਉਨ੍ਹਾਂ ਦੀ ਹੋਂਦ ਮੇਰੇ ਲਈ ਐਲਬਮ ਵਿਚ ਜੜੀਆਂ ਤਸਵੀਰਾਂ ਤੋਂ ਵੱਧ ਨਹੀਂ ਸੀ - ਇਕ ਮਾਸੀ ਜਿਹੜੀ ਰੂਸ ਰਹਿੰਦੀ ਸੀ, ਪਰ ਜਿਸ ਨੇ ਜੇਕਰ ਕਦੇ ਮੈਨੂੰ ਕੁੱਛੜ ਚੁੱਕਿਆ ਵੀ ਸੀ, ਤਾਂ ਮੇਰੇ ਚੇਤੇ ਵਿਚ ਉਸਦੀ ਕੋਈ ਬਚਦੀ ਛਾਪ ਤਕ ਨਹੀਂ ਸੀ ਮੌਜੂਦ।

ਆਪਣੀ ਯਾਦ ਵਿਚ ਮੈਂ ਉਨ੍ਹਾਂ ਨੂੰ ਪਹਿਲੀ ਵਾਰ 1963 ਵਿਚ ਦੇਖਿਆ। ਉਹ ਗਰਮੀਆਂ ਦੀਆਂ ਛੁੱਟੀਆਂ ਵਿਚ ਹਿੰਦੁਸਤਾਨ ਆਏ ਸਨ। ਉਨ੍ਹਾਂ ਨਾਲ ਉਨ੍ਹਾਂ ਦੇ ਦੋ ਦੋਸਤ ਵੀ ਸਨ: ਕੋਲੰਬੀਆ ਦਾ ਘੱਟ-ਬੋਲੜਾ ਐਲਫ੍ਰੈਦੋ ਤੇ ਵੈਨੇਜ਼ੁਏਲਾ ਦਾ ਬਹੁ-ਬੋਲੜਾ ਤੇ ਮਜ਼ੇਦਾਰ ਰਾਊਲ। ਏਸੇ ਰਾਊਲ ਨੇ ਹੋਰ ਦੋ ਸਾਲਾਂ ਨੂੰ ਮੇਰਾ ਮਾਸੜ ਬਣ ਜਾਣਾ ਸੀ। ਉਦੋਂ ਭਾਂਵੇਂ ਮੈਨੂੰ ਪਤਾ ਨਹੀਂ ਸੀ ਹੋ ਸਕਦਾ, ਪਰ ਅਨੂੰ ਮਾਸੀ ਦਰਅਸਲ ਰਾਊਲ ਨੂੰ ਆਪਣੇ ਟੱਬਰ ਨਾਲ ਮਿਲਵਾਣ ਅਤੇ ਦਾਰ ਜੀ ਕੋਲ਼ੋਂ ਉਸ ਨਾਲ ਵਿਆਹ ਕਰਾਣ ਦੀ ਪ੍ਰਵਾਨਗੀ ਲੈਣ ਆਏ ਸਨ।

ਦੋ ਦਿਨ ਉਹ ਸਾਡੇ ਕੋਲ਼ ਜਲੰਧਰ ਰਹੇ। ਉਸ ਫੇਰੀ ਤੋਂ ਮੈਨੂੰ ਅਨੂੰ ਮਾਸੀ ਦਾ ਚੇਤਾ ਘੱਟ ਹੈ, ਰਾਊਲ ਦਾ ਵੱਧ। ਰਾਊਲ, ਜਿਹੜਾ ਮੈਨੂੰ ਸਾਰਾ ਦਿਨ ਮੋਢਿਆਂ 'ਤੇ ਬਿਠਾ ਕੇ ਹੂਟੇ ਦੁਆਂਦਾ ਸੀ। ਰਾਊਲ, ਜਿਹੜਾ ਮੇਰੀ ਮਾਂ ਨੂੰ ਮੀਲਾ ਪੈਨਜੀ ਕਹਿੰਦਾ ਸੀ ਕਿਉਂਕਿ ਉਸ ਕੋਲ਼ੋਂ ਮੀਲਾ ਭੈਣ ਜੀ ਨਹੀਂ ਸੀ ਬੋਲਿਆ ਜਾਂਦਾ - ਤੇ ਮੈਂ ਹੱਸ ਹੱਸ ਦੂਹਰਾ ਹੋ ਜਾਂਦਾ ਸਾਂ। ਰਾਊਲ, ਜਿਹੜਾ ਐਲਫ੍ਰੈਦੋ ਤੋਂ ਉਲਟ ਸਾਡਾ ਮਿਰਚਾਂ ਵਾਲਾ ਦੇਸੀ ਖਾਣਾ ਬੜੇ ਮਜ਼ੇ ਨਾਲ ਖਾਂਦਾ ਸੀ, ਪਰ ਕੱਚੇ ਗੰਢੇ ਦੀ ਹਵਾੜ ਤੋਂ ਹੀ ਸ਼ੂਟ ਵੱਟ ਕੇ ਭੱਜਦਾ ਸੀ। ਕਿਸੇ ਨੇ ਮੇਰੀ ਰਾਇ ਮੰਗਣੀ ਤੇ ਨਹੀਂ ਸੀ, ਪਰ ਜੇ ਮੰਗਣੀ ਹੁੰਦੀ ਤਾਂ ਮੈਂ ਫ਼ੌਰਨ ਹਾਂ ਵਿਚ ਜਵਾਬ ਦੇ ਦੇਂਦਾ। ਰਾਊਲ ਤੋਂ ਵਧੀਆ ਮਾਸੜ ਹੋ ਹੀ ਨਹੀਂ ਸੀ ਸਕਦਾ।

ਦੋ ਕੁ ਮਹੀਨੇ ਦੇਸ ਬਿਤਾ ਕੇ, ਆਪਣੇ ਪਰਦੇਸੀ ਦੋਸਤਾਂ ਨੂੰ ਪੰਜਾਬ ਹੀ ਨਹੀਂ, ਹਿੰਦੁਸਤਾਨ ਦੇ ਕੁਝ ਹੋਰ ਇਲਾਕਿਆਂ ਦੀ ਵੀ ਸੈਰ ਕਰਾ ਕੇ ਅਨੂੰ ਮਾਸੀ ਵਾਪਸ ਮਾਸਕੋ ਚਲੇ ਗਏ। ਉਨ੍ਹਾਂ ਦੀ ਪੜ੍ਹਾਈ ਦੇ ਅਜੇ ਦੋ ਸਾਲ ਹੋਰ ਬਾਕੀ ਸਨ, ਤੇ ਹੁਣ ਸਾਡੀ ਅਗਲੀ ਮੁਲਾਕਾਤ 1965 ਵਿਚ ਹੋਣੀ ਸੀ।

ਪਰ ਵਿਚਕਾਰ ਅਜੇ 1964 ਦਾ ਸਾਲ ਵੀ ਆਣਾ ਸੀ। ਮੇਰੀ ਆਪਣੀ ਉਮਰ ਦਾ ਅੱਠਵਾਂ ਵਰ੍ਹਾ।

1964 ਦੇ ਆਖਰੀ ਮਹੀਨੇ ਅਸੀਂ ਸਾਰੇ ਬੰਬਈ ਗਏ: ਭਾਪਾ ਜੀ (ਜਗਜੀਤ ਸਿੰਘ ਆਨੰਦ), ਅੰਮੀ (ਉਰਮਿਲਾ ਆਨੰਦ), ਮੈਂ, ਤੇ ਮੇਰੀ ਛੋਟੀ ਭੈਣ। ਓਥੇ ਭਾਰਤੀ ਕਮਿਊਨਿਸਟ ਪਾਰਟੀ ਦੀ 7-ਵੀਂ ਸਰਬ ਹਿੰਦ ਕਾਨਫ਼ਰੰਸ ਹੋਣ ਵਾਲੀ ਸੀ, ਤੇ ਭਾਪਾ ਜੀ ਨੇ ਨਾਲ ਹੀ ਸਾਰੇ ਪਰਿਵਾਰ ਨੂੰ ਬੰਬਈ ਸ਼ਹਿਰ ਤਕਾ ਲਿਆਉਣਾ ਵੀ ਵਿਉਂਤ ਲਿਆ। ਅਸੀਂ ਭਾਪਾ ਜੀ ਦੇ ਕਰੀਬੀ ਦੋਸਤ ਹੁਕਮ ਸਿੰਘ ਭੱਟੀ ਦੇ ਘਰ ਬਾਂਦਰਾ ਵਿਖੇ ਠਹਿਰੇ। ਉਨ੍ਹਾਂ ਦਿਨਾਂ ਵਿਚ ਸ਼ਿਵ ਮਾਮਾ ਜੀ (ਸ਼ਿਵ ਬਟਾਲਵੀ) ਵੀ ਬੰਬਈ ਰੁਕੇ ਹੋਏ ਸਨ ਦਾਦਰ ਦੇ ਕਿਸੇ ਹੋਟਲ ਵਿਚ। ਉਹ ਓਥੇ 'ਸ਼ੌਂਕਣ

ਮੇਲੇ ਦੀ' ਫ਼ਿਲਮ ਦੇ ਗੀਤ ਲਿਖਣ ਆਏ ਹੋਣ ਕਾਰਨ ਆਪਣੇ ਫ਼ਿਲਮ ਨਿਰਮਾਤਾ ਦੇ ਮਹਿਮਾਨ ਸਨ। ਭਾਪਾ ਜੀ ਤਾਂ ਸ਼ੁਰੂਆਤੀ ਦਿਨਾਂ ਵਿਚ ਕਾਨਫ਼ਰੰਸ ਵਿਚ ਮਸਰੂਫ਼ ਰਹੇ, ਪਰ ਅੰਮੀ ਸਾਨੂੰ ਲੈ ਕੇ ਤਕਰੀਬਨ ਰੋਜ਼ ਹੀ ਸ਼ਿਵ ਮਾਮਾ ਜੀ ਕੋਲ ਆ ਜਾਂਦੇ ਸਨ, ਜਿਨ੍ਹਾਂ ਸਾਨੂੰ ਬੜੀ ਸੈਰ ਕਰਾਈ। ਇਕ ਦਿਨ ਕਿਸੇ ਗੀਤ ਦੀ ਰਿਕਾਰਡਿੰਗ 'ਤੇ ਵੀ ਲੈ ਕੇ ਗਏ ਜਿੱਥੇ ਮੈਂ ਮੁਹੰਮਦ ਰਫ਼ੀ ਨੂੰ ਨੇੜਿਉਂ ਦੇਖਿਆ। ਸ਼ਿਵ ਮਾਮਾ ਜੀ ਤੇ ਅੰਮੀ ਵਿਚ ਬੜਾ ਅਪਣੱਤ ਦਾ ਰਿਸ਼ਤਾ ਸੀ, ਤੇ ਉਹ ਜਦੋਂ ਵੀ ਜਲੰਧਰ ਆਉਣ ਆਮ ਕਰਕੇ ਰਾਤ ਸਾਡੇ ਘਰ ਹੀ ਰੁਕਦੇ ਸਨ।

ਦਸੰਬਰ ਦੇ ਆਖਰੀ ਦਿਨ ਸਨ। ਪਾਰਟੀ ਕਾਨਫ਼ਰੰਸ ਮੁੱਕ ਚੁੱਕੀ ਸੀ, ਤੇ ਬਲਰਾਜ (ਸਾਹਨੀ) ਅੰਕਲ ਦੇ ਘਰ ਕੋਈ ਪਾਰਟੀ ਸੀ। ਸਾਡਾ ਸਾਰਾ ਪਰਿਵਾਰ ਤੇ ਸ਼ਿਵ ਮਾਮਾ ਜੀ ਵੀ ਉਸ ਪਾਰਟੀ ਵਿਚ ਸ਼ਾਮਲ ਸਾਂ। ਉਹ ਸ਼ਾਮ ਕ੍ਰਿਸਮਸ ਦੀ ਸੀ ਜਾਂ ਨਵੇਂ ਵਰ੍ਹੇ ਦੀ, ਮੈਨੂੰ ਚੇਤੇ ਨਹੀਂ, ਪਰ ਪਾਰਟੀ ਦੇਰ ਰਾਤ ਤਾਈਂ ਚਲਦੀ ਰਹੀ। ਏਨਾ ਚਿਰਾਕਾ ਹੋਣ 'ਤੇ ਮੁੱਕੀ ਕਿ ਅਸਾਂ ਸਾਰਿਆਂ ਉਹ ਰਾਤ ਬਲਰਾਜ ਅੰਕਲ ਦੇ ਘਰ ਜੁਹੂ ਵਿਚ ਹੀ ਕੱਟੀ। ਘਰ ਦੀ ਉਤਲੀ ਮੰਜ਼ਲ ਦੇ ਕਮਰਿਆਂ ਵਿਚੋਂ ਇਕ ਮੇਰੇ ਮਾਪਿਆਂ ਤੇ ਭੈਣ ਨੂੰ ਦਿੱਤਾ ਗਿਆ, ਤੇ ਦੂਜੇ ਵਿਚ ਸ਼ਿਵ ਮਾਮਾ ਜੀ ਨਾਲ ਮੈਨੂੰ ਪਾ ਦਿੱਤਾ ਗਿਆ।

ਉਹ ਰਾਤ ਮੇਰੇ ਬਾਲ ਮਨ ਲਈ ਬੜੀ ਅਜੀਬ ਰਾਤ ਸੀ। ਸ਼ਿਵ ਮਾਮਾ ਜੀ ਨੇ ਮੇਰੇ ਨਾਲ ਕਿਸੇ ਮੁਹਾਰਨੀ ਵਾਂਗ ਇਕੋ ਗੱਲ ਦਾ ਜਿਵੇਂ ਜਾਪ ਹੀ ਸ਼ੁਰੂ ਕਰ ਦਿੱਤਾ, "ਤੇਰੀ ਮਾਸੀ ਬੜੀ ਭੈੜੀ ਏ, ਤੇਰੀ ਮਾਸੀ ਬੜੀ ਚੰਦਰੀ ਏ, ਤੇਰੀ ਮਾਸੀ ਮੈਨੂੰ ਛੱਡ ਕੇ ਚਲੀ ਗਈ ਏ, ਤੇਰੀ ਮਾਸੀ ਨੇ ਹੁਣ ਨਹੀਓਂ ਮੁੜਨਾ, ਤੇਰੀ ਮਾਸੀ ਨੇ ਮੇਰੇ ਨਾਲ ਧੋਖਾ ਕੀਤਾ ਏ"...ਮਾਸੀ, ਮਾਸੀ, ਮਾਸੀ। ਤੇ ਫੇਰ ਮੈਨੂੰ ਕਲਾਵੇ ਵਿਚ ਲੈ ਕੇ ਡੁਸਕਣਾ, ਜਾਂ ਸ਼ਾਇਦ ਰੋਣਾ ਹੀ ਸ਼ੁਰੂ ਕਰ ਦਿੱਤਾ।

ਮਨੁੱਖੀ ਚੇਤਾ ਬੜੀ ਗੁੰਝਲਦਾਰ ਸ਼ੈਅ ਹੈ। ਇਹ ਹੋਈ-ਵਾਪਰੀ ਨੂੰ ਕਿਸੇ ਕੈਮਰੇ ਵਾਂਗ ਇੰਨ-ਬਿੰਨ ਰਿਕਾਰਡ ਨਹੀਂ ਕਰਦਾ, ਉਸ ਵਿਚ ਆਪਣੇ ਅਹਿਸਾਸ ਦੇ ਬੁਰਸ਼ ਦੀਆਂ ਛੋਹਾਂ ਵੀ ਲਾ ਦੇਂਦਾ ਹੈ, ਤੇ ਸਮੇਂ ਨਾਲ ਉਸ ਦੇ ਰੰਗ ਵੀ ਗਾੜ੍ਹੇ ਜਾਂ ਫਿੱਕੇ ਕਰ ਲੈਂਦਾ ਹੈ। ਸੋ, ਉਸ ਰਾਤ ਨੂੰ ਤੇ ਸ਼ਿਵ ਮਾਮਾ ਜੀ ਦੇ ਕਹੇ ਲਫ਼ਜ਼ਾਂ ਨੂੰ ਇੰਨ-ਬਿੰਨ ਬਿਆਨ ਕਰਨ ਦਾ ਦਾਅਵਾ ਨਹੀਂ ਕਰ ਸਕਦਾ, ਤੇ ਨਾ ਹੀ ਕਿਸੇ ਪੱਕ ਨਾਲ ਇਹ ਦੱਸ ਸਕਦਾ ਹਾਂ ਕਿ ਇਹ ਵਾਪਰਨੀ ਕਿੰਨਾ ਕੁ ਚਿਰ ਜਾਰੀ ਰਹੀ। ਪਰ ਪੱਕ ਨਾਲ ਇਹ ਜ਼ਰੂਰ ਕਹਿ ਸਕਦਾ ਹਾਂ ਕਿ ਕਿਸੇ (!?) ਮਾਸੀ ਨੂੰ ਲਾਹਨਤਾਂ, ਇਕ ਵੱਡੀ ਉਮਰ ਦੇ ਆਦਮੀ ਦਾ ਮੈਨੂੰ ਜਕੜ ਕੇ ਹਟਕੋਰੇ ਭਰਨਾ, ਤੇ ਉਸ ਦੇ ਮੂੰਹ ਵਿਚੋਂ ਆਣ ਵਾਲੀ ਤਿੱਖੀ ਹਵਾੜ - ਇਨ੍ਹਾਂ ਦਾ ਰਲਵਾਂ ਅਸਰ ਇਹ ਹੋਇਆ ਕਿ ਘਬਰਾ ਕੇ ਮੈਂ ਅੱਧੀ ਰਾਤੀਂ ਨਾਲ ਦੇ ਕਮਰੇ ਵਿਚ ਸੁੱਤੇ ਮਾਪਿਆਂ ਦਾ ਬੂਹਾ ਜਾ ਖੜਕਾਇਆ ਤੇ ਆਣ ਕੇ ਉਨ੍ਹਾਂ ਨਾਲ ਪੈ ਗਿਆ।

ਮਾਪਿਆਂ ਨੂੰ ਮੈਂ ਕੀ ਦੱਸਿਆ ਤੇ ਕੀ ਨਹੀਂ, ਉਸ ਦਾ ਵੀ ਸਪਸ਼ਟ ਚੇਤਾ ਹੁਣ ਕੋਈ ਨਹੀਂ। ਪਰ ਅਗਲੀ ਸਵੇਰ ਜਿਹੜੀ ਡੰਝ ਅੰਮੀ ਨੇ ਸ਼ਿਵ ਮਾਮਾ ਜੀ ਦੀ ਲਾਹੀ ਉਹ ਜ਼ਰੂਰ ਯਾਦ ਹੈ। ਉਸ ਵੇਲ਼ੇ ਉਨ੍ਹਾਂ ਕੀ ਕਿਹਾ ਤੇ ਕੀ ਨਾ ਕਿਹਾ, ਉਸ ਕਿਆਸ ਆਰਾਈ ਵਿਚ ਜਾਣਾ ਵੀ ਸਹੀ ਨਹੀਂ ਹੋਵੇਗਾ ਕਿਉਂਕਿ ਹੁਣ ਉਸ ਸਭ ਉੱਤੇ ਬਾਅਦ ਦੀਆਂ ਘਟਨਾਵਾਂ ਦੀ ਪਾਣ ਚੜ੍ਹ ਚੁੱਕੀ ਹੈ। ਹਾਂ, ਏਨਾ ਜ਼ਰੂਰ ਯਾਦ ਹੈ ਕਿ ਜਿਵੇਂ ਅੰਮੀ ਸ਼ਿਵ ਮਾਮੇ ਨੂੰ ਝਿੜਕ ਰਹੇ ਸਨ, ਤੇ ਜਿਵੇਂ ਸ਼ਿਵ ਮਾਮਾ ਸ਼ਰਮਿੰਦਿਆਂ ਹੋ ਕੇ ਚੁੱਪਚਾਪ ਸੁਣ ਰਹੇ ਸਨ, ਮੇਰੇ ਬਾਲ ਮਨ ਨੂੰ ਉਨ੍ਹਾਂ 'ਤੇ ਤਰਸ ਆਣ ਲੱਗ ਪਿਆ ਸੀ, ਤੇ ਆਪਣੇ 'ਤੇ ਨਮੋਸ਼ੀ ਕਿ ਮੈਂ ਉਨ੍ਹਾਂ ਦੀ ਸ਼ਿਕਾਇਤ ਕਿਉਂ ਲਾਈ। ਐਂਵੇਂ ਹੀ ਦੋ ਵੱਡਿਆਂ ਵਿਚ ਲੜਾਈ ਕਰਾ ਦਿੱਤੀ।

ਮੈਨੂੰ ਜੋ ਮਰਜ਼ੀ ਜਾਪਿਆ ਹੋਵੇ, ਅੰਮੀ ਤੇ ਸ਼ਿਵ ਮਾਮਾ ਜੀ ਦਾ ਰਿਸ਼ਤਾ ਏਨਾ ਕੱਚਾ ਥੋੜ੍ਹਾ ਸੀ

ਕਿ ਇਕ ਨਾਰਾਜ਼ਗੀ ਨਾਲ ਮੁੱਕ ਜਾਂਦਾ। ਸ਼ਿਵ ਮਾਮਾ ਜੀ ਪਹਿਲਾਂ ਵਾਂਗ ਹੀ ਸਾਡੇ ਘਰ ਆਂਦੇ ਤੇ ਠਹਿਰਦੇ ਰਹੇ, ਆਪਣੀ ਸਿਗਰਟ (ਤੇ ਸ਼ਾਇਦ ਸ਼ਰਾਬ ਵੀ) ਪੀਣ ਦੀ ਵਾਦੀ ਕਾਰਨ ਤਕਰੀਬਨ ਹਰ ਫੇਰੀ ਅੰਮੀ ਕੋਲ਼ੋਂ ਝਾੜਾਂ ਵੀ ਖਾਂਦੇ ਰਹੇ। ਨਾ ਸ਼ਿਵ ਮਾਮਾ ਇਨ੍ਹਾਂ ਵਾਦੀਆਂ ਨੂੰ ਤਜੇ, ਨਾ ਅੰਮੀ ਆਪਣੀਆਂ ਨਸੀਹਤੀ ਝਿੜਕਾਂ ਮਾਰਨ ਦੀ ਆਦਤ ਨੂੰ ਛੱਡਣ। ਹੁਣ ਤੇ ਭਾਪਾ ਜੀ ਵੀ ਕਹਿਣ ਲੱਗ ਪਏ ਸਨ, "ਮੀਲਾ, ਕਿਉਂ ਹਰ ਵੇਲ਼ੇ ਮੁੰਡੇ ਦੇ ਪਿੱਛੇ ਪਈ ਰਹਿਨੀ ਏਂ?, ਇਹਨੇ ਤੇਰੇ ਆਖੇ ਕੋਈ ਬਦਲ ਥੋੜ੍ਹਾ ਜਾਣਾ ਏ"।

ਮੈਂ ਵੀ ਵੱਡਾ ਹੋ ਰਿਹਾ ਸਾਂ। ਕੱਦ ਕਾਠ ਵਜੋਂ ਭਾਂਵੇਂ ਨਹੀਂ, ਪਰ ਆਪਣੀ ਵਰ੍ਹੇਸ ਤੋਂ ਕੁਝ ਅਗੇਤੀ ਸੂਝ ਦਾ ਦਾਅਵੇਦਾਰ ਬਣ ਰਿਹਾ ਸਾਂ। ਸ਼ਾਇਦ ਘਰ ਦੇ ਸਮੁੱਚੇ ਮਾਹੌਲ ਕਾਰਨ ਆਪਣੀ ਉਮਰ ਦੀ ਪਹੁੰਚ ਤੋਂ ਉਤਲੇਰਾ ਸਾਹਿਤ ਪੜ੍ਹਨ ਲੱਗ ਪਿਆ ਸਾਂ। ਸ਼ਿਵ ਮਾਮਾ ਜੀ ਦੀ ਸ਼ਾਹਕਾਰ ਕਿਤਾਬ 'ਲੂਣਾ' ਛਪੀ। ਉਦੋਂ ਤੋਂ ਹੁਣ ਤਕ ਕਈ ਵਾਰ ਛਪ ਚੁੱਕੀ ਇਸ ਪੁਸਤਕ ਦੀ ਜਿਹੜੀ ਐਡੀਸ਼ਨ ਸਾਡੇ ਘਰ ਹੁੰਦੀ ਸੀ, ਉਹ ਬੜੇ ਸ਼ੌਕ ਨਾਲ ਛਾਪੀ ਗਈ ਗ੍ਰੰਥ-ਆਕਾਰੀ ਐਡੀਸ਼ਨ ਸੀ, ਕਈ ਹਿੱਸਿਆਂ ਵਿਚ ਵੰਡੀ ਹੋਈ ਤੇ ਹਰ ਭਾਗ ਕੁਝ ਇਸਤ੍ਰੀ ਨਾਂਵਾਂ ਨੂੰ ਸਮਰਪਤ। ਇਕ ਹਿੱਸਾ ਉਮਾ, ਉਰਮਿਲਾ ਤੇ ਅਨੂੰ ਨੂੰ ਸਮਰਪਤ ਸੀ, ਦੋ ਮੇਰੀਆਂ ਮਾਸੀਆਂ, ਤੇ ਤੀਜੀ ਮੇਰੀ ਮਾਂ। ਇਹ ਸਮਰਪਣ ਏਨਾ ਸਹਿਜ ਸੀ ਕਿ ਕਿਸੇ ਖਾਸ ਉਨਸ ਦੀ ਇਸ ਵਿਚੋਂ ਕੋਈ ਭਿਣਕ ਨਹੀਂ ਸੀ ਪੈਂਦੀ। ਅੰਮੀ ਦੀ 1963 ਦੀ ਛਪੀ ਹੋਈ ਕਿਤਾਬ 'ਧਰੇਕ ਪੁੰਗਰ ਪਈ' ਵੀ ਮੈਂ ਏਸੇ ਉਮਰ ਵਿਚ ਪਹੁੰਚ ਕੇ ਪੜ੍ਹੀ। ਉਸ ਵਿਚਲੇ ਇਕ ਲੇਖ 'ਤੂੰ ਉਦਾਸੀਆਂ ਛੰਡ' ਨੇ ਮੇਰਾ ਖਾਸ ਧਿਆਨ ਖਿੱਚਿਆ। ਭਾਂਵੇਂ ਇਸ ਲੇਖ ਵਿਚ ਕਿਤੇ ਵੀ ਸ਼ਿਵ ਦਾ ਨਾਂਅ ਤਕ ਨਹੀਂ ਸੀ ਵਰਤਿਆ ਗਿਆ, ਮੇਰੇ ਲਈ ਇਹ ਸਮਝਣਾ ਔਖਾ ਨਹੀਂ ਸੀ, ਕਿਸੇ ਨੂੰ ਲਿਖੇ ਨਸੀਹਤੀ ਖਤ ਦੀ ਸੁਰ ਵਿਚ ਸਿਰਜਿਆ ਗਿਆ ਅੰਮੀ ਦਾ ਇਹ ਲੇਖ ਸ਼ਿਵ ਮਾਮਾ ਜੀ ਵੱਲ ਮੁਖ਼ਾਤਬ ਸੀ। ਇਸ ਲੇਖ ਵਿਚ 'ਖੋਹੇ ਗਏ ਪਿਆਰ' ਦਾ ਜ਼ਿਕਰ ਤਾਂ ਜ਼ਰੂਰ ਹੈ, ਪਰ ਉਸ ਖੋਹੇ ਗਏ ਪਿਆਰ ਦੇ ਉਲ਼ੀਕੇ ਨਕਸ਼ਾਂ ਤੇ ਵੇਰਵੇ ਵਿਚੋਂ ਅਨੂੰ ਮਾਸੀ ਦਾ ਚਿਹਰਾ ਨਾ ਉਦੋਂ ਮੇਰੇ ਜ਼ਿਹਨ ਵਿਚ ਉਭਰਿਆ ਸੀ, ਨਾ ਹੀ ਹੁਣ ਵੀ ਪੜ੍ਹਿਆਂ ਉਭਰਦਾ ਹੈ। ਸ਼ਾਇਦ ਇਸ ਵਿਚ ਕੀਤਾ ਗਿਆ ਜ਼ਿਕਰ ਵੀ ਕਿਸੇ ਹੋਰ ਮੁਹੱਬਤ ਦਾ ਹੀ ਹੋਵੇ। ਤਿੱਖੇ ਤਰਾਸ਼ੇ ਨਕਸ਼ਾਂ ਵਾਲੇ ਸੁਨੱਖੇ ਨੌਜਵਾਨ, ਅਤੇ ਆਪਣੀਆਂ ਦਰਦੀਲੀਆਂ ਇਸ਼ਕ ਗੜੁੱਚੀਆਂ ਨਜ਼ਮਾਂ ਨੂੰ ਦਿਲ-ਧੂਹਵੀਂ ਆਵਾਜ਼ ਵਿਚ ਪੇਸ਼ ਕਰਨ ਵਾਲੇ ਸ਼ਿਵ ਉੱਤੇ ਫ਼ਿਦਾ ਹੋਣ ਵਾਲੇ ਕੁੜੀਆਂ ਤੇ ਮੁੰਡਿਆਂ ਦੀਆਂ ਉਨ੍ਹੀਂ ਦਿਨੀਂ ਪਾਲ਼ਾਂ ਹੁੰਦੀਆਂ ਸਨ, ਤੇ ਉਨ੍ਹਾਂ ਨੇ ਮੁਹੱਬਤਾਂ ਕਮਾਈਆਂ ਵੀ ਬਹੁਤ। ਉਨ੍ਹਾਂ ਵਿਚੋਂ ਕੁਝਨਾਂ ਬਾਰੇ ਹਲਕੀ ਜਿਹੀ ਸੋਝੀ ਮੈਨੂੰ ਹੈ ਸੀ। ਕੁਝ ਤਾਂ ਉਨ੍ਹਾਂ ਵੇਲ਼ਿਆਂ ਵਿਚ ਤਰਦੀਆਂ ਚਿਹਮਿਹਗੋਈਆਂ ਕਾਰਨ, ਤੇ ਸ਼ਿਵ ਮਾਮਾ ਜੀ ਦੇ ਵਕਤੀ ਖ਼ਬਤਾਂ ਵਿਚੋਂ ਕੁਝ ਕੁ ਨੂੰ ਜਾਣਦਾ ਹੋਣ ਕਾਰਨ ਵੀ। ਪਰ ਇਸ ਸੋਝੀ ਪਿਛਲਾ ਸਭ ਤੋਂ ਅਹਿਮ ਕਾਰਨ ਇਹ ਸੀ ਕਿ ਸ਼ਿਵ ਨੂੰ ਨਸੀਹਤਾਂ ਦੇਣ, ਇਸ ਜਾਂ ਉਸ ਗੱਲ ਤੋਂ ਹੋੜਨ ਦਾ ਮੌਕਾ ਮੇਰੀ ਮਾਂ ਕਦੇ ਵੀ ਨਹੀਂ ਸੀ ਖੁੰਝਾਉਂਦੀ। ਗੱਲਾਂ, ਜੋ ਥੋੜ੍ਹੀਆਂ ਬਹੁਤ ਸਾਡੇ ਕੰਨਾਂ ਤਕ ਵੀ ਪਹੁੰਚ ਜਾਂਦੀਆਂ ਸਨ। ਦੋਹਾਂ ਦੀ ਉਮਰ ਵਿਚ ਸਿਰਫ਼ ਅੱਠ ਸਾਲ ਦਾ ਫ਼ਰਕ ਸੀ, ਪਰ ਅੰਮੀ ਨੇ ਆਪੇ ਹੀ 'ਦੀਦੀ' ਨਾਲੋਂ ਵੱਧ 'ਮਾਂ' ਦਾ ਰੂਪ ਧਾਰਿਆ ਹੋਇਆ ਸੀ। ਸ਼ਾਇਦ ਇਹ ਮਾਂ-ਪੁਣਾ ਅੰਮੀ ਦੇ ਸੁਭਾਅ ਦਾ ਹੀ ਹਿੱਸਾ ਸੀ।

ਉਦੋਂ ਤੀਕ ਸ਼ਿਵ ਮਾਮਾ ਜੀ ਦਾ ਬੰਬਈ ਵਿਚਲੀ ਉਸ ਰਾਤ ਕਿਸੇ ਮਾਸੀ ਨੂੰ ਯਾਦ ਕਰ ਕਰ ਕੇ ਵਿਲਕਣਾ ਮੇਰੇ ਬਾਲ-ਮਨ ਨੇ ਚਿਰੋਕਣਾ ਵਿਸਾਰ ਛੱਡਿਆ ਹੋਇਆ ਸੀ।

ਓਧਰ, ਅਨੂੰ ਮਾਸੀ 1963 ਦੇ ਹੁਨਾਲ ਵਾਲੀ ਫੇਰੀ ਤੋਂ ਪੂਰੇ ਦੋ ਸਾਲ ਬਾਅਦ ਹੀ

ਹਿੰਦੁਸਤਾਨ ਮੁੜੇ। ਇਨ੍ਹਾਂ ਦੋ ਸਾਲਾਂ ਵਿਚ ਉਨ੍ਹਾਂ ਮਾਸਕੋ ਵਿਚ ਆਪਣੀ ਪੜ੍ਹਾਈ ਮੁਕਾ ਲਈ ਸੀ, ਤੇ ਰਾਊਲ ਨਾਲ ਵਿਆਹ ਕਰਾ ਕੇ ਓਥੋਂ ਹੀ ਉਸਦੇ ਦੇਸ ਵੈਨੇਜ਼ੁਏਲਾ ਜਾ ਚੁੱਕੇ ਸਨ। ਉਹ ਸਤੰਬਰ 1965 ਵਿਚ ਵਤਨ ਪਰਤੇ, ਆਪਣੇ ਪਲੇਠੇ ਬਾਲ ਨੂੰ ਜਨਮ ਦੇਣ ਲਈ। ਅਨੂੰ ਮਾਸੀ ਨਾਲ ਜੁੜੀਆਂ ਮੇਰੀਆਂ ਸਾਰੀਆਂ ਸਪਸ਼ਟ ਯਾਦਾਂ ਉਨ੍ਹਾਂ ਦੀ ਇਸ ਫੇਰੀ ਤੋਂ ਹੀ ਸ਼ੁਰੂ ਹੁੰਦੀਆਂ ਹਨ। ਹੁਣ ਉਹ ਤਕਰੀਬਨ ਹਰ ਸਾਲ ਮਾਪਿਆਂ ਤੇ ਭੈਣਾਂ ਭਰਾਵਾਂ ਨੂੰ ਮਿਲਣ ਆਂਦੇ: ਉਨ੍ਹਾਂ ਦੇ ਤਕਰੀਬਨ ਉੱਤੋੜਿਤੀ ਹੋਏ ਤਿੰਨ ਬਾਲਾਂ ਵਿਚੋਂ ਦੋ ਦਾ ਜਨਮ ਵੀ ਪ੍ਰੀਤਨਗਰ ਦਾ ਹੈ। ਜਣੇਪਾ ਕੱਟਣ ਆਏ ਅਨੂੰ ਮਾਸੀ ਕਈ ਕਈ ਮਹੀਨੇ ਹਿੰਦੁਸਤਾਨ ਰਹਿ ਕੇ ਜਾਂਦੇ। ਇਨ੍ਹਾਂ ਫੇਰੀਆਂ ਦੌਰਾਨ ਉਹ ਕਦੇ ਕਦੇ ਦਿੱਲੀ ਤੇ ਬੰਬਈ ਵਸਦੀਆਂ ਆਪਣੀਆਂ ਕਾਲਿਜ ਸਮੇਂ ਦੀਆਂ ਸਹੇਲੀਆਂ ਨੂੰ ਮਿਲਣ ਵੀ ਜਾਂਦੇ। ਪਰ ਉਨ੍ਹਾਂ ਕਦੇ ਵੀ ਸ਼ਿਵ ਨੂੰ ਮਿਲਣ ਦੀ ਕੋਸ਼ਿਸ਼ ਕੀਤੀ ਹੋਵੇ, ਜਾਂ ਸਰਸਰੀ ਤੌਰ 'ਤੇ ਵੀ ਕੋਈ ਜ਼ਿਕਰ ਕੀਤਾ ਹੋਵੇ, ਮੇਰੇ ਪਤੇ ਵਿਚ ਕਦੇ ਵੀ ਨਹੀਂ।

ਦੂਜੇ ਪਾਸੇ, ਸ਼ਿਵ ਮਾਮਾ ਜੀ ਕੋਲੋਂ ਵੀ, ਅਗਲੇ ਸਾਰੇ ਸਾਲਾਂ ਵਿਚ, ਉਨ੍ਹਾਂ ਦੀ ਕਿਸੇ ਵੀ ਜਲੰਧਰ ਫੇਰੀ ਦੌਰਾਨ ਮੈਂ ਅਨੂੰ ਮਾਸੀ ਬਾਰੇ ਕੋਈ ਘੋਖਵਾਂ ਸਵਾਲ ਤਾਂ ਕੀ, ਕਦੇ ਕੋਈ ਇਸ਼ਾਰਤਨ ਗੱਲ ਵੀ ਅੰਮੀ ਨਾਲ ਹੁੰਦੀ ਨਾ ਸੁਣੀ। 1968 ਵਿਚ ਉਨ੍ਹਾਂ ਦਾ ਅਰੁਣਾ ਜੀ ਨਾਲ ਵਿਆਹ ਹੋ ਗਿਆ। ਹੁਣ ਅੰਮੀ ਦੀਆਂ ਨਸੀਹਤਾਂ ਦੀ ਝੜੀ ਵਿਚ ਨਵੀਂ ਵਿਆਂਹਦੜ ਦਾ ਫਿਕਰ ਵੀ ਸ਼ਾਮਲ ਹੋ ਗਿਆ ਸੀ, "ਸ਼ਿਵ, ਤੂੰ ਉਸ ਕੁੜੀ ਦਾ ਸੋਚ, ਉਸਦੀ ਖ਼ਾਤਰ ਹੀ ਆਪਣੀਆਂ ਆਦਤਾਂ ਸੁਧਾਰ।"

1965 ਅਤੇ 1973 ਵਿਚਕਾਰ ਸਿਰਫ਼ ਅੱਠ ਸਾਲਾਂ ਦਾ ਅੰਤਰ ਹੈ। 75-80 ਸਾਲ ਲੰਮੀ ਔਸਤ ਜ਼ਿੰਦਗੀ ਵਿਚ ਇਹ ਕੋਈ ਲੰਮਾ ਅਰਸਾ ਨਹੀਂ। ਪਰ ਇਨ੍ਹਾਂ ਅੱਠ ਸਾਲਾਂ ਵਿਚ ਮੈਂ ਬਾਲ ਤੋਂ ਜਵਾਨ ਹੋਇਆ। 1973 ਵਿਚ ਮੈਂ ਉਚੇਰੀ ਪੜ੍ਹਾਈ ਲਈ ਮਾਸਕੋ ਚਲਾ ਗਿਆ, ਓਸੇ ਵਿਸ਼ਵਵਿਦਿਆਲੇ ਵਿਚ ਜਿੱਥੋਂ ਅਜੇ ਅੱਠ ਸਾਲ ਪਹਿਲਾਂ ਹੀ ਅਨੂੰ ਮਾਸੀ ਆਪਣੀ ਪੜ੍ਹਾਈ ਮੁਕਾ ਕੇ ਗਏ ਸਨ। ਤੇ ਏਸੇ ਹੀ ਸਾਲ, ਮੇਰੇ ਵਤਨ ਛੱਡਣ ਤੋਂ ਦੋ ਮਹੀਨੇ ਪਹਿਲਾਂ, 1973 ਦੀ ਮਈ ਵਿਚ ਸ਼ਿਵ ਮਾਮਾ ਜੀ ਜੋਬਨ ਰੁੱਤੇ ਹੀ ਪੂਰੇ ਹੋ ਗਏ।

ਅਨੂੰ ਮਾਸੀ ਤਾਂ ਓਸੇ ਨੇਮ ਨਾਲ ਹਿੰਦੁਸਤਾਨ ਆਂਦੇ ਰਹੇ, ਹੁਣ ਮੈਂ ਹੀ ਦੇਸ ਤੋਂ ਬਾਹਰ ਰਹਿ ਰਿਹਾ ਸਾਂ। 1973 ਤੋਂ 1980 ਤਕ- ਮੇਰੀ ਪੜ੍ਹਾਈ ਦੇ ਸਾਲਾਂ ਵਿਚ- ਸ਼ਾਇਦ ਇਕੋ ਵਾਰ ਅਜਿਹਾ ਮੌਕਾ ਆਇਆ ਕਿ ਅਸੀਂ ਦੋਵੇਂ ਇਕੋ ਵੇਲ਼ੇ ਭਾਰਤ ਵਿਚ ਸਾਂ। 1975 ਦੇ ਅੰਤਲੇ ਦਿਨਾਂ ਵਿਚ, ਜਦੋਂ ਮਾਤਾ ਜੀ (ਸਰਦਾਰਨੀ ਗੁਰਬਖ਼ਸ਼ ਸਿੰਘ) ਪੂਰੇ ਹੋਏ। ਅੱਸੀਵਿਆਂ ਦੇ ਦਹਾਕੇ ਵਿਚ ਵੀ ਅਸੀਂ ਕੋਈ ਬਹੁਤਾ ਨੇਮ ਨਾਲ ਨਾ ਮਿਲੇ। ਅਨੂੰ ਮਾਸੀ ਦੇ ਬੱਚੇ ਜਵਾਨ ਹੋ ਰਹੇ ਸਨ, ਤੇ ਉਨ੍ਹਾਂ ਦੀਆਂ ਪੜ੍ਹਾਈਆਂ ਤੇ ਹੋਰ ਲੋੜਾਂ ਕਾਰਨ ਵਤਨ ਦੀਆਂ ਸਾਲਾਨਾ ਫੇਰੀਆਂ ਸੰਭਵ ਨਹੀਂ ਸਨ ਰਹੀਆਂ। ਮੇਰੀ ਨੌਕਰੀ ਵੀ ਮੈਨੂੰ ਲਗਾਤਾਰ ਸ਼ਹਿਰੋ ਸ਼ਹਿਰ ਭਜਾਈ ਰੱਖਣ ਵਾਲੀ ਸੀ।

ਪਰ ਸਾਡੇ ਵਿਚਕਾਰ ਦੋਸਤੀ ਵਾਲਾ ਰਿਸ਼ਤਾ ਬਣ ਗਿਆ ਸੀ, ਰਵਾਇਤੀ ਮਾਸੀ ਭਣੇਵੇਂ ਵਾਲੇ ਤੋਂ ਹਟ ਕੇ। ਹੁਣ ਪਿੱਛਲ ਝਾਤ ਮਾਰ ਕੇ ਦੇਖਾਂ ਤਾਂ ਇਸ ਪਿੱਛੇ ਕਈ ਕਾਰਨ ਲੱਭਦੇ ਹਨ। ਦੋਵੇਂ ਇਕੋ ਮਾਹੌਲ, ਇਕੋ ਵਿਸ਼ਵਵਿਦਿਆਲੇ ਵਿਚ ਪੜ੍ਹਾਈ ਦੇ ਤਰਾਸ਼ੇ ਹੋਏ ਸਾਂ। ਦੋਵੇਂ ਮੂੰਹ-ਫਟ ਹੱਦ ਤਕ ਸਾਫ਼-ਗੋ ਸਾਂ। ਜੋ ਕੁਝ ਵੀ, ਜਾਂ ਜਿਹੜਾ ਕੋਈ ਵੀ ਪਸੰਦ ਨਾ ਹੋਵੇ, ਉਸ ਨਾਲ ਸਾਂਝਾ ਸੂਤਰ ਲੱਭਣ ਦੀ ਕੋਸ਼ਿਸ਼ ਕਰਨ ਦੇ ਵੱਲ ਤੋਂ ਹੀ ਵਿਰਵੇ ਸਾਂ। ਸਹਿਣਸ਼ੀਲਤਾ ਦੀ ਘਾਟ ਸੀ। ਸਾਡੇ ਬਾਰੇ ਕੋਈ ਕੀ ਕਹਿੰਦਾ ਜਾਂ ਸੋਚਦਾ ਹੈ, ਇਸ ਗੱਲ ਦੀ ਦੋਹਾਂ ਨੇ ਕਦੀ ਪਰਵਾਹ ਨਹੀਂ ਸੀ ਕੀਤੀ। ਕਿਸੇ ਹੋਰ 'ਤੇ ਆਪਣੀ ਰਾਏ ਭਾਂਵੇਂ ਨਾ ਵੀ ਥੋਪੀਏ, ਪਰ ਖ਼ੁਦ ਨਾਲ ਜੁੜੇ ਮਾਮਲਿਆਂ

ਵਿਚ ਆਪਣੀ ਮਰਜ਼ੀ ਪੁਗਾ ਲੈਂਦੇ ਸਾਂ। ਸਵੈ-ਕੇਂਦਰਤ ਸੁਭਾਵਾਂ ਦੇ ਮਾਲਕ ਸਾਂ। ਅਤੇ ਆਪਣੇ ਸਿਰ 'ਤੇ ਤਣਿਆ ਅਸਮਾਨ ਜਿੰਨਾ ਮਰਜ਼ੀ ਹਨੇਰਾ ਹੋ ਗਿਆ ਦਿਸਦਾ ਹੋਵੇ, ਉਸ ਵਿਚੋਂ ਚਾਨਣ ਦੀ ਲਿਸ਼ਕੋਰ ਲੱਭ ਹੀ ਲੈਂਦੇ ਸਾਂ।

90-ਵਿਆਂ ਦੇ ਸ਼ੁਰੂ ਵਿਚ, ਸਿਰਫ਼ ਦਸ ਵਰ੍ਹੇ ਇਕ ਰਵਾਇਤੀ ਨੌਕਰੀ ਕਰਨ ਤੋਂ ਬਾਅਦ ਅਜਿਹੀਆਂ ਨੌਕਰੀਆਂ ਨੂੰ ਮੈਂ ਹਮੇਸ਼ਾ ਲਈ ਤਿਲਾਂਜਲੀ ਦੇ ਦਿੱਤੀ। ਇੰਟਰਨੈੱਟ ਰਾਹੀਂ ਤਰਜਮਿਆਂ ਦਾ ਕੰਮ ਕਰਨ ਦੇ ਉਸ ਦੌਰ ਵਿਚ, ਜਦੋਂ ਮੈਂ ਆਪਣੇ ਸਾਰੇ ਵਕਤ ਦਾ ਆਪ ਮਾਲਕ ਸਾਂ, ਮੈਂ ਖ਼ੂਬ ਸੈਰ ਕੀਤੀ, ਦੁਨੀਆ ਦੇ ਪਹਿਲੋਂ ਅਣਗਾਹੇ ਰਹੇ ਕੋਨੇ ਦੇਖੇ। 1995, ਤੇ ਫੇਰ 1998 ਦੀਆਂ ਗਰਮੀਆਂ ਵਿਚ ਦੋ ਵਾਰ ਵੈਨੇਜ਼ੁਏਲਾ ਵੀ ਗਿਆ।

ਦੱਖਣੀ (ਲਾਤੀਨੀ) ਅਮਰੀਕਾ ਦੇ ਉੱਤਰੀ ਸਾਹਿਲ ‘ਤੇ ਫੈਲਿਆ ਹੋਇਆ ਵੈਨੇਜ਼ੁਏਲਾ ਕੋਈ ਛੋਟਾ ਮੁਲਕ ਨਹੀਂ। ਰਾਜਧਾਨੀ ਕਾਰਾਕਸ ਵਿਚ ਉਤਰ ਕੇ ਪਹਿਲੋਂ ਕੁਝ ਦਿਨ ਮੈਂ ਆਪਣੇ ਦੋਹਾਂ ਵੱਡੇ ਮਸੇਰਾਂ ਕੋਲ਼ ਬਿਤਾਏ ਜੋ ਆਪੋ-ਆਪਣੇ ਸਾਥੀਆਂ ਨਾਲ ਇਸ ਸਭ ਤੋਂ ਵੱਡੇ ਸ਼ਹਿਰ ਵਿਚ ਰਹਿ ਰਹੇ ਸਨ, ਤੇ ਫੇਰ ਦੇਸ ਦੇ ਪੱਛਮੀ ਹਿੱਸੇ ਮੈਰੀਦਾ ਚਲਾ ਗਿਆ, ਜਿੱਥੇ ਅਨੂੰ, ਰਾਊਲ ਤੇ ਸਭ ਤੋਂ ਛੋਟਾ ਮਸੇਰ ਰਹਿੰਦੇ ਸਨ। ਦੱਖਣੀ ਅਮਰੀਕਾ ਦੀ ਆਂਦੇਸ ਪਰਬਤ ਲੜੀ ਦੇ ਪੈਰਾਂ ਵਿਚ ਵਸਿਆ ਮੈਰੀਦਾ ਨੀਮ-ਪਹਾੜੀ ਸ਼ਹਿਰ ਹੈ, ਅਧਿਆਪਕਾਂ ਤੇ ਵਿਦਿਆਰਥੀਆਂ ਨਾਲ ਅੱਟਿਆ ਹੋਇਆ। ਏਥੇ ਮੁਲਕ ਦੀ ਦੂਜੀ ਸਭ ਤੋਂ ਵੱਡੀ ਲੋਸ ਆਂਦੇਸ ਯੂਨੀਵਰਸਿਟੀ ਹੈ, ਜਿੱਥੇ ਸਾਰੀ ਉਮਰ ਪੜ੍ਹਾਉਣ ਤੋਂ ਬਾਅਦ ਰਾਊਲ ਤੇ ਅਨੂੰ ਅਜੇ ਲੰਘੇ ਵਰ੍ਹੇ ਹੀ ਸੇਵਾ-ਮੁਕਤ ਹੋਏ ਸਨ।

ਉਂਝ ਰਾਊਲ ਤੇ ਅਨੂੰ ਬੜੇ ਸਾਲਾਂ ਤੋਂ ਅੱਡ ਹੋ ਚੁੱਕੇ ਸਨ, ਤੇ ਭਾਂਵੇਂ ਹਰ ਜਣੇ-ਖਣੇ ਨੂੰ ਇਸ ਬਾਰੇ ਪਤਾ ਨਾ ਵੀ ਹੋਵੇ, ਪਰਿਵਾਰ ਦੇ ਮੈਂਬਰਾਂ ਕੋਲ਼ੋਂ ਇਹ ਤੱਥ ਕਦੇ ਵੀ ਲੁਕਾ ਕੇ ਨਹੀਂ ਸੀ ਰੱਖਿਆ ਗਿਆ। ਅਨੂੰ ਮਾਸੀ ਸ਼ਹਿਰ ਦੇ ਕੇਂਦਰੀ ਹਿੱਸੇ ਵਿਚ ਇਕੱਲੇ ਰਹਿ ਰਹੇ ਸਨ, ਉਸ ਫ਼ਲੈਟ ਵਿਚ, ਜੋ ਕਿਸੇ ਜ਼ਮਾਨੇ ਵਿਚ ਰਾਊਲ ਤੇ ਅਨੂੰ ਦਾ ਸਾਂਝਾ ਘਰ ਹੁੰਦਾ ਸੀ। ਰਾਊਲ ਨੇ ਬੜੇ ਸਾਲ ਪਹਿਲਾਂ ਦੂਜਾ ਵਿਆਹ ਕਰਾ ਲਿਆ ਸੀ ਤੇ ਹੁਣ ਉਹ ਸ਼ਹਿਰੋਂ ਬਾਹਰ ਆਪਣੀ ਪਤਨੀ ਸੋਇਲਾ, ਤੇ ਉਸ ਵਿਆਹ ਵਿਚੋਂ ਹੋਏ ਪੁੱਤਰ ਪਾਬਲੋ ਨਾਲ, ਇਕ ਪਹਾੜੀ ਥਾਂ ਉੱਤੇ ਬੜੀ ਰੀਝ ਨਾਲ ਬਣਾਏ ਘਰ ਵਿਚ ਰਹਿ ਰਿਹਾ ਸੀ। ਮੇਰਾ ਤੀਜਾ, ਸਭ ਤੋਂ ਛੋਟਾ ਤੇ ਅਣਵਿਆਹਿਆ ਮਸੇਰ ਕਰੂਨ ਵੀ ਓਸੇ ਘਰ ਦੇ ਇਕ ਹਿੱਸੇ ਵਿਚ ਰਹਿੰਦਾ ਸੀ।

ਰਾਊਲ ਭਾਂਵੇਂ ਹੁਣ ਮੇਰਾ ਮਾਸੜ ਨਹੀਂ ਵੀ ਸੀ ਰਿਹਾ, ਪਰ ਮੇਰੇ ਆਣ ਦਾ ਚਾਅ ਉਸਨੇ ਉਸ ਤੋਂ ਘੱਟ ਨਾ ਕੀਤਾ, ਜਿੰਨਾ ਕੋਈ ਮੋਹ ਵਾਲਾ ਮਾਸੜ ਕਰ ਸਕਦਾ ਹੈ। ਉਂਝ ਵੀ ਰਾਊਲ ਤੇ ਸੋਇਲਾ ਨਾਲ ਅਨੂੰ ਮਾਸੀ ਦਾ ਰਿਸ਼ਤਾ ਬੜਾ ਸਹਿਜ ਤੇ ਸਾਂਵਾਂ ਦਿਸਦਾ ਸੀ। ਤੋੜ-ਵਿਛੋੜੇ ਦੇ ਸ਼ੁਰੂਆਤੀ ਸਾਲਾਂ ਵਿਚ ਜੇ ਕੋਈ ਕੌੜ ਉਨ੍ਹਾਂ ਵਿਚਕਾਰ ਪੱਲਰੀ ਵੀ ਸੀ, ਤਾਂ ਹੁਣ ਤਕ ਉਸ ਦਾ ਕੁਸੈਲ਼ਾਪਣ ਬੀਤੇ ਦੀ ਬਾਤ ਬਣ ਚੁੱਕਾ ਸੀ।

ਰਾਊਲ ਤੇ ਅਨੂੰ ਦੇ ਰਹਿ ਚੁੱਕੇ ਵਿਦਿਆਰਥੀ ਹੁਣ ਸਾਰੇ ਮੁਲਕ ਵਿਚ ਫੈਲੇ ਹੋਏ ਸਨ। ਇਨ੍ਹਾਂ ਲਈ ਦਿੱਤੇ ਗਏ ਸਿਫ਼ਾਰਸ਼ੀ ਰੁੱਕੇ ਲੈ ਕੇ, ਸਪੇਨੀ ਜ਼ਬਾਨ ਦੀ ਮੂਲ਼ੋਂ ਸੀਮਤ ਜਿਹੀ ਜਾਣਕਾਰੀ ਹੋਣ ਦੇ ਬਾਵਜੂਦ, ਮੈਂ ਬੜੀ ਸੌਖ ਨਾਲ ਸ਼ਹਿਰੋ-ਸ਼ਹਿਰ ਘੁੰਮ ਸਕਿਆ ਤੇ ਇਨ੍ਹਾਂ ਦੋ ਫੇਰੀਆਂ ਵਿਚ ਵੈਨੇਜ਼ੁਏਲਾ ਦਾ ਕੋਨਾ ਕੋਨਾ ਗਾਹ ਛੱਡਿਆ।ਤੇ ਇਨ੍ਹਾਂ ਦੋ ਫੇਰੀਆਂ ਵਿਚ ਹੀ ਮੇਰੀ ਅਨੂੰ ਮਾਸੀ ਨਾਲ ਅਸਲੀ ਅਰਥਾਂ ਵਿਚ ਦੋਸਤੀ ਹੋਈ। ਉਨ੍ਹਾਂ ਨੂੰ ਪੁੱਛ ਸਕਿਆ ਕਿ ਪਹਿਲੋਂ ਮਾਪਿਆਂ, ਤੇ ਪਿੱਛੋਂ ਜਾ ਕੇ ਮੋਹਵੰਤੇ ਭੈਣਾਂ-ਭਰਾਵਾਂ ਦੀਆਂ ਅੱਡੀਆਂ ਬਾਹਵਾਂ ਤੇ ਹਾੜ੍ਹਿਆਂ ਦੇ ਬਾਵਜੂਦ ਉਨ੍ਹਾਂ ਨੇ ਛੇਤੀ ਹੀ ਟੁੱਟ ਗਏ ਵਿਆਹ ਖਾਤਰ ਸਹੇੜੇ ਨਵੇਂ ਵਤਨ ਨੂੰ ਛੱਡ ਕੇ ਵਾਪਸ

ਹਿੰਦੁਸਤਾਨ ਆ ਵੱਸਣ ਦੀ ਸੰਭਾਵਨਾ ਨੂੰ ਹਮੇਸ਼ਾ ਨਕਾਰੀ ਕਿਉਂ ਰੱਖਿਆ। ਮੈਨੂੰ ਸਪਸ਼ਟ ਸਮਝ ਪਈ ਕਿ 24 ਸਾਲ ਦੀ ਉਮਰ ਤੋਂ ਬਾਅਦ ਹਮੇਸ਼ਾ ਪਰਦੇਸਾਂ ਵਿਚ ਹੀ ਰਹੇ ਅਨੂੰ ਮਾਸੀ ਲਈ ਵਤਨ ਤੇ ਆਮ ਵਤਨੀਆਂ ਦੀ ਮਾਨਸਿਕਤਾ ਕਿੰਨੇ ਓਪਰੇ ਹੋ ਚੁੱਕੇ ਸਨ, ਤੇ ਇਸ ਪਾੜ ਨੂੰ ਪੂਰ ਸਕਣਾ ਹੁਣ ਕਿਉਂ ਅਸੰਭਵ ਸੀ।

ਪਰ, ਇਨ੍ਹਾਂ ਦੋ ਲੰਮੀਆਂ ਫੇਰੀਆਂ, ਤੇ ਉਨ੍ਹਾਂ ਦੌਰਾਨ ਹੋਈਆਂ ਅਣਗਿਣਤ ਗਲੋਕੜੀਆਂ ਦੇ ਬਾਵਜੂਦ ਮੈਨੂੰ ਕਦੀ ਖ਼ਿਆਲ ਵੀ ਨਾ ਆਇਆ ਕਿ ਉਨ੍ਹਾਂ ਨੂੰ ਪੁੱਛਾਂ, 'ਮਾਸੀ, ਸ਼ਿਵ ਨਾਲ ਤੁਹਾਡਾ ਕੀ ਰਿਸ਼ਤਾ ਸੀ?'

ਇਹ ਸਵਾਲ ਪੁੱਛਣ ਦਾ ਖ਼ਿਆਲ ਹੀ ਮੈਨੂੰ ਕੁਝ ਹੋਰ ਸਾਲ ਠਹਿਰ ਕੇ ਆਇਆ, ਮਨ ਦੀਆਂ ਤੈਹਾਂ ਵਿਚ ਕਿਤੇ ਡੂੰਘੀ ਦੱਬੀ ਗਈ ਇਸ ਗੱਲ ਬਾਰੇ ਜਾਨਣ ਦੀ ਜਿਗਿਆਸਾ ਕੁਝ ਹੋਰ ਵਰ੍ਹੇ ਲੰਘ ਜਾਣ 'ਤੇ ਜਾਗੀ।

2001 ਦੀ ਗੱਲ ਹੈ, ਮੈਂ ਮਾਪਿਆਂ ਨੂੰ ਮਿਲਣ ਕੁਝ ਦਿਨਾਂ ਲਈ ਦਿੱਲੀ ਤੋਂ ਜਲੰਧਰ ਆਇਆ ਹੋਇਆ ਸਾਂ। ਫ਼ੋਨ ਦੇ ਕੋਲ਼ ਬੈਠਾ ਹੋਇਆ ਸਾਂ, ਘੰਟੀ ਵੱਜੀ ਤੇ ਮੈਂ ਚੁੱਕ ਲਿਆ। ਕੋਈ ਜ਼ਨਾਨਾ ਆਵਾਜ਼ ਦੱਸ ਰਹੀ ਸੀ ਕਿ ਉਹ ਫਲਾਣੇ ਕਾਲਿਜ ਤੋਂ ਬੋਲ ਰਹੀ ਹੈ ਤੇ ਕੀ ਉਰਮਿਲਾ ਆਨੰਦ ਨਾਲ ਗੱਲ ਹੋ ਸਕਦੀ ਹੈ। ਮੈਂ ਫ਼ੋਨ ਅੰਮੀ ਨੂੰ ਫੜਾ ਦਿੱਤਾ।

ਦੂਜੇ ਪਾਸਿਓਂ ਕੋਈ ਕੀ ਕਹਿ ਰਿਹਾ ਸੀ, ਇਹ ਤੇ ਮੈਨੂੰ ਸੁਣਾਈ ਨਹੀਂ ਸੀ ਦੇ ਰਿਹਾ ,ਪਰ ਅੰਮੀ ਦੇ ਜਵਾਬ ਤਾਂ ਕੰਨੀਂ ਪੈ ਰਹੇ ਸਨ।

"ਨਹੀਂ, ਮੈਂ ਉਹ ਨਹੀਂ।"

---

"ਨਹੀਂ, ਮੈਂ ਇਹ ਨਹੀਂ ਕਹਿ ਰਹੀ ਕਿ ਸ਼ਿਵ ਨੂੰ ਜਾਣਦੀ ਨਹੀਂ ਸਾਂ, ਉਸ ਨਾਲ ਮੇਰਾ ਬੜਾ ਕਰੀਬੀ ਰਿਸ਼ਤਾ ਜ਼ਰੂਰ ਸੀ, ਪਰ ਭੈਣ-ਭਰਾ ਵਾਲਾ। ਉਸ ਨੇ ਹਮੇਸ਼ ਮੈਨੂੰ ਦੀਦੀ ਕਿਹਾ ਤੇ ਮੰਨਿਆ।"

---

"ਨਹੀਂ, ਮੈਂ ਕੁਝ ਵੀ ਲੁਕਾਣ ਦੀ ਕੋਸ਼ਿਸ਼ ਨਹੀਂ ਕਰ ਰਹੀ। ਜਿਸ 'ਅਫ਼ੇਅਰ' ਵੱਲ ਤੁਸੀ ਇਸ਼ਾਰਾ ਕਰ ਰਹੇ ਹੋ, ਉਹ ਮੇਰੇ ਨਾਲ ਨਹੀਂ ਮੇਰੀ ਛੋਟੀ ਭੈਣ ਨਾਲ ਜੋੜਿਆ ਜਾਂਦਾ ਹੈ।"

---

"ਨਹੀਂ, ਤੁਸੀਂ ਉਸ ਨੂੰ ਨਹੀਂ ਮਿਲ ਸਕਦੇ, ਉਹ ਬੜੇ ਸਾਲਾਂ ਤੋਂ ਬਾਹਰ ਰਹਿੰਦੀ ਹੈ।"

---

"ਹਾਂ, ਉਹ ਵਿਆਹੀ ਹੋਈ ਏ, ਉਸਦੇ ਜਵਾਨ ਬੱਚੇ ਵੀ ਨੇ।"

---

"ਨਹੀਂ, ਮੈਨੂੰ ਤੁਹਾਡੇ ਨਾਲ ਮਿਲਣ ਵਿਚ ਤੇ ਕੋਈ ਇਤਰਾਜ਼ ਨਹੀਂ, ਪਰ ਜੋ ਕੁਝ ਤੁਹਾਨੂੰ ਹੁਣ ਫ਼ੋਨ ਤੇ ਦੱਸ ਰਹੀ ਹਾਂ ਉਸਤੋਂ ਵੱਧ ਹੋਰ ਕੋਈ ਜਾਣਕਾਰੀ ਮੇਰੇ ਕੋਲ਼ ਹੈ ਨਹੀਂ।"

---

"ਇਹ ਤੁਸੀਂ ਕਹਿ ਰਹੇ ਹੋ, ਮੈਂ ਨਹੀਂ ਕਹਿ ਰਹੀ। ਤੇ ਨਾ ਇਸ ਗੱਲ ਦੀ ਤਸਦੀਕ ਕਰ ਸਕਦੀ ਹਾਂ ਕਿ ਜੋ ਕੁਝ ਤੁਸੀਂ ਸੁਣਿਆ ਹੋਇਆ ਹੈ, ਉਹ ਸਹੀ ਹੈ।"

ਦਿਸ ਰਿਹਾ ਸੀ ਕਿ ਅੰਮੀ ਇਸ ਇਸਰਾਰੀ 'ਤੇ ਲਟਕਦੇ ਜਾ ਰਹੇ ਸਵਾਲ ਜਵਾਬ ਤੋਂ ਉਪਰਾਮ ਹੋ ਰਹੇ ਸਨ। ਆਖਰ ਜਦੋਂ ਫ਼ੋਨ ਮੁੱਕਿਆ ਤਾਂ ਕਹਿਣ ਲੱਗੇ, "ਕਾਹਲੋਂ ਦਾ ਨਾਵਲ ਕਿਸੇ

ਨੇ ਪੜ੍ਹਿਆ ਹੈ ਤੇ ਮੈਨੂੰ ਅਨੂੰ ਸਮਝ ਕੇ ਫ਼ੋਨ ਕੀਤਾ ਸੂ।"

ਮੈਨੂੰ ਉਸ ਸਮੇਂ ਇਸ ਨਾਵਲ ਬਾਰੇ ਕੁਝ ਨਹੀਂ ਸੀ ਪਤਾ। ਅੰਮੀ ਨੇ ਦੱਸਿਆ ਕਿ ਕੁਝ ਝੂਠੀਆਂ-ਸੱਚੀਆਂ ਜੋੜ ਕੇ ਮੋਹਨ ਕਾਹਲੋਂ ਨੇ ਸ਼ਿਵ ਦੀ ਜ਼ਿੰਦਗੀ 'ਤੇ ਇਕ ਨਾਵਲ ਲਿਖਿਆ ਸੀ, ਜਿਸ ਵਿਚ ਇਕ ਕਾਂਡ ਅਨੂੰ 'ਤੇ ਵੀ ਆਧਾਰਤ ਹੈ। ਪਰ ਦਾਰ ਜੀ ਦੀ ਜਾਣੀ ਜਾਂਦੀ ਧੀ ਹੋਣ ਕਰਕੇ ਕਦੀ ਕਦਾਈਂ ਇਹੋ ਜਿਹੇ ਜਿਗਿਆਸਾ-ਗਰੱਸੇ ਲੋਕਾਂ ਦੇ ਫ਼ੋਨ ਅੰਮੀ ਨੂੰ ਆ ਜਾਂਦੇ ਸਨ, ਤੇ ਆਮ ਤੌਰ 'ਤੇ ਇਹ ਕਾਲਿਜ ਪੜ੍ਹਦੀਆਂ ਕੁੜੀਆਂ ਦੇ ਹੀ ਹੁੰਦੇ ਸਨ।

ਸ਼ਿਵ ਨੂੰ ਗਿਆਂ ਤਕਰੀਬਨ ਤਿੰਨ ਦਹਾਕੇ ਹੋ ਚੱਲੇ ਸਨ, ਅਨੂੰ ਮਾਸੀ ਨੂੰ ਦੇਸ ਛੱਡਿਆਂ ਚਾਰ ਤੋਂ ਵੀ ਵੱਧ। ਤੇ ਅਜੇ ਤੀਕ ਲੋਕਾਂ ਨੂੰ ਇਸ ਕਿੱਸੇ ਵਿਚ ਦਿਲਚਸਪੀ ਸੀ! ਉਸ ਦਿਨ ਪਹਿਲੀ ਵਾਰ ਮੇਰੇ ਅੰਦਰ ਵੀ ਇਸ ਕਿੱਸੇ ਬਾਰੇ ਵਧੇਰੇ ਜਾਨਣ ਦੀ ਖ਼ਾਹਸ਼ ਪੈਦਾ ਹੋਈ।

"ਅੰਮੀ, ਅਨੂੰ ਮਾਸੀ ਤੇ ਸ਼ਿਵ ਵਿਚਕਾਰ ਕੀ ਸੀ? 'ਅਫ਼ੇਅਰ'?"

"ਕਹਿ ਨਹੀਂ ਸਕਦੀ, ਪਰ ਦੋਸਤੀ ਜ਼ਰੂਰ ਸੀ। ਅਨੂੰ ਲਈ ਇਹ 'ਅਫ਼ੇਅਰ' ਸੀ ਜਾਂ ਨਹੀਂ, ਉਹੋ ਦੱਸ ਸਕਦੀ ਹੈ। ਮੈਂ ਉਸ ਨਾਲ ਇਸ ਬਾਰੇ ਕਦੇ ਗੱਲ ਨਹੀਂ ਕੀਤੀ।"

"ਤੇ ਸ਼ਿਵ ਲਈ?"

"ਸ਼ਿਵ ਨੇ ਬੜੀ ਵਾਰ, ਬੜਿਆਂ ਨਾਲ ਦੋਸਤੀਆਂ ਕੀਤੀਆਂ, ਤੇ ਉਹ ਹਰ ਦੋਸਤੀ ਵਿਚ ਖੁਭ ਜਾਂਦਾ ਸੀ। ਇੰਝ ਸ਼ਿੱਦਤ ਨਾਲ ਮੋਹ ਕਰਨਾ ਉਸਦੇ ਸੁਭਾਅ ਦਾ ਹਿੱਸਾ ਸੀ। ਅਨੂੰ ਨੂੰ ਵੀ ਉਸ ਨੇ ਓਸੇ ਸ਼ਿੱਦਤ ਨਾਲ ਪਿਆਰ ਕੀਤਾ।"

"ਤੇ ਸ਼ਿਵ ਨੇ ਤੇ ਤੁਹਾਡੇ ਨਾਲ ਆਪਣੀਆਂ 'ਫ਼ੀਲਿੰਗਜ਼' ਦੀ ਗੱਲ ਕੀਤੀ ਹੋਣੀ ਏ?"

"ਬੜੀ ਵਾਰ ਕੀਤੀ , ਤੇ ਸਿਰਫ਼ ਅਨੂੰ ਬਾਰੇ ਹੀ ਨਹੀਂ, ਮੈਂ ਉਸਨੂੰ ਬੜੀ ਵਾਰ ਸਮਝਾਇਆ ਵੀ, ਪਰ ਉਹ ਸੁਣਦਾ ਨਹੀਂ ਸੀ। ਅਸਲ ਵਿਚ ਉਹ 'ਡਿਪ੍ਰੈਸ਼ਨ' ਦਾ ਸ਼ਿਕਾਰ ਸੀ, ਪਰ ਉਦੋਂ ਸਾਨੂੰ ਇਸ ਗੱਲ ਦੀ ਸੋਝੀ ਹੀ ਨਹੀਂ ਸੀ ਹੁੰਦੀ ਕਿ ਡਿਪ੍ਰੈਸ਼ਨ ਕੀ ਹੁੰਦਾ ਹੈ, ਤੇ ਉਸਦਾ ਇਲਾਜ ਵੀ ਹੋ ਸਕਦਾ ਹੈ।"

ਪਰ, ਹੁਣ ਜਦੋਂ ਅੰਮੀ ਦਾ 1962 ਵਿਚ ਲਿਖਿਆ, ਸ਼ਿਵ ਨੂੰ ਮੁਖ਼ਾਤਬ ਖ਼ਤ ਨੁਮਾ ਲੇਖ ਜਿਸਦਾ ਜ਼ਿਕਰ ਮੈਂ ਪਹਿਲਾਂ ਵੀ ਕਰ ਚੁੱਕਾ ਹਾਂ) ਪੜ੍ਹਦਾ ਹਾਂ ਤਾਂ ਜਾਪਦਾ ਹੈ ਕਿ ਡਿਪ੍ਰੈਸ਼ਨ ਬਾਰੇ ਸੋਝੀ ਤੋਂ ਵਿਰਵੇ ਹੋਣ ਦੇ ਬਾਵਜੂਦ ਅੰਮੀ ਨੇ ਉਸਦੇ ਮਰਜ਼ ਨੂੰ ਠੀਕ ਪਛਾਣ ਲਿਆ ਸੀ। ਉਸ ਲੇਖ ਵਿਚਲੀਆਂ ਇਹ ਸਤਰਾਂ ਦੇਖੋ:

"ਤੂੰ ਉਦਾਸੀ ਦੀ ਉਹ ਬੁਝਾਰਤ ਏਂ ਜਿਹੜੀ ਖੁਲ੍ਹਣ ਲੱਗਿਆਂ ਹੋਰ ਡੂੰਘੀ ਹੁੰਦੀ ਚਲੀ ਜਾਂਦੀ ਹੈ।

ਤੂੰ ਉਹ ਖ਼ਿਜ਼ਾਂ ਏਂ ਜਿਸ ਵਿਚ ਹਨੇਰੀਆਂ ਤੇ ਮੁਸੀਬਤਾਂ ਦੀ ਕੋਈ ਨਾ ਕੋਈ ਇਕਲਾਪੀ ਪੱਤੀ ਹਰ ਘੜੀ ਝੜਦੀ ਰਹਿੰਦੀ ਹੈ। ਤੂੰ ਮੁਸੀਬਤਾਂ ਦੇ ਚੰਦਰੇ ਚੱਕਰ ਵਿਚ ਘਿਰਿਆ ਇਕ ਅਨਾੜੀ ਏਂ।ਤੂੰ ਗ਼ਮਾਂ ਦੀਆਂ ਘੁੰਮਣ-ਘੇਰੀਆਂ ਵਿਚ ਕੁਝ ਅਜੇਹਾ ਪੈ ਗਿਆ ਏਂ ਕਿ ਹੁਣ ਤੈਥੋਂ ਇਨ੍ਹਾਂ ਵਿਚੋਂ ਨਿਕਲਿਆ ਕਦੇ ਨਹੀਂ ਜਾਂਦਾ।...

ਤੂੰ ਕਹਿੰਦਾ ਏਂ ਕਿ ਤੂੰ ਡਾਢੇ ਦੁੱਖਾਂ ਵਿਚ ਘਿਰਿਆ ਹੋਇਆ ਏਂ। ਪਰ ਤੂੰ ਤਾਂ ਉਨ੍ਹਾਂ ਦੀ ਧੁੰਦ ਤੋਂ ਪਰੇ ਨਹੀਂ ਹੋਣਾ ਚਾਹੁੰਦਾ। ਇਵੇਂ ਲੱਗਦਾ ਹੈ ਇਨ੍ਹਾਂ ਹੀ ਸ਼ਾਮਾਂ ਵਿਚ ਰਹਿ ਰਹਿ ਕੇ ਤੂੰ ਇਨ੍ਹਾਂ ਦਾ ਇੰਨਾ ਆਦੀ ਹੋ ਗਿਆ ਏਂ ਕਿ ਹੁਣ ਇਨ੍ਹਾਂ ਤੋਂ ਬਿਨਾਂ ਤੂੰ ਆਪਣੇ ਆਪ ਨੂੰ ਸੱਖਣਾ ਮਹਿਸੂਸ ਕਰਦਾ ਏਂ। ਇਸ ਪੀੜਾਂ-ਮੱਲੀ ਦੁਨੀਆਂ ਨਾਲ ਤੇਰੀ ਇਤਨੀ ਸਾਂਝ ਪੈ ਚੁੱਕੀ ਹੈ ਕਿ ਤੈਨੂੰ ਹੁਣ ਪੀੜਾਂ ਦਾ ਹੀ ਸੁਆਦ ਆਣ ਲੱਗ ਪਿਆ ਏ। ਤੂੰ ਜ਼ਿੰਦਗੀ ਦੀ ਡਾਢੀ ਜ਼ਖ਼ਮੀ ਸ਼ਾਮ ਏਂ, ਤੂੰ ਜਵਾਨੀ ਵਿਚ ਹੀ ਪੀੜਾਂ ਨਾਲ ਨੋਚਿਆ ਇਕ ਕਰੰਗ ਏਂ।ਤੂੰ ਗੀਤ ਨਹੀਂ, ਤੂੰ ਤਾਂ ਪੀੜਾਂ ਤੇ

ਮੁਸੀਬਤਾਂ ਦੀ ਢੇਰੀ ਕੀਤੀ ਹੋਈ ਗਠੜੀ ਏਂ। ਤੂੰ ਤਾਂ ਗ਼ਮੀਆਂ ਦਾ ਉਹ ਬੱਦਲ਼ ਏਂ ਜਿਹੜਾ ਹਰ ਘੜੀ ਵੱਸਣ ਵੱਸਣ ਕਰਦਾ ਰਹਿੰਦਾ ਏ। ਤੂੰ ਤਾਰਿਆਂ ਦੀ ਉਹ ਛਾਂ ਏਂ ਜਿੱਥੇ ਹਨੇਰੇ ਵੀ ਜਾਣੋਂ ਡਰਦੇ ਨੇ। ਤੇਰੇ ਬੋਲਾਂ ਦੀ ਪੀੜ ਤੋਂ ਵੱਧ ਕੋਈ ਹੋਰ ਪੀੜ ਨਹੀਂ ਹੋ ਸਕਦੀ।

ਪਰ ਤੂੰ ਇਤਨਾ ਪੀੜ ਪੀੜ ਕਿਉਂ ਏਂ, ਇਤਨਾ ਤਰਾਟ ਤਰਾਟ ਕਿਉਂ ਏ? ਕਈ ਤੇਰੇ ਨਾਲ ਆਪਣੇ ਦੁੱਖ ਦੀ ਗੰਢ ਗੰਢ ਕੇ ਆਖਦੇ ਨੇ ਕਿ ਦੁਖੀ ਤਾਂ ਉਹ ਵੀ ਹਨ ਪਰ ਉਹ ਜ਼ਿੰਦਗੀ ਤੋਂ ਇਤਨੇ ਬੇਮੁਖ ਨਹੀਂ, ਜ਼ਿੰਦਗੀ ਤੋਂ ਇਤਨੇ ਉਦਾਸ ਨਹੀਂ।"

ਜਦੋਂ ਸਾਡੀ ਇਹ ਗੱਲਬਾਤ ਹੋਈ, ਅਨੂੰ ਮਾਸੀ ਕੁਝ ਹੀ ਦਿਨਾਂ ਬਾਅਦ ਆਪਣੀ ਅਗਲੀ ਫੇਰੀ 'ਤੇ ਭਾਰਤ ਆਣ ਹੀ ਵਾਲੇ ਸਨ। ਮੈਂ ਸੋਚ ਲਿਆ ਕਿ ਇਸ ਵਾਰ ਉਨ੍ਹਾਂ ਦੇ ਸ਼ਿਵ ਨਾਲ ਰਿਸ਼ਤੇ ਬਾਰੇ ਗੱਲ ਜ਼ਰੂਰ ਕਰਾਂਗਾ।

ਤੇ ਜਦੋਂ ਗੱਲਬਾਤ ਹੋਈ, ਮੈਨੂੰ ਸਭ ਤੋਂ ਵੱਡੀ ਹੈਰਾਨੀ ਇਸ ਗੱਲ ਦੀ ਹੋਈ ਕਿ ਅਨੂੰ ਮਾਸੀ ਨੂੰ ਪਤਾ ਹੀ ਨਹੀਂ ਸੀ ਕਿ ਸ਼ਿਵ ਦਾ ਪੰਜਾਬੀ ਸਾਹਿਤ ਵਿਚ ਕਿੰਨਾ ਵੱਡਾ ਰੁਤਬਾ ਸੀ ਤੇ ਉਹ ਅਜੇ ਤੀਕ ਕਿੰਨਾ ਮਕਬੂਲ ਕਵੀ ਸੀ। ਤੇ ਅਨੂੰ ਮਾਸੀ ਨੂੰ ਹੈਰਾਨੀ ਇਸ ਗੱਲ ਦੀ ਹੋਈ ਕਿ ਸ਼ਿਵ ਨੇ ਉਨ੍ਹਾਂ 'ਤੇ ਕਵਿਤਾਵਾਂ ਵੀ ਲਿਖੀਆਂ ਸਨ, ਜਾਂ ਘੱਟੋ-ਘੱਟ ਕਿਹਾ ਜਾਂ ਮੰਨਿਆ ਇਹੋ ਜਾਂਦਾ ਹੈ।

"ਸ਼ਿਵ ਨੇ ਮੇਰੇ ਬਾਰੇ ਕਵਿਤਾਵਾਂ ਲਿਖੀਆਂ ਸਨ!", ਸਵਾਲ ਵਾਂਗ ਇਹ ਗੱਲ ਪੁੱਛਦਿਆਂ, ਪਰ ਅਸਲ ਵਿਚ ਮੇਰੇ ਹੀ ਦੱਸੇ ਨੂੰ ਦੋਹਰਾ ਕੇ ਜਿਵੇਂ ਪੱਕਾ ਕਰਦਿਆਂ, ਅਨੂੰ ਮਾਸੀ ਦੀਆਂ ਅੱਖਾਂ ਵਿਚ ਕੋਈ ਖੀਵੀ ਲਿਸ਼ਕ ਸੀ। ਪਰ ਉਸ ਬਾਰੇ ਗੱਲ ਬਾਅਦ ਵਿਚ...ਪਹਿਲੋਂ ਸ਼ਿਵ ਤੇ ਅਨੂੰ ਦੇ ਰਿਸ਼ਤੇ ਬਾਰੇ। ਅਨੂੰ ਦੇ ਦੱਸੇ ਮੁਤਾਬਕ।

ਅਨੂੰ ਤੇ ਸ਼ਿਵ 1958 ਦੇ ਅਖੀਰ ਜਾਂ ਸ਼ਾਇਦ 1959 ਦੇ ਸ਼ੁਰੂ ਵਿਚ ਪ੍ਰੀਤਨਗਰ ਮਿਲੇ ਸਨ। ਵੀਰਾ ਜੀ (ਨਵਤੇਜ ਸਿੰਘ) ਸ਼ਿਵ ਨੂੰ ਬੜਾ ਪ੍ਰਤਿਭਾਵਾਨ ਕਵੀ ਮੰਨਦੇ ਸਨ ਤੇ ਉਸ ਦਾ ਪ੍ਰੀਤਨਗਰ ਕਾਫ਼ੀ ਆਣਾ-ਜਾਣਾ ਸੀ। ਅਨੂੰ ਤੇ ਸ਼ਿਵ ਵਿਚਕਾਰ ਚੋਖੀ ਦੋਸਤੀ ਹੋ ਗਈ, ਦੋਵੇਂ ਬਿਲਕੁਲ ਹਾਣ ਦੇ ਸਨ। ਇਕੋ ਵਰ੍ਹੇ, 1936, ਦਾ ਜਨਮ। ਪ੍ਰੀਤਨਗਰ ਵਿਚ ਕੁੜੀਆਂ-ਮੁੰਡਿਆਂ, ਔਰਤਾਂ-ਮਰਦਾਂ ਵਿਚਕਾਰ ਕਿਸੇ ਕਿਸਮ ਦੀ ਅਲਹਿਦਗੀ ਜਾਂ ਪਰਦਾਦਾਰੀ ਦਾ ਰਿਵਾਜ ਕਦੇ ਵੀ ਨਹੀਂ ਸੀ ਰਿਹਾ। ਸ਼ਿਵ ਦੀਆਂ ਪ੍ਰੀਤਨਗਰ ਫੇਰੀਆਂ ਦੌਰਾਨ ਅਨੂੰ ਤੇ ਸ਼ਿਵ ਵੀ ਚੋਖਾ ਸਮਾਂ ਇਕੱਠਿਆਂ ਗੁਜ਼ਾਰਦੇ। ਦੋਹਾਂ ਵਿਚਕਾਰ ਵਧ ਰਹੀ ਨੇੜਤਾ ਨੂੰ ਭਾਂਪਦਿਆਂ, ਕੁਝ ਮਹੀਨਿਆਂ ਬਾਅਦ ਗੁਰਬਖ਼ਸ਼ ਸਿੰਘ ਹੋਰਾਂ ਅਨੂੰ ਨੂੰ ਪੁੱਛਿਆ ਕਿ ਸ਼ਿਵ ਨਾਲ ਉਸਦੀ ਮਿੱਤਰਤਾ ਕਿੰਨੀ ਕੁ ਡੂੰਘੀ ਹੈ ਅਤੇ ਕੀ ਉਹ ਸ਼ਿਵ ਨੂੰ ਜੀਵਨ ਸਾਥੀ ਵਜੋਂ ਲੋਚਦੀ ਹੈ।

"ਦਾਰ ਜੀ, ਸ਼ਿਵ ਮੈਨੂੰ ਬੜਾ ਚੰਗਾ ਲੱਗਦਾ ਹੈ, ਪਰ ਉਸ ਨਾਲ ਵਿਆਹ ਕਰਾਣ ਦਾ ਮੈਂ ਕਦੇ ਨਹੀਂ ਸੋਚਿਆ, ਤੇ ਨਾ ਹੀ ਕੋਈ ਇਰਾਦਾ ਹੈ।"

"ਤੇ ਫੇਰ ਤੈਨੂੰ ਇਹ ਗੱਲ ਸ਼ਿਵ ਨੂੰ ਸਪਸ਼ਟ ਕਰ ਦੇਣੀ ਚਾਹੀਦੀ ਹੈ, ਤਾਂ ਜੋ ਉਹ ਕਿਸੇ ਕਿਸਮ ਦਾ ਭਰਮ ਨਾ ਪਾਲ਼ ਬੈਠੇ।"

ਗੁਰਬਖ਼ਸ਼ ਸਿੰਘ ਹੋਰਾਂ ਦੀ ਤਜਰਬੇਕਾਰ ਅੱਖ ਨੇ ਭਾਂਪ ਲਿਆ ਸੀ ਕਿ ਪ੍ਰੀਤਨਗਰ ਦੀਆਂ ਖੁਲ੍ਹ-ਭਰਪੂਰ ਫਿਜ਼ਾਵਾਂ ਵਿਚ ਪਲੀ ਅਨੂੰ ਲਈ ਜੋ ਕੁਝ ਮਹਿਜ਼ ਦੋਸਤੀ ਦਾ ਸਹਿਜ ਵਰਤਾਰਾ ਸੀ, ਸ਼ਿਵ ਲਈ ਕਿਸੇ ਡੂੰਘੇਰੀ ਚਾਹਤ ਦਾ ਇਸ਼ਾਰਾ ਵੀ ਹੋ ਸਕਦਾ ਸੀ।

"ਸੋ, ਦਾਰ ਜੀ ਦੇ ਕਹਿਣ 'ਤੇ ਤੁਸੀਂ ਸ਼ਿਵ ਨਾਲ ਗੱਲ ਕੀਤੀ, ਤੁਸੀਂ ਉਨ੍ਹਾਂ ਨੂੰ ਕੀ ਕਿਹਾ?"

"ਹੁਣ ਇੰਨ-ਬਿੰਨ ਤਾਂ ਯਾਦ ਨਹੀਂ, ਪਰ ਏਨਾ ਯਾਦ ਏ ਕਿ ਉਹ ਬੜਾ ਨਾਰਾਜ਼ ਹੋ ਕੇ ਅਚਾਨਕ ਪ੍ਰੀਤਨਗਰੋਂ ਚਲਾ ਗਿਆ ਸੀ।"

"ਫੇਰ ਮਿਲੇ ਕਦੀ?"

"ਸ਼ਾਇਦ ਇਕ ਵਾਰ, ਪਰ ਉਸਨੇ ਠੀਕ ਤਰ੍ਹਾਂ ਗੱਲ ਨਹੀਂ ਸੀ ਕੀਤੀ। ਤੇ ਫੇਰ ਮੈਂ ਮਾਸਕੋ ਚਲੀ ਗਈ, ਮੁੜ ਕਦੇ ਮੇਲ ਹੀ ਨਾ ਹੋਇਆ।"

ਆਪਣੇ ਹੀ ਪਰਿਵਾਰ ਅੰਦਰ ਹੋਈਆਂ ਬੀਤੀਆਂ, ਜਿਨ੍ਹਾਂ ਦੇ ਕਿੱਸਿਆਂ ਨਾਲ ਮੈਂ ਵਾਕਫ਼ ਸਾਂ, ਕਾਰਨ ਇਸ ਕਹਾਣੀ ਨੂੰ ਵੀ ਸਮਝ ਸਕਣਾ ਮੇਰੇ ਲਈ ਔਖਾ ਨਹੀਂ ਸੀ। ਬੜੇ ਵਰ੍ਹੇ ਪਹਿਲਾਂ, ਜਦੋਂ ਲਾਹੌਰ ਵਿਚ ਮੇਰੇ ਹੋਣ ਵਾਲੇ ਮਾਪਿਆਂ ਵਿਚਕਾਰ ਇਸ਼ਕ ਦਾ ਮੁੱਢ ਬੱਝ ਰਿਹਾ ਸੀ, ਤਾਂ ਵੀ ਦਾਰ ਜੀ ਨੇ ਆਪਣੀ ਧੀ ਨੂੰ ਬੁਲਾ ਕੇ ਪੁੱਛਿਆ ਸੀ ਕਿ ਕੀ ਉਹ ਇਸ ਨੌਜਵਾਨ ਪ੍ਰਤੀ ਗੰਭੀਰ ਸੀ। ਉਰਮਿਲਾ ਦੇ ਹਾਂ ਕਹਿਣ 'ਤੇ ਉਨ੍ਹਾਂ ਕਿਹਾ ਸੀ ਕਿ ਇਹੋ ਸਵਾਲ ਉਹ ਛੇ ਮਹੀਨੇ ਮਗਰੋਂ ਫੇਰ ਪੁੱਛਣਗੇ ਤੇ ਜੇ ਜਵਾਬ ਉਦੋਂ ਵੀ 'ਹਾਂ' ਵਿਚ ਹੀ ਹੋਇਆ ਤਾਂ ਆਪਣੀ ਪ੍ਰਵਾਨਗੀ ਦੇ ਦੇਣਗੇ। ਫੇਰ ਜਦੋਂ ਦਾਰ ਜੀ ਨੂੰ ਪਤਾ ਲੱਗਾ ਕਿ ਅੰਮੀ ਨੇ ਅਮ੍ਰਿਤਾ (ਪ੍ਰੀਤਮ) ਦੇ ਘਰ ਰਹਿਣ ਦਾ ਬਹਾਨਾ ਬਣਾ ਕੇ ਰਾਤ ਆਪਣੇ ਮਹਿਬੂਬ ਨਾਲ ਕੱਟੀ ਹੈ ਤਾਂ ਉਨ੍ਹਾਂ ਨੇ ਅੰਮੀ ਨੂੰ ਬੁਲਾ ਕੇ ਸਮਝਾਇਆ ਸੀ ਕਿ ਅੱਗੇ ਤੋਂ ਝੂਠ ਕਦੇ ਨਹੀਂ ਬੋਲਣਾ ਤੇ ਜਗਜੀਤ ਜਦੋਂ ਚਾਹੇ ਪ੍ਰੀਤਨਗਰ ਆ ਕੇ ਰਹਿ ਸਕਦਾ ਹੈ। ਏਸੇ ਵਾਪਰੀ ਨੇ ਗੁਰਬਖ਼ਸ਼ ਸਿੰਘ ਹੋਰਾਂ ਨੂੰ 'ਜਵਾਨ ਹੁੰਦੀ ਧੀ ਨਾਲ ਲਿੰਗ ਵਿਚਾਰ' ਸਿਰਲੇਖ ਹੇਠ ਇਕ ਲੇਖ ਲਿਖਣ ਲਈ ਪ੍ਰੇਰਿਆ, ਜੋ ਸਾਡੀ ਬੋਲੀ ਵਿਚ ਇਸ ਵਿਸ਼ੇ ਬਾਰੇ ਪਹਿਲਾ ਲੇਖ ਹੈ।

ਪਰ ਜਦੋਂ ਇਹੋ ਸਵਾਲ ਦਾਰ ਜੀ ਨੇ ਅਨੂੰ ਮਾਸੀ ਕੋਲੋਂ ਪੁੱਛਿਆ ਤਾਂ ਉਨ੍ਹਾਂ ਨੇ ਸ਼ਿਵ ਨਾਲ ਵਿਆਹ ਕਰਾਉਣ ਦਾ ਕੋਈ ਇਰਾਦਾ ਨਾ ਹੋਣ ਬਾਰੇ ਸਪਸ਼ਟ ਨਾਂਹ ਵਿਚ ਜਵਾਬ ਕਿਉਂ ਦਿੱਤਾ, ਜਦਕਿ ਉਹ ਚੰਗਾ ਵੀ ਲੱਗਦਾ ਸੀ!

"ਚੰਗਾ ਜ਼ਰੂਰ ਲੱਗਦਾ ਸੀ, ਪਰ ਸਿਰਫ਼ ਦੋਸਤ ਵਾਂਗ। ਮੈਂ ਵੀ ਉਨ੍ਹਾਂ ਦਿਨਾਂ ਵਿਚ ਬੜੀ ਉਦਾਸ ਰਹਿੰਦੀ ਸਾਂ, ਉਹ ਵੀ। ਅਸੀਂ ਇਕ ਦੂਜੇ ਨਾਲ ਆਪਣੀ ਉਦਾਸੀ ਸ਼ੇਅਰ ਕਰਦੇ ਸਾਂ।"

(1956 ਵਿਚ 20 ਵਰ੍ਹੇ ਦੀ ਉਮਰ ਵਿਚ ਅਨੂੰ ਦਾ ਪ੍ਰੇਮ ਵਿਆਹ ਹੋਇਆ ਸੀ, ਦਿੱਲੀ ਦੇ ਇਕ ਸਿੱਖ ਘਰਾਣੇ ਦੇ ਫ਼ਰਜ਼ੰਦ ਨਾਲ। ਵਿਆਹ ਦੇ ਅੱਠ ਮਹੀਨੇ ਬਾਅਦ ਹੀ ਵਿਧਵਾ ਹੋ ਕੇ ਉਹ ਮਾਪਿਆਂ ਦੇ ਘਰ ਵਾਪਸ ਪ੍ਰੀਤਨਗਰ ਆ ਗਈ ਸੀ। ਇਹ ਮੇਰੀ ਹੋਸ਼ ਤੋਂ ਪਹਿਲਾਂ ਦਾ ਸਮਾਂ ਹੈ। ਪਰ ਮੇਰੀ ਹੋਸ਼ ਦੇ ਸਮਿਆਂ ਵਿਚ ਵੀ ਪ੍ਰੀਤਨਗਰ, ਮਾਤਾ ਜੀ ਦੀ ਹਾਜ਼ਰੀ ਵਿਚ, 'ਪਿਆਸਾ' ਫਿਲਮ ਦੇ ਮਸ਼ਹੂਰ ਗੀਤ 'ਜਾਨੇ ਵੋ ਕੈਸੇ ਲੋਗ ਥੇ ਜਿਨਕੇ ਪਿਆਰ ਕੋ ਪਿਆਰ' ਮਿਲਾ' ਦਾ ਤਵਾ ਸੁਣਨਾ ਮਨ੍ਹਾ ਸੀ। ਅਨੂੰ ਭਾਂਵੇਂ ਉਦੋਂ ਤਕ ਬਾਹਰ ਜਾ ਚੁੱਕੀ ਸੀ, ਪਰ ਮਾਤਾ ਜੀ ਅਜੇ ਵੀ ਉਸ ਗੀਤ ਨੂੰ ਸੁਣਨਾ ਨਹੀਂ ਸਨ ਜਰ ਸਕਦੇ ਜਿਸਨੂੰ ਲਗਾਤਾਰ ਸੁਣ ਸੁਣ ਕੇ ਉਨ੍ਹਾਂ ਦੀ ਲਾਡਲੀ ਧੀ ਕਦੇ ਫਾਵੀ ਹੁੰਦੀ ਰਹੀ ਸੀ।)

"ਉਦਾਸੀ ਸ਼ੇਅਰ ਕਰਦੇ ਸੌ, ਹਾਣ ਵੀ ਬਰਾਬਰ ਦਾ ਸੀ, ਦੋਸਤੀ ਵੀ ਬਹੁਤ ਸੀ, ਫੇਰ ਉਸ ਉਮਰ ਵਿਚ ਵਿਆਹ ਬਾਰੇ ਕਿਉਂ ਨਾ ਸੋਚਿਆ?"

"ਕਈ ਕਾਰਨ ਰਹੇ ਹੋਣਗੇ, ਸ਼ਾਇਦ, ਪਰ ਹੁਣ ਕੋਈ ਖ਼ਾਸ ਵਜ੍ਹਾ ਚੁਣ ਕੇ ਦੱਸਣੀ ਮੁਸ਼ਕਲ ਹੈ। ਮੈਂ ਕਦੇ ਇਸ ਬਾਰੇ ਸੋਚਿਆ ਹੀ ਨਹੀਂ ਸੀ। ਪਰ ਇਕ ਗੱਲ ਯਾਦ ਹੈ, ਜਿਸ ਕਾਰਨ ਸਾਡੀ ਕਈ ਵਾਰ ਲੜਾਈ ਵੀ ਹੋ ਜਾਂਦੀ ਸੀ। ਸ਼ਿਵ 'ਪੋਜ਼ੈਸਿਵ' ਬਹੁਤ ਸੀ। ਕਿਸੇ ਨਾਲ ਵੀ ਗੱਲ ਕਰ ਰਹੀ ਹੋਵਾਂ, ਭਾਂਵੇਂ ਉਮਾ ਭੈਣ ਜੀ ਨਾਲ ਹੀ, ਉਹ ਹਮੇਸ਼ਾ ਸੁਣਨਾ ਜਾਂ ਜਾਨਣਾ ਚਾਂਹਦਾ ਸੀ। ਜਿਵੇਂ ਜ਼ਿੰਦਗੀ ਦੀ ਹਰ ਗੱਲ ਉਸ ਨਾਲ ਸਾਂਝੀ ਕਰਨਾ ਹੀ ਦੋਸਤੀ ਦੀ ਸ਼ਰਤ ਹੋਵੇ। ਇਸ ਕਿਸਮ ਦੀ (ਚੰਬੜਵੀਂ ਨੇੜਤਾ) ਮੈਨੂੰ ਕਦੇ ਵੀ, ਕਿਸੇ ਨਾਲ ਵੀ ਮਨਜ਼ੂਰ ਨਹੀਂ ਹੋਈ।"

"ਤੁਹਾਨੂੰ ਸ਼ਿਵ ਹੋਰਾਂ ਕਦੇ ਕੋਈ ਕਵਿਤਾ ਸੁਣਾਈ ਜੋ ਉਨ੍ਹਾਂ ਤੁਹਾਡੇ ਉੱਤੇ ਜਾਂ ਤੁਹਾਡੇ ਲਈ

ਲਿਖੀ ਹੋਵੇ?"

"ਨਹੀਂ, ਇਹੋ ਜਿਹੀ ਕੋਈ ਗੱਲ ਮੈਨੂੰ ਯਾਦ ਨਹੀਂ। ਸਗੋਂ ਮੇਰੇ ਚੇਤੇ ਵਿਚ ਇਹ ਹੈ ਕਿ ਜਿਹੜੀਆਂ ਕਵਿਤਾਵਾਂ ਸ਼ਿਵ ਮੈਨੂੰ ਸੁਣਾਂਦਾ ਸੀ, ਉਹ ਉਸ ਕੁੜੀ ਬਾਰੇ ਸਨ ਜਿਸਨੂੰ ਉਹ ਬੜਾ ਪਿਆਰ ਕਰਦਾ ਸੀ, ਪਰ ਗੁਆ ਬੈਠਾ ਸੀ। ਪਰ ਤੂੰ ਕਹਿਨਾ ਏਂ ਕਿ ਉਸਨੇ ਮੇਰੇ ਉੱਤੇ ਵੀ ਕਵਿਤਾਵਾਂ ਲਿਖੀਆਂ, ਉਹ ਕਿਹੜੀਆਂ ਹਨ?"

" ਮੈਂ ਨਹੀਂ ਕਹਿੰਦਾ, ਲੋਕ ਕਹਿੰਦੇ ਨੇ। ਸਗੋਂ ਲੋਕ ਤਾਂ ਇਹ ਵੀ ਕਹਿੰਦੇ ਨੇ ਕਿ ਸ਼ਿਵ ਦੀ ਸਾਰੀ ਹੇਰਵੇ ਵਾਲੀ ਸ਼ਾਇਰੀ ਹੈ ਹੀ ਤੁਹਾਡੇ ਬਾਰੇ।"

ਮੈਂ ਅਨੂੰ ਮਾਸੀ ਨੂੰ ਦੋ ਕਵਿਤਾਵਾਂ ਦਾ ਹਵਾਲਾ ਦਿੱਤਾ ਜੋ ਮੈਨੂੰ ਤਕਰੀਬਨ ਜ਼ੁਬਾਨੀ ਹੀ ਯਾਦ ਸਨ। ਇਨ੍ਹਾਂ ਵਿਚੋਂ ਪਹਿਲੀ *'ਮੈਂ ਇਕ ਸ਼ਿਕਰਾ ਯਾਰ ਬਣਾਇਆ'* ਮੇਰੀ ਨਿਜੀ ਰਾਇ ਵਿਚ ਕਿਸੇ ਪਾਸਿਉਂ ਵੀ ਅਨੂੰ ਮਾਸੀ ਨਾਲ ਮੇਲ ਨਹੀਂ ਖਾਂਦੀ, ਸਿਵਾਏ ਇਕ ਸਤਰ ਦੇ : *'ਇਕ ਉਡਾਰੀ ਐਸੀ ਮਾਰੀ, ਉਹ ਮੁੜ ਵਤਨੀਂ ਨਾ ਆਇਆ'।* ਇਸ ਦੇ ਬਾਵਜੂਦ, ਮੇਰੀ ਜਾਚੇ ਇਹ ਕਿਸੇ ਹੋਰ ਬਾਰੇ ਵੀ ਲਿਖੀ ਹੋ ਸਕਦੀ ਹੈ, ਸਮੇਤ ਇਸ ਸਤਰ ਦੇ। ਪਰ ਅਨੂੰ ਵਾਲੇ ਕਿੱਸੇ ਨਾਲ ਸਭ ਤੋਂ ਵੱਧ ਜੋੜਿਆ ਇਸੇ ਕਵਿਤਾ ਨੂੰ ਜਾਂਦਾ ਹੈ। ਦੂਜੇ ਬੰਨੇ, ਸਗੋਂ ਮੇਰੀ ਪੱਕੀ ਰਾਇ ਹੈ ਕਿ ਇਸ ਤੋਂ ਕਿਤੇ ਘੱਟ ਜਾਣੀ ਜਾਂਦੀ, ਜਾਂ ਹਵਾਲੇ ਵਜੋਂ ਪੇਸ਼ ਕੀਤੀ ਜਾਣ ਵਾਲੀ ਕਵਿਤਾ *'ਰੋਗ ਬਣ ਕੇ ਰਹਿ ਗਿਆ ਹੈ, ਪਿਆਰ ਤੇਰੇ ਸ਼ਹਿਰ ਦਾ'* ਯਕੀਨਨ ਅਨੂੰ ਬਾਰੇ ਹੀ ਹੈ। ਮੇਰਾ ਮੰਨਣਾ ਹੈ ਕਿ ਇਸਦੀ ਸ਼ੁਰੂਆਤੀ ਸਤਰ ਦਾ ਸਪਸ਼ਟ ਇਸ਼ਾਰਾ ਪ੍ਰੀਤ ਨਗਰ ਵੱਲ ਹੈ, ਤੇ *'ਮੈਂ ਮਸੀਹਾ ਦੇਖਿਆ ਬੀਮਾਰ ਤੇਰੇ ਸ਼ਹਿਰ ਦਾ'* ਵਾਲੀ ਸਤਰ ਵਿਚ ਗੁਰਬਖ਼ਸ਼ ਸਿੰਘ ਵੱਲ।

ਆਪਣੇ ਇਸ ਨਿਚੋੜ ਨੂੰ ਮੈਂ ਅਨੂੰ ਮਾਸੀ ਅੱਗੇ ਵੀ ਰੱਖ ਦਿਤਾ, ਪਰ ਉਨ੍ਹਾਂ ਨੇ ਇਸ ਵਿਸ਼ਲੇਸ਼ਣ ਵਿਚ ਕੋਈ ਦਿਲਚਸਪੀ ਜ਼ਾਹਰ ਨਾ ਕੀਤੀ। ਉਹ ਤਾਂ ਉਸ ਮਨੁੱਖ ਬਾਰੇ ਵੱਧ ਤੋਂ ਵੱਧ ਜਾਣਨਾ ਚਾਹੁੰਦੇ ਸਨ, ਜਿਸਨੂੰ ਉਹ ਕਦੇ ਦਾ ਵਿਸਾਰ ਚੁੱਕੇ ਸਨ।

"ਸ਼ਿਵ ਨੇ ਵਿਆਹ ਕਰਾ ਲਿਆ ਸੀ?"

ਮੈਂ ਉਨ੍ਹਾਂ ਨੂੰ ਅਰੁਣਾ ਜੀ, ਤੇ ਉਨ੍ਹਾਂ ਦੇ ਦੋ ਬੱਚਿਆਂ ਬਾਰੇ ਦੱਸਿਆ। ਅਰੁਣਾ ਜੀ ਉਸ ਸਮੇਂ ਪੰਜਾਬੀ ਯੂਨੀਵਰਸਿਟੀ ਨਾਲ ਸੰਬੰਧਤ ਸਨ ਤੇ ਪਟਿਆਲਾ ਰਹਿੰਦੇ ਸਨ।

"ਮੈਂ ਅਰੁਣਾ ਨੂੰ ਮਿਲਣਾ ਚਾਂਹਦੀ ਹਾਂ।"

"ਤੂੰ ਅਰੁਣਾ ਨੂੰ ਮਿਲ ਕੇ ਕੀ ਕਰੇਂਗੀ?", ਸਵਾਲ ਮੈਂ ਨਹੀਂ, ਅੰਮੀ ਨੇ ਪੁੱਛਿਆ ਸੀ।

"ਬਸ, ਮਿਲਣ 'ਤੇ ਜੀਅ ਕਰਦਾ ਹੈ।"

ਅੰਮੀ ਨੇ ਅਰੁਣਾ ਜੀ ਦਾ ਨੰਬਰ ਦੇ ਦਿੱਤਾ, ਫ਼ੋਨ 'ਤੇ ਗੱਲ ਵੀ ਕਰਾ ਦਿੱਤੀ, ਪਰ ਨਾਲ ਹੀ ਇਹ ਵੀ ਕਿਹਾ, "ਉਮਾ ਨੂੰ ਇਹ ਗੱਲ ਚੰਗੀ ਨਹੀਂਉਂ ਲੱਗਣੀ।"

"ਇਹ ਮੇਰੀ ਜ਼ਿੰਦਗੀ ਏ, ਉਮਾ ਭੈਣ ਜੀ ਦੀ ਨਹੀਂ ", ਆਪਣੀ ਹਰ ਗੱਲ ਪੁਗਾ ਲੈਣ ਵਾਲੇ ਆਪਹੁਦਰੇ ਅਨੂੰ ਮਾਸੀ ਨੂੰ ਕੋਈ ਪਰਵਾਹ ਨਹੀਂ ਸੀ।

ਪਰ ਅੰਮੀ ਦੀ ਗੱਲ ਵੀ ਸੱਚੀ ਨਿਕਲੀ। ਪ੍ਰੀਤ ਨਗਰ ਤੋਂ ਅਨੂੰ ਮਾਸੀ ਦਾ ਫ਼ੋਨ ਆਇਆ, "ਉਮਾ ਭੈਣ ਜੀ ਬੜੇ ਹੀ 'ਕੰਜ਼ਰਵੇਟਿਵ' ਨੇ, ਮੇਰੇ ਨਾਲ ਬੇਮਤਲਬ ਹੀ ਔਖੇ ਹੋਈ ਜਾਂਦੇ ਨੇ।"

ਅੰਮੀ ਨੂੰ ਇਤਰਾਜ਼ ਕੋਈ ਨਹੀਂ ਸੀ, ਪਰ ਉਮਾ ਮਾਸੀ ਦੇ ਔਖਿਆਂ ਹੋਣ ਦਾ ਕਾਰਨ ਵੀ ਸਮਝਦੇ ਸਨ। ਉਮਾ ਮਾਸੀ ਸਾਡੇ ਪਰਿਵਾਰ ਦੀ ਸਭ ਤੋਂ ਵੱਧ ਮੀਚੀ-ਮੁੱਠੀ ਸ਼ਖ਼ਸੀਅਤ ਸਨ, ਆਪਣੇ ਦਿਲ ਦੀ ਗੱਲ ਅੰਦਰ ਹੀ ਘੁੱਟ ਕੇ ਰੱਖ ਲੈਣ ਵਾਲੇ। ਦੂਜੇ ਪਾਸੇ ਦਾਰ ਜੀ ( ਤੇ ਹੁਣ ਉਨ੍ਹਾਂ ਦੀ ਯਾਦ) ਵੱਲ ਉਨ੍ਹਾਂ ਦੀ ਵਫ਼ਾਦਾਰੀ ਅਥਾਹ ਤੇ ਅਮੁੱਕ ਸੀ। ਸ਼ਿਵ ਨਾਲ ਅਨੂੰ ਦਾ ਨਾਂਅ

ਜੋੜਦੇ ਕਿੱਸੇ ਨੂੰ ਆਧਾਰ ਬਣਾ ਕੇ ਵਰ੍ਹਿਆਂ ਬੱਧੀ ਗੁਰਬਖ਼ਸ਼ ਸਿੰਘ ਉੱਤੇ ਵੀ ਚਿੱਕੜ ਉਛਾਲ਼ਿਆ ਗਿਆ ਸੀ : ਅਣ-ਜਾਣਦੇ ਲੋਕਾਂ ਵੱਲੋਂ ਅਣਜਾਣੇ ਵਿਚ, ਤੇ ਜਾਣਕਾਰ ਲੋਕਾਂ ਵੱਲੋਂ, ਜਾਣ ਬੁੱਝ ਕੇ। ਅਨੂੰ ਮਾਸੀ ( ਤੇ ਕਿਸੇ ਹੱਦ ਤਕ ਮੈਂ ਵੀ) ਉਨ੍ਹਾਂ ਸਮਿਆਂ ਤੋਂ ਅਣਭਿੱਜ ਰਹੇ ਸਾਂ, ਪਰ ਉਮਾ ਮਾਸੀ ਨੇ ਇਸ ਸਭ ਵਿਚੋਂ ਲੰਘ ਕੇ ਦੇਖਿਆ ਸੀ। ਉਨ੍ਹਾਂ ਨੂੰ ਸ਼ਾਇਦ ਜਾਪਿਆ ਹੋਵੇ ਕਿ ਅਨੂੰ ਮਾਸੀ ਤੇ ਅਰੁਣਾ ਜੀ ਦੀ ਇਹ ਮਿਲਣੀ ਵਿਹਲੀਆਂ ਜੀਭਾਂ ਤੇ ਕਲਮਾਂ ਨੂੰ ਕੋਈ ਹੋਰ ਮਸੌਦਾ ਮੁਹੱਈਆ ਕਰ ਦੇਵੇਗੀ।

ਅਨੂੰ ਮਾਸੀ ਕੁਝ ਦਿਨਾਂ ਲਈ ਚੰਡੀਗੜ੍ਹ ਗਏ ਸਨ, ਤੇ ਓਥੋਂ ਹੀ ਅਰੁਣਾ ਜੀ ਨਾਲ ਸਮਾਂ ਮਿਥ ਕੇ ਉਨ੍ਹਾਂ ਨੂੰ ਮਿਲ ਵੀ ਆਏ। ਅਰੁਣਾ ਜੀ ਤੇ ਅਨੂੰ ਮਾਸੀ ਵਿਚਕਾਰ ਕੀ ਗੱਲਾਂ ਹੋਈਆਂ, ਇਹ ਤਾਂ ਉਹ ਹੀ ਦੱਸ ਸਕਦੇ ਹਨ। ਮੇਰਾ ਵਧੇਰੇ ਧਿਆਨ ਅਨੂੰ ਮਾਸੀ ਨੂੰ ਛੇੜਨ ਵੱਲ ਸੀ , "ਫੇਰ, ਕਿਹੋ ਜਿਹੀ ਰਹੀ ਮਿਲਣੀ ਸ਼ਿਵ ਕੁਮਾਰ ਦੀ ਪਤਨੀ ਤੇ ਉਸਦੇ 'ਪਹਿਲੇ ਪਿਆਰ' ਦੀ? 'ਪਹਿਲਾ ਪਿਆਰ' ਹੁਣ ਝੱਲਾ ਤਾਂ ਨਹੀਂ ਹੋ ਕੇ ਮੁੜਿਆ?"

'ਪਹਿਲੇ ਪਿਆਰ' ਦੇ 'ਝੱਲੇ' ਹੋਣ ਤੋਂ ਮੇਰਾ ਇਸ਼ਾਰਾ ਮੇਰੇ ਭਾਪਾ ਜੀ ਤੇ ਅਨੂੰ ਮਾਸੀ ਵਿਚਕਾਰ ਵਰ੍ਹਿਆਂ ਤੋਂ ਤੁਰੇ ਆਂਦੇ ਪਰਿਵਾਰਕ ਮਖ਼ੌਲ ਵੱਲ ਸੀ। ਭਾਪਾ ਜੀ ਨੇ ਆਪਣੇ ਪਹਿਲੇ ਇਕ-ਪਾਸੜ ਪਿਆਰ ਬਾਰੇ 'ਕਹਾਣੀ ਅਸਫ਼ਲ ਪਿਆਰ ਤੇ ਸੁਹੰਢਣੇ ਕੰਮ ਸਾਥ ਦੀ' ਦੇ ਸਿਰਨਾਂਵੇਂ ਹੇਠ ਲਿਖ ਕੇ ਆਪਣੀ ਜਵਾਨੀ ਵੇਲੇ ਦੀ ਅਣ-ਜਵਾਬੀ ਮੁਹੱਬਤ ਦੀ ਸ਼ਿੱਦਤ ਨੂੰ ਬੜੀ ਤਫ਼ਸੀਲ ਨਾਲ ਬਿਆਨ ਕੀਤਾ ਹੋਇਆ ਹੈ। ਪਰ ਲੇਖ ਵਿਚ ਕਲਮਬੱਧ ਹੋਣ ਤੋਂ ਵੀ ਬਹੁਤ ਪਹਿਲਾਂ ਤੋਂ, ਇਸ ਕਿੱਸੇ ਨੂੰ ਅੰਮੀ ਹੀ ਭਾਪਾ ਜੀ ਨੂੰ ਛੇੜਨ ਲਈ ਪਰਿਵਾਰ ਦੇ ਜੀਆਂ ਨੂੰ ਗਾਹੇ-ਬ-ਗਾਹੇ ਸੁਣਾਂਦੇ ਰਹਿੰਦੇ ਸਨ, ਤੇ ਭਾਪਾ ਜੀ ਅਜੇ ਵੀ ਉਹ ਵੇਲਾ ਯਾਦ ਕਰਕੇ ਜਜ਼ਬਾਤੀ ਹੋ ਜਾਂਦੇ ਸਨ। ਇਹ ਕਿੱਸਾ ਸੁਣ ਕੇ ਅਨੂੰ ਮਾਸੀ ਬਹੁਤ ਹੱਸੇ ਸਨ ਤੇ ਉਦੋਂ ਤੋਂ ਭਾਪਾ ਜੀ ਨੂੰ 'ਝੱਲੇ ਜੀਜਾ ਜੀ' ਦਾ ਖਿਤਾਬ ਦੇ ਦਿੱਤਾ ਸੀ ਤੇ ਹੁਣ ਉਨ੍ਹਾਂ ਨੂੰ ਏਸੇ ਸੰਬੋਧਨ ਨਾਲ ਬੁਲਾਂਦੇ ਸਨ।

ਝੱਲੇ ਨਾ ਵੀ ਹੋਏ ਹੋਣ, ਮੈਨੂੰ ਮਹਿਸੂਸ ਹੋਇਆ ਕਿ ਨਾ ਸਿਰਫ਼ ਅਨੂੰ ਮਾਸੀ ਪਟਿਆਲਾ ਫੇਰੀ ਤੋਂ ਬੜੇ ਖ਼ੁਸ਼ ਮੁੜੇ ਸਨ, ਉਨ੍ਹਾਂ ਨੂੰ ਇਸ ਗੱਲ ਦਾ ਵੀ ਬੜਾ ਹਿਲੋਰਾ ਸੀ ਕਿ ਕਿਸੇ ਨੇ ਉਨ੍ਹਾਂ ਨੂੰ ਏਨੀ ਸ਼ਿੱਦਤ ਨਾਲ ਪਿਆਰ ਕੀਤਾ, ਉਨ੍ਹਾਂ ਦੇ ਤਸੱਵਰ ਨੂੰ ਮਨ ਵਿਚ ਧਰ ਕੇ ਪਿਆਰ ਕਵਿਤਾਵਾਂ ਲਿਖੀਆਂ, ਭਾਵੇਂ ਚਾਰ ਦਹਾਕਿਆਂ ਤਕ ਉਹ ਆਪ ਇਸ ਮੁਹੱਬਤ ਤੋਂ ਅਣਜਾਣ ਹੀ ਰਹੇ।

"ਦਾਰ ਜੀ ਤੇ ਮਾਤਾ ਜੀ ਦੇ ਜਾਣ ਤੋਂ ਬਾਅਦ ਮੈਂ ਅਸਮਾਨ ਵਿਚ ਦੋ ਤਾਰਿਆਂ ਨੂੰ ਉਨ੍ਹਾਂ ਦਾ ਨਾਂਅ ਦੇ ਦਿੱਤਾ ਹੋਇਐ, ਰੋਜ਼ ਰਾਤ ਨੂੰ ਉਨ੍ਹਾਂ ਨੂੰ ਲੱਭ ਕੇ ਵੇਖਣੀ ਆਂ ਤੇ ਮੈਨੂੰ ਲੱਗਦਾ ਏ, ਦਾਰ ਜੀ ਤੇ ਮਾਤਾ ਜੀ ਨੂੰ ਵੇਖ ਰਹੀ ਆਂ, ਉਨ੍ਹਾਂ ਨਾਲ ਗੱਲਾਂ ਕਰ ਲੈਨੀ ਆਂ। ਹੁਣ ਮੈਂ ਇਕ ਤਾਰੇ ਨੂੰ ਸ਼ਿਵ ਦਾ ਨਾਂ ਵੀ ਦੇ ਦਿੱਤਾ ਏ ..."

*'ਜੋਬਨ ਰੁੱਤੇ ਜੋ ਵੀ ਮਰਦਾ, ਫੁੱਲ ਬਣੇ ਜਾਂ ਤਾਰਾ'* ਲਿਖਦਿਆਂ ਸ਼ਿਵ ਨੂੰ ਪਤਾ ਸੀ ਭਲਾ ਕਿ ਇਕ ਦਿਨ, ਭਾਂਵੇਂ ਬਹੁਤ ਪਛੜ ਕੇ ਹੀ ਸਹੀ, ਕੋਈ ਸੱਚਮੁੱਚ ਉਸ ਨੂੰ ਤਾਰਾ ਚਿਤਵ ਲਏਗਾ!

ਤੇ ਹੁਣ, ਅਨੂੰ ਮਾਸੀ ਆਪ ਵੀ ਤਾਰਾ ਬਣ ਗਏ ਹਨ। 000

***(sukirat.anand@gmail.com)***

# ਮਿਕਨਾਤੀਸੀ ਅਚੰਭਾ-ਸੁਰਜੀਤ ਹਾਂਸ
## ਜਸਵੰਤ ਦੀਦ

'ਏਧਰ ਸੁਰਜੀਤ ਹਾਂਸ ਤਾਂ ਨਹੀਂ ਆਏ ?'

ਸ.ਸ. ਮੀਸ਼ਾ ਨੂੰ ਮੈਂ ਪਹਿਲੀ ਵਾਰ ਅਪਸੈੱਟ ਦੇਖਿਆ। ਆਲ ਇੰਡੀਆ ਰੇਡੀਓ ਦੇ ਖਾਲੀ ਕਾਰੀਡੋਰ 'ਚ ਦੂਰ ਤਕ ਝਾਕਦਿਆਂ। ਆਪਣੀ ਕੁਰਸੀ ਛੱਡ ਕੇ ਮੈਂ ਮੀਸ਼ਾ ਹੁਰਾਂ ਦੇ ਨਾਲ ਚੱਲ ਪਿਆ।

'ਏਡਾ ਵੱਡਾ ਸਕਾਲਰ ਰੀਕਾਰਡਿੰਗ ਲਈ ਆਇਆ, ਕਿਸੇ ਨੇ ਬਗ਼ੈਰ ਰੀਕਾਰਡਿੰਗ ਕੀਤਿਆਂ ਵਾਪਸ ਭੇਜ ਦਿੱਤਾ। ਬਦਤਮੀਜ਼ੀ ਹੈ ਇਹ।' ਮੀਸ਼ਾ ਆਪਣੀ ਤਿੱਲੇਦਾਰ ਜੁੱਤੀ ਤੇ ਸਿਲਕੀ ਕੁੜਤੇ ਪਜਾਮੇ 'ਚ ਆਮ ਨਾਲੋਂ ਤੇਜ਼ ਤੁਰ ਰਿਹਾ ਸੀ। ਮੈਂ ਮੀਸ਼ਾ ਦੇ ਨਾਲ ਨਾਲ। ਮੀਸ਼ਾ ਨੇ ਸੁਰਜੀਤ ਹਾਂਸ ਨੂੰ ਰੀਕਾਰਡਿੰਗ ਲਈ ਬੁਲਾਇਆ ਸੀ।ਮੀਸ਼ਾ ਨੂੰ ਯਾਦ ਭੁੱਲ ਗਿਆ। ਸਹਾਇਕ ਚੈਨ ਸਿੰਘ ਨੂੰ ਕੋਈ ਕੰਮ ਪੈ ਗਿਆ। ਤੇ ਸੁਰਜੀਤ ਹਾਂਸ ਵਾਪਸ ਚਲੇ ਗਏ। ਪੀਅਨ ਨੇ ਦੱਸਿਆ ਹੁਣੇ ਬਾਹਰ ਨਿਕਲੇ ਨੇ। ਅਸੀਂ ਹਾਂਸ ਸਾਹਬ ਦੀ ਪੈੜ ਨੱਪਦੇ ਗੇਟ ਤੋਂ ਬਾਹਰ ਨਿਕਲੇ।

-ਔਹ ਆ ਗਏ।' ਮੀਸ਼ਾ ਨੂੰ ਜਿਵੇਂ ਗੁਆਚਾ ਹੋਇਆ ਕੋਈ ਅਮੁੱਲ ਖ਼ਜ਼ਾਨਾ ਲੱਭ ਗਿਆ ਹੋਵੇ! ਸਾਹਮਣਿਉਂ ਇਕ ਗੁਲਾਬੀ ਫਿੱਕੀ ਪੱਗ ਵਾਲਾ, ਡੱਬੀਦਾਰ ਕੋਟ ਵਾਲਾ, ਬੂਟੀਦਾਰ ਸਿਲਕੀ ਮਫਲਰ ਵਾਲਾ, ਕੱਟੀ ਦਾੜ੍ਹੀ 'ਚ ਹੱਥ ਫੇਰਦਾ ਬੰਦਾ, ਮੀਸ਼ਾ ਨੇ ਗਲਵਕੜੀ 'ਚ ਲੈ ਲਿਆ। ਜਿਵੇਂ ਪੋਰਸ ਨੇ ਸਿਕੰਦਰ ਨੂੰ ਜੱਫੀ ਪਾਈ ਹੋਵੇ। ਪੋਰਸ ਨੇ ਸਿਕੰਦਰ ਕੋਲੋਂ ਮਾਫੀ ਮੰਗੀ। ਪੋਰਸ ਮੀਸ਼ਾ ਨੇ ਮੈਨੂੰ ਸਿਕੰਦਰ ਹਾਂਸ ਨਾਲ ਮਿਲਾਇਆ, ਜਿਵੇਂ ਕਿਸੇ ਸਿਪਾਹਸਲਾਰ ਨੂੰ ਮਿਲਾਈਦਾ। ਸੁਰਜੀਤ ਹਾਂਸ ਨਾਲ ਮੇਰੀ ਇਹ ਪਹਿਲੀ ਮੁਲਾਕਾਤ ਸੀ। ਹਾਂਸ ਹੁਰਾਂ ਮੇਰੇ ਨਾਲ ਕੋਈ ਗੱਲ ਨਾ ਕੀਤੀ। ਮੂੰਹ ਪੁੱਠੇ ਪਾਸੇ ਕਰਕੇ ਖਲੋਤਾ ਰਿਹਾ ਇਹ ਬੰਦਾ। ਮੈਨੂੰ ਯਾਦ ਆਇਆ ਇਹ ਉਹੀ ਸੁਰਜੀਤ ਹਾਂਸ ਸੀ ਜਿਸਨੂੰ ਮੈਂ ਵਲੈਤ ਵਿਖੇ ਪਹਿਲੀ ਵਿਸ਼ਵ ਪੰਜਾਬੀ ਕਾਨਫਰੰਸ ਵਿਚ ਦੇਖਿਆ ਸੀ। ਓਦੋਂ ਵੀ ਇਹ ਸ਼ਖ਼ਸ ਸ.ਸ.ਮੀਸ਼ਾ ਨਾਲ ਈ ਖਲੋਤਾ ਸੀ। ਮੂੰਹ ਓਦੋਂ ਵੀ ਦੂਜੇ ਪਾਸੇ ਈ ਸੀ। ਇਸ ਵਾਰੀ ਵੀ ਉਹੀ ਮੂੰਹ ਦੂਜੇ ਪਾਸੇ ਈ ਰਿਹਾ। ਮੈਂ ਕਮਰੇ 'ਚ ਵਾਪਸ ਆ ਗਿਆ।ਮੀਸ਼ਾ ਨੇ ਹਾਂਸ ਸਾਂਭ ਲਿਆ।

ਪ੍ਰੇਮ ਪ੍ਰਕਾਸ਼ ਕੋਲੋਂ ਮੈਂ ਸੁਰਜੀਤ ਹਾਂਸ ਦੇ ਕੌੜੇ-ਪਣ ਦੇ ਕਈ ਕਿੱਸੇ ਸੁਣਦਾ ਸਾਂ- ਇਹ ਬੰਦਾ ਕਿਸੇ ਨੂੰ ਮਿਲਦਾ ਨਹੀਂ। ਗਿਆਨ ਦਾ ਗਲ਼ਿਆ ਹੋਇਐ।' ਇਕ ਵਾਰ ਮੈਂ ਪ੍ਰੇਮ ਨੂੰ ਉਸਦੀ ਮਿਆਨੀ 'ਚ ਮਿਲਣ ਗਿਆ ਤਾਂ ਪ੍ਰੇਮ ਕੋਠਿਉਂ ਹੇਠਾਂ ਉਤਰ ਆਇਆ, ਕਹਿੰਦਾ- ਉਪਰ ਬੁੜ੍ਹਾ ਆਇਆ ਹੋਇਆ। ਆਪਾਂ ਹੇਠਾਂ ਬੈਠਦੇ ਆਂ।'

-ਕੌਣ ਬੁੜ੍ਹਾ?'

-ਸੁਰਜੀਤ ਹਾਂਸ।'

ਮੈਨੂੰ ਹੌਲ਼ੀ ਹੌਲ਼ੀ ਪਤਾ ਲੱਗਾ ਕਿ ਇਹ ਦੋਵੇਂ ਇਕ ਦੂਜੇ ਨੂੰ 'ਬੁੜ੍ਹਾ' ਕਹਿੰਦੇ ਨੇ। ਮੈਨੂੰ ਪ੍ਰੇਮ ਪ੍ਰਕਾਸ਼ ਨੇ ਤਿੰਨ ਚਾਰ ਸਾਲ ਸੁਰਜੀਤ ਹਾਂਸ ਨੂੰ ਮਿਲਣ ਨਾ ਦਿੱਤਾ। ਨਹੀਂ ਤਾਂ ਨਾ ਸਹੀ। ਪਰ ਹਰ ਵਾਰ ਦਿਲ ਕਰੇ ਸੁਰਜੀਤ ਹਾਂਸ ਨਾਲ ਗੱਲ ਕਰਾਂ।

1985 'ਚ ਮੇਰੀ ਕਵਿਤਾਵਾਂ ਦੀ ਪਹਿਲੀ ਕਿਤਾਬ ਛਪੀ 'ਬੱਚੇ ਤੋਂ ਡਰਦੀ ਕਵਿਤਾ'। ਮੈਂ ਪ੍ਰੇਮ ਪ੍ਰਕਾਸ਼ ਨੂੰ 'ਲਕੀਰ' 'ਚ ਰੀਵਿਊ ਕਰਨ ਲਈ ਦਿੱਤੀ। ਪ੍ਰੇਮ ਕਹਿੰਦਾ- 'ਕਵਿਤਾ ਦੀ ਕਿਤਾਬ ਦਾ ਹਰ ਰੀਵਿਊ ਸੁਰਜੀਤ ਹਾਂਸ ਕਰਦਾ। ਟੋਕੇ ਥੱਲੇ ਸਿਰ ਦੇਣ ਵਾਲੀ ਗੱਲ ਐ।' ਮੈਂ ਇਕ ਕਾਪੀ ਟੋਕੇ ਥੱਲੇ ਦੇਣ ਵਾਸਤੇ ਦੇ ਦਿੱਤੀ। ਅਗਲੇ ਹਫਤੇ ਸਿਆਲ਼ੀ ਧੁੱਪ 'ਚ ਬੰਦ ਲਿਫਾਫੇ 'ਚ ਇਕ ਖ਼ਤ

ਮਿਲਿਆ। ਖੋਲ੍ਹਿਆ। ਪੜ੍ਹਿਆ–

*ਪਿਆਰੇ ਦੀਦ*

*ਅੱਜ ਸਵੇਰੇ ਤੁਹਾਡੀ ਕਿਤਾਬ ਮੁਕਾਈ ਹੈ। ਇਕੋ ਸਾਹ ਬਹੁਤੀਆਂ ਨਜ਼ਮਾਂ ਪੜ੍ਹਨੀਆਂ ਔਖੀਆਂ ਲਗਦੀਆਂ ਸੀ। ਤਾਂ ਹੀ ਕਈ ਦਿਨ ਲੱਗੇ। ਕਈ ਕਵਿਤਾਵਾਂ ਬਹੁਤ ਅੱਛੀਆਂ ਹਨ, ਹੈਰਾਨ-ਕੁਨ। ਮੈਨੂੰ ਲਗਦਾ ਇਹਨਾਂ ਦਾ ਮੇਰੇ 'ਤੇ ਅਸਰ ਹੋ ਜਾਣਾ ਹੈ। ਬਾਕੀ ਫੇਰ ਕਦੇ ਮਿਲਣ 'ਤੇ।*

*ਤਾਬੇਦਾਰ*

*ਸੁਰਜੀਤ*

*3.11.87*

ਟੇਢੇ ਅੱਖਰਾਂ ਵਾਲਾ ਖ਼ਤ ਪੜ੍ਹ ਕੇ, ਮੈਂ ਆਪਣੇ ਕਿਰਾਏ ਦੇ ਘਰ ਦੀ ਛੱਤ 'ਤੇ, ਸਿਆਲ਼ ਦੀ ਖਿੜੀ ਧੁੱਪ 'ਚ, ਗੋਲਡਨ ਈਗਲ ਦੀ ਬੀਅਰ ਦੀ ਬੋਤਲ ਦਾ ਡੱਟ, ਪਟਾਕਾ ਮਾਰ ਕੇ ਖੋਲ੍ਹਿਆ। ਗਲਾਸ ਬੀਅਰ ਦੀ ਝੱਗ ਨਾਲ ਖਿੜ ਗਿਆ। ਮੈਂ ਬੀਅਰ ਦਾ ਭਰਮਾ ਘੁੱਟ ਲਿਆ। ਖ਼ਤ ਫੇਰ ਪੜ੍ਹਿਆ। ਤੇ ਸਾਰੀ ਬੀਅਰ ਗਟਾਗਟ ਮੁਕਾ ਦਿੱਤੀ।

ਕੁਝ ਮਹੀਨਿਆਂ ਬਾਅਦ ਰੇਡੀਓ 'ਤੇ ਰੀਕਾਰਡਿੰਗ ਕਰਨ ਆਏ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਡੀਨ ਨੇ ਮੇਰੇ ਨਾਲ ਹੱਥ ਮਿਲਾ ਕੇ ਮੈਨੂੰ ਮੁਬਾਰਕਬਾਦ ਦਿੰਦਿਆਂ ਕਿਹਾ– ਅੱਜ ਈ ਮੀਟਿੰਗ ਵਿਚ 'ਬੱਚੇ ਤੋਂ ਡਰਦੀ ਕਵਿਤਾ' ਨੂੰ ਗੁਰੂ ਨਾਨਕ ਦੇਵ ਯੂਨੀਵਰਸਿਟੀ ਦਾ ਪ੍ਰੋ. ਮੋਹਨ ਸਿੰਘ ਅਵਾਰਡ ਦੇਣ ਦਾ ਫੈਸਲਾ ਹੋਇਆ ਹੈ। ਕਿਸੇ ਨੇ ਤੁਹਾਡਾ ਨਾਮ ਪ੍ਰੋਪੋਜ਼ ਕੀਤਾ ਤਾਂ ਡਾ. ਸੁਰਜੀਤ ਹਾਂਸ ਨੇ ਬਗ਼ੈਰ ਕੁਝ ਬੋਲੇ ਸਿਰਫ ਤਿੰਨ ਤਾੜੀਆਂ ਮਾਰੀਆਂ। 'ਸੁਰਜੀਤ ਹਾਂਸ ਕੀ ਤੀਨ ਤਾਲੀਆਂ' ਨੇ ਇਸ ਪ੍ਰੋਪੋਜ਼ਲ ਨੂੰ ਫੈਸਲੇ 'ਚ ਤਬਦੀਲ ਕਰ ਦਿੱਤਾ। ਇਹ ਮੇਰੀ ਜ਼ਿੰਦਗੀ ਦਾ ਪਹਿਲਾ ਇਨਾਮ ਸੀ।

ਕੁਝ ਹਫਤਿਆਂ ਬਾਅਦ ਪ੍ਰੇਮ ਪ੍ਰਕਾਸ਼ ਦਾ ਫੋਨ ਆਇਆ– ਸ਼ਾਇਰ, ਆ ਜਾ! ਸੁਰਜੀਤ ਹਾਂਸ ਆਇਆ ਹੋਇਆ।'

ਇਹ ਸੁਰਜੀਤ ਹਾਂਸ ਨਾਲ ਮੇਰੀ ਪਹਿਲੀ ਅਸਲੀ ਮੁਲਾਕਾਤ ਸੀ। ਦਾਰੂ ਦੇ ਭਰੇ ਗਲਾਸਾਂ ਸਮੇਤ। ਸੰਨ 1987 ਤੋਂ ਹੁਣ ਤਕ ਇਹ ਮੁਲਾਕਾਤ ਜੀਉਂਦੀ ਹੈ। ਇਹ ਲਿਖਤ ਵੀ ਉਸ ਬੰਦੇ ਨਾਲ ਗੱਲਾਂ ਈ ਨੇ।

ਸੁਰਜੀਤ ਹਾਂਸ ਨਾਲ ਮੇਰੀ ਯਾਰੀ ਨਹੀਂ ਸੀ, ਇਹ ਸਿਰਫ਼ ਵਾਕਫੀ ਵੀ ਨਹੀਂ ਸੀ, ਪਰ ਇਸ ਰਿਸ਼ਤੇ ਅੰਦਰ ਇਕ ਮਜ਼ਬੂਤ ਪਕੜ ਸੀ, ਸਮੁੰਦਰ 'ਚ ਖਲੋਤੇ ਬਹੁਤ ਪੁਰਾਣੇ ਤਾਕਤਵਰ ਕਰੂਜ਼ ਦੇ ਸੁੱਟੇ ਸਖ਼ਤ ਲੰਗਰ ਵਰਗੀ। ਸੁਰਜੀਤ ਹਾਂਸ ਜਦ ਕਦੀ ਵੀ ਪ੍ਰੇਮ ਕੋਲ਼ ਆਉਂਦਾ, ਮੈਨੂੰ ਅਗਾਊਂ ਸੂਚਨਾ ਹੋ ਜਾਂਦੀ। ਹੇਠਲਾ ਖ਼ਤ ਇਹੀ ਦੱਸਦਾ– *'ਸ਼ਾਮ ਨੂੰ ਬੁੜ੍ਹੇ ਕੋਲ਼ ਆਵਾਂਗਾ। ਨਜ਼ਮਾਂ ਬਹੁਤ ਹੋ ਗਈਆਂ। ਬਰਾਬਰ ਦੀ ਟੱਕਰ ਲਈ ਤਿਆਰੀ ਕਰਕੇ ਆਉਣੀ।'*

ਪ੍ਰੇਮ ਸਾਡੇ ਲਈ ਗਲਾਸ, ਬਰਫ਼ ਤੇ ਲਵਾਜ਼ਮਾਤ ਰੱਖ ਕੇ ਸਾਡੀ ਇਕ ਅੱਧੀ ਕਵਿਤਾ ਸੁਣਕੇ ਕਿਸੇ ਬਹਾਨੇ ਬਾਹਰ ਚਲਾ ਜਾਂਦਾ। ਮੈਂ ਤੇ ਸੁਰਜੀਤ ਹਾਂਸ ਘੁੱਟ ਘੁੱਟ ਕਰਕੇ 'ਕਵਿਤੋ-ਕਵਿਤੀ' ਹੁੰਦੇ ਰਹਿੰਦੇ। ਮੈਂ ਸੁਰਜੀਤ ਹਾਂਸ ਦੀਆਂ ਕਵਿਤਾਵਾਂ ਨੂੰ ਕਿਤਾਬ 'ਚੋਂ ਪੜ੍ਹਦਾ ਤਾਂ ਸਮਝ ਨਾ ਪੈਂਦੀ ਪਰ ਜਦ ਉਸਦੇ ਮੂੰਹੋਂ ਸੁਣਦਾ ਤਾਂ ਗੱਲ ਆਰਾਮ ਨਾਲ ਪੱਲੇ ਪੈ ਜਾਂਦੀ।

-ਹਰ ਕਵਿਤਾ ਦਾ ਆਪਣਾ ਵਜ਼ਨ, ਰਾਈਮ ਹੁੰਦਾ। ਕਵਿਤਾ ਪੜ੍ਹਨ ਦਾ ਵੀ ਇਕ ਤਰੀਕਾ ਹੁੰਦਾ, ਸਿੱਖਣਾ ਪੈਂਦਾ।' ਸੁਰਜੀਤ ਹਾਂਸ ਦੱਸਦੇ ਤੇ ਨਾਲ ਆਪਣੀ ਕਵਿਤਾ ਵਿਚ ਵਰਤੇ ਸ਼ਬਦਾਂ ਦੇ ਮਾਅਨੇ ਸਮਝਾਉਂਦੇ। ਜਿਵੇਂ ਗਿਆਨ ਦੀਆਂ ਧੁਰ ਤੈਹਾਂ ਜਗ ਪੈਂਦੀਆਂ। ਮੇਰੀਆਂ ਕਵਿਤਾਵਾਂ ਸੁਣਕੇ ਹਾਂਸ ਸਾਹਬ ਐਸੀ ਰਾਇ ਦਿੰਦੇ ਕਿ ਮੈਨੂੰ ਇਹ ਰਾਇ ਕਬੂਲ ਕਰਨੀ ਪੈਂਦੀ। ਅਸਲ ਵਿਚ, ਮੇਰੇ ਉਪਰ ਸੁਰਜੀਤ ਹਾਂਸ ਦੀ ਸ਼ਖ਼ਸੀਅਤ ਦਾ ਦਾਬਾ ਹੋ ਗਿਆ ਸੀ। ਬਹੁਤਾ ਗਿਆਨ ਦਾ ਦਾਬਾ ਤੇ ਫੇਰ ਉਮਰ ਵਿਚ ਮੇਰੇ ਨਾਲੋਂ ਕਿਤੇ ਵੱਡੇ ਹੋਣ ਦਾ ਦਾਬਾ। ਇਸ ਦਾਬੇ ਹੇਠ ਮੈਨੂੰ ਕਈ ਵਾਰ ਇਸ

ਘਣੇ ਤਜੁਰਬਾਕਾਰ ਦੀ ਸੰਗਤ ਕਰਦਿਆਂ ਜ਼ਿਆਦਾ ਦਾਰੂ ਪੀਣੀ ਪੈਂਦੀ। ਹਾਂਸ ਸਾਹਬ 'ਨੀਟ' ਪੀਂਦੇ ਸਨ, ਮੈਨੂੰ ਵੀ 'ਨੀਟ' ਪੀਣੀ ਪੈਂਦੀ। ਹਾਂਸ ਸਾਹਬ ਜ਼ਿਆਦਾ ਕਵਿਤਾ ਸੁਣਾਉਂਦੇ ਸਨ, ਮੈਨੂੰ ਵੀ ਸੁਣਾਉਣੀਆਂ ਪੈਂਦੀਆਂ। ਨਾ ਮੇਰੇ ਕੋਲੋਂ ਸੁਰਜੀਤ ਹਾਂਸ ਦੀ ਕਵਿਤਾ ਦਾ ਮੁਕਾਬਲਾ ਹੁੰਦਾ, ਨਾ ਦਾਰੂ ਦਾ। ਹੌਲ਼ੀ ਹੌਲ਼ੀ ਮੈਂ ਇਹ ਦਾਬਾ ਨਾ-ਮਨਜੂਰ ਕਰਨਾ ਸੁਰੂ ਕਰ ਦਿੱਤਾ। ਇਕ ਦਿਨ ਮੈਂ ਦੋਵੇਂ ਗੱਲਾਂ 'ਤੇ ਕਾਟਾ ਫੇਰ ਦਿੱਤਾ। ਮੈਂ ਕਿਹਾ- ਨੋ। ਮੈਂ ਪਾਣੀ ਪਾ ਕੇ ਪੀਵਾਂਗਾ, ਜਿਵੇਂ ਮੈਂ ਪੀਂਦਾਂ ਹਾਂ। ਮੈਂ ਤੁਹਾਡੀ ਕਵਿਤਾ ਸੁਣਾਂਗਾ, ਆਪਣੀ ਨਹੀਂ ਸੁਣਾਵਾਂਗਾ। ਮੈਥੋਂ ਨਹੀਂ ਏਨੀਆਂ ਕਵਿਤਾਵਾਂ ਲਿਖੀਆਂ ਜਾਂਦੀਆਂ।'

ਹਾਂਸ ਨੇ ਇਕ ਵਾਰ ਮੂੰਹ ਦੂਜੇ ਪਾਸੇ ਕੀਤਾ ਪਰ ਦੂਜੀ ਵਾਰ ਅਸੀਂ ਇਕ ਦੂਜੇ ਵੱਲ ਮੂੰਹ ਸਿੱਧਾ ਕਰ ਕੇ ਬੈਠ ਗਏ। ਤਵਾਜ਼ਨ ਵਿਚ ਆ ਗਏ। ਫੇਰ ਜਿਵੇਂ ਸਾਡਾ ਮਨ ਕਰਦਾ ਉਵੇਂ ਪੀਂਦੇ, ਜੋ ਦਿਲ ਕਰਦਾ ਉਹ ਪੀਂਦੇ। ਦਿਲ ਕਰਦਾ ਕਵਿਤਾ ਸੁਣਾਉਂਦੇ, ਨਹੀਂ ਤਾਂ ਨਾ ਸੁਣਾਉਂਦੇ। ਪਹਿਲਾਂ ਪਹਿਲ ਪ੍ਰੇਮ ਬਿਨਾਂ ਸਾਡੀ ਗੱਲ ਨਾ ਚਲਦੀ, ਪਰ ਹੌਲ਼ੀ ਹੌਲ਼ੀ ਚੱਲਣ ਲੱਗ ਪਈ। ਹਾਂਸ ਓਦੋਂ ਅੰਮ੍ਰਿਤਸਰ ਯੂਨੀਵਰਸਿਟੀ 'ਚ ਹਿਸਟਰੀ ਦੇ ਹੈੱਡ ਸਨ। ਮੈਂ ਕਦੇ ਰੀਕਾਰਡਿੰਗ ਲਈ ਅੰਮ੍ਰਿਤਸਰ ਜਾਣਾ ਤਾਂ 'ਬੁੜ੍ਹੇ ਦੇ ਚੁਬਾਰੇ' ਆਹਟਾ ਜਾਣਾ। ਖਾਲਸਾ ਕਾਲਿਜ ਦੇ ਸਾਹਮਣੇ ਲੋਹੇ ਦੇ ਵੱਡੇ ਖੁੱਲ੍ਹੇ ਗੇਟ ਵਾਲਾ ਲੰਮਾ ਚੌੜਾ ਪੁਰਾਤਨ ਹਵੇਲੀ-ਨੁਮਾ ਘਰ। ਅੰਦਰ ਵੜਦਿਆਂ ਈ ਪੌੜੀਆਂ ਚੜ੍ਹੋ, ਖੁੱਲ੍ਹੇ ਕੋਠੇ 'ਤੇ ਬਣੀ ਰਸੋਈ ਦਾ ਜਾਲ਼ੀਦਾਰ ਦਰਵਾਜ਼ਾ। ਨਾਲ ਵੱਡਾ ਹਾਲ-ਨੁਮਾ ਕਮਰਾ। ਇਕ ਹੋਰ ਕਮਰਾ। ਵਿਚ ਡਾਇਨੰਗ ਟੇਬਲ। ਫਰਿਜ। ਕਿਤਾਬਾਂ ਵਾਲੀ ਵੱਡੀ ਅਲਮਾਰੀ। ਸੋਫਾ-ਨੁਮਾ ਵੱਡੀ ਕੁਰਸੀ। ਦੋ ਹੋਰ ਲੱਕੜ ਦੀਆਂ ਕੁਰਸੀਆਂ। ਜਿਵੇਂ ਕਿਸੇ ਇਤਿਹਾਸਕ ਫਿਲਮ ਦੀ ਸ਼ੂਟਿੰਗ ਲਈ ਸੈੱਟ ਲਾਇਆ ਹੋਵੇ। ਜਾਲ਼ੀ ਵਾਲਾ ਲੱਕੜ ਦਾ ਦਰਵਾਜ਼ਾ ਖੋਲ੍ਹਦਿਆਂ ਈ ਅੰਦਰੋਂ ਆਵਾਜ਼ ਆਉਣੀ- ਵਾਹ! ਵਾਹ!' ਤੇ ਫੇਰ ਬੈਠਦਿਆਂ ਈ 'ਹਰੀਆਂ ਬੋਤਲਾਂ ਭਰੀਆਂ ਬੋਤਲਾਂ'। ਕੀ ਪੀਓਗੇ? ਬੀਅਰ ਖੁੱਲ੍ਹ ਜਾਣੀ। ਅਗਲਾ ਗਲਾਸ ਵੋਦਕਾ ਦਾ। ਇਕ ਘੁੱਟ ਜੂਸ ਦਾ। ਇਕ ਘੁੱਟ ਗਰਮ ਕੌਫੀ ਦਾ। ਅਜੀਬ ਬੰਦਾ ਸੀ। ਬੀਅਰ,ਵੋਦਕਾ,ਜੂਸ,ਕੌਫੀ, ਸਭ ਇਕੱਠੇ ਘੁੱਟ ਘੁੱਟ ਕਰਕੇ ਪੀਵੀ ਜਾਣੇ।

-ਇਹ ਇਕ ਦੂਜੇ ਨੂੰ ਕੁਝ ਨਹੀਂ ਕਹਿੰਦੇ।' ਫੇਰ ਇਤਹਾਸਕਾਰ ਨੇ ਦੁਨੀਆਂ ਭਰ ਦੀਆਂ ਵਿਸਕੀਆਂ, ਵਾਈਨਾਂ, ਬੀਅਰਾਂ, ਬਿਊਰੀਆਂ ਦਾ ਇਤਿਹਾਸ ਸੁਣਾ ਕੇ ਮੈਨੂੰ ਹੈਰਾਨ ਕਰ ਦੇਣਾ। ਫੇਰ ਵੋਦਕਾ 'ਚ ਹਰੀ ਮਿਰਚ ਕੱਟਕੇ ਪਾ ਦੇਣੀ। ਕਿੰਨੂੰ ਛਿੱਲ ਛਿੱਲ ਮੇਰੇ ਅੱਗੇ ਰੱਖੀ ਜਾਣੇ। ਫੇਰ ਅੱਧ ਪਚੱਧ ਡੋਲਦੇ ਇਤਿਹਾਸਕਾਰ ਚਿੰਤਕ-ਸ਼ਾਇਰ ਨੇ ਰਸੋਈ ਅੰਦਰ ਜਾ ਵੜਨਾ। ਪੂਰੇ ਤਵੇ ਦੇ ਆਕਾਰ ਦਾ ਇਕ ਮੱਕੀ ਕਣਕ ਜਵਾਰ ਵੇਸਣ ਦੇ ਮਿਲਵੇਂ ਆਟੇ ਦਾ ਮੋਟਾ ਰੋਟ ਰਾਹੜ ਦੇਣਾ। ਉੱਪਰ ਮੀਟ ਦਾਲ ਸਬਜ਼ੀ ਦਾ ਮਿਲਵਾਂ ਕੜਛਾ ਪਾ ਦੇਣਾ। ਰੋਟ ਨੂੰ ਚਾਕੂ ਨਾਲ ਚਾਰ ਟੁਕੜਿਆਂ 'ਚ ਕੱਟ ਦੇਣਾ। ਨਾਲ ਬੀਅਰ ਦਾ ਨੱਕੋ ਨੱਕ ਗਲਾਸ ਭਰ ਦੇਣਾ। ਸ਼ਾਇਦ ਹੀ ਦੁਨੀਆਂ ਭਰ 'ਚ ਮੈਂ ਕਦੇ ਏਨਾ ਸੁਆਦਿਸ਼ਟ, ਅਦਭੁੱਤ ਅਤੇ ਇਨੋਵੇਟਿਵ ਖਾਣਾ ਖਾਧਾ ਹੋਇਆ ਹੋਵੇ। ਸ਼ਾਹੀ ਭੋਜਨ ਦਾ ਸ਼ਾਹੀ ਭੋਜਨ, ਲੰਗਰ ਦਾ ਲੰਗਰ, ਢਾਬੇ ਦਾ ਢਾਬਾ, ਫਾਈਵ ਸਟਾਰ ਦਾ ਫਾਈਵ ਸਟਾਰ।

ਇਕ ਵਾਰ ਇਕ ਅੰਗਰੇਜ਼ ਨੂੰ ਕੁਝ ਪੰਜਾਬੀ ਲੰਗਰ ਖਵਾਉਣ ਲੈ ਗਏ। ਅੰਗਰੇਜ ਅਸ਼ ਅਸ਼ ਕਰ ਉੱਠਿਆ। ਇਕ ਨੇ ਪੁੱਛਿਆ - ਡਿਡ ਯੂ ਲਾਈਕ ਇਟ?' ਅੰਗਰੇਜ ਆਪਣੀਆਂ ਭਖਦੀਆਂ ਗੱਲ੍ਹਾਂ ਤੇ ਚਮਕਦੀਆਂ ਅੱਖਾਂ ਨਾਲ ਝਾਕਦਾ ਕਹਿੰਦਾ -*ਆਈ ਲਾਈਕਡ ਇਟ ਟੂ ਮੱਚ। ਬੱਟ ਆਈ ਹੈਵ ਏ ਸੁਜੈਸ਼ਨ ਦੈਟ, ਇਫ਼ ਯੂ ਇੰਟਰੋਡਿਊਸ ਬੀਅਰ ਵਿੱਦ ਲੰਗਰ, ਇਟ ਵਿਲ ਬੀ ਵੰਡਰਫੁੱਲ।'* ਪੰਜਾਬੀ ਦੋਸਤ ਠਹਾਕਾ ਮਾਰ ਕੇ ਹੱਸੇ।

ਸੁਰਜੀਤ ਹਾਂਸ ਦਾ ਲੰਗਰ, ਅੰਗਰੇਜ਼ ਦੀ ਸੁਜੈਸ਼ਨ ਤੋਂ ਵੀ 'ਤਾਹਾਂ ਦਾ ਹੁੰਦਾ।

ਪ੍ਰੇਮ ਪ੍ਰਕਾਸ਼ ਦੇ ਘਰ ਮੈਂ 'ਬੁੜ੍ਹੇ' ਨੂੰ ਖਾਣਾ ਖਾਂਦਿਆਂ ਪਹਿਲੀ ਵਾਰ ਦੇਖਿਆ। ਦੋਵੇਂ ਬੁੜ੍ਹੇ ਸਿਆਲ਼ਾਂ ਦੀ ਖੁੱਲ੍ਹੀ ਧੁੱਪੇ ਬਰਾਮਦੇ 'ਚ ਡੱਠੇ ਤਖਤਪੋਸ਼ ਕੋਲ਼ ਨਵਾਰ ਦੀਆਂ ਕੁਰਸੀਆਂ ਡਾਹੀ ਬੈਠੇ। ਚਾਚੀ (ਪ੍ਰੇਮ ਦੀ ਪਤਨੀ) ਨੇ ਹਾਂਸ ਦਾ ਖਾਣਾ ਪਰੋਸ ਦਿੱਤਾ। ਕੈਹੇਂ ਦੀ ਥਾਲੀ। ਇਕ ਕੌਲੀ ਦਹੀਂ,

ਇਕ ਕੌਲੀ ਦਾਲ਼, ਇਕ ਕੌਲੀ ਆਲੂ-ਗਾਜਰ-ਮਟਰ, ਇਕ ਕੌਲੀ ਖੀਰ। ਦੋ ਰੋਟੀਆਂ ਕਣਕ ਦੀਆਂ। ਨਾਲ ਪਾਣੀ ਦਾ ਗਿਲਾਸ, ਸਲਾਦ ਦੀ ਛੋਟੀ ਪਲੇਟ ਤੇ ਨਾਲ ਇਕ ਕੌਲੀ 'ਚ ਗੁੜ। ਮੈਂ ਕੋਲ਼ ਬੈਠਾ, 'ਲਕੀਰ' ਦਾ ਨਵਾਂ ਆਇਆ ਅੰਕ ਦੇਖਦਾ ਰਿਹਾ। ਕੈਰੀ ਅੱਖ ਨਾਲ, ਖਾਣਾ ਖਾਂਦੇ ਹਾਂਸ ਵੱਲ ਵੀ। ਹਾਂਸ ਨੇ ਸਭ ਤੋਂ ਪਹਿਲਾਂ ਪਾਣੀ ਦਾ ਗਲਾਸ ਪੀਤਾ, ਫੇਰ ਗੁੜ ਮੁਕਾਇਆ। ਫੇਰ ਖੀਰ ਖਾਧੀ। ਫੇਰ ਸਲਾਦ ਦੀ ਪਲੇਟ। ਫੇਰ ਦਹੀਂ ਦੀ ਕਟੋਰੀ, ਫੇਰ ਦਾਲ਼ ਦੀ ਕੌਲੀ ਮੂੰਹ ਲਾ ਕੇ ਪੀਤੀ, ਫੇਰ ਚਮਚੇ ਨਾਲ ਆਲੂ ਗਾਜਰ ਮਟਰ। ਅਖੀਰ ਵਿਚ ਰੁੱਖਾ ਫੁਲਕਾ। ਤੇ ਜੈ ਹਿੰਦ। ਮੈਂ ਦੇਖਦਾ ਰਹਿ ਗਿਆ। ਅਜੀਬ ਪੁੱਠਾ ਬੰਦਾ! ਸਵੀਟ ਡਿਸ਼ ਪਹਿਲਾਂ ਖਾਧਾ, ਸਬਜ਼ੀ ਦਾਲ਼ ਤੇ ਰੁੱਖਾ ਫੁਲਕਾ ਸਭ ਤੋਂ ਮਗਰੋਂ।ਹਰ ਵਾਰ ਇਸੇ ਤਰ੍ਹਾਂ ਖਾਂਦਾ ਸੀ ਉਹ ਖਾਣਾ।

ਇਕ ਵਾਰ ਗਰਮੀ 'ਚ ਪੱਖੇ ਥੱਲੇ ਸੁਰਜੀਤ ਹਾਂਸ ਪੁੱਠੀ ਬਨੈਣ ਪਾਈ ਬੈਠਾ। ਮੈਂ ਸੋਚਿਆ ਗ਼ਲਤੀ ਨਾਲ ਪਾ ਲਈ ਹੋਣੀ। ਕਹਿਣ ਦਾ ਹੌਸਲਾ ਨਾ ਪਿਆ। ਕੁਝ ਦੇਰ ਬਾਅਦ ਸੁਰਜੀਤ ਹਾਂਸ ਨਹਾ ਕੇ ਬਨੈਣ ਬਦਲ ਕੇ ਫੇਰ ਪੱਖੇ ਥੱਲੇ ਆ ਬੈਠਾ। ਬਨੈਣ ਫੇਰ ਪੁੱਠੀ। ਮੈਂ ਲਫਜ਼ਾਂ ਨੂੰ ਸੰਭਲ ਕੇ ਬੋਲਿਆ- ਹਾਂਸ ਸਾਬ੍ਹ, ਬਨੈਣ ਸ਼ਾਇਦ ਪੁੱਠੀ ਪਾਈ ਗਈ?' ਹਾਂਸ ਹੁਰਾਂ ਮੂੰਹ ਉਲਟੇ ਪਾਸੇ ਕਰ ਲਿਆ। ਫੇਰ ਮੇਰੇ ਵੱਲ ਦੇਖ ਕੇ ਬਰੀਕ ਅੱਖਾਂ ਨਾਲ ਕਿਹਾ- ਸਰੀਰ ਨੂੰ ਨਰਮ ਹਿੱਸਾ ਛੋਹਣਾ ਚਾਹੀਦਾ, ਬਨੈਣ ਦੇ ਅੰਦਰਲਾ ਸੀਣ ਵਾਲਾ ਪਾਸਾ ਬਾਹਰ ਰਹਿਣਾ ਚਾਹੀਦਾ।' ਅਜੀਬ ਪੁੱਠਾ ਬੰਦਾ! ਘਰ ਆ ਕੇ ਮੈਂ ਆਪਣੀ ਪਾਈ ਬਨੈਣ ਪੁੱਠੀ ਪਾ ਕੇ ਦੇਖੀ। ਅਰੇ!

ਅੱਜ ਤਕ ਮੈਂ, ਬਨੈਣ ਹਾਂਸ-ਸਟਾਇਲ 'ਚ ਪਾਉਂਦਾ ਹਾਂ।

ਮੇਰੀਆਂ ਕਵਿਤਾਵਾਂ ਦਾ ਅਸਰ ਤਾਂ ਪਤਾ ਨਹੀਂ ਹਾਂਸ ਸਾਬ੍ਹ 'ਤੇ ਹੋਇਆ ਜਾਂ ਨਹੀਂ, ਪਰ ਹਾਂਸ ਦੇ ਕਈ ਸਟਾਇਲਾਂ ਦਾ ਅਸਰ ਮੇਰੇ 'ਤੇ ਹੋ ਗਿਆ ।

ਸੁਰਜੀਤ ਹਾਂਸ ਵਰਗੀ ਚਾਹ ਸ਼ਾਇਦ ਹੀ ਕੋਈ ਮਾਈ ਦਾ ਲਾਲ ਬਣਾ ਸਕੇ। ਏਨੀ ਲਾਲ ਚਾਹ! ਵਾਹ! ਲਿਪਟਨ ਵਾਹ! ਮੈਂ ਚਾਹ ਹਾਂਸ-ਸਟਾਇਲ 'ਚ ਬਣਾਉਣ ਲੱਗ ਪਿਆ। ਕਾਮਯਾਬ ਨਾ ਹੋਇਆ।

ਅਜੀਬ ਬੰਦਾ! ਦਹੀਂ, ਨਹਾਉਣ ਵਾਲੇ ਮੱਗ 'ਚ ਜਮਾਂਉਂਦਾ। ਮੈਂ ਵੀ ਜਮਾਉਣ ਲੱਗ ਪਿਆ। ਘਰ ਵਾਲੀ ਕਹਿੰਦੀ, ਪੁੱਠੀਆਂ ਗੱਲਾਂ ਪਤਾ ਨਹੀਂ ਕਿੱਥੋਂ ਸਿੱਖਦਾ?

ਕਦੀ ਵਿਸਕੀ 'ਚ ਪਾਣੀ ਜਾਂ ਸੋਢਾ ਪਾ ਲੈਣਾ ਤਾਂ ਹਾਂਸ ਸਾਬ੍ਹ ਨੇ ਕਹਿਣਾ- ਓ ਹੋ! ਸੱਤਿਆਨਾਸ ਕਰ ਲਿਆ ਵਿਸਕੀ ਦਾ।' ਦਾਰੂ ਹਮੇਸ਼ਾ ਨੀਟ ਤੇ ਬਰਫ ਪਾ ਕੇ ਪੀਣੀ। *'ਆਨ ਦਾ ਰਾਕਸ'।* ਚਾਹੇ ਸਿਆਲ਼ ਚਾਹੇ ਹੁਨਾਲ! ਨਾਲ ਕੁਝ ਨਹੀਂ ਖਾਣਾ। ਨਮਕੀਨ ਸ਼ਮਕੀਨ ਦਾ ਇਕ ਦਾਣਾ ਵੀ ਨਹੀਂ। ਪਹਿਲਾਂ ਜਾਂ ਬਾਅਦ 'ਚ ਕਿੰਨੂੰ ਰੱਜ ਕੇ ਖਾਣੇ। ਲਾਲ ਸੁਰਖ਼ ਚਿਹਰਾ। ਫੀਮ ਦੀ ਡਲ਼ੀ। ਮੈਂ ਪਟਿਆਲੇ ਹੋਸਟਲ ਵਿਚ ਫੀਮ ਪਹਿਲੀ ਵਾਰ ਖਾਧੀ ਸੀ। ਦੇਖੀ ਕਈ ਵਾਰ ਸੀ ਆਪਣੇ ਨਾਨੇ ਕੋਲ਼। ਫੇਰ ਨੰਬਰ ਵੰਨ ਡਲ਼ੀ ਹਾਂਸ ਸਾਬ੍ਹ ਕੋਲ਼ੋਂ ਮਿਲ ਜਾਂਦੀ ਕਦੀ ਕਦਾਈਂ। ਵਰ੍ਹੇ ਛਿਮਾਹੀ। ਮੈਂ ਕਿਹੜਾ ਅਮਲੀ ਸੀ। ਹਾਂਸ ਸਾਬ੍ਹ ਨੇ ਜਿਸ ਕੰਮ ਲਈ ਪਹਿਲੀ ਵਾਰ ਡਲ਼ੀ ਦਿੱਤੀ, ਉਸ ਕੰਮ 'ਚ ਮੈਂ ਕਾਮਯਾਬ ਨਾ ਹੋਇਆ। ਅਗਲੀ ਵਾਰ ਮਿਲੇ ਤਾਂ ਦੱਸਿਆ। ਕਹਿੰਦੇ- ਇਹਦੇ ਖਾਣ ਦਾ ਵੀ ਤਰੀਕਾ ਹੁੰਦਾ।' ਮੈਂ ਮੁੜਕੇ ਉਹ ਤਰੀਕਾ ਵੀ ਨਾ ਅਪਣਾਇਆ।

ਜਦੋਂ ਕੱਲੇ ਹੁੰਦੇ, ਮੈਂ ਤੇ ਸੁਰਜੀਤ ਹਾਂਸ ਉਮਰ ਦੇ ਏਡੇ ਵੱਡੇ ਵਖਰੇਵੇਂ ਦੇ ਬਾਵਜੂਦ ਵੀ ਕਈ ਅਜਿਹੀਆਂ ਗੱਲਾਂ ਕਰਦੇ ਸਾਂ ਜੀਹਨਾਂ 'ਤੇ ਮੈਨੂੰ ਅਜੇ ਵੀ ਇਤਬਾਰ ਨਹੀਂ ਆਉਂਦਾ ਕਿ ਕਰਦੇ ਹੋਵਾਂਗੇ? ਸੁਰਜੀਤ ਹਾਂਸ ਦੀ ਇਕ ਮਿਕਨਾਤੀਸੀ ਖਿੱਚ ਸੀ ਜੋ ਬੰਦੇ ਨੂੰ ਇਕੋ ਝਟਕੇ ਨਾਲ ਆਪਣੇ ਵੱਲ ਖਿੱਚ ਲੈਂਦੀ। ਸ਼ਰਤ ਇਕੋ, ਤੁਹਾਡੇ ਅੰਦਰ ਲੋਹਾ ਹੋਵੇ! ਬਿਨਾਂ ਜੰਗਾਲ ਦੇ, ਬਿਨਾਂ ਮਿਲਾਵਟ ਦੇ। ਫੇਰ ਤੁਸੀਂ ਉਹਦੀ ਗ੍ਰਿਫਿਤ 'ਚੋਂ ਬਾਹਰ ਨਹੀਂ ਆ ਸਕਦੇ। ਤਾ-ਉਮਰ। ਮਿਕਨਾਤੀਸੀ ਖਿੱਚ ਵਾਲੇ ਉਸੇ ਸੁਰਜੀਤ ਹਾਂਸ ਵਿਚ 2500 ਹਾਰਸ ਪਾਵਰ ਦਾ ਨੰਗੀਆਂ ਤਾਰਾਂ ਵਾਲਾ ਮਹਾਂ-ਕਰੰਟ ਵੀ

ਸੀ, ਜਿਸ ਨਾਲ ਤੁਸੀਂ ਪੰਗਾ ਲਿਆ ਤਾਂ ਅਸਮਾਨੀ ਝਟਕੇ ਨਾਲ ਫਟਾਕ! ਸੁਆਹ! ਹਮਨੇ ਜਲਵਾ ਦਿਖਾਇਆ ਤੋ ਜਲ ਜਾਓਗੇ! ਇਹਦੇ ਇਸ ਝਟਕੇ ਤੋਂ, ਮੈਂ ਤਾਂ ਕੀ, ਬੜੇ ਬੜੇ ਲਾਟੀਕੀਨ ਵੀ ਡਰਦੇ ਸਨ। ਸਣੇ ਪ੍ਰੇਮ ਪ੍ਰਕਾਸ਼ ਦੇ। ਪ੍ਰੇਮ ਨੂੰ ਮੈਂ ਅੱਜ ਤਕ ਸਿਰਫ ਇਸੇ ਬੰਦੇ ਕੋਲ਼ੋਂ ਡਰਦੇ ਦੇਖਿਆ। ਹਾਂਸ ਦੇ ਇਸ ਝਟਕੇ ਜਾਂ ਹੱਠ ਦੀ ਮਿਸਾਲ ਉਹਦੇ ਬਹੁਤ ਕਰੀਬੀ ਦੋਸਤ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਾਬਕਾ ਵਾਈਸ ਚਾਂਸਲਰ ਜੇ.ਐੱਸ.ਗਰੇਵਾਲ ਨਾਲ ਆਖਰੀ ਦਮ ਤਕ ਨਿਭਾਇਆ ਤੋੜ-ਵਿਛੋੜਾ ਹੈ। ਸੁਰਜੀਤ ਹਾਂਸ ਵਰਗਾ ਸਿਰੜੀ ਬੰਦਾ ਵਿਰਲਾ-ਟਾਂਵਾਂ ਈ ਮਿਲਦਾ। ਇਸ ਸਿਰੜ ਤੇ ਹੱਠ ਦੀ ਬੁਨਿਆਦ ਪੰਜਾਬੀ ਦੀ ਇਸ ਅਨੂਠੀ ਸ਼ਖ਼ਸੀਅਤ ਦਾ ਵਿਸ਼ਾਲ ਗਿਆਨ ਸੀ ਜਿਸਦਾ ਘੱਟੋ ਘੱਟ ਪੰਜਾਬੀ ਸਾਹਿਤ ਵਿਚ ਤਾਂ ਕੋਈ ਸਾਨੀ ਨਹੀਂ। ਪੰਜਾਬੀ ਵਿਚ ਬੜਬੋਲੇ ਬੇਥਵ੍ਹੀਆਂ ਮਾਰਨ ਵਾਲਿਆਂ ਦਾ ਬੋਲਬਾਲਾ ਹੈ। ਬੋਲਬਾਲਾ ਥੋੜ੍ਹ-ਚਿਰਾ ਹੁੰਦਾ। ਜਿਹੜੀ ਗੱਲ ਢਾਈ ਢਾਈ ਘੰਟੇ ਬੋਲ ਕੇ ਤੇ ਪੰਜਾਹ-ਬਵੰਜਾ ਸਫੇ ਲਿਖਕੇ ਵੀ ਖੱਬੀਖਾਨਾਂ ਕੋਲੋਂ ਸਪਸ਼ਟ ਨਹੀਂ ਹੁੰਦੀ, ਉਹ ਸੁਰਜੀਤ ਹਾਂਸ ਦੋ ਸਤਰਾਂ ਵਿਚ ਵਿਅਕਤ ਕਰਨ ਦੀ ਸਮਰੱਥਾ, ਸ਼ਕਤੀ ਤੇ ਹੁਨਰ ਰੱਖਦਾ ਸੀ।

ਅਸਲ ਵਿਚ 'ਬਰੈਵਿਟੀ'(ਸੰਖੇਪਤਾ) ਹੀ ਹਾਂਸ ਦੀ ਅਸਲੀ ਵਿਸ਼ੇਸ਼ਤਾ ਹੈ। ਉਸਦੀ ਸ਼ਖ਼ਸੀਅਤ ਤੇ ਜੀਵਨ-ਸ਼ੈਲੀ।ਵਾਧੂ ਲਗ-ਲਬੇੜ ਨਹੀਂ। ਨਾ ਰਿਸ਼ਤਿਆਂ 'ਚ, ਨਾ ਗ੍ਰਿਹਸਤ ਜੀਵਨ 'ਚ, ਨਾ ਰਚਨਾਵਾਂ ਵਿਚ। 'ਲਕੀਰ' ਵਿਚ ਸੁਰਜੀਤ ਹਾਂਸ ਦੇ ਕੀਤੇ ਰੀਵਿਊ ਇਸ ਬਰੈਵਿਟੀ ਦੀ ਅਤਿ-ਉੱਤਮ ਮਿਸਾਲ ਨੇ। ਉਹਦੇ ਕੀਤੇ ਰੀਵਿਊ ਬੜਿਆਂ ਬੜਿਆਂ ਦੇ ਤੌਰ ਭੰਵਾ ਦਿੰਦੇ। ਦੋ-ਸਤਰੀ ਪਰ ਤਿੱਖੇ ਤਲਵਾਰ। ਕਿਸੇ ਦੇ ਸੀਨੇ 'ਚੋਂ ਪਾਰ , ਕਿਸੇ ਦੇ ਦਿਲ 'ਚੋਂ ਪਾਰ! ਮੈਂ 'ਲਕੀਰ' ਵਿਚ ਪਹਿਲੀ ਵਾਰ ਸੁਰਜੀਤ ਹਾਂਸ ਦਾ ਕੀਤਾ ਹਰਭਜਨ ਹਲਵਾਰਵੀ ਦੀ ਕਿਤਾਬ ਦਾ ਰੀਵਿਊ ਪੜ੍ਹਿਆ- *'ਪੰਜਾਬੀ ਟ੍ਰਿਬਿਊਨ ਦੇ ਸੰਪਾਦਕ ਨੂੰ ਪਤਾ ਹੋਣਾ ਚਾਹੀਦਾ ਕਿ ਪੰਜਾਬੀ ਟ੍ਰਿਬਿਊਨ ਦਾ ਅਗਲਾ ਸੰਪਾਦਕ ਵੀ ਬਹੁਤ ਵੱਡਾ ਕਵੀ ਹੋਏਗਾ।'* ਫੇਰ ਇਕ ਰੀਵਿਊ ਪਤਾ ਨਹੀਂ ਕਿਹੜੀ ਕਿਤਾਬ ਦਾ- *'ਏਸ ਕਿਤਾਬ ਨੂੰ ਪੜ੍ਹ ਲਓ ਤਾਂ ਵੀ ਕੋਈ ਫਰਕ ਨਹੀਂ ਪੈਂਦਾ, ਨਾ ਪੜ੍ਹੋ ਤਾਂ ਵੀ ਕੋਈ ਫਰਕ ਨਹੀਂ ਪੈਣਾ ।'* ਇਹਨਾਂ ਰੀਵਿਊਆਂ ਨੇ ਕਈ ਬੰਦੇ ਕਈ ਕਈ ਰਾਤਾਂ ਸੌਣ ਨਹੀਂ ਦਿੱਤੇ ।

'ਸਿਰਜਣਾ' 'ਚ ਛਪਦੇ ਰਹੇ ਹਾਂਸ ਦੇ ਲੇਖ, ਲੇਖਕ ਦੀ ਵਿਦਵਤਾ ਅਤੇ ਸੰਖੇਪਤਾ ਦਾ ਜੀਵੰਤ ਪ੍ਰਮਾਣ ਨੇ।

ਸੁਰਜੀਤ ਹਾਂਸ ਨੂੰ ਮੈਂ ਇਕ ਟੀ.ਵੀ. ਇੰਟਰਵਿਊ 'ਚ ਪੁੱਛਿਆ- ਤੁਸੀਂ ਜੀਵਨ 'ਚ ਜੋ ਚਾਹਿਆ ਉਹ ਕੀਤਾ?

ਹਾਂਸ ਦੇ ਜੁਆਬ ਨੇ ਮੈਨੂੰ ਤੇ ਦਰਸ਼ਕਾਂ ਨੂੰ ਅਚੰਭਿਤ ਕਰ ਦਿੱਤਾ- "ਅਸਲ ਵਿਚ ਮੈਂ ਰੇਲ ਗੱਡੀ ਦਾ ਡਰਾਇਵਰ ਬਣਨਾ ਚਹੁੰਦਾ ਸੀ ਪਰ ਵਲੈਤ ਜਾ ਕੇ ਮੈਂ ਬੱਸ ਕੰਡਕਟਰ ਬਣ ਗਿਆ।" ਵਲੈਤ ਵਿਚ ਕੰਡਕਟਰੀ ਅਤੇ ਡਾਕੀਏ ਦਾ ਕੰਮ ਕਰਨ ਵਾਲਾ ਸੁਰਜੀਤ ਹਾਂਸ ਆਖਰ ਪੰਜਾਬੀ ਸਾਹਿਤ ਦਾ ਅਦਭੁਤ ਰਚਨਾਕਾਰ, ਅਨੂਠਾ ਇਤਿਹਾਸਕਾਰ, ਕਵੀ, ਵਾਰਤਕਕਾਰ, ਵਿਅੰਗਕਾਰ, ਨਾਵਲਕਾਰ, ਨਿਬੰਧਕਾਰ ਤੇ ਅਨਿਕ ਵਿਧਾ-ਕਾਰ ਬਣ ਚਮਕਿਆ। ਹਰ ਵਿਧਾ 'ਚ ਚਮਤਕਾਰ! ਅਚਾਰੀਆ ਭੱਟ **ਲੋਲਟ,** ਸਾਹਿਤ ਦੀ ਅਸਲੀ ਤਾਕਤ 'ਅਚੰਭਾ' ਮੰਨਦਾ ਹੈ। ਇਸੇ ਅਨਿਕ-ਵਿਧਾਵੀ ਗੁੰਝਲਦਾਰ ਮਿਕਨਾਤੀਸੀ ਅਚੰਭੇ ਦਾ ਨਾਂ ਹੈ ਸੁਰਜੀਤ ਹਾਂਸ।

ਮੈਂ ਇਕ ਵਾਰ ਸ਼ਿਵ ਬਟਾਲਵੀ 'ਤੇ ਡਾਕੂਮੈਂਟਰੀ ਕਰਨ ਲੱਗ ਪਿਆ। ਹਾਂਸ ਨੇ ਸ਼ਿਵ ਨੂੰ ਇੰਗਲੈਂਡ ਵੀ ਦੇਖਿਆ/ਸੁਣਿਆ ਹੋਇਆ ਸੀ। ਮੈਂ ਸਟੇਟਮੈਂਟ ਰੀਕਾਰਡ ਕਰਨ ਲਈ ਕਿਹਾ। ਹਾਂਸ ਨੇ ਸਾਫ਼ ਨਾਂਹ ਕਰ ਦਿੱਤੀ। ਕਹਿੰਦੇ- ਉਹ ਕੰਮ ਨਹੀਂ ਕਰੀਦਾ ਜੀਹਦੇ ਨਾਲ ਮੁਫਤ ਦੀ ਬਦਨਾਮੀ ਹੋਵੇ। ਸ਼ਿਵ 'ਤੇ ਡਾਕੂਮੈਂਟਰੀ ਕਰਨ ਦਾ ਮਤਲਬ ਹੈ ਮੁਫਤ ਦੀ ਬਦਨਾਮੀ।' ਮੇਰਾ ਸਾਰਾ ਮਜ਼ਾ ਕਿਰਕਿਰਾ ਹੋ ਗਿਆ। ਜਿਸ ਸ਼ਿਵ ਨੂੰ ਮੇਰੇ ਸਣੇ ਸਾਰਾ ਪੰਜਾਬੀ ਸਾਹਿਤ-ਜਗਤ ਵੱਡਾ ਕਵੀ ਮੰਨਦਾ, ਹਾਂਸ ਨੇ ਉਸਨੂੰ ਬਦਨਾਮੀ ਵਾਲਾ ਕੰਮ ਕਹਿ ਕੇ ਮੈਨੂੰ ਸੋਚੀਂ ਪਾ ਦਿੱਤਾ। ਨਤੀਜਨ

ਮੇਰਾ ਸ਼ਿਵ ਦੀ ਡਾਕੂਮੈਂਟਰੀ ਵਾਲਾ ਕੰਮ ਵਿੱਚੇ ਰਹਿ ਗਿਆ। ਸ਼ਾਇਦ ਹਾਂਸ ਸਾਹਬ ਠੀਕ ਈ ਕਹਿੰਦੇ ਹੋਣ! ਜਿਹੜਾ ਬੰਦਾ ਪਾਬਲੋ ਨੈਰੂਦਾ ਤੇ ਫੈਜ਼ ਅਹਿਮਦ ਫੈਜ਼ ਨੂੰ ਬੜੇ ਆਰਾਮ ਨਾਲ 'ਫਜ਼ੂਲ' ਸ਼ਾਇਰ ਆਖ ਸਕਦਾ ਹੋਵੇ, ਉਸ ਨੂੰ ਸਮਝਣ ਵਾਸਤੇ ਬੇਆਰਾਮ ਹੋਣਾ ਪਏਗਾ। ਬਾਬਾ ਨਾਨਕ ਤੇ ਗ਼ਾਲਿਬ ਤੋਂ ਹੇਠਾਂ ਸੁਰਜੀਤ ਹਾਂਸ ਗੱਲ ਨਹੀਂ ਸੀ ਕਰਦਾ। ਸੋਹਣੀ ਦਿੱਖ ਵਾਲੀਆਂ ਪੰਜਾਬੀ ਕਿਤਾਬਾਂ/ਕਵਿੱਤ੍ਰੀਆਂ ਦਾ ਰੀਵਿਊ ਤਾਂ ਸੁਰਜੀਤ ਹਾਂਸ ਅਲਾਮਾ ਇਕਬਾਲ ਦੇ ਇਕ ਸ਼ੇਅਰ ਨਾਲ ਮੁਕਾ ਦਿੰਦਾ- *ਨਹੀਂ ਮੁਹਤਾਜ ਜ਼ੇਵਰ ਕਾ, ਜਿਸੇ ਖ਼ੂਬੀ ਖ਼ੁਦਾ ਨੇ ਦੀ।'*

ਸੁਰਜੀਤ ਹਾਂਸ ਟੀ.ਵੀ. ਦੇਖਣ ਦੇ ਏਨੇ ਕੁ ਸ਼ੁਕੀਨ ਸੀ ਕਿ ਹਰ ਦੂਜੇ ਮਿੰਟ ਟੀ.ਵੀ 'ਚ ਪ੍ਰੋਗਰਾਮ ਪੇਸ਼ ਕਰਨ ਵਾਲੇ ਨੂੰ ਗਾਲ੍ਹ ਜ਼ਰੂਰ ਕੱਢਣੀ। ਹਰਾਮਜ਼ਾਦਾ, ਬੇਵਾਕੂਫ, ਬਕਵਾਸ, ਨੌਨ ਸੈਂਸ! ਮੈਂ ਟੀ.ਵੀ 'ਚ ਕੰਮ ਕਰਦਾ ਸਾਂ, ਮੈਨੂੰ ਲਗਦਾ ਇਹ ਗਾਲ੍ਹਾਂ ਉਹ ਮੈਨੂੰ ਕੱਢ ਰਹੇ ਨੇ। ਫੇਰ ਰੀਮੋਟ ਦੇ ਇਕ ਝਟਕੇ ਨਾਲ ਹਾਂਸ ਟੀ.ਵੀ ਬੰਦ ਕਰ ਦਿੰਦਾ। ਮੈਂ ਸ਼ੁਕਰ ਕਰਦਾ।

ਇਤਿਹਾਸਕਾਰ, ਕਿਤਾਬਾਂ ਵਾਲੀ ਆਪਣੀ ਅਲਮਾਰੀ ਦੇ ਲਾਗੇ ਕਿਸੇ ਨੂੰ ਵੀ ਫਟਕਣ ਨਹੀਂ ਸੀ ਦਿੰਦਾ। ਕਿਸੇ ਦੀ ਹਿੰਮਤ ਨਹੀਂ ਸੀ ਕਿ ਕਿਤਾਬ ਹੁਦਾਰ ਮੰਗ ਲਵੇ। ਇਕ ਵਾਰ ਮੈਨੂੰ ਆਪੇ ਇੰਗਲਿਸ਼ ਪੋਇਟਰੀ ਦੀਆਂ ਸੱਤ ਕਿਤਾਬਾਂ ਆਪਣੀ ਕੀਮਤੀ ਲਾਇਬਰੇਰੀ 'ਚੋਂ ਦੇ ਦਿੱਤੀਆਂ। ਮੈਨੂੰ ਲੱਗਾ ਜਿਵੇਂ ਸ਼ਹਿਨਸ਼ਾਹ ਅਕਬਰ ਨੇ ਆਪਣੇ ਕੀਮਤੀ ਖ਼ਜ਼ਾਨੇ ‘ਚੋਂ ਅਸ਼ਰਫੀਆਂ ਦੀ ਮੁੱਠ ਭਰ ਕੇ ਕਿਸੇ ਦਰਬਾਨ ਨੂੰ ਦੇ ਦਿੱਤੀ ਹੋਵੇ! ਕਵਿਤਾ ਦੀਆਂ ਉਹ ਬੇਸ਼ਕੀਮਤੀ ਕਿਤਾਬਾਂ ਅਤੇ ਹਾਂਸ ਸਾਬ੍ਹ ਦੇ ਮੈਨੂੰ ਲਿਖੇ ਦੋ ਖ਼ਤ, ਅਜੇ ਤਕ ਮੇਰੇ ਖਜ਼ਾਨੇ 'ਚ ਮਹਿਫੂਜ਼ ਨੇ।

ਪ੍ਰੇਮ 'ਬੁੜ੍ਹੇ' ਦੇ ਨੁਕਸ ਮੇਰੇ ਕੋਲ਼ ਕੱਢਦਾ ਰਹਿੰਦਾ। ਆਦਤਨ, ਮੇਰੇ ਉਹਦੇ ਕੋਲ਼ ਕੱਢਦਾ ਹੋਵੇਗਾ। ਕਹਿੰਦਾ- ਸੁਰਜੀਤ ਹਾਂਸ ਦੋਸਤ-ਨਵਾਜ਼ ਹੈ। ਆਪਣੀਆਂ ਕਿੜਾਂ ਵੀ ਕੱਢਦਾ। ਉਹਦੀ ਕਵਿਤਾ ਕਿਸੇ ਨੂੰ ਸਮਝ ਨਹੀਂ ਆਉਂਦੀ।ਦੋਸਤਾਂ ਦੀ ਰੈਅ ਵੀ ਕਰਦਾ। ਮੈਂ ਕਿਹਾ ਕਿਹੜੇ ਦੋਸਤ ਆ ਉਹਦੇ? ਏਨੇ ਨੂੰ ਇਕ ਵਲੈਤੀਆ ਆ ਗਿਆ। ਗੋਰਾ, ਲੰਮਾ ਉੱਚਾ, ਸੋਹਣਾ ਖਿੜ ਖਿੜ ਹੱਸਣ ਵਾਲਾ। ਸੁਰਜੀਤ ਹਾਂਸ ਉਪਰ ਮਿਆਨੀ 'ਚ ਬੈਠਾ ਸੀ। ਅਸੀਂ ਵੀ ਓਥੇ ਚਲੇ ਗਏ। ਵਲੈਤੀਆ, ਹਾਂਸ ਸਾਬ੍ਹ ਦਾ ਪੁਰਾਣਾ ਦੋਸਤ/ ਵਾਕਫ਼/ ਚੇਲਾ ਸੀ । ਹਾਂਸ ਸਾਬ੍ਹ ਨੂੰ ਉੱਡ ਕੇ ਮਿਲਿਆ। ਹਾਂਸ ਕਦੀ ਕਿਸੇ ਨੂੰ ਉੱਡ ਕੇ ਨਹੀਂ ਸੀ ਮਿਲਦਾ। ਦਾਨਾਈ ਨਿੱਘ ਤਪਾਕ ਤੇ ਦਿਲੋਂ ਮਿਲਦਾ ਸੀ। ਵਲੈਤੀਏ ਨੂੰ ਵੀ ਮਿਲਿਆ। ਸ਼ਾਮ ਜੰਮ ਗਈ। ਵਲੈਤੀਏ ਨੇ ਆਪਣੀਆਂ ਕਵਿਤਾਵਾਂ ਦੀ ਬਦਾਮੀ ਰੰਗੀ ਕਿਤਾਬ ਆਪਣੇ ਕਾਲੇ ਬੈਗ 'ਚੋਂ ਬਾਹਰ ਕੱਢੀ। ਲਿਖਕੇ ਸੁਰਜੀਤ ਹਾਂਸ ਨੂੰ ਭੇਂਟ ਕੀਤੀ। ਹਾਂਸ ਸਾਬ੍ਹ ਨੇ ਕਿਹਾ- ਵਾਹ! ਵਾਹ!' ਕਿਤਾਬ ਖੋਲ੍ਹੀ। ਦਾਰੂ ਦਾ ਘੁੱਟ ਭਰਿਆ। ਕੁਝ ਵਰਕੇ ਫਰੋਲੇ। ਮੁਖਬੰਦ ਦੇਖਿਆ। ਤੇ ਹਾਂਸ ਸਾਬ੍ਹ ਨੇ ਕਿਤਾਬ ਦੇ ਮੂਹਰਲੇ ਵੀਹ ਪੱਚੀ ਵਰਕੇ ਆਪਣੇ ਮਜ਼ਬੂਤ ਸੱਜੇ ਹੱਥ'ਚ ਇਉਂ ਮਰੋੜ ਕੇ ਫੜ ਲਏ ਜਿਵੇਂ ਚਾਚੇ ਗਿਆਨ ਸਿੰਘ ਨੇ ਝਟਕਾਉਣ ਲਈ ਮੁਰਗਾ ਗਿੱਚੀਉਂ ਫੜਿਆ ਹੋਵੇ। ਤੇ ਦੇਖਦਿਆਂ ਹੀ ਦੇਖਦਿਆਂ ਹਾਂਸ ਸਾਬ੍ਹ ਨੇ ਮਰੋੜੇ ਹੋਏ ਵਰਕੇ ਇਕ ਝਟਕੇ ਨਾਲ ਕਿਤਾਬ 'ਚੋਂ ਪਾੜ ਕੇ ਬਾਹਰ ਰੱਖ ਦਿੱਤੇ। ਜਿਲਦ ਅੱਡ, ਵਰਕੇ ਅੱਡ। ਵਲੈਤੀ ਕਵੀ ਦਾ ਰੰਗ ਫੱਕ। ਪ੍ਰੇਮ ਤੇ ਮੈਂ ਚੁੱਪ। ਤੇ ਅਗਲਾ ਪੈੱਗ। ਮੈਂ ਸੋਚਿਆ ਪ੍ਰੇਮ ਪ੍ਰਕਾਸ਼ ਇਸੇ ਸੁਰਜੀਤ ਹਾਂਸ ਨੂੰ 'ਦੋਸਤ-ਨਵਾਜ਼' ਕਹਿੰਦਾ ਹੈ? ਇਕ ਦੋ ਵਾਰ ਮੈਂ ਬੁੜ੍ਹੇ ਨੂੰ ਬੁੜ੍ਹੇ ਨਾਲ ਖਹਿੰਦਿਆਂ ਵੀ ਦੇਖਿਆ। ਸੁਰਜੀਤ ਹਾਂਸ ਪ੍ਰੇਮ ਨੂੰ ਮੂਜ਼ੀ ਕਹਿੰਦਾ ਸੀ। ਹਰ ਬੰਦੇ ਦਾ ਉਹ ਕੋਈ ਸ਼ਾਰਟ-ਕੱਟ ਨਾਮ ਰੱਖਦਾ ਸੀ। ਕਿਸੇ ਨੂੰ ਕਹਿਣਾ- ਹਰਾਮ ਉਲ ਦਹਿਰ, ਕਿਸੇ ਨੂੰ ਕਹਿਣਾ ਹੈਂਡਲ, ਕਿਸੇ ਨੂੰ ਡੈਮਡਮੀ, ਕਿਸੇ ਨੂੰ ਗੁਲਜ਼ਾਰਾ, ਕਿਸੇ ਨੂੰ ਮਲਿਕਾ ਕਿਸੇ ਨੂੰ ਸ਼ਾਇਰਾ! ਕਿਸੇ ਨੂੰ ਮਜ਼ਾਕ ਖਾਤਰ ਕਿਸੇ ਨੂੰ ਪਿਆਰ ਨਾਲ। ਮੇਰਾ ਵੀ ਜ਼ਰੂਰ ਰੱਖਿਆ ਹੋਏਗਾ ਕੋਈ ਸ਼ਾਰਟ ਕੱਟ! ਦੋਸਤਾਂ ਬਾਰੇ ਸੁਰਜੀਤ ਹਾਂਸ ਕਹਿੰਦਾ- ਦੋਸਤ ਤੁਹਾਨੂੰ ਦੁੱਖ ਦੇਣ ਲਈ ਬਣੇ ਹੁੰਦੇ ਨੇ, ਹੋਰ ਇਹਨਾਂ ਨੂੰ ਰਗੜ ਕੇ ਗੋਡਿਆਂ 'ਤੇ ਲਾਉਣਾ?' ਉਸਦੇ ਸਰਕਲ ਵਿਚ ਗਿਣਤੀ ਦੇ,ਪਰ ਰੰਗ ਬਰੰਗੇ ਦੋਸਤ ਸਨ, ਕੋਈ ਵੀ.ਸੀ., ਕੋਈ ਡੀ

ਜੀ, ਕੋਈ ਰਜਿਸਟਰਾਰ, ਕੋਈ ਭਲਵਾਨ, ਕੋਈ ਲੇਖਕ, ਕੋਈ ਪੇਂਟਰ। ਸਾਰੇ ਹਾਂਸ ਹਾਂਸ ਕਰਦੇ ਫਿਰਦੇ। ਸੁਰਜੀਤ ਹਾਂਸ ਦੇ ਅੰਮ੍ਰਿਤਸਰੀ ਚੁਬਾਰੇ ਵਿਚ ਜੋ ਦੀਵਾਨ ਸਜਦੇ ਸਨ ਉਹਨਾਂ ਵਿਚ ਅੰਗਰੇਜ਼ੀ-ਪੰਜਾਬੀ ਦੇ ਚੋਣਵੇਂ ਧਨੰਤਰ ਵਿਦਵਾਨ, ਅਰਥ-ਸ਼ਾਸਤਰੀ, ਰਾਜਨੀਤੀ-ਵਾਨ, ਵਾਈਸ ਚਾਂਸਲਰ ਤੇ ਬਾਂਕੀਆਂ ਭਾਗਭਰੀਆਂ ਹਾਜ਼ਰੀ ਭਰਦੇ ਸਨ। ਹਾਂਸ ਕਦੀ ਕਦਾਈਂ ਮਿਲਦਾ ਪਰ ਇਕੋ ਵਾਰ 'ਚ ਸਾਲ ਦਾ ਰਾਸ਼ਨ ਪਾਣੀ ਦੇ ਦਿੰਦਾ। ਰੱਜਮੀ ਦਾਰੂ, ਰੱਜਮਾਂ ਗਿਆਨ, ਰੱਜਮਾਂ ਮੋਹ, ਰੱਜਮੀ ਆਓ-ਭਾਗਤ! ਸੁਰਜੀਤ ਹਾਂਸ ਦੀ ਮਹਿਮਾਨ ਨਵਾਜ਼ੀ ਦਾ ਕੋਈ ਮੁਕਾਬਲਾ ਨਹੀਂ ਸੀ।

ਮੈਂ ਇਸ ਚੁਬਾਰੇ 'ਚ ਸੁਰਜੀਤ ਹਾਂਸ ਦੀਆਂ ਅਣਗਣਿਤ ਕਵਿਤਾਵਾਂ ਸੁਣੀਆਂ। ਹਰ ਵਾਰ ਵਿਦਵਾਨ ਸ਼ਾਇਰ ਨੇ ਕਹਿਣਾ 'ਕਲਮ-ਬਦਲੀ'। ਮਤਲਬ ਸਟਾਇਲ ਬਦਲ ਗਿਆ। ਪੰਜਾਬੀ ਸ਼ਾਇਰੀ ਵਿਚ ਸਭ ਤੋਂ ਵੱਧ ਸ਼ਬਦ ਤੇ ਫੁੱਟ-ਨੋਟ ਸ਼ਾਇਦ ਸ਼ਾਇਰ ਸੁਰਜੀਤ ਹਾਂਸ ਨੇ ਵਰਤੇ ਹੋਣ। ਮੇਰੇ ਕਾਵਿ-ਸੰਗ੍ਰਿਹ "ਕਮੰਡਲ" ਦੀਆਂ ਅੱਧੇ ਤੋਂ ਵੱਧ ਕਵਿਤਾਵਾਂ ਛਪਣ ਤੋਂ ਪਹਿਲਾਂ ਸੁਰਜੀਤ ਹਾਂਸ ਨੇ ਸੁਣੀਆਂ/ਨਜ਼ਰ-ਸਾਨੀ ਕੀਤੀਆਂ ਹੋਈਆਂ। ਇਸੇ ਲਈ ਕਮੰਡਲ ਕਾਵਿ-ਸੰਗ੍ਰਹਿ "ਸੁਰਜੀਤ ਹਾਂਸ ਦੇ ਨਾਉਂ" ਹੈ।

ਬਾਅਦ ਵਿਚ ਹਾਂਸ ਹੁਰਾਂ ਦੱਸਿਆ ਕਿ ਸ.ਸ.ਮੀਸ਼ਾ ਦੀ ਸਾਹਿਤ-ਅਕਾਦਮੀ ਸਨਮਾਨਤ ਕਾਵਿ-ਕਿਤਾਬ "ਕੱਚ ਦੇ ਵਸਤਰ" ਵੀ ਸ.ਸ.ਮੀਸ਼ਾ ਨੇ ਸੁਰਜੀਤ ਹਾਂਸ ਦੇ ਨਾਮ ਕੀਤੀ ਸੀ।

ਮੈਂ ਜ਼ਿੰਦਗੀ 'ਚ ਕਦੇ ਵੋਟ ਨਹੀਂ ਪਾਈ। ਮੇਰੀ ਮਰਜ਼ੀ। ਨਾ ਮੈਂ ਸਾਰੀ ਉਮਰ ਕਿਸੇ ਸਾਹਿਤ ਸਭਾ ਦਾ ਮੈਂਬਰ ਬਣਿਆ, ਨਾ ਕੇਂਦਰੀ ਲੇਖਕ ਬਣਿਆ। ਪਾਸੇ ਰਿਹਾ। ਹੁਣ ਤਕ ਪਾਸੇ ਹਾਂ। ਪਰ ਮੇਰਾ, ਵੋਟ ਨਾ ਪਾਉਣ ਦਾ ਪ੍ਰਣ, ਸੁਰਜੀਤ ਹਾਂਸ ਹੁਰਾਂ ਦੇ ਇਕੋ 'ਹੁਕਮ' ਨੇ ਤੋੜ ਦਿੱਤਾ। ਮੈਂ ਚੰਡੀਗੜ੍ਹ ਪ੍ਰੈੱਸ ਕਲੱਬ ਦਾ ਪੱਕਾ ਮੈਂਬਰ ਸਾਂ। ਇਹ ਮੇਰੇ ਕਿੱਤੇ ਨਾਲ ਜੁੜੀ ਮੈਂਬਰਸ਼ਿੱਪ ਸੀ/ਹੈ। ਪਰ ਵੋਟ ਮੈਂ ਓਥੇ ਵੀ ਕਦੇ ਨਾ ਪਾਈ। ਬਣੀ ਜਾਣ ਪ੍ਰਧਾਨ, ਸੈਕਟਰੀ ਖ਼ਜ਼ਾਨਚੀ, ਮੈਂ ਕੀ ਲੈਣਾ? ਪਰ ਇਕ ਦਿਨ ਸੁਰਜੀਤ ਹਾਂਸ ਦਾ ਫੋਨ ਆ ਗਿਆ- 'ਓ ਕੁੜੀ (ਧੀ ਨਾਨਕੀ) ਪ੍ਰੈੱਸ ਕਲੱਬ ਦੀ ਪ੍ਰਧਾਨਗੀ ਲਈ ਖੜ੍ਹੀ ਹੈ। ਫਲਾਂ ਤਰੀਕ ਨੂੰ ਵੋਟ ਪਾਉਣ ਆ ਜਾਣਾ।' ਮੇਰੇ ਕੋਲੋਂ ਨਾਂਹ ਲਈ ਜੁਬਾਨ ਹੀ ਨਾ ਪੱਟ ਹੋਈ। ਤੇ ਫੋਨ ਬੰਦ। ਮੈਂ ਵੋਟਾਂ ਵਾਲੇ ਦਿਨ 178 ਹਰਦਿਆਲ ਨਗਰ ਜਲੰਧਰੋਂ ਚੱਲੀ ਆਪਣੀ ਕਾਰ ਸਿੱਧੀ ਪ੍ਰੈੱਸ ਕਲੱਬ ਚੰਡੀਗੜ੍ਹ ਜਾ ਰੋਕੀ। ਸਿਰਫ਼ ਨਾਨਕੀ ਹਾਂਸ ਦੇ ਨਾਂ 'ਤੇ ਮੋਹਰ ਲਾਈ ਤੇ ਵਾਪਸ।

ਸਵੇਰੇ ਹਾਂਸ ਸਾਬ੍ਹ ਦਾ ਫੋਨ ਆ ਗਿਆ- ਨਾਨਕੀ ਤੁਹਾਡੀ ਵੋਟ ਨਾਲ ਪ੍ਰੈੱਸ ਕਲੱਬ ਦੀ ਪ੍ਰਧਾਨ ਬਣ ਗਈ ਐ।' ਇਹ ਮੇਰੀ ਜ਼ਿੰਦਗੀ ਦੀ ਪਹਿਲੀ ਤੇ ਸ਼ਾਇਦ ਹੁਣ ਤਕ ਦੀ ਆਖਰੀ ਵੋਟ ਹੈ। ਸੁਰਜੀਤ ਹਾਂਸ, ਧੀ ਨਾਨਕੀ ਵਾਸਤੇ ਕੁਝ ਵੀ ਕਰ ਸਕਦਾ ਸੀ। ਘਰ ਵਿਚ ਕੁੱਤੇ ਜਰ ਸਕਦਾ, ਨਾਨਕੀ ਦਾ ਗੁੱਸਾ ਸਹਿ ਸਕਦਾ, ਪੁੱਤ ਪੁੱਤ ਕਰ ਸਕਦਾ। ਵਰਨਾ ਹਾਂਸ ਤੇ ਪੁਚ ਪੁਚ?

ਮੈਂ ਹਾਂਸ ਹੁਰਾਂ ਦੀਆਂ ਕੁਝ ਰੀਕਾਰਡਿੰਗਾਂ ਦੂਰਦਰਸ਼ਨ ਜਲੰਧਰ 'ਤੇ ਕੀਤੀਆਂ। ਪਹਿਲੀ ਰੀਕਾਰਡਿੰਗ 'ਚ ਚਾਰ ਵਿਦਵਾਨ ਸਨ। ਸਾਰੀ ਰੀਕਾਰਡਿੰਗ 'ਚ ਹਾਂਸ ਹੁਰਾਂ ਦਾ ਮੂੰਹ ਕੈਮਰੇ ਤੋਂ ਉਲਟਾ ਰਿਹਾ। ਉਹ ਹਰ ਸ਼ਾਟ ਵਿਚ ਆਪਣਾ ਮੂੰਹ ਖੱਬੇ ਮੋੜ ਲੈਂਦੇ। ਕੈਮਰਾਮੈਨ ਪ੍ਰੇਸ਼ਾਨ ਹੋ ਗਿਆ। ਪੈਨਲ 'ਤੇ ਬੈਠਾ ਮੈਂ ਵੀ ਪਰੇਸ਼ਾਨ। ਰੀਕਾਰਡਿੰਗ ਤੋਂ ਬਾਅਦ ਹਾਂਸ ਹੁਰਾਂ ਮੈਨੂੰ ਦੱਸਿਆ- ਤੁਹਾਡੇ ਪ੍ਰੋਗਰਾਮ ਦੇ ਤਿੰਨੋਂ ਪਾਰਟੀਸੀਪੈਂਟ ਬੇਵਾਕੂਫ ਸਨ।' ਹਾਂਸ ਦੀ ਨਜ਼ਰ ਵਿਚ 99% ਬੰਦੇ ਬੇਵਾਕੂਫ਼ ਸਨ। ਇਕ ਵਾਰ ਪ੍ਰੇਮ ਪ੍ਰਕਾਸ਼ ਤੇ ਸੁਰਜੀਤ ਹਾਂਸ ਮਿਆਨੀ 'ਚ ਬੈਠੇ ਗੱਲ ਗੱਲ 'ਤੇ ਹਰ ਬੰਦੇ ਨੂੰ ਬੇਵਾਕੂਫ਼ ਕਹੀ ਜਾਣ। ਥੱਲੇ ਖਲੋਤੀ ਪ੍ਰੇਮ ਦੀ ਪੇਂਟਰ ਧੀ ਨੇ ਬਾਰ ਬਾਰ ਬੇਵਾਕੂਫ ਲਫ਼ਜ਼ ਸੁਣ ਲਿਆ। ਆ ਕੇ ਹਾਂਸ ਨੂੰ ਕਹਿੰਦੀ- ਤਾਇਆ ਜੀ, ਦੁਨੀਆਂ 'ਚ ਦੋ ਈ ਬੰਦੇ ਸਿਆਣੇ ਨੇ, ਇਕ ਮੇਰੇ ਡੈਡੀ ਤੇ ਇਕ ਤੁਸੀਂ।' ਫੇਰ ਬੇਵਾਕੂਫ ਕਹਿਣ ਲੱਗੇ ਦੋਵੇਂ ਬੁੜ੍ਹੇ ਪੌੜੀਆਂ ਵੱਲ ਝਾਕ ਲਿਆ ਕਰਨ।

ਸੁਰਜੀਤ ਹਾਂਸ ਦੀਵਾਨਾ ਸੀ। ਦਾਰੂ ਦਾ, ਅੱਛੀ ਕਵਿਤਾ ਦਾ, ਦੋਸਤੀ ਦਾ। ਦੋਸਤੀ ਦੀ ਦੀਵਾਨਗੀ 'ਚ ਇਕ ਰਾਤ ਮੈਂ ਤੇ ਪ੍ਰੇਮ ਪ੍ਰਕਾਸ਼, ਬੁੜ੍ਹੇ ਦੇ ਅੰਬਰਸਰੀ ਚੁਬਾਰੇ ਰਾਤ ਕੱਟਣ ਚਲੇ ਗਏ। ਹਾਂਸ ਨੂੰ ਚਾਅ ਚੜ੍ਹ ਗਿਆ। ਗੱਲਾਂ ਕਰਨ ਕਰਾਉਣ ਲਈ ਪ੍ਰੇਮ, ਦਾਰੂ ਪੀਣ ਤੇ ਕਵਿਤਾ ਸੁਣਨ ਸੁਣਾਉਣ ਲਈ ਲਈ ਦੀਦ। ਗੱਲ ਤੇ ਗੱਲ, ਪੈੱਗ ਤੇ ਪੈੱਗ, ਕਵਿਤਾ ਤੇ ਕਵਿਤਾ। ਗਰਮੀਆਂ ਦੀ ਰਾਤ ਦੌੜਦੀ ਜਾਵੇ। ਬਾਹਰ ਵਿਹੜੇ 'ਚ ਕੂਲਰ, ਫਰਾਟੇਦਾਰ ਪੱਖਾ ਤੇ ਗੱਲਾਂ ਦੀ ਨ੍ਹੇਰੀ। ਪੂਰੇ ਰੰਗ 'ਚ ਮਲੰਗ। ਹਾਂਸ ਸਾਬ੍ਹ ਸ਼ਾਹੀ ਡਿਨਰ ਤੋਂ ਬਾਅਦ ਚੂਪਣ ਲਈ ਦੁਸਹਿਰੀ ਅੰਬ ਲੈ ਆਏ। ਨਸ਼ੇ ਦੀ ਲੋਰ। ਇਕ ਪੈਰ ਇਧਰ, ਇਕ ਓਧਰ।

-ਚੂਪੋ !' ਡੋਲਦੇ ਕਦਮਾਂ ਵਾਲੇ ਸ਼ਾਇਰ ਇਤਿਹਾਸਕਾਰ ਨੇ ਕਿਹਾ।

ਮੈਨੂੰ ਪ੍ਰੇਮ ਦੀ ਦੱਸੀ ਗੱਲ ਯਾਦ ਆ ਗਈ ਕਿ ਇਕ ਵਾਰ ਮੀਸ਼ੇ, ਪ੍ਰੇਮ ਤੇ ਹਾਂਸ ਨੇ ਇਸੇ ਚੁਬਾਰੇ 'ਚ ਦੁਸਹਿਰੀ ਅੰਬ ਇਕ ਬਾਲਟੀ 'ਚ ਪਾ ਕੇ ਨੰਗੇ ਹੋ ਕੇ ਚੂਪੇ ਸਨ। ਮੈਨੂੰ ਲੱਗਾ ਅੱਜ ਉਹੀ ਦ੍ਰਿਸ਼ ਫਿਰ ਬੱਝੇਗਾ। ਪਰ ਪਤਾ ਈ ਨਾ ਲੱਗਾ ਡਿਨਰ ਤੋਂ ਬਾਅਦ ਕਦੋਂ ਹਾਂਸ ਆਪਣੇ ਮੰਜੇ 'ਤੇ ਢਹਿ ਢੇਰੀ ਹੋ ਗਿਆ, ਕਦੋਂ ਮੈਂ, ਕਦੋਂ ਪ੍ਰੇਮ। ਅੱਧੀ ਰਾਤੀਂ ਹਾਂਸ ਨੇ ਪ੍ਰੇਮ ਨੂੰ ਮੋਢੇ ਤੋਂ ਹਲੂਣ ਕੇ ਕਿਹਾ- ਉੱਠੋ ਰੋਟੀ ਖਾਈਏ।''ਮੈਂ ਤੇ ਪ੍ਰੇਮ ਜਾਗੋਮੀਟੀ 'ਚ ਹੱਸ ਪਏ। ਸੁਰਜੀਤ ਹਾਂਸ ਨਸ਼ੇ 'ਚ ਏਨਾ ਸੋਹਣਾ ਲੱਗਦਾ ਸੀ ਕਿ ਕੋਈ ਵੀ ਹੀਰ ਉਹਨੂੰ ਰਾਂਝਾ ਜੋਗੀ ਸਮਝ ਕੇ ਬਾਹਾਂ 'ਚ ਸਾਂਭ ਲੈਂਦੀ। ਸੁਰਜੀਤ ਹਾਂਸ ਦੀਆਂ ਹੀਰਾਂ ਭਾਗਭਰੀਆਂ ਦੇ ਕਿੱਸੇ ਵੱਖਰੇ ਸਨ। ਅਲੋਕਾਰ। ਧੁਰ ਅੰਦਰੋਂ ਵਿਛੁੰਨੀ ਰੂਹ ਸੀ ਸੁਰਜੀਤ ਹਾਂਸ। ਸਖ਼ਤ ਬੰਦੇ ਦੇ ਦੁੱਖ ਵੀ ਓਨੇ ਈ ਸਖ਼ਤ ਹੁੰਦੇ। ਸਗੋਂ ਬੰਦੇ ਨੂੰ ਸਖ਼ਤ ਬਣਾਇਆ ਹੀ ਦੁੱਖਾਂ ਨੇ ਹੁੰਦਾ। ਵਰਨਾ 99% ਬੰਦਿਆਂ ਨੂੰ ਬੇਵਾਕੂਫ਼ ਕਹਿਣਾ ਐਂਵੇਂ ਨਹੀਂ ਹਾਸਲ ਹੋ ਜਾਂਦਾ।

ਸੁਰਜੀਤ ਹਾਂਸ ਕੋਲ਼ ਤੁਸੀਂ ਚਲੇ ਗਏ ਤਾਂ ਕੋਲ਼ੋਂ ਉੱਠਣ ਨੂੰ ਦਿਲ ਨਾ ਕਰਦਾ। ਤੁਹਾਡਾ ਜਾਣ ਨੂੰ ਦਿਲ ਕਰਦਾ ਤਾਂ ਹਾਂਸ ਸਾਬ੍ਹ ਨਾ ਮੁੜਨ ਦਿੰਦੇ। ਕੁਝ ਪੀਤੇ ਬਿਨਾਂ ਮੁੜ ਕੇ ਦਿਖਾਓ! ਮੈਂ ਇਕ ਵਾਰ ਜ਼ਰਾ ਕਾਹਲ ਵਿਚ ਸਾਂ। ਮੈਂ ਹਾਂਸ ਸਾਬ੍ਹ ਕੋਲੋਂ ਜਾਣ ਦੀ ਇਜਾਜ਼ਤ ਮੰਗੀ। ਕਹਿੰਦੇ- ਬੀਅਰ ਪੀ ਕੇ ਜਾਇਓ, ਰਘਬੀਰ (ਸਿਰਜਣਾ) ਹੁਰੀਂ ਕਨੇਡਾ ਨੇ, ਨਹੀਂ ਤਾਂ ਉਹਨਾਂ ਨੂੰ ਬੁਲਾ ਲੈਂਦੇ।' ਮੈਂ ਮੀਟੰਗ ਦਾ ਬਹਾਨਾ ਮਾਰ ਕੇ ਉੱਠਣ ਲੱਗਾ ਤਾਂ ਕਹਿੰਦੇ-'ਬੈਠੋ ਬੈਠੋ ਗੁਲਜ਼ਾਰ ਸੰਧੂ ਨੂੰ ਬੁਲਾਉਂਦੇ ਹਾਂ।' ਮੈਂ ਕਾਹਲ਼ੀ ਨਾਲ ਉੱਠ ਕੇ ਹੱਥ ਮਿਲਾਉਣ ਲਈ ਹੱਥ ਅੱਗੇ ਵਧਾਇਆ, ਕਹਿੰਦੇ- ਬੈਠੋ ਤਾਂ ਸਹੀ, ਗੁਲਜ਼ਾਰ ਸੰਧੂ ਨੂੰ ਨਹੀਂ ਬੁਲਾਉਂਦੇ।'

ਹਾਂਸ ਦੀ ਵਿੱਟ ਬਰੀਕ ਹੁੰਦੀ ਸੀ। ਇਸੇ ਤਰਜ਼ 'ਤੇ ਸੁਰਜੀਤ ਹਾਂਸ ਨੇ ਬਹੁਤ ਸਾਰੇ ਲਤੀਫ਼ੇ ਵੀ ਇਕੱਤਰ ਕੀਤੇ, ਜੋ 'ਲਕੀਰ' ਵਿਚ ਛਪਦੇ ਰਹੇ। 'ਲਕੀਰ' ਸੁਰਜੀਤ ਹਾਂਸ ਆਸਰੇ ਚਲਦਾ ਰਿਹਾ। ਸੁਰਜੀਤ ਹਾਂਸ ਨੇ 'ਲਕੀਰ' ਹੇਠੋਂ ਮੋਢਾ ਕੱਢ ਲਿਆ,'ਲਕੀਰ' ਡਿੱਗ ਪਿਆ।

ਵਿਅੰਗ ਕੱਸਣ ਵਾਲੇ ਹਾਂਸ ਦਾ ਅਤਿਵਾਦ ਦੇ ਦਿਨੀਂ ਮੌਤ ਦੇ ਲਾਗੇ ਹੋਣ ਦਾ ਅਭਿਆਸ ਅੱਤਵਾਦੀਆਂ ਨੇ ਕਰਵਾ ਦਿੱਤਾ। ਨਤੀਜਨ, ਸ਼ਾਇਰ ਹਾਂਸ ਦਾ, ਮੌਤ ਦੇ ਖ਼ੌਫ਼ ਦੀਆਂ ਕਵਿਤਾਵਾਂ ਦਾ ਸੰਗ੍ਰਿਹ-'ਅਗਿਆਤ ਮ੍ਰਿਤਕ ਦੇ ਨਾਉਂ' ਪ੍ਰਕਾਸ਼ਤ ਹੋਇਆ। ਇਹਨਾਂ ਕਵਿਤਾਵਾਂ ਦਾ ਰਚਨ-ਕਾਲ ਤੇ ਰਚਨਾ-ਸਥਲ ਮੈਂ ਅੱਖੀਂ ਦੇਖੇ। ਅੰਮ੍ਰਿਤਸਰ ਦਾ ਇਤਿਹਾਸਕ ਚੁਬਾਰਾ। ਜਿਹੜਾ ਸੁਰਜੀਤ ਹਾਂਸ ਇਸ ਇਤਿਹਾਸਕ ਸ਼ਕਲ ਵਾਲੀ ਇਮਾਰਤ ਵਿਚ ਮੁਗ਼ਲ ਬਾਦਸ਼ਾਹਾਂ ਵਾਂਗ ਸ਼ਾਹੀ ਮੁਗ਼ਲਈ ਗਾਊਨ ਪਾ ਕੇ ਘੁੰਮਦਾ ਸੀ, ਉਹੀ ਹਾਂਸ ਦੁਬਕੇ ਹੋਏ ਅਰਦਲੀ ਵਾਂਗ ਹਰ ਬਿੜਕ 'ਤੇ ਉੱਠ ਉੱਠ ਦੇਖਦਾ ਮੈਂ ਖੁਦ ਦੇਖਿਆ। ਕਿਤਾਬ 'ਅਗਿਆਤ ਮ੍ਰਿਤਕ ਦੇ ਨਾਉਂ' ਹੱਥਾਂ 'ਚ ਲੈ ਕੇ ਸ਼ਾਇਰ ਹਾਂਸ ਨੇ ਕਿਹਾ- ਹੁਣ ਮੌਤ ਵੀ ਆਉਂਦੀ ਤਾਂ ਆਵੇ ।'

ਪਰ ਅਤਿਵਾਦੀ ਮੁੰਡਿਆਂ ਨੂੰ ਅਹਿਸਾਸ ਹੋ ਗਿਆ ਜਾਂ ਕਿਸੇ ਨੇ ਕਰਵਾ ਦਿੱਤਾ ਕਿ ਹਾਂਸ ਵਰਗੇ ਸਿੱਖ ਇਤਿਹਾਸਕਾਰਾਂ ਨੂੰ ਵੀ ਜੇ ਤੁਸੀਂ ਮਾਰ ਦਿੱਤਾ ਤਾਂ ਇਤਿਹਾਸ ਤੁਹਾਨੂੰ ਤੁਹਾਡੀ ਆਪਣੀ ਬੰਦੂਕ ਨਾਲ ਭੁੰਨ ਦੇਵੇਗਾ। ਤੇ ਇਤਿਹਾਸਕਾਰ ਦਾ ਨਾਂ ਹਿੱਟ ਲਿਸਟ 'ਚੋਂ ਬਾਹਰ ਹੋ ਗਿਆ। ਫੇਰ

ਸ਼ਾਇਰੀ ਦੀਆਂ ਹੋਰ ਕਿਤਾਬਾਂ। 'ਲੰਘ ਚੱਲੀ' ਵਿਚ ਬੁੜ੍ਹਾਪੇ ਦੇ ਅਹਿਸਾਸ ਪੰਜਾਬੀ ਕਵਿਤਾ ਵਿਚ ਇੰਨੀ ਸ਼ਿੱਦਤ ਨਾਲ ਪਹਿਲੀ ਵਾਰ ਕਿਸੇ ਨੇ ਕਵਿਤਾ-ਬੱਧ ਕੀਤ। ਹਾਂਸ ਮਨਮਰਜ਼ੀ ਦਾ ਮਾਲਕ ਸੀ। ਪਾਠਕ ਆਲੋਚਕ ਦੀ ਪ੍ਰਵਾਹ ਨਹੀਂ ਸੀ ਕਰਦਾ। ਕਿਸੇ ਪੱਤਰਕਾਰ ਨੇ ਸੁਆਲ ਕੀਤਾ- ਜੇ ਕਿਸੇ ਲੇਖਕ ਦੇ ਪਾਠਕ ਈ ਨਹੀਂ ਹਨ ਤਾਂ ਉਹ ਲਿਖਦਾ ਕੀਹਦੇ ਲਈ ਹੈ? ਸੁਰਜੀਤ ਹਾਂਸ ਦਾ ਜੁਆਬ ਸੀ- 'ਆਪਣੇ ਲਈ'। ਪੰਜਾਬੀ 'ਚ ਇਹ ਗੱਲ ਸਮਝ ਆਉਣੀ ਮੁਸ਼ਕਿਲ ਹੈ, ਸੁਰਜੀਤ ਹਾਂਸ ਨੂੰ ਸਮਝਣ ਵਾਂਗ। ਜੀਣ ਦਾ ਤੇ ਲਿਖਣ ਦਾ ਸੁਰਜੀਤ ਹਾਂਸ ਸਟਾਇਲ ਆਖਰੀ ਦਮ ਤਕ ਕਾਇਮ ਰਿਹਾ। ਆਖਰੀ ਵੇਲੇ ਹਸਪਤਾਲ ਵਿਚ ਆਪਣੀ ਛਪਣ ਵਾਲੀ ਕਿਤਾਬ ਦੀਆਂ ਕਵਿਤਾਵਾਂ ਦੇ ਪਰੂਫ਼ ਕੰਬਦੇ ਹੱਥਾਂ ਨਾਲ ਕਰਦਾ ਰਿਹਾ। ਦਿਲੋ-ਦਿਮਾਗ਼ ਵੱਸ ਵਿਚ ਸਨ ਪਰ ਦਿਲ ਦੇ ਰੋਗ ਨੇ ਤੇ ਸਰੀਰਕ ਕਮਜ਼ੋਰੀ ਨੇ ਸਿਰੜੀ ਹਾਂਸ ਨੂੰ ਬੇਵੱਸ ਕਰ ਦਿੱਤਾ। ਆਖਰੀ ਦਿਨਾਂ 'ਚ ਬੇਵੱਸ ਹਾਂਸ ਨੇ ਧੀ ਨਾਨਕੀ ਨੂੰ ਕਿਹਾ- ਇਕ ਵਾਰ ਪ੍ਰੇਮ ਨੂੰ ਬੁਲਾ ਦੇ।' ਪ੍ਰੇਮ ਨੇ ਮੈਨੂੰ ਦੱਸਿਅ, ਮੈਂ ਕਿਹਾ- ਚਲੋ ਸਵੇਰੇ ਈ ਚੱਲਦੇ ਹਾਂ।' ਪ੍ਰੇਮ ਦਾ ਆਪਣਾ ਸਰੀਰ ਠੰਢ ਨਾਲ ਜਵਾਬ ਦਈ ਬੈਠਾ ਸੀ। ਹਾਂਸ, ਪ੍ਰੇਮ ਨੂੰ ਯਾਦ ਕਰਦਾ, ਖਾਲੀ ਗਲਵਕੜੀ ਨਾਲ ਹਮੇਸ਼ਾ ਲਈ ਟੁਰ ਗਿਆ। ਬਾਅਦ ਵਿਚ ਪ੍ਰੇਮ ਨੇ ਮੈਨੂੰ ਝੋਰੇ ਨਾਲ ਕਿਹਾ- "ਬੁੜ੍ਹਾ ਮੈਨੂੰ ਮਿਲਣ ਲਈ ਤਰਸਦਾ ਤੁਰ ਗਿਆ"। ਪ੍ਰੇਮ ਦੀਆਂ ਪੱਥਰ-ਅੱਖਾਂ 'ਚੋਂ ਪਾਣੀ ਸਿੰਮ ਆਇਆ। ਮੈਂ ਆਪਣੀ ਅੱਖ ਦਾ ਅੱਥਰੂ ਦੂਜੇ ਪਾਸੇ ਮੂੰਹ ਕਰਕੇ ਲੁਕੋਇਆ। ਹਾਂਸ ਪ੍ਰੇਮ ਕੋਲ਼, ਨਾ ਮਿਲਣ ਦਾ ਕਰਜ਼ਾ ਛੱਡ ਗਿਆ। ਤੇ ਨਾਲ ਪ੍ਰੇਮ ਲਈ ਮੁੱਖਬੰਦ ਲਿਖਣ ਦੇ ਸੁਨੇਹੇ ਸਮੇਤ, ਧੀ ਨਾਨਕੀ ਕੋਲ ਆਪਣੀ ਆਖਰੀ ਕਿਤਾਬ ਦਾ ਖਰੜਾ ਛੱਡ ਗਿਆ ।

ਆਖ਼ਰੀ ਦਿਨਾਂ ਦੀ ਇਕ ਮਿਲਣੀ 'ਚ ਹਾਂਸ ਹੁਰਾਂ ਨੂੰ ਮੈਂ ਉਹਨਾਂ ਦੇ ਘਰ ਕਿਤਾਬਾਂ ਨਾਲ ਭਰੀਆਂ ਅਲਮਾਰੀਆਂ ਬਾਰੇ ਪੁੱਛਿਆ- ਇਹਨਾਂ ਕਿਤਾਬਾਂ ਦਾ ਕੀ ਕਰਨਾ?'

ਹਾਂਸ ਨੇ ਕਿਹਾ- ਇਹ ਤਾਂ ਮੇਰੇ ਨਾਲ ਈ ਜਾਣਗੀਆਂ।'

ਮੈਂ ਪੁੱਛਿਆ- ਹੁਣ ਤੁਹਾਨੂੰ ਫਲਾਂ ਫਲਾਂ ਵੀ ਮਿਲਣ ਨਹੀਂ ਆਉਂਦਾ?

ਜਵਾਬ: "ਲੋਡ ਸ਼ੰਟਿੰਗ। ਮੈਂ ਸਭ ਨੂੰ ਮਿਲਣਾ ਬੰਦ ਕਰ ਦਿੱਤਾ। ਹੁਣ ਇੰਜਣ ਭਾਰ ਨਹੀਂ ਝੱਲਦਾ। ਖਾਲੀ ਡੱਬੇ ਸ਼ੰਟ।" ਹਾਂਸ ਔਖੇ ਸੁਆਲਾਂ ਦੇ ਸੌਖੇ ਜੁਆਬ ਦੇਣ ਦਾ ਹੁਨਰ ਜਾਣਦਾ ਸੀ। ਇਹ ਹੁਨਰ ਉਸਦੇ ਹੱਠੀ ਨਿੱਜ ਦਾ ਆਇਨਾ ਹੁੰਦਾ।

ਇਹਨੀਂ ਦਿਨੀਂ ਸੁਰਜੀਤ ਹਾਂਸ ਦਾ ਉਹ ਹੱਠੀ ਆਇਨਾ ਬਹੁਤ ਯਾਦ ਆਇਆ। ਲੋਡ-ਸ਼ੰਟਿਗ ਵੇਲ਼ੇ। ਆਇਨੇ ਦੀ ਲਿਸ਼ਕੋਰ ਨਾਲ ਮੈਂ ਜਗ ਪਿਆ। ਭਾਰ-ਮੁਕਤ। ਹੌਲ਼ਾ ਫੁੱਲ। ਸੁਰਜੀਤ ਹਾਂਸ ਦੇ ਨਿਰਛਲ ਹਾਸੇ ਵਰਗਾ।

ਮੈਂ ਹੁਣ ਆਪ ਟੀ ਵੀ ਦੇਖਦਿਆਂ ਰੀਮੋਟ 'ਤੇ ਟਿਕ ਟਿਕ ਚੈਨਲ ਬਦਲਦਾ ਹਰ ਟਿਕ 'ਤੇ ਮੰਦਾ-ਚੰਗਾ ਬੋਲਦਾ ਹਾਂ, ਕਿਉਂ?...ਹਾਂਸ ਜਾਣੇ!

ਸੁਰਜੀਤ ਹਾਂਸ ਦੀ ਕਵਿਤਾ, ਇਤਿਹਾਸਕਾਰੀ ਅਤੇ ਚਿੰਤਨ-ਲੇਖ ਉਹ ਕੁੱਜੇ ਨੇ ਜੀਹਨਾਂ ਅੰਦਰ ਅਨੇਕ ਤੈਹਾਂ ਵਾਲੇ ਸਮੁੰਦਰ, ਹਾਂਸ ਨੇ ਲਪੇਟ ਕੇ ਰੱਖੇ ਹੋਏ ਨੇ। ਕੋਈ ਕੋਲੰਬਸ ਜ਼ਰੂਰ ਆਵੇਗਾ। ਸ਼ੇਕਸਪੀਅਰ ਦਾ ਅਨੁਵਾਦ ਪੰਜਾਬੀਆਂ ਲਈ ਕੀਤਾ ਸੁਰਜੀਤ ਹਾਂਸ ਦਾ ਇਤਿਹਾਸਕ ਕੰਮ ਹੈ। ਪਰ ਇਸ ਅਨੁਵਾਦ ਨੂੰ ਸਮਝਣਾ ਸ਼ੇਕਸਪੀਆਰ ਨੂੰ ਸਮਝਣ ਜਿੰਨਾ ਔਖਾ। ਇਕ ਵਾਰ ਪੜ੍ਹ ਕੇ ਤਾਂ ਦੇਖੋ!

ਸੁਰਜੀਤ ਹਾਂਸ ਨਾਲ ਕੋਈ ਮਿਲਣੀ ਐਸੀ ਨਹੀਂ ਜਿਸ ਵਿਚ ਕੋਈ ਨਾ ਕੋਈ ਪੱਲੇ ਗੱਠ ਬੰਨ੍ਹਣ ਵਾਲੀ ਗੱਲ ਨਾ ਹੋਵੇ। ਹੈਰਾਨ-ਕੁਨ ਗੱਲਾਂ। ਏਨਾ ਗਿਆਨ! ਇਨਸਾਈਕਲੋਪੀਡੀਆ ਖੋਲ੍ਹਣ ਦੀ ਲੋੜ ਈ ਨਹੀਂ। ਅਜਿਹੇ ਬੰਦੇ ਨਾਲ ਕਈ ਦਿਨ ਗੁਜ਼ਾਰ ਕੇ ਇਕ ਕਿਤਾਬ ਲਿਖਣ ਦੀ ਲੋੜ ਸੀ, ਜਿਸਦੀ ਘਾਟ ਮਹਿਸੂਸ ਹੁੰਦੀ ਰਹੇਗੀ। ਇਹ ਕੰਮ ਵੱਡੇ ਅਦਾਰਿਆਂ ਨੂੰ ਕਰਨੇ ਕਰਵਾਉਣੇ ਚਾਹੀਦੇ ਨੇ।ਤੇ ਉਹ ਜਿਹੜੇ ਕੰਮੀਂ ਲੱਗੇ ਹੋਏ ਨੇ, ਉਹੋ ਜਿਹੀ ਹੀ ਪੰਜਾਬੀ ਸਾਹਿਤ ਤੇ ਭਾਸ਼ਾ ਦੀ

ਸ਼ਕਲ ਬਣਦੀ ਜਾ ਰਹੀ ਹੈ। ਪੰਜਾਬੀ ਵਿਚ ਮਰਨ ਤੋਂ ਬਾਅਦ ਮੁੱਲ ਪਾਉਣ ਦਾ ਰਿਵਾਜ ਹੈ। ਹੁਣ ਤਾਂ ਉਹ ਵੀ ਬੱਸ। ਕੀ ਫਰਕ ਪੈਂਦਾ?

ਸੁਰਜੀਤ ਹਾਂਸ ਅਤਿ ਦਾ ਜ਼ਿੱਦੀ, ਹੱਠੀ, ਸਨਕੀ, ਸਿਰੜੀ ਤੇ ਸੂਝਵਾਨ ਸੀ। ਕਿਸੇ ਨੂੰ ਆਪਣੀ ਕਿਤਾਬ ਨੂੰ ਹੱਥ ਨਹੀਂ ਸੀ ਲਾਉਣ ਦਿੰਦਾ, ਕਿਸੇ ਨੂੰ ਆਪਣੀ ਰਸੋਈ 'ਚ ਕੰਮ ਨਹੀਂ ਸੀ ਕਰਨ ਦਿੰਦਾ, ਕਿਸੇ ਨੂੰ ਆਪਣਾ ਖਾਣਾ ਨਹੀਂ ਸੀ ਪਾਉਣ ਦਿੰਦਾ। ਮੇਰੀ ਆਖਰੀ ਮਿਲਣੀ ਉਹਨਾਂ ਦੇ ਮੁਹਾਲੀ ਵਾਲੇ ਘਰ ਪ੍ਰੇਮ ਪ੍ਰਕਾਸ਼ ਸਮੇਤ ਹੋਈ। ਧੀ ਨਾਨਕੀ ਨੇ ਦੁਪਹਿਰ ਦਾ ਖਾਣਾ ਡਾਇਨੰਗ ਟੇਬਲ 'ਤੇ ਲਗਵਾ ਦਿੱਤਾ। ਕਦੀ ਯੂਨੀਵਰਸਿਟੀ ਦੀਆਂ ਸੜਕਾਂ 'ਤੇ ਨ੍ਹੇਰੀ ਵਾਂਗ ਫੁੱਲ ਸਪੀਡ 'ਤੇ ਸੈਰ ਕਰਨ ਵਾਲਾ ਸੁਰਜੀਤ ਹਾਂਸ, ਮੁਸ਼ਕਿਲ ਨਾਲ ਨਿੱਕੇ ਨਿੱਕੇ ਕਦਮ ਪੱਟਦਾ ਡਾਇਨਿੰਗ ਟੇਬਲ ਕੋਲ਼ ਪੁੱਜਾ। ਕਦੀ ਤੀਰ ਵਾਂਗ ਸਿੱਧੇ ਤੁਰਨ ਵਾਲਾ ਹਾਂਸ ਸਾਬੂ ਕਮਾਨ ਵਾਂਗ ਝੁਕਿਆ ਖਲੋਤਾ ਸੀ। ਨੰਗਾ ਪਿੰਡਾ, ਸਮੇਂ ਤੇ ਸਰੀਰ ਦਾ ਇਤਿਹਾਸ ਬਣੀ ਖਲੋਤਾ ਸੀ। ਸਰੀਰ ਸਾਥ ਨ੍ਹੀਂ ਦਿੰਦਾ ਨਾ ਦੇਵੇ! ਸਿਰੜ ਸਾਥ ਦੇ ਰਿਹਾ। ਖਾਣਾ ਆਪੇ ਪਾਉਣਾ। ਪਾਇਆ। ਕਿਸੇ ਦੀ ਹਿੰਮਤ ਨਹੀਂ ਹੋਈ ਕਹਿਣ ਦੀ– ਲਿਆਓ ਮੈਂ ਪਾ ਦਿੰਦਾ ਹਾਂ।' ਧੀ ਨਾਨਕੀ ਨੇ ਮੇਰੇ ਅਨੁਰੋਧ 'ਤੇ ਇਸ ਸਿਰੜੀ ਛਿਣ ਨੂੰ ਮੋਬਾਇਲ ਕੈਮਰੇ ਦੀ ਤਸਵੀਰ ਅੰਦਰ ਬੰਦ ਕਰ ਦਿੱਤਾ। ਇਵੇਂ ਹੀ ਜੀਵਿਆ ਸਾਰੀ ਉਮਰ ਸੁਰਜੀਤ ਹਾਂਸ, ਆਪਣੇ ਸਿਰੜ ਤੇ ਸਵੈਮਾਣ ਨਾਲ। ਗ਼ਾਲਿਬ ਦਾ ਇਹ ਸ਼ੇਅਰ ਮੈਂ ਪਹਿਲੀ ਵਾਰ ਸੁਰਜੀਤ ਹਾਂਸ ਹੁਰਾਂ ਕੋਲ਼ੋਂ ਸੁਣਿਆ ਸੀ–

*ਗੋ ਹਾਥ ਕੋ ਜੁੰਬਿਸ਼ ਨਹੀਂ, ਆਖੋਂ ਮੇਂ ਤੋ ਦਮ ਹੈ,*
*ਰਹਿਨੇ ਦੋ ਅਭੀ ਸਾਗਰੋ ਮੀਨਾ ਮੇਰੇ ਆਗੇ ।*

ਸੁਰਜੀਤ ਹਾਂਸ ਇਸੇ ਸਿਰੜੀ-ਜੁੰਬਿਸ਼ ਨਾਲ ਸਾਰੀ ਉਮਰ ਇਕੱਲਾ ਰਿਹਾ। ਸਾਹਿਤ ਵਿਚ ਵੀ ਤੇ ਜੀਵਨ ਵਿਚ ਵੀ। 'ਏਕਲਾ ਚੋਲੋ ਰੇ"। ਕੱਲੇ ਹੋਣਾ / ਜੀਊਣਾ ਹਾਰੀ ਸਾਰੀ ਦਾ ਕੰਮ ਨਹੀਂ। ਪੰਜਾਬੀ ਦਾ 99% ਲੇਖਕ, ਟੋਲੇ ਬਣਾ ਕੇ ਜੀਣ ਵਾਲਾ ਲੇਖਕ ਹੈ। ਭੇਡ ਚਾਲ ਤੇ ਗਰੁੱਪ ਮਾਨਸਿਕਤਾ ਦਾ ਮਾਰਿਆ ਹੋਇਆ। ਇਸੇ ਲਈ ਪੰਜਾਬੀ ਲੇਖਕ ਆਪਣੇ ਸਹਾਰੇ ਆਪ ਨਹੀਂ ਖਲੋ ਸਕਦਾ। ਸਭਾਵਾਂ, ਪ੍ਰਧਾਨਗੀਆਂ, ਸਕੱਤਰੀਆਂ ਤੋਂ ਬਿਨਾਂ ਆਪਣੇ ਆਪ ਨੂੰ ਲਾਵਾਰਿਸ ਸਮਝਦਾ ਹੈ। ਸੁਰਜੀਤ ਹਾਂਸ ਭੀੜ ਵਿਚ ਇਕੱਲੇ, ਅੱਡਰੇ ਤੇ ਸਵੈ-ਵਿਸ਼ਵਾਸ ਨਾਲ ਆਪਣੇ ਬਲਬੂਤੇ ਖੜ੍ਹੇ ਦਿਸਣ ਵਾਲੇ ਉਂਗਲਾਂ 'ਤੇ ਗਿਣੇ ਜਾਣ ਵਾਲੇ ਚਿੰਤਕਾਂ/ਲੇਖਕਾਂ ਵਿਚੋਂ ਹੈ। ਸਿਰੜੀ ਸੁਰਜੀਤ ਹਾਂਸ ਸਦਾ ਲਈ ਅਸਾਧਾਰਨ ਵਿਅਕਤੀ ਵਾਂਗ ਸਾਧਾਰਨ ਸਫਰ ਲਈ ਤੁਰ ਗਿਆ।(31 ਅਕਤੂਬਰ 1930–17 ਜਨਵਰੀ 2020)। ਸੁਰਜੀਤ ਹਾਂਸ ਦਾ ਇਹ ਸਿਰੜ ਆਉਣ ਵਾਲੀਆਂ ਪੁਸ਼ਤਾਂ ਤਕ ਪੁੱਜਣ ਦੀ ਸੰਭਾਵਨਾ ਰੱਖਦਾ ਹੈ। ਲੋੜ ਹੈ 60 ਦੇ ਕਰੀਬ ਕਿਤਾਬਾਂ ਦੇ ਰਚਨਹਾਰੇ ਸੁਰਜੀਤ ਹਾਂਸ ਦੇ ਸਮੁੱਚੇ ਕੰਮ ਨੂੰ ਮੁੜ-ਵਿਚਾਰਨ ਦੀ ਅਤੇ ਵਿਦਵਾਨ-ਸ਼ਾਇਰ-ਇਤਿਹਾਸਕਾਰ ਦੇ ਸੀਲੈਕਟਡ-ਵਰਕ ਛਾਪਣ ਦੀ।

ਪੰਜਾਬੀ ਸਾਹਿਤ ਨੂੰ ਵਿਸ਼ਵ ਸਾਹਿਤ, ਭਾਸ਼ਾ, ਇਤਿਹਾਸ, ਮਨੋਵਿਗਿਆਨ ਅਤੇ ਫਲਸਫੇ ਦੀ ਪੁੱਠ ਚਾੜ੍ਹਨ ਵਾਲੇ ਸੁਰਜੀਤ ਹਾਂਸ ਦਾ ਅਨੂਠਾ ਰਚਨਾ ਜਗਤ ਪੰਜਾਬੀਆਂ ਲਈ ਸੁਰਜੀਤ ਹਾਂਸ ਦੀ ਸ਼ਖ਼ਸੀਅਤ ਵਾਂਗ ਗੁੰਝਲਦਾਰ ਮਿਕਨਾਤੀਸੀ ਅਚੰਭਾ ਅਤੇ ਗੌਰਵਸ਼ੀਲ ਖ਼ਜ਼ਾਨਾ ਬਣੇ ਰਹਿਣਗੇ।000

***(Canada: Phone and WhatsApp: +14162757494)***

# ਸ਼ਾਂਤ ਸਤਿਹ ਅੰਦਰ ਖੌਲਦਾ ਲਾਵਾ – ਸੁਹੇਲ ਸਿੰਘ
## ਬਲਬੀਰ ਪਰਵਾਨਾ

ਕਾਮਰੇਡ ਸੁਹੇਲ ਸਿੰਘ ਨੂੰ ਵਿਛੜਿਆਂ ਤਿੰਨ ਦਹਾਕੇ ਹੋਣ ਲੱਗੇ ਹਨ। ਇੰਨਾ ਲੰਮਾ ਸਮਾਂ ਬੀਤ ਜਾਣ ਦੇ ਬਾਵਜੂਦ ਉਹ ਭੁੱਲਿਆ ਨਹੀਂ। ਨਾ ਕੇਵਲ ਮੈਨੂੰ, ਸਗੋਂ ਕਮਿਊਨਿਸਟ ਲਹਿਰ, ਪੱਤਰਕਾਰਤਾ ਦੇ ਘੇਰੇ ਵਿਚ ਸਾਰਿਆਂ ਨੂੰ ਹੀ, ਜਿਨ੍ਹਾਂ-ਜਿਨ੍ਹਾਂ ਨਾਲ ਉਸਦਾ ਥੋੜ੍ਹਾ ਵੀ ਵਾਹ ਰਿਹਾ। ਚਾਹੇ ਪੰਜਾਬ ਦੇ ਸੰਤਾਪੇ ਦਿਨਾਂ 'ਚ ਪੱਤਰਕਾਰਤਾ ਬਾਰੇ ਚਰਚਾ ਹੋਵੇ, 'ਲੋਕ ਲਹਿਰ', 'ਨਵਾਂ ਜ਼ਮਾਨਾ' ਅਖ਼ਬਾਰਾਂ ਨਾਲ ਜੁੜ ਕੇ ਕੋਈ ਗੱਲ ਜਾਂ ਜਲੰਧਰ 'ਚ ਲੇਖਕ ਸਭਾ ਦੀਆਂ ਸਰਗਰਮੀਆਂ ਬਾਰੇ, ਕੋਈ ਨਾ ਕੋਈ ਤੰਦ ਖਿੰਡ ਕੇ ਉਸ ਤਕ ਜਾ ਹੀ ਪੁੱਜਦੀ ਹੈ। ਫਿਰ ਸ਼ੁਰੂ ਹੋ ਜਾਂਦੀਆਂ ਹਨ ਉਸ ਬਾਰੇ ਗੱਲਾਂ।

ਮੈਂ ਉਸਨੂੰ ਮਿਲਣ ਤੋਂ ਬਹੁਤ ਪਹਿਲਾਂ ਉਸਦਾ ਨਾਂ ਸੁਣ ਚੁੱਕਾ ਸਾਂ। ਉਸਦੇ ਲੇਖ/ਟਿੱਪਣੀਆਂ ਪੜ੍ਹ ਚੁੱਕਾ ਸਾਂ, ਇਕ ਤਰ੍ਹਾਂ ਉਸਦਾ ਸ਼ਰਧਾਲੂ ਪਾਠਕ। ਇਹ 1972-73 ਦੀ ਗੱਲ ਹੈ। ਸਾਡਾ ਪਿੰਡ ਚਨੌਰ (ਜ਼ਿਲ੍ਹਾ ਹੁਸ਼ਿਆਰਪੁਰ) ਕਮਿਊਨਿਸਟਾਂ ਦੇ ਤਕੜੇ ਆਧਾਰ ਵਾਲਾ ਪਿੰਡ ਸੀ। ਨੌਜੁਆਨ ਸਭਾ, ਕਿਸਾਨ ਸਭਾ ਤੇ ਦਿਹਾਤੀ ਮਜ਼ਦੂਰ ਸਭਾ ਪੂਰੀ ਸਰਗਰਮੀ ਨਾਲ ਕੰਮ ਕਰਦੀਆਂ। ਇਸ ਪ੍ਰਭਾਵ ਅਧੀਨ ਅਸੀਂ ਪਿੰਡ ਦੇ ਗਭਰੀਟ ਹੋ ਰਹੇ ਬਹੁਤੇ ਮੁੰਡੇ ਲਹਿਰ ਵੱਲ ਖਿੱਚੇ ਗਏ। ਪਿੰਡ 'ਚ ਰਾਜਨੀਤਕ ਸਰਗਰਮੀਆਂ ਦੇ ਨਾਲ-ਨਾਲ ਇਨਕਲਾਬੀ ਸਾਹਿਤ ਪੜ੍ਹਨ-ਪੜ੍ਹਾਉਣ ਦਾ ਰੁਝਾਨ ਵੀ ਸੀ। ਇਕ ਦਰਜਨ ਦੇ ਲਗਪਗ ਤਾਂ 'ਲੋਕ ਲਹਿਰ' ਹੀ ਆਉਂਦੀਆਂ ਸਨ, ਜਿਹੜੀ ਉਦੋਂ ਸਪਤਾਹਕ ਸੀ। ਇਸਨੂੰ ਕਾਮਰੇਡ ਅੱਖਰ-ਅੱਖਰ ਕਰਕੇ ਪੜ੍ਹਦੇ। ਨਵਾਂ ਅੰਕ ਆਉਣ ਤਕ, ਇਹ ਹੱਥੋ-ਹੱਥ ਲਗਪਗ ਸਾਰੇ ਪਿੰਡ 'ਚ ਹੀ ਪੜ੍ਹੀ ਜਾਂਦੀ। ਇਉਂ ਮੈਂ 'ਲੋਕ ਲਹਿਰ' ਦਾ ਪਾਠਕ ਬਣ ਗਿਆ, ਸਗੋਂ ਪੱਕਾ ਪਾਠਕ। ਖੁਦ ਵੀ ਕਵਿਤਾਵਾਂ, ਗੀਤ, ਮਿੰਨੀ ਕਹਾਣੀਆਂ ਲਿਖਣ ਲੱਗ ਪਿਆ ਸਾਂ ਨੌਵੀਂ 'ਚ ਪੜ੍ਹਨ ਵੇਲੇ ਤੋਂ, ਜਿਹੋ-ਜਿਹੀਆਂ ਅਕਸਰ ਪੇਂਡੂ ਪਿਛੋਕੜ 'ਚ ਪਲ਼ੇ ਮੁੰਡੇ ਚੜ੍ਹਦੀ ਜਵਾਨੀ ਦੀ ਹਵਾ 'ਚ ਸਾਹ ਲੈਂਦਿਆਂ ਲਿਖਣ ਲੱਗ ਪੈਂਦੇ ਹਨ। ਇਨ੍ਹਾਂ ਰੁਮਾਂਟਿਕ ਜਿਹੇ ਗੀਤ, ਕਵਿਤਾਵਾਂ ਨੂੰ 'ਲੋਕ ਲਹਿਰ' ਦੀ ਚੇਤਨਾ ਦੀ ਚਾਸ਼ਨੀ ਚੜ੍ਹਨ ਲੱਗੀ ਕਿ ਜਿਸ ਘੇਰੇ 'ਚ ਵਿਚਰਦਾ ਸਾਂ, ਉਹ ਚਾਹੇ ਪਿੰਡ 'ਚ ਸੀ ਜਾਂ ਸਕੂਲ/ਕਾਲਿਜ 'ਚ, ਬਹੁਤਾ ਕਮਿਊਨਿਸਟ ਲਹਿਰ ਨਾਲ ਜੁੜਿਆ ਹੋਇਆ ਸੀ।

1977 'ਚ ਮੇਰੀ ਪਹਿਲੀ ਕਵਿਤਾ 'ਲੋਕ ਲਹਿਰ' 'ਚ ਛਪੀ। ਇਹ ਸ਼ਾਇਦ ਫਰਵਰੀ ਦੀ ਗੱਲ ਹੈ। ਐਮਰਜੈਂਸੀ ਨੂੰ ਆਧਾਰ ਬਣਾ ਕੇ ਲਿਖੀ 'ਪੱਤਝੜ' ਨਾਂ ਦੀ ਇਹ ਕਵਿਤਾ ਮੈਂ ਪਿੰਡ ਦੇ ਕਾਮਰੇਡਾਂ ਦੀ ਮੀਟਿੰਗ 'ਚ ਸੁਣਾਈ ਤਾਂ ਬਾਹਰੋਂ ਮੀਟਿੰਗ ਕਰਵਾਉਣ ਲਈ ਆਏ ਕਾਮਰੇਡ ਚਰਨ ਸਿੰਘ ਧਾਮੀ ਨੇ ਇਹ ਲੈ ਲਈ, "ਮੈਂ ਭਲ਼ਕੇ ਜਲੰਧਰ ਪਾਰਟੀ ਦਫ਼ਤਰ ਜਾਣਾ ਹੈ! ਉੱਥੇ 'ਲੋਕ ਲਹਿਰ' 'ਚ ਛਾਪਣ ਲਈ ਦੇ ਆਵਾਂਗਾ।" ਤੀਸਰੇ ਜਾਂ ਚੌਥੇ ਦਿਨ ਉਹ ਮੁੜ ਸਾਡੇ ਪਿੰਡ ਆਇਆ ਤਾਂ ਉਸਨੇ ਦੱਸਿਆ, "ਕਾਮਰੇਡ ਸੁਹੇਲ ਹੁਰੀਂ ਸੂਬਾ ਦਫ਼ਤਰ 'ਚ ਹੀ ਮਿਲ ਗਏ ਸੀ। ਮੈਂ ਉਨ੍ਹਾਂ ਨੂੰ ਫੜਾਈ ਤਾਂ ਉਨ੍ਹਾਂ ਨੇ ਨਜ਼ਰ ਮਾਰਕੇ ਮੈਨੂੰ ਦੱਸ ਦਿੱਤਾ ਕਿ ਛਪ ਜਾਵੇਗੀ।" ਹਫ਼ਤੇ ਕੁ ਬਾਅਦ 'ਲੋਕ ਲਹਿਰ' ਦਾ ਨਵਾਂ ਅੰਕ ਆਇਆ ਤਾਂ ਉਸ 'ਚ ਇਹ ਛਪੀ ਹੋਈ ਸੀ। ਇਹ ਸੀ ਸੁਹੇਲ ਸਿੰਘ ਦੇ ਨਾਂ ਨਾਲ ਪਹਿਲੀ ਨਿੱਜੀ ਪਹਿਚਾਣ, ਭਾਵੇਂ 'ਲੋਕ ਲਹਿਰ' ਦੇ ਸੰਪਾਦਕ ਵਜੋਂ ਉਸਦਾ ਨਾਂ ਜਾਣਦਾ ਸਾਂ ਤੇ ਉਸਦੇ ਲੇਖ/ਟਿੱਪਣੀਆਂ ਵੀ ਅਕਸਰ ਪੜ੍ਹਦਾ ਰਹਿੰਦਾ ਸਾਂ।

ਇਸ ਕਵਿਤਾ ਦੇ ਛਪਣ ਨਾਲ ਮੇਰੀ ਇਕਦਮ ਪਿੰਡ ਤੇ ਇਲਾਕੇ 'ਚ ਲੇਖਕ ਵਜੋਂ ਮਾਨਤਾ ਹੋ ਗਈ ਕਿ ਪਾਰਟੀ ਅਖ਼ਬਾਰ 'ਚ ਛਪਣਾ ਕਾਮਰੇਡਾਂ ਲਈ ਕੋਈ ਅਰਥ ਰੱਖਦਾ ਸੀ! ਮੁਕੇਰੀਆਂ

ਇਲਾਕੇ 'ਚ ਸੀ.ਪੀ.ਐੱਮ. ਦਾ ਆਧਾਰ ਵੀ ਤਕੜਾ ਸੀ ਤੇ 'ਲੋਕ ਲਹਿਰ' ਦੇ ਪਰਚੇ ਵੀ ਕਾਫ਼ੀ ਆਉਂਦੇ। ਮੀਟਿੰਗਾਂ 'ਚ ਜ਼ੋਰ ਦੇ ਕੇ ਅਖ਼ਬਾਰ ਦੇ ਪਾਠਕ ਬਣਨ ਲਈ ਪ੍ਰੇਰਿਆ ਜਾਂਦਾ, ਚੰਦੇ ਇਕੱਠੇ ਕੀਤੇ ਜਾਂਦੇ। ਘਰ 'ਚ ਕੰਮ ਕੋਈ ਖਾਸ ਸੀ ਨਹੀਂ ਜਾਂ ਮੈਂ ਕਰਨ ਤੋਂ ਕੰਨ ਭੰਨਦਾ ਸਾਂ ਸਿਵਾਏ ਫ਼ਸਲ ਬੀਜਣ ਜਾਂ ਸਾਂਭਣ ਦੀ ਰੁੱਤ ਦੇ। ਬਾਕੀ ਦਿਨਾਂ 'ਚ ਤਾਂ ਪੱਠੇ ਲੈ ਆਂਦੇ ਜਾਂ ਕੋਈ ਹੋਰ ਨਿੱਕਾ-ਮੋਟਾ ਕੰਮ ਕਰ ਛੱਡਿਆ, ਪਰ ਬਾਪ ਦੇ ਸਹਾਇਕ ਵਜੋਂ ਹੀ। ਬਹੁਤਾ ਤਾਂ ਪੜ੍ਹਨ-ਲਿਖਣ ਤੇ ਪਾਰਟੀ ਸਰਗਰਮੀ 'ਚ ਤੁਰਿਆ ਫਿਰਦਾ। ਮਹੀਨੇ, ਦੋ ਮਹੀਨਿਆਂ ਬਾਅਦ ਕੋਈ ਨਾ ਕੋਈ ਕਵਿਤਾ 'ਲੋਕ ਲਹਿਰ' 'ਚ ਵੀ ਛਪਣ ਲੱਗੀ।

ਐਮਰਜੈਂਸੀ ਤੋਂ ਬਾਅਦ 'ਲੋਕ ਲਹਿਰ' ਰੋਜ਼ਾਨਾ ਹੋਈ ਤਾਂ ਇਸ 'ਚ ਸਾਹਿਤ ਛਪਣ ਦਾ ਥਾਂ ਵੀ ਵਧ ਗਿਆ ਤੇ ਮੇਰਾ ਲਿਖਣਾ ਵੀ। ਗੀਤ, ਕਵਿਤਾਵਾਂ, ਕਹਾਣੀਆਂ, ਫੀਚਰ ਇੰਨੇ ਲਿਖੇ ਕਿ ਸ਼ਾਇਦ ਹੀ ਕੋਈ ਸਪਤਾਹਕ ਅੰਕ ਅਜਿਹਾ ਆਉਂਦਾ ਹੋਵੇ, ਜਿਸ ਵਿਚ ਮੇਰੀ ਰਚਨਾ ਨਾ ਛਪੀ ਹੋਵੇ। ਜਿੰਨੀਆਂ ਵੱਧ ਰਚਨਾਵਾਂ ਛਪਦੀਆਂ, ਉਸ ਤੋਂ ਓਨਾ ਹੀ ਹੋਰ ਵੱਧ ਤੇਜ਼ੀ ਨਾਲ ਲਿਖਣ ਲਈ ਉਤਸ਼ਾਹ ਮਿਲਦਾ। ਹਰ ਹਫ਼ਤੇ ਹੀ ਰਚਨਾਵਾਂ ਵਾਲਾ ਲਿਫਾਫਾ 'ਲੋਕ ਲਹਿਰ' ਲਈ ਪੋਸਟ ਹੁੰਦਾ। ਮਿਲਿਆ ਸੁਹੇਲ ਹੁਰਾਂ ਨੂੰ ਪਹਿਲੀ ਵਾਰ 1979 ਵਿਚ। ਉਦੋਂ ਸਾਡੇ ਇਲਾਕੇ ਦੇ ਮੇਰੇ ਅਧਿਆਪਕ ਮਾਸਟਰ ਜੋਧ ਸਿੰਘ ਆਪਣੀ ਨੌਕਰੀ ਤੋਂ ਛੁੱਟੀ ਲੈ ਕੇ 'ਲੋਕ ਲਹਿਰ' ਦੇ ਸੰਪਾਦਕੀ ਮੰਡਲ 'ਚ ਸ਼ਾਮਲ ਹੋ ਗਏ ਸਨ। ਅਸੀਂ ਪੰਜਾਬੀ ਸਾਹਿਤ ਸਭਾ ਮੁਕੇਰੀਆਂ ਵੱਲੋਂ ਸਭਾ ਦਾ ਰਸਾਲਾ 'ਪੁਲਾਂਘ' ਛਾਪਣ ਦਾ ਫੈਸਲਾ ਕੀਤਾ, ਜਿਸਦੇ ਪਰੂਫ ਲੈਣ ਵਾਸਤੇ ਸਭਾ ਦੇ ਜਨਰਲ ਸਕੱਤਰ ਕਹਾਣੀਕਾਰ ਲਾਲ ਸਿੰਘ ਹੋਰਾਂ ਨੇ ਮੈਨੂੰ ਜਲੰਧਰ ਭੇਜਿਆ। ਉਹ ਲੈ ਕੇ ਮੈਂ ਜੋਧ ਸਿੰਘ ਹੁਰਾਂ ਨੂੰ ਮਿਲਣ 'ਲੋਕ ਲਹਿਰ' 'ਚ ਚਲਾ ਗਿਆ ਤਾਂ ਉੱਥੇ ਉਨ੍ਹਾਂ ਨੇ ਸੰਪਾਦਕੀ ਸਟਾਫ਼ ਨਾਲ ਜਾਣ-ਪਛਾਣ ਕਰਵਾਈ, ਜਿਨ੍ਹਾਂ ਵਿਚ ਕਾਮਰੇਡ ਸਾਧੂ ਸਿੰਘ, ਰਮੇਸ਼ ਕੌਸ਼ਲ, ਸਤਨਾਮ ਸਿੰਘ ਮਾਣਕ, ਅਸ਼ੋਕ ਵਸ਼ਿਸ਼ਟ, ਮੋਹਨ ਸਿੰਘ ਜੰਡਿਆਲਾ, ਮਲੂਕ ਸਿੰਘ, ਨਿਰਮਲਾ ਕੁਮਾਰੀ ਸ਼ਾਮਲ ਸਨ। ਸਾਰੇ ਹੀ ਨਿੱਘ ਨਾਲ ਮਿਲੇ ਕਿ ਅਕਸਰ ਛਪਦਾ ਰਹਿੰਦਾ ਸਾਂ ਪਰ ਸਭ ਤੋਂ ਵੱਧ ਪ੍ਰਭਾਵਤ ਕੀਤਾ ਕਾਮਰੇਡ ਸੁਹੇਲ ਸਿੰਘ ਨੇ। ਸ਼ਾਇਦ ਇਸਦਾ ਇਕ ਕਾਰਨ ਇਹ ਵੀ ਹੋਵੇ ਕਿ ਉਸਦਾ ਮੇਰੇ ਮਨ 'ਚ ਬਹੁਤ ਵੱਡਾ ਅਕਸ ਬਣਿਆ ਹੋਇਆ ਸੀ, ਤੇ ਲਗਦਾ ਸੀ ਕਿ ਉਹ ਪਤਾ ਨਹੀਂ ਗੱਲ ਕਰੇ ਕਿ ਨਾ, ਪਰ ਉਸਨੇ ਬਹੁਤ ਨਿੱਘ ਨਾਲ ਗੱਲਾਂ ਕੀਤੀਆਂ। ਇਸ ਅਪਣੱਤ ਭਰੀ ਗੱਲਬਾਤ ਨੇ ਮੈਨੂੰ 'ਲੋਕ ਲਹਿਰ' ਨਾਲ ਹੋਰ ਵੀ ਨੇੜਿਉਂ ਜੋੜ ਲਿਆ।

'ਲੋਕ ਲਹਿਰ' 'ਚ ਛਪਣ ਨੇ, ਪਾਰਟੀ ਅੰਦਰਲੇ ਤੇ ਇਸ ਨਾਲ ਜੁੜੇ ਬਾਹਰਲੇ ਪ੍ਰਗਤੀਸ਼ੀਲ ਸਾਹਿਤਕ ਹਲਕਿਆਂ 'ਚ ਮੇਰੀ ਪਛਾਣ ਬਣਾਉਣ 'ਚ ਵੱਡੀ ਭੂਮਿਕਾ ਨਿਭਾਈ ਤੇ ਇਸ ਭੂਮਿਕਾ ਨੇ ਫਿਰ ਮੇਰੇ ਲਿਖਣ-ਪੜ੍ਹਨ ਦੀ ਦਿਸ਼ਾ ਤਹਿ ਕਰਨ 'ਚ। ਮੇਰੇ ਲਿਖਣ-ਪੜ੍ਹਨ ਦੀ ਭਵਿੱਖ-ਸੁਰ ਦਾ ਵੀ ਜਿਵੇਂ ਫੈਸਲਾ ਕਰ ਦਿੱਤਾ ਸੀ। ਦੋ ਚਾਰ ਮਹੀਨਿਆਂ ਬਾਅਦ ਮੈਂ ਜਲੰਧਰ ਗੇੜੀ ਮਾਰਨ ਲੱਗਾ। ਇਸ 'ਚ ਮੁੱਖ ਹੁੰਦਾ 'ਲੋਕ ਲਹਿਰ' ਤੇ 'ਨਵਾਂ ਜ਼ਮਾਨਾ' ਦੇ ਦਫ਼ਤਰਾਂ 'ਚ ਜਾਣਾ। ਅਜੀਤ 'ਚ ਬਲਦੇਵ ਗਰੇਵਾਲ, ਬਲਵੰਤ ਬੱਲ; 'ਅਕਾਲੀ ਪੱਤ੍ਰਿਕਾ' 'ਚ ਹਰਜੀਤ ਗਿੱਲ, 'ਜੱਗ ਬਾਣੀ' 'ਚ ਕੁਲਦੀਪ ਬੇਦੀ ਨੂੰ ਵੀ ਮਿਲਣ ਜਾਂਦਾ। ਸਪਤਾਹਕ 'ਸਮਰਾਟ' ਤੇ 'ਹਾਣੀ' ਦੇ ਦਫ਼ਤਰਾਂ 'ਚ ਵੀ। ਪਰ ਮੁਖ ਹੁੰਦਾ ਕਾਮਰੇਡ ਸੁਹੇਲ ਸਿੰਘ ਨੂੰ ਮਿਲਣਾ। ਜੇ ਉਹ ਕਿਸੇ ਕਾਰਨ ਦਫ਼ਤਰ ਨਾ ਹੁੰਦਾ ਤਾਂ ਮਨ ਹਿਰਾਸਿਆ ਜਿਹਾ ਜਾਂਦਾ। ਇਹ ਗੇੜੀਆਂ ਨਿਰੋਲ ਸਾਹਿਤਕ ਹੁੰਦੀਆਂ। ਵਿਚ-ਵਿਚਾਲੇ ਰੈਲੀਆਂ, ਮੁਜ਼ਾਹਰੇ 'ਚ ਆਇਆਂ ਵਾਧੂ ਦੇ ਮੇਲੇ ਹੋ ਜਾਂਦੇ।

1981 ਦੇ ਅਗਸਤ 'ਚ ਮੈਂ ਅਜਿਹੇ ਹੀ ਫੇਰੇ 'ਤੇ ਜਲੰਧਰ ਆਇਆ 'ਲੋਕ ਲਹਿਰ' 'ਚ ਗਿਆ ਤਾਂ ਚਾਹ ਪੀਂਦਿਆਂ ਸੁਹੇਲ ਮੇਰੇ ਘਰ ਪਰਿਵਾਰ ਬਾਰੇ ਪੁੱਛਣ ਲੱਗ ਪਿਆ। ਇਹ ਜਾਣ

ਕਿ ਮੈਂ ਪੜ੍ਹਨ-ਲਿਖਣ ਤੋਂ ਬਿਨਾਂ ਘਰ ਵੀ ਕੋਈ ਖਾਸ ਕੰਮ ਨਹੀਂ ਕਰਦਾ, ਉਹ ਕਹਿੰਦਾ, "ਤੂੰ ਏਥੇ 'ਲੋਕ ਲਹਿਰ' 'ਚ ਆ ਜਾ ਸਾਡੇ ਕੋਲ।" ਉਸ ਕਿਹਾ ਤਾਂ ਮੈਂ ਜਿਵੇਂ ਇਕਦਮ ਸੱਤਵੇਂ ਅਸਮਾਨ 'ਤੇ ਪੁੱਜ ਗਿਆ ਹੋਵਾਂ, ਕਿਉਂਕਿ ਪੱਤਰਕਾਰਤਾ 'ਚ ਆਉਣ ਦੀ ਮੇਰੀ ਤੀਬਰ ਖਾਹਸ਼ ਸੀ। ਮੈਂ ਇਕਦਮ ਹਾਮੀ ਭਰ ਦਿੱਤੀ। "ਅਸੀਂ ਪੈਸੇ ਬਹੁਤ ਨਹੀਂ ਦੇ ਸਕਣੇ! ਜਿੰਨੇ ਪਾਰਟੀ ਹੋਲ-ਟਾਈਮਰਾਂ ਨੂੰ ਵੇਜ ਦੇਂਦੇ ਹਾਂ, ਉਨੇ ਕੁ ਹੀ ਦੇਵਾਂਗੇ।" ਮੈਨੂੰ ਇਹ ਪਤਾ ਨਹੀਂ ਸੀ ਕਿ ਪਾਰਟੀ ਹੋਲ-ਟਾਈਮਰਾਂ ਨੂੰ ਕਿੰਨੇ ਦੇਂਦੇ ਹਨ। ਲਗਪਗ ਇਕ ਦਹਾਕਾ ਇਲਾਕੇ 'ਚ ਪਾਰਟੀ ਦੀ ਸਰਗਰਮੀ 'ਚ ਗਹਿ-ਗੱਚ ਹੋ ਕੇ ਵਿਚਰਦਿਆਂ ਵੀ, ਮੈਂ ਹੋਲ-ਟਾਈਮਰ ਬਣਨ ਬਾਰੇ ਕਦੀ ਨਹੀਂ ਸੀ ਸੋਚਿਆ, ਇੱਥੋਂ ਤਕ ਕਿ ਮੈਂਬਰ ਵੀ ਨਹੀਂ ਸਾਂ। ਇਨਕਲਾਬ ਤਾਂ ਮੇਰਾ ਸੁਪਨਾ ਸੀ, ਮੇਰਾ ਜਨੂੰਨ ਜਾਂ ਜ਼ਿੰਦਗੀ ਦਾ ਮੰਤਵ ਵੀ।

"ਪਰ ਮੈਂ ਰਹਾਂਗਾ ਕਿੱਥੇ?" ਜਲੰਧਰ ਮੇਰੇ ਲਈ ਅਣਜਾਣੀ ਜਗ੍ਹਾ ਸੀ। ਮੈਂ ਪੁੱਛਿਆ ਤਾਂ ਉਨ੍ਹਾਂ ਮੁਸਕਰਾ ਕੇ ਕਿਹਾ, "ਰਹਿਣ ਤੇ ਖਾਣ-ਪੀਣ ਦੀ ਚਿੰਤਾ ਨਾ ਕਰ.. ਮਨ ਬਣਦਾ ਹੈ ਤਾਂ ਆ ਜਾ।"

"ਮੈਂ ਕਰਨਾ ਕੀ ਹੋਵੇਗਾ?" ਮੈਨੂੰ ਇਹ ਡਰ ਵੀ ਸੀ ਕਿ ਕੁਝ ਕਰ ਵੀ ਸਕਾਂਗਾ ਕਿ ਨਹੀਂ?

"ਉਹ ਵੀ ਚਿੰਤਾ ਨਾ ਕਰ। ਸਭ ਕੁਝ ਸੌਖਾ ਹੀ ਹੁੰਦਾ!" ਉਸ ਇੰਨੇ ਵਿਸ਼ਵਾਸ ਤੇ ਅਪਣੱਤ ਨਾਲ ਕਿਹਾ ਕਿ ਮੈਂ ਹਾਮੀ ਭਰ ਦਿੱਤੀ। "ਜੇ ਮਨ ਬਣਦਾ ਹੋਇਆ ਤਾਂ ਬਿਸਤਰਾ ਲੈ ਕੇ ਆ ਜਾਈਂ... ਜੇ ਨਾ ਆਉਣਾ ਹੋਇਆ ਤਾਂ ਵੀ ਦੱਸ ਜ਼ਰੂਰ ਦੇਵੀਂ।" ਤੁਰਨ ਲੱਗਾ ਤਾਂ ਉਸ ਨੇ ਮੁੜ ਜ਼ੋਰ ਦਿੱਤਾ। ਫੈਸਲਾ ਤਾਂ ਮੈਂ ਹੀ ਆਪਣੇ ਨਾਲ ਕਰਨਾ ਸੀ, ਤੇ ਉਹ ਮੈਂ ਕਰ ਹੀ ਲਿਆ ਸੀ। ਫਿਰ ਵੀ ਦੋ ਤਿੰਨ ਦਿਨ ਆ ਕੇ ਸੋਚਦਾ ਰਿਹਾ, ਦੋਸਤਾਂ ਨਾਲ ਵੀ ਸਲਾਹ ਕੀਤੀ ਤੇ ਬਿਸਤਰਾ, ਇਕ ਵਾਧੂ ਪਾਉਣ ਵਾਲਾ ਸੂਟ ਲੈ, 26 ਅਗਸਤ 1981 ਨੂੰ ਆ 'ਲੋਕ ਲਹਿਰ' ਦਫ਼ਤਰ ਦਸਤਕ ਦਿੱਤੀ।

"ਆ ਗਿਆ ਹੈਂ। ਬਹੁਤ ਵਧੀਆ ਕੀਤਾ।" ਉਹ ਦੇਖ ਕੇ ਖੁਸ਼ ਹੋ ਗਿਆ। ਨਾਲ ਹੀ ਜੰਡਿਆਲਾ ਜੀ ਨੂੰ ਕਿਹਾ, "ਦਫ਼ਤਰੋਂ ਇਕ ਬੰਦੇ ਦੀ ਵਾਧੂ ਰੋਟੀ ਲਿਆਉਣ ਲਈ ਕਹਿ ਦਿਓ ਤੇ ਨਾਲ ਰਾਤ ਰਹਿਣ ਦਾ ਵੀ ਦੱਸ ਦਿਓ।"

ਰਹਿਣ ਲਈ ਟਿਕਾਣਾ ਬਣੀ ਭਾਈ ਰਤਨ ਸਿੰਘ ਟਰੱਸਟ ਬਿਲਡਿੰਗ। ਇਹ ਉਦੋਂ ਸੀ.ਪੀ.ਐੱਮ. ਦਾ ਸੂਬਾ ਦਫ਼ਤਰ ਵੀ ਹੁੰਦਾ ਸੀ। ਪਾਰਟੀ ਆਗੂਆਂ ਦੇ ਨਾਲ-ਨਾਲ 'ਲੋਕ ਲਹਿਰ' 'ਚ ਕੰਮ ਕਰਨ ਵਾਲੇ ਕਾਮਰੇਡ ਸਾਧੂ ਸਿੰਘ ਤੇ ਮੋਹਨ ਸਿੰਘ ਜੰਡਿਆਲਾ ਵੀ ਇੱਥੇ ਹੀ ਰਹਿੰਦੇ ਸਨ। ਖਾਣੇ ਲਈ ਸਾਂਝਾ ਲੰਗਰ ਚੱਲਦਾ ਜਿਸਨੂੰ 'ਕਮਿਊਨ' ਆਖਦੇ। ਸਵੇਰੇ ਇਥੋਂ ਨਾਸ਼ਤਾ ਕਰਕੇ ਮੈਂ, ਜੰਡਿਆਲਾ ਜੀ ਤੇ ਸਾਧੂ ਸਿੰਘ ਪੈਦਲ ਦਫ਼ਤਰ ਲਈ ਤੁਰ ਪੈਂਦੇ ਸਾਢੇ ਕੁ ਨੌਂ ਵਜੇ। 'ਲੋਕ ਲਹਿਰ' ਦਾ ਦਫ਼ਤਰ ਮੁਹੱਲਾ ਚਹਾਰ ਬਾਗ 'ਚ, 'ਅਕਾਲੀ ਪੱਤ੍ਰਿਕਾ' ਸਾਹਮਣੇ ਵਾਲੀ ਗਲੀ 'ਚ ਹੁੰਦਾ ਸੀ। ਹੇਠਾਂ ਛਾਪਣ ਵਾਲੀ ਪ੍ਰੈੱਸ ਲੱਗੀ ਹੋਈ ਸੀ ਤੇ ਉਪਰ ਚੁਬਾਰੇ 'ਚ ਸੰਪਾਦਕੀ ਦਫ਼ਤਰ। ਦਸ ਵਜੇ ਉੱਥੇ ਪਹੁੰਚ ਜਾਂਦੇ। ਦੁਪਹਿਰ ਦੀ ਰੋਟੀ ਦਾ ਟਿਫ਼ਨ ਉੱਥੇ ਪੁੱਜ ਜਾਂਦਾ। ਸ਼ਾਮ ਨੂੰ ਮੁੜਦਿਆਂ ਅਸੀਂ ਖਾਲੀ ਟਿਫ਼ਨ ਚੁੱਕ ਲਿਆਉਂਦੇ।

ਮੈਨੂੰ ਪਹਿਲਾਂ ਅਨੁਵਾਦ ਦਾ ਕੰਮ ਦਿੱਤਾ ਗਿਆ। ਪਾਰਟੀ ਦੀ ਕੇਂਦਰੀ ਕਮੇਟੀ ਵੱਲੋਂ ਕੱਢੇ ਜਾਂਦੇ ਸਪਤਾਹਕ, ਪੰਦਰਾਂ-ਰੋਜ਼ਾ 'ਚੋਂ ਇਹ ਅਨੁਵਾਦ ਹਿੰਦੀ ਜਾਂ ਅੰਗਰੇਜ਼ੀ 'ਚੋਂ ਕਰਨੇ ਹੁੰਦੇ। ਸੰਪਾਦਕੀ ਸਫ਼ੇ 'ਤੇ ਬਹੁਤੇ ਲੇਖ ਇਹੀ ਛਾਪਦੇ ਸਾਂ ਜਾਂ ਫਿਰ ਦਸਤਾਵੇਜ਼-ਨੁਮਾ ਲੰਮੇ-ਲੰਮੇ ਬਿਆਨ ਵੀ ਹੁੰਦੇ ਕੇਂਦਰੀ ਕਮੇਟੀ ਦੇ। ਮੇਰੇ ਕੀਤੇ ਇਹ ਅਨੁਵਾਦ ਕੰਪੋਜ਼ ਕਰਨ ਲਈ ਦੇਣ ਤੋਂ ਪਹਿਲਾਂ ਸੁਹੇਲ ਚੈੱਕ ਕਰਦਾ ਨਾਲੋ-ਨਾਲ ਸਮਝਾਉਂਦਾ, "ਬਿਲਕੁਲ ਲਫ਼ਜ਼ੀ ਅਨੁਵਾਦ ਨਹੀਂ ਕਰਨਾ। ਜਿੰਨੇ ਸੌਖੇ ਹੋ ਸਕਦਾ ਹੈ, ਓਨੇ ਸੌਖੇ ਲਫ਼ਜ਼ ਵਰਤੋ। ਅਸੀਂ ਪਾਠਕ ਨੂੰ ਆਪਣੀ ਗੱਲ ਸਮਝਾਉਣੀ ਹੈ ਪੰਜਾਬੀ ਬੋਲੀ ਦੇ ਸੁਭਾਅ ਅਨੁਸਾਰ। ਪਹਿਲਾਂ ਲਾਈਨ ਨੂੰ ਪੂਰੀ ਪੜ੍ਹਕੇ ਸਮਝ ਤੇ ਫਿਰ ਅਨੁਵਾਦ

ਕਰ... ਲਫ਼ਜ਼-ਲਫ਼ਜ਼ ਅਨੁਵਾਦ ਬੇਰਸ ਹੁੰਦਾ।" ਪੰਦਰਾਂ ਵੀਹ ਦਿਨਾਂ 'ਚ ਮੈਂ ਇਹ ਸਿੱਖ ਗਿਆ। ਉਸ ਉਮਰ 'ਚ ਊਰਜਾ ਵੀ ਬਹੁਤ ਹੁੰਦੀ ਹੈ। ਦਸ ਵਜੇ ਦਾ ਬੈਠਿਆ ਮੈਂ ਦੁਪਹਿਰੇ ਰੋਟੀ ਖਾਣ ਲਈ ਹੀ ਬਰੇਕ ਕਰਦਾ ਤੇ ਮੁੜ ਪੰਜ ਵਜੇ ਤਕ ਲੱਗੇ ਰਹਿਣਾ। ਨਾਲੋ-ਨਾਲ ਪਰੂਫ਼ ਪੜ੍ਹਨੇ ਵੀ ਸਿੱਖਣ ਲੱਗਾ। ਪਰੂਫ਼ ਪੜ੍ਹਨੇ ਕਾਮਰੇਡ ਮਲੂਕ ਤੇ ਨਿਰਮਲਾ ਨੇ ਸਿਖਾਏ, ਤੇ ਖ਼ਬਰਾਂ ਨੂੰ ਕਾਂਟ-ਛਾਂਟ ਕਰਨੀ ਸਾਧੂ ਸਿੰਘ ਨੇ।

ਛੇਤੀ ਹੀ 'ਲੋਕ ਲਹਿਰ' ਦੇ ਮਾਹੌਲ 'ਚ ਰਚ-ਮਿਚ ਗਿਆ। ਫਿਰ ਵੀ ਜੇ ਕਦੀ ਅੱਕਦੇ ਨੂੰ ਦੇਖਣਾ ਤਾਂ ਸੁਹੇਲ ਨੇ ਕਹਿਣਾ, "ਹੁਣ ਤੂੰ ਜ਼ਰਾ ਬਾਜ਼ਾਰ ਦੀ ਗੇੜੀ ਮਾਰ ਆ। ਕੁਝ ਫਰੈੱਸ਼ ਹੋ ਜਾਵੇਂਗਾ।" ਕਦੀ ਆਪਣੇ ਸਾਈਕਲ ਦੀ ਚਾਬੀ ਤੇ ਕਦੇ ਨਿਰਮਲਾ ਤੋਂ ਉਸਦੇ ਸਾਈਕਲ ਦੀ ਚਾਬੀ ਦਿਵਾ ਦੇਂਦਾ ਤੇ ਮੈਂ ਜਲੰਧਰ ਦੇ ਗਲ਼ੀਆਂ ਬਾਜ਼ਾਰਾਂ ਨੂੰ ਗਾਹੁਣ ਨਿਕਲ ਤੁਰਦਾ। ਇੱਥੋਂ ਦੀਆਂ ਸੜਕਾਂ ਦੀ ਮਾੜੀ ਹਾਲਤ, ਪਾਰਕਾਂ ਦੀ ਟੁੱਟ ਭੱਜ, ਰਿਕਸ਼ੇ ਵਾਲਿਆਂ ਤੋਂ ਲੈ ਕੇ ਮਜ਼ਦੂਰਾਂ ਦੀ ਹਾਲਤ, ਸਾਹਿਤ-ਸਭਿਆਚਾਰ ਦੇ ਸਮਾਗਮਾਂ ਬਾਰੇ ਉਸ ਨੇ ਅਨੇਕਾਂ ਫੀਚਰ ਮੈਥੋਂ ਲਿਖਵਾਏ। ਇਹ ਇਕ ਤਰ੍ਹਾਂ ਜਿਵੇਂ ਮੇਰੇ ਲਿਖਣ ਦੀ ਟਰੇਨਿੰਗ ਹੋ ਰਹੀ ਸੀ।

ਇਨ੍ਹਾਂ ਹੀ ਦਿਨਾਂ ਦੀ ਗੱਲ ਹੈ। ਕਾਮਰੇਡ ਜਗਜੀਤ ਸਿੰਘ ਆਨੰਦ ਦਾ ਸਕੂਟਰ ਖੁੱਲ੍ਹੇ ਮੇਨ-ਹੋਲ 'ਚ ਡਿੱਗ ਜਾਣ ਕਾਰਨ ਉਨ੍ਹਾਂ ਦੀ ਲੱਤ ਟੁੱਟ ਗਈ। ਇਸ ਬਾਰੇ ਅਖ਼ਬਾਰਾਂ 'ਚ ਖ਼ਬਰਾਂ ਵੀ ਲੱਗੀਆਂ। ਮੈਂ ਜਲੰਧਰ ਦੀਆਂ ਸੜਕਾਂ ਦੀ ਮਾੜੀ ਹਾਲਤ ਨੂੰ ਆਧਾਰ ਬਣਾ ਕੇ ਇਕ ਫੀਚਰ ਲਿਖਿਆ 'ਥਾਂ-ਥਾਂ ਖਿਲਰਿਆਂ ਗੰਦ ਤੇ ਖੁੱਲ੍ਹੇ ਮੇਨ-ਹੋਲ'। ਇਸ ਵਿਚ ਹੋਰ ਵਿਸਥਾਰ ਦੇ ਨਾਲ-ਨਾਲ ਇਹ ਲਾਈਨਾਂ ਵੀ ਲਿਖੀਆਂ, 'ਅਜੇ ਹੁਣੇ ਜਿਹੇ ਹੀ ਖੁੱਲ੍ਹੇ ਮੇਨ-ਹੋਲ ਕਾਰਨ ਇੱਥੋਂ ਦੇ ਇਕ ਪੱਤਰਕਾਰ ਦਾ ਐਕਸੀਡੈਂਟ ਹੋਇਆ ਹੈ ਅਤੇ ਉਸਨੇ ਇਸ ਲਈ ਕਾਰਪੋਰੇਸ਼ਨ ਨੂੰ ਜ਼ੁੰਮੇਵਾਰ ਠਹਿਰਾਉਂਦੇ ਹੋਏ ਮਾਮਲਾ ਅਦਾਲਤ 'ਚ ਖੜਿਆ ਹੈ।' ਇਹ ਫੀਚਰ 20 ਨਵੰਬਰ 1981 ਦੇ ਅੰਕ 'ਚ ਛਪਿਆ। ਇਸ ਬਾਰੇ ਸੰਪਾਦਕੀ ਸਟਾਫ਼ ਦੀ ਮੀਟਿੰਗ 'ਚ ਕਾਮਰੇਡ ਚਰਨ ਸਿੰਘ ਵਿਰਦੀ ਨੇ ਮੁੱਦਾ ਉਠਾ ਲਿਆ ਕਿ ਇਸ ਫੀਚਰ ਵਿਚ ਐਕਸੀਡੈਂਟ ਵਾਲੀ ਘਟਨਾ ਦਾ ਜ਼ਿਕਰ ਬੇਲੋੜਾ ਹੈ। ਇਸ ਨਾਲ 'ਸੋਧਵਾਦੀ' ਅਖ਼ਬਾਰ ਨਾਲ ਜੁੜੇ ਲੋਕਾਂ ਦੀ ਚਰਚਾ ਹੁੰਦੀ ਹੈ। ਉਨ੍ਹਾਂ ਬਾਰੇ ਇੰਝ ਹਾਂ-ਪੱਖੀ ਲਿਖਣਾ ਗ਼ਲਤ ਹੈ। ਮੇਰੀ ਦਲੀਲ ਸੀ ਕਿ ਇਸ ਜ਼ਿਕਰ ਤੋਂ ਬਿਨਾਂ ਫੀਚਰ 'ਚ ਜਾਨ ਨਹੀਂ ਸੀ ਹੋਣੀ। ਕਾਮਰੇਡ ਸੁਹੇਲ ਸਿੰਘ ਨੇ ਜੰਡਿਆਲੇ ਹੁਰਾਂ ਦੇ ਮੂੰਹ ਵੱਲ ਦੇਖਿਆ, ਪਰ ਜਦੋਂ ਉਹ ਕੁਝ ਨਾ ਬੋਲੇ ਤਾਂ ਉਸ ਨੇ ਆਪਣੇ ਅੰਦਾਜ਼ 'ਚ ਰਤਾ ਕੁ ਮੁਸਕਰਾ ਕੇ ਕਿਹਾ, "ਵਿਰਦੀ ਜੀ, ਤੁਸੀਂ ਕਿਉਂ ਇਸਨੂੰ ਕਲੱਕੜ ਬਣਾਉਣ 'ਤੇ ਤੁਲੇ ਜੇ। ਇਹ ਸਾਹਿਤਕਾਰ ਹੈ, ਇਸਨੂੰ ਸਾਹਿਤਕਾਰ ਰਹਿਣ ਦਿਓ... ਹਰ ਇਕ ਨੂੰ ਸੂਈ ਦੇ ਨੱਕੇ ਵਿਚੀਂ ਨੀ ਕੱਢੀਦਾ ਹੁੰਦਾ!" ਤੇ ਮੀਟਿੰਗ ਸੁਖਾਵੇਂ ਮੋੜ 'ਚ ਮੁੱਕ ਗਈ। ਉਂਝ 'ਲੋਕ ਲਹਿਰ' ਦੇ ਸਾਰੇ ਸਮੇਂ ਦੌਰਾਨ ਕਾਮਰੇਡ ਵਿਰਦੀ ਨਾਲ ਕੋਈ ਨਾ ਕੋਈ ਅਜਿਹਾ ਮਤਭੇਦ ਚਲਦਾ ਹੀ ਰਿਹਾ, ਜਿਸ 'ਚ ਕਾਮਰੇਡ ਸੁਹੇਲ ਸਿੰਘ ਸਦਾ ਹੀ ਮੇਰਾ ਪੱਖ ਲੈਂਦਾ। ਬਾਕੀ ਕੁਝ ਤਾਂ ਹੋਲ ਟਾਈਮਰ ਸਨ, ਜਿਨ੍ਹਾਂ ਲਈ ਇਹ ਟਿਕਣ ਦੀ ਥਾਂ ਸੀ। ਉਹ ਪਾਰਟੀ ਦੇ ਸੂਬਾ ਆਗੂ ਖਿਲਾਫ਼ ਕੁਝ ਕਹਿਣ ਲਈ ਮੂੰਹ ਖੋਹਲਣ ਦਾ ਜੇਰਾ ਕਿਵੇਂ ਕਰ ਸਕਦੇ ਸਨ? ਜੰਡਿਆਲਾ ਜੀ ਸਟਾਫ਼ ਮੀਟਿੰਗ 'ਚ ਕੋਈ ਗੱਲ ਨਹੀਂ ਸੀ ਕਰਦੇ, ਸ਼ਾਇਦ ਕਿਸੇ ਉੱਚੇ ਫੋਰਮ 'ਚ ਆਪਣੇ ਮਤਭੇਦ ਪ੍ਰਗਟ ਕਰਦੇ ਹੋਣ!

ਇਕ ਦਿਨ ਦੀ ਗੱਲ ਹੈ। ਬਾਬਾ ਬੰਨੋਆਣਾ ਸਾਡੇ ਦਫ਼ਤਰ ਆਏ। ਅਸੀਂ ਅੰਦਰ ਬੈਠੇ ਕੰਮ ਕਰ ਰਹੇ ਸਾਂ ਤੇ ਸੁਹੇਲ ਬਾਹਰ ਬੈਠਾ ਸੰਪਾਦਕੀ ਲਿਖ ਰਿਹਾ ਸੀ। ਬਾਬਾ ਜੀ ਆਏ ਤਾਂ ਉਹ ਸੰਪਾਦਕੀ ਲਿਖਣੀ ਛੱਡ ਉਨ੍ਹਾਂ ਨਾਲ ਗੱਲਾਂ ਕਰਨ ਲੱਗੇ, ਜਿਹੜੀਆਂ ਛੇਤੀ ਹੀ ਬਹਿਸਬਾਜ਼ੀ 'ਚ ਬਦਲ ਗਈਆਂ। ਗੱਲ ਉਸ ਦਿਨ ਛਪੇ ਸੁਹੇਲ ਦੇ ਸੰਪਾਦਕੀ ਦੇ ਕਿਸੇ ਨੁਕਤੇ ਬਾਰੇ ਸੀ। ਦੋਵੇਂ

ਵੱਖ-ਵੱਖ ਪੁਜੀਸ਼ਨਾਂ ਤੋਂ ਉਲਝਦੇ ਗਏ। ਜਿਉਂ-ਜਿਉਂ ਬਹਿਸ ਭਖਦੀ ਗਈ, ਬਾਬਾ ਜੀ ਦੀ ਆਵਾਜ਼ ਵੀ ਓਨੀ ਹੀ ਉੱਚੀ ਹੁੰਦੀ ਗਈ। "ਇਹ ਸਾਡੀ ਨੀਤੀ ਅਨੁਸਾਰ ਸਹੀ ਹੈ," ਸੁਹੇਲ ਅੜਿਆ ਹੋਇਆ ਸੀ।

"ਮੈਨੂੰ ਪਾਰਟੀ ਦੀ ਨੀਤੀ ਦਾ ਪਤਾ ਹੈ। ਮੈਂ ਤੇਰੀ ਨਿੱਜੀ ਰਾਏ ਜਾਨਣੀ ਚਾਹੁੰਦਾ ਹਾਂ।"

"ਬੰਦਾ ਪਾਰਟੀ ਤੋਂ ਵੱਖ ਨਹੀਂ ਹੁੰਦਾ!"

"ਹੁਣ ਤੂੰ ਹੋਰ ਵੀ ਝੂਠ ਬੋਲ ਰਿਹਾ ਹੈਂ!"

"ਬਾਬਾ ਜੀ, ਤੁਸੀਂ ਇਸ ਬਾਰੇ ਪਾਰਟੀ ਮਤਾ ਦੇਖ ਸਕਦੇ ਹੋ, ਪੀ.ਡੀ. ਦਾ ਤਾਜ਼ਾ ਸੰਪਾਦਕੀ ਵੀ।" ਉਹ ਬਿਲਕੁਲ ਸਹਿਜ ਸੀ।

"ਮੈਂ ਜਿਸ ਸੁਹੇਲ ਸਿੰਘ ਨੂੰ ਜਾਣਦਾ ਹਾਂ, ਮੈਨੂੰ ਉਸਦੀ ਰਾਇ ਦੀ ਲੋੜ ਹੈ।" ਬਾਬਾ ਜੀ ਦੀ ਆਵਾਜ਼ 'ਚ ਤੈਸ਼ ਇੰਨਾ ਵਧ ਗਿਆ ਸੀ ਕਿ ਲੱਗੇ ਜਿਵੇਂ ਹੁਣੇ ਹੀ ਲੜ ਪੈਣਗੇ। ਇੰਨੇ ਨੂੰ ਚਾਹ ਬਣ ਗਈ। ਸੁਹੇਲ ਨੇ ਕੱਪ ਉਨ੍ਹਾਂ ਵੱਲ ਕਰਦਿਆਂ ਕਿਹਾ, "ਲਓ ਬਾਬਾ ਜੀ, ਪਹਿਲਾਂ ਚਾਹ ਪੀਓ! ਬਾਕੀ ਫੇਰ ਦੇਖਦੇ ਹਾਂ।"

"ਨਹੀਂ, ਮੈਂ ਝੂਠੇ ਬੰਦੇ ਦੀ ਚਾਹ ਨਹੀਂ ਪੀਣੀ!" ਉਨ੍ਹਾਂ ਤੈਸ਼ 'ਚ ਕਿਹਾ ਤਾਂ ਸੁਹੇਲ ਹੁਰਾਂ ਨੇ ਕੁਝ ਮੁਸਕਰਾ ਕੇ ਕਿਹਾ, "ਬਾਬਾ ਜੀ, ਤੁਸੀਂ ਮੈਨੂੰ ਪਾਰਟੀ 'ਚੋਂ ਕਿਉਂ ਕਢਾਉਣਾ ਚਾਹੁੰਦੇ ਹੋ?"

"ਬਸ, ਮੈਨੂੰ ਮੇਰਾ ਜੁਆਬ ਮਿਲ ਗਿਆ।" ਤੇ ਉਨ੍ਹਾਂ ਹੱਸ ਕੇ ਚਾਹ ਦਾ ਕੱਪ ਫੜ ਲਿਆ।

ਇਹ ਸੁਹੇਲ ਦਾ ਅੰਦਾਜ਼ ਸੀ ਆਪਣੀ ਗੱਲ 'ਤੇ ਕਾਇਮ ਰਹਿਣ ਦਾ ਵੀ, ਉਸਨੂੰ ਟਵਿਸਟ ਦੇਣ ਦਾ ਵੀ। ਰਾਜਨੀਤਕ ਤੌਰ 'ਤੇ ਪਾਰਟੀ ਵੱਲੋਂ ਇੰਚਾਰਜ ਭਾਵੇਂ ਕੋਈ ਵੀ ਲਾਏ ਜਾਂਦੇ ਰਹੇ ਹੋਣ, ਅਖ਼ਬਾਰ ਦਾ ਧਰੂ-ਤਾਰਾ ਸੁਹੇਲ ਹੀ ਸੀ ਜਿਹਦੇ ਚੁਫੇਰੇ ਸਾਰਾ ਕੁਝ ਘੁੰਮਦਾ। ਜਦੋਂ ਮੈਂ ਗਿਆ, ਉਦੋਂ ਇੰਚਾਰਜ ਜੰਡਿਆਲਾ ਜੀ ਸਨ। ਫਿਰ ਉਨ੍ਹਾਂ ਨਾਲ ਕਾਮਰੇਡ ਵਿਰਦੀ ਨੂੰ ਵੀ ਲਾ ਦਿੱਤਾ ਗਿਆ ਪਰ ਕੰਮ ਉਵੇਂ ਚਲਦਾ ਰਿਹਾ, ਜਿਵੇਂ ਪਹਿਲਾਂ ਚਲਦਾ ਸੀ। ਸਭ ਕੁਝ ਸੁਹੇਲ ਆਸਰੇ ਤੇ ਉਹ ਸਿਰ ਸੁੱਟ ਕੇ ਲੱਗਾ ਵੀ ਰਹਿੰਦਾ।

'ਲੋਕ ਲਹਿਰ' ਨੂੰ ਇਕ ਤਰ੍ਹਾਂ ਉਸਨੇ ਹੀ ਖੜ੍ਹੀ ਕੀਤਾ ਸੀ। ਜਦੋਂ ਪਾਰਟੀ ਵੰਡ ਹੋਈ, 'ਨਵਾਂ ਜ਼ਮਾਨਾ' ਦੇ ਸੰਪਾਦਕੀ ਸਟਾਫ਼ 'ਚੋਂ ਉਹ ਇਕੱਲਾ ਹੀ ਸੀ.ਪੀ.ਐੱਮ.ਨਾਲ ਆਇਆ ਸੀ। ਆਪਣਾ ਤਜਰਬਾ ਤੇ ਜਾਣਕਾਰੀ ਦੇ ਘੇਰੇ ਨੂੰ ਵਰਤ ਕੇ, ਉਸ 'ਲੋਕ ਲਹਿਰ' ਦੀ ਮੁੱਢਲੀ ਨੁਹਾਰ ਘੜਨੀ ਸ਼ੁਰੂ ਕੀਤੀ ਤੇ ਫਿਰ ਇਹ ਜਿਵੇਂ ਉਸਦੀ ਜ਼ਿੰਦਗੀ ਹੀ ਬਣ ਗਿਆ, ਉਸਦੀ ਜੀਵਨ-ਜਾਚ।

ਸੰਪਾਦਕੀ ਸਟਾਫ਼ 'ਚ ਲਗਪਗ ਸਾਰੇ ਕਾਮਰੇਡ ਸਨ, ਪਾਰਟੀ 'ਹੋਲ ਟਾਈਮਰ'। ਉਨ੍ਹਾਂ ਨੂੰ ਹੋਲ ਟਾਈਮਰਾਂ ਵਾਲੀ ਵੇਜ ਮਿਲਦੀ। ਇਸ ਲਈ ਜਦੋਂ ਫ਼ਸਲ ਦੀ ਬਿਜਾਈ-ਵਢਾਈ ਦੀ ਰੁੱਤ ਆਉਂਦੀ ਤਾਂ ਸਾਰੇ ਫ਼ਸਲ ਸਾਂਭਣ ਲਈ ਆਪਣੇ ਪਿੰਡਾਂ ਨੂੰ ਚਲੇ ਜਾਂਦੇ। ਰਹਿ ਜਾਂਦੇ ਸਤਨਾਮ ਮਾਣਕ, ਅਸ਼ੋਕ ਵਸ਼ਿਸਟ, ਰਮੇਸ਼ ਕੌਸ਼ਲ, ਨਿਰਮਲਾ, ਸੁਹੇਲ ਸਿੰਘ ਤੇ ਮੈਂ। ਅਜਿਹੀ ਹਾਲਤ 'ਚ ਜੇ ਕੌਸ਼ਲ ਦੀ 'ਵੀਕਲੀ' ਆ ਜਾਂਦੀ ਤੇ ਕੋਈ ਹੋਰ ਇਕ ਅੱਧ ਜਣਾ ਵੀ ਛੁੱਟੀ ਕਰ ਜਾਂਦਾ ਤਾਂ ਖਾਲੀ ਟੇਬਲ ਭਾਂਅ-ਭਾਂਅ ਕਰਦਾ। ਅਜਿਹੇ ਮੌਕਿਆਂ 'ਤੇ ਸੁਹੇਲ ਦੀ ਸਮਰੱਥਾ ਦਾ ਅਹਿਸਾਸ ਹੁੰਦਾ। ਉਹ ਆਉਂਦਿਆਂ ਪਹਿਲਾਂ ਸੰਪਾਦਕੀ ਸਫ਼ੇ ਵਾਲੇ ਲੇਖ ਪੜ੍ਹਕੇ ਦਿੰਦਾ, ਸੰਪਾਦਕੀ ਲਿਖਦਾ ਤੇ ਫਿਰ ਖ਼ਬਰਾਂ ਕੱਟ-ਵੱਢ ਕੇ ਦੇਣੀਆਂ ਸ਼ੁਰੂ ਕਰ ਦਿੰਦਾ। ਵਿਚੋਂ ਵਿਹਲ ਕੱਢ ਕੇ 'ਹੁੱਝਾਂ ਤੇ ਆਰਾਂ' ਵੀ ਲਿਖ ਮਾਰਦਾ। ਰਾਤ ਅੱਠ-ਅੱਠ ਵਜੇ ਤਕ ਡਟਿਆ ਰਹਿੰਦਾ, ਬਿਨਾਂ ਮੱਥੇ ਵੱਟ ਪਾਇਆ। ਕਿਸੇ ਨੇ ਵੀ ਕਿਹਾ, "ਮੈਂ ਦੋ ਦਿਨ ਨਹੀਂ ਆ ਸਕਦਾ ਜਾਂ ਚਾਰ ਦਿਨ ਨਹੀਂ ਆ ਸਕਦਾ!" ਮਜਾਲ ਐ ਉਸਨੇ ਕਿਸੇ ਨੂੰ ਛੁੱਟੀ ਤੋਂ ਨਾਂਹ ਕੀਤੀ ਹੋਵੇ ਜਾਂ ਕਿਹਾ ਹੋਵੇ, "ਭਲ਼ਕ ਦੀ ਅਖ਼ਬਾਰ ਕਿਵੇਂ ਨਿਕਲੇਗੀ?" ਇੰਨੇ ਘੱਟ ਬੰਦਿਆਂ, ਤੇ ਉਹ ਵੀ ਕਿੱਤਾ ਮੁਹਾਰਤ ਦੀ ਥਾਂ 'ਹੋਲ ਟਾਈਮਰ' ਹੋਣ ਦਾ ਭਰਮ ਪਾਲਣ

ਵਾਲਿਆਂ ਨਾਲ ਰੋਜ਼ਾਨਾ ਅਖ਼ਬਾਰ ਕੱਢਣੀ, ਸੱਚਮੁੱਚ ਸੁਹੇਲ ਦਾ ਹੀ ਚਮਤਕਾਰ ਸੀ।

ਲੇਡੀ ਸਾਈਕਲ, ਜਿਸਦੇ ਮੂਹਰੇ ਟੋਕਰੀ ਲੱਗੀ ਹੋਈ ਸੀ, ਉਸ 'ਚ ਉਸਦੀ ਡਾਇਰੀ ਹੁੰਦੀ, ਕੋਈ ਇਕ ਅੱਧਾ ਅਖ਼ਬਾਰ ਰਸਾਲਾ ਤੇ ਜਾਂ ਫਿਰ ਟਿਫ਼ਨ। ਸਾਈਕਲ ਉਹ ਹੇਠਾਂ ਪ੍ਰੈੱਸ ਦੀ ਕੰਧ ਦੇ ਨਾਲ ਖੜ੍ਹੀ ਕਰਦਾ ਤੇ ਪੌੜੀਆਂ ਚੜ੍ਹ ਆਉਂਦਾ। ਸ਼ਾਮ ਨੂੰ ਉੱਥੋਂ ਸਾਈਕਲ ਚੁੱਕ ਘਰ ਨੂੰ। ਕਿਸੇ ਪ੍ਰੈੱਸ ਕਾਨਫਰੰਸ 'ਚ ਜਾਣਾ ਹੁੰਦਾ, ਕਿਸੇ ਮੀਟਿੰਗ 'ਚ ਜਾਂ ਕਿਤੇ ਹੋਰ ਇਧਰ-ਉਧਰ ਤਾਂ ਵੀ ਸਾਈਕਲ ਦੀ ਹੀ ਸਵਾਰੀ।

ਇਕ ਵਾਰ ਉਸਨੂੰ ਮਿਲਣ ਲਈ ਕੋਈ ਕੁਵੇਲੇ ਜਿਹੇ ਪਾਰਟੀ ਦਫ਼ਤਰ ਆਇਆ ਉਸ ਦੇ ਪਿੰਡਾਂ ਵੱਲੋਂ। ਕਾਮਰੇਡ ਦਲੀਪ ਸਿੰਘ ਜੌਹਲ ਦੇ ਕਹਿਣ ‘ਤੇ ਮੈਂ ਉਸਨੂੰ ਲੈ ਕੇ ਸੁਹੇਲ ਦੇ ਘਰ ਨੂੰ ਹੋ ਤੁਰਿਆ। ਉਦੋਂ ਉਹ ਗੁਰੂ ਗੋਬਿੰਦ ਸਿੰਘ ਸਟੇਡੀਅਮ ਦੇ ਨੇੜੇ ਇਕ ਵੱਡੀ ਸਾਰੀ ਕੋਠੀ ਦੇ ਪਿੱਛੇ ਗੈਰਜ 'ਤੇ ਬਣੇ ਸਰਵੈਂਟਸ ਕਵਾਟਰ 'ਚ ਰਹਿੰਦਾ ਸੀ। ਇਕ ਕਮਰਾ, ਉਸ 'ਚ ਬੈੱਡ ਲੱਗਾ ਹੋਇਆ ਸੀ। ਉਸ 'ਚ ਹੀ ਥੋੜ੍ਹਾ ਬਹੁਤਾ ਸਮਾਨ। ਨਾਲ ਛੋਟੀ ਜਿਹੀ ਰਸੋਈ ਤੇ ਬਾਹਰ ਕੁਝ ਖੁੱਲ੍ਹੀ ਛੱਤ, ਜਿਸ 'ਤੇ ਚਾਰ-ਪੰਜ ਕੁਰਸੀਆਂ ਡਹਿ ਸਕਦੀਆਂ। ਦੋ ਬੇਟੀਆਂ ਰਿੰਕਲ ਤੇ ਸਿੰਮੀ। ਰਘਬੀਰ ਕੌਰ ਉਦੋਂ ਗੁਰੂ ਨਾਨਕ ਕਾਲਿਜ ਫਗਵਾੜਾ ਵਿਖੇ ਅਸਿਸਟੈਂਟ ਲਾਇਬਰੇਰੀਅਨ ਵਜੋਂ ਨੌਕਰੀ ਕਰਦੀ ਸੀ। ਦੇਖ ਕੇ ਮੈਂ ਹੈਰਾਨ-ਪ੍ਰੇਸ਼ਾਨ ਹੋ ਗਿਆ। ਇਕ ਰੋਜ਼ਾਨਾ ਅਖ਼ਬਾਰ ਦਾ ਸੰਪਾਦਕ, ਪਿਛਲੇ ਲਗਪਗ ਪੰਝੀ ਸਾਲਾਂ ਤੋਂ ਪੱਤਰਕਾਰਤਾ 'ਚ, ਉਸ ਕੋਲ਼ ਚੜ੍ਹਨ ਲਈ ਸਿਰਫ਼ ਸਾਈਕਲ ਦੀ ਸਵਾਰੀ, ਚਾਰ ਜਣਿਆਂ ਦੇ ਰਹਿਣ ਲਈ ਇਕ ਛੋਟਾ ਜਿਹਾ ਸਰਵੈਂਟਸ ਕਵਾਟਰ। ਇਸਦੇ ਬਾਵਜੂਦ ਉਸਦੇ ਮਨ 'ਚ ਕਿਤੇ ਹੋਰ ਜਾਣ ਦੀ ਭਟਕਣ ਨਹੀਂ ਸੀ।

'ਲੋਕ ਲਹਿਰ' ਦਫ਼ਤਰ 'ਚ ਕੋਈ ਸੇਵਾਦਾਰ ਨਹੀਂ ਸੀ ਹੁੰਦਾ। ਦੋ ਵਾਰ ਚਾਹ ਬਣਦੀ। ਸੰਪਾਦਕੀ ਸਟਾਫ਼ 'ਚੋਂ ਹੀ ਵਾਰੀ ਸਿਰ ਇਕ ਜਣਾ ਇਹ ਡਿਊਟੀ ਨਿਭਾਉਂਦਾ। ਕਾਮਰੇਡ ਸੁਹੇਲ ਆਪਣੀ ਇਹ ਡਿਊਟੀ ਕਦੇ ਨਾ ਖੁੰਝਾਉਂਦਾ, ਸਗੋਂ ਕਈ ਵਾਰ ਇਹ ਵੀ ਹੁੰਦਾ ਕਿ ਜੇ ਕਿਸੇ ਦੂਸਰੇ ਜਣੇ ਨੂੰ, ਜਿਸਦੀ ਵਾਰੀ ਹੁੰਦੀ, ਕਿਸੇ ਕੰਮ 'ਚ ਰੁੱਝਿਆ ਦੇਖਦਾ ਤਾਂ ਆਪ ਉਠ ਕੇ ਚਾਹ ਲਈ ਪਾਣੀ ਰੱਖ ਦਿੰਦਾ। ਕਈ ਵਾਰੀ ਕੋਈ ਬਾਹਰੋਂ ਆਇਆ ਉਸ ਕੋਲ਼ ਬੈਠਾ ਹੁੰਦਾ ਤਾਂ ਵੀ ਉਸਨੂੰ ਇਹ ਕੰਮ ਕਰਦਿਆਂ ਕੋਈ ਝਿਜਕ ਜਾਂ ਹਿਚਕਚਾਹਟ ਨਾ ਹੁੰਦੀ। ਬਾਹਰੋਂ ਆਉਣ ਵਾਲੇ ਵੀ ਕੋਈ ਸਾਧਾਰਨ ਬੰਦੇ ਨਹੀਂ ਸੀ ਹੁੰਦੇ! ਪੱਤਰਕਾਰਾਂ 'ਚੋਂ ਸੁਰਜੀਤ ਸਿੰਘ ਸੋਖੀ, ਅਜੀਤ ਕੁਮਾਰ ਉਰਫ਼ ਪ੍ਰਧਾਨ ਜੀ, ਯੂ.ਐੱਨ.ਆਈ.ਵਾਲਾ ਅਰੋੜਾ, ਅੰਗਰੇਜ਼ੀ ਟ੍ਰਿਬਿਊਨ ਵਾਲਾ ਚਤੁਰਵੇਦੀ, ਇੰਡੀਅਨ ਐਕਸਪ੍ਰੈੱਸ ਵਾਲਾ ਕੌੜਾ, ਹਿੰਦੋਸਤਾਨ ਸਮਾਚਾਰ ਏਜੰਸੀ ਵਾਲਾ ਸੁਤੰਤਰ, ਨਵਾਂ ਜ਼ਮਾਨਾ 'ਚੋਂ ਬਾਬਾ ਬੰਨੋਆਣਾ, ਗੁਰਮੀਤ ਨੂੰ ਮੈਂ ਇੱਥੇ ਹੀ ਪਹਿਲੀ ਵਾਰ ਮਿਲਿਆ। ਲੇਖਕਾਂ 'ਚੋਂ ਹਰਭਜਨ ਸਿੰਘ ਹੁੰਦਲ, ਕਰਨੈਲ ਸਿੰਘ ਨਿੱਝਰ, ਡਾ.ਜਗਤਾਰ, ਗੁਰਚਰਨ ਚੀਮਾ, ਨਿਰਮਲ ਅਰਪਨ, ਸੁਰਜੀਤ ਗਿੱਲ, ਡਾ.ਰਘਬੀਰ ਸਿੰਘ ਸਿਰਜਣਾ, ਕ੍ਰਿਸ਼ਨ ਕੁਮਾਰ ਰੱਤੂ, ਜਿੰਦਰ, ਮਨਜੀਤ ਕਾਦਰ, ਪ੍ਰੀਤਮ ਸਿੰਘ ਗੁਰਾਇਆ, ਪ੍ਰਿੰ. ਸੁਜਾਨ ਸਿੰਘ, ਸੁਲੱਖਣ ਸਿੰਘ ਸਰਹੱਦੀ, ਮਾਸਟਰ ਦਰਸ਼ਨ ਸਿੰਘ, ਬੁੱਧ ਸਿੰਘ ਘੁੰਮਣ, ਜਾਗੀਰ ਸਿੰਘ ਜਗਤਾਰ, ਪ੍ਰੋ. ਜਗੀਰ ਸਿੰਘ ਕਾਹਲੋਂ ਤੇ ਹੋਰ ਅਨੇਕਾਂ ਨਾਲ ਵੀ ਪਹਿਲੀਆਂ ਮੁਲਾਕਾਤਾਂ ਇੱਥੇ ਹੀ ਹੋਈਆਂ। ਕਾਮਰੇਡ ਤਾਂ ਸਾਰੇ ਪੰਜਾਬ 'ਚੋਂ ਅਕਸਰ ਆਏ ਰਹਿੰਦੇ। ਜਦੋਂ ਵੀ ਕੋਈ ਆਇਆ, ਮੈਨੂੰ ਅਜਿਹਾ ਮੌਕਾ ਯਾਦ ਨਹੀਂ ਕਿ ਉਹ ਆਉਣ ਵਾਲੇ ਨੂੰ ਤਪਾਕ ਨਾਲ ਨਾ ਮਿਲਿਆ ਹੋਵੇ, ਉਸਦੀ ਗੱਲ ਗਹੁ ਨਾਲ ਨਾ ਸੁਣੀ ਹੋਵੇ। ਇੱਥੋਂ ਤਕ ਕਿ ਸੰਪਾਦਕੀ ਲਿਖ ਰਿਹਾ ਹੁੰਦਾ ਤਾਂ ਵੀ ਗੱਤੇ 'ਤੇ ਲੱਗੇ ਕਾਗ਼ਜ਼ ਪਾਸੇ ਕਰ, ਉਹ ਪਹਿਲਾਂ ਅਗਲੇ ਦੀ ਗੱਲ ਸੁਣਦਾ।

ਮੈਂ ਫੀਲਡ 'ਚੋਂ 'ਲੋਕ ਲਹਿਰ' 'ਚ ਗਿਆ ਸਾਂ। ਮੁਕੇਰੀਆਂ ਇਲਾਕੇ 'ਚ ਅਸੀਂ ਬਹੁਤੇ ਕੰਮ

ਕਰਨ ਵਾਲੇ, ਅਗਾੜੀ-ਪਿਛਾੜੀ ਦੋ ਚਾਰ ਸਾਲਾਂ ਦੇ ਫਰਕ ਨਾਲ ਇਕੱਠੇ ਹੀ ਤੁਰੇ ਸਾਂ। ਇਨਕਲਾਬ ਦਾ ਜਨੂੰਨ ਵੀ ਸੀ ਕਿਉਂਕਿ ਇਲਾਕੇ 'ਚ ਲਹਿਰ ਦਾ ਉਭਾਰ ਨਵਾਂ ਹੀ ਆਇਆ ਸੀ, ਇਸ ਲਈ ਜਥੇਬੰਦਕ ਘੁਣਤਰਾਂ ਜਾਂ ਤਿਕੜਮਾਂ ਵੀ ਘੱਟ ਸਨ। ਇੱਥੇ ਆ ਕੇ ਪਰ ਇਨ੍ਹਾਂ ਦੇ ਝਲਕਾਰੇ ਪੈਣ ਲੱਗੇ। 'ਲੋਕ ਲਹਿਰ' ਦੇ ਸਟਾਫ਼ 'ਚ ਵੀ ਬਹੁਤੇ ਆਪਣੇ ਕੰਮਾਂ ਨੂੰ ਪਹਿਲ ਦੇ ਰਹੇ ਸਨ। ਅਖਬਾਰ ਉਨ੍ਹਾਂ ਲਈ ਦੂਸਰੇ ਨੰਬਰ 'ਤੇ ਹੁੰਦਾ। ਮੈਨੂੰ ਲੱਗਦਾ, ਇਹ ਕਿਹੋ ਜਿਹੇ 'ਹੋਲਟਾਈਮਰ' ਹਨ! ਇਕ ਦਿਨ ਅਸੀਂ ਪੰਜ ਜਣੇ ਹੀ ਦਫ਼ਤਰ 'ਚ ਸਾਂ। ਸੁਹੇਲ ਹੁਰੀਂ, ਅਸ਼ੋਕ ਵਸ਼ਿਸ਼ਟ, ਨਿਰਮਲਾ, ਮੈਂ ਤੇ ਇਕ ਜਣਾ ਹੋਰ। ਉਸ ਜਣੇ ਨੂੰ ਟੈਲੀਫੋਨ ਆ ਗਿਆ ਤੇ ਉਸਨੇ ਸੁਹੇਲ ਨੂੰ ਕਿਹਾ, "ਕਾਮਰੇਡ ਜੀ, ਮੈਨੂੰ ਤਾਂ ਜਾਣਾ ਪੈਣਾ!" ਤੇ ਉਹ ਆਪਣਾ ਬੈਗ ਚੁੱਕ ਕੇ ਤੁਰ ਗਿਆ। ਉਸਦੇ ਜਾਣ ਪਿੱਛੋਂ ਮੈਂ ਕਾਮਰੇਡ ਨੂੰ ਕਿਹਾ, "ਤੁਸੀਂ ਅਨੁਸ਼ਾਸਨ ਕਾਇਮ ਕਿਉਂ ਨਹੀਂ ਕਰਦੇ?" ਬੰਦੇ ਘਟ ਜਾਣ ਕਰਕੇ ਇਕ ਤਾਂ ਪਿੱਛੇ ਰਹਿ ਗਿਆਂ 'ਤੇ ਕੰਮ ਦਾ ਬੋਝ ਵਧ ਜਾਂਦਾ ਸੀ ਤੇ ਫਿਰ ਪੱਧਰ ਵੀ ਨਾ ਰਹਿੰਦਾ।

"ਇਹ ਗੱਲ ਆਪਾਂ ਚਾਹ ਪੀਣ ਵੇਲੇ ਕਰਾਂਗੇ। ਫਿਲਹਾਲ ਖ਼ਬਰਾਂ ਕੱਟ-ਵੱਢ ਕੇ ਦੇਹ। ਸਵੇਰੇ ਅਖ਼ਬਾਰ ਕੱਢਣਾ ਹੈ!" ਤੇ ਚਾਹ ਪੀਂਦਿਆਂ ਉਸ ਕਿਹਾ, "ਅਸੀਂ ਕਿਸੇ ਨੂੰ ਦੇਂਦੇ ਕੀ ਹਾਂ! ਜਿਹੜੀ ਵੇਜ ਅਸੀਂ ਦੇਂਦੇ ਹਾਂ, ਉਸ ਨਾਲ ਉਹ ਰੋਟੀ ਖਾ ਸਕਦਾ...? ... ਜੇ ਰੋਟੀ ਨਹੀਂ ਖਾ ਸਕਦਾ ਤਾਂ ਫਿਰ...?... ਇਹ ਤਾਂ ਹਰ ਇਕ ਦੀ ਸਮਝ ਹੈ! ਉਸ ਸਮਝ ਅਨੁਸਾਰ ਜੋ ਕੁਝ ਵੀ ਕੋਈ ਕਰਦਾ ਹੈ, ਉਹੀ ਬਹੁਤ ਹੈ। ਬਿਨਾਂ ਸਮਝ ਜਾਂ ਬਿਨਾਂ ਪੈਸਿਆਂ ਦੇ ਡਸਿਪਲਨ ਕਾਇਮ ਨਹੀਂ ਹੁੰਦਾ!" ਪੈਸਿਆਂ ਦਾ ਸੱਚਮੁੱਚ ਹੀ ਮਾੜਾ ਹਾਲ ਸੀ। ਮੈਨੂੰ ਮਹੀਨੇ ਦੇ ਦੋ ਸੌ ਰੁਪਏ ਮਿਲਦੇ ਸਨ। ਇਨ੍ਹਾਂ 'ਚੋਂ ਸੌ ਰੁਪਿਆਂ ਦੇ ਲਗਪਗ ਮੈੱਸ ਦਾ ਖਰਚਾ ਆ ਜਾਂਦਾ। ਬਾਕੀ ਸੌ ਰੁਪਿਆਂ 'ਚ ਇਕ ਦੋ ਕਿਤਾਬਾਂ ਖਰੀਦ ਲੈਂਦਾ, ਇਕ ਅੱਧ ਗੇੜਾ ਪਿੰਡ ਮਾਰਨ 'ਤੇ ਕਿਰਾਇਆ ਲੱਗ ਜਾਂਦਾ ਤੇ ਜਾਂ ਫਿਰ ਕਿਸੇ ਸਾਹਿਤਕ ਸਮਾਗਮ ‘ਤੇ ਜਾਣ ਆਉਣ ਦਾ ਕਿਰਾਇਆ। ਉਸ ਦਿਨ ਪਹਿਲੀ ਵਾਰ ਮਹਿਸੂਸ ਹੋਇਆ, ਉਹ ਕਿੰਨ੍ਹਾਂ ਪਰਿਸਥਿਤੀਆਂ 'ਚ ਅਖ਼ਬਾਰ ਦਾ ਪ੍ਰਬੰਧ ਕਰ ਰਿਹਾ ਹੈ। ਇਸ ਨਾਲ ਜਿੱਥੇ ਉਸ ਪ੍ਰਤੀ ਮੇਰੀ ਸ਼ਰਧਾ ਭਾਵਨਾ ਵਧ ਗਈ, ਉੱਥੇ ਬਾਕੀਆਂ ਨਾਲ ਮਾਨਸਿਕ ਦੂਰੀ ਵੀ ਬਣਨ ਲੱਗੀ। ਇਹ ਦੂਰੀ ਫਿਰ ਪਾਰਟੀ ਦੇ ਜਥੇਬੰਦਕ ਢਾਂਚੇ ਨਾਲ ਵੀ ਬਣਨ ਲੱਗੀ। ਸੂਬਾ ਦਫ਼ਤਰ 'ਚ ਵੀ ਮੈਂ ਦੇਖਦਾ ਕਿ 'ਕਮਿਊਨ' ਨਾਂ ਦਾ ਹੀ 'ਕਮਿਊਨ' ਸੀ। ਰੋਟੀ ਇਕੱਠੀ ਇਕ ਹੀ ਥਾਂ ਬਣਦੀ ਸੀ ਪਰ ਆਗੂ ਆਪਣੀ-ਆਪਣੀ ਸਬਜ਼ੀ ਵਾਲੀ ਕੌਲੀ ਤੇ ਰੋਟੀਆਂ ਵਾਲੀ ਪਲੇਟ ਆਪਣੇ ਕਮਰੇ 'ਚ ਲੈ ਜਾਂਦੇ। ਉੱਥੇ ਉਨ੍ਹਾਂ ਨੂੰ ਕਿਸੇ ਨਾ ਕਿਸੇ ਸ਼ਰਧਾਲੂ ਨੇ ਘਿਓ ਦਾ ਡੱਬਾ ਪੁਚਾਇਆ ਹੁੰਦਾ, ਆਚਾਰ, ਫਲ, ਗੁੜ, ਪਿੰਨੀਆਂ... ਤੇ ਉਹ ਉਦੋਂ ਤਕ ਉਨ੍ਹਾਂ ਦਾ ਧੂੰ ਨਾ ਕੱਢਦੇ, ਜਦੋਂ ਤਕ ਉਨ੍ਹਾਂ ਦੇ ਖਰਾਬ ਹੋਣ ਦਾ ਖਦਸ਼ਾ ਨਾ ਪੈਦਾ ਹੋ ਜਾਂਦਾ! ਫਿਰ ਖਰਾਬ ਹੋਣ ਵੱਲ ਵਧ ਰਿਹਾ ਉਹ ਡੱਬਾ ਕਿਚਨ ਸਾਹਮਣੇ ਸੀਮੈਂਟ ਦੇ ਬਣੇ ਡਾਇਨਿੰਗ ਟੇਬਲ 'ਤੇ ਆਣ ਟਿਕਦਾ।

ਜਿਉਂ-ਜਿਉਂ ਇਸ ਕੁਝ ਨਾਲ ਨੇੜਿਉਂ ਬਾਵਸਤਾ ਹੁੰਦਾ ਗਿਆ, ਪਾਰਟੀ ਪ੍ਰਤੀ ਮੇਰਾ ਅਲਗਾਵ ਵਧਦਾ ਗਿਆ। ਫਿਰ ਤਾਂ ਹਰ ਪਾਸੇ ਨੁਕਸ ਹੀ ਨੁਕਸ ਨਜ਼ਰ ਆਉਣ ਲੱਗੇ। ਇਨਕਲਾਬੀ ਲਹਿਰ ਦੇ ਢਾਂਚੇ ਦਾ ਉਹ ਸੁਪਨਾ, ਜਿਹੜਾ ਰੂਸੀ ਸਾਹਿਤ ਪੜ੍ਹਕੇ ਮੇਰੇ ਮਨ 'ਚ ਬਣਿਆ ਹੋਇਆ ਸੀ, ਧੁੰਦਲਾ ਹੋਣ ਲੱਗਾ। ਪਰ ਦਫ਼ਤਰ ਮੈਂ ਆਪਣਾ ਕੰਮ ਪੂਰੀ ਨਿਸ਼ਠਾ ਨਾਲ ਕਰਦਾ। ਆਪਣੇ ਕੰਮ ਦੇ ਨਾਲ-ਨਾਲ ਬਹੁਤ ਸਾਰੇ ਫੀਚਰ ਵੀ ਲਿਖਦਾ। ਉਦੋਂ ਏਸ਼ੀਅਨ ਖੇਡਾਂ ਦਿੱਲੀ ਵਿਖੇ ਹੋਣੀਆਂ ਸਨ। ਇਸ ਲਈ ਬਣ ਰਹੇ ਸਟੇਡੀਅਮ 'ਚ ਹੋ ਰਹੇ ਘਪਲਿਆਂ ਬਾਰੇ ਇਧਰੋਂ-ਉਧਰੋਂ ਅਖ਼ਬਾਰ ਰਸਾਲੇ ਪੜ੍ਹਕੇ ਮੈਂ ਇਕ ਲੇਖ ਲਿਖਿਆ '1982 ਦੀਆਂ ਏਸ਼ੀਆਈ ਖੇਡਾਂ'। ਪੜ੍ਹਕੇ ਕਾਮਰੇਡ ਸੁਹੇਲ ਨੇ ਇਸਨੂੰ ਸੰਪਾਦਕੀ ਸਫ਼ੇ 'ਤੇ ਛਾਪਣ ਲਈ ਤਾਂ ਦੇ ਦਿੱਤਾ ਪਰ ਨਾਲ ਹੀ ਕਿਹਾ, "ਤੂੰ ਕਵਿਤਾ, ਕਹਾਣੀ ਤਕ ਹੀ ਸੀਮਤ ਰਹਿ ਜਾਂ ਫੀਚਰ ਲਿਖ ਲਏ। ਇਹੋ ਜਿਹੇ ਬੇਜਾਨ ਲੇਖ ਲਿਖਣ ਲਈ ਸਾਨੂੰ

ਹੀ ਰਹਿਣ ਦੇ!" ਮੈਨੂੰ ਉਸ ਦੀ ਸਲਾਹ ਬਹੁਤੀ ਚੰਗੀ ਨਾ ਲੱਗੀ। ਉਦੋਂ ਤਾਂ ਸਗੋਂ ਬੁਰੀ ਵੀ ਲੱਗੀ ਜਦੋਂ 29 ਸਤੰਬਰ ਵਾਲੇ ਅੰਕ 'ਚ ਛਪਣ 'ਤੇ, ਇਸਦੀ ਕੁਝ ਕਾਮਰੇਡਾਂ ਨੇ ਤਾਰੀਫ਼ ਵੀ ਕੀਤੀ। ਪਰ ਮੈਂ ਮੁੜ ਅਜਿਹਾ ਲੇਖ ਲਿਖਣ ਦਾ ਹੌਂਸਲਾ ਨਾ ਕਰ ਸਕਿਆ। ਮੇਰੇ ਮਨ 'ਚ ਇਕ ਟੀਸ ਬਣ ਗਈ, ਜਿਹੜੀ ਬਹੁਤ ਬਾਅਦ 'ਚ ਜਾ ਕੇ ਦੂਰ ਹੋਈ। ਇਸ ਗੱਲ ਦੀ ਸਮਝ ਆਈ ਕਿ ਉਸ ਨੇ ਮੈਨੂੰ ਇਧਰੋਂ ਰੋਕ ਕੇ ਕਿੰਨਾ ਸਿਰਜਣਾਤਮਕ ਮੋੜ ਦਿੱਤਾ ਸੀ! ਨਹੀਂ ਤਾਂ ਮੈਂ ਵੀ ਪੱਤਰਕਾਰਤਾ ਦੀਆਂ ਟਿੱਪਣੀਆਂ 'ਚ ਗੁਆਚ ਕੇ ਰਹਿ ਜਾਣਾ ਸੀ, ਜਿਵੇਂ ਉਹ ਰਹਿ ਗਿਆ ਸੀ।

15 ਜਨਵਰੀ 1936 ਨੂੰ ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਨਿੱਬਰਵਿੰਡ 'ਚ ਬਾਠ ਜੱਟ ਦੇ ਘਰ ਜਨਮੇ ਸੁਹੇਲ ਨੇ ਉਦੋਂ ਹੀ ਕਹਾਣੀਆਂ, ਕਵਿਤਾਵਾਂ ਲਿਖਣੀਆਂ ਸ਼ੁਰੂ ਕਰ ਦਿੱਤੀਆਂ ਸਨ ਜਦੋਂ ਉਹ ਅਜੇ ਅੱਠਵੀਂ 'ਚ ਪੜ੍ਹਦਾ ਸੀ। ਦੋ ਭੈਣਾਂ ਤੇ ਦੋ ਭਰਾਵਾਂ 'ਚੋਂ ਸੁਹੇਲ ਤੀਸਰੇ ਥਾਂ 'ਤੇ ਸੀ। ਬਾਪ ਸਰਦਾਰ ਹਜ਼ਾਰਾ ਸਿੰਘ ਨੇ ਪਹਿਲਾਂ ਫੌਜ 'ਚ ਨੌਕਰੀ ਕੀਤੀ ਤੇ ਉੱਥੋਂ ਰਿਟਾਇਰ ਹੋ ਕੇ ਜੰਗਲਾਤ ਵਿਭਾਗ 'ਚ। ਸਾਹਿਤ ਵੱਲ ਰੁਝਾਨ ਹੋਣ ਕਰਕੇ ਸੁਹੇਲ ਕਾਮਰੇਡਾਂ ਦੇ ਢਹੇ ਚੜ੍ਹ ਗਿਆ। ਕੁਝ ਚਿਰ ਪਾਰਟੀ ਨਾਲ ਸਰਗਰਮੀ ਕੀਤੀ ਤੇ 1955 'ਚ ਉਹ 'ਨਵਾਂ ਜ਼ਮਾਨਾ' ਦੇ ਸੰਪਾਦਕੀ ਮੰਡਲ 'ਚ ਆਣ ਸ਼ਾਮਲ ਹੋਇਆ। 1961 'ਚ ਉਸਦਾ ਪਹਿਲਾ ਕਹਾਣੀ ਸੰਗ੍ਰਹਿ ਛਪਿਆ 'ਬੰਜਰ ਧਰਤੀ' ਸੁਹੇਲ **ਸਿੰਘ** ਅੰਮ੍ਰਿਤਸਰੀ ਦੇ ਨਾਂ ਹੇਠ। ਪਰ ਹੌਲ਼ੀ-ਹੌਲ਼ੀ ਸਾਹਿਤ ਉਸ ਤੋਂ ਛੁੱਟਦਾ ਗਿਆ ਤੇ ਪੱਤਰਕਾਰਤਾ ਉਸ 'ਤੇ ਹਾਵੀ ਹੁੰਦੀ ਗਈ, ਭਾਵੇਂ ਸਾਹਿਤ ਦੀ ਮੱਸ ਉਸ ਅੰਦਰੋਂ ਪੂਰੀ ਤਰ੍ਹਾਂ ਸੁੱਕੀ ਨਾ। ਤੇ ਇਸਦੀ ਪੂਰਤੀ ਲਈ ਵੇਲ਼ੇ-ਕੁਵੇਲ਼ੇ ਕੁਝ ਨਾ ਕੁਝ ਕਰਦਾ ਵੀ ਰਿਹਾ। ਉਸਨੇ ਕੁਝ ਕਵਿਤਾਵਾਂ ਵੀ ਲਿਖੀਆਂ, ਚੀਨੀ ਨਾਵਲ 'ਮੱਛੀ ਤੇ ਪਾਣੀ' ਦਾ ਅਨੁਵਾਦ ਵੀ ਕੀਤਾ ਜਿਹੜਾ 1975 'ਚ ਛਪਿਆ। ਗ਼ਦਰੀ ਬਾਬਾ ਅਮਰ ਸਿੰਘ ਸੰਧਵਾਂ ਦੀ ਜੀਵਨੀ ਲਿਖੀ, 'ਚਾਨਣ ਦੀ ਇਕ ਲੀਕ' ਨਾਂ ਹੇਠ। 1984 'ਚ ਉਸਨੇ 'ਸੱਚ ਕੀ ਬਾਣੀ' ਨਾਂ ਹੇਠ ਪੰਜਾਬ ਸੰਕਟ ਨਾਲ ਸੰਬੰਧਤ ਕਵਿਤਾਵਾਂ ਦੀ ਕਿਤਾਬ ਵੀ ਸੰਪਾਦਤ ਕੀਤੀ ਪਰ ਹਾਵੀ ਉਸ 'ਤੇ ਪੱਤਰਕਾਰਤਾ ਹੀ ਰਹੀ।

ਦਿਨ ਤੇ ਮਹੀਨਾ ਤਾਂ ਯਾਦ ਨਹੀਂ। ਇਕ ਦਿਨ ਲੌਢੇ ਕੁ ਵੇਲ਼ੇ ਉਸ ਨੂੰ ਦੋ ਬੰਦੇ ਮਿਲਣ ਲਈ ਆਏ। ਢਿੱਲੀਆਂ-ਢਿੱਲੀਆਂ ਬੰਨ੍ਹੀਆਂ ਹੋਈਆਂ ਪੱਗਾਂ, ਤੇੜ ਚਾਦਰੇ, ਹਥਿਆਰ ਦੋਹਾਂ ਦੇ ਹੱਥਾਂ 'ਚ ਸੀ। ਇਕ ਕੋਲ ਢਾਈ ਤਿੰਨ ਫੁੱਟ ਦੇ ਲਗਪਗ ਲੰਮਾ ਡਾਂਗ ਤੇ ਦੂਸਰੇ ਕੋਲ ਕਿਰਪਾਨ। ਚਾਹ ਪੀਂਦਿਆਂ ਉਹ ਸੁਹੇਲ ਨਾਲ ਬਾਹਰ ਬੈਠੇ ਹੱਸ-ਹੱਸ ਗੱਲਾਂ ਮਾਰਦੇ ਰਹੇ। ਇਕ ਜਣਾ ਉਸਨੂੰ ਪਿੰਡ ਗੇੜਾ ਮਾਰਨ ਬਾਰੇ ਵੀ ਕਹਿੰਦਾ ਰਿਹਾ। ਉਹ ਚਲੇ ਗਏ ਤਾਂ ਜੰਡਿਆਲਾ ਜੀ ਕਹਿੰਦੇ, "ਲੱਗਦਾ, ਹੁਣ ਭਰਾ ਤੇਰੇ ਨਾਲ ਬਣਾ ਕੇ ਰੱਖਣੀ ਚਾਹੁੰਦਾ ਹੈ।"

"ਬਣਾਉਣੀ ਕਿੱਥੇ ਚਾਹੁੰਦਾ ਹੈ ਜੰਡਿਆਲਾ ਜੀ, ਉਹ ਤਾਂ ਡਰਾਉਣ ਆਇਆ ਹੈ ਕਿ ਪਿੰਡ ਦੀ ਜ਼ਮੀਨ ਦਾ ਖਿਆਲ ਮਨ 'ਚੋਂ ਕੱਢ ਦਿਆਂ... ਨਹੀਂ ਤਾਂ ਫਿਰ ਦੇਖ ਲੈ..." ਅੱਗੇ ਉਹ ਹੱਸ ਕੇ ਚੁੱਪ ਹੋ ਗਿਆ (ਇਹ ਬਹੁਤ ਪਿੱਛੋਂ ਆ ਕੇ ਉਨ੍ਹਾਂ ਦੀ ਪਤਨੀ ਡਾਕਟਰ ਰਘਬੀਰ ਕੌਰ ਤੋਂ ਪਤਾ ਲੱਗਾ, ਪਿੰਡ ਵਾਲੀ ਜ਼ਮੀਨ ਦਾ ਹਿੱਸਾ ਸੁਹੇਲ ਦੇ ਭਰਾ ਨੇ ਦੱਬ ਲਿਆ ਸੀ, ਵਿੰਗੇ-ਟੇਢੇ ਢੰਗ ਨਾਲ ਬਾਪ ਤੋਂ ਵਸੀਅਤ ਕਰਵਾ ਕੇ। ਨਾ ਘਰ ਦਾ ਹਿੱਸਾ ਦਿੱਤਾ ਤੇ ਨਾ ਹੀ ਕੋਈ ਹੋਰ ਪੈਸਾ ਟਕਾ ਮਿਲਿਆ। ਉਸਨੇ ਵੀ ਮੁੜਕੇ ਪਿੰਡ ਵੱਲ ਮੂੰਹ ਨਾ ਕੀਤਾ। ਬਾਪ ਦੀ ਮੌਤ ਹੋ ਜਾਣ 'ਤੇ, ਉਸਦੇ ਸਸਕਾਰ 'ਤੇ ਵੀ ਨਾ ਗਿਆ ਤੇ ਨਾ ਹੀ ਸਾਨੂੰ ਜਾਣ ਦਿੱਤਾ। ਨਾ ਘਰ/ਪਿਛੋਕੜ ਬਾਰੇ ਕੋਈ ਗੱਲ ਕਰਦਾ ਸੀ।) ਹਾਲਾਂਕਿ ਜਿਹੋ ਜਿਹੇ ਉਸ ਵੇਲੇ ਹਾਲਾਤ ਸਨ ਤੇ ਉਸਦੇ ਸੰਪਰਕ ਵੀ, ਰਾਜਸੀ ਤੇ ਪੁਲੀਸ ਦਾ ਦਬਾਅ ਵਰਤ ਕੇ ਉਹ ਕੁਝ ਵੀ ਕਰਵਾ ਕਰ ਸਕਦਾ ਸੀ, ਪਰ ਉਸਦੇ ਮਨ ਅੰਦਰ ਰਿਸ਼ਤਿਆਂ ਦੇ ਸਵਾਰਥੀਪਣ ਦੀ ਕਿਤੇ ਅਜਿਹੀ ਪੱਚਰ ਚੁਭ ਗਈ ਸੀ ਕਿ ਉਸਨੇ ਉਹ ਵਰਕੇ ਹੀ ਪਾੜ ਦਿੱਤੇ ਸਨ।

ਪਿਛਾਂਹ ਨੂੰ ਵਾਹੇ ਹੋਏ ਚੱਪਾ-ਚੱਪਾ ਭਰ ਸਿਰ ਦੇ ਵਾਲ, ਪੋਟਾ-ਪੋਟਾ ਭਰ ਦਾੜ੍ਹੀ ਮੁੱਛਾਂ, ਗੋਰਾ

ਰੰਗ, ਚਮਕ ਨਾਲ ਭਰੀਆਂ ਅੱਖਾਂ, ਛੀਂਟਕਾ ਜਿਹਾ ਸਰੀਰ। ਚਿਹਰਾ ਸਦਾ ਹਸੂੰ-ਹਸੂੰ ਕਰਦਾ ਲੱਗਦਾ। ਉਸ ਦੇ ਅੰਦਰ ਭਾਵੇਂ ਜਿਹੋ ਜਿਹੇ ਮਰਜ਼ੀ ਤਣਾਅ ਚੱਲ ਰਹੇ ਹੋਣ, ਚਿਹਰੇ ਤੋਂ ਉਨ੍ਹਾਂ ਦਾ ਪਰਤੌਅ ਮੈਂ ਕਦੀ ਨਾ ਦੇਖਿਆ। ਏਨਾ ਸੀ ਉਸ ਦਾ ਆਪਣੇ ਆਪ 'ਤੇ ਜ਼ਬਤ।

'ਲੋਕ ਲਹਿਰ' ਦਫ਼ਤਰ 'ਚ ਦਿਨੋਂ ਦਿਨ ਵਧ ਰਹੀ ਸੰਕੀਰਨਤਾ, ਸੂਬਾ ਦਫ਼ਤਰ 'ਚ ਆਗੂਆਂ ਦੀ ਕਹਿਣੀ ਤੇ ਕਰਨੀ 'ਚ ਦਿਸਦੇ ਫ਼ਰਕ, ਮੈਨੂੰ ਦੂਰ ਤੋਂ ਦੂਰ ਕਰਦੇ ਗਏ ਤੇ ਮੈਂ ਅਖ਼ਬਾਰ ਨੂੰ ਅਲਵਿਦਾ ਕਹਿਣ ਦਾ ਫੈਸਲਾ ਕਰ ਲਿਆ, ਜਿਸ ਬਾਰੇ ਮੈਂ ਬਹਾਨਾ ਇਹ ਬਣਾਇਆ, 'ਘਰ ਦੇ ਕੁਝ ਕੰਮਾਂ 'ਚ ਮੇਰੀ ਲੋੜ ਹੈ, ਇਸ ਲਈ ਮੈਨੂੰ ਪਿੰਡ ਜਾਣਾ ਪੈਣਾ!' ਸੁਹੇਲ ਤੋਂ ਬਿਨਾਂ ਮੈਨੂੰ ਕਿਸੇ ਪੁੱਛਿਆ ਵੀ ਨਾ, "ਕੋਈ ਸਮੱਸਿਆ ਹੈ ਤਾਂ ਦੱਸ ਜਾਂ ਤੂੰ ਕਿਉਂ ਛੱਡ ਰਿਹਾ ਹੈਂ?" ਮਨ ਅੰਦਰਲਾ ਕਾਰਨ ਤਾਂ ਮੈਂ ਉਸਨੂੰ ਵੀ ਨਾ ਦੱਸਿਆ ਤੇ 3 ਜੁਲਾਈ 1983 ਨੂੰ ਉੱਥੋਂ ਪਿੰਡ ਵੱਲ ਚਾਲੇ ਪਾ ਦਿੱਤੇ। ਮੁੜਨ ਲੱਗਿਆਂ ਉਸ ਮੁੜ ਜ਼ੋਰ ਦਿੱਤਾ, "ਹੁਣ ਤਾਂ ਤੇਰੇ ਕੋਲ਼ ਸਾਹਿਤ ਲਈ ਖੁੱਲ੍ਹਾ ਵਕਤ ਹੋਵੇਗਾ। ਉਸ 'ਚੋਂ ਕੁਝ ਵਕਤ ਕੱਢ ਕੇ ਇਲਾਕੇ ਦੀਆਂ ਸਮੱਸਿਆਵਾਂ ਬਾਰੇ ਲੇਖ/ਫੀਚਰ ਸਾਡੇ ਲਈ ਵੀ ਲਿਖੀਂ... ਤੇਰੇ 'ਚ ਸਮਰੱਥਾ ਹੈ, ਇਸਨੂੰ ਐਵੇਂ ਨਾ ਰੁਲਣ ਦੇਵੀਂ।"

ਪਿੰਡ ਆ ਕੇ ਵੀ ਮੈਂ 'ਲੋਕ ਲਹਿਰ' ਨਾਲ ਜੁੜਿਆ ਰਿਹਾ ਤਾਂ ਸੁਹੇਲ ਕਰਕੇ ਹੀ। ਕੁਝ ਸਿੱਧੇ ਨਾਹਰੇ ਵਾਲੀਆਂ ਜਿਹੋ ਜਿਹੀਆਂ ਕਹਾਣੀਆਂ, ਕਵਿਤਾਵਾਂ, ਲੇਖ ਉਦੋਂ ਲਿਖਦਾ ਸਾਂ, ਉਹ 'ਲੋਕ ਲਹਿਰ', 'ਨਵਾਂ ਜ਼ਮਾਨਾ' ਜਾਂ ਦੂਸਰੇ ਇਨਕਲਾਬੀ ਪਰਚਿਆਂ ਤੋਂ ਬਿਨਾਂ ਘੱਟ ਹੀ ਕਿਸੇ ਹੋਰ ਥਾਂ ਛਪ ਸਕਦੇ ਸਨ। ਇਨਕਲਾਬ ਦਾ ਜਨੂੰਨ ਸੀ। ਇਹ ਤਾਂ ਲਗਦਾ, ਜਥੇਬੰਦਕ ਢਾਂਚੇ 'ਚ ਗੜਬੜਾਂ ਹਨ, ਪਰ ਇਹ ਵੀ ਲਗਦਾ ਇਹ ਦੂਰ ਕੀਤੀਆਂ ਜਾ ਸਕਦੀਆਂ ਹਨ। ਕੁਝ ਸਾਡੇ ਮੁਕੇਰੀਆਂ ਇਲਾਕੇ 'ਚ ਇਹ ਉਦੋਂ ਸੀ ਵੀ ਘੱਟ। ਹਰ ਹਫ਼ਤੇ, ਨਹੀਂ ਤਾਂ ਇਕ ਹਫ਼ਤਾ ਛੱਡ ਕੇ, ਮੇਰੀ ਕੋਈ ਨਾ ਕੋਈ ਰਚਨਾ ਜ਼ਰੂਰ 'ਲੋਕ ਲਹਿਰ' ਦੇ ਸਪਤਾਹਕ ਅੰਕ 'ਚ ਛਪੀ ਹੁੰਦੀ। ਸੋਮਵਾਰ ਨੂੰ ਮੈਂ ਪਿੰਡੋਂ ਡਾਕ ਰਾਹੀਂ ਰਚਨਾ ਵਾਲਾ ਲਫਾਫਾ ਪੋਸਟ ਕਰਦਾ, ਆਉਂਦੇ ਐਤਵਾਰ 'ਚ ਉਹ ਛਪੀ ਹੁੰਦੀ ਜਾਂ ਵੱਧ ਤੋਂ ਵੱਧ ਅਗਲੇ ਹਫ਼ਤੇ ਵਾਲੇ ਅੰਕ 'ਚ। 1986 ਕੁ ਤਕ ਇਹ ਸਿਲਸਿਲਾ ਲਗਾਤਾਰ ਚਲਦਾ ਰਿਹਾ। 86 ਦੇ ਅੱਧ ਕੁ ਜਿਹੇ 'ਚ ਆ ਕੇ ਜਿਹੜਾ ਲਫਾਫਾ ਮੈਂ ਭੇਜਿਆ, ਉਹ ਰਚਨਾ ਦੋ ਹਫ਼ਤਿਆਂ ਤਕ ਨਾ ਛਪੀ। ਮੈਨੂੰ ਲੱਗਿਆ ਹੋ ਸਕਦਾ ਹੈ ਲਫਾਫਾ ਡਾਕ 'ਚ ਗੁੰਮ ਹੋ ਗਿਆ ਹੋਵੇ ਜਾਂ ਰਚਨਾ ਪਸੰਦ ਨਾ ਆਈ ਹੋਵੇ। ਫਿਰ ਹੋਰ ਰਚਨਾਵਾਂ ਭੇਜੀਆਂ, ਪਰ ਉਹ ਵੀ ਨਾ ਛਪੀਆਂ। ਲਗਪਗ ਦੋ ਮਹੀਨੇ ਲਗਾਤਾਰ ਭੇਜੀਆਂ ਜਾ ਰਹੀਆਂ ਰਚਨਾਵਾਂ ਦਾ ਕੋਈ ਥਹੁ-ਪਤਾ ਨਾ ਲੱਗੇ; ਨਾ ਹੀ ਇਹ ਸਮਝ ਆਵੇ, ਇਹ ਇਕਾਇਕ ਕੀ ਹੋ ਗਿਆ ਹੈ। ਟੈਲੀਫੋਨ ਦੀ ਸਹੂਲਤ ਉਦੋਂ ਏਨੀ ਆਮ ਨਹੀਂ ਸੀ ਹੁੰਦੀ।

ਇਨ੍ਹਾਂ ਦਿਨਾਂ 'ਚ ਸਾਹਿਤ ਸਭਾ ਦੀ ਕਿਸੇ ਮੀਟਿੰਗ 'ਚ ਤਲਵਾੜੇ ਗਿਆ। ਮੀਟਿੰਗ ਤੋਂ ਬਾਅਦ ਸੁਖਦਰਸ਼ਨ ਨੱਤ ਦੇ ਕੁਆਟਰ 'ਚ ਚਾਹ ਪੀਂਦਿਆਂ ਐਵੇਂ ਹੀ ਉੱਥੇ ਪਿਆ ਰਸਾਲਾ 'ਹਿਰਾਵਲ ਦਸਤਾ' ਫੋਲਣ ਲੱਗ ਪਿਆ। ਉਸ ਵਿਚ ਮੇਰੇ ਨਾਂ ਹੇਠ ਪ੍ਰੈੱਸ ਸਕੱਤਰ, ਜ਼ਿਲ੍ਹਾ ਹੁਸ਼ਿਆਰਪੁਰ ਵਜੋਂ ਜਮਹੂਰੀ ਅਧਿਕਾਰ ਸਭਾ ਦੇ ਹੋਏ ਜ਼ਿਲ੍ਹਾ ਅਜਲਾਸ ਦੀ ਰਿਪੋਰਟ ਛਪੀ ਹੋਈ ਸੀ, ਜਿਸ ਵਿਚ ਮੈਨੂੰ ਪ੍ਰੈੱਸ ਸਕੱਤਰ ਚੁਣਿਆ ਗਿਆ ਸੀ। ਇਕਦਮ ਮੈਨੂੰ ਸਮਝ ਆ ਗਈ, ਮੇਰੀਆਂ ਰਚਨਾਵਾਂ 'ਲੋਕ ਲਹਿਰ' 'ਚ ਕਿਉਂ ਨਹੀਂ ਛਪ ਰਹੀਆਂ। ਜਮਹੂਰੀ ਅਧਿਕਾਰ ਸਭਾ, ਨਕਸਲੀਆਂ ਦੇ ਪ੍ਰਭਾਵ ਹੇਠ ਸਮਝੀ ਜਾਂਦੀ ਸੀ, ਜਿਸਦੇ ਸੀ.ਪੀ.ਐੱਮ. ਵਾਲੇ 'ਚੁੱਪਚਾਪ' ਵਿਰੋਧੀ ਸਨ। ਨਿਸ਼ਚੇ ਹੀ ਮੈਨੂੰ ਨਾ ਛਾਪਣ ਦਾ ਫੈਸਲਾ ਸੰਪਾਦਕੀ ਸਟਾਫ਼ 'ਚ ਸੁਚੇਤ ਤੌਰ 'ਤੇ ਲਿਆ ਗਿਆ ਸੀ। ਇਹ ਫੈਸਲਾ ਕਿਸ ਦੀ ਪਹਿਲ 'ਤੇ ਲਿਆ ਗਿਆ, ਇਹ ਪੱਕਾ ਨਹੀਂ, ਪਰ ਇਕ ਗੱਲ ਨਿਸ਼ਚੇ ਹੀ ਪੱਕੀ ਸੀ ਕਿ ਇਸ ਪਿੱਛੇ ਸੁਹੇਲ ਦੀ ਕੋਈ ਭੂਮਿਕਾ ਨਹੀਂ ਸੀ। ਇਸ ਪਿੱਛੋਂ ਨਾ ਮੈਂ

ਕੁਝ 'ਲੋਕ ਲਹਿਰ' ਨੂੰ ਭੇਜਿਆ, ਨਾ ਛਪਿਆ, ਭਾਵੇਂ ਜਲੰਧਰ ਜਾਂਦਾ ਤਾਂ 'ਲੋਕ ਲਹਿਰ' 'ਚ ਜ਼ਰੂਰ ਜਾਂਦਾ। ਉੱਥੇ ਚਾਹ ਵੀ ਪੀਂਦਾ, ਪਰ 'ਲੋਕ ਲਹਿਰ' 'ਚ ਛਪਣ ਦਾ ਸਾਥ ਛੁੱਟ ਗਿਆ ਸੀ। ਮਈ 1989 'ਚ 'ਨਵਾਂ ਜ਼ਮਾਨਾ' 'ਚ ਜਾਣ ਕਰਕੇ ਮੁੜ ਜਲੰਧਰ ਰਹਿਣ ਦਾ ਸਬੱਬ ਬਣ ਗਿਆ। ਵਿਹਲਾ ਹੁੰਦਾ ਤਾਂ ਮਹੀਨੇ, ਦੋ ਮਹੀਨਿਆਂ ਬਾਅਦ ਸੁਹੇਲ ਕੋਲ ਜਾ ਬੈਠਦਾ। ਇਕ ਦਿਨ ਉੱਥੇ ਬੈਠਿਆਂ ਉਸ ਦੇ ਕਾਲਮ 'ਹੁੱਝਾਂ ਤੇ ਆਰਾਂ' ਬਾਰੇ ਗੱਲ ਤੁਰ ਪਈ ਤਾਂ ਉਸ ਇਸ ਕਾਲਮ ਦੇ ਪਿਛੋਕੜ ਬਾਰੇ ਦੱਸਿਆ, "ਜਨਵਰੀ 1967 ਦੀ ਗੱਲ ਹੈ। ਉਦੋਂ ਪੰਜਾਬੀ ਦਾ ਸਪਤਾਹਕ 'ਲਲਕਾਰ' ਛਪਦਾ ਹੁੰਦਾ ਸੀ। ਉਸ ਵਿਚ ਇਕ ਅਜਿਹਾ ਮਜ਼ਾਹੀਆ ਕਾਲਮ ਛਪਦਾ ਸੀ, ਜਿਸ ਵਿਚ ਸਿਆਸੀ ਟਕੋਰਾਂ ਕੀਤੀਆਂ ਹੁੰਦੀਆਂ ਸਨ। ਉਸ ਤੋਂ ਪ੍ਰੇਰਣਾ ਲੈ ਮੈਂ ਇਹ ਕਾਲਮ ਸ਼ੁਰੂ ਕੀਤਾ। ਜਨਵਰੀ ਤੋਂ ਅਪਰੈਲ 1967, ਉਦੋਂ ਇਹ ਕਾਲਮ ਤਿੰਨ ਕੁ ਮਹੀਨੇ ਹੀ ਚੱਲ ਸਕਿਆ ਕਿ 'ਲੋਕ ਲਹਿਰ' ਰੋਜ਼ਾਨਾ ਤੋਂ ਸਪਤਾਹਿਕ ਹੋ ਗਈ ਤੇ ਇਹ ਕਾਲਮ ਲਿਖਣਾ ਬੰਦ ਕਰ ਦਿੱਤਾ। 1973 'ਚ ਮੁੜ ਅਖਬਾਰ ਰੋਜ਼ਾਨਾ ਹੋਈ ਤਾਂ ਇਹ ਕਾਲਮ ਮੁੜ ਸ਼ੁਰੂ ਕੀਤਾ। ਜੂਨ 1975 'ਚ ਐਮਰਜੈਂਸੀ ਲੱਗ ਗਈ ਤਾਂ 'ਲੋਕ ਲਹਿਰ' ਮੁੜ ਸਪਤਾਹਕ ਕਰ ਦਿੱਤੀ। ਸਪਤਾਹਕ ਹੋਣ ਨਾਲ ਕਾਲਮ ਮੁੜ ਬੰਦ ਕਰ ਦਿੱਤਾ, ਜਿਸਨੂੰ 1978 'ਚ ਅਖ਼ਬਾਰ ਦੇ ਰੋਜ਼ਾਨਾ ਹੋਣ 'ਤੇ ਫਿਰ ਲਿਖਣਾ ਸ਼ੁਰੂ ਕੀਤਾ... ਪਹਿਲਾਂ ਇਸਦਾ ਨਾਂ 'ਟਕੋਰਾਂ' ਹੁੰਦਾ ਸੀ ਤੇ ਮੈਂ ਟਕੋਰਚੀ ਦੇ ਨਾਂ ਹੇਠ ਲਿਖਦਾ ਸਾਂ। ਪਰ 1978 'ਚ ਇਹ ਨਾਂ ਬਦਲ ਕੇ 'ਹੁੱਝਾਂ ਤੇ ਆਰਾਂ' ਕਰ ਦਿੱਤਾ। 'ਹੁੱਝ' ਦਾ ਅਰਥ ਹੁੰਦਾ ਹੈ ਕਿਸੇ ਨੂੰ ਮਾੜੀ ਮੋਟੀ ਚੋਭ ਲਾਉਣੀ ਤੇ 'ਆਰ' ਦਾ ਭਾਵ ਅਗਲੇ ਨੂੰ ਤਿੱਖੀ ਚੋਭ ਦੇਣੀ। ਇਹ ਨਾਂ ਇਸ ਲਈ ਕੀਤਾ ਕਿ ਕੁਝ ਅਖ਼ਬਾਰਾਂ ਸਿਧਾਂਤਕ ਪੱਖ ਤੋਂ ਸਾਡੇ ਨੇੜੇ ਹਨ, ਉਨ੍ਹਾਂ ਨੂੰ ਅਸੀਂ ਹੁੱਝਾਂ ਦੀ ਸ਼੍ਰੇਣੀ 'ਚ ਗਿਣਦੇ ਹਾਂ ਤੇ ਕੁਝ ਨਾਲ ਤਿੱਖੇ ਸਿਧਾਂਤਕ ਵਖਰੇਵੇਂ, ਉਨ੍ਹਾਂ ਨੂੰ ਅਸੀਂ ਆਰਾਂ ਦੀ ਸ਼੍ਰੇਣੀ 'ਚ ਰੱਖਦੇ ਹਾਂ। ਸਿਧਾਂਤਕ ਵਖਰੇਵਿਆਂ ਦੇ ਬਾਵਜੂਦ ਅਖ਼ਬਾਰਾਂ ਨੂੰ ਸਦਾ ਅਖ਼ਬਾਰਾਂ ਹੀ ਸਮਝਿਆ ਹੈ ਤੇ ਉਵੇਂ ਹੀ ਉਨ੍ਹਾਂ ਨਾਲ ਆਪਣਾ ਰਵੱਈਆ ਰੱਖਦੇ ਹਾਂ।" ਉਸ ਅੱਗੇ ਦੱਸਿਆ, "ਸਵੇਰੇ ਜਿਉਂ ਹੀ ਅਖ਼ਬਾਰਾਂ ਪੜ੍ਹਨੀਆਂ ਸ਼ੁਰੂ ਕਰਦਾ ਹਾਂ ਤਾਂ ਸੁਰਖੀਆਂ ਉਪਰ ਨਜ਼ਰ ਰੱਖਣੀ ਸ਼ੁਰੂ ਕਰ ਦਿੰਦਾ ਹਾਂ ਕਿ ਕਿਸ ਉਪਰ ਟਿੱਪਣੀ ਲਿਖੀ ਜਾ ਸਕਦੀ ਹੈ। ਅਕਸਰ ਸੰਪਾਦਕੀ ਲਿਖਣ ਤੋਂ ਪਹਿਲਾਂ ਇਹ ਕਾਲਮ ਲਿਖਦਾ ਹਾਂ। ਉਂਝ ਵੀ ਇਹ ਟਿੱਪਣੀਆਂ ਛੋਟੇ-ਛੋਟੇ ਸੰਪਾਦਕੀ ਹੀ ਹੁੰਦੇ ਹਨ ਜਾਂ ਮਿੰਨੀ ਸੰਪਾਦਕੀ। ਇਹ ਹਰ ਅਖ਼ਬਾਰ ਉਪਰ ਉਸਦੇ ਰੁਝਾਨ ਨੂੰ ਮੁੱਖ ਰੱਖ ਕੇ ਕੀਤੀਆਂ ਜਾਂਦੀਆਂ ਹਨ। ਇਨ੍ਹਾਂ ਪਿੱਛੇ ਪੂਰੀ ਸਿਧਾਂਤਕ ਸੂਝ ਹੁੰਦੀ ਹੈ, ਭਾਵੇਂ ਉਹ ਬੇਹੱਦ ਹਲਕੇ-ਫੁਲਕੇ ਢੰਗ ਨਾਲ ਪੇਸ਼ ਕੀਤੀ ਜਾਂਦੀ ਹੈ।"

ਜਿਹੜਾ ਬੰਦਾ ਇੰਨੀ ਤਿੱਖੀ ਸਿਧਾਂਤਕ ਸੂਝ ਰੱਖਦਾ ਹੋਵੇ, ਜਿਹੜਾ ਬੰਦੇ ਨੂੰ ਦੇਖ ਕੇ ਹੀ ਅੰਦਾਜ਼ਾ ਲਾ ਲੈਂਦਾ ਸੀ ਉਸਦੇ ਮਨਸ਼ੇ ਨੂੰ, ਉਹ ਬੰਦਾ ਪਾਰਟੀ ਦੇ ਜਥੇਬੰਦਕ ਢਾਂਚੇ ਅੰਦਰ ਹੁੰਦੀਆਂ ਤਿਕੜਮਬਾਜ਼ੀਆਂ ਨੂੰ ਕਿੰਝ ਨਾ ਸਮਝਦਾ ਹੋਵੇਗਾ। ਤੇ ਫਿਰ 'ਅਨੁਸ਼ਾਸਨ' ਦੇ ਡੰਡੇ ਹੇਠ ਉਨ੍ਹਾਂ ਬਾਰੇ ਮੂੰਹ ਨਾ ਖੋਲ੍ਹ ਸਕਣਾ! ਉਨ੍ਹਾਂ ਨੂੰ ਚੁਪਚਾਪ ਜਰਨਾ! ਪਤਾ ਨਹੀਂ ਉਸ ਅੰਦਰ ਕੀ ਕੀ ਕੁਝ ਖੌਲ੍ਹਦਾ ਰਿਹਾ ਹੋਵੇਗਾ, ਜਿਹੜਾ ਉਸਨੂੰ ਅੰਦਰੋਂ-ਅੰਦਰੀ ਖਾਂਦਾ ਰਿਹਾ ਤੇ ਅੰਤ 8 ਮਾਰਚ 1993 ਨੂੰ ਉਹ ਸਭ ਕੁਝ ਦਿਲ 'ਚ ਲੈ ਕੇ, ਦਿਲ ਦੇ ਦੌਰੇ ਨਾਲ ਸਦਾ ਲਈ ਤੁਰ ਗਿਆ। ਆਖਰ ਕੋਈ ਕਿੰਨਾ ਕੁ ਚਿਰ ਆਪਣੇ ਅੰਦਰ ਖੌਲਦੇ ਲਾਵਿਆਂ ਨੂੰ ਘੁੱਟ ਕੇ ਰੱਖ ਸਕਦਾ!

ਸਹੀ ਸਮਾਂ ਤਾਂ ਯਾਦ ਨਹੀਂ, ਪਰ ਗੱਲ ਇਹ 1992 ਦੀ ਹੈ। ਉਸਦੀ ਮੌਤ ਤੋਂ ਕੁਝ ਸਮਾਂ ਪਹਿਲਾਂ ਦੀ। ਇਕ ਦਿਨ ਅਚਨਚੇਤ ਮੈਨੂੰ ਅਖ਼ਬਾਰ ਦੇ ਪਤੇ 'ਤੇ ਪੁਸ਼ਪਿੰਦਰ ਕੌਰ ਬਾਠ ਨਾਂਅ ਦੀ ਕੁੜੀ ਦਾ ਖਤ ਮਿਲਿਆ। ਵਿਚ ਇਕ ਕਵਿਤਾ ਸੀ ਤੇ ਨਾਲ ਹੀ ਇਕ ਚਿੱਠੀ ਵੀ। ਪੂਰੀ ਸਹੀ ਤਰ੍ਹਾਂ ਤਾਂ ਯਾਦ ਨਹੀਂ ਪਰ ਚਿੱਠੀ ਕੁਝ ਇਸ ਤਰ੍ਹਾਂ ਦੀ ਸੀ "ਮੈਨੂੰ ਤੁਹਾਡੀਆਂ ਕਵਿਤਾਵਾਂ ਬਹੁਤ ਪਸੰਦ ਹਨ। ਮੈਂ ਜੇ.ਐਨ.ਯੂ. 'ਚ ਅੰਗਰੇਜ਼ੀ ਦੀ ਐੱਮ.ਏ. ਕਰ ਰਹੀ ਹਾਂ। ਆਪਣੀ ਇਕ ਕਵਿਤਾ

ਵੀ ਭੇਜ ਰਹੀ ਹਾਂ। ਆਸ ਹੈ ਜ਼ਰੂਰ ਛਾਪੋਗੇ।" ਕਵਿਤਾ ਮੈਨੂੰ ਚੰਗੀ ਲੱਗੀ ਤੇ ਛਾਪੀ ਵੀ।

ਫਿਰ ਹਰ ਹਫਤੇ ਹੀ ਪੁਸ਼ਪਿੰਦਰ ਬਾਠ ਦਾ ਲਫਾਫਾ ਆ ਜਾਂਦਾ। ਲਫਾਫੇ 'ਚ ਇਕ ਕਵਿਤਾ ਹੁੰਦੀ ਤੇ ਇਕ ਪੱਤਰ ਵੀ। ਦੋ ਢਾਈ ਮਹੀਨੇ ਇਹ ਸਿਲਸਿਲਾ ਚੱਲਦਾ ਰਿਹਾ ਤੇ ਸੱਤ ਅੱਠ ਦੇ ਲਗਪਗ ਕਵਿਤਾਵਾਂ ਆਈਆਂ, ਜਿਨ੍ਹਾਂ 'ਚੋਂ ਦੋ ਕੁ ਨੂੰ ਛੱਡ ਕੇ ਬਾਕੀ ਸਾਰੀਆਂ ਛਪੀਆਂ। ਦਿਲਚਸਪ ਗੱਲ ਉਨ੍ਹਾਂ ਸਾਰੀਆਂ ਕਵਿਤਾਵਾਂ ਦੇ ਨਾਲ ਨਿੱਜੀ ਚਿੱਠੀ ਵੀ ਹੁੰਦੀ ਸੀ। ਇਕ ਚਿੱਠੀ 'ਚ ਕੁਝ ਇਸ ਤਰ੍ਹਾਂ ਸੀ, "ਮੈਂ ਇਹ ਚਿੱਠੀ ਜਲੰਧਰ ਰੇਲਵੇ ਸਟੇਸ਼ਨ ਤੋਂ ਲਿਖ ਰਹੀ ਹਾਂ। ਬਹੁਤ ਕਾਹਲ਼ੀ 'ਚ ਹਾਂ। ਮਿਲਣ ਨੂੰ ਬਹੁਤ ਜੀਅ ਚਾਹੁੰਦਾ ਹੈ ਪਰ ਸਮੇਂ ਕਾਰਨ ਬੇਵੱਸ ਹਾਂ।" ਕਵਿਤਾਵਾਂ 'ਚ ਜਾਨ ਹੁੰਦੀ ਸੀ। ਪਰ ਇਸ ਨਾਂਅ ਦੀਆਂ ਕਵਿਤਾਵਾਂ ਮੈਂ ਹੋਰ ਨਾ ਕਿਸੇ ਮੈਗਜ਼ੀਨ ਤੇ ਨਾ ਹੀ ਅਖ਼ਬਾਰ ਵਿਚ ਪੜ੍ਹੀਆਂ। ਦੋ ਕੁ ਮਹੀਨਿਆਂ ਬਾਅਦ ਇਹ ਚਿੱਠੀਆਂ ਤੇ ਕਵਿਤਾਵਾਂ ਦਾ ਸਿਲਸਿਲਾ ਫਿਰ ਅਚਨਚੇਤ ਬੰਦ ਹੋ ਗਿਆ ਜਿਵੇਂ ਸ਼ੁਰੂ ਹੋਇਆ ਸੀ। ਭਾਵੇਂ ਮੇਰੇ ਮਨ 'ਚ ਉਡੀਕ ਅਕਸਰ ਰਹਿੰਦੀ।

ਸੁਹੇਲ ਦੀ ਮੌਤ ਤੋਂ ਬਾਅਦ ਦੀ ਗੱਲ ਹੈ। ਇਕ ਦਿਨ ਦੇਸ਼ ਭਗਤ ਯਾਦਗਾਰ ਹਾਲ ਦੇ ਬਾਹਰ ਖੜ੍ਹਿਆਂ, ਸਬਦੀਸ਼ ਨੇ ਜ਼ਿਕਰ ਕੀਤਾ, "ਪੁਸ਼ਪਿੰਦਰ ਕੌਰ ਬਾਠ ਦੇ ਨਾਂਅ ਉਪਰ ਜਿਹੜੀਆਂ ਕਵਿਤਾਵਾਂ ਛਾਪਦਾ ਰਿਹਾ ਹੈਂ, ਉਹ ਕਾਮਰੇਡ ਸੁਹੇਲ ਦੀਆਂ ਲਿਖੀਆਂ ਹੁੰਦੀਆਂ ਸਨ। ਉਹ ਜਾਣ-ਬੁੱਝ ਕੇ ਸ਼ਰਾਰਤ ਵਜੋਂ ਅਜਿਹਾ ਕਰਦੇ। ਕਵਿਤਾ ਆਪ ਲਿਖਦੇ। ਫਿਰ ਸਾਧੂ ਸਿੰਘ ਦੇ ਬੇਟੇ ਰਾਜੂ ਤੋਂ ਕਿਸੇ ਕਾਪੀ ਦੇ ਕਾਗਜ਼ ਉਪਰ ਲਿਖਵਾਉਂਦੇ ਕਿ ਕਿਤੇ ਸ਼ੱਕ ਨਾ ਪੈ ਜਾਵੇ ਕਿ ਇਹ ਕੁੜੀ ਦਾ ਜਾਅਲੀ ਨਾਂਅ ਹੈ!"

ਸੁਹੇਲ ਦੀ ਮੌਤ ਤੇ ਕਵਿਤਾਵਾਂ ਭੇਜਣ ਵਾਲੀ ਘਟਨਾ ਦੇ ਵਿਚਾਲੇ ਲਗਪਗ ਸਾਲ ਤੋਂ ਵਧੇਰੇ ਦਾ ਫਾਸਲਾ ਹੈ ਤੇ ਇਸ ਸਮੇਂ ਦੌਰਾਨ ਮੈਂ ਕਈ ਵਾਰ ਕਾਮਰੇਡ ਸੁਹੇਲ ਨੂੰ ਮਿਲਦਾ ਰਿਹਾ। ਅਕਸਰ ਹੀ ਹਫਤੇ, ਦਸ ਦਿਨਾਂ ਜਾਂ ਵੱਧ ਤੋਂ ਵੱਧ ਪੰਦਰਾਂ-ਵੀਹਾਂ ਦਿਨਾਂ 'ਚ ਕਿਤੇ ਨਾ ਕਿਤੇ ਸਾਡੀ ਮੁਲਾਕਾਤ ਹੋ ਹੀ ਜਾਂਦੀ ਸੀ। ਕਿਸੇ ਗੋਸ਼ਟੀ/ਸੈਮੀਨਾਰ 'ਚ, ਕਿਸੇ ਜਲਸੇ-ਜਲੂਸ 'ਚ ਜਾਂ ਕਿਸੇ ਪ੍ਰੈੱਸ ਕਾਨਫਰੰਸ 'ਤੇ, ਪਰ ਉਸ ਨੇ ਕਿਤੇ ਇਕ ਵੀ ਵਾਰ ਇਹ ਜ਼ਿਕਰ ਨਾ ਕੀਤਾ। ਇੱਥੋਂ ਤਕ ਕਿ ਜਦੋਂ ਪੁਸ਼ਪਿੰਦਰ ਕੌਰ ਬਾਠ ਦੇ ਨਾਂਅ 'ਤੇ ਕਵਿਤਾਵਾਂ ਛਪ ਰਹੀਆਂ ਸਨ, ਉਸ ਸਮੇਂ ਦੌਰਾਨ ਵੀ ਮੈਂ ਦੋ ਤਿੰਨ ਵਾਰ 'ਲੋਕ ਲਹਿਰ' ਗਿਆ ਹੋਵਾਂਗਾ ਪਰ ਉਸ ਨੇ ਕੋਈ ਮਾੜਾ ਜਿਹਾ ਇਸ਼ਾਰਾ ਵੀ ਨਾ ਕੀਤਾ, ਜਿਸ ਤੋਂ ਸਮਝ ਸਕਾਂ। ਉਸ ਦੀ ਇਹ ਗੱਲ 'ਲੋਕ ਲਹਿਰ' 'ਚ ਉਸ ਵੇਲ਼ੇ, ਉਸ ਨਾਲ ਕੰਮ ਕਰਨ ਵਾਲੇ ਸਾਥੀਆਂ ਇੰਦਰਜੀਤ ਚੁਗਾਵਾਂ, ਸ਼ਬਦੀਸ਼ ਜਾਂ ਸਰਬਜੀਤ ਕੰਗਣੀਵਾਲ ਨਾਲ ਮਿਲਣ 'ਤੇ, ਅਕਸਰ ਜ਼ਿਕਰ 'ਚ ਆ ਜਾਂਦੀ ਹੈ ਤੇ ਫਿਰ ਕਿੰਨਾ-ਕਿੰਨਾ ਚਿਰ ਅਸੀਂ ਹੱਸਦੇ ਵੀ ਹਾਂ ਤੇ ਸੁਹੇਲ ਨੂੰ ਯਾਦ ਕਰਕੇ ਉਦਾਸ ਵੀ ਹੁੰਦੇ! ਮੇਰੇ ਲਈ ਕਾਮਰੇਡ ਸੁਹੇਲ ਦਾ ਤੁਰ ਜਾਣਾ, ਇਕ ਚੰਗੇ ਕਾਮਰੇਡ ਦੇ ਪੱਤਰਕਾਰ ਦਾ ਤੁਰ ਜਾਣਾ ਹੀ ਨਹੀਂ, ਇਕ ਉਸ ਸਖ਼ਸ਼ ਦਾ ਤੁਰ ਜਾਣਾ ਵੀ ਹੈ ਜਿਸਨੇ ਮੈਨੂੰ ਪੱਤਰਕਾਰਤਾ ਦੀ ਪਹਿਲੀ ਪੌੜੀ ਚੜ੍ਹਾਈ ਸੀ! ਜਿਸਦੀ ਮੇਰੀ ਜ਼ਿੰਦਗੀ ਨੂੰ ਅੱਜੋਕੀ ਦਿਸ਼ਾ ਦੇਣ 'ਚ ਅਹਿਮ ਭੂਮਿਕਾ ਹੈ। 000

***(95-ਸੀ, ਪੰਜਾਬ ਐਵੇਨਿਊ, ਸੁਭਾਨਾ, ਜਲੰਧਰ-144022***
***ਫੋਨ: 95309-44345)***

# ਚਾਚਾ ਤੇਜਾ ਸਿਹੁੰ: ਸ਼ਬਦ ਚਿੱਤਰ: ਅਵਤਾਰ ਸਿੰਘ ਬਿਲਿੰਗ

'ਹੱਟੀਆਂ ਵਾਲੀ ਗਲ਼ੀ' ਵਿਚ ਸੀ, ਤੇਜੇ ਦਾ ਘਰ। ਸਾਡੇ ਨਾਲ ਪਿੱਠ ਭਿੜਦੀ। ਉਹਦਾ ਛੋਟਾ ਭਰਾ ਮੇਰੇ ਨਾਲ ਪੜ੍ਹਦਾ ਜਿਸ ਤੋਂ ਕਿਤਾਬ ਕਾਪੀ ਲੈਣ ਲਈ ਮੈਂ ਇਕ ਕੋਠਾ ਟੱਪਦਾ, ਉਹਨਾਂ ਦੀ ਪੌੜੀ ਜਾ ਉਤਰਦਾ। "ਵੇ ਬਚ ਕੇ ਮੱਲਾ। ਹੋਰ ਨਾ ਕਿਤੇ ਜਾਹ ਜਾਂਦੀ ਹੋ ਜਾਵੇ।" ਡੰਡਿਆਂ ਵਾਲੀ ਪੌੜੀ ਉਤਰਦੇ ਨੂੰ ਬੇਬੇ ਧੰਨ ਕੌਰ ਚਿਤਾਵਨੀ ਦਿੰਦੀ। 'ਉੱਚੀ ਬੀਹੀ' ਵਿਚ ਸਾਡਾ ਮਕਾਨ ਆਖ਼ਰੀ ਸੀ। ਪਿੰਡ ਵਿਚ ਸਭ ਤੋਂ ਉੱਚਾ। ਇਸ ਤੋਂ ਅੱਗੇ ਸਰਦਾਰੇ ਔੜੇ ਦਾ ਖੋਲ਼ਾ। ਪਿਛਲੀ ਗਲ਼ੀ ਵਿਚੋਂ ਤੇਜੇ ਦੇ ਗਵਾਂਢੀ ਬਖਤੌਰੇ ਮਹਿਰੇ ਨੇ ਜਦੋਂ ਉਹ ਖੋਲਾ ਖਰੀਦ ਕੇ ਇਧਰ ਨੂੰ ਦਰਵਾਜ਼ਾ ਕੱਢ ਲਿਆ ਤਾਂ ਸਾਨੂੰ ਉਧਰ ਜਾਣ ਆਉਣ ਦੀ ਸੌਖ ਹੋ ਗਈ। ਅਸੀਂ ਨਿਆਣੇ ਨਿੱਕੇ 'ਦਾਈਆਂ ਦੁੱਕੜੇ' 'ਲੁੱਕਣ ਮਚਾਈਆਂ' ਖੇਡਦੇ ਬਖਤੌਰੇ ਦੇ ਦੋ-ਗਲ਼ੀਏ, ਨੀਵੇਂ ਘਰ ਵਿਚ ਨਝਿਜਕ ਜਾ ਲੁਕਦੇ। ਛੂਹਣ ਛੁਹਾਈ ਤੋਂ ਬਚਦੇ, ਦੜਦੜਾਉਂਦੇ ਹੋਏ ਆਰ ਪਾਰ ਲੰਘਦੇ, ਤੇਜੇ ਵੱਲ ਜਾ ਨਿਕਲਦੇ। ਇਕ ਪਾਸੇ ਦਰਜ਼ੀ ਦੀ ਸਿਲਾਈ ਮਸ਼ੀਨ 'ਟਿੱਕ ਟਿੱਕ' ਕਰਦੀ, ਦੂਜੀ ਤਰਫ਼ ਉਸ ਦਾ ਬਾਪੂ ਭਾਗ ਸਿਹੁੰ ਥਥੂਏ ਨਾਲ ਭਾਂਡੇ ਪੱਥਦਾ। ਰੰਗ ਬਿਰੰਗੇ ਪਟੋਲਿਆਂ ਦੇ ਲਾਲਚ ਵੱਸ ਸਾਨੂੰ ਖੇਡ ਭੁੱਲ ਜਾਂਦੀ।

ਗਲ਼ੀ ਤੋਂ ਉਪਰ ਵੱਲ ਨੂੰ ਲੰਬਾ ਖੁੱਲ੍ਹਾ ਵਿਹੜਾ ਵੜਦਿਆਂ ਹੀ ਆਵਾ ਸੀ। ਆਵੇ ਨੇੜੇ ਮਿੱਟੀ ਦੇ ਬਰਤਨ ਚਿਣੇ ਹੋਏ। ਟੁੱਟੇ ਤਿੜਕੇ ਭਾਂਡਿਆਂ ਦੀ ਓਟ ਵਿਚ ਨੀਵੀਂ ਥਾਂ ਲੀਕੜ ਭਗਤ ਦੀ ਗੁਫ਼ਾ-ਨੁਮਾ ਕੁਟੀਆ! ਲੀਕੜ ਨੇ ਜਵਾਨੀ ਵੇਲੇ ਸਾਰੀ ਜ਼ਮੀਨ ਭੋਰ ਭੋਰ ਕੇ ਖਾਧੀ। ਹੁਣ ਘੋਰੀ ਨਗਨ ਸਾਧ ਬਣਿਆ, ਇਹਨਾਂ ਦਾ ਆਸਰਾ ਤੱਕਦਾ ਇਥੇ ਰਹਿੰਦਾ। ਉਹ ਆਪਣੇ ਘੁਰਨੇ ਜਿਹੇ ਵਿਚੋਂ ਹਰੇਕ ਆਏ ਗਏ ਵੱਲ ਦੇਖਦਾ। ਹਨੇਰੇ ਵਿਚ ਬੈਠੀ ਬਿੱਲੀ ਵਾਂਗ ਉਸ ਦੀ ਇਕੋ ਅੱਖ ਲਿਸ਼ਕਦੀ। ਕਦੇ ਕਦਾਈਂ ਉਹ ਪਿੱਛੇ ਉੱਚੀ ਜਗ੍ਹਾ ਬਣੀ ਤੇਜੇ ਦੀ ਦੁਕਾਨ ਮੂਹਰੇ ਦੇਹਲ਼ੀ ਤੋਂ ਬਾਹਰ ਬੈਠਾ ਹੁੰਦਾ। ਮਨ ਦੀ ਮੌਜ ਵਿਚ 'ਓਮਕਾਰ' ਆਖਦਾ, ਆਪਣੀਆਂ ਜਟਾਂ ਝੰਡਕਦਾ ਤਾਂ ਨਿੰਮ ਦੇ ਬੂਰ ਵਾਂਗ ਜੂੰਆਂ ਝੜਦੀਆਂ। ਸਾਨੂੰ 'ਮੁਤਰ ਮੁਤਰ' ਝਾਕਦਿਆਂ ਨੂੰ ਲੀਕੜ ਘੁਰਕਦਾ: "ਬੱਚਿਓ! ਆਖੋ ਓਅੰਕਾਰ! ਹੋ ਜੂ ਬੇੜਾ ਪਾਰ!" ਤੇ ਜੂੰਆਂ ਚੁਗਣ ਲੱਗਦਾ। ਕਹਿੰਦੇ ; ਉਹ 'ਖੂਹੀ ਵਾਲੇ ਰੱਬ' ਦਾ ਚੇਲਾ ਸੀ, ਜਿਸ ਨੇ ਕਿਸੇ ਅਵੱਗਿਆ ਤੋਂ ਕੁੰਟੇ ਹੋਏ ਨੇ ਉਸ ਨੂੰ ਬਲੀਆਂ ਦੇ ਬੰਸੇ ਵਾਂਗ ਘੋਰੀ ਬਣਾ ਦਿੱਤਾ; ਜੋ ਨਾ ਕਦੇ ਨਹਾਉਂਦਾ, ਨਾ ਧੋਂਦਾ।

ਵੱਡਾ ਹੋਇਆ ਵੀ ਮੈਂ ਜਦੋਂ ਤੇਜੇ ਦੀ ਹੱਟੀ ਵੜਦਾ, ਮਸ਼ੀਨ ਦੀ 'ਟਿੱਕ ਟਿੱਕ' ਸੁਣਾਈ ਦਿੰਦੀ। ਮਸ਼ੀਨ ਪਿੱਛੇ ਪੱਬਾਂ ਭਾਰ ਬੈਠਾ ਦਰਜ਼ੀ ਮੋਟੀਆਂ ਐਨਕਾਂ ਵਿਚੋਂ ਮੁਸਕਰਾਉਂਦਾ। 'ਫਿਕਸੋ' ਨਾਲ ਚਿੰਬੇੜੀ ਬੋਕ ਦਾਹੜੀ! ਸਦਾ ਚਿਣ ਕੇ ਬੰਨ੍ਹੀਂ ਕਾਲ਼ੀ-ਸਲੇਟੀ ਪਗੜੀ! ਪੱਗ ਦੀ ਨੋਕ ਤੋਂ ਉਪਰ ਧਾਗੇ ਸਮੇਤ ਟੰਗੀ ਕੰਧੂਈ ਸੂਈ! ਤੇ ਕੀੜੀ ਵਾਂਗ ਕੰਮ ਲੱਗਿਆ ਤੇਜਾ। ਵਿਚ ਵਿਚਾਲੇ 'ਟਿੱਕ -ਟਿੱਕ' ਇਕਦਮ 'ਕੜੱਕ' ਦੇ ਕੇ ਬੰਦ ਹੁੰਦੀ, ਉਹ ਮਸ਼ੀਨ ਨੂੰ ਪਰੇ ਧੱਕਦਾ; ਬਾਰੀਕ ਸੂਈ ਨਾਲ ਕਾਜ ਕਰਦਾ, ਬਟਨ ਲਾਉਂਦਾ ਜਾਂ ਤਰਪਾਈ ਦੇ ਪੁੱਠੇ ਤੋਪੇ ਮਸ਼ੀਨੀ ਸਪੀਡ ਨਾਲ ਭਰਦਾ। ਪੇਂਡੂ ਸ਼ਿਸ਼ਟਾਚਾਰ ਵਜੋਂ ਉਹ ਮੇਰਾ 'ਚਾਚਾ' ਲੱਗਦਾ। ਸਾਰਾ ਪਰਿਵਾਰ ਸਿਰਫ਼ ਪੰਜ ਜੀਆਂ ਦਾ ਸੀ। ਬਿਰਧ ਮਾਂ ਪਿਉ, ਤੇਜਾ, ਭਰਾ ਛੋਟਾ ਅਤੇ ਪੁੱਤਰ। ਸਾਡੀ ਸੋਝੀ ਤੋਂ ਪਹਿਲਾਂ ਉਸ ਦੇ ਦੋ ਵਿਆਹ ਹੋਏ। ਇਕ ਤੋਂ ਬਾਅਦ ਇਕ। ਦੋਵੇਂ ਭੈਣਾਂ। ਪਰ ਬਚੀ ਕੋਈ ਵੀ ਨਾ। ਉਸ

ਦੀ ਮਾਤਾ ਦੇ ਆਖਣ ਅਨੁਸਾਰ, ਉਹ 'ਮੰਗਲੀਕ' ਸੀ। "ਮੰਗਲੀਕ ਦੀ ਬਿਆਹੀ ਨਾ ਕਦੇ ਬਚ ਰਹੀ।" ਮਾਈ ਧੰਨ ਕੌਰ ਯਕੀਨ ਨਾਲ ਆਖਦੀ, ਹਉਕਾ ਭਰਦੀ। ਮੰਗਲ ਗ੍ਰਹਿ ਦੀ ਸ਼ਾਂਤੀ ਲਈ ਉਹ ਹਰੇਕ ਮੰਗਲਵਾਰ ਨੂੰ ਪਤਾਸੇ ਵੰਡਦਾ। ਦਸਵੀਂ ਤਕ ਮੇਰੀ ਆੜੀ ਉਸ ਦੇ ਛੋਟੇ ਭਰਾ ਤਕ ਸੀਮਿਤ ਸੀ ਪਰ ਮਗਰੋਂ ਮੇਰਾ ਸਾਥ ਚਾਚੇ ਤੇਜੇ ਨਾਲ ਵਧਦਾ ਗਿਆ। ਉਸ ਦੀ ਦੁਕਾਨ ਸਦਾ ਖੁੱਲ੍ਹੀ ਰਹਿੰਦੀ। ਮੂੰਹ ਹਨੇਰੇ ਤੋਂ ਲੋਹੀ ਮਿਸਣ ਤੱਕ ਲਗਾਤਾਰ 'ਟਿੱਕ ਟਿੱਕ'! ਉੱਥੇ ਮੈਂ ਕਦੇ ਵੀ ਜਾ ਬੈਠਦਾ। ਪਿੰਡ ਦੀਆਂ ਸਾਰੀਆਂ ਕਨਸੋਆਂ ਉੱਥੋਂ ਮਿਲਦੀਆਂ। ਹੱਟੀ ਵਿਚ ਹਮੇਸ਼ਾ ਵੱਜਦਾ ਵੱਡਾ ਰੇਡੀਓ ਦੇਸ ਦੁਨੀਆ ਦੀਆਂ ਖ਼ਬਰਾਂ ਦਿੰਦਾ। ਉਸ ਕੋਲ਼ੋਂ ਲੈ ਕੇ ਮੈਂ ਜਾਨੀ ਚੋਰ, ਰੂਪ ਬਸੰਤ, ਭਾਗਵਤ ਪੁਰਾਣ, ਭਾਗਵਤ ਗੀਤਾ ਅਤੇ ਬ੍ਰਿਜ ਲਾਲ ਸ਼ਾਸਤਰੀ ਦਾ ਪੰਜਾਬੀ ਵਿਚ ਲਿਖਿਆ 'ਹਨੂੰਮਾਨ ਨਾਟਕ' ਪੜ੍ਹਿਆ। ਮਾਤਾ ਧੰਨ ਕੌਰ ਜਿਵੇਂ ਗੀਤਾਂ ਪਖਾਣਿਆਂ, ਹੇਰਿਆਂ ਸਿੱਠਣੀਆਂ ਦਾ ਖ਼ਜ਼ਾਨਾ ਸੀ।

ਬਾਰ ਵਿਚੋਂ ਆਇਆ ਇਹ ਟੱਬਰ ਦੇਸੀ ਪਰਜਾਪਤ ਲੋਕਾਂ ਦੇ ਮੁਕਾਬਲੇ ਬੜਾ 'ਸੁੱਚਮ' ਸੀ, ਹੁੱਕਾ ਸਿਗਰਟ ਨੂੰ ਹੱਥ ਨਾ ਲਾਉਂਦਾ। ਘਰ ਦਾ ਹਰੇਕ ਜੀਅ ਰੋਟੀ ਖਾਣ ਮਗਰੋਂ ਆਪਣੇ ਬਰਤਨ ਆਪ ਧੋਂਦਾ। ਬਿਰਧ ਮਾਈ ਨੂੰ ਸੁਖਾਲੀ ਰੱਖਣ ਲਈ ਆਪਣੇ ਬਸਤਰਾਂ ਨੂੰ ਵੀ ਹਰ ਕੋਈ ਨਹਾਉਣ ਲੱਗਿਆ ਸਾਬਣ ਨਾਲ ਮਲ-ਘਚੱਲ ਕੇ ਤਾਰ ਉੱਤੇ ਸੁੱਕਣੇ ਪਾਉਣੇ ਨਾ ਭੁੱਲਦਾ। ਬੁੱਢੇ ਮਾਂ ਪਿਉ 'ਵੰਡ' ਤੋਂ ਪਹਿਲੇ ਖੁੱਲ੍ਹਦਿਲੇ ਬਾਰੀਏ ਲੋਕਾਂ ਅਤੇ ਲਹਿੰਦੇ ਪੰਜਾਬ ਵਿਚ ਪਿੱਛੇ ਰਹਿ ਗਈ ਤਹਿਸੀਲ 'ਜੜ੍ਹਾਂ ਵਾਲਾ' ਦੀ ਸੋਨਾ ਉਗਲ਼ਦੀ ਜ਼ਮੀਨ ਦੇ ਸੋਹਿਲੇ ਗਾਉਂਦੇ ਨਾ ਥੱਕਦੇ। ਜਿੱਥੇ ਉਹਨਾਂ ਦੇ ਖੁੱਲ੍ਹੇ ਡੁੱਲ੍ਹੇ ਮਕਾਨ ਦੀ ਪੜੋਸੀ ਨਾਲ ਲੱਗਦੀ ਦੀਵਾਰ ਵਿਚ ਸਾਂਝੀ ਖੂਹੀ ਹੁੰਦੀ। "ਕੀ ਪੁੱਛਦੈਂ, ਉਹ ਲੋਕ ਤਾਂ ਬਾਹਲ਼ੇ ਰਲਾਉਟੇ ਸੀ, ਅੰਤਾਂ ਦੇ ਸਖੀ ਦਿਲ! ਹੱਥੀਂ ਛਾਵਾਂ ਕਰਨ ਵਾਲ਼ੇ। ਮੁਰੱਬਿਆਂ ਦੇ ਮਾਲਕ! ਖੇਤਾਂ ਨੂੰ ਨਹਿਰਾਂ ਦਾ ਪਾਣੀ ਪੈਂਦਾ। ਝੋਟੇ ਦਾ ਸਿਰ ਭੋਇੰ! ਬਈ ਕਾਹਨੂੰ ਕਹਿਨਾਂ। ਬ੍ਰਿਛਾਂ ਵਰਗੀਆਂ ਨਰਮੇ ਦੀਆਂ ਛਟੀਆਂ ਅਰ ਬਾਂਸਾਂ ਵਰਗੇ ਕਮਾਦ। ਲੋਹੜੇ ਦੀ ਫਸਲ ਹੁੰਦੀ। ਉਹ ਸਾਡੇ ਕਿਰਸਾਣ ਹੀ ਤਾਂ ਸਾਨੂੰ ਐਧਰੋਂ ਓਧਰ ਲੈ ਕੇ ਗਏ ਸੀ। ਓਧਰਲੀਆਂ ਜਾਂਗਲ਼ੀ ਜ਼ਨਾਨੀਆਂ ਨੇ ਵੀ ਸਾਡੇ ਘਰੇ ਭਾਂਡੇ ਲੈਣ ਘੋੜੀ 'ਤੇ ਆਉਣਾ। ਸਿਰ 'ਤੇ ਪੱਗ ਵਾਂਗੂੰ ਦੁਪੱਟੇ ਦਾ ਮੰਢੇਸ ਮਾਰ ਕੇ, ਤੇੜ ਕਾਲ਼ਾ ਤੰਬਾ ਲਾਇਆ ਹੋਣਾ। ਸਰੂ ਵਰਗੀਆਂ ਉੱਚੀਆਂ, ਸਿਉ ਰੰਗੀਆਂ ਭਰ ਜੁਆਨ ਦਲੇਰ ਔਰਤਾਂ! ਜਦ ਘੋੜੀ 'ਤੇ ਸਵਾਰ ਹੁੰਦੀਆਂ ਕਾਲ਼ੇ ਤੰਬੇ 'ਚੋਂ ਗੋਰੀਆਂ ਲੰਬੀਆਂ ਗਾਮਚੀਆਂ (ਪਿੰਜਣੀਆਂ) ਕਾਂਸੀ ਦੇ ਛੰਨੇ ਵਾਂਗੂੰ ਲਿਸ਼ਕਦੀਆਂ.." ਗੱਲਾਂ ਕਰਦਾ ਬਾਬਾ ਭਾਗ ਸਿਹੁੰ ਸਾਹ ਨਾ ਲੈਂਦਾ। "ਲੈ ਦੇਖ ਲੈ, ਹੁਣ ਵੀ ਕਿਵੇਂ ਲਾਲ਼ਾਂ ਸਿੱਟਦੈ। ਏਹ ਤਾਂ ਭਾਂਡਿਆਂ ਨੂੰ ਟੁਣਕਾ ਕੇ ਪਸਿੰਦ ਕਰਦੀਆਂ ਜਾਂਗਲ਼ੀ ਤੀਮੀਆਂ ਦੇ ਗੋਲ਼ ਗਿੱਟੇ ਅਰ ਗੋਰੀਆਂ ਗਾਮਚੀਆਂ ਈ ਦੇਖਦਾ ਪਰਖਦਾ ਰਿਹੈ, ਬਾਹਲ਼ਾ ਬਾਂਕਾ ਜਵਾਨ!" ਠਿੱਗਣੀ ਜਿਹੀ ਮਾਤਾ ਧੰਨ ਕੌਰ ਇਕ ਦਿਨ ਜਾਂਗਲ਼ੀਆਂ ਜਿਹੇ ਲੰਬੇ ਲੰਝੇ ਬਜ਼ੁਰਗ ਨੂੰ ਟੁੱਟ ਕੇ ਪੈ ਗਈ ਤਾਂ ਪੈਰਾਂ ਭਾਰ ਬੈਠਾ ਉਹ ਕੱਛੂ ਵਾਂਗੂੰ ਆਪਣੀ ਸਿਰੀ ਗੋਡਿਆਂ ਵਿਚ ਦਿੰਦਾ ਸ਼ਹਿ ਗਿਆ। ਦਰਜ਼ੀ ਸਮੇਤ ਹੁਣ ਇਧਰ ਚੜ੍ਹਦੇ ਪੰਜਾਬ ਵਿਚ ਰਹਿੰਦੇ ਇਹ ਮਾਪੇ ਜਿਵੇਂ ਅੰਦਰਲੇ ਮਨੋਂ ਅਜੇ ਵੀ ਉਧਰ ਬਾਰ ਵਿਚ ਹੀ ਵੱਸਦੇ ਵਿਚਰਦੇ। ਉਹਨਾਂ ਨੇ ਮਿਰਜ਼ੇ ਦਾ ਜੰਡ ਅੱਖੀਂ ਦੇਖਿਆ ਸੀ। "ਓਸ ਜੰਡ ਕੋਲ਼ੋਂ ਤਾਂ ਅਸੀਂ ਨਿੱਤ ਕੱਖ ਪੱਠਾ ਢੋਂਹਦੇ ਰਹੇ ਹਾਂ।" ਬੋਬੋ ਦੇ ਪਰੇ ਹੋਈ ਤੋਂ ਭਾਗ ਸਿਹੁੰ ਮੁੜ ਛਿੜ ਪਿਆ। ਮਿਰਜ਼ੇ ਦੇ ਦੋ ਬੋਲ "ਗੋਲ਼ ਗਿੱਟਾ ਗੋਰੀ ਪਿੰਜਣੀ ਕੱਦ ਜਿਉਂ ਸਰੂ ਦੀ ਢਾਲ਼.." ਸੁਣਾਉਂਦਾ, ਸਾਹਿਬਾਂ ਦੀ ਸਿਫ਼ਤ ਕਰਦਾ, ਉਸ ਨੂੰ ਜਾਂਗਲ਼ੀ ਔਰਤਾਂ ਵਰਗੀ ਦਰਸਾਉਂਦਾ ਮਸਾਂ ਖੁੱਲ੍ਹਿਆ ਹੀ ਸੀ ਕਿ ਸਾਡੀਆਂ ਗੱਲਾਂ ਸੁੰਘਦੀ ਮਾਤਾ ਮੁੜ ਆ ਧਮਕੀ।

"ਮਖਿਆ, ਹੱਲਿਆਂ ਦੀ ਚਾਚੇ ਤੇਜੇ ਨੂੰ ਤਾਂ ਕੋਈ ਸੋਝੀ ਨ੍ਹੀਂ ਹੋਣੀ?" ਮੈਂ ਝੱਟਪੱਟ ਗੱਲ ਦਾ ਰੁਖ਼ ਬਦਲਣ ਲਈ ਬੋਬੋ ਨੂੰ ਪੁੱਛਿਆ।

"ਲੈ ਹੈਅ ਕਮਲ਼ਾ। ਏਹ ਸੁੱਖ ਨਾਲ਼ ਉਦੋਂ ਸੋਹਣਾ ਹੁੰਦੜਹੇਲ ਸੀ, ਜਦ 'ਵੱਢ-ਵਢਾਂਗਾ' ਚੱਲ ਪਿਆ। ਮਾੜੀ ਜਿਹੀ ਸੂਹ ਮਿਲੀ ਤੋਂ ਅਸੀਂ ਤਾਂ ਸਾਊ ਸਭ ਕੁਛ ਛੱਡ ਛੁਡਾ ਕੇ ਕਾਫਲੇ 'ਚ ਆ ਰਲ਼ੇ । ਸਾਡੇ ਸਰਦਾਰ ਕੋਲ਼ ਦੋਨਾਲ਼ੀ ਬੰਦੂਖ ਤੀ। ਆਪਣਾ ਤੇਜਾ ਸਿਹੁੰ ਉਸ ਵਖ਼ਤ ਚੌਥੀ 'ਚ ਉੜਦੂ ਪੜ੍ਹਦਾ ਘਰ ਆ ਕੇ ਗਾਉਂਦਾ,

'ਅਲਫ਼ ਬੇ ਪੇ ਤੇ
ਮੁਨਸ਼ੀ ਜੀ ਮੈਂ ਨ੍ਹੀਂ ਪੜ੍ਹਨਾ
ਮੇਰੀ ਸੱਕਰ ਮੋੜ ਦੇ।'

ਚੰਗਾ ਸੱਬਰਕੱਤਾ ਸਰੀਰ! ਏਹ ਠੇਲ੍ਹਾ ਜਿਹਾ ਤਾਂ ਭਾਈ ਬਹੁਤੇ ਰਾਹ ਤੁਰਦਾ ਆਇਆ।" ਮਾਤਾ ਨੇ ਮਾਣ ਨਾਲ ਦੱਸਿਆ।

ਬੇਸ਼ੱਕ ਉਹ ਬਚ ਰਹੇ ਸਨ ਪਰ ਬਿੱਖੜੇ ਰਾਹਾਂ ਦੀ ਧੂੜ ਤੇਜੇ ਦੇ ਫੇਫੜਿਆਂ ਵਿਚ ਜੰਮ ਗਈ। ਉਸ ਨੂੰ ਰੋਟੀ ਖਾਂਦੇ ਨੂੰ ਪਸੀਨਾ ਆਉਂਦਾ, ਸਿਆਲ਼ ਵਿਚ ਵੀ ਜੇਠ ਹਾੜ੍ਹ ਵਾਂਗ ਸਮੁੱਚੀ ਨੁਹਾਰ ਮੁੜ੍ਹਕੇ ਨਾਲ ਭਿੱਜ ਜਾਂਦੀ। ਉਸ ਦੀ ਵੱਡੀ ਭੈਣ ਅਤੇ ਭਰਾ ਨੂੰ ਵੀ ਕਹਿੰਦੇ, ਅੰਦਰ ਬੈਠੀ ਉਹ ਰੇਹੀ ਆਖ਼ਰੀ ਦਮ ਤਕ ਤੰਗ ਕਰਦੀ ਰਹੀ।

"ਕਾਫ਼ਲੇ 'ਚ ਤੁਰਦਿਆਂ ਨੂੰ ਡਰ ਤਾਂ ਨ੍ਹੀਂ ਲੱਗਦਾ ਹੋਣਾ?" ਮੈਂ ਇਕ ਦਿਨ ਜਾਣਨਾ ਚਾਹਿਆ।

"ਨਾ ਪੁੱਛ ਪੁੱਤਰਾ। ਪੱਤਾ ਪੱਤਾ ਬੈਰੀ ਬਣ ਗਿਆ ਸੀ, ਕਾਕਾ। ਰਾਹ 'ਚ ਆਉਂਦੇ ਅਸੀਂ ਹਵਾ ਨਾਲ਼ ਹਿਲਦੀ ਝਾੜੀ ਨੂੰ ਦੇਖ ਕੇ ਦਹਿਲ ਜਾਂਦੇ। ਪੈਰ ਪੈਰ 'ਤੇ ਡਰ ਸੀ ਮੱਲਾ।" ਮਾਈ ਨੇ ਹਉਕਾ ਲਿਆ।

"ਉੱਥੇ ਥੋਡੇ ਚੱਕ ਵਿਖੇ ਰਹਿੰਦਿਆਂ ਨੂੰ ਵੀ ਥੋਨੂੰ ਕੋਈ ਡਰਾਉਂਦਾ ਸੀ?" ਮੈਂ ਜਗਿਆਸਾ ਵੱਸ ਪੁੱਛਿਆ।

"ਨਹੀਂ। ਡਰਾਇਆ ਧਮਕਾਇਆ ਕਿਸੇ ਨੇ ਨਹੀਂ। ਪਿੰਡ 'ਚ ਹਵਾਈਆਂ ਜਰੂਰ ਉੜਦੀਆਂ। ਬਾਹਰਲੇ ਪਿੰਡਾਂ ਦੇ ਧਾੜਵੀਆਂ ਜਨੂੰਨੀਆਂ ਦੇ ਆਉਣ ਬਾਰੇ।"

"ਹਵਾ' ਚ ਵਿਹੁ ਫੈਲ ਗਈ ਤੀ। ਚੰਗੇ ਭਲੇ 'ਕੱਠੇ ਵਸਦਿਆਂ ਨੂੰ ਇਕ ਦੂਏ 'ਤੇ ਹੀ ਬੇਵਿਸਾਹੀ ਹੋ ਗੀ ਤੀ।" ਬਾਬੇ ਨੇ ਦਖ਼ਲ ਦਿੱਤਾ।

"ਹੁਣ ਆਪਾਂ ਸਾਰੇ ਜੀਅ ਇਕੋ ਘਰ 'ਚ 'ਕੱਠੇ ਹੱਸਦੇ ਵਸਦੇ ਹਾਂ। ਏਸੇ ਕਰ ਕੇ ਬਈ ਸਾਨੂੰ ਇਕ ਦੂਏ 'ਤੇ ਇਤਬਾਰ ਹੁੰਦਾ। ਜੇ ਭਲਾ ਕਦੇ ਆਪਣਾ ਕੋਈ ਜੀਅ ਸੁਦਾਈ ਹੋ ਜਾਵੇ, ਆਪਾਂ ਨੂੰ ਮਾਰਨ ਨੂੰ ਪਵੇ? ਉਹਦੇ 'ਤੇ ਭਰੋਸਾ ਕੌਣ ਕਰੂ? ਫੇਰ ਨੀਂਦ ਥੋੜ੍ਹੋ ਆਊ? ਬੱਸ,'ਖ਼ਬਰੈ, ਕਮਲ਼ੇ ਦੇ ਮਨ 'ਚ ਕਦ ਬਦੀ ਆ ਜਾਵੇ?' ਇਹਨਾਂ ਭੰਨਾਂ ਘਾੜਤਾਂ ਵਿਚ ਆਪਣੇ ਆਸ ਪੜੋਸ ਬਾਰੇ ਵੀ ਸਭੇ ਐਕਣ ਸੋਚਣ ਲੱਗ ਪੇ ਸੀ ਅੱਤਾਰ ਸਿਆਂ।" ਬਾਬਾ ਦੱਸਦਾ ਰਿਹਾ।

"ਪਰ ਥੋਡੇ 'ਤੇ ਹਮਲਾ ਤਾਂ ਕਿਤੇ ਨ੍ਹੀਂ ਹੋਇਆ?"

"ਰਾਹਾਂ 'ਚ ਕਮਾਦਾਂ ਚਰ੍ਹੀਆਂ 'ਚ ਲੁਕੇ ਧਾੜਵੀ ਚੋਰ ਝਾਤੀਆਂ ਜਰੂਰ ਮਾਰਦੇ। ਕਈ ਥਾਈਂ ਛਵੀਆਂ ਖੰਜਰ ਵੀ ਲਹਿਰਾਉਂਦੇ, ਪਰ ਸੂਬੇਦਾਰ ਦੀ ਬੰਦੂਖ ਦੇਖ ਕੇ ਅੰਦਰ ਹੀ ਛਹਿ ਜਾਂਦੇ.." ਕਾਹਲ਼ੀ ਪਈ ਮਾਤਾ ਦੱਸਣ ਲੱਗੀ। 'ਬੱਲੋ ਕੇ ਹੈੱਡ' ਉੱਤੇ 'ਹੋ-ਹੱਲਾ' ਮੱਚਿਆ ਸੀ। ਪਰ ਜਾਨੀ ਨੁਕਸਾਨ ਤੋਂ ਬਚਾਅ ਰਿਹਾ। ਇਹਨਾਂ ਤੋਂ ਮਗਰੋਂ ਆਉਣ ਵਾਲੇ ਕਾਫ਼ਲੇ ਦਾ ਕਾਫ਼ੀ ਖ਼ੂਨ ਖ਼ਰਾਬਾ ਹੋਇਆ ਸੀ।"ਵੇ ਪੁੱਤ, ਉੱਜੜ ਕੇ ਵੱਸਣਾ ਵੀ 'ਕੇਰਾਂ ਮਰ ਕੇ ਜਿਊਣ ਬਰੋਬਰ ਹੁੰਦਾ।"

ਮੈਂ ਚੁੱਪ ਕਰ ਗਿਆ। ਮਾਈ ਦੇ ਮਨ ਨੂੰ ਹੋਰ ਕੁਰੇਦਣਾ ਅੰਗੂਰ ਆਏ ਜ਼ਖ਼ਮ ਨੂੰ ਛਿੱਲਣ ਵਾਂਗੂੰ ਜਾਪਿਆ। ਪਹਿਲਾਂ ਦੱਸਣ ਮੁਤਾਬਕ ਕਾਹਲ਼ੀ ਨਾਲ ਭੱਜਦਿਆਂ, ਉਸ ਦੀ ਸਾਰੀ 'ਰਣੀ ਚਣੀ' ਉਧਰ ਚੱਕੀ ਹੇਠਾਂ ਦੱਬੀ ਦਬਾਈ ਰਹਿ ਗਈ ਸੀ।

ਤੇਜੇ ਦਾ ਵਿਆਹਿਆ ਵਰਿਆ ਵੱਡਾ ਭਰਾ ਪਹਿਲਾਂ ਤੋਂ ਅਲੱਗ ਰਹਿੰਦਾ, 'ਬਲਾਹੜੇ ਵਾਲੇ ਰੱਬ' ਨੂੰ ਮੰਨਦਾ ਜਦੋਂਕਿ ਬਾਕੀ ਦਾ ਟੱਬਰ ਬ੍ਰਾਹਮਣੀ ਰੀਤਾਂ ਦਾ ਧਾਰਨੀ ਹੁੰਦਾ ਹੋਇਆ ਵੀ ਖੁੱਲ੍ਹ ਖਿਆਲੀਆ ਸੀ। ਵਿਆਹ ਸ਼ਾਦੀ ਮੌਕੇ ਅਖੰਡ ਪਾਠ ਕਰਵਾਉਂਦਾ। ਬਾਬਾ ਭਾਗ ਸਿੰਘ ਨੇ ਕੂਕਿਆਂ ਦਾ ਅੰਮ੍ਰਿਤ ਛਕਿਆ ਸੀ ਪਰ ਸੁਬ੍ਹਾ ਸ਼ਾਮ ਉਹ ਮਾਨੂੰਪੁਰੀਏ ਪੰਡਤ ਦੇਵ ਰਾਜ ਦਾ ਦਿੱਤਾ 'ਗੁਰ ਮੰਤਰ' ਧਿਆਉਂਦਾ। ਦਰਜ਼ੀ ਪਹਿਲਾਂ ਕਾਮਰੇਡਾਂ ਦਾ ਹਾਮੀ ਰਿਹਾ, ਫੇਰ ਰਾਧਾ ਸਵਾਮੀ ਬਣ ਗਿਆ। ਉਸ ਦਾ ਅੰਤਾਂ ਦਾ ਇਮਾਨਦਾਰ, ਸਾਧੂ ਸੁਭਾਅ ਇਕੋ-ਇਕ ਪੁੱਤਰ ਥਾਣੇਦਾਰ ਬਣਿਆ ਵੀ ਸਾਧਾਂ-ਸੰਤਾਂ ਦੀ ਸੰਗਤ ਕਰਦਾ, ਤਿੰਨ ਮੰਜ਼ਲੀ ਕੋਠੀ ਵਿਚ ਸਥਾਪਤ ਠਾਕਰਾਂ ਨੂੰ ਪੂਜਦਾ; ਘਰ ਦੀ ਇਕ ਨੁੱਕਰ ਵਿਚ ਮੰਦਰ ਬਣਾਉਣਾ ਲੋਚਦਾ। ਚਾਚਾ ਤੇਜਾ ਪਿਛਲੀ ਉਮਰ ਵਿਚ ਆਪਣੇ ਪੁੱਤਰ ਦੀਆਂ ਬੇਪਰਵਾਹੀਆਂ ਤੋਂ ਕਦੇ ਕਦਾਈਂ ਅੱਕਿਆ ਹੋਇਆ ਝੂਰਦਾ, ਕਲਪਦਾ; "ਏਹਦੇ ਵੱਸ ਦੀ ਗੱਲ ਨਹੀਂ। ਸਾਧਾਂ ਕੋਲ਼ ਏਹ ਸੁਲਫ਼ੇ ਦੇ ਸੂਟੇ ਖਿੱਚਦੈ। ਏਹਦੇ ਏਸ ਜਨਮ ਦੇ ਸੰਸਕਾਰ ਨ੍ਹੀਂ ਖਹਿੜਾ ਛੱਡਦੇ। ਨਿਆਣਾ ਹੁੰਦਾ ਏਹ ਲੀਕੜ ਕਾਣੇ ਕੋਲ਼ ਜੋ ਖੇਲ੍ਹਦਾ ਰਿਹੈ। ਨੂਹ ਦੇ ਕੇ ਉਹਦੀ ਕੋਠੜੀ 'ਚ ਜਾ ਵੜਦਾ। ਉਸ ਘੋਰੀ ਨੇ ਖ਼ਬਰ ਨ੍ਹੀਂ ਕਿੰਨੀ ਵਾਰੀ ਏਹਦੇ ਸਿਰ 'ਤੇ ਹੱਥ ਧਰਿਆ ਹੋਊ। ਮਨਹੂਸ ਬੰਦਾ ਤਾਂ ਬੇਸੋਝ ਜਵਾਕ ਦੇ ਇਕੋ ਬਾਰ ਮੱਥੇ ਲੱਗਿਆ ਮਾੜਾ!"

ਪੜ੍ਹਾਈ ਪੂਰੀ ਕਰਨ ਪਿੱਛੋਂ ਬੇਰੁਜ਼ਗਾਰੀ ਹੰਢਾਉਂਦੇ ਸਮੇਂ ਜਦੋਂ ਮੈਨੂੰ ਬਾਪੂ ਨਾਲ ਖੇਤੀ ਕਰਵਾਉਂਦਿਆਂ ਕਦੇ ਵਿਹਲ ਮਿਲਦੀ, ਮੇਰਾ ਟਿਕਾਣਾ ਤੇਜੇ ਦੀ ਹੱਟੀ ਹੁੰਦੀ। ਉੱਥੇ ਚਲਦੀਆਂ ਭੁੱਜੇ ਛੋਲਿਆਂ ਜਿਹੀਆਂ ਸਵਾਦ ਗੱਲਾਂ ਦੇਰ ਰਾਤ ਤਕ ਉੱਠਣ ਨਾ ਦਿੰਦੀਆਂ। ਬਾਅਦ ਵਿਚ ਮੈਂ ਉਸ ਨੂੰ ਸੈਰ ਕਰਨ ਦੀ ਆਦਤ ਪਾ ਦਿੱਤੀ ਤੇ ਗੱਲਾਂ ਕਰਦੇ ਅਸੀਂ ਲੰਬੇ ਨਿਕਲ ਜਾਂਦੇ। ਆਮ ਚੁਗਲੀ-ਪੁਰਾਣ ਤੋਂ ਵਧ ਕੇ ਉਸ ਕੋਲ 'ਲੋਕ ਵੇਦ' ਦੀਆਂ ਬਾਤਾਂ, ਪਖਾਣੇ ਬੇਸ਼ੁਮਾਰ ਸਨ। ਸਭ ਤੋਂ ਵੱਡੀ ਗੱਲ! ਉਹ ਕਦੇ ਵੀ ਕਿਸੇ ਦਾ ਗ਼ੁੱਸਾ ਨਾ ਕਰਦਾ, ਉਮਰ ਵਿਚ ਵੀਹ ਸਾਲ ਵੱਡਾ ਹੋ ਕੇ ਵੀ ਬਰਾਬਰ ਦਾ ਹੋ ਕੇ ਵਿਚਰਦਾ। ਗਊ ਗ਼ਰੀਬ ਦਾ ਉਹ ਹਾਮ੍ਹੀ ਸੀ। ਮੂੰਹ ਦਾ ਮਿੱਠਾ! ਕੁੜੀਆਂ ਚਿੜੀਆਂ, ਨਿੱਕੇ ਨਿਆਣਿਆਂ ਨੂੰ 'ਵੀਰ ਭਾਈ' ਆਖ ਬੁਲਾਉਂਦਾ। ਕਦੇ ਕਦਾਈਂ ਕੋਈ ਜਣਾ ਸੱਪ ਦੇ ਸੁੰਘੇ ਦਾ 'ਹੱਥ ਹੌਲ਼ਾ' ਕਰਵਾਉਣ ਆ ਜਾਂਦਾ, ਤੇਜਾ ਮੱਥੇ ਵੱਟ ਨਾ ਪਾਉਂਦਾ; ਇਸ ਨੂੰ 'ਮਾੜੀ ਮਿੱਟੀ ਲੱਗਣਾ', 'ਮਿਹਰ ਹੋਣਾ' ਜਾਂ 'ਗਰਲ਼ ਛੂਹਣਾ' ਆਖਦਾ। ਤੁਰੰਤ ਦੰਦਲ਼ ਦਾਤੀ ਚੁੱਕਦਾ, ਆਏ ਸਵਾਲੀ ਦੇ ਸਨਮੁੱਖ ਭੁੰਜੇ ਬੈਠਦਾ, ਜ਼ਬਾਨੀ ਕੰਠ ਕੀਤਾ ਲੰਬਾ ਮੰਤਰ ਛੋਹ ਲੈਂਦਾ:

*"ਉਸਤਾਦ ਪੀਰ ਲੁਕਮਾਨ ਹਕੀਮ, ਵਿਦਿਆ ਕੇ ਧਨੀ!*
*ਸੱਤ ਦਰਵਾਜ਼ੇ ਨੌਂ ਦਵਾਰ, ਖੜ੍ਹੀ ਰਹਿ ਵਿਸਿਆ ਨਿਰਾਧਾਰ।*
*ਹਿੱਲੇ ਜੁੱਲੇ ਕਰੇ ਵੈਰਾਗ, ਗਰਲ ਛੋਡ ਮੁੰਡਿ ਖਾਇ।*
*ਦੋਹੀ ਗੁੱਗੇ ਬਾਸਕ ਨਾਗ ਕੀ, ਏਹ ਥਾਂ ਛੋਡ 'ਗਾਹਾਂ ਨਾ ਜਾਇ।.."*

ਚਾਚਾ ਤੇਜਾ ਪੂਰੀ ਸ਼ਰਧਾ ਨਾਲ ਲੱਗਿਆ ਰਹਿੰਦਾ। ਅਖੀਰ ਵਿਚ

*"ਚੱਲੇ ਸ਼ਬਦ ਫੁਰੇ ਵਾਚਾ,*
*ਦੇਖੂੰ ਗੁਰ ਗੋਰਖ ਨਾਥ ਸ਼ਿਵ ਸੰਭੂ ਗੌਰੀ*
*ਤੇਰੇ ਇਲਮ ਕਾ ਤਮਾਸਾ।"*

ਆਖਦਾ, ਧਰਤੀ ਨਮਸਕਾਰਦਾ, ਦੰਦਲ਼ ਦਾਤੀ ਇਕ ਤਰਫ਼ ਰੱਖਦਾ। ਸੋਜਸ਼ ਜਾਂ ਛਾਲੇ ਉੱਤੇ ਠੰਢੇ ਪਾਣੀ ਦੀ ਟਕੋਰ ਕਰਦੇ ਰਹਿਣ ਲਈ ਕਹਿੰਦਾ। ਛੋਟੇ ਜਵਾਕਾਂ ਨੂੰ ਪਤਾਸੇ ਵੰਡਣ ਦੀ ਤਾਕੀਦ ਕਰਦਾ।

ਸਿਆਲ਼ ਵਿਚ ਉਹ ਭੱਖੜਾ ਪੀਸ ਕੇ, ਹੋਰ ਕਿੰਨਾ ਨਿੱਕ ਸੁੱਕ ਮਿਲਾ ਕੇ ਪੰਜੀਰੀ ਬਣਾਉਂਦਾ। ਉਹਦੇ ਮਾਤਾ ਪਿਤਾ ਅੱਸੀਆਂ ਤੋਂ ਟੱਪ ਗਏ। ਉਸ ਨੇ ਕਿੱਤੇ ਲੱਗੇ ਛੋਟੇ ਭਰਾ ਅਤੇ ਇਕਲੌਤੇ ਪੁੱਤਰ ਦੇ ਵਿਆਹ ਕੀਤੇ। ਆਪਣੇ ਵਿਆਹ ਵਾਲੀਆਂ ਟੂੰਬਾਂ ਵੰਡ ਕੇ ਅੱਧੋ ਅੱਧ ਦੋਹਾਂ ਦੀਆਂ ਵਹੁਟੀਆਂ ਨੂੰ ਪਾਈਆਂ। ਉਹਨਾਂ ਦਿਨਾਂ ਵਿਚ ਦਿੱਲੀ ਦੇ ਸਿੱਖ ਕਤਲੇਆਮ ਦੌਰਾਨ ਕਿੰਨੀਆਂ ਔਰਤਾਂ ਵਿਧਵਾ ਹੋ ਗਈਆਂ। ਅਮਨ-ਅਮਾਨ ਹੋਣ ਪਿੱਛੋਂ ਅਸੀਂ ਇਕ ਦੋ ਸ਼ੁਭ ਚਿੰਤਕਾਂ ਨੇ ਚਾਚੇ ਦੀ ਰੋਟੀ ਪੱਕਦੀ ਕਰਨ ਦਾ ਮਨ ਬਣਾਇਆ। ਮਾਤਾ ਪਿਤਾ ਭਰਾ ਅਤੇ ਪੁੱਤਰ ਦੀ ਸਲਾਹ ਨਾਲ ਇਹ ਮਨਸ਼ਾ ਦੱਸਦਿਆਂ ਦਿੱਲੀ ਰਹਿੰਦੀ ਉਸ ਦੀ ਮਾਸੀ ਨੂੰ ਚਿੱਠੀ ਪਾ ਦਿੱਤੀ। "ਦੇਖਿਓ ਕਿਤੇ ਕੋਈ ਜਾਤ ਕੁਜਾਤ ਨਾ ਹੋਵੇ।" ਤੀਜੀ ਵਾਰ ਵੀ ਪੁੱਤਰ ਨੂੰ ਆਪਣੀ ਜਾਤ ਵਿਚ ਵਿਆਹੁਣਾ ਲੋਚਦੇ ਪਿਉ ਨੇ ਸੰਸਾ ਜ਼ਾਹਰ ਕੀਤਾ। ਮਾਤਾ ਖੁਸ਼ ਜਾਪਦੀ।

"ਆ ਜੋ ਜਦੋਂ ਮਰਜ਼ੀ। ਬੇਵਾ ਜਨਾਨੀ ਨਾਲ ਲਿਖਾ ਪੜ੍ਹੀ ਕਰ ਕੇ ਅਨੰਦਾਂ ਤੋਂ ਪਹਿਲਾਂ ਦਸ ਹਜ਼ਾਰ ਦੀ ਇਕ ਐਫ ਡੀ ਉਹਦੇ ਨਾਂ ਕਰਵਾਉਣੀ ਪਊ।" ਮਾਸੀ ਦਾ ਹਾਂ-ਪੱਖੀ ਹੁੰਗਾਰਾ ਮੁੜਦੀ ਡਾਕ ਰਾਹੀਂ ਪਿੰਡ ਪਹੁੰਚ ਗਿਆ। ਉਸ ਨੇ ਕਿਸੇ ਵਿਧਵਾ ਆਸ਼ਰਮ ਤੋਂ ਪਤਾ ਕਰ ਲਿਆ ਸੀ।

"ਨਾ ਨਾ ਬੀਰ.." ਮਾਈ ਧੰਨ ਕੌਰ ਨੇ ਹੱਥ ਖੜ੍ਹੇ ਕਰ ਦਿੱਤੇ। ".. ਏਹ ਸਧਨੇ ਕਸਾਈ ਆਲ਼ਾ ਪੁੱਠਾ ਕੰਮ ਆਪਾਂ ਨਹੀਂ ਕਰਨਾ। ਮਖਿਆ, ਅਧੇੜ ਉਮਰੇ ਨੂੰ ਏਸ ਜੰਜਾਲ਼ 'ਚ ਪਾਉਂਦੇ ਚੰਗੇ ਲੱਗਾਂਗੇ?" ਮਾਤਾ ਬੁੜ੍ਹਕਦੀ ਰਹੀ। ਉਸ ਨੂੰ ਬੜਾ ਸਮਝਾਇਆ। ਗੱਠ-ਜੜਾਵਾ ਕਰਦੀ ਸਾਰ ਔਰਤ ਦੀ ਨਲ਼ਬੰਦੀ ਕਰਵਾ ਦੇਵਾਂਗੇ। ਮਾਈ ਨੂੰ ਸੋਚਣਾ ਚਾਹੀਦਾ। ਜਦੋਂ ਬਿਰਧ ਮਾਪਿਆਂ ਨੇ ਅੱਖਾਂ ਮੀਟ ਲਈਆਂ, ਭਰਾ ਅਤੇ ਪੁੱਤਰ ਵੀ ਜੇ ਅਲਹਿਦਾ ਹੋ ਗਏ; ਤੇਜੇ ਨੂੰ ਰੋਟੀ ਕੌਣ ਦੇਵੇਗਾ। "ਔਹ ਉਪਰਲਾ, ਬੱਚਿਓ! ਜਿਹੜਾ ਪੱਥਰ 'ਚ ਕੀੜੇ ਨੂੰ ਵੀ ਦਿੰਦੈ। ਜੇ ਏਹਦੇ ਕਰਮਾਂ 'ਚ ਔਰਤ ਦਾ ਸੁਖ ਲਿਖਿਆ ਹੁੰਦਾ, ਸ਼ਗਨਾਂ ਨਾਲ਼ ਵਿਆਹੀਆਂ ਦੋਹਾਂ ਬਹੂਆਂ 'ਚੋਂ ਇਕ ਕਿਉਂ ਨਾ ਬਚ ਰਹਿੰਦੀ?" ਕੁੰਟੇ ਹੋਏ ਮੰਗਲ ਗ੍ਰਹਿ ਦੀ ਮੁਹਾਰਨੀ ਪੜ੍ਹਦੀ ਮਾਤਾ ਦਾ ਨੰਨਾ ਕੋਰੀ ਨਾਂਹ ਵਿਚ ਬਦਲ ਗਿਆ।

ਚਾਚਾ ਤੇਜਾ ਸਿਹੁੰ ਨੂੰ ਹੁਣ ਲੋਕ ਸੇਵਾ ਦਾ ਸ਼ੌਕ ਜਾਗਿਆ। ਉਹ 'ਹੱਟੀਆਂ ਵਾਲੀ ਗਲ਼ੀ' ਵਿਚ ਕਾਰ ਵੜਦੀ ਕਰੇਗਾ। ਉਸ ਨੇ ਸਾਰੇ ਬਾਸ਼ਿੰਦਿਆਂ ਦਾ ਮਿੰਨਤ ਤਰਲਾ ਕੀਤਾ। ਤੰਗ ਥਾਵਾਂ ਤੋਂ ਬੀਹੀ ਨਾਲ ਲੱਗਦੀਆਂ ਦੀਵਾਰਾਂ ਢਾਹ ਕੇ ਆਪਣੇ ਖਰਚੇ ਉੱਤੇ ਚਾਰ ਚਾਰ ਫੁੱਟ ਪਿੱਛੇ ਹਟਾ ਕੇ ਮੁੜ ਬਣਵਾਈਆਂ। ਹਲਕਾ ਐੱਮ. ਐੱਲ. ਏ. ਨੂੰ ਸੱਦ ਕੇ ਯਾਦਗਾਰੀ ਪੱਥਰ ਜੜ ਦਿੱਤਾ। ਉਹ ਰਸਤਾ ਜਿੱਥੇ ਭੀੜੀ ਥਾਂ ਬਾਹਾਂ ਫੈਲਾਈ ਤੁਰੇ ਜਾਂਦੇ ਬੰਦੇ ਦੀਆਂ ਕੂਹਣੀਆਂ ਕੰਧਾਂ ਨਾਲ ਖਹਿੰਦੀਆਂ, ਹੁਣ ਉੱਥੋਂ ਕਾਰ ਜੀਪ ਖੜਕਦੀ ਹੋਈ ਧੁਰ-ਧੁਰਾਊ ਲੰਘਣ ਲੱਗੀ। 'ਸੱਜਰੇ ਰਾਹ ਬਣਾਉਂਦਾ ਜਾਵੇ..' ਚਾਚੇ ਤੇਜੇ ਬਾਰੇ ਮੇਰਾ ਲਿਖਿਆ ਸੰਖੇਪ ਵੇਰਵਾ ਉਸ ਦੀ ਫੋਟੋ ਸਮੇਤ ਅਖ਼ਬਾਰ ਵਿਚ ਛਪਿਆ ਤਾਂ ਉਸ ਤੋਂ ਚਾਅ ਨਾ ਚੁੱਕਿਆ ਜਾਵੇ। ਉਸ ਕਾਲ਼ੀ ਚਿੱਟੀ ਕਾਤਰ ਨੂੰ ਉਸ ਨੇ ਸ਼ੀਸ਼ੇ ਵਿਚ ਜੜਵਾ ਕੇ ਦੁਕਾਨ ਦੇ ਕੰਸ ਉੱਤੇ ਸਜਾ ਲਿਆ।

ਸੱਠਵਿਆਂ ਸੱਤਰਵਿਆਂ ਵਾਲੀ ਉਹ ਕੱਚੀ 'ਹੱਟੀ' ਹੁਣ ਪੱਕੀ 'ਦੁਕਾਨ' ਬਣ ਚੁੱਕੀ ਸੀ। ਪਿਛਲੇ ਲਟੈਣਾਂ ਕੜੀਆਂ ਵਾਲੇ ਕੱਚੇ ਮਕਾਨ ਦੀ ਥਾਂ ਵੀ ਤਿੰਨ ਮੰਜ਼ਲੀ ਕੋਠੀ ਉਸਰ ਗਈ। ਪਰ ਉਸ ਦਾ ਬਚਪਨ ਅਜੇ ਵੀ ਉਸ ਦੇ ਅੰਗ ਸੰਗ ਰਿਹਾ। ਜਦੋਂ ਨਿਆਣਾ ਹੁੰਦਾ, ਉਹ ਪਸੂ ਚਾਰਦਾ,

ਭਾਂਡੇ ਪੱਥਣ ਵਿਚ ਪਿਉ ਦੀ ਮਦਦ ਕਰਦਾ। ਇਕ ਦੋ ਸਾਲ ਜੱਟਾਂ ਨਾਲ ਸਾਂਝੀ ਵੀ ਰਲ਼ਿਆ ਅਤੇ ਮਗਰੋਂ ਖਰੜ ਤੋਂ ਆਪਣੇ ਮਾਮੇ ਨੂੰ ਪੱਗ ਰੁਪਈਆ ਦੇ ਕੇ ਦਰਜ਼ੀਪਣਾ ਸਿੱਖ ਲਿਆ। ਸ਼ੁਰੂ ਸ਼ੁਰੂ ਵਿਚ ਪਿੰਡ ਦੇ ਖਾਨਦਾਨੀ ਦਰਜ਼ੀ, ਬਨਾਰਸੀ ਦਾਸ ਨਸੀਬ ਚੰਦ, ਦੋਵੇਂ ਮਹਾਜਨ ਪਿਉ ਪੁੱਤ 'ਘੁਮਾਰਾਂ ਦਾ ਮੁੰਡਾ' ਆਖ ਭੰਡਦੇ, ਉਸ ਦੇ ਪੈਰ ਨਾ ਲੱਗਣ ਦਿੰਦੇ। ਪਰ ਸਮੇਂ ਦੇ ਬੀਤਣ ਨਾਲ ਅਤੇ ਜ਼ੁਬਾਨ ਦੀ ਹਲੀਮੀ ਕਾਰਨ ਉਹਦੀ ਗਾਹਕੀ ਦਿਨੋ ਦਿਨ ਵਧਦੀ ਗਈ ਅਤੇ ਹੌਲ਼ੀ ਹੌਲ਼ੀ ਉਹ ਪਿੰਡ ਦਾ ਹਰਮਨ ਪਿਆਰਾ ਟੇਲਰ ਬਣ ਗਿਆ। ਉਹਦੀ ਦੁਕਾਨ ਵਿਚ ਹਰ ਸਮੇਂ ਰੌਣਕ ਰਹਿੰਦੀ। ਕੋਈ ਜਣਾ ਕੱਛ ਹੇਠ ਤਹਿ ਮਾਰਿਆ ਨਵਾਂ ਨਕੋਰ ਕਪੜਾ ਚੁੱਕੀਂ ਨਾਪ ਦੇਣ ਆਉਂਦਾ। ਕਿਸੇ ਨੂੰ ਸੀਤੇ-ਸਿਲਾਏ ਬਸਤਰ ਲਿਜਾਣ ਦੀ ਕਾਹਲ਼ੀ ਹੁੰਦੀ। ਆਪ ਸਿਲਾਈ ਕਢਾਈ ਸਿੱਖਦੀ ਕੋਈ ਲੜਕੀ ਕਦੇ ਹੱਥ 'ਚ ਰੰਗਦਾਰ ਕਾਤਰ ਫੜੀ ਰੀਲ ਲੈਣ ਆ ਖੜ੍ਹਦੀ; ਕੋਈ ਵਹੁਟੀ ਬੁਕਰਮ ਜਾਂ ਲੈਸ ਦੀ ਮੰਗ ਕਰਦੀ। ਇਕ ਨਾ ਇਕ ਨਵਾਂ ਚੇਲਾ ਬਾਲਕਾ ਸਿਲਾਈ ਕਢਾਈ ਦਾ ਹੁਨਰ ਸਿੱਖਣ ਲਈ ਦੂਰੋਂ ਨੇੜਿਓਂ ਆਇਆ, ਸਾਲ ਦੋ ਸਾਲ ਲਈ ਨਿੱਠ ਕੇ ਰਾਤ ਦਿਨ ਉਸ ਕੋਲ਼ ਹਾਜ਼ਰੀ ਭਰਦਾ, ਪੂਰਾ ਮਾਹਿਰ ਦਰਜ਼ੀ ਬਣਿਆ ਉਸਤਾਦੀ-ਸ਼ਾਗਿਰਦੀ ਦੀ ਰਸਮ ਮਗਰੋਂ ਮਾਪਿਆਂ ਕੋਲ਼ ਪਰਤਦਾ। ਕਈ ਲਾਣੇ ਮੁੰਡੇ ਕੁੜੀ ਦੇ ਵਿਆਹ ਮੌਕੇ ਉਸ ਨੂੰ ਆਪਣੇ ਘਰ ਬਿਠਾ ਕੇ ਵਰੀ ਜਾਂ ਦਾਜ ਦੇ ਸੂਟ ਸਿਲਾਉਣ ਨੂੰ ਸ਼ੁਭ ਸ਼ਗਨ ਸਮਝਦੇ।

ਹੁਣ ਪੁਰਾਣੀ ਯਾਦਗਾਰੀ ਮਸ਼ੀਨ ਦੇ ਨਾਲੋ ਨਾਲ ਐਟੋਮੈਟਿਕ ਮਸ਼ੀਨ ਵੀ ਦੁਕਾਨ ਦੀ ਸ਼ੋਭਾ ਵਧਾਉਂਦੀ। ਬਟਨ ਮੜ੍ਹਨ, ਤਿਰਪਾਈ ਕਰਨ ਵਾਲਾ ਜੁਗਾੜ ਦੁਕਾਨ ਵਿਚ ਫਿੱਟ ਕਰਨ ਉਪਰੰਤ ਪੈਰਾਂ ਵਾਲੀ ਮਸ਼ੀਨ ਤਾਂ ਕਿਹੜੇ ਵੇਲ਼ਿਆਂ ਦੀ ਆ ਚੁੱਕੀ ਸੀ। ਪਰ ਉਹ ਜ਼ਿਆਦਾ ਸਮਾਂ ਪੈਰਾਂ ਭਾਰ ਤੱਪੜੀ ਉੱਤੇ ਬੈਠਾ, ਦਹਾਕਿਆਂ ਪੁਰਾਣੇ ਫੱਟੇ ਉੱਪਰ ਆਪਣੀ ਮਸ਼ੀਨ ਟਿਕਾਈਂ ਕੰਮ ਕਰਦਾ। ਸਾਹਮਣੀ ਅਲਮਾਰੀ ਵਿਚ ਜਿੱਥੇ ਉਹ ਰੀਲਾਂ, ਬੁਕਰਮ, ਬਟਨ, ਬੱਧਰੀਆਂ, ਗੋਟਾ ਕਿਨਾਰੀ, ਲੈਸ, ਪਤਲੀ ਮੋਟੀ ਇਲਾਸਟਿਕ ਤੇ ਹੋਰ ਨਿੱਕ ਸੁੱਕ ਰੱਖਦਾ, ਉੱਥੇ ਸਾਲਾਂ ਤੋਂ ਪਈ ਪੁਰਾਣੀ ਜ਼ਰ ਖਾਧੀ ਡੱਬੀ ਨੁਮਾ ਟਰੰਕੀ ਵੱਲ ਦੇਖਦਾ। ਇਕ ਦਿਨ ਮੈਂ ਪੁੱਛ ਬੈਠਿਆ, "ਹੁਣ ਤੁਸੀਂ ਆਪਣੇ ਖ਼ਜ਼ਾਨੇ ਵਾਲ਼ਾ ਆਹ ਬਹੁਤ ਪੁਰਾਣਾ 'ਲੌਕਰ' ਵੀ ਕਿਉਂ ਨ੍ਹੀਂ ਬਦਲ ਦਿੰਦੇ ਚਾਚਾ ਸ਼੍ਰੀ?"

"ਕਿਹੜਾ ਲੌਕਰ!? ਅੱਛਾ ਅੱਛਾ, ਆਹ ਮੇਰੀ ਬਕਸੀ?" ਇਕ ਵਾਰੀ ਹੈਰਾਨ ਹੋਇਆ, ਉਹ ਅਗਲੇ ਪਲ ਹੱਸਿਆ। "ਨਾ ਬਈ। ਏਹ ਤਾਂ ਮੇਰੀ ਗੋਰਖ ਝੋਲ਼ੀ ਐ। ਏਸ ਨੇ ਸਾਡੀ ਸਾਰੀ ਕਬੀਲਦਾਰੀ ਕਿਓਂਟ ਤੀ। ਥੋੜੀ ਸੋਝੀ ਤੋਂ ਪਹਿਲਾਂ ਭੈਣਾਂ ਦੇ ਹੱਥ ਪੀਲ਼ੇ ਕੀਤੇ। ਥੋੜੇ ਦੇਖਦੇ ਦੇਖਦੇ ਭਾਈ ਅਰ ਪੁੱਤ ਨੂੰ ਪਾਲ਼ਿਆ ਪੜ੍ਹਾਇਆ, ਕਿੱਤੇ ਲਾਇਆ; ਦੋਹਾਂ ਨੂੰ ਵਿਆਹਿਆ। ਥੋੜਾ ਰੱਬ ਭਲਾ ਕਰੇ, ਪੋਤੇ ਵੀ ਵਿਆਹ ਲਿਆਂਦੇ ਅਰ ਏਹ ਬਰਕਤਾਂ ਵਾਲ਼ੀ ਡੱਬੀ ਕਦੇ ਖ਼ਾਲੀ ਨ੍ਹੀਂ ਹੋਈ।" ਉਸ ਦਿਨ ਖੁੱਲ੍ਹੀ ਅਲਮਾਰੀ ਨੂੰ ਮੱਥਾ ਟੇਕਦੇ ਚਾਚੇ ਤੇਜੇ ਦੀਆਂ ਅੱਖਾਂ ਡੁਬਡੁਬਾ ਗਈਆਂ।

ਉਹਦੇ ਮਾਪੇ ਲੰਬੀਆਂ ਉਮਰਾਂ ਭੋਗ ਕੇ ਇਕ ਦੋ ਵਰ੍ਹਿਆਂ ਦੀ ਵਿੱਥ ਨਾਲ ਇਸ 'ਸਰਵਣ ਪੁੱਤਰ' ਦੇ ਹੱਥਾਂ ਵਿਚ ਸਵਾਸ ਤਿਆਗਦੇ, ਪਰਮ ਧਾਮ ਦੀ ਪੌੜੀ ਜਾ ਚੜ੍ਹੇ। ਹੁਣ ਬਦੇਸੋਂ ਆਏ ਆਪਣੇ ਨੰਨ੍ਹੇਂ ਮੁੰਨੇ ਪੋਤੇ ਪੋਤੀ ਨੂੰ ਨਾਲ ਲੈ ਕੇ ਮੈਂ ਦਰਜ਼ੀ ਨੂੰ ਪਹਿਲਾਂ ਵਾਂਗ ਹੀ ਮਿਲਣ ਜਾਂਦਾ ਤਾਂ ਸਾਡੇ ਬੱਚਿਆਂ ਨੂੰ ਵੀ ਉਸ ਦੀ ਸਿਲਾਈ ਮਸ਼ੀਨ ਦੀ 'ਟਿੱਕ-ਟਿੱਕ' ਨੇ ਮੋਹ ਲਿਆ। ਸੋ ਬਾਹਰੋਂ ਆਏ ਸਹਿਜ ਤੇ ਸਿਮਰ ਜਿੰਨੀ ਦੇਰ ਪਿੰਡ ਰਹੇ, 'ਚਾਚੇ' ਦੀ ਹੱਟੀ ਜਾਣ ਲਈ ਨਿੱਤ ਕਾਹਲ਼ੇ ਪੈਂਦੇ, ਰਿਹਾੜ ਕਰਦੇ; ਮੈਨੂੰ ਧੂਹ ਕੇ ਲੈ ਜਾਂਦੇ। ਫੇਰ ਪੌਣੇ ਕੁ ਦੋ ਵਰ੍ਹੇ ਮੈਨੂੰ ਵੀ ਲਗਾਤਾਰ ਬਦੇਸ ਵਿਚ ਲਾਉਣੇ ਪਏ। ਮੇਰੀ ਉਸ ਲੰਬੀ ਗ਼ੈਰਹਾਜ਼ਰੀ ਦੌਰਾਨ ਮੇਰਾ ਨਿੱਤ ਦਾ ਮਹਿਰਮ ਚਾਚਾ ਤੇਜਾ

ਸਿਹੁੰ ਅਚਾਨਕ ਲੰਮੀਆਂ ਵਾਟਾਂ ਦਾ ਪਾਂਧੀ ਬਣ ਗਿਆ। ਸੰਤਾਲ਼ੀ ਦੇ ਹੱਲਿਆਂ ਵੇਲੇ ਫੱਕੀ ਧੂੜ ਨੇ ਆਪਣਾ ਅਸਲੀ ਰੰਗ ਹੁਣ ਦਿਖਾਇਆ ਸੀ।

ਪਰਦੇਸੋਂ ਪਿੰਡ ਪਰਤਿਆ ਮੈਂ ਉਸ ਦੇ ਪੁੱਤਰ ਨੂੰ ਮਿਲਦਾ, 'ਦੁਕਾਨ' ਤੋਂ 'ਬੈਠਕ' ਬਣੇ ਕਮਰੇ ਵਿਚ ਜਾ ਬਹਿੰਦਾ। ਇੰਨਾ ਅਰਸਾ ਮੇਰੇ ਦਿਲ ਦੇ ਐਨ ਕਰੀਬ ਰਹੇ ਪਿਆਰੇ ਮਿੱਤਰ ਦੀ ਕੰਸ ਉੱਤੇ ਸਸ਼ੋਭਤ ਅਖ਼ਬਾਰੀ ਫੋਟੋ ਨੂੰ ਨਿਹਾਰਦਾ, ਬਹੁਤ ਪਿੱਛੇ ਪਹੁੰਚ ਜਾਂਦਾ। ਰਿਟਾਇਰ ਹੋਇਆ ਉਸ ਦਾ ਪੁਲਸੀਆ ਪੁੱਤਰ ਹੁਣ ਨਿੱਤ ਨੇਮੀ ਖਾਲਸਾ ਸਜਿਆ ਸੁਬ੍ਹਾ ਸ਼ਾਮ ਮੇਰੀ ਸੈਰ ਦਾ ਸਾਥੀ ਹੁੰਦਾ। ਉਸ ਨੇ ਆਪਣੇ 'ਬਾਪੂ ਜੀ' ਦੀ ਅਖ਼ਬਾਰੀ ਯਾਦ ਦਾ ਵੱਡਾ ਪੋਸਟਰ ਬਣਵਾ ਕੇ ਬੈਠਕ ਵਿਚ ਸਜਾਇਆ। ਜਿਵੇਂ ਸਾਰੀ ਉਮਰ ਕੁਲ ਦੀ ਬਿਹਤਰੀ ਲਈ ਜਿਊਂਦੇ ਤੇ ਜੂਝਦੇ ਰਹੇ ਪਿਉ ਦਾ ਰਿਣ ਮੋੜਿਆ ਹੋਵੇ।

ਅਗਲੇ ਸਾਲ ਪਰਦੇਸ ਤੋਂ ਦੇਸ ਵਾਲੀ ਸਾਲਾਨਾ ਫੇਰੀ 'ਤੇ ਪਿੰਡ ਪਰਤਿਆ ਮੈਂ ਸਭ ਤੋਂ ਪਹਿਲਾਂ ਉਸ ਪੁਰਾਣੀ ਸਾਂਝ ਵਾਲੇ 'ਤੇਜੇ ਦੇ ਘਰ' ਮਿਲਣ ਗਿਆ ਤਾਂ ਕੰਸ ਉਪਰਲੀ ਉਹ ਫੋਟੋ ਤੇ ਕੰਧ ਵਾਲਾ ਵੱਡਾ ਪੋਸਟਰ ਦੋਵੇਂ ਗ਼ਾਇਬ ਸਨ।

"ਬਈ ਥਾਣੇਦਾਰਾ! ਉਹ ਛੋਟੀ ਜਿਹੀ ਅਖ਼ਬਾਰੀ ਫੋਟੋ ਕਿਧਰ ਗਈ?" ਮੈਂ ਬਰਾਬਰ ਬੈਠੇ ਉਸ ਦੇ 'ਬਾਬਾ' ਬਣੇ ਪੁੱਤਰ ਨੂੰ ਪੁੱਛਿਆ। ਮੈਂ ਸੋਚਿਆ, ਸ਼ਾਇਦ ਪਿੱਛੇ ਹਟਵੀਂ ਕੋਠੀ ਦੇ ਕਿਸੇ ਅਲਹਿਦਾ ਕਮਰੇ ਵਿਚ ਪੋਸਟਰ ਸਮੇਤ ਸਜਾ ਕੇ ਰੱਖੀ ਹੋਵੇ।

"ਕੀ ਕਰੀਏ, ਕੀ ਕਹੀਏ ਮਾਅਰਾਜ! ਵਖ਼ਤ ਵਖ਼ਤ ਦੀਆਂ ਗੱਲਾਂ ਨੇ। ਬਾਪੂ ਜੀ ਦੀ ਉਸ ਫੋਟੋ ਤੋਂ ਹੁਣ ਹਨੇਰੇ ਸੁਨ੍ਹੇਰੇ ਉਹਦੇ ਘਰ ਦੇ ਜੀਆਂ ਨੂੰ ਵੀ ਭੈਅ ਆਉਣ ਲੱਗ ਪਿਐ ਜੀ ਸਾਹਿਬ!" ਸਾਧੂ ਸੁਭਾਅ ਥਾਣੇਦਾਰ ਪੁੱਤਰ ਦੀ ਬੇਪਰਵਾਹੀ ਜਿਵੇਂ ਅੱਜ ਬੇਵੱਸੀ ਵਿਚ ਬਦਲ ਗਈ। ਭਰੀਆਂ ਅੱਖਾਂ ਨਾਲ ਮੈਂ 'ਬੈਠਕ' ਤੋਂ ਬਾਹਰ ਆ ਗਿਆ। ਪਰ ਵਿਹੜੇ ਦੇ ਗੇਟ ਉੱਤੇ ਗ਼ਲੀ ਵੱਲ ਘਿਸਰਦੇ ਮੇਰੇ ਪੈਰ ਇਕਦਮ ਰੁਕ ਗਏ। ਜਿਵੇਂ ਚਾਚਾ ਤੇਜਾ ਸਿਹੁੰ ਨੇ ਪਹਿਲਾਂ ਵਾਂਗ ਆਪਣੀ ਦੁਕਾਨ ਅੰਦਰੋਂ ਆਵਾਜ਼ ਮਾਰੀ ਹੋਵੇ। ਬੇਕਾਬੂ ਹੋਏ ਝੱਲੇ ਮਨ ਨੇ ਇਕ ਵਾਰੀ ਫੇਰ ਪਿੱਛੇ ਦੇਖਿਆ। ਚਾਚੇ ਦੀ ਰੀਝਾਂ ਨਾਲ ਉਸਾਰੀ ਉੱਚੀ ਆਲੀਸ਼ਾਨ ਕੋਠੀ ਅੱਜ ਸੁੰਨ ਮਸਾਣ ਖੜ੍ਹੀ ਸੀ। 000

***(Email: avtarsinghbilling@gmail.com ਵਟਸਐਪ: +91-82849-09596)***

# ਖੇਤਾਂ ਦਾ ਜੇਤੂ ਕਾਮਾ, ਜ਼ਿੰਦਗੀ 'ਚ ਹਾਰਿਆ ਜੁਆਰੀਆ:
## ਸ਼ਬਦ ਚਿੱਤਰ: ਰਾਜਿੰਦਰ ਪਾਲ ਸਿੰਘ ਬਰਾੜ

ਉਹਨੂੰ ਸਭ ਤਿੱਖਾ ਕਹਿ ਕੇ ਬੁਲਾਉਂਦੇ ਸਨ। ਕਈ ਦਾਤ ਵੀ ਕਹਿ ਦਿੰਦੇ ਸੀ ਪਰ ਬਹੁਤੇ ਉਸ ਨੂੰ ਤਿੱਖੇ ਨਾਂ ਨਾਲ ਹੀ ਬੁਲਾਉਂਦੇ ਸੀ। ਨ੍ਹੇਰੀ (ਹਨੇਰੀ) ਉਸਦਾ ਇਕ ਹੋਰ ਨਾਂ ਸੀ। ਉਹ ਸਾਰੇ ਨਾਵਾਂ ਨਾਲ ਹੀ ਬੋਲ ਪੈਂਦਾ ਸੀ। ਇਹ ਤਾਂ ਬਹੁਤ ਬਾਅਦ ਵਿਚ ਹੀ ਪਤਾ ਚੱਲਿਆ ਕਿ ਉਹਦਾ ਅਸਲ ਨਾਂ ਤਾਂ ਕੁਝ ਹੋਰ ਸੀ ਜੋ ਸਾਨੂੰ ਤਾਂ ਕੀ ਉਸ ਨੂੰ ਵੀ ਯਾਦ ਨਹੀਂ ਸੀ। ਤਿੱਖਾ ਤਾਂ ਉਸ ਦਾ ਵਿਸ਼ੇਸ਼ਣ ਸੀ, ਆਪਣੇ ਕੰਮ ਨਾਲ ਆਪ ਕਮਾਇਆ। ਉਹ ਹਰ ਕੰਮ ਨੂੰ ਬੜੀ ਕਾਹਲੀ ਕਾਹਲੀ, ਛੋਹਲੇ ਛੋਹਲੇ ਕਰਦਾ ਸੀ। ਵਧੇਰੇ ਠੀਕ ਵਿਆਕਰਨਕ ਸ਼ਬਦਾਵਲੀ ਵਿਚ ਤਾਂ ਕਿਰਿਆ ਵਿਸ਼ੇਸ਼ਣ ਸੀ। ਹਰ ਕੰਮ ਵਿਚ ਬੜਾ ਤਿੱਖਾ ਸੀ। ਅੱਜਕਲ੍ਹ ਦੀ ਭਾਸ਼ਾ ਵਿਚ ਸਮਾਰਟ, ਸਟੀਕ ਐਂਡ ਗੁੱਡ ਸਟਰਾਈਕਰ ਸੀ। ਹੈਰਾਨੀ ਦੀ ਗੱਲ ਹੈ ਕਿ ਉਸ ਦਾ ਅਸਲ ਨਾਂ ਮੈਨੂੰ ਅੱਜ ਤਕ ਨਹੀਂ ਪਤਾ ਲੱਗਿਆ ਹਾਲਾਂ ਕਿ ਉਹ ਚਾਰ ਪੰਜ ਸਾਲ ਸਾਡੇ ਨਾਲ ਸੀਰ ਕਰ ਗਿਆ ਸੀ।

ਸਾਡੀ ਜੱਦੀ ਜ਼ਮੀਨ ਤਾਂ ਸਾਧਾਂਵਾਲੇ ਪਿੰਡ ਸੀ, ਬਾਪੂ ਜੀ ਕੋਟਕਪੂਰੇ ਨੌਕਰੀ ਕਰਦੇ ਸਨ ਤੇ ਇੱਥੇ ਵੀ ਕੁਝ ਜ਼ਮੀਨ ਮੁੱਲ ਲੈ ਲਈ ਸੀ। ਪਹਿਲਾਂ ਅਸੀਂ ਦੋਵਾਂ ਥਾਵਾਂ 'ਤੇ ਜ਼ਮੀਨ ਹਿੱਸੇ 'ਤੇ ਦਿੰਦੇ ਸੀ ਪਰ ਮੇਰੇ ਦਸਵੀਂ ਕਰਨ ਸਮੇਂ ਆਪ ਟਰੈਕਟਰ ਲੈ ਕੇ ਖੇਤੀ ਕਰਨੀ ਸ਼ੁਰੂ ਕਰ ਦਿੱਤੀ ਤਾਂ ਤਿੱਖਾ ਸਾਡੇ ਨਾਲ ਸੀਰੀ ਆ ਰਲਿਆ। ਇਹ ਉਹ ਸਮਾਂ ਸੀ ਜਦੋਂ ਖੇਤੀ ਵਿਚ ਹਿੱਸੇ ਦੀ ਥਾਂ ਠੇਕਾ ਪ੍ਰਚੱਲਤ ਹੋ ਰਿਹਾ ਸੀ ਅਤੇ ਸੀਰੀ ਦੀ ਥਾਵੇਂ ਸਾਲ ਭਰ ਲਈ ਉੱਕੀਪੁੱਕੀ ਰਕਮ ਮੁਕੱਰਰ ਕਰਨ ਦਾ ਰਿਵਾਜ ਪੈ ਰਿਹਾ ਸੀ। ਇੱਥੇ ਇਹ ਵਿਆਖਿਆ ਤਾਂ ਵਾਧੂ ਹੈ ਕਿ ਖੇਤੀ ਦੇ ਖਰਚੇ ਵਧ ਗਏ ਸੀ। ਹਿੱਸੇ 'ਤੇ ਜ਼ਮੀਨ ਦੇਣ, ਲੈਣ ਅਤੇ ਸੀਰੀ ਸੇਪੀ ਸਾਰੇ ਪ੍ਰਬੰਧ ਹੀ ਹਿਸਾਬੋਂ ਕਿਤਾਬੋਂ ਬਾਹਰ ਹੋ ਗਏ ਸੀ, ਸਾਰੇ ਰਿਸ਼ਤੇ ਨਵੇਂ ਸਿਰਿਉਂ ਪਰਿਭਾਸ਼ਤ ਹੋ ਰਹੇ ਸਨ। ਪਰ ਅਜੇ ਵੀ ਠੇਕੇ 'ਤੇ ਰੱਖੇ ਕਾਮੇ ਨੂੰ ਸੀਰੀ ਹੀ ਆਖਿਆ ਜਾਂਦਾ ਸੀ ਅਤੇ ਉਸ ਦੀਆਂ ਜ਼ਿੰਮੇਵਾਰੀਆਂ ਵੀ ਉਹੀ ਸਨ। ਤਿੱਖੇ ਦਾ ਕੰਮ ਸਵੇਰੇ ਪਸ਼ੂਆਂ ਨੂੰ ਕੱਖ ਪਾਉਣ ਅਤੇ ਗੋਹਾ ਹਟਾਉਣ ਤੋਂ ਸ਼ੁਰੂ ਹੋ ਜਾਂਦਾ। ਖੇਤ ਘੱਟ ਕੰਮ ਹੋਵੇ ਤਾਂ ਸਵੇਰੇ ਰੋਟੀ ਘਰੋਂ ਖਾ ਕੇ ਜਾਂਦਾ, ਬਾਕੀ ਦਿਨ ਖੇਤ ਹੀ ਲੰਘਦਾ ਸੀ। ਸ਼ਾਮੀ ਪੱਠੇ ਲੈ ਕੇ ਮੁੜਦਾ ਅਤੇ ਵੱਧ ਕੰਮ ਦੇ ਦਿਨਾਂ ਵਿਚ ਰੋਟੀ ਪਿੱਛੇ ਜਾਂਦੀ ਸੀ। ਉਸ ਨੂੰ ਟਰੈਕਟਰ ਚਲਾਉਣਾ ਨਹੀਂ ਆਉਂਦਾ ਸੀ, ਸੋ ਇਹ ਕੰਮ ਪਹਿਲਾਂ ਡਰਾਈਵਰ ਅਤੇ ਫੇਰ ਆਪ ਹੀ ਕਰੀਦਾ ਸੀ। ਪਰ ਬਾਕੀ ਸਾਰੇ ਕੰਮ, ਵੱਟਾਂ ਪਾਉਣੀਆਂ, ਵੱਟਾਂ ਘੜਨੀਆਂ, ਪਾਣੀ ਲਾਉਣਾ, ਰੇਹ ਖਿਲਾਰਨਾ, ਗੋਡੀ ਕਰਨੀ, ਪੱਠੇ ਵੱਢਣੇ, ਕੁਤਰਨੇ, ਲਿਆਉਣੇ, ਫਸਲ ਵੱਢਣੀ, ਕੱਟਣੀ, ਝਾੜਨੀ, ਚੁਗਣੀ, ਸਾਂਭਣੀ-- ਗੱਲ ਕੀ ਸਾਰੇ ਕੰਮ ਉਸ ਨੇ ਕਰਨੇ ਹੁੰਦੇ ਸੀ। ਕੰਮ ਜ਼ਿਆਦਾ ਹੁੰਦਾ ਅਸੀਂ ਆਪ ਨਾਲ ਲਗਦੇ, ਹੋਰ ਜ਼ਿਆਦਾ ਹੁੰਦਾ ਤਾਂ ਵਾਧੂ ਦਿਹਾੜੀਏ ਹੁੰਦੇ ਪਰ ਆਮ ਹਾਲਤਾਂ ਵਿਚ ਸਾਰੇ ਕੰਮ ਉਸ ਨੇ ਹੀ ਕਰਨੇ ਸੀ। ਕੋਈ ਕੰਮ ਉਸ ਨੂੰ ਕਹਿਣਾ ਨਹੀਂ ਪੈਂਦਾ ਸੀ। ਕੰਮ ਦੀ ਵਿਉਂਤ ਉਸ ਦੀ ਆਪਣੀ ਹੁੰਦੀ ਸੀ, ਜੇ ਵਿਉਂਤ ਭੰਗ ਕਰਦੇ ਜਾਂ ਸਲਾਹ ਦਿੰਦੇ ਤਾਂ ਹੋਰੂੰ ਜਿਹੀ ਝਾਕਦਾ, ਫਿਰ ਮਨ ਮਾਰ ਕੇ ਸਾਡੇ ਦੱਸੇ ਅਨੁਸਾਰ ਕੰਮ ਕਰਨ ਲੱਗ ਪੈਂਦਾ। ਤੇ ਕਈ ਵਾਰ ਤਾਂ ਗੁੱਸੇ ਵਿਚ ਸਾਰੇ ਕੰਮ ਸਾਡੀ ਦੱਸੀ ਤਰਤੀਬ ਅਨੁਸਾਰ ਨਿਬੇੜ ਦਿੰਦਾ ਪਰ ਕਈ ਵਾਰ ਨਲਕੇ ਦੀ ਹੱਥੀ ਗੇੜਦਾ, ਹੱਥੀ ਕੱਢ ਬੈਠਦਾ, ਦਾਤੀ ਚਲਾਉਂਦਿਆਂ ਦਾਤੀ ਮਰਵਾ ਲੈਂਦਾ ਪਰ ਉਹ ਅੱਗੋਂ ਜਵਾਬ ਨਹੀਂ ਦਿੰਦਾ ਸੀ। ਕੰਮ ਨੂੰ ਕਚੀਚੀ ਵੱਟ ਕੇ ਪੈ ਜਾਂਦਾ ਸੀ। ਬਾਪੂ ਜੀ ਉਸ ਨੂੰ ਕੁਝ ਨਹੀਂ ਕਹਿੰਦੇ ਸੀ ਕਿਉਂਕਿ

ਉਹ ਜਾਣਦੇ ਸੀ ਕਿ ਬੰਦਾ ਕੰਮ ਦਾ ਹੈ। ਬੀਬੀ ਤੋਂ ਡਰਦਾ, ਘਰ ਦੇ ਕੰਮ ਜਲਦੀ ਨਿਬੇੜ ਕੇ ਖੇਤ ਜਾਣ ਲਈ ਕਾਹਲਾ ਰਹਿੰਦਾ।

ਮੇਰੇ ਨਾਲ ਉਸ ਦੀ ਬਹੁਤ ਬਣਦੀ ਸੀ। ਇਸ ਦਾ ਕਾਰਨ ਦੂਹਰਾ ਸੀ। ਇਕ ਤਾਂ ਮੈਂ ਖੇਤੀ ਦੇ ਕੰਮ ਨਾਲ ਕਰਾਉਂਦਾ ਸੀ ਜਾਂ ਕਹਿ ਲਓ ਮੈਂ ਉਸ ਦਾ ਨਿਗਰਾਨ ਸੀ। ਦੂਜਾ ਮੈਨੂੰ ਉਸ ਦੀਆਂ ਗੱਲਾਂ ਵਿਚ ਬਹੁਤ ਦਿਲਚਸਪੀ ਸੀ। ਉਹ ਮੇਰੇ ਨਾਲ ਖੁੱਲ੍ਹਿਆ ਹੋਇਆ ਸੀ। ਤਿੱਖੇ ਨਾਲ ਖੁੱਲ੍ਹਣ ਦਾ ਸਬੱਬ ਵੀ ਅਜੀਬ ਬਣਿਆ। ਹਾੜ੍ਹੀ ਵੱਢੀ ਜਾ ਰਹੀ ਸੀ, ਮੇਰੀ ਡਿਊਟੀ ਕਾਮਿਆਂ ਤਕ ਚਾਹ ਪਾਣੀ ਪਹੁੰਚਾਉਣਾ ਅਤੇ ਨਿਗਰਾਨੀ ਕਰਨਾ ਸੀ। ਪਰ ਅਜਿਹਾ ਕਰਦਿਆਂ ਹਾੜ੍ਹੀ ਮੌਕੇ ਖੇਤ ਵਿਚ ਕੋਈ ਵਿਹਲਾ ਖੜ੍ਹਾ ਨਹੀਂ ਰਹਿ ਸਕਦਾ, ਨਾਲ ਹਾੜ੍ਹੀ ਵੀ ਵੱਢਣੀ ਪੈਂਦੀ ਸੀ। ਮੇਰੇ ਸਮੇਤ ਸਭ ਆਪੋ ਆਪਣੀਆਂ ਪਾਤਾਂ ਵਿਚ ਹਾੜ੍ਹੀ ਵੱਢ ਰਹੇ ਸੀ। ਅਚਾਨਕ ਚੀਂ ਚੀ ਦੀ ਉੱਚੀ ਆਵਾਜ਼ ਆਈ। ਸਾਰੇ ਪਾਤਾਂ ਵਿਚੋਂ ਉਠ 11 ਕੇਵੀ ਦੇ ਉੱਚੇ ਬਿਜਲੀ ਦੇ ਖੰਭੇ ਵੱਲ ਵੇਖਣ ਲੱਗੇ। ਤਿੱਖਾ ਉੱਚੀ ਆਵਾਜ਼ ਵਿਚ ਬੋਲਿਆ 'ਹੁਣ ਆਊ ਨਜ਼ਾਰਾ।' ਮੈਨੂੰ ਗੱਲ ਕੁਝ ਸਮਝ ਨਾ ਲੱਗੀ ਪਰ ਮੈਂ ਵੀ ਖੰਭੇ ਵੱਲ ਵੇਖਣ ਲੱਗਿਆ। ਇਹ ਚੀਂ ਚੀਂ ਘੋਗੜ ਦੀ ਸੀ, ਹੁਣ ਘੋਗੜ ਘੋਗੜੀ ਮਿਲਾਪ ਕਰ ਰਹੇ ਸੀ। ਸਾਡੇ ਇਲਾਕੇ ਵਿਚ ਇੱਲਾਂ/ ਗਿਰਝਾਂ /ਬਾਜ਼ਾਂ /ਉਕਾਬਾਂ ਦੀ ਸ੍ਰੇਣੀ ਦੇ ਇਕ ਵੱਡੇ ਪੰਛੀ ਨੂੰ ਘੋਗੜ ਆਖਦੇ ਹਨ। ਖੇਤਾਂ ਵਿਚ ਕੰਮ ਕਰਨ ਵਾਲਿਆਂ ਨੂੰ ਪਤਾ ਸੀ ਕਿ ਨਰ ਪੰਛੀ ਮਿਲਾਪ ਤੋਂ ਪਹਿਲਾਂ ਚੀਂ ਚੀਂ ਆਵਾਜ਼ਾਂ ਕੱਢਦੇ ਹਨ, ਨਰ ਮਾਦਾ ਨੂੰ ਬੁਲਾਉਂਦਾ ਉਕਸਾਉਂਦਾ ਹੈ। ਕੁਦਰਤ ਦੀ ਖੇਡ ਵੇਖ ਕੇ ਸਾਰੇ ਆਨੰਦ ਲੈਂਦੇ। ਸਾਡਾ ਟੱਬਰ ਪੜ੍ਹਿਆ ਲਿਖਿਆ ਅਤੇ ਥੋੜ੍ਹਾ ਸ਼ਹਿਰੀ ਕਿਸਮ ਦਾ ਸੀ ਪਰ ਮੇਰਾ ਹਾਸਾ ਨਿਕਲ ਗਿਆ, ਬਾਅਦ ਵਿਚ ਮੈਂ ਥੋੜ੍ਹੀ ਸੰਗ ਮੰਨ ਗਿਆ।ਮੇਰੀ ਸਥਿਤੀ ਦੇਖ ਕੇ ਤਿੱਖੇ ਨੇ ਅੱਖ ਮਾਰੀ। ਕਹਿੰਦਾ, "ਚੱਲ ਵਈ ਪਾੜ੍ਹਿਆ ਪਿਆ ਪਾਣੀ, ਕੰਮ ਸਿਰੇ ਲਾਈਏ"। ਅਸਲ ਵਿਚ ਤਿੱਖਾ ਦਿਹਾੜੀਆਂ ਨੂੰ ਮਾਲਕ ਵਾਂਗ ਹੀ ਛੇਤੀ ਕੰਮ ਮੁਕਾਉਣ ਲਈ ਆਖਦਾ ਸੀ। ਕੰਮਕਾਰ 'ਤੇ ਬੜੀ ਮੇਰ ਕਰਦਾ ਸੀ। ਖੈਰ ਇਸ ਘਟਨਾ ਤੋਂ ਬਾਅਦ ਤਿੱਖਾ ਮੇਰੇ ਨਾਲ ਖੁੱਲ੍ਹ ਗਿਆ।

ਤਿੱਖੇ ਨੂੰ ਇਕ ਹੋਰ ਕੰਮ ਵਿਚ ਬੜਾ ਆਨੰਦ ਆਉਂਦਾ ਸੀ, ਉਹ ਸੀ ਮੱਝਾਂ ਨੂੰ ਨਵੇਂ ਦੁੱਧ ਕਰਵਾਉਣਾ। ਉਸ ਸਮੇਂ ਅਜੇ ਮਸਨੂਈ ਗਰਭਦਾਨ ਦਾ ਪ੍ਰਚਲਨ ਨਹੀਂ ਸੀ। ਪਿੰਡ ਵਿਚ ਅਕਸਰ ਸਾਂਝਾ ਝੋਟਾ ਰੱਖਿਆ ਹੁੰਦਾ ਸੀ। ਵੈਸੇ ਸਾਡੇ ਪਿੰਡ ਦੇ ਇਕ ਕੋਠੀ ਵਾਲਿਆਂ ਨੇ ਵੀ ਝੋਟਾ ਰੱਖਿਆ ਸੀ ਜੋ ਖ਼ਲ ਵੜੇਵਿਆਂ ਦੇ ਨਾਂਅ 'ਤੇ ਪੈਸੇ ਲੈਂਦੇ ਸੀ। ਪਰ ਤਿੱਖਾ ਮੁੱਲ ਦੇ ਝੋਟੇ ਦੀ ਥਾਂ ਆਵਾਰਾ, ਜਿਸ ਨੂੰ ਪੰਚਾਇਤੀ ਜਾਂ ਸਰਕਾਰੀ ਸਾਹਨ ਆਖਦੇ ਸੀ, ਦੀ ਭਾਲ਼ ਕਰਦਾ ਅਤੇ ਮੁੜ ਹੇਹੇ ਵਿਚ ਆਈ ਮੱਝ ਨੂੰ ਬਾਹਰ ਵਾੜੇ ਵਿਚ ਲੈ ਜਾਂਦਾ ਅਤੇ ਜਾਨਵਰਾਂ ਦਾ ਮਿਲਾਪ ਦੇਖ ਕੇ ਪੂਰਾ ਖੁਸ਼ ਹੁੰਦਾ ਸੀ। ਉਸ ਦਾ ਬੁਸ਼ਕਰਾ ਮਾਰਨਾ, ਝੋਟੇ ਦੀ ਪੂਛ ਖਿੱਚਣਾ, ਮੈਨੂੰ ਕਾਲਿਜ ਪੜ੍ਹਦੇ ਹੋਣ ਕਰਕੇ ਥੋੜ੍ਹਾ ਅਜੀਬ ਲੱਗਦਾ ਸੀ। ਖੁਸ਼ ਤਾਂ ਉਸ ਦਿਨ ਘਰ ਦੇ ਵੀ ਬਹੁਤ ਹੁੰਦੇ ਸੀ ਕਿਉਂਕਿ ਪਸ਼ੂ ਪਾਲਣ ਦੇ ਵਿਚ ਆਰਥਿਕ ਪੱਖੋਂ ਇਹ ਬੜਾ ਮਹੱਤਵਪੂਰਨ ਦਿਨ ਹੁੰਦਾ ਸੀ। ਗਰਭ ਧਾਰਨ ਕਰਕੇ ਨਵੇਂ ਸੂਏ ਪੈਣ ਤੋਂ ਬਗ਼ੈਰ ਫੰਡਰ ਮੱਝ ਕਿਸੇ ਕੰਮ ਦੀ ਨਹੀਂ ਹੁੰਦੀ ਸੀ ਅਤੇ ਉਸ ਦਾ ਮੁੱਲ ਹਜ਼ਾਰਾਂ ਤੋਂ ਵੀਹਾਂ ਵਿਚ ਆ ਜਾਂਦਾ। ਉਸ ਦਿਨ ਘਰਦੇ ਉਸ ਨੂੰ ਹੋਰ ਕੰਮ ਨਹੀਂ ਆਖਦੇ ਸੀ। ਵੱਡੇ ਹੋ ਕੇ ਜਦੋਂ ਮੈਂ ਫਰਾਈਡ ਪੜ੍ਹਿਆ ਅਤੇ ਮਾਨਵੀ ਵਿਵਹਾਰ ਦੀਆਂ ਘਟਨਾਵਾਂ ਦੇ ਸੰਕੇਤਕ ਅਰਥ ਸਮਝੇ ਤਾਂ ਪਤਾ ਚੱਲਿਆ ਕਿ ਉਸ ਅੰਦਰ ਪਤਾ ਨਹੀਂ ਕਿਹੜੀਆਂ ਮਾਨਸਿਕ ਗੁੰਝਲਾਂ ਪਈਆਂ ਹੋਈਆਂ ਸਨ, ਜਿਨ੍ਹਾਂ ਦਾ ਸਮਾਧਾਨ ਉਹ ਪੰਛੀਆਂ ਜਾਨਵਰਾਂ ਦੇ ਮਿਲਾਪ ਵਿਚੋਂ ਤਲਾਸ਼ ਕਰਦਾ ਸੀ।ਉਹ ਕਾਮੁਕ ਕਪੋਲ ਕਲਪਨਾਵਾਂ ਕਰਕੇ ਵੀ ਕਥਾਰਸਿਸ ਕਰਦਾ ਸੀ।

ਜਦੋਂ ਉਹ ਸਾਡੇ ਨਾਲ ਸੀਰੀ ਰਲ਼ਿਆ ਉਸ ਸਮੇਂ ਤਿੰਨ ਧੀਆਂ ਦਾ ਬਾਪ ਉਮਰ 35-40 ਦੇ

ਗੇੜ ਹੋਊ। ਪਰ ਉਹ ਕਿਸੇ ਕਾਲਿਜ ਦੀ ਮਾਸਟਰਨੀ ਨਾਲ ਝੂਠੇ ਇਸ਼ਕ ਦੇ ਕਿੱਸੇ ਮਸਾਲੇ ਲਗਾ ਕੇ ਸੁਣਾਉਂਦਾ ਸੀ। ਉਸ ਦਾ ਕੋਈ ਦੂਰ ਦਾ ਰਿਸ਼ਤੇਦਾਰ ਜਿਸ ਨੂੰ ਉਹ ਸਾਢੂ ਦੱਸਦਾ ਸੀ, ਕਾਲਿਜ ਵਿਚ ਸਫਾਈ ਸੇਵਕ ਸੀ। ਉਹ ਉਸ ਨੂੰ ਮਿਲਣ ਜਾਂਦਾ ਸੀ। ਬਾਕੀ ਸਭ ਉਸ ਦੀ ਕਲਪਨਾ ਸੀ। ਮੈਂ ਟੋਕਿਆ, ਮੈਂ ਕਾਲਿਜ ਜਾਂਦਾ ਹਾਂ, ਉਥੇ ਮਾਸਟਰਨੀਆਂ ਨਹੀਂ, ਮੈਡਮਾਂ ਹੁੰਦੀਆਂ ਨੇ। ਉਹ ਮੇਰੇ ਮੂੰਹੋ ਮੈਡਮ ਸ਼ਬਦ ਸੁਣ ਕੇ ਕਈ ਦਿਨ ਮੈਡੂੰਮ ਮੈਡੂੰਮ ਉਚਾਰਦਾ ਰਿਹਾ। ਅਖੀਰ ਉਸ ਨੇ ਕਿੱਸੇ ਦੇ ਪਾਤਰ ਦੇ ਨਾਂ ਦੀ ਤਬਦੀਲੀ ਕਰ ਲਈ ਪਰ ਉਸਨੇ ਫਿਲਮ ਦੇਖਣ ਸਮੇਂ ਦੇ ਬਾਕੀ ਦ੍ਰਿਸ਼ਾਂ ਵਿਚ ਕੋਈ ਤਬਦੀਲੀ ਨਾ ਕੀਤੀ। ਜਿੱਥੇ ਮਾਸਟਰਨੀ ਜਾਂ ਮੈਡਮ ਆਖਦੀ ਸੀ, 'ਤਿੱਖਿਆ ਮੈਂ ਤਾਂ ਤੇਰੇ ਇਸ਼ਕ ਵਿਚ ਝੱਲੀ ਹਾਂ, ਮੈਨੂੰ ਆਪਣੇ ਨਾਲ ਲੈ ਜਾ ਭਾਵੇਂ ਝੁੱਗੀ ਵਿਚ ਰੱਖ ਲਈਂ'। ਉਹ ਮਾਣ ਨਾਲ ਦੱਸਦਾ ਕਿ ਮੈਂ ਉਸ ਨੂੰ ਆਖਿਆ, ਆਹ ਦਿਲਲੱਗੀਆਂ ਖੇਡਾਂ ਤਾਂ ਠੀਕ ਹਨ ਪਰ ਮੇਰੇ ਘਰ ਤਾਂ ਧੀਆਂ ਤੇ ਉਨ੍ਹਾਂ ਦੀ ਮਾਂ ਹੈ। ਸੁੱਖ ਨਾਲ ਸ਼ਾਇਦ ਇਸ ਸਾਲ ਕਾਕਾ ਵੀ ਆਵੇ। ਉਹ ਆਖਦੀ "ਲੈ ਚੱਲ ਦੋਵੇਂ ਭੈਣਾਂ ਰਲ਼ ਕੇ ਕੱਟ ਲਾਂਗੀਆਂ।" ਮੈਂ ਆਖਿਆ "ਹਟ ਕਮਲੀ। ਇਉਂ ਤਾਂ ਬਦਨਾਮੀ ਹੋਊ।" ਕਈ ਵਾਰ ਕਿੱਸੇ ਦਾ ਅੰਤ ਇਉਂ ਵੀ ਹੁੰਦਾ "ਆਪਾਂ ਅਗਲੇ ਸਾਲ ਲੈ ਨਾ ਆਈਏ। ਕੀ ਖਿਆਲ ਆ ਤੇਰਾ ਪਾੜ੍ਹਿਆ।" ਉਹ ਮੈਨੂੰ ਪਾੜ੍ਹਾ ਆਖਦਾ ਜੋ ਮੈਨੂੰ ਬਿਲਕੁਲ ਚੰਗਾ ਨਾ ਲਗਦਾ। ਉਸ ਸਮੇਂ ਆਮ ਪੇਂਡੂ ਘਰਾਂ ਵਿਚ ਇਕ ਮੁੰਡੇ ਨੂੰ ਹੀ ਪੜ੍ਹਾਇਆ ਜਾਂਦਾ ਸੀ ਤੇ ਉਸ ਨੂੰ ਪਾੜ੍ਹਾ ਆਖਿਆ ਜਾਂਦਾ ਸੀ। ਸਾਡਾ ਤਾਂ ਸਾਰਾ ਟੱਬਰ ਹੀ ਪਾੜ੍ਹਾ ਸੀ ਸਗੋਂ ਪਾੜ੍ਹਿਆਂ ਨੂੰ ਪੜ੍ਹਾਉਣ ਵਾਲਾ। ਬਾਪੂ ਜੀ ਹੈੱਡ ਟੀਚਰ, ਭੈਣ ਟੀਚਰ ਅਤੇ ਵੱਡਾ ਭਰਾ ਬੀ ਐੱਡ ਕਰਦਾ ਸੀ।

ਉਸ ਨੂੰ ਕਦੇ ਘਰੋਂ ਬੁਲਾਉਣ ਨਹੀਂ ਜਾਣਾ ਪਿਆ, ਜਿਵੇਂ ਹੋਰਾਂ ਲੋਕਾਂ ਨੂੰ ਜਾਣਾ ਪੈਂਦਾ ਸੀ। ਉਹ ਸਾਡੇ ਉਠਣ ਤੋਂ ਪਹਿਲਾਂ ਹੀ ਆ ਦਰਵਾਜ਼ਾ ਖੜਕਾਉਂਦਾ ਸੀ ਅਤੇ ਜੇ ਕਦੇ ਨਾ ਆਉਂਦਾ ਤਾਂ ਫਿਰ ਉਹ ਆਪਣੇ ਘਰੇ ਵੀ ਨਹੀਂ ਹੁੰਦਾ ਸੀ। ਫੇਰ ਉਹ ਮੇਰੀ ਬੀਬੀ ਦੀ ਭਾਸ਼ਾ ਵਿਚ ਹਰਨਾਂ ਦੇ ਸਿੰਗੀਂ ਚੜ੍ਹਿਆ ਹੁੰਦਾ ਸੀ। ਅਸਲ ਵਿਚ ਤਾਂ ਉਸ ਨੂੰ ਜੂਆ ਖੇਡਣ ਦੀ ਆਦਤ ਸੀ। ਹਫਤੀਂ ਦਸੀਂ ਦਿਨੀਂ ਉਸ ਨੂੰ ਜੂਏ ਦਾ ਦੌਰਾ ਪੈਂਦਾ, ਘਰ ਦੇ ਕਿਸੇ ਜੀਅ ਤੋਂ ਆਨੀ ਬਹਾਨੀਂ ਪੈਸੇ ਮੰਗਦਾ ਅਤੇ ਸ਼ਹਿਰ ਨੂੰ ਭੱਜ ਜਾਂਦਾ। ਘੰਟੇ ਦੀ ਵਾਟ ਅੱਧੇ ਵਿਚ ਨਿਬੇੜ ਵਾਪਿਸ ਆ ਕੇ ਕੰਮ ਲੱਗ ਜਾਂਦਾ। ਉਸ ਨੂੰ ਵਹਿਮ ਸੀ ਕਿ ਬੀਬੀ ਦੇ ਹੱਥ ਦੇ ਦਿੱਤੇ ਪੈਸਿਆਂ ਨਾਲ ਸੱਟਾ ਨਿਕਲਦਾ ਹੈ। ਉਹ ਹਮੇਸ਼ਾ ਬੀਬੀ ਤੋਂ ਪੈਸੇ ਮੰਗਦਾ। ਬਾਪੂ ਤੋਂ ਆਨੇ ਬਹਾਨੇ ਪੈਸੇ ਨਾ ਫੜਦਾ ਸਗੋਂ ਕਹਿੰਦਾ ਐਥੇ ਰੱਖ ਦਿਓ, ਜਾਣ ਲੱਗਾ ਲੈ ਜੂੰ। ਮੁੜ ਬੀਬੀ ਨੂੰ ਆਖਦਾ "ਸਰਦਾਰਨੀਏ, ਐਥੇ ਮੇਰੇ ਪੈਸੇ ਪਏ ਆ, ਫੜਾਈਂ।" ਰੱਬ ਸਬੱਬੀਂ, ਵਰ੍ਹੇ ਛਿਮਾਹੀ ਜੇ ਕਦੇ ਸੱਟਾ ਨਿਕਲ ਆਉਂਦਾ ਤਾਂ ਸਭ ਤੋਂ ਪਹਿਲਾਂ ਸ਼ੇਵ ਕਰਾਉਂਦਾ, ਨਵੇਂ ਕਪੜੇ ਸਵਾਉਂਦਾ। ਘਰੇ ਲਹਿਰਾਂ ਬਹਿਰਾਂ ਕਰਦਾ, ਬੋਤਲ ਖਰੀਦਦਾ, ਸਿਨਮੇ ਵੜ ਜਾਂਦਾ। ਹੋਰ ਨਹੀਂ ਤਾਂ ਰਿਸ਼ਤੇਦਾਰੀਆਂ ਨੂੰ ਚੜ੍ਹ ਜਾਂਦਾ। ਅਖੀਰ ਪੈਸੇ ਮੁੱਕਣ 'ਤੇ ਘਰ ਮੁੜਦਾ ਅਤੇ ਚੁੱਪ ਕਰ ਕੇ ਚੋਰਾਂ ਵਾਂਗ ਕੰਮ 'ਤੇ ਆ ਲਗਦਾ। ਉਸ ਦੀਆਂ ਅੱਖਾਂ ਵਿਚ ਥਕਾਵਟ, ਖੁਮਾਰ ਅਤੇ ਹਲਕੀ ਉਦਾਸੀ ਹੁੰਦੀ ਸੀ।

ਉਹਨੂੰ ਜੇ ਹਰਨਾਂ ਦੇ ਸਿੰਗੀਂ ਚੜ੍ਹੇ ਨੂੰ ਡਰਾਵਾ ਦੇਣਾ, ਤੇਰੀਆਂ ਪਹਿਲਾਂ ਮੰਨੀਆਂ 12 ਛੁੱਟੀਆਂ ਤਾਂ ਪਹਿਲਾ ਹੀ ਖਤਮ ਨੇ, ਜੇ ਹੁਣ ਕੰਮ 'ਤੇ ਨਾ ਆਇਆ ਤਾਂ ਦਿਹਾੜੀਆਂ ਕੱਟੀਆਂ ਜਾਣਗੀਆਂ। ਉਸ ਨੇ ਬੇਫਿਕਰੀ ਨਾਲ ਆਖਣਾ, "ਡਬਲ ਕੱਟੋ ਜੀ। ਜੋ ਚਲਦਾ ਵਿਹਾਰ ਹੈ ਪਰ ਮੈਂ ਨੀ ਅਜੇ ਆਉਣਾ।" ਜੇ ਕੰਮ ਦੇ ਜ਼ੋਰ ਦੀ ਦੁਹਾਈ ਦੇਣੀ ਤਾਂ ਉਸ ਨੇ ਆਖਣਾ, "ਦਿਹਾੜੀਆ ਕਰ ਲਓ, ਪੈਸੇ ਦੇ ਦੂੰ। ਉਹ ਰਾਜਾ ਬਣਿਆ ਬੈਠਾ ਹੁੰਦਾ। ਪੈਸੇ ਦੀ ਬਹੁਲਤਾ ਵਾਲੇ ਦਿਨ ਭਰਪੂਰਤਾ ਨਾਲ ਜਿਉਂਦਾ। ਪੂਰੀ ਰੂਹ ਨਾਲ ਜਿਉਂਦਾ ਸੀ ਪੂਰਾ ਭਿੱਜ ਕੇ, ਬਗ਼ੈਰ ਕਿਸੇ ਟੁੰਡੀਲਾਟ ਦੀ ਪਰਵਾਹ ਕੀਤੇ। ਪਰ ਇਹ ਦਿਨ ਬਹੁਤੇ ਨਹੀਂ ਹੁੰਦੇ ਸੀ। ਮੈਂ ਆਖਿਆ "ਸੱਟਾ ਕਿਵੇਂ ਲਾਈਦੈ?" ਕਹਿੰਦਾ

"ਮੈਥੋਂ ਨਾ ਪੁੱਛ। ਮਾਸਟਰ ਜੀ ਆਖਣਗੇ ਕਾਕਾ ਵਿਗਾੜਤਾ", ਨਾਲ ਹੀ ਉਹ ਦੱਸਣ ਲੱਗ ਪਿਆ। "ਬੱਸ ਖਾਈਵਾਲ ਕੋਲ ਜਾ ਕੇ ਮੁੰਡਾ ਲਾ ਦੇਈਦੈ। ਜੇ ਥੋੜਾ ਮੁੰਡਾ ਪੈ ਜਾਵੇ ਤਾਂ ਵੀਹ ਗੁਣਾਂ ਮਿਲਦੇ ਐ। ਲੰਬਰ (ਨੰਬਰ) ਬੰਬੇ ਤੋਂ ਨਿਕਲਦੈ। ਦਸ ਗਿਆਰਾਂ ਵਾਲੀ ਗੱਡੀ 'ਤੇ ਆਉਂਦੈ।" ਮੈਨੂੰ ਅੱਜ ਤਕ ਪਤਾ ਨਹੀਂ ਲੱਗਿਆ ਕਿ ਗੱਡੀ ਦੇ ਡੱਬੇ ਉਪਰ ਲਿਖੇ ਨੰਬਰਾਂ ਨੂੰ ਕਿਵੇਂ ਡੀਕੋਡ ਕਰਦੇ ਸੀ। ਗ਼ੈਰਕਾਨੂੰਨੀ ਧੰਦਾ ਬੇਈਮਾਨੀ ਤੋਂ ਕਿੰਨਾ ਕੁ ਬਚਿਆ ਹੋਊ? ਹਰ ਸੱਟੇਬਾਜ ਵਾਂਗ ਉਹ ਵੀ ਬੜਾ ਵਹਿਮੀ ਸੀ। ਜੇ ਘਰੋਂ ਨਿਕਲਦਿਆਂ ਟਰੈਕਟਰ ਮਿਲ ਜਾਣਾ ਤਾਂ ਚਾਰ ਟਾਇਰ ਦੇਖ ਕੇ 4 ਨੰਬਰ ਲਗਾ ਦੇਣਾ। ਜੇ ਪਿੱਛੇ ਟਰਾਲੀ ਵੀ ਹੋਣੀ ਤਾਂ 6 ਟਾਇਰ ਦੇਖ ਕੇ 6 'ਤੇ ਦਾਅ ਲਾ ਦੇਣਾ। ਬੀਬੀ ਨੇ ਪੈਸੇ ਫੜਾਉਂਦਿਆਂ ਜੇ ਕਿਸੇ ਹੋਰ ਪ੍ਰਸੰਗ ਵਿਚ ਕਹਿ ਦੇਣਾ ਕਿ ਫਲਾਣੇ ਨਾਲ ਤਾਂ ਜੱਗੋਂ ਤੇਰ੍ਹਵੀਂ ਹੋ ਗਈ ਤਾਂ ਉਸ ਨੇ 13 ਨੰਬਰ 'ਤੇ ਦਾਅ ਲਾ ਦੇਣਾ। ਉਹਦੇ ਅੰਨ੍ਹੇ ਦਾਅ ਜਦੋਂ ਨਿਕਲਦੇ ਤਾਂ ਉਹ ਬਾਦਸ਼ਾਹ ਹੁੰਦਾ। ਨਹੀਂ ਤਾਂ ਦੋ ਦਿਨ ਉਸ ਦਾ ਜੀਅ ਲੱਗਿਆ ਰਹਿੰਦਾ ਕਿ ਖਬਰੈ ਨੰਬਰ ਨਿਕਲੇ ਕਿਸਮਤ ਪਲਟੇ। ਉਦੋਂ ਤੀਜੇ ਦਿਨ ਨੰਬਰ ਆਉਂਦਾ ਸੀ।

ਉਸ ਦੀ ਬਾਟੀ ਆਲ਼ੇ ਵਿਚ ਪਈ ਹੁੰਦੀ ਸੀ। ਚਾਹ, ਲੱਸੀ, ਦਾਲ਼, ਖੀਰ ਸਭ ਉਸੇ ਵਿਚ ਚਲਦੇ। ਰੋਟੀ ਹੱਥਾਂ 'ਤੇ ਬੋਚ ਲੈਂਦਾ ਸੀ। ਸਾਡੇ ਘਰ ਕੁਝ ਪੜ੍ਹਾਈ ਲਿਖਾਈ ਕਰਕੇ ਤੇ ਕੁਝ ਸਿੱਖ ਧਰਮ ਦਾ ਅਸਰ ਕਰਕੇ ਬਹੁਤੀ ਭਿੱਟ ਨਹੀਂ ਮੰਨਦੇ ਸੀ, ਸਿਰਫ ਪਿੰਡ ਦਾ ਜਗਤ ਰਵੀਰਾ ਹੀ ਚਲਦਾ ਸੀ। ਕਈ ਵਾਰ ਸਵੇਰੇ ਦਾਲ਼ ਬਾਟੀ ਵਿਚ ਹੋਣੀ ਤਾਂ ਲੱਸੀ ਉਸ ਨੇ ਓਕ ਨਾਲ ਪੀਣੀ। ਜੇ ਗਿਲਾਸ ਉਥੇ ਰੱਖ ਦੇਣਾ ਤਾਂ ਉਸ ਨੇ ਪੱਲੇ ਨਾਲ ਫੜ ਕੇ ਗਿਲਾਸ ਤੋਂ ਲੱਸੀ ਬਾਟੀ ਵਿਚ ਪਾ ਲੈਣੀ। ਬੀਬੀ ਕਦੇ ਕਦੇ ਕਿਸੇ ਹੋਰ ਗੱਲੋਂ ਔਖੀ ਹੁੰਦੀ ਤਾਂ ਘੂਰ ਦਿੰਦੀ ਕਿ ਤੂੰ ਭਾਂਡਾ ਸੁਕਮਾਂਜ ਕਰਕੇ ਛੱਡ ਦਿੱਤਾ, ਚੁੱਲ੍ਹੇ 'ਚ ਨਹੀਂ ਸੁੱਟਿਆ ਜਾਂਦਾ ਸੀ। ਪਿਛਲੇ ਘਰੇ ਬਾਹਰ ਚੁੱਲ੍ਹਾ ਸੀ ਜੋ ਅਕਸਰ ਵੰਡ ਵੜੇਵਾਂ ਜਾਂ ਪਾਣੀ ਤੱਤਾ ਕਰਨ ਲਈ ਧੁਖਦਾ ਰਹਿੰਦਾ ਸੀ। ਜਦੋਂ ਉਹ ਸਾਡੇ ਨਾਲ ਸੀਰੀ ਸੀ, ਮੈਂ ਉਸ ਨੂੰ ਤਾਜ਼ਾ ਤਾਜ਼ਾ ਪੜ੍ਹੇ ਮਾਰਕਸਵਾਦ ਦੇ ਪ੍ਰਭਾਵ ਹੇਠ ਇਨਕਲਾਬ ਦੀਆਂ ਗੱਲਾਂ ਸੁਣਾਉਂਦਾ ਕਿ ਜਦੋਂ ਕੋਈ ਨਾ ਸੀਰੀ ਹੋਵੇਗਾ ਨਾ ਮਾਲਕ ਹੋਵੇਗਾ, ਨਾ ਕੋਈ ਉੱਚਾ ਹੋਵੇਗਾ ਨਾ ਨੀਵਾਂ ਹੋਵੇਗਾ ਤਾਂ ਉਹ ਹੱਸ ਛੱਡਦਾ, ਛੱਡ ਪਾੜ੍ਹਿਆ ਦਿਲ ਬਹਿਲਾਉਣ ਨੂੰ ਇਹ ਬੜੀਆਂ ਵਧੀਆ ਗੱਲਾਂ ਨੇ ਪਰ ਕਦੇ ਇਉਂ ਵੀ ਹੋਇਆ। ਇਹ ਸਭ ਰੱਬ ਨੇ ਬਣਾਈਆਂ ਨੇ , ਵੈਸੇ ਜੇ ਕਦੇ ਇਉਂ ਹੋ ਜਾਵੇ ਤਾਂ ਨਜ਼ਾਰਾ ਆ ਜਾਵੇ।

ਤਿੱਖੇ ਦਾ ਇਕ ਹੋਰ ਸ਼ੌਕ ਵੱਟਾਂ ਘੜਨੀਆਂ ਸੀ। ਵੈਸੇ ਤਾਂ ਵਾਧੂ ਘਾਹ ਕਾਰਨ ਵੱਟਾਂ ਘੜਨੀਆਂ ਹੀ ਪੈਂਦੀਆਂ ਸਨ ਪਰ ਅਕਸਰ ਜੱਟਾਂ ਦੀਆਂ ਅੱਧੀਆਂ ਲੜਾਈਆਂ ਪਾਣੀ ਪਿੱਛੇ ਤੇ ਅੱਧੀਆਂ ਵੱਟਾਂ ਪਿੱਛੇ ਹੁੰਦੀਆਂ ਹਨ। ਹਰ ਜੱਟ ਨੂੰ ਲਾਲਚ ਹੁੰਦਾ ਹੈ ਕਿ ਵੱਟ ਵੱਢ ਕੇ ਆਪਣੇ ਨਾਲ ਇਕ ਉਰਾ ਹੋਰ ਰਲ਼ਾ ਲਵੇ। ਮੇਰੇ ਪਿਤਾ ਜੀ ਸਕੂਲ ਅਧਿਆਪਕ ਸਨ ਅਤੇ ਲੜਾਈ ਝਗੜਿਆਂ ਤੋਂ ਦੂਰ ਰਹਿਣ ਵਾਲੇ। ਉਨ੍ਹਾਂ ਦਾ ਕਹਿਣਾ ਸੀ ਕਿ ਜ਼ਮੀਨਾਂ ਖਰੀਦਣ ਨਾਲ ਵੱਧਦੀਆਂ ਹਨ, ਵੱਟਾਂ ਵੱਢਣ ਨਾਲ ਨਹੀਂ। ਕਈ ਵਾਰ ਖੇਤ ਸਬਜ਼ੀ ਭਾਜੀ ਲੈਣ ਗਈ ਬੀਬੀ ਤੱਤੀ ਹੋ ਕੇ ਮੁੜਦੀ ਕਿ ਗੁਆਂਢੀਆਂ ਨੇ ਵੱਟ ਵੱਢੀ ਪਈ ਹੈ। ਬਾਪੂ ਨੇ ਆਖਣਾ ਕੋਈ ਨਹੀਂ, ਜਿਹੋ ਜਿਹੇ ਉਨ੍ਹਾਂ ਦੇ ਚਾਲੇ ਨੇ, ਉਨ੍ਹਾਂ ਵਾਲੀ ਜ਼ਮੀਨ ਵੀ ਆਪਾਂ ਹੀ ਲੈ ਲੈਣੀ ਹੈ। ਖੈਰ ਤਿੱਖਾ ਰੀਝ ਨਾਲ ਵੱਟਾਂ ਘੜਦਾ, ਇਕ ਵਾਰ ਇਸੇ ਕਾਰਨ ਗੁਆਂਢੀਆਂ ਨਾਲ ਤਕਰਾਰ ਹੋ ਗਿਆ। ਮੈਂ ਅੰਦਰੋਂ ਅੰਦਰੀ ਖੁਸ਼ ਹੋਇਆ ਪਰ ਉਸ ਨੂੰ ਆਖਿਆ, ਤੂੰ ਕਾਹਤੋਂ ਪੰਗਾ ਲੈ ਲਿਆ, ਤੈਨੂੰ ਕੀਹਨੇ ਆਖਿਆ ਸੀ। ਉਹ ਕਹਿੰਦਾ ਐਵੇਂ ਸਾਲ਼ੇ ਰੌਲ਼ਾ ਪਾਉਂਦੇ ਆ, ਆਪਾਂ ਤਾਂ ਆਪਣੇ ਪਾਸੇ ਦਾ ਘਾਹ ਛਾਂਗਿਆ ਹੈ। ਉਹ ਅਸਲ ਗੱਲ ਦੱਸਣ ਲੱਗਿਆ ਕਿ ਬਿਨਾਂ ਵੱਟਾਂ ਘੜਿਆਂ ਤਾਂ ਵਾਹਣ ਇਉਂ ਲੱਗਦੈ ਜਿਵੇਂ ਬੰਦਾ ਸਿਰ ਮੁਨਾ ਕੇ ਬੋਦੇ ਤਾਂ ਚੋਪੜੀ ਫਿਰੇ ਪਰ ਦਾੜ੍ਹੀ ਵਧੀ ਹੋਵੇ। ਉਹ ਚੁੰਡਾਂ (ਕੋਨੇ) ਵੀ ਬਹੁਤ ਵਧੀਆ ਕਰਦਾ

ਸੀ। ਖੇਤ ਬੀਜਣ ਸਮੇਂ ਟਰੈਕਟਰ ਨਾਲ ਕੋਨਿਆਂ ਤੋਂ ਵਾਹਨ ਬੀਜਣ ਖੁਣੋਂ ਰਹਿ ਜਾਂਦਾ ਸੀ। ਉਸ ਥਾਂ ਨੂੰ ਕਹੀ ਨਾਲ ਪੁੱਟ ਕੇ ਹੱਥਾਂ ਨਾਲ ਛੱਟਾ ਦੇ ਕੇ ਬੀਜ ਬੀਜਣਾ ਪੈਂਦਾ ਸੀ। ਉਹ ਇਹ ਕੰਮ ਲਗਨ ਨਾਲ ਕਰਦਾ ਸੀ। ਸਾਡੇ ਘਰ ਖਾਸ ਕਰਕੇ ਬੀਬੀ ਦਾ ਵਿਸ਼ਵਾਸ ਸੀ ਕਿ ਤਿੱਖੇ ਦੇ ਹੱਥ ਵਿਚ ਬਰਕਤ ਹੈ। ਜਿਹੜੇ ਕੰਮ ਨੂੰ ਹੱਥ ਪਾਉਂਦਾ ਸੀ ਪੂਰਾ ਕਰਕੇ ਹੀ ਹਟਦਾ ਸੀ। ਇਸੇ ਕਰਕੇ ਉਸ ਦਾ ਨਾਂ ਨ੍ਹੇਰੀ ਸੀ, ਤਿੱਖਾ ਸੀ, ਦਾਤ ਸੀ, ਤੂਫਾਨ ਸੀ।

ਸਾਨੂੰ ਦੋਹਾਂ ਭਰਾਵਾਂ ਨੂੰ ਨੌਕਰੀ ਮਿਲੀ। ਮਾਂ ਬਾਪ ਬਜ਼ੁਰਗ ਹੋ ਗਏ, ਅਸੀਂ ਖੇਤੀ ਛੱਡ ਦਿੱਤੀ। ਪਿੰਡ ਜਾਣਾ ਘਟ ਗਿਆ। ਪਤਾ ਚੱਲਿਆ ਕਿ ਇਹ ਪਤਾ ਹੀ ਨਹੀਂ ਚੱਲਿਆ ਕਿ ਤਿੱਖਾ ਕਿੱਥੇ ਚਲਾ ਗਿਆ। ਦੱਸਣ ਵਾਲਿਆਂ ਨੇ ਦੱਸਿਆ ਕਿ ਸਾਡੇ ਪਿੰਡ ਦੇ ਇਕ ਘੱਟ ਜ਼ਮੀਨ ਵਾਲੇ ਡਰਾਈਵਰੀ ਕਰਦੇ ਜੱਟਾਂ ਦੇ ਮੁੰਡੇ ਨੇ ਟਰੱਕ ਮਾਲਕ ਦੀ ਪਤਨੀ ਨਾਲ ਆਪਣੇ ਸਬੰਧਾਂ ਕਾਰਨ ਮਾਲਕ ਦਾ ਕਤਲ ਕਰ ਦਿੱਤਾ। ਉਹ ਵੀਹ ਸਾਲੀ ਕੱਟ ਕੇ ਆਇਆ ਤਾਂ ਉਸਦਾ ਕੈਦੀ ਨਾਂ ਪੱਕ ਗਿਆ ਸੀ। ਜ਼ਮੀਨ ਘੱਟ ਹੋਣ ਕਾਰਨ ਰਿਸ਼ਤਾ ਕੀ ਹੋਣਾ ਸੀ। ਤਿੱਖੇ ਦੀ ਢਲਦੀ ਉਮਰੇ, ਤਿੱਖੇ ਦੀ ਘਰਵਾਲੀ ਵਿਹੜਾ ਛੱਡ ਬੱਚਿਆਂ ਸਮੇਤ ਕੈਦੀ ਦੇ ਘਰ ਆ ਬੈਠੀ। ਮੁੰਡਾ ਹੋ ਗਿਆ। ਤਿੱਖਾ ਪਹਿਲਾਂ ਤਾਂ ਆਪਣੇ ਪੁਰਾਣੇ ਵਿਹੜੇ ਵਾਲੇ ਕੋਠੜੇ ਵਿਚ ਪਿਆ ਰਹਿੰਦਾ। ਅਖੀਰ ਇਕ ਦਿਨ ਕੈਦੀ ਅਤੇ ਆਪਣੀ ਘਰ ਵਾਲੀ (ਜੋ ਹੁਣ ਕੈਦੀ ਦੀ ਵੀ ਘਰਵਾਲੀ ਸੀ) ਦੇ ਨਾਲ ਹੀ ਰਹਿਣ ਲੱਗ ਪਿਆ। ਕਦੇ ਕੰਮ ਧੰਦੇ ਵਿਚ ਹੱਥ ਵਟਾਈ ਵੀ ਕਰ ਦਿੰਦਾ। ਅਖੀਰ ਉਹ ਕਿੱਥੇ ਚਲਿਆ ਗਿਆ, ਕੁਝ ਪਤਾ ਨਹੀਂ ਚੱਲਿਆ। ਸੱਚਮੁੱਚ ਉਸ ਦਾ ਕੋਈ ਨਾਂ ਥਾਂ ਨਹੀਂ ਸੀ, ਉਹ ਧਰਤੀ 'ਤੇ ਕੰਮ ਕਰਨ ਹੀ ਆਇਆ ਸੀ ਤੇ ਆਪਣੇ ਹਿੱਸੇ ਦਾ ਕੰਮ ਕਰ ਗਿਆ। ਜ਼ਿੰਦਗੀ ਉਸ ਦੀ ਕਦੇ ਕਾਲਪਨਿਕ ਰੋਮਾਂਸਾਂ ਨਾਲ ਅਤੇ ਕਦੇ ਕਿਸਮਤ ਬਦਲਣ ਦੇ ਆਹਰ ਨਾਲ ਅੱਗੇ ਤੁਰਦੀ ਸੀ। ਵੈਸੇ ਉਹ ਕੰਮ ਵਿਚ ਛੋਹਲਾ, ਸੱਟੇ ਦਾ ਸ਼ੌਕੀਨ, ਰੋਮਾਂਟਕ ਖਾਮਖਿਆਲੀ ਦਾ ਬਾਦਸ਼ਾਹ ਗੁਰਦਿਆਲ ਸਿੰਘ ਦਾ ਅਣਹੋਇਆ ਸੀ ਪਰ ਪਾਸ਼ ਦੇ ਕਾਵਿ ਪਾਤਰਾਂ ਵਾਂਗ ਜੱਗ 'ਤੇ ਨਾਂ ਰਹਿ ਜਾਣ ਦੀ ਤਮੰਨਾ ਪਾਲ਼ੀ ਫਿਰਦਾ ਸੀ। ਉਸ ਦੀਆਂ ਕੁੜੀਆਂ ਵਿਆਹੀਆਂ ਗਈਆਂ, ਆਪਣਾ ਮੁੰਡਾ ਹੋਇਆ ਨਹੀਂ ਅਤੇ ਘਰ ਵਾਲੀ ਇਕ ਕੈਦ ਕੱਟ ਕੇ ਆਏ ਜੱਟ ਦੇ ਘਰ ਵੱਸ ਗਈ, ਉਹ ਜਿਉਂਦਾ ਮਰ ਗਿਆ, ਵੈਸੇ ਉਸ ਨੇ ਹੁਣ ਜੀਅ ਕੇ ਵੀ ਕੀ ਕਰਨਾ ਸੀ। ਮੇਰਾ ਦੱਸਿਆ ਇਨਕਲਾਬ ਵੀ ਨਹੀਂ ਆਇਆ, ਵੈਸੇ ਉਸ ਤੋਂ ਵੱਧ ਇਨਕਲਾਬ ਦੀ ਹੋਰ ਕਿਸ ਨੂੰ ਜ਼ਰੂਰਤ ਸੀ।000

***(3051, ਫੇਜ਼-2, ਅਰਬਨ ਐਸਟੇਟ, ਪਟਿਆਲਾ 143002***
***ਫੋਨ: 98150-50617 ਈਮੇਲ: rpsbrar@gmail.com)***

# ਸੱਤ ਕਵਿਤਾਵਾਂ: ਗੁਰਪ੍ਰੀਤ

## ਪੱਥਰ

ਪਾਰਕ ਦੇ ਚੜ੍ਹਦੇ ਵੰਨੀਂ
ਇਸ ਕੋਨੇ 'ਚ
ਕਿਸ ਨੇ ਲਿਆ ਕੇ ਰੱਖਿਆ ਹੋਏਗਾ
ਇਹ ਪੱਥਰ
ਬੱਚਿਆਂ ਨੂੰ ਬਹੁਤ ਭਾਉਂਦਾ ਹੈ

ਉਹ ਲੁਕਣ-ਮਿਟੀ ਖੇਡਦੇ
ਇਹਦੇ ਪਿੱਛੇ ਲੁਕ ਜਾਂਦੇ ।

ਹਵਾ ਨਾਲ਼ ਉਡਦੇ ਪੱਤੇ ਛਣ ਛਣ ਕਰਦੇ
ਇਹਦੇ ਦਰ ਆ ਆਰਾਮ ਨਾਲ਼ ਟਿਕ ਜਾਂਦੇ
ਕਿੰਨੇ ਹੀ ਕੀਟ-ਪਤੰਗੇ
ਇਹਦੇ ਇਰਦ-ਗਿਰਦ ਸਾਹ ਲੈਂਦੇ

ਕਦੇ-ਕਦਾਈਂ ਇਕ ਬੁੱਢਾ ਜੋੜਾ ਹਫਿਆ
ਇਹਦੇ 'ਤੇ ਆ ਬਹਿੰਦਾ
ਬਰਫ ਬਣ ਪਿਘਲ ਜਾਂਦਾ
ਨੇੜੇ ਹੀ ਫੁੱਲਾਂ ਦੀਆਂ ਕਿਆਰੀਆਂ 'ਚ ਰਮ ਜਾਂਦਾ।

ਸ਼ੁਕਰ ਹੈ!
ਇਸ ਪੱਥਰ ਨੂੰ ਅਜੇ ਤਾਈਂ ਕਿਸੇ ਨੇ
ਘੜਿਆ ਨਹੀਂ। 00

## ਯਾਰੀ

ਕੈਨਵਸ 'ਤੇ ਲਾਉਂਦਾ ਹਾਂ, ਹਰਾ ਰੰਗ
ਜਾ ਬਹਿੰਦਾ ਹਾਂ ਬਿਰਖ ਹੇਠਾਂ
ਛਾਂ ਦਾ ਰੰਗ ਕਾਲ਼ਾ ਹੈ
ਜਿਸ 'ਚੋਂ ਹਰੇ ਦੀ ਭਾਹ ਮਾਰਦੀ ਹੈ

ਕੈਨਵਸ 'ਤੇ ਲਾਉਂਦਾ ਹਾਂ, ਲਾਲ ਰੰਗ
ਇਹ ਤਾਂ ਮੇਰੀ ਦੇਹ 'ਚ

ਦੌੜਨ ਲਗਦਾ ਹੈ, ਨਾੜਾਂ 'ਚ ...
ਨਾੜ ਉਭਰਦੀ ਹੈ ਤਾਂ ਦੀਂਹਦਾ ਹੈ
ਨੀਲਾ ਰੰਗ
ਪਾਣੀ ਓਨਾ ਮੇਰੇ ਪਿੰਡੇ 'ਚ
ਜਿੰਨਾ ਪਿੰਡ 'ਚ
ਮੈਂ ਮੁਸਕਰਾਉਂਦਾ ਹਾਂ

ਮੇਰੇ ਰੰਗਾਂ ਦੇ ਰੰਗ ਹੋਰ ਨੇ
ਮੇਰੀ ਯਾਰੀ ਮਸੱਵਰ ਨਾਲ਼ ਹੈ। 00

## ਬੁਰਕੀ

ਜਿਹੜੀ ਰੋਟੀ ਨਾਲ਼
ਮੇਰੀ ਸਵੇਰ ਰੱਜ ਗਈ

ਰਾਤ, ਉਹਦੀ ਇਕ ਬੁਰਕੀ ਨਾਲ਼
ਚੂਹੀ ਪਿੰਜਰੇ 'ਚ ਫਸ ਗਈ...

ਮੇਰਾ ਪਿੰਜਰਾ ਮੈਨੂੰ ਦਿਸਦਾ ਨਹੀਂ! 00

## ਮਾਂ ਦਾ ਜਾਣਾ

ਮਾਂ ਦਾ ਜਾਣਾ, ਮਾਂ ਵਾਂਙ ਹੀ ਸੀ
ਚੁੱਪ-ਚਾਪ, ਨਾ ਹੂੰ, ਨਾ ਹਾਂ

ਉਹਨੇ ਮਸ਼ੀਨ ਦੀ ਨਹੀਂ ਮੰਨੀ
ਕੋਲ਼ ਖੜ੍ਹਾ ਡਾਕਟਰ
ਕੋਲ਼ ਖੜ੍ਹਾ ਰਹਿ ਗਿਆ

ਉਦੋਂ ਮੈਂ ਤਾਂ ਘਰੇ ਸੀ
ਦੁਪਹਿਰ ਦੀ ਰੋਟੀ ਖਾ ਕੇ
ਸੌਂ ਗਿਆ ਸੀ
'ਮਾਂ ਇਸੇ ਤਰ੍ਹਾਂ ਟਾਲ਼ ਦਿੰਦੀ ਹੈ ਬੱਚਿਆਂ ਨੂੰ'
ਮਾਸੀ ਨੇ ਮੇਰੇ ਸਿਰ 'ਤੇ ਹੱਥ ਰੱਖਦਿਆਂ ਆਖਿਆ ਸੀ

ਉਹ ਆਪਣੇ ਦੁੱਖ
ਆਪਣੇ ਨਾਲ਼ ਹੀ ਲੈ ਗਈ

ਉਹਦੀ ਬੁਣਾਈ ਦਰੀ ਮੇਰੇ ਹੇਠਾਂ ਵਿਛੀ ਹੈ

ਉਹਦੀ ਬੁਣੀ ਸਵੈਟਰ
ਮੈਂ ਇਸ ਸਿਆਲ਼ ਫਿਰ ਪਾਵਾਂਗਾ

ਉਹ ਮਾਂ ਹੈ
ਮੇਰੇ ਨਾਲ਼ ਕਿਵੇਂ ਨਾ ਕਿਵੇਂ
ਕਿਸੇ ਨਾ ਕਿਸੇ ਬਹਾਨੇ
ਜ਼ਰੂਰ ਰਹੇਗੀ ...

'ਏਸ ਬੁਰਸ਼ਟ ਨਾਲ਼ ਇਹੋ ਪੱਗ ਬੰਨ੍ਹਿਆ ਕਰ'
ਬੋਲ ਮੇਰੇ ਕੰਨਾਂ 'ਚ ਗੂੰਜਦੇ ਰਹਿਣਗੇ
ਮਾਂ ਤੋਂ ਕੀ ਭੁੱਲਿਆ ਸੀ
ਉਹਨੂੰ ਪਤਾ ਸੀ
ਉਹਦੇ ਜਾਣ ਦਾ ਇਹੋ ਸਹੀ ਵੇਲ਼ਾ ਸੀ। 00

## ਨਵੀਂ ਕਹਾਣੀ

ਭੈਣ ਦਾ ਫੋਨ ਆਇਆ -
ਵੀਰੇ ਮਾਂ ਦਿਖਾਈ ਦਿੱਤੀ
ਕਦੇ ਸੁਫ਼ਨੇ ਵਿਚ

ਤੂੰ ਦੱਸ

ਨਹੀਂ ਮੈਨੂੰ ਤਾਂ ਨਹੀਂ
ਉਹਨੇ ਉਦਾਸੀ ਵਿਚ ਕਿਹਾ

ਤਾਂ ਮੈਂ ਕਹਾਣੀ ਘੜੀ -
ਹਾਂ ਮੈਨੂੰ ਦਿਸੀ ਸੀ
ਫ਼ੁੱਲਾਂ ਦੀ ਘਾਟੀ ਚ
ਨਦੀ ਕਿਨਾਰੇ ਸ਼ਾਂਤ ਬੈਠੀ
ਮਾਲ਼ਾ ਫੇਰ ਰਹੀ ਸੀ

ਸੱਚੀਂ ਵੀਰੇ !

ਹੋਰ ਤੈਨੂੰ ਲੱਗਦੈ
ਓਹ ਓਥੇ ਵੀ
ਕੋਟੀਆਂ ਸਵੈਟਰ ਬੁਣੀ ਜਾਂਦੀ ਐ ...?

ਚੱਲ ਹੁਣ ਤਾਂ ਉਹਦੀਆਂ

ਕਹਾਣੀਆਂ ਹੀ ਰਹਿ ਗਈਆਂ
ਭੈਣ ਨੂੰ ਮੈਂ ਆਖਿਆ
ਤਾਂ ਉਹਨੇ ਅੱਖਾਂ ਭਰ ਲਈਆਂ
ਜੋ ਮੈਨੂੰ ਫੋਨ ਸੁਣਦਿਆਂ ਦਿਸੀਆਂ

ਅੱਜ ਮੈਂ ਓਹਦੇ ਕੱਲ੍ਹ ਦੇ ਫੋਨ ਲਈ
ਇਕ ਹੋਰ ਨਵੀਂ ਕਹਾਣੀ ਘੜਾਂਗਾ ... 00

## ਬੁੱਧ

ਪੱਥਰ
ਹੁਣ ਬੁੱਧ ਨਹੀਂ ਰਿਹਾ

ਕਿਸੇ ਕਲਾਕਾਰ ਨੇ
ਉਹਨੂੰ ਬੁੱਧ ਦੀ ਮੂਰਤੀ 'ਚ ਘੜ
ਦਿੱਤਾ ਹੈ। 00

## ਦੂਜਾ ਸ਼ਨੀਵਾਰ

ਦੂਜੇ ਸ਼ਨੀਵਾਰ ਮੈਨੂੰ ਛੁੱਟੀ ਹੁੰਦੀ ਹੈ
ਮੈਂ ਰਜਾਈ 'ਚ ਬੈਠਾ
ਫੇਸਬੁੱਕ ਦੀ ਦੁਨੀਆਂ ਦੇ ਰੌਲ਼ੇ-ਗੌਲ਼ੇ 'ਚ ਹਾਂ

ਇਕ ਮੱਖੀ ਮੇਰੇ ਕੰਨ ਕੋਲ਼ੇ
ਭੀਂ-ਭੀਂ ਕਰਨ ਲੱਗੀ ਹੈ

'ਯਾਰ! ਇਹ ਮੱਖੀ ਕਿੱਧਰੋਂ ਆ ਗਈ ?'
ਮੈਂ ਆਪਣੀ ਬੀਵੀ 'ਤੇ ਖਿਝਦਾ ਹਾਂ।

ਉਹ ਹੱਸਦੀ ਹੈ ਤੇ ਹੱਸੀ ਜਾਂਦੀ ਹੈ
ਮੈਂ ਹੋਰ ਖਿਝਦਾ ਹਾਂ
ਉਹ ਹੋਰ ਹੱਸਦੀ ਹੈ।

ਮੈਂ ਸਮਝ ਗਿਆ ਹਾਂ
ਉਹ ਕਹਿ ਰਹੀ ਹੈ-
ਯਾਰ ! ਹਰ ਗੱਲ ਲਈ
ਮੈਂ ਹੀ ਜ਼ਿੰਮੇਵਾਰ ਹਾਂ ?
ਕੀ ਉਹ ਸੱਚ-ਮੁੱਚ ਇਸੇ ਗੱਲ ਲਈ ਹੱਸ ਰਹੀ ਹੈ। 000

*(451 ਏ, ਵਾਰਡ 1, ਸ਼ਰਮਾ ਸਟਰੀਟ, ਲਿੰਕ ਰੋਡ, ਮਾਨਸਾ - 151505*
*ਫੋਨ: 98723-75898)*

# ਤਿੰਨ ਕਵਿਤਾਵਾਂ: ਸੱਤਪਾਲ ਭੀਖੀ

## ਰਿਸ਼ਤਾ

ਇਕ ਰਿਸ਼ਤਾ ਖਤਮ ਹੁੰਦਾ
ਤਾਂ ਕਈ ਰਸਤੇ ਖਤਮ ਹੁੰਦੇ
ਰਸਮਾਂ ਰੁੱਸ ਜਾਂਦੀਆਂ
ਰੌਣਕਾਂ ਰੀਣ ਹੋ ਜਾਂਦੀਆਂ
ਰਾਜ਼ ਦਮ ਤੋੜ ਜਾਂਦੇ
ਰਾਵਾਂ ਰਿਸਕ ਜਾਂਦੀਆਂ
ਰਿਜ਼ਕ ਰਾਹ ਬਦਲ ਲੈਂਦਾ

ਰਿਸ਼ਤਾ ਖਤਮ ਹੁੰਦਾ ਤਾਂ
ਨਾਨਕ ਤੋਂ ਮਰਦਾਨਾ ਵੱਖ ਹੁੰਦਾ
ਮਰਦਾਨੇ ਤੋਂ ਰਬਾਬ ਵੱਖ ਹੁੰਦੀ
ਰਬਾਬ ਤੋਂ ਸੁਰ
ਸੁਰ ਤੋਂ ਸੀਰ
ਸੀਰ ਤੋਂ ਸਾਥ
ਤੇ ਸਾਥ ਤੋਂ ਸੰਬੰਧ ਖਤਮ ਹੁੰਦੇ
ਬਸ ਰਾਖ ਬਚਦੀ
ਰਾਖ ਫੈਲਦੀ
ਫਿਰ ਥਮ ਜਾਂਦੀ
ਰਮ ਜਾਂਦੀ
ਜੇ ਇਕ ਵੀ ਕਣੀ ਮਿਲਦੀ
ਮੋਹ-ਤੇਹ ਦੀ
ਤਾਂ ਰਿਸ਼ਤਾ
ਫਿਰ ਤੋਂ ਉੱਗ ਆਉਂਦਾ
ਕੁਕਨਸ ਵਾਂਗ.... 00

## ਇਕ ਪਿਆਰ ਕਵਿਤਾ

ਸੰਘਰਸ਼ ਦੇ ਤਿੱਖੇ ਦੌਰ 'ਚ
ਲਿਖੀ ਹੈ ਇਕ ਪਿਆਰ ਕਵਿਤਾ

ਇਹ ਵੀ ਓਟ ਹੈ
ਸੰਘਰਸ਼ 'ਚ ਜੂਝਦੇ ਸੂਰਮਿਆਂ ਦੀ

ਉਹ
ਇਹ ਲੜਾਈ ਵੀ ਲੜ ਰਹੇ ਨੇ
ਕਿ ਜਿਉਂਦੀ ਰਹੇ
ਮੇਰੀ ਪਿਆਰ ਕਵਿਤਾ

## ਗੋਲ਼ੀ ਕਿਸ ਨੂੰ ਲੱਗੀ ਹੈ

ਰਾਤ ਸੁਪਨਾ ਆਇਆ
ਇਕ ਗੋਲ਼ੀ
ਕਿਸਾਨ ਦਾ ਸੀਨਾ ਚੀਰ
ਹੋ ਗਈ ਆਰ-ਪਾਰ
ਉਸ ਦੁਆਲ਼ੇ
ਅੱਖਾਂ 'ਚ ਹੰਝੂ ਤੇ ਅੰਗਿਆਰ ਲਈ
ਬੈਠਾ ਹੈ ਮਜ਼ਦੂਰ

ਕਣਕ ਦੇ ਨਾੜ ਤੀਰ ਬਣ ਗਏ
ਮੈਂ ਤੀਰਾਂ ਨਾਲ ਵਿੰਨ੍ਹਿਆ ਪਿਆ ਹਾਂ
ਦਾਣੇ ਕਿੱਲਾਂ ਬਣ
ਗੱਡੇ ਪਏ ਨੇ ਮੇਰੇ ਹੱਥਾਂ 'ਚ
ਮੇਰੇ ਸੰਘ 'ਚ
ਫਸੇ ਹੋਈਆਂ ਨੇ ਕਸੀਰ ਦੀਆਂ ਬੱਲੀਆਂ
ਮੇਰੀਆਂ ਆਂਦਰਾਂ 'ਚ ਧਸਿਆ ਹੋਇਆ
ਹਲ਼ ਦਾ ਫਾਲ਼ਾ

ਦੂਰ ਕਿਤੇ ਨਦੀਨ ਹੱਸ ਰਹੇ ਨੇ

ਭੋਇੰ
ਮੁੱਖ 'ਤੇ ਸੂਰਜੀ ਕਿਰਨਾਂ ਦੀ ਚੁੰਨੀ ਓੜ੍ਹ
ਮੁਖਾਤਬ ਹੈ ਮੈਨੂੰ
ਉਹ ਮੈਨੂੰ
ਅੰਨ-ਹਰਾਮੀ ਹੋਣ ਦਾ
ਸਰਾਪ ਦੇ ਰਹੀ ਹੈ

ਸੱਚਮੁੱਚ
ਗੋਲ਼ੀ ਤਾਂ ਮੇਰੇ ਵੱਜੀ ਹੈ। 000

***(Email: satpalbhikhi@gmail.com)***

# ਕੋਈ ਹਰਿਆ ਬੂਟ...: ਕਹਾਣੀ: ਬਲਵਿੰਦਰ ਸਿੰਘ ਗਰੇਵਾਲ

ਤੁਸੀਂ ਮੇਰਾ ਹੱਸਣਾ ਨਹੀਂ ਸੁਣ ਸਕਦੇ। ਪਰ ਮੇਰਾ ਹਾਸਾ! ਮੈਨੂੰ ਲਗਦੈ ਕਿ ਇਹ ਮੇਰੇ ਕੰਨ ਪਾੜ ਦੇਵੇਗਾ।ਖੁਸ਼ੀ ਵਿਚ ਦਿਲ ਬੈਠ ਜਾਵੇਗਾ। ਖੁਸ਼ੀ ਦੇ ਇਸ ਪਲ ਨੂੰ ਮੈਂ ਬਿਨਾਂ ਮਾਣੇ ਬੀਤਣ ਨਹੀਂ ਦੇ ਸਕਦਾ। ਸਦੀਆਂ ਤੋਂ ਮੈਂ ਇਸ ਪਲ ਦੀ ਉਡੀਕ ਕੀਤੀ ਹੈ। ਮੇਰੇ ਹੋਣ ਦਾ ਦਾਅਵਾ ਕਰਦੇ ਬੋਲ ਜ਼ਰੂਰ ਮੈਨੂੰ ਗਾਹੇ- ਬ- ਗਾਹੇ ਸੁਣਦੇ ਰਹਿੰਦੇ ਹਨ। ਪਰ ਅੱਜ ਜਦ ਮੇਰਾ ਹੋਣਾ ਸਾਬਤ ਹੋਇਆ ਤਾਂ ਕਿਸੇ ਅਦਾਲਤ ‘ਚ, ਕਿਸੇ ਸਭਾ ‘ਚ ਅਜਿਹੀ ਖਾਮੋਸ਼ੀ ਮੈਂ ਕਦੇ ਨਹੀਂ ਦੇਖੀ...

...ਹਾਂ, ਹਾਂ, ਤੁਹਾਡੀ ਗੱਲ ਵੀ ਠੀਕ ਹੋ ਸਕਦੀ ਹੈ। ਚੀਰ-ਹਰਨ ਵੇਲ਼ੇ ਦਰੋਪਤੀ ਦੇ ਬਿਆਨ ਤੋਂ ਬਾਅਦ ਅਜਿਹੀ ਹੀ ਮੁਕੰਮਲ ਖਾਮੋਸ਼ੀ ਸੀ। ‘ਵੱਡਿਆਂ’ ਦੇ ਸਿਰ ਵੀ ਨਮੋਸ਼ੀ ‘ਚ ਅੱਜ ਦੇ ਮੁਕਾਬਲੇ ਵੱਧ ਝੁਕੇ ਹੋਏ ਸਨ। ਮੈਂ ਵੀ ਉਤਸ਼ਾਹ ਵਿਚ ਉਡੀਕ ਰਿਹਾ ਸਾਂ ਕਿ ਹੁਣੇ ਕੋਈ ਵਡੇਰਾ, ਕੋਈ ਪਿਤਾਮਾ ਬੋਲੇਗਾ ਤੇ ਦਰਬਾਰ ਤੋਂ ਅਚਾਨਕ ਅਦਾਲਤ ਵਿਚ ਤਬਦੀਲ ਹੋ ਗਈ ਇਸ ਸਭਾ ਵਿਚ ਮੇਰਾ ਹੋਣਾ ਸਾਬਤ ਹੋ ਜਾਵੇਗਾ...

...ਪਰ ਤੁਸੀਂ ਜਾਣਦੇ ਹੀ ਹੋ ਕਿ ਕੋਈ ਨਹੀਂ ਸੀ ਬੋਲਿਆ। ਸਾਰਿਆਂ ਕੋਲ਼ ਨਾ ਬੋਲਣ ਦੇ ਵੱਡੇ ਵੱਡੇ ਤਰਕ ਸਨ। ਉਹ ਤਰਕ ਸੁਣਦੇ ਦੀਆਂ ਮੇਰੀਆਂ ਅੱਖਾਂ ਭਰ ਆਈਆਂ ਸਨ। ਮੇਰਾ ਹੋਣਾ ਫਿਰ ਟਲ਼ ਗਿਆ ਸੀ...

...ਉਂਝ ਆਸ ਮੈਨੂੰ ਉਦੋਂ ਵੀ ਬੜੀ ਬੱਝੀ ਸੀ ਜਦੋਂ ਲੋਕਤੰਤਰੀ ਸਰਕਾਰਾਂ ਨੇ ਸੰਵਿਧਾਨ ਬਣਾਏ ਸਨ। ਸੰਵਿਧਾਨ ਅਨੁਸਾਰ ਅਦਾਲਤਾਂ ਬਣਾਈਆਂ ਸਨ। ਮੈਂ ਖੁਸ਼ ਹੋ ਗਿਆ ਸੀ ਕਿ ਹੁਣ ਮੇਰੇ ਹੋਣ ਲਈ ਯੁੱਧ ਨਹੀਂ ਹੋਣਗੇ।ਸਿਆਣੇ, ਨਿਰਪੱਖ ਜੱਜ ਮੇਰੇ ਹੋਣ ਦੀ ਗਰੰਟੀ ਦਿਆ ਕਰਨਗੇ। ਪਰ ਇਕ ਦਿਨ ਇਕ ਵੱਡੀ ਅਦਾਲਤ ਵਿਚ ਦਾਖਿਲ ਹੋਣ ਲੱਗਿਆ ਤਾਂ ਉਸ ਦੇ ਵੱਡੇ ਜੱਜ ਦੀ ਆਵਾਜ਼ ਮੇਰੇ ਕੰਨੀਂ ਪਈ। ਉਹ ਅਧਿਕਾਰ ਨਾਲ, ਉਂਗਲ਼ੀ ਖੜ੍ਹੀ ਕਰਕੇ, ਐਲਾਨ ਕਰ ਰਿਹਾ ਸੀ -

Gentlemen! it is court of law, not justice

(ਸੱਜਣੋਂ !ਇਹ ਕਾਨੂੰਨ ਦੀ ਅਦਾਲਤ ਹੈ, ਇਨਸਾਫ ਦੀ ਨਹੀਂ)

ਮੇਰੇ ਪੈਰਾਂ ਹੇਠੋਂ ਮਿੱਟੀ ਨਿਕਲ ਗਈ ਸੀ। ਉਹ ਮੇਰੇ ਓਥੇ ਹੋਣ ਤੋਂ ਹੀ ਮੁੱਕਰ ਗਏ ਸਨ। ਮੈਂ ਸਹਿਮ ਗਿਆ ਸਾਂ। ਉਦੋਂ ਤੋਂ ਹੀ ਮੈਂ ਸਹਿਮਿਆ ਹੋਇਆ ਹਾਂ। ਹੋਣ ਦੀ ਉਡੀਕ ਵਿਚ ਥਾਂ ਕੁਥਾਂ ਭਟਕਦਾ ਹਾਂ। ਕਿਸੇ ਖੂੰਜੇ ਲੱਗ ਕੇ ਖੜ੍ਹਾ ਰਹਿੰਦਾ ਹਾਂ...

...ਮੈਂ ਇਨਸਾਫ ਹਾਂ...

...ਅੱਜ ਸਵੇਰੇ ਦਸ ਵੱਜਣ ‘ਚ ਅਜੇ ਕੁਝ ਮਿੰਟ ਬਾਕੀ ਸਨ। ਕਮਰਾ ਖਾਲੀ ਸੀ। ਸਭ ਤੋਂ ਪਹਿਲਾਂ ਔਹ ਸੱਜਣ ਆਏ ਸਨ। ਇੰਸਪੈਕਟਰ ਦੇ ਮੇਜ਼ ਦੇ ਸੱਜੇ ਪਾਸੇ ਪਹਿਲੀ ਕੁਰਸੀ ‘ਤੇ ਬੈਠੇ ਹੋਏ ਨੇ। ਰਿਟਾਇਰਡ ਪ੍ਰਿੰਸੀਪਲ ਅਜੈਬ ਸਿੰਘ। ‘ਵਿਮੈਨ ਸੈੱਲ’ ਦੇ ਕੇਸਾਂ ਵਿਚ ‘ਸਿਵਲ ਸੋਸਾਇਟੀ’ ਵਜੋਂ ਸ਼ਾਮਿਲ ਤਿੰਨ ਮੁਹਤਬਰਾਂ ਵਿਚੋਂ ਇਕ ਹਨ। ਮੁਹਤਬਰ, ਜਾਣੀ ਨਿਰਪੱਖ ਤੇ ਸਿਆਣਾ ਸਮਝਿਆ ਜਾਂਦਾ ਸ਼ਹਿਰੀ। ‘ਰੱਬ ਲਗਦੀ’ ਗੱਲ ਕਰਨ ਵਾਲਾ। ਪ੍ਰਿੰਸੀਪਲ ਸਾਹਿਬ ਦਾ ਤਾਂ ਤਕੀਆ ਕਲਾਮ ਹੀ ‘ਰੱਬ ਲਗਦੀ’ ਹੈ। ਉਹਨਾਂ ਦੇ ਨਾਲ ਦੀਆਂ ਕੁਰਸੀਆਂ ‘ਤੇ ਬੈਠੇ ਹਨ ਪ੍ਰਧਾਨ ਸਤਿ ਪ੍ਰਕਾਸ਼ ਜੀ। ਇਹ ਵੀ ਪਤੀ-ਪਤਨੀ ਦੇ ਝਗੜਿਆਂ ਵਿਚ ਅਕਸਰ ਬੁਲਾਏ ਜਾਂਦੇ ਹਨ। ਤੀਜਾ ਨਾਜਰ ਸਿੰਘ ਹੈ, ਪੁਲੀਸ ਟਾਊਟ। ਹਰ ਤੀਜੇ ਮਾਮਲੇ ਵਿਚ ਇਹ ਵੀ ਹਾਜ਼ਰ ਹੁੰਦਾ ਹੈ।

ਇਹਨਾਂ ਤੋਂ ਬਾਅਦ ਇੰਸਪੈਕਰ ਅਸ਼ੋਕ ਰੰਗੀ, ਤੇ ਫਾਈਲ ਚੁੱਕੀ ਲੇਡੀ ਕਾਂਸਟੇਬਲ ਆਈ ਸੀ। ਅਸ਼ੋਕ ਰੰਗੀ ਪ੍ਰਿੰਸੀਪਲ ਸਾਹਿਬ ਦਾ ਵਿਦਿਆਰਥੀ ਰਿਹਾ ਹੈ। ਆਉਂਦੇ ਹੀ ਗੋਡੀਂ ਹੱਥ ਲਾ ਕੇ ਬੋਲਿਆ ਸੀ–

"ਸਰ ਤੁਸੀਂ ਆ'ਜਿਆ ਕਰੋ। ਤੁਹਾਡੀ ਨਰਮਾਈ ਕਰਕੇ ਸਾਨੂੰ ਸੌਖ ਰਹਿੰਦੀ ਹੈ। ਮਹਿਕਮੇ 'ਤੇ ਤਾਂ ਤੁਹਾਨੂੰ ਪਤਾ ਈ ਐ, ਕੋਈ ਇਤਬਾਰ ਨੀ ਕਰਦਾ, ਚਾਹੇ ਦੁੱਧ ਦੇ ਧੋਤੇ ਹੋਈਏ"। ਅਸ਼ੋਕ ਚੰਗਾ ਮੁੰਡਾ ਸੀ। ਹੁਣ ਸੁਹਿਰਦ ਅਫਸਰ ਹੈ। ਦੁੱਧ ਦਾ ਧੋਤਾ ਭਾਵੇਂ ਨਾ ਵੀ ਹੋਵੇ, ਪਰ ਚਿੱਕੜ 'ਚ ਗਲ਼ ਤਕ ਲਿਬੜਿਆ ਹੋਇਆ ਵੀ ਨਹੀਂ। ਵਾਹ ਲਗਦੀ, ਸਾਫ ਗੱਲ ਕਰਦਾ ਹੈ–

"ਕਿੰਨੇ ਝਗੜੇ ਤਾਂ ਤੁਹਾਡੀ 'ਰੱਬ ਲਗਦੀ' ਨਾਲ ਨਿਬੜ ਜਾਂਦੇ ਹਨ", ਉਹਨੇ ਪ੍ਰਿੰਸੀਪਲ ਸਾਹਿਬ ਨੂੰ ਕਿਹਾ ਸੀ। ਇਸ ਕੇਸ ਵਿਚ ਵੀ ਪ੍ਰਿੰਸੀਪਲ ਨੇ ਪਿਛਲੀ ਬੈਠਕ ਵਿਚ ਕਈ ਵਾਰ 'ਰੱਬ ਲਗਦੀ' ਗੱਲ ਕਰ ਕੇ ਦੋਹਾਂ ਧਿਰਾਂ ਦਾ ਵਿਸ਼ਵਾਸ ਜਿੱਤਿਆ ਸੀ। ਇੰਸਪੈਕਟਰ ਦੇ ਨਾਲ ਹੀ ਅੰਦਰ ਆ ਗਈਆਂ ਧਿਰਾਂ ਆਪੋ ਆਪਣੀਆਂ ਥਾਵਾਂ 'ਤੇ ਬੈਠ ਗਈਆਂ ਸਨ। ਕਮਰੇ ਵਿਚ ਬੈਠਣ ਦਾ ਪ੍ਰਬੰਧ ਇਸ ਤਰ੍ਹਾਂ ਕੀਤਾ ਗਿਆ ਹੈ ਕਿ ਇੰਚਾਰਜ ਦੀ ਮੇਜ਼ ਦੇ ਸੱਜੇ ਪਾਸੇ ਤਿੰਨ ਕੁਰਸੀਆਂ ਮੁਹਤਬਰਾਂ ਵਾਸਤੇ ਤੇ ਫੇਰ ਮੁੰਡੇ ਵਾਲੀ ਧਿਰ ਦੇ ਬੰਦਿਆਂ ਲਈ ਬੈਂਚ, 'ਐੱਲ ਟਾਈਪ ਸ਼ੇਪ' ਲੱਗੇ ਹੋਏ ਹਨ। ਕੰਧ ਦੇ ਨਾਲ ਨਾਲ। ਖੂੰਜੇ ਤਕ। ਇੰਚਾਰਜ ਦੇ ਖੱਬੇ ਪਾਸੇ ਲੇਡੀ ਕਾਂਸਟੇਬਲ ਤੇ ਉਹਦੇ ਨਾਲ ਕੁੜੀ ਤੇ ਕੁੜੀ ਦੀ ਮਾਂ। ਫੇਰ ਕੁੜੀ ਵਾਲੀ ਧਿਰ। ਮੇਜ਼ ਦੇ ਸਾਹਮਣੇ ਬੈਂਚ 'ਤੇ ਹਮੇਸ਼ਾ ਮੁੰਡਾ ਤੇ ਉਹਦੇ ਮਾਂ ਬਾਪ ਬੈਠਦੇ ਹਨ। ਵਿਚਕਾਰਲੀ ਲਾਈਨ ਵਿਚ ਕੁੜੀ ਵਾਲਿਆਂ ਨਾਲ ਆਏ ਪੰਚਾਇਤੀ। ਅਸ਼ੋਕ ਰੰਗੀ ਦਾ ਵਿਚਾਰ ਹੈ ਕਿ ਇਸ ਤਰ੍ਹਾਂ ਗੱਲ ਵੀ ਸੌਖੀ ਸਮਝ ਆ ਜਾਂਦੀ ਹੈ ਤੇ ਆਹਮੋ-ਸਾਹਮਣੇ ਨਾ ਹੋਣ ਕਰਕੇ ਨਾਲ ਆਏ ਬੰਦੇ, ਗਰਮੀ ਖਾ ਜਾਣ 'ਤੇ ਵੀ ਮੂੰਹੋਂ-ਦੂਹੀਂ ਹੋਣ ਤੋਂ ਬਚੇ ਰਹਿੰਦੇ ਹਨ। ਇਸ ਕੇਸ ਵਿਚ ਕੁੜੀ ਵਾਲੀ ਧਿਰ ਨਾਲ ਕੁੱਲ ਦੋ ਬੰਦੇ ਹਨ। ਕੁੜੀ ਦਾ ਫੁੱਫੜ ਤੇ ਸਰਪੰਚ। ਇੱਥੇ ਬੈਠਿਆਂ 'ਚੋਂ ਬਹੁਤਿਆਂ ਦਾ ਵਿਚਾਰ ਹੈ ਕਿ ਆਮ ਤੌਰ 'ਤੇ ਕਸੂਰਵਾਰ ਜਾਂ ਪੈਸੇ ਪੱਖੋਂ ਕਮਜ਼ੋਰ ਧਿਰ ਨਾਲ ਬੰਦੇ ਘੱਟ ਹੁੰਦੇ ਹਨ। ਕਈ ਵਾਰ ਤਾਂ ਮੁਹਤਬਰ ਤੇ ਪੁਲੀਸ ਵਾਲੇ ਇਸ ਤੱਥ ਤੋਂ ਹੀ ਮਨ ਬਣਾ ਲੈਂਦੇ ਹਨ।

ਪਹਿਲੀ ਗੱਲ ਜਿਹੜੀ ਮੈਨੂੰ ਸੁਣੀ ਸੀ ਉਹ ਪ੍ਰਿੰਸੀਪਲ ਅਜੈਬ ਸਿੰਘ ਦੀ ਸੀ–

"ਔਹ ਬੰਦਾ ਕੌਣ ਐ ਜਿਹੜਾ ਅਖੀਰ 'ਚ ਬੈਠੈ", ਪ੍ਰਿੰਸੀਪਲ ਨੇ ਹਲਕਾ ਜਿਹਾ ਇਸ਼ਾਰਾ ਜਮਾਂ ਖੂੰਜੇ 'ਚ ਬੈਠੇ ਬੰਦੇ ਵੱਲ ਕੀਤਾ ਸੀ , "ਪਿਛਲੀ ਮੀਟਿੰਗ ਦੌਰਾਨ ਵੀ ਚੁੱਪ ਰਿਹੈ। ਹੁਣ ਫੇਰ ਠੋਡੀ ਹੇਠ ਹੱਥ ਰੱਖੀਂ ਬੈਠੈ"।

"ਮੁੰਡੇ ਦਾ ਬਾਪ ਐ, ਸਰ। ਵਾਈਫ ਤੇ ਸਾਲ਼ਾ ਮੂਹਰੇ ਕੀਤੇ ਹੋਏ ਨੇ, ਆਪ ਬੈਠੈ ਖੂੰਜੇ ਲੱਗਿਆ। ਤੁਸੀਂ ਤਾਂ ਬਾਅਦ 'ਚ ਆਏ ਓਂ, ਮੇਰੀ ਤਾਂ ਚੌਥੀ ਸਿਟਿੰਗ ਐ ਇਹਨਾਂ ਨਾਲ। ਇਕ ਸ਼ਬਦ ਨੀ ਬੋਲਿਆ…"। ਅਸ਼ੋਕ ਦੀ ਗੱਲ ਪੂਰੀ ਹੋਣ ਤੋਂ ਪਹਿਲਾਂ ਈ, ਨਾਲ ਦੀ ਕੁਰਸੀ 'ਤੇ ਬੈਠੇ ਪ੍ਰਧਾਨ ਮੇਘਰਾਜ ਨੇ ਉਹਦੀ ਗੱਲ ਟੋਕ ਦਿੱਤੀ ਸੀ।

"…ਸਟ੍ਰੈਟੇਜੀ ਐ ਇਹਨਾਂ ਦੀ! ਫੈਸਲਾ ਹੋਏ ਤੋਂ ਮਿੰਨਤਾਂ ਕਰੂ…ਤੁਹਾਨੂੰ ਤਾਂ ਪਤਾ ਈ ਐ…", ਪ੍ਰਧਾਨ ਦੀ ਨਿਗ੍ਹਾ ਦੇ ਨਾਲ ਹੀ ਮੈਂ ਵੀ ਉਧਰ ਦੇਖਿਆ ਸੀ, ਆਤਮਾ ਸਿੰਘ ਵੱਲ। ਆਤਮਾ ਸਿੰਘ! ਲੰਮਾ ਲੰਝਾ। ਬੇ-ਤਰਤੀਬੇ ਜਿਹੇ ਕੁੜਤੇ ਪਜਾਮੇ ਵਾਲਾ। ਥੋੜ੍ਹੀ ਥੋੜ੍ਹੀ ਦੇਰ ਬਾਅਦ ਮੋਢੇ 'ਤੇ ਰੱਖਿਆ ਪਰਨਾ ਮੂੰਹ 'ਤੇ ਫੇਰਦਾ। ਜਿਵੇਂ ਓਥੇ ਹੁੰਦੀਆਂ ਗੱਲਾਂ ਦੀ ਗਰਦ ਪੂੰਝਦਾ ਹੋਵੇ। ਮੈਨੂੰ ਵੀ ਉਹਦੀ ਚੁੱਪ ਰੜਕੀ ਸੀ। ਪ੍ਰਧਾਨ ਦੀ ਗੱਲ ਠੀਕ ਸੀ। ਕਿੰਨੀ ਵਾਰ ਮੈਂ ਅਜਿਹੀਆਂ ਚਾਲਾਂ ਦਾ ਈ ਸ਼ਿਕਾਰ ਹੋਇਆ ਹਾਂ। ਇਕ ਬੰਦਾ ਸਾਊ ਜਿਹਾ ਬਣਕੇ ਵਿਚਰੀ ਜਾਂਦਾ ਤੇ ਫੈਸਲਾ ਹੋਏ ਤੋਂ ਮਿੰਨਤਾਂ ਕਰ ਕੇ, ਤੈਅ ਹੋਈ ਰਕਮ ਜਾਂ ਸ਼ਰਤਾਂ 'ਚ ਆਪਣੀ ਧਿਰ ਲਈ ਨਰਮਾਈ

ਕਰਵਾ ਲੈਂਦਾ। ਕਈ ਵਾਰ ਤਾਂ ਇਹ ਵੀ ਹੋਇਆ ਸੀ ਕਿ ਕਿਸੇ ਧਿਰ ਦਾ ਬੰਦਾ ਗੱਲੀਂ-ਬਾਤੀਂ ਸਾਂਝੇ ਬੰਦੇ ਵਾਂਗ ਵਰਤਾਅ ਕਰਦਾ ਤੇ ਫੇਰ ਦੂਜੀ ਧਿਰ ਨੂੰ 'ਵਿਸਾਹ ਕੇ ਮਾਰਦਾ'। ਲਿਖ ਲਿਖਾ ਹੋਏ ਤੋਂ ਬਾਅਦ ਪਤਾ ਲਗਦਾ ਕਿ ਉਹ ਕਿਹੜੀ ਧਿਰ ਦੇ ਹੱਕ 'ਚ ਭੁਗਤਿਆ ਸੀ। ਬੜੇ ਬੜੇ ਡਰਾਮੇ ਮੈਂ ਵੇਖੇ ਹਨ। ਬੜਾ ਕੁਝ ਹੁੰਦੈ ਮੈਨੂੰ ਹੋਣ ਤੋਂ ਰੋਕਣ ਲਈ। ਖੈਰ ਉਦੋਂ ਤਾਂ ਮੇਰਾ ਧਿਆਨ ਕੁੜੀ ਤੇ ਉਹਦੇ ਦੋ ਕੁ ਸਾਲ ਦੇ ਬੇਟੇ ਵੱਲ ਸੀ। ਉਹ ਅੱਧਾ ਕੁ ਆਪਣੀ ਮਾਂ ਦੀ ਗੋਦੀ 'ਚ ਤੇ ਅੱਧਾ ਕੁ ਕੁਰਸੀ 'ਤੇ ਬੈਠਾ ਸੀ। ਬਹੁਤਾ ਈ ਡਰਿਆ ਹੋਇਆ। ਇਹਨਾਂ ਸਾਰਿਆਂ ਵਿਚ ਅਸੀਂ ਦੋਵੇਂ, ਮੈਂ ਤੇ ਮੁੰਡਾ ਹੀ ਸਹਿਮੇ ਹੋਏ ਸਾਂ। ਪਿਛਲੀ ਮੀਟਿੰਗ ਦੀ ਗੱਲਬਾਤ ਤੋਂ ਮੇਰਾ ਪ੍ਰਭਾਵ ਸੀ ਕਿ ਹੋਰ ਸਭ ਕੁਝ ਤਾਂ ਸੁਲਾਹ ਸਫਾਈ ਨਾਲ ਵੀ ਮੁੱਕ ਜਾਵੇਗਾ ਪਰ ਮੁੰਡੇ ਦੀ ਸਪੁਰਦਗੀ ਨੂੰ ਲੈ ਕੇ ਅਸਲੀ ਲੜਾਈ ਹੋਵੇਗੀ। ਬੱਚੇ ਲਈ ਬਹੁਤੀ ਖਿੱਚ ਧੂ ਓਥੇ ਹੁੰਦੀ ਹੈ ਜਿੱਥੇ ਬੱਚੇ ਦੇ ਬਾਪ ਦੇ ਨਾਂ ਕੋਈ ਜਾਇਦਾਦ ਹੋਵੇ। ਫੇਰ ਤਾਂ ਦੋਹਾਂ ਧਿਰਾਂ ਦੇ ਲਹੂਰ ਦੇਖਣ ਵਾਲੇ ਹੁੰਦੇ ਨੇ। ਅੱਜ ਵੀ ਮੈਂ ਇਹੀ ਸੋਚ ਰਿਹਾ ਸੀ ਜਦੋਂ ਗੱਲਬਾਤ ਸ਼ੁਰੂ ਹੋਈ ਸੀ–

"ਹਾਂ ਜੀ ਸਰਦਾਰ ਸਾਹਬ! ਗੱਲ ਲੱਗੀ ਕੁਛ ਨੇੜੇ ?" ਅਸ਼ੋਕ ਨੇ ਪਹਿਲੀਆਂ ਦੋ ਮੀਟਿੰਗਾਂ ਵਿਚ ਸੁਲਾਹ ਸਫਾਈ ਕਰਵਾਉਣ ਲਈ ਲਾਈ ਆਪਣੀ ਵਾਹ ਦਾ ਨਤੀਜਾ ਜਾਨਣ ਲਈ ਕੁੜੀ ਦੇ ਬਾਪ ਨਾਲ ਗੱਲ ਤੋਰੀ ਸੀ–

"ਜੇ ਗੱਲ ਨੇੜੇ ਲੱਗਣ ਵਾਲੀ ਹੁੰਦੀ, ਫੇਰ ਆਹ ਨੌਬਤ ਏ ਕਿਓਂ ਆਉਂਦੀ ਭਾਈ", ਬਾਪ ਦੀ ਥਾਂ ਕੁੜੀ ਦੀ ਮਾਂ ਬੋਲੀ ਸੀ। ਗੱਲ ਕਰਦੀ ਕਰਦੀ ਨੇ ਹੀ ਉਹਨੇ ਕੁੜੀ ਦੇ ਸੱਜੇ ਹੱਥ ਦਾ ਪੁੱਠਾ ਪਾਸਾ ਅਸ਼ੋਕ ਦੇ ਸਾਹਮਣੇ ਕਰ ਦਿੱਤਾ ਸੀ–

"ਥੋਨੂੰ ਪਹਿਲਾਂ ਵੀ ਦਿਖਾਇਐ, ਤੱਤੇ ਚਿਮਟੇ ਲਾ ਲਾ ,ਆਹ ਹਾਲ ਕੀਤਾ ਪਿਐ ਕੁੜੀ ਦਾ। ਤੁਸੀਂ ਸਾਡਾ ਖਹਿੜਾ ਛਡਾਓ ਬੱਸ!"–

"ਬੱਕ ਮਾਰਦੀ ਐ ਐਮੇ। ਮੈਂ ਪਹਿਲਾਂ ਵੀ ਦੱਸਿਐ, ਰੋਟੀ ਲਾਹੁੰਦੀ ਦਾ ਤਵੇ 'ਤੇ ਲੱਗਿਐ ਹੱਥ। ਕੁਛ ਸਿਖਾ ਕੇ ਭੇਜੀ ਹੁੰਦੀ, ਫੇਰ ਆਹ ਦਿਨ ਕਾਹਨੂੰ ਦੇਖਣੇ ਪੈਂਦੇ। ਖਹਿੜਾ ਤਾਂ ਸਾਡਾ ਛੁੱਟਣੈ ਇਹ ਤੋਂ...ਰੰਡੀ ਤੋਂ...", ਬੋਲਣ ਲੱਗਿਆਂ ਮੁੰਡੇ ਦੀ ਮਾਂ ਦਾ ਹੱਥ ਕੁੜੀ ਦੀ ਮਾਂ ਦੇ ਮੂੰਹ ਤਕ ਆ ਕੇ ਮੁੜਿਆ ਸੀ–

"ਰੰਡੀ ਕਾਹਨੂੰ ਕਹਿਨੇ ਓ ਭੈਣ ਜੀ, ਮੁੰਡਾ ਤਾਂ ਸੁੱਖ ਨਾਲ ਜਿਉਂਦੈ ਅਜੇ ਥੋਡਾ...", ਕੁੜੀ ਦੀ ਮਾਂ ਦੇ ਨਾਲ ਬੈਠੀ ਕੁੜੀ ਦੀ ਭੂਆ ਨੇ ਚੁਭਵੀਂ ਗੱਲ ਦਾ ਜਵਾਬ ਵਿਅੰਗ ਵਿਚ ਦਿੱਤਾ–

"ਇਹਨੇ ਤਾਂ ਕਸਰ ਨੀ ਛੱਡੀ ਮਾਰਨ ਦੀ", ਉਹ ਖੜ੍ਹੀ ਹੋ ਗਈ ਸੀ–

"ਮੈਡਮ, ਬੈਠ ਕੇ ਗੱਲ ਕਰੋ", ਲੇਡੀ ਕਾਂਸਟੇਬਲ ਨੇ ਮੁੰਡੇ ਦੀ ਮਾਂ ਦੀ ਉੱਠੀ ਹੋਈ ਬਾਂਹ ਥੰਮ੍ਹੀ ਸੀ। ਪਰ ਉਹ ਗੁੱਸੇ ਵਿਚ ਅੜੀ ਖੜ੍ਹੀ ਰਹੀ। ਇਹ ਕੋਈ ਨਵੀਂ ਗੱਲ ਨਹੀਂ ਸੀ। ਕਈ ਵਾਰ ਤਾਂ ਕੋਈ ਧਿਰ ਦੂਜੀ ਧਿਰ ਨਾਲ ਜਾਂ ਮੁਹਤਬਰਾਂ ਨਾਲ ਵੀ ਹੱਥੋ ਪਾਈ ਕਰਨ ਤਕ ਜਾਂਦੀ। ਬਹੁਤੀ ਵਾਰ ਤਾਂ ਮੈਨੂੰ ਉਹਨਾਂ ਦੀਆਂ ਪਹਿਲਾਂ ਸੁਣੀਆਂ ਗੱਲਾਂ ਤੋਂ ਪਤਾ ਹੁੰਦਾ ਕਿ ਅੱਜ ਕਿਹੜੀ ਧਿਰ ਫੈਸਲਾ ਟਾਲਣ ਲਈ ਕੀਹਦੇ ਨਾਲ ਲੜੂਗੀ। ਅਜਿਹੇ ਮੌਕੇ ਅਕਸਰ ਪ੍ਰਿੰਸੀਪਲ ਅਜੈਬ ਸਿੰਘ ਗੱਲ ਸੰਭਾਲ਼ਦਾ। ਅੱਜ ਵੀ ਉਸੇ ਨੇ ਬਚ ਬਚਾਅ ਕੀਤਾ ਸੀ–

"ਕੋਈ ਨੀ ਬੀਬੀ, ਧੀਰਜ ਰੱਖੋ...", ਉਹਨੇ ਮੁੰਡੇ ਦੀ ਮਾਂ ਵੱਲ ਦੇਖਦਿਆਂ, ਆਪਣੀ ਸੁਭਾਵਕ ਨਰਮਾਈ ਨਾਲ ਕਿਹਾ ਸੀ। ਉਹ ਬੈਠ ਤਾਂ ਗਈ ਪਰ ਬੈਠਣ ਤੋਂ ਪਹਿਲਾਂ ਉਹਨੇ ਜਿਹੜੀ 'ਬੁੜ-ਬੁੜ' ਜਿਹੀ ਕੀਤੀ, ਉਹ ਸੁਣਕੇ ਕੁੜੀ ਰੋਣ ਲੱਗ ਪਈ–

"ਹੁਣ ਕਾਹਨੂੰ ਬੂਕਦੀ ਐਂ, ਜਦ ਤਾਂ ਇਕੋ ਲੱਤ ਰਹੀਂ ਐਂ: ਅਖੇ ਮਰਾਂ ਮਾਰਾਂ, ਵਿਆਹ ਕਰਾਊਂ ਤਾਂ ਗਗਨ ਨਾਲ, ਨਹੀਂ ਤਾਂ...ਹੁਣ ਭੁਗਤ ਨਹੀਂ ਤਾਂ ਨੂੰ...", ਕੁੜੀ ਦੀ ਮਾਂ ਕੁੜੀ ਨੂੰ ਟੁੱਟ ਕੇ ਪੈ ਗਈ।

" ਭਾਬੀ ਤੂੰ ਹੁਣ ਇਹ ਗੱਲ ਕਿਉਂ ਛੇੜਦੀ ਐਂ ਭਲਾਂ! ਹੋ ਗਿਆ, ਹੁਆ ਗਿਆ। ਤੂੰ ਓਹੀ ਗੱਲ ਫੇਰ ਲੈ ਕੇ ਬਹਿਗੀ...", ਕੁੜੀ ਦੀ ਮਾਂ ਨੂੰ ਵਰਜਣ ਲੱਗਿਆਂ ਆਖੀ ਕੁੜੀ ਦੀ ਭੂਆ ਦੀ ਗੱਲ ਸੁਣ ਕੇ ਮੈਥੋਂ ਬਿਨਾਂ ਸਾਰਿਆਂ ਦੇ ਕੰਨ ਖੜ੍ਹੇ ਹੋ ਗਏ। ਪ੍ਰਿੰਸੀਪਲ ਨੇ ਪ੍ਰਧਾਨ ਵੱਲ ਦੇਖਿਆ। ਉਹ ਪਹਿਲਾਂ ਈ ਪ੍ਰਿੰਸੀਪਲ ਵੱਲ ਦੇਖ ਰਿਹਾ ਸੀ। ਮੈਂ ਸਮਝ ਗਿਆ ਕਿ ਵਿਚਲੀ ਗੱਲ ਸਾਰਿਆਂ ਨਾਲ ਨਹੀਂ ਸੀ ਖੋਲ੍ਹੀ ਗਈ। ਅਸ਼ੋਕ ਰੰਗੀ ਦੀ ਆਦਤ ਹੈ ਕਿ ਉਹ ਇਕ ਇਕ ਮੀਟਿੰਗ ਕੁੜੀ ਮੁੰਡੇ ਨਾਲ ਇਕੱਲਿਆਂ ਕਰਦਾ ਤੇ ਫੇਰ ਇਕ ਮੀਟਿੰਗ ਦੋਹਾਂ ਨਾਲ ਸਾਂਝੀ। ਬਹੁਤੀ ਵਾਰ ਝੂਠ ਸੱਚ ਇੰਨੇ ਨਾਲ ਹੀ ਫੜਿਆ ਜਾਂਦਾ। ਕਿਸੇ ਚੰਗੇ ਭਾਗਾਂ ਵਾਲੇ ਜੋੜੇ ਦੇ ਸ਼ੱਕ ਸ਼ੁਬ੍ਹੇ ਦੂਰ ਵੀ ਹੋ ਜਾਂਦੇ।

ਮੈਨੂੰ ਉਹ ਸਭ ਕੁਝ ਪਤਾ ਹੁੰਦਾ ਜਿਸਦੀਆਂ ਲੋਕ ਇੱਥੇ ਆ ਕੇ ਗੱਲਾਂ ਕਰਦੇ। ਅੰਦਰ ਸਕੇ ਦਿਸਦੇ, ਬਾਹਰ ਉਹਨਾਂ ਈ ਸਕਿਆਂ ਦੇ ਪਰਦੇ ਫੋਲਦੇ। ਜਿਵੇਂ ਇਸ ਕੇਸ ਵਾਲੀ ਕੁੜੀ ਦੀ ਭੂਆ ਜਿਹੜੀ 'ਹੋ ਗਈ, ਹੁਆ ਗਈ' ਕਹਿ ਕੇ ਅੰਦਰ ਗੱਲ ਦਬਾਉਣ ਨੂੰ ਫਿਰਦੀ ਸੀ, ਪਹਿਲੇ ਦਿਨੇ ਕਿਸੇ ਨਾਲ ਆਏ ਨੂੰ ਕਹਿੰਦੀ ਮੈਂ ਸੁਣੀ ਸੀ-

"ਝੱਗਾ ਚੱਕਿਆਂ ਆਪਣਾ ਈ ਢਿੱਡ ਨੰਗਾ ਹੁੰਦੈ ਭਾਈ! ਕੁੜੀਓ ਕਹਿਣੇ 'ਚ ਨੀ ਸੀ। ਆਹ ਮੁੰਡਾ ਜਿਹਨੂੰ ਅਠਮਾਹਾਂ ਕਹਿੰਦੀ ਐ ਭਾਬੀ, ਵਿਆਹ ਤੋਂ ਮਹੀਨਾ ਪਹਿਲਾਂ ਦਾ ਸੀ ਇਹਦੇ ਢਿੱਡ 'ਚ। ਤਾਹੀਂ ਤਾਂ ਵਿਆਹ ਦਿਨਾਂ 'ਚੇ ਦਿੱਤਾ ਸੀ"।

ਮੈਂ ਉਦੋਂ ਹੀ ਸਮਝ ਗਿਆ ਸੀ ਕਿ ਪੂਰੀ ਗੱਲ ਦਾ ਨਾ ਕੁੜੀ ਵਾਲਿਆਂ ਨੂੰ ਪਤਾ ਸੀ ਤੇ ਨਾ ਮੁੰਡੇ ਵਾਲਿਆਂ ਨੂੰ। ਪਤਾ ਤਾਂ ਮੁੰਡੇ ਅਤੇ ਉਸ ਦੇ ਦੋਸਤਾਂ ਨੂੰ ਸੀ, ਜਿਨ੍ਹਾਂ ਨੇ ਰਲ਼ ਕੇ ਖੇਡ ਖੇਡੀ ਸੀ। ਜਾਂ ਫਿਰ ਮੈਨੂੰ ਪਤਾ ਸੀ। ਨਵਾਂ ਕੇਸ ਹੋਣ ਕਰਕੇ ਮੈਂ ਸੂਹਾਂ ਜਿਹੀਆਂ ਹੀ ਲੈਂਦਾ ਫਿਰਦਾ ਸੀ ਜਦ ਹੋਏ-ਬੀਤੇ ਬਾਰੇ, ਗਗਨ ਦੇ ਦੋਸਤਾਂ ਦੀਆਂ ਟੋਟਿਆਂ ਵਿਚ ਕੀਤੀਆਂ ਗੱਲਾਂ ਸੁਣੀਆਂ ਸੀ। ਮੈਂ ਪੂਰੀ ਕਹਾਣੀ ਸਮਝ ਗਿਆ ਸੀ...

...ਗੱਲ ਕੁੜੀ ਦੇ ਬੀ.ਐੱਡ. ਵਿਚ ਦਾਖਲੇ ਨਾਲ ਸ਼ੁਰੂ ਹੋਈ ਸੀ। ਗਗਨ ਐਂਡ ਪਾਰਟੀ ਡਿਗਰੀ ਕਾਲਿਜ ਦੇ ਪਿਛਲੇ ਪਾਸੇ ਬਣੇ ਐਜੂਕੇਸ਼ਨ ਕਾਲਿਜ ਦੇ ਗੇਟ ਮੂਹਰੇ 'ਨਾਕਾ' ਲਾਈਂ ਖੜ੍ਹੀ ਸੀ। ਉਹਨਾਂ 'ਚੋਂ ਕਿਸੇ ਦੀ ਮੰਗੇਤਰ ਡਿਗਰੀ ਲੈਣ ਕਾਲਿਜ ਆਈ ਹੋਈ ਸੀ-

"ਆਹ ਮੇਰੇ ਸਾਲ਼ੇ ਦਾ ਇੱਟ ਨਾਲ ਘੁੱਗੀ ਕੁੱਟ ਗਿਆ। ਨਾਲੇ ਛੋਕਰੀ ਨਾਲੇ ਛੋਕਰੀ ਦੀ ਨੌਕਰੀ", ਕਿਸੇ ਨੇ ਗੱਲ ਤੋਰੀ ਸੀ-

"ਸਾਥੀ ਜੀ ਇਨਕਲਾਬ ਕਦੇ ਥਾਲੀ 'ਚ ਪਰੋਸ ਕੇ ਨੀ ਮਿਲਦੇ ਹੁੰਦੇ! ਇਹਨਾਂ ਲਈ ਜਾਨ ਹੂਲਣੀ ਪੈਂਦੀ ਐ..." ਗੱਲ ਕਰਨ ਵਾਲੇ ਨੇ ਪੰਜਾਬ ਸਟੂਡੈਂਟਸ ਯੂਨੀਅਨ ਵਾਲੇ ਕਾਮਰੇਡ ਮਾਂਗਟ ਦੀ ਰੀਸ ਲਾਈ ਸੀ। ਹਾਸੜ ਰੁਕੀ ਤਾਂ ਉਹਨੇ ਇਨਕਲਾਬ ਦਾ ਵਿਸਥਾਰ ਦਿੱਤਾ ਸੀ-

"ਅਗਲਾ ਪਹਿਲਾਂ ਤਾਂ ਬੀ.ਏ. 'ਚੋਂ ਫੇਲ੍ਹ ਹੋ ਕੇ ਅਗਲੀ ਦੇ ਨਾਲ ਰਲ਼ਿਐ...ਫੇਰ ਬਿਨਾਂ ਲੋੜੋਂ ਬੀ.ਐੱਡ. ਕੀਤੀ ਐ...ਬੁਲਟ ਦੇ ਪਟਾਕਿਆਂ 'ਚ ਪਟਰੌਲ ਅੱਡ ਫੂਕਿਐ। ਮੇਰਾ ਮਤਲਬ ਨੌਕਰੀ ਵਾਲੀ ਛੋਕਰੀ ਦਾ ਪਿੱਛਾ ਕਰਨਾ ਪੈਂਦੈ, ਭਾਈ ਸਾਹਬ! ਤਾਂ ਜਾ ਕੇ ਸ਼ਿਕਾਰ ਹੱਥ ਆਉਂਦੈ"-

"...ਤੇ ਜਿਹੜਾ ਸੱਚੇ-ਸੁੱਚੇ ਪਿਆਰ ਦਾ ਨਾਟਕ ਕਰਨਾ ਪੈਂਦੈ, ਉਹ!" ਕਾਮਯਾਬ ਸ਼ਿਕਾਰੀ ਦੇ ਦੱਸੇ ਇਸ ਅਨੁਭਵ 'ਤੇ ਮੱਚੀ ਹਾਸੜ ਦੇਰ ਤਕ ਪੈਂਦੀ ਰਹੀ ਸੀ। ਫਿਰ ਕਿਸੇ ਨੇ ਗਗਨ ਨੂੰ ਸਕੀਮ ਦਿੱਤੀ ਸੀ-

"ਗਗਨ! ਤੂੰ ਵੀ ਲਾ ਲੈ ਸਾਲ ਬੀ.ਐੱਡ. 'ਚ। ਖਬਰੈ ਪਿੱਛਾ ਕੀਤੇ ਤੋਂ ਤੇਰਾ ਇਨਕਲਾਬ ਵੀ ਆ ਈ ਜਾਵੇ...ਕੀ ਪਤਾ ਹੁੰਦੈ ਕਰਮਾਂ ਦਾ..."-

"ਨਾਲੇ ਬੁਲਟ ਤੂੰ ਲੈਣਾ ਈ ਐ...ਟਰਾਈ ਮਾਰਨ 'ਚ ਕੀ ਹਰਜ ਐ, ਕੀ ਪਤੈ, ਸ਼ਿਕਾਰ ਉੱਠੇ ਖੜ੍ਹੇ..."।

ਸ਼ਿਕਾਰ ਬੜੀ ਸਾਵਧਾਨੀ ਨਾਲ ਖੇਡਿਆ ਗਿਆ...

ਗਗਨ ਦੀ ਬੀ.ਏ.'ਚੋਂ ਪਰਸੈਂਟ, ਬੀ.ਐੱਡ. ਵਿਚ ਦਾਖਲੇ ਲਈ ਬਣੀ ਮੈਰਿਟ ਤੋਂ ਘੱਟ ਰਹਿ ਗਈ। ਇਸ ਲਈ ਸਕੀਮ ਦੇ ਪਹਿਲੇ ਪੜਾਅ ਵਿਚ ਦਾਖਲਾ 'ਮੈਨੇਜਮੈਂਟ ਕੋਟੇ' 'ਚੋਂ ਲੈਣਾ ਪਿਆ। ਦੂਜੇ ਪੜਾਅ ਵਿਚ ਪਹਿਲੇ 'ਸੈਸ਼ਨਲ ਇਗਜ਼ਾਮ' ਤਕ ਹੁਸ਼ਿਆਰ ਸ਼ਿਕਾਰ ਦੀ ਉਡੀਕ ਕੀਤੀ ਗਈ। ਚਾਰ ਕੁੜੀਆਂ 'ਸ਼ਾਰਟ ਲਿਸਟ' ਕੀਤੀਆਂ ਗਈਆਂ। ਚਾਰਾਂ ਦਾ ਬੀ.ਏ. ਤਕ ਦਾ ਰਿਕਾਰਡ ਦੇਖਿਆ ਗਿਆ। ਇਸ ਕੁੜੀ, ਕਰਮਜੀਤ, 'ਤੇ ਫੈਸਲਾ ਹੋਇਆ।

ਸੁਨੱਖੀ, ਸੋਬਰ ਤੇ ਹੁਸ਼ਿਆਰ-

"ਮੈਂ ਤਾਂ ਕਹਿਨੈਂ ਕਰਲੈ ਸੇਵ। ਸਿਰਾ ਈ ਐ", ਸਲਾਹ ਆਈ ਸੀ।

"ਹੈ ਤਾਂ ਅੱਤ ਪਰ ਸੋਚ ਲੋ! ਬਹੁਤੀ ਕੂਲ ਲਗਦੀ ਐ। ਅਹਿਜੀ ਡੈਡੀ ਦੀ ਪਹਿਲੀ ਘੂਰੀ 'ਤੇ ਈ ਛੱਲੇ ਮੁੰਦੀਆਂ ਮੋੜ ਦਿੰਦੀ ਹੁੰਦੀ ਐ...ਮੇਰੇ ਨਾਲ ਹੋ'ਲੀ...ਦੋ ਸਾਲ ਦਾ ਤੇਲ ਫੂਕਿਆ ਐਵੇਂ ਗਿਆ", ਇਕ ਨੇ ਹੱਡ ਬੀਤੀ ਸੁਣਾਈ ਸੀ।

"ਨਹੀਂ ਮੋੜਦੀ...ਮੈਂ 'ਸਕਿਊਰਿਟੀ ਮੌਡਿਊਲ' 'ਚ ਜਾ ਕੇ ਦੇਖ ਲਿਐ", ਗਗਨ ਨੇ ਫੈਸਲਾ ਦਿੱਤਾ ਸੀ। ਮਹੀਨੇ ਭਰ ਤੋਂ ਉਹ ਕਰਮਜੀਤ ਦੇ ਨੇੜੇ ਹੋਣ ਦੀ ਕੋਸ਼ਿਸ਼ 'ਚ ਲੱਗਿਆ ਰਿਹਾ ਸੀ। ਇਕ ਵਾਰ ਉਹ ਦੋਵੇਂ ਕੰਟੀਨ 'ਚ ਇਕੋ ਟੇਬਲ 'ਤੇ ਬੈਠੇ ਵੀ ਰਹੇ ਸਨ।

ਸ਼ਿਕਾਰ ਦੇ ਤੀਜੇ ਪੜਾਅ ਵਿਚ ਫੰਧੇ ਲਾਏ ਗਏ। ਪਿਆਰ ਦਾ, 'ਕੇਅਰ' ਦਾ, ਜ਼ਮੀਨ ਦਾ...ਲਾਈਫ ਪਾਰਟਨਰ ਬਾਰੇ ਪ੍ਰਸ਼ਨਾਂ ਦਾ- "ਗੱਲ ਤਾਂ ਘਰ'ਚ ਚਲਦੀਓ ਹੋਊ?" ਗਗਨ ਨੇ ਪੁੱਛਿਆ ਸੀ।

"ਨਸ਼ਾ ਨਾ ਕਰਦਾ ਹੋਵੇ", ਕਰਮਜੀਤ ਨੇ ਸੰਖੇਪ ਜਵਾਬ ਦਿੱਤਾ ਸੀ। ਗਗਨ ਖੁਸ਼ ਹੋ ਗਿਆ ਸੀ। ਉਹ ਤਾਂ ਸਿਰਫ ਸ਼ਰਾਬ ਪੀਂਦਾ ਸੀ-

"ਉਹ ਮੈਂ ਛੁਡਾ ਦੂੰ...", ਕਰਮਜੀਤ ਦਾ ਭਰੋਸਾ ਬੋਲਿਆ ਸੀ।

"ਜਿਸ ਦਿਨ ਤੂੰ ਜੌਬ ਜੁਆਇਨ ਕਰੇਂਗੀ...ਆਖਰੀ ਦਿਨ ਹੋਊ...।"

ਬੀ.ਐੱਡ. ਦਾ ਰਿਜ਼ਲਟ ਆਉਣ ਤੋਂ ਪਹਿਲਾਂ, ਆਪੋ ਆਪਣੇ ਪਰਿਵਾਰਾਂ ਨਾਲ ਲੜ-ਭਿੜ ਕੇ ਕਰਵਾਏ ਵਿਆਹ ਅਤੇ ਬੇਟੇ ਦੇ ਜਨਮ ਤਕ ਗਗਨ ਤੇ ਕਰਮਜੀਤ ਵਿਚਕਾਰ ਸਭ ਕੁੱਝ ਠੀਕ ਰਿਹਾ ਸੀ...

...ਮੀਟਿੰਗ ਵਿਚ ਵੀ ਆਤਮਾ ਸਿੰਘ ਦੇ ਬੋਲਣ ਤੋਂ ਪਹਿਲਾਂ ਸਭ ਕੁਝ ਠੀਕ ਹੀ ਰਿਹਾ ਸੀ। ਵਿਚ ਵਿਚ ਕੁਝ ਬੋਲ ਬੁਲਾਰਾ ਹੁੰਦਾ ਰਿਹਾ ਤੇ ਕਿਸੇ ਕਿਸੇ ਨਵੀਂ ਗੱਲ ਦਾ ਪਤਾ ਲਗਦਾ ਰਿਹਾ। ਮਸਲਨ ਵਿਆਹ ਤੱਟ-ਫੱਟ ਵਿਚ ਕੀਤਾ ਗਿਆ ਸੀ। ਦਾਜ ਦਹੇਜ ਤੇ ਪਾਰਟੀ ਮੁੰਡੇ ਦਾ ਪਹਿਲਾ ਜਨਮ ਦਿਨ ਮਨਾਉਣ ਦੇ ਬਹਾਨੇ ਦਿੱਤਾ ਗਿਆ। ਦੋਵੇਂ ਧਿਰਾਂ ਸਹਿੰਦਾ ਸਹਿੰਦਾ ਮਿਲਣ ਵਰਤਣ ਵੀ ਲੱਗ ਪਈਆਂ। ਪਰ ਕਰਮਜੀਤ ਦਾ ਪਰਿਵਾਰ ਗਗਨ ਦੀ ਸ਼ਰਾਬ ਨੂੰ ਬਰਦਾਸ਼ਤ ਨਹੀਂ ਸੀ ਕਰਦਾ। ਕਰਮਜੀਤ ਦਾ ਭਰਾ ਤੇ ਬਾਪ ਤਾਂ ਤਿਥ ਤਿਉਹਾਰ ਨੂੰ ਜਾਂ ਗ਼ਮੀ-ਸੁਦੀ ਦੇ ਅਣ-ਸਰਦੇ ਮੌਕੇ ਹੀ ਕਰਮਜੀਤ ਦੇ ਸਹੁਰੀਂ ਜਾਂਦੇ। ਇਹ ਵੀ ਸਾਫ ਦਿਸਦਾ ਸੀ ਕਿ ਕਰਮਜੀਤ ਦੇ ਪਰਿਵਾਰ ਦਾ ਗੁੱਸਾ ਅਜੇ ਤਕ ਬਰਕਰਾਰ ਸੀ। ਗਗਨ ਸਹੁਰੀਂ ਜਾਂਦਾ ਈ ਨਾ...

"ਪਰ ਇਹ ਕੁੱਟ ਮਾਰ ਵਾਲੀ ਗੱਲ ਦੀ ਸਮਝ ਨੀ ਆਈ", ਪ੍ਰਧਾਨ ਨੇ ਸਾਰਿਆਂ ਦੇ ਮਨਾਂ 'ਚ ਅਣਸੁਲਝੀ ਪਈ ਗੱਲ ਪੁੱਛੀ ਸੀ।

"ਸਮਝ ਤਾਂ, ਤਾਂ ਆਵੇ ਜੇ ਮੁੰਡੇ ਨੇ ਕਦੇ ਹੱਥ ਚੱਕਿਆ ਹੋਵੇ...ਲਾਈ ਤਾਂ ਇਹਨੂੰ ਕਿਸੇ ਨੇ ਫੁੱਲ ਦੀ ਨੀ..."-

"ਰੱਬ ਲਗਦੀ ਗੱਲ ਕਰੀਦੀ ਐ ਭਾਈ ਬੀਬਾ। ਕੁੱਟ ਮਾਰ ਤਾਂ ਕੁੜੀ ਦੇ ਮੂੰਹ ਤੋਂ ਦਿਖੀ ਜਾਂਦੀ ਐ", ਪ੍ਰਿੰਸੀਪਲ ਨੇ ਮੁੰਡੇ ਦੀ ਮਾਂ ਨੂੰ ਟੋਕਿਆ ਸੀ। ਮੈਂ ਮੁੰਡੇ ਦੇ ਬਾਪ ਵੱਲ ਦੇਖਿਆ। ਉਹਦੀ ਪਰੇਸ਼ਾਨੀ ਤੋਂ ਲਗਦਾ ਸੀ ਉਹ ਵੀ ਕੁਛ ਬੋਲੂਗਾ। ਪਰ ਉਹ ਮੂੰਹ 'ਤੇ ਪਰਨਾ ਫੇਰ ਕੇ ਥਾਏਂ ਟਿਕ ਗਿਆ-

"ਐਡੀਓ ਗੱਲ ਐ...ਡਾਕਟਰੀ ਕਰਵਾ ਲੋ...", ਮੁੰਡੇ ਦਾ ਮਾਮਾ ਬੋਲਿਆ ਸੀ-

"ਡਾਕਟਰੀ ਤੋਂ ਪਹਿਲਾਂ ਹੋਰ ਵੀ ਬੜਾ ਕੁਛ ਹੋਊ ਸਰਦਾਰ ਸਾਬ੍ਹ... ", ਕੁੜੀ ਦਾ ਫੁੱਫੜ ਅੱਗੇ ਵੱਲ ਉਲਰਦਾ ਬੋਲਿਆ ਸੀ-

"ਮਾੜਾ ਜਿਹਾ ਟਿਕ ਕੇ ਦੇਖੋ ਮੇਲਾ...ਡਾਕਟਰੀ ਤਾਂ ਪਹਿਲਾਂ ਥੋਡੇ ਮੁੰਡੇ ਦੀ ਹੋਊ...ਬਈ ਕੀ ਕੀ ਛਕਦੈ..."-

"ਹੱਥ ਨੀ ਸੀ ਲਾਉਂਦਾ ਕਾਸੇ ਨੂੰ...ਆਹ ਥੋਡੀ ਰਕਾਨ ਆਏ ਤੋਂ ਈ ਹੋਇਐ ਕੁਛ...", ਕੁੜੀ ਦੀ ਮਾਂ ਆਪਣੇ ਭਰਾ ਦੀ ਮੱਦਦ 'ਤੇ ਆਈ ਸੀ- "ਇਹਤੋਂ ਈ ਪੁੱਛੋ ਬਈ ਕੀ ਹੋਇਐ..."।

"ਤੂੰ ਦੱਸ ਦੇ ਮੁੰਨੀ...", ਪ੍ਰਧਾਨ ਮੇਘਰਾਜ ਨਰਮਾਈ ਨਾਲ ਬੋਲਿਆ ਸੀ।

ਜਵਾਬ ਦੇਣ ਦੀ ਥਾਂ ਕਰਮਜੀਤ ਰੋਣ ਲੱਗ ਪਈ ਸੀ। ਮੰਮੀ ਨੂੰ ਰੋਂਦੀ ਦੇਖ ਕੇ ਮੁੰਡਾ ਵੀ ਰੋਣ ਲੱਗ ਪਿਆ ਸੀ।

ਇਹ ਦ੍ਰਿਸ਼ ਦੇਖ ਕੇ ਮੈਂ ਕੰਧ ਨਾਲ ਲੱਗ ਕੇ ਖੜ੍ਹ ਗਿਆ ਸੀ। ਮੈਨੂੰ ਪਤਾ ਸੀ ਕਿ ਕਰਮਜੀਤ ਨੂੰ ਨਹੀਂ ਪਤਾ ਕਿ ਕੀ ਹੋਇਆ ਸੀ...ਮੈਨੂੰ ਪਤਾ ਹੈ...

ਵਿਆਹ ਤੋਂ ਬਾਅਦ ਬੇਟੇ ਦੀ ਆਮਦ ਨਾਲ ਸਰਸ਼ਾਰੀ ਕਰਮਜੀਤ ਅਧਿਆਪਕਾਂ ਦੀ ਭਰਤੀ ਉਡੀਕ ਰਹੀ ਸੀ। ਬੀ.ਏ.,ਐੱਮ.ਏ. ਅਤੇ ਬੀ.ਐੱਡ. ਵਿਚੋਂ ਉਸ ਦੀ ਮੈਰਿਟ ਬਹੁਤ ਉੱਚੀ ਸੀ। ਗਗਨ ਨੂੰ ਆਪਣੀ ਤਾਂ ਕਦੇ ਵੀ ਕੋਈ ਉਮੀਦ ਨਹੀਂ ਸੀ ਪਰ ਕਰਮਜੀਤ ਦੀ 'ਪੇ' ਵੱਟ 'ਤੇ ਪਈ ਦਿਸਦੀ ਸੀ।

ਭਰਤੀ ਦੀ ਥਾਂ ਸਰਕਾਰ ਨੇ ਅਧਿਆਪਕ ਯੋਗਤਾ ਟੈੱਸਟ ਲਾਗੂ ਕਰ ਦਿੱਤਾ। 'ਟੀ.ਈ.ਟੀ.'।

ਸਾਰੇ ਬੇਰੁਜ਼ਗਾਰ ਬੀ.ਐੱਡ. ਪਾਸ ਮੁੰਡੇ ਕੁੜੀਆਂ ਨੇ ਬੜੀ ਆਸ ਨਾਲ ਟੈੱਸਟ ਦਿੱਤਾ। ਰਿਜ਼ਲਟ ਆਇਆ। ਦੋ ਪਰਸੈਂਟ ਤੋਂ ਵੀ ਘੱਟ। ਗਗਨ ਨੇ ਵਾਰ ਵਾਰ ਸਾਈਟ ਚੈੱਕ ਕੀਤੀ। ਕਰਮਜੀਤ ਦਾ ਰੋਲ ਨੰਬਰ ਟੈੱਸਟ ਕੁਆਲੀਫਾਈ ਕਰਨ ਵਾਲਿਆਂ ਵਿਚ ਨਹੀਂ ਸੀ। ਗਗਨ ਨੂੰ ਲੱਗਿਆ ਉਹਦੇ ਨਾਲ ਧੋਖਾ ਹੋ ਗਿਆ। ਅਗਲੇ ਸਾਲ ਕਰਮਜੀਤ ਦੇ ਟੈਸਟ 'ਚੋਂ ਫੇਰ ਰਹਿ ਜਾਣ 'ਤੇ ਤਾਂ ਜਿਵੇਂ ਉਹ ਲੁੱਟਿਆ ਈ ਗਿਆ। ਉਸ ਦਿਨ ਉਹ ਸ਼ਰਾਬ ਨਾਲ ਰੱਜ ਕੇ ਘਰ ਆਇਆ-

"ਤੂੰ ਭੈਣ...ਨੱਕ ਵਢਾ'ਤਾ ਮੇਰਾ ਕੁੱਤੀ ਤੀਮੀ ਨੇ...", ਉਹਨੇ ਰੋਟੀ ਵਾਲੀ ਥਾਲੀ ਕਰਮਜੀਤ ਦੇ ਸਿਰ 'ਚ ਮਾਰੀ ਸੀ-

"ਤੈਨੂੰ ਹੁਣ ਨੱਕ ਦੀ ਸੁਰਤ ਆਈ ਐ...ਸਾਡਾ ਤਾਂ ਉਸੇ ਦਿਨ ਵੱਢਿਆ ਗਿਆ ਸੀ ਜਿਸ ਦਿਨ ਤਿੰਨਾਂ ਕੱਪੜਿਆਂ 'ਚ ਲਿਆ ਬਿਠਾਈ ਸੀ। ਅਖੇ, ਦੋ ਸਾਲ ਦੀ ਤਨਖਾਹ 'ਚ ਬਣ ਜੂ ਸਭ ਕੁਛ...", ਗਗਨ ਦੀ ਮਾਂ ਨੇ ਮਿਹਣਾ ਮਾਰਿਆ ਸੀ-

"ਮੁੰਡਾ ਤੇਰਾ ਡੀ. ਸੀ. ਲੱਗਿਆ ਹੋਇਐ ਨਾ...ਸਹੁੰ ਐ ਜੇ ਡੱਕਾ ਦੂਹਰਾ ਕਰ'ਜਵੇ। ਸ਼ਰਮ ਨੀ ਆਉਂਦੀ", ਵਿਹਲਾ ਫਿਰਦੇ ਗਗਨ ਦੀਆਂ ਅਲਗਰਜ਼ੀਆਂ ਤੇ ਸ਼ਰਾਬ ਤੋਂ ਅੱਕਿਆ ਆਤਮਾ ਸਿਉਂ ਬੋਲਿਆ ਸੀ...

...ਉਹ ਪਹਿਲਾ ਦਿਨ ਸੀ। ਸਭ ਤੋਂ ਛੋਟੀ ਲੜਾਈ। ਫੇਰ ਹੱਥੋ ਪਾਈ ਤੇ ਫੇਰ...

"ਫੇਰ ਕੀ...ਆਹ ਇਹਨਾਂ ਦੇ ਦੇਣ-ਲੈਣ ਦੀ ਲਿਸਟ ਐ...ਅਸੀਂ ਮੋੜਨ ਨੂੰ ਤਿਆਰ ਐਂ...", ਗਗਨ ਦੇ ਮਾਮੇ ਨੇ ਆਪਣੇ ਵੱਲੋਂ ਗੱਲ ਨਬੇੜ ਦਿੱਤੀ ਸੀ-

"ਬਾਕੀ ਇਹਨਾਂ ਦੀ ਮਰਜ਼ੀ ਐ...ਕੇਸ ਕਰਨੈ ਕੇਸ ਕਰ ਲੈਣ..."

"ਦੇਖ ਲਓ ਸਰਦਾਰ ਜੀ ਜੇ ਲਗਦੀ ਐ ਨੇੜੇ...ਕੇਸ 'ਚੋਂ ਕੀ ਨਿਕਲਣੈ...ਅਖੇ: ਭੱਜਿਆਂ ਨੂੰ ਵਾਹਣ ਬਰੋਬਰ। ਮੇਰੇ ਨਾਲ ਬਾਹਰ ਆਓ ਜ਼ਰਾ", ਨਾਜਰ ਟਾਊਟ ਨੇ ਕਰਮਜੀਤ ਦੇ ਬਾਪੂ ਤੇ ਫੁੱਫੜ ਨੂੰ ਇਸ਼ਾਰਾ ਕਰ ਕੇ ਬਾਹਰ ਬੁਲਾਇਆ ਸੀ।

"ਤੁਸੀਂ ਵੀ ਕਰ ਲੋ ਸਰਦਾਰ ਜੀ ਸਲਾਹ ਮਸ਼ਵਰਾ", ਪ੍ਰਿੰਸੀਪਲ ਨੇ ਆਤਮਾ ਸਿੰਘ ਵੱਲ ਦੇਖ ਕੇ ਕਿਹਾ ਸੀ। ਜਵਾਬ ਦੇਣ ਤੋਂ ਪਹਿਲਾਂ ਆਤਮਾ ਸਿੰਘ ਨੇ ਮੂੰਹ 'ਤੇ ਪਰਨਾ ਫੇਰਿਆ ਸੀ ਤੇ ਫੇਰ ਜਿਵੇਂ ਉਹਨੇ ਆਪਣੇ ਆਪ ਨਾਲ ਹੀ ਗੱਲ ਕੀਤੀ ਹੋਵੇ-

"ਬੈਠੇ ਨੇ ਫੈਸਲੇ ਵਾਲੇ...", ਗਗਨ ਦੀ ਮਾਂ ਤੇ ਮਾਮੇ ਵੱਲ ਦੇਖ ਕੇ ਉਹਨੇ ਗੱਲ ਵਿਚਾਲ਼ੇ ਛੱਡ ਦਿੱਤੀ ਸੀ।

ਮੈਨੂੰ ਦੋਹਾਂ ਧਿਰਾਂ ਦੀਆਂ ਗੱਲਾਂ ਤੋਂ ਪਤਾ ਸੀ ਕਿ ਮਾਮਲਾ ਪੈਸਿਆਂ ਦੇ ਲੈਣ ਦੇਣ ਨਾਲ ਮੁੱਕ ਜਾਣਾ ਹੈ। ਨਾਜਰ ਗੱਲ ਨਬੇੜ ਆਇਆ ਸੀ-

"ਮੁੰਡਾ...", ਕਰਮਜੀਤ ਦੀ ਭੂਆ ਨੇ ਪੁੱਛਿਆ ਸੀ-

"ਮੁੰਡਾ ਸਾਡੈ...ਸਾਡੇ ਕੋਲ਼ ਰਹੂ, ਬਾਕੀ...?" ਗਗਨ ਦੀ ਮਾਂ ਨੇ ਗਗਨ ਵੱਲ ਦੇਖਿਆ ਸੀ-

" ਰੱਬ ਲਗਦੀ ਗੱਲ ਤਾਂ ਇਹ ਐ ਬਈ ਬੱਚਾ ਮਾਂ ਕੋਲ਼ ਰਹੇ...", ਕਰਮਜੀਤ ਨੂੰ ਮੁੰਡਾ ਆਪਣੇ ਨਾਲ ਘੁੱਟਦਿਆਂ ਦੇਖ ਕੇ ਪ੍ਰਿੰਸੀਪਲ ਸਹਿਬ ਨੇ ਕਿਹਾ ਸੀ-

"ਸੋਝੀ ਆਈ ਤੋਂ ਕਿਤੇ ਰਹੇ..."

"ਚਲੋ ਠੀਕ ਐ ਜੀ...", ਇੰਸਪੈਕਟਰ ਅਸ਼ੋਕ ਨੇ ਨਾਜ਼ਰ ਦੇ ਫੜਾਏ ਕਾਗ਼ਜ਼ 'ਤੇ ਨਿਗ੍ਹਾ ਮਾਰਦਿਆਂ ਕਿਹਾ ਸੀ, "ਸੋਨਾ ਦੋਵੇਂ ਧਿਰਾਂ ਆਪੋ ਆਪਣਾ ਰੱਖ ਲੈਣ...ਬਾਕੀ ਸਭ ਕਾਸੇ ਦਾ ਦਸ ਲੱਖ ਕਰਮਜੀਤ ਕੌਰ ਨੂੰ...ਠੀਕ ਐ ਜੀ", ਅਸ਼ੋਕ ਨੇ ਗੱਲ ਰੋਕ ਕੇ ਸਾਰਿਆਂ ਵੱਲ ਦੇਖਿਆ ਸੀ-

"ਠੀਕ ਐ...ਹੋਰ...", ਪ੍ਰਧਾਨ ਮੇਘਰਾਜ ਸਾਰਿਆਂ ਵੱਲੋਂ ਬੋਲਿਆ ਸੀ-

ਸਾਰੇ ਸਹਿਮਤ ਸਨ-

" ਜਾਓ ਫੇਰ ਨਾਜਰ ਸਿੰਘ...ਦੋਹਾਂ ਧਿਰਾਂ ਨੂੰ ਨਾਲ ਲੈ ਕੇ ਲਿਖਤ ਕਰਵਾ ਲਓ", ਅਸ਼ੋਕ ਦੇ ਕਹਿਣ ਤੋਂ ਪਹਿਲਾਂ ਈ ਨਾਜਰ ਖੜ੍ਹਾ ਹੋ ਗਿਆ ਸੀ। ਮੇਰੀਆਂ ਅੱਖਾਂ 'ਚ ਮਾਯੂਸੀ ਦਾ ਪਾਣੀ ਉੱਤਰ ਆਇਆ ਸੀ। 'ਬਾਕੀ ਸਭ ਕਾਸੇ ਦਾ' ਸ਼ਬਦ ਮੇਰੀ ਰੂਹ ਝਰੀਟ ਰਹੇ ਸਨ। ਦੁਖੀ ਤੇ ਬੇ-ਇਜ਼ਤ ਹੋਇਆ ਮੈਂ ਵੀ ਨਾਜਰ ਦੇ ਨਾਲ ਹੀ ਬਾਹਰ ਜਾਣ ਲਈ ਮੁੜ ਪਿਆ ਸਾਂ। ਕਰਮਜੀਤ ਦਾ ਫੁੱਫੜ ਉੱਠ ਕੇ ਨਾਜਰ ਦੇ ਨਾਲ ਤੁਰਨ ਹੀ ਲੱਗਿਆ ਸੀ ਕਿ ਆਤਮਾ ਸਿੰਘ ਉੱਠ ਖੜ੍ਹਿਆ-

"ਖੜ੍ਹ ਜੋ ਬਈ...ਇਕ ਮਿੰਟ...", ਉਹ ਮੂੰਹ 'ਤੇ ਪਰਨਾ ਫੇਰਨ ਲਈ ਰੁਕਿਆ। ਮੇਰੇ ਸਮੇਤ ਜਿੱਥੇ ਵੀ ਕੋਈ ਸੀ, ਓਥੇ ਹੀ ਰੁਕ ਗਿਆ। ਫੇਰ ਜਿਵੇਂ ਬੰਬ ਫਟਿਆ ਹੁੰਦਾ ਹੈ-

"ਬੱਸ...! ਹੋ ਗਿਆ ਨਿਆਂ...", ਪ੍ਰਿੰਸੀਪਲ ਸਾਹਿਬ ਵੱਲ ਉੱਠਿਆ ਉਹਦਾ ਹੱਥ ਮੈਨੂੰ ਇਉਂ ਜਾਪਿਆ ਜਿਵੇਂ ਕਿਸੇ ਨੇ ਤਿੰਨਾਂ ਮੁਹਤਬਰਾਂ ਤੇ ਇੰਸਪੈਕਟਰ ਵੱਲ ਪਹਾੜ ਰੋੜ੍ਹ ਦਿੱਤਾ ਹੋਵੇ-

"ਇਹੀ ਹੁੰਦੀ ਐ 'ਰੱਬ ਲਗਦੀ'...", ਉਹ ਸਾਹ ਲੈਣ ਲਈ ਰੁਕਿਆ। ਉਹਦੇ ਤਣੇ ਹੋਏ ਪੰਜੇ ਨੇ, ਬੋਲਣ ਲਈ ਖੁਲ੍ਹਿਆ ਪ੍ਰਿੰਸੀਪਲ ਦਾ ਮੂੰਹ ਥਾਏਂ ਬੰਨ੍ਹ ਦਿੱਤਾ-

"ਥੋਨੂੰ ਪਤੈ ਇਹਨੇ ਸਰਦਾਰ ਨੇ ਕੁੜੀ ਨਾਲ ਕੀਤਾ ਕੀ ਕੀ ਐ...ਸਾਰੀ ਸਾਰੀ ਰਾਤ ਖੜ੍ਹਾ ਕੇ ਰੱਖੀ ਐ ਕੁੜੀ ਇਹਨੇ...ਪਰੀਆਂ ਵਰਗੀ ਸੀ ਜਿਸ ਦਿਨ ਵਿਆਹੀ ਆਈ ਐ...ਹੁਣ ਥੋਡੇ ਸਾਹਮਣੇ ਐ...। ਦਸ ਲੱਖ...ਮੈਂ ਭਰੂੰ...ਇਹਦਾ ਕੀ ਗਿਐ ਬੁੱਚੜ ਦਾ...ਇਹ ਤਾਂ ਬਾਰਾਂ

ਕੀਲਿਆਂ ਦਾ ਮਾਲਕ ਫੇਰ ਐ...ਲਲਕਾਰੇ ਮਾਰੂ...ਬੁਲਟ ਦੇ ਭੜਾਕੇ ਪਵਾਊ...ਮਰਜੀ ਦਾ ਵਿਆਹ ਕਰਵਾਊ ।"

"ਤੈਥੋਂ ਚੁੱਪ ਨੀ ਕਰ ਹੁੰਦਾ...ਲੱਗਿਐਂ ਭੌਂਕਣ", ਗਗਨ ਦੀ ਮਾਂ ਉੱਠੀ ਸੀ-

"ਐਥੇ ਈ ਰੁਕ ਜਾ...ਹੋ ਜੂ ਮੈਥੋਂ ਕੁਛ...।"

ਸਾਰਿਆਂ ਨੂੰ ਜਿਵੇਂ ਸੱਪ ਸੁੰਘ ਗਿਆ ਸੀ। ਮੇਰਾ ਸਾਹ ਤੇਜ਼ ਹੋ ਗਿਆ ਸੀ। ਆਤਮਾ ਸਿੰਘ ਦੇ ਸਾਹ ਨਾਲ ਮੈਨੂੰ ਆਪਣਾ ਸਾਹ ਵੀ ਸ਼ੂਕਦਾ ਸੁਣਦਾ ਸੀ-

"ਹੋਰ ਫੇਰ ਅਸੀਂ ਕੀ ਕਰਦੇ ਆਤਮਾ ਸਿਆਂ...", ਨਾਜਰ ਨੇ ਚੁੱਪ ਤੋੜੀ ਸੀ। ਆਤਮਾ ਸਿੰਘ ਨੇ ਪਰਨੇ ਨਾਲ ਮੂੰਹ ਪੂੰਝਿਆ। ਸਾਹ ਲਿਆ ਤੇ ਉਹਦੀ ਸਾਵੀਂ ਸਾਫ ਆਵਾਜ਼ ਗੂੰਜੀ ਸੀ-

"ਤੁਸੀਂ ਕਿਉਂ ਕਰਨੈ...ਮੈਂ ਕਰੂੰ...ਜ਼ਮੀਨ ਐ ਮੇਰੇ ਨਾਉਂ ਬਾਰਾਂ ਕੀਲੇ...ਕਰਮਜੀਤ ਤੇ ਮੇਰੇ ਪੋਤੇ ਨੂੰ ਅੱਧੀ ਦਊਂ...ਬਾਕੀ ਰਹਿਗੇ ਅਸੀਂ ਤਿੰਨ ਜੀਅ, ਦੋ ਦੋ ਕੀਲੇ ਆਉਣਗੇ...ਇਹਦੀ ਮਾਂ ਤੋਂ ਪੁੱਛ ਲੋ...ਮੇਰੇ ਨਾਲ ਰਹਿਣੈ ਕਿ ਪੁੱਤ ਨਾਲ...ਫੇਰ ਮੈਂ ਦੇਖਦੈਂ ਦੋ ਕੀਲਿਆਂ 'ਤੇ ਇਹਨੂੰ ਸਰਦਾਰ ਨੂੰ ਕੁੜੀ ਕੌਣ ਦਿੰਦੈ..."-

"ਪ੍ਰਾਹੁਣਿਆਂ! ਤੂੰ...", ਗਗਨ ਦਾ ਮਾਮਾ ਚੀਕਿਆ ਸੀ-

"ਮੇਰੀ ਗੱਲ ਮੁੱਕੀ ਨੀ ਅਜੇ...ਸੁਣ...ਕਰਮਜੀਤ ਦੀ ਮਰਜੀ ਐ...ਧੀ ਬਣਕੇ ਮੇਰੇ ਘਰ ਰਹੇ। ਵਿਆਹ ਕਰਦੂੰ ਜੇ ਕਹੂਗੀ...ਮਾਪਿਆਂ ਦੇ ਘਰ ਜਾਣੈ...ਇਹਦੀ ਮਰਜੀ..."

...ਸਾਰਿਆਂ ਦੇ ਦੰਦ ਜੁੜ ਗਏ ਸਨ। ਮੇਰੀ ਹੈਰਾਨੀ ਬਾਕੀਆਂ ਨਾਲੋਂ ਗਹਿਰੀ ਸੀ। ਮੇਰੀ ਹੈਰਾਨੀ 'ਚ ਉਹ ਦੁੱਖ ਵੀ ਸ਼ਾਮਿਲ ਸੀ ਜਿਹੜਾ ਉਹਨਾਂ ਦੇ ਹੈਰਾਨ ਚਿਹਰਿਆਂ 'ਤੇ ਫੈਲੀ ਇਸ ਬੇ-ਯਕੀਨੀ ਤੋਂ ਹੋ ਰਿਹਾ ਸੀ ਕਿ ਮੇਰਾ ਨਾ ਹੋਣਾ ਕਿੰਨਾ ਸਹਿਜ ਤੇ ਹੋਣਾ ਕਿੱਡਾ ਅਚੰਭਾ ਹੋ ਗਿਆ ਹੈ। ਫੇਰ ਵੀ ਮੇਰੀ ਹੈਰਾਨੀ ਪਹਿਲਾਂ ਮੁੱਕੀ ਸੀ। ਪ੍ਰਿੰਸੀਪਲ ਦੇ ਮੂਹੋਂ ਆਪ ਮੁਹਾਰੇ ਨਿਕਲੇ ਬੋਲ ਸਿਰਫ ਮੈਨੂੰ ਸੁਣੇ ਸਨ।' ਕੋਈ ਹਰਿਆ ਬੂਟ ਰਹਿਓ ਰੀ।' ਮੈਂ ਮੁਸਕਰਾਇਆ ਤੇ ਇੱਥੇ, ਮੌਕੇ 'ਤੇ ਹੀ, ਸਾਰੀ ਵੰਡ ਵੰਡਾਈ ਕਰਨ ਲਈ ਅੜੇ ਖੜ੍ਹੇ ਆਤਮਾ ਸਿੰਘ ਵੱਲ ਦੇਖ ਕੇ ਖਿੜ ਖਿੜਾ ਕੇ ਹੱਸ ਪਿਆ...। 000

***(ਪਿੰਡ ਬੂਥਗੜ੍ਹ, ਤਹਿਸੀਲ ਖੰਨਾ, ਜ਼ਿਲ੍ਹਾ ਲੁਧਿਆਣਾ***
***ਫੋਨ: 94644-18200***
***ਈਮੇਲ: bgrewal60@yahoo.co.in )***

# ਸਿੱਧਾ ਬੰਦਾ: ਕਹਾਣੀ: ਗੁਰਮੀਤ ਕੜਿਆਲਵੀ

ਹਰਜੀਤ ਨੇ ਪੱਕੇ ਹੋਏ ਬੇਰ 'ਤੇ ਦੰਦੀ ਵੱਢੀ। ਮੂੰਹ ਰਸ ਨਾਲ ਭਰ ਗਿਆ।ਦਿਮਾਗ ਆਪਣੇ ਆਪ ਨੂੰ ਲਾਹਣਤਾਂ ਪਾਉਣ ਲੱਗਾ।

-ਹਰਜੀਤ ਸਿਆਂ, ਆਵਦੇ ਆਪ ਨੂੰ ਬੜਾ ਸ਼ਿਕਾਰੀ ਸਮਝਦਾਂ ਪਰ ਅੱਜ ਤਾਂ ਜਵਾਂ---। ਐਨੀ ਸੋਹਣੀ ਜ਼ਨਾਨੀ ਬੁੱਕਲ 'ਚ ਡਿੱਗਦੀ ਸੀ, ਸੰਭਾਲ ਨਹੀਂ ਹੋਈ ਤੈਥੋਂ। ਜਵਾਂ ਟੀਸੀ ਦਾ ਬੇਰ। ਥੱਲੇ ਵਾਲੀਆਂ ਟਾਹਣੀਆਂ 'ਤੇ ਲੱਗੇ ਬੇਰ ਲਾਹੁਣ ਲਈ ਤਾਂਸਾਰੇ ਪਿੰਡੇ 'ਤੇ ਝਰੀਟਾਂ ਪਵਾ ਲੈਨਾਂ।ਹੁਣ ਜਦੋਂ ਟੀਸੀ ਵਾਲਾ ਬੇਰ ਮੂੰਹ 'ਚ ਆ ਰਿਹਾ ਸੀ ਤਾਂ ਕਮਲ਼ ਮਾਰ ਗਿਆਂ।''

ਫਿਰ ਆਪ ਹੀ ਆਪਣੇ ਆਪ ਨੂੰ ਧਰਵਾਸ ਦੇ ਲਿਆ।

-ਕਿਧਰ ਨੱਠ ਚੱਲੀ ਐ? ਕੰਮ ਤਾਂ ਕਰਾਉਣਾ ਈ ਹੈ ਇਹਨੇ। ਘਰਵਾਲੇ ਨੂੰ ਲੈ ਕੇਆਊ ਜ਼ਰੂਰ।''

-ਕੀ ਪਤਾ ਨਾ ਹੀ ਆਵੇ?'' ਗ਼ਲਤੀ 'ਤੇ ਪਛਤਾਵਾ ਵੀ ਹੋ ਰਿਹਾ ਸੀ।

-ਹਰਜੀਤ ਸਿਆਂ, ਮਾਰ ਲਿਆ ਤੇਰੇ ਕਾਹਲੀ ਵਾਲੇ ਸੁਭਾਅ ਨੇ। ਗੱਲ ਮੂੰਹੋਂ ਕੱਢਣ ਤੋਂ ਪਹਿਲਾਂ ਸੋਚਦਾ ਤਾਂ ਉੱਕਾ ਹੀ ਨਹੀਂ। ਅਖੇ ਬੀਬਾ ਆਪਣੇ ਘਰ ਵਾਲੇ ਨੂੰ ਨਾਲ ਲੈ ਕੇ ਆਵੀਂ। ਘਰ ਵਾਲੇ ਤੋਂ ਤੂੰਕੀ ਭਲਾ ਧਾਰਾਂ ਕਢਾਉਣੀਆਂ ਸੀ?ਅੱਜ ਆ ਵੀ ਜਾਵੇ ਤਾਂ ਕੀ ਫਾਇਦਾ? ਮਾਲਕ ਨਾਲ ਹੋਊ ਅਗਲੀ ਦੇ।''

ਕੱਲ੍ਹ ਵਾਲੀ ਘਟਨਾ ਹਰਜੀਤ ਦੀਆਂ ਅੱਖਾਂ ਅੱਗੇ ਆ ਖੜ੍ਹੀ ਹੋਈ।

ਉਹ ਦਰਵਾਜ਼ੇ ਅੱਗੇ ਲੱਗੇ ਹਲਕੇ ਗੁਲਾਬੀ ਰੰਗ ਦੇ ਪਰਦੇ ਨੂੰ ਪਾਸੇ ਹਟਾ ਕੇ ਅੱਗ ਦੇ ਭੰਬੂਕੇ ਵਾਂਗ ਅੰਦਰ ਆਈ ਸੀ। ਅਜੀਬ ਜਿਹੀ ਅਦਾ ਨਾਲ ਅੱਖਾਂ ਮਟਕਾਈਆਂ ਤੇ ਕਤਲ ਕਰ ਦੇਣ ਵਾਲੀ ਮੁਸਕਰਾਹਟ ਉਸ ਵੱਲ ਸੁੱਟੀ ਸੀ। ਉਸ ਦੀ ਕਬੂਤਰ ਦੀ ਹਿੱਕ ਵਾਂਗ ਬਾਹਰ ਨੂੰ ਉੱਭਰੀ ਛਾਤੀ ਤੇਜ਼ੀ ਨਾਲ ਉੱਪਰ ਥੱਲੇ ਹੋ ਰਹੀ ਸੀ।ਜਿਵੇਂਸੌ ਮੀਟਰ ਦੀ ਦੌੜ ਲਾ ਕੇ ਆਈ ਹੋਵੇ। ਖੱਬੇ ਹੱਥ ਨਾਲ ਚੁੰਨੀ ਨੂੰ ਖਿੱਚ ਕੇ ਛਾਤੀ 'ਤੇ ਲਿਆਉਣ ਦਾ ਦਿਖਾਵਾ ਕੀਤਾ ਤੇ ਸੱਜੇ ਹੱਥ ਨਾਲ ਫਾਈਲ ਟੇਬਲ 'ਤੇ ਰੱਖ ਕੇ ਹਰਜੀਤ ਵੱਲ ਸਰਕਾ ਦਿੱਤੀ ਸੀ।

ਹਰਜੀਤ ਉਸਦੀਆਂ ਝੀਲ ਵਰਗੀਆਂ ਡੂੰਘੀਆਂ ਅੱਖਾਂ ਵਿਚ ਡੁੱਬਣ ਤਰਨ ਲੱਗਾ। ਦਿਮਾਗ਼ 'ਚ 'ਸੁਅਰ-ਸੁਅਰ' ਹੁੰਦੀ ਮਹਿਸੂਸ ਹੋਈ, ਜਿਵੇਂ ਬਾਰੀਕ ਬਾਰੀਕ ਕੀੜੀਆਂ ਚੱਲ ਰਹੀਆਂ ਹੋਣ। ਉਸਨੇ ਭੁੱਖੀਆਂ ਜਿਹੀਆਂ ਨਜ਼ਰਾਂਨਾਲ ਪੈਰਾਂ ਤੋਂ ਲੈ ਕੇ ਸਿਰ ਤਕ ਸਾਹਮਣੇ ਖੜ੍ਹੀ ਔਰਤ ਵੱਲ ਵੇਖਿਆ। ਲੱਗਿਆ ਦਿਲ ਭੁੜਕ ਕੇ ਬਾਹਰ ਆ ਡਿੱਗੇਗਾ। ਉਸਦਾ ਦਿਲ ਤਾਂ ਕੀਤਾ ਔਰਤ ਨੂੰ ਕੁਰਸੀ 'ਤੇ ਬੈਠਣ ਦਾ ਇਸ਼ਾਰਾ ਕਰੇ ਅਤੇ ਘੰਟੀ ਮਾਰ ਕੇ ਸੇਵਾਦਾਰ ਬੀਬੀ ਨੂੰ ਪਹਿਲਾਂ ਪਾਣੀ ਤੇ ਫਿਰ ਚਾਹ ਲਿਆਉਣ ਲਈ ਆਖੇ ਪਰ ਆਪਣੇ ਅੰਦਰ ਉੱਠੇ ਖਿਆਲ ਨੂੰ ਦੱਬ ਲਿਆ। ਜਿਵੇਂਕਿਵੇਂ ਆਪਣੇ ਆਪ ਨੂੰ ਪੈਰਾਂ ਸਿਰ ਕੀਤਾ।ਕਾਹਲ਼ੀ ਕਾਹਲ਼ੀ ਫਾਈਲ ਦੇ ਪੰਨੇ ਪਲਟੇ। ਫਾਰਮਾਂ ਦੇ ਨਾਲ ਨੱਥੀ ਕੀਤੇ ਦਸਤਾਵੇਜ਼ਾਂ ਦੀ ਜਾਂਚ ਕੀਤੀ ਤੇ ਫਾਈਲ ਵਾਪਸ ਔਰਤ ਵੱਲ ਸਰਕਾ ਦਿੱਤੀ।

-ਨਾਂ ਕੀ ਹੈ ਤੁਹਾਡਾ ?''

-ਜੀ ਪਰਮਜੀਤ।ਭਾਵੇਂ ਕੋਈ ਪੰਮੀ ਕਹਿਲੇ।''ਉਸਦੇ ਜਵਾਬ 'ਚ ਆਜ਼ਜੀ ਘੱਟ ਨਖਰਾ ਬਹੁਤਾ ਸੀ।

–ਮੈਡਮ ਪਰਮਜੀਤ, ਸਾਰੇ ਦਸਤਾਵੇਜ਼ ਤਾਂਤੇਰੇ ਘਰਵਾਲੇ ਦੇ ਨਾਂ 'ਤੇ ਹਨ। ਫਾਈਲ ਵੀ ਉਸੇ ਦੇ ਨਾਂ 'ਤੇ ਹੀ ਭਰੀ ਹੋਈ ਹੈ। ਤੁਸੀਂਫਾਈਲ ਜਮ੍ਹਾ ਨਹੀਂ ਕਰਵਾ ਸਕਦੇ। ਉਸੇ ਨੂੰ ਹੀ ਆਉਣਾ ਪਵੇਗਾ।ਬਾਈ ਦਾ ਵੇਅ ਉਹ ਹੁੰਦਾ ਕਿੱਥੇ ਹੈ?ਆਪ ਕਿਉਂ ਨਹੀਂ ਆਇਆ?''

–ਉਹਨੇ ਕਿੱਥੇ ਹੋਣਾ? ਘਰ ਈ ਹੁੰਦੈ।'' ਪਰਮਜੀਤ ਨੇਕਾਹਲ਼ੀ ਕਾਹਲ਼ੀ ਤਿੰਨ ਚਾਰ ਵਾਰ ਅੱਖਾਂ ਝਪਕੀਆਂ ਤੇ ਆਰ ਪਾਰ ਲੰਘ ਜਾਣ ਵਾਲੀ ਨਿਗਾਹ ਹਰਜੀਤ ਦੇ ਚਿਹਰੇ 'ਤੇ ਗੱਡ ਦਿੱਤੀ।

–ਸਾਬ੍ਹ ਜੀ, ਪਰਮਜੀਤ ਤਾਂ ਜਿੱਥੇ ਜਾਂਦੀ ਹੈ, ਆਪ ਹੀ ਜਾਂਦੀ ਹੈ।ਸਿੱਧਾ ਅਗਲੇ ਦੀ ਹਿੱਕ 'ਚ ਵੱਜੀਦਾ।'' ਉਸਨੇ ਬੁੱਲ੍ਹਾਂ 'ਤੇ ਜੀਭ ਫੇਰੀ। ਉਸ ਦੀਆਂ ਗੱਲ੍ਹਾਂ ਵਿਚਲੇ ਟੋਏ ਹੋਰ ਵੱਧ ਡੂੰਘੇ ਹੋ ਗਏ।ਰੰਗ ਹੋਰ ਗੂਹੜੀ ਭਾਅ ਮਾਰਨ ਲੱਗਾ। ਜਿਵੇਂ ਆਟੇ 'ਚ ਸੰਧੂਰ ਗੁੰਨ੍ਹਿਆ ਹੋਵੇ। ਇਕ ਵਾਰ ਤਾਂ ਹਰਜੀਤ ਨੂੰ ਲੱਗਾ, ਹੁਸਨ ਦਾ ਅੱਥਰਾਹੜ੍ਹ ਉਸਨੂੰ ਰੋਹੜ ਕੇ ਲੈ ਜਾਵੇਗਾਪਰ ਉਸਨੇ ਜਿਵੇਂ ਕਿਵੇਂ ਇਸ ਹੜ੍ਹ ਨੂੰ ਬੰਨ੍ਹ ਮਾਰ ਲਿਆ।

–ਬੀਬਾ ਪਰਮਜੀਤ, ਦਸਤਖਤ ਤਾਂ ਐਪਲੀਕੈਂਟ ਦੇ ਹੀ ਹੋਣੇ ਨੇ। ਉਹੀ ਫਾਈਲ ਜਮ੍ਹਾ ਕਰਵਾ ਸਕਦਾ।ਇਕ ਵਾਰ ਤਾਂ ਉਸਨੂੰ ਆਉਣਾ ਹੀ ਪਵੇਗਾ।''

–ਉਹ ਨ੍ਹੀ ਜੀ ਆ ਸਕਦਾ।'' ਉਸਦੀਆਂ ਅੱਖਾਂ ਬੋਲੀਆਂ ਸਨ। ਬੁੱਲ੍ਹ ਤਾਂ ਕੇਵਲ ਮਾੜਾ ਜਿਹਾ ਹੀ ਹਿੱਲੇ ਸਨ।

–ਕਿਉਂ ?''

–ਉਹ ਤਾਂ ਜੀ ਬੱਸ ਸਿੱਧਾ ਬੰਦਾ।''

ਸੁਣ ਕੇ ਹਰਜੀਤ ਨੂੰ ਹਲਕਾ ਜਿਹਾ ਝਟਕਾ ਲੱਗਾ। ਰੋਜ਼ੀ ਵੀ ਤਾਂ ਉਸ ਨੂੰ ਅਕਸਰ ਸਿੱਧਾ ਬੰਦਾ ਆਖਦੀ ਰਹਿੰਦੀ ਹੈ। ਉਹ ਜਦੋਂ ਵੀ ਇਉਂ ਆਖਦੀ ਹੈ–ਹਰਜੀਤ ਨੂੰ ਆਪਣੇ ਆਪ 'ਤੇ ਸ਼ਰਮ ਆਉਣ ਲੱਗ ਜਾਂਦੀ ਹੈ।

–ਸਿੱਧਾ ਹੈ ਤਾਂ ਫੇਰ ਕੀ ਹੋਇਆ? ਆਪਾਂ ਨੂੰ ਵੀ ਸਿੱਧੇ ਬੰਦੇ ਹੀ ਚਾਹੀਦੇ। ਵਿੰਗੇ ਬੰਦਿਆਂ ਤੋਂ ਆਪਾਂ ਕੀ ਲੈਣਾ? ਤੂੰ ਆਹ ਫਾਈਲ ਲੈ ਜਾਹ। ਕੱਲ੍ਹ ਨੂੰ ਆਵਦੇ ਘਰ ਵਾਲੇ ਨੂੰ ਨਾਲ ਲੈ ਕੇ ਆਵੀਂ, ਉਸਤੋਂ ਬਿਨਾਂ ਤੁਹਾਡੀ ਫਾਈਲ ਮਨਜ਼ੂਰ ਨਹੀਂ ਹੋਣੀ।''

ਹਰਜੀਤ ਨੇ ਦੋ ਟੁੱਕ ਗੱਲ ਨਿਬੇੜ ਦਿੱਤੀ। ਉਸਨੇ ਜਾਣਬੁੱਝ ਕੇ ਆਪਣੇ ਬੋਲਾਂ 'ਚ ਹਲਕੀ ਜਿਹੀ ਕੁੜੱਤਣ ਭਰ ਲਈ ਸੀ।

ਬੋਲਦੀਆਂ ਅੱਖਾਂ ਵਾਲੀ ਔਰਤ ਨੂੰ ਲੱਗਾ ਜਿਵੇਂ ਅਫਸਰ ਨੇ ਉਸਦੀ ਨਹੀਂ ਉਸਦੇ ਸ਼ੂਕਾਂ ਮਾਰਦੇ ਹੁਸਨ ਦੀ ਬੇਇਜ਼ਤੀ ਕੀਤੀ ਹੈ। ਉਸਨੇ ਅੱਖਾਂ ਹੀ ਅੱਖਾਂ 'ਚ ਹਰਜੀਤ ਨੂੰ ਘੂਰਿਆ ਤੇ ਬੇਤਰਤੀਬੇ ਕਦਮ ਪੁੱਟਦੀ ਬਾਹਰ ਚਲੀ ਗਈ ਸੀ।

ਸਕੀਮ ਬਰਾਂਚ ਵਾਲੇ ਸੀਨੀਅਰ ਸਹਾਇਕਾਂ ਅਤੇ ਕਲਰਕਾਂ ਲਈ ਇਹ ਹੈਰਾਨੀਜਨਕ ਹੀ ਨਹੀਂ ਅਲੋਕਾਰੀ ਗੱਲ ਸੀ। ਕੋਈ ਬਣਦੀ ਤਣਦੀ ਬੀਬੀ ਬਿਨਾਂ ਚਾਹ ਪਾਣੀ ਪੀਤਿਆਂ ਅਫਸਰ ਦੇ ਕਮਰੇ 'ਚੋਂ ਜਾ ਰਹੀ ਸੀ। ਸਾਰੇ ਇਕ ਦੂਜੇ ਵੱਲ ਵੇਖ ਅੱਖਾਂ ਅੱਖਾਂ 'ਚ ਹੀ ਹੱਸੇ ਸਨ।

ਪਰਮਜੀਤ ਦੇ ਜਾਣ ਬਾਅਦ ਹਰਜੀਤ ਕਿੰਨਾ ਚਿਰ ਉਸਦੇ ਜਿਸਮ ਦੀਆਂ ਗੁਲਾਈਆਂ 'ਚ ਉਲਝਿਆ ਰਿਹਾ ਸੀ। ਉਸਨੇ ਮਨ ਹੀ ਮਨ ਆਪਣੇ ਘੇਰੇ ਦੀਆਂ ਔਰਤਾਂ ਨਾਲ ਪਰਮਜੀਤ ਦਾ ਮੁਕਾਬਲਾ ਕੀਤਾ। ਬਿਊਟੀ ਪਾਰਲਰਾਂ ਦੀ ਲਿਪਾਪੋਚੀ ਨਾਲ ਨਿਖਰਿਆ ਮਸਨੂਈ ਸੁਹੱਪਣ। ਅਮੀਰੀ ਦੀ ਬੋਅ ਮਾਰਦੀਆਂ ਜਾਅਲੀ ਆਦਾਵਾਂ। ਫਿਲਮੀ ਹੀਰੋਇਨਾਂ ਤੋਂ ਉਧਾਰ ਲਏ ਨਖਰੇ। ਕਿੱਟੀ ਪਾਰਟੀਆਂ 'ਚੋਂ ਫਾਸਟ ਫੂਡ ਖਾਣ ਕਰਕੇ ਬਣੇ ਥੁੱਲ ਥੁੱਲ ਕਰਦੇ ਭਾਰੀ ਭਰਕਮ ਜਿਸਮ। ਇਹ ਸਾਰੀਆਂ ਪਰਮਜੀਤ ਦੇ ਮੁਕਾਬਲੇ ਕਿੱਥੇ ਖੜ੍ਹਦੀਆਂ ਸਨ?

ਹਰਜੀਤ ਨੂੰ ਹੋਰ ਵੀ ਬੜਾ ਕੁੱਝ ਯਾਦ ਆਇਆ। ਲੰਮੀਆਂ ਲੰਮੀਆਂ ਡਰਾਈਵਜ਼।

ਰਮਣੀਕ ਪਹਾੜੀਆਂ 'ਚ ਘਿਰੇ ਪੰਜ ਸਿਤਾਰਾ ਹੋਟਲ। ਛਲਕਦੇ ਜਾਮ। ਬਲਬਾਂ ਦੀਆਂ ਦੁੱਧੀਆ ਰੌਸ਼ਨੀਆਂ। ਲਰਜ਼ਦੇ ਜਿਸਮ। ਸ਼ਰਾਬ ਤੇ ਕਬਾਬ ਨਾਲ ਭਰੇ ਬਦਨਾਂ 'ਚੋਂ ਨਿਕਲਦੇ ਗਰਮ ਸਾਹਾਂ ਦੀ ਹਵਾੜ।

ਹਰਜੀਤ ਨੂੰ ਪਤਾ ਹੀ ਨਾ ਲੱਗਾ ਹੱਥ ਕਦੋਂ ਕਾਲ ਬੈੱਲ 'ਤੇ ਜਾ ਟਿਕਿਆ।

-ਹਾਂ ਜੀ!'' ਸੇਵਾਦਾਰ ਬੀਬੀ ਹੱਥ ਜੋੜੀ ਖੜ੍ਹੀ ਸੀ।

-ਕੁੱਝ ਨਹੀਂ-ਕੁੱਝ ਨਹੀਂ।''ਉਸਨੇ ਸੇਵਾਦਾਰ ਬੀਬੀ ਨੂੰ ਚਲੇ ਜਾਣ ਦਾ ਇਸ਼ਾਰਾ ਕਰ ਦਿੱਤਾ। ਫਿਰ ਕੁੱਝ ਯਾਦ ਆ ਜਾਣ 'ਤੇ ਵਾਪਸ ਜਾ ਰਹੀ ਸੇਵਾਦਾਰ ਨੂੰ ਆਵਾਜ਼ ਮਾਰ ਕੇ ਬੁਲਾ ਲਿਆ।

-ਜਿਹੜੀ ਔਰਤ ਕੱਲ੍ਹ ਆਈ ਸੀ ਫਾਈਲ ਲੈ ਕੇ, ਉਹ ਆਪਣੇ ਹਸਬੈਂਡ ਨੂੰ ਨਾਲ ਲੈ ਕੇ ਆਊ। ਰੋਕਣਾ ਨਹੀਂ ਉਹਨੂੰ। ਆਉਂਦਿਆਂ ਹੀ ਅੰਦਰ ਭੇਜ ਦੇਵੀਂ।''

-ਹੱਛਾ ਜੀ!'' ਉਹ ਜਾਣ ਲਈ ਮੁੜ ਪਈ ਸੀ।

-ਹੱਛਾ ਜੀ ਨਹੀਂ---ਧਿਆਨ ਰੱਖਣਾ। ਓਸੇ ਟਾਈਮ ਭੇਜ ਦੇਣਾ। ਥੋਡੀ ਆਦਤ ਹੈ ਲੋਕਾਂ ਨੂੰ ਬਿਨਾਂ ਮਤਲਬ ਤੋਂ ਪਰੇਸ਼ਾਨ ਕਰਨ ਦੀ।'' ਹਰਜੀਤ ਅੰਦਰਲੀ ਕਾਹਲ ਬੋਲੀ ਸੀ।

ਸੇਵਾਦਾਰ ਦੇ ਜਾਣ ਬਾਅਦ ਹਰਜੀਤ ਨੂੰ ਆਪਣੇ ਇਸ ਕਾਹਲ ਭਰੇ ਸੁਭਾਅ 'ਤੇ ਅੰਤਾਂ ਦਾ ਗੁੱਸਾ ਆਇਆ। ਉਹ ਆਪਣੇ ਇਸ ਸੁਭਾਅ ਕਾਰਨ ਹੁੰਦੇ ਆ ਰਹੇ ਨੁਕਸਾਨ ਬਾਰੇ ਸੋਚਣ ਲੱਗਾ। ਇਸੇ ਕਾਹਲੀ ਵਾਲੇ ਸੁਭਾਅ ਕਰਕੇ ਹੀ ਤਾਂ ਵਕੀਲਣੀ ਉਸਦੇ ਹੱਥਾਂ 'ਚ ਆਉਂਦੀ ਆਉਂਦੀ ਖਿਸਕ ਗਈ ਸੀ।

ਵਕੀਲ ਬੀਬੀ ਨਾਲ ਉਸਦਾ ਰਿਸ਼ਤਾ ਇਕ ਵਕੀਲ ਤੇ ਕਲਾਇੰਟ ਵਜੋਂ ਹੀ ਸ਼ੁਰੂ ਹੋਇਆ ਸੀ। ਆਪਣੇ ਕਿਸੇ ਵਿਭਾਗੀ ਕੇਸ ਸੰਬੰਧੀ ਉਹ ਵਕੀਲ ਸਾਹਿਬਾ ਨੂੰ ਮਿਲਿਆ ਸੀ। ਕੇਸ ਨਾਲ ਜੁੜੀਆਂ ਕਾਨੂੰਨੀ ਧਾਰਾਵਾਂ ਤੋਂ ਸ਼ੁਰੂ ਹੋਈ ਗੱਲ ਫਿਲਮਾਂ, ਨਾਵਲਾਂ, ਪਹਾੜਾਂ ਤੇ ਸੈਰ ਸਪਾਟੇ ਦੀਆਂ ਰਮਣੀਕ ਵਾਦੀਆਂ ਦੀ ਚਰਚਾ ਤਕ ਆਣ ਪਹੁੰਚੀ ਸੀ। ਵਕੀਲ ਬੀਬੀ ਉਸਦੇ ਫਿਲਮਾਂ ਅਤੇ ਘੁੰਮਣ ਫਿਰਨ ਵਾਲੀਆਂ ਥਾਵਾਂ ਦੇ ਗਿਆਨ ਤੋਂ ਪ੍ਰਭਾਵਤ ਹੋਏ ਬਿਨਾ ਨਹੀਂ ਸੀ ਰਹਿ ਸਕੀ। ਹਰ ਨਵੀਂ ਮਿਲਣੀ ਦੌਰਾਨ ਉਹ ਕਿਸੇ ਨਵੇਂ ਟੂਰਿਸਟ ਸਥਾਨ ਦੀਆਂ ਖੂਬੀਆਂ ਬਿਆਨ ਕਰਦਾ। ਕਸ਼ਮੀਰ ਵਾਦੀ ਦੇ ਪਤਨੀ ਟਾਪ ਤੋਂ ਲੈ ਕੇ ਧੁਰ ਦੱਖਣੀ ਸੂਬੇ ਤਾਮਿਲਨਾਡੂ ਦੇ ਊਟੀ, ਰਾਜਸਥਾਨ ਦੇ ਖੁਸ਼ਕ ਅਰਾਵਲੀ ਪਹਾੜਾਂ 'ਚ ਵਸੇ ਮਾਊਂਟ ਆਬੂ ਤੋਂ ਉਤਰ ਪੂਰਬ ਦੀਆਂ ਵਰਖਾ 'ਚ ਘਿਰੀਆਂ ਰਹਿਣ ਵਾਲੀਆਂ ਪਹਾੜੀਆਂ 'ਚ ਬਣੇ ਕਾਜ਼ੀਰੰਗਾ ਨੈਸ਼ਨਲ ਪਾਰਕ ਤਕ, ਉਸ ਕੋਲ ਸੁਣਾਉਣ ਲਈ ਸੈਂਕੜੇ ਨਹੀਂ ਹਜ਼ਾਰਾਂ ਕਿੱਸੇ ਸਨ। ਉਹ ਕੋਨਾਰਕ ਦੇ ਸੂਰਜ ਮੰਦਰ ਦੀ ਖੂਬਸੂਰਤੀ ਵੀ ਓਨੀ ਕਲਾਤਮਿਕਤਾ ਨਾਲ ਬਿਆਨ ਕਰਦਾ ਜਿੰਨੀ ਚਿਤੌੜਗੜ ਦੇ ਕਿਲੇ 'ਚ ਤਲਾਬ ਦੇ ਐਨ ਵਿਚਕਾਰ ਬਣੇ ਰਾਣੀ ਪਦਮਨੀ ਦੇ ਮਹਿਲ ਦੀ। ਰਾਣੀ ਪਦਮਨੀ ਉੱਪਰ ਸੁਲਤਾਨ ਅਲਾਉਦੀਨ ਖਿਲਜੀ ਦੇ ਮੋਹਿਤ ਹੋ ਜਾਣ ਅਤੇ ਪਦਮਨੀ ਨੂੰ ਹਾਸਲ ਕਰਨ ਲਈ ਸੁਲਤਾਨ ਵੱਲੋਂ ਚਿਤੌੜਗੜ੍ਹ ਦੇ ਕਿਲ੍ਹੇ 'ਤੇ ਕੀਤੇ ਹਮਲੇ ਦੀ ਗਾਥਾ ਤਾਂ ਇਉਂ ਬਿਆਨ ਕਰਦਾ ਜਿਵੇਂ ਅਲਾਉਦੀਨ ਦੀ ਫੌਜ ਦਾ ਕੋਈ ਜਰਨੈਲ ਹੋਵੇ। ਫਿਲਮਾਂ ਦੀਆਂ ਗੱਲਾਂ ਕਰਦਾ ਕਦੋਂ ਬਾਲੀਵੁੱਡ ਤੋਂ ਹਾਲੀਵੁੱਡ 'ਚ ਲੈ ਵੜਦਾ, ਸੁਣਨ ਵਾਲੇ ਨੂੰ ਪਤਾ ਹੀ ਨਾ ਲੱਗਦਾ। ਫਿਲਮ ਦੀ ਕਹਾਣੀ ਇੰਝਸੁਣਾਉਂਦਾ ਜਿਵੇਂ ਫਿਲਮ ਦਾ ਸਕਰੀਨ ਪਲੇਅ ਉਸੇ ਨੇ ਲਿਖਿਆ ਹੋਵੇ।

ਕਈ ਮੁਲਾਕਾਤਾਂ ਹੋ ਗਈਆਂ ਸਨ। ਸਾਰਾ ਕੁੱਝ ਠੀਕ ਠਾਕ ਚੱਲ ਰਿਹਾ ਸੀ। ਗੱਲ ਸਹੀ ਦਿਸ਼ਾ 'ਚ ਅੱਗੇ ਵਧ ਰਹੀ ਸੀ। ਬਗਲੇ ਦੇ ਸਿਰ 'ਤੇ ਮੋਮ ਰੱਖ ਦਿੱਤੀ ਗਈ ਸੀ, ਬੱਸ ਪਿਘਲਣ ਦਾ ਇੰਤਜ਼ਾਰ ਸੀ। ਇੱਥੇ ਹੀ ਉਹ ਕਾਹਲੀ ਕਰ ਬੈਠਾ ਸੀ। ਮੋਮ ਪਿਘਲਣ ਤਕ ਸਬਰ ਨਾ ਰੱਖ

ਸਕਿਆ। ਚੈਂਬਰ 'ਚ ਬੈਠਿਆਂ ਹੀ ਉਸਦੇ ਹੱਥ ਬੀਬੀ ਨਾਲ ਸ਼ਰਾਰਤ ਕਰ ਬੈਠੇ। ਵਕੀਲ ਬੀਬੀ ਨੂੰ ਇਹ ਹਰਕਤ ਸੱਭਿਅਕ ਤੇ ਰੁਤਬੇ ਦੇ ਅਨੁਕੂਲ ਨਾ ਲੱਗੀ। ਉਸਨੇ ਆਪਣੇ ਮੁਵੱਕਲ ਨੂੰ, "ਡੌਂਟ ਕਰੌਸ ਯੂਅਰ ਲਿਮੀਟੇਸ਼ਨਜ਼।ਮੇਰੇ ਅਤੇ ਆਪਣੇ ਰੁਤਬੇ ਦੀ ਮਰਿਆਦਾ ਰੱਖੋ।" ਆਖਦਿਆਂ ਆਪਣੀਆਂ ਹੱਦਾਂ 'ਚ ਰਹਿਣ ਦਾ ਮਰਿਆਦਾ ਰੂਪੀ ਪਾਠ ਪੜ੍ਹਾ ਦਿੱਤਾ ਸੀ।

-ਸਾਲੀ ਮਰਿਆਦਾ ਦੀ!" ਪਿਛਲੀ ਗੱਲ ਯਾਦ ਕਰਕੇ ਹਰਜੀਤ ਦੇ ਬੁੱਲ੍ਹ ਭੜੀੜੇ ਗਏ। ਉਸ ਤੋਂ ਗੁੱਸੇ ਨਾਲਦੁਬਾਰਾ ਘੰਟੀ ਦਾ ਬਟਨ ਦਬਾਇਆ ਗਿਆ। ਸੇਵਾਦਾਰ ਬੀਬੀ ਕੰਨ ਨਾਲੋਂ ਫੋਨ ਲਾਹ ਕੇ ਕਾਹਲੀ ਕਾਹਲੀ ਅੰਦਰ ਆਈ।

-ਆਈ ਨਹੀਂ ਉਹ ਔਰਤ?" ਤੇ ਫਿਰ ਸੇਵਾਦਾਰ ਬੀਬੀ ਦਾ ਜਵਾਬ ਉਡੀਕੇ ਬਿਨਾ ਹੀ ਅਗਲੇ ਆਦੇਸ਼ ਜਾਰੀ ਕਰ ਦਿੱਤੇ, "ਬਾਹਰ ਨਾ ਖੜਾਈ ਰੱਖਿਓ। ਜਦੋਂ ਆਏ, ਤੁਰੰਤ ਅੰਦਰ ਭੇਜ ਦੇਣਾ।"

-ਨਹੀਂ ਜੀ-ਹਾਂ ਜੀ!" ਬੀਬੀ ਨੂੰ ਸਮਝ ਨਾ ਲੱਗੀ ਕੀ ਜਵਾਬ ਦੇਵੇ। ਮੱਥੇ 'ਤੇ ਉਭਰ ਆਈ ਤਿਊੜੀ ਉਸ ਨੇ ਮੂੰਹ ਦੂਜੇ ਪਾਸੇ ਕਰਕੇ ਲੁਕਾ ਲਈ।

ਸੇਵਾਦਾਰ ਬੀਬੀ ਦੇ ਬਾਹਰ ਜਾਣ ਤੋਂ ਬਾਅਦ ਉਹ ਟੇਬਲ 'ਤੇ ਪਏ ਬੇਰਾਂ ਬਾਰੇ ਸੋਚਣ ਲੱਗਾ। ਇਹ ਬੇਰ ਅੱਜ ਹੀ ਸਵੇਰੇ ਸਟੈਨੋ ਸਤਬੀਰ ਨੇ ਆਪਣੇ ਬਾਗ 'ਚੋਂ ਲਿਆ ਕੇ ਦਿੱਤੇ ਸਨ।

-ਸਰ! ਬੇਰ ਤਾਂ ਤੁਸੀਂ ਬਥੇਰੇ ਖਾਧੇ ਹੋਣੇ, ਪਰ ਆਹ ਬੇਰ ਵੀ ਖਾ ਕੇ ਵੇਖਿਓ।ਜੀਹਨੂੰ ਆਂਹਦੇ ਹੁੰਦੇ ਆ ਟੀਸੀ ਦਾ ਬੇਰ, ਓਹੀ ਆ ਸਰ। ਜਿਵੇਂ ਕਸ਼ਮੀਰੀ ਸੇਬ 'ਤੇ ਦੰਦੀ ਵੱਢ ਲਈ ਹੋਵੇ।" ਸਟੈਨੋ ਨੇ ਬੇਰਾਂ ਵਾਲਾ ਲਿਫਾਫਾ ਫੜਾਉਂਦਿਆਂ ਗੱਲ ਨੂੰ ਬਹੁ-ਅਰਥੀ ਕਰ ਦਿੱਤਾ ਸੀ। ਉਸਦੀਆਂ ਅੱਖਾਂ 'ਚ ਸ਼ਰਾਰਤ ਨੱਚ ਰਹੀ ਸੀ। ਉਸਦੀ ਮੁਸਕਾਣ ਦੇ ਜਵਾਬ 'ਚ ਹਰਜੀਤ ਨੇ ਵੀ ਭੇਦ ਭਰੀ ਮੁਸਕਾਣ ਹਵਾ 'ਚ ਬਿਖੇਰ ਦਿੱਤੀ ਸੀ। 'ਟੀਸੀ ਦਾ ਬੇਰ' ਉਸਨੇ ਚਿੱਥ ਕੇ ਕਿਹਾ ਸੀ।

ਹਰਜੀਤ ਨੇ ਲਿਫਾਫੇ 'ਚੋਂ ਬੇਰ ਕੱਢਿਆ ਤੇ ਹਥੇਲੀ 'ਤੇ ਰੱਖ ਲਿਆ। ਉਸ ਨੂੰ ਜਨਤਾ ਮੈਮੋਰੀਅਲ ਕਾਲਿਜ ਵਾਲੀ ਪ੍ਰੋਫੈਸਰਨੀ ਰਿਚਾ ਵਰਮਾ ਯਾਦ ਆ ਗਈ। ਪ੍ਰੋਫੈਸਰਨੀ ਦੀ ਦਲੇਰੀ ਦਾ ਉਹ ਸ਼ੁਰੂ ਤੋਂ ਹੀ ਕਾਇਲ ਰਿਹਾ ਹੈ। ਉਸਨੇ ਜਦੋਂ ਵੀ ਕਦੇ ਪ੍ਰੋਫੈਸਰ ਰਿਚਾ ਨੂੰ ਕਿਧਰੇ ਘੁੰਮਣ ਜਾਣ ਲਈ ਕਿਹਾ, ਉਹ ਤਿਆਰ ਹੋ ਜਾਂਦੀ ਹੈ। ਘਰੇ ਕੀ ਬਹਾਨਾ ਬਣਾਉਂਦੀ ਹੈ ਕੀ ਨਹੀਂ, ਇਸ ਬਾਰੇ ਹਰਜੀਤ ਨੇਉਸ ਨਾਲ ਕਦੇ ਚਰਚਾ ਕਰਨ ਦੀ ਲੋੜ ਹੀ ਨਹੀਂ ਸਮਝੀ।

ਹਰਜੀਤਪਿਛਲੇ ਮਹੀਨੇ ਹੀ ਪ੍ਰੋਫੈਸਰਨੀ ਨਾਲ ਤਿੰਨ ਚਾਰ ਦਿਨ ਡਲਹੌਜ਼ੀ ਰਹਿ ਕੇ ਆਇਆ ਸੀ। ਇਹ ਪ੍ਰੋਗਰਾਮ ਬੜਾ ਅਚਾਨਕ ਬਣ ਗਿਆ ਸੀ। ਐਤਵਾਰ ਸ਼ਾਮ ਨੂੰ ਫੋਨ 'ਤੇ ਚੈਟਿੰਗ ਕਰਦਿਆਂ ਕਰਦਿਆਂ ਹੀ ਨਵੰਬਰ ਮਹੀਨੇ ਦੇ ਠੰਡੇ ਮਿੱਠੇ ਦਿਨਾਂ ਦਾ ਆਨੰਦ ਮਾਨਣ ਦੀ ਸਲਾਹ ਬਣ ਗਈ। ਹਰਜੀਤ ਨੇ ਸੋਮਵਾਰ ਡਿਊਟੀ ਤੋਂ ਵਾਪਸ ਘਰ ਆਉਂਦਿਆਂ ਹੀ ਆਪਣੇ ਇਸ ਪ੍ਰੋਗਰਾਮ ਦਾ ਐਲਾਨ ਕਰ ਦਿੱਤਾ ਤੇਕੱਪੜੇ ਪੈਕ ਕਰਨੇ ਸ਼ੁਰੂ ਕਰ ਦਿੱਤੇ ਸੀ। ਦਰਅਸਲਉਸਨੂੰ ਕੋਈ ਬਹਾਨਾ ਮਾਰਨ ਦੀ ਲੋੜ ਹੀ ਨਹੀਂ ਪੈਂਦੀ। ਉਸ ਨੇ ਤਾਂ ਬੱਸ ਐਲਾਨ ਹੀ ਕਰਨਾ ਹੁੰਦਾ ਹੈ।

-ਅੱਜ ਫੇਰ ਕਰ ਲਈ ਤਿਆਰੀ?ਤੁਸੀਂ ਨਾ ਕਦੇ ਘਰੇ ਟਿਕਿਓ?ਕਿਸੇ ਹੋਰ ਜੀਅ ਦਾ ਵੀ ਫਿਕਰ ਫਾਕਾ ਹੈ ਕਿ ਨਹੀਂ?" ਰੋਜ਼ੀ ਨੇ ਆਮ ਵਾਂਗ ਓਪਰਾ ਜਿਹਾ ਗੁੱਸਾ ਜ਼ਾਹਰ ਕੀਤਾ ਸੀ।ਇਸ ਤੋਂ ਵੱਧ ਉਸ ਨੇ ਕਦੇ ਆਪਣੀ ਪ੍ਰਤੀਕਿਰਿਆ ਦਿੱਤੀ ਹੀ ਨਹੀਂ ਸੀ।

-ਅਚਾਨਕ ਬਣ ਗਿਆ ਪ੍ਰੋਗਰਾਮ।" ਹਰਜੀਤ ਨੂੰ ਵੀਹੋਰ ਵੱਧ ਵਿਸਥਾਰ ਦੇਣ ਦੀ ਜ਼ਰੂਰਤ ਨਹੀਂ ਸੀ ਪੈਂਦੀ।

-ਸਮਾਨ ਚੰਗੀ ਤਰ੍ਹਾਂ ਪੈਕ ਕਰ ਲਿਉ।ਕੁੱਝ ਰਹਿ ਨਾ ਜਾਵੇ। ਯਾਦ ਨਾਲ ਫੋਨ ਕਰ ਦਿਆ ਕਰਨਾ ਸਵੇਰੇ ਸ਼ਾਮ।"

ਜਵਾਬ 'ਚ ਹਰਜੀਤ ਹਰ ਵਾਰ ਵਾਂਗ ਸਿਰਫ਼ ਮੁਸਕਰਾਇਆ ਸੀ।

ਡਲਹੌਜ਼ੀ ਦੀਆਂ ਨਿੱਘ ਦੇਣ ਵਾਲੀਆਂ ਠੰਡੀਆਂ ਵਾਦੀਆਂ 'ਚ ਘੁੰਮ ਫਿਰ ਕੇ ਆਉਣ ਬਾਅਦ ਹਰਜੀਤ ਨੇ ਇਸ ਟੂਰ ਬਾਰੇ ਰੋਜ਼ੀ ਨਾਲ ਕੋਈ ਗੱਲ ਨਾ ਕੀਤੀ। ਉਹ ਅਜਿਹੀਆਂ ਗੱਲਾਂ ਰੋਜ਼ੀ ਨਾਲਕਦੇ ਕਰਦਾ ਹੀ ਨਹੀਂ ਸੀ।

-ਕੱਲ੍ਹ ਪ੍ਰੋਫੈਸਰ ਰਿਚਾ ਮਿਲੀ ਸੀ।ਕਹਿੰਦੀ ਸੀ ਆਪਣੀਆਂ ਕੁਲੀਗਜ਼ ਨਾਲ ਕਈ ਦਿਨ ਡਲਹੌਜ਼ੀ ਘੁੰਮ ਫਿਰ ਕੇ ਆਈ ਹਾਂ। ਬੜੀਆਂ ਮਠਾਰ ਮਠਾਰ ਕੇ ਗੱਲਾਂ ਕਰਦੀ ਸੀ। ਅਖੇ ਮੌਸਮ ਬੜਾ ਮਜ਼ੇਦਾਰ ਸੀ, ਮੈਂ ਤਾਂ ਬੱਦਲਾਂ ਦੀ ਬੁੱਕਲ 'ਚ ਹੀ ਫਿਰਦੀ ਰਹੀ।''

-ਹੱਛਾ! ਕਿਆ ਬਾਤ ਹੈ? ਰੋਜ਼ੀਬਿਲਕੁੱਲ ਸਹੀ ਕਿਹਾ ਪ੍ਰੋਫੈਸਰਨੀ ਨੇ। ਡਲਹੌਜ਼ੀਮੌਸਮ ਵਾਕਿਆ ਹੀ ਬੜਾ ਮਜ਼ੇਦਾਰ ਸੀ।'' ਹਰਜੀਤ ਅੰਦਰੋਂ ਥੋੜ੍ਹਾ ਜਿਹਾ ਘਬਰਾਇਆ ਜ਼ਰੂਰ ਪਰ ਉਹ ਘਬਰਾਹਟ ਨੂੰ ਹਾਸੇ 'ਚ ਲੁਕੋ ਲੈਣ 'ਚ  ਮਾਹਰ ਕਲਾਕਾਰ ਸੀ।

''ਲੁੱਟਰ! ਪਤਾ ਨ੍ਹੀ ਕਿੱਥੇ ਕਿੱਥੇ ਤੁਰੀ ਫਿਰਦੀ ਰਹਿੰਦੀ ਹੈ। ਅਖੇ ਮੈਂ ਤਾਂ ਬੱਦਲਾਂ ਦੀ ਬੁੱਕਲ 'ਚ ਹੀ ਫਿਰਦੀ ਰਹੀ। ਮੈਨੂੰ ਪਤਾ ਕਿਹੜੇ ਬੱਦਲਾਂ ਦੀ ਬੁੱਕਲ 'ਚ ਸੀਗੀ। ਵਰਮਾ ਜੀ ਨੂੰ ਤਾਂ ਬੁੱਧੂ ਬਣਾਈ ਫਿਰਦੀ ਹੈ। ਵਿਚਾਰਾ ਸਿੱਧਾ ਬੰਦਾ।''

ਹਰਜੀਤ ਦਾ ਅੰਦਰ ਹੱਸਿਆ। ਰੋਜ਼ੀ ਨੇ ਤਾਂ ਸਾਰੀ ਦਿਹਾੜੀ ਦੂਜੀਆਂ ਜ਼ਨਾਨੀਆਂ ਦੀਆਂ ਸਲਵਾਰਾਂ ਸੁੰਘਦੇ ਰਹਿਣ ਵਾਲੇ ਵਰਮੇ ਨੂੰ ਵੀ ਸਿੱਧੇ ਬੰਦੇ ਦਾ ਖਿਤਾਬ ਦੇ ਦਿੱਤਾ ਸੀ। ਹਰਜੀਤ ਨੇ ਚੁੱਪ ਰਹਿਣਾ ਹੀ ਯੋਗ ਸਮਝਿਆ। ਉਹ ਜਾਣਦਾ ਸੀ ਕਿ ਜੇ ਇਸ ਵਿਸ਼ੇ ਸੰਬੰਧੀ ਗੱਲ ਹੋਰ ਅੱਗੇ ਵਧੀ, ਰੋਜ਼ੀ ਨੇ ਐਵੇਨਿਊ ਦੇ ਕਈ ਸੱਭਿਅਕ ਲੋਕਾਂ ਦੇ ਲੰਗਾਰ ਲਾਹ ਦੇਣੇ ਸਨ। ਪ੍ਰੋਫੈਸਰ ਰਿਚਾ ਵਰਮਾ ਤਾਂ ਉਸ ਨੂੰ ਕਦੇ ਚੰਗੀ ਲੱਗੀ ਹੀ ਨਹੀਂ ਸੀ।

ਪ੍ਰੋਫੈਸਰ ਰਿਚਾ ਹੀ ਕਿਉਂ, ਉਸ ਵਰਗੀਆਂ ਹੋਰ ਔਰਤਾਂ ਵੀ ਰੋਜ਼ੀ ਨੂੰ ਚੰਗੀਆਂ ਨਹੀਂ ਲੱਗਦੀਆਂ। ਉਹ ਯੂਨੀਕ ਐਵੇਨਿਊ 'ਚ ਰਹਿਣ ਵਾਲੀਆਂ ਔਰਤਾਂ ਵੱਲੋਂ ਕੀਤੀਆਂ ਜਾਂ ਕਰਵਾਈਆਂ ਜਾਂਦੀਆਂ ਕਿੱਟੀ ਪਾਰਟੀਆਂ ਤੋਂ ਕਈ ਮੀਲ ਦੂਰ ਹੀ ਰਹਿੰਦੀ ਹੈ।

-ਹਰਜੀਤ! ਯਾਰ ਤੇਰੀ ਭਰਜਾਈ ਇਤਰਾਜ਼ ਕਰਦੀ ਸੀ ਕਿ ਰੋਜ਼ੀ ਮੈਡਮ ਸੱਦਾ ਦੇਣ ਦੇ ਬਾਵਜੂਦ ਵੀ ਪਾਰਟੀ 'ਚ ਨਹੀਂ ਆਉਂਦੀ। ਸਮਝਾ ਯਾਰ ਉਹਨੂੰ ਕੁੱਝ। ਜੇ ਆਪਣੇ ਵਰਗਿਆਂ ਦੀ ਸੁਸਾਇਟੀ 'ਚ ਆਪਣੀਆਂ ਹੀ ਔਰਤਾਂ ਪਾਰਟੀਸਪੇਟ ਨਹੀਂ ਕਰਨਗੀਆਂ, ਹੋਰ ਫਿਰ ਆਪਣੇ ਕਲਰਕਾਂ ਤੇ ਸੇਵਾਦਾਰਾਂ ਦੀਆਂ ਜ਼ਨਾਨੀਆਂ ਸ਼ਾਮਿਲ ਹੋਣਗੀਆਂ?'' ਏ ਟੀ ਸੀ ਚੋਪੜੇ ਨੇ ਤਾਂ ਇਕ ਵਾਰ ਉਲਾਂਭਾ ਵੀ ਦੇ ਦਿੱਤਾ ਸੀ। ਅਜਿਹੇ ਉਲਾਂਭੇ ਹੋਰ ਵੀ ਕਈ ਸਾਥੀ ਅਫਸਰਾਂ ਤੋਂ ਮਿਲ ਚੁੱਕੇ ਸਨ।

-ਰਾਈਟ ਸਰ! ਮੈਂ ਤਾਂ ਆਪ ਕਈ ਵਾਰ ਕਹਿ ਚੁੱਕਾਂ। ਉਹ ਤਾਂ ਬੱਸ ਕਿਤਾਬਾਂ 'ਚ ਈ ਵੜੀ ਰਹਿੰਦੀ ਐ।'' ਹਰਜੀਤ ਨੇ ਏ ਟੀ ਸੀ ਚੋਪੜੇ ਦੀ ਹਾਂ 'ਚ ਹਾਂ ਮਿਲਾਉਣਾ ਹੀ ਠੀਕ ਸਮਝਿਆ ਸੀ।

-ਯਾਰ ਬਾਹਰ ਕੱਢ ਉਹਨੂੰ ਕਿਤਾਬਾਂ-ਕਤੂਬਾਂ 'ਚੋਂ। ਦਿਮਾਗ ਖਰਾਬ ਕਰਨ ਵਾਲੀ ਗੱਲ। ਐਵੇਂ 'ਵਾਹ-ਵਾਹ' ਕਰਨ ਵਾਲਿਆਂ ਦੇ ਮੁਸ਼ਾਇਰੇ ਸੁਣੀ ਜਾਂਦੀ ਹੋਣੀ ਯੂ ਟਿਊਬ ਤੋਂ ਭਾਲ ਭਾਲ ਕੇ।''

ਹਰਜੀਤ ਨੂੰ ਸ਼ਰਮ ਮਹਿਸੂਸ ਹੋਈ। ਉਸ ਨੇ ਘਰ ਆ ਕੇ ਰੋਜ਼ੀ ਨੂੰ ਇਸ਼ਾਰੇ ਨਾਲ ਹੀ ਸਮਝਾਉਣ ਦੀ ਕੋਸ਼ਿਸ਼ ਕੀਤੀ ਸੀ।

-ਕੀ ਹੁੰਦਾ ਇਹਨਾਂ ਕਿੱਟੀ ਪਾਰਟੀਆਂ 'ਚ ?ਮੂੰਹ 'ਤੇ ਇਕ ਦੂਜੀ ਦੀਆਂ ਤਾਰੀਫ਼ਾਂ। ਉਹ ਕਹੂ ਤੇਰਾ ਸੂਟ ਸੋਹਣਾ-ਉਹ ਕਹੂ ਤੇਰਾ ਸੂਟ ਸੋਹਣਾ।ਦੀਦੀ ਥੋਡੇ ਈਅਰ ਰਿੰਗ ਬੜੇ ਜਚਦੇ ਨੇ-

ਮੈਮ ਤੁਹਾਡਾ ਨੈਕਲੈੱਸ ਤਾਂ ਬੜਾ ਐਕਸਪੈਨਸਿਵ ਲੱਗਦਾ। ਤੇਰੀਆਂ ਚੂੜੀਆਂ-ਤੇਰੇ ਟੌਪਸ। ਤੇਰੇ ਝੁਮਕੇ-ਤੇਰੇ ਗੌਗਲਜ਼। ਯਾਰ ਅੱਜ ਤਾਂਕਹਿਰ ਢਾਅ ਰਹੀ ਏਂ-ਮੇਰੀ ਜਾਨ ਕਿਆ ਗਜ਼ਬ ਹੈ। ਬਾਲੀਵੁੱਡ ਨੂੰ ਵਖ਼ਤ ਪਾਏਂਗੀ। ਮਾਡਲ ਲੱਗ ਰਹੀ ਏਂ। ਮੇਲਾ ਲੁੱਟ ਲਿਆ-ਕਤਲ ਕਰੀ ਜਾਨੀ ਏਂ। ਬੇਹਯਾਟੋਲੀ ਤੇ ਵਾਹਯਾਤ ਗੱਲਾਂ। ਪਿੱਠ ਪਿੱਛੇ ਇਕ ਦੂਜੇ ਦੀਆਂ ਚੁਗਲੀਆਂ। ਪਤਾ ਕੀ ਬੋਲਦੀਆਂ ਹੁੰਦੀਆਂ?'' ਹਰਜੀਤ ਨੂੰ ਖਹਿੜਾ ਛੁਡਾਉਣਾ ਔਖਾ ਹੋ ਗਿਆ। ਉਹ ਵਾੜ 'ਚ ਫਸੇ ਬਿੱਲੇ ਵਾਂਗ ਏਧਰ-ਓਧਰ ਵੇਖਣ ਲੱਗਾ ਸੀ।

-ਮੈਨੂੰ ਕੀ ਪਤਾ?ਮੈਂ ਕਿਹੜਾ ਸੁਣਦਾ ਹੁੰਨਾ।'' ਹਰਜੀਤ ਨੇ ਪਤਲੀ ਗਲੀ ਨਿਕਲਣਾ ਚਾਹਿਆ।

-ਇਕ ਦੂਜੇ ਦੀ ਬਦਖੋਹੀ।ਮੇਕਅੱਪ ਵੇਖਿਆ ਮੈਡਮ ਗੁਪਤਾ ਦਾ-ਜਿਵੇਂ ਕੁੱਤਾ ਹੱਡਾਰੋੜੀ 'ਚੋਂ ਆਇਆ ਹੋਵੇ। ਟਵੰਟੀ ਥਰੀ ਵਾਲੀ ਨਖਰੇ ਤਾਂ ਐਂ ਕਰਦੀ ਜਿਵੇਂ ਮਨੀਸ਼ਾ ਕੋਇਰਾਲਾ ਹੁੰਦੀ। ਮਨੇਜਰਨੀ ਦਾ ਢਿੱਡ ਬਲੈਂਡਰ ਵਾਂਗੂੰ ਥੁੱਲਥੁੱਲ ਕਰਦਾ। ਤਹਿਸੀਲਦਾਰਨੀ ਵਾਲ਼ਾਂ ਨੂੰ ਡਾਈ ਕਰਕੇ ਕਾਲਜੀਏਟ ਬਣਦੀ ਏ। ਇਸਤੋਂ ਅੱਗੇ ਹੋਰ ਸੁਣ-ਕੀ ਕੀ ਗੱਲਾਂ ਚੱਲਦੀਆਂ। ਕੀਹਦੀ ਕੀਹਦੇ ਨਾਲ ਅੱਟੀ ਸੱਟੀ ਹੈ। ਕੌਣ ਕਿਸਦੀ ਪੈੜ ਨੱਪ ਰਿਹਾ। ਕਿਹੜੀ ਕਿਸਨੂੰ ਖਾਈ ਜਾ ਰਹੀ। ਕਿਸਨੇ ਕੀਹਦਾ ਦਿੱਤਾ ਸੂਟ ਪਾਇਆ। ਫਲਾਣੀ ਦਾ ਨੈਕਲੈੱਸ ਕਿੱਥੋਂ ਆਇਆ-ਢਿਮਕੀ ਕੀਹਦੇ ਪਰਸ ਨੂੰ ਚੂਹੇ ਵਾਂਗੂੰ ਕੁਤਰੀ ਜਾਂਦੀ ਹੈ। ਇਸਤੋਂ ਇਲਾਵਾ ਹੋਰ ਕੀ ਹੁੰਦਾ ਇਹਨਾਂ 'ਚ? ਜਾਂ ਫਿਰ ਪ੍ਰੋਫੈਸਰਨੀ ਰਿਚਾ ਵਰਗੀ ਦੇ ਨੰਗੇ ਜੋਕਸ। ਕਿ ਕੁੱਝ ਹੋਰ ਵੀ ਹੁੰਦਾ ਇਹਨਾਂ ਪਾਰਟੀਆਂ ਪੂਰਟੀਆਂ 'ਚ?'' ਰੋਜ਼ੀ ਦੇ ਰਿਕਾਰਡ ਦੀ ਸੂਈ ਤੇਜ਼ ਚੱਲਣ ਲੱਗਦੀ।

-ਚੱਲ ਕਦੇ ਕਦੇ ਫਾਰਮੈਲਟੀ ਕਰ ਆਇਆ ਕਰ। ਆਪਸੀ ਰਿਲੇਸ਼ਨਜ਼ ਵੀ ਤਾਂ ਡਿਵੈਲਪ ਹੁੰਦੇ ਨੇ ਇਹਨਾਂ ਪਾਰਟੀਆਂ 'ਚ। ਚੰਗੇ ਚੰਗੇ ਪਰਿਵਾਰਾਂ ਦੀਆਂ ਲੇਡੀਜ਼ ਸ਼ਾਮਿਲ ਹੁੰਦੀਆਂ। ਕੀ ਸੋਚਦੀਆਂ ਹੋਣਗੀਆਂ ਤੇਰੇ ਬਾਰੇ?'' ਇਹ ਗੱਲ ਹਰਜੀਤ ਕਈ ਵਾਰ ਕਹਿ ਚੁੱਕਾ ਸੀ।

-ਕੀ ਸੋਚਣਗੀਆਂ?ਵੱਧ ਤੋਂ ਵੱਧ ਬੈਕਵਰਡ ਹੀ ਕਹਿ ਦੇਣਗੀਆਂ। ਅਨਸਿਵਲਾਈਜ਼ਡ ਕਹਿ ਦੇਣਗੀਆਂ। ਇਹੀ ਨਾ ਕਿ ਰੋਜ਼ੀ ਨੂੰ ਐਟੀਕੇਟਸ ਨੀ ਆਉਂਦੇ। ਸੁਸਾਇਟੀ 'ਚ ਰਹਿਣਾ ਬਹਿਣਾ ਨਹੀਂ ਆਉਂਦਾ। ਹੋਰ ਕੀ ਆਖ ਦੇਣਗੀਆਂ? ਨਾਲੇ ਮੈਨੂੰ ਨਹੀਂ ਲੋੜ ਐਹੋ ਜਿਹੇ ਰੀਲੇਸ਼ਨਜ਼ ਦੀ। ਪ੍ਰੋਫੈਸਰਨੀ ਵਰਗੀਆਂ ਨੂੰ ਲੋੜ ਹੁੰਦੀ ਜਿੰਨ੍ਹਾਂ ਨੇ ਇਹਨਾਂ ਪਾਰਟੀਆਂ ਬਹਾਨੇ ਬਿਗਾਨੇ ਬੰਦਿਆਂ ਨਾਲ ਰਿਲੇਸ਼ਨਜ਼ ਡਿਵੈਲਪ ਕਰਨੇ ਹੁੰਦੇ ਆ।''

-ਪਤਾ ਨਹੀਂ ਕੀ ਦਾ ਕੀ ਸੋਚਦੀ ਰਹਿੰਨੀ ਏਂ।''

-ਹਰਜੀਤ, ਮੈਨੂੰ ਗੰਧਲੇ ਰਿਸ਼ਤੇ ਉੱਕਾ ਚੰਗੇ ਨਹੀਂ ਲੱਗਦੇ।ਜਿਸਨੂੰ ਤੁਸੀਂ ਲੋਕ ਰਿਲੇਸ਼ਨਜ਼ ਆਖਦੇ ਓਂ-ਸੋ ਕਾਲਡ ਸਿਵਲਾਈਜ਼ਡ ਸੁਸਾਇਟੀ ਦੇ ਚੋਂਚਲੇ ਨੇ, ਹੋਰ ਕੁੱਝ ਨਹੀਂ। ਜਾਂਫਿਰ ਰਿਚਾ ਵਰਮਾ ਐਂਡ ਕੰਪਨੀ ਵੱਲੋਂ ਬੰਦਿਆਂ ਨੂੰ ਮਗਰ ਲਾਉਣ ਦੇ ਢਕੌਂਸਲੇ। ਦੈਟਸ ਆਲ।''

-ਇੰਝਕੋਈ ਕਿਸੇ ਦੇ ਮਗਰ ਕਿਵੇਂ ਲੱਗ ਜਾਊ?'' ਹਰਜੀਤ ਨੂੰ ਕੋਈ ਗੱਲ ਨਹੀਂ ਅਹੁੜਦੀ। ਉਸ ਨੂੰ ਸਮਝ ਨਹੀਂ ਲੱਗਦੀ ਕਿ ਆਪਣੀ ਗੱਲ ਨੂੰ ਸਹੀ ਸਾਬਤ ਕਰਨ ਲਈ ਕਿਹੜੀ ਦਲੀਲ ਦੇਵੇ।

-ਕਈ ਤੀਵੀਆਂ ਬੜੀਆਂ ਤੇਜ਼ ਹੁੰਦੀਆਂ।ਨਿਰੀਆਂ ਜਾਦੂਗਰਨੀਆਂ। ਐਸਾ ਮੰਤਰ ਫੂਕਦੀਆਂ-ਬੰਦੇ ਤਾਂ ਜਦੇ ਮਗਰ ਮਗਰ ਪੂਛ ਮਾਰਨ ਲੱਗ ਜਾਂਦੇ। ਸਿਕਸਟੀ ਏਟ ਨੰਬਰ ਕੋਠੀ ਵਾਲੀ ਭਲਾ ਕਿਹੜੀਆਂ ਕਿੱਟੀ ਪਾਰਟੀਆਂ 'ਤੇ ਜਾਂਦੀ ਹੈ? ਅੱਜ ਮੈਂ ਫਲਾਂ ਫਰਿੰਡ ਨਾਲ ਕਿੱਟੀ 'ਤੇ ਜਾ ਰਹੀ ਹਾਂ-ਅੱਜ ਢਿਮਕੀ ਫਰਿੰਡ ਨਾਲ ਥੀਏਟਰ ਜਾਣਾ। ਕਿਹੜੀਆਂ ਫਰਿੰਡਜ਼ ਨਾਲ ਜਾਂਦੀ ਹੈ ਤੇ ਕਿਹੜੀਆਂ ਨਾਲ ਨਹੀਂ, ਤੈਨੂੰ ਕਿਤੇ ਪਤਾ ਨਹੀਂ?ਪਰ ਤੈਨੂੰ ਕੀ ਪਤਾ ਹੋਣਾ, ਤੂੰ ਤਾਂ ਸਿੱਧਾ

ਬੰਦਾ।''

ਦਰਵਾਜ਼ੇ ਦਾ ਪਰਦਾ ਸਰਕਿਆ।

-ਸਾਬ੍ਹ ਜੀ! ਕੱਲ੍ਹ ਵਾਲੀ ਲੇਡੀ ਆਈ ਹੈ ਜੀ ਆਵਦੇ ਘਰਵਾਲੇ ਨੂੰ ਨਾਲ ਲੈ ਕੇ।'' ਸੇਵਾਦਾਰ ਬੀਬੀ ਦੀ ਆਵਾਜ਼ ਨੇ ਹਰਜੀਤ ਨੂੰ ਸੋਚਾਂ 'ਚੋਂ ਬਾਹਰ ਕੱਢ ਲਿਆਂਦਾ ਸੀ।

-ਭੇਜ ਦਿਆਂ ਜੀ?''ਸੇਵਾਦਾਰ ਵੱਲ ਵੇਖਦਿਆਂ ਹਰਜੀਤ ਦੇ ਚਿਹਰੇ 'ਤੇ ਹਲਕੀ ਜਿਹੀ ਤਿਉੜੀ ਉਭਰ ਆਈ।

-ਪਹਿਲਾਂ ਮੈਂ ਫਾਰਸੀ ਬੋਲਿਆ ਸੀ?ਏਹੀ ਕਿਹਾ ਸੀ ਜਦੋਂ ਆਈ ਤੁਰੰਤ ਅੰਦਰ ਭੇਜ ਦੇਵੀਂ।''

-ਹਾਂ ਜੀ-ਨਹੀਂ ਜੀ।ਹੁਣੇ ਆਈ ਐ ਜੀ।'' ਸੇਵਾਦਾਰ ਬੀਬੀ ਹਰਜੀਤ ਦੇ ਦਬਕੇ ਨਾਲ ਡਰ ਗਈ। ਉਹ ਅਕਸਰ ਨਰਵਸ ਹੋ ਜਾਂਦੀ ਸੀ।

-ਚੱਲ ਜਾਹ ਵੀ ਹੁਣ। ਇਥੇ ਖੜ੍ਹੀ ਖੜੀ ਮੇਰੇ ਮੂੰਹ ਵੱਲ ਕੀ ਵੇਖੀ ਜਾਨੀ। ਭੇਜ ਉਹਨਾਂ ਨੂੰ ਅੰਦਰ।'' ਹਰਜੀਤ ਦੀ ਆਵਾਜ਼ ਪਹਿਲਾਂ ਨਾਲੋਂ ਹੋਰ ਉੱਚੀ ਹੋ ਗਈ ਸੀ।

ਬੌਸ ਦੀ ਉੱਚੀ ਆਵਾਜ਼ ਸੁਣਕੇ ਸਕੀਮ ਬਰਾਂਚ ਵਾਲਿਆਂ ਦੀਆਂ ਅੱਖਾਂ ਤੇ ਕੰਨ ਬਾਹਰ ਵੱਲ ਨੂੰ ਲਪਕੇ। ਕੱਲ੍ਹ ਵਾਲੀ ਔਰਤ ਨੂੰ ਸਾਹਬ ਦੇ ਦਰਵਾਜ਼ੇ ਅੱਗੇ ਖੜ੍ਹਾ ਵੇਖ ਕੇ ਉਹਨਾਂ ਦੀਆਂ ਅੱਖਾਂ 'ਚ ਸ਼ਰਾਰਤ ਨੱਚਣ ਲੱਗੀ।

ਸੇਵਾਦਾਰ ਬੀਬੀ ਦੇ ਬਾਹਰ ਨਿਕਲਦਿਆਂ ਹੀ ਬੋਲਦੀਆਂ ਅੱਖਾਂ ਵਾਲੀ ਔਰਤ ਮਲਕੜੇ ਜਿਹੇ ਅੰਦਰ ਲੰਘ ਆਈ। ਉਸਦੇ ਪਿੱਛੇ ਪਿੱਛੇ ਇਕ ਸਾਊ ਤੇ ਸਾਧਾਰਨ ਦਿੱਖ ਵਾਲਾ ਬੰਦਾ ਵੀ ਅੰਦਰ ਆ ਗਿਆ। ਹਰਜੀਤ ਨੇ ਚੋਰ ਅੱਖਾਂ ਨਾਲ ਔਰਤ ਨੂੰ ਸਿਰ ਤੋਂ ਪੈਰਾਂ ਤਕ ਵੇਖਿਆ। ਉਹ ਤਾਂ ਕੱਲ੍ਹ ਨਾਲੋਂ ਵੀ ਦੋ ਰੱਤੀਆਂ ਉੱਤੇ ਦਿਖਾਈ ਦਿੰਦੀ ਸੀ।

-ਲਉ ਜੀ, ਆ ਗਿਆ। ਮਿਲ ਲਵੋ।'' ਉਸ ਔਰਤ ਦੇ ਬੁੱਲ੍ਹ ਫਰਕੇ। ਉਹ ਆਪ ਨਹੀਂ ਜਿਵੇਂ ਉਸਦੀਆਂ ਅੱਖਾਂ ਹੀ ਬੋਲੀਆਂ ਸਨ।

ਹਰਜੀਤ ਨੇ ਗਹੁ ਨਾਲ ਆਦਮੀ ਵੱਲ ਵੇਖਿਆ। ਚੰਗਾ ਭਲਾ ਸੀ।ਕੱਦ ਕਾਠੀ ਵੀ ਚੰਗੀ।ਦੇਖਣ ਪਾਖਣ ਨੂੰ ਵੀ ਵਧੀਆ ਪਰ ਬੇਪਰਵਾਹ ਜਿਹਾ।

-ਕਿਵੇਂ ਹੈ ਜਵਾਨਾ?'' ਹਰਜੀਤ ਦੇ ਬੋਲਾਂ 'ਚ ਸਵਾਲ ਨਾਲੋਂ ਵਿਅੰਗ ਬਹੁਤਾ ਸੀ। 'ਜਵਾਨਾ' ਸ਼ਬਦ ਉਸ ਨੇ ਘਰੋੜ ਕੇ ਬੋਲਿਆ ਸੀ।

-ਠੀਕ ਐ ਜੀ। ਜਮਾ ਠੀਕ ਐ।'' ਉਸਦੇ ਦੋਵੇਂ ਹੱਥ ਅਰਜ਼ ਕਰਨ ਵਾਲਿਆਂ ਵਾਂਗ ਜੁੜ ਗਏ ਸਨ।

-ਕਿਮੇ ਆਉਣੇ ਹੋਏ?'' ਹਰਜੀਤ ਨੇ ਉਸੇ ਦੀ ਭਾਸ਼ਾ 'ਚ ਅਗਲਾ ਸਵਾਲ ਦਾਗ ਦਿੱਤਾ ਸੀ।

ਉਸਨੇ ਘਰਵਾਲੀ ਵੱਲ ਸਵਾਲੀਆ ਨਜ਼ਰਾਂ ਨਾਲ ਵੇਖਿਆ ਜਿਵੇਂ ਪੁੱਛ ਰਿਹਾ ਹੋਵੇ, ''ਆਪਾਂ ਕਿਮੇ ਆਏ ਆਂ?''

ਪਰਮਜੀਤ ਨੇ ਘਰਵਾਲੇ ਦੇ ਹੌਲੀ ਜਿਹੇ ਕੂਹਣੀ ਮਾਰੀ ਤੇ ਜਵਾਬ ਦੇਣ ਦਾ ਇਸ਼ਾਰਾ ਕੀਤਾ। ਹਰਜੀਤ ਨੂੰ ਮਹਿਸੂਸ ਹੋਇਆ ਬੰਦਾ ਵਾਕਿਆ ਹੀ ਸਿੱਧਾ ਸੀ।

-ਆਹ ਪਰਮਜੀਤ ਲੈ ਕੇ ਆਈ ਐ ਜੀ। ਫੈਲ਼ ਦੇਣੀ ਐ ਜੀ ਥੋਨੂੰ।'' ਉਸਦੀਆਂ ਅੱਖਾਂ 'ਚੋਂ ਸਾਫਗੋਈ ਤੇ ਨਿਰਛਲਤਾ ਝਲਕਦੀ ਸੀ।

ਹਰਜੀਤ ਦੇ ਚਿਹਰੇ 'ਤੇ ਸ਼ਰਾਰਤ ਉੱਭਰ ਆਈ।

-ਇਹ ਕਾਹਨੂੰ ਲੈ ਕੇ ਆਈ ਹੈ, ਮੈਂ ਬੁਲਾਇਆ ਤੈਨੂੰ।''

-ਹੱਛਾ ਜੀ! ਮੈਨੂੰ ਬੁਲਾਇਆ?''

-ਹਾਂ!''

-ਮੈਤੋਂ ਕੀ ਕਰਾਉਣਾ ਜੀ?'' ਉਸਨੇ ਹਰਜੀਤ ਦੀ ਕੁਰਸੀ ਦੇ ਅੱਗੇ ਪਏ ਲੰਮੇ ਚੌੜੇ ਟੇਬਲ 'ਤੇ ਹੱਥ ਰੱਖ ਕੇ ਸਰੀਰ ਦਾ ਸਾਰਾ ਭਾਰ ਟੇਬਲ 'ਤੇ ਸੁੱਟ ਦਿੱਤਾ। ਪਰਮਜੀਤ ਨੇ ਅੱਖਾਂ ਹੀ ਅੱਖਾਂ 'ਚ ਘਰਵਾਲੇ ਨੂੰ ਸਿੱਧਾ ਖੜ੍ਹਨ ਲਈ ਇਸ਼ਾਰਾ ਕੀਤਾ ਜਿਸਨੂੰ ਉਹ ਸਮਝ ਨਾ ਸਕਿਆ।

-ਬੱਸ ਐਵੇਂ ਮਿਲਣ ਨੂੰ ਜੀਅ ਕਰਦਾ ਸੀ।'' ਹਰਜੀਤ ਨੇ ਬੋਲਦੀਆਂ ਅੱਖਾਂ ਵਿਚ ਡੂੰਘਾ ਝਾਕਦਿਆਂ ਉਸ ਬੰਦੇ ਨੂੰ ਜਵਾਬ ਦਿੱਤਾ ਸੀ।

-ਹੱਛਾ ਜੀ!''ਉਸਨੇ ਟੇਬਲ 'ਤੇ ਰੱਖੇ ਹੱਥ ਚੁੱਕ ਕੇ ਜੋੜ ਲਏ।

-ਤੈਨੂੰ ਪਤਾ ਇਹ ਫਾਈਲ ਤੇਰੇ ਨਾਂ 'ਤੇ ਭਰੀ ਹੋਈ ਹੈ? ਸਾਰੇ ਕਾਗਜ਼ ਪੱਤਰ ਵੀ ਤੇਰੇ ਹੀ ਲਾਏ ਹੋਏ ਹੈ। ਪਤਾ?'' ਹਰਜੀਤ ਨੇ ਸਵਾਲ ਕੀਤਾ ਪਰ ਜਵਾਬ ਉਡੀਕੇ ਬਗੈਰ ਹੀ ਅਗਲਾ ਸਵਾਲ ਕਰ ਦਿੱਤਾ, ''ਤੇਰੇ ਬਿਨਾਂ ਤਾਂ ਇਹ ਫਾਈਲ ਜਮ੍ਹਾ ਹੋ ਨਹੀਂ ਸਕਦੀ। ਪਤਾ ਇਸ ਗੱਲ ਦਾ ਕਿ ਨਹੀਂ? ਕੱਲ੍ਹ ਕਿਉਂ ਨਹੀਂ ਆਇਆ?''

ਉਸ ਬੰਦੇ ਨੇ ਡਰੀਆਂ ਜਿਹੀਆਂ ਅੱਖਾਂ ਨਾਲ ਇਕ ਵਾਰ ਘਰਵਾਲੀ ਵੱਲ ਵੇਖਿਆ ਜਿਵੇਂ ਬੋਲਣ ਦੀ ਇਜਾਜ਼ਤ ਮੰਗ ਰਿਹਾ ਹੋਵੇ।

-ਜਿੱਥੇ ਜਾਣਾ ਹੋਵੇ, ਏਹੀ ਜਾਂਦੀ ਹੁੰਦੀ ਐ ਜੀ।ਦਸਜਮਾਤਾਂ ਪਾਸ ਐ ਜੀ। ਮੈਂ ਤਾਂ ਜਮਾ ਨਪੜ੍ਹ ਹੈਗਾਂ। ਨਾਲੇ ਜੀ ਮੈਂ ਤਾਂ ਕੰਮ ਧੰਦੇ ਵਾਲਾ ਬੰਦਾਂ। ਮੈਂ ਕਿੱਥੇ ਤੁਰਿਆ ਫਿਰੂੰ? ਕੰਮ ਦਾ ਹਰਜਾ ਹੁੰਦਾ। ਇਹ ਸਭ ਜਾਣਦੀ ਐ। ਬਾਹਰ ਅੰਦਰ ਤੁਰੀ ਫਿਰੀ ਐ ਜੀ।''

ਹਰਜੀਤ ਦੇ ਮੋਬਾਇਲ 'ਚੋਂ ਬੀਪ ਦੀ ਛੋਟੀ ਜਿਹੀ ਆਵਾਜ਼ ਆਈ। ਉਹ ਵਟਸ 'ਤੇ ਆਇਆ ਮੈਸੇਜ ਖੋਹਲ ਕੇ ਪੜ੍ਹਨ ਲੱਗਾ।ਮੈਸੇਜ ਪ੍ਰੋਫੈਸਰ ਰਿਚਾ ਦਾ ਸੀ-'ਮੈਂ ਵਰਮਾ ਸਾਹਿਬ ਨੂੰ ਆਖ ਦਿੱਤਾ ਕਿ ਕਿਸੇ ਫਰਿੰਡ ਦੇ ਘਰ ਬੇਬੀ ਦੀ ਬਰਥਡੇ ਪਾਰਟੀ 'ਤੇ ਜਾਣਾ ਹੈ। ਜਾਨ,ਤਿਆਰ ਹੋ ਕੇ ਔਰਬਿਟ ਮਲਟੀਪਲੈਕਸ ਆ ਜਾਣਾ। 'ਹੌਲੀਡੇ ਲਵ' ਦਾ ਨਾਈਟ ਸ਼ੋਅ ਦੇਖਣਾ। ਕਿਆ ਘੈਂਟ ਮੂਵੀ ਹੈ ਯਾਰ। ਬੜੇ ਅੱਛੇ ਵਿਊਜ਼ ਆ ਰਹੇ ਨੇ। ਨੋ ਬਹਾਨਾ-ਨੋ ਲੇਟ। ਨਾਈਨ ਮੀਨਜ਼ ਏਟ ਫਿਫਟੀ ਨਾਈਨ।' ਹਰਜੀਤ ਨੇ ਅਗੂੰਠੇ ਦੇ ਨਿਸ਼ਾਨ ਵਾਲਾ ਸਟਿੱਕਰ ਭੇਜ ਕੇ ਪ੍ਰੋਗਰਾਮ ਫਾਈਨਲ ਕਰ ਦਿੱਤਾ।ਜੁਆਬ 'ਚ ਪ੍ਰੋਫੈਸਰ ਰਿਚਾ ਨੇ ਵੀ ਲਿਪਸਟਿਕ ਲੱਗੇ ਬੁੱਲ੍ਹਾਂ ਵਾਲਾ ਸਟਿੱਕਰ ਭੇਜ ਦਿੱਤਾ ਸੀ।

-ਕੀ ਕਿਹਾ ਫਿਰੀ ਤੁਰੀ ਹੈ? ਮੰਨ ਲਈ ਤੇਰੀ ਗੱਲ ਕਿ ਫਿਰੀ ਤੁਰੀ ਹੈ, ਪਰ ਤੈਨੂੰ ਕੀ ਪਤਾ ਕਿੱਥੇ ਫਿਰੀ ਤੁਰੀ ਜਾਂਦੀ ਐ?'' ਹਰਜੀਤ ਦੀਆਂ ਚੋਰ ਅੱਖਾਂ ਕਿਤੇ ਹੋਰ ਤੁਰੀਆਂ ਫਿਰਦੀਆਂ ਸਨ। ਪਰਮਜੀਤ ਘਰਵਾਲੇ ਦੇ ਥੋੜ੍ਹਾ ਜਿਹਾ ਪਿੱਛੇ ਖੜ੍ਹੀ ਬੁੱਲ੍ਹਾਂ 'ਤੇ ਜੀਭ ਫੇਰੀ ਜਾਂਦੀ ਸੀ। ਹਰਜੀਤ ਨੂੰ ਆਪਣੇ ਅੰਦਰ ਕੁੱਝ ਸਰਕਦਾ ਮਹਿਸੂਸ ਹੋ ਰਿਹਾ ਸੀ।

-ਗੱਲ ਤਾਂ ਸਾਰੀ ਯਕੀਨ ਦੀ ਹੁੰਦੀ ਐ ਜੀ।'' ਉਸ ਨੇ ਬੜੇ ਸਹਿਜ ਸੁਭਾਅ ਉੱਤਰ ਦਿੱਤਾ ਸੀ। ਹਰਜੀਤ ਦੇ ਅੰਦਰ ਕੁੱਝ ਹਲਚੱਲ ਜਿਹੀ ਹੋਈ। ਬੰਦਾ ਸਿੱਧਾ ਹੀ ਨਹੀਂ ਲੋੜ ਤੋਂ ਵੱਧ ਸਿੱਧਾ ਸੀ ਪਰ ਗੱਲ ਬੜੀ ਵੱਡੀ ਕਰ ਗਿਆ ਸੀ।

ਹਰਜੀਤ ਨੇ ਦੋਵਾਂ ਨੂੰ ਕੁਰਸੀਆਂ 'ਤੇ ਬੈਠਣ ਦਾ ਇਸ਼ਾਰਾ ਕਰ ਦਿੱਤਾ।

ਬੋਲਦੀਆਂ ਅੱਖਾਂ ਮੁਸਕਰਾਈਆਂ। ਜਿਸ ਅਦਾ ਨਾਲ ਉਸਨੇ ਹਰਜੀਤ ਵੱਲ ਵੇਖਿਆ ਸੀ, ਹਰਜੀਤ ਦੇ ਅੰਦਰੋਂ ਰੁੱਗ ਭਰਿਆ ਗਿਆ। ਉਸਦਾ ਹੱਥ ਬੇਰਾਂ ਵਾਲੇ ਲਿਫਾਫ਼ੇ ਨਾਲ ਟਕਰਾਇਆ ਤਾਂ ਖਿਆਲ ਸੀ ਡੀ ਪੀ ਓ ਮੈਡਮ ਰਿਪਨਾ ਭੱਲਾ ਵੱਲ ਚਲਾ ਗਿਆ। ਪੂਰੀ ਵਾਹ ਲਾਉਣ ਦੇ ਬਾਵਜੂਦ ਮੈਡਮ ਰਿਪਨਾ ਨੇ ਹਰਜੀਤ ਨੂੰ ਘਾਹ ਨਹੀਂ ਸੀ ਪਾਇਆ ਸਗੋਂ ਗੱਲਾਂ ਗੱਲਾਂ 'ਚ ਹੀ ਕਈ ਵਾਰ ਉਸਦੀ ਝਾੜਝੰਬ ਕਰ ਦਿੱਤੀ ਸੀ।

-ਕੀ ਸਮਝਦੀ ਹੈਂ ਤੂੰ ਆਪਣੇ ਆਪ ਨੂੰ? ਆਹ ਵੇਖ ਟੀਸੀ ਦਾ ਬੇਰ ਮੇਰੇ ਸਾਹਮਣੇ ਬੈਠਾ ਹੈ।'' ਹਰਜੀਤ ਮੂੰਹ 'ਚ ਹੀ ਬੁੜਬੜਾਇਆ। ਉਸਨੇ ਮਨ ਹੀ ਮਨ ਮੈਡਮ ਰਿਪਨਾ ਨੂੰ ਆਖਿਆ ਸੀ।

-ਆਹ ਚੱਕੋ ਜੀ ਫੈਲ।ਕੰਮ ਕਰੋ ਸਾਡਾ!'' ਸਿੱਧੇ ਬੰਦੇ ਨੇ ਬੇਨਤੀ ਨਹੀਂ ਜਿਵੇਂ ਆਦੇਸ਼ ਕੀਤਾ ਸੀ। ਹਰਜੀਤ ਨੇ ਆਪਣਾ ਹਾਸਾ ਮਸੀਂ ਰੋਕਿਆ।

''ਜ਼ਰੂਰ ਕਰਾਂਗੇ ਜੀ। ਕੰਮ ਕਿਉਂ ਨਹੀਂ ਕਰਨਾ? ਪਰਕੰਮ ਥੋੜਾ ਬਾਅਦ 'ਚ ਕਰਦੇ ਹਾਂ, ਪਹਿਲਾਂ ਤੂੰ ਆਹ ਬੇਰ ਖਾਹ।'' ਹਰਜੀਤ ਨੇ ਬੇਰਾਂ ਵਾਲਾ ਲਿਫਾਫਾ ਉਸ ਅੱਗੇ ਕਰ ਦਿੱਤਾ।

ਇਸ ਵਾਰ ਉਸ ਬੰਦੇ ਨੇ ਆਗਿਆ ਲੈਣ ਲਈ ਘਰਵਾਲੀ ਵੱਲ ਨਾ ਵੇਖਿਆ। ਲਿਫਾਫੇ 'ਚੋਂ ਬੇਰ ਚੁੱਕਣ ਦੀ ਥਾਂ ਹੱਥ ਅੱਗੇ ਵਧਾ ਕੇ ਲਿਫਾਫਾ ਹੀ ਫੜ ਲਿਆ। ਹਰਜੀਤ ਦੇ ਮੋਬਾਇਲ 'ਚੋਂ ਬੀਪ ਸੁਣਾਈ ਦਿੱਤੀ। ਪਤਨੀ ਰੋਜ਼ੀ ਦਾ ਮੈਸੇਜ ਸੀ-'ਸਾਹਿਤ ਸਦਨ 'ਚ ਆਲ ਇੰਡੀਆ ਮੁਸ਼ਾਇਰਾ ਹੋ ਰਿਹਾ ਹੈ।ਉਰਦੂ, ਹਿੰਦੀ ਤੇ ਪੰਜਾਬੀ ਦੇ ਬੜੇ ਵੱਡੇ ਵੱਡੇ ਸ਼ਾਇਰ ਆ ਰਹੇ ਨੇ। ਮੁਸ਼ਾਇਰਾਨੌਂ ਵਜੇ ਸ਼ੁਰੂ ਹੋਵੇਗਾ।ਸੁਣਨ ਚੱਲਾਂਗੇ। ਮੈਂ ਪਹਿਲਾਂ ਪਹਿਲਾਂ ਰੋਟੀ ਪਾਣੀ ਦਾ ਕੰਮ ਨਿਬੇੜ ਲਵਾਂਗੀ। ਤੁਸੀਂ ਵਕਤ ਸਿਰ ਆ ਜਾਣਾ।'

ਮੈਸੇਜ ਪੜ੍ਹ ਕੇ ਹਰਜੀਤ ਦੇ ਮੱਥੇ ਉੱਤਲੇ ਵੱਟ ਸੰਘਣੇ ਹੋ ਗਏ। ਉਸ ਨੇ ਮਨ ਹੀ ਮਨ ਮੁਸ਼ਾਇਰਾ ਕਰਵਾਉਣ ਵਾਲਿਆਂ ਨੂੰ ਗਾਹਲ ਕੱਢੀ। 'ਆਈ ਐਮ ਆਲਰੈਡੀ ਇਨਗੇਜਜਡ ਵਿੱਦ ਡੀ ਸੀ ਸਰ।' ਉਸਨੇ ਮੈਸੇਜ ਦਾ ਰਿਪਲਾਈ ਕਰਕੇ ਸਿਰ ਉੱਪਰ ਚੁੱਕਿਆ।

-ਲੈ ਪਹਿਲਾਂ ਤੂੰ ਖਾਹ।'' ਉਸ ਬੰਦੇ ਨੇਬੇਰਾਂ ਵਾਲਾ ਲਿਫਾਫਾ ਘਰਵਾਲੀ ਅੱਗੇ ਕਰ ਦਿੱਤਾ। ਹੱਸਦੀਆਂ ਅੱਖਾਂ ਨੇ ਨਖਰੇ ਨਾਲ ''ਇਸਦੀ ਕੀ ਲੋੜ ਸੀ ਸਰ ਜੀ'' ਆਖਦਿਆਂ ਦੋ ਬੇਰ ਚੁੱਕ ਲਏ।

ਹਰਜੀਤ ਨੂੰ ਆਪਣੇ ਅੰਦਰੋਂ ਕੁੱਝ ਟੁੱਟਣਦੀ ਆਵਾਜ਼ ਸੁਣਾਈ ਦਿੱਤੀ।

ਉਸ ਦਾ ਜੀਅ ਕੀਤਾ ਉਸ ਔਰਤ ਨੂੰ ਆਖੇ, ''ਤੂੰ ਉਸ ਬੰਦੇ ਨੂੰ ਸਿੱਧਾ ਆਖ ਰਹੀ ਏਂ,ਜਿਸਦੇ ਤੇਰੇ ਬਗੈਰ ਬੇਰ ਵੀ ਸੰਘੋਂ ਨਹੀਂ ਲੰਘੇ। ਜਿਹੜਾ ਆਪ ਕੁੱਝ ਖਾਣ ਤੋਂ ਪਹਿਲਾਂ ਤੈਨੂੰ ਖੁਆਉਂਦਾ। ਸ਼ਰਮ ਨਹੀਂ ਆਉਂਦੀ ਤੈਨੂੰ ---?'' ਪਰ ਉਹ ਆਖ ਨਾ ਸਕਿਆ। ਆਵਾਜ਼ ਤਾਂ ਸੰਘੋਂ ਬਾਹਰ ਆ ਨਹੀਂ ਸੀ ਰਹੀ। ਉਹ ਨਿਮੋਝੂਣਾ ਹੋਇਆ ਦੁਬਾਰਾ ਰੋਜ਼ੀ ਦਾ ਮੈਸੇਜ ਪੜ੍ਹਨ ਲੱਗਾ ਸੀ। 000

***ਅੰਬੇਦਕਰ ਭਵਨ, ਫਰੀਦਕੋਟ***
***ਫੋਨ: 98726-40994***
***ਈਮੇਲ: gurmeetkaryalvi@gmail.com)***

# ਕਾਲ਼ੀ ਕਿਤਾਬ: ਕਹਾਣੀ: ਲਾਲ ਸਿੰਘ

ਐਓਂ ਕਰੀਂ ਜ਼ਰਾ ਸਹਿਜ ਨਾਲ ਜਾ ਬੈਠੀਂ। ਉਸਦੇ ਮੰਜੇ ਲਾਗੇ। ਕਿਸੇ ਵੀ ਕੁਰਸੀ ਸਟੂਲ 'ਤੇ। ਬਿੜਕ ਹੁੰਦਿਆਂ-ਕਰਦਿਆਂ ਉਹ ਅੱਖਾਂ ਖੋਲ੍ਹੇਗੀ। ਤੈਨੂੰ ਦੇਖਦਿਆਂ ਸਾਰ ਪਹਿਲਾ ਸਵਾਲ ਇਹ ਕਰੇਗੀ, "ਭਾਅ ਜੀ, ਮੇਰਾ ਇਹ ਕੰਮ ਕਰੋਗੇ?" ਤੇਰੀ ਹਾਂ-ਨਾਂਹ ਉਡੀਕੇ ਬਿਨਾਂ ਉਹ ਅਗਲਾ ਵਾਕ ਫਿਰ ਉਹੀ ਬੋਲੇਗੀ, ਥੋੜ੍ਹਾ ਬਦਲਕੇ-- "ਮੇਰਾ ਇਹ ਕੰਮ ਜ਼ਰੂਰ ਕਰੋ, ਮੈਨੂੰ ਘਰ ਛੱਡ ਆਓ।" ਤੂੰ ਹੈਰਾਨ ਹੋਵੇਂਗਾ ਤੇ ਚਿੰਤਾਵਾਨ ਵੀ। ਆਪਣੇ ਘਰ ਬੈਠੀ ਇਹ ਕਿਹੜੀ ਥਾਂ ਜਾਣ ਨੂੰ ਆਖ ਰਹੀ ਐ! ਉਸਦੇ ਅਗਲੇ ਬੋਲ ਸੁਣਨ ਤੋਂ ਪਹਿਲਾਂ ਤੂੰ ਆਖੇਂਗਾ-- "ਆਪਣੇ ਘਰ ਈ ਤਾਂ ਬੈਠੀ ਏਂ ਤੂੰ। ਇਹ ਤੇਰਾ ਈ ਘਰ ਆ ਬੀਬਾ।" ਉਸਦਾ ਝੱਟ ਉੱਤਰ ਹੋਵੇਗਾ-- "ਨਹੀਂ, ਇਹ ਮੇਰਾ ਨਈਂ। ਇਹ ਪਤਆ ਨਈਂ ਕ੍ਹੇਦਾ! ਮੈਂ ਜਿੱਦਣ ਦੀ ਆਈ ਆਂ, ਓਦਣ ਦੀ ਈ ਬਿਮਾਰ ਆਂ। ਆਪਣੇ ਘਰ ਮੈਂ ਕਦੀ ਬਿਮਾਰ ਨਹੀਂ ਸੀ ਹੋਈ। ਮੈਨੂੰ ਓਥੇ ਲੈ ਚੱਲ ਵੀਰ ਬਣ ਕ। ਮੈਂ ਹੱਥ ਜੋੜਦੀ ਆਂ, ਪੈਰੀਂ ਪੈਂਦੀ ਆਂ ਤੇਰੇ।" ਤੇ ਸੱਚ-ਮੁੱਚ ਉਹ ਹੱਥ ਜੋੜਕੇ ਤੇਰੇ ਪੈਰਾਂ ਵੱਲ ਨੂੰ ਝੁਕੇਗੀ। ਤੂੰ ਉਸ ਨੂੰ ਰੋਕੇਂਗਾ। ਉਸਨੂੰ ਪਿਆਰ ਦਏਂਗਾ। ਉਸਦੇ ਸਿਰ 'ਤੇ ਹੱਥ ਫੇਰੇਂਗਾ। ਤੂੰ ਇਹ ਨਾ ਸਮਝਣਾ ਉਹਨੇ ਤੈਨੂੰ ਪਛਾਣਿਆ ਨਹੀਂ। ਸਭ ਜਾਣਦੀ ਐ, ਚੰਗੀ ਤਰ੍ਹਾਂ ਪਛਾਣਦੀ ਆ ਤੈਨੂੰ। ਤੇਰਾ ਹੱਥ ਲੱਭਦਿਆਂ ਸਾਰ ਉਹਨੇ ਰੋਣ ਲੱਗ ਪੈਣਾ। ਪਹਿਲਾਂ ਹਟਕੋਰੀਂ, ਫਿਰ ਉੱਚੀ ਉੱਚੀ ਭੁੱਬਾਂ ਮਾਰ ਕੇ। ਬਿਲਕੁਲ ਉਸੇ ਤਰ੍ਹਾਂ ਜਿਵੇਂ ਉਹ ਦਫਤਰ ਆ ਕੇ ਰੋਈ ਸੀ, ਤੇਰੀ ਮੁਅੱਤਲੀ ਵੇਲੇ। ਹੋਰ ਵੀ ਕਰਮਚਾਰੀ ਸਨ ਉਸ ਵਰਗੇ। ਬਿਲਕੁਲ ਨਾਲ਼ ਦੇ ਕਮਰੇ 'ਚ। ਲਾਗੇ-ਲਾਗੇ ਬੈਠਦੇ ਸਨ ਸਾਰੇ। ਸਭ ਨੂੰ ਇਕ ਸਾਰ ਪਤਾ ਲੱਗ ਗਿਆ ਸੀ ਕਿ ਨਵੇਂ ਆਏ ਸਾਬ੍ਹ ਦੀ ਬਦਲੀ ਨਹੀਂ ਮੁਅੱਤਲੀ ਹੋਈ ਐ। ਕਾਰਨ ਝੱਟ ਸਮਝ ਗਏ ਸਨ ਉਹ ਕਿ 'ਨਵੇਂ ਸਾਬ੍ਹ ਉਪਰਲੀਆਂ ਆਸਾਂ 'ਤੇ ਪੂਰੇ ਨਹੀਂ ਸੀ ਉੱਤਰੇ। ਪੂਰਾ ਛੱਡਕੇ ਥੋੜ੍ਹਾ ਬਹੁਤ ਹੁੰਗਾਰਾ ਵੀ ਨਹੀਂ ਸੀ ਭਰਿਆ।' ਦਫਤਰੀ ਰੁਟੀਨ 'ਚ ਵਿਚਰਦਿਆਂ ਤੂੰ ਦਪਤਰੀ ਨਿਯਮਾਂ ਦੀ ਪਾਲਣਾ ਵੱਧ ਕਰਦਾ। ਮਹਿਕਮਾ ਕੁਝ ਹੋਰ ਭਾਲ਼ਦਾ ਸੀ ਤੇਰੇ ਤੋਂ।ਤੂੰ ਉਪਰਲੇ-ਹੇਠਲੇ ਹੁਕਮਾਂ ਵੱਲ ਧਿਆਨ ਨਹੀਂ ਸੀ ਦਿੱਤਾ। ਧਿਆਨ ਦੇਣਾ ਤਾਂ ਇਕ ਪਾਸੇ ਰਿਹਾ, ਬਹੁਤੀ ਵਾਰ ਨਾਂਹ-ਨੁੱਕਰ ਹੀ ਕਰ ਦਿੱਤੀ। ਭਲਾ-ਚੰਗਾ ਪਤਾ ਸੀ ਤੈਨੂੰ ਕਿ ਉਪਰਲੇ ਹੁਕਮ ਹੁਣ ਪਹਿਲੋਂ ਵਰਗੇ ਨਹੀਂ ਸੀ ਰਹੇ। ਤਾਸੀਰ ਬਦਲ ਗਈ ਸੀ ਇਹਨਾਂ ਦੀ। ਹੇਠੋਂ ਲੈ ਕੇ ਉਪਰ ਤਕ। ਇਹ ਨਾਂਹ-ਨੁੱਕਰ ਤਾਂ ਕੀ, ਕਿਸੇ ਵੀ ਤਰ੍ਹਾਂ ਦੀ ਅਪੀਲ-ਦਲੀਲ ਬਰਦਾਸ਼ਤ ਨਹੀਂ ਸੀ ਕਰਦੇ। ਜਿਵੇਂ ਪਹਿਲਾਂ ਵਾਲ਼ੇ ਕਰ ਲਿਆ ਕਰਦੇ ਸਨ। ਉਹਨਾਂ ਨਾਲ ਤਾਂ ਬਹਿਸ-ਮੁਬਾਸਾ ਵੀ ਕਰ ਲੈਂਦਾ ਸੀ ਤੂੰ। ਉਹ ਤੇਰਾ ਪੱਖ ਸੁਣ ਵੀ ਲਿਆ ਕਰਦੇ ਸਨ। ਜੇ ਚਾਰੇ ਸਿਰੇ ਗੱਲ ਕਿਸੇ ਤਣ-ਪੱਤਣ ਨਾ ਲੱਗੇ, ਤਾਂ ਵੱਧ ਤੋਂ ਵੱਧ ਚਿਤਾਵਨੀ ਜਾਂ ਚਾਰਜਸ਼ੀਟ। ਜੇ ਤਲਖ-ਕਲਾਮੀ ਬਾਹਲ਼ੀ ਈ ਇਤਰਾਜ਼ਯੋਗ ਹੁੰਦੀ ਤਾਂ ਵੱਡੀ ਤੋਂ ਵੱਡੀ ਸਜ਼ਾ ਹੁੰਦੀ, ਬਦਲੀ। ਜਿਸਨੂੰ ਆਮ ਵਰਤਾਰਾ ਸਮਝਣ ਲੱਗ ਪਿਆ ਸੀ ਤੂੰ। ਪਰ, ਇਸ ਵਾਰ ਤਾਂ ਗੱਲ ਵੀ ਕੋਈ ਖਾਸ ਨਹੀਂ ਸੀ ਹੋਈ। ਤੈਨੂੰ ਆਪਣੇ ਦਫਤਰ ਦੇ ਇਕ ਸਿਆਣੇ-ਬਿਆਣੇ ਕਰਮਚਾਰੀ ਦੀਆਂ ਦਫਤਰੋਂ ਬਾਹਰਲੀਆਂ ਗਤੀਵਿਧੀਆਂ ਦੱਸਣ ਲਈ ਕਿਹਾ ਗਿਆ, ਗੁਪਤ ਢੰਗ ਨਾਲ਼। ਤੇਰਾ ਉੱਤਰ ਸੀ, "ਮੇਰਾ ਵਾਹ-ਵਾਸਤਾ ਉਸਦੇ ਦਫਤਰੀ ਕਾਰ-ਵਿਹਾਰ ਨਾਲ ਐ, ਉਸਦੇ ਨਿੱਜੀ ਜੀਵਨ ਨਾਲ ਨਹੀਂ। ਡਿਊਟੀਓਂ ਬਾਅਦ ਉਹ ਆਜ਼ਾਦ ਐ, ਕੋਈ ਵੀ ਸਮਾਜਕ ਕੰਮ ਕਰੇ ਜਾਂ ਸਭਿਆਚਾਰਕ। ਮੈਂ ਉਸਨੂੰ ਕਿਵੇਂ ਰੋਕ ਸਕਦਾਂ।"

ਵਾਰ-ਵਾਰ ਪੁੱਛੇ ਜਾਣੇ 'ਤੇ ਤੇਰਾ ਉਸ ਵਾਰ ਦਾ ਉੱਤਰ ਥੋੜ੍ਹੀ ਕੁ ਤਲਖ-ਬਾਣੀ 'ਚ ਬਦਲ ਗਿਆ।

ਫਿਰ ਵੀ ਸ਼ੁਕਰ ਕਰ ਤੂੰ ਨੇੜੇ ਈ ਬਚ ਗਿਆਂ। ਨਹੀਂ ਤਾਂ ਦੇਸ਼-ਧਰੋਹੀ, ਜੇਲ੍ਹ-ਬੰਦੀ ਵਰਗੇ ਤਗ਼ਮੇ ਸੌਖਿਆਂ ਹੀ ਲਟਕ ਜਾਣੇ ਸਨ ਤੇਰੇ ਗਲ਼ੇ 'ਚ। ਇਹ ਤੇਰੀ ਕਾਬਲੀਅਤ ਸੀ ਜਾਂ ਮਹਿਕਮਾਨਾ ਬਾਰੀਕੀਆਂ ਦੀ ਡੂੰਘੀ ਜਾਣਕਾਰੀ, ਕਿ ਤੈਨੂੰ ਮਿਲ਼ੀ ਸਜ਼ਾ ਕੇਵਲ ਮੁਅੱਤਲੀ ਤਕ ਹੀ ਸੀਮਤ ਰਹੀ। ਪਰ, ਪੱਕੀ ਗੱਲ ਇਹ ਐ ਕਿ ਤੂੰ ਇਸਨੂੰ ਵਾਰਨਿੰਗ ਈ ਸਮਝ-- 'ਜੇ ਮੁੜ ਕਿਸੇ ਨਾਲ ਐਹੀ ਜਿਹੀ ਬਹਿਸਬਾਜ਼ੀ ਕੀਤੀ ਤਾਂ ਬਰਖਾਸਤਗੀ ਨੋਟਿਸ ਤੇਰੇ ਹੱਥਾਂ 'ਚ ਹੋਵੇਗਾ। ਫਿਰ ਤੁਰਿਆਂ ਫਿਰੀਂ ਐਧਰ-ਓਧਰ ਟੱਕਰਾਂ ਮਾਰਦਾ। ਕੋਰਟ-ਕਚਹਿਰੀ ਉਪਰ ਤਕ ਤੇਰੀ ਇਕ ਨਹੀਂ ਸੁਣਨੀ ਕਿਸੇ ਨੇ।'

ਤੇ ਬੱਸ... ਤੇਰੀ ਉਸ ਵਾਰ ਦੀ ਹੁਕਮ-ਅਦੂਲੀ ਦਾ ਸਿੱਟਾ ਸੀ--ਤੇਰੇ ਦਫਤਰੀ ਲੈਪਟਾਪ 'ਤੇ ਛਪੀ ਤੇਰੀ ਮੁਅੱਤਲੀ ਦੀ ਇਬਾਰਤ, ਜਿਸਨੂੰ ਪੜ੍ਹ ਕੇ ਇਹ ਬਹੁਤ ਰੋਈ ਸੀ। ਪਹਿਲਾਂ ਆਪਣੀ ਸੀਟ 'ਤੇ ਬੈਠੀ, ਫਿਰ ਤੇਰੇ ਕਮਰੇ 'ਚ ਆ ਕੇ। ਤੂੰ ਇਬਾਰਤੀ ਹੁਕਮ ਪੜ੍ਹ ਕੇ ਏਨਾ ਪ੍ਰੇਸ਼ਾਨ ਨਹੀਂ ਸੀ ਹੋਇਆ, ਜਿੰਨਾ ਇਹਨੂੰ ਰੋਂਦੀ ਨੂੰ ਦੇਖ ਕੇ ਹੋਇਆ ਸੀ। ਕਈ ਸਾਰੇ ਯਤਨ ਕਰਨੇ ਪਏ ਸਨ ਤੈਨੂੰ ਇਹਨੂੰ ਢਾਰਸ ਦੇਣ ਲਈ। ਤੂੰ ਬੇਹੱਦ ਠਰੰਮੇ ਨਾਲ ਆਖਿਆ ਸੀ ਇਹਨੂੰ--"ਹੌਸਲਾ ਰੱਖ ਬੀਬਾ, ਹਿੰਮਤ ਕਰ। ਮੇਰੇ ਲਈ ਇਹ ਕੋਈ ਨਵੀਂ ਗੱਲ ਨਈਂ। ਇਹ ਬਦਲੀਆਂ, ਚਾਰਜਸ਼ੀਟਾਂ-ਮੁਅੱਤਲੀਆਂ ਤਾਂ ਮੇਰੇ ਪਿੱਛੇ-ਪਿੱਛੇ ਹੀ ਰਹਿੰਦੀਆਂ। ਕਈ ਵਾਰ ਤਾਂ ਮੇਰੇ ਪੁੱਜਣ ਤੋਂ ਪਹਿਲਾਂ ਹੀ ਅੱਪੜ ਜਾਂਦੀਆਂ ਅਗਲੀ ਥਾਂ 'ਤੇ। ਤੂੰ ਕ੍ਹਾਨੂੰ ਦਿਲ ਛੋਟਾ ਕਰਦੀ ਐਂ। ਹਿੰਮਤ ਰੱਖ ਹਿੰਮਤ। ਜਿਹਨੇ ਵੀ ਗ਼ਲਤ-ਮਲਤ ਹੁਕਮਾਂ ਤੋਂ ਇਨਕਾਰੀ ਹੋਣਾਂ, ਉਹਨੂੰ ਐਹੋ ਜਿਹੀ ਬਦਸਲੂਕੀ ਤਾਂ ਝੱਲਣੀ-ਸਹਾਰਨੀ ਹੀ ਪਊ।"

"ਨਈਂ ਝੱਲ ਹੋਈ...ਈ...ਸਰ ਏ੍ਹਨਾਂ ਤੋਂ। ...ਮੁੜ ਘੜੀ ਦੀ ਬਦਲੀ ਨੂੰ....ਹੇਠੀ ਮੰਨਿਆ ਸੀ ਇਨ੍ਹਾਂ। ...ਡਾਵਾਂ ਡੋਲ ਹੋਏ ਸਲਫਾਸ ਨਿਗ਼ਲ ਕੇ....", ਰੁਕ ਰੁਕ ਕੇ ਦੱਸਦੀ ਦਾ ਉਸ ਦਿਨ ਜਿਵੇਂ ਕੜ ਹੀ ਪਾਟ ਗਿਆ ਸੀ ਇਸਦਾ। ਉਸ ਵਾਰ ਦਾ ਵਿਰਲਾਪ ਤੇਰੇ ਤੋਂ ਦੇਖ-ਸਹਾਰ ਨਹੀਂ ਸੀ ਹੋਇਆ। ਆਪਣੀ ਸੀਟ ਤੋਂ ਉੱਠਕੇ ਤੂੰ ਇਸਦੇ ਲਾਗੇ ਜਾ ਖੜੋਇਆ ਸੀ। ਇਸਦਾ ਸਿਰ-ਮੂੰਹ ਪਲ਼ੋਸਦੇ ਨੇ ਮਸਾਂ ਰੋਣੋਂ ਰੋਕਿਆ ਸੀ ਇਸਨੂੰ। ਇਸੇ ਘਰ-ਬਾਹਰ, ਬਾਲ-ਬੱਚਿਆਂ ਬਾਰੇ ਪੁੱਛਣਾ ਤੈਨੂੰ ਉਸ ਦਿਨ ਮੁਨਾਸਬ ਨਹੀਂ ਸੀ ਲੱਗਾ। ਉਂਝ ਉਸ ਦਿਨ ਦੇ ਤੇਰੇ ਵਿਵਹਾਰ ਨੇ ਇਸਨੂੰ ਢਾਰਸ ਵੀ ਬਹੁਤ ਦਿੱਤੀ ਸੀ ਅਤੇ ਤੇਰੇ ਲਈ ਬਣਿਆ ਮਾਣ-ਸਤਿਕਾਰ ਹੋਰ ਵੀ ਕਿੰਨਾ ਸਾਰਾ ਵਧ ਗਿਆ ਸੀ ਇਸ ਅੰਦਰ।

ਇਹ ਉਸ ਮਾਣ-ਸਤਿਕਾਰ ਦਾ ਹੀ ਹਿੱਸਾ ਕਿ ਤੂੰ ਹੁਣ ਤਕ ਯਾਦ ਰੱਖਿਆ ਇਸਨੂੰ। ਮੁਅੱਤਲੀ ਹੁਕਮ ਰੱਦ ਕਰਵਾ ਕੇ ਮੁੜੇ ਨੂੰ ਤੈਨੂੰ ਇਹ ਦਫਤਰ ਨਹੀਂ ਸੀ ਲੱਭੀ, ਲੱਭਦੀ ਵੀ ਕਿਵੇਂ! ਇਸਨੂੰ ਮੰਜੇ ਤਕ ਸੀਮਤ ਕਰਨ ਵਿਚ ਇਸਦੇ ਘਰ ਨਾਲੋਂ ਵੱਧ ਤੇਰੇ ਦਫਤਰ ਦਾ ਹਿੱਸਾ ਐ। ...ਤੇਰੇ ਥਾਂ ਆਉਣ ਵਾਲਾ ਅਧਿਕਾਰੀ ਤੇਰੇ ਵਰਗਾ ਕੋਮਲ ਚਿੱਤ ਨਹੀਂ ਸੀ। ਪੂਰਾ ਹੱਠੀ ਤੇ ਅੜੀਅਲ ਸੀ ਉਹ। ਉਂਝ ਵੀ ਹੁਸ਼ਿਆਰ ਸੀ ਹਰ ਪਾਸਿਉਂ। ਪੂਰੀ ਬਿੜਕ ਰੱਖਦਾ ਸੀ ਉਪਰ-ਹੇਠਾਂ ਦੀ। ਇਕੱਲੀ ਬਿੜਕ ਹੀ ਨਹੀਂ ਪੂਰੀ ਸਮਰੱਥਾ ਰੱਖਦਾ ਸੀ ਆਸੇ-ਪਾਸੇ ਉਪਰ-ਹੇਠਾਂ ਅਨੁਸਾਰ ਢਲਣ-ਸਮੋਣ ਦੀ। ਇਸਨੂੰ ਵੀ ਉਸਨੇ ਆਪਣੇ ਹਿਸਾਬ ਨਾਲ ਢਾਲਣ-ਤੋਰਨ ਦੇ ਯਤਨ ਕੀਤੇ। ਬਣਦੀ ਹੱਦ ਤਕ ਇਹ ਤੁਰਦੀ ਵੀ ਰਹੀ ਉਸਦੇ ਨਾਲ਼ ਨਾਲ਼। ਪਰ, ਇਕ ਥਾਂ ਪੁੱਜ ਕੇ ਇਸਤੋਂ ਉਸਦੀ ਹਰਕਤ ਬਰਦਾਸ਼ਤ ਨਹੀਂ ਸੀ ਹੋਈ। ਉਸ ਵੱਲੋਂ ਬੋਲੀ ਇਬਾਰਤ-ਕਾਪੀ ਵਗਾਹ ਕੇ ਮਾਰੀ ਸੀ ਇਸਨੇ। ਸਹਿਬਨ ਇਹ ਕਾਪੀ ਮੇਜ਼ 'ਤੇ ਤਿਲਕਣ ਦੀ ਥਾਂ ਥੋੜ੍ਹੀ ਕੁ ਹਵਾ 'ਚ ਉੱਲਰ ਗਈ। ਸਾਹਮਣੇ ਆਰਾਮ ਕੁਰਸੀ ਵਰਗੀ ਲੇਟਵੀਂ ਮੁਦਰਾ 'ਚ ਝੂਲਦੇ ਸਾਹਬ ਦੇ ਮੂੰਹ-ਸਿਰ ਤਾਂ ਨਹੀਂ ਵੱਜੀ, ਤਾਂ ਵੀ ਇਸਨੂੰ ਹੁਕਮ-ਅਦੂਲੀ ਸਮੇਤ ਸਖਸ਼ੀ ਹਮਲਾ ਸੌਖਿਆਂ ਹੀ ਗਰਦਾਨ ਦਿੱਤਾ ਗਿਆ। ਸਿੱਟੇ ਵਜੋਂ ਅਗਲੇ ਹੀ ਦਿਨ ਤੋਂ ਇਹ ਹਰਕਤ ਚਾਰਜਸ਼ੀਟ ਤੋਂ ਤੁਰਦੀ ਤੁਰਦੀ ਛਾਂਟੀ

ਨੋਟਿਸ ਤਕ ਪੁੱਜ ਗਈ ਸੀ। ਇਸਦੇ ਕੋਮਲ-ਚਿੱਤ ਵਰਤਾਰੇ ਲਈ ਦੂਜਾ ਵੱਡਾ ਝਟਕਾ ਸੀ ਇਹ। ਇਸ ਤੋਂ ਰਤੀ ਭਰ ਵੀ ਬਰਦਾਸ਼ਤ ਨਹੀਂ ਸੀ ਹੋਇਆ। ਆਪਣੇ ਆਪ ਨੂੰ ਨਿਰਦੋਸ਼ ਸਾਬਤ ਕਰਨ ਦੀ ਨਾ ਹਿੰਮਤ ਬਚੀ ਸੀ ਇਸ 'ਚ ਨਾ ਸੁੱਧ-ਬੁੱਧ। ਛੇਤੀ ਹੀ ਇਹ ਮਨੋ-ਸਥਿਤੀ ਦਿਮਾਗ਼ੀ ਅਸਥਿਰਤਾ 'ਚ ਬਦਲ ਗਈ। ਕਿਸੇ ਨਾ-ਮੁਰਾਦ ਬੀਮਾਰੀ ਨੇ ਕਿੰਨਾ ਕੁਝ ਭੁੱਲਦਾ ਕਰ ਦਿੱਤਾ। ਜੋ ਕੁਝ ਯਾਦ ਰਿਹਾ, ਉਹ ਅਸਲੋਂ ਹੀ ਬੇ-ਤਰਤੀਬਾ। ਲਗਾਤਾਰ ਬੋਲੀ ਜਾਣ ਨੂੰ ਡਾਕਟਰ ਵੱਖਰੀ ਤਰ੍ਹਾਂ ਦਾ ਨੁਕਸ ਦੱਸਦੇ ਰਹੇ। ਕੋਈ ਵੀ ਦੁਆਈ ਕਾਰਗਰ ਸਿੱਧ ਨਾ ਹੋਈ। ਇਹ ਕਦੀ ਕਿਧਰੇ ਉੱਠ ਤੁਰਦੀ ਕਦੀ ਕਿਧਰੇ। ਛੋਟੇ ਛੋਟੇ ਬਾਲ ਇਸਨੂੰ ਫੜ-ਪਕੜ ਕੇ ਮਸਾਂ ਘਰ ਲਿਆਉਂਦੇ।

ਇਸ ਬੇ-ਹਿਸਾਬੀ ਹਿਲਜੁਲ ਨੇ ਇਸਦੀ ਸਰੀਰਕ ਸਮਰੱਥਾ ਸਮੇਤ ਯਾਦ-ਸ਼ਕਤੀ ਨੂੰ ਹੋਰ ਵੀ ਘਟਦਾ ਕਰ ਦਿੱਤਾ। ਪਰ, 'ਮੈਨੂੰ ਮੇਰੇ ਘਰ ਛੱਡ ਆਓ' ਦੀ ਇਬਾਰਤ ਜਿਵੇਂ ਪੱਕੀ-ਠੱਕੀ ਇਸਦੇ ਮਨ-ਮਸਤਕ 'ਤੇ ਉੱਕਰੀ ਰਹੀ। ਰਾਤ-ਪੁਰ-ਦਿਨੇ ਬੱਸ ਏਹੋ ਹੀ ਰੱਟ, 'ਇਹ ਮੇਰਾ ਘਰ ਨਹੀਂ, ਮੈਨੂੰ ਮੇਰੇ...।' ਜਿਸਨੂੰ ਇਹ ਮੇਰਾ ਘਰ ਕਹਿੰਦੀ ਐ, ਉਸਦੀ ਇਕ ਛੋਟੀ ਜਿਹੀ ਦਾਸਤਾਨ ਐ। ਤੈਨੂੰ ਭਾਵੇਂ ਇਹ ਐਵੇਂ-ਕਿਵੇਂ ਦੀ ਲੱਗੇ, ਪਰ ਹੈ ਥੋੜ੍ਹਾ ਅਰਥ-ਭਰਪੂਰ।

....ਪਤੀ ਨੂੰ ਸਰਕਾਰੀ ਨੌਕਰੀ ਮਿਲਣ 'ਤੇ ਇਹਨੂੰ ਪਿੰਡ ਤੋਂ ਸ਼ਹਿਰ 'ਚ ਆਉਣਾ ਪਿਆ। ਥੋੜ੍ਹਾ ਕੁ ਚਿਰ ਕਿਰਾਏ ਦੇ ਕਮਰਿਆਂ 'ਚ ਰਹੀ, ਫਿਰ ਆਏ ਦਿਨ ਦੀ ਅਦਲਾ-ਬਦਲੀ ਤੋਂ ਮੁਕਤ ਹੋਣ ਲਈ ਇਕ ਘਰ ਖਰੀਦ ਲਿਆ, ਛੋਟਾ ਜਿਹਾ। ਸੰਘਣੀ ਵਸੋਂ, ਨਾਲ਼ ਨਾਲ਼ ਜੁੜਵੇਂ ਮਕਾਨ। ਤੰਗ ਜਿਹੀ ਗਲ਼ੀ। ਖੜ੍ਹੇ ਪੈਰ ਏਨੀ ਕੁ ਹੀ ਗੁੰਜਾਇਸ਼ ਬਣੀ। ਤਾਂ ਵੀ, ਇਸਨੂੰ ਆਪਣਾ ਕਹਿਣ ਦਾ ਚਾਅ ਆਪਣੀ ਤਰ੍ਹਾਂ ਦਾ ਹੁਲਾਸ ਦਿੰਦਾ ਸੀ। ਇਹ ਹੁਲਾਸ ਸੀ ਜਾਂ ਪਤੀ ਦਾ ਅਫਸਰੀ ਅਹੁਦਾ, ਇਹ ਪੈਂਦੀ ਸੱਟੇ ਆਂਢ-ਗੁਆਂਢ 'ਚ ਭਿੱਜੀ ਨਾ। ਆਂਢੀ-ਗੁਆਂਢੀ ਸਨ ਵੀ ਸਾਧਾਰਨ ਲੋਕ। ਬਹੁਤੇ ਕੰਮਕਾਜੀ, ਥੋੜ੍ਹੇ ਕੁ ਨੌਕਰੀ-ਪੇਸ਼ਾ। ਕੰਮ-ਕਾਜ ਵੀ ਨਿੱਕਾ-ਮੋਟਾ, ਸਾਈਕਲ-ਸਕੂਟਰ ਮਕੈਨਿਕ, ਦਿਹਾੜੀਦਾਰ ਮਿਸਤਰੀ ਜਾਂ ਆਈ-ਚਲਾਈ ਵਾਲੇ ਛੋਟੇ ਦੁਕਾਨਦਾਰ। ਪਰ, ਘਰ ਮਾਲਕੀ ਸਭ ਦੀ ਆਪਣੀ। ਉਹ ਇਕ ਦੂਜੇ ਘਰੀਂ-ਵਿਹੜੀਂ ਬੇ-ਝਿਜਕ ਹੋ ਕੇ ਵਿਚਰਦੇ। ਕਿਸੇ ਦੀ ਜਾਤ-ਵਰਗ, ਉੱਚੇ-ਨੀਵੇਂ ਅਹੁਦੇ-ਰੁਤਬੇ ਦੀ ਕਦੀ ਗਿਣਤੀ-ਮਿਣਤੀ ਨਹੀਂ ਸੀ ਕਰਦੇ। ਇਹਨੂੰ ਵੀ ਵਾਹਰ ਅੰਦਰ ਨਿਕਲਦੀ ਨੂੰ ਬੜੇ ਅਦਬ ਨਾਲ ਬੁਲਾਉਂਦੇ। ਛੇਤੀ ਹੀ ਇਹਨੂੰ ਵੀ ਆਪਣੀ ਭੁੱਲ ਦਾ ਪਛਤਾਵਾ ਹੋਣ ਲੱਗਾ। ਪਹਿਲਾਂ ਵਾਲ਼ੀ ਸੰਗ-ਝਿਜਕ ਛੱਡ-ਛਡਾ ਕੇ ਇਹ ਵੀ ਉਹਨਾਂ ਵਰਗੀ ਬਣਦੀ ਗਈ। ਕਿਸ਼ੋਰ ਉਮਰੀ ਸੁਆਣੀਆਂ ਸਿਰੇ ਦਾ ਹਾਸਾ-ਠੱਠਾ ਕਰਦੀਆਂ। ਇਸਨੂੰ ਵੀ ਸ਼ਾਮਲ ਕਰਦੀਆਂ ਗਈਆਂ। ਇਸਦੇ ਘਰ ਜਨਮੇਂ ਦੋਨੋਂ ਬਾਲ ਵੀ ਜਿਵੇਂ ਇਸਦੇ ਘੱਟ ਉਹਨਾਂ ਦੇ ਵੱਧ ਹੋਣ। ਇਹਨੇ ਹੋਰ ਵੇਲ਼ਾ ਸਾਂਭਿਆ। ਅੱਧਵਾਟੇ ਰੁਕੀ, ਦਫਤਰੀ ਨੌਕਰੀ ਲਈ ਲੋੜੀਂਦੀ ਯੋਗਤਾ ਪੂਰੀ ਕਰ ਲਈ। ਪਤੀ ਨੇ ਨੱਠ-ਭੱਜ ਕਰ ਕੇ ਤੇਰੇ ਮਹਿਕਮੇ 'ਚ ਸਟੈਨੋ ਭਰਤੀ ਕਰਵਾ ਲਿਆ। ਬੱਸ ਐਥੇ ਕੁ ਪੁੱਜ ਕੇ ਇਹਦੇ ਪੈਰ ਥੋੜ੍ਹਾ ਕੁ ਉੱਖੜ ਜਿਹੇ ਗਏ। ਥੋੜ੍ਹੀ ਕੁ ਅਟਕ-ਮਟਕ ਦੀ ਲਪੇਟ 'ਚ ਆ ਗਈ। ਇਹ ਦੋ ਤਨਖਾਹਾਂ ਦੀ ਹਉਂ ਸੀ ਜਾਂ ਕੋਈ ਹੋਰ ਲਾਲਸਾ, ਇਹਨੇ ਪਤੀ ਦੇਵ 'ਤੇ ਜ਼ੋਰ ਪਾ ਕੇ ਇਕ ਪਲਾਟ ਖਰੀਦ ਲਿਆ, ਨਵੀਂ ਉਸਰਦੀ ਕਾਲੋਨੀ 'ਚ। ਦੌੜ-ਭੱਜ ਕਰਦਿਆਂ ਵੀ ਕੋਠੀ ਉਸਾਰਨ 'ਚ ਦੋ ਸਾਲ ਲੱਗ ਗਏ। ਕੋਠੀ ਸੀ ਤਾਂ ਸ਼ਹਿਰੋਂ ਬਾਹਰ ਬਾਹਰ। ਖੁਲ੍ਹੀ ਮੋਕਲ਼ੀ ਫਿਜ਼ਾ। ਇਸਦੇ ਸੱਜੇ-ਖੱਬੇ ਵੀ ਇਹੋ ਜਿਹੀਆਂ ਹੀ ਇਮਾਰਤਾਂ। ਕੋਈ ਇਕ-ਮੰਜ਼ਲੀ, ਕੋਈ ਦੋ-ਢਾਈ। ਧੁਰ ਉਪਰ ਮਮਟੀਆਂ।ਪਾਣੀ ਟੈਂਕੀਆਂ। ਜਿਵੇਂ ਸਾਵੇਂ-ਪੱਧਰੇ ਆਕਾਸ਼ ਨਾਲ ਗੱਲਾਂ ਕਰਦੀਆਂ ਹੋਣ। ਪਰ, ਇਹਨਾਂ ਘਰਾਂ ਕੋਠੀਆਂ ਦਾ ਆਪਸੀ ਮੇਲ-ਮਿਲਾਪ ਕਰੀਬ-ਕਰੀਬ ਜ਼ੀਰੋ। ਨਾ ਕਿਸੇ ਦੀ ਇਕ-ਦੂਜੇ ਨਾਲ ਹੈਲੋ-ਹੈਲੋ, ਨਾ ਇਕ-ਦੂਜੇ ਦਾ ਦੁੱਖ-ਸੁੱਖ। ਜਿਹੋ ਜਿਹੇ ਵੱਡੇ ਜੀਅ, ਅਗਾਂਹ ਉਹੋ ਜਿਹੇ ਛੋਟੇ ਬਾਲ। ਸਭ ਆਪਣੇ ਆਪਣੇ ਮੋਬਾਇਲਾਂ 'ਚ ਗੁੰਮ। ਨਾ ਕੋਈ ਖੇਡ-ਦਿਲਚਸਪੀ, ਨਾ ਏਂਗ-ਰੰਗੀਲੀ ਦੌੜ-ਭੱਜ। ਇਸ ਥਾਂ ਰਹਿਣ ਵਾਲੇ ਜਾਂ ਤਾਂ ਵੱਡੇ

ਕਾਰੋਬਾਰੀ ਸਨ ਜਾਂ ਅਧਿਕਾਰੀ। ਉਹਨਾਂ ਦਾ ਸਵੇਰੇ ਘਰੋਂ ਜਾਣ ਦਾ ਸਮਾਂ ਤਾਂ ਨਿਸਚਤ, ਪਰ ਪਰਤ ਆਉਣ ਦਾ ਕੋਈ ਨਾ। ਕੋਈ ਵੀ ਦਿਨ ਖੜ੍ਹੇ ਘਰ ਨਾ ਪੁੱਜਦਾ। ਸਭ ਹਨੇਰਾ ਹੁੰਦਿਆਂ-ਕਰਦਿਆਂ ਪਰਤਣ ਲੱਗਦੇ। ਉਹ ਵੀ ਉੱਖੜੇ ਪੈਰੀਂ। ਇਹਨਾਂ ਦੀਆਂ ਘਰ-ਗ੍ਰਹਿਣੀਆਂ ਹੋਰ ਵੀ ਅੰਤਰਮੁਖੀ, ਇਕੱਲ-ਵਾਸੀ। ਉਹਨਾਂ ਦਾ ਬਹੁਤਾ ਸਮਾਂ ਮੂੰਹ-ਸਿਰ ਸੁਆਰਨ 'ਚ ਲੱਗਦਾ ਜਾਂ ਬਾਜ਼ਾਰੀ ਗੇੜਿਆਂ ਵਿਚ। ਹਰ ਕਿਸੇ ਦਾ ਆਪਣਾ-ਆਪਣਾ ਦਾਇਰਾ, ਆਪੋ-ਆਪਣੇ ਖੋਲ। ਜਿਹਨਾਂ ਵਿਚੋਂ ਕਦੇ-ਕਦਾਈਂ ਬਾਹਰ ਵੱਲ ਝਾਕਦੀਆਂ ਇਹ ਕਿਸੇ ਓਪਰੇ ਗ੍ਰਹਿ ਦੇ ਜੀਵ-ਜੰਤੂ ਜਾਪਦੀਆਂ।

ਨਵੀਂ ਕੋਠੀ 'ਚ ਪੁੱਜ ਕੇ ਇਹਨੂੰ ਹੋਈ ਨਿਰਾਸ਼ਾ ਪਹਿਲਾਂ ਫਿਕਰਮੰਦੀ 'ਚ ਬਦਲ ਗਈ ਫਿਰ ਉਦਾਸੀ 'ਚ। ਸਵੇਰੇ ਸਕੂਲ ਗਏ ਬੱਚੇ ਛੁੱਟੀ ਵੇਲੇ ਪੁਰਾਣੇ ਘਰ ਚਲੇ ਜਾਂਦੇ। ਬਿਨਾਂ ਕੁਝ ਖਾਧੇ ਪੀਤੇ ਮੇਲੀਆਂ-ਹਮਜੋਲੀਆਂ ਨਾਲ ਖੇਡਦੇ ਰਹਿੰਦੇ। ਸ਼ਾਮੀਂ ਦਫਤਰੋਂ ਮੁੜਦੀ ਇਹ ਆਪ ਉਹਨਾਂ ਨੂੰ ਓਧਰੋਂ ਲਿਆ ਕੇ ਸੰਭਾਲ਼ਦੀ। ਅਦਲੀਆਂ-ਬਦਲੀਆਂ ਦੇ ਗੇੜ 'ਚ ਉਲ਼ਝਿਆ ਪਤੀ ਕਿਧਰੇ ਛੁੱਟੀ ਵਾਲੇ ਦਿਨ ਹੀ ਘਰੇ ਹੁੰਦਾ। ਸਾਰਾ ਹਫਤਾ ਤੇਰੀ ਸਟੈਨੋ ਜਿਵੇਂ ਸੂਲ਼ੀ 'ਤੇ ਟੰਗੀ ਹੋਈ ਰਹਿੰਦੀ।

ਇਹ ਵਰਤਾਰਾ ਵੀ ਬਹੁਤ ਚਿਰ ਨਾ ਚੱਲਿਆ। ਬੱਸ....ਥੋੜ੍ਹੇ ਕੁ ਚਿਰੀਂ ਚਾਨਚੱਕ ਇਹਦੇ ਗਲ਼ੇ ਆ ਪਏ ਨਾਗ਼ਵਲ਼ੀ ਫੰਦੇ ਨੇ ਤਾਂ ਜਿਵੇਂ ਇਹਦਾ ਸਾਹ-ਸਤ ਹੀ ਘੁੱਟਦਾ ਕਰ ਦਿੱਤਾ।

ਉਸ ਵਾਰ ਘਰ ਪਰਤਿਆ ਪਤੀ ਅਗਲੇ ਦਿਨ ਵਾਪਸ ਨਾ ਗਿਆ। ਉਸ ਤੋਂ ਅਗਲੇ ਦਿਨ ਵੀ। ਚਾਰ-ਪੰਜ ਦਿਨ ਇਵੇਂ ਲੰਘ ਗਏ। ਉਹ ਨਾ ਕੁਝ ਬੋਲੇ, ਨਾ ਦੱਸੇ। ਇਸ ਦੇ ਪੁੱਛਣ 'ਤੇ ਹੂੰ-ਹਾਂ ਕਰ ਛੱਡੇ। ਆਖਰ ਤੰਗ ਪਏ ਨੇ ਹੋਰ ਈ ਘੁੰਡੀ ਖੋਲ੍ਹ ਦਿੱਤੀ--'ਉਸਦੀ ਹੱਦੀ-ਸਰਹੱਦੀ ਜ਼ਿਲ੍ਹੇ 'ਚ ਕੀਤੀ ਬਦਲੀ ਉਸਤੋਂ ਬਰਦਾਸ਼ਤ ਨਹੀਂ ਸੀ ਹੋਈ। ਉਸ ਥਾਂ ਤਾਇਨਾਤ ਸਾਰੇ ਅਫਸਰ ਇਕੋ ਰਾਹ ਦੇ ਰਾਹੀ ਗਿਣ ਹੁੰਦੇ ਸਨ। ਇਸ ਵਾਰ ਉਸਨੂੰ ਜਾਣ ਬੁੱਝਕੇ ਸਰਹੱਦੀ ਰੰਗ 'ਚ ਰੰਗਿਆ ਗਿਆ ਸੀ। ਉਸਨੇ ਸੌ ਉਪਰਾਲੇ ਕੀਤੇ। ਵੱਡੀ ਤੋਂ ਵੱਡੀ ਕੁਰਸੀ ਤਕ ਤਰਲੇ-ਮਿੰਨਤਾਂ ਕੀਤੀਆਂ। ਪਰ ਸਭ ਵਿਅਰਥ।'

ਹੇਠੀ-ਨਮੋਸ਼ੀ 'ਚ ਘਿਰਿਆ ਉਹ ਇਕ ਦਿਨ ਨੂਰੀ ਦੇ ਘਰ ਪਰਤਣ ਤੋਂ ਪਹਿਲਾਂ ਹੀ ਦੂਰ-ਪਾਰ ਦੀ ਉਡਾਰੀ ਮਾਰ ਗਿਆ।

ਸਾਹਮਣੇ ਪਈ ਲਾਸ਼ ਵੱਲ ਵੇਖਦੀ, ਇਹ ਸਿਰ ਤੋਂ ਲੈ ਕੇ ਪੈਰਾਂ ਤਕ ਮਿੱਟੀ ਹੋ ਗਈ। ਸੁੰਨ-ਵੱਟਾ ਹੋਈ ਨੂੰ ਘੜੀ-ਪਲ ਤਾਂ ਸਮਝ ਹੀ ਨਾ ਲੱਗੀ ਇਹ ਹੋਇਆ ਕੀ ਐ! ਉਸਦੇ ਪਤੀ ਨੇ ਕੀਤਾ ਕੀ ਹੈ? ਉਸਦੇ ਸਾਲਮ-ਸਬੂਤੇ ਮਰਦ ਨੇ ਧੋਖਾ ਕਿਉਂ ਦਿੱਤਾ ਉਸਨੂੰ? ਉਸਦੇ ਬਾਲ-ਪਰਿਵਾਰ ਨੂੰ। ....ਇਹੋ ਜਿਹੀਆਂ ਤਾਂ ਅਖਬਾਰੀ ਖਬਰਾਂ ਹੀ ਉਸਦਾ ਸਾਹ ਸੂਤ ਲਿਆ ਕਰਦੀਆਂ ਸਨ। ਉਹ ਅਕਸਰ ਪੁੱਛ ਲਿਆ ਕਰਦੀ ਸੀ ਪਤੀ ਸਮੇਤ ਉਸਦੇ ਹਰ ਸੰਗੀ-ਸਨੇਹੀ ਤੋਂ। ਬਹੁਤੀ ਵਾਰ ਤਲਖ ਹੋਈ ਸਿੱਧਾ ਆਖ ਦਿਆ ਕਰਦੀ-- 'ਇਸ ਥਾਂ ਦੇ ਵੱਡੇ ਵਡੇਰਿਆਂ ਤਾਂ ਉਮਰਾਂ ਗਾਲ਼ ਦਿੱਤੀਆਂ ਸਨ ਕੰਡਿਆਲ਼ੇ ਰਾਹਾਂ 'ਤੇ ਤੁਰਦਿਆਂ। ਨਿੱਕੇ-ਨਿੱਕੇ ਬਾਲਾਂ ਤੋਂ ਲੈ ਕੇ ਗੱਭਰੂਆਂ-ਬਿਰਧਾਂ, ਗੁਰੂਆਂ-ਪੀਰਾਂ ਤਕ ਦੀ ਬਲੀ ਬਲੀ ਚਾੜ੍ਹ ਦਿੱਤੀ ਸੀ ਆਪਣੀ ਹੋਂਦ-ਅਣਖ ਨੂੰ ਬਚਦਾ ਰੱਖਣ ਲਈ। ਸਾਹ-ਘੁੱਟਵੀਆਂ ਕੋਠੜੀਆਂ, ਦੇਹ-ਸਾੜਵੇਂ ਪਿੰਜਰਿਆਂ 'ਚ ਗੁੱਛਾ ਹੋਇਆਂ ਵੀ ਕਦੀ ਆਤਮ-ਹੱਤਿਆ ਨਹੀਂ ਸੀ ਕੀਤੀ। ਤੇ ਹੁਣ....ਹੁਣ ਕੋਈ ਦਿਨ ਖਾਲੀ ਗਿਆ। ਕਦੀ ਇਕ-ਦੋ, ਕਦੀ ਇਸ ਤੋਂ ਵੀ ਵੱਧ। ਆਤਮ-ਹੱਤਿਆ ਤਾਂ ਜਿਵੇਂ ਇਥੋਂ ਦੀ ਕਿਸੇ ਫਸਲ-ਬੂਟੀ ਦਾ ਨਾਂ ਹੋ ਗਿਆ ਹੋਵੇ। ਇਹ ਹੁਣ, ਖੇਤਾਂ 'ਚ ਵੀ ਉੱਗਦੀ ਐ, ਘਰਾਂ-ਹਵੇਲੀਆਂ 'ਚ ਵੀ। ਕੀ ਹੋ ਗਿਆ ਐ ਇਸ ਮਿੱਟੀ ਦੀ ਅਣਖ ਨੂੰ?' ਇਸਦੇ ਪਤੀ ਸਮੇਤ ਕਿਸੇ ਦੀ ਵੀ ਸਮਝ-ਸੂਝ ਨੇ ਇਸਦਾ ਸੰਸਾ ਦੂਰ ਨਹੀਂ ਸੀ ਕੀਤਾ।

ਉਹੀ ਵਰਤਾਰਾ ਆਪਣੇ ਘਰ, ਆਪਣੇ ਸੌਣ ਕਮਰੇ 'ਚ ਵਾਪਰਿਆ ਦੇਖ, ਉਸ ਅੰਦਰੋਂ ਉੱਠਿਆ ਰੋਣ-ਉਬਾਲ਼, ਇਕ-ਦੋ ਚੀਕਾਂ-ਲੇਰਾਂ ਪਿੱਛੋਂ ਬੰਦ ਹੋ ਗਿਆ। ਸ਼ਾਹ-ਕਾਲ਼ੀ ਘੇਰਨੀ 'ਚ

ਘਿਰੀ ਦੀ ਪਹਿਲਾਂ ਸੁੱਧ-ਬੁੱਧ ਜਾਂਦੀ ਰਹੀ, ਫਿਰ ਬੇਹੋਸ਼ ਹੋਈ ਹੇਠਾਂ ਡਿੱਗ ਪਈ ਫਰਸ਼ 'ਤੇ। ਉਸਦੀ ਸਕੂਟਰੀ ਪਿੱਛੇ ਬੈਠ ਕੇ ਆਏ ਦੋਨੋਂ ਬੱਚੇ, ਨਾ ਉਸਨੂੰ ਉਠਾਲਣ ਜੋਗੇ ਸਨ, ਨਾ ਸੰਭਾਲਣ ਜੋਗੇ। ਰੋਣ-ਕੁਰਲਾਉਣ ਤੋਂ ਸਿਵਾ ਉਹਨਾਂ ਪਾਸ ਕੋਈ ਚਾਰਾ ਨਹੀਂ ਸੀ ਬਚਿਆ। ਮੋਢੇ ਲਟਕਦਾ ਬਸਤਾ ਵਗਾਹ ਕੇ ਸੁੱਟਦਾ ਕਿ ਜਣ ਦੋ ਕੁ ਪਲਾਟ ਹਟਵੇਂ ਨੇੜਲੇ ਘਰ ਵੱਲ ਦੌੜਿਆ। ਕਾਫੀ ਸਾਰੀ ਉਡੀਕ ਪਿੱਛੋਂ ਇਕ ਅੱਧ-ਨੰਗੀ ਸੁਆਣੀ ਉਬਾਸੀਆਂ ਲੈਂਦੀ ਗੇਟ ਖੋਲ੍ਹ ਕੇ ਉਸਦੇ ਸਾਹਮਣੇ ਸੀ। ਖਿੱਲਰੇ ਵਾਲ਼ ਸੁਆਰਦੀ ਨੇ ਉਸਨੇ ਬੱਚੇ ਦਾ ਰੋਣ-ਧੋਣ ਸੁਣਿਆ। 'ਚੱਲ ਮੈਂ ਆਈ' ਆਖ ਕ ਉਹ ਮੁੜ ਅੰਦਰ ਮੁੜ ਗਈ। ਅੰਦਰੋਂ, ਕਿਸੇ ਥਾਂ ਟੈਲੀਫੂਨ ਕਰ ਕੇ ਉਸਨੇ ਗੁਆਂਢ ਵਾਪਰੇ ਹਾਦਸੇ ਦਾ ਸਾਰ-ਅੰਸ਼ ਦੱਸ ਦਿੱਤਾ। ਥੋੜ੍ਹੇ ਕੁ ਚਿਰ ਪਿੱਛੋਂ ਉਸਦੀ ਪਤੀ ਦੇ ਬਜਾਏ ਕੋਈ ਨੌਕਰ ਮੁੰਡਾ ਸਕੂਟਰ ਭਜਾਉਂਦਾ ਪਹਿਲਾਂ ਉਸ ਪਾਸ ਪੁੱਜਾ, ਫਿਰ ਬੇਹੋਸ਼ ਡਿੱਗੀ ਨੂਰੀ ਪਾਸ। ਉਸਨੇ ਹਿੰਮਤ ਕਰ ਕੇ ਨੂਰੀ ਦੇ ਸਿਰ ਮੂੰਹ 'ਤੇ ਛੱਟੇ ਮਾਰੇ। ਉਸਨੂੰ ਬੈਠਦੀ ਕਰ ਕੇ ਰੋਣ ਜੋਗਾ ਕਰ ਲਿਆ। ਪਰ ਝੱਟ ਹੀ ਕਮਲ਼ਿਆਂ-ਯਮਲ਼ਿਆਂ ਵਾਂਗ ਅਵਾ-ਤਵਾ ਬੋਲਦੀ, ਡੋਲਦੀ-ਡੁਲ੍ਹਕਦੀ, ਅੰਦਰ-ਬਾਹਰ ਘੁੰਮਣ ਲੱਗੀ ਨੂੰ ਰੋਕਣ-ਸੰਭਾਲਣ ਦੀ ਉਸਦੀ ਹਿੰਮਤ ਨਾ ਹੋਈ।

ਦਿਨ ਢਲ਼ਦਿਆਂ-ਕਰਦਿਆਂ ਨੂਰੀ ਨੂੰ ਨਵੇਂ ਘਰ ਦੇ ਆਂਢ-ਗੁਆਂਢ ਨਾਲੋਂ ਕਿਤੇ ਵੱਧ ਉਸਦੇ ਪਹਿਲੇ ਘਰ ਦੇ ਮੇਲੀ-ਗੇਲੀ, ਉਸ ਸਮੇਤ ਬਾਲਾਂ ਨੂੰ ਸੰਭਾਲ਼ਦੇ-ਵਰਚਾਉਂਦੇ ਅਗਲੇ ਕਿਰਿਆ-ਕਾਰਜ ਵਿਚ ਰੁੱਝੇ ਰਹੇ।

ਨਵੇਂ ਘਰ 'ਚ ਆਈ ਨੂੰ ਲੱਗੇ ਇਸ ਪਹਿਲੇ ਝਟਕੇ ਨੇ ਇਸਨੂੰ ਸਾਲ ਭਰ ਪੈਰੀਂ ਨਹੀਂ ਸੀ ਆਉਣ ਦਿੱਤਾ। ਕਿਸੇ ਵੀ ਸਾਕ-ਸੰਬੰਧੀ ਨੇ ਡਿੱਗੀ-ਢੱਠੀ ਦੀ ਬਾਂਹ ਨਾ ਫੜੀ। ਆਖਰ ਉਸਦੀ ਬਿਰਧ ਮਾਂ ਨੂੰ ਹੀ ਹੱਡ-ਗੋਡੇ ਜੋੜਨੇ ਪਏ। ਮਾਵਾਂ ਤੋਂ ਬਿਨਾਂ ਹੋਰ ਕਿਹਦਾ ਹਿਰਦਾ ਵਿਲਕਦਾ ਐਹੁ ਜਿਹੀ ਔਖ ਵੇਲ਼ੇ! ਮਾਂ ਸੀ ਵੀ ਨਾ ਹੋਇਆਂ ਨਾਲ਼ ਦੀ। ਇਕ ਉਮਰੋਂ ਆਤੁਰ ਇਕ ਅੱਖਾਂ ਤੋਂ ਹੀਣੀ। ਦਿਨ ਵੇਲ਼ੇ ਉਸਨੂੰ ਥੋੜ੍ਹਾ-ਬਹੁਤ ਦਿਸਦਾ ਸੀ, ਰਾਤ ਵੇਲੇ ਉਹ ਵੀ ਖਤਮ। ਉਹਨੇ ਟੋਹ-ਟੱਕਰਾਂ ਮਾਰਦੀ ਨੇ ਲਾਵਾਰਿਸਨਹੋਏ ਦੋਨੋਂ ਬੱਚੇ ਸਾਂਭੇ ਤਾਂ ਜ਼ਰੂਰ, ਪਰ ਨਾ ਤਾਂ ਉਹ ਠੀਕ ਤਰ੍ਹਾਂ ਪੜ੍ਹ ਸਕੇ, ਨਾ ਠੀਕ ਤਰ੍ਹਾਂ ਰਹਿ-ਵਿਚਰ ਸਕੇ। ਜਿੰਨਾ ਕੁ ਮਿਲ਼ਿਆ, ਜਿਵੇਂ ਦਾ ਮਿਲ਼ਿਆ, ਖਾ-ਪੀ ਲਿਆ, ਨਹੀਂ ਤਾਂ ਭੁੱਖੇ-ਤਿਹਾਏ ਡੌਰ-ਭੌਰ ਹੋਏ ਪਏ ਰਹਿੰਦੇ। ਲਾਚਾਰਗੀ ਵੱਸ ਉਹ ਥੋੜ੍ਹੀ-ਬਹੁਤ ਹਿੰਮਤ ਵੀ ਕਰਦੇ, ਪਰ ਬਾਲ ਸਨ ਕਿੰਨਾ ਕੁ ਧੋ-ਸੁਆਰ ਲੈਣਾ ਸੀ, ਉਹਨਾਂ ਆਪਣਾ-ਆਪ।ਡੂਢ੍ਹ-ਦੋ ਸਾਲ ਸਰਾ ਟੱਬਰ ਡੌਰ-ਭੌਰ ਹੋਇਆ, ਮਨੂਰ-ਪੱਥਰ ਬਣਿਆ ਰਿਹਾ।

ਕਿਧਰੋਂ ਦੇਸੀ ਦੁਆਈ ਖਾਂਦੀ, ਥੋੜ੍ਹੀ ਕੁ ਠੀਕ ਦਿਸਦੀ ਨੀਰੂ ਦਫਤਰ ਗਈ ਈ ਗਈ ਤਾਂ ਤੇਰੀ ਥਾਂ ਆਏ ਨਵੇਂ ਸਾਬ੍ਹ ਨੇ ਹੋਰ ਈ ਚੰਦ ਚਾੜ੍ਹ ਦਿੱਤਾ। ਇਹ ਕਿਸੇ ਪਾਸੇ ਜੋਗੀ ਨਾ ਰਹੀ। ਇਸਦਾ ਰੋਜ਼ਾਰ ਵੀ ਖੁੱਸਦਾ ਹੋ ਗਿਆ ਤੇ ਥੋੜ੍ਹੀ ਕੁ ਠੀਕ ਹੋਈ ਸੁਰਤੀ ਮੁੜ ਵਿਚਲ ਗਈ। ਵਿਚਲ ਕਾਹਦੀ ਗਈ, ਇਕ ਤਰ੍ਹਾਂ ਨਾਲ ਨੀਮ-ਪਾਗ਼ਲਾਂ 'ਚ ਸ਼ਾਮਿਲ ਹੋ ਗਈ।....ਹੁਣ ਇਸਨੂੰ ਕੋਈ ਸਮਝ ਨਹੀਂ ਕਰਨਾ ਕੀ ਐ, ਕੀ ਨਹੀਂ ਕਰਨਾ! ਬੋਲਣਾ ਕੀ ਐ, ਕੀ ਨਹੀਂ ਬੋਲਣਾ!! ਬੱਸ ਇਕੋ-ਇਕ ਵਹਿਮ ਇਸਦਾ ਸਾਰੇ ਦਾ ਸਾਰਾ ਅੰਦਰ ਜਿਵੇਂ ਮੱਲ ਕੇ ਬੈਠ ਗਿਆ ਹੋਵੇ। ਇਸਨੂੰ ਲੱਗਦਾ ਇਸਦੀ ਇਹ ਹਾਲਤ ਨਵੀਂ ਥਾਂ ਨੇ ਬਣਾਈ ਐ। ਇਸ ਦੀ ਭਲੀ-ਚੰਗੀ ਚੱਲਦੀ ਚਾਲ ਏਸੇ ਨੇ ਉੱਖੜਦੀ ਕੀਤੀ ਐ। ਇਸਦੇ ਪਤੀ ਇਸਦਾ ਰੋਜ਼ਗਾਰ ਇਸੇ ਥਾਂ ਨੇ ਖੋਹਿਆ। ਇਹਨੀਂ ਦਿਨੀਂ ਇਹ ਨਵੇਂ ਘਰ ਨੂੰ ਈ ਸਭ ਤੋਂ ਵੱਡਾ ਦੋਸ਼ੀ ਗਰਦਾਨਦੀ। ਹਰ ਆਏ-ਗਏ ਮੂਹਰੇ ਪਹਿਲਾ ਤਰਲਾ ਇਹੀ ਕਰੇਗੀ-- "ਮੈਨੂੰ ਮੇਰੇ ਘਰ ਛੱਡ ਆਓ..."।

ਤੈਨੂੰ ਵੀ ਜਾਂਦੇ ਨੂੰ ਇਸਨੇ ਇਹੀ ਕਿਹਾ-- "ਭਾਅ ਬਣਕੇ ਮੇਰਾ ਇਹ ਕੰਮ ਜ਼ਰੂਰ ਕਰ। ਮੈਨੂੰ ਮੇਰੇ ਘਰ ਛੱਡ ਆ।" ਲੇਲ੍ਹੜੀਆਂ ਕੱਢਦੀ ਨੇ ਹੱਥ ਵੀ ਜੋੜ ਲਏ। ਤੇ ਸੱਚਮੁੱਚ ਇਸਦੇ ਜੁੜੇ ਹੱਥ ਤੇਰੇ ਪੈਰਾਂ ਵੱਲ ਨੂੰ ਝੁਕ ਵੀ ਗਏ। ਇਸਨੂੰ ਇਉਂ ਕਰਨੋਂ ਤੂੰ ਮਸਾਂ ਰੋਕਿਆ-- "ਨਾ ਬੀਬਾ

ਨਾ, ਇਹ ਕੀ ਕਰਦੀ ਐਂ। ਹਿੰਮਤ ਕਰ ਹਿੰਮਤ। ਤੂੰ ਆਪਣੇ ਘਰ ਈ ਤਾਂ ਬੈਠੀ...।" ਇਸਦਾ ਡਿੱਗਿਆ-ਡੋਲਿਆ ਮਨ-ਚਿੱਤ ਟਿਕਾਣੇ ਕਰਨ ਲਈ ਤੂੰ ਇਸ ਲਾਗੇ ਬੈਠਾ ਉੱਠ ਖੜ੍ਹਾ ਹੋਇਆ। ਇਸਦਾ ਸਿਰ-ਮੂੰਹ ਪਲ਼ੋਸਦਿਆਂ ਇਸਨੂੰ ਹੋਰ ਢਾਰਸ ਦਿੱਤੀ ਐ। ਬਿਲਕੁਲ ਉਵੇਂ ਜਿਵੇਂ ਆਪਣੇ ਦਫਤਰ 'ਚ ਦਿੱਤੀ ਸੀ। ਤੇਰਾ ਹੱਥ ਲੱਗਦਿਆਂ ਸਾਰ ਇਹ ਵਿਲਕ ਉੱਠੀ ਐ। ਪਹਿਲਾਂ ਹਟਕੋਰੀਂ, ਫਿਰ ਉੱਚੀ-ਉੱਚੀ। ਤੇਰੇ ਨਾਲ ਚਿਮੜੀ ਨੇ ਇਸਨੇ ਧੁਰ-ਅੰਦਰ ਤਕ ਰੋ-ਕਲਪ ਲਿਆ। ਪੂਰੀ ਤਰ੍ਹਾਂ ਹਲਕਾ ਕਰ ਲਿਆ ਆਪਣਾ-ਆਪ। ਹੋਰ ਘੜੀ-ਪਲ ਨੂੰ ਤੈਨੂੰ ਇਹ ਬੇ-ਹੱਦ ਸਹਿਜ ਜਾਪੇਗੀ। ਵਿਚਵਾਰ ਹਟਕੋਰਾ ਭਰਦੀ ਤੇਰੇ ਨਾਲ ਬਾਤ-ਚੀਤ ਵੀ ਕਰੇਗੀ। ਤੈਨੂੰ ਲੱਗੇਗਾ, ਇਸਦੀ ਕਿੰਨੀ ਸਾਰੀ ਯਾਦ-ਸ਼ਕਤੀ ਪਰਤ ਆਈ ਐ। ਇਹ ਸਾਰਾ ਕੁਝ ਤਾਂ ਨਹੀਂ, ਕਿੰਨਾ ਕੁਝ ਸੁਣਨ-ਸਮਝਣ ਲੱਗੀ ਐ। ਤੇ....ਤੇ ਸੱਚ-ਮੁੱਚ ਹੋਇਆ ਵੀ ਵੀ ਇਵੇਂ ਹੀ ਐ। ਇਸਦੇ ਹਰ ਮੇਲੀ-ਗੇਲੀ ਤੂੰ ਵੀ ਇਸਨੂੰ ਬੀਮਾਰੀ ਘੇਰੇ 'ਚੋਂ ਬਾਹਰ ਕੱਢ ਲਿਆ, ਥੋੜ੍ਹੇ ਕੁ ਸਮੇਂ ਲਈ।

ਹੁਣ ਇਹ ਤੇਰੇ 'ਤੇ ਨਿਰਭਰ ਐ, ਕਿ ਤੂੰ ਅਗਾਂਹ ਕੀ ਕਰਨਾ! ਤੂੰ ਇਸ ਨੂੰ ਹੋਸ਼ੀ-ਬੇਹੋਸ਼ੀ ਵਿਚਕਾਰ ਲਟਕਦਾ ਰੱਖਣਾ ਜਾਂ ਇਸ ਨੂੰ ਸੁਰਤ ਸਿਰ ਕਰਨ ਲਈ ਕੋਈ ਉਪਰਾਲਾ ਕਰਨਾ। ਇਹ ਪੱਕ ਐ, ਤੂੰ ਕੁਝ ਨਾ ਕੁਝ ਜ਼ਰੂਰ ਕਰੇਂਗਾ। ਇਸ ਨੂੰ ਤ੍ਰਿਸ਼ੰਕੂ ਸਥਿਤੀ 'ਚੋਂ ਬਾਹਰ ਕੱਢਣ ਲਈ ਜ਼ਰੂਰ ਹੰਭਲ਼ਾ ਮਾਰੇਂਗਾ। ਤੂੰ....ਤੂੰ ਇਸ ਨੂੰ ਦੱਸੇਂਗਾ-- 'ਤੇਰੀ ਇਹ ਹਾਲਤ ਕੇਵਲ ਨੌਕਰੀ ਖੁੱਸ ਜਾਣ ਕਾਰਨ ਜਾਂ ਪਤੀ ਦੀ ਆਤਮ-ਹੱਤਿਆ ਕਾਰਨ ਹੀ ਨਹੀਂ ਬਣੀ। ਇਹ ਤਾਂ ਹਕੂਮਤੀ ਕਿਸਮ ਦੀਆਂ ਘਟਨਾਵਾਂ, ਜੋ ਇਸ ਵਾਰ ਤੇਰੇ ਸਿਰ 'ਤੇ ਆ ਡਿੱਗੀਆਂ ਇਕੱਠੀਆਂ। ਪੇਤਲੀਆਂ ਜਿਹੀਆਂ ਵਿਵੇਕਹੀਣ ਵਾਰਤਾਵਾਂ ਜੋ ਤੇਰੇ ਮੱਥੇ 'ਤੇ ਆ ਚਿਪਕੀਆਂ। ਸੱਚ ਇਹ ਐ, ਇਹ ਵਾਰਤਾਵਾਂ, ਇਹ ਘਟਨਾਵਾਂ ਨਾ ਆਪਣੇ ਆਪ ਵਾਪਰਦੀਆਂ ਨਾ ਲਿਖ ਹੁੰਦੀਆਂ। ਇਹਨਾਂ ਦੀ ਤਹਿ 'ਚ ਵਾਪਰਦਾ ਵੱਡਾ ਵਰਤਾਰਾ ਕੁਝ ਹੋਰ ਐ। ਉਹ ਬਹੁਤ ਵੱਖਰੀ ਤਰ੍ਹਾਂ ਦਾ। ਦੇਖਣ-ਛੂਹਣ ਨੂੰ ਮੁਲਾਇਮ, ਪਰ ਹੇਠਲੀ ਪਰਤੋਂ ਚੁਭਵਾਂ, ਇਕ ਦਮ ਖੁਰਦੜਾ। ਇਹ ਵਰਤਾਰਾ ਸਾਜ਼ਸ਼ੀ ਵੀ ਐ ਤੇ ਰੰਗ ਬਦਲਵਾਂ ਵੀ। ਇਸ ਨੂੰ ਸੁਣਦੇ- ਪੜ੍ਹਦੇ ਸਾਰੇ, ਪਰ ਸਮਝਦੇ ਬਹੁਤ ਘੱਟ।

ਨਿਸਚੈ ਹੀ ਤੈਨੂੰ ਉਸ ਵਰਤਾਰੇ ਦੀ ਪੂਰੀ ਜਾਣਕਾਰੀ ਐ। ਤੂੰ....ਤੂੰ ਇਸਦੀ ਇਬਾਰਤ ਦੇ ਕੁਝ ਨਾ ਕੁਝ ਬਿੰਦੂ ਜ਼ਰੂਰ ਦੱਸੇਂਗਾ ਨੂਰੀ ਨੂੰ। ਪੱਕੀ ਗੱਲ ਐ, ਇਹ ਸੁਣੇਗੀ ਵੀ ਸਮਝੇਗੀ ਵੀ। ਇਹ ਮੁੱਢ-ਸ਼ੁਰੂ ਤੋਂ ਸੂਝਵਾਨ ਰਹੀ ਐ, ਇਸ ਪੱਖੋਂ। ਜਿਉਂ-ਜਿਉਂ ਤੂੰ ਇਸਦਾ ਜੀਵਨ ਵਿਚਲਤ ਕਰਨ ਵਾਲੀ ਉਸ ਕਲ਼ਮੂੰਹੀਂ ਲਿਖਤ ਦੇ ਪੱਤਰੇ ਪਰਤਾਈ ਜਾਏਂਗਾ, ਤਿਉਂ-ਤਿਉਂ ਇਸਦੀ ਉਲ਼ਝੀ-ਬਿਖਰੀ ਯਾਦ-ਸ਼ਕਤੀ ਤਹਿ-ਸਿਰ ਹੁੰਦੀ ਜਾਣੀ।

ਤੈਨੂੰ ਇਹ ਯਤਨ ਇਕ-ਦੋ ਵਾਰ ਨਹੀਂ, ਕਈ ਵਾਰ ਆ ਕੇ ਕਰਨਾ ਪੈਣੈ।

ਪੁਰਾਣੇ ਘਰ ਜਾਂ ਨਵੇਂ ਘਰ ਦਾ ਹਿਸਾਬ-ਕਿਤਾਬ ਤੂੰ ਆਪ ਜੁਦਦਾ ਕਰ ਲਈਂ, ਮੌਕਾ ਵਿਚਾਰ ਕੇ। 000

***(ਨੇੜੇ ਸੇਂਟ ਪਾਲ ਕਾਨਵੈਂਟ ਸਕੂਲ, ਨਿਹਾਲਪੁਰ,***
***ਡਾ. ਦਸੂਹਾ, ਜ਼ਿਲ੍ਹਾ ਹੁਸ਼ਿਆਰਪੁਰ-144 205***
***ਫੋਨ: 94658-74866)***

# ਮਦਨ ਵੀਰਾ ਦੀਆਂ ਚਾਰ ਕਵਿਤਾਵਾਂ

## ਹਿਜਰਤ

ਤੱਕ ਰਿਹਾ ਹਾਂ
ਦੇਸ਼ ਦੁਨੀਆ ਦਾ ਭੂਗੋਲ
ਲੱਭ ਰਿਹਾਂ
ਬੇਵਤਨਿਆਂ ਦੇ ਵਤਨ ਨੂੰ
ਜਾ ਰਹੇ ਕਿੱਥੇ ਨੂੰ
ਤੁਰੇ ਹੋਏ ਇਹ ਕਾਫਲੇ
ਢਿੱਡਾਂ ਨੂੰ ਗੰਢਾਂ ਮਾਰਕੇ

ਸੜ ਰਹੇ ਅੰਬਰ ਦੇ ਥੱਲੇ
ਤੇ ਧੁਆਂਖੀ ਧਰਤ ਉੱਤੇ
ਅੱਗ ਦੀ ਇਕ ਪਰਤ ਉੱਤੇ
ਕਰ ਕੇ ਗੂੜ੍ਹੇ ਆਪਣੇ ਲਹੂ ਦੇ ਨਿਸ਼ਾਨ
ਸੁੱਤ ਉਣੀਂਦੇ ਜਾ ਰਹੇ ਗੱਭਰੂ-ਨਾਦਾਨ
ਵਾਹ ਮੇਰੇ ਭਾਰਤ ਪਿਆਰੇ, ਵਾਹ ਰੇ ਮੇਰੇ ਹਿੰਦੋਸਤਾਨ

ਲਹੂ ਮੁੜ੍ਹਕੇ ਨਾਲ ਉਸਾਰੀ ਕਰਨ ਵਾਲੇ
ਢਿੱਡ ਖ਼ਲਕਤ ਦਾ ਰਿਜ਼ਕ ਨਾਲ ਭਰਨ ਵਾਲੇ
ਪਰਬਤਾਂ ਦੇ ਨਾਲ ਆਢਾ ਲਾਉਣ ਵਾਲੇ
ਸਾਗਰਾਂ ਨੂੰ ਚੀਰ ਰਾਹ ਰੁਸ਼ਨਾਉਣ ਵਾਲੇ
ਰੁਲ਼ ਰਹੇ ਰਾਹਾਂ ’ਚ
ਅੱਜ ਇਹ ਖ਼ਾਕ ਬਣਕੇ
ਖ਼ਪ ਰਹੇ ਪੂਰਾਂ ਦੇ ਪੂਰ
ਕੋਈ ਨਹੀਂ ਪੁੱਛਦਾ ਹਜ਼ੂਰ, ਕੋਈ ਨਹੀਂ ਦੱਸਦਾ ਕਸੂਰ

ਹੋ ਨਿਰਾਸ਼ੇ, ਹੋ ਬੇ-ਆਸੇ
ਝੁਲਸੀ ਹੋਈ ਕਾਇਆ ਲਪੇਟ
ਤੁਰ ਪਏ ਜੰਮਣ ਭੋਇੰ ਨੂੰ
ਆਪਣੀ ‘ਖੱਟੀ’ ਸਮੇਟ
ਤਲੀ ਜਿੱਡੀ ਧਰਤ
ਜਿੱਥੇ ਵਰਜਣਾ ਦੀ ਵਾੜ
ਨੌਂਹ ਜਿੱਡਾ ਅਸਮਾਨ ਜਿੱਥੇ
ਨਾ ਸਾਉਣ ਹੈ ਨਾ ਹਾੜ੍ਹ ਹੈ

ਜਿੱਥੇ ਕੋਈ ਬਾੜੀ ਨਾ ਬੰਨੇ
ਵੱਟ ਨਾ ਸਿਆੜ ਕੋਈ
ਤੁਰ ਪਏ ਹਨ ਕਾਫਲੇ
ਉਸ ਮੁਲਕ ਲਈ,ਉਸ 'ਗਾਂਓਂ' ਲਈ
ਜਿਸਦੇ ਕੱਚੇ ਬਨੇਰੇ, ਕਦੇ ਵੀ ਹੋਣੇ ਨਾ ਪੱਕੇ
ਜਿਸਦੇ ਬਾਸ਼ਿੰਦਿਆਂ ਨੂੰ, ਘਰ ਵਿਚ ਮਿਲਦੀ ਨਾ ਢੋਈ
ਬਾਹਰ ਤੋਂ ਵੀ ਪੈਣ ਧੱਕੇ।00

## ਆਰ-ਪਾਰ

ਉਦੋਂ ਆਪਾਂ ਦੋਵੇਂ ਆੜੀ ਸੀ, ਬਚਪਨ ਦੇ ਲੰਗੋਟੀਏ
ਨਿੱਕੀਆਂ ਨਿੱਕੀਆਂ ਖੁਸ਼ੀਆਂ ਦੇ, ਮਹਿਲ ਉਸਾਰਦੇ
ਵੱਡੇ ਵੱਡੇ ਦੁੱਖਾਂ ਨੂੰ ਤਲੀ 'ਤੇ, ਰਗੜਦੇ ਵਿਸਾਰਦੇ
ਕਿਸੇ ਨੂੰ ਸਤਾਉਂਦੇ - ਤਪਾਉਂਦੇ, ਕਿਸੇ ਨੂੰ ਠਾਰਦੇ
ਹਰ ਮੁਹਿੰਮ ਨੂੰ, ਜ਼ਿਦ ਜ਼ਿਦ ਕੇ ਜਿੱਤਦੇ
ਮੋਹ ਦੇ ਪਰਚਮ ਲਹਿਰਾਉਂਦੇ, ਦੋਸਤੀ ਦੇ ਗੀਤ ਗਾਉਂਦੇ।
ਫਿਰ ਮੈਂ ਰੋਜ਼ੀ ਦੀ ਰਮਾਇਣ, ਪੜ੍ਹਦਾ - ਸੁਣਦਾ
ਕੱਚੇ ਘਰ ਨੂੰ ਪੱਕਾ ਕਰਨ ਦਾ, ਖਾਬ ਬੁਣਦਾ
ਟਾਪੂ ਟਾਪੂ ਜੰਗਲ ਜੰਗਲ, ਬਨਵਾਸ 'ਚ ਭਟਕਦਾ ਰਿਹਾ
ਪਰ ਸੋਨ ਮਿਰਗ ਦਾ ਬਿੰਬ
ਖੱਟੀ ਕਮਾਈ ਦੇ ਬਾਰਾਂ ਸਾਲ ਨਹੀਂ
ਪੂਰੀ ਜਵਾਨੀ ਹਜ਼ਮ ਕਰਕੇ ਵੀ
ਕਿਤੇ ਅੱਧ ਵਿਚਾਲੇ ਲਟਕਦਾ ਰਿਹਾ।
ਤੂੰ ਵੀ ਆਪਣੀ ਹੋਂਦ ਤੇ ਹੋਣੀ ਦੀ
ਮਹਾਂਭਾਰਤ 'ਚ ਸ਼ਰੀਕ ਹੋਇਆ
ਕਦੇ ਕੌਰਵਾਂ ਕਦੇ ਪਾਂਡਵਾਂ ਦੇ, ਨਜ਼ਦੀਕ ਹੋਇਆ
ਤੇ ਆਪਣੇ ਸਫਰ ਦਰ ਸਫਰ 'ਚ
ਤਾਜ ਦੇ ਪਿਆਦਿਆਂ ਦੀ ਪਾਲ਼ 'ਚ
ਘੁੰਮਦਾ ਘਮਾਉਂਦਾ ਸ਼ਰੀਕ ਹੋਇਆ
ਹੁਣ ਹਸਤਨਾਪੁਰ, ਤੇਰੀ ਸੋਚ ਦੇ ਬਿਲਕੁਲ ਹਾਣ ਦਾ ਸੀ
ਸੋ ਆਪਣੇ ਪਿੰਡ ਦੇ ਕੱਚੇ ਪਹੇ
ਤੇ ਮਾਸੂਮ ਦੋਸਤੀ ਨੂੰ, ਕੌਣ ਜਾਣਦਾ ਸੀ?
ਤੇਰੇ ਤੇ ਮੇਰੇ ਵਿਚਕਾਰ
ਸ਼ਾਹੀ ਸਰਦਾਰੀ ਤੇ ਬੱਤੀ ਵਾਲੀ ਕਾਰ ਸੀ
ਮੈਂ ਲੀਕ ਦੇ ਆਰ ਸੀ, ਤੂੰ ਪਾਰ ਸੀ । --

## ਚਾਚੀ ਜੀਤ ਕੌਰ

ਇਕ ਡੰਗ ਆਟੇ ਦੇ ਮੁੱਲ ਦੇ
ਫੂਕ ਦਿੱਤੇ ਇਸ ਕਮੂਤ ਨੇ, ਦਸ ਦਸ ਦੇ ਤਿੰਨ ਨੋਟ

ਹਿੱਲ ਗਿਆ ਹੈ, ਇਸ ਬੰਦੇ ਦਾ ਡਮਾਕ
ਧੱਕੇ ਖਾਣੇ ਦੀ ਨੀਤ ਦੇ ਵਿਚ, ਆ ਗਿਆ ਹੈ ਫੇਰ ਖੋਟ
ਮੁੜ ਕੁਆਰੇ ਇਸ਼ਕ ਮੁਸ਼ਕ ਦੀ
ਜਾਗ ਪਈ ਹੈ ਹਿਰਸ ਫੇਰ
ਟੁੱਟ - ਪੈਣੇ ਦਾ ਚਿਹਨ ਚੱਕਰ ਬਦਲਿਆ ਹੈ।
ਚੱਕ ਹੋਏ ਨੇ ਪੈਰ ਇਸਦੇ
ਬੁੱਢੇ ਵਰੇਸੇ - ਟੁੱਟ ਪੈਣਾ, ਧੌਲ਼ - ਦਾੜ੍ਹਾ ਬਹਿ ਸਵੇਰੇ ਰੰਗਦਾ ਹੈ
ਮੂੰਹ ਕਾਲ਼ਾ ਕਰਕੇ ਇਹ ਚੌਰਾ, ਨਾ ਰੀਣ ਭੋਰਾ ਸੰਗਦਾ ਹੈ
ਟਿਟਕਦੀ ਹਾਂ, ਵਿਲਕਦੀ ਹਾਂ, ਰੋਜ਼ ਕਰਦੀ ਹਾਂ ਸਿਆਪਾ
ਪਰ ਨੱਥੇ ਮਜ਼੍ਹਬੀ ਦਾ ਤੁਖ਼ਮ
ਸਮਝੇ ਆਪਣੇ ਆਪ ਨੂੰ, ਸੰਧੂ ਲੰਬੜਾਂ ਦਾ ਕਾਕਾ
ਘਰ ਦੇ ਵਿਚ ਭੰਗ ਭੁੱਜੇ
ਕਈ ਦਿਨਾਂ ਤੋਂ ਸਾਰਾ ਟੱਬਰ, ਕੱਟ ਰਿਹਾ ਫਾਕੇ ਤੇ ਫਾਕਾ
ਪਰ ਬੇਸ਼ਰਮ ਨੂੰ ਨਾ ਸ਼ਰਮ ਝਾਕਾ
ਫੇਟੀ ਪੈਣਾ ਆਖਦਾ ਹੈ:
"ਵੇਖਕੇ ਮੇਰੀ ਬੱਗੀ ਦਾੜ੍ਹੀ, ਹਰ ਕੋਈ ਜਾਵੇ ਪਛਾੜੀ
ਕਿਸੇ ਨੂੰ ਨਾ ਮੂਲ ਭਾਵਾਂ
ਪਿੰਡ ਨਾ ਹੀ ਸ਼ਹਿਰ ਵਿਚ ਮਿਲਦੀ ਦਿਹਾੜੀ ......
ਤੇ ਉੱਤੋਂ ਕਾਲ਼ੇ ਪੀਲ਼ੇ ਮੁੱਛ ਫੁੱਟ ਪੂਰਬੀਏ
ਸਾਡਿਆਂ ਢਿੱਡਾਂ 'ਤੇ ਲੱਤਾਂ ਮਾਰਦੇ ਨੇ
'ਆਪਣੇ ਬੰਦੇ' ਵੀ ਉਨ੍ਹਾਂ ਨੂੰ ਸਿਰ 'ਤੇ ਚੱਕਣ
ਤੇ ਮ੍ਰਾਤੜਾਂ ਨੂੰ ਸਮਝ ਹੀਣੇ ਦੁਰਕਾਰਦੇ ਨੇ ।"
ਜੀਤ ਕੌਰ ਆਪਣੀ ਕੱਢ ਕੇ ਭੜਾਸ
ਹੈ ਭਾਵੇਂ ਅਜੇ ਵੀ ਉਹ ਬੇ-ਆਸ
ਭਾਵੇਂ ਹੈ ਅਜੇ ਵੀ, ਉਸਦਾ ਮੂੰਹ ਕੁਸੈਲ਼ਾ
ਪਰ ਠੱਲ੍ਹ ਗਿਆ ਹੈ ਵੇਗ ਉਸਦਾ, ਹੋ ਗਿਆ ਗੁੱਸਾ ਵੀ ਢੈਲ਼ਾ। 00

## ਪਛਾਣ

ਤੁਸੀਂ ਲੱਭਦੇ ਹੋ ਮੇਰਾ ਅਤੀਤ
ਪੁਸਤਕਾਂ 'ਚੋਂ, ਸ਼ਿਲਾਲੇਖਾਂ 'ਚੋਂ, ਖੰਡਰਾਂ 'ਚੋਂ
ਤਾਂ ਕਿ ਫਿਰ ਤੋਂ ਪਰਿਭਾਸ਼ਤ ਕਰ ਸਕੋਂ
ਮੇਰੀ ਹੋਂਦ, ਮੇਰੀ ਪਛਾਣ, ਮੇਰਾ ਵਿਰਸਾ ......
ਤੁਸੀਂ ਫੋਲਦੇ ਹੋ ਪੁਸਤਕਾਂ
ਜਿਹੜੀਆਂ ਨਾ ਮੈਂ ਲਿਖੀਆਂ ਨੇ, ਨਾ ਮੈਂ ਪੜ੍ਹੀਆਂ ਨੇ
ਤੁਸੀਂ ਦੇਖਦੇ ਹੋ ਸ਼ਿਲਾਲੇਖ
ਜਿਨ੍ਹਾਂ 'ਚ ਨਾ ਮੇਰੀ ਹਾਰ ਹੈ, ਨਾ ਜਿੱਤ ਹੀ
ਮੇਰੇ ਬਾਰੇ ਖੰਡਰਾਂ ਤੋਂ ਪੁੱਛਦੇ ਹੋਂ

ਪਰ ਮੈਂ ਤਾਂ ਉਸਰਈਆ ਹਾਂ
ਖੰਡਰ ਕੀ ਜਾਨਣਗੇ ਮੇਰੇ ਬਾਰੇ
ਜਨਾਬ – ਅੱਖਾਂ ਦੇ ਚਸ਼ਮੇ ਉਤਾਰੋ
ਪੁਸਤਕਾਲੇ 'ਚੋਂ ਬਾਹਰ ਆਉ
ਰਹਿਣ ਦਿਉ ਸ਼ਿਲਾਲੇਖ, ਰਹਿਣ ਦਿਉ ਖੰਡਰਾਂ ਨੂੰ
ਆਉ ਦਿਖਾਵਾਂ – ਮੇਰੇ ਲਹੂ ਦਾ ਜਲੌਅ
ਮੇਰੇ ਮੁੜ੍ਹਕੇ ਦੀ ਮਹਿਕ
ਮੇਰੇ ਹੱਥਾਂ ਦੀ ਕਰਾਮਾਤ
ਦੇਖੋ ਮਖਮਲੀ ਸੜਕਾਂ
ਚਾਂਦੀ ਰੰਗੀਆਂ ਨਹਿਰਾਂ ਤੇ ਡੈਮ
ਗਾਉਂਦੀਆਂ ਫਸਲਾਂ, ਰੋਸ਼ਨ ਰਾਤਾਂ
ਦੁੱਧ ਧੋਤੇ ਨਗਰ, ਸੁਥਰੇ ਸੰਵਾਰੇ ਘਰ
ਇਹ ਹੈ ਮੇਰਾ ਸਫਰ
ਮੱਧ ਯੁਗ ਤੋਂ ਅੱਜ ਤਕ
ਪਰ ਮੈਂ, ਜਾਂ ਮੇਰੀ ਪਛਾਣ ......

ਰਾਸ਼ਨ ਕਾਰਡ ਜਾਂ ਵੋਟਰ ਸੂਚੀ 'ਚ
ਮੇਰਾ ਵੀ ਨਾਂ ਦਰਜ ਹੈ ਦੇਖ ਲੈਣਾ
ਕੁਝ ਖਾਸ ਕੁਝ ਵਿਸ਼ੇਸ਼ ......

ਸਰਕਾਰੀ ਕਾਗ਼ਜ਼ਾਂ 'ਚ ਮੈਂ
ਐੱਸ.ਸੀ ਜਾਂ ਐੱਸ.ਟੀ ਹਾਂ
ਧਰਮ ਲਈ ਪੰਜਵੀਂ ਪਾਲ਼ ਹਾਂ
ਸਮਾਜ ਲਈ ਭੈੜਾ ਹਾਂ, ਗਾਲ੍ਹ ਹਾਂ
ਢੋਰ ਹਾਂ ਗੰਵਾਰ ਹਾਂ ਜਾਂ ਚੋਰ ਹਾਂ
ਅੱਤਵਾਦੀ ਨਕਸਲੀ ਜਾਂ ਕਈ ਕੁਝ ਹੋਰ ਹਾਂ
ਪਰ ਮੈਂ ......

ਮੇਰਾ ਕੀ?
ਮੈਂ ਤਾਂ ਪਛਾਣ ਦੇ ਸੰਕਟ ਤੋਂ ਪਹਿਲਾਂ
ਜੀਣ ਦੇ ਸੰਕਟ 'ਚ ਘਿਰਿਆ ਹਾਂ
ਤੇ ਤੁਹਾਡੇ ਸ਼ਬਦਾਂ 'ਚ
ਅਖੌਤੀ 'ਮੁੱਖ ਧਾਰਾ' 'ਚੋਂ
ਕੇਰਿਆ ਜਾਂ ਕਿਰਿਆ ਹਾਂ......000

***(82 ਸ਼ਾਲੀਮਾਰ ਨਗਰ, ਜੋਧਾਮੱਲ ਰੋਡ, ਹੁਸ਼ਿਆਰਪੁਰ***
***ਫੋਨ: 94176-83769***
***ਈਮੇਲ: madanveera@yahoo.com )***

## ਚੁਫੇਰੇ ਫੈਲੀ ਕਵਿਤਾ: ਪਰਮਿੰਦਰ ਸੋਢੀ

### ਬੰਸਰੀ

ਹਵਾ ਨੂੰ ਸੁਰ ਬਣਾ ਕੇ
ਤੁਰ ਗਈ ਦੇਵੀ
ਆਪਣੇ ਦੇਸ਼...

ਰਹਿੰਦੀ ਉਮਰ
ਮੇਰੀ ਛਾਤੀ ਦੇ ਸੁਰਾਖਾਂ 'ਚੋਂ
ਮੇਘ ਰਾਗ ਉਠਦਾ ਰਿਹਾ

### ਮੋਰ ਪੰਖ

ਉੱਡਦੀ ਲੀਲਾ ਦੇ
ਝੜ ਗਏ ਕੁਝ ਪੰਖ
ਕੋਈ ਡਿੱਗਾ ਗਾਰੇ 'ਚ
ਕੋਈ ਪੋਥੀ 'ਚ ਜਾ ਬੈਠਾ
ਦਿਲ ਮੇਰੇ ਅੰਦਰ ਜੋ ਡਿੱਗਾ
ਉਹ ਤੇਰੇ ਰੰਗ ਅਨੇਕ...

### ਬਾਪੂ

ਪ੍ਰਥਮ ਕਾਲ, ਇਤਿਹਾਸ, ਮਿਥਿਹਾਸ
ਖਲਾਅ ਦੀ ਪੌੜੀ ਉੱਤਰ ਗਏ
ਪਿਤ ਪਿੱਤਰ ਰਹਿੰਦ ਖੂੰਹਦ
ਜ਼ੰਜੀਰਾਂ ਬਣ ਮੇਰੇ ਨਾਲ ਤੁਰਦੇ...
ਮੈਂ! ਜਿਸ ਨੇ ਬੁੱਧ ਦੀ ਛਾਤੀ 'ਤੇ
ਪੈਰ ਧਰ ਅਗਲੇ ਪਾਰ ਅੱਪੜਨਾ ਹੈ

### ਪੈਰ

ਮੇਰੇ ਪੈਰਾਂ ਹੇਠ
ਜੋ ਰੇਖਾ ਸੀ
ਉਸਨੇ ਤੈਨੂੰ ਗਾਹਣਾ ਸੀ
ਤੂੰ ਜੋ ਆਦਿ ਸ੍ਰਿਸ਼ਟੀ
ਤੂੰ ਜੋ ਆਦਿ ਮਾਇਆ

### ਰੁੱਖ

ਮੈਂ ਪੱਤਾ ਸਾਂ ਪੰਛੀ ਸਾਂ
ਬਾਰਿਸ਼ ਦੀ ਠਹਿਰੀ ਧੁੰਦ ਸਾਂ
ਹਰਿਆਲੀ ਸਾਂ

ਜਾਂ ਸਿਖਰ ਦੁਪਹਿਰੇ
ਤੇਰੇ ਆਰ ਪਾਰ ਲੰਘ ਗਿਆ
ਹਵਾ ਦਾ ਬੁੱਲਾ ਸਾਂ
ਮੈਂ ਤੇਰੀ ਟਾਹਲੀ 'ਤੇ
ਲਟਕਦੀ ਖਾਲੀ ਪੀਂਘ ਸਾਂ

**ਮੁਲੱਠੀ**

ਸ਼ਬਦਾਂ ਦੀ ਗੁੜ੍ਹਤੀ
ਅਰਥਾਂ ਦੀ ਕੁੜਤੀ
ਪਹਿਨ ਅਲੰਕਾਰ
ਆ ਗਏ ਗੀਤ ਮੁਲੱਠੀ
ਮੇਰੇ ਸੁਰਾਂ ਨੂੰ ਸੋਧਣ

**ਕੌਫੀ**

ਆਦਿ ਧਰਤੀ ਤੋਂ ਆ ਜਾਂਦੀ
ਬਣ ਕੇ ਮੇਰੀ ਸਵੇਰ
ਕਿੰਨਾ ਕੁਝ ਸਾਂਝਾ ਹੈ
ਤੇਰੀ ਮੁਹੱਬਤ ਤੇ ਕੌਫੀ ਦੀ
ਯਾਤਰਾ ਵਿਚ...

**ਕਿਤਾਬ**

ਮੈਂ ਅਕਸਰ ਗੁਆਚ ਜਾਂਦਾ
ਪਲਟਦੇ ਸਫਿਆਂ ਅੰਦਰ
ਤੂੰ ਕਾਗ਼ਜ਼ ਦੀ ਕਿਤਾਬ
ਜਾਂ ਜ਼ਿੰਦਗੀ ਦੀ ਪੋਥੀ!

**ਕਾਇਨਾਤ**

ਮੋਹ ਦੀ ਝੀਲ ਕੰਢੇ
ਖੇਡਦੇ ਬੱਚੇ ਨੇ
ਤਾਰਿਆਂ ਦਾ ਬੁੱਕ ਭਰ
ਦੂਜੇ ਬੱਚੇ ਉਪਰ ਸੁੱਟ ਦਿੱਤਾ
ਅਤੇ ਪਿੰਡ ਵੱਲ ਭੱਜ ਗਿਆ

**ਆਪਣੇ ਤੋਂ ਪਾਰ**

ਪੈਰ ਵੀ ਮੈਂ ਸਾਂ
ਪੇਟ ਵੀ ਮੈਂ ਹੀ ਸਾਂ
ਸਿਰ ਵੀ ਮੈਂ ਸਾਂ...

ਸਿਰ ਤੋਂ ਅੱਗੇ ਤੂੰ ਸੀ
ਜਾਂ ਫਿਰ ਨੀਲਾ ਅਸਮਾਨ 000

***(Email: sodhiparminder@gmail.com   Phone: +81 90 5966 8670)***

# ਸੁਖਵਿੰਦਰ ਕੰਬੋਜ: ਦੋ ਕਵਿਤਾਵਾਂ

## ਸ਼ਬਦ ਤੇ ਐਟਮ

ਅੱਗੇ ਵਧ ਰਿਹਾ ਹੈ ਉਹ
ਐਟਮੀ ਹਥਿਆਰਾਂ ਦੇ ਜਹਾਜ਼ਾਂ 'ਤੇ, ਹੋ ਕੇ ਸਵਾਰ
ਤੇ ਡਰ ਰਿਹਾ ਹੈ...ਇਕ ਕਵੀ ਦੀਆਂ ਕਵਿਤਾਵਾਂ ਕੋਲੋਂ
ਕਿਉਂਕਿ ਜਾਣਦਾ ਹੈ ਉਹ
ਸ਼ਬਦ ਜੇ ਚਾਹੁਣ ਤਾਂ,ਐਟਮ ਤੋਂ ਵੀ ਵੱਧ
ਖ਼ਤਰਨਾਕ ਹੋ ਸਕਦੇ ਹਨ
ਇਸੇ ਲਈ ਉਹ
ਇਕ ਕਵੀ ਦੀਆਂ ਕਵਿਤਾਵਾਂ ਕੋਲੋ ਂਡਰਦਾ ਹੈ
ਕਵੀ ਦੇ ਜਿਸਮ ਵਾਂਗ ਨਹੀਂ
ਕਿ ਇਕ ਵਾਰ ਹੀ ਮਰੇ
ਉਹ ਤਾਂ ਵਾਰ ਵਾਰ, ਕਈ ਮੌਤਾਂ ਮਰਦਾ ਹੈ
ਤੇ ਸ਼ਬਦਾਂ ਦੇ ਰਤਾ ਕੁ ਹਿੱਲਣ 'ਤੇ
ਉਹ ਬਹੁਤ ਡਰਦਾ ਹੈ
ਹਿਊਗੋ ਚਾਵੇਜ਼ ਹੋਵੇ ਜਾਂ ਕਾਸਟਰੋ
ਉਹ ਹਰੇਕ ਤੋਂ ਡਰਦਾ ਹੈ
ਇਸੇ ਲਈ, ਉਹ ਐਟਮੀ ਹਥਿਆਰਾਂ ਦਾ ਪਰਦਾ ਕਰਦਾ ਹੈ
ਅੱਤਵਾਦ ਤਾਂ ਇਕ ਮੋਹਰਾ ਹੈ
ਅਸਲ ਵਿਚ ਉਹ ਸ਼ਬਦਾਂ ਤੋਂ ਹੀ ਡਰਦਾ ਹੈ
ਕਵੀ ਦੇ ਖ਼ੂਨ 'ਚ ਨਹਾਤੇ ਇਹ ਸ਼ਬਦ
ਲਖ਼ੂਖ਼ਾਂ ਮਿਹਨਤਾਂ ਦੀ ਛਾਂ 'ਚ ਪਲ਼ੇ, ਲੈਰੇ ਜਿਹੇ 'ਤੇ ਖੁਰਦਰੇ ਜਿਹੇ
ਇਨ੍ਹਾਂ ਸ਼ਬਦਾਂ ਤੋਂ ਉਹ ਬਹੁਤ ਡਰਦਾ ਹੈ
ਇਸ ਲਈ ਉਹਨੂੰ, ਹਰ ਹਵਾ ਸਾਜ਼ਿਸ਼ੀ ਲੱਗਦੀ ਹੈ
ਚਾਹੇ ਊਹ ਮਿਡਲ ਈਸਟ 'ਚ ਵਗੇ, ਜਾਂ ਦੱਖਣੀ ਅਮਰੀਕਾ ਵੱਲ
ਉਹ ਨਿੱਜੀ ਖ਼ਤਾਂ ਤਕ ਪੜ੍ਹਦਾ ਹੈ
ਟੈਲੀਫ਼ੋਨ 'ਤੇ ਗੱਲਾਂ ਸੁਣਦਾ ਹੈ
ਤੇ ਫਿਰ ਵੀ ਡਰਦਾ ਹੈ
ਪੰਛੀਆਂ ਦੀ ਚਹਿਚਹਾਟ ਨੂੰ ਵੀ ਉਹ ਹੁਣ
ਐਟਮੀ ਤਰੰਗਾਂ ਨਾਲ ਫੜਦਾ ਹੈ
ਉਹਨੂੰ ਪੰਛੀ ਜੰਗਲਾਂ 'ਚ ਨਹੀਂ,ਪਿੰਜਰੇ 'ਚ ਚੰਗੇ ਲੱਗਦੇ ਹਨ
ਬੇਸ਼ਰਮੀ ਨਾਲ ਝੁਕੇ ਸਿਰਾਂ ਨਾਲ
ਉਹ ਤਰ੍ਹਾਂ ਤਰ੍ਹਾਂ ਦੇ ਸਮਝੌਤੇ ਕਰਦਾ ਹੈ
ਕਦੇ ਪਰਮਾਣੂ ਉਰਜਾ, ਕਦੇ ਦਹਿਸ਼ਤਵਾਦ ਖ਼ਿਲਾਫ਼

ਇਕੱਠੇ ਲੜਨ ਲਈ, ਉਹ ਸਮਝੌਤੇ ਕਰਦਾ ਹੈ
ਕਮਾਲ ਹੈ! ਉਹ ਵੀ ਡਰਦਾ ਹੈ
ਤੇ ਡਰੇ ਵੀ ਕਿਉਂ ਨਾ ?
ਜਾਣਦਾ ਹੈ
ਸਦੀ ਇਹ ਹੋਵੇ ਜਾਂ ਪੱਥਰ ਯੁਗ
ਅੰਤ ਸ਼ਬਦਾਂ ਨੇ ਹੀ ਜਿੱਤਣਾ ਹੈ...

## ਨਸਲ ਕੁਸ਼ੀ

ਇਹ ਕੈਸਾ ਵਕਤ ਆਇਆ ਹੈ
ਕਿ ਰੁੱਖ਼ ਗਵਾਹੀਆਂ ਦਿੰਦੇ ਹਨ
ਪੰਜਾਬ/ ਭਾਰਤ ਮਰ ਰਿਹਾ ਹੈ
ਕਹਿਰ ਦਾ ਆਤੰਕ ਹੈ
ਪਰ ਕਿਤੇ ਗੋਲ਼ੀ ਦੀ ਆਵਾਜ਼ ਨਹੀਂ
ਨਸ਼ਿਆਂ ਦੀ ਕਾਲ਼ੀ-ਬੋਲੀ ਹਨ੍ਹੇਰੀ ਨੇ
ਇਕ ਨਸਲ ਅੰਨ੍ਹੀ ਕਰ ਦਿੱਤੀ ਹੈ...
ਪੰਜਾਬ ਸਾਨੂੰ ਹੁਣ
ਯੂਬਾ ਸਿਟੀ ਜਾਂ ਲੰਡਨ 'ਚੋਂ ਲੱਭਦਾ ਹੈ
ਵਿਸ਼ਵੀਕਰਨ ਦੀ ਚਾਬਕ
ਫ਼ੁੱਲਾਂ ਦਾ ਗੁਲਦਸਤਾ ਬਣ ਗਈ ਹੈ...
ਮੰਡੀ ਦਾ ਹੁਕਮ ਹੀ ਤੈਅ ਕਰਦਾ ਹੈ
ਮੇਰਾ ਦਿਨ ਗੁਲਾਬੀ ਰਹੇਗਾ
ਜਾਂ ਟੁੱਟੇ ਹੋਏ ਪੱਤੇ ਵਰਗਾ
ਬੇਕਾਰੀ ਨੇ ਮੈਨੂੰ ਹੀ ਨਹੀਂ
ਲੱਖਾਂ ਨੂੰ ਕੱਖਾਂ ਵਾਂਗ ਕਰ ਦਿੱਤਾ ਹੈ
ਤੇ ਮੇਰੀ ਝੁੱਗੀ ਨੂੰ
ਖੋਲ਼ੀ ਵਿਚ ਬਦਲਣ ਦਾ ਸੰਕਲਪ
ਵਾਰ-ਵਾਰ ਮੁਲਤਵੀ ਹੋ ਰਿਹੈ
ਹਰ ਵਾਰ ਮੇਰੇ ਹੀ ਸੁਪਨਿਆਂ ਨੂੰ
ਕਿਉਂ ਚਰ ਜਾਂਦਾ ਹੈ ਸੇਠਾਂ ਦਾ ਪਲ਼ਿਆ ਹੋਇਆ ਸਾਨ੍ਹ
ਪਿਆਰ ਦੀ ਰੁੱਤ ਵੀ ਹੁਣ ਤਾਂ ਪੈਸੇ ਨਾਲ ਖਿੜਦੀ ਹੈ
ਰੱਬ ਨਾਲੋਂ ਬਹੁਤੀ ਮੈਨੂੰ ਰੋਟੀ ਦੀ ਉਡੀਕ ਹੈ
ਓਹ ਮਨਾਂ ਛੱਡ ਇਹ ਥੋਥੇ ਜਿਹੇ ਖ਼ਿਆਲ
ਤੇ ਦਾਂਤੇਵਾੜਾ ਦੇ ਜੰਗਲਾਂ ਵੱਲ ਚੱਲ
ਜਿੱਥੇ ਅਜੇ ਵੀ ਸੁਪਨਿਆਂ ਦੀ ਬਾਤ ਤੁਰ ਰਹੀ ਹੈ
ਜਿੱਥੇ ਅਜੇ ਵੀ ਜ਼ਿੰਦਗੀ ਪਰ ਤੋਲ ਰਹੀ ਹੈ
ਨਸਲਕੁਸ਼ੀ 'ਚੋਂ ਬਚਣ ਲਈ... 000

***(1007 Meadow Brook Dr, Brentwood CA 94513 USA
Phone:1-925-308-3000)***

# ਮੋਹ ਦੀਆਂ ਤੰਦਾਂ: ਕਹਾਣੀ: ਸਾਧੂ ਬਿਨਿੰਗ

ਸ਼ੁਕਰਵਾਰ ਮੇਰਾ ਕੰਮ ਤੋਂ ਛੁੱਟੀ ਵਾਲਾ ਦਿਨ ਹੁੰਦਾ ਹੈ ਤੇ ਮੈਂ ਸਹਿਜ ਨਾਲ ਉੱਠਦਾ ਹਾਂ। ਕਾਫੀ ਦੇਰ ਤਕ ਮੰਜੇ 'ਤੇ ਪਿਆ ਕੁਝ ਨਾ ਕੁਝ ਪੜ੍ਹਦਾ ਰਹਿੰਦਾ ਹਾਂ। ਅੱਜ ਵੀ ਮੈਂ ਸਵੇਰ ਦਾ ਪਿਛਲੇ ਹਫਤੇ ਦੌਰਾਨ ਆਏ ਕੁਝ ਪੰਜਾਬੀ ਦੇ ਮੈਗਜ਼ੀਨ ਫੋਲ ਰਿਹਾ ਸੀ। ਪਹਿਲਾਂ ਮੈਂ ਇਕ ਵਾਰੀ ਸਾਰੇ ਦਾ ਸਾਰਾ ਮੈਗਜ਼ੀਨ ਇਕ ਸਿਰੇ ਤੋਂ ਲੈ ਕੇ ਦੂਜੇ ਤਕ ਫੋਲਦਾ ਹਾਂ। ਹਰ ਸਫੇ 'ਤੇ ਇਕ ਉਡਦੀ ਨਜ਼ਰ ਮਾਰਦਾ ਹਾਂ। ਜੇ ਕੋਈ ਪਛਾਣ ਵਾਲਾ ਨਾਂਅ ਜਾਂ ਕੋਈ ਨਵੀਂ ਚੀਜ਼ ਦਿਲਚਸਪ ਲੱਗੇ ਤਾਂ ਮੁੜ ਦੇਖਣ ਲਈ ਮਨ 'ਚ ਨੋਟ ਕਰ ਲੈਂਦਾ ਹਾਂ।

ਸਿੰਮੀ ਕੰਮ 'ਤੇ ਜਾਣ ਲੱਗੀ ਮੈਨੂੰ ਚਾਹ ਵੀ ਫੜਾ ਗਈ ਤੇ ਹਮੇਸ਼ਾਂ ਵਾਂਗ ਘਰ ਦੇ ਕੁਝ ਕੰਮਾਂ ਦਾ ਚੇਤਾ ਵੀ ਕਰਾ ਗਈ, "ਜੇ ਜਨਾਬ ਦਾ ਮੂਡ ਬਣਿਆਂ ਤਾਂ ਅਜੇ ਬੇਸਮਿੰਟ ਦੇ ਕਮਰੇ ਦਾ ਪੇਂਟ ਕਰਨ ਵਾਲਾ ਰਹਿੰਦਾ ਆ, ਨਾਲੇ ਉਹਦੇ ਲਈ ਕਾਰਪਿਟ ਵੀ ਲਿਆਉਣਾਂ। ਮੰਜੇ 'ਚ ਈ ਨਾ ਬਾਰਾਂ ਵਜੇ ਤਕ ਲੱਤਾਂ ਪਸਾਰ ਕੇ ਪਿਆ ਰਹੀਂ।"

ਮੈਂ ਚਾਹ ਪੀਂਦੇ ਨੇ ਇਕ ਮੈਗਜ਼ੀਨ ਵਿਚੋਂ ਆਪਣੇ ਇਕ ਦੋਸਤ ਦੀ ਲਿਖੀ ਹੋਈ ਕਹਾਣੀ ਪੜ੍ਹੀ। ਸਾਡੇ ਪਿੰਡ ਲਾਗੋ ਲਾਗੇ ਸਨ ਤੇ ਅਸੀਂ ਲਾਗਲੇ ਸ਼ਹਿਰ ਦੇ ਸਕੂਲੇ ਛੇਵੀਂ ਤੋਂ ਲੈ ਕੇ ਦਸਵੀਂ ਤਕ ਇਕੋ ਜਮਾਤ ਵਿਚ ਪੜ੍ਹੇ ਸਾਂ। ਇਕੱਠਿਆਂ ਨੇ ਕਾਲਿਜ ਵਿਚ ਦਾਖਲਾ ਲਿਆ। ਮੈਂ ਦੋ ਕੁ ਸਾਲਾਂ ਬਾਅਦ ਕਨੇਡਾ ਆ ਗਿਆ ਅਤੇ ਉਹ ਐੱਮ ਏ ਕਰ ਕੇ ਸਾਡੇ ਉਸੇ ਕਾਲਿਜ ਵਿਚ ਪੜ੍ਹਾਉਣ ਲੱਗ ਪਿਆ। ਕਹਾਣੀ ਸਾਡੇ ਸ਼ਹਿਰ ਵਾਲੇ ਸਕੂਲ ਦੇ ਦਿਨਾਂ ਬਾਰੇ ਸੀ। ਅਸੀਂ ਆਸ ਪਾਸ ਦੇ ਤਿੰਨ ਚਾਰ ਪਿੰਡਾਂ ਦੇ ਮੁੰਡੇ ਕੁੜੀਆਂ ਗੱਡੀ ਵਿਚ ਸ਼ਹਿਰ ਪੜ੍ਹਨ ਜਾਂਦੇ। ਸਾਡਾ ਸ਼ੌਕ ਪੜ੍ਹਨ ਦੇ ਨਾਲ ਨਾਲ ਸਕੂਲੋਂ ਖਿਸਕ ਕੇ ਫਿਲਮਾਂ ਦੇਖਣੀਆਂ ਹੁੰਦਾ। ਛੋਟੇ ਜਿਹੇ ਸ਼ਹਿਰ 'ਚ ਇਕੋ ਸਿਨਮਾ ਸੀ ਤੇ ਸੀ ਵੀ ਉਹ ਬੱਸਾਂ ਦੇ ਅੱਡੇ ਲਾਗੇ। ਇਸ ਤਰ੍ਹਾਂ ਕਈ ਵਾਰੀ ਸਾਡੀ ਇਸ ਚੋਰੀ ਦਾ ਘਰ ਦਿਆਂ ਨੂੰ ਵੀ ਪਤਾ ਲੱਗ ਜਾਂਦਾ ਪਰ ਹਟਦੇ ਅਸੀਂ ਫੇਰ ਵੀ ਨਾ। ਸਾਡੇ ਨਾਲ ਗੱਡੀ 'ਚ ਨਿੱਤ ਆਉਂਦੀਆਂ ਜਾਂਦੀਆਂ ਕੁੜੀਆਂ ਦਾ ਮੁਕਾਬਲਾ ਅਸੀਂ ਸਾਧਨਾ, ਵਜੰਤੀ ਮਾਲਾ ਤੇ ਮੀਨਾ ਕੁਮਾਰੀ ਨਾਲ ਕਰਦੇ। ਕਈ ਵਾਰੀ ਆਪਣੀ ਗੱਲ ਇਕ ਦੂਜੇ ਨੂੰ ਮਨਾਉਣ ਲਈ ਲੜਦੇ ਝਗੜਦੇ ਵੀ। ਅਸੀਂ ਉਸ ਸਮੇਂ ਦੇ ਦੂਰੋਂ ਦੂਰੋਂ ਮੁਹੱਬਤ ਕਰਨ ਵਾਲੇ ਭਾਰਤੀ ਹਜੂਮ ਵਿਚੋਂ ਸਾਂ। ਕੁੜੀਆਂ ਨਾਲ ਸਿੱਧੀ ਗੱਲ ਕਰਨ ਦੀ ਹਿੰਮਤ ਨਹੀਂ ਸੀ ਹੁੰਦੀ। ਸਾਡੇ ਨਾਲ ਗੱਡੀ ਵਿਚ ਆਉਣ ਜਾਣ ਵਾਲੀ ਇਕ ਕੁੜੀ ਸਾਨੂੰ ਦੋਵਾਂ ਨੂੰ ਖਾਸ ਤੌਰ 'ਤੇ ਬਹੁਤ ਸੋਹਣੀ ਲਗਦੀ। ਅਸੀਂ ਉਹਦਾ ਨਾਂ ਸਾਇਰਾ ਬਾਨੋ ਰੱਖਿਆ ਹੋਇਆ ਸੀ। ਸਾਡਾ ਸਕੂਲ ਗੱਡੀ ਦੇ ਸਟੇਸ਼ਨ ਤੋਂ ਲਹਿੰਦੇ ਪਾਸੇ ਸੀ ਤੇ ਕੁੜੀਆਂ ਦਾ ਸਕੂਲ ਦੂਜੇ ਪਾਸੇ ਸ਼ਹਿਰ ਦੇ ਐਨ ਵਿਚਕਾਰ ਕਰਕੇ ਸੀ। ਗੱਡੀਓਂ ਉੱਤਰ ਕੇ ਕਈ ਵਾਰੀ ਅਸੀਂ ਕੁੜੀਆਂ ਮਗਰ ਤੁਰੇ ਜਾਂਦੇ ਤੇ ਫੇਰ ਮੁੜ ਕੇ ਆਪਣੇ ਸਕੂਲ ਨੂੰ ਆਉਂਦੇ। ਉਹ ਕੁੜੀ ਵੀ ਆਪਣੀਆਂ ਸਹੇਲੀਆਂ ਨਾਲ ਤੁਰੀ ਜਾਂਦੀ ਕਦੇ ਕਦੇ ਸਾਡੇ ਵੱਲ ਦੇਖ ਕੇ ਹੱਸ ਪੈਂਦੀ। ਸਾਡੇ ਇਸੇ ਤਰ੍ਹਾਂ ਦੇ ਇਕ ਪਾਸੜ ਇਸ਼ਕ ਦੀ ਉਦਾਸ ਦਾਸਤਾਨ ਸੀ ਮੇਰੇ ਦੋਸਤ ਦੀ ਕਹਾਣੀ ਵਿਚ। ਪੜ੍ਹ ਕੇ ਮੇਰੇ ਅੰਦਰ ਬੀਤੇ ਲਈ ਇਕ ਅਜੀਬ ਕਿਸਮ ਦੀ ਤੜਪ ਪੈਦਾ ਹੋ ਗਈ। ਕਹਾਣੀ ਲੰਮੀ ਨਹੀਂ ਸੀ, ਛੇਤੀ ਪੜ੍ਹੀ ਗਈ। ਪਰ ਮੈਨੂੰ ਉਹ ਕਈ ਦਹਾਕੇ ਪਹਿਲਾਂ ਛੱਡੇ ਪਿੰਡਾਂ ਥਾਵਾਂ ਵੱਲ ਧੂਹ ਕੇ ਲੈ ਗਈ। ਮੈਨੂੰ ਘੋਰ ਉਦਾਸੀ ਮਹਿਸੂਸ ਹੋਈ।

ਇਹੋ ਜਿਹੀ ਉਦਾਸੀ ਹੁਣ ਮੈਂ ਕਈ ਵਰ੍ਹਿਆ ਤੋਂ ਨਹੀਂ ਸੀ ਹੰਢਾਈ। ਮੈਂ ਆਪਣੇ ਆਲੇ ਦੁਆਲੇ ਨਿਗ੍ਹਾ ਮਾਰੀ ਤਾਂ ਲੱਗਾ ਜਿੱਦਾਂ ਮੈਂ ਕਿਸੇ ਉਜਾੜ ਬੀਆਬਾਨ ਵਿਚ ਇਕੱਲਾ ਬੈਠਾ ਹੋਵਾਂ। ਕਿਸੇ ਪਾਸੇ ਵੀ ਕੋਈ ਜਾਣ ਪਛਾਣ ਵਾਲੀ ਚੀਜ਼ ਨਜ਼ਰ ਨਹੀਂ ਸੀ ਆ ਰਹੀ। ਮੈਂ ਆਪਣੇ ਘਰ ਦੀ

ਵੱਡੇ ਸਾਰੇ ਸ਼ੀਸ਼ੇ ਵਾਲੀ ਬਾਰੀ ਵਿਚੋਂ ਬਾਹਰ ਨਿਗ੍ਹਾ ਮਾਰੀ। ਸਾਡੇ ਘਰੋਂ ਦਿਸਦੇ ਖ਼ੂਬਸੂਰਤ ਪਹਾੜ ਤੇ ਦਰਿਆ ਮੈਨੂੰ ਨਜ਼ਰ ਤਕ ਨਾ ਆਏ। ਖਲਾਅ ਵਿਚ ਦੇਖਦਾ ਤੇ ਸਮੇਂ ਦੀ ਧੂੜ 'ਚ ਗੁਆਚਾ ਕੁਝ ਭਾਲਣ ਦੀ ਕੋਸ਼ਿਸ਼ ਕਰ ਰਿਹਾ ਸਾਂ। ਉੱਥੇ ਨਾ ਕੋਈ ਬਚਪਨ ਦਾ ਸਾਥੀ ਸੀ ਨਾ ਕੋਈ ਜਾਣ ਪਛਾਣ ਵਾਲੀ ਜਗ੍ਹਾ। ਮੈਂ ਪਿੰਡ ਦਾ ਬੋਹੜ ਭਾਲ਼ ਰਿਹਾ ਸਾਂ ਜਿਸ ਉੱਪਰ ਅਸੀਂ ਜੰਗ ਪਲੰਘਾ ਖੇਡਦੇ ਤੇ ਛੱਪੜ ਵਿਚ ਛਾਲ਼ਾਂ ਮਾਰਦੇ। ਮੈਂ ਉਹ ਪਿੱਪਲ ਲੱਭਦਾ ਸੀ ਜਿਸ ਦੁਆਲੇ ਪਿੰਡ ਦੀਆਂ ਖਤਰਾਣੀਆਂ ਆਪਣੇ ਸੁਹਾਗ ਦੀ ਰੱਖਿਆ ਵਾਸਤੇ ਸੂਤ ਦੇ ਧਾਗੇ ਲਪੇਟਿਆ ਕਰਦੀਆਂ। ਮੈਂ ਉੱਚੇ ਜਿਹੇ ਢੇਰੇ 'ਤੇ ਜਠੇਰਿਆਂ ਵਾਲੀ ਮਟੀ ਦੇਖਣ ਦੀ ਕੋਸ਼ਿਸ਼ ਕਰ ਰਿਹਾ ਸੀ ਜਿਸ ਵੱਲ ਕੋਈ ਨਾ ਕੋਈ ਔਰਤ ਮੱਥਾ ਟੇਕਣ ਤੁਰੀ ਹੁੰਦੀ। ਮੈਨੂੰ ਨਾ ਕੋਈ ਟਾਹਲੀ, ਨਿੰਮ, ਡੇਕ, ਨਾ ਖੂਹ 'ਤੇ ਲੱਗੇ ਤੂਤ ਨਾ ਜਾਮਣਾਂ, ਕੁਝ ਵੀ ਨਜ਼ਰ ਨਹੀਂ ਸੀ ਆ ਰਿਹਾ। ਨਾ ਮੈਨੂੰ ਉਹ ਕੱਚੇ ਪੱਕੇ ਕੋਠੇ ਦਿਸੇ ਤੇ ਨਾ ਕੋਠਿਆਂ 'ਤੇ ਸੁੱਕਣੀਆਂ ਪਾਈਆਂ ਛੱਲੀਆਂ। ਨਾ ਇਕ ਬਨੇਰੇ ਤੋਂ ਦੂਜੇ 'ਤੇ ਉੱਡ ਉੱਡ ਬੈਠਦੀਆਂ ਚਿੜੀਆਂ ਤੇ ਸ਼ਾਰਕਾਂ ਦਿਸੀਆਂ, ਨਾ ਗੁਆਂਢੀਆਂ ਦੀ ਛੱਤ 'ਤੇ ਸੁਸਤ ਬੈਠੇ ਘੁੱਗੀਆਂ ਤੇ ਕਬੂਤਰ। ਨਾ ਗਲੀ 'ਚ ਸਬਜ਼ੀਆਂ ਵੇਚਣ ਆਏ ਬਚਨ ਦੀ ਆਵਾਜ਼ ਸੀ, ਨਾ ਕਿਸੇ ਮੰਗਤੇ ਦੀਆਂ ਉੱਚੀ ਉੱਚੀ ਦਿੱਤੀਆਂ ਅਸੀਸਾਂ। ਨਾ ਗਲ਼ੀ 'ਚ ਫਿਰਦੇ ਅਵਾਰਾ ਕੁੱਤੇ ਨੂੰ ਅੰਦਰ ਵੜਨੋ ਰੋਕਦੀ ਕਿਸੇ ਸਿਆਣੀ ਗੁਆਂਢਣ ਔਰਤ ਦੀ ਕੜਕਵੀਂ ਆਵਾਜ਼। ਆਪਣੀ ਤਾਕੀ ਵਿਚੋਂ ਇਹ ਸਭ ਕੁਝ ਭਾਲ਼ਦਾ ਮੈਂ ਘੋਰ ਉਦਾਸੀ ਦੀ ਕਿਸੇ ਡੂੰਘੀ ਖੱਡ ਵਿਚ ਡਿੱਗ ਪਿਆ ਸਾਂ।

ਮੈਂ ਬੜੇ ਬੁਝੇ ਜਿਹੇ ਮਨ ਨਾਲ ਬਾਥਰੂਮ ਗਿਆ। ਬੁਰਸ਼ ਕੀਤਾ। ਮੇਰਾ ਹਿੱਲਣ ਤਕ ਨੂੰ ਜੀਅ ਨਾ ਕਰੇ, ਜਿਵੇਂ ਹੱਥਾਂ ਪੈਰਾਂ ਵਿਚ ਤਾਕਤ ਨਾ ਰਹੀ ਹੋਵੇ। ਜੇ ਸਿੰਮੀ ਘਰ ਹੁੰਦੀ ਤਾਂ ਉਹਨੇ ਮੇਰਾ ਮੂਡ ਦੇਖ ਕੇ ਕਈ ਕਿਸਮ ਦੇ ਬੋਲੇ ਕੱਸਣੇ ਸਨ। ਉਦਾਸੀ ਦੇ ਆਲਮ ਵਿਚ ਮੈਂ ਸ਼ਾਵਰ ਲਿਆ। ਵਾਲ਼ਾਂ 'ਚ ਕੰਘੀ ਫੇਰਨ ਲੱਗਿਆਂ ਸ਼ੀਸ਼ੇ 'ਚ ਦੇਖਿਆ ਤਾਂ ਯਾਦ ਆਇਆ ਕਿ ਅੱਜ ਤਾਂ ਮੈਂ ਵਾਲ਼ ਕਟਾਉਣੇ ਸਨ। ਵਾਲ਼ ਕਾਫੀ ਲੰਬੇ ਹੋ ਗਏ ਸਨ ਤੇ ਹੁਣ ਤਾਂ ਸਿੰਮੀ ਵੀ ਦੋ ਤਿੰਨ ਵਾਰ ਚੇਤਾ ਕਰਾ ਚੁੱਕੀ ਸੀ। ਹੁਣ ਉਹਨੇ ਅਗਲੀ ਵਾਰੀ ਕਹਿਣਾ ਸੀ, "ਹੋਰ ਨਹੀਂ ਸੀ ਕੁਛ ਕਰਨਾ ਤਾਂ ਘੱਟੋ ਘੱਟ ਆਹ ਝਾਟੇ ਨੂੰ ਤਾਂ ਅੱਗ ਲੁਆ ਲਿਆਉਂਦਾ ਕਿ ਇਹ ਵੀ ਹੁਣ ਮੈਂ ਤੇਰੀ ਥਾਂ ਜਾ ਕੇ ਹਜਾਮਤ ਕਰਾਵਾਂ। ਤਕਾਲਾਂ ਨੂੰ ਪੇਂਡੂਆਂ ਦੀ ਪਾਰਟੀ ਆ, ਉੱਥੇ ਚੰਗਾ ਲੱਗੇਂਗਾ ਹੈਦਾਂ।" ਵਾਲ਼ ਕਟਾਉਣ ਤਾਂ ਅੱਜ ਜਾਣਾ ਹੀ ਪੈਣਾ ਸੀ। ਮੈਂ ਡੂੰਘਾ ਸਾਹ ਲੈ ਕੇ ਆਪਣੇ ਆਪ ਨੂੰ ਬਾਹਰ ਜਾਣ ਲਈ ਤਿਆਰ ਕੀਤਾ।

ਦਰਅਸਲ ਪਿਛਲੇ ਸ਼ੁਕਰਵਾਰ ਵੀ ਮੈਂ ਗਿਆ ਸੀ ਵਾਲ਼ ਕਟਾਉਣ। ਪਰ ਜਦ ਦੇਵ ਦੀ ਦੁਕਾਨ ਅੰਦਰ ਵੜਿਆ ਤਾਂ ਉੱਥੇ ਬੜਾ ਕੁਝ ਬਦਲਿਆ ਨਜ਼ਰ ਆਇਆ। ਮੈਂ ਸਾਲ ਵਿਚ ਤਿੰਨ ਚਾਰ ਵਾਰ ਹਜਾਮਤ ਕਰਾਉਂਦਾ ਪਰ ਜਾਂਦਾ ਹਮੇਸ਼ਾ ਆਪਣੇ ਵਾਕਿਫ ਦੇਵ ਦੀ ਦੁਕਾਨ 'ਤੇ ਹੀ। ਉਹਦਾ ਭਰਾ ਸਾਡੇ ਪਿੰਡ ਵਿਆਹਿਆ ਹੋਇਆ ਹੈ। ਦੇਵ ਮੇਰੇ ਨਾਲੋਂ ਚਾਰ ਪੰਜ ਸਾਲ ਛੋਟਾ ਹੈ। ਉਹਦਾ ਹੌਲ਼ੀ ਹੌਲ਼ੀ ਗੱਲਾਂ ਕਰਨਾ ਤੇ ਕਦੇ ਵੀ ਕਾਹਲ਼ ਨਾ ਦਿਖਾਉਣਾ ਮੈਨੂੰ ਬੜਾ ਚੰਗਾ ਲਗਦਾ। ਉਹ ਮੈਨੂੰ ਬੜੀਆਂ ਮਜ਼ੇਦਾਰ ਗੱਲਾਂ ਸੁਣਾਉਂਦਾ। ਇੱਥੇ ਰਹਿੰਦੇ ਸਾਡੇ ਪਿੰਡ ਦੇ ਸਾਰੇ ਲੋਕਾਂ ਨੂੰ ਦੇਵ ਵੀ ਜਾਣਦਾ ਸੀ। ਪਿਛਲੀ ਵਾਰੀ ਉਹਨੇ ਸਾਡੇ ਪਿੰਡ ਦੀ ਇਕ ਔਰਤ ਦੀ ਕਹਾਣੀ ਦੱਸੀ, "ਭਾਅ ਜੀ ਇਕ ਦਿਨ ਦੁਕਾਨ 'ਚ ਤੁਹਾਡੇ ਪਿੰਡ ਆਲੀ ਭਜਨ ਕੌਰ ਆਈ, ਆਪਣੇ ਨੌਂ ਕੁ ਸਾਲ ਦੇ ਪੋਤੇ ਦੇ ਵਾਲ਼ ਕਟਾਉਣ।" ਭਜਨ ਕੌਰ ਬਾਰੇ ਮੈਂ ਆਪਣੇ ਪੇਂਡੂਆਂ ਤੋਂ ਹੋਰ ਵੀ ਕਈ ਬੜੀਆਂ ਹਸਾਉਣੀਆਂ ਗੱਲਾਂ ਸੁਣੀਆਂ ਹੋਈਆਂ ਸਨ। ਮੇਰੀ ਦਿਲਚਸਪੀ ਕੁਦਰਤੀ ਵਧ ਗਈ।

ਦੇਵ ਨੇ ਗੱਲ ਜਾਰੀ ਰੱਖੀ, "ਭਾਅ ਜੀ ਭਜਨ ਕੌਰ ਆਉਂਦੀ ਨੇ ਆਪਣਾ ਵੱਡਾ ਸਾਰਾ ਪਰਸ ਕੁਰਸੀ 'ਤੇ ਠਾਹ ਕਰਕੇ ਮਾਰਿਆ ਤੇ ਲੱਗ ਪਈ ਉੱਚੀ ਉੱਚੀ ਮੈਨੂੰ ਹਿਦਾਇਤਾਂ ਦੇਣ, 'ਦੇਵ ਮੇਰਾ ਵੀਰ ਬਣ ਕੇ ਮੁੰਡੇ ਦਾ ਸੋਹਣਾ ਜਿਹਾ ਸਿਰ ਮੁੰਨੀਂ। ਅਸੀਂ ਅਗਲੀ ਵੀਕੇ ਟਰਾਂਟੋਂ ਨੂੰ ਵਿਆਹ 'ਤੇ ਜਾਣਾਂ। ਮੈਂ ਤਾਂ ਉੱਦਾਂ ਕਹਿੰਦੀ ਸੀ ਮੁੰਡੇ ਦਾ ਸਿਰ ਨਾ ਈ ਮੁਨਾਈਏ। ਇਹਨੂੰ ਅਮਰਤ ਛਕਾ ਦਈਏ। ਇੰਡੀਆ ਤੋਂ ਬਹੁਤ ਸੋਹਣੇ ਬਾਬੇ ਆਏ ਹੋਏ ਆ ਵੱਡੇ ਗੁਰਦਵਾਰੇ। ਰੋਜ ਤਕਾਲਾਂ ਨੂੰ

ਕੀਰਤਨ ਕਰਦੇ ਆ। ਕਈਆਂ ਨੇ ਅਮਰਤ ਛਕੇ ਆ। ਪਰ ਏਥੇ ਕੋਈ ਮੰਨੇ ਵੀ। ਵੀਰਾ ਕੋਈ ਨਈਂ ਮੰਨਦਾ ਏਥੇ ਕਿਸੇ ਦੀ।' ਮੈਂ ਅੱਛਾ ਮਾਸੀ ਜੀ ਕਹਿ ਕੇ ਮੁੰਡੇ ਦੀ ਹਜਾਮਤ ਕਰਨ ਲੱਗ ਪਿਆ। ਉਹ ਸਾਰਾ ਸਮਾਂ ਮੇਰੇ ਬਰਾਬਰ ਖੜ੍ਹੀ ਰਹੀ ਤੇ ਆਰਡਰ ਦਿੰਦੀ ਰਹੀ। ਜਦੋਂ ਮੈਂ ਹਜਾਮਤ ਕਰ ਹਟਿਆ ਤਾਂ ਪਰਸ ਚੁੱਕ ਕੇ ਠੱਪ ਠੱਪ ਕਰਦੀ ਮੁੰਡੇ ਨੂੰ ਲੈ ਕੇ ਤੁਰ ਪਈ। ਦਰਵਾਜੇ ਕੋਲ ਜਾ ਕੇ ਮੁੰਡਾ ਕਹਿੰਦਾ 'ਬੇਬੇ ਤੂੰ ਅੰਕਲ ਨੂੰ ਮਨੀ ਦਿੱਤੀ ਈ ਨਹੀਂ।' ਆਪਣੇ ਪੋਤੇ ਨੂੰ ਝੰਜੋੜਾ ਜਿਹਾ ਮਾਰ ਕੇ ਕਹਿੰਦੀ, 'ਲੈਅ ਹੈ ਕਮਲ਼ਾ, ਦੇਵ ਤਾਂ ਸਾਡੇ ਘਰ ਦਾ ਬੰਦਾ ਆ। ਕੋਈ ਘਰਦਿਆਂ ਨੂੰ ਵੀ ਕਿਤੇ ਪੈਸੇ ਦਿੰਦਾ ਹੁੰਦਾ।' ਮੈਂ ਭਲਾ ਕੀ ਕਹਿੰਦਾ, ਸਗੋਂ ਮੇਰਾ ਸਾਂਝੀ ਮੇਰੀ ਵੱਲ ਕਹਿਰੀਆਂ ਅੱਖਾਂ ਨਾਲ ਦੇਖੇ।"

ਮੈਂ ਪਿਛਲੇ ਦਸ ਬਾਰਾਂ ਸਾਲਾਂ ਤੋਂ ਦੇਵ ਦੀ ਦੁਕਾਨ ਤੋਂ ਬਿਨਾਂ ਹੋਰ ਕਿਤੇ ਗਿਆ ਹੀ ਨਹੀਂ ਸਾਂ। ਪਰ ਜਦੋਂ ਪਿਛਲੇ ਸ਼ੁਕਰਵਾਰ ਮੈਂ ਗਿਆ ਤਾਂ ਪਤਾ ਲੱਗਾ ਕਿ ਦੇਵ ਤਾਂ ਦੋ ਤਿੰਨ ਮਹੀਨੇ ਲਈ ਪਿੰਡ ਨੂੰ ਚਲੇ ਗਿਆ ਸੀ। ਦੁਕਾਨ ਉਹਨੇ ਪੱਕੇ ਤੌਰ 'ਤੇ ਆਪਣੇ ਸਾਂਝੀ ਨੂੰ ਦੇ ਦਿੱਤੀ ਸੀ। ਉਹਦੇ ਸਾਂਝੀ ਨੇ ਦੁਕਾਨ ਦਾ ਹੁਲੀਆ ਹੀ ਬਦਲ ਦਿੱਤਾ ਸੀ। ਗਾਹਕਾਂ ਦੇ ਬੈਠਣ ਲਈ ਦੋ ਨਵੀਂਆਂ ਕੁਰਸੀਆਂ ਸਨ ਜਿੱਥੇ ਪਹਿਲਾਂ ਇਕ ਹੀ ਹੁੰਦੀ ਸੀ ਤੇ ਕੰਮ ਕਰਨ ਵਾਲਾ ਪਤਲਾ ਬੀਮਾਰ ਜਿਹਾ ਦਿਸਦਾ ਬੰਦਾ ਵੀ ਨਵਾਂ ਸੀ। ਉਹ ਦੋਵੇਂ ਗਾਹਕਾਂ ਨਾਲ ਰੁੱਝੇ ਹੋਏ ਸਨ। ਦੋ ਬੰਦੇ ਬੈਠੇ ਆਪਣੀ ਵਾਰੀ ਉਡੀਕਦੇ ਸੀ। ਮੈਂ ਦੋ ਕੁ ਪਲ ਬੈਠਾ ਤੇ ਫੇਰ ਮੁੜ ਆਉਣ ਦਾ ਬਹਾਨਾ ਜਿਹਾ ਲਾ ਕੇ ਉੱਠ ਆਇਆ।

ਸੋ ਅੱਜ ਮੈਨੂੰ ਕਿਸੇ ਹੋਰ ਦੁਕਾਨ ਦੀ ਭਾਲ਼ ਕਰਨੀ ਪੈਣੀ ਸੀ। ਦੇਵ ਨੂੰ ਤਾਂ ਮੈਂ ਕਦੇ ਦੱਸਿਆ ਹੀ ਨਹੀਂ ਸੀ ਕਿ ਕਿੱਧਰੋਂ ਕਿੰਨੇ ਕੁ ਵਾਲ਼ ਕੱਟਣੇ ਹਨ ਜਾਂ ਨਹੀਂ। ਮੈਂ ਜਾ ਕੇ ਉਹਦੀ ਕੁਰਸੀ 'ਤੇ ਬੈਠ ਜਾਂਦਾ। ਉਹ ਭਾਅ ਜੀ ਭਾਅ ਜੀ ਕਰਦਾ ਨਾਲੇ ਮੈਨੂੰ ਗੱਲਾਂ ਸੁਣਾਉਂਦਾ ਰਹਿੰਦਾ ਨਾਲੇ ਵਾਲ਼ ਕੱਟ ਦਿੰਦਾ। ਮੈਂ ਉੱਠ ਕੇ ਉਹਨੂੰ ਪੈਸੇ ਦੇ ਕੇ ਆ ਜਾਂਦਾ। ਕਦੀ ਸਿਰ ਵੱਲ ਬਹੁਤਾ ਧਿਆਨ ਹੀ ਨਹੀਂ ਸੀ ਦਿੱਤਾ। ਪਤਾ ਹੁੰਦਾ ਸੀ ਕਿ ਸਭ ਠੀਕ ਹੀ ਹੋਣਾ ਹੈ।

ਇਕ ਤਾਂ ਸਵੇਰੇ ਕਹਾਣੀ ਪੜ੍ਹਨ ਨਾਲ ਮੈਨੂੰ ਲਗਦਾ ਸੀ ਜਿਸ ਤਰ੍ਹਾਂ ਮੈਂ ਆਪਣੇ ਸਭ ਕੁਝ ਨਾਲੋਂ ਟੁੱਟ ਕੇ ਖਲਾਅ ਵਿਚ ਘੁੰਮਦੀ ਕੋਈ ਸ਼ੈਅ ਹੋਵਾਂ ਜਿਸ ਨਾਲ ਕਿਸੇ ਵੀ ਆਸ ਪਾਸ ਦੀ ਚੀਜ਼ ਦਾ ਕੋਈ ਵਾਸਤਾ ਨਾ ਹੋਵੇ। ਤੇ ਹੁਣ ਦੇਵ ਦਾ ਉੱਥੇ ਨਾ ਹੋਣਾ ਵੀ ਮੇਰੀ ਇਸ ਉਦਾਸੀ ਵਿਚ ਰਲ਼ ਗਿਆ। ਮਨ ਬੇਹੱਦ ਉਚਾਟ ਹੋ ਗਿਆ। ਮੇਰਾ ਜੀਅ ਕਰੇ ਕਿ ਮੈਂ ਹੁਣੇ ਜਹਾਜ਼ ਵਿਚ ਜਾ ਬੈਠਾਂ ਤੇ ਪਿੰਡ ਪਹੁੰਚ ਜਾਵਾਂ।

ਚਿੱਤ ਕਰੇ ਕਿ ਕੋਈ ਪੁਰਾਣੀਆਂ ਗੱਲਾਂ ਕਰਨ ਵਾਲਾ ਯਾਰ ਦੋਸਤ ਮਿਲੇ। ਪਰ ਅੱਜ ਸ਼ੁਕਰਵਾਰ ਸਵੇਰੇ ਸਵੇਰੇ ਕੌਣ ਘਰ ਹੋਵੇਗਾ ਤੇ ਜੇ ਕੋਈ ਹੋਇਆ ਵੀ ਤਾਂ ਕਿਹਦੇ ਕੋਲ਼ ਸਮਾਂ ਹੋਵੇਗਾ ਵਿਹਲੀਆਂ ਗੱਪਾਂ ਲਈ। ਬਹੁਤ ਨਿੱਘਰੇ ਰੌਂਅ ਵਿਚ ਮੈਂ ਘਰੋਂ ਨਿਕਲਿਆ। ਗੈਰਾਜ ਵਿਚੋਂ ਕਾਰ ਕੱਢੀ ਤੇ ਪਹਿਲਾਂ ਬੈਂਕ ਜਾਣ ਬਾਰੇ ਸੋਚਿਆ। ਮੈਂ ਕਾਰ ਰੰਬਲ੍ਹ ਸਟਰੀਟ ਤੋਂ ਰੋਆਇਲ ਓਕ 'ਤੇ ਮੋੜੀ ਤਾਂ ਮੈਨੂੰ ਸਾਹਮਣੇ ਈਲੀਓ ਨਾਈ ਦੀ ਦੁਕਾਨ ਦਿਸੀ। ਅਚਾਨਕ ਮੈਨੂੰ ਕਈ ਕੁਝ ਪੁਰਾਣਾ ਚੇਤੇ ਆ ਗਿਆ। ਅਸੀਂ ਇਸ ਗੁਆਂਢ 'ਚ ਸਤਾਰਾਂ ਅਠਾਰਾਂ ਸਾਲ ਰਹੇ ਸਾਂ ਤੇ ਪੰਦਰਾਂ ਕੁ ਸਾਲ ਪਹਿਲਾਂ ਏਥੋਂ ਮੂਵ ਹੋਏ ਸਾਂ। ਤੇ ਇਨ੍ਹਾਂ ਦੁਕਾਨਾਂ ਤੋਂ ਅੱਧੇ ਕੁ ਬਲਾਕ 'ਤੇ ਸਾਡਾ ਘਰ ਹੁੰਦਾ ਸੀ। ਮੈਂ ਹਮੇਸ਼ਾਂ ਈਲੀਓ ਦੀ ਦੁਕਾਨ ਤੋਂ ਹਜਾਮਤ ਕਰਾਉਂਦਾ ਹੁੰਦਾ ਸਾਂ। ਉਸ ਨੇ ਵੀ ਦੁਕਾਨ ਉਸੇ ਸਾਲ ਖੋਲ੍ਹੀ ਸੀ ਜਿਸ ਸਾਲ ਅਸੀਂ ਉਸ ਘਰ ਵਿਚ ਮੂਵ ਹੋਏ ਸਾਂ। ਪਹਿਲਾਂ ਪਹਿਲਾਂ ਉਹਨੂੰ ਵੀ ਮੇਰੇ ਵਾਂਗ ਅੰਗ੍ਰੇਜ਼ੀ ਪੂਰੀ ਨਹੀਂ ਸੀ ਆਉਂਦੀ। ਹੌਲ਼ੀ ਹੌਲ਼ੀ ਸਾਡੀ ਜਾਣ ਪਛਾਣ ਕਨੇਡੀਅਨ ਦੋਸਤੀ ਵਰਗੀ ਹੋ ਗਈ ਸੀ, ਜਾਣੀ ਕਿ ਅਸੀਂ ਲੰਘਦੇ ਵੜਦੇ ਜ਼ਰੂਰ ਇਕ ਦੂਜੇ ਨੂੰ ਹੈਲੋ ਕਹਿੰਦੇ। ਸਾਡੇ ਅਤੇ ਹੋਰ ਗੁਆਂਢੀਆਂ ਦੇ ਨਿਆਣੇ ਇਨ੍ਹਾਂ ਦੁਕਾਨਾਂ ਦੇ ਆਲ਼ੇ ਦੁਆਲ਼ੇ ਆਪਣੇ ਨਿੱਕੇ ਨਿੱਕੇ ਸਾਈਕਲਾਂ 'ਤੇ ਜਾਂ ਰੋਲਰ ਸਕੇਟਾਂ 'ਤੇ ਚੜ੍ਹੇ ਖੇਡਦੇ। ਈਲੀਓ ਦੀ ਦੁਕਾਨ ਦੇ ਨਾਲ ਇਕ ਸਾਈਕਲ ਤੇ ਘਾਹ ਕੱਟਣ ਵਾਲੀਆਂ ਮਸ਼ੀਨਾਂ ਠੀਕ ਕਰਨ ਵਾਲੀ ਦੁਕਾਨ ਹੁੰਦੀ ਸੀ। ਉਸ ਦੁਕਾਨ ਦਾ ਮਾਲਕ ਸਕਾਟ ਕਾਫੀ

ਸਿਆਣੀ ਉਮਰ ਦਾ ਬੜਾ ਸਾਊ ਬੰਦਾ ਸੀ। ਈਲੀਓ ਤੇ ਸਕਾਟ ਦੋਵੇਂ ਸਾਡੇ ਨਿਆਣਿਆਂ ਦਾ ਪੂਰਾ ਖਿਆਲ ਰੱਖਦੇ। ਸਾਨੂੰ ਕਦੇ ਕੋਈ ਫਿਕਰ ਨਹੀਂ ਸੀ ਹੋਇਆ।

ਪੁਰਾਣੀਆਂ ਗੱਲਾਂ ਚੇਤੇ ਕਰਦਾ ਮੈਂ ਕਾਰ ਖੜ੍ਹੀ ਕਰ ਕੇ ਈਲੀਓ ਦੀ ਦੁਕਾਨ ਵਿਚ ਵੜ ਗਿਆ। ਉਹਦੀ ਦੁਕਾਨ ਵਿਚ ਕੋਈ ਖਾਸ ਫਰਕ ਨਹੀਂ ਸੀ ਪਿਆ। ਗੂਹੜੇ ਲਾਲ ਰੰਗ ਦੇ ਚਮੜੇ ਦੀਆਂ ਉਹੀ ਪਹਿਲਾਂ ਵਾਲੀਆਂ ਦੋ ਉੱਚੀਆਂ ਕੁਰਸੀਆਂ। ਕੰਧ ਨਾਲ ਗਾਹਕਾਂ ਦੇ ਵਾਰੀ ਉਡੀਕਣ ਲਈ ਰੱਖੀਆਂ ਚਾਰ ਕੁਰਸੀਆਂ ਤੇ ਵਿਚਾਲੇ ਇਕ ਛੋਟਾ ਜਿਹਾ ਮੇਜ਼। ਪਹਿਲਾਂ ਵਾਂਗ ਮੇਜ਼ ਉੱਪਰ ਕਈ ਮੈਗਜ਼ੀਨ ਪਏ ਸਨ। ਜਦੋਂ ਮੈਂ ਧਿਆਨ ਨਾਲ ਦੇਖਿਆ ਤਾਂ ਮੇਰਾ ਅੰਦਾਜ਼ਾ ਠੀਕ ਨਿਕਲਿਆ ਉਹ ਸਾਰੇ ਮੈਗਜ਼ੀਨ ਫੁੱਟਬਾਲ, ਜਿਹਨੂੰ ਕਨੇਡਾ ਅਮਰੀਕਾ 'ਚ ਸਾਕਰ ਕਹਿੰਦੇ ਹਨ, ਬਾਰੇ ਹੀ ਸਨ। ਈਲੀਓ ਫੁੱਟਬਾਲ ਦਾ ਸ਼ੌਕੀਨ ਸੀ। ਮੈਨੂੰ ਯਾਦ ਹੈ ਉਹ ਫੁੱਟਬਾਲ ਨੂੰ ਸਾਕਰ ਕਹਿਣ 'ਤੇ ਖਿੱਝਦਾ ਹੁੰਦਾ ਸੀ। ਦੁਕਾਨ ਦੀ ਪਿਛਲੀ ਕੰਧ ਸ਼ੀਸ਼ਿਆਂ ਵਿਚ ਜੜੀਆਂ ਤਸਵੀਰਾਂ ਨਾਲ ਭਰੀ ਪਈ ਸੀ। ਇਹ ਸਾਰੀਆਂ ਤਸਵੀਰਾਂ ਇਟਲੀ ਦੀਆਂ ਟੀਮਾਂ ਦੀਆਂ ਸਨ। ਇਕ ਤਸਵੀਰ ਜਿਹੜੀ ਬਾਕੀਆਂ ਦੇ ਐਨ ਵਿਚਾਲੇ ਟੰਗੀ ਹੋਈ ਸੀ, ਉਸ ਤਸਵੀਰ ਦੇ ਥੱਲੇ ਲਿਖਿਆ ਹੋਇਆ ਸੀ 'ਫਾਰ ਈਲੀਓ, ਬਾਰਬਰ ਆਫ ਦਾ ਚੈਂਪੀਅਨਜ਼।' ਇਹ ਕੋਈ ਵੈਨਕੂਵਰ ਦੇ ਛੋਟਿਆਂ ਮੁੰਡਿਆਂ ਦੀ ਫੁੱਟਬਾਲ ਦੀ ਟੀਮ ਸੀ ਜਿਸ ਨੂੰ ਈਲੀਓ ਸਪਾਂਸਰ ਕਰਦਾ ਸੀ।

ਜਦੋਂ ਮੈਂ ਦੁਕਾਨ ਵਿਚ ਵੜਿਆ ਤਾਂ ਈਲੀਓ ਸ਼ੀਸ਼ੇ ਅੱਗੇ ਖੜ੍ਹਾ ਆਪਣੀ ਛੋਟੀ ਛੋਟੀ ਤਕਰੀਬਨ ਚਿੱਟੀ ਹੋ ਗਈ ਦਾਹੜੀ 'ਤੇ ਹੱਥ ਫੇਰ ਰਿਹਾ ਸੀ। ਉਹਦੇ ਸਿਰ ਦੇ ਕਾਫੀ ਵਾਲ਼ ਅਜੇ ਕਾਲ਼ੇ ਸਨ। ਸਰੀਰ ਉਹਦਾ ਬਿਲਕੁਲ ਪਹਿਲਾਂ ਵਰਗਾ ਪਤਲਾ ਪਰ ਸਿਹਤਮੰਦ ਦਿਸਦਾ ਸੀ। ਮੈਂ ਉਹਨੂੰ ਸਿਰ ਦੇ ਇਸ਼ਾਰੇ ਨਾਲ ਹੈਲੋ ਕਿਹਾ। ਉਹਨੇ ਬਿਨਾਂ ਬੋਲਿਆਂ ਮੈਨੂੰ ਕੁਰਸੀ 'ਤੇ ਬੈਠਣ ਦਾ ਇਸ਼ਾਰਾ ਕੀਤਾ। ਮੇਰੇ ਅੰਦਰ ਵੜਨ ਤੋਂ ਲੈ ਕੇ ਉਹ ਲਗਾਤਾਰ ਮੇਰੇ ਚਿਹਰੇ ਵੱਲ ਦੇਖ ਰਿਹਾ ਸੀ। ਮੇਰਾ ਸਿਰ ਤਾਂ ਹੁਣ ਗੱਭਿਓਂ ਤਕਰੀਬਨ ਗੰਜਾ ਹੋ ਗਿਆ ਸੀ ਤੇ ਆਸੀਂ ਪਾਸੀਂ ਜਿਹੜੇ ਵਾਲ਼ ਸਨ ਉਹ ਵੀ ਚਿੱਟੇ ਹੋ ਗਏ ਸਨ। ਪੰਦਰਾਂ ਸੋਲ੍ਹਾਂ ਸਾਲ ਬਾਅਦ ਉਹ ਮੈਨੂੰ ਦੇਖ ਰਿਹਾ ਸੀ ਤੇ ਪਛਾਨਣ ਦੀ ਕੋਸ਼ਸ਼ ਕਰ ਰਿਹਾ ਸੀ। ਮੈਂ ਉਹਨੂੰ ਸਾਹਮਣੇ ਲੱਗੇ ਸ਼ੀਸ਼ੇ ਵਿਚ ਦੀ ਤਾੜ ਰਿਹਾ ਸਾਂ। ਉਹਨੇ ਹੌਲ਼ੀ ਹੌਲ਼ੀ ਝਾੜ ਕੇ ਨੀਲੇ ਰੰਗ ਦਾ ਕੱਪੜਾ ਮੇਰੇ ਮੋਢਿਆਂ 'ਤੇ ਰੱਖਿਆ ਤੇ ਫੇਰ ਚਿੱਟੇ ਪੇਪਰ ਦਾ ਟਿਸ਼ੂ ਮੇਰੀ ਧੌਣ ਪਿੱਛੇ ਕਮੀਜ਼ ਦੇ ਥੱਲੇ ਰੱਖਿਆ। ਉਹਨੇ ਪਾਸਾ ਮੋੜ ਕੇ ਮੇਜ਼ ਤੋਂ ਕੈਂਚੀ ਚੁੱਕੀ ਤੇ ਫੇਰ ਤੇਜ਼ੀ ਨਾਲ ਘੁੰਮ ਕੇ ਮੇਰੇ ਅੱਗੇ ਆ ਖੜ੍ਹਿਆ। "ਯੂ ਆਰ" ਉਹਨੇ ਮੈਨੂੰ ਪਛਾਣ ਲਿਆ ਸੀ ਤੇ ਮੇਰਾ ਨਾਂਅ ਚੇਤੇ ਕਰਨ ਦੀ ਕੋਸ਼ਸ਼ ਕਰ ਰਿਹਾ ਸੀ। "ਹਾਂ ਹਾਂ ਮੈਂ ਉਹੀ ਹਾਂ, ਪੀਟਰ।" ਮੈਂ ਉਹਨੂੰ ਆਪਣਾ ਛੋਟਾ ਕਨੇਡੀਅਨ ਨਾਂਅ ਦੱਸਿਆ ਜਿਸ ਤੋਂ ਉਹ ਵਾਕਿਫ ਸੀ।

ਉਹਨੇ ਖੁਸ਼ੀ ਵਿਚ ਦੋਵੇਂ ਬਾਹਵਾਂ ਹਵਾ ਵਿਚ ਉਲਾਰੀਆਂ। "ਮਾਈ ਗੁੱਡਨਿੱਸ, ਹਾਊ ਦਾ ਹੈੱਲ ਆਰ ਯੂ ਪੀਟਰ। ਵੇਅਰ ਇਨ ਹੈਵਿਨ'ਜ਼ ਨੇਮ ਹੈਵ ਯੂ ਵਿੰਨ ਆਲ ਦੀਜ਼ ਯੀਅਰਜ਼?"

ਮੈਨੂੰ ਦੇਖ ਕੇ ਈਲੀਓ ਤੋਂ ਖੁਸ਼ੀ ਸਾਂਭੀ ਨਹੀਂ ਸੀ ਜਾ ਰਹੀ। ਉਹਦੇ ਇਸ ਤਰ੍ਹਾਂ ਯਾਦ ਕਰਨ ਨਾਲ ਮੈਨੂੰ ਵੀ ਬੜਾ ਚੰਗਾ ਲੱਗਾ। ਉਹਨੇ ਮੇਰੀ ਹਜਾਮਤ ਕਰਨ ਨੂੰ ਘੰਟੇ ਤੋਂ ਵੀ ਵੱਧ ਸਮਾਂ ਲਾਇਆ। ਉਹ ਦੋ ਕੈਂਚੀਆਂ ਮਾਰ ਕੇ ਖੜ੍ਹ ਕੇ ਮੇਰੇ ਨਾਲ ਪੁਰਾਣੀਆਂ ਗੱਲਾਂ ਕਰਨ ਲੱਗ ਪੈਂਦਾ। ਉਹਨੇ ਆਪਣੇ ਟੱਬਰ ਬਾਰੇ ਦੱਸਿਆ। ਉਹਦੇ ਤਿੰਨਾਂ ਨਿਆਣਿਆਂ 'ਚੋਂ ਵੱਡੇ ਮੁੰਡਾ ਤੇ ਕੁੜੀ ਦੋਵੇਂ ਵਿਆਹੇ ਗਏ ਸਨ ਤੇ ਆਪੋ ਆਪਣੇ ਘਰ ਰਹਿੰਦੇ ਸਨ ਤੇ ਤੀਜਾ ਛੋਟਾ ਮੁੰਡਾ ਟਰਾਂਟੋ ਯੂਨੀਵਰਸਿਟੀ ਵਿਚ ਪੜ੍ਹਦਾ ਸੀ ਤੇ ਉਹਦਾ ਉੱਧਰ ਹੀ ਸੈਟਲ ਹੋਣ ਦਾ ਇਰਾਦਾ ਸੀ। ਉਹਨੇ ਦੱਸਿਆ ਕਿ ਪਹਿਲਾਂ ਉਹ ਰਿਚਮੰਡ ਰਹਿੰਦੇ ਸਨ ਜਦੋਂ ਨਿਆਣੇ ਘਰੋਂ ਰੁਖਸਤ ਹੋ ਗਏ ਤਾਂ ਉਨ੍ਹਾਂ ਨੇ ਸਰੀ ਵਿਚ ਇਕ ਛੋਟਾ ਜਿਹਾ ਘਰ ਲੈ ਲਿਆ। ਸਰੀ ਵਿਚ ਵੀ ਉਹਦਾ ਘਰ ਸਕਾਈ ਟਰੇਨ ਦੇ ਲਾਗੇ ਸੀ ਤੇ ਇੱਧਰ ਦੁਕਾਨ ਤੋਂ ਵੀ ਸਕਾਈ ਟਰੇਨ ਦਾ ਸਟੇਸ਼ਨ ਸਿਰਫ ਤਿੰਨ ਬਲਾਕ 'ਤੇ ਸੀ। ਉਹ ਹੁਣ ਸਕਾਈ ਟਰੇਨ 'ਤੇ ਹੀ ਆਉਂਦਾ ਜਾਂਦਾ ਸੀ ਤੇ ਉਨ੍ਹਾਂ ਨੇ ਸਿਰਫ ਇਕ ਕਾਰ ਰੱਖੀ ਹੋਈ ਸੀ।

ਪਿਛਲੇ ਇਕੱਤੀਆਂ ਸਾਲਾਂ ਦੌਰਾਨ ਉਹਨੇ ਕਦੇ ਵੀ ਆਪਣੇ ਨਾਲ ਕੰਮ ਕਰਨੇ ਨੂੰ ਹੋਰ ਬੰਦਾ ਨਹੀਂ ਸੀ ਰੱਖਿਆ। "ਬਸ ਇਸ ਦੁਕਾਨ ਨਾਲ ਨਿਆਣੇ ਪਾਲ਼ੇ ਨੇ ਤੇ ਹੁਣ ਤਾਂ ਅਸੀਂ ਸਿਰਫ ਦੋ ਜੀਅ ਹਾਂ, ਬੜਾ ਸੋਹਣਾ ਗੁਜ਼ਾਰਾ ਹੋਈ ਜਾਂਦਾ ਹੈ।" ਉਹਦੀ ਸਹਿਜ ਨਾਲ ਆਖੀ ਇਸ ਗੱਲ ਨੇ ਮੇਰੀ ਉਸ ਨਾਲ ਪੁਰਾਣੀ ਨੇੜਤਾ ਨੂੰ ਜਿਵੇਂ ਇਕ ਦਮ ਤਾਜ਼ੀ ਕਰ ਦਿੱਤਾ। ਮੈਨੂੰ ਲੱਗਾ ਉਹ ਮੇਰਾ ਕੋਈ ਬਹੁਤ ਆਪਣਾ ਸੀ ਜੋ ਏਨੇ ਵਰ੍ਹੇ ਗੁਆਚਿਆ ਰਿਹਾ ਸੀ।

ਫੇਰ ਅਸੀਂ ਉਸ ਗੁਆਂਢ ਦੀਆਂ ਗੱਲਾਂ ਕਰਨ ਲੱਗ ਪਏ। ਰੰਬਲ਼ ਤੇ ਰੋਆਇਲ ਓਕ ਦੇ ਉਸ ਚੁਰਸਤੇ ਦੇ ਇੱਧਰਲੇ ਪਾਸੇ ਪਹਿਲਾਂ ਵੀ ਚਾਰ ਕੁ ਹੀ ਦੁਕਾਨਾਂ ਹੁੰਦੀਆਂ ਸਨ। ਈਲੀਓ ਦੀ ਦੁਕਾਨ ਦੇ ਸਾਹਮਣੇ ਜਿੱਥੇ ਪਹਿਲਾਂ ਇਕ ਡਰੱਗ ਸਟੋਰ ਹੁੰਦੀ ਸੀ, ਹੁਣ ਉੱਥੇ ਗੈਸ ਸਟੇਸ਼ਨ ਬਣ ਗਿਆ ਸੀ ਤੇ ਤਿੰਨ ਕੁ ਛੋਟੀਆਂ ਛੋਟੀਆਂ ਨਵੀਆਂ ਦੁਕਾਨਾਂ, ਬਾਕੀ ਸਭ ਕੁਝ ਤਕਰੀਬਨ ਪਹਿਲਾਂ ਵਰਗਾ।

ਦੁਕਾਨਾਂ ਦੀਆਂ ਗੱਲਾਂ ਛੱਡ ਕੇ ਅਸੀਂ ਫੇਰ ਆਪਣੇ ਟੱਬਰਾਂ ਦੀਆਂ ਗੱਲਾਂ ਕਰਨ ਲੱਗੇ। ਉਹਨੂੰ ਮੇਰੇ ਮੁੰਡੇ ਸਨੀ ਦਾ ਨਾਂਅ ਨਹੀਂ ਸੀ ਚੇਤੇ, ਪਰ ਉਂਝ ਉਹਦੇ ਬਾਰੇ ਸਭ ਕੁਝ ਚੇਤੇ ਸੀ। ਸਨੀ ਇਕ ਵਾਰ ਈਲੀਓ ਦੀ ਦੁਕਾਨ ਅੱਗੇ ਆਪਣੇ ਸਾਈਕਲ ਤੋਂ ਡਿੱਗ ਪਿਆ ਸੀ ਤੇ ਉਹਦਾ ਗੋਡਾ ਸੀਮਿੰਟ ਦੇ ਸਾਈਡਵਾਕ 'ਤੇ ਛਿੱਲ ਹੋ ਗਿਆ ਸੀ। ਈਲੀਓ ਨੇ ਉਹਨੂੰ ਚੁੱਕਿਆ ਤੇ ਫੇਰ ਸਨੀ ਨੂੰ ਤੇ ਉਹਦੇ ਸਾਈਕਲ ਨੂੰ ਸਾਡੇ ਘਰ ਛੱਡ ਕੇ ਗਿਆ। ਸਨੀ ਨਾਲ ਖੇਡਣ ਵਾਲੇ ਹੋਰ ਵੀ ਕਈ ਗੁਆਂਢ ਦੇ ਨਿਆਣਿਆਂ ਦਾ ਈਲੀਓ ਨੂੰ ਚੇਤਾ ਸੀ। ਉਹਨੇ ਮੈਨੂੰ ਦੱਸਿਆ ਕਿ ਸਨੀ ਦਾ ਇਕ ਹਾਣੀ ਮੋਰਗਨ ਕਾਲਿਜ ਜਾ ਕੇ ਚੰਗਾ ਘੋਲ਼ੂ ਬਣ ਗਿਆ ਸੀ ਤੇ ਉਹਨੇ ਆਪਣੇ ਭਾਰ ਵਿਚ ਬੀ ਸੀ ਦੀ ਚੈਂਪੀਅਨਸ਼ਿਪ ਜਿੱਤੀ ਸੀ। ਮੋਰਗਨ ਹੋਰੀਂ ਸਾਡੇ ਘਰ ਦੇ ਪਿਛਵਾੜੇ ਵਾਲੇ ਘਰ ਵਿਚ ਰਹਿੰਦੇ ਸਨ। ਮੋਰਗਨ ਤੇ ਸਨੀ ਸਾਰਾ ਸਾਰਾ ਦਿਨ 'ਕੱਠੇ ਖੇਡਦੇ ਰਹਿੰਦੇ। ਮੋਰਗਨ ਦੀਆਂ ਤਾਂ ਮੈਨੂੰ ਵੀ ਬੜੀਆਂ ਗੱਲਾਂ ਚੇਤੇ ਸਨ। ਜਦੋਂ ਉਹ ਚਾਰ ਪੰਜ ਸਾਲ ਦੇ ਹੁੰਦੇ ਸੀ ਤਾਂ ਉਹਨੇ ਤੇ ਸਨੀ ਨੇ ਸਾਡੀ ਬੇਸਮਿੰਟ ਵਿਚ ਇਕ ਦੂਜੇ ਨਾਲ ਘੁਲਦੇ ਰਹਿਣਾ। ਅਸੀਂ ਉਹਨੂੰ ਪੰਜਾਬੀਆਂ ਵਾਂਗ ਪੱਟ 'ਤੇ ਥਾਪੀ ਮਾਰਨੀ ਸਿਖਾਈ ਹੋਈ ਸੀ ਤੇ ਉਹ ਥਾਪੀਆਂ ਮਾਰਦਾ ਬਹੁਤ ਸੋਹਣਾ ਲਗਦਾ। ਜਦ ਵੀ ਕਦੇ ਸਾਡੇ ਕਿਸੇ ਜਾਣ ਪਛਾਣ ਜਾਂ ਰਿਸ਼ਤੇਦਾਰ ਨੇ ਆਏ ਹੋਣਾਂ ਤਾਂ ਅਸੀਂ ਮੋਰਗਨ ਨੂੰ ਤੇ ਸਨੀ ਨੂੰ ਘੁਲ਼ਣ ਲਾ ਦੇਣਾ। ਨਰਮ ਗਲੀਚੇ 'ਤੇ ਕਦੇ ਸਨੀ ਥੱਲੇ ਤੇ ਕਦੇ ਮੋਰਗਨ। ਸਨੀ ਨੇ ਪੰਜਾਬੀ ਅੰਗ੍ਰੇਜ਼ੀ ਰਲ਼ਾ ਕੇ ਬੋਲੀ ਜਾਣੀ। ਉਨ੍ਹਾਂ ਦੋਵਾਂ ਨੇ ਸਾਡਾ ਸਾਰਿਆਂ ਦਾ ਹਸਾ ਹਸਾ ਕੇ ਢਿੱਡ ਪਕਾ ਦੇਣਾ। ਸਾਡੇ ਘਰ ਦੇ ਇਕ ਪਾਸੇ ਇਕ ਇਟੈਲੀਅਨਾਂ ਦਾ ਘਰ ਸੀ ਤੇ ਦੂਜੇ ਪਾਸੇ ਚੀਨਿਆਂ ਦਾ। ਉਨ੍ਹਾਂ ਦੇ ਨਿਆਣੇ ਵੀ ਸਾਡੇ ਘਰ ਸਨੀ ਨਾਲ ਖੇਡਣ ਆਏ ਰਹਿੰਦੇ।

ਹਜਾਮਤ ਕਰਾਉਣ ਬਾਅਦ ਜਦੋਂ ਮੈਂ ਆਪਣੀ ਜੈਕਟ ਪਾ ਕੇ ਤੇ ਵਟੂਏ 'ਚੋਂ ਕੱਢ ਕੇ ਈਲੀਓ ਨੂੰ ਪੈਸੇ ਫੜਾਏ ਤਾਂ ਪਲ ਕੁ ਲਈ ਮੈਂ ਉਹਦੇ ਹੱਥ ਰੁਕਦੇ ਦੇਖੇ। ਫੇਰ ਉਹਨੇ ਆਪਣੇ ਸਿਰ ਤੇ ਅ'ਖਾਂ ਨੂੰ ਇਕ ਖਾਸ ਸ਼ੁਕਰਾਨੇ ਵਾਲੇ ਅੰਦਾਜ਼ ਵਿਚ ਹਿਲਾ ਕੇ ਪੈਸੇ ਫੜ ਲਏ। ਉਹਨੇ ਮੇਰੇ ਨਾਲ ਬੜੇ ਤਪਾਕ ਨਾਲ ਹੱਥ ਮਿਲਾਇਆ ਤੇ ਫੇਰ ਮੇਰਾ ਕਲਾਵਾ ਭਰ ਲਿਆ।

ਉਹਦੇ ਕਲਾਵੇ ਵਿਚੋਂ ਨਿਕਲ ਕੇ ਜਦੋਂ ਮੈਂ ਬਾਹਰ ਆਇਆ ਤਾਂ ਮੈਨੂੰ ਇੰਝ ਲੱਗਾ ਜਿੱਦਾਂ ਬਾਹਰ ਨਵਾਂ ਦਿਨ ਚੜ੍ਹਿਆ ਹੁੰਦਾ ਹੈ। ਬਹੁਤ ਸੋਹਣਾ ਸੂਰਜ ਚਮਕ ਰਿਹਾ ਸੀ ਤੇ ਹਰ ਪਾਸੇ ਲੋਕਾਂ ਦੇ ਚਿਹਰੇ ਹੱਸਦੇ ਖੁਸ਼ ਨਜ਼ਰ ਆ ਰਹੇ ਸਨ। ਮੈਂ ਵਿਸਲ ਬਜਾਉਂਦਾ ਕਾਰ ਵਿਚ ਬੈਠਾ ਤੇ ਬੇਸਮਿੰਟ ਵਿਚ ਕਰਨ ਵਾਸਤੇ ਪੇਂਟ ਲੈਣ ਤੁਰ ਪਿਆ। 000

***(4333, Portland St. Burnaby, B.C. CANADA V5J 2N5***
***Email: sadhu.binning@gmail.com***
***Phone: +1-778-773-1886)***

# ਬੇਵਸਾਹੀ ਰੁੱਤ: ਕਹਾਣੀ: ਹਰਪ੍ਰੀਤ ਸੇਖਾ

'ਇਹ ਬੱਦਲ ਚੁੱਕੇ ਕਿਉਂ ਨਹੀਂ ਜਾਂਦੇ? ਸੂਰਜ ਨੂੰ ਦੇਖਿਆਂ ਜਿਵੇਂ ਮੁੱਦਤਾਂ ਹੀ ਹੋ ਗਈਆਂ!' ਖਿੜਕੀ ਵਿਚੋਂ ਬਾਹਰ ਦੇਖਦਿਆਂ ਮੇਰੇ ਮਨ ਵਿਚ ਆਈ।

ਬੱਦਲਾਂ ਦੀ ਗੱਲ ਹੀ ਮੇਰਾ ਸਹਾਇਕ ਕਰ ਰਿਹਾ ਸੀ, ਜਦੋਂ ਮੇਰੀ ਪਤਨੀ, ਕਿਰਨ ਨੇ ਫੋਨ ਕਰਕੇ ਮੈਨੂੰ ਕੰਮ ਤੋਂ ਘਰ ਬੁਲਾ ਲਿਆ। "ਭਾਅ ਜੀ, ਜੇ ਆਹ ਮੀਂਹ ਪੈਣੋ ਹਟੇ ਤਾਂ ਬਾਹਰਲੇ ਪੇਂਟ ਦਾ ਕੰਮ ਮੁਕਾਈਏ। ਕਿੰਨੇ ਘਰਾਂ ਦਾ ਕਰਨ ਵਾਲਾ ਪਿਐ। ਇਹ ਬੱਦਲ ਜਿਹੇ ਚੁੱਕੇ ਈ ਨੀ ਜਾਂਦੇ, ਕਿੰਨੇ ਵੀਕ ਹੋਗੇ," ਮੇਰੇ ਸਹਾਇਕ ਨੇ ਕਿਹਾ। ਮੈਂ ਉਸਦੀ ਗੱਲ ਦਾ ਕੋਈ ਜਵਾਬ ਨਾ ਦਿੱਤਾ। ਮੈਨੂੰ ਅਧੂਰੇ ਪਏ ਕੰਮ ਦਾ ਫਿਕਰ ਨਹੀਂ ਸੀ। ਮੇਰੇ ਅੰਦਰ ਤਾਂ ਵੱਡੇ ਫਿਕਰਾਂ ਦੀ ਹਨੇਰੀ ਝੁੱਲ ਰਹੀ ਸੀ। ਤੇ ਉਦੋਂ ਹੀ ਕਿਰਨ ਦਾ ਫੋਨ ਆ ਗਿਆ। ਸਾਡੇ ਬੇਟੇ, ਅਮੀਤ ਦੇ ਖੂਨ ਟੈੱਸਟ ਦੀ ਰੀਪੋਰਟ ਪਹੁੰਚਣ ਦਾ ਡਾਕਟਰ ਦੇ ਕਲੀਨਿਕ ਤੋਂ ਫੋਨ ਆਇਆ ਸੀ। ਮਾਹਿਰ ਡਾਕਟਰ ਸਾਨੂੰ ਅਗਲੇ ਹਫ਼ਤੇ ਮਿਲਣਾ ਚਾਹੁੰਦਾ ਸੀ। ਜੇ ਅੱਜ ਫੋਨ ਨਾ ਆਉਂਦਾ ਤਾਂ ਕਿਰਨ ਨੇ ਆਪ ਫੋਨ ਕਰਕੇ ਰੀਪੋਰਟ ਬਾਰੇ ਪੁੱਛਣਾ ਸੀ। ਤੇ ਜਦ ਫੋਨ ਆ ਗਿਆ, ਕਿਰਨ ਘਬਰਾ ਗਈ। ਉਸ ਨੇ ਉਦੋਂ ਹੀ ਮੈਨੂੰ ਫੋਨ ਕਰ ਲਿਆ। "ਡਾਕਟਰ ਨੇ ਸੱਦਿਐ", ਐਨੀ ਕੁ ਗੱਲ ਉਸ ਨੇ ਮਸਾਂ ਪੂਰੀ ਕੀਤੀ। ਮੇਰੀਆਂ ਲੱਤਾਂ ਵੀ ਜਵਾਬ ਦੇ ਗਈਆਂ। ਅੱਖਾਂ ਅੱਗੇ ਹਨੇਰਾ ਛਾ ਗਿਆ। ਪਿਛਲੀਆਂ ਦੋ ਰਾਤਾਂ ਅਸੀਂ ਕੰਡਿਆਂ ਉੱਤੇ ਕੱਟੀਆਂ ਸਨ। ਕਿਰਨ ਨੇ ਪਤਾ ਨਹੀਂ ਕਿੰਨੀਆਂ ਕੁ ਸੁੱਖਾਂ ਸੁੱਖ ਲਈਆਂ ਸਨ। ਕੁਝ ਸਾਲ ਪਹਿਲਾਂ ਦੀ ਗੱਲ ਹੁੰਦੀ ਤਾਂ ਮੈਂ ਕਹਿਣਾ ਸੀ, "ਭਲੀਏ ਮਾਣਸੇ, ਰੱਬ ਨੂੰ ਵੀ ਕੋਈ ਛੁੱਟੀ ਚਾਹੀਦੀ ਹੈ, ਹਮੇਸ਼ਾਂ ਹੀ ਨਾ ਵਿਚਾਰੇ ਨੂੰ ਕੰਮ ਲਾਈ ਰੱਖਿਆ ਕਰੋ।" ਪਰ ਹੁਣ ਤਾਂ ਮੇਰੇ ਮੂੰਹੋਂ ਆਪ ਮੁਹਾਰੇ ਹੀ ਨਿਕਲ ਗਿਆ ਸੀ, "ਮਿਹਰ ਕਰੀਂ ਦਾਤਿਆ।" ਅਮੀਤ ਦੀਆਂ ਸੁੰਨੀਆਂ-ਸੁੰਨੀਆਂ ਅੱਖਾਂ ਮੁੜ ਮੇਰੇ ਅੱਗੇ ਆ ਗਈਆਂ। "ਕਿਤੇ ---" ਇਸ ਤੋਂ ਅੱਗੇ ਸੋਚਣ ਤੋਂ ਬਚਣ ਲਈ ਮੈਂ ਝੱਟ ਕਿਹਾ ਸੀ, "ਏਦਾਂ ਨਾ ਕਰੀਂ ਸੱਚੇ ਪਾਤਸ਼ਾਹ, ਪਹਿਲਾਂ ਹੀ ਬਥੇਰੀ ਹੋਗੀ।" ਮੈਂ ਉਦੋਂ ਹੀ ਘਰ ਵੱਲ ਚੱਲ ਪਿਆ। ਜਦੋਂ ਮੈਂ ਘਰ ਦਾ ਦਰਵਾਜ਼ਾ ਖੋਲ੍ਹਿਆ, ਸਾਡੇ ਕੁੱਤੇ, ਸ਼ੈਡੋ ਨੇ ਨਾ ਪੂਛ ਹਿਲਾਈ ਤੇ ਨਾ ਹੀ ਕੰਨ ਥੱਲੇ ਸੁੱਟੇ। ਉਹ ਆਪਣੀ ਹਾਜ਼ਰੀ ਲਵਾਉਣ ਦਰਵਾਜ਼ੇ ਤਕ ਆਇਆ ਅਤੇ ਮੇਰੇ ਮੂਹਰੇ ਮੂਹਰੇ ਚੱਲਕੇ ਕਿਰਨ ਕੋਲ਼ ਲੈ ਗਿਆ। ਕਿਰਨ ਦੀਆਂ ਅੱਖਾਂ ਰੋ ਰੋ ਕੇ ਸੁੱਜੀਆਂ ਹੋਈਆਂ ਸਨ। ਉਹ ਧਾਹ ਕੇ ਮੇਰੇ ਨਾਲ ਚੁੰਬੜ ਗਈ ਅਤੇ ਹੁੱਭਕੀਆਂ ਵਿਚ ਬੋਲੀ, "ਰੱਬ ਕਿਉਂ ਸਾਡੇ ਮਗਰ ਹੱਥ ਧੋ ਕੇ ਪੈ ਗਿਆ!" ਮੇਰੇ ਮੂੰਹੋਂ ਕੁਝ ਦੇਰ ਕੋਈ ਬੋਲ ਨਾ ਨਿਕਲਿਆ। ਸ਼ੈਡੋ ਸਾਡੇ ਦੁਆਲੇ ਊਂ ਊਂ ਦੀ ਆਵਾਜ਼ ਕੱਢਦਾ ਗੇੜੇ ਕੱਢਣ ਲੱਗਾ। ਜਿਵੇਂ ਉਸਦੀ ਕੋਈ ਪੇਸ਼ ਨਾ ਜਾ ਰਹੀ ਹੋਵੇ। "ਕੁਝ ਨੀ ਹੁੰਦਾ, ਤੂੰ ਐਵੇਂ ਘਬਰਾ ਜਾਨੀ ਐਂ। ਜ਼ਰੂਰੀ ਤਾਂ ਨਹੀਂ ਕਿ ਕੋਈ ਮਾੜੀ ਖਬਰ ਹੀ ਹੋਵੇਗੀ। ਕਈ ਵਾਰ ਡਾਕਟਰ ਐਵੇਂ ਪੈਸੇ ਬਣਾਉਣ ਲਈ ਸੱਦ ਲੈਂਦੇ ਆ", ਕਿਰਨ ਨੂੰ ਵਰਾਉਣ ਲਈ ਮੈਂ ਆਖ ਦਿੱਤਾ ਭਾਵੇਂ ਉਸ ਵਕਤ ਇਹ ਦਲੀਲ ਮੈਨੂੰ ਆਪ ਵੀ ਠੀਕ ਨਹੀਂ ਸੀ ਲੱਗਦੀ। ਉਸ ਨੂੰ ਇਸ ਤਰ੍ਹਾਂ ਰੋਂਦੀ ਦੇਖ ਕੇ ਮੇਰਾ ਆਪਣਾ ਮਨ ਪਤਲਾ ਪੈਣ ਲੱਗਾ ਪਰ ਮੈਂ ਕਿਰਨ ਸਾਹਮਣੇ ਕਮਜ਼ੋਰ ਨਹੀਂ ਸੀ ਦਿਖਣਾ ਚਾਹੁੰਦਾ। ਮੈਂ ਫਿਰ ਕਿਹਾ, "ਤੂੰ ਪੁੱਛ ਲੈਣਾ ਸੀ ਕਿ ਰੀਪੋਰਟ ਕਿਵੇਂ ਐ।" ਕਿਰਨ ਨੇ ਕੋਈ ਹੁੰਗਾਰਾ ਨਾ ਦਿੱਤਾ।

"ਤੂੰ ਐਵੇਂ ਹੀ ਰੋਣ ਲੱਗ ਪਈ। ਪਹਿਲਾਂ ਪੁੱਛ ਤਾਂ ਲੈਂਦੀ।"

"ਇਹਦੇ 'ਚ ਪੁੱਛਣ ਵਾਲਾ ਕੀ ਸੀ? ਜੇ ਸਭ ਕੁਝ ਠੀਕ ਹੁੰਦਾ ਤਾਂ ਡਾਕਟਰ ਨੇ ਸੱਦਣਾ ਨਹੀਂ ਸੀ", ਆਖਦੀ ਕਿਰਨ ਫਿਰ ਰੋ ਪਈ।

"ਆਪਣੇ ਕਿਆਫੇ ਲਾਉਣ ਨਾਲੋਂ ਆਪਾਂ ਨੂੰ ਪੁੱਛ ਲੈਣਾ ਚਾਹੀਦੈ। ਲਿਆ ਦੇ ਨੰਬਰ, ਮੈਂ ਫੋਨ ਕਰਕੇ ਪੁੱਛਦਾਂ ", ਇਹ ਗੱਲ ਮੈਂ ਕਿਰਨ ਨੂੰ ਧਰਵਾਸਾ ਦੇਣ ਨਾਲੋਂ ਜ਼ਿਆਦਾ ਆਪਣੇ ਆਪ ਨੂੰ ਹੌਂਸਲਾ ਦੇਣ ਲਈ ਕਹੀ।

ਜਦੋਂ ਮੈਂ ਫੋਨ ਕੀਤਾ, ਡਾਕਟਰ ਦੀ ਰੀਸੈਪਸ਼ਨਿਸਟ ਬੋਲੀ, "ਰੀਪੋਰਟ ਬਾਰੇ ਤਾਂ ਡਾਕਟਰ ਆਪ ਹੀ ਗੱਲ ਕਰਦੇ ਹੁੰਦੇ ਆ। ਮੈਨੂੰ ਤਾਂ ਉਨ੍ਹਾਂ ਨੇ ਤੁਹਾਨੂੰ ਸੱਦਣ ਲਈ ਹੀ ਕਿਹਾ।" ਮੈਨੂੰ ਮਹਿਸੂਸ ਹੋਇਆ ਜਿਵੇਂ ਕਿਰਨ ਸਾਰੀ ਦੀ ਸਾਰੀ ਅੱਖਾਂ ਵਿਚ ਸਿਮਟ ਕੇ ਮੇਰੇ ਵੱਲ ਦੇਖ ਰਹੀ ਹੋਵੇ। ਕਿਰਨ ਨੂੰ ਧਰਵਾਸਾ ਦੇਣ ਲਈ ਮੈਂ ਆਪਣੇ ਵੱਲੋਂ ਐਵੇਂ ਹੀ ਰੀਸੈਪਸ਼ਨਿਸਟ ਨੂੰ ਆਖ ਦਿੱਤਾ, "ਫੇਰ ਤਾਂ ਠੀਕ ਐ ਜੀ, ਜੇ ਫਿਕਰ ਕਰਨ ਵਾਲੀ ਗੱਲ ਨਹੀਂ ਤਾਂ।" ਮੇਰੇ ਫੋਨ ਰਖਦਿਆਂ ਹੀ ਕਿਰਨ ਬੋਲੀ, "ਤੁਸੀਂ ਪੁੱਛ ਤਾਂ ਲੈਣਾ ਸੀ ਰੀਪੋਰਟ ਵਿਚ ਕੀ ਆਇਐ।"

"ਉਹ ਕਹਿੰਦੀ ਚਿੰਤਾ ਵਾਲੀ ਗੱਲ ਨਹੀਂ। ਦੇਖਿਆ, ਤੂੰ ਓਦਾਂ ਹੀ ਰੋਣ ਲੱਗ ਜਾਨੀ ਐਂ।" ਕਿਰਨ ਨੂੰ ਧਰਵਾਸਾ ਦੇ ਕੇ ਮੈਂ ਆਦਤਨ ਹੀ ਬੀਬੀ-ਬਾਪੂ ਵਾਲੇ ਕਮਰੇ ਵਿਚ ਚਲਾ ਗਿਆ, ਜਿਵੇਂ ਕਿਸੇ ਔਖੇ ਵੇਲ਼ੇ ਉਨ੍ਹਾਂ ਦੀ ਸਲਾਹ ਲੈਣ ਜਾਂਦਾ ਸੀ। ਉਨ੍ਹਾਂ ਦੇ ਖਾਲੀ ਪਏ ਮੰਜੇ ਦੇਖ ਕੇ ਮੇਰਾ ਮਨ ਹੋਰ ਵੀ ਉਦਾਸ ਹੋ ਗਿਆ। ਮੈਂ ਖਿੜਕੀ ਕੋਲ਼ ਜਾ ਖੜ੍ਹਾ।

ਪੱਤਝੜ ਦਾ ਮੌਸਮ ਸੀ। ਬਹੁਤ ਦਿਨਾਂ ਤੋਂ ਬੱਦਲ਼ਾਂ ਨੇ ਅਸਮਾਨ ਨੂੰ ਘੇਰਿਆ ਹੋਇਆ ਸੀ। ਮੇਰੇ ਅੰਦਰ ਸੁੰਨ ਵਰਤੀ ਪਈ ਸੀ। ਪਤਾ ਨਹੀਂ ਸੀ ਲੱਗ ਰਿਹਾ ਕਿ ਕੀ ਕਰਾਂ।

'ਡਾਕਟਰ ਨੇ ਕਿਉਂ ਸੱਦਿਆ ਹੋਇਆ?' ਇਹ ਪ੍ਰਸ਼ਨ ਮੁੜ ਸਿਰ ਚੁੱਕ ਖਲੋਤਾ। ਡਰ ਦੀ ਤਲਵਾਰ ਉਵੇਂ ਹੀ ਲਟਕ ਰਹੀ ਮਹਿਸੂਸ ਹੋਈ। ਕਿਰਨ ਦੀ ਹਾਲਤ ਦੇਖਣ ਲਈ ਮੈਂ ਖਿੜਕੀ ਤੋਂ ਪਾਸੇ ਹੋ ਕੇ ਮੁੜ ਬੈਠਕ ਵੱਲ ਚਲਾ ਗਿਆ। ਉਹ ਉਵੇਂ ਹੀ ਬੈਠੀ ਸੀ। ਮੈਨੂੰ ਦੇਖ ਕੇ ਇਕਦਮ ਬੋਲੀ, "ਥੋਨੂੰ ਸੱਚੀਂ ਲੱਗਦੈ ਕਿ ਸਭ ਕੁਝ ਠੀਕ ਠਾਕ ਹੋਵੇਗਾ?"

"ਠੀਕ ਹੀ ਹੋਊਗਾ, ਘਬਰਾ ਨਾ", ਆਖਦਾ ਹੋਇਆ ਮੈਂ ਕਿਰਨ ਕੋਲ ਬੈਠ ਗਿਆ। ਅਸੀਂ ਕੁਝ ਦੇਰ ਓਦਾਂ ਹੀ ਬੈਠੇ ਰਹੇ। ਫਿਰ ਕਿਰਨ ਬੋਲੀ, "ਹੋ ਸਕਦੈ ਸਾਰਾ ਕੁਝ ਠੀਕ ਹੀ ਹੋਵੇ। ਸਪੈਸ਼ਲਿਸਟ ਫਾਲੋਅਪ ਅਪੁਇੰਟਮੈਂਟ ਦਿੰਦੇ ਹੀ ਹੁੰਦੇ ਆ। ਆਪਾਂ ਪਿਛਲੀ ਅਪੁਇੰਟਮੈਂਟ ਵੇਲੇ ਘਬਰਾਹਟ 'ਚ ਅਗਲੀ ਲੈਣੀ ਭੁੱਲ ਹੀ ਗਏ ਸੀ।" ਕਿਰਨ ਦੀ ਇਸ ਗੱਲ ਨਾਲ ਮੈਨੂੰ ਵੀ ਕੁਝ ਧਰਵਾਸਾ ਜਿਹਾ ਹੋ ਗਿਆ। ਸ਼ੈਡੋ ਕਿਰਨ ਦੇ ਪੈਰ ਚੱਟਣ ਲੱਗਾ। "ਹਾਂ ਹਾਂ ਪੁੱਤ, ਸਭ ਠੀਕ ਹੀ ਹੋਊ," ਉਹ ਸ਼ੈਡੋ ਨੂੰ ਪੁਚਕਾਰਨ ਲੱਗੀ। ਫਿਰ ਘੜੀ ਵੱਲ ਦੇਖਦੀ ਹੋਈ ਬੋਲੀ, "ਅਮੀਤ ਦੇ ਸਕੂਲੋਂ ਮੁੜਣ ਦਾ ਟਾਈਮ ਹੋਣ ਵਾਲੈ। ਉਹਦੇ ਲਈ ਕੁਝ ਬਣਾ ਦਿਆਂ, ਜੇ ਭੋਰਾ ਖਾ ਲਵੇ।"

ਆਪਣੇ ਜਮਾਤੀ, ਮਾਨਵ ਦੇ ਕਤਲ ਹੋਣ ਤੋਂ ਬਾਅਦ ਤਾਂ ਅਮੀਤ ਆਮ ਹੀ ਕਹਿਣ ਲੱਗਾ ਸੀ ਕਿ ਉਸਨੂੰ ਭੁੱਖ ਨਹੀਂ। ਮਹੀਨਾ ਹੋ ਚੱਲਿਆ ਸੀ। ਭੋਰਾ ਕੁ ਖਾ ਕੇ ਖਾਣਾ ਪਾਸੇ ਕਰ ਦਿੰਦਾ।

ਕਿਰਨ ਉੱਠ ਕੇ ਰਸੋਈ ਵਿਚ ਚਲੀ ਗਈ। ਸ਼ੈਡੋ ਵੀ ਉਸਦੇ ਮਗਰ ਹੀ ਤੁਰ ਪਿਆ।

"ਇਹਨੂੰ ਸੈਰ ਕਰਵਾ ਲਿਆਉ, ਫੇਰ ਨ੍ਹੇਰਾ ਹੋ ਜਾਣੈ। ਅੱਜ ਸਵੇਰੇ ਵੀ ਲਿਜਾ ਨੀ ਹੋਇਆ। ਜੀਅ ਹੀ ਨੀ ਕੀਤਾ ਕੁਛ ਵੀ ਕਰਨ ਨੂੰ", ਕਿਰਨ ਬੋਲੀ। ਪਹਿਲਾਂ ਅਮੀਤ ਹੀ ਸ਼ੈਡੋ ਨੂੰ ਸ਼ਾਮ ਦੀ ਸੈਰ ਕਰਨ ਲਿਜਾਂਦਾ ਸੀ। ਸਵੇਰ ਵੇਲੇ ਕਿਰਨ ਲੈ ਜਾਂਦੀ। ਮਾਨਵ ਦੇ ਕਤਲ ਤੋਂ ਬਾਅਦ ਅਮੀਤ ਲਿਜਾਣੋ ਹਟ ਗਿਆ। ਮੈਂ ਝੱਟ ਇਹ ਡਿਊਟੀ ਸੰਭਾਲ਼ ਲਈ। ਮੇਰਾ ਅੰਦਰ ਵੀ ਡਰਨ ਲੱਗਾ ਸੀ ਅਮੀਤ ਨੂੰ ਭੇਜਦੇ ਹੋਏ। ਜਿਸ ਦਿਨ ਮੈਂ ਕੰਮ ਤੋਂ ਲੇਟ ਹੋ ਜਾਂਦਾ, ਸ਼ੈਡੋ ਨੂੰ ਟਰੈਡਮਿੱਲ 'ਤੇ ਚੜ੍ਹਾ ਦਿੰਦਾ। ਅਮੀਤ ਇਸ ਤਰ੍ਹਾਂ ਨਹੀਂ ਸੀ ਕਰਦਾ। ਉਹ ਕਹਿੰਦਾ, "ਸ਼ੈਡੋ ਨੀਡਜ਼ ਟੂ ਪਲੇਅ ਵਿਦ ਹਿਜ਼ ਫ੍ਰੈਂਡਜ਼।" ਅਮੀਤ ਨੂੰ ਖੁਸ਼ ਕਰਨ ਲਈ ਮੈਂ ਕੋਸ਼ਿਸ਼ ਕਰਦਾ ਕਿ ਕੰਮ ਤੋਂ ਲੇਟ ਨਾ ਹੋਵਾਂ।

ਮੈਂ ਸ਼ੈਡੋ ਨੂੰ ਰੱਸੀ ਪਾਈ ਅਤੇ ਉਸਦੀ ਗੇਂਦ ਤੇ ਬੈਗ ਚੁੱਕ ਕੇ ਤੁਰ ਪਿਆ। ਸ਼ੈਡੋ ਮੇਰੇ ਮੂਹਰੇ

ਹੋ ਕੇ ਤੁਰਦਾ, ਜਿਵੇਂ ਮੈਨੂੰ ਰਾਹ ਦੱਸਦਾ ਹੋਵੇ। ਪਹਿਲੇ ਦਿਨ ਤਾਂ ਮੈਂ ਸੋਚਿਆ ਕਿ ਸ਼ਾਇਦ ਇਹ ਮੈਨੂੰ ਕੁਝ ਦੱਸਣਾ ਚਾਹੁੰਦਾ ਸੀ, ਇਸੇ ਲਈ ਮੂਹਰੇ ਹੋ ਕੇ ਚੱਲ ਰਿਹਾ ਸੀ।

ਬੱਚਿਆਂ ਨੂੰ ਸਕੂਲੋਂ ਛੁੱਟੀ ਹੋਣ ਦਾ ਸਮਾਂ ਹੋ ਚੱਲਿਆ ਸੀ। ਅਸੀਂ ਅਮੀਤ ਦੇ ਐਲੀਮੈਂਟਰੀ ਵੇਲ਼ੇ ਦੇ ਸਕੂਲ ਕੋਲੋਂ ਲੰਘ ਰਹੇ ਸੀ। ਮਾਂ-ਬਾਪ ਆਪਣੇ ਬੱਚਿਆਂ ਨੂੰ ਸਕੂਲਾਂ ਤੋਂ ਲੈਣ ਜਾ ਰਹੇ ਸਨ। ਮੈਂ ਸ਼ੈਡੋ ਦੀ ਰੱਸੀ ਨੂੰ ਨੇੜੇ ਤੋਂ ਫੜ ਲਿਆ। ਸਵੇਰੇ ਸੈਰ ਨਾ ਕੀਤੀ ਹੋਣ ਕਰਕੇ ਇਸ ਵਿਚ ਜਿਆਦਾ ਹੀ ਤਾਕਤ ਸੀ। ਇਸ ਨੂੰ ਹੌਲ਼ੀ ਕਰਨ ਲਈ ਮੈਨੂੰ ਜ਼ੋਰ ਲਾਉਣਾ ਪੈ ਰਿਹਾ ਸੀ। 'ਕਿਹਾ ਸੀ ਕਿ ਛੋਟਾ ਜਿਹਾ ਕੁੱਤਾ ਲੈ ਲਾ,' ਮੇਰੇ ਦਿਮਾਗ ਵਿਚ ਆਈ। "ਛੋਟੇ ਤਾਂ ਕੁੜੀਆਂ ਵਾਸਤੇ ਹੁੰਦੇ ਆ", ਅਮੀਤ ਦਾ ਇਹ ਜਵਾਬ ਯਾਦ ਕਰਕੇ ਮੇਰੇ ਅੰਦਰ ਮੁੜ ਡਰ ਜਾਗ ਪਿਆ। ਜਦੋਂ ਕੁੱਤਾ ਲਿਆ ਸੀ, ਉਦੋਂ ਵੀ ਮੈਨੂੰ ਅਮੀਤ ਦੀ ਇਹ ਗੱਲ ਥੋੜ੍ਹੀ ਜਿਹੀ ਮਹਿਸੂਸ ਹੋਈ ਸੀ ਕਿ ਇਹ ਆਪਣੇ ਆਪ ਨੂੰ 'ਰਫ-ਟਫ" ਕਿਉਂ ਦਿਖਾਉਣਾ ਚਾਹੁੰਦਾ ਹੈ ਪਰ ਉਦੋਂ ਮੈਂ ਸੋਚਿਆ ਸੀ ਕਿ ਇਸ ਉਮਰੇ ਮੁੰਡਿਆਂ ਨੂੰ ਇਹ ਖਾਹਿਸ਼ ਹੋ ਹੀ ਜਾਂਦੀ ਹੈ। ਬੱਚਿਆਂ ਨੂੰ ਸਕੂਲਾਂ ਤੋਂ ਲੈਣ ਜਾਂਦੇ ਬਜ਼ੁਰਗਾਂ ਵੱਲ ਦੇਖ ਕੇ ਮੇਰੇ ਦਿਮਾਗ਼ ਵਿਚ ਬੀਬੀ ਤੇ ਬਾਪੂ ਆ ਗਏ। ਮੇਰੇ ਅੰਦਰੋਂ ਇਕ ਚੀਸ ਜਿਹੀ ਉੱਠੀ। 'ਹੋਰ ਬੈਠੇ ਰਹਿੰਦੇ ਦਸ ਸਾਲ, ਉਨ੍ਹਾਂ ਦੇ ਹੁੰਦਿਆਂ ਅਮੀਤ ਦਾ ਕੋਈ ਫਿਕਰ ਨਹੀਂ ਸੀ,' ਮੈਂ ਸੋਚਿਆ। ਫਿਰ ਅਮੀਤ ਦੇ ਬੋਲ ਦਿਮਾਗ਼ ਵਿਚ ਆ ਗਏ, "ਬੀਬੀ-ਬਾਪੂ ਮੇਰੇ ਅਸਲੀ ਮਾਪੇ ਸੀ। ਉਨ੍ਹਾਂ ਨੇ ਹੀ ਮੈਨੂੰ ਪਾਲ਼ਿਐ--।" ਮੇਰੇ ਅੰਦਰੋਂ ਹਉਕੇ ਵਰਗਾ ਸਾਹ ਨਿਕਲਿਆ। 'ਗ਼ੁੱਸੇ 'ਚ ਆਖ ਗਿਆ ਹੋਣੈ,' ਮੈਂ ਸੋਚਿਆ। ਅਗਲੇ ਹੀ ਪਲ ਮੇਰੇ ਦਿਮਾਗ਼ ਵਿਚ ਬੀਬੀ ਆ ਗਈ।

ਮੈਂ ਘਰਾਂ ਨੂੰ ਰੰਗ ਕਰਨ ਦੀ ਨਵੀਂ ਨਵੀਂ ਹੀ ਆਪਣੀ ਕੰਪਨੀ ਖੋਲ੍ਹੀ ਸੀ। ਕੰਮ ਦੀ ਮਾਰੋ-ਮਾਰ ਸੀ। ਮੈਂ ਦੇਰ ਰਾਤ ਤਕ ਕੰਮ 'ਤੇ ਲੱਗਾ ਰਹਿੰਦਾ। ਇਕ ਰਾਤ ਕੰਮ ਤੋਂ ਮੁੜਿਆ ਤਾਂ ਬੀਬੀ ਕੋਲ਼ ਆ ਬੈਠੀ। "ਸੁੱਤੀ ਨੀ ਬੀਬੀ, ਅੱਜ?" ਮੈਂ ਪੁੱਛਿਆ।

ਉਹ ਬੋਲੀ, "ਕਾਕਾ, ਐਨਾ ਕੰਮ ਕਰਕੇ ਕਿਉਂ ਦੇਹ ਗਾਲ਼ਦੈਂ, ਅਸਲੀ ਕਮਾਈ ਤਾਂ ਬੱਚਾ ਐ ਆਪਣੈ। ਉਹਦੇ ਵੱਲ ਧਿਆਨ ਦੇ।"

"ਕੋਈ ਗੱਲ ਹੋਈ ਹੈ? ਅਮੀਤ ਦੇ ਸਕੂਲੋਂ ਕੋਈ ਉਲਾਂਭਾ ਆਇਐ?" ਮੈਂ ਪੁੱਛਿਆ।

" 'ਲਾਂਭਾ ਇਹਦਾ ਭੋਰਾ ਭਰ ਦਾ ਕੀ ਆਉਣੈ। ਇਕ ਦਿਨ ਕਹਿੰਦਾ ਡੈਡੀ ਘਰੇ ਕਾਹਤੋਂ ਨੀ ਰਹਿੰਦੇ। ਅੱਜ ਰੇਡੀਓ 'ਤੇ ਵੀ ਗੱਲਾਂ ਕਰਦੇ ਸੀ ਬਈ ਮਾਪਿਆਂ ਨੂੰ ਜਵਾਕਾਂ ਨਾਲ ਬੈਠਣਾ ਚਾਹੀਦੈ। ਕਹਿੰਦੇ ਜਿੰਨਾ ਜਾਦੇ ਓਨ੍ਹਾਂ ਨੂੰ ਟੈਮ ਦਿਓਂਗੇ, ਓਨਾਂ ਜਾਦੇ ਮੋਹ ਪੈਂਦਾ ਓਨ੍ਹਾਂ ਨਾਲ। ਨਾਲੇ ਕਹਿੰਦੇ ਟੀਚਰਾਂ ਨੂੰ ਮਿਲਦੇ ਰਹਿਣਾ ਚਾਹੀਦੈ।"

"ਤੁਸੀਂ ਸਕੂਲ ਛੱਡਣ ਗਏ ਮਿਲਕੇ ਤਾਂ ਆਉਨੇ ਆਂ ਟੀਚਰਾਂ ਨੂੰ।"

"ਓਹ ਹੋਰ ਗੱਲ ਐ।"

"ਮੇਰੇ ਲੀੜੇ ਪੇਂਟ ਨਾਲ ਲਿੱਬੜੇ ਹੁੰਦੇ ਆ। ਨਹੀਂ ਤਾਂ ਕਦੇ ਵਿਚੋਂ ਗੇੜਾ ਕੱਢ ਆਇਆ ਕਰਾਂ। ਨਾਲੇ ਹਾਲੇ ਇਹ ਛੋਟਾ। ਜਦੋਂ ਵੱਡਾ ਹੋ ਗਿਆ, ਓਦੋਂ ਜਾ ਆਇਆ ਕਰਾਂਗੇ।" ਮੇਰੀ ਇਹ ਗੱਲ ਸੁਣਕੇ ਬੀਬੀ ਚੁੱਪ ਕਰ ਗਈ। ਪਰ ਉੱਥੇ ਹੀ ਬੈਠੀ ਰਹੀ। ਮੇਰੇ ਚਿੱਤ 'ਚ ਆਈ ਕਿ ਜਦੋਂ ਮੈਂ ਸਕੂਲ ਪੜ੍ਹਦਾ ਸੀ, ਬਾਪੂ ਨੇ ਕਿਹੜਾ ਮੇਰੇ ਸਕੂਲ ਦਾ ਕਦੇ ਮੂੰਹ ਦੇਖਿਆ ਸੀ, ਮੈਂ ਤਾਂ ਵਿਗੜਿਆ ਨੀ। ਨਾ ਬਾਪੂ ਬੀਬੀ ਨਾਲ ਮੋਹ ਘਟਿਆ। ਇਹ ਰੇਡੀਓ ਵਾਲੇ ਐਵੇਂ ਭਕਾਈ ਮਾਰਦੇ ਰਹਿੰਦੇ ਆ। ਪਰ ਮੈਂ ਇਹ ਗੱਲ ਬੀਬੀ ਨੂੰ ਨਾ ਕਹੀ। ਉਸਦੇ ਚਿਹਰੇ 'ਤੇ ਫਿਕਰ ਦੇਖਕੇ ਮੈਂ ਆਖ ਦਿੱਤਾ, "ਕੋਈ ਨਾ ਤੂੰ ਫਿਕਰ ਨਾ ਕਰ। ਮੈਂ ਜਾਇਆ ਕਰੂੰ।" ਬੀਬੀ ਨੂੰ ਤਾਂ ਮੈਂ ਆਖ ਦਿੱਤਾ ਸੀ ਪਰ ਮੈਂ ਕਦੇ ਗਿਆ ਨਹੀਂ ਸੀ। ਕਿਰਨ ਕਦੇ-ਕਦੇ 'ਪੇਰੈਂਟ-ਟੀਚਰ' ਮੀਟਿੰਗ 'ਤੇ ਜਾ ਆਉਂਦੀ। ਉਹ ਦੱਸਦੀ ਕਿ ਅਮੀਤ ਪੜ੍ਹਾਈ ਵਿਚ ਚੰਗਾ ਸੀ। ਮੈਂ ਕਦੇ ਲੋੜ ਹੀ ਨਹੀਂ ਸੀ ਮਹਿਸੂਸ ਕੀਤੀ।

ਬਾਪੂ ਅਮੀਤ ਨੂੰ ਸਕੂਲ ਛੱਡ ਕੇ ਪਾਰਕ ਚਲਿਆ ਜਾਂਦਾ ਅਤੇ ਬੀਬੀ ਅਮੀਤ ਨੂੰ ਸਕੂਲੋਂ ਲੈ ਆਉਂਦੀ। ਵਧੀਆ ਗੱਡੀ ਚੱਲੀ ਜਾਂਦੀ ਸੀ। ਜੇ ਬਾਪੂ-ਬੀਬੀ ਬਿਮਾਰ ਨਾ ਹੁੰਦੇ ਤਾਂ ਕਿਰਨ ਨੇ ਵੀ ਕੰਮ ਨਹੀਂ ਸੀ ਛੱਡਣਾ।

ਸ਼ੈਡੋ ਖਿੱਚ ਰਿਹਾ ਸੀ। ਬੀਬੀ ਦੀ ਗੱਲ ਯਾਦ ਕਰਕੇ ਮੇਰੇ ਚਿੱਤ 'ਚ ਆਈ,'ਹੁਣ ਵੀ ਤਾਂ ਕੰਮ ਕੁਝ ਘਟਾਇਆ ਹੀ ਹੈ। ਜੇ ਬੀਬੀ ਦੇ ਆਖੇ ਲੱਗਕੇ ਉਦੋਂ ਹੀ ਹਿਸਾਬ ਸਿਰ ਕੰਮ ਰੱਖਿਆ ਹੁੰਦਾ।' ਪਰ ਅਗਲੇ ਹੀ ਪਲ ਸੋਚਿਆ, 'ਜੇ ਕੰਮ ਘੱਟ ਵੀ ਕਰ ਦਿੰਦਾ ਸਕੂਲ 'ਚ ਤਾਂ ਨੀ ਸਾਰਾ ਦਿਨ ਜਵਾਕਾਂ ਦੇ ਨਾਲ ਰਿਹਾ ਜਾਂਦਾ। ਓਥੋਂ ਸਿੱਖਦੇ ਆ।'

'ਨਹੀਂ ਨਹੀਂ ਸਾਡਾ ਅਮੀਤ ਨੀ ਏਦਾਂ ਦਾ ਹੋ ਸਕਦਾ', ਮੈਂ ਆਪਣੇ ਆਪ ਨੂੰ ਧਰਵਾਸਾ ਦੇਣ ਦੀ ਕੋਸ਼ਿਸ਼ ਕੀਤੀ

ਸ਼ੈਡੋ ਨੂੰ ਕੁੱਤਿਆਂ ਵਾਲੇ ਪਾਰਕ ਵੱਲ ਜਾਣ ਦੀ ਕਾਹਲ ਸੀ। ਉਹ ਮੈਨੂੰ ਓਧਰ ਖਿੱਚ ਰਿਹਾ ਸੀ। ਇਸ ਨੂੰ ਇਹ ਨਹੀਂ ਸੀ ਪਤਾ ਕਿ ਇਸਦੇ ਦੋਸਤ ਕੁੱਤੇ ਉੱਥੇ ਨਹੀਂ ਹੋਣਗੇ। ਮੈਨੂੰ ਲਗਦਾ ਸੀ ਉਨ੍ਹਾਂ ਦੇ ਮਾਲਕਾਂ ਨੇ ਸੈਰ ਕਰਨ ਦੇ ਸਮੇਂ ਬਦਲ ਲਏ ਸੀ। ਪਹਿਲਾਂ ਉਹ ਸ਼ਾਮ ਨੂੰ ਛੇ ਵਜੇ ਉੱਥੇ ਹੁੰਦੇ ਸਨ, ਜਿਸ ਵੇਲੇ ਅਮੀਤ ਇਸ ਨੂੰ ਲੈ ਕੇ ਜਾਂਦਾ ਸੀ। ਮਾਨਵ ਦੇ ਕਤਲ ਤੋਂ ਬਾਅਦ ਪੂਰਾ ਹਫ਼ਤਾ ਮੈਂ ਇਸ ਨੂੰ ਉਸੇ ਸਮੇਂ ਹੀ ਲਿਜਾਂਦਾ ਰਿਹਾ ਸੀ। ਅਮੀਤ ਨੇ ਸ਼ੈਡੋ ਦੇ ਦੋਸਤ ਕੁੱਤਿਆਂ ਦੀਆਂ ਫੋਟੋ ਦਿਖਾ ਕੇ ਕਿਹਾ ਸੀ, "ਸਕੀਅ ਤੇ ਰੈਮੀ ਨਾਲ ਖੇਡਣਾ ਪਸੰਦ ਕਰਦੈ ਆਪਣਾ ਸ਼ੈਡੋ। ਓਨ੍ਹਾਂ ਦੇ ਡੈਡ ਬਹੁਤ ਚੰਗੇ ਐ। ਤੁਸੀਂ ਓਨ੍ਹਾਂ ਨਾਲ ਗੱਲਾਂ ਮਾਰ ਲਿਓ।" ਅਮੀਤ ਜਦੋਂ ਕੁੱਤਿਆਂ ਦੇ ਮਾਲਕਾਂ ਨੂੰ ਕੁੱਤਿਆਂ ਦੇ ਡੈਡ ਆਖ ਕੇ ਬਲਾਉਂਦਾ ਤਾਂ ਮੈਨੂੰ ਔਖਿਆਈ ਹੁੰਦੀ। ਪਰ ਉਸ ਦਿਨ ਮੈਂ ਇਸ ਨੂੰ ਨਜ਼ਰ ਅੰਦਾਜ਼ ਕਰ ਦਿੱਤਾ। ਸਗੋਂ ਮੈਨੂੰ ਔਖ ਇਸ ਗੱਲ ਦੀ ਸੀ ਕਿ ਕੁੱਤਾ ਲੈ ਕੇ ਨਵੀਂ ਮੁਸੀਬਤ ਮੁੱਲ ਲੈ ਲਈ ਸੀ। ਕਈ ਗੱਲਾਂ ਮੇਰੇ ਦਿਮਾਗ਼ ਵਿਚ ਆਈਆਂ ਸਨ। ਇਹ ਸ਼ੱਕ ਵੀ ਉੱਠੀ ਸੀ ਕਿ ਮਾਨਵ ਦਾ ਕੁੱਤੇ ਦੇ ਬਹਾਨੇ ਅਮੀਤ ਦੇ ਨੇੜੇ ਹੋਣਾ ਤੇ ਫਿਰ ਉਸ ਨਾਲ ਸ਼ੈਡੋ ਨੂੰ ਖੇਡਣ ਲੈ ਕੇ ਜਾਣਾ ਕਿਤੇ ਕਿਸੇ ਸੋਚੀ ਸਮਝੀ ਸਾਜ਼ਿਸ਼ ਦਾ ਹਿੱਸਾ ਤਾਂ ਨਹੀਂ ਸੀ! ਤੇ ਫਿਰ ਮੇਰੇ ਦਿਮਾਗ਼ ਵਿਚ ਆਈ ਸੀ ਕਿ ਕੁੱਤੇ ਮਾਲਕ ਦੇ ਬਹੁਤ ਵਫਾਦਾਰ ਹੁੰਦੇ ਹਨ। ਹੋ ਸਕਦਾ ਹੈ ਕਿ ਸ਼ੈਡੋ ਰਾਹੀਂ ਮੈਨੂੰ ਕੋਈ ਸੁਰਾਗ ਹੀ ਮਿਲ ਜਾਵੇ। ਤੇ ਮੈਂ ਸ਼ੈਡੋ ਨੂੰ ਸੈਰ ਕਰਵਾਉਣ ਪਾਰਕ ਲੈ ਗਿਆ ਸੀ ਪਰ ਸਕੀਅ ਦਾ ਮਾਲਕ ਸਾਨੂੰ ਦੇਖਣ ਸਾਰ ਹੀ ਆਪਣੇ ਕੁੱਤੇ ਨੂੰ ਪਾਰਕ ਵਿਚੋਂ ਖਿੱਚਣ ਲੱਗਾ ਸੀ। ਕੁੱਤੇ ਆਪਸ ਵਿਚ ਖੇਡਣ ਲਈ ਅਹੁਲ ਰਹੇ ਸਨ ਪਰ ਉਹ ਆਪਣੇ ਕੁੱਤੇ ਨੂੰ ਖਿੱਚ ਕੇ ਲੈ ਗਿਆ ਸੀ। ਉਸ ਦੇ ਇਸ ਤਰ੍ਹਾਂ ਕਰਨ ਨਾਲ ਮੇਰਾ ਡਰ ਹੋਰ ਵੀ ਮਜ਼ਬੂਤ ਹੋ ਗਿਆ ਸੀ। ਫਿਰ ਸੋਚਿਆ ਕਿ ਹੋ ਸਕਦਾ ਹੈ ਕਿ ਉਸ ਨੂੰ ਕੋਈ ਕੰਮ ਹੋਵੇ ਤੇ ਉਸ ਨੇ ਛੇਤੀ ਜਾਣਾ ਹੋਵੇ। ਪਰ ਮੁੜ ਮੈਂ ਉਨ੍ਹਾਂ ਨੂੰ ਉਸ ਵੇਲ਼ੇ ਕਦੇ ਵੀ ਪਾਰਕ ਵਿਚ ਨਹੀਂ ਸੀ ਦੇਖਿਆ।

ਸ਼ੋਰ ਮਚਾਉਂਦੀ ਕਾਰ ਨੇ ਮੈਨੂੰ ਸੋਚਾਂ ਵਿਚੋਂ ਕੱਢਿਆ। ਕੌਰਵਿਟ ਕਾਰ ਸੀ। ਸ਼ਾਇਦ ਕਾਰ ਦਾ ਜ਼ੋਰ ਦਿਖਾਉਣ ਲਈ ਡਰਾਈਵਰ ਨੇ ਰੇਸ ਦਿੱਤੀ ਸੀ। ਅਮੀਤ ਨੇ ਵੀ ਭਵਿੱਖ ਵਿਚ ਅਜਿਹੀ ਹੀ ਕਾਰ ਲੈਣ ਦੀ ਇਕ ਦਿਨ ਖਾਹਿਸ਼ ਜ਼ਾਹਿਰ ਕੀਤੀ ਸੀ ਭਾਵੇਂ ਉਸ ਨੇ ਹਾਲੇ ਤਕ ਡਰਾਈਵਰ ਲਾਈਸੈਂਸ ਲੈਣ ਲਈ ਅਰਜ਼ੀ ਵੀ ਨਹੀਂ ਸੀ ਭਰੀ। ਮੈਂ ਉਸ ਨੂੰ ਝੱਟ ਕਿਹਾ ਸੀ, "ਤੇਰੀ ਪਹਿਲੀ ਕਾਰ ਤਾਂ ਹੌਂਡਾ ਸਿਵਿਕ ਜਾਂ ਟਿਊਟਾ ਕਰੋਲਾ ਹੋਵੇਗੀ।" ਐਨਾ ਆਖ ਕੇ ਮੇਰੀ ਤਸੱਲੀ ਨਹੀਂ ਸੀ ਹੋਈ ਤੇ ਮੈਂ ਅੱਗੇ ਕਿਹਾ, "ਪੜ੍ਹਨ-ਲਿਖਣ ਵਾਲੇ ਬੱਚੇ ਨਹੀਂ ਰੱਖਦੇ ਮਹਿੰਗੀਆਂ ਸਪੋਰਟਸ ਕਾਰਾਂ।"

"ਓਹ ਡੈਡ! ਸਿਵਿਕ ਤੇ ਕਰੋਲਾ ਤਾਂ ਸਸਤੀਆਂ ਜਿਹੀਆਂ ਕਾਰਾਂ ਹੁੰਦੀਆਂ", ਅਮੀਤ ਬੋਲਿਆ। ਕੁਝ ਕੁ ਪਲਾਂ ਬਾਅਦ ਫਿਰ ਬੋਲਿਆ ਸੀ, "ਮੈਂ ਆਪਣੇ ਡਾਲਰਾਂ ਨਾਲ ਖਰੀਦਾਂਗਾ ਸਪੋਰਟਸ ਕਾਰ।" ਮੈਂ ਅੱਗੋਂ ਕੁਝ ਨਹੀਂ ਸੀ ਆਖਿਆ। ਸੋਚਿਆ ਸੀ ਕਿ ਜਦੋਂ ਸਮਾਂ ਆਊ ਵੇਖੀ

ਜਾਵੇਗੀ, ਹੁਣ ਤਾਂ ਇਹ ਐਵੇਂ ਸ਼ੇਖਚਿਲੀ ਵਾਂਗ ਸੁਪਨੇ ਲੈਂਦਾ ਰਹਿੰਦਾ। ਪਰ ਇਸ ਕਾਰ ਦੇ ਸ਼ੋਰ ਨੇ ਮੇਰੇ ਅੰਦਰ ਸ਼ੋਰ ਹੋਰ ਤੇਜ਼ ਕਰ ਦਿੱਤਾ ਸੀ। ਮਨ ਵਿਚ ਆਇਆ ਕਿ ਕਿਉਂ ਅਮੀਤ ਸੋਚਦੈ ਐਹੋ ਜਿਹੀਆਂ ਕਾਰਾਂ ਬਾਰੇ। ਮੈਂ ਆਪਣੀ ਜਾਣ-ਪਹਿਚਾਣ ਵਾਲੇ ਲੋਕਾਂ ਦੇ ਨਿਆਣਿਆਂ ਬਾਰੇ ਸੋਚਿਆ। ਕਿਸੇ ਕੋਲ਼ ਵੀ ਅਜਿਹੀ ਕਾਰ ਨਹੀਂ ਸੀ। "ਮਹਿੰਗੀਆਂ ਕਾਰਾਂ ਦੇ ਉੱਚੇ ਸੁਪਨੇ ਲੈਣ ਵਾਲੇ ਨਿਆਣੇ ਜ਼ਿਆਦਾ ਤਿਲਕਦੇ ਹਨ", ਕਿਸੇ ਦੀ ਕਹੀ ਹੋਈ ਇਹ ਗੱਲ ਮੇਰੇ ਦਿਮਾਗ਼ ਵਿਚ ਆਈ। ਮੈਨੂੰ ਫਿਰ ਕਾਰ ਦਾ ਸ਼ੋਰ ਸੁਣਿਆ। ਹੁਣ ਇਹ ਦੂਜੇ ਪਾਸੇ ਨੂੰ ਜਾ ਰਹੀ ਸੀ। ਇਹ ਤਾਂ ਜਿਵੇਂ ਮੇਰੀਆਂ ਸੋਚਾਂ ਨਾਲੋਂ ਵੀ ਤੇਜ਼ ਸੀ। ਇਕ ਅਲੂੰਆਂ ਜਿਹਾ 'ਆਪਣਾ' ਮੁੰਡਾ ਇਸ ਨੂੰ ਚਲਾ ਰਿਹਾ ਸੀ। ਮੇਰੇ ਦਿਮਾਗ਼ ਵਿਚ ਕੁਝ ਦਿਨ ਪਹਿਲਾਂ ਦੀ ਗੱਲ ਆ ਗਈ।

ਕੰਮ ਕਰਦਿਆਂ ਅਚਾਨਕ ਹੀ ਬੁਰਸ਼ ਰੋਕ ਕੇ ਮੇਰਾ ਸਹਾਇਕ ਬੋਲਿਆ, "ਭਾਅ ਜੀ, ਹਮੇਸ਼ਾ ਡਰ ਲੱਗਾ ਰਹਿੰਦੈ। ਸਾਡੇ ਗੁਆਂਢ 'ਚ ਵੀ ਅੱਜ-ਭਲਕ ਗੋਲੀ ਚੱਲੀ ਲਿਓ।" ਮੇਰੇ ਹੱਥੋਂ ਉੱਥੇ ਹੀ ਬੁਰਸ਼ ਰੁਕ ਗਿਆ। ਮਾਨਵ ਦੇ ਕਤਲ ਤੋਂ ਬਾਅਦ ਐਹੋ-ਜਿਹੀ ਗੱਲ ਤੋਂ ਮੈਂ ਤ੍ਰਭਕਣ ਲੱਗਾ ਸੀ। ਮੈਂ ਉਸ ਵੱਲ ਦੇਖਿਆ। ਉਹ ਬੋਲਿਆ, "ਸੋਲ਼ਾਂ-ਸਤਾਰਾਂ ਸਾਲਾਂ ਦਾ ਛੋਰੂ ਹੋਊਗਾ ਨਵੀਂ ਮਸਟੈਂਗ ਕਾਰ ਲਈ ਫਿਰਦੈ।"

"ਕਿਹੋ ਜਿਹੇ ਮਾਪੇ ਆ, ਜਿਹੜੇ ਐਹੋ ਜਿਹੀਆਂ ਮਹਿੰਗੀਆਂ ਕਾਰਾਂ ਲੈ ਦਿੰਦੇ ਆ ਨਿਆਣਿਆਂ ਨੂੰ", ਮੈਂ ਕਿਹਾ।

"ਮਾਪੇ ਕਿੱਥੋਂ ਲੈ ਕੇ ਦਿੰਦੇ ਆ, ਇਹ ਤਾਂ ਨਸ਼ੇ ਵੇਚ ਕੇ ਲੈਂਦੇ ਆ।"

ਸਾਡੀ ਗੱਲ ਸੁਣਕੇ ਪਲੰਬਰ ਵੀ ਕੰਮ ਕਰਨਾ ਛੱਡਕੇ ਬੋਲਿਆ, "ਇਹ ਨਵੀਂ ਪੀੜ੍ਹੀ ਵਾਲੇ ਹੈਨੀ ਮਹਿੰਗੀਆਂ ਕਾਰਾਂ ਲੈਣ ਜੋਗੇ। ਇਹ ਤਾਂ ਸਟ੍ਰੀਟ ਲੈਵਲ 'ਤੇ ਈ ਵੇਚਦੇ ਆ। ਪਹਿਲੀ ਪੀੜ੍ਹੀ ਵਾਲੇ ਗੈਂਗਸਟਰ ਸੀਗੇ ਵੱਡੀਆਂ ਤੋਪਾਂ।"

"ਗੋਲੀ ਤਾਂ ਨਿੱਤ ਕਿਤੇ ਨਾ ਕਿਤੇ ਚੱਲ ਜਾਂਦੀ ਐ। ਭੋਰਾ-ਭਰ ਨਿਆਣੇ ਚੁੱਕੀ ਫਿਰਦੇ ਆ ਗੰਨਾਂ। ਪਤਾ ਨੀ ਕਦੋਂ ਮੁੱਕੇਗੀ ਇਹ ਗੈਂਗਵਾਰ। ਡਰਦੇ ਰਹੀਦੈ--," ਮੇਰਾ ਸਹਾਇਕ ਬੋਲਿਆ। ਉਹ ਆਪਸ ਵਿਚ ਗੱਲੀਂ ਪੈ ਗਏ ਸਨ। ਮੇਰਾ ਧਿਆਨ ਉਨ੍ਹਾਂ ਦੀਆਂ ਗੱਲ ਵੱਲੋਂ ਆਪਣੇ ਅੰਦਰ ਵੱਲ ਮੁੜ ਗਿਆ ਸੀ। ਮੇਰੇ ਮੂਹਰੇ ਅਮੀਤ ਆ ਗਿਆ ਸੀ।

ਅਮੀਤ ਨਵਾਂ ਨਵਾਂ ਹਾਈ ਸਕੂਲ ਜਾਣ ਲੱਗਾ ਸੀ। ਪਤਾ ਨਹੀਂ ਕਿਵੇਂ ਗੱਲ ਸ਼ੁਰੂ ਹੋਈ ਸੀ। ਸ਼ਾਇਦ ਟੀ ਵੀ 'ਤੇ ਖਬਰਾਂ ਦੇਖਦਿਆਂ ਅਮੀਤ ਬੋਲਿਆ ਸੀ, "ਡੈਡੀ, ਪੰਜਾਬੀ ਗੈਂਗਸਟਰ ਮਾੜੇ ਬੰਦੇ ਨਹੀਂ ਸੀ। ਅਸਲ 'ਚ ਪਹਿਲੀ ਪੀੜ੍ਹੀ ਦੇ ਗੈਂਗਸਟਰਾਂ ਦਾ ਸਮਾਜ 'ਤੇ ਇਕ ਚੰਗਾ ਅਸਰ ਵੀ ਸੀ। ਪਰ ਉਸ ਬਾਰੇ ਕੋਈ ਗੱਲ ਨਹੀਂ ਕਰਦਾ।" ਅਮੀਤ ਦੇ ਮੂੰਹੋਂ ਸੁਣੀ ਇਸ ਗੱਲ ਨੇ ਮੈਨੂੰ ਹੈਰਾਨ ਕਰ ਦਿੱਤਾ ਸੀ। ਮੈਂ ਇਹ ਸੁਣਿਆ ਸੀ ਕਿ ਵੈਨਕੂਵਰ ਵਿਚ ਨੱਬੇਵਿਆਂ ਵਿਚ ਛਿੜੀ ਗੈਂਗਵਾਰ ਦੇ ਕੁਝ ਮੋਢੀ ਪੰਜਾਬੀ ਮੁੰਡੇ ਨਵੀਂ ਪੀੜ੍ਹੀ ਦੇ ਹੀਰੋ ਸਨ। ਪਹਿਲੀ ਪੀੜ੍ਹੀ ਦੇ ਕਿੰਦੀ ਨਾਹਲ ਤੇ ਰੌਣ ਜਾਬਾਂਜ਼ ਵੱਲੋਂ ਦੂਜੇ ਗੈਂਗਾਂ ਅਤੇ ਪੁਲੀਸ ਨੂੰ ਟੀ ਵੀ 'ਤੇ ਦਿੱਤੀਆਂ ਸਿੱਧੀਆਂ ਧਮਕੀਆਂ ਇਨ੍ਹਾਂ ਵਿਚ ਬਹੁਤ ਹਰਮਨ ਪਿਆਰੀਆਂ ਹੋ ਗਈਆਂ ਸਨ। ਉਸ ਵਕਤ ਸੋਸ਼ਲ ਮੀਡੀਆ ਪ੍ਰਚਲਤ ਨਹੀਂ ਸੀ ਹੋਇਆ। ਬਾਅਦ ਵਿਚ ਕਿਸੇ ਨੇ ਯੂ ਟਿਊਬ 'ਤੇ ਟੀ ਵੀ ਦੀਆਂ ਖਬਰਾਂ ਦੇ ਉਹ ਕਲਿੱਪ ਪਾ ਦਿੱਤੇ ਸਨ। ਅਮੀਤ ਫਿਰ ਬੋਲਿਆ ਸੀ, "ਪਹਿਲਾਂ ਸਾਡੇ ਲੋਕ ਡਾਊਨ ਟਾਊਨ ਦੇ ਪੱਬਾਂ 'ਚ ਜਾਣੋ ਡਰਦੇ ਸਨ। ਕੋਈ ਵੀ ਫਿਰਕਾਪ੍ਰਸਤ ਗੋਰਾ ਬੇਇਜ਼ਤੀ ਕਰ ਦਿੰਦਾ ਸੀ। ਪਰ ਹੁਣ ਉਹ ਡਰਦੇ ਆਪਣੇ ਲੋਕਾਂ ਨੂੰ ਪ੍ਰੇਸ਼ਾਨ ਨਹੀਂ ਕਰਦੇ।"

ਅੰਗ੍ਰੇਜ਼ੀ 'ਚ ਇਸ ਤਰ੍ਹਾਂ ਮਠਾਰ-ਮਠਾਰ ਗੱਲਾਂ ਕਰਦਾ ਉਦੋਂ ਅਮੀਤ ਮੈਨੂੰ ਬਹੁਤ ਸਿਆਣਾ ਲੱਗਾ ਸੀ। ਪਰ ਹੁਣ ਉਹੀ ਗੱਲਾਂ ਯਾਦ ਕਰਕੇ ਮੈਨੂੰ ਡਰ ਲੱਗਣ ਲੱਗਾ ਸੀ। "ਇਹ ਉਮਰ ਹੀ

ਤਿਲਕਣ ਦੀ ਹੁੰਦੀ ਐ, ਕਈ ਵਾਰੀ ਚੰਗੇ ਭਲੇ ਨਿਆਣੇ ਤਿਲਕ ਜਾਂਦੇ ਆ", ਪਲੰਬਰ ਦੀ ਗੱਲ ਨੇ ਮੇਰਾ ਧਿਆਨ ਉਨ੍ਹਾਂ ਵੱਲ ਮੋੜਿਆ ਸੀ। ਇਸ ਗੱਲ ਨੇ ਮੈਨੂੰ ਹੋਰ ਫਿਕਰਮੰਦ ਕਰ ਦਿੱਤਾ ਸੀ।

"ਸੱਚਿਆ ਪਾਤਸ਼ਾਹ ਵਹਿਮ ਹੀ ਹੋਵੇ ਮੇਰਾ", ਮੇਰੇ ਮੂੰਹੋਂ ਨਿਕਲ ਗਿਆ। ਇਹ ਮੈਂ ਐਨਾ ਉੱਚੀ ਵੀ ਨਹੀਂ ਸੀ ਕਿਹਾ ਕਿ ਸ਼ੈਡੋ ਨੂੰ ਸੁਣ ਜਾਂਦਾ ਪਰ ਉਹ ਪਤਾ ਨਹੀਂ ਕਿਉਂ ਰੁਕ ਗਿਆ ਸੀ।

ਸਾਡੀ ਜ਼ਿੰਦਗੀ ਵੀ ਪਿਛਲੇ ਦੋ ਦਿਨਾਂ ਤੋਂ ਰੁਕੀ ਪਈ ਸੀ। ਪਹਿਲਾਂ ਵੀ ਦੋ ਵਾਰ ਇਸੇ ਤਰ੍ਹਾਂ ਹੋਇਆ ਸੀ। ਪੰਜ ਸਾਲ ਪਹਿਲਾਂ ਬਾਪੂ ਦੇ ਕੈਂਸਰ ਬਾਰੇ ਪਤਾ ਲੱਗਣ 'ਤੇ ਸਾਡੀ ਰਵਾਂ ਚੱਲ ਰਹੀ ਜ਼ਿੰਦਗੀ ਇਕ ਦਮ ਰੁਕ ਗਈ ਸੀ। ਅਮੀਤ ਉਦੋਂ ਗਿਆਰਾਂ ਕੁ ਸਾਲਾਂ ਦਾ ਸੀ। ਉਹ ਬੀਬੀ-ਬਾਪੂ ਵਾਲੇ ਕਮਰੇ ਵਿਚ ਹੀ ਸੌਂਦਾ ਸੀ। ਹੁਣ ਮੈਂ ਕਦੇ-ਕਦੇ ਸੋਚਦਾਂ ਕਿ ਜੇ ਮੈਂ ਸਿਆਣਪ ਵਰਤਦਾ ਤੇ ਅਮੀਤ ਨੂੰ ਬਾਪੂ ਦੀ ਬੀਮਾਰੀ ਬਾਰੇ ਨਾ ਪਤਾ ਲੱਗਣ ਦਿੰਦਾ ਤਾਂ ਸ਼ਾਇਦ ਉਸ 'ਤੇ ਐਨਾ ਅਸਰ ਨਾ ਪੈਂਦਾ। ਫਿਰ ਸੋਚਦਾਂ ਕਿ ਜਿੰਨਾ ਮਰਜ਼ੀ ਬਚਾਅ ਕਰ ਲੈਂਦਾ, ਅਮੀਤ ਨੂੰ ਫੇਰ ਵੀ ਪਤਾ ਲੱਗ ਹੀ ਜਾਣਾ ਸੀ। ਬਾਪੂ ਅਮੀਤ ਨੂੰ ਅਕਸਰ ਹੀ ਆਖ ਦਿੰਦਾ, "ਕਰਲੋ ਸੇਵਾ ਜਿਹੜੀ ਕਰਨੀ ਐ, ਮੈਂ ਹੋਰ ਬਹੁਤਾ ਚਿਰ ਨਹੀਂ ਜਿਉਂਦਾ।" ਬਾਪੂ ਦੇ ਇਲਾਜ ਲਈ ਕੀਮੋ, ਰੇਡੀਏਸ਼ਨ ਤੇ ਕੈਂਸਰ ਮਾਹਿਰਾਂ ਦੇ ਚੱਕਰ ਸ਼ੁਰੂ ਹੋ ਗਏ ਸਨ। ਜਦੋਂ ਵੀ ਬਾਪੂ ਦੀ ਹਾਲਤ ਵਿਗੜਦੀ, ਉਸ ਨੂੰ ਹਸਪਤਾਲ ਲਿਜਾਣਾ ਪੈਂਦਾ। ਐਂਬੂਲੈਂਸ ਦੀ ਆਵਾਜ਼ ਸੁਣ ਕੇ ਹੀ ਅਮੀਤ ਦਹਿਲ ਜਾਂਦਾ। ਜਦੋਂ ਐਂਬੂਲੈਂਸ ਰਾਹੀਂ ਬਾਪੂ ਨੂੰ ਹਸਪਤਾਲ ਲੈ ਜਾਂਦੇ, ਅਮੀਤ ਪੁੱਛਦਾ, "ਬਾਪੂ ਘਰ ਆ ਜਾਊਗਾ ਨਾ?" ਉਸਦੀਆਂ ਅੱਖਾਂ ਭਰੀਆਂ ਹੁੰਦੀਆਂ। ਤੇ ਫਿਰ ਇਕ ਦਿਨ ਉਹ ਪੁੱਛਣ ਲੱਗਾ, "ਡੈਡ,ਬਾਪੂ ਬਾਰੇ ਕੀ ਲਗਦੈ?"

"ਕੀ?"

"ਉਹ ਬਿਮਾਰ ਹੈ--ਬਚ ਜਾਊ?" ਆਖਦੇ ਅਮੀਤ ਦੀਆਂ ਅੱਖਾਂ ਭਰ ਆਈਆਂ।

"ਕੁਝ ਨਹੀਂ ਹੁੰਦਾ ਉਸ ਨੂੰ", ਆਖ ਕੇ ਮੈਂ ਅਮੀਤ ਨੂੰ ਆਪਣੇ ਨਾਲ ਘੁੱਟ ਲਿਆ ਸੀ ਅਤੇ ਹੋਰ ਗੱਲਾਂ ਕਰਕੇ ਉਸ ਨੂੰ ਵਰਚਾ ਲਿਆ ਸੀ ਪਰ ਉਸ ਅੰਦਰ ਬੈਠੇ ਡਰ ਨੂੰ ਮੈਂ ਪੂਰੀ ਤਰ੍ਹਾਂ ਨਹੀਂ ਸੀ ਪਕੜ ਸਕਿਆ। ਇਨ੍ਹਾਂ ਗੱਲਾਂ ਬਾਰੇ ਸੋਝੀ ਮੈਨੂੰ ਬਹੁਤ ਬਾਅਦ ਵਿਚ ਅਮੀਤ ਦੇ ਸਕੂਲ ਦੇ ਕਾਊਂਸਲਰ ਤੋਂ ਹੋਈ ਸੀ। ਬੀਬੀ ਦੇ ਕੈਂਸਰ ਬਾਰੇ ਪਤਾ ਲੱਗਣ ਤੋਂ ਬਾਅਦ ਅਮੀਤ ਅੰਦਰ ਚੱਲ ਰਹੀ ਟੁੱਟ ਭੱਜ ਦੀ ਵੀ ਮੈਨੂੰ ਸਮਝ ਨਹੀਂ ਸੀ ਪਈ। ਬਾਪੂ ਦੀ ਬਿਮਾਰੀ ਨਾਲ ਸਾਰਾ ਪਰਿਵਾਰ ਜੂਝ ਹੀ ਰਿਹਾ ਸੀ ਕਿ ਬੀਬੀ ਦੇ ਕੈਂਸਰ ਕਾਰਣ ਦੁਬਾਰਾ ਕੀਮੋ, ਰੇਡੀਏਸ਼ਨ ਅਤੇ ਕੈਂਸਰ ਮਾਹਿਰ ਡਾਕਟਰਾਂ ਦੇ ਦੁੱਗਣੇ ਗੇੜੇ ਹੋ ਗਏ। ਅਮੀਤ ਵੱਲੋਂ ਮੈਂ ਬਿਲਕੁਲ ਹੀ ਅਵੇਸਲ਼ਾ ਹੋਗਿਆ ਸੀ। ਮੇਰਾ ਸਾਰਾ ਧਿਆਨ ਬੀਬੀ-ਬਾਪੂ ਵੱਲ ਹੋ ਗਿਆ ਸੀ। ਅਮੀਤ ਦੇ ਸੁੱਕੇ ਬੁੱਲ੍ਹਾਂ ਵੱਲ ਮੇਰੀ ਨਿਗ੍ਹਾ ਹੀ ਨਾ ਜਾਂਦੀ। ਇਕ-ਦੋ ਵਾਰ ਕਿਰਨ ਨੇ ਕਿਹਾ ਵੀ ਕਿ ਅਮੀਤ ਸਕੂਲੋਂ ਦੁਪਹਿਰ ਦਾ ਖਾਣਾ ਉਵੇਂ ਹੀ ਮੋੜ ਲਿਆਉਂਦਾ ਸੀ। ਮੈਂ ਇਸ ਗੱਲ ਨੂੰ ਗੌਲ਼ਿਆ ਹੀ ਨਹੀਂ ਸੀ। ਜਦੋਂ ਕੁਝ ਵਿਹਲ ਮਿਲਦੀ, ਮੈਂ ਬੀਬੀ ਨੂੰ ਪਾਠ ਸਣਾਉਣ ਲੱਗ ਜਾਂਦਾ। ਉਸ ਦੀ ਗੁਰਬਾਣੀ ਵਿਚ ਅਥਾਹ ਸ਼ਰਧਾ ਸੀ ਪਰ ਬਿਮਾਰੀ ਕਾਰਣ ਪਾਠ ਨਹੀਂ ਸੀ ਕਰ ਸਕਦੀ। ਇਕ ਦਿਨ ਮੈਂ ਬੀਬੀ ਦੇ ਕਮਰੇ ਵਿਚੋਂ ਪਾਠ ਸੁਣਾ ਕੇ ਬਾਹਰ ਆਇਆ ਤਾਂ ਅਮੀਤ ਮੇਰੇ ਕੋਲ ਬੈਠ ਗਿਆ। ਕੁਝ ਦੇਰ ਚੁੱਪ ਰਹਿਣ ਤੋਂ ਬਾਅਦ ਬੋਲਿਆ, "ਡੈਡ, ਥੋਨੂੰ ਲਗਦਾ ਹੈ ਕਿ ਕੋਈ ਰੱਬ ਹੈ?" ਮੈਨੂੰ ਇਕਦਮ ਪਤਾ ਨਾ ਲੱਗਾ ਕਿ ਕੀ ਜਵਾਬ ਦੇਵਾਂ। ਮੈਨੂੰ ਇਸ ਬਾਰੇ ਆਪ ਕੋਈ ਪਤਾ ਨਹੀਂ। ਮੈਨੂੰ ਤਾਂ ਬੱਸ ਏਨਾ ਕੁ ਪਤਾ ਹੈ ਕਿ ਜਦੋਂ ਵੀ ਕੋਈ ਮੁਸੀਬਤ ਅਉਂਦੀ ਹੈ ਤਾਂ ਮੇਰੇ ਮਨ ਅੰਦਰ ਗੁਰੂ ਨਾਨਕ ਦੀ ਤਸਵੀਰ ਉੱਭਰਦੀ ਹੈ, ਜਿਹੜੀ ਸਾਡੇ ਘਰ ਵਿਚ ਅੰਗੀਠੀ ਉੱਪਰ ਰੱਖੀ ਹੁੰਦੀ ਸੀ ਤੇ ਮੈਂ ਮਨ ਹੀ ਮਨ ਆਖਦਾ ਹਾਂ, 'ਮਿਹਰ ਰੱਖੀਂ ਸੱਚੇ ਪਾਤਸ਼ਾਹ।' ਹਾਂ, ਬੀਬੀ ਨੂੰ ਪਾਠ ਸੁਣਾ ਕੇ ਮੈਨੂੰ ਚੰਗਾ ਲਗਦਾ ਸੀ। ਅਮੀਤ ਨੂੰ ਕੋਈ ਜਵਾਬ ਦੇਣ ਦੀ ਥਾਂ ਮੈਂ ਪੁੱਛ ਲਿਆ, "ਤੂੰ ਕਿਉਂ ਪੁੱਛਦੈਂ ?"

"ਮੈਨੂੰ ਨਹੀਂ ਲਗਦਾ ਕਿ ਹੈ। ਦੇਖੋ ਬੀਬੀ ਕਿੰਨਾ ਪਾਠ ਕਰਦੀ ਸੀ। ਕਿੰਨੀ ਚੰਗੀ ਹੈ। ਫੇਰ ਉਸ ਨੂੰ ਐਨੇ ਦੁੱਖ 'ਚੋਂ ਕਿਉਂ ਲੰਘਣਾ ਪੈ ਰਿਹਾ?" ਮੈਨੂੰ ਇਸਦਾ ਕੋਈ ਜਵਾਬ ਨਹੀਂ ਸੀ ਅਹੁੜਿਆ ਤੇ ਮੈਂ ਉਸ ਅੰਦਰ ਚੱਲ ਰਹੀ ਟੁੱਟ-ਭੱਜ ਨੂੰ ਸਮਝਣ ਦੀ ਬਜਾਏ ਆਖ ਦਿੱਤਾ, "ਬੀਬੀ ਸਾਹਮਣੇ ਨਾ ਏਦਾਂ ਕਹੀਂ, ਉਹਨੂੰ ਚੰਗਾ ਨੀ ਲੱਗਣਾ।" ਆਖ ਕੇ ਮੈਂ ਆਪਣੇ ਜਣੇ ਸੁਰਖਰੂ ਹੋ ਗਿਆ ਸੀ। ਅਮੀਤ ਅੰਦਰਲੇ ਤੌਖਲੇ ਨੂੰ ਮੈਂ ਨਹੀਂ ਸੀ ਸਮਝਿਆ। ਉਹ ਸਕੂਲੋਂ ਆਉਣ ਸਾਰ ਪਹਿਲਾਂ ਬੀਬੀ-ਬਾਪੂ ਦੇ ਕਮਰੇ ਵਿਚ ਜਾਂਦਾ। ਕਿਰਨ ਦੱਸਦੀ ਸੀ ਕਿ ਇਕ ਦਿਨ ਬੀਬੀ ਗ਼ੁਸਲਖਾਨੇ ਵਿਚ ਸੀ। ਉਸ ਨੂੰ ਕਮਰੇ ਵਿਚ ਨਾ ਦੇਖ ਕੇ ਅਮੀਤ ਦੇ ਚਿਹਰੇ ਦਾ ਰੰਗ ਉੱਡ ਗਿਆ ਸੀ। ਕਈ ਵਾਰ ਉਹ ਸਕੂਲੋਂ ਕਿਰਨ ਨੂੰ ਫੋਨ ਕਰ ਦਿੰਦਾ ਕਿ ਉਸਨੂੰ ਅੱਧੀ ਛੁੱਟੀ ਵੇਲ਼ੇ ਘਰ ਲੈ ਜਾਵੇ ਅਤੇ ਉਹ ਆਉਣ ਸਾਰ ਤੇਜ਼ੀ ਨਾਲ ਬੀਬੀ-ਬਾਪੂ ਦੇ ਕਮਰੇ ਵਿਚ ਜਾਂਦਾ। ਉਨ੍ਹਾਂ ਨਾਲ ਗੱਲਾਂ ਕਰਕੇ ਮੁੜ ਸਕੂਲ ਚਲਾ ਜਾਂਦਾ। ਰਾਤ ਨੂੰ ਵੀ ਕਈ ਵਾਰ ਜਦੋਂ ਬਾਪੂ ਅੱਧੀਂ ਰਾਤੋਂ ਨੀਂਦ ਨਾ ਆਉਣ ਕਰਕੇ ਗੱਲਾਂ ਕਰਨ ਲੱਗ ਜਾਂਦਾ ਜਾਂ ਬੀਬੀ-ਬਾਪੂ ਵਿਚੋਂ ਕੋਈ ਉਲਟੀ ਕਰ ਰਿਹਾ ਹੁੰਦਾ ਜਾਂ ਉਨ੍ਹਾਂ ਦੀ ਹੂੰਗਰ ਸੁਣ ਕੇ ਭੱਜ ਕੇ ਉਨ੍ਹਾਂ ਦੇ ਕਮਰੇ ਵਿਚ ਆਉਂਦਾ। ਮੈਂ ਕਈ ਵਾਰ ਆਖਦਾ ਵੀ, "ਅਮੀਤ, ਮੈਂ ਹੁੰਦਾ ਤਾਂ ਹਾਂ ਉਨ੍ਹਾਂ ਦੇ ਕਮਰੇ ਵਿਚ, ਫੇਰ ਤੂੰ ਕਿਉਂ ਭੱਜਦੈਂ?"

"ਮੈਨੂੰ ਲੱਗਾ ਕਿ ਤੁਸੀਂ ਸੁੱਤੇ ਪਏ ਆਂ। ਸਾਰੇ ਠੀਕ ਐ ਨਾ?" ਪੁੱਛਕੇ ਉਹ ਬੀਬੀ-ਬਾਪੂ ਨੂੰ ਵਾਰੀ ਵਾਰੀ ਜੱਫੀ ਪਾਉਂਦਾ ਅਤੇ ਆਪਣੇ ਕਮਰੇ ਵਿਚ ਮੁੜ ਜਾਂਦਾ। ਮੈਨੂੰ ਅੰਦਰੇ ਅੰਦਰ ਖੁਸ਼ੀ ਹੁੰਦੀ ਕਿ ਅਮੀਤ ਕਿੰਨਾ ਖਿਆਲ ਰੱਖਦਾ ਸੀ। ਇਹ ਗੱਲਾਂ ਮੈਂ ਬਾਅਦ ਵਿਚ ਅਮੀਤ ਦੇ ਸਕੂਲ ਕੌਂਸਲਰ ਨੂੰ, ਅਮੀਤ ਦੇ ਚੰਗੇ ਸੁਭਾਅ ਦੀ ਨਿਸ਼ਾਨੀ ਵਜੋਂ ਦੱਸੀਆਂ ਸਨ। ਇਹ ਉਨ੍ਹਾਂ ਦਿਨਾਂ ਦੀ ਗੱਲ ਹੈ, ਜਦੋਂ ਬੀਬੀ-ਬਾਪੂ, ਦੋਨਾਂ ਨੇ ਹੀ ਕੁਝ ਮਹੀਨਿਆਂ ਦੀ ਵਿੱਥ ਨਾਲ ਕੈਂਸਰ ਤੋਂ ਹਾਰ ਮੰਨ ਲਈ ਸੀ ਅਤੇ ਅਮੀਤ ਨੇ ਬਿਲਕੁਲ ਹੀ ਚੁੱਪ ਵੱਟ ਲਈ ਸੀ। ਉਹ ਸਕੂਲੋਂ ਆ ਕੇ ਬੀਬੀ-ਬਾਪੂ ਵਾਲੇ ਕਮਰੇ ਵਿਚ ਲੇਟ ਜਾਂਦਾ ਅਤੇ ਉਨ੍ਹਾਂ ਦੀਆਂ ਫੋਟੋਆਂ ਵੱਲ ਦੇਖੀ ਜਾਂਦਾ ਜਾਂ ਆਪਣੇ ਆਈ ਪੌਡ ਦੀ ਸਕਰੀਨ 'ਤੇ ਅੱਖਾਂ ਗੱਡੀ ਰੱਖਦਾ, ਜਿਸ 'ਤੇ ਉਸ ਨੇ ਬੀਬੀ-ਬਾਪੂ ਦੀ ਉਸਦੇ ਦਸਵੇਂ ਜਨਮ ਦਿਨ 'ਤੇ ਉਸਦੇ ਮੂੰਹ ਵਿਚ ਕੇਕ ਪਾਉਂਦਿਆਂ ਦੀ ਫੋਟੋ ਲਗਾਈ ਹੋਈ ਸੀ। ਅਸੀਂ ਸਮਝਦੇ ਸੀ ਕਿ ਉਹ ਕੁਝ ਦਿਨਾਂ ਬਾਅਦ ਠੀਕ ਹੋ ਜਾਵੇਗਾ। ਉਨ੍ਹਾਂ ਦਿਨਾਂ ਵਿਚ ਸਕੂਲ ਦੇ ਕੌਂਸਲਰ ਨੇ ਸਾਨੂੰ ਸਕੂਲ ਸੱਦਿਆ ਸੀ। ਅਮੀਤ ਸਕੂਲ ਵਿਚ ਕਿਸੇ ਮੁੰਡੇ ਨਾਲ ਖਹਿਬੜ ਪਿਆ ਸੀ। ਲੜਾਈ ਤਾਂ ਇਕ ਪਾਸੇ, ਇਸਦੇ ਅਧਿਆਪਕਾਂ ਨੇ ਕਦੇ ਵੀ ਇਸ ਬਾਰੇ ਕੋਈ ਸ਼ਿਕਾਇਤ ਨਹੀਂ ਸੀ ਕੀਤੀ। ਉਹ ਤਾਂ ਸਗੋਂ ਇਸ ਨੂੰ 'ਚੈਟਰਬੌਕਸ' ਆਖਦੇ ਸਨ, ਜਿਹੜਾ ਆਪਣੀਆਂ ਗੱਲਾਂ ਨਾਲ ਸਾਰੀ ਕਲਾਸ ਦਾ ਜੀਅ ਲਵਾਈ ਰੱਖਦਾ ਸੀ। ਹੁਣ ਕਿਸੇ ਗੋਰੇ ਬੱਚੇ ਨੇ ਇਸਦੀ ਚਮੜੀ ਦੇ ਰੰਗ ਕਾਰਣ ਇਸ ਨੂੰ ਮਜ਼ਾਕ ਨਾਲ 'ਬਰਾਊਨੀ' ਆਖ ਦਿੱਤਾ ਸੀ ਤੇ ਇਹ ਉਸ ਨਾਲ ਹੱਥੋ-ਪਾਈ ਕਰਨ ਤਕ ਗਿਆ ਸੀ। ਉਹ ਮੁੰਡਾ ਆਖਦਾ ਸੀ ਕਿ ਉਹ ਪਹਿਲਾਂ ਵੀ ਅਮੀਤ ਨੂੰ ਇਸ ਤਰ੍ਹਾਂ ਆਖ ਦਿੰਦਾ ਸੀ ਤੇ ਇਹ ਉਸ ਨੂੰ ਜਵਾਬ ਵਿਚ ਉਸਦੀ ਚਮੜੀ ਦੇ ਰੰਗ ਕਾਰਣ 'ਕਰੈਕਰਜ਼' ਆਖ ਦਿੰਦਾ ਸੀ। ਉਹ ਇਸ ਤਰ੍ਹਾਂ ਇਕ ਦੂਜੇ ਨੂੰ ਐਲੀਮੈਂਟਰੀ ਸਕੂਲ ਦੇ ਦਿਨਾਂ ਤੋਂ ਹੀ ਛੇੜਦੇ ਆ ਰਹੇ ਸਨ ਪਰ ਇਸ ਵਾਰ ਅਮੀਤ ਭੜਕ ਪਿਆ ਸੀ। ਮੈਂ ਕੌਂਸਲਰ ਨੂੰ ਮਿਲਣ ਸਾਰ ਹੀ ਅਮੀਤ ਦੀ ਵਕਾਲਤ ਕਰਨ ਲਈ ਅਮੀਤ ਦੇ ਚੰਗੇ ਸੁਭਾਅ ਦੀਆਂ ਗੱਲਾਂ ਦੱਸੀਆਂ ਸਨ। ਕਾਊਂਸਲਰ ਨੇ ਮੈਨੂੰ ਸਮਝਾਉਂਦਿਆਂ ਹੋਇਆ ਕਿਹਾ ਸੀ, "ਇਸ ਨੇ ਬਹੁਤ ਥੋੜ੍ਹੇ ਸਮੇਂ ਵਿਚ ਆਪਣੇ ਦਾਦਾ-ਦਾਦੀ ਗਵਾ ਦਿੱਤੇ ਹਨ। ਪਹਿਲਾਂ ਇਹ ਉਨ੍ਹਾਂ ਦੇ ਮਰਨ ਦੇ ਡਰ ਦੀ ਲਗਾਤਾਰ ਲਟਕਦੀ ਤਲਵਾਰ ਨਾਲ ਡਰਿਆ ਹੋਇਆ ਸੀ। ਹੁਣ ਇਹ ਉਨ੍ਹਾਂ ਦੇ ਵਿਛੋੜੇ ਦੇ ਸਦਮੇ ਵਿਚੋਂ ਗੁਜ਼ਰ ਰਿਹਾ ਹੈ। ਇਸ ਨੂੰ ਲਗਾਤਾਰ ਕੌਂਸਲਿੰਗ ਦੀ ਜ਼ਰੂਰਤ ਹੈ। ਮੈਂ ਇਸ ਦੀ ਸਹਾਇਤਾ ਕਰਾਂਗਾ।" ਫਿਰ ਉਸ ਨੇ ਸਲਾਹ ਦਿੱਤੀ ਸੀ ਕਿ ਅਸੀਂ

ਇਸ ਨੂੰ ਇਕ ਪਾਲਤੂ ਜਾਨਵਰ ਲੈ ਦੇਈਏ। ਮੈਂ ਕਿਰਨ ਦੇ ਜ਼ੋਰ ਪਾਉਣ 'ਤੇ ਇਹ ਸਲਾਹ ਮੰਨ ਲਈ। ਮੈਂ ਤਾਂ ਕੁੱਤੇ-ਬਿੱਲੇ ਰੱਖਣ ਵਾਲਿਆਂ ਨੂੰ ਮੂਰਖ ਕਹਿੰਦਾ ਰਿਹਾ ਸੀ। ਮੈਨੂੰ ਲਗਦਾ ਸੀ ਕਿ ਲੋਕਾਂ ਨੇ ਪਾਲਤੂ ਨਹੀਂ ਰੱਖੇ, ਸਗੋਂ ਜਾਨਵਰਾਂ ਨੇ ਬੰਦੇ ਰੱਖੇ ਹੋਏ ਹਨ।

ਸ਼ੈਡੋ ਰੁਕ ਗਿਆ ਸੀ। ਉਹ ਧਰਤੀ 'ਤੇ ਕੁਝ ਸੁੰਘਣ ਲੱਗਾ ਸੀ। ਮੈਂ ਉਸਦੀ ਰੱਸੀ ਖਿੱਚੀ ਪਰ ਉਹ ਨਾ ਤੁਰਿਆ। ਉਹ ਟੱਟੀ ਕਰਨ ਲੱਗਾ। ਮੈਂ ਟੱਟੀ ਨੂੰ ਚੁੱਕਿਆ ਅਤੇ ਬੈਗ ਵਿਚ ਪਾ ਲਿਆ। 'ਸਾਲ਼ਿਆ ਤੇਰੇ ਪਾਏ ਸਿਆਪੇ ਆ। ਨਾ ਤੂੰ ਆਉਂਦਾ। ਨਾ ਇਹ ਸਾਰਾ ਸਿਆਪਾ ਪੈਂਦਾ', ਇਸ ਸੋਚ ਨਾਲ ਮੇਰੇ ਚਿੱਤ 'ਚ ਆਈ ਕਿ ਸ਼ੈਡੋ ਦੇ ਠੁੱਡਾ ਮਾਰਾਂ।

ਅਮੀਤ ਆਪਣੇ ਬਾਲਪਨ ਤੋਂ ਹੀ ਕਦੇ-ਕਦਾਈਂ ਕੁੱਤਾ ਰੱਖਣ ਦੀ ਗੱਲ ਕਰਦਾ ਹੁੰਦਾ ਸੀ ਪਰ ਮੈਂ ਸਾਫ ਇਨਕਾਰ ਕਰ ਦਿੰਦਾ ਸੀ। ਹੁਣ ਵੀ ਮੈਂ ਸੋਚਦਾ ਸੀ ਕਿ ਥੋੜ੍ਹਾ ਚਿਰ ਰੱਖ ਕੇ, ਜਦੋਂ ਅਮੀਤ ਮੁੜ ਸਾਵਾਂ ਹੋ ਗਿਆ, ਕੁੱਤਾ ਕਿਸੇ ਨੂੰ ਦੇ ਦਿਆਂਗੇ। ਕੁੱਤਾ ਲੈਣ ਸਮੇਂ ਮੈਂ ਕਈ ਸ਼ਰਤਾਂ ਵੀ ਰੱਖ ਦਿੱਤੀਆਂ ਸਨ ਕਿ ਕੁੱਤਾ ਘਰ ਦੇ ਪਿਛਵਾੜੇ ਵਿਚ ਰਹੇਗਾ ਅਤੇ ਮੈਂ ਉਸਦੀ ਦੇਖ-ਭਾਲ਼ ਨਹੀਂ ਕਰਾਂਗਾ। ਅਮੀਤ ਨੇ ਇਹ ਗੱਲਾਂ ਪ੍ਰਵਾਨ ਕਰ ਲਈਆਂ ਸਨ। ਉਹ ਸ਼ੈਡੋ ਨਾਲ ਪਰਚਣ ਲੱਗਾ ਸੀ। ਪਰ ਫਿਰ ਵੀ ਕਦੇ ਕਦੇ ਉਹ ਬੀਬੀ-ਬਾਪੂ ਵਾਲੇ ਕਮਰੇ ਵਿਚ ਲੇਟ ਜਾਂਦਾ ਅਤੇ ਉਨ੍ਹਾਂ ਦੀ ਫੋਟੋ ਵੱਲ ਦੇਖੀ ਜਾਂਦਾ ਅਤੇ ਮੁੜ ਉਸਦਾ ਚਿਹਰਾ ਮੁਰਝਾ ਜਾਂਦਾ। ਕਿਰਨ ਉਸ ਨੂੰ ਇਸ ਤਰ੍ਹਾਂ ਲੇਟਿਆ ਦੇਖ ਕੇ ਸ਼ੈਡੋ ਨੂੰ ਅੰਦਰ ਲੈ ਆਉਂਦੀ ਅਤੇ ਉਹ ਸਿੱਧਾ ਅਮੀਤ ਕੋਲ਼ ਜਾ ਕੇ ਉਸ ਨੂੰ ਚੱਟਣ ਲੱਗ ਜਾਂਦਾ। ਮੈਨੂੰ ਸ਼ੈਡੋ ਦਾ ਘਰ ਅੰਦਰ ਫਿਰਨਾ ਚੁੱਭਦਾ ਤਾਂ ਸੀ ਪਰ ਅਮੀਤ ਨੂੰ ਖਿੜਿਆ ਦੇਖ ਮੈਂ ਆਪਣੇ ਮਨ ਨੂੰ ਸਮਝਾ ਲੈਂਦਾ। ਅਮੀਤ ਮੁੜ ਤੋਂ ਗੱਲਾਂ ਕਰਨ ਲੱਗਾ ਸੀ। ਸ਼ਾਮ ਨੂੰ ਸਕੂਲ ਤੋਂ ਬਾਅਦ ਉਹ ਸ਼ੈਡੋ ਨੂੰ ਤੋਰਨ ਲੈ ਜਾਂਦਾ। ਦੇਰ ਤਕ ਮੁੜਦਾ ਹੀ ਨਾ ਤਾਂ ਸਾਨੂੰ ਫਿਕਰ ਹੋਣ ਲੱਗ ਜਾਂਦਾ। ਇਕ ਦਿਨ ਮੈਂ ਉਸ ਨੂੰ ਕਿਹਾ ਕਿ ਮੈਂ ਉਸ ਨਾਲ ਚਲਿਆ ਜਾਇਆ ਕਰਾਂਗਾ। ਉਹ ਬੋਲਿਆ, "ਜਾਂ ਤੁਸੀਂ ਲੈ ਜਾਓ ਜਾਂ ਮੈਂ।" ਮੈਂ ਸੋਚਿਆ ਕਿ ਵੱਡਾ ਹੋ ਰਿਹਾ ਹੈ, ਬਾਪ ਨਾਲ ਤੁਰਦਿਆਂ ਸ਼ਰਮ ਮਹਿਸੂਸ ਕਰਦਾ ਹੋਵੇਗਾ। ਇਸ ਉਮਰ ਵਿਚ ਮੈਂ ਵੀ ਇਸ ਤਰ੍ਹਾਂ ਹੀ ਮਹਿਸੂਸ ਕਰਦਾ ਸੀ। ਮੈਂ ਕਿਹਾ, "ਜਦੋਂ ਤੂੰ ਹਨੇਰਾ ਹੋਏ ਤਕ ਵਾਪਿਸ ਨਹੀਂ ਮੁੜਦਾ ਤਾਂ ਸਾਨੂੰ ਫਿਕਰ ਹੋਣ ਲੱਗ ਜਾਂਦੈ। ਤੂੰ ਆਵਦੇ ਕਿਸੇ ਦੋਸਤ ਨੂੰ ਨਾਲ ਲੈ ਜਾਇਆ ਕਰ।"

"ਤੁਸੀਂ ਤਾਂ ਐਵੇਂ ਫਿਕਰ ਕਰਨ ਲਗ ਜਾਨੇ ਆਂ। ਮੈਂ ਕੋਈ ਸੱਤ ਸਾਲ ਦਾ ਹਾਂ", ਅਮੀਤ ਨੇ ਜਵਾਬ ਦਿੱਤਾ ਸੀ ਤੇ ਫਿਰ ਕੁਝ ਦਿਨਾਂ ਬਾਅਦ ਮਾਨਵ ਉਸਦੇ ਨਾਲ ਜਾਣ ਲੱਗਾ ਸੀ। ਸਾਡਾ ਫਿਕਰ ਘਟ ਗਿਆ ਸੀ। ਮਾਨਵ ਨੂੰ ਕੁੱਤਿਆਂ ਨਾਲ ਲਗਾਉ ਸੀ। ਪਰ ਉਸਦੇ ਮਾਪੇ ਉਸ ਨੂੰ ਕੁੱਤਾ ਨਹੀਂ ਸੀ ਲੈ ਕੇ ਦਿੰਦੇ। ਉਹ ਕਈ ਵਾਰ ਸ਼ੈਡੋ ਨਾਲ ਖੇਡਣ ਲਈ ਅਮੀਤ ਦੇ ਨਾਲ ਹੀ ਸਕੂਲੋਂ ਸਾਡੇ ਘਰ ਆ ਜਾਂਦਾ। ਤੇ ਫਿਰ ਕਿਰਨ ਦੇ ਕਹਿਣ ਵਾਂਗ, ਰੱਬ ਸਾਡੇ ਮਗਰ ਹੱਥ ਧੋ ਕੇ ਹੀ ਪੈ ਗਿਆ ਸੀ। ਮਾਨਵ ਦਾ ਕਤਲ ਹੋ ਗਿਆ ਸੀ। ਉਹ ਆਪਣੀ ਮਾਸੀ ਦੇ ਪੁੱਤ ਨਾਲ ਕਾਰ ਵਿਚ ਕਿਤੇ ਗਿਆ ਸੀ। ਕਿਸੇ ਨੇ ਉਨ੍ਹਾਂ ਨੂੰ ਗੋਲੀਆਂ ਨਾਲ ਛਲਣੀ ਕਰ ਦਿੱਤਾ ਸੀ।

ਮਾਨਵ ਦਾ ਗੋਲੀਆਂ ਨਾਲ ਵਿੰਨ੍ਹਿਆ ਚਿਹਰਾ ਯਾਦ ਕਰਕੇ ਮੈਂ ਕੰਬ ਗਿਆ। 'ਮਿਹਰ ਕਰੀਂ ਦਾਤਿਆ' ਮੇਰੇ ਮੂੰਹੋਂ ਨਿਕਲ ਗਿਆ। ਇਹੀ ਸ਼ਬਦ ਮਾਨਵ ਦੇ ਸਸਕਾਰ ਵੇਲ਼ੇ ਕਈ ਵਾਰ ਮੇਰੇ ਮੂੰਹੋਂ ਨਿਕਲੇ ਸਨ। ਕਾਸਕਟ ਵਿਚ ਪਈ ਮਾਨਵ ਦੀ ਦੇਹ, ਉਸਦੀ ਮਾਂ, ਭੈਣ ਅਤੇ ਹੋਰ ਔਰਤਾਂ ਦੇ ਵਿਰਲਾਪ ਦੀਆਂ ਦਿਲ-ਵਿੰਨ੍ਹਵੀਆਂ ਆਵਾਜ਼ਾਂ ਸੁਣ ਕੇ ਕਈ ਵਾਰ ਇਹ ਸ਼ਬਦ ਆਪ ਮੁਹਾਰੇ ਹੀ ਮੂੰਹੋਂ ਨਿਕਲੇ ਸਨ। ਮਾਨਵ ਦੀਆਂ ਦਿਖਾਈਆਂ ਜਾ ਰਹੀਆਂ ਤਸਵੀਰਾਂ, ਉਸਦੇ ਜਿੱਤੇ ਮੈਡਲ, ਉਸ ਦੀਆਂ ਬਣਾਈਆਂ ਤਸਵੀਰਾਂ ਦੇਖ ਕੇ ਲਗਦਾ ਹੀ ਨਹੀਂ ਸੀ ਕਿ ਉਸਦੀ ਕੋਈ ਮਾੜੀ ਸੰਗਤ ਵੀ ਹੋ ਸਕਦੀ ਸੀ। ਇਕ ਦੋ ਵਾਰ ਮਨ ਵਿਚ ਆਇਆ ਕਿ ਚੰਗਾ ਹੁੰਦਾ ਜੇ ਅਮੀਤ ਵੀ ਆ ਜਾਂਦਾ ਤੇ

ਆਪਣੇ ਦੋਸਤ ਦਾ ਆਖਰੀ ਵਾਰ ਚਿਹਰਾ ਦੇਖ ਲੈਂਦਾ। ਫਿਰ ਖਿਆਲ ਆਇਆ ਕਿ ਚੰਗਾ ਹੀ ਹੋਇਆ, ਜਿਹੜਾ ਉਹ ਨਹੀਂ ਸੀ ਆਇਆ। ਜਵਾਨ ਹੋ ਰਿਹਾ ਖ਼ੂਨ ਹੈ। ਇਸ ਤਰ੍ਹਾਂ ਦਾ ਮਾਹੌਲ ਦੇਖ ਕੇ ਉਬਾਲ਼ਾ ਵੀ ਖਾ ਸਕਦਾ ਹੈ। ਫਿਰ ਦਿਮਾਗ਼ ਵਿਚ ਸ਼ੱਕ ਪੈਦਾ ਹੋਇਆ ਕਿ ਪਤਾ ਨਹੀਂ ਕਿਉਂ ਨਹੀਂ ਆਇਆ। ਉਸ ਨੇ ਸਸਕਾਰ 'ਤੇ ਜਾਣੋ ਇਨਕਾਰ ਕਰਦਿਆਂ ਕਿਹਾ ਸੀ ਕਿ ਉਹ ਕੈਂਡਲ ਲਾਈਟ ਵਿਜ਼ਲ 'ਤੇ ਜਾਵੇਗਾ। ਮੈਂ ਦੁਬਾਰਾ ਕਿਹਾ ਵੀ ਨਹੀਂ ਸੀ ਸਗੋਂ ਕਿਰਨ ਨੂੰ ਉਸ ਕੋਲ਼ ਘਰ ਹੀ ਰਹਿਣ ਦਿੱਤਾ ਸੀ। ਮਾਨਵ ਨੂੰ ਸ਼ਰਧਾਂਜਲੀ ਦੇਣ ਮੌਕੇ ਅਸੀਂ ਤਿੰਨੋਂ ਹੀ ਗਏ ਸੀ। ਅਮੀਤ ਰੋਇਆ ਨਹੀਂ ਸੀ। ਬੀਬੀ-ਬਾਪੂ ਦੇ ਸਸਕਾਰਾਂ ਵੇਲ਼ੇ ਉਹ ਸਾਰਾ ਸਮਾਂ ਹੰਝੂ ਕੇਰਦਾ ਰਿਹਾ ਸੀ। ਪਰ ਮਾਨਵ ਨੂੰ ਸ਼ਰਧਾਂਜਲੀ ਵੇਲ਼ੇ ਉਹ ਚੁੱਪ-ਚਾਪ ਹੱਥ ਵਿੱਚ ਮੋਮਬੱਤੀ ਫੜੀ ਖੜ੍ਹਾ ਰਿਹਾ ਸੀ। ਮੈਂ ਵਾਰ ਵਾਰ ਉਸਦੇ ਚਿਹਰੇ ਵੱਲ ਦੇਖਦਾ ਰਿਹਾ ਸੀ ਕਿ ਉਸਦੇ ਮਨ ਵਿਚ ਚੱਲ ਰਹੇ ਵਿਚਾਰਾਂ ਨੂੰ ਪੜ੍ਹ ਸਕਾਂ। ਮੈਂ ਅਮੀਤ ਦੇ ਚਿਹਰੇ ਤੋਂ ਸੱਚ ਲੱਭਣਦੀ ਕੋਸ਼ਿਸ਼ ਕਰ ਰਿਹਾ ਸੀ। ਪਰ ਉਹ ਚੁੱਪ ਸੀ। ਤੇ ਅਖੀਰ ਮੈਂ ਵਾਪਸੀ ਵੇਲ਼ੇ ਪੁੱਛ ਹੀ ਲਿਆ, "ਅਮੀਤ ਐਨਾ ਚੁੱਪ ਕਿਉਂ ਹੈਂ? ਕੀ ਸੋਚ ਰਿਹਾ ਹੈਂ?"

ਉਸ ਨੇ ਮੇਰੇ ਵੱਲ ਇਕ ਪਲ ਲਈ ਦੇਖਿਆ ਫਿਰ ਬੋਲਿਆ, "ਇਹ ਵੀ ਕੋਈ ਪੁੱਛਣ ਵਾਲੀ ਗੱਲ ਐ!" ਮੈਨੂੰ ਉਸਦੇ ਕਹਿਣ ਦੇ ਅੰਦਾਜ਼ ਤੋਂ ਲੱਗਾ ਜਿਵੇਂ ਉਸ ਨੇ ਕਿਹਾ ਹੋਵੇ, 'ਕਿਹੋ-ਜਿਹਾ ਮੂਰਖਤਾ ਭਰਿਆ ਸਵਾਲ ਹੈ।' ਫਿਰ ਮੈਨੂੰ ਆਪ ਹੀ ਲੱਗਾ ਕਿ ਸੱਚ ਹੀ ਮੈਂ ਮੂਰਖਤਾ ਭਰਿਆ ਸਵਾਲ ਪੁੱਛਿਆ ਸੀ। ਮਾਨਵ ਉਸਦਾ ਜਮਾਤੀ ਸੀ, ਉਸ ਨਾਲ ਸ਼ੈਡੋ ਨੂੰ ਸੈਰ ਕਰਨ ਲਿਜਾਂਦਾ ਸੀ। ਉਹ ਮਾਨਵ ਬਾਰੇ ਹੀ ਸੋਚ ਰਿਹਾ ਹੋਵੇਗਾ। ਪਰ ਮੇਰਾ ਡਰ ਜਾਨਣਾ ਚਾਹੁੰਦਾ ਸੀ ਕਿ ਵਾਕਿਆ ਹੀ ਮਾਨਵ ਬੇਕਸੂਰ ਸੀ ਜਾਂ ਉਸਦੇ ਨਸ਼ਿਆਂ ਜਾਂ ਕਿਸੇ ਗੈਂਗ ਨਾਲ ਸੰਬੰਧ ਸਨ। ਕੀ ਇਸ ਬਾਰੇ ਅਮੀਤ ਨੂੰ ਕੋਈ ਜਾਣਕਾਰੀ ਸੀ। ਇਸ ਬਾਰੇ ਮੈਂ ਅਮੀਤ ਨੂੰ ਘਟਨਾ ਵਾਲੇ ਦਿਨ ਵੀ ਪੁੱਛਿਆ ਸੀ। ਮੈਂ ਕਿਹਾ ਸੀ, "ਅਮੀਤ, ਇਹ ਮਾਨਵ ਲਗਦਾ ਤਾਂ ਸਿਆਣਾ ਮੁੰਡਾ ਸੀ।"

"ਲਗਦੇ ਤੋਂ ਕੀ ਮਤਲਬ?" ਅਮੀਤ ਨੇ ਘੂਰੀ ਵੱਟ ਕੇ ਕਿਹਾ ਸੀ ਅਤੇ ਉੱਠ ਕੇ ਬੀਬੀ-ਬਾਪੂ ਵਾਲੇ ਕਮਰੇ ਵਿਚ ਜਾ ਕੇ ਬੂਹਾ ਢੋਅ ਲਿਆ ਸੀ। ਇਸ ਜਵਾਬ ਦੇ ਮੈਨੂੰ ਦੋ ਅਰਥ ਸਮਝ ਲੱਗੇ ਸਨ ਕਿ ਮਾਨਵ ਸਿਆਣਾ ਮੁੰਡਾ ਨਹੀਂ ਸੀ, ਇਹ ਮੇਰਾ ਭਰਮ ਹੀ ਸੀ। ਤੇ ਦੂਜਾ ਕਿ ਮਾਨਵ ਸਿਰਫ ਲਗਦਾ ਹੀ ਸਿਆਣਾ ਨਹੀਂ ਸੀ, ਸਗੋਂ ਸੱਚਮੁੱਚ ਹੀ ਸੀ। ਕੁਝ ਮਿੰਟ ਮੈਂ ਬੈਠਾ ਇਸੇ ਬਾਰੇ ਹੀ ਸੋਚਦਾ ਰਿਹਾ, ਜਦੋਂ ਮੈਂ ਕਿਸੇ ਨਤੀਜੇ 'ਤੇ ਨਾ ਪਹੁੰਚ ਸਕਿਆ ਤਾਂ ਮੈਂ ਉੱਠ ਕੇ ਅਮੀਤ ਦੇ ਕੋਲ ਚਲਾ ਗਿਆ। ਮੈਨੂੰ ਕਮਰੇ ਵਿਚ ਵੜਦਾ ਦੇਖ ਕੇ ਉਹ ਬੋਲਿਆ, "ਡੈਡ, ਮੈਨੂੰ ਇਕੱਲਾ ਛੱਡ ਦਿਉ। ਤੁਸੀਂ ਮੈਨੂੰ ਹੋਰ ਗ਼ੁੱਸਾ ਦਿਵਾਉਂਗੇ।"

ਮੈਂ ਉਨ੍ਹੀਂ ਪੈਰੀਂ ਹੀ ਵਾਪਸ ਮੁੜ ਪਿਆ। ਉਸ ਵੇਲ਼ੇ ਮੇਰੇ ਉੱਤੇ ਉਸਦੀ ਹਾਲਤ ਸਮਝਣ ਨਾਲੋਂ ਮੇਰੇ ਅੰਦਰਲਾ ਡਰ ਭਾਰੂ ਸੀ। ਜੇ ਮਾਨਵ ਦਾ ਕਤਲ ਨਸ਼ਿਆਂ ਨਾਲ ਸੰਬੰਧਤ ਸੀ ਤਾਂ ਹੋ ਸਕਦਾ ਹੈ ਕਿ---ਇਸ ਤੋਂ ਅੱਗੇ ਸੋਚਦੇ ਨੂੰ ਵੀ ਮੈਨੂੰ ਕਾਂਬਾ ਛਿੜ ਜਾਂਦਾ। ਇਹ ਨਿੱਤ ਦਿਹਾੜੇ ਖਬਰਾਂ ਵਿਚ ਹੁੰਦਾ ਸੀ ਕਿ ਨਸ਼ੇ ਦੇ ਤਸਕਰਾਂ ਨੇ ਸਕੂਲਾਂ ਵਿਚ ਘੁਸਪੈਂਠ ਕਰ ਲਈ ਸੀ ਅਤੇ ਉਨ੍ਹਾਂ ਦਾ ਪਹਿਲਾ ਨਿਸ਼ਾਨਾ ਉਦਾਸ ਬੱਚੇ ਜਾਂ ਛੇਤੀ ਅਮੀਰ ਹੋਣ ਦੇ ਸੁਪਨੇ ਲੈਣ ਵਾਲੇ ਬੱਚੇ ਹੁੰਦੇ ਹਨ। ਉਹ ਉਨ੍ਹਾਂ ਨੂੰ ਪਹਿਲਾਂ ਨਸ਼ੇ ਖਾਣ ਲਾਉਂਦੇ ਹਨ ਅਤੇ ਫਿਰ ਵੇਚਣ ਲਾਉਂਦੇ ਹਨ। ਮਾਨਵ ਦੇ ਕਤਲ ਤੋਂ ਅਗਲੇ ਦਿਨ, ਜਦੋਂ ਅਸੀਂ ਉਸ ਦੇ ਘਰ ਅਫ਼ਸੋਸ ਕਰਨ ਗਏ ਤਾਂ ਇਹ ਗੱਲ ਮੈਨੂੰ ਆਪਣਾ ਵਹਿਮ ਲੱਗੀ। ਮਾਨਵ ਦੇ ਘਰ ਰੋਣ ਕੁਰਲਾਉਣ ਦੀਆਂ ਆਵਾਜ਼ਾਂ ਵਿਚ ਮਾਨਵ ਦੀ ਮਾਂ ਦੀ ਲੇਰ ਉੱਠਦੀ, "ਮੇਰਾ ਬੇਬੀ ਤਾਂ ਬਹੁਤਾ ਭੋਲਾ ਸੀ।" ਉਸਦੀ ਲੇਰ ਮੈਨੂੰ ਧੁਰ ਅੰਦਰ ਤਕ ਝੰਜੋੜ ਜਾਂਦੀ। ਮਾਨਵ ਦਾ ਡੈਡੀ ਪਰਲ ਪਰਲ ਹੰਝੂ ਕੇਰੀ ਜਾ ਰਿਹਾ ਸੀ। ਕਦੇ ਕਦੇ ਵਿਚੋਂ ਉਹ ਬੋਲਦਾ ਤੇ ਫਿਰ ਉਸ ਤੋਂ ਗੱਲ ਪੂਰੀ ਨਾ ਹੁੰਦੀ। " ਨਿਆਣਾ ਸੀ ਹਾਲੇ ਤਾਂ---ਦੋ ਮਿੰਟ ਪਾਸੇ ਜਾਣਾ ਤਾਂ ਆ ਕੇ ਮਾਂ ਨੂੰ

ਜੱਫੀ ਪਾ ਲੈਣੀ ਜਿਵੇਂ ਪਤਾ ਨੀ ਕਦੋਂ ਦਾ ਵਿੱਛੜਿਆ ਹੋਵੇ---ਪਤਾ ਨੀ ਕਿਸੇ ਨੇ ਕਿਹੜੇ ਜਨਮਾਂ ਦਾ ਬਦਲਾ ਲਿਆ --- ਤੇ ਉਸਦਾ ਫਿਰ ਬੋਲ ਰੁਕ ਜਾਂਦਾ। ਮਾਨਵ ਦੇ ਦਾਦੇ ਨੇ ਖੰਗੂਰਾ ਮਾਰਕੇ ਗਲ਼ ਸਾਫ ਕੀਤਾ ਤੇ ਬੋਲਿਆ, "ਏਹ ਤਾਂ ਬਹੁਤਾ ਭੋਲ਼ਾ ਸੀ। ਏਹਦੇ ਮਸੇਰ ਦੀ ਸੁਣਦੇ ਆਂ ਕਿ ਕੋਈ ਹੋਰ ਮੁੰਡਿਆਂ ਨਾਲ ਲਾਗ ਡਾਟ ਸੀ। ਇਹ ਤਾਂ ਉਹਦੇ ਨਾਲ ਝੂਟੀ ਲੈਣ ਗਿਆ ਸੀ। ਉਹਨੇ ਨਵਾਂ ਨਵਾਂ ਲਸੰਸ ਲਿਆ ਸੀ। ਕੀ ਪਤਾ ਸੀ? ਨਹੀਂ ਤਾਂ ਅਸੀਂ ਏਹਨੂੰ ਨਾਲ ਹੀ ਨਾ ਜਾਣ ਦਿੰਦੇ।"

"ਹੋਣੀ ਨੂੰ ਕੌਣ ਟਾਲ਼ ਸਕਦੈ," ਵਿਚੋਂ ਹੀ ਕਿਸੇ ਨੇ ਕਿਹਾ।

"ਜੇ ਮਾੜਾ ਮੋਟਾ ਵੀ ਕੁਸ਼ ਪਤਾ ਹੁੰਦਾ ਤਾਂ ਅਗਲਾ ਨਿਆਣੇ ਨੂੰ ਲੈ ਕੇ ਕਿਸੇ ਹੋਰ ਦੇਸ਼ ਮੂਵ ਹੋ ਜਾਵੇ", ਕਿਸੇ ਹੋਰ ਨੇ ਕਿਹਾ ਸੀ।

"ਕਿੱਥੇ ਛੱਡਦੇ ਆ ਗੈਂਗਾਂ ਵਾਲੇ, ਜਦੋਂ ਇਕ ਵਾਰ ਮਗਰ ਪੈ ਜਾਣ। ਦੇਖੀ ਤਾਂ ਜਾਨੇ ਆਂ ਕਿੰਨੇ ਸਾਲਾਂ ਤੋਂ।"

"ਨਾਲੇ ਜਵਾਕ ਗਿਆ ਨਾਲੇ ਵਾਧੂ ਦਾ ਕਲੰਕ, ਪਤਾ ਨੀ ਕਿੰਨੇ ਕੁ ਹੋਰ ਬੇਕਸੂਰਾਂ ਦੀ ਬਲੀ ਚੜ੍ਹਨੀ ਐ", ਕੋਈ ਹੋਰ ਬੋਲਿਆ ਸੀ। ਤੇ ਉਸ ਪਰਿਵਾਰ ਦੇ ਅਪਣੇ ਆਪ ਨੂੰ ਕਲੰਕ ਤੋਂ ਬੇਦਾਗ ਹੋਣ ਲਈ ਤਰਲੇ ਤੇ ਲੇਰਾਂ ਮੇਰੇ ਮਨ ਵਿਚ ਕਈ ਦਿਨ ਚਲਦੇ ਰਹੇ ਸਨ।

ਤੇ ਹੁਣ ਸ਼ੈਡੋ ਨਾਲ ਕੁੱਤਿਆਂ ਵਾਲੇ ਪਾਰਕ ਵਿਚ ਪਹੁੰਚ ਕੇ ਫਿਰ ਦਿਮਾਗ਼ ਵਿਚ ਆ ਗਏ ਸਨ। ਕੁੱਤਿਆਂ ਵਾਲੇ ਪਾਰਕ ਵਿਚ ਸਿਰਫ ਇਕ ਕੁੱਤਾ ਹੀ ਸੀ। ਸ਼ਾਇਦ ਇਹ ਰੈਮੀ ਸੀ। ਸਾਡੇ ਜਾਣ ਸਾਰ ਉਸਦਾ ਮਾਲਕ ਇਸ ਨੂੰ ਖਿੱਚ ਕੇ ਘਰ ਲਿਜਾਣ ਲੱਗਾ ਸੀ। ਤੇ ਮੇਰੇ ਮਨ ਵਿਚ ਮਾਨਵ ਦੇ ਪਰਿਵਾਰ ਦੇ ਤਰਲੇ ਆ ਗਏ ਸਨ। ਖਾਸ ਕਰਕੇ ਮਾਨਵ ਦੀ ਮਾਂ ਦੀਆਂ ਲੇਰਾਂ।

ਮਾਨਵ ਦੀ ਮਾਂ ਦੇ ਵਰਲਾਪ ਨੂੰ ਚੇਤੇ ਕਰਕੇ ਇਕ ਦਿਨ ਕਿਰਨ ਬੈਠੀ ਬੈਠੀ ਅਚਾਨਕ ਹੀ ਬੋਲੀ, "ਜਦੋਂ ਮਾਨਵ ਦੀ ਰੋਂਦੀ-ਕਰਲਾਉਂਦੀ ਮੰਮੀ ਅੱਖਾਂ ਮੂਹਰੇ ਆ ਜਾਂਦੀ ਐ, ਮੇਰੇ ਤਾਂ ਜੀਅ ਨੂੰ ਕੁਛ ਹੋਣ ਲੱਗਦੈ।" ਕੁਝ ਪਲ ਚੁੱਪ ਰਹਿ ਕੇ ਫਿਰ ਬੋਲੀ, "ਥੋਨੂੰ ਲਗਦੈ ਬਈ ਮਾਨਵ ਇਨਵੌਲਵ ਹੋਊ? ਮੇਰਾ ਮਨ ਤਾਂ ਨਹੀਂ ਮੰਨਦਾ। ਚਲੋ ਆਪਾਂ ਮਾਨਵ ਦੇ ਪੇਰੈਂਟਸ ਨੂੰ ਮਿਲ ਕੇ ਆਈਏ। ਫਿਊਨਰਲ ਤੋਂ ਬਾਅਦ ਆਪਾਂ ਗਏ ਹੀ ਨਹੀਂ ਉਨ੍ਹਾਂ ਦੇ ਘਰ।"

ਅਗਲੇ ਦਿਨ ਜਦੋਂ ਅਸੀਂ ਉਨ੍ਹਾਂ ਦੇ ਘਰ ਗਏ, ਮਾਨਵ ਦੀ ਮਾਂ ਕਿਰਨ ਦੇ ਗਲ਼ ਲੱਗਕੇ ਧਾਹੀਂ ਰੋ ਪਈ। ਫਿਰ ਕੁਝ ਸੁਰਤ ਫੜ ਕੇ ਬੋਲੀ, "ਲੋਕੀਂ ਮਾਪਿਆਂ ਨੂੰ ਦੋਸ਼ ਦੇਈ ਜਾਂਦੇ ਆ ਬਈ ਬੱਚਿਆਂ ਦਾ ਧਿਆਨ ਨੀ ਰੱਖਦੇ। ਮੈਂ ਤਾਂ ਹਰੇਕ ਟੀਚਰ-ਪੇਰੈਂਟਸ ਮੀਟਿੰਗ ‘ਤੇ ਜਾਂਦੀ ਰਹੀ ਹਾਂ। ਬੱਚਿਆਂ ਦੀ ਚੰਗੀ ਸੰਭਾਲ ਕਰਨ ਖਾਤਿਰ ਕੋਈ ਨੌਕਰੀ ਨੀ ਕੀਤੀ। ਹੁਣ ਤਕ ਸਾਰਾ ਹੋਮ ਵਰਕ ਨਾਲ ਕਰਵਾਉਂਦੀ ਰਹੀ ਆਂ। ਇਹਦੇ ਡੈਡੀ ਵੀ ਪੂਰਾ ਧਿਆਨ ਰੱਖਦੇ ਸੀ। ਜਦੋਂ ਮਾਨਵ ਡੌਗੀ ਨੂੰ ਸੈਰ ਕਰਵਾਉਣ ਅਮੀਤ ਨਾਲ ਜਾਣ ਲੱਗਾ, ਇਕ ਦਿਨ ਮਗਰ ਗਏ ਦੇਖਣ ਬਈ ਕੋਈ ਇਲਤ ਤਾਂ ਨੀ ਕਰਦੇ। ਅਸੀਂ ਤਾਂ ਸ਼ੁਕਰ ਕਰਦੇ ਸੀ ਬਈ ਅਮੀਤ ਵਰਗੇ ਪੜ੍ਹਨ ਆਲ਼ੇ ਬੱਚੇ ਦਾ ਫ੍ਰੈਂਡ ਬਣਿਆ। ਪਰ ‘ਨ੍ਹੇਰੀ ਐਹੋ ਜੀ ਵਗੀ ਐ ਕਦੇ ਕਦੇ ਚਿੱਤ ‘ਚ ਆਉਂਦੈ ਕਿਤੇ ਸੱਚੀਂ ਨਾ---।" ਆਖਦੀ ਉਹ ਮੁੜ ਰੋਣ ਲੱਗ ਪਈ। ਉਸ ਨੂੰ ਜੱਫੀ ਪਾ ਕੇ ਚੁੱਪ ਕਰਾਉਂਦੀ ਕਿਰਨ ਆਪ ਵੀ ਰੋ ਪਈ। ਫਿਰ ਅਚਾਨਕ ਹੀ "ਅਮੀਤ 'ਕੱਲਾ ਐ ਘਰੇ", ਆਖਕੇ ਉੱਠ ਖਲੋਤੀ। ਘਰ ਆ ਕੇ ਬਿਨਾਂ ਕੋਈ ਖੜਕਾ ਕੀਤਿਆਂ ਪਿਛਲੇ ਦਰਵਾਜ਼ੇ ਰਾਹੀਂ ਅੰਦਰ ਵੜੀ ਅਤੇ ਤੇਜ਼ੀ ਨਾਲ ਅਮੀਤ ਦੇ ਕਮਰੇ ਵਿਚ ਚਲੀ ਗਈ। ਉਹ ਆਪਣੇ ਆਈਪੌਡ ਵਿਚ ਅੱਖਾਂ ਗੱਡੀ ਬੈਠਾ ਸੀ। ਕਿਰਨ ਨੇ ਜਾਣ ਸਾਰ ਉਸ ਨੂੰ ਜੱਫੀ ਪਾ ਲਈ। ਅਮੀਤ ਨੇ ਉਸਦੀਆਂ ਬਾਹਾਂ ਵਿਚੋਂ ਨਿਕਲਣ ਦੀ ਕੋਸ਼ਿਸ਼ ਕਰਦਿਆਂ ਕਿਹਾ, "ਵਟਸ ਰੌਂਗ ਵਿਦ ਯੂ?" ਕਿਰਨ ਬੋਲੀ, "ਪੁੱਤ, ਦੱਸ ਜੇ ਕਿਸੇ ਗ਼ਲਤ ਸੰਗਤ ‘ਚ ਫਸਿਐਂ। ਤੈਨੂੰ ਕੁਸ਼ ਨੀਂ ਕਹਿੰਦੇ। ਸਾਨੂੰ ਇਕ ਵਾਰ ਦੱਸਦੇ। ਅਸੀਂ ਤੈਨੂੰ ਲੈ ਕੇ ਕਿਤੇ ਹੋਰ ਚਲੇ

ਜਾਵਾਂਗੇ।" ਅਮੀਤ ਨੇ ਉਸਦੀਆਂ ਬਾਹਾਂ ਆਪਣੇ ਦੁਆਲਿਉਂ ਪਾਸੇ ਕਰ ਦਿੱਤੀਆਂ ਅਤੇ ਬੋਲਿਆ, "ਯੂ ਆਰ ਸੋ ਅਨੋਇੰਗ।" ਅਤੇ ਉਸ ਨੇ ਬੀਬੀ-ਬਾਪੂ ਵਾਲੇ ਕਮਰੇ ਵਿਚ ਜਾ ਕੇ ਦਰਵਾਜ਼ਾ ਬੰਦ ਕਰ ਲਿਆ।

ਅਗਲੇ ਦਿਨ ਕਿਰਨ ਨੇ ਅਮੀਤ ਦੇ ਕਮਰੇ ਦਾ ਕੋਨਾ-ਕੋਨਾ ਛਾਣ ਮਾਰਿਆ ਪਰ ਉੱਥੇ ਕੈਂਡੀਆਂ ਜਾਂ ਚੌਕਲੇਟਾਂ ਦੇ ਫੋਲਕਾਂ ਤੋਂ ਬਿਨਾਂ ਕੁਝ ਵੀ ਨਹੀਂ ਸੀ ਲੱਭਿਆ। ਅਸੀਂ ਸਕੂਲ ਦੇ ਕੌਂਸਲਰ ਨੂੰ ਜਾ ਮਿਲੇ ਸੀ। ਉਸ ਨੇ ਸੁਝਾਅ ਦਿੱਤਾ ਸੀ ਕਿ ਅਸੀਂ ਆਪਣੇ ਫੈਮਿਲੀ ਡਾਕਟਰ ਨੂੰ ਮਿਲੀਏ। ਉਹ ਡਿਪਰੈਸ਼ਨ ਦੀ ਦਵਾਈ ਲਿਖ ਦੇਵੇਗਾ। ਪਰ ਅਮੀਤ ਨੇ ਕੌਂਸਲਰ ਦੇ ਸਾਹਮਣੇ ਹੀ ਆਖ ਦਿੱਤਾ ਸੀ, "ਮੈਨੂੰ ਕਿਸੇ ਦਵਾਈ ਦੀ ਲੋੜ ਨਹੀਂ।" ਅਸੀਂ ਵੀ ਨਹੀਂ ਸੀ ਚਾਹੁੰਦੇ ਕਿ ਉਹ ਇਸ ਉਮਰੇ ਕਿਸੇ ਅਜਿਹੀ ਦਵਾਈ ਦਾ ਸਹਾਰਾ ਲਵੇ। ਅਸੀਂ ਸੋਚਦੇ ਸੀ ਕਿ ਜੇ ਸਿਰਫ ਡਿਪਰੈਸ਼ਨ ਹੈ ਤਾਂ ਉਹ ਕੁਝ ਚਿਰ ਬਾਅਦ ਠੀਕ ਹੋ ਜਾਵੇਗਾ, ਜਿਵੇਂ ਬੀਬੀ-ਬਾਪੂ ਦੀ ਮੌਤ ਤੋਂ ਬਾਅਦ ਠੀਕ ਹੋ ਗਿਆ ਸੀ। ਪਰ ਉਸਦੇ ਭੁੱਖ ਨਾ ਲੱਗਣ ਦੀ ਚਿੰਤਾ ਰਹਿੰਦੀ ਸੀ ਜਾਂ ਫਿਰ ਡਰ ਕਿ ਕਿਤੇ---। ਇਕ ਦਿਨ ਕਿਰਨ ਬੋਲੀ, " ਉਹ ਬੀਬੀ-ਬਾਪੂ ਵਾਲੇ ਕਮਰੇ 'ਚ ਜਾ ਕੇ ਪੈ ਜਾਂਦੈ, ਆਪਾਂ ਉਸ ਕਮਰੇ ਨੂੰ ਰੈੱਕ ਰੂਮ ਬਣਾ ਲੈਨੇ ਆਂ। ਸਾਰੇ ਉੱਥੇ ਬੈਠਿਆ ਕਰਾਂਗੇ। ਜੇ ਉੱਥੇ ਜਾ ਕੇ ਲੇਟੇਗਾ ਵੀ ਤਾਂ ਸਾਡੇ ਕੋਲ਼ ਤਾਂ ਹੋਵੇਗਾ।"

ਮੈਨੂੰ ਕਿਰਨ ਦੀ ਸਲਾਹ ਚੰਗੀ ਲੱਗੀ। ਪਰ ਫਿਰ ਮੈਨੂੰ ਚੇਤੇ ਆ ਗਿਆ ਸੀ ਕਿ ਉਸ ਨੇ ਬੀਬੀ-ਬਾਪੂ ਦੀ ਮੌਤ ਤੋਂ ਬਾਅਦ ਉਨ੍ਹਾਂ ਦੀ ਕਿਸੇ ਵੀ ਚੀਜ਼ ਨੂੰ ਕਮਰੇ ਵਿਚੋਂ ਕੱਢਣ ਨਹੀਂ ਸੀ ਦਿੱਤਾ। ਕਹਿੰਦਾ ਸੀ ਕਿ ਜਿਸ ਤਰ੍ਹਾਂ ਚੀਜ਼ਾਂ ਉਨ੍ਹਾਂ ਨੇ ਰੱਖੀਆਂ ਸਨ, ਉਸੇ ਤਰ੍ਹਾਂ ਹੀ ਪਈਆਂ ਰਹਿਣ ਦਿਓ। ਮੈਂ ਸੋਚਿਆ ਕਿ ਕਮਰੇ ਵਿਚ ਕੋਈ ਬਦਲਾਵ ਕਰਨ ਤੋਂ ਪਹਿਲਾਂ ਅਮੀਤ ਨੂੰ ਪੁੱਛ ਲੈਂਦਾ ਹਾਂ। ਜਦੋਂ ਮੈਂ ਉਸ ਨੂੰ ਪੁੱਛਿਆ ਤਾਂ ਉਹ ਬੋਲਿਆ, "ਪਲੀਜ਼ ਡੈਡ, ਇਸ ਕਮਰੇ ਦੀ ਕਿਸੇ ਚੀਜ਼ ਨੂੰ ਨਾ ਛੇੜਿਓ।" ਉਸਦੀ ਆਵਾਜ਼ ਵਿਚਲੇ ਤਰਲੇ ਨੂੰ ਸੁਣ ਕੇ ਮੈਂ ਕਮਰੇ ਵਿਚ ਤਬਦੀਲੀ ਕਰਨ ਦਾ ਇਰਾਦਾ ਉਸੇ ਵੇਲ਼ੇ ਤਿਆਗ ਦਿੱਤਾ ਪਰ ਮੈਂ ਕਿਹਾ, "ਤੂੰ ਸਾਡੇ ਬਾਰੇ ਵੀ ਸੋਚ। ਅਸੀਂ ਤੇਰੇ ਲਈ ਕਿੰਨਾ ਫਿਕਰਮੰਦ ਹਾਂ। ਚੱਲ ਤੇਰੀ ਖਾਤਿਰ ਕੋਈ ਬਦਲਾਵ ਨੀ ਕਰਦੇ ਪਰ ਤੂੰ ਵੀ ਸਾਡੇ ਆਖੇ ਲੱਗ।"

"ਕੀ?"

"ਇਕ ਵਾਰ ਸਾਡੇ ਨਾਲ ਡਾਕਟਰ ਦੇ ਚੱਲ।"

"ਵਟਐਵਰ", ਉਸਦੇ ਇਸ ਜਵਾਬ ਨੂੰ ਮੈਂ ਉਸਦੀ ਸਹਿਮਤੀ ਸਮਝੀ। ਪਹਿਲਾਂ ਸਾਡੇ ਵਾਰ ਵਾਰ ਕਹਿਣ 'ਤੇ ਵੀ ਉਹ ਜਵਾਬ ਦਿੰਦਾ, "ਮੈਨੂੰ ਕੁਝ ਨੀ ਹੋਇਆ। ਮੈ ਨੀ ਜਾਣਾ ਡਾਕਟਰ ਦੇ।"

ਉਹ ਫਿਰ ਬੋਲਿਆ ਸੀ, "ਮੈਂ ਥੋਡੇ ਨਾਲ ਡਾਕਟਰ ਕੋਲ਼ ਚਲਿਆ ਜਾਵਾਂਗਾ, ਜੇ ਤੁਸੀਂ ਉਸ ਨੂੰ ਨਹੀਂ ਦੱਸੋਂਗੇ ਕਿ ਮੇਰੇ ਦੋਸਤ ਦਾ ਕਤਲ ਹੋਇਆ।"

ਮੇਰੇ ਅੰਦਰ ਡਰ ਉੱਠਿਆ ਕਿ ਇਹ ਇਸ ਤਰ੍ਹਾਂ ਦੀ ਸ਼ਰਤ ਕਿਉਂ ਰੱਖਦਾ ਹੈ ਪਰ ਮੈਂ ਆਖ ਦਿੱਤਾ, "ਓ ਕੇ, ਨਹੀਂ ਦੱਸਦੇ।"

ਫੈਮਲੀ ਡਾਕਟਰ ਨੂੰ ਅਸੀਂ ਸਿਰਫ ਇਹ ਹੀ ਦੱਸਿਆ ਕਿ ਇਸ ਨੂੰ ਭੁੱਖ ਨਹੀਂ ਲੱਗਦੀ। ਅਮੀਤ ਦੇ ਚਿਹਰੇ 'ਤੇ ਛਾਈ ਮੁਰਦੇਹਾਣੀ ਬਾਰੇ ਅਸੀਂ ਸੋਚਿਆ ਕਿ ਡਾਕਟਰ ਆਪ ਹੀ ਪੜ੍ਹ ਲਵੇਗਾ। ਡਾਕਟਰ ਨੇ ਖੂਨ ਟੈੱਸਟ ਵਾਸਤੇ ਭੇਜ ਦਿੱਤਾ। ਅਮੀਤ ਦੇ ਖੂਨ ਵਿਚ ਪਲੈਟਲਿਟ ਦੀ ਘਾਟ ਸੀ। ਰੀਪੋਰਟ ਆਈ ਤੋਂ ਫੈਮਲੀ ਡਾਕਟਰ ਨੇ ਦੱਸਿਆ, " ਇਸਦੇ ਕਈ ਕਾਰਣ ਹੋ ਸਕਦੇ ਹਨ। ਹੋ ਸਕਦਾ ਹੈ ਕਿ ਇਸਦੇ ਬਣਦੇ ਹੀ ਘੱਟ ਹੋਣ। ਸਪੈਸ਼ਲਿਸਟ ਦੇ ਭੇਜ ਦਿੰਨਾਂ।" ਫੈਮਿਲੀ ਡਾਕਟਰ ਨੇ ਖੂਨ ਵਿਚ ਪਲੈਟਲਟ ਦੀ ਘਾਟ ਦੇ ਕਾਰਣਾਂ ਵਿਚੋਂ ਕੈਂਸਰ ਬਾਰੇ ਸ਼ਾਇਦ ਜਾਣਕੇ ਨਹੀਂ ਸੀ ਦੱਸਿਆ। ਉਸ ਨੇ ਸਮਝਿਆ ਹੋਵੇਗਾ ਕਿ ਅਸੀਂ ਕੈਂਸਰ ਦਾ ਨਾਂ ਸੁਣਕੇ ਘਬਰਾ ਜਾਵਾਂਗੇ।

ਬੀਬੀ-ਬਾਪੂ ਦੀ ਮੌਤ ਤੋਂ ਬਾਅਦ ਕਿਰਨ ਮੈਨੂੰ ਜ਼ਬਰਦਸਤੀ ਫੈਮਿਲੀ ਡਾਕਟਰ ਦੇ ਲੈ ਗਈ ਸੀ। ਡਾਕਟਰ ਨੂੰ ਕਹਿੰਦੀ, "ਡਾਕਟਰ ਸਾਹਬ ਏਨ੍ਹਾਂ ਦੇ ਸਾਰੇ ਟੈੱਸਟ ਕਰਵਾਓ।"

"ਕੀ ਤਕਲੀਫ ਹੈ?" ਡਾਕਟਰ ਨੇ ਪੁੱਛਿਆ।

"ਬੀਬੀ-ਬਾਪੂ ਦੋਨੋਂ ਹੀ ਕੈਂਸਰ ਨਾਲ ਗਏ ਆ। ਮੈਨੂੰ ਤਾਂ ਡਰ ਲਗਦਾ ਰਹਿੰਦਾ...।"

"ਐਵੇਂ ਨਾ ਵਹਿਮ ਕਰਿਆ ਕਰੋ। ਜੇ ਇਹਦੇ ਮੰਮੀ ਡੈਡੀ ਨੂੰ ਕੈਂਸਰ ਹੋ ਗਿਆ ਸੀ ਤਾਂ ਇਹਦਾ ਮਤਲਬ ਇਹ ਨਹੀਂ ਕਿ ਇਹਨੂੰ ਵੀ ਹੋਵੇਗਾ।"

'ਮੇਰੇ ਬਾਰੇ ਤਾਂ ਸਾਰੇ ਫਿਕਰਮੰਦ ਸਨ ਪਰ ਅਮੀਤ ਬਾਰੇ ਕਦੇ ਸੋਚਿਆ ਵੀ ਨਹੀਂ ਸੀ। ਇਹ ਤਾਂ ਹਾਲੇ ਭੋਰਾ ਭਰ ਜਵਾਕ ਹੈ। ਬੀਬੀ-ਬਾਪੂ ਤਾਂ ਚੱਲ ਉਮਰ ਜ਼ਿਆਦਾ ਹੋਣ ਕਰਕੇ ਬਚ ਨਹੀਂ ਸਕੇ। ਬੱਚੇ ਤਾਂ ਟਾਕਰਾ ਲੈ ਹੀ ਸਕਦੇ ਆ ਕੈਂਸਰ ਨਾਲ।' ਇਹ ਸੋਚ ਕੇ ਮੈਂ ਆਪਣੇ ਆਪ ਨੂੰ ਧਰਵਾਸਾ ਦੇ ਲਿਆ ਸੀ। ਆਪਣੇ ਧਰਵਾਸੇ ਨੂੰ ਹੋਰ ਤਕੜਾ ਕਰਨ ਲਈ ਮੈਂ ਅੱਗੇ ਸੋਚਿਆ,'ਨੈਚੁਰਲ ਪੈਥੀ, ਹੋਮੋਪੈਥੀ, ਚਾਈਨੀਜ਼, ਜਾਂ ਕਿਸੇ ਦੇਸੀ ਦਵਾ ਨਾਲ, ਕਿਤੇ ਤਾਂ ਇਲਾਜ ਹੋਵੇਗਾ ਹੀ। ਦੁਨੀਆਂ ਗਾਹ ਮਾਰੂੰ ਇਲਾਜ ਲੱਭਣ ਲਈ; ਕਾਹਦੇ ਲਈ ਕਮਾਈ ਐ ਐਨੀ ਦੌਲਤ?' ਇਸ ਗੱਲੋਂ ਆਪਣੇ ਆਪ ਨੂੰ ਤਕੜਾ ਕਰ ਲਿਆ ਸੀ ਪਰ ਦੂਜਾ ਡਰ ਮੈਨੂੰ ਬੇਚੈਨ ਕਰ ਰਿਹਾ ਸੀ।

ਰੈਮੀ ਦੇ ਮਾਲਕ ਦਾ ਅਤੇ ਪਹਿਲਾਂ ਸਕੀਅ ਦੇ ਮਾਲਕ ਦਾ ਸਾਡੇ ਪਾਰਕ ਵਿਚ ਆਉਣ ਸਾਰ, ਉੱਥੋਂ ਚਲੇ ਜਾਣਾ, ਬਾਰੇ ਸੋਚਕੇ ਮੇਰਾ ਡਰ ਹੋਰ ਵਧਣ ਲੱਗਾ। ਦਿਮਾਗ਼ ਵਿਚ ਆਇਆ, 'ਕਿਉਂ ਪਾਸਾ ਵੱਟਦੇ ਹਨ ਇਹ? ਕੀ ਇਹ ਸਮਝਦੇ ਹਨ ਕਿ ਮਾਨਵ ਸੱਚੀ-ਮੁੱਚੀਂ ਸ਼ਾਮਿਲ ਹੋਵੇਗਾ ਕਿਸੇ ਗੈਂਗ ਵਿਚ ? ਕੀ ਇਨ੍ਹਾਂ ਨੂੰ ਕੁਝ ਪਤਾ ਹੋਵੇਗਾ?'

'ਪਰ ਅਮੀਤ ਤਾਂ ਕਹਿੰਦਾ ਸੀ ਕਿ ਇਨ੍ਹਾਂ ਦੇ ਕੁੱਤੇ ਸ਼ੈਡੋ ਨਾਲ ਖੇਡਦੇ ਹਨ। ਜੇ ਇਨ੍ਹਾਂ ਨੂੰ ਕੁਝ ਪਹਿਲਾਂ ਹੀ ਪਤਾ ਹੁੰਦਾ ਤਾਂ ਉਦੋਂ ਕਿਉਂ ਇਹ ਨਹੀਂ ਸੀ ਪਾਰਕ ਵਿਚੋਂ ਚਲੇ ਜਾਂਦੇ?'

'ਹੋ ਸਕਦਾ ਹੈ ਕਿ ਇਨ੍ਹਾਂ ਨੇ ਟੀ ਵੀ ਦੀਆਂ ਖਬਰਾਂ ਵਿਚ ਮਾਨਵ ਨੂੰ ਪਛਾਣ ਲਿਆ ਹੋਵੇ ਤੇ ਹੁਣ ਅਮੀਤ ਨੂੰ ਵੀ ਉਸਦਾ ਸਾਥੀ ਸਮਝ ਕੇ ਪਾਸੇ ਜਾਂਦੇ ਹੋਣ।' ਇਸ ਤਰ੍ਹਾਂ ਦੇ ਕਈ ਵਿਚਾਰ ਮਨ ਵਿਚ ਚੱਲ ਪਏ।ਮਾਨਵ ਦਾ ਗੋਲੀਆਂ ਨਾਲ ਛਲਣੀ ਹੋਇਆ ਚਿਹਰਾ ਫਿਰ ਅੱਖਾਂ ਅੱਗੇ ਆ ਗਿਆ। ਮੇਰੀਆਂ ਅੱਖਾਂ ਨਮ ਹੋਣ ਲੱਗੀਆਂ। ਮੈਂ ਬੈਂਚ ‘ਤੇ ਬੈਠ ਗਿਆ। ਸ਼ੈਡੋ ਪਾਰਕ ਵਿਚ ਆ ਕੇ ਲਾਚੜ ਜਾਂਦਾ ਸੀ। ਮੂਹਰਲੀਆਂ ਲੱਤਾਂ ਚੁੱਕ ਕੇ ਮੇਰੀ ਜੇਬ ‘ਚੋਂ ਗੇਂਦ ਕੱਢਣ ਤਕ ਜਾਂਦਾ ਤੇ ਓਨੀ ਦੇਰ ਖਹਿੜਾ ਨਾ ਛੱਡਦਾ, ਜਿੰਨੀ ਦੇਰ ਮੈਂ ਗੇਂਦ ਦੂਰ ਨਾ ਵਗਾਹ ਮਾਰਦਾ। ਇਹ ਗੇਂਦ ਵਾਪਸ ਚੁੱਕ ਲਿਆਂਉਂਦਾ ਤੇ ਦੁਬਾਰਾ ਸੁੱਟਣ ਲਈ ਉਕਸਾਉਂਦਾ। ਪਰ ਅੱਜ ਉਸਨੇ ਕੋਈ ਜ਼ਿੱਦ ਨਹੀਂ ਕੀਤੀ ਤੇ ਮੇਰੇ ਪੈਰਾਂ ਵਿਚ ਬੈਠ ਗਿਆ। ਮੈਨੂੰ ਉਹੀ ਰੌਲ਼ਾ ਪਾਉਂਦੀ ਕਾਰ ਫੇਰ ਸੜਕ ਤੋਂ ਲੰਘਦੀ ਸੁਣੀ। 'ਇਹ ਕਿਵੇਂ ਗੇੜੇ ਦਿੰਦੇ? ਕਿਤੇ ਕੁੱਤੇ ਨੂੰ ਸਿਆਣ ਕੇ ਅਮੀਤ---।' ਸੋਚਦਾ ਮੈਂ ਕੰਬ ਗਿਆ। ਸ਼ੈਡੋ ਨੇ ਇਸ ਵਾਰ ਮੂੰਹ ਚੁੱਕ ਕੇ ਕਾਰ ਵਾਲੇ ਪਾਸੇ ਦੇਖਿਆ। ਕਾਰ ਲੰਘ ਗਈ ਸੀ। ਸ਼ੈਡੋ ਨੇ ਮੇਰੇ ਵੱਲ ਦੇਖਿਆ।"ਦੱਸ ਸ਼ੈਡੋ ਜੇ ਤੈਨੂੰ ਕੁਝ ਪਤੈ ਤਾਂ? ਦੱਸ ਯਾਰ", ਮੇਰੇ ਮੂੰਹੋਂ ਆਪ ਮੁਹਾਰੇ ਹੀ ਨਿਕਲ ਗਿਆ। ਮੈਂ ਸ਼ੈਡੋ ਨਾਲ ਇਸ ਆਸ ਨਾਲ ਤੱਕ ਹੀ ਰਿਹਾ ਸੀ ਕਿ ਉਹ ਮੈਨੂੰ ਕੋਈ ਸੁਰਾਗ ਦੇਵੇ ਕਿ ਜੇਬ ਵਿਚ ਰੱਖੇ ਮੇਰੇ ਫੋਨ ਦੀ ਘੰਟੀ ਖੜਕ ਪਈ। ਕਿਰਨ ਬੋਲੀ, "ਅੱਜ ਫੇਰ ਓਵੇਂ ਮੋੜ ਲਿਆਇਆ ਖਾਣਾ। ਹੁਣ ਵੀ ਨਹੀਂ ਖਾਂਦਾ ਕੁਝ। ਮੇਰੇ ਤਾਂ ਚਿੱਤ ਨੂੰ ਕੁਝ ਹੁੰਦਾ। ਅਗਲਾ ਹਫਤਾ ਪਤਾ ਨੀ ਕਦੋਂ ਆਉਣੈ। ਸਪੈਸ਼ਲਿਸਟ ਦੀ ਮਿੰਨਤ ਕਰਕੇ ਦੇਖ ਲਈਏ ਜੇ ਪਹਿਲਾਂ ਦੇ ਦੇਵੇ ਅਪੁਇੰਟਮੈਂਟ ।"

"ਦੇਖ ਲਾ ਕਰਕੇ", ਮੈਂ ਆਖ ਦਿੱਤਾ। ਤੇ ਕੁਝ ਮਿੰਟਾਂ ਬਾਅਦ ਹੀ ਕਿਰਨ ਦਾ ਦੁਬਾਰਾ ਫੋਨ ਆ ਗਿਆ। ਉਹ ਬੋਲੀ, "ਆ ਜੋ ਛੇਤੀ ਛੇਤੀ । ਉਹ ਕਹਿੰਦਾ ਹੁਣੇ ਆ ਜੋ।"

ਮੈਂ ਤੇਜ਼ੀ ਨਾਲ ਸ਼ੈਡੋ ਨੂੰ ਲੈ ਕੇ ਘਰ ਮੁੜ ਪਿਆ ਅਤੇ ਅਸੀਂ ਮਾਹਿਰ ਡਾਕਟਰ ਦੇ ਚਲੇ ਗਏ।

ਇਸ ਮਾਹਿਰ ਡਾਕਟਰ ਦੀ ਪਿਛਲੀ ਅਪੁਇੰਟਮੈਂਟ ਵੇਲ਼ੇ ਤੋਂ ਹੀ ਅਸੀਂ ਹਿੱਲੇ ਹੋਏ ਸੀ। ਉਸ ਨੇ ਦੱਸਿਆ ਸੀ ਕਿ ਅਮੀਤ ਦੇ ਖ਼ੂਨ ਵਿਚ ਪਲੈਟਲਿਟ ਦੀ ਕਮੀ ਦਾ ਕਾਰਣ ਬਲੱਡ ਕੈਂਸਰ ਵੀ ਹੋ ਸਕਦਾ ਹੈ, ਨਸ਼ਿਆਂ ਦੀ ਵਰਤੋਂ ਵੀ ਹੋ ਸਕਦੀ ਹੈ। ਹੋਰ ਵੀ ਬਹੁਤ ਸਾਰੇ ਕਾਰਣ ਹੋ ਸਕਦੇ ਹਨ। ਸੁਣ ਕੇ ਮੈਨੂੰ ਪੈਰਾਂ ਹੇਠੋਂ ਜ਼ਮੀਨ ਖਿਸਕਦੀ ਲੱਗੀ ਸੀ। ਮੈਂ ਨਾਲ ਖੜ੍ਹੀ ਕਿਰਨ ਦਾ ਹੱਥ ਫੜ ਕੇ ਘੁੱਟ ਲਿਆ ਸੀ। ਡਾਕਟਰ ਅਮੀਤ ਦੇ ਚਿਹਰੇ ਵੱਲ ਦੇਖਦਾ ਕਹਿਣ ਲੱਗਾ,"ਯੂ ਡੋਂਟ ਟੇਕ ਡਰੱਗਜ਼, ਡੂ ਯੂ?" ਅਮੀਤ ਦੀਆਂ ਮੁੱਠੀਆਂ ਮਿਚ ਗਈਆਂ ਸਨ। ਉਸ ਨੇ ਦੰਦ ਕਿਰਚ ਕੇ ਕਿਹਾ, "ਨੋ।"

"ਮੈਨੂੰ ਯਕੀਨ ਹੈ ਕਿ ਤੂੰ ਚੰਗਾ ਬੱਚਾ ਹੈਂ। ਮੈਂ ਹੋਰ ਬਲੱਡ ਟੈੱਸਟਾਂ ਵਾਸਤੇ ਭੇਜਾਂਗਾ। ਜੇ ਤਕਲੀਫ ਨਹੀਂ ਮੰਨਦੇ ਤਾਂ ਕੁਝ ਸਮੇਂ ਲਈ ਬਾਹਰ ਬੈਠ ਜਾਉ।" ਉਸ ਨੇ ਅਮੀਤ ਨੂੰ ਕਿਹਾ ਅਤੇ ਫਿਰ ਮੇਰੇ ਵੱਲ ਦੇਖ ਕੇ ਬੋਲਿਆ, "ਤੁਸੀਂ ਇਕ ਮਿੰਟ ਰੁਕਿਉ।"

ਅਮੀਤ ਅਤੇ ਕਿਰਨ ਦੇ ਬਾਹਰ ਨਿਕਲਣ ਤੋਂ ਬਾਅਦ ਉਹ ਬੋਲਿਆ, "ਜਿਸ ਤਰ੍ਹਾਂ ਦਾ ਅੱਜ-ਕਲ੍ਹ ਇਸ ਸ਼ਹਿਰ ਦਾ ਮਾਹੌਲ ਹੈ, ਆਪਾਂ ਨੂੰ ਡਰੱਗ ਵਾਲੀ ਸ਼ੱਕ ਕੱਢਣ ਲਈ ਪਹਿਲਾਂ ਡਰੱਗ ਟੈੱਸਟ ਕਰਵਾ ਲੈਣਾ ਚਾਹੀਦਾ---।" ਮੈਨੂੰ ਤਾਂ ਕੁਝ ਵੀ ਨਹੀਂ ਸੀ ਅਹੁੜ ਰਿਹਾ। ਮੇਰੀਆਂ ਅੱਖਾਂ ਅੱਗੇ ਤਾਂ ਹਨੇਰਾ ਛਾ ਗਿਆ ਸੀ। ਜੇ ਡਾਕਟਰ ਪੰਜਾਬੀ ਨਾ ਹੁੰਦਾ ਤਾਂ ਹੋ ਸਕਦਾ ਹੈ ਕਿ ਮੈਂ ਉਸ ਨਾਲ ਗ਼ੁੱਸੇ ਹੋ ਜਾਂਦਾ ਕਿ ਉਹ ਸਾਰੇ ਭਾਈਚਾਰੇ ਨੂੰ ਹੀ ਡਰੱਗਾਂ ਨਾਲ ਸੰਬੰਧਤ ਸਮਝ ਰਿਹਾ ਸੀ। ਜਾਂ ਜੇ ਮਾਨਵ ਦਾ ਕਤਲ ਨਾ ਹੋਇਆ ਹੁੰਦਾ ਤਾਂ ਹੋ ਸਕਦਾ ਹੈ ਕਿ ਮੈਂ ਡਾਕਟਰ ਦੇ ਗਲ਼ ਪੈ ਜਾਂਦਾ ਕਿ ਉਸ ਨੇ ਮੇਰੇ ਬੱਚੇ ਨੂੰ ਸ਼ੱਕ ਦੀ ਨਜ਼ਰ ਨਾਲ ਦੇਖਿਆ ਸੀ। ਮੇਰੇ ਮੂੰਹੋਂ ਮਸਾਂ ਹੀ ਨਿਕਲਿਆ ਸੀ, "ਜਿਵੇਂ ਤੁਹਾਨੂੰ ਠੀਕ ਲਗਦੈ।"

"ਡਰੱਗ ਟੈੱਸਟ ਲਈ ਭੇਜਣ ਵਾਸਤੇ ਮੈਨੂੰ ਉਸਦੀ ਪ੍ਰਵਾਨਗੀ ਲੈਣੀ ਪਵੇਗੀ।"

"ਉਹ ਤਾਂ ਸੋਲ਼ਾਂ ਸਾਲਾ ਦਾ ਹੈ ਜੀ, ਮੈਂ ਕਰ ਦਿੰਨੈ ਸਾਈਨ ਜਿੱਥੇ ਕਰਨੇ ਆ।"

"ਬੱਚੇ ਦੀ ਸਹਿਮਤੀ ਵੀ ਚਾਹੀਦੀ ਆ। "

ਮੈਂ ਅਮੀਤ ਅਤੇ ਕਿਰਨ ਨੂੰ ਅੰਦਰ ਸੱਦ ਲਿਆ ਅਤੇ ਕਿਹਾ, "ਅਮੀਤ, ਡਾਕਟਰ ਸਾਹਬ ਨੂੰ ਤੇਰੀ ਕਨਸੈਂਟ ਚਾਹੀਦੀ ਆ ਬਲੱਡ ਟੈੱਸਟ ਵਾਸਤੇ ਭੇਜਣ ਲਈ।"

ਅਮੀਤ ਨੇ ਡੌਰ-ਭੌਰੀਆਂ ਅੱਖਾਂ ਨਾਲ ਇਕ ਨਜ਼ਰ ਮੇਰੇ ਵੱਲ ਦੇਖਿਆ ਤੇ ਫੇਰ ਡਾਕਟਰ ਵੱਲ। ਡਾਕਟਰ ਨੇ ਪੇਪਰ ਅਤੇ ਪੈੱਨ ਉਸ ਵੱਲ ਵਧਾ ਦਿੱਤੇ। ਅਮੀਤ ਨੇ ਗ਼ੁੱਸੇ ਵਿਚ ਘਰੋੜ ਕੇ ਸਾਈਨ ਕੀਤੇ ਅਤੇ ਪੈੱਨ ਨੂੰ ਡੈਸਕ 'ਤੇ ਪਟਕਾ ਕੇ ਬਾਹਰ ਨਿਕਲ ਗਿਆ। ਸਾਡੇ ਕਾਰ ਵਿਚ ਬੈਠਦਿਆਂ ਹੀ ਅਮੀਤ ਬੋਲਿਆ," ਕਿੱਡਾ ਮੂਰਖ ਡਾਕਟਰ ਹੈ। ਮੈਂ ਇਸਦਾ ਗੰਦਾ ਚਿਹਰਾ ਮੁੜਕੇ ਨੀ ਦੇਖਣਾ।" ਕਿਰਨ ਹੰਝੂ ਕੇਰੀ ਜਾ ਰਹੀ ਸੀ।

ਅਮੀਤ ਫੇਰ ਬੋਲਿਆ, "ਤੁਸੀਂ ਕਿਹੋ-ਜਿਹੇ ਮਾਪੇ ਹੋ ਜਿਹੜੇ ਇਕ ਬੇਵਕੂਫ ਡਾਕਟਰ ਨੂੰ ਇਹ ਨਹੀਂ ਕਹਿ ਸਕੇ ਕਿ ਤੁਹਾਡਾ ਬੱਚਾ ਇਸ ਤਰ੍ਹਾਂ ਦਾ ਨਹੀਂ। ਮੈਂ ਕਿਸੇ ਖ਼ੂਨ ਟੈੱਸਟ ਵਾਸਤੇ ਨਹੀਂ ਜਾਣਾ। ਮੈਨੂੰ ਘਰ ਲੈ ਚੱਲੋ।" ਗ਼ੁੱਸੇ ਵਿਚ ਆ ਕੇ ਅਮੀਤ ਸਿਰਫ ਅੰਗ੍ਰੇਜ਼ੀ ਵਿਚ ਹੀ ਗੱਲ ਕਰਦਾ।

ਮੇਰੇ ਚਿੱਤ ਵਿਚ ਆਈ ਕਿ ਕਹਾਂ ਜੇ ਕੋਈ ਡਰੱਗ ਵਰਤਦਾ ਨਹੀਂ ਤਾਂ ਬਲੱਡ ਟੈੱਸਟ ਤੋਂ ਡਰਦਾ ਕਿਉਂ ਹੈਂ? ਪਰ ਮੈਂ ਆਪਣੇ ਆਪ ਨੂੰ ਰੋਕ ਲਿਆ। ਮੈਂ ਕੁਝ ਪਲ ਸੋਚਕੇ ਬੋਲਿਆ, "ਡਾਕਟਰ ਆਪਣਾ ਦੁਸ਼ਮਣ ਤਾਂ ਨਹੀਂ। ਉਸ ਨੂੰ ਸ਼ੱਕ ਕੱਢ ਲੈਣ ਦੇਈਏ। ਆਪਾਂ ਨੂੰ ਕਾਹਦਾ ਡਰ?" ਕਿਰਨ ਦਾ ਰੋਕਿਆ ਹੋਇਆ ਬੰਨ੍ਹ ਟੁੱਟ ਗਿਆ। ਉਸਦਾ ਰੋਣ ਨਿਕਲ ਗਿਆ। ਉਸ ਨੇ ਪਹਿਲਾਂ ਉੱਚੀ ਲੇਰ ਮਾਰੀ ਫੇਰ ਆਪਣੀ ਆਵਾਜ਼ ਨੂੰ ਕਾਬੂ ਕਰ ਲਿਆ ।

"ਚੱਲੋ, ਲੈਬ 'ਚ ਚੱਲੋ।" ਆਖ ਕੇ ਅਮੀਤ ਬਾਹਰ ਦੇਖਣ ਲੱਗਾ। ਮੈਨੂੰ ਲੱਗਾ ਸ਼ਾਇਦ ਕਿਰਨ

ਦੀ ਹਾਲਤ ਨੂੰ ਦੇਖਕੇ ਹੀ ਉਸਨੇ ਇਹ ਕਿਹਾ ਹੋਵੇ। ਲੈਬਾਰਟਰੀ ਵਿਚੋਂ ਮੁੜਕੇ ਘਰ ਵੜਦਿਆ ਹੀ ਉਹ ਫੁੱਟ ਪਿਆ। ਉਹ ਦਹਾੜਿਆ, "ਤੁਸੀਂ ਆਪਣੇ ਖ਼ੂਨ 'ਤੇ ਹੀ ਕਿਉਂ ਨੀ ਭਰੋਸਾ ਕਰਦੇ?" ਉਹ ਬਾਹਾਂ ਨੂੰ ਪਟਕਾਉਣ ਲੱਗਾ। ਉਸਦੀਆਂ ਅੱਖਾਂ ਵਿਚੋਂ ਹੰਝੂ ਕਿਰ ਰਹੇ ਸਨ। ਐਧਰੋਂ ਓਧਰ ਗੇੜੇ ਦਿੰਦਾ ਉਹ ਉੱਚੀ ਉੱਚੀ ਬੋਲ ਰਿਹਾ ਸੀ,"ਤੁਸੀਂ ਮੈਨੂੰ ਉਸ ਸੜਿਆਂਦ ਮਾਰਦੇ ਡਾਕਟਰ ਸਾਹਮਣੇ ਜ਼ਲੀਲ ਹੋਣ ਦਿੱਤਾ।"

ਅਮੀਤ ਨੇ ਸਾਡੇ ਸਾਹਮਣੇ ਪਹਿਲਾਂ ਕਦੇ ਵੀ ਇਸ ਤਰ੍ਹਾਂ ਦੇ ਗੰਦੇ ਸ਼ਬਦ ਨਹੀਂ ਸੀ ਵਰਤੇ। "ਤੁਸੀਂ ਮੈਨੂੰ ਓਸ ਗੰਦੀ ਔਰਤ ਸਾਹਮਣੇ ਜ਼ਲੀਲ ਕਰਵਾਇਆ।" ਉਹ ਲੈਬਾਰਟਰੀ ਵਿਚ ਖ਼ੂਨ ਟੈੱਸਟ ਕਰਨ ਵਾਲੀ ਔਰਤ ਬਾਰੇ ਆਖ ਰਿਹਾ ਸੀ।

"ਤੁਹਾਨੂੰ ਪਤਾ ਹੈ ਕਿ ਉਹ ਕਿੰਨਾ ਬੇਇਜ਼ਤੀ ਭਰਪੂਰ ਸੀ, ਜਦੋਂ ਉਸਨੇ ਮੈਨੂੰ ਪੁੱਛਿਆ ਕਿ ਮੈਂ ਇਹ ਟੈੱਸਟ ਕਿਉਂ ਕਰਵਾ ਰਿਹਾ ਸੀ। ਤੁਸੀਂ ਉਸਦੀ ਘਿਣਾਉਣੀ ਤੱਕਣੀ ਵੇਖੀ ਸੀ ਮੰਮ? ਤੁਸੀਂ ਦੇਖੀ ਸੀ ਡੈਡ?"

"ਤੁਹਾਨੂੰ ਲਗਦਾ ਹੈ ਕਿ ਬੀਬੀ-ਬਾਪੂ ਦਾ ਖ਼ੂਨ ਨਸ਼ੇੜੀ ਹੋਵੇਗਾ? ਤੁਸੀਂ ਮੈਨੂੰ ਬਹੁਤ ਜ਼ਲੀਲ ਕਰਵਾਇਐ। ਬਹੁਤ ਜ਼ਲੀਲ ਕਰਵਾਇਐ---।" ਉਸਦੀ ਆਵਾਜ਼ ਭਾਰੀ ਹੋ ਗਈ ਸੀ। ਉਹ ਮੈਨੂੰ ਇਕ ਦਮ ਜਵਾਨ ਹੋ ਗਿਆ ਲੱਗਾ। ਮੇਰਾ ਤਾਂ ਇਸ ਵੱਲ ਕਦੇ ਧਿਆਨ ਹੀ ਨਹੀਂ ਸੀ ਗਿਆ ਕਿ ਕਦੋਂ ਉਸਦੀ ਆਵਾਜ਼ ਬੱਚਿਆਂ ਤੋਂ ਜਵਾਨਾਂ ਵਾਲੀ ਹੋ ਗਈ ਸੀ। ਉਹ ਮੈਨੂੰ ਕੋਈ ਹੋਰ ਹੀ ਅਮੀਤ ਲੱਗ ਰਿਹਾ ਸੀ। ਮੈਨੂੰ ਉਸ ਤੋਂ ਡਰ ਆ ਰਿਹਾ ਸੀ। ਉਸਦਾ ਲੱਤਾਂ ਬਾਹਾਂ ਪਟਕਣਾ ਮੈਨੂੰ ਲੱਗ ਰਿਹਾ ਸੀ ਜਿਵੇਂ ਉਹ ਸੱਚਮੁੱਚ ਹੀ ਕਿਸੇ ਨਸ਼ੇ ਦੇ ਅਸਰ ਵਿਚ ਕਰ ਰਿਹਾ ਹੋਵੇ। ਤੇ ਫੇਰ ਉਹ ਬੀਬੀ-ਬਾਪੂ ਦੇ ਕਮਰੇ ਵਿਚ ਜਾ ਕੇ ਬੈਠ ਗਿਆ। "ਬੀਬੀ-ਬਾਪੂ ਮੈਨੂੰ ਕਦੇ ਵੀ ਇਸ ਤਰ੍ਹਾਂ ਬੇਇਜ਼ਤ ਨਾ ਹੋਣ ਦਿੰਦੇ। ਉਹ ਮੈਨੂੰ ਕਦੇ ਵੀ ਇਸ ਸਭ ਵਿਚੋਂ ਨਾ ਨਿਕਲਣ ਦਿੰਦੇ। ਉਹ ਮੇਰੇ ਅਸਲੀ ਮਾਪੇ ਸਨ। ਉਨ੍ਹਾਂ ਨੇ ਹੀ ਮੈਨੂੰ ਪਾਲ਼ਿਆ। ਤੁਹਾਨੂੰ ਤਾਂ ਆਪਣੇ ਕੰਮਾਂ 'ਚੋਂ ਵਿਹਲ ਨਹੀਂ ਸੀ ਮਿਲਦੀ। ਪਹਿਲਾਂ ਉਹ ਮੈਨੂੰ ਛੱਡਕੇ ਚਲੇ ਗਏ ਫੇਰ ਮੇਰਾ ਦੋਸਤ ਛੱਡ ਗਿਆ। ਜਿਸ ਨੂੰ ਵੀ ਮੈਂ ਪਿਆਰ ਕਰਦੈਂ, ਉਹ ਹੀ ਕਿਉਂ ਮਰ ਜਾਂਦੈ। ਕਿਉਂ ਮੇਰੇ ਨਾਲ ਵਾਪਰਦੈ ਇਹ?" ਆਖਦਾ ਉਹ ਉੱਚੀ ਉੱਚੀ ਰੋ ਪਿਆ। ਕਿਰਨ ਉਸਦੇ ਨੇੜੇ ਹੋਣ ਲੱਗੀ ਤਾਂ ਉਸ ਨੇ ਧੱਕ ਕੇ ਪਰ੍ਹਾਂ ਕਰ ਦਿੱਤੀ, "ਮੈਨੂੰ ਹੱਥ ਨਾ ਲਾਵੋ। ਪਰ੍ਹਾਂ ਹੋ ਜੋ।"

ਇਹ ਸਭ ਕੁਝ ਤਾਂ ਪਿਛਲੀ ਅਪੁਇੰਟਮੈਂਟ ਤੋਂ ਬਾਅਦ ਹੋਇਆ ਸੀ । ਇਸ ਵਾਰ ਜਦੋਂ ਅਸੀਂ ਗਏ, ਮਾਹਿਰ ਡਾਕਟਰ ਬੋਲਿਆ," ਯੰਗਮੈਨ ਦਾ ਕੀ ਹਾਲ ਹੈ? ਨਾਲ ਨਹੀਂ ਆਇਆ?"

ਮੈਂ ਆਪਣੇ ਚਿੱਤ 'ਚ ਕਿਹਾ, 'ਛੇਤੀ ਰੀਪੋਰਟ ਬਾਰੇ ਦੱਸ।' ਕਿਰਨ ਨੇ ਝੂਠ ਮਾਰਿਆ,"ਉਹਨੇ ਟਿਊਸ਼ਨ 'ਤੇ ਜਾਣਾ ਸੀ। ਸਾਨੂੰ ਬਲੱਡ ਰੀਪੋਰਟ ਬਾਰੇ ਜਾਨਣ ਦੀ ਕਾਹਲ਼ ਸੀ।"

"ਡਰੱਗ ਵਗੈਰਾ ਤੋਂ ਉਹ ਕਲੀਨ ਹੈ। ਇਸ ਪੱਖੋਂ ਕੋਈ ਚਿੰਤਾ ਦੀ ਗੱਲ ਨਹੀਂ। ਕਈ ਬੱਚਿਆਂ ਦੇ ਖ਼ੂਨ ਵਿਚ ਕੁਦਰਤੀ ਹੀ ਘੱਟ ਪਲੈਟਲਿਟਸ ਬਣਦੇ ਹਨ। ਕੈਂਸਰ ਬਾਰੇ ਆਪਾਂ ਹੋਰ ਟੈੱਸਟ ਕਰਵਾ ਲਵਾਂਗੇ---।

ਪਰ ਮੈਨੂੰ ਡਾਕਟਰ ਦੀਆਂ ਅਗਲੀਆਂ ਗੱਲਾਂ ਨਹੀਂ ਸੁਣੀਆਂ। 'ਕਲੀਨ' ਸੁਣ ਕੇ ਜਿਵੇਂ ਮੇਰੇ ਮਨ ਤੋਂ ਮਣਾਂ ਮੂੰਹੀ ਭਾਰ ਲੱਥ ਗਿਆ ਹੋਵੇ। ਮੈਂ ਕਿਰਨ ਵੱਲ ਦੇਖਿਆ । ਉਸ ਨੇ ਦੋਹੋਂ ਹੱਥ ਜੋੜ ਕੇ ਉੱਪਰ ਵੱਲ ਕੀਤੇ ਅਤੇ ਕਿਹਾ, "ਸ਼ੁਕਰ ਐ।" 000

***(14913 - 83A Ave, Surrey B.C. CANADA V3S 7S2***
***Email: hsekha@hotmail.com***
***Phone: 1-778-231-1189)***

# ਕਬਰਪੁੱਟ ਬੇਗਾਰੀ: ਕਹਾਣੀ: ਬਲਬੀਰ ਮਾਧੋਪੁਰੀ

ਜਦੋਂ ਉਹਨੇ ਨਾਲ ਕੰਮ ਕਰਦੇ ਮੁਲਾਜ਼ਮਾਂ ਦੀ ਹਾਜ਼ਰੀ 'ਚ ਮੇਰੇ ਬਾਰੇ ਵੇਰਵੇ ਸਹਿਤ ਪੁੱਛਿਆ ਤਾਂ ਮੇਰੇ ਪੈਰਾਂ ਹੇਠੋਂ ਜ਼ਮੀਨ ਖਿਸਕ ਗਈ। ਆਰੇ ਦੇ ਦੰਦਿਆਂ ਵਰਗੇ ਉਹਦੇ ਬੋਲ-ਕੁਬੋਲ ਮੇਰੇ ਦਿਮਾਗ਼ ਵਿਚ ਖੁੱਭ ਕੇ ਵਰਮੇ ਵਾਂਗ ਸੁਰਾਖ ਕਰ ਗਏ। ਦਿਲ 'ਤੇ ਜਿਵੇਂ ਮਧਾਣੀ ਘੁੰਮ ਗਈ ਹੋਵੇ। ਲੱਤਾਂ-ਪੈਰ ਜਵਾਬ ਦਿੰਦੇ ਲੱਗੇ। ਗੱਲ ਕੀ ਮੇਰਾ ਪੂਰਾ ਸਰੀਰ ਕੰਬ ਗਿਆ। ਖੋਖਾ-ਨੁਮਾ ਦੁਕਾਨ ਕੋਲ਼ ਚਾਹ ਲਈ ਭਾਵੇਂ ਨਿੰਮ ਥੱਲੇ ਖੜ੍ਹੇ ਸੀ ਪਰ ਮੈਨੂੰ ਆਪਣਾ ਪਿੰਡਾ ਪਸੀਨੇ ਨਾਲ ਤਰ-ਬ-ਤਰ ਲੱਗਿਆ। ਫਿਰ ਵੀ, ਮੈਂ ਪਲਾਂ 'ਚ ਕਿੰਨਾ ਕੁਝ ਸੋਚ ਲਿਆ – ਹੋ ਸਕਦਾ ਉਹਨੇ ਮੇਰੇ ਪੇਂਡੂ ਪਿਛੋਕੜ ਦੀ ਦਿੱਖ ਵਾਲੇ ਲੀੜਿਆਂ ਤੋਂ ਕੋਈ ਅੰਦਾਜ਼ਾ ਲਾਇਆ ਹੋਵੇ, ਹੋ ਸਕਦਾ ਮੇਰੇ ਜਿਸਮ ਤੇ ਲਿੱਸੇ ਚਿਹਰੇ ਨੂੰ ਆਪਣੀ ਪਾਰਖੂ ਨਜ਼ਰ ਦੀ ਤੱਕੜੀ ਦੇ ਛਾਬਿਆਂ 'ਚ ਪਾ ਕੇ ਤੋਲਿਆਂ ਹੋਵੇ ਕਿ ਪੌਸ਼ਟਿਕ ਤੱਤਾਂ ਦੀ ਘਾਟ ਕਰ ਕੇ ਇਉਂ ਹੈ ਜਾਂ ਫਿਰ ਮੇਰੇ ਕਣਕ-ਵੰਨੇ ਰੰਗ ਵਿਚੋਂ ਉਸ ਨੂੰ ਕੁੱਝ ਅਦਿੱਖ ਦਿਸ ਪਿਆ ਹੋਵੇ। ਮੇਰੀਆਂ ਸੋਚਾਂ ਅੰਦਰ ਹੀ ਅੰਦਰ ਉਵੇਂ ਦੌੜਦੀਆਂ ਗਈਆਂ ਜਿਵੇਂ ਕੋਲ਼ ਦੀ ਸੜਕ ਤੋਂ ਸਵਾਰੀਆਂ ਭਰੀਆਂ ਗੱਡੀਆਂ-ਮੋਟਰਾਂ, ਜੋ ਥੰਮ੍ਹਣ ਨੂੰ ਤਿਆਰ ਨਹੀਂ ਸਨ।

ਇਸੇ ਦੌਰਾਨ ਮੈਂ ਹੈਰਾਨ ਹੋਇਆ ਯਕਦਮ ਅੱਡੀਆਂ ਚੁੱਕ-ਚੁੱਕ ਚਾਹ ਵਾਲੀ ਦੁਕਾਨ ਦੀ ਪਿਛਲੀ ਚਾਰਦੀਵਾਰੀ ਦੇ ਉੱਤੋਂ ਦੀ ਦੇਖਣ ਲੱਗਾ ਜਿਧਰੋਂ ਰੋਣ-ਧੋਣ ਦੀਆਂ ਦਿਲ-ਵਿੰਨ੍ਹਵੀਆਂ ਆਵਾਜ਼ਾਂ ਆ ਰਹੀਆਂ ਸਨ। ਮੇਰਾ ਧਿਆਨ ਜਿਵੇਂ ਉਸ ਵਿਲੀ-ਪਾਪ ਤੇ ਵਿਲਕਦੀਆਂ ਰੂਹ ਕੰਬਾਊ ਲੇਰਾਂ ਹਵਾਲੇ ਹੋ ਗਿਆ। ਸੁਣਨ ਵਾਲੇ ਨੂੰ ਲਗਦਾ ਕਿ ਵੱਡੀਆਂ ਬੁੜ੍ਹੀਆਂ ਆਪਣਿਆਂ ਦਾ ਹੀ ਦਾਦਾ-ਦਾਹੜੀ ਨੌਲ਼ ਰਹੀਆਂ ਹਨ।

'ਕੀ ਵੇਖਣ ਡਿਹਾਂ ਜੇ ਕਾਕਾ? ਉੱਥੇ ਪਾਰਕ ਦੇ ਨਾਲ ਵਾਲੇ ਘਰ ਸਵੇਰ ਦਾ ਰੌਲ਼ਾ-ਰੱਪਾ ਤੇ ਪਿੱਟ-ਸਿਆਪਾ ਚੱਲ ਰਿਹਾ!' ਚਾਹ ਵਾਲੇ ਲਾਲੇ ਨੇ ਦੱਸਿਆ।

'ਹੈਂ?' ਸਾਡੀ ਸੀਨੀਅਰ ਤੇ ਚੁਸਤ ਚਿਹਰੇ ਵਾਲੀ ਗੋਰੀ ਨਿਛੋਹ ਕੁੜੀ ਗੀਤਾ ਰੈਡੀ ਨੇ ਉਤਸੁਕਤਾ ਨਾਲ ਪੁੱਛਿਆ। ਹੈਰਾਨਗੀ ਉਹਦੀਆਂ ਅੱਖਾਂ 'ਚ ਝਲਕਦੀ ਦਿਸੀ।

'ਹੈ ਤੇ ਇਕ ਤਰ੍ਹਾਂ ਖ਼ੁਸ਼ੀ ਦਾ ਮਾਤਮ...!'

'ਖ਼ੁਸ਼ੀ ਦਾ ਮਾਤਮ?... ਮਤਲਬ?'

'ਗੀਤਾ ਬੇਟੀ... ਕੁੜੀ ਤੇਰਾਂ ਸਾਲ ਦੀ ਏ ਤੇ ਸੱਠ ਸਾਲ ਦੇ ਬੰਦੇ ਨਾਲ ਨੂੜੀ-ਨਰੜੀ ਗਈ ਏ! ਕੁੜੀ, ਉਹਦੀ ਭੈਣ ਤੇ ਮਾਂ ਵਿਲਕ ਰਹੀਆਂ ਪਈ...। ਮਾਸੂਮ ਕੁੜੀ ਦੌੜ-ਦੌੜ ਮਾਂ ਤੇ ਭੈਣ ਨੂੰ ਚੁੰਬੜਦੀ ਰਹੀ...! ਉਹ ਕੁੜੀ ਨੂੰ ਮਾਂ ਦੇ ਜੱਫੇ 'ਚੋਂ ਛੁਡਾ-ਛੁਡਾ ਕੇ ਧੂਹ ਕੇ ਲਿਜਾਂਦੇ ਰਹੇ... ਤੇ ਮਾਂ ਨੰਗੇ ਪੈਰੀਂ ਭੱਜ-ਭੱਜ ਉਹਨੂੰ ਮੁੜ-ਮੁੜ ਫੜਨ ਜਾਂਦੀ ਰਹੀ। ਆਖ਼ਰ, ਕੁੜੀ ਦੇ ਪਿਉ ਨੇ ਆਪਣੀ ਜਨਾਨੀ ਦੀ ਹਿੱਕ 'ਚ ਲੱਤ ਮਾਰੀ...!' ਇਹ ਦੱਸਦਿਆਂ ਬਜ਼ੁਰਗ ਲਾਲੇ ਦਾ ਗਲ਼ਾ ਭਰ ਆਇਆ।

ਮੇਰਾ ਆਪਣਾ ਮਨ ਭਰ ਆਇਆ ਤੇ ਗੀਤਾ ਵੀ ਪਰੇਸ਼ਾਨ ਦਿਸ ਰਹੀ ਸੀ।

'ਮਾਂ ਤੇ ਧੀ ਦਾ ਰੋ-ਰੋ ਬੁਰਾ ਹਾਲ ਹੋ ਗਿਆ। ਮਰਦ ਦਲੀਲ ਦੇ ਰਹੇ ਸਨ ਕਿ ਮੁਹੰਮਦ ਸਾਹਬ ਦੀਆਂ ਤੇਰਾਂ ਬੇਗ਼ਮਾਂ ਸਿਗੀਆਂ ਤੇ ਉਨ੍ਹਾਂ ਵਿਚੋਂ ਕਈ ਅਸਲੋਂ ਹੌਲੀ ਉਮਰ ਦੀਆਂ ਲੈਰੀਆਂ ਤੇ ਨਰਮ-ਨਿਆਣੀਆਂ ਕੁੜੀਆਂ।' ਲਾਲਾ ਲਗਾਤਾਰ ਦੱਸਦਾ ਗਿਆ।

ਮੈਨੂੰ ਲੱਗਿਆ ਜਿਵੇਂ ਮੈਂ ਪਹਿਲਾਂ ਦੇਖੀ ਕਿਸੇ ਫ਼ਿਲਮ ਦਾ ਸੀਨ ਹੁਣ ਅਸਲੀਅਤ ਵਿਚ ਅੱਖੀਂ ਦੇਖ ਰਿਹਾ ਹੋਵਾਂ।... ਅਫ਼ਗਾਨਿਸਤਾਨ ਤੇ ਉਸ ਨਾਲ ਲਗਦੇ ਮੁਲਕਾਂ 'ਚ ਔਰਤ ਦੀ ਗ਼ੁਲਾਮੀ ਤੇ ਬੇਰਹਿਮ ਤਸ਼ੱਦਦ ਦਾ ਤਾਂ ਸੁਣਿਆਂ ਹੋਇਆ ਪਰ ਆਪਣੇ ਮੁਲਕ 'ਚ...! ਸ਼ੇਖਾਂ ਵੱਲੋਂ ਇੱਥੋਂ

ਕੁੜੀਆਂ ਮੁੱਲ ਖ਼ਰੀਦ ਕੇ ਲਿਜਾਂਦੇ ਹੋਣ ਦਾ ਅਖ਼ਬਾਰਾਂ ਜ਼ਰੀਏ ਪਤਾ ਲੱਗਦਾ ਰਹਿੰਦਾ ਤੇ...! ਮੈਂ ਜ਼ਰਾ ਦੀ ਜ਼ਰਾ ਆਪਣੇ ਨਾਲ ਹੋਈ-ਵਾਪਰੀ, ਸੁਲਝੀ ਭਾਸ਼ਾ ਵਾਲੀ ਬੇਇਜ਼ਤੀ ਭੁੱਲ ਗਿਆ ਤੇ ਉਸ ਛੋਟੀ ਮਾਸੂਮ ਕੁੜੀ ਬਾਰੇ ਸੋਚਦਾ ਰਿਹਾ।... ਓਧਰ, ਮੋਟੀਆਂ-ਮਜ਼ਬੂਤ ਬਾਹਾਂ ਵਾਲੀ ਗੀਤਾ ਇਹ ਸਭ ਸੁਣ ਕੇ ਦੰਗ ਰਹਿ ਗਈ। ਉਹਨੇ ਕਾਹਲ਼ੀ ਪੈਂਦਿਆਂ ਚਾਰਦੀਵਾਰੀ ਕੋਲ਼ ਇੱਟਾਂ ਉੱਤੇ ਟਿਕਾਈਆਂ ਇੱਟਾਂ ਦੀ ਥੜ੍ਹੀ ਉੱਤੇ ਖੜ੍ਹੀ ਹੋ ਕੇ ਪਾਰਕ ਪਾਰ ਤੱਕਿਆ।... ਉਹਦਾ ਮੂੰਹ ਹੁਣ ਮੁਰਝਾਇਆ ਹੋਇਆ ਸੀ ਜਿਵੇਂ ਇਨ੍ਹਾਂ ਬਰਸਾਤੀ ਦਿਨਾਂ ਵਿਚ ਸੋਕੇ ਕਰਕੇ ਵਾੜ ਵਿਚਲਾ ਚਿੱਟੇ ਫੁੱਲਾਂ ਵਾਲੀ ਮਹਿਕਦੀ-ਟਹਿਕਦੀ ਕਲੀ ਦਾ ਬੂਟਾ... ਇਕ ਵਾਰ ਤਾਂ ਮੈਨੂੰ ਲੱਗਿਆ ਜਿਵੇਂ ਸੁਫ਼ਨਾ ਦੇਖ ਰਿਹਾ ਹੋਵਾਂ। ਅਸੀਂ ਕਈ ਚਿਰ ਚੁੱਪ ਤੇ ਮਸੋਸੇ ਜੇਹੇ ਖੜ੍ਹੇ ਰਹੇ।

...ਤੇ ਮੈਂ ਆਪਣੇ-ਆਪ ਨੂੰ ਅਜਨਬੀ ਵਰਗਾ ਮਹਿਸੂਸਦਿਆਂ ਆਪਣੇ ਸੁਭਾਅ ਮੁਤਾਬਿਕ ਖ਼ਾਮੋਸ਼ੀ ਧਾਰਨ ਕਰੀ ਰੱਖੀ ਤੇ ਪੈਰਾਂ ਕੋਲ਼ ਦੀ ਜ਼ਮੀਨ ਇਕਟੱਕ ਦੇਖਦਾ ਰਿਹਾ। ਜਿਵੇਂ ਨਜ਼ਰਾਂ ਜ਼ਰੀਏ ਆਪਣਾ ਪਿੰਡ ਤੇ ਉੱਥੋਂ ਦੀ ਮਿੱਟੀ ਦੀ ਮਹਿਕ ਤਲਾਸ਼ ਰਿਹਾ ਹੋਵਾਂ।... ਤੇ ਵਿਚ-ਵਿਚਾਲੇ ਮੈਂ ਚੋਰੀ-ਚੋਰੀ ਦੂਜੇ ਧੜੇ ਵਾਲੇ ਮੁਲਾਜ਼ਮਾਂ ਵੱਲ ਦੇਖ ਦੇ ਸ਼ਰਮਿੰਦਗੀ ਦੇ ਮਾਰੇ ਨੇ ਦੰਦੀਆਂ ਜਹੀਆਂ ਕੱਢੀਆਂ। ਨਾਲ ਹੀ ਮੈਨੂੰ ਇਤਿਹਾਸ, ਮਿਥਿਹਾਸ ਤੇ ਸਮਾਜ ਵਿਗਿਆਨ ਦੀਆਂ ਪੜ੍ਹੀਆਂ ਕਿਤਾਬਾਂ ਵਿਚਲੇ ਹਵਾਲੇ ਚੇਤੇ ਆਏ, ਖ਼ਾਸ ਕਰ ਕੇ ਸਤੀ ਦੀ ਰਸਮ, ਚੀਰਹਰਣ ਤੇ ਦੇਵਤੇ ਆਖੇ ਜਾਂਦੇ ਪੁਰਸ਼ਾਂ ਦੇ ਯਾਰ ਕ੍ਰਮ।... ਤੇ ਇਹ ਸਭ ਮੈਂ ਅੰਦਰ ਹੀ ਅੰਦਰ ਪੀ ਗਿਆ; ਖਾਰਾ ਪਾਣੀ।... ਤੇ ਜਦੋਂ ਚੰਗੀ ਤਰ੍ਹਾਂ ਆਪਣੇ 'ਚ ਪਰਤਿਆ ਤਾਂ ਜਿਸਮ ਅੰਦਰ ਉੱਚੀਆਂ ਉੱਠੀਆਂ ਅਗਨ ਲੰਬਾਂ ਦੀ ਥਾਂ ਹੁਣ ਨਿਰਾਦਰੀ ਦੇ ਡੂੰਘੇ ਪਾਣੀਆਂ ਵਿਚ ਗੋਤੇ ਖਾਈ ਜਾ ਰਿਹਾ ਸੀ।

ਤੇ ਏਸੇ ਦੌਰਾਨ ਮੁੰਡੂ ਵੱਲੋਂ ਲਿਆਂਦੀ ਚਾਹ ਦੀ ਟ੍ਰੇਅ ਵਿਚੋਂ ਜਦੋਂ ਮੈਂ ਕੱਪ ਚੁੱਕਿਆ ਤਾਂ ਮੇਰਾ ਸੱਜਾ ਹੱਥ ਹਲਕੀ ਜਿਹੀ ਝੋਲ ਖਾ ਗਿਆ। ਸ਼ੁਕਰ ਮਨਾਇਆ ਕਿ ਕੱਪ ਹੱਥੋਂ ਛੁੱਟ ਕੇ ਭੁੰਜੇ ਨਹੀਂ ਡਿੱਗਿਆ ਤੇ ਨਾ ਹੀ ਚਾਹ ਛਲਕ ਕੇ ਡੁੱਲ੍ਹੀ। ਮੈਂ ਨਜ਼ਰ ਚੁੱਕ ਕੇ ਕਿਸੇ ਵੱਲ ਨਾ ਦੇਖਿਆ ਕਿ ਉਹ ਅਖ਼ਬਾਰ ਪੜ੍ਹਦੇ-ਪੜ੍ਹਦੇ ਕਿਤੇ ਮੇਰੀਆਂ ਨਜ਼ਰਾਂ 'ਚੋਂ ਕੋਈ ਸੁਰਖੀ ਨਾ ਪੜ੍ਹ ਲੈਣ।

ਏਨੇ ਨੂੰ ਬਾਂਦਰਾਂ ਦਾ ਟੋਲਾ ਟਹਿਲਦਾ, ਟਪੂਸੀਆਂ ਮਾਰਦਾ ਕੋਲੋਂ ਦੀ ਲੰਘਿਆ। ਟਾਹਲੀ ਨਾਲ ਢੋਅ ਲਾ ਕੇ ਬੈਠਾ ਬੰਦਾ, ਜਿਸ ਦੇ ਸਿਰ 'ਤੇ ਜਟੂਰੀਆਂ, ਕਾਲ਼ੀ-ਚਿੱਟੀ ਵਧੀ ਦਾਹੜੀ ਤੇ ਧੜ ਤਕ ਨੰਗਾ ਸੀ, ਨੇੜੇ 'ਚੋਂ ਜੂੰਆਂ ਫੜ-ਫੜ ਮਾਰਨ ਵਿਚ ਮਗਨ ਸੀ। ਬੁਰਕੇ ਤੇ ਹਿਜਾਬ 'ਚ ਲਪੇਟ ਹੋਈ ਮਾਈ ਹੱਥਾਂ ਦੇ ਕੰਬਣ ਦਾ ਭੁਲੇਖਾ ਪਾਉਂਦੀ ਆਪਣਾ ਕੌਲਾ ਆਉਣ-ਜਾਣ ਵਾਲਿਆਂ ਦੇ ਮੋਹਰੇ ਕਰ-ਕਰ ਪੈਸੇ ਮੰਗਦੀ ਤੇ ਖ਼ੈਰਾਂ-ਮਿਹਰਾਂ ਦੀਆਂ ਅਸੀਸਾਂ ਦਿੰਦੀ ਗਈ।

... ਲੌਢੇ ਵੇਲ਼ੇ ਮੇਰੇ ਨਾਲ ਹੋਏ ਉਸ ਤਲਖ਼ ਤਜਰਬੇ ਦੀ ਵਜਹ ਮੇਰੇ ਅੰਦਰ ਲਗਾਤਾਰ ਟੁੱਟ-ਭੱਜ ਦੀ ਤਿੜ-ਤਿੜ ਹੁੰਦੀ ਰਹੀ। ਮੈਨੂੰ ਲੱਗਿਆ ਮੇਰਾ ਤਨ ਚਾਹ ਦੇ ਖੋਖੇ ਕੋਲ਼ ਦੀ ਪਤਲੀ ਟਾਹਲੀ ਦਾ ਤਣਾ ਮੋਛੇ ਵਿਚ ਬਦਲ ਗਿਆ ਹੋਵੇ ਜੋ ਬਲ਼ ਨਹੀਂ, ਧੁਖ ਰਿਹਾ ਹੋਵੇ। ਕਦੀ ਮਹਿਸੂਸ ਹੁੰਦਾ ਕਿ ਇਹੋ ਜਿਹੀਆਂ ਦਿਲ-ਢਾਹੂ ਗੱਲਾਂ ਸੋਚ-ਸੋਚ ਕੇ ਮੇਰਾ ਖ਼ੂਨ ਕਿਉਂ ਖੌਲਦਾ ਹੈ! ... ਤੇ ਅਜਿਹੇ ਫ਼ਿਕਰਿਆਂ ਤੇ ਜੁਮਲਿਆਂ ਤੋਂ ਮੇਰਾ ਪਿੱਛਾ ਨਾ ਪਿੰਡ ਛੁੱਟਿਆ ਤੇ ਨਾ ਇੱਥੇ। ਤੇ ਰਾਤ ਨੂੰ ਮੇਰੀ ਨੀਂਦ ਕਿਤੇ ਦੂਰ ਨੱਸ ਗਈ ਜਿਵੇਂ ਮੈਂ ਆਪਣੇ ਪਿੰਡ ਤੋਂ ਪੂਰਾ ਦੋ ਹਜ਼ਾਰ ਕਿਲੋਮੀਟਰ। ਮੈਂ ਮੂੰਹ 'ਚ ਬੁੜਬੁੜ ਕਰਦਾ ਦੰਦ ਪੀਂਹਦਾ ਰਿਹਾ। ਰਾਤ ਭਰ ਸੋਚਦਾ ਰਿਹਾ ਕਿ ਜੇ ਅੱਗੇ ਤੋਂ ਰਾਜੇਸ਼ਵਰ ਰਾਓ ਨੇ ਕੋਈ ਟਿੱਚਰ, ਟਾਂਚ ਜਾਂ ਫ਼ਜ਼ੂਲ ਕਿਸਮ ਦੀ ਬੇਹੂਦਾ ਹਰਕਤ ਕੀਤੀ ਤਾਂ ਮੈਂ ਆਪਣੇ ਸੀਨੀਅਰ ਨਾਲ ਆਪਣਾ ਮਾਮਲਾ ਤੇ ਮੁੱਦਾ ਸਾਂਝਾ ਕਰਾਂਗਾ।... ਤੇ ਜਦੋਂ ਮੈਂ ਬਹੁ-ਰੰਗੇ ਲੋਟਣ ਕਬੂਤਰ, ਮਿੱਟੀ ਰੰਗੇ ਪਰਿੰਦਿਆਂ ਤੇ ਲਾਲ ਪੇਟ ਵਾਲੇ ਪਿੱਦਿਆਂ ਨੂੰ ਚਾਹ-ਖੋਖੇ ਨੇੜਲੇ ਰੁੱਖਾਂ ਉੱਤੋਂ ਉਡ ਕੇ ਚੋਗੇ ਲਈ ਜ਼ਮੀਨ ਉੱਤੇ ਉਤਾਰੇ ਕਰਦੇ ਤੇ ਉਡਾਰੀਆਂ ਭਰਦੇ ਚੇਤਿਆਂ 'ਚ ਤੱਕਦਾ ਤਾਂ ਮਨ ਨੂੰ ਧਰਵਾਸ ਹੁੰਦਾ ਕਿ ਰੋਟੀ ਖਾਤਰ ਹੀਲਾ-ਵਸੀਲਾ ਕਰਨਾ ਪੈਂਦਾ ਹੈ ਤੇ ਬਹੁਤ ਕੁਝ ਜਰਨਾ ਪੈਂਦਾ ਹੈ। ਨਾਲੇ ਮੈਂ

ਕਿਹੜਾ ਕੋਈ ਪੰਛੀ ਜਾਂ ਦਰਵੇਸ਼ ਹਾਂ ਜਿਹੜੇ ਪੱਲੇ ਕੁਝ ਨਹੀ ਬੰਨ੍ਹਦੇ। ਮੈਂ ਆਪਣੀ ਖ਼ਾਨਦਾਨੀ ਗ਼ਰੀਬੀ ਦਾ ਸੋਚ ਕੇ ਬੇਚੈਨ ਹੋ ਗਿਆ।

ਬਾਬੇ ਤੇ ਭਾਪੇ ਦਾ ਇੱਥੇ ਨੂੰ ਆਉਣ ਵੇਲ਼ੇ ਆਖਿਆ ਚੇਤੇ ਆਇਆ ਜਦੋਂ ਮੈਂ ਗੱਡੀ ਫੜਨ ਲਈ ਤ੍ਰਕਾਲਾਂ ਨੂੰ ਘਰੋਂ ਤੁਰਨ ਲੱਗਾ ਸੀ, 'ਗੰਭੀਰ ਤੂੰ ਪਰਦੇਸ 'ਚ ਰਹਿਣਾ, ਦੱਸ ਦਿਆਂ ਕਿ ਅਸੀਂ ਜੁੱਤੀ-ਜੋੜੇ ਦੇ ਛੋਟੇ ਜਿਹੇ ਭਾਈਵਾਲੀ ਵਾਲੇ ਕਾਰੋਬਾਰੀ ਸਿਲਸਿਲੇ 'ਚ ਉੱਥੇ ਗੱਡੀ 'ਚ ਆਉਂਦੇ-ਜਾਂਦੇ ਰਹੇ ਆਂ, ਉੱਥੇ ਖਾਣ-ਪੀਣ 'ਚ ਓਪਰਾ ਜਿਹਾ ਲੱਗ ਸਕਦਾ, ਸ਼ਹਿਰ 'ਚ ਲੋਕ ਉਰਦੂ-ਹਿੰਦੀ 'ਚ ਗੱਲ ਸੁਣ-ਸਮਝ ਲੈਂਦੇ ਆ। ਜੇ ਕਦੇ ਉੱਚੀ-ਨੀਵੀਂ ਹੋ ਜਾਵੇ ਤਾਂ ਕਿਸੇ ਨਾਲ ਬੋਲ ਵਿਗਾੜ ਨਹੀਂ ਕਰਨਾ, ਨਾ ਹੀ ਕਿਸੇ ਨਾਲ ਬਾਹਬਰ ਕੇ ਬੋਲਣਾ ਤੇ ਨਾ ਹੀ ਕੋਈ ਗੱਲ ਮਨ 'ਤੇ ਲਾਉਣੀ ਆ। ਦਿਨਾਂ 'ਚ ਨਵੇਂ ਦੋਸਤ-ਮਿੱਤਰ ਬਣ ਜਾਣੇ ਤੇਰੇ। ਸਾਡੇ ਵੱਲੋਂ ਨਫਿਕਰਾ ਹੋ ਕੇ ਰਹੀਂ। ਅਸੀਂ ਜਿੱਦਾਂ-ਕਿੱਦਾਂ ਗੁਜ਼ਾਰਾ ਕਰ ਲਵਾਂਗੇ।'

ਦਰਅਸਲ, ਆਪਣੀ ਟਰੇਨਿੰਗ ਮਗਰੋਂ, ਸਾਢੇ ਕੁ ਚਾਰ ਮਹੀਨੇ ਪਹਿਲਾਂ ਮੈਂ ਹੈਦਰਾਬਾਦ ਵਿਚ ਇਕ ਵੱਡੀ ਕੰਪਨੀ ਜੁਆਇਨ ਕੀਤੀ ਹੈ। ਤੇ ਇੱਥੇ ਆਪਣੇ ਪਹਿਲੇ ਦਿਨਾਂ 'ਚ ਹੀ ਮੈਂ ਚਾਰਮੀਨਾਰ, ਗੋਲਕੁੰਡਾ ਕਿਲਾ, ਉੱਚੀਆਂ ਨੀਵੀਆਂ ਪਹਾੜੀਆਂ, ਹੁਸੈਨ ਸਾਗਰ, ਓਸਮਾਨ ਸਾਗਰ ਤੇ ਬਾਜ਼ਾਰ ਬਗ਼ੈਰਾ ਗਾਹ ਮਾਰੇ ਸਨ। ਲੋਕਾਂ ਦੀ ਰਹਿਣੀ-ਬਹਿਣੀ ਤੇ ਉਨ੍ਹਾਂ ਦੇ ਸੁਭਾਅ ਨੂੰ ਮੈਂ ਅਜੇ ਚੰਗੀ ਤਰ੍ਹਾਂ ਸਮਝ ਨਹੀਂ ਸੀ ਸਕਿਆ।... ਤੇ ਚਾਰਮੀਨਾਰ ਬਾਜ਼ਾਰ ਵਿਚ ਹੋਈ ਤੂੰ-ਤੂੰ, ਮੈਂ-ਮੈਂ ਵਾਲੀ ਘਟਨਾ ਮੇਰੇ ਮਨ ਦੇ ਸਕਰੀਨ ਉੱਤੇ ਮੁੜ ਉੱਭਰੀ। ਦੋ-ਤਿੰਨ ਬਜ਼ੁਰਗ ਦੋਹਾਂ ਧਿਰਾਂ ਦੇ ਮੁੰਡਿਆਂ ਨੂੰ ਸਮਝਾ ਰਹੇ ਸਨ, 'ਚਲੋ ਹਉ ਪਰੇ ਕਰੋ ਕਾਕਾ, ਜਿਸ ਕੰਮ ਆਏ ਹੋ, ਕਰੋ ਤੇ ਜਾਓ।'

ਇਸ ਨਾਲਾਇਕ ਨੇ ਮੈਨੂੰ ਗਾਲ੍ਹ ਕਿਉਂ ਕੱਢੀ?' ਉਹ ਨੌਜਵਾਨ ਬੋਲੀ ਗਿਆ। ਉਹਦੇ ਬੋਲਾਂ ਵਿਚਲੀ ਤਲਖ਼ੀ ਉਹਦੇ ਮੂੰਹ ਤੋਂ ਸਾਫ਼ ਦਿਸ ਰਹੀ ਸੀ।

'ਗਰਮ ਖ਼ੂਨ ਏ ਪੁੱਤਰ, ਜਾਓ, ਵਗ ਜਾਓ ਹੁਣ!' ਦੂਜੇ ਬਜ਼ੁਰਗ ਨੇ ਸਲਾਹ ਦਿਤੀ।

'ਜੇ ਭੀੜ 'ਚ ਤੁਰੇ ਜਾਂਦਿਆਂ ਮੇਰਾ ਹੱਥ ਇਹਦੇ ਹੱਥ ਨਾਲ ਖਹਿ ਗਿਆ ਤਾਂ ਕੀ ਕਹਿਰ ਹੋ ਗਿਆ! ਇਸ ਨੇ ਇਉਂ ਆਖਿਆ ਤਾਂ ਕਿਉਂ ਆਖਿਆ!'

'ਐਸਾ ਤੈਨੂੰ ਕੀ ਕਹਿ 'ਤਾ ਜੋ ਚੁੱਪ ਕਰਾਉਣ 'ਤੇ ਵੀ ਬੋਲੀ ਜਾ ਰਿਹਾਂ?' ਪਹਿਲੇ ਬਜ਼ੁਰਗ ਨੇ ਫਿਰ ਕਿਹਾ।

ਕਹਿੰਦਾ,'ਕਿੱਦਾਂ ਚੌੜਾ ਹੋ ਕੇ ਤੁਰਿਆ ਹੋਇਆ, ਆ ਗਿਆ ਬੜੇ ਨਵਾਬ ਦੀ ਔਲਾਦ!'

'ਚਲ ਛੱਡ ਪੁੱਤਰ, ਇਹ ਹੈ ਈ ਨਵਾਬਾਂ ਦਾ ਸ਼ਹਿਰ! ਹਰ ਕੋਈ ਨਵਾਬ ਬਣਿਆ ਫਿਰਦਾ ਏਥੇ!' ਦੂਜੇ ਬਜ਼ੁਰਗ ਨੇ ਦੱਸਿਆ।

ਸਾਡੇ ਦੇਖਦਿਆਂ-ਦੇਖਦਿਆਂ ਤੈਸ਼ 'ਚ ਆਇਆ ਨੌਜਵਾਨ ਚਾਰਮੀਨਾਰ ਵੱਲ ਨੂੰ ਛੋਹਲ਼ੇ ਪੈਰੀਂ ਤੁਰ ਪਿਆ, ਨਾਲੇ ਬੋਲੀ ਗਿਆ, 'ਸਾਲ਼ਾ ਬੇਗਾਰੀ ਦੀ ਔਲਾਦ!'

'ਬੇਗਾਰੀ' ਲਫ਼ਜ਼ ਸੁਣਦਿਆਂ ਮੈਂ ਧੁਰ ਅੰਦਰ ਤਕ ਝੁਣਝਣੀ ਖਾ ਗਿਆ। ਮੇਰਾ ਕੁਲੀਗ ਬਾਲ ਕ੍ਰਿਸ਼ਨਾ ਵੀ ਹੱਕਾ-ਬੱਕਾ ਹੋਇਆ ਮੇਰੇ ਵੱਲ ਦੇਖਣ ਲੱਗਾ ਜਿਵੇਂ ਮੇਰੇ ਜਵਾਬੀ ਬੋਲਾਂ ਨੂੰ ਤਾਂਘਦਾ ਹੋਵੇ। ਖ਼ੈਰ, ਬਿਨਾਂ ਵਕਤ ਗੁਆਇਆਂ ਮੇਰੇ ਮਨ ਵਿਚ ਬੱਦਲਾਂ ਵਿਚੋਂ ਲਿਸ਼ਕੋਰਾਂ ਮਾਰਦੀ ਬਿਜਲੀ ਵਾਂਗ ਮੈਨੂੰ ਚਾਣਚੱਕ ਆਪਣਾ ਪਿੰਡ ਦਿਸਿਆ; ਭੀਮਾ, ਖ਼ੁਸ਼ੀਆ ਤੇ ਵਿਹੜੇ ਦੇ ਹੋਰ ਬੇਗਾਰੀ, ਢੋਰ ਢੋਂਦੇ, ਹੱਡਾ-ਰੋੜੀ 'ਚ ਉਨ੍ਹਾਂ ਦਾ ਚੰਮ ਲਾਹੁੰਦੇ, ਖੱਲਾਂ ਦੀਆਂ ਤੈਹਾਂ ਲਾਉਂਦੇ, ਰੱਸੀਆਂ ਨਾਲ ਉਨ੍ਹਾਂ ਦੀਆਂ ਗਠੜੀਆਂ ਬੰਨ੍ਹਦੇ ਹੋਏ। ਮੈਂ ਕੋਲ-ਕੋਲ ਘੁੰਮਦੀਆਂ, ਛੜੱਪੇ ਮਾਰ-ਮਾਰ ਅੱਗੇ ਵਧਦੀਆਂ ਇੱਲਾਂ ਤੇ ਕੁੱਤਿਆਂ ਨੂੰ ਦੂਰ ਭਜਾਉਂਦਾ ਦਿਸਿਆ। ਥੋੜ੍ਹੇ ਕੁ ਚਿਰ ਮਗਰੋਂ ਉਹ ਅਸਮਾਨ 'ਚ ਬਿਨਾਂ ਪਰ ਹਿਲਾਇਆਂ ਮਸਤੀ 'ਚ ਘੁਮੇਰੇ ਕੱਢਦੀਆਂ ਦਿਸੀਆਂ।

ਮੈਨੂੰ ਕਿੰਨਾ ਚਿੱਕਰ ਅਹਿਸਾਸ ਹੀ ਨਾ ਹੋਇਆ ਕਿ ਮੇਰਾ ਕੁਲੀਗ ਬਾਲ ਕ੍ਰਿਸ਼ਨਾ ਮੇਰੇ ਸੱਜੇ

ਪਾਸੇ ਨਾਲ-ਨਾਲ ਤੁਰਿਆ ਹੋਇਆ ਹੈ। ਉਹ ਤੇ ਮੈਂ ਕਿਸੇ-ਕਿਸੇ ਐਤਵਾਰ ਬਾਜ਼ਾਰ 'ਚੋਂ ਘਰ ਦਾ ਸਾਮਾਨ ਖਰੀਦਣ ਲਈ ਜਾਂਦੇ ਰਹਿੰਦੇ ਹਾਂ। ਇਸ ਬਹਾਨੇ ਜਿੱਥੇ ਮੈਨੂੰ ਨਵੀਂ ਜਾਣਕਾਰੀ ਮਿਲਦੀ ਹੈ ਉੱਥੇ ਤਨ-ਮਨ ਵਿਚ ਤਾਜ਼ਗੀ ਭਰ ਜਾਂਦੀ ਹੈ।

...ਅਸੀਂ ਪਹਿਲਾਂ ਵਾਂਗ ਚੁੱਪਚਾਪ ਤੁਰੇ ਗਏ ਜਿਵੇਂ ਸੱਚਮੁੱਚ ਖ਼ਾਮੋਸ਼ੀ ਦਾ ਦਰਿਆ ਲੰਘ ਰਹੇ ਹੋਈਏ।... ਤੇ ਫਿਰ ਬਾਲ ਕ੍ਰਿਸ਼ਨਾ 'ਚਾਰਮੀਨਾਰ ਸਾਈਕਲ ਸਟੈਂਡ' ਵਿਚੋਂ ਸਾਈਕਲ ਕੱਢ ਲਿਆਇਆ। ਉਹਦੇ ਵਾਰ-ਵਾਰ ਕਹਿਣ ਦੇ ਬਾਵਜੂਦ, ਮੈਂ ਫਿਰ ਕਦੇ ਉਹਦੇ ਪਿੰਡ ਜਾਣ ਦਾ ਇਕਰਾਰ ਕੀਤਾ। ਕ੍ਰਿਸ਼ਨਾ ਦਾ ਪਿੰਡ ਸ਼ਹਿਰ ਤੋਂ ਦਸ-ਬਾਰਾਂ ਕਿਲੋਮੀਟਰ ਦੇ ਫ਼ਾਸਲੇ 'ਤੇ ਹੈ। ਉਹ ਰੋਜ਼ਾਨਾ ਸਾਈਕਲ ਉੱਤੇ ਦਫ਼ਤਰ ਨੂੰ ਆਉਂਦਾ ਹੈ, ਪਸੀਨੇ ਨਾਲ ਭਿੱਜਿਆ ਹੋਇਆ। ਇਹ ਦੇਖਦਿਆਂ-ਸੋਚਦਿਆਂ ਮੈਨੂੰ ਆਪਣਾ ਭਾਪਾ ਤੇ ਭਰਾ ਮੱਲੋਜ਼ੋਰੀ ਚੇਤੇ ਆ ਗਏ ਜਿਹੜੇ ਚੰਮ ਲੂੰਹਦੀਆਂ ਧੁੱਪਾਂ ਵਿਚ ਮਿੱਟੀ ਨਾਲ ਮਿੱਟੀ ਹੋ ਕੇ ਤੇ ਪਸ਼ੂਆਂ ਵਾਂਗ ਵਕਤ ਦਾ ਸ਼ੈਂਟਾ-ਫੈਂਟਾ ਖਾ ਕੇ ਲਗਾਤਾਰ ਕੰਮ ਕਰਨ ਲਈ ਮਜਬੂਰ ਹਨ।

ਇਕ ਦਿਨ ਸ਼ਾਮ ਨੂੰ ਛੁੱਟੀ ਮਗਰੋਂ ਅਸੀਂ ਚਾਹ ਪੀਣ ਲਈ ਨਵੇਂ-ਨਵੇਂ ਖੋਜੇ ਖੁੱਲ੍ਹੇ-ਡੁੱਲ੍ਹੇ ਰੈਸਤੋਰਾਂ ਵਿਚ ਇਰਾਨੀ ਚਾਹ ਤੇ ਮੱਖਣ ਵਾਲਾ ਨਰਮ-ਨਰਮ ਓਸਮਾਨੀਆ ਖਾਣ ਦਾ ਮਜ਼ਾ ਲੈਣ ਜਾ ਬੈਠੇ ਤੇ ਉਸ ਦਿਨ ਬਹੁਤਾ ਗਾੜ੍ਹ ਵੀ ਨਹੀਂ ਸੀ ਉੱਥੇ ਜਿਵੇਂ ਕਿ ਅਕਸਰ ਹੁੰਦਾ ਹੈ।

ਕ੍ਰਿਸ਼ਨਾ ਨੇ ਅਚਾਨਕ ਆਪਣੇ ਬਾਰੇ ਗੱਲ ਤੋਰੀ, 'ਕਈ ਦਿਨਾਂ ਦਾ ਸ਼ਸ਼ੋਪੰਜ ਵਿਚ ਸੀ ਕਿ ਗੱਲ ਕਰਾਂ ਕਿ ਨਾ! ਗੱਲ ਵੀ ਇਕ ਨਹੀਂ, ਬੇਸ਼ੁਮਾਰ ਨੇ।... ਕ੍ਰਾਂਤੀਕਾਰੀਆਂ ਦੀ ਧਰਤੀ ਵਜੋਂ ਜਾਣੇ ਜਾਂਦੇ ਤੇਲੰਗਾਨਾ ਵਿਚ ਸਾਡਾ ਹੋਲਿਯਾ ਭਾਈਚਾਰਾ ਬ੍ਰਾਹਮਣਾਂ ਦੇ ਸਿਰਜੇ ਨਰਕ ਨਾਲੋਂ ਵੀ ਬਦਤਰ ਜ਼ਿੰਦਗੀ ਜੀਣ ਲਈ ਮਜਬੂਰ ਆ। ਅਸੀਂ ਪਿੰਡਾਂ ਦੀਆਂ ਗਲੀਆਂ-ਨਾਲੀਆਂ ਤੇ ਪਖ਼ਾਨੇ ਸਾਫ਼ ਕਰਦੇ ਆਂ। ਮਰਿਆਂ ਦੀ ਸੁਨਾਉਣੀ ਅਸੀਂ ਦੇਣ ਜਾਂਦੇ ਆਂ, ਤੇ ਫਿਰ ਲਾਸ਼ ਜਦ ਤਕ ਜਲ਼ ਕੇ ਰਾਖ ਨਹੀਂ ਹੋ ਜਾਂਦੀ ਓਨਾ ਚਿਰ ਉਥੇ ਪਹਿਰਾ ਦਿੰਦੇ ਆਂ ਜਿੱਦਾਂ ਰਾਤ ਨੂੰ ਪਿੰਡ ਦੀ ਫਿਰਨੀ 'ਤੇ।... ਮਰੇ ਪਸ਼ੂ ਅਸੀਂ ਪਿੰਡ ਤੋਂ ਬਾਹਰ ਢੋਂਦੇ ਆਂ, ਤੇ ਮੁਰਦਾ ਕੁੱਤੇ-ਬਿੱਲੇ ਦਫਨਾਉਂਦੇ ਆਂ।'

ਮੈਂ ਬੈਠਾ-ਬੈਠਾ ਸਿੱਧਾ ਤਣ ਕੇ ਚੌਕੰਨਾ ਹੋਇਆ ਉਸ ਵੱਲ ਸਵਾਲੀਆ ਨਜ਼ਰਾਂ ਨਾਲ ਦੇਖਣ ਲੱਗਾ।

'...ਤੇ ਇਨ੍ਹਾਂ ਬੇਰਹਿਮ-ਜ਼ਮੀਂਦਾਰਾਂ ਤੇ ਉੱਚ-ਜਾਤ ਕਹਾਉਣ ਵਾਲਿਆਂ ਦੀਆਂ ਕਬਰਾਂ ਪੁੱਟਣੀਆਂ ਸਾਡੀ ਜੁੰਮੇਵਾਰੀ ਆ। ਏਸੇ ਲਈ ਇਹ ਸਾਨੂੰ 'ਬੇਗਾਰੀ' ਸੱਦਦੇ ਆ।'

ਏਨੇ ਨੂੰ ਵੇਟਰ ਚਾਹ ਲੈ ਆਇਆ। ਉਹਨੇ ਸਹਿਜ ਹੀ ਆਖਿਆ, 'ਸਰ ਤੁਸੀਂ ਅੰਦਰ ਬੈਠ ਜਾਂਦੇ। ਕਈ ਟੇਬਲ ਖਾਲੀ ਪਏ ਨੇ।'

'ਥੈਂਕ ਯੂ ਡੀਅਰ...।' ਫਿਰ ਕ੍ਰਿਸ਼ਨਾ ਨੇ ਮੂੰਹ ਘੁਮਾ ਕੇ ਮੇਰੇ ਵੱਲ ਦੇਖ ਹੱਸਦਿਆਂ ਆਖਿਆ, 'ਸ਼ਿਵ ਦਾ ਸਥਾਨ ਮੰਦਰ ਦੇ ਬਾਹਰ ਈ ਹੁੰਦਾ ਮੇਰੇ ਭਾਈ!'

'... ਤੇ ਪਾਰਵਤੀ?' ਜਵਾਬ ਦੇਣ ਦੀ ਬਜਾਇ ਉਹ ਇਧਰ-ਉਧਰ ਦੇਖਣ ਲੱਗ ਪਿਆ।... ਤੇ ਮੈਂ ਇਹ ਦੱਸਣ ਦੀ ਇਕ ਤਰੀਕੇ ਕੋਸ਼ਿਸ਼ ਕੀਤੀ ਕਿ ਸਾਡੇ ਪੰਜਾਬ ਦੇ ਪਿੰਡਾਂ ਵਿਚ ਮੰਦਰ ਨਹੀਂ ਸਿਰਫ ਗੁਰਦੁਆਰੇ ਹਨ। ਮੈਂ ਚਾਹ ਦਾ ਕੁੱਲੜ ਆਪਣੇ ਵੱਲ ਖਿੱਚਦਿਆਂ ਭਾਪੇ ਦੇ ਬੋਲ ਜਿਵੇਂ ਆਪਣੇ ਕੰਨਾਂ ਵਿਚ ਸੁਣਨ ਲੱਗਾ, 'ਜਦੋਂ ਪਲੇਗ ਪਈ-ਮੇਰੇ ਬਾਪੂ ਤੇ ਵਿਹੜੇ ਦੇ ਬੰਦਿਆਂ ਨੇ ਪਿੰਡ ਦੇ ਜ਼ਮੀਂਦਾਰਾਂ ਦੀਆਂ ਬੇਸ਼ੁਮਾਰ ਕਬਰਾਂ ਪੁੱਟੀਆਂ। ਉਨ੍ਹਾਂ ਦਿਨਾਂ 'ਚ ਕੰਮ-ਧੰਦਾ ਠੱਪ ਤੇ ਰੋਟੀ ਦੇ ਲੱਲੇ ਪਏ ਹੋਏ ਸਨ।... ਤੇ ਸਾਡੇ ਬਜ਼ੁਰਗ, ਸਖ਼ਤ ਜ਼ਮੀਨਾਂ ਹੋਣ ਕਰਕੇ ਨਵੇਂ ਮੁਰਦੇ ਪੁਰਾਣੀਆਂ ਕਬਰਾਂ 'ਚ ਦਫ਼ਨਾਉਂਦੇ ਰਹੇ। ਨਾਲੇ ਹੱਸ-ਹੱਸ ਕਹਿੰਦੇ- ਚਲ ਬਈ ਪੁੱਤਰਾ ਪੈ ਜਾ ਆਪਣੇ ਚਾਚੇ ਨਾਲ ਜੱਫੀ ਪਾ ਕੇ।... ਪਰ ਹੁਣ ਉਹ ਮੌਕਾ ਕਿੱਥੇ ਮਿਲਦਾ?... ਸਾਡੇ ਪਿੰਡਾਂ 'ਚ ਹੁਣ ਬੁੱਤੀਆਂ-ਬੇਗਾਰਾਂ ਦਾ ਭੋਗ ਪੈ ਚੁੱਕਾ! ਹੁਣ ਤਾਂ ਜ਼ਮੀਂਦਾਰ ਤੇ ਉਨ੍ਹਾਂ ਦੇ ਲਾਡਲੇ ਸ਼ਰਾਬਾਂ-ਕਬਾਬਾਂ, ਟੀਕਿਆਂ,

ਭੁੱਕੀ, ਚਰਸ ਤੇ ਚਿੱਟਾ ਚੱਟਮ ਕਰ ਕੇ ਮੌਤ ਨੂੰ ਖੁਦ ਵਾਜਾਂ ਮਾਰ ਰਹੇ ਆ। ਤਮਾਖੂ ਪੀਂਦੇ ਨਹੀਂ ਜ਼ਰਦੇ ਵਾਂਗ ਖਾਂਦੇ ਆ।'

ਸ਼ਾਇਦ ਕ੍ਰਿਸ਼ਨਾ ਨੇ ਮੇਰੀ ਹੋਰ ਪਾਸੇ ਲੱਗੀ ਲਿਵ ਨੂੰ ਤਾੜ ਲਿਆ ਸੀ। ਮੈਂ ਆਪੇ 'ਚ ਪਰਤਿਆ ਤੇ ਉਹ ਦੱਸਣ ਲੱਗਾ, 'ਗੰਭੀਰ, ਮੈਂ ਪਹਿਲਾਂ ਦੱਸਿਆ ਸੀ ਪਈ ਇਹ ਸਾਨੂੰ ਬੇਗਾਰੀ ਕਹਿੰਦੇ ਆ ਤੇ ਤਸ਼ੱਦਦ ਵੀ ਢਾਹੁੰਦੇ ਆ।'

ਮੈਂ ਮਨ ਹੀ ਮਨ ਤੁਲਨਾ ਕਰਨ ਲੱਗਾ ਕਿ ਪੰਜਾਬ 'ਚ ਬੇਗਾਰ ਦਾ ਜ਼ਮਾਨਾ ਕਦੋਂ ਦਾ ਲੱਦ ਚੁੱਕਾ ਹੈ! ਅੱਧੀ ਰਾਤ ਨੂੰ ਦੇਸ਼-ਵੰਡ ਨਾਲ ਮਿਲੀ ਆਜ਼ਾਦੀ ਤੋਂ ਪਹਿਲਾਂ ਤੇ ਉਸ ਦੀ ਰਹਿੰਦ-ਖੂੰਹਦ ਮਗਰੋਂ ਮੁੱਕ ਗਈ ਸੀ। ਸਾਡੇ ਲੋਕਾਂ ਨੇ ਪੜ੍ਹਾਈ-ਲਿਖਾਈ ਵੱਲ ਮੁਹਾਰਾਂ ਮੋੜੀਆਂ ਹੋਈਆਂ।

'ਗੰਭੀਰ, ਜਿਹੜੇ ਸਦੀਆਂ ਤੋਂ ਸਾਨੂੰ ਨਫ਼ਰਤ ਦੇ ਕਾਰੋਬਾਰ ਨਾਲ ਗ਼ੁਲਾਮ ਬਣਾਉਂਦੇ ਆ ਰਹੇ ਆ, ਪਿਆਰ ਨਾਲ ਉਨ੍ਹਾਂ ਦਾ ਦਿਲ ਕਿੱਦਾਂ ਜਿੱਤੀਏ! ਇਹ ਵੀ ਸਾਡੀ ਜ਼ੁੰਮੇਵਾਰੀ? ਅਸੀਂ ਬੇਗਾਰੀ ਨਿੱਤ ਕਰੀਏ ਗ਼ੁਲਾਮਗਿਰੀ।'

ਇਧਰ-ਉਧਰ ਦੇਖਣ ਮਗਰੋਂ ਉਹ ਆਖਣ ਲੱਗਾ, 'ਕਈ ਵਾਰ ਲੱਗਦਾ ਕਿ ਰਵਾਇਤੀ ਖੱਬੇ-ਪੱਖੀਆਂ ਤੇ ਸਰਮਾਏਦਾਰਾਂ ਕੋਲ ਵੀ ਸ਼ਾਇਦ ਸਾਡੀ ਗ਼ੁਲਾਮਗਿਰੀ ਦਾ ਹੱਲ ਨਹੀਂ। ਉਹ ਆਰਥਿਕ ਬਰਾਬਰੀ ਦੀ ਡੌਂਡੀ ਪਿੱਟ ਕੇ ਸਾਨੂੰ ਆਪਣੇ ਮੁਫਾਦਾਂ ਲਈ ਵਰਤ ਰਹੇ ਆ। ਗਾਂਧੀਗਿਰੀ ਸਾਡੀ ਸਮਾਜਕ ਗ਼ੁਲਾਮੀ ਨੂੰ ਬਰਕਰਾਰ ਰੱਖਣ ਦਾ ਢਕੌਂਸਲਾ ਨਹੀਂ ਤਾਂ ਹੋਰ ਕੀ ਆ?'

ਤਕਰੀਰ-ਨੁਮਾ ਖ਼ਿਆਲ ਸੁਣਦਿਆਂ ਮੈਨੂੰ ਮਹਿਸੂਸ ਹੋਇਆ ਜਿਵੇਂ ਕ੍ਰਿਸ਼ਨਾ ਨਵੀਂ ਮਹਾਂਭਾਰਤ ਆਪੇ ਲਿਖਣ ਤੇ ਲੜਨ ਲਈ ਪ੍ਰੇਰ ਰਿਹਾ ਹੈ। ਉਹ ਰੁਕ-ਰੁਕ ਚਾਹ ਦੇ ਘੁੱਟ ਅੰਦਰ ਲੰਘਾਉਂਦਾ ਤੇ ਭਵਿੱਖ ਦੀ ਗੁਲਜ਼ਾਰ ਲਈ ਖ਼ੂਬਸੂਰਤ ਵਿਚਾਰ-ਸ਼ਗੂਫੇ ਛੱਡਦਾ।

ਜ਼ਰਾ ਕੁ ਮਗਰੋਂ ਆਖਣ ਲੱਗਾ, 'ਆਦੀ ਆਂਧਰਾ ਲਹਿਰ ਨੇ ਨੱਬੇ ਕੁ ਸਾਲ ਪਹਿਲਾਂ ਅਛੂਤਾਂ ਨੂੰ ਕੁਦਰਤੀ ਹੱਕ ਹਾਸਲ ਕਰਾਉਣ ਲਈ ਬੇਸ਼ੁਮਾਰ ਅੰਦੋਲਨ ਵਿੱਢੇ। ਗੰਭੀਰ, ਮੈਨੂੰ ਲੱਗਦਾ ਕਿ ਮੈਂ ਤੈਨੂੰ ਬੋਲਣ ਦਾ ਮੌਕਾ ਨਹੀਂ ਦਿੱਤਾ। ਉਮਰੋਂ ਛੋਟੇ ਮੇਰੇ ਦੂਰ ਦੇ ਮਿੱਤਰਾ, ਫ਼ਿਕਰ ਨਾ ਕਰ, ਅਗਲੀ ਪਾਰੀ ਤੇਰੀ!'

ਮੈਂ ਉਹਦੇ ਵੱਲ ਦੇਖ ਮੁਸਕਰਾਇਆ। ਉਸ ਨੇ ਆਪਣੇ ਐੱਲ ਪੀ ਤਵੇ 'ਤੇ ਫਿਰ ਸੂਈ ਰੱਖੀ, 'ਆਦੀ ਆਂਧਰਾ ਲਹਿਰ ਵਾਂਗ ਮੈਨੂੰ ਗ੍ਰੇਟਰ ਪੰਜਾਬ ਦੀ ਆਦਿ ਧਰਮੀ ਲਹਿਰ ਦਾ ਵੀ ਪਤਾ, ਗੰਭੀਰ!'

ਮੈਨੂੰ ਲੱਗਿਆ ਕ੍ਰਿਸ਼ਨਾ ਨੇ ਹੈਦਰਾਬਾਦੀ ਪੁਰਾਣੇ ਕ੍ਰਿਕਟ ਖਿਡਾਰੀਆਂ ਦੇ ਮਾਣਮੱਤੇ ਇਤਿਹਾਸ ਵਰਗਾ ਛੱਕਾ ਮਾਰਿਆ। ਕੁੱਲੜ ਮੇਜ਼ ਉੱਤੇ ਰੱਖਦਿਆਂ ਉਹਨੇ ਮੈਨੂੰ ਉੱਠਣ ਦਾ ਅੱਖ ਤੇ ਹੱਥ ਦਾ ਇਸ਼ਾਰਾ ਕੀਤਾ।

ਅਸੀਂ ਅਗਲੇ ਦਿਨ ਮਿਲਣ ਦਾ ਵਾਅਦਾ ਕਰ ਕੇ ਵਿੱਛੜ ਗਏ।

ਕਈ ਦਿਨ ਬੀਤ ਗਏ। ਕ੍ਰਿਸ਼ਨਾ ਦਫ਼ਤਰ ਨਾ ਆਇਆ। ਮੈਂ ਫ਼ਿਕਰ ਕਰਨ ਲੱਗਾ ਕਿ ਸ਼ਹਿਰ ਦੀਆਂ ਸੜਕਾਂ, ਕੋਈ ਹਾਦਸਾ... ਉਹਦਾ ਬਜ਼ੁਰਗ ਬੀਮਾਰ ਸੀ ਤੇ ਕੀ ਪਤਾ ਇਸ ਉਮਰ 'ਚ...। ਇਹੋ ਜੇਹੇ ਕਈ ਉਲਟੇ-ਪੁਲਟੇ ਖ਼ਿਆਲ ਮੇਰੇ ਮਨ ਵਿਚ ਆਉਂਦੇ।... ਹਫ਼ਤਾ ਹੋਰ ਲੰਘ ਗਿਆ। ਸੋਚਾਂ ਦੇ ਅਮੁੱਕ ਕਾਫ਼ਲੇ ਅਸਮਾਨ 'ਚ ਬੱਦਲਾਂ ਵਾਂਗ ਮੁੜ-ਮੁੜ ਜੁੜਦੇ ਜਾ ਰਹੇ ਸਨ।... ਜੇ ਮੈਂ ਕ੍ਰਿਸਨਾ ਦੇ ਪਿੰਡ ਜਾਣਾ ਹੋਵੇ ਉੱਥੇ ਜਾਣ ਲਈ ਬੱਸ ਦਾ ਬੰਦੋਬਸਤ ਨਹੀਂ ਤੇ ਪੈਦਲ ਜਾਣਾ ਮੇਰੇ ਬਸ ਦਾ ਨਹੀਂ। ਕ੍ਰਿਸ਼ਨਾ ਦਾ ਦੱਸਿਆ ਰਸਤਾ ਯਾਦ ਹੈ, ਲੋੜ ਪੈਣ 'ਤੇ ਕਿਸੇ ਤੋਂ ਪੁੱਛ ਵੀ ਸਕਦਾਂ। ਬਥੇਰੇ ਹਿੰਦੀ-ਉਰਦੂ ਸਮਝਣ ਵਾਲੇ ਮਿਲ ਜਾਂਦੇ ਹਨ। ਤੇ ਮੈਨੂੰ ਹਮੇਸ਼ਾ ਚੜ੍ਹਦੀ ਕਲਾ 'ਚ ਰੱਖਣ ਵਾਲੀ ਗੀਤਾ ਰੈਡੀ ਤੋਂ ਇਕ-ਦੋ ਦਿਨ ਲਈ ਸਾਈਕਲ ਮੰਗ ਸਕਦਾਂ, ਉਹ ਤਾਂ ਸ਼ੌਕੀਆ ਚਲਾਉਂਦੀ ਹੈ। ਮੈਂ ਕਈ ਵਾਰ ਹੈਰਾਨ ਹੁੰਦਾ ਹਾਂ ਕਿ ਉਹਦੇ 'ਚ ਏਨਾ ਬੁਲੰਦ ਹੌਸਲਾ, ਨਿਡਰਤਾ,

ਦਲੇਰੀ ਤੇ ਦਲੀਲਬਾਜ਼ੀ ਕਿੱਥੋਂ ਆਈ ਹੈ! ਕੋਈ ਦੱਸਦਾ ਉਹ ਐੱਮ ਐੱਸ ਸੀ ਤੇ ਐਮ ਟੈੱਕ ਹੈ। ਉਹ ਅਕਸਰ ਚਿੱਟੀ ਪੈਂਟ ਉੱਤੇ ਕਾਲੀ ਸਵੈੱਟ-ਸ਼ਰਟ ਪਹਿਨਦੀ ਹੈ ਤੇ ਬਾਹਾਂ ਉਪਰ ਨੂੰ ਚੜ੍ਹਾਉਂਦੀ ਰਹਿੰਦੀ ਹੈ ਜਿਸ ਸਦਕਾ ਉਹਦਾ ਸਵੈ-ਭਰੋਸਾ ਉਹਦੇ ਮੂੰਹ ’ਤੇ ਝਲਕਾਰੇ ਮਾਰਦਾ ਦਿਸਦਾ ਹੈ। ਇਸ ਸਭ ਕਾਸੇ ਕਰਕੇ ਮੇਰੇ ਅੰਦਰ ਨਵੀਂ ਊਰਜਾ ਆਪਣੇ-ਆਪ ਭਰ ਜਾਂਦੀ ਹੈ।

...ਤੇ ਮੈਂ ਕ੍ਰਿਸ਼ਨਾ ਦੇ ਪਿੰਡ ਭੁਵਨਗਿਰੀ ਪਹੁੰਚ ਗਿਆ। ਫਿਰਨੀ ਉੱਤੇ ਖੜ੍ਹੇ ਮੁੰਡਿਆਂ ਨੂੰ ਮੈਂ ਕ੍ਰਿਸ਼ਨਾ ਦਾ ਘਰ ਪੁੱਛਿਆ।

‘ਕਿਹੜੀ ਬਸਤੀ ਦਾ ਉਹ? ਮਾਲਾ? ਮਾਦਿਗਾ? ਜਾਂ ਫਿਰ...?’ ਉਹ ਆਪਣੀ ਜ਼ੁਬਾਨ ’ਚ ਬੋਲ ਕੇ ਤਾੜੀ ਮਾਰ ਕੇ ਹੱਸੇ। ਇਸ ਦੌਰਾਨ ਦੂਹੋਦੂਹ ਤਿੰਨ-ਚਾਰ ਸਾਈਕਲ ਸਵਾਰ ਆਉਂਦੇ ਦਿਸੇ। ਉਨ੍ਹਾਂ ਫੁਰਤੀ ਨਾਲ ਸਾਇਕਲਾਂ ਤੋਂ ਉਤਰ ਕੇ ਧੋਤੀਆਂ ਨੇਫਿਆਂ ’ਚ ਟੰਗੀਆਂ ਤੇ ਚੱਪਲਾਂ ਪੈਰਾਂ ’ਚੋਂ ਲਾਹ ਕੇ ਹੱਥਾਂ ਵਿਚ ਫੜ ਲਈਆਂ। ਉਹ ਨੀਵੀਂ ਪਾਈ ਨੱਕ ਦੀ ਸੇਧੇ ਸਾਈਕਲ ਰੇੜ੍ਹ ਕੇ ਲਿਜਾਂਦੇ ਗਏ। ਹੁਣ ਮੈਨੂੰ ਸਮਝ ਪਈ ਕਿ ਰਸਤੇ ’ਚ ਦੋ-ਤਿੰਨ ਥਾਵਾਂ ਉੱਤੇ ਬੰਦੇ-ਬੁੜ੍ਹੀਆਂ ਕਿਸੇ ਹੋਰ ਦੇ ਉੱਥੋਂ ਲੰਘਣ ਵਕਤ ਰਾਹ ਤੋਂ ਲਾਂਭੇ ਹੋ ਕੇ ਕਿਉਂ ਰੁਕੇ ਤੇ ਮੂੰਹ ਦੂਜੇ ਪਾਸੇ ਕਰ ਕੇ ਖੜ੍ਹੇ ਕਿਉਂ ਹੋਏ ਸਨ!

ਆਪਣੇ ਹਾਣ ਦੇ ਉਨ੍ਹਾਂ ਨੌਜਵਾਨਾਂ ਨੂੰ ਮੈਂ ਦੱਸਿਆ, ‘ਕ੍ਰਿਸ਼ਨਾ ਦਾ ਵੱਡਾ ਭਰਾ ਕਾਲਿਜ ’ਚ ਪੜ੍ਹਾਉਂਦਾ ਤੇ ਬਾਪ ਬਿਮਾਰ ਰਹਿੰਦਾ...।’

‘ਅੱਛਾ ਅੱਛਾ! ਸਿੱਧਾ ਕਹਿ ਕ੍ਰਿਸ਼ਨਾ ਬੇਗਾਰੀ! ਵਲ਼ ਪਾ-ਪਾ ਕਿਉਂ ਦੱਸ ਰਿਹਾਂ! ਕੁਛ ਦਿਨ ਪਹਿਲਾਂ ਉਹਦੀਆਂ ਹੱਡੀਆਂ ਅਸੀਂ ਏਸੇ ਬੋਹੜ ਥੱਲੇ ਤੋੜੀਆਂ! ਬੜਾ ਪੜ੍ਹਿਆ-ਲਿਖਿਆ ਤੇ ਹੁਸ਼ਿਆਰ ਸਮਝਦਾ ਉਹ ਆਪਣੇ-ਆਪ ਨੂੰ, ਬਣਿਆ ਫਿਰਦਾ ਬੜਾ ਲੀਡਰ ਸਾਲਾ ਰਾਣੀ ਖਾਂ ਦਾ... ਬਾਹਲਾ ਮਿਲਣ ਨੂੰ ਚਿੱਤ ਕਰਦਾ ਤਾਂ ਤੈਨੂੰ ਵੀ ਉਹਦੇ ਕੋਲ ਹਸਪਤਾਲ ਪੁਚਾ ਦਿੰਦੇ ਆਂ।’

ਮੈਂ ਦਹਿਲ ਗਿਆ। ਹੋਰ ਕੁਝ ਦੱਸਣ-ਪੁੱਛਣ ਦੀ ਹਿੰਮਤ ਨਾ ਪਈ ਸਗੋਂ ਖ਼ਾਮੋਸ਼ ਖੜ੍ਹਾ ਰਿਹਾ। ਉਨ੍ਹਾਂ ਖਰੂਦੀ ਮੁੰਡਿਆਂ ਵਿਚੋਂ ਇਕ ਨੇ ਆਪਣੇ ਹੱਥ ’ਚ ਫੜਿਆ ਡੰਡਾ ਸਾਈਕਲ ਦੇ ਹੈਂਡਲ ਦੀ ਮੁੱਠ ਉੱਤੇ ਮਾਰਿਆ ਜਿਸ ਉੱਤੇ ਮੇਰਾ ਖੱਬਾ ਹੱਥ ਸੀ।

‘ਚੱਲ ਪਿਛਾਂਹ ਮੁੜ, ਸਾਲਾ ਤੇਲੰਗਾ ਜਿਹਾ ਨਾ ਹੋਵੇ ਤਾਂ!’

‘ਸੀ ਆਈ ਡੀ ਕਰਨ ਆਇਆਂ?’

‘ਚੱਲ ਵਗ ਏਥੋਂ ਮਾਂ ਦਿਆ ਖਸਮਾ...।’

‘ਅੱਕਾ ਬੋਕਾ ਆਈ ਓ ਨਾ ਸੁੱਲਾ, ਅੱਕਾ ਨੀ ਪੂਕੂ ਡੇਂਗੁਤਾ।’ (ਭੈਣ ਦੀਆਂ ਗੰਦੀਆਂ ਗਾਲ੍ਹੀਆਂ)।

‘ਕ੍ਰਿਸ਼ਨਾ ਦਾ ਵੱਡਾ ਭਰਾ ਤੇ ਭਤੀਜਾ ਬੜੇ ਬਣੇ ਫਿਰਦੇ ਆ ਪਤੰਗਬਾਜ਼, ਲੰਮੀਆਂ ਡੋਰਾਂ ਛੱਡਦੇ ਆ ਸਾਡੀਆਂ ਛੱਤਾਂ ਵੱਲ... ਪਤੰਗ ਜ਼ਮੀਨ ’ਤੇ ਲਿਆਉਣੇ ਆਉਂਦੇ ਆ ਸਾਨੂੰ, ਏਹੇ ਜੇਹੇ ਪਤੰਗਬਾਜ਼ ਜਿਹੜੇ ਕਹਿੰਦੇ ਨੇ ਇਕ ਵਾਰ ਪਤੰਗ ਵਾਂਗ ਉੱਡਣਾ ਚਾਹੀਦਾ ਜ਼ਿੰਦਗੀ ’ਚ। ਦੇਖ ਲਿਆ ਨਾ ਹਸ਼ਰ! ਹੁਣ ਪੱਟੀਆਂ-ਫੱਟੀਆਂ ਬਨ੍ਹਾਉਂਦਾ ਫਿਰਦਾ। ਜਾਤ ਦੀ ਕੋਹੜ ਕਿਰਲੀ ਤੇ ਸਤੀਰੀਆਂ ਨੂੰ ਜੱਫੇ।’

ਹੁਣ ਦੂਜੇ ਮੁੰਡੇ ਨੇ ਨਫ਼ਰਤੀ ਲਫ਼ਜ਼ ਗਲੱਛਦਿਆਂ ਆਖਿਆ, ‘ਸਦੀਆਂ ਤੋਂ ਚੱਲਦੀਆਂ ਰੀਤਾਂ ਦੇ ਵਿਰੁੱਧ ਚੱਲਣ ਵਾਲਿਆਂ ਦੇ ਏਦਾਂ ਈ ਦਰੁੱਬੜੀ ਚਾੜ੍ਹੀ ਜਾਵੇਗੀ।’

ਤੀਜੇ ਨੇ ਹੋਰ ਸਿਰੇ ਦੇ ਕੁਬੋਲ ਬੋਲੇ, ‘ਮੈਂ ਕਿਹਾ ਸੀ-ਅਤੁਲੂ ਪੀਕੁਤਾ (ਜਾ ਪੁੱਟ ਲਾ...)। ਜਦੋਂ ਮੈਂ ਉਹਦੀਆਂ ਵੱਖੀਆਂ ਭੰਨੀਆਂ ਸੀ।’

ਇਸ ਕੁੱਤੇ-ਖਾਣੀ ਤੇ ਗਾਲ੍ਹੀ-ਗਲੋਚ ਸੁਣਨ ਦੀ ਨਮੋਸ਼ੀ ਮਗਰੋਂ ਮੈਂ ਜਿੱਧਰੋਂ ਆਇਆ ਸੀ ਉਧਰ ਨੂੰ ਹੈਂਡਲ ਮੋੜ ਲਿਆ।

'ਜੇ ਪਿਛਾਂਹ ਮੁੜ ਕੇ ਦੇਖਿਆ ਤਾਂ ਹੱਡੀ ਪੱਸਲੀ ਇਕ ਕਰ ਦਿਆਂਗੇ, ਤੇਰੇ ਕ੍ਰਿਸ਼ਨਾ ਬੇਗਾਰੀ ਵਾਂਗ।'

'ਹੁਲੀਏ ਤੋਂ ਇਹ ਵੀ ਸਾਲ਼ਾ ਬੇਗਾਰੀ ਲਗਦਾ।' ਇਕ ਨੇ ਫਿਰ ਹੱਥ 'ਤੇ ਹੱਥ ਮਾਰ ਕੇ ਹੱਸਦਿਆਂ ਆਖਿਆ।

ਕੁਝ ਸ਼ਬਦ ਮੈਂ ਅਰਥਾਂ ਸਣੇ ਸਮਝ ਲਏ। ਕ੍ਰਿਸ਼ਨਾ, ਗੀਤਾ ਤੇ ਹੋਰਾਂ ਨੇ ਮੈਨੂੰ ਤੇਲਗੂ ਅੱਖਰ-ਗਿਆਨ ਦੇਣ ਵਿਚ ਮਦਦ ਕੀਤੀ ਹੋਈ ਹੈ। ਵਰਣਮਾਲਾ ਤੇ ਆਮ ਬੋਲਚਾਲ ਦੇ ਲਫ਼ਜ਼ ਸਿਖਾ ਦਿੱਤੇ ਹੋਏ ਹਨ। ਜਿਸ ਚਾਅ ਤੇ ਉਤਸ਼ਾਹ ਨਾਲ ਮੈਂ ਭੁਵਨਗਿਰੀ ਨੂੰ ਸਾਈਕਲ ਉੱਤੇ ਹਵਾ ਨਾਲ ਗੱਲਾਂ ਕਰਦਾ ਗਿਆ, ਭਾਵੇਂ ਕਿ ਹਵਾ ਦਾ ਰੁਖ਼ ਮੇਰੇ ਖ਼ਿਲਾਫ਼ ਸੀ-ਹੁਣ ਹਵਾ ਅਗਾਂਹ ਨੂੰ ਧੱਕੇ ਮਾਰ ਰਹੀ ਹੈ ਪਰ ਮੇਰੇ ਤੋਂ ਪੈਡਲ ਨਹੀਂ ਦਬਾਏ ਜਾ ਰਹੇ ਸੀ। ਲਗਦਾ ਜਿਵੇਂ ਟਾਇਰਾਂ-ਟਿਊਬਾਂ ਵਿਚੋਂ ਫੂਕ ਨਿਕਲ ਗਈ ਹੋਵੇ। ਮੇਰੇ ਤਨ-ਮਨ ਉੱਤੇ ਫਿਰ ਸਮਾਜਕ ਬੰਦਸ਼ਾਂ ਨੇ ਪਹਿਰਾ ਦੇਣਾ ਸ਼ੁਰੂ ਕੀਤਾ। ਮੈਂ ਆਪਣੇ ਪਿੰਡ ਦੀ ਜੂਹ 'ਚ ਪਹੁੰਚ ਗਿਆ। ਜ਼ਮੀਂਦਾਰਾਂ ਦੇ ਕਈ ਮੁੰਡੇ ਸਾਡੇ ਵਿਹੜੇ ਸ਼ਾਮ ਨੂੰ ਬੱਕਰੇ ਬੁਲਾਉਂਦੇ ਤੇ ਘਰਾਂ ਅੰਦਰ ਝਾਕਦੇ ਦਿਸੇ। ਕਈ ਤਲਖ਼-ਤਕਰਾਰ ਦੇ ਨਜ਼ਾਰੇ ਅੱਖਾਂ ਸਾਮ੍ਹਣੇ ਆਏ ਤੇ ਅਮੁੱਕ ਖ਼ਿਆਲ ਕਾਫ਼ਲਾ ਉਦੋਂ ਰੁਕਿਆ ਜਦੋਂ ਸਾਇਕਲ ਦੇ ਟਾਇਰ ਥੱਲੇ ਪੱਥਰ ਆਉਣ ਨਾਲ ਮੈਂ ਡਿਗਦਾ-ਡਿਗਦਾ ਬਚ ਗਿਆ।

ਵਾਪਸੀ ਵੇਲੇ ਸਾਈਕਲ ਗੀਤਾ ਦੇ ਹਵਾਲੇ ਕਰਨ ਦੀ ਬਜਾਇ ਮੈਂ ਦੁਪਹਿਰ ਤਕ ਸਿੱਧਾ ਆਪਣੇ ਕੁਆਟਰ ਪਹੁੰਚ ਗਿਆ। ਮਾਰ-ਖਾਧੇ ਕੁੱਤੇ ਵਾਂਗ ਮੈਂ ਅੰਦਰ ਹੀ ਅੰਦਰ ਚਊਂ-ਚਊਂ ਕਰਦਾ ਰਿਹਾ। ਮੈਨੂੰ ਲੱਗਿਆ ਜਿਵੇਂ ਕ੍ਰਿਸ਼ਨਾ ਵਾਂਗ ਮੈਂ ਵੀ ਆਪਣੇ ਮੁਲਕ 'ਚ ਪਰਾਇਆ ਹੋਵਾਂ। ਮੇਰੇ ਚਿੱਤ 'ਚ ਆਇਆ ਕਿ ਗੀਤਾ ਜਾਂ ਆਪਣੇ ਨਵੇਂ ਬਣੇ ਦੋਸਤ ਨਰਸੱਯਾ ਨੂੰ ਮਿਲ ਕੇ ਆਪਣਾ ਮਨ ਹੌਲ਼ਾ ਕਰਾਂ। ਤਾਕੀ ਥਾਣੀਂ ਦੇਖਦਿਆਂ; ਉੱਡ-ਉੱਡ ਆਉਂਦੇ-ਜਾਂਦੇ ਕਬੂਤਰਾਂ ਵਾਂਗ ਖ਼ਿਆਲ ਆਉਂਦੇ ਕਿ ਜੇ ਮਕਾਨ ਮਾਲਕ ਨੂੰ ਮੇਰੇ ਪਿਛੋਕੜ ਦਾ ਪਤਾ ਲੱਗ ਗਿਆ ਜਾਂ ਰਾਜੇਸ਼ਵਰ ਰਾਓ ਦੇ ਕਿਸੇ ਬੰਦੇ ਨੇ ਮੁਖ਼ਬਰੀ ਕਰ ਦਿੱਤੀ ਤਾਂ ਹੋ ਸਕਦਾ ਮੈਨੂੰ ਬੇਇੱਜ਼ਤ ਕਰ ਕੇ ਮੇਰਾ ਸਾਮਾਨ ਬਾਹਰ ਸੁਟਵਾ ਦੇਵੇ ਤੇ ਮੇਰਾ ਹਾਲ ਧੋਬੀ ਦੇ ਕੁੱਤੇ ਵਾਲਾ ਹੋਵੇ... ਮੇਰੀ ਹਾਲਤ-ਚੋਰ ਨੂੰ ਆਪਣਾ ਪਾਲ਼ਾ! ਵਾਲੀ ਸੀ। ਪਰ ਮੈਂ ਤਾਂ ਕੁਦਰਤ ਦਾ ਸਿਰਜਿਆ ਮਨੁੱਖ ਹਾਂ। ਕਿਸੇ ਵੀ ਇਲਾਕੇ ਜਾਂ ਕਿਸੇ ਵੀ ਖ਼ਾਨਦਾਨ ਵਿਚ ਕੋਈ ਪੈਦਾ ਹੋ ਸਕਦਾ ਹੈ! ਵਰਗੀਆਂ ਸੋਚਾਂ ਸੋਚਦਾ ਰਿਹਾ।

ਮੈਨੂੰ ਚੈਨ ਨਹੀਂ ਆ ਰਿਹਾ ਸੀ। ਬੈੱਡ 'ਤੇ ਪਏ ਦੀਆਂ ਸੋਚਾਂ ਛੱਤ ਦੇ ਪੱਖੇ ਦੀ ਰਫ਼ਤਾਰ ਨਾਲ ਘੁੰਮੀ ਜਾ ਰਹੀਆਂ ਸਨ। ਮੈਂ ਕਦੀ ਕਮਰੇ 'ਚ ਗੇੜੇ ਕੱਢਦਾ ਤੇ ਕਦੇ ਤਾਕੀ ਵਿਚੀਂ ਬਾਹਰ ਨੂੰ ਦੇਖਦਾ। ਅਖੀਰ, ਸ਼ਾਮ ਨੂੰ ਮੈਂ ਗੀਤਾ ਦੇ ਅਪਾਰਟਮੈਂਟ ਸਾਈਕਲ 'ਤੇ ਸਵਾਰ ਹੋ ਕੇ ਚਲਾ ਗਿਆ ਪਰ ਸਿਰ 'ਤੇ ਸੋਚਾਂ ਦੇ ਕਾਫ਼ਲੇ ਡਾਰਾਂ ਬੰਨ੍ਹ ਕੇ ਨਾਲ-ਨਾਲ ਸਫ਼ਰ ਕਰੀ ਜਾ ਰਹੇ ਸਨ। ਗਾਰਡ ਤੋਂ ਪਤਾ ਲੱਗਾ ਕਿ ਉਹ ਦੁਪਹਿਰ ਵੇਲੇ ਇੱਥੋਂ ਕਿਧਰੇ ਗਈ ਹੈ। ਉਹਦੇ ਹੱਥ ਕਪੜਿਆਂ ਭਰਿਆ ਬੈਗ ਸੀ। ਘੜੀ ਦੀਆਂ ਸੂਈਆਂ ਵਾਂਗ ਮਨ 'ਚ ਸੋਚਾਂ ਲਗਾਤਾਰ ਗੇੜੇ ਕੱਢਣ ਲੱਗੀਆਂ! ਜੇ ਉਹ ਹਫ਼ਤਾ-ਦਸ ਦਿਨ ਆਪਣੇ ਸਾਥੀਆਂ ਨਾਲ ਪਿਕਨਿਕ ਜਾਂ ਕੰਪਨੀ ਦੇ ਕੰਮ ਟੂਰ 'ਤੇ ਚਲੀ ਗਈ ਤਾਂ ਮੇਰੀ ਮਾਨਸਿਕ ਪਰੇਸ਼ਾਨੀ ਵਧ ਜਾਣੀ ਹੈ। ਹੁਣ ਮੈਨੂੰ ਆਪਣਾ ਲੱਗਣ ਤੇ ਸਮਝਣ ਵਾਲਾ ਕੋਈ ਨਹੀਂ। ਜੇ ਦੋ-ਚਾਰ ਛੁੱਟੀਆਂ ਲੈ ਵੀ ਲਵਾਂ ਤਾਂ ਫਿਰ ਉਸ ਤੋਂ ਬਾਅਦ? ਤੇ ਨਰਸੱਯਾ ਵੀ ਮੇਰਾ ਮਾਤਹਤ ਸਾਥੀ ਹੈ! ਅਜਿਹੀ ਘੁੰਮਣਘੇਰੀ ਵਿਚ ਮੇਰੇ ਦੋ-ਤਿੰਨ ਦਿਨ ਲੰਘ ਗਏ।

ਚਾਰ ਕੁ ਦਿਨਾਂ ਮਗਰੋਂ ਮੈਂ ਕਿਸੇ ਕੰਮ ਬਾਜ਼ਾਰ ਜਾ ਰਿਹਾ ਸੀ। ਟੂ ਵੇਅ ਸੜਕ ਉੱਤੇ ਟਰੈਫਿਕ ਨਾ ਦਿਸੀ। ਬੰਦੇ-ਪਰਿੰਦੇ ਵੀ ਟਾਵੇਂ-ਟਾਵੇਂ ਸਨ। ਮੈਂ ਸੋਚਿਆ, ਕਿਸੇ ਮੰਤਰੀ-ਸੰਤਰੀ ਨੇ ਲੰਘਣਾ ਹੋਵੇਗਾ। ਹੋਰ ਅੱਗੇ ਗਿਆ ਤਾਂ ਮੇਰੇ ਸਾਹਮਣੇ ਤੋਂ ਨੌਜਵਾਨਾਂ, ਬੰਦਿਆਂ, ਬੁੜ੍ਹੀਆਂ, ਬੱਚਿਆਂ, ਬਜ਼ੁਰਗਾਂ ਦਾ ਠਾਠਾਂ ਮਾਰਦਾ ਹੜ੍ਹ ਆ ਰਿਹਾ ਸੀ ਜਿਹੜਾ ਚਾਰਮੀਨਾਰ ਚੁਰਾਹੇ ਵਿਚ ਲੱਗੀ ਸਟੇਜ

ਕੋਲ਼ ਰੁਕ ਗਿਆ। ਇਸ ਵਿਚਾਲ਼ੇ ਮੈਂ ਲਾਊਡ ਸਪੀਕਰ ਵਿਚੋਂ ਧੜੱਲੇਦਾਰ ਆਵਾਜ਼ ਸੁਣੀ, 'ਸਰਕਾਰ ਸਾਡੇ ਪੇਸ਼ੇ ਦੇ ਲੋਕਾਂ ਨੂੰ ਸ਼ਨਾਖ਼ਤੀ ਕਾਰਡ, ਕੋਠਾ ਪਾਉਣ ਲਈ ਥਾਂ ਤੇ ਖੇਤੀਬਾੜੀ ਲਈ ਘੱਟੋ-ਘੱਟ ਤਿੰਨ ਏਕੜ ਜ਼ਮੀਨ ਹਰੇਕ ਪਰਿਵਾਰ ਨੂੰ ਅਲਾਟ ਕਰੇ, ਪੈਨਸ਼ਨ ਲਾਵੇ ਤੇ ਬੰਧੂਆ ਮਜ਼ਦੂਰੀ ਖਤਮ ਕਰੇ। ਜੇ ਮਿਥੀ ਮਿਤੀ ਤਕ ਸਾਡੀਆਂ ਮੰਗਾਂ ਨਾ ਮੰਨੀਆਂ ਤਾਂ ਅਸੀਂ ਤੁਹਾਡੀਆਂ ਕਬਰਾਂ ਪੁੱਟਣਾ ਤੇ ਲਾਸ਼ਾਂ ਦਫ਼ਨਾਉਣਾ ਬੰਦ ਕਰ ਦਿਆਂਗੇ।'

ਇਕ ਹੋਰ ਬੁਲਾਰੇ ਦੀ ਨਾਅਰੇ ਵਰਗੀ ਆਵਾਜ਼ ਸੁਣੀ, 'ਸਾਡੇ ਨਾਲ ਨਫ਼ਰਤ ਕਰਨੀ ਬੰਦ ਕਰੋ। ਜਿੰਨਾ ਚਿਰ ਇਨਸਾਫ਼ ਨਹੀਂ ਮਿਲਦਾ ਓਨਾ ਚਿਰ ਚੈਨ ਨਾਲ ਨਹੀਂ ਬੈਠਾਂਗੇ!'

ਆਪਣੀ ਤੇਜ਼ ਚਾਲ ਦੇ ਨਤੀਜਨ ਮੈਂ ਸਟੇਜ ਤੋਂ ਥੋੜ੍ਹਾ ਹਟਵਾਂ ਜਾ ਖੜ੍ਹਾ ਹੋਇਆ। ਇਹੋ ਜੇਹੇ ਜਲਸੇ-ਜਲੂਸਾਂ ਨੂੰ ਦੇਖਣਾ ਤੇ ਸੁਣਨਾ ਮੇਰੀ ਪੁਰਾਣੀ ਆਦਤ ਦਾ ਹਿੱਸਾ ਹੈ। ਭਾਵੇਂ ਕਿ ਮੇਰਾ ਭਾਪਾ ਮੈਨੂੰ ਵਰਜਦਾ ਹੁੰਦਾ ਸੀ ਤੇ ਕਹਿੰਦਾ ਸੀ ਕਿ ਆਪਣੇ ਕੰਮ ਨਾਲ ਕੰਮ ਰੱਖਿਆ ਕਰ! ਖ਼ੈਰ, ਹੁਣ ਮੈਨੂੰ ਸਾਫ਼ ਦਿਸ ਤੇ ਸੁਣ ਰਿਹਾ ਸੀ। ਸਟੇਜ ਚਲਾ ਰਹੇ ਸੱਜਣ ਨੇ ਕਿਹਾ, 'ਸਾਥੀਓ, ਹੁਣ ਮੈਂ ਬਾਲ ਕ੍ਰਿਸ਼ਨਾ ਬੇਗਾਰੀ ਨੂੰ ਦਰਖ਼ਾਸਤ ਕਰਦਾਂ ਕਿ ਉਹ ਸਟੇਜ 'ਤੇ ਆਵੇ ਜਿਸ ਦੀਆਂ ਲੱਤਾਂ-ਬਾਹਾਂ ਪਿਛਲੇ ਦਿਨੀਂ ਵਰਣ-ਧਰਮ ਦੇ ਰਖਵਾਲਿਆਂ ਨੇ ਤੋੜੀਆਂ ਸਨ। ਕ੍ਰਿਸ਼ਨਾ ਦਾ ਕਸੂਰ ਇਹ ਸੀ ਕਿ ਉਹ ਜ਼ਮੀਂਦਾਰਾਂ ਤੇ ਉੱਚ-ਜਾਤੀ ਦੇ ਮੁਹੱਲੇ ਮੋਹਰਿਓਂ ਦੀ ਸਾਈਕਲ ਤੋਂ ਉਤਰ ਕੇ ਤੇ ਜੁੱਤੀ ਲਾਹ ਕੇ ਨਹੀਂ ਲੰਘਦਾ ਸੀ।'

ਅਸਮਾਨ ਗੂੰਜਵੇਂ ਨਾਅਰਿਆਂ ਦੌਰਾਨ ਕ੍ਰਿਸ਼ਨਾ ਜਦੋਂ ਕਿਸੇ ਦੇ ਸਹਾਰੇ ਸਟੇਜ 'ਤੇ ਚੜ੍ਹਿਆ ਤਾਂ ਮੈਂ ਪੱਬਾਂ ਭਾਰ ਹੋ-ਹੋ ਮੂੰਹ ਉਤਾਂਹ ਨੂੰ ਕੀਤਾ ਕਿ ਉਹ ਮੈਨੂੰ ਦੇਖ ਲਵੇ ਜਿਵੇਂ ਮੈਂ ਨਿਆਣਾ ਹੁੰਦਾ ਹੋਰ ਨਿਆਣਿਆਂ ਨਾਲ ਪਿੰਡ ਦੀ ਫਿਰਨੀ ਉੱਤੇ ਹਿਮਾਲੀਆ ਪਰਬਤ ਨੂੰ ਅੱਡੀਆਂ ਚੁੱਕ-ਚੁੱਕ ਦੇਖਦਾ ਹੁੰਦਾ ਸੀ।

ਏਨੇ ਨੂੰ ਗੀਤਾ ਰੈਡੀ ਫ਼ੁਰਤੀ ਨਾਲ ਕ੍ਰਿਸ਼ਨਾ ਕੋਲ਼ ਆ ਖੜ੍ਹੀ ਹੋਈ। ਫਿਰ ਮਾਈਕ ਵਿਚ ਬੋਲਣ ਲੱਗੀ, 'ਸਾਥੀਓ, ਧਰਮ ਜ਼ਰੀਏ ਫ਼ੈਲਾਈ ਜਾਂਦੀ ਗ਼ੁਲਾਮਗਿਰੀ ਮਨੁੱਖਤਾ ਨੂੰ ਸ਼ਰਮਸਾਰ ਕਰਨ ਵਾਲੀ ਹੈ। ਇੱਕੀਵੀਂ ਸਦੀ 'ਚ ਰੰਗ, ਨਸਲ, ਜਾਤਪਾਤ ਤੇ ਛੂਤਛਾਤ ਮੁਲਕ ਲਈ ਲਾਅਣਤ ਆ। ਸਮਾਜ ਤੇ ਦੇਸ਼ ਦੀ ਤਰੱਕੀ ਲਈ ਇਸ ਤੋਂ ਛੁਟਕਾਰਾ ਜ਼ਰੂਰੀ ਆ।... ਦੋਸਤੋ ਤੁਹਾਨੂੰ ਪਤਾ ਹੋਵੇਗਾ ਕਿ ਜਦੋਂ ਰਾਕਟ ਨੇ ਧਰਤੀ ਦੀ ਗਰੂਤਾ ਵਿਚੋਂ ਨਿਕਲਣਾ ਹੁੰਦਾ, ਆਪਣੇ ਪੰਧ 'ਤੇ ਪੈਣਾ ਹੁੰਦਾ ਤਾਂ ਉਹ ਹੋਰ ਉੱਚ ਰਫ਼ਤਾਰ ਨਾਲ ਉੱਪਰ ਜਾਣ ਲਈ ਆਪਣੇ ਨਾਲੋਂ ਕਈ ਪੁਰਜ਼ੇ ਲਾਹ ਸੁੱਟਦਾ, ਵਗਾਹ ਮਾਰਦਾ। ਸੋ, ਰੰਗਾਂ, ਜਾਤਾਂ ਦੇ ਕਲੰਕ ਨੂੰ ਵਗਾਹ ਮਾਰੋ, ਜਿਵੇਂ ਸਾਡੇ ਹਿੰਮਤੀ ਤੇ ਦਲੇਰ ਸਾਥੀ ਕ੍ਰਿਸ਼ਨਾ ਨੇ ਰਾਹ ਦਿਖਾਉਣ ਦੀ ਕੋਸ਼ਿਸ਼ ਕੀਤੀ ਆ।

ਇੰਝ ਕਹਿ ਕੇ ਗੀਤਾ ਨੇ ਕ੍ਰਿਸ਼ਨਾ ਬੇਗਾਰੀ ਦਾ ਹੱਥ ਫੜ ਲਿਆ! ਫਿਰ ਕ੍ਰਿਸ਼ਨਾ ਨੇ ਮੁਸਕਰਾ ਕੇ ਆਪਣੀ ਖੱਬੀ ਬਾਂਹ ਤੇ ਹੱਥ ਦੀ ਮੁੱਠ ਹਵਾ 'ਚ ਉਲਾਰੀ ਜਿਸ ਨੂੰ ਗੀਤਾ ਨੇ ਸਹਾਰਾ ਦਿੱਤਾ ਹੋਇਆ ਸੀ। ਜਲਸੇ 'ਚ ਹਾਜ਼ਰ ਲੋਕਾਂ ਨੇ ਨਾਅਰਿਆਂ ਨਾਲ ਅਸਮਾਨ ਗੁੰਜਾ ਦਿੱਤਾ। ਮੇਰੀ ਸੱਜੀ ਬਾਂਹ ਆਪ-ਮੁਹਾਰੇ ਹਵਾ ਵਿਚ ਹੋਰ ਉੱਚੀ ਹੋ ਗਈ।

ਮੇਰੇ ਕੋਲ਼ ਖੜ੍ਹੇ ਕਈ ਜਣੇ ਗੱਲਾਂ ਕਰਨ ਲੱਗੇ, 'ਕ੍ਰਿਸ਼ਨਾ ਤੇ ਗੀਤਾ ਨੇ ਸਮਾਜ ਸਾਹਮਣੇ ਬੇਮਿਸਾਲ ਮਿਸਾਲ ਕਾਇਮ ਕਰ ਦਿੱਤੀ ਹੈ।' 000

***(RZA/44A Mahavir Vihar***
***(Near Sector 1, Dwarka) Palam, New Delhi-110 045***
***ਫੋਨ: 93505-48100***
***ਈਮੇਲ: bmadhopuri@yahoo.in)***

# ਰੇਸ: ਕਹਾਣੀ: ਜਤਿੰਦਰ ਸਿੰਘ ਹਾਂਸ

ਅੱਜ ਪਰਮਾਤਮਾ ਨੇ ਅਜਿਹੀ ਥਾਂ ਖੜ੍ਹੇ ਕਰਤੇ, ਨਾ ਜਿਊਂਦਿਆਂ 'ਚ ਨਾ ਮਰਿਆਂ 'ਚ। ਕਿੱਥੇ ਸੋਚਦੇ ਸੀ ਇੰਦਰ ਦਾ ਵਿਆਹ ਕਰਲਾਂਗੇ।... ਸਾਨੂੰ ਮਾਰ ਕੇ ਸਿੱਟ ਗਿਆ।... ਉਹਦਾ ਪਿਛਲੇ ਜਨਮ ਦਾ ਕਰਜ਼ਾ ਦੇਣਾ ਸੀ। ਲੈ ਕੇ ਤੁਰ ਗਿਆ।

ਘਰੇ ਕਾਸੇ ਦਾ ਘਾਟਾ ਨਹੀਂ ਸੀ, ਅਸੀਂ ਦੋਵੇਂ ਜੀਅ ਅਧਿਆਪਕ, ਕੋਠੀ, ਕਾਰ, ਜ਼ਮੀਨ ਜਾਇਦਾਦ ਸਭ ਕੁਝ ਉਸੇ ਦਾ ਤਾਂ ਸੀ। ਪਤਾ ਨਹੀਂ ਕਿਹੜਾ ਦੁੱਖ ਦਿਲ 'ਚ ਲੈ ਕੇ ਚਲਿਆ ਗਿਆ।

ਕਿਵੇਂ ਨਿਰਮੋਹਾ ਹੋ ਗਿਆ? ਮੇਰਾ ਤਾਂ ਵਿਸਾਹ ਨੀ ਸੀ ਖਾਂਦਾ, ਨਿਆਣੇ ਹੁੰਦੇ ਨੇ, ਮੇਰਾ ਕੰਮ ਕਰਦੀ ਦਾ ਪੱਲਾ ਫੜਕੇ 'ਮੰਮੀ... ਮੰਮੀ...' ਕਰਦੇ ਫਿਰੀ ਜਾਣਾ।

ਇਕੋ ਇਕ ਪੁੱਤ ਸੀ ਸਾਡਾ। ਅਸੀਂ ਕਿੰਨੇ ਚਾਅ ਕਰਦੇ, ਸੋਚਦੇ, ਸਾਡੀਆਂ ਸਾਰੀਆਂ ਰੀਝਾਂ, ਸਾਰੇ ਸੁਪਨੇ ਪੂਰੇ ਕਰੂ। ਸਭ ਤੋਂ ਵਧੀਆ ਅੰਗਰੇਜ਼ੀ ਮੀਡੀਅਮ ਸਕੂਲ ਵਿਚ ਪੜ੍ਹਾਇਆ। ਜਦੋਂ ਅਸੀਂ ਹਰ ਮਹੀਨੇ ਮੀਟਿੰਗ 'ਤੇ ਉਹਦੇ ਸਕੂਲ ਜਾਣਾ, ਉਹਦੀ ਮੈਡਮ ਨੇ ਕਹਿਣਾ, "ਕਲਾਸ ਵਿਚੋਂ ਟੌਪ 'ਤੇ ਆਉਂਦਾ, ਬਹੁਤ ਨੌਟੀ ਆ।"

ਉਹ ਨਾ 'ਅੰਗਰੇਜ਼' ਬਣਿਆ ਨਾ ਪੰਜਾਬੀ ਰਿਹਾ। ਜੜ੍ਹਾਂ ਨਾਲੋਂ ਟੁੱਟਿਆ ਕਨਫਿਊਜ਼ਡ ਜਿਹੀ ਪਰਸਨੈਲਟੀ ਬਣ ਗਿਆ।

ਪਹਿਲਾਂ ਏਨੀਆਂ ਗੱਲਾਂ ਕਰਦਾ, ਕਿਸੇ ਨੂੰ ਬਾਰੇ ਨਾ ਆਉਣ ਦਿੰਦਾ। ਹੁਣ ਗੱਲਾਂ ਲੁਕਾਉਣ ਲੱਗਿਆ। ਜਿਹੜੀ ਲੁਕਾਉਣ ਵਾਲੀ ਨਾ ਹੋਈ ਉਹ ਵੀ ਲੁਕੋਈ ਜਾਣੀ।

ਕਾਲਿਜ ਜਾਣ ਲੱਗਿਆ। ਅਸੀਂ ਉਹਨੂੰ ਡਾਕਟਰ ਜਾ ਇੰਜੀਨੀਅਰ ਬਣਾਉਣਾ ਚਾਹੁੰਦੇ ਸੀ। ਡਾਕਟਰੀ ਵਿਚ ਦਾਖਲਾ ਤਾਂ ਨਾ ਮਿਲਿਆ, ਕੰਪਿਊਟਰ ਸਾਇੰਸ ਦਾ ਇੰਜੀਨੀਅਰ ਬਣਾ ਦਿੱਤਾ।

ਸ਼ੌਕੀਨ ਬਹੁਤ ਸੀ। ਕਦੇ ਪੱਗ ਬੰਨ੍ਹ ਕੇ ਜਾਂਦਾ। ਕਦੇ ਰੋਡਾ ਈ ਚਲਿਆ ਜਾਂਦਾ। ਮੇਰੀਆਂ ਕਰੀਮਾਂ, ਸੈਂਟ ਲਾਉਂਦਾ। ਫਿਰ ਆਪਣਾ ਲਿਆਉਣ ਲੱਗਿਆ। ਮੈਨੂੰ ਹਾਕਾਂ ਮਾਰਨੀਆਂ, "ਮੰਮੀ ਓ ਮੰਮੀ! ਥੋਡਾ ਸਟੇਟਰ ਕਿੱਥੇ ਆ। ਵਾਲ਼ ਖੜ੍ਹੇ ਕਰਨੇ ਨੇ।"

-"ਚਾਰ ਤਾਂ ਵਾਲ਼ ਨੇ, ਨਹਾ ਕੇ ਵਾਹ ਲੈ, ਸਿੱਧੇ ਖੜ੍ਹ ਜਾਣਗੇ," ਮੈਂ ਕਹਿਣਾ।

-"ਮੰਮੀ ਚਾਹੇ ਚਾਰ ਏ ਨੇ, ਸਿੱਧੀ ਮੁਰਗ਼ੇ ਦੀ ਕਲਗ਼ੀ ਵਾਂਗ ਖੜ੍ਹੇ ਹੋਣੇ ਚਾਹੀਦੇ ਨੇ।"

ਉਹਦਾ ਡੈਡੀ ਉਹਦੇ ਤੋਰਿਆਂ ਫੇਰਿਆਂ ਤੋਂ ਦੁਖੀ ਹੋ ਜਾਂਦਾ। ਯਾਰਾਂ-ਦੋਸਤਾਂ ਨਾਲ ਕਦੇ ਚੰਡੀਗੜ੍ਹ, ਕਦੇ ਸ਼ਿਮਲੇ ਘੁੰਮਣ ਨਿਕਲ ਜਾਂਦਾ।

ਪਹਿਲਾਂ ਤਾਂ ਕਦੇ ਏਨਾ ਸਮਾਂ ਨਾ ਮਿਲਿਆ ਪਰ ਉਹਦੇ 'ਤੁਰ ਜਾਣ' ਬਾਅਦ ਉਹਦਾ ਮੁਬਾਈਲ ਦੇਖਿਆ ਸਭ ਕੁਝ ਡਲੀਟ ਕਰ ਗਿਆ। ਉਹਦੀਆਂ ਕਿਤਾਬਾਂ ਵਿਚ ਪਈ ਡਾਇਰੀ ਮਿਲੀ, ਪੜ੍ਹੀ, ਮੇਰੇ ਹੰਝੂ ਨਾ ਰੁਕਣ। ਇਸ ਇੰਦਰਪ੍ਰੀਤ ਨੂੰ ਤਾਂ ਮੈਂ ਜਾਣਦੀ ਹੀ ਨਹੀਂ ਸੀ।

ਅਸੀਂ ਉਹਨੂੰ ਫਤਿਹਗੜ ਸਾਹਿਬ ਕਾਲਿਜ ਤੋਂ ਪੜ੍ਹਨੋਂ ਹਟਾ ਕੇ ਲੁਧਿਆਣੇ ਲਗਾ ਦਿੱਤਾ ਸੀ। ਉੱਥੇ ਮੁੰਡਿਆਂ ਦੇ ਗਰੁੱਪਾਂ ਦੀ ਲੜਾਈ ਹੁੰਦੀ ਰਹਿੰਦੀ, ਇਹ ਮੂਹਰੇ ਹੋ ਕੇ ਲੜਦਾ। ਡਾਇਰੀ ਪੜ੍ਹ ਕੇ ਪਤਾ ਲੱਗਾ ਇਹ ਲੁਧਿਆਣੇ ਪਹਿਲੇ ਦਿਨ ਹੀ ਪ੍ਰੋਫ਼ੈਸਰਾਂ ਨਾਲ ਪੰਗੇ ਲੈ ਆਇਆ ਸੀ। ਇਹਦੇ ਡੈਡੀ ਦਾ ਹੁਕਮ ਸੀ, "ਤੈਂ ਪੜ੍ਹਾਈ ਕਰਨੀ ਆ। ਤੇ ਕੁਝ ਬਣਕੇ ਦਿਖਾਉਣਾ। ਵਾਧੂ ਘਾਟੂ ਕੰਮਾਂ ਵਿਚ ਸਮਾਂ ਬਰਬਾਦ ਨਹੀਂ ਕਰਨਾ।" ਡਾਇਰੀ ਪੜ੍ਹ ਕੇ ਪਤਾ ਲੱਗਿਆ ਉਹ ਵਾਧੂ-ਘਾਟੂ ਕੰਮਾਂ 'ਚ ਹਿੱਸਾ ਲੈਣ ਲਈ ਕੀ-ਕੀ ਕਰ ਰਿਹਾ ਸੀ।

ਦਰਵਾਜ਼ੇ ਵੱਲ ਕਮਲ਼ਿਆਂ ਵਾਂਗੂ ਦੇਖਦੀ ਰਹਿੰਦੀ ਆਂ। ਹੁਣ ਆਇਆ ਕਿ ਹੁਣ ਆਇਆ।

ਹੁਣੇ ਬੁਲਟ 'ਤੇ ਦੁੱਗ-ਦੁੱਗ ਕਰਦਾ ਆਊਗਾ। ਕਹੂਗਾ, "ਮੰਮੀ ਕੀ ਆ ਖਾਣ-ਪੀਣ ਨੂੰ। ਬੜੀ ਭੁੱਖ ਲੱਗੀ ਆ।"

ਅੱਖਾਂ ਸਾਫ਼ ਕਰਕੇ, ਡਾਇਰੀ ਪੜ੍ਹਨ ਬੈਠ ਜਾਂਦੀ ਆਂ।

0 0 0

**ਡਾਇਰੀ**

*ਕਾਲਿਜ ਵਿਚ ਲੇਟ ਦਾਖਲਾ ਲਿਆ। ਭੰਗੜਾ ਟੀਮ ਦਾ ਹਿੱਸਾ ਬਣਨਾ ਚਾਹੁੰਦਾ ਸਾਂ। ਪ੍ਰੋ. ਸੇਖੋਂ ਭੰਗੜਾ ਟੀਮ ਦਾ ਇੰਚਾਰਜ ਸੀ। ਪ੍ਰੋ. ਸੇਖੋਂ ਨੇ ਜੁਆਬ ਦੇ ਦਿੱਤਾ, "ਟੀਮ ਪੂਰੀ ਆ।" ਮੈਂ ਕਦੇ ਭੰਗੜਾ ਪਾਉਂਦੇ ਦੀ, ਕਦੇ ਇਨਾਮ ਪ੍ਰਾਪਤ ਕਰਦੇ ਦੀ ਫੋਟੋ ਐਲਬਮ ਪ੍ਰੋ. ਸੇਖੋਂ ਅੱਗੇ ਕਰਦਾ। ਕਦੀ ਚੈਲਿੰਜ ਕਰਦਾ, "ਸਰ ਤੁਹਾਡੀ ਟੀਮ 'ਚੋਂ ਕੋਈ ਵੀ ਮੇਰੇ ਵਰਗਾ ਭੰਗੜਾ ਨਹੀਂ ਪਾ ਸਕਦਾ।" ਇਸ ਗੱਲ 'ਤੇ ਸੇਖੋਂ ਨੇ ਗੁੱਸੇ ਵਿਚ ਉੱਚੀ ਆਵਾਜ਼ 'ਚ ਬਾਹਰ ਜਾਣ ਨੂੰ ਕਿਹਾ, "ਗੈੱਟ ਆਊਟ।"*

*ਸੇਖੋਂ ਦੇ ਕਮਰੇ 'ਚੋਂ ਬਾਹਰ ਆਉਂਦੇ ਨੂੰ ਅੱਗੋਂ ਪਵਨ ਮਿਲ ਗਿਆ। ਉਹਨੂੰ ਪੁੱਛਿਆ, "ਦੋਸਤ ਭਾਲੂ ਸਰ ਕਿੱਥੇ ਮਿਲਣਗੇ?"*

*ਪਵਨ ਸਮਝ ਗਿਆ, ਕਿ ਮੈਂ ਕਿਸੇ ਮੁਕਾਬਲੇ ਦਾ ਹਿੱਸਾ ਬਣਨਾ ਚਾਹੁੰਨਾਂ। ਪ੍ਰੋ. ਭੱਲਾ ਕਵਿਤਾ, ਡਿਬੇਟ ਦੇ ਇੰਚਾਰਜ ਸੀ।*

*–"ਭਾਲੂ ਨਹੀਂ ਵੀਰੇ ਭੱਲਾ ਸਰ," ਪਵਨ ਹੱਸਣ ਲੱਗਾ, "ਵੈਸੇ ਭੱਲੇ ਦਾ ਮੂੰਹ ਭਾਲੂ ਵਰਗਾ ਈ ਆ।"*

*ਭੱਲੇ ਦੇ ਕਮਰੇ ਵਿਚ ਗਏ। "ਹਾਂ ਬਈ ਪਵਨ।" ਪ੍ਰੋ. ਭੱਲਾ ਨੇ ਕੁਰਸੀ ਘੁਮਾਈ। ਪਵਨ ਕਵਿਤਾ ਉਚਾਰਨ ਵਿਚ ਹਿੱਸਾ ਲੈ ਰਿਹਾ ਸੀ। ਉਹਨੇ ਪ੍ਰੋ. ਭੱਲਾ ਨਾਲ ਮੈਨੂੰ ਮਿਲਾਇਆ।*

*ਮੈਂ ਕਿਹਾ, "ਸਰ ਮੈਂ ਕਵਿਤਾ ਉਚਾਰਨ, ਡਿਬੇਟ ਵਿਚ ਕਈ ਕੰਪੀਟੀਸ਼ਨ ਜਿੱਤੇ ਨੇ। ਸਰ ਆਹ ਦੇਖੋ ਮੇਰੀ ਸਨਮਾਨ ਲੈਂਦੇ ਦੀ ਫੋਟੋ।"*

*–"ਤੁਸੀਂ ਲੇਟ ਆਏ ਓ। ਸਾਡੇ ਸਟੂਡੈਂਟ ਸਲੈਕਟ ਹੋ ਚੁੱਕੇ ਨੇ।"*

*ਜਦੋਂ ਮੈਂ ਐਲਬਮ ਪ੍ਰੋ. ਭੱਲਾ ਅੱਗੇ ਕਰੀ ਗਿਆ, ਉਹ ਫੋਟੋ ਧਿਆਨ ਨਾਲ ਦੇਖਦੇ ਬੋਲੇ, "ਫੋਟੋ ਤੁਹਾਡੀ ਨੀ ਲੱਗਦੀ।"*

*–"ਸਰ ਮੈਂ ਕਵਿਤਾ ਲਿਖਦਾਂ, ਕਾਲਿਜ ਮੈਗਜ਼ੀਨ ਦਾ ਐਡੀਟਰ ਈ ਲਗਾ ਦਿਓ।" ਮੈਂ ਜੇਬ ਵਿਚੋਂ ਤਹਿ ਲਾ ਕੇ ਰੱਖਿਆ ਵਧੀਆ ਜਿਹਾ ਕਾਗ਼ਜ਼ ਪ੍ਰੋ. ਭੱਲਾ ਅੱਗੇ ਰੱਖ ਦਿੱਤਾ।*

*"ਗੁੱਡ-ਗੁੱਡ" ਕਹਿ ਕੇ ਭੱਲਾ ਸਰ ਨੇ ਉਹਨੂੰ ਫੜ ਕੇ ਪੇਪਰਵੇਟ ਹੇਠਾਂ ਰੱਖ ਦਿੱਤਾ। ਮੈਂ ਉੱਥੋਂ ਚੱਕ ਕੇ ਫਿਰ ਅੱਗੇ ਕਰ ਦਿੱਤਾ, "ਪੜ੍ਹ ਕੇ ਵੇਖੋ... ਪਲੀਜ਼ ਸਰ... ਪਲੀਜ਼... ਪਲੀਜ਼।" ਮੇਰੇ ਬਹੁਤ ਹੀ ਜ਼ੋਰ ਦੇਣ ਤੇ ਪ੍ਰੋ. ਭੱਲਾ ਨੇ ਕਵਿਤਾ ਪੜ੍ਹੀ। ਪੜ੍ਹ ਕੇ ਐਂ ਮੂੰਹ ਬਣਾ ਲਿਆ ਜਿਵੇਂ ਬਹੁਤ ਕੌੜੀ ਚੀਜ਼ ਪੀ ਲਈ ਹੋਵੇ। ਕਹਿਣ ਲੱਗੇ, "ਮੈਂ ਤੁਹਾਨੂੰ ਨਿਰਾਸ਼ ਨਹੀਂ ਕਰਨ ਚਾਹੁੰਦਾ। ਤੁਸੀਂ ਐਡੀਟਰ ਬਣਨ ਦੇ ਸੁਪਨੇ ਦੇਖਦੇ ਓ। ਮੈਂ ਤੁਹਾਨੂੰ ਮੈਗਜ਼ੀਨ 'ਚ ਛਾਪ ਨੀ ਸਕਦਾ। ਪਹਿਲੀ ਗੱਲ ਇਸ ਵਿਚ ਕਵਿਤਾ ਨਹੀਂ। ਇਹੋ ਜਿਹੀ ਭੈੜੀ ਵਾਰਤਕ ਨਵ ਸਿੱਖੀਏ ਲਿਖਦੇ ਨੇ। ਮੇਰੀ ਪੀ.ਐੱਚ.ਡੀ. ਕਵਿਤਾ 'ਤੇ ਹੀ ਆ।... ਤੈਨੂੰ ਸਖ਼ਤ ਮਿਹਨਤ ਦੀ ਲੋੜ ਆ।" ਉਹ ਆਪਣਾ ਢੋਲ ਵਰਗਾ ਸਿਰ ਨਾਂਹ ਵਿਚ ਮਾਰਦੇ ਰਹੇ।*

*–"ਪਲੀਜ਼ ਸਰ ਧਿਆਨ ਰੱਖਿਓ। ਜ਼ਰੂਰ ਮੌਕਾ ਦਿਓ", ਪਵਨ ਨੇ ਮੇਰੀ ਸਿਫ਼ਾਰਸ਼ ਕੀਤੀ।*

*ਉੱਥੋਂ ਨਿਕਲ ਕੇ ਮੈਂ ਤੇ ਪਵਨ ਕੰਟੀਨ ਜਾ ਬੈਠੇ।*

*–"ਜੀਹਨੂੰ ਸੱਚਾ ਪਿਆਰ ਤੇ ਟਾਈਮ ਸਿਰ ਚਾਹ ਮਿਲਜੇ ਉਹ ਖ਼ੁਸ਼ਕਿਸਮਤ ਹੁੰਦਾ।" ਪਵਨ ਹੱਸਣ ਲੱਗਾ।*

*ਚਾਹ ਪੀਂਦਿਆਂ ਮੈਂ ਕਿਹਾ, "ਅੱਜ ਭਾਲੂ ਨੇ ਤਾਂ ਪ੍ਰੋ. ਪੂਰਨ ਸਿੰਘ ਵੀ ਫੇਲ੍ਹ ਕਰਤਾ।"*

*–"ਉਹ ਕਿਵੇਂ?" ਪਵਨ ਨੇ ਪੁੱਛਿਆ।*

*–"ਇਹ ਕਵਿਤਾ ਪ੍ਰੋ. ਪੂਰਨ ਸਿੰਘ ਦੀ ਆ। ਏਨੀ ਮਸ਼ਹੂਰ ਨਹੀਂ। ਉਸੇ ਦੀ ਕਿਤਾਬ ਵਿਚੋਂ ਕਾਪੀ ਕੀਤੀ ਆ। ਇਹ ਸਾਲ਼ਾ ਘਟੀਆ ਵਾਰਤਕ ਤੋਂ ਮਾੜੀ ਦੱਸਦਾ।"*

*ਅਸੀਂ ਦੋਵੇਂ ਠਹਾਕੇ ਮਾਰਦੇ ਹੱਸਦੇ ਰਹੇ।*

*–"ਉਹ ਐਲਬਮ ਵਾਲੀਆਂ ਫੋਟੋਵਾਂ, ਇਨਾਮ ਲੈਂਦੇ ਦੀਆਂ ਤੇਰੀਆਂ ਹੀ ਨੇ?" ਪਵਨ ਨੇ ਪੁੱਛਿਆ।*

*–"ਉਹ ਤਾਂ ਮੈਂ ਗੂਗਲ ਤੋਂ ਡਾਊਨਲੋਡ ਕੀਤੀਆਂ। ਇਹ ਪ੍ਰੋ. ਸਾਲ਼ੇ ਘੋੜੇ ਹੁੰਦੇ ਨੇ। ਇਹਨਾਂ 'ਤੇ ਸਵਾਰੀ ਕਰਨ ਵਾਲਾ ਚਾਹੀਦਾ।"*

*ਅਸੀਂ ਦੋਵੇਂ ਹੱਸੀ ਗਏ।*

*ਇਹ 'ਪ੍ਰਜੈਕਟ' ਵਿਚਾਲੇ ਹੀ ਰਹਿ ਗਿਆ।*

0 0 0

ਜਦੋਂ ਡਾਇਰੀ ਪੜ੍ਹਦੀ ਆਂ, ਜਿਵੇਂ ਇੰਦਰ ਆਪ ਹੀ ਗੱਲਾਂ ਸੁਣਾ ਰਿਹਾ ਹੋਵੇ। ਅੱਖਾਂ ਮਟਕਾ-ਮਟਕਾ ਬੋਲ ਰਿਹਾ ਹੋਵੇ।

ਵੇ ਚੰਦਰਿਆ ਇਕ ਵਾਰ ਦੱਸ ਤਾਂ ਦਿੰਦਾ, "ਜੋ ਤੁਸੀਂ ਬਣਾਉਣਾ ਚਹੁੰਨੇ ਓ ਮੰਮੀ, ਮੈਂ ਉਸ ਲਈ ਨਹੀਂ ਬਣਿਆ।" ਮੈਂ ਆਪਣੀ ਜਾਨ ਵੇਚ ਕੇ ਉਹੀ ਕਰਾਉਂਦੀ ਜੋ ਤੂੰ ਚਾਹੁੰਦਾ ਸੀ।

0 0 0

**ਡਾਇਰੀ ਦਾ ਅਗਲਾ ਪੰਨਾ**

*ਕਾਜਲ ਦੇ 'ਪ੍ਰਜੈਕਟ' 'ਤੇ ਕੰਮ ਕਰ ਰਿਹਾਂ। ਉਹ ਮੈਨੂੰ ਚੰਗੀ ਲੱਗਦੀ ਆ। ਉਹ ਬਾਕੀ ਕੁੜੀਆਂ ਨਾਲੋਂ ਵੱਖਰੀ ਆ। ਨਖਰੇਬਾਜ਼ ਤੇ ਲੜਾਕੀ। ਬਣ-ਠਣ ਕੇ ਰਹਿੰਦੀ ਆ। ਕੱਪੜੇ ਪਾਉਣ ਦਾ ਸਲੀਕਾ ਕੋਈ ਉਹਤੋਂ ਸਿੱਖੇ।*

*ਪਵਨ, ਗੁਰੀ, ਰੋਮੀ ਮੇਰੇ ਫਰੈਂਡ ਬਣ ਗਏ ਨੇ। ਅਸੀਂ ਪਾਰਕ ਦੇ ਇਕ ਕੋਨੇ ਵਿਚ ਬੈਠੇ ਗੱਲਾਂ ਮਾਰ ਰਹੇ ਸੀ, "ਬਾਪੂ ਤਾਂ ਇਹੋ ਜਿਹਾ ਚਾਹੀਦਾ, ਜਿਹੜਾ ਸਵੇਰੇ ਉੱਠਦਿਆਂ ਹੀ ਡਾਂਗ ਲੈ ਕੇ ਸਿਰਹਾਣੇ ਖੜ੍ਹਾ ਹੋਵੇ। ਲੱਖ ਰੁਪਈਆਂ ਦੀ ਗੱਥੀ ਦੇ ਕੇ ਕਹੇ, "ਅੱਜ ਆਥਣ ਤਕ ਇਹ ਪੈਸੇ ਬਿਨਾਂ ਖਰਚੇ ਮੁੜਿਆ ਤਾਂ ਇਸ ਡਾਂਗ ਨਾਲ ਲੱਤਾਂ ਤੋੜਦੂ।" ਮੈਂ ਕਿਹਾ।*

*ਸਾਰੇ ਹੱਸਣ ਲੱਗੇ।*

*–"ਲੱਖ ਰੁਪਈਆਂ ਨੂੰ ਮਾਰੋ ਗੋਲ਼ੀ। ਏਥੇ ਤਾਂ ਉਈਂ ਗ਼ਰੀਬ-ਮਾਰ ਹੋਗੀ। ਅੱਜ ਲਾਣੇਦਾਰ ਤੋਂ ਪੈਸੇ ਮੰਗੇ। ਉਲਟਾ ਕਹਿੰਦਾ ਬਟੂਆ ਦਿਖਾ। ਕਿਰਾਏ ਜੋਗੇ ਛੱਡਕੇ, ਸਾਰੇ ਪੈਸੇ ਕੱਢਲੇ। ਦਰਅਸਲ ਉਹ ਮੇਰੇ ਨਾਲ ਗ਼ੁੱਸੇ ਹੋਇਆ ਫਿਰਦਾ। ਮੇਰੀ ਪਿੰਡ ਦੇ ਮੁੰਡਿਆਂ ਨਾਲ ਲੜਾਈ ਹੋਗੀ। ਉਧਰੋਂ ਲਾਣੇਦਾਰ ਆ ਗਿਆ, ਉਹਨੂੰ ਦੇਖਕੇ ਉਹ ਭੱਜਗੇ। ਇਸੇ ਗੱਲੋਂ ਭਖਿਆ ਫਿਰਦਾ, ਕਹਿੰਦਾ, "ਤੂੰ ਸਿਰੇ ਦਾ ਕਲੇਸੀ ਆਂ। ਪਹਿਲਾਂ ਕਾਲਿਜ ਵਿਚ ਸਿੰਗ ਫਸਾਏ ਹੁਣ ਪਿੰਡ 'ਚ। ਤੇਰੇ ਸਾਰੇ ਖਰਚ ਬੰਦ।" ਬੁਲਟ ਚੱਕ ਕੇ ਕਾਲਿਜ ਨੂੰ ਤੁਰਨ ਲੱਗਿਆ। ਕਹਿੰਦਾ, "ਹੱਥ ਨਾ ਲਾਈਂ।" ਮੈਂ ਦੱਸਿਆ।*

*–"ਇਹੋ-ਜਿਹੇ ਗੁੰਡੇ ਬਦਮਾਸ਼ਾਂ ਨਾਲ ਆੜੀ ਰੱਖੋ। ਕਦੇ ਕਿਸੇ ਦਾ ਕੰਡਾ ਕੱਢਣਾ ਪੈ ਜਾਂਦਾ।" ਰੋਮੀ ਕਹਿਣ ਲੱਗਾ।*

*–"ਕਿਹੋ ਜਿਹੇ?" ਪਵਨ ਨੇ ਪੁੱਛਿਆ।*

*–"ਲਾਣੇਦਾਰ ਵਰਗੇ।" ਰੋਮੀ ਬੋਲਿਆ।*

*–"ਸਾਲ਼ਿਆ ਉਹ ਮੇਰਾ ਬਾਪ ਆ। ਮਾਸਟਰ ਆ। ਤੈਨੂੰ ਸ਼ਹਿਰੀ ਨੂੰ ਇਹ ਵੀ ਨੀ ਪਤਾ ਪਿੰਡਾਂ 'ਚ ਲਾਣੇ ਦੇ ਮੁਖੀ ਨੂੰ ਲਾਣੇਦਾਰ ਕਹਿੰਦੇ ਨੇ।" ਮੈਂ ਰੋਮੀ ਦੇ ਮੌਰਾਂ 'ਚ ਮੁੱਕਾ ਮਾਰਿਆ।*

*–"ਮੈਨੂੰ ਕੀ ਪਤਾ ਯਾਰ, ਆਪ ਈ ਤਾਂ ਕਹਿਨੈ ਉਹਨੇ ਤੇਰੇ ਪਰਸ 'ਚੋਂ ਪੈਸੇ ਕਢਾ ਲਏ।*

*ਉਹਨੂੰ ਦੇਖਕੇ ਤੇਰੇ ਨਾਲ ਲੜਦੇ ਮੁੰਡੇ ਭੱਜਗੇ। ਉਹਨੇ ਤੈਥੋਂ 'ਬੁਲਟ' ਖੋਹ ਲਿਆ। ਕੰਮ ਤਾਂ ਸਾਰੇ ਗੁੰਡਿਆਂ-ਬਦਮਾਸ਼ਾਂ ਆਲ਼ੇ ਨੇ...।" ਰੋਮੀ ਹੱਥ 'ਤੇ ਹੱਥ ਮਾਰ ਕੇ ਹੱਸਿਆ। ਸਾਰੇ ਹੱਸ ਰਹੇ ਸੀ।*

0 0 0

**ਡਾਇਰੀ ਦਾ ਅਗਲਾ ਪੰਨਾ**

*ਪੀਅਰਡ ਮੁੱਕਣ ਬਾਅਦ ਸਾਰੇ ਵਿਦਿਆਰਥੀ ਕਲਾਸ ਵਿਚੋਂ ਚਲੇ ਗਏ। ਮੈਂ ਕਾਜਲ ਨੂੰ ਧੱਕੇ ਨਾਲ ਹੀ ਰੋਕ ਲਿਆ। ਮੇਰੇ ਮੁਬਾਈਲ ਵਿਚੋਂ ਸਾਡੀ ਦੋਵਾਂ ਦੀ ਫੋਟੋ ਵੈਰਲ ਹੋ ਗਈ ਸੀ। ਮੈਂ ਉਹਦੇ ਕੋਲ਼ ਸਫ਼ਾਈ ਪੇਸ਼ ਕਰਨੀ ਸੀ, ਇਸ ਵਿਚ ਮੇਰਾ ਕੋਈ ਕਸੂਰ ਨਹੀਂ।*

*-"ਮੈਂ ਤੇਰੇ ਨਾਲ ਕੋਈ ਗੱਲ ਨੀ ਕਰਨੀ।" ਕਾਜਲ ਗ਼ੁੱਸੇ 'ਚ ਸੀ।*

*-"ਚੰਗਾ ਨਾ ਕਰ ਗੱਲ। ਵਿਆਹ ਕਰਵਾ ਲੈ। ਗ਼ਲੇ 'ਚ ਮੰਗਲਸੂਤਰ, ਅੱਖਾਂ 'ਚ ਕਾਮ ਸੂਤਰ।" ਉਹਨੂੰ ਪਿਛਲੇ ਬੈਂਚ 'ਤੇ ਬਿਠਾ ਲਿਆ।*

*"ਤੈਨੂੰ ਹੋਰਨਾਂ ਤੋਂ ਵਿਹਲ ਮਿਲੇ ਤਾਂ ਵਿਆਹ ਬਾਰੇ ਸੋਚੇਂ। ਜਣੀ-ਖਣੀ ਮਗਰ ਤੂੰ ਫਿਰਦੈਂ।" ਕਾਜਲ ਨੇ ਮੂੰਹ ਜਿਹਾ ਮਰੋੜਦੇ ਕਿਹਾ। ਉਹ ਲੜ ਰਹੀ ਸੀ।*

*ਪ੍ਰੋਫ਼ੈਸਰ ਨਿਸ਼ਾ ਕਮਰੇ ਚੈੱਕ ਕਰਦੀ ਫਿਰ ਰਹੀ ਸੀ। ਜਦੋਂ ਦਾ ਇਕ ਖਾਲੀ ਕਮਰੇ ਵਿਚ 'ਕਾਂਡ' ਹੋਇਆ, ਪ੍ਰਿੰਸੀਪਲ ਨੇ ਸਖ਼ਤੀ ਵਰਤੀ ਹੈ। ਕਮਰਿਆਂ ਵਿਚ ਸੀ.ਸੀ. ਕੈਮਰੇ ਲਗਵਾਏ, ਉਹ ਮੁੰਡੀਰ ਖਰਾਬ ਕਰ ਦਿੰਦੀ। ਹੁਣ ਪ੍ਰੋਫ਼ੈਸਰਾਂ ਦੀ ਡਿਊਟੀ ਲੱਗਦੀ, ਖਾਲੀ ਕਮਰਿਆਂ ਵਿਚ ਨਿਗਾਹ ਮਾਰਨ। ਪ੍ਰੋ.ਨਿਸ਼ਾ ਸਾਡੇ ਪਿੱਛੇ ਆ ਖੜ੍ਹੀ, ਝਿੜਕ ਕੇ ਬੋਲੀ, "ਗੈੱਟ ਅਪ... ਸ਼ਰਮ ਆਉਣੀ ਚਾਹੀਦੀ ਆ। ਤੁਸੀਂ ਕਮਰੇ ਵਿਚ ਕੀ ਕਰ ਰਹੇ ਓ?"*

*ਕਾਜਲ ਘਬਰਾ ਗਈ, ਕਹਿਣ ਲੱਗੀ, "ਸੌਰੀ ਮੈਡਮ ਜੀ। ਅਸੀਂ ਤਾਂ... ਅਸੀਂ...।"*

*-"ਗੈੱਟ ਅਪ, ਚੱਲੋ ਪ੍ਰਿੰਸੀਪਲ ਸਰ ਕੋਲ਼।"*

*-"ਮੈਡਮ ਸੌਰੀ... ਪਲੀਜ਼... ਸੌਰੀ।" ਉਹ ਰੋਣਹਾਕੀ ਹੋ ਗਈ।*

*-"ਮੈਡਮ ਵੈਸੇ ਹੀ ਗੱਲਾਂ ਕਰ ਰਹੇ ਸੀ। ਗੱਲਾਂ ਕਰਨਾ ਕੋਈ ਗੁਨਾਹ ਨਹੀਂ।" ਮੈਂ ਕਿਹਾ।*

*-"ਯੈੱਸ 'ਵੈਸੇ ਹੀ' ਬੈਠਿਆਂ ਨੂੰ ਮੈਂ ਦੇਖਿਆ। ਕੋਈ ਜੁਰਮ ਨਹੀਂ। ਤੁਹਾਡੇ ਮਾਪੇ ਇਹੀ ਕੁਝ ਕਰਨ ਤਾਂ ਏਥੇ ਭੇਜਦੇ ਨੇ।" ਮੈਡਮ ਵਿਅੰਗ ਕਸਦੀ ਹੈ।*

*-"ਜੇ ਤੁਸੀਂ ਆਪਣੇ ਭਰਾ ਨਾਲ ਬੈਠੇ ਗੱਲਾਂ ਕਰ ਰਹੇ ਹੋਵੋ। ਜਿਹੜੇ ਲੋਕ ਥੋਨੂੰ ਜਾਣਦੇ ਨੀ। ਉਹ ਤਾਂ ਗ਼ਲਤ ਹੀ ਸੋਚਣਗੇ/ਸਮਝਣਗੇ। ਜਿਵੇਂ ਤੁਸੀਂ ਸਾਨੂੰ ਦੇਖਕੇ।" ਮੈਂ ਦਲੀਲਾਂ ਦੇਣ ਲੱਗਿਆ।*

*ਭਰਾ ਵਾਲੀ ਗੱਲ ਮੈਡਮ ਦੇ ਲੜ ਗਈ, "ਗੈੱਟ ਅਪ ਆਪਣੇ ਭਰਾ ਨਾਲ ਕਿਵੇਂ ਬੈਠੀਦਾ ਮੈਨੂੰ ਪਤਾ। ਤੈਨੂੰ ਆਪਣੇ ਪ੍ਰੋਫ਼ੈਸਰ ਨਾਲ ਗੁਰੂ ਨਾਲ ਗੱਲ ਕਰਨ ਦੀ ਤਮੀਜ਼ ਨਹੀਂ।"*

*-"ਸੋ ਫਨੀ... ਗੁਰੂ... ਤੁਸੀਂ ਦੁਕਾਨਦਾਰ ਓ। ਮੈਨੂੰ ਪਤਾ ਦੁਕਾਨਦਾਰ ਨਾਲ ਕਿਵੇਂ ਗੱਲ ਕਰਨੀ ਆ। ਪੈਸੇ ਦਿੰਨੇ ਆਂ ਗਜ ਪੜਵਾਉਨੇ ਆਂ...।"*

*ਮੈਡਮ ਦੋਵਾਂ ਦੇ ਨਾਮ ਨੋਟ ਕਰਕੇ ਪੈਰ ਪਟਕਦੀ ਚਲੀ ਗਈ। ਪ੍ਰਿੰਸੀਪਲ ਨੇ ਅਨੁਸ਼ਾਸਨੀ ਕਮੇਟੀ ਬਣਾਈ ਹੋਈ ਸੀ। ਕਮੇਟੀ ਨੇ ਦੋਵਾਂ ਨੂੰ ਕਾਲਿਜ ਵਿੱਚੋਂ ਕੱਢ ਦਿੱਤਾ।*

0 0 0

ਡਾਇਰੀ ਦਾ ਇਹ ਪੰਨਾ ਪੜ੍ਹਕੇ ਮੇਰੇ ਯਾਦ ਆਇਆ।

ਇੰਦਰ ਕਈ ਦਿਨ ਕਾਲਿਜ ਨਾ ਗਿਆ। ਹਰ ਵੇਲੇ ਮੁਬਾਈਲ 'ਤੇ ਲੱਗਿਆ ਰਹਿੰਦਾ। ਕੋਈ ਗੱਲ ਵੀ ਨਾ ਦੱਸਦਾ। ਉਹਦਾ ਡੈਡੀ ਕਾਲਿਜ ਜਾ ਕੇ ਸਭ ਕੁਝ ਪਤਾ ਕਰ ਆਇਆ। ਕਾਲਿਜ ਕਮੇਟੀ ਦੇ ਪ੍ਰਧਾਨ ਨਾਲ ਮਿਲ ਕੇ ਮਾਮਲਾ ਸੁਲਝਾਅ ਵੀ ਆਇਆ। ਆ ਕੇ ਇੰਦਰ ਨਾਲ ਗਰਮ ਹੋ ਗਿਆ, "ਮੁਬਾਈਲ ਦਾ ਖਹਿੜਾ ਛੱਡਦੇ। ਇਹਦੇ 'ਚੋਂ ਦੁੱਧ ਨਿਕਲਦਾ? ਮੇਰਾ ਬਾਪੂ ਕਹਿੰਦਾ ਹੁੰਦਾ, ਜੇ ਥੋਡੇ ਕੋਲ ਪੈਸੇ ਨੇ ਢਹੇ ਹੋਏ ਮਕਾਨ ਵਿਚ ਗੁਜ਼ਾਰਾ ਕਰਲੋ, ਪਰ ਜ਼ਮੀਨ ਖ਼ਰੀਦ ਲੋ। ਉੱਥੋਂ

ਚਾਰ ਪੈਸੇ ਆਉਣਗੇ। ਅਸੀਂ ਕਮਾਈ ਲਾ ਤੀ ਜਿੱਥੋਂ ਦੁਆਨੀ ਨੀ ਮੁੜਨੀ। ਲੱਖਾਂ ਰੁਪਈਆਂ ਤੇਰੀ ਪੜ੍ਹਾਈ 'ਤੇ ਖਰਚਤਾ। ਤੈਂ ਪੜ੍ਹਾਈ 'ਚੋਂ ਕੀ ਸਿੱਖਿਆ, ਬੱਸ ਇਹੀ ਨਾ ਬਈ ਮਾਂ-ਪਿਉ ਦਾ ਖ਼ੂਨ ਕਿਵੇਂ ਸਾੜਨਾ। ਕੱਲ੍ਹ ਤੋਂ ਕਾਲਿਜ ਜਾਹ। ਮੈਨੂੰ ਕੁੱਛ ਬਣਕੇ ਦਿਖਾ...।"

ਇੰਦਰ ਰੁੱਸ ਕੇ ਆਪਣੇ ਕਮਰੇ 'ਚ ਜਾ ਬੈਠਾ। ਥਾੜ ਕਰਦਾ ਦਰਵਾਜ਼ਾ ਵੱਜਿਆ। ਉਹਦਾ ਡੈਡੀ ਮੈਨੂੰ ਕਹਿੰਦਾ, "ਸਮਝਾ ਅਬਦੇ ਲਾਡਲੇ ਨੂੰ।" ਮੈਂ ਉਹਦੇ ਮਗਰ ਕਮਰੇ 'ਚ ਗਈ। ਪਿਆਰ ਨਾਲ ਕਿਹਾ, "ਇੰਦਰਪ੍ਰੀਤ ਪੁੱਤ ਰਾਜੇ ਦੀ ਘੋੜੀ ਕਦ ਸੁਊਗੀ?"

-"ਮੰਮੀ ਕਦੇ ਵੀ ਨੀ।"

-"ਪੁੱਤ ਬਣਕੇ ਪੜ੍ਹਾਈ ਪੂਰੀ ਕਰ।"

-"ਮੰਮੀ ਪੜ੍ਹਾਈ-ਪੜ੍ਹਾਈ ਦਾ ਕੋਈ ਫਾਇਦਾ ਨੀ। ਸਭ ਫ਼ਜ਼ੂਲ ਆ।"

-"ਚੱਲ ਮੇਰੇ ਕਹੇ 'ਤੇ ਕੱਲ ਕਾਲਿਜ ਜਾਈਂ।"

ਉਹਨੇ ਸਾਲ ਪੂਰਾ ਕਰ ਲਿਆ। ਆ ਕੇ ਕਹਿੰਦਾ, "ਹੁਣ ਦੱਸ ਕੀ ਕਰਾਂ?"

-"ਨੈੱਟ ਪਾਸ ਕਰ ਲਾ।"

ਉਹਨੇ ਨੈੱਟ ਪਾਸ ਕਰ ਲਿਆ। ਫਿਰ ਆ ਕੇ ਮੈਨੂੰ ਪੁੱਛਿਆ।

-"ਦੱਸ ਹੁਣ ਕੀ ਕਰਾਂ?"

ਅਲਾਦੀਨ ਦੇ ਚਿਰਾਗ ਵਿਚੋਂ ਨਿੱਕਲੇ ਜਿੰਨ ਵਾਂਗ ਜਿਹੜਾ ਕੰਮ ਅਸੀਂ ਦੱਸਦੇ ਪੂਰਾ ਕਰ ਲੈਂਦਾ, ਫਿਰ ਸਾਡੇ ਅੱਗੇ ਆ ਖੜ੍ਹਦਾ।

-ਦੱਸੋ, ਹੁਣ ਕੀ ਕਰਾਂ?

0 0 0

**ਡਾਇਰੀ ਦਾ ਅਗਲਾ ਪੰਨਾ**

*ਕਾਜਲ ਨੂੰ ਬਹੁਤ ਮੈਸਿਜ, ਫ਼ੋਨ ਕੀਤੇ। ਉਹਨੇ ਫ਼ੋਨ ਨਹੀਂ ਚੱਕਿਆ। ...ਮੈਂ ਦੇਖ ਰਿਹਾਂ ਸਾਰੇ ਰਿਸ਼ਤੇ ਆਰਥਿਕ ਨੇ। ਮੇਰੇ ਸਾਰੇ ਸੁਪਨਿਆਂ ਦੇ ਮਹਿਲ ਐਂ ਢਹਿ ਗਏ, ਜਿਵੇਂ ਤਾਸ਼ ਦੇ ਪੱਤਿਆਂ ਦੇ ਮਹਿਲ ਢਹਿ ਜਾਂਦੇ ਨੇ।*

*ਕਿਤੇ ਵੀ ਜੀਅ ਨਹੀਂ ਲੱਗਦਾ, ਜੀਅ ਕਰਦਾ ਮੌਤ ਰਾਣੀ ਨੂੰ ਗਲ਼ੇ ਲਗਾ ਲਵਾਂ। ਕੁੱਛ ਨੀ ਇਸ ਦੁਨੀਆ 'ਤੇ। ਦੇਖਣ ਵਾਲਾ ਕਹੂਗਾ ਇੰਦਰ ਬਹੁਤ ਸਹਿਜ ਆ। ਮੇਰੇ ਅੰਦਰ ਉੱਠਦੇ ਜਵਾਰ ਭਾਟੇ ਕੀਹਨੂੰ ਦਿਸਦੇ ਨੇ। ਮੈਂ ਬਜ਼ਦਿਲ ਨਹੀਂ। ਘਰ ਕਿਸੇ ਚੀਜ਼ ਦਾ ਘਾਟਾ ਨਹੀਂ। ਪਲੱਸ ਵੰਨ ਤਕ ਟੌਪਰ ਰਿਹਾ ਹਾਂ। ਕਿਸੇ ਨੂੰ ਅੱਗੇ ਨਹੀਂ ਲੰਘਣ ਦਿੱਤਾ। ਹੁਣ ਦੁਨੀਆ ਬਹੁਤ ਅੱਗੇ ਲੰਘ ਗਈ। ਮੈਂ ਸਭ ਤੋਂ ਫਾਡੀ ਰਹਿ ਕੇ ਜਿਉਂ ਨੀ ਸਕਦਾ। ਇਕ ਦੌੜ ਲੱਗੀ ਹੋਈ ਆ। ਪਤਾ ਨਹੀਂ ਇਹਨਾਂ ਲੋਕਾਂ ਕਿੱਥੇ ਜਾਣਾ। ਤੁਸੀਂ ਇਕ ਮਿੰਟ ਸਾਹ ਲੈਣ ਲਈ ਰੁਕਦੇ ਓ ਪਿੱਛੇ ਰਹਿ ਜਾਂਦੇ ਓ।*

0 0 0

ਇੰਦਰ ਕਾਜਲ ਨੂੰ ਪਿਆਰ ਕਰਦਾ ਸੀ। ਮੈਨੂੰ ਇਸ ਗੱਲ ਦੀ ਸੂਹ ਸੀ। ਇਹਨਾਂ ਦੋਵਾਂ ਦੀ ਸੈਲਫ਼ੀ ਇੰਦਰ ਦੇ ਦੋਸਤ ਨੇ, ਵੱਟਸਐਪ ਗਰੁੱਪ 'ਚ ਭੇਜ ਦਿੱਤੀ। ਕਾਜਲ ਇੰਦਰ ਨਾਲ ਲੜੀ ਸੀ। ਫਿਰ ਉਹ ਉਸ ਨਾਲ ਵਟ ਗਈ। ਇੰਦਰ ਨੇ ਬਥੇਰਾ ਸਮਝਾਇਆ, ਕਿਸੇ ਦੀ ਸ਼ਰਾਰਤ ਆ। ਕਾਜਲ ਕਿਸੇ ਹੋਰ ਮੁੰਡੇ ਨਾਲ ਫਿਰਨ ਲੱਗੀ। ਇੰਦਰ ਤੋਂ ਸਹਿ ਨਾ ਹੋਇਆ। ਦੋਵੇਂ ਇਸ ਗੱਲ 'ਤੇ ਲੜ ਪਏ। ਇੰਦਰ ਨੇ ਕਾਜਲ ਦੇ ਥੱਪੜ ਮਾਰਿਆ, ਉਹਨੇ ਇੰਦਰ ਦੇ ਥੱਪੜ ਜੜ ਦਿੱਤਾ। ਇੰਦਰ ਉਹਦੇ ਬਿਨਾਂ ਸਾਰਦਾ ਨਹੀਂ ਸੀ।

ਜੇ ਪਤਾ ਹੁੰਦਾ ਇੰਦਰ ਐਂ ਕਰਜੂ, ਮੈਂ ਕਾਜਲ ਦੇ ਬਾਪੂ ਅੱਗੇ ਝੋਲੀ ਅੱਡ ਕੇ ਰਿਸ਼ਤਾ ਮੰਗ ਲੈਂਦੀ। ਜਿੰਨਾ ਉਹ ਸੁਨੱਖਾ ਸੀ ਕੁੜੀਆਂ ਦੀਆਂ ਲਾਈਨਾਂ ਲਾ ਦਿੰਦੀ।

0 0 0

**ਡਾਇਰੀ ਦਾ ਅਗਲਾ ਪੰਨਾ**

*ਅਜੀਬ ਕਿਸਮ ਦੀ ਬੇਚੈਨੀ ਆ। ਏ.ਸੀ. ਕਮਰੇ 'ਚ ਭਿੱਜਿਆ ਪਿਆਂ। ਪੱਤੇ ਵਿਚੋਂ ਕੈਪਸੂਲ ਕੱਢ ਕੇ ਖਾ ਲਿਆ। ਪੱਤਾ ਲੁਕੋ ਦਿੱਤਾ। ਜਦੋਂ ਪੜ੍ਹਾਈ ਦਾ ਤੇ ਹੋਰ ਗੱਲਾਂ ਦਾ ਦਿਮਾਗ਼ 'ਤੇ ਵਜ਼ਨ ਹੁੰਦਾ ਤਾਂ ਇਹ ਖਾ ਕੇ ਰਿਲੈਕਸ ਹੋ ਜਾਂਦਾ ਹਾਂ। ਲਾਈਟ ਬੰਦ ਨਹੀਂ ਕੀਤੀ, ਜੇ ਬੰਦ ਕਰਦਾਂ ਤਾਂ ਦਮ ਘੁੱਟਣ ਲੱਗਦਾ। ਮੁਬਾਈਲ ਚੱਕ ਕੇ ਬੈੱਡ 'ਤੇ ਪੈ ਗਿਆ।*

*ਏਨੀ ਰਾਤ ਲਾਈਟ ਜਗਦੀ ਦੇਖ ਮੰਮੀ ਮੇਰੇ ਕਮਰੇ ਵਿਚ ਆਏ। ਉਹਨਾਂ ਦੇ ਆਉਣ ਦੀ ਬਿੜਕ ਸੁਣਦੇ ਮੈਂ ਮੁਬਾਈਲ ਰੱਖਕੇ ਸਿਹਰਾਣੇ ਪਈ ਕਿਤਾਬ ਖੋਲ੍ਹ ਲਈ। ਮੰਮੀ ਮੇਰੇ ਹੱਥ 'ਚ ਮੁਬਾਈਲ ਦੇਖ ਤਪ ਜਾਂਦੇ ਨੇ, ਕਿਤਾਬ ਦੇਖ ਖਿੜ ਜਾਂਦੇ ਨੇ।*

*"ਗੁੱਡ ਬੱਚਾ ਪੜ੍ਹ ਰਿਹਾ।" ਉਹ ਸਿਰਹਾਣੇ ਆ ਬੈਠੇ।*

*ਮੇਰਾ ਸਿਰ ਗੋਦੀ 'ਚ ਰੱਖਕੇ ਵਾਲ਼ਾਂ 'ਚ ਹੱਥ ਫੇਰਦੇ ਗੱਲਾਂ ਮਾਰਦੇ ਰਹੇ। ਆਈ.ਏ.ਐੱਸ., ਪੀ.ਸੀ.ਐੱਸ. ਬਣਨ ਦੀਆਂ ਸਲਾਹਾਂ ਦਿੰਦੇ ਰਹੇ। ਜਾਣ ਲੱਗੇ ਕਹਿੰਦੇ, "ਲਾਈਟ ਬੰਦ ਕਰਕੇ ਸੌਂ ਜੀ। ਚਾਨਣ 'ਚ ਨੀਂਦ ਨੀ ਆਉਂਦੀ।"*

*ਮੈਂ ਸੱਤ ਬਚਨ ਕਹਿ ਦਿੱਤਾ। ਹਨੇਰੇ ਮੈਨੂੰ ਸੌਣ ਨੀ ਦਿੰਦੇ। ਮੇਰੇ ਅੱਗੇ ਹਨੇਰਾ ਹੀ ਹਨੇਰਾ ਹੈ।*

0 0 0

ਇਕ ਦਿਨ ਇੰਦਰ ਆ ਕੇ ਪੁੱਛਦਾ, "ਦੱਸੋ ਹੁਣ ਕੀ ਕਰਾਂ?"

ਅਸੀਂ ਵੀ ਕੀ ਦੱਸਦੇ। ਬਥੇਰੀ ਨੱਠ ਭੱਜ ਕੀਤੀ। ਨੌਕਰੀ ਕਿੱਥੇ ਮਿਲਦੀ ਆ। ਅਸੀਂ ਸੋਚਦੇ ਏਨਾ ਪੜ੍ਹਕੇ ਹੁਣ ਭੁੱਖਾ ਮਰੂ। ਅਸਟ੍ਰੇਲੀਆ, ਕਨੇਡਾ ਵਰਗੇ ਮੁਲਖ ਵਿਚ ਨਿੱਕਲਜੇ, ਅਬਦਾ ਕਮਾਊ-ਖਾਊ। ਉਹਨੇ ਜਿੰਨੀ ਵਾਰ ਆਈਲੈੱਟ ਦਾ ਪੇਪਰ ਦਿੱਤਾ ਹਰ ਵਾਰੀ ਬੈਂਡ ਘਟ ਜਾਂਦੇ। "ਅੰਗਰੇਜ਼ੀ ਸਕੂਲ 'ਚ ਪੜ੍ਹਿਆ ਆਹ ਲੱਲ੍ਹਰ ਲਾ ਰਿਹਾ", ਉਹਦਾ ਡੈਡੀ ਬੋਲਿਆ। ਮੈਂ ਜਾਣਦੀ ਆਂ ਉਹ ਜਾਣ-ਬੁੱਝ ਕੇ ਆਈਲੈੱਟ ਨਹੀਂ ਕਰਨਾ ਚਾਹੁੰਦਾ ਸੀ। ਉਹ ਬਾਹਰ ਜਾ ਕੇ ਰਾਜ਼ੀ ਨਹੀਂ ਸੀ।ਅਸੀਂ ਬੈਂਡਾਂ ਵਾਲੀ ਕੁੜੀ ਲੱਭ ਰਹੇ ਸੀ। ਸੋਚਿਆ ਜਿੱਥੇ ਇਹਦੀ ਪੜ੍ਹਾਈ 'ਤੇ ਲੱਖਾਂ ਖਰਚਿਆ, ਕੁੜੀ ਦੀ ਪੜ੍ਹਾਈ ਦਾ ਖਰਚਾ ਵੀ ਸਹਿ ਲਵਾਂਗੇ। ਉਹ ਜਾਣੇ। ਟੇਲੈਂਟ ਦੀ ਭਾਰਤ ਵਿਚ ਕਦਰ ਨੀ। ਇੰਜੀਨੀਅਰ ਕੀਤੀ ਖੂਹ ਵਿਚ ਪੈ ਗਈ।

0 0 0

**ਡਾਇਰੀ ਦਾ ਅਗਲਾ ਪੰਨਾ**

*ਗੱਲ ਤਾਂ ਕੁਝ ਵੀ ਨੀ ਸੀ ਉਂਝ ਹੀ ਜੀਅ ਕਰ ਆਇਆ। ਪੂਰਾ ਟਿੱਪ-ਟਾਪ, ਰਾਇਬਨ ਦੀਆਂ ਐਨਕਾਂ, ਵਾਲ਼ ਜੈੱਲ ਲਾ ਕੇ ਖੜ੍ਹੇ ਕੀਤੇ ਹੋਏ, ਬੁਲਟ 'ਤੇ ਕਾਲਿਜ ਜਾ ਰਿਹਾਂ। ਕੁੜੀਆਂ ਦੀ ਕਾਰ ਅੱਗੇ ਲੰਘੀ, ਮੈਂ ਰੇਸ ਦੇ ਦਿੱਤੀ, ਲੰਘਣ ਨਹੀਂ ਦੇਣੀ, ਫੁੱਲ ਸਪੀਡ 'ਤੇ ਬੁਲਟ ਭਜਾ ਲਿਆ। ਫਿਰ ਚਲੇ ਜਾਂਦੇ ਇਕ ਪਾਸੇ ਲੱਤਾਂ ਕਰਕੇ ਬੈਠ ਗਿਆ। ਫੋਨ ਆ ਗਿਆ ਦੋਵੇਂ ਹੱਥ ਛੱਡਕੇ ਫੋਨ ਸੁਣਨ ਲੱਗਾ। ਸੜਕ ਉੱਤੇ ਜਾਂਦੇ ਲੋਕ ਮੇਰੇ ਸਟੰਟ ਦੇਖ ਹੈਰਾਨ ਹੋ ਰਹੇ ਸੀ। ਸ਼ਾਇਦ ਸੋਚ ਰਹੇ ਨੇ, 'ਇਹ ਮਰੂ।' ਪਰ ਜੱਟ ਮਰਦਾ ਕਿੱਥੇ ਆ। ਪੂਰੀ ਸੜਕ ਦਾ ਧਿਆਨ ਮੇਰੇ ਵੱਲ ਹੈ। ਬੁਲਟ ਦੀ ਸੀਟ 'ਤੇ ਖੜ੍ਹਾ ਹੋ ਕੇ ਫੋਨ ਸੁਣਨ ਲੱਗਾ। ਹੈਰਾਨ ਹੋਏ ਲੋਕਾਂ ਵੱਲ ਇਸ ਤਰ੍ਹਾਂ ਵਿਵਹਾਰ ਕਰ ਰਿਹਾਂ ਜਿਵੇਂ ਕਹਿ ਰਿਹਾ ਹੋਵਾਂ, ਮੈਨੂੰ ਥੋੜੀ ਪਰਵਾਹ ਨਹੀਂ। ਕੁੜੀਆਂ ਦੀ ਕਾਰ ਵੱਲ ਇਸ਼ਾਰਾ ਕਰ ਕੇ ਪੁੱਛਿਆ, 'ਦੱਸੋ ਹੋਰ ਕੀ ਕਰਾਂ?' ਅਚਾਨਕ ਇਕ ਹੋਰ ਸਟੰਟ ਸੁਝਿਆ। ਬੁਲਟ ਦਾ ਪਿਛਲਾ ਟਾਇਰ ਉਤਾਂਹ ਚੱਕ ਲਿਆ। ਕਮਾਲ ਦੀ ਪ੍ਰਫਾਰਮੈਂਸ ਸੀ। ਅਚਾਨਕ ਸੰਤੁਲਨ ਗਵਾ ਬੈਠਾ, ਬੁਲਟ ਸਲਿੱਪ ਹੋ ਗਿਆ। ਉਹਦੇ ਨਾਲ ਮੈਂ ਵੀ ਲੋਟਪੋਟਣੀਆਂ ਖਾਂਦਾ ਦੂਰ ਤਕ ਚਲਿਆ ਗਿਆ। ਭੱਜੀ ਜਾਂਦੀ ਸੜਕ ਉੱਤੇ ਆਵਾਜਾਈ ਇਕਦਮ ਰੁਕ ਗਈ। ਸ਼ੁਕਰ ਏ ਮੇਰਾ ਸਿਰ ਸੜਕ ਉੱਤੇ ਨਹੀਂ ਵੱਜਿਆ। ਖੇਡ ਖ਼ਤਮ ਹੋ ਜਾਣੀ ਸੀ। ਜੇ ਖ਼ਤਮ ਹੋ ਜਾਂਦੀ ਫਿਰ ਕਿਹੜਾ ਪਰਲੋ ਆ ਜਾਣੀ ਸੀ।*

*ਸਰੀਰ 'ਤੇ ਰਗੜਾਂ ਲੱਗੀਆਂ। ਪੈਂਟ ਦਾ ਗੋਡਾ ਫਟ ਗਿਆ। ਤੱਤੇ ਘਹ ਉੱਠਿਆ, ਬੁਲਟ ਨੂੰ ਸੜਕ 'ਤੇ ਇਕ ਪਾਸੇ ਕੀਤਾ। ਸਟੈਂਡ ਉੱਤੇ ਲਾ ਕੇ ਇਕ ਪਾਸੇ ਬੈਠ ਗਿਆ। ਸੜਕ ਉਵੇਂ ਫਿਰ ਭੱਜਣ ਲੱਗੀ। ਹੀਰੋ ਤੋਂ ਜ਼ੀਰੋ ਬਣਿਆ ਸੋਚਣ ਲੱਗਾ ਘਰੇ ਕੀ ਦੱਸੂੰਗਾ। ...ਇਹੀ ਹਾਲ ਮੇਰੀ ਪੜ੍ਹਾਈ ਤੋਂ ਬਾਅਦ ਦੀ ਜ਼ਿੰਦਗੀ ਅਤੇ ਹੋਰ ਪ੍ਰਜੈਕਟਾਂ ਦਾ, ਸਾਰਾ ਕੁਝ ਜਿਵੇਂ ਸੜਕ ਉੱਤੇ ਘਿਸਰਦਾ ਜਾ ਰਿਹਾ ਹੋਵੇ। ਜਿਵੇਂ ਪਹਾੜਾਂ ਦੀ ਟੀਸੀ ਤੋਂ ਬੰਦਾ ਡਿੱਗ ਪਵੇ ਕੁਝ ਵੀ ਨਾ ਬਚੇ।*

*ਚਾਹੁੰਦਾ ਸਾਂ ਖੇਡ-ਖਤਮ ਹੋ ਜਾਏ।*

0 0 0

ਓਦਣ ਆਥਣੇ, ਉਹਦਾ ਡੈਡੀ ਘਰ ਆਇਆ। ਉਹਦੇ ਦੁਆਲੇ ਹੋ ਗਿਆ। ਕਹਿੰਦਾ, "ਡੈਡੀ ਪੰਜਾਹ ਹਜ਼ਾਰ ਰੁਪਈਆ ਚਾਹੀਦਾ।"

-"ਕੀ ਕਰਨਾ?" ਉਹਦਾ ਡੈਡੀ ਕੁਰਸੀ 'ਤੇ ਬੈਠਦਾ ਬੈਠਦਾ ਉਠ ਖੜ੍ਹਿਆ। ਉਹਦੀ ਜੇਬ 'ਚੋਂ ਪੈਸਾ ਨੀ ਉਹਦੀ ਜਾਨ ਨਿਕਲਦੀ ਆ।

-"ਨਵਾਂ ਸਮਾਰਟ ਫੋਨ ਲੈਣਾ ਐਪਲ ਦਾ।"

ਅਜਿਹੇ ਵੇਲ਼ੇ ਜੁਆਕਾਂ ਨੂੰ ਟਾਲ਼ਿਆ ਹੀ ਜਾ ਸਕਦਾ, "ਕੋਈ ਨਾ ਲੈ ਲੀਂ, ਇਕ ਦੋ ਦਿਨਾਂ ਨੂੰ।"

-"ਸਵੇਰੇ ਹੀ ਚਾਹੀਦੇ ਨੇ। ਬਹੁਤ ਜ਼ਰੂਰੀ ਨੇ।"

-"ਕਿਹੜਾ ਕਾਗ਼ਜ਼ ਦੇ ਟੁਕੜੇ ਨੇ ਬਈ ਇਕੱਠੇ ਕਰਲਾਂਗੇ। ਰੁਪਈਏ ਨੇ, ਇੰਤਜ਼ਾਮ ਕਰਨਾ ਪੈਣਾ। ਮੁਬਾਈਲ ਤਾਂ ਤੂੰ ਹੁਣੇ ਨਵਾਂ ਲਿਆ। ਕੁਝ ਬਣਕੇ ਦਿਖਾ। ਜ਼ਿੰਦਗੀ ਜਿਉਂ ਕੇ ਦਿਖਾ। ਕਿੰਨਾ ਕੁ ਚਿਰ ਸਾਡੇ ਹੱਥਾਂ ਵੱਲ ਦੇਖੀ ਜਾਏਂਗਾ।"

-"ਤੁਸੀਂ ਸਿੱਧਾ ਜੁਆਬ ਦੇ ਦੋ। ਜੇ ਕੱਲ੍ਹ ਤੱਕ ਨਾ ਦਿੱਤੇ 'ਦੇਖੂੰ ਥੋਨੂੰ'।" ਉਹ ਗ਼ੁੱਸੇ 'ਚ ਲਾਲ ਹੋ ਗਿਆ। 'ਦੇਖੂੰ ਥੋਨੂੰ' ਦਾ ਮਤਲਬ ਸੀ ਹੁਣ ਕਈ ਦਿਨ ਰੁੱਸਿਆ ਰਹੂ। ਗੱਲ-ਗੱਲ 'ਤੇ ਲੜੂ-ਲੜੂ ਕਰੂ।

ਕੀ ਪਤਾ ਸੀ ਐਂ ਮਾਰਕੇ ਸਿੱਟਜੂ।

ਸਵੇਰੇ ਉੱਠਕੇ ਮੈਂ ਰਸੋਈ 'ਚ ਜਾ ਵੜੀ। ਉਹਦਾ ਡੈਡੀ ਉੱਠਿਆ, ਇੰਦਰ ਦੇ ਕਮਰੇ 'ਚ ਗਿਆ। ਉਹਦੇ ਪੈਰਾਂ ਹੇਠੋਂ ਜ਼ਮੀਨ ਖਿਸਕਗੀ। ਉਹ ਪੱਖੇ ਨਾਲ ਲਟਕੇ। ਉਹਨੂੰ ਝੱਟ ਲਾਹ ਕੇ ਮੰਜੇ 'ਤੇ ਪਾਇਆ। ਅਜੇ ਗਰਮ ਹੀ ਪਿਆ। ਡਾਕਟਰ ਨੂੰ ਫੋਨ ਕੀਤਾ। ਮੈਨੂੰ ਹਾਕ ਮਾਰੀ, ਹਾਕ ਨਹੀਂ ਲੇਰ ਮਾਰੀ। ਮੇਰਾ ਮੱਥਾ ਠਣਕਿਆ। ਪਰ ਇਹ ਨੀ ਸੀ ਸੋਚਿਆ। ਭੱਜੀ ਗਈ। ਇੰਦਰਪ੍ਰੀਤ ਮੰਜੇ 'ਤੇ ਪਿਆ। ਰੰਗ ਪੀਲ਼ਾ ਹੋਇਆ ਪਿਆ।

ਇਹ ਕਹਿੰਦੇ, "ਦੇਖਲਾ ਤੇਰਾ ਲਾਡਲਾ।"

ਮੈਨੂੰ ਗਸ਼ੀ ਪੈ ਗਈ। ਡਾਕਟਰ ਆ ਕੇ ਟੀਕੇ ਲਾ ਗਿਆ। ਜਦ ਹੋਸ਼ ਆਈ, ਇੰਦਰੂ ਦੇ ਮੰਜੇ ਦਾ ਪਾਵਾ ਫੜਕੇ ਬੈਠ ਗਈ। "ਪੁੱਤ ਹੁਣ ਸਾਰੀ ਉਮਰ ਉੱਠਣ ਜੋਗਾ ਨੀ ਛੱਡਿਆ।"

ਬੁੜ੍ਹੀਆਂ ਕਹੀ ਜਾਣ, "ਨੀ ਤੂੰ ਜਮਾ ਨੀ ਰੋਈ। ਤੇਰਾ ਮਨ ਪੱਥਰ ਹੋ ਗਿਆ। ਤੂੰ ਰੋ ਲਾ, ਕਮਲ਼ੀ ਹੋਜੇਂਗੀ।"

ਕਮਲ਼ੀ ਤਾਂ ਹਾਂ ਹੀ, ਜੇ ਸਿਆਣੀ ਹੁੰਦੀ, ਐਂ ਜੁਆਨ ਪੁੱਤ ਨੂੰ ਮਰਨ ਦਿੰਦੀ।

ਗੱਲ ਪੁਲਿਸ ਤਕ ਨਾ ਪਹੁੰਚੇ। ਉਹਦੀ ਮਿੱਟੀ ਨਾ ਰੁਲ਼ੇ। ਹਾਰਟ-ਅਟੈਕ ਹੋ ਗਿਆ ਕਹਿਕੇ, ਸਵੇਰੇ ਹੀ ਦਾਗ ਲਾ ਦਿੱਤਾ।

ਉਦੋਂ ਲੱਗਦਾ ਸੀ ਹੁਣ ਨੀ ਬਚਦੀ।

ਪਰ ਮੌਤ ਵੀ ਨੀ ਆਉਂਦੀ।

ਉਹਦਾ ਪੀਲ਼ਾ ਭੂਕ ਚਿਹਰਾ ਮੰਜੇ ਉੱਤੇ ਪਿਆ ਅੱਖਾਂ ਅੱਗਿਉਂ ਨਹੀਂ ਜਾਂਦਾ, ਜਿਵੇਂ ਕਹਿ ਰਿਹਾ ਹੋਵੇ, "ਲੈ ਆਹ ਵੀ ਕਰ ਲਿਆ। ਹੋਰ ਦੱਸੋ ਕੀ ਕਰਾਂ?"

ਖਬਰਾ ਉਹਨੇ ਪੈਸੇ ਕੀ ਕਰਨੇ ਸੀ। ਕੀਹਨੂੰ ਦੇਣੇ ਸੀ।

0 0 0

ਘਰ ਵਿਚ ਬਹੁਤ ਸ਼ੌਂਕ ਨਾਲ ਲਾਏ ਰੁੱਖ ਨੂੰ ਇੰਦਰ ਦਾ ਡੈਡੀ ਪਟਾ ਰਿਹਾ। ਹੁਣ ਉਹਦੀ ਕਿਸੇ ਵੀ ਚੀਜ਼ 'ਚ ਬਹੁਤੀ ਰੁਚੀ ਨਹੀਂ ਰਹੀ। ਜਿਵੇਂ ਸਭ ਕੁਝ ਮੁੱਕ-ਮੁਕਾ ਗਿਆ ਹੋਵੇ।

ਸੈਂਸੀਆਂ ਦਾ ਪੱਥਰ ਰੁੱਖ ਵੱਢ ਰਿਹਾ। ਪਿਛਲੇ ਸਾਲ ਉਹਨੇ ਆਤਮ-ਹੱਤਿਆ ਦੀ ਕੋਸ਼ਿਸ਼ ਕੀਤੀ ਸੀ। ਮਿੱਟੀ ਦਾ ਤੇਲ ਛਿੜਕ ਕੇ ਅੱਗ ਲਗਾ ਲਈ। ਲੋਕਾਂ ਨੇ ਬਚਾ ਲਿਆ। ਉਹਦੇ ਮੂੰਹ ਦੇ ਸੱਜੇ ਪਾਸੇ ਜਲ਼ੇ ਹੋਏ ਦੇ ਨਿਸ਼ਾਨ ਨੇ, ਉਹਨਾਂ ਨੂੰ ਦੇਖ ਮਨ ਖ਼ਰਾਬ ਹੁੰਦਾ। ਲੋਕ ਕਹਿੰਦੇ ਨੇ ਉਹਨੇ ਘਰ ਦੀ ਮੰਦਹਾਲੀ ਤੇ ਕਲੇਸ ਤੋਂ ਤੰਗ ਆ ਕੇ ਇਹ ਕੰਮ ਕੀਤਾ।

ਮੈਂ ਪੱਥਰ ਨੂੰ ਪੁੱਛਿਆ, "ਤੈਨੂੰ ਪੱਥਰ ਕਿਉਂ ਕਹਿੰਦੇ ਨੇ?"

-"ਨਾਉਂ ਆ ਜੀ ਮੇਰਾ। ਛੋਟਾ ਹੁੰਦਾ ਮੈਂ ਪੱਥਰ ਵਰਗਾ ਕੈੜਾ ਸੀ। ਲੋਕ ਪੱਥਰ ਕਹਿਣ ਲੱਗੇ।" ਉਹ ਹੱਸ ਪਿਆ।

"ਤੂੰ ਆਪਣੇ ਆਪ ਨੂੰ ਅੱਗ ਕਿਉਂ ਲਾ ਲਈ", ਮੈਂ ਪੁੱਛਿਆ।

ਪੱਥਰ ਨੇ ਦੋਵੇਂ ਹੱਥਾਂ ਨਾਲ ਕੰਨਾਂ ਦੀਆਂ ਪੇਪੜੀਆਂ ਫੜੀਆਂ, ਆਖਿਆ, "ਮੈਂ ਸਮਾਧਾਂ ਦੀ ਸੇਵਾ ਕਰਦਾਂ, ਬਾਬੇ ਬਾਅਲੇ ਸਖਤ ਨੇ। ਸ਼ਕਤੀ ਆਲ਼ੇ ਨੇ।" ਉਹ ਫਿਰ ਕੰਨਾਂ ਦੀਆਂ ਪੇਪੜੀਆਂ ਫੜ ਕੇ ਭੁੱਲ ਬਖਸ਼ਾਉਣ ਲੱਗਾ। "ਬੱਸ ਜੀ ਅੱਗ ਲੱਗਦੀ ਸਾਰ, ਚਾਨਣ ਹੋ ਗਿਆ, ਮੈਂ ਰੌਲ਼ਾ ਪਾ ਤਾ, ਮੈਨੂੰ ਬਚਾ ਲੋ, ਮੈਥੋਂ ਗ਼ਲਤੀ ਹੋਗੀ।... ਮਿੱਟੀ ਦਾ ਤੇਲ ਤਾਂ ਮੈਂ ਘਰਦਿਆਂ ਨੂੰ ਡਰਾਉਣ ਲਈ ਛਿੜਕ ਲਿਆ ਸੀ...।" ਪੱਥਰ ਮੈਨੂੰ ਦੱਸ ਰਿਹਾ ਸੀ।

-"ਪਰ ਤੂੰ ਇਹ ਕੰਮ ਕੀਤਾ ਕਿਉਂ?" ਮੈਂ ਸਮਝਣਾ ਚਾਹੁੰਦੀ ਸੀ ਐਡੀ ਕੀ ਗੱਲ ਹੁੰਦੀ ਆ, ਬੰਦਾ ਆਪਣੇ-ਆਪ ਨੂੰ ਖ਼ਤਮ ਕਰ ਲੈਂਦਾ।

-"ਬੱਸ ਜੀ ਸਮਾਧਾਂ 'ਤੇ ਕੋਈ ਭੁੱਲ ਹੋਗੀ। ਬਾਅਲ਼ੀ ਪੱਕੀ ਜਗਾ। ਉਹਨਾਂ ਸਜ਼ਾ ਦੇਤੀ। ਇਹੋ ਜੀ ਗ਼ਲਤੀ ਨਾ ਕਰੇ, ਬੰਦਾ ਦੁਨੀਆਂ 'ਤੇ ਬਾਰ-ਬਾਰ ਥੋੜ੍ਹੇ ਆਉਂਦਾ। ਇਹ ਤਾਂ ਹੀਰਾ ਜਨਮ ਅਮੋਲਕ ਆ।" ਪੱਥਰ ਭੋਲ਼ੇ ਭਾਅ ਦੱਸ ਰਿਹਾ ਸੀ।

ਪਤਾ ਨਹੀਂ ਮੈਂ ਕਦੋਂ ਪੱਥਰ ਨੂੰ ਬੁੱਕਲ 'ਚ ਲੈ ਲਿਆ, ਕਿਹਾ "ਪੁੱਤ ਕਿੱਥੋਂ ਸਿੱਖੀਆਂ ਇਹ ਸਿਆਣੀਆਂ ਗੱਲਾਂ।"

ਘਰ ਵੱਢ ਖਾਣ ਨੂੰ ਆਉਂਦਾ, ਘਰ ਦੀ ਹਰ ਸ਼ੈਅ ਇੰਦਰ ਨਾਲ ਜੁੜੀ ਹੋਈ ਆ। ਆਪਣੇ ਹੱਥੀਂ ਉਹਦੇ ਫੁੱਲ ਪਾ ਕੇ ਆਏ ਹਾਂ। ਪਤਾ ਨਹੀਂ ਕਿਉਂ ਲੱਗੀ ਜਾਂਦਾ ਹੁਣੇ ਕਿਧਰੋਂ ਆਵੇਗਾ। ਸਕੂਲ ਜਾਨੀ ਆਂ ਉਥੇ ਵੀ ਮਨ ਨਹੀਂ ਲੱਗਦਾ। ਪੜ੍ਹਾਉਣਾ ਕੁਝ ਹੁੰਦਾ, ਬੱਚਿਆਂ ਨੂੰ ਕੁਝ ਹੋਰ ਦੱਸਣ ਲੱਗਦੀ ਆਂ। ਐਵੇਂ ਹੰਝੂ ਵਗ ਤੁਰਦੇ ਨੇ। ਹੁਣ ਮੈਨੂੰ ਕਿਸੇ ਨੇ ਮੰਮੀ ਆਖ ਨਹੀਂ ਬਲਾਉਣਾ। ਇੰਦਰ ਦਾ ਡੈਡੀ ਮੇਰੇ ਮਨ ਦੀ ਹਾਲਤ ਸਮਝਦਾ, ਕਦੇ ਗੁਰਦੁਆਰੇ, ਕਦੇ ਰਿਸ਼ਤੇਦਾਰੀ 'ਚ, ਕਦੇ ਡਾਕਟਰ ਦੇ ਲੈ ਤੁਰਦਾ। ਉਹਨੇ ਡਾਕਟਰ ਨਾਲ ਗੱਲ ਕੀਤੀ, 'ਅਸੀਂ ਦੁਬਾਰਾ ਇੰਦਰ ਨੂੰ ਲੈਣਾ ਚਾਹੁੰਨੇ ਆ।' ਮੈਂ ਮਨ੍ਹਾ ਕਰ ਦਿੱਤਾ। "ਇਸ ਉਮਰ 'ਚ ਨਹੀਂ। ਜੇ ਰਹਿਣਾ ਹੁੰਦਾ ਉਹੀ ਰਹਿ ਜਾਂਦਾ।"

ਡਾਕਟਰ ਦੇ ਚੱਲੇ ਆਂ। ਹਮੇਸ਼ਾ ਘਰ ਦੀ ਚਾਬੀ ਜਾਣ ਲੱਗੇ ਇਕ ਲੁਕਵੀਂ ਥਾਂ 'ਤੇ ਟੰਗ ਜਾਂਦੇ। ਅਸੀਂ ਦੋਵੇਂ ਜੀਅ ਡਿਊਟੀ 'ਤੇ ਹੁੰਦੇ। ਕਈ ਵਾਰ ਬਾਅਦ ਵਿਚ ਇੰਦਰ ਕਾਲਿਜੋਂ ਮੁੜ ਆਉਂਦਾ। ਉਹ ਕੋਠੀ ਦੇ ਦਰਵਾਜ਼ੇ ਖੋਲ੍ਹ ਲੈਂਦਾ।

ਮੈਂ ਗੱਡੀ ਵਿਚ ਜਾ ਬੈਠੀ। ਇੰਦਰ ਦਾ ਡੈਡੀ ਕੋਠੀ ਦੇ ਦਰਵਾਜ਼ੇ ਬੰਦ ਕਰ ਆਇਆ। ਜਿੰਦਾ ਲਗਾ ਕੇ ਚਾਬੀ ਮੈਨੂੰ ਗੱਡੀ 'ਚ ਬੈਠੀ ਨੂੰ ਫੜਾ ਦਿੱਤੀ।

ਮੈਂ ਗੱਡੀ 'ਚੋਂ ਉਤਰੀ, ਚਾਬੀ ਉਸੇ ਲੁਕਵੀਂ ਥਾਂ 'ਤੇ ਟੰਗ ਆਈ। ਮਨ 'ਚ ਕਿਹਾ, "ਇੰਦਰ ਪੁੱਤ, ਦਰਵਾਜ਼ਾ ਬੰਦ ਦੇਖ ਕੇ ਮੁੜ ਨਾ ਜਾਈਂ। ਅਸੀਂ ਤੈਨੂੰ ਏ ਲੱਭਣ ਚੱਲੇ ਆਂ।" 000

***(ਫੋਨ: 94633-52107 ਈਮੇਲ: jatinderhaans@gmail.com)***

# ਆਲ੍ਹਣਾ: ਕਹਾਣੀ: ਸਿਮਰਨ ਧਾਲੀਵਾਲ

ਰਣਜੋਧ ਵੱਲ ਦੇਖ ਰਹੀ ਹਾਂ।

ਲੱਗਦਾ ਸੌਂ ਗਿਆ ਹੈ। ਪਿਛਲੇ ਕਈ ਦਿਨਾਂ ਤੋਂ ਪੂਰਾ ਘਰ ਜਿਵੇਂ ਬੇਚੈਨ ਹੈ। ਖ਼ੁਦ ਮੈਂ ਵੀ...। ਪਰ ਰਣਜੋਧ ਦੀ ਪ੍ਰੇਸ਼ਾਨੀ ਮੈਥੋਂ ਦੇਖ ਨਹੀਂ ਹੁੰਦੀ। ਲੋਕ ਕਹਿੰਦੇ ਨੇ ਕਿ ਔਰਤ ਦਾ ਦਿਲ ਬੜਾ ਨਾਜ਼ੁਕ ਹੁੰਦਾ। ਪਰ ਮੈਂ ਦਿਲ ਮਜ਼ਬੂਤ ਕਰੀ ਬੈਠੀ ਹਾਂ। ਸਿਰਫ ਇਸ ਲਈ ਕਿ ਮੇਰੇ ਵੱਲ ਦੇਖ ਕੇ ਕਿਤੇ ਰਣਜੋਧ ਡੋਲ ਨਾ ਜਾਵੇ...। ਬਹੁਤ ਭਾਵੁਕ ਹੈ ਉਹ। ਜ਼ਰਾ ਜਿੰਨੀ ਗੱਲ 'ਤੇ ਅੱਖਾਂ ਨਮ ਹੋ ਜਾਂਦੀਆਂ ਨੇ ਉਸਦੀਆਂ।...ਫੇਰ ਇਹ ਤਾਂ ਦੁੱਖ ਹੈ ਵੀ ਬਹੁਤ ਵੱਡਾ...। ਉਸਦੇ ਸਾਹਮਣੇ ਹੁੰਦਿਆਂ ਹੀ ਆਪਣੇ ਅੱਥਰੂ ਪੂੰਝ ਲੈਂਦੀ ਹਾਂ ਮੈਂ। ਹੌਸਲਾ ਦਿੰਦੀ ਹਾਂ ਉਸਨੂੰ। ਸਮਝਾਉਂਦੀ ਹਾਂ। ਬੀਤੇ ਸਮੇਂ ਦੀ ਇਕ ਘਟਨਾ ਦਾ ਜ਼ਿਕਰ ਕਰਦੀ ਹਾਂ।

ਗਰਮੀ ਦੀ ਰੁੱਤ ਸੀ। ਮੈਂ ਤੇ ਰਣਜੋਧ ਬੈਠੇ ਸਾਂ।

ਇਕ ਝੱਖੜ ਜਿਹਾ ਝੁੱਲਿਆ। ਸਾਰਾ ਘਰ ਖੇਹ ਮਿੱਟੀ ਨਾਲ ਭਰਨ ਲੱਗਾ। ਅਸੀਂ ਉਠ ਕੇ ਅੰਦਰ ਚਲੇ ਗਏ। ਰਣਜੋਧ ਨੇ ਸਾਰੇ ਦਰਵਾਜ਼ੇ ਖਿੜਕੀਆਂ ਬੰਦ ਕਰ ਦਿੱਤੇ। ਹਵਾ ਨਾਲ ਆਲ਼ੇ ਦੁਆਲ਼ੇ ਦੇ ਰੁੱਖ ਹਿੱਲਦੇ। ਸੂੰ-ਸੂੰ ਦੀ ਆਵਾਜ਼ ਅਉਂਦੀ। ਹਨ੍ਹੇਰ ਰੁਕੇ ਤੋਂ ਜਦ ਬਾਹਰ ਨਿਕਲੇ, ਵਿਹੜੇ ਵਿਚ ਕਿਸੇ ਪੰਛੀ ਦਾ ਆਲ੍ਹਣਾ ਖਿੰਡਿਆ ਪਿਆ ਸੀ। ਆਲ੍ਹਣੇ ਵਿਚ ਪਏ ਉਸਦੇ ਆਂਡੇ ਚੂਰ ਹੋਏ ਪਏ ਸਨ।

"ਜੋਧ! ਜਦੋਂ ਇਸ ਪੰਛੀ ਨੇ ਆ ਕੇ ਆਪਣਾ ਆਲ੍ਹਣਾ ਦੇਖਿਆ...। ਇਹਨਾਂ ਆਂਡਿਆਂ ਵਿਚ ਬੱਚੇ ਹੋਣੇ ਸੀ ਉਸਦੇ।" ਮੈਂ ਦੇਖਿਆ, ਰਣਜੋਧ ਦੀਆਂ ਅੱਖਾਂ ਦੇ ਕੋਏ ਗਿੱਲੇ ਸਨ।

"ਕੀ ਹੋਇਆ ਰਣਜੋਧ?" ਮੈਂ ਫੇਰ ਪੁੱਛਿਆ।

"ਮੈਥੋਂ ਖਿੰਡਿਆ ਹੋਇਆ ਘਰ ਨਹੀਂ ਦੇਖ ਹੁੰਦਾ...।" ਮੈਨੂੰ ਲੱਗਿਆ ਜਿਵੇਂ ਇਸ ਖਿੰਡੇ ਹੋਏ ਆਲ੍ਹਣੇ ਵਿਚੋਂ ਰਣਜੋਧ ਆਪਣਾ ਖਿੰਡਿਆ ਹੋਇਆ ਘਰ ਦੇਖ ਰਿਹਾ ਹੋਵੇ। ਉਹ ਘਰ ਜਿਸ ਵਿਚ ਉਸਦੇ ਮਾਂ-ਬਾਪ ਸਨ। ਉਸ ਤੋਂ ਵੱਡੀਆਂ ਉਸਦੀਆਂ ਦੋ ਭੈਣਾਂ ਸਨ।...ਤੇ ਭੈਣਾਂ ਦਾ ਲਾਡਲਾ, ਸਾਰਿਆਂ ਤੋਂ ਛੋਟਾ ਰਣਜੋਧ ਜਿਵੇਂ ਉਮਰੋਂ ਪਹਿਲਾਂ ਵੱਡਾ ਹੋ ਗਿਆ ਹੋਵੇ। ਵੱਡਾ ਉਸਨੂੰ ਉਸਦੇ ਬਾਪ ਦੀ ਮੌਤ ਕਰ ਗਈ ਸੀ।

ਘਰ ਦੀ ਪਹਿਲੀ ਥੰਮੀ ਹਿੱਲੀ ਸੀ ਉਦੋਂ।

ਪਰ ਉਸਦੀ ਮਾਂ ਨੇ ਘਰ ਦਾ ਭਾਰ ਜਿਵੇਂ ਖ਼ੁਦ ਥੰਮੀ ਬਣ ਕੇ ਸਹਿ ਲਿਆ ਸੀ। ਦੂਜੀ ਵਾਰ ਉਹ ਘਰ ਉਦੋਂ ਡੋਲਿਆ ਸੀ, ਜਦੋਂ ਉਸਦੀ ਮਾਂ ਵੀ...। ਇਸ ਵਾਰ ਘਰ ਦਾ ਭਾਰ ਸਹਿ ਜਾਣ ਵਾਲਾ ਕੋਈ ਹੋਰ ਨਹੀਂ ਸੀ। ਘਰ ਖਿੰਡ ਗਿਆ ਸੀ ਨਿੱਕੇ ਜਿਹੇ ਰਣਜੋਧ ਦੀਆਂ ਅੱਖਾਂ ਸਾਹਵੇਂ। ਕਿੰਨੇ ਵਰ੍ਹੇ ਰਣਜੋਧ ਨੇ ਵੱਡੀ ਭੈਣ ਕੋਲ ਕੱਟੇ। ਪੜ੍ਹਾਇਆ ਭੈਣ ਨੇ ਤੇ ਵਿਆਹਿਆ ਵੀ ਭੈਣ ਨੇ। ਸੱਸ ਦੀ ਥਾਂ ਰਣਜੋਧ ਦੀ ਵੱਡੀ ਭੈਣ ਨੇ ਸਾਡੇ ਸਿਰੋਂ ਪਾਣੀ ਵਾਰ ਕੇ ਪੀਤਾ ਸੀ।

ਖਿੰਡਿਆ ਹੋਇਆ ਘਰ ਮੁੜ ਬਣਨ ਲੱਗਾ।

ਬਿਲਕੁਲ ਉਸੇ ਤਰ੍ਹਾਂ ਜਿਵੇਂ ਉਸ ਸ਼ਾਮ, ਮੈਂ ਉਸ ਚਿੜੀ ਨੂੰ ਖਿੰਡੇ ਹੋਏ ਆਲ੍ਹਣੇ ਦੇ ਤੀਲੇ ਇਕੱਠਿਆਂ ਕਰਦੇ ਦੇਖਿਆ ਸੀ।

"ਇਹੀ ਜ਼ਿੰਦਗੀ ਹੈ ਰਣਜੋਧ! ਇਕੱਠਿਆਂ ਕਰਨਾ ਪੈਂਦਾ ਹੈ ਖ਼ੁਦ ਨੂੰ।"

ਉਦੋਂ ਆਖਿਆ ਸੀ ਮੈਂ।...ਤੇ ਅੱਜ ਵੀ ਇਹੀ ਆਖ ਰਹੀ ਸਾਂ।

ਸ਼ਾਇਦ ਸਿਰਫ ਆਖ ਹੀ ਰਹੀ ਸਾਂ। ਇਹ ਸ਼ਬਦ ਮੇਰੀ ਬਸ ਜ਼ੁਬਾਨ 'ਤੇ ਸਨ। ਅੰਦਰ ਤਾਂ ਇਕ ਖਲਾਅ ਹੈ ਜਿਵੇਂ। ਮੈਂ ਵੀ ਕਿੱਥੇ ਇਕੱਠਿਆਂ ਕਰ ਪਾਈ ਹਾਂ ਖ਼ੁਦ ਨੂੰ। ਸਭ ਕੁਝ ਖਿੰਡਿਆ-ਖਿੰਡਿਆ ਦਿੱਸਦਾ ਹੈ ਮੈਨੂੰ। ਸਿਰ ਤੋਂ ਪੈਰਾਂ ਤੀਕ ਇਕ ਝਰਨਾਹਟ ਜਿਹੀ ਛਿੜਦੀ ਹੈ। ਬੁਲ੍ਹਾਂ 'ਤੇ ਕੁਝ ਲਫ਼ਜ਼ ਫਰਕਣ ਲੱਗਦੇ ਨੇ। ਧੜਕਣ ਤੇਜ਼ ਚੱਲਣ ਲਗਦੀ ਹੈ ਮੇਰੀ।

ਨੀਂਦ ਦੀ ਗੋਲੀ ਮੱਲੋਜ਼ੋਰੀ ਦਿੱਤੀ ਸੀ ਮੈਂ ਰਣਜੋਧ ਨੂੰ। ਪਰ ਮੈਨੂੰ ਲੱਗਦਾ, ਮੇਰੀਆਂ ਆਪਣੀਆਂ ਅੱਖਾਂ ਨਾਲ ਨੀਂਦ ਜਿਵੇਂ ਰੁੱਸ ਗਈ ਹੋਵੇ। ਬੀਤਿਆ ਹਰ ਪਲ ਮੇਰੀਆਂ ਅੱਖਾਂ ਅੱਗੇ ਕਿਸੇ ਰੀਲ਼ ਵਾਂਗ ਚੱਲਣ ਲੱਗਦਾ ਹੈ।

ਯਾਦ ਆਉਂਦਾ ਹੈ ਉਹ ਪਹਿਲਾ ਦਿਨ। ਜਦੋਂ ਮੇਰਾ ਹੱਥ ਫੜ ਕੇ ਆਖਿਆ ਸੀ ਰਣਜੋਧ ਨੇ- "ਖ਼ੁਦ ਨੂੰ ਸਾਕਾਰ ਦੇਖਣਾ ਕਿੰਨੀ ਖ਼ੁਸ਼ੀ ਦਿੰਦਾ ਹੋਣਾ ਕਮਲ। ਮੈਂ ਸੋਚ ਰਿਹਾਂ। ਉਡੀਕ ਰਿਹਾਂ।"

ਇਕ ਕਾਹਲ਼ ਸੀ ਉਸਦੇ ਚਿਹਰੇ 'ਤੇ। ਉਹ ਕਾਹਲ਼ ਜੋ ਮੈਂ ਪਹਿਲਾਂ ਕਦੀ ਨਹੀਂ ਸੀ ਦੇਖੀ। ਮੈਂ ਜਾਣਦੀ ਹਾਂ, ਕਿੰਨੇ ਔਖੇ ਪਲ ਹੋਣਗੇ ਉਹ ਜਦ ਰਣਜੋਧ ਨੇ...।

"ਮੇਰੀ ਜਾਨ ਨਿਕਲਣ ਨੂੰ ਕਰਦੀ ਸੀ ਕਮਲ। ਜਦ ਮੈਂ ਆਪਣੇ ਬਾਪ ਦੀ ਅਰਥੀ ਨੂੰ...।" ਇਕ ਦਿਨ ਬਾਪੂ ਜੀ ਦੀ ਫੋਟੋ ਮੂਹਰੇ ਖੜ੍ਹ ਕੇ ਦੱਸਿਆ ਸੀ ਉਹਨੇ। ਮੇਰੀਆਂ ਅੱਖਾਂ ਅੱਗੇ ਨਿੱਕਾ ਜਿਹਾ ਰਣਜੋਧ ਆ ਗਿਆ। ਨੌਂਵੀਂ-ਦਸਵੀਂ ਦਾ ਵਿਦਿਆਰਥੀ। ...ਤੇ ਰਣਜੋਧ ਸਾਹਮਣੇ ਜ਼ਿੰਦਗੀ ਰੂਪ ਵਟਾਈ ਖੜ੍ਹੀ ਸੀ। ਉਦਾਸ ਜਿਹੀ ਜ਼ਿੰਦਗੀ। ਜਿਸਨੇ ਹਾਸੇ ਖੋਹ ਲਏ ਸੀ ਉਸਦੇ।

***

ਯੂਨੀਵਰਸਿਟੀ ਦਾ ਪਹਿਲਾ ਦਿਨ ਸੀ ਉਹ।

ਸੀਨੀਅਰ ਤੇ ਜੂਨੀਅਰ ਸਟੂਡੈਂਟਸ ਦਾ ਗੈੱਟ ਟੂ ਗੈਦਰ ਸੀ। ਹਾਲ ਭਰਿਆ ਪਿਆ ਸੀ। ਉਸ ਦਿਨ ਪਹਿਲੀ ਵਾਰ ਬੋਲਦਿਆਂ ਸੁਣਿਆ ਸੀ ਮੈਂ ਰਣਜੋਧ ਨੂੰ। ਉਸਨੇ ਗੱਲ ਸ਼ੁਰੂ ਕੀਤੀ ਸੀ। ਸ਼ਬਦ ਤੋਂ। ਗਿਆਨ ਤੋਂ। ...ਤੇ ਫਿਰ ਕਿਤਾਬਾਂ ਤੇ ਜ਼ਿੰਦਗੀ 'ਤੇ ਲ਼ਿਆ ਮੁਕਾਈ। ਮੈਂ ਸਟੇਜ ਦੇ ਨੇੜੇ ਬੈਠੀ, ਉਸਦੇ ਚਿਹਰੇ ਵੱਲ ਦੇਖਦੀ ਰਹੀ। ਉਦਾਸ ਚਿਹਰਾ। ਜਿਸ 'ਤੇ ਹਾਸਿਆਂ ਦੀ ਕੋਈ ਝਲਕ ਹੀ ਨਹੀਂ ਸੀ। ਪਤਾ ਨਹੀਂ ਕਿਉਂ ਪਰ ਮੈਂ ਦੇਰ ਤੀਕ ਸੋਚਦੀ ਰਹੀ, "ਕਿਉਂ ਉਦਾਸ ਹੈ ਇਹ ਸ਼ਖਸ?" ਮੈਂ ਖ਼ੁਦ ਨੂੰ ਸਵਾਲ ਕੀਤਾ।

"ਕਿਸੇ ਦਾ ਚਿਹਰਾ ਦੇਖ ਕੇ ਉਸਦਾ ਮਨ ਨਹੀਂ ਪੜ੍ਹਿਆ ਜਾ ਸਕਦਾ ਕਮਲ।" ਜਦ ਵਿਆਹ ਤੋਂ ਬਾਅਦ ਮੈਂ ਰਣਜੋਧ ਨਾਲ ਇਹ ਗੱਲ ਸਾਂਝੀ ਕੀਤੀ ਤਾਂ ਆਖਿਆ ਸੀ ਉਸਨੇ।

"ਫਿਰ ਕਿਵੇਂ ਪੜ੍ਹਿਆ ਜਾ ਸਕਦਾ ਹੈ ਕਿਸੇ ਦਾ ਮਨ?" ਮੈਂ ਜਾਨਣਾ ਚਾਹਿਆ ਸੀ।

"ਮਨ ਦੀ ਲਿੱਪੀ ਸਮਝਣੀ ਸੌਖੀ ਨਹੀਂ।" ਉਹ ਡੂੰਘੀਆਂ ਗੱਲਾਂ ਕਰਨ ਲੱਗਦਾ। ਸਾਰਾ ਦਿਨ ਕੁਝ ਨਾ ਕੁਝ ਪੜ੍ਹਦਾ ਰਹਿੰਦਾ। ਕਦੇ ਕੁਝ ਲਿਖਣ ਲੱਗਦਾ। ...ਤੇ ਕਦੇ ਛੱਤ 'ਤੇ ਖੜ੍ਹਾ ਦੂਰ ਤੀਕ ਫੈਲੇ ਖਲਾਅ ਨੂੰ ਤੱਕਣ ਲਗਦਾ।

"ਇਸ ਖਾਲੀਪਣ ਨੂੰ ਤੂੰ ਹੀ ਭਰਨਾ ਹੈ ਕਮਲ।" ਸਾਡੇ ਵਿਆਹ ਤੋਂ ਬਾਅਦ ਵੱਡੇ ਦੀਦੀ ਨੇ ਕਿਹਾ ਸੀ ਮੈਨੂੰ।

ਪਰ ਮੁੜ ਕੇ ਆਏ ਹਾਸੇ, ਇਕ ਵਾਰ ਫੇਰ ਇਸ ਘਰ ਤੋਂ ਵਾਪਸ ਮੁੜ ਗਏ। ਰਣਜੋਧ ਉਸੇ ਤਰ੍ਹਾਂ ਦਾ ਬਣ ਗਿਆ, ਜਿਸ ਤਰ੍ਹਾਂ ਦਾ ਉਹ ਮੈਨੂੰ ਯੂਨੀਵਰਸਿਟੀ ਵਿਚ ਮਿਲਿਆ ਸੀ।

ਮੈਂ ਆਪਣੇ ਹੱਥੀਂ ਤਾਲਾ ਖੋਲ੍ਹਿਆ ਸੀ ਇਸ ਮਕਾਨ ਦਾ।

"ਅਸੀਂ ਇਸ ਨੂੰ ਮੁੜ ਘਰ ਬਣਾਵਾਂਗੇ ਰਣਜੋਧ।" ਗੇਟ ਦੇ ਅੰਦਰ ਕਦਮ ਧਰਦਿਆਂ ਮੈਂ ਵਾਅਦਾ ਕੀਤਾ ਸੀ। ਮੈਂ ਤੇ ਰਣਜੋਧ ਨੇ ਮਿਲ ਕੇ ਸਫਾਈਆਂ ਕੀਤੀਆਂ। ਪੇਟੀਆਂ ਵਿਚ ਪਏ ਪੁਰਾਣੇ ਬਿਸਤਰਿਆਂ ਨੂੰ ਕੱਢ ਕੇ ਧੁੱਪ ਲਗਵਾਈ। ਰਸੋਈ ਦੇ ਭਾਂਡੇ ਧੋਤੇ। ਬਜ਼ਾਰੋਂ ਨਵੇਂ ਪਰਦੇ

ਲਿਆ ਕੇ ਲਗਾਏ। ਨਿੱਕੀਆਂ-ਨਿੱਕੀਆਂ ਕਿੰਨੀਆਂ ਹੀ ਚੀਜ਼ਾਂ ਖਰੀਦੀਆਂ। ਮਕਾਨ ਘਰ ਬਣਨ ਲੱਗਿਆ।

"ਮੈਂ ਭੈਣ ਨਾਲ ਵਰ੍ਹੇ ਛਿਮਾਹੀ ਇੱਥੇ ਬੱਸ ਸਾਫ ਸਫਾਈ ਕਰਨ ਲਈ ਆਉਂਦਾ ਰਿਹਾਂ। ਮਾਂ ਦੇ ਤੁਰ ਜਾਣ ਮਗਰੋਂ, ਮੈਨੂੰ ਇਸ ਘਰ ਵਿਚ ਕਦੇ ਨੀਂਦ ਸੀ ਆਈ।" ਮੇਰੀ ਗੋਦ ਵਿਚ ਸਿਰ ਰੱਖ ਕੇ ਉਹ ਦੱਸਣ ਲਗਦਾ। ...ਤੇ ਅਗਲੇ ਹੀ ਪਲ ਉਹਨੂੰ ਨੀਂਦ ਆ ਜਾਂਦੀ। ਰਣਜੋਧ ਦੇ ਚਿਹਰੇ ਵੱਲ ਦੇਖ ਕੇ ਮੈਨੂੰ ਸਕੂਨ ਮਿਲਦਾ। ਮੈਂ ਉਹਦਾ ਸੁੱਤੇ ਪਏ ਦਾ ਮੱਥਾ ਚੁੰਮ ਲੈਂਦੀ। ਕੁਝ ਹੀ ਦਿਨਾਂ ਵਿਚ ਘਰ ਦੀ ਪੂਰੀ ਤਸਵੀਰ ਬਦਲ ਗਈ।

"ਸਿਆਲਾਂ ਦੀ ਰੁੱਤੇ ਮੇਰੀ ਮਾਂ ਚੁੱਲ੍ਹੇ ਉੱਤੇ ਸਾਗ ਧਰਿਆ ਕਰਦੀ ਸੀ।" ਰਣਜੋਧ ਉਸ ਨੁੱਕਰ ਵੱਲ ਇਸ਼ਾਰਾ ਕਰਦਾ, ਜਿੱਥੇ ਕਦੇ ਚੌਂਕਾ ਹੋਇਆ ਕਰਦਾ ਸੀ। ਮੈਂ ਬਾਜ਼ਾਰੋਂ ਚੱਕਵਾਂ ਚੁੱਲ੍ਹਾ ਮੰਗਵਾ ਕੇ ਉਸੇ ਨੁੱਕਰ ਵਿਚ ਧਰ ਲਿਆ। ਉਸ ਚੱਲ੍ਹੇ ਵਿਚ ਅੱਗ ਬਲ਼ਦੀ ਵੇਖ ਕੇ, ਰਣਜੋਧ ਅੱਖਾਂ ਭਰ ਆਇਆ।

"ਤੇਰੇ ਵਿਚੋਂ ਮੈਨੂੰ ਮੇਰੀ ਮਾਂ ਵੀ ਦਿੱਸਦੀ ਹੈ ਕਮਲ।" ਮੈਨੂੰ ਗਲ਼ੇ ਲਗਾਈ ਕਿੰਨੀ ਹੀ ਦੇਰ ਰੋਂਦਾ ਰਿਹਾ ਸੀ ਉਹ ਉਸ ਦਿਨ। ਅਸੀਂ ਇਕ ਨਵੀਂ ਸ਼ੁਰੂਆਤ ਕੀਤੀ। ਜ਼ਿੰਦਗੀ ਜਿਵੇਂ ਮੁੜ ਧੜਕਣ ਲੱਗੀ। ਘਰ ਮੁੜ ਜਿਊਣ ਲੱਗਾ। ਰਣਜੋਧ ਦੀਆਂ ਭੈਣਾਂ ਆਉਂਦੀਆਂ। ਘਰ ਰੌਣਕ ਨਾਲ ਭਰ ਜਾਂਦਾ। ਬੱਚੇ ਵਿਹੜੇ ਵਿਚ ਭੱਜੇ ਫਿਰਦੇ। ਸ਼ਰਾਰਤਾਂ ਕਰਦੇ। ਲੱਗਦਾ ਜਿਵੇਂ ਘਰ ਦੀਆਂ ਕੰਧਾਂ ਵੀ ਹੱਸ ਰਹੀਆਂ ਹੋਣ।

"ਹੁਣ ਬਸ ਰੱਬ ਤੁਹਾਡੀ ਝੋਲ਼ੀ ਭਰ ਦਏ!" ਦੀਦੀ ਦੀ ਕਾਮਨਾ ਹਾਸਿਆਂ ਵਿਚ ਇਕ ਹੋਰ ਰੰਗ ਭਰ ਦੇਂਦੀ। ਕੋਈ ਸੁਪਨਾ ਸਾਡੀਆਂ ਦੋਨਾਂ ਦੀਆਂ ਅੱਖਾਂ ਵਿਚ ਤੈਰਨ ਲੱਗਦਾ।

ਤੀਜਾ ਮਹੀਨਾ ਸੀ ਉਹ ਸਾਡੇ ਵਿਆਹ ਦਾ।

"ਕਮਲ! ਸੱਚਮੁਚ ਜ਼ਿੰਦਗੀ ਖੱਬਲ ਵਾਂਗ ਮੁੜ-ਮੁੜ ਮੌਲਣ ਦੀ ਤਾਕਤ ਰੱਖਦੀ ਹੈ।" ਮੇਰੇ ਹੱਥੋਂ ਫੜੇ ਟੈੱਸਟ ਕਾਰਡ ਦੀ ਲਾਲ ਲਕੀਰ ਨੂੰ ਦੇਖਦਾ, ਰਣਜੋਧ ਖਿੜ ਉਠਿਆ ਸੀ।

"ਮੈਨੂੰ ਧੀ ਚਾਹੀਦੀ ਹੈ ਕਮਲ।" ਮੇਰਾ ਹੱਥ ਫੜ ਕੇ ਅੱਖਾਂ ਵਿਚ ਝਾਕਦਿਆਂ ਰਣਜੋਧ ਆਖਦਾ।

"ਉਹ ਮੇਰੇ ਵਰਗੀ ਹੋਏਗੀ।"

"ਕੀ ਨਾਮ ਰੱਖਾਂਗੇ ਆਪਾਂ ਉਹਦਾ?"

ਉਹ ਇਕੋ ਸਾਹੇ ਕਈ ਸਵਾਲ ਕਰ ਜਾਂਦਾ। ਖ਼ੁਦ ਹੀ ਜਵਾਬ ਦੇਣ ਲੱਗਦਾ। ਕਲਪਨਾ ਕਰਦਾ। ਮੈਂ ਰਣਜੋਧ ਦੀ ਕਲਪਨਾ 'ਤੇ ਹੈਰਾਨ ਹੁੰਦੀ।

"ਉਸਦੀਆਂ ਅੱਖਾਂ ਮੇਰੀਆਂ ਵਾਂਗ ਹੋਣਗੀਆਂ ਦੇਖੀਂ।" ਉਸਦੇ ਸ਼ਬਦਾਂ ਨਾਲ ਇਕ ਤਸਵੀਰ ਮੇਰੀਆਂ ਅੱਖਾਂ ਅੱਗੇ ਬਣਨ ਲੱਗਦੀ। ਰਣਜੋਧ ਦੀ ਖੁਸ਼ੀ ਮੈਨੂੰ ਚੰਗੀ ਲੱਗਦੀ। ਉਸਦੀਆਂ ਭੋਲ਼ੀਆਂ ਗੱਲਾਂ ਮੈਨੂੰ ਪਿਆਰੀਆਂ ਲੱਗਦੀਆਂ।

"ਜੋਧ! ਤੂੰ ਤਾਂ ਆਪ ਬੱਚਾ ਏਂ ਮੇਰਾ। ਭੋਲੂ ਜਿਹਾ।" ਮੈਂ ਉਹਦੇ ਵਾਲ਼ਾਂ ਵਿਚ ਹੱਥ ਫੇਰਦਿਆਂ ਆਖਦੀ। ਪਰ ਉਹ ਜਿਵੇਂ ਮੇਰੀ ਮਾਂ ਬਣ ਜਾਂਦਾ। ਮੈਨੂੰ ਉਠਣ ਨਾ ਦਿੰਦਾ। ਘਰ ਦੇ ਕੰਮ ਉਹ ਆਪ ਕਰਨ ਲੱਗਦਾ। ਪਿਆਜ਼ ਚੀਰਦਿਆਂ ਉਹਦੀਆਂ ਅੱਖਾਂ ਵਿਚ ਆਏ ਅੱਥਰੂ ਦੇਖ ਕੇ ਮੇਰਾ ਹਾਸਾ ਨਿਕਲ ਜਾਂਦਾ।

"ਬਾਬਾ! ਬੈਠੀ-ਬੈਠੀ ਪਿਆਜ਼ ਵੀ ਨੀ ਚੀਰ ਸਕਦੀ ਮੈਂ?"

"ਨਹੀਂ!!" ਉਹ ਕਮੀਜ਼ ਦੇ ਪੱਲੇ ਨਾਲ ਅੱਥਰੂ ਪੂੰਝਦਿਆਂ ਆਖਦਾ।

ਆਟਾ ਗੁੰਨ੍ਹਦਿਆਂ ਪਰਾਤ ਵਿਚ ਬਹੁਤਾ ਪਾਣੀ ਪਾ ਲੈਂਦਾ। ਪਾਣੀ ਪਰਾਤ ਵਿਚ ਭੱਜਾ ਫਿਰਦਾ।

"ਕੋਈ ਨਾ ਛੁੱਟੀਆਂ ਵਿਚ ਦੀਦੀ ਹੁਣਾਂ ਆ ਜਾਣਾ। ਫੇਰ ਨਹੀਂ ਕਰਨਾ ਪੈਣਾ ਤੁਹਾਨੂੰ ਇਹ ਸਭ।" ਮੈਨੂੰ ਜਿਵੇਂ ਰਣਜੋਧ ਉਪਰ ਤਰਸ ਆਉਣ ਲੱਗਦਾ।

ਹੁਣ ਉਸ ਨਾਲੋਂ ਵੀ ਵੱਧ ਤਰਸ ਆਉਂਦਾ ਹੈ ਰਣਜੋਧ ਉਪਰ।

ਉਸਦੀ ਬੇਚੈਨੀ ਮੈਨੂੰ ਬੇਚੈਨ ਕਰੀ ਰੱਖਦੀ ਹੈ। ਉਸਦੀਆਂ ਨਮ ਹੋਈਆਂ ਅੱਖਾਂ ਵਿਚ ਮੈਥੋਂ ਦੇਖ ਨਹੀਂ ਹੁੰਦਾ।

"ਤੇਰੀਆਂ ਅੱਖਾਂ ਬਹੁਤ ਸੋਹਣੀਆਂ ਨੇ ਜੋਧ!" ਇਹਨਾਂ ਅੱਖਾਂ ਦੀ ਮੈਂ ਕਦੇ ਤਾਰੀਫ਼ ਕੀਤੀ ਸੀ। ਮੇਰੀਆਂ ਅੱਖਾਂ ਸਾਹਮਣੇ ਯੂਨੀਵਰਸਿਟੀ ਦੇ ਉਹ ਦਿਨ ਆ ਗਏ। ਸਾਊਥ ਕੈਫ਼ੇ ਦੀ ਚਾਹ। ਸਿਆਲ਼ਾਂ ਦੀ ਧੁੱਪ। ਅਸੀਂ ਬੈਠੇ ਗੱਲਾਂ ਕਰਦੇ। ਜੱਗ ਜਹਾਨ ਤੋਂ ਵੱਖਰੀਆਂ ਗੱਲਾਂ। ਉਹਨਾਂ ਹੀ ਦਿਨਾਂ ਵਿਚ ਰਣਜੋਧ ਨੇ ਵੱਡੇ ਦੀਦੀ ਨਾਲ ਮਿਲਾਇਆ ਸੀ ਮੈਨੂੰ। ...ਤੇ ਜਦ ਸਾਡਾ ਰਿਸ਼ਤਾ ਪੱਕਾ ਹੋਇਆ। ਦੀਦੀ ਨੇ ਮੇਰੀ ਮਾਂ ਨੂੰ ਭਰੇ ਗਲ਼ੇ ਨਾਲ ਆਖਿਆ ਸੀ, "ਮੈਂ ਮਾਂ ਬਣ ਕੇ ਪਾਲ਼ਿਆ ਇਹਨੂੰ। ਮੇਰੀ ਮਾਂ ਦਾ ਵਿਹੜਾ ਮੁੜ ਵਸ ਜਾਏ। ਸਾਨੂੰ ਹੋਰ ਕੁਝ ਨਹੀਂ ਚਾਹੀਦਾ।"

ਦਸ ਬੰਦੇ ਗਏ ਤੇ ਮੈਨੂੰ ਵਿਆਹ ਕੇ ਲੈ ਆਏ।

ਕੌਲੀ ਤਕ ਨਹੀਂ ਸੀ ਲਈ ਰਣਜੋਧ ਨੇ। ਉਸਦੀਆਂ ਇਹੀ ਗੱਲਾਂ ਮੈਨੂੰ ਚੰਗੀਆਂ ਲੱਗਦੀਆਂ। ਕੰਮ ਤੋਂ ਮੁੜਦਾ। ਰਸੋਈ ਵਿਚ ਜਾਂਦਾ। ਪਾਣੀ ਪੀ ਆਉਂਦਾ।

"ਮੈਂ ਦਿੰਦੀ ਆਂ ਨਾ ਪਾਣੀ, ਤੁਸੀਂ ਬੈਠੋ ਤਾਂ ਸਹੀ।" ਮੈਂ ਹੈਰਾਨ ਹੋਈ ਆਖਦੀ।

"ਆਪਣੇ ਕੰਮ ਆਪ ਕਰਨੇ ਚਾਹੀਦੇ ਨੇ। ਔਰਤ-ਮਰਦ ਵਿਚ ਫ਼ਰਕ ਕਾਹਦਾ?" ਉਹ ਆਪਣੇ ਕੱਪੜੇ ਆਪ ਪਰੈੱਸ ਕਰਦਾ। ਮੈਂ ਰੋਟੀ ਪਕਾ ਰਹੀ ਹੁੰਦੀ, ਉਹ ਨਾਲ ਲਿਜਾਣ ਲਈ ਟਿਫ਼ਨ ਪੈਕ ਕਰ ਲੈਂਦਾ। ਕਈ ਵਾਰ ਮੈਂ ਸੁੱਤੀ ਹੁੰਦੀ, ਉਹ ਚਾਹ ਦਾ ਕੱਪ ਲਈ ਮੇਰੇ ਸਿਰਹਾਣੇ ਖੜ੍ਹਾ ਹੁੰਦਾ। ਮਸ਼ੀਨ ਗੇੜੇ ਖਾ ਰਹੀ ਹੁੰਦੀ। ਉਹ ਟੂਟੀ ਛੱਡ ਕੇ ਕੱਪੜੇ ਹੰਗਾਲਣ ਲੱਗਦਾ।

"ਕੋਈ ਇੰਨਾ ਚੰਗਾ ਵੀ ਹੁੰਦਾ!" ਉਸਦੀ ਮੁਹੱਬਤ ਸਾਹਵੇਂ ਮੈਨੂੰ ਸਾਰਾ ਕੁਝ ਛੋਟਾ ਲੱਗਣ ਲੱਗਦਾ। ...ਤੇ ਫੇਰ ਜਦ ਜਦ ਸਾਡੇ ਵਿਹੜੇ ਧੀ ਆਈ, ਛੋਟੀ ਜਿਹੀ ਸਰਗਮ ਨੂੰ ਚੁੱਕੀ ਉਹ ਸਾਰਾ ਦਿਨ ਉੱਡਿਆ ਫਿਰਦਾ। ਸਵਾ ਮਹੀਨਾ ਕਟਵਾਉਣ ਲਈ ਪਹਿਲਾਂ ਵੱਡੇ ਦੀਦੀ ਆਏ। ਫਿਰ ਮੇਰੀ ਮਾਂ। ਉਹਨਾਂ ਦੇ ਚਲੇ ਜਾਣ ਮਗਰੋਂ, ਸਰਗਮ ਨੂੰ ਮੈਥੋਂ ਵੱਧ ਰਣਜੋਧ ਸੰਭਾਲ਼ਦਾ। ਮੈਂ ਸੁੱਤੀ ਹੁੰਦੀ, ਉਹ ਉਹਦੇ ਗਿੱਲੇ ਲੰਗੋਟ ਬਦਲ ਦਿੰਦਾ। ਰੋਂਦੀ ਤਾਂ ਚੁੱਕ ਕੇ ਵਰਾਉਣ ਲੱਗਦਾ। ਮੇਰੀ ਅੱਖ ਖੁਲ੍ਹਦੀ ਤਾਂ ਉਹ ਉਸਨੂੰ ਹਿੱਕ 'ਤੇ ਪਾਈ ਬੈਠਾ ਹੁੰਦਾ। ਉਹਦੇ ਨਾਲ ਨਿੱਕੀਆਂ-ਨਿੱਕੀਆਂ ਗੱਲਾਂ ਕਰਦਾ। ਮੈਂ ਦੇਖ ਕੇ ਹੈਰਾਨ ਹੁੰਦੀ।

"ਤੁਸੀਂ ਸੌਂ ਜਾਓ ਮੈਂ ਦੇਖ ਲੈਂਦੀ ਆਂ।" ਮੈਂ ਕਦੀ ਇਉਂ ਆਖ ਵੀ ਦਿੰਦੀ। ਪਰ ਸਰਗਮ ਦੇ ਉਠਦਿਆਂ, ਮੇਰੇ ਉਠਣ ਤੋਂ ਪਹਿਲਾਂ ਜੋਧ ਦੀ ਅੱਖ ਖੁਲ੍ਹੀ ਹੁੰਦੀ। ਮੇਰੇ ਦੁੱਧ ਨਾ ਉਤਰਿਆ। ਅਸੀਂ ਸਰਗਮ ਨੂੰ ਓਪਰਾ ਦੁੱਧ ਦਿੰਦੇ। ਉਹ ਰਾਤ ਜਿੰਨੀ ਵਾਰ ਉਠਦੀ, ਦੁੱਧ ਪੀਂਦੀ। ਰਣਜੋਧ ਖ਼ੁਦ ਹੀ ਗਰਮ ਕਰਕੇ ਪਿਆ ਦਿੰਦਾ। ਮੈਂ ਦੇਖਦੀ, ਬੱਚੀ ਨੂੰ ਗੋਦੀ ਪਾਈ, ਬੋਤਲ ਨਾਲ ਦੁੱਧ ਪਿਆਉਂਦਾ, ਉਹ ਬੜੇ ਮੋਹ ਨਾਲ ਉਸਦੇ ਮੂੰਹ ਵੱਲ ਦੇਖ ਰਿਹਾ ਹੁੰਦਾ।

"ਜੋਧ! ਮੈਨੂੰ ਤਾਂ ਪਤਾ ਹੀ ਨਹੀਂ ਲੱਗਣਾ ਬੱਚੇ ਕਿੰਝ ਪਾਲ਼ੀ ਦੇ। ਕਿਵੇਂ ਬੱਚਿਆਂ ਨਾਲ ਅੱਧੀ ਨੀਂਦ ਸੌਂਈ ਦਾ। ਮੈਨੂੰ ਲੱਗ ਤਾਂ ਲੈਣ ਦਿਓ ਕਿ ਮੈਂ ਮਾਂ ਹਾਂ।" ਮੈਂ ਉਸਦੇ ਇਸ ਸਮਰਪਣ ਤੋਂ ਕੁਰਬਾਨ ਜਾਂਦੀ।

"ਤੂੰ ਖ਼ੁਦ ਨੂੰ ਇਹਦਾ ਬਾਪ ਸਮਝ ਲੈ।" ਉਹ ਹਾਸੇ ਗੱਲ ਪਾ ਕੇ, ਬੜੀ ਵੱਡੀ ਗੱਲ ਕਹਿ ਜਾਂਦਾ।

ਇਹੀ ਤਾਂ ਅੰਦਾਜ਼ ਸੀ ਰਣਜੋਧ ਦਾ।

ਉਹ ਹਰ ਗੱਲ, ਦੂਜੇ ਸਿਰੇ ਤੋਂ ਸ਼ੁਰੂ ਕਰਦਾ। ਵਿਆਹ ਤੋਂ ਬਾਅਦ, ਇਕ ਸ਼ਾਮ ਅਸੀਂ ਪਿੰਡ ਗਏ। ਬੀ ਜੀ ਚੁੱਲ੍ਹੇ ਮੂਹਰੇ ਸਾਗ ਧਰੀ ਬੈਠੇ ਸਨ।

"ਪੁੱਤ ਤੁਸੀਂ ਤਾਂ ਦੱਸਿਆਂ ਨ੍ਹੀ ਆਉਣ ਦਾ।" ਬੀ ਜੀ ਚਾਅ ਵਿਚ ਉੱਡੇ ਫਿਰਦੇ।

"ਮੈਨੂੰ ਤਾਂ ਆਪ ਇਹਨਾਂ ਨੇ ਰਾਹ ਵਿਚ ਆ ਕੇ ਦੱਸਿਆ ਕਿ ਆਪਾਂ ਪਿੰਡ ਚੱਲੇ ਆਂ।" ਉਸ ਸ਼ਾਮ ਬੀਜੀ ਨੂੰ ਕੋਈ ਉਚੇਚ ਨਹੀਂ ਸੀ ਕਰਨ ਦਿੱਤਾ ਰਣਜੋਧ ਨੇ। ਚੁੱਲ੍ਹੇ ਅੱਗੇ ਬਹਿ ਕੇ ਰੋਟੀ ਖਾ ਲਈ ਤੇ ਬਾਪੂ ਜੀ ਨਾਲ ਬਾਹਰ ਵਰਾਂਡੇ ਵਿਚ ਮੰਜਾ ਡਹਾ ਲਿਆ।

"ਮੈਂ ਵੀ ਤਾਂ ਪੁੱਤ ਆਂ ਘਰ ਦਾ। ਪੁੱਤਾਂ ਲਈ ਉਚੇਚ ਕਾਹਦਾ।" ਰਣਜੋਧ ਇੰਝ ਆਖਦਾ ਤਾਂ ਬੀ ਜੀ ਨੂੰ ਜਿਵੇਂ ਆਪਣੀ ਕੁਖੋਂ ਪੁੱਤ ਨਾ ਹੋਣ ਵਾਲੀ ਗੱਲ ਭੁੱਲ ਜਾਂਦੀ।

"ਤੁਸੀਂ ਪੁੱਤ ਕਿਉਂ ਨਹੀਂ ਮੰਗਿਆ? ਲੋਕ ਤਾਂ ਪੁੱਤ ਮੰਗਦੇ ਨੇ।" ਸਰਗਮ ਪੈਦਾ ਦੇ ਹੋਣ ਮਗਰੋਂ ਪੁੱਛਿਆ ਸੀ ਮੈਂ ਉਸਨੂੰ।

"ਮੈਂ ਮੇਰੀ ਮਾਂ ਕੋਲੋ ਸੁਣਦਾ ਹੁੰਦਾ ਸੀ ਕਿ ਧੀਆਂ ਧਿਰਾਂ ਹੁੰਦੀਆਂ ਮਾਪਿਆਂ ਦੀਆਂ। ਬਾਪ ਨੂੰ ਸਭ ਤੋਂ ਵੱਧ ਪਿਆਰ ਧੀਆਂ ਕਰਦੀਆਂ।" ਸਰਗਮ ਨੂੰ ਗਲ਼ ਨਾਲ਼ ਲਾਈ ਉਹ ਆਪਣੀ ਮਾਂ ਨੂੰ ਯਾਦ ਕਰਨ ਲੱਗਦਾ। ਮੇਰੇ ਵਿਚੋਂ ਕਦੇ ਉਹ ਆਪਣੀ ਮਾਂ ਦੇਖਦਾ। ਸਰਗਮ ਲਈ ਖ਼ੁਦ ਮਾਂ ਬਣ ਜਾਂਦਾ।

ਇਹ ਸੀ ਉਸਦੀ ਰਿਸ਼ਤਿਆਂ ਦੀ ਸਿਰਜੀ ਇਹ ਵੱਖਰੀ ਪਰਿਭਾਸ਼ਾ।

"ਤੂੰ ਕੋਈ ਹੋਰ ਕੰਮ ਨਿਬੇੜ ਲੈ। ਮੈਂ ਮੇਰੇ ਸ਼ੇਰ ਪੁੱਤ ਨੂੰ ਨਵ੍ਹਾ ਦਿੰਦਾ।" ਛੋਟੀ ਜਿਹੀ ਸਰਗਮ ਨੂੰ ਉਹ ਖ਼ੁਦ ਨਹਾਉਣ ਲੱਗਦਾ। ਧੁੱਪੇ ਕੰਧ ਨਾਲ ਮੰਜਾ ਡਾਹ ਕੇ ਮਾਲਿਸ਼ ਕਰਦਾ।

"ਕੰਧ ਦੀ ਓਟ 'ਚ ਹਵਾ ਨਹੀਂ ਲੱਗਦੀ," ਉਹ ਆਖਦਾ ਤਾਂ ਮੈਂ ਹੱਸ ਪੈਂਦੀ।

"ਜੋਧ! ਤੂੰ ਨਾ ਪੱਕਾ ਤੀਵੀਂ ਸੀ ਪਹਿਲੇ ਜਨਮ 'ਚ।"

ਪਹਿਲੇ ਜਨਮ ਦਿਨ 'ਤੇ ਸਰਗਮ ਲਈ ਉਹ ਖ਼ੁਦ ਸੂਟ ਖਰੀਦ ਕੇ ਲਿਆਇਆ। ਮੈਂ ਉਸਦੀ ਪਸੰਦ 'ਤੇ ਹੈਰਾਨ ਹੋਈ। ਕੇਕ ਕੱਟਿਆ। ਗਲ਼ੀ ਗੁਆਂਢ ਦੇ ਬੱਚੇ ਆਏ। ਸਾਰਾ ਕੁਝ ਰਣਜੋਧ ਨੇ ਬੜੇ ਚਾਅ ਨਾਲ ਕੀਤਾ। ਖਡੌਣਿਆਂ ਨਾਲ ਕਮਰਾ ਭਰ ਗਿਆ। ਗੁਬਾਰੇ ਦੇਖ-ਦੇਖ ਸਰਗਮ ਚੀਕਾਂ ਮਾਰਦੀ। ਹੱਸਦੀ। ਉਹ ਹੱਸਦੀ ਤਾਂ ਮੈਨੂੰ ਲੱਗਦਾ, ਜਿਵੇਂ ਘਰ ਦੀਆਂ ਕੰਧਾਂ ਵੀ ਹੱਸ ਰਹੀਆਂ ਹੋਣ। ਸਾਲ ਕਿੱਥੇ ਬੀਤ ਗਿਆ ਸੀ, ਕੁਝ ਪਤਾ ਹੀ ਨਾ ਲੱਗਾ।

"ਉਦਾਸ ਪਲ ਸਦੀਆਂ ਵਰਗੇ ਲੰਬੇ ਹੁੰਦੇ ਨੇ ਕਮਲ!" ਦੂਰ ਖਲਾਅ ਵਿਚ ਝਾਕਦਾ ਰਣਜੋਧ ਆਖ ਰਿਹਾ ਸੀ।

"ਜਿਸ ਰਾਤ ਮੇਰੀ ਮਾਂ ...। ਮੈਂ ਉਹਦੀ ਲਾਸ਼ ਕੋਲ ਇਕੱਲਾ ਬੈਠਾ ਰੋਂਦਾ ਰਿਹਾ ਸਾਂ। ਛੋਟੀ ਭੈਣ ਉਸੇ ਦਿਨ ਆਪਣੇ ਘਰ ਗਈ ਸੀ। ਪਿੱਛੇ ਉਹਦਾ ਘਰ ਦੇਖਣ ਵਾਲਾ ਕੋਈ ਨਹੀਂ ਸੀ। ਵੱਡੀ ਭੈਣ ਨੇ ਅਗਲੇ ਦਿਨ ਆਉਣਾ ਸੀ। ਉਹ ਜਾਣ ਲੱਗੀ ਰਾਤ ਦੀ ਰੋਟੀ ਪਕਾ ਕੇ ਗਈ ਸੀ। ਕਹਿੰਦੀ, "ਜੋਧੇ ਸਵੇਰ ਨੂੰ ਰੋਟੀ ਦੇ ਵੇਲ਼ੇ ਨੂੰ ਬਿੰਦੋ ਭੈਣ ਨੇ ਆ ਜਾਣਾ। ਬਿੰਦੋ ਭੈਣ ਆਈ ਤਾਂ ਸਹੀ ਪਰ ਉਸ ਦਿਨ ਸਾਡੇ ਘਰ ਚੁੱਲ੍ਹਾ ਨਹੀਂ ਸੀ ਬਲ਼ਿਆ।" ਉਹ ਜਿਵੇਂ ਕਿਤੇ ਬੜੀ ਦੂਰੋਂ ਬੋਲਿਆ ਸੀ।

"ਥੋੜ੍ਹੀ ਜਿਹੀ ਰੋਟੀ ਤਾਂ ਖਾ ਲੈ ਜੋਧ!" ਮੈਂ ਪਲੇਟ ਫੜੀ ਉਹਦੇ ਪਿੱਛੇ ਖੜ੍ਹੀ ਸਾਂ। ਚੰਨ ਦੇ ਫਿੱਕੇ ਜਿਹੇ ਚਾਨਣ ਵਿਚ ਸੜਕੋਂ ਪਾਰ ਖੜ੍ਹੇ ਰੁੱਖ, ਬੜੇ ਡਰਾਉਣੇ ਲੱਗ ਰਹੇ ਸਨ।

ਇਉਂ ਹਨ੍ਹੇਰਿਆਂ ਨਾਲ ਗੱਲਾਂ ਕਰਦਿਆਂ, ਮੈਂ ਉਹਨੂੰ ਦੂਜੀ ਵਾਰ ਦੇਖ ਰਹੀ ਸਾਂ।

"ਦੂਜੇ ਜਨਮ ਦਿਨ 'ਤੇ ਮੈਂ ਆਪਣੇ ਪੁੱਤ ਨੂੰ ਸਾਈਕਲ ਲੈ ਕੇ ਦੇਣਾ।" ਇਕ ਦਿਨ ਸਰਗਮ ਨਾਲ ਗੱਲਾਂ ਕਰਦਿਆਂ ਉਹ ਆਖ ਰਿਹਾ ਸੀ। ਮੈਂ ਹੱਸ ਪਈ।

"ਅਜੇ ਤਾਂ ਪਹਿਲਾ ਹੁਣੇ ਮਨਾ ਕੇ ਹਟੇ ਹਾਂ ਜੋਧ। ਮਹੀਨਾ ਹੋਇਆ।"

"ਤਾਂ ਕੀ ਹੈ ਦੂਜਾ ਵੀ ਤਾਂ ਮਨਾਵਾਂਗੇ।" ਉਹਨੇ ਸਰਗਮ ਨੂੰ ਚੁੱਕ ਕੇ ਹਿੱਕ ਨਾਲ ਲਾ ਲਿਆ।

ਉਸ ਰਾਤ ਵੀ ਸਰਗਮ, ਉਹਦੀ ਹਿੱਕ ਨਾਲ ਲੱਗ ਕੇ ਸੁੱਤੀ ਸੀ। ਅੱਧੀ ਕੁ ਰਾਤ ਨੂੰ, ਜੋਧ ਨੇ ਮੈਨੂੰ ਜ਼ੋਰ ਨਾਲ ਹਲੂਣਿਆਂ। ਮੈਂ ਡਰ ਗਈ। ਤ੍ਰਭਕ ਕੇ ਉਠੀ।

"ਸਰਗਮ...!! ਇਹ ਹਿੱਲਦੀ ਕਿਉਂ ਨਹੀਂ?" ਮੇਰੇ ਵੱਲ ਦੇਖਦਾ ਰਣਜੋਧ ਰੋਣ ਵਰਗਾ ਹੋ ਗਿਆ।

ਮੈਂ ਉਹਦੀ ਛਾਤੀ 'ਤੇ ਹੱਥ ਧਰ ਕੇ ਦੇਖਿਆ। ਅਸੀਂ ਹਸਪਤਾਲ ਵੱਲ ਦੌੜੇ। ਪਰ ਡਾਕਟਰ ਨੇ ਸਿਰ ਫੇਰ ਦਿੱਤਾ।

"ਸ਼ਾਇਦ ਦੁੱਧ ਸਾਹ ਨਾਲੀ ਵਿਚ ਚਲਾ ਗਿਆ ਇਹਦੇ।"

ਮੈਂ ਹਸਪਤਾਲ ਤੋਂ ਘਰ ਤੀਕ ਸਾਰੇ ਰਾਹ ਰੋਂਦੀ ਆਈ। ਪਰ ਸਾਰੇ ਰਾਹ ਰਣਜੋਧ ਗੁੰਮ-ਸੁੰਮ ਰਿਹਾ। ਨਾ ਉਹਨੇ ਮੈਨੂੰ ਚੁੱਪ ਕਰਵਾਇਆ। ਨਾ ਕੋਈ ਹੰਝੂ ਉਹਦੀ ਅੱਖ ਵਿਚੋਂ ਡਿੱਗਿਆ। ਵਿਹੜੇ ਵਿਚ ਪੈਰ ਧਰਦਿਆਂ ਉਹ ਭੁੱਬਾਂ ਮਾਰਨ ਲੱਗਾ। ਲੋਕ ਇਕੱਠੇ ਹੋਏ। ਦੁੱਖ ਮਨਾਇਆ ਤੇ ਘਰਾਂ ਨੂੰ ਤੁਰ ਗਏ। ਸਾਰੀ ਰਾਤ ਸਰਗਮ ਨੂੰ ਗੋਦੀ ਵਿਚ ਪਾ ਕੇ ਰਣਜੋਧ ਰੋਂਦਾ ਰਿਹਾ। ਮੈਂ ਕਦੀ ਆਪਣੇ ਹੰਝੂ ਪੂੰਝਦੀ, ਕਦੇ ਉਹਨੂੰ ਚੁੱਪ ਕਰਵਾਉਂਦੀ। ਰਾਤ ਜਿਵੇਂ ਪਹਾੜ ਜਿੱਡੀ ਹੋ ਗਈ ਹੋਵੇ।

ਦਿਨ ਚੜ੍ਹਿਆ।ਸਾਕ-ਸੰਬੰਧੀ ਪਹੁੰਚ ਗਏ।

"ਕਮਲ! ਮੇਰੀ ਜਾਨ ਨਿਕਲਦੀ ਸੀ ਜਦ ਮੈਂ ਕਹੀ ਦਾ ਪਹਿਲਾ ਟੱਪ ਮਾਰਿਆ ਸੀ।" ਸਰਗਮ ਨੂੰ ਦਫ਼ਨਾ ਕੇ ਆਇਆ ਰਣਜੋਧ ਮੇਰੇ ਗਲ਼ ਲੱਗ ਕੇ ਰੋਣ ਲੱਗਾ।

****

ਬੀਤਿਆ ਹਰ ਦਿਨ ਜਿਵੇਂ ਪਹਾੜ ਬਣ ਕੇ ਬੀਤਿਆ ਹੈ। ਬੀਤੀ ਹਰ ਰਾਤ ਜਿਵੇਂ ਸਦੀਆਂ ਜਿੰਨੀ ਲੰਬੀ ਸੀ। ਮੈਂ ਬੇਚੈਨ ਹਾਂ। ਪਰ ਰਣਜੋਧ ਮੈਥੋਂ ਵੱਧ ਬੇਚੈਨ ਹੈ। ਪੂਰਾ ਘਰ ਬੇਚੈਨ ਹੈ। ਰਣਜੋਧ ਸੌਂ ਗਿਆ ਹੈ। ਰੋਟੀ ਵਾਲੇ ਭਾਂਡੇ ਚੁੱਕ ਕੇ ਰਸੋਈ ਵਿਚ ਆਈ ਹਾਂ। ਭੁੱਖ ਤਾਂ ਮੈਨੂੰ ਵੀ ਨਹੀਂ ਹੈ। ਫੇਰ ਵੀ ਬੁਰਕੀ ਤੋੜ ਕੇ ਮੂੰਹ ਵਿਚ ਪਾਉਂਦੀ ਹਾਂ।

"ਜੇ ਮੈਂ ਹੀ ਡੋਲ ਗਈ। ਜੋਧ ਦਾ ਕੀ ਬਣਨਾ।" ਖ਼ੁਦ ਨੂੰ ਸੰਭਾਲਣ ਲਈ, ਖ਼ੁਦ ਨੂੰ ਹੀ ਆਖਦੀ ਹਾਂ। ਸ਼ਾਇਦ ਮੈਂ ਮਾਂ ਬਣ ਨਹੀਂ, ਬਾਪ ਬਣ ਕੇ ਜੀਅ ਰਹੀ ਹਾਂ।000

***(ਅਦਬ ਨਿਵਾਜ਼ ਹਾਊਸ, ਗਲੀ ਨੰਬਰ 8, ਪੁਰਾਣਾ ਕੈਰੋਂ ਰੋਡ,***
***ਪੱਟੀ, ਜ਼ਿਲਾ ਤਰਨ ਤਾਰਨ-143416***
***ਫੋਨ: 94632-15168 ਈਮੇਲ: dhaliwalsimran77@gmail.com)***

## ਸੰਦੀਪ: ਚਾਰ ਕਵਿਤਾਵਾਂ

### ਹੁਣ ਦਿੱਲੀ ਦੂਰ ਨਹੀਂ ਹੈ ਬਾਪੂ

ਮੇਰਾ ਬਾਪੂ
ਮਿੱਟੀ ਨਾਲ ਮਿੱਟੀ ਹੁੰਦਾ
ਖੇਤਾਂ ਨੂੰ ਕਰਮ-ਭੂਮੀ ਮੰਨਦਾ
ਤੇ ਕਿਰਤ ਨੂੰ ਧਰਮ।

ਹਰ ਸਿਆਲ਼
ਮੈਂ ਉਸ ਨੂੰ
ਪੈਰਾ ਦੀਆਂ ਪਾਟੀਆਂ ਬਿਆਈਆਂ ਵਿਚ
ਮੋਮ ਭਰਦਿਆਂ ਦੇਖਿਆ।

ਭਾਦੋਂ ਵਿਚ ਮੱਕੀ ਗੁਡਦਿਆਂ
ਉਸਦਾ ਕਣਕ-ਵੰਨਾ ਰੰਗ
ਲ਼ੋਹੇ ਵਰਗਾ ਹੋ ਜਾਂਦਾ।
ਅੰਤਾਂ ਦਾ ਰਿਜਕ ਕਮਾ ਕੇ ਵੀ
ਉਸਨੇ ਨਾ ਕਦੇ-
ਮਨ ਭਾਉਦਾਂ ਖਾ ਕੇ ਵੇਖਿਆ
ਤੇ ਨਾ - ਜੱਗ ਭਾਉਂਦਾ ਪਹਿਨ ਕੇ।

ਡੋਬੇ ਸੋਕੇ ਸਮੇਂ
ਉਹ ਫ਼ਸਲ ਦੇ ਨਾਲ ਹੀ
ਡੁੱਬਦਾ ਤੇ ਸੁਕਦਾ ਰਿਹਾ।
ਟਿਕੀ ਹੋਈ ਰਾਤ ਵਿਚ
ਜਦੋਂ ਕਦੇ ਉਹ -
"ਟਾਹਲੀ ਮੇਰੇ ਬੱਚੜੇ
ਲੱਕ ਟੁਣੂ-ਟੁਣੂ ਗਾਉਂਦਾ"
ਤਾਂ ਘਰ ਦਾ ਸਾਰਾ ਜੀਆ-ਜੰਤ
ਉਸਦੀ ਹੂਕ ਨਾਲ ਵਿੰਨ੍ਹਿਆਂ ਜਾਂਦਾ।

ਹਰ ਵਰ੍ਹੇ
ਜਦੋਂ ਬੀਜਾਈ ਸਮੇਂ
ਉਸਦੇ ਬਲਦ ਬੈਸਕ ਜਾਂਦੇ
ਤੇ ਸਿੰਜਾਈ ਸਮੇਂ, ਮੋਟਰ ਹਵਾ ਲੈ ਜਾਂਦੀ

ਤਾਂ ਉਹ ਅੰਗੂਠੇ ਨੂੰ ਥੁੱਕ ਲਾ ਕੇ
ਨੋਟ ਗਿਣਦੇ ਆੜ੍ਹਤੀਏ ਮੂਹਰੇ ਬੈਠਾ
ਕਿੰਨਾ ਕਿੰਨਾ ਚਿਰ
ਆਪਣੇ ਅੰਗੂਠੇ ਉਤਲਾ
ਨੀਲਾ ਰੰਗ ਵੇਖਦਾ ਰਹਿੰਦਾ।

ਕੱਚੇ ਕੋਠੇ 'ਤੇ ਪੱਕਾ ਚੁਬਾਰਾ ਪਾਉਣ ਦੀ ਰੀਝ
ਉਹ ਨਾਲ ਹੀ ਲੈ ਕੇ ਤੁਰ ਗਿਆ
ਢਿੱਡ ਨੂੰ ਗੱਠਾਂ ਦੇ ਕੇ ਪਾਲ਼ੀ ਫ਼ਸਲ
ਮੰਡੀ ਲੈ ਜਾਂਦਾ
ਤੇ ਹਰ ਵਾਰ ਹੱਥ ਝਾੜ ਕੇ
ਜਦੋਂ ਵਾਪਸ ਮੁੜਦਾ
ਤਾਂ ਉਸਦੇ ਭਖਦੇ ਚਿਹਰੇ ਤੋਂ
ਬਲ਼ਦੇ ਹੋਏ ਸ਼ਬਦ ਝੜਦੇ –
"ਜੀਅ ਕਰੈ
ਸਰਕਾਰ ਦੇ ਢਿੱਡ ਵਿਚ ਟੱਕਰ ਮਾਰਾ
ਦਿੱਲੀ ਜਾ ਕੇ
ਪਰ ਕੀ ਕਰਾ
ਨੇੜੇ ਤੇੜੇ ਥੋੜ੍ਹੀ ਹੈ
ਬਹੁਤ ਦੂਰ ਹੈ ਦਿੱਲੀ"

ਅੱਜ ਦਿੱਲੀ ਜਾਂਦੇ ਸਾਰੇ ਰਾਹਾਂ 'ਤੇ
ਮੈਨੂੰ ਮੇਰਾ ਬਾਪੂ ਖੜ੍ਹਾ ਦਿਸਦੈ
ਟੱਕਰ ਮਾਰਨ ਲਈ ਤਿਆਰ।

ਵੇਖਿਆ
ਹੁਣ ਦਿੱਲੀ ਦੂਰ ਨਹੀਂ ਰਹੀ ਬਾਪੂ!
ਹੁਣ ਦਿੱਲੀ ਦੂਰ ਨਹੀਂ ਹੈ। 00

## ਮੁਰਾਰੀ

ਇਕੋ ਜਨਮ ਵਿਚ
ਕਿਰਦਾਰ ਕਿੰਨੇ ਹੀ
ਪ੍ਰੇਮੀ
ਪਤੀ
ਤੇ ਪਰਮੇਸ਼ਵਰ

ਤ੍ਰੈ-ਜਨਮਾਂ ਦੀ

ਮੇਰੀ ਗਾਥਾ
ਰਾਧਾ
ਰੁਕਮਣੀ
ਮੀਰਾਂ ਬਾਈ ।

## ਮੁਆਵਜ਼ਾ

ਫੈਕਟਰੀ ਵਿਚ
ਨਵੀਂ ਮਸ਼ੀਨ ਲਿਆਂਦੀ ਗਈ
ਲੱਡੂ ਵੰਡੇ ਚਲਾਉਣ ਤੋਂ ਪਹਿਲਾਂ
ਮਜ਼ਦੂਰ ਖੁਸ਼ ਨੇ।

ਅਗਲੇ ਹੀ ਦਿਨ
ਇਕ ਮਜ਼ਦੂਰ ਦਾ ਹੱਥ
ਮਸ਼ੀਨ ਵਿਚ ਆ ਕੇ
ਵੱਢਿਆ ਜਾਂਦਾ ਹੈ।

ਹੜਤਾਲ ਹੁੰਦੀ ਹੈ
ਫੈਕਟਰੀ ਵਿਚ
ਮੁਆਵਜ਼ੇ ਦੀ ਮੰਗ ਨੂੰ ਲੈ ਕੇ।

ਅਖ਼ੀਰ ਮਾਲਕ ਮੰਨ ਜਾਂਦਾ ਹੈ
ਪੀੜਤ ਮਜ਼ਦੂਰ ਦੇ, ਨਾਬਾਲਗ ਪੁੱਤ ਨੂੰ
ਓਸ ਦੀ ਥਾਂ 'ਤੇ
ਨੌਕਰੀ ਦੇਣ ਲਈ।

ਹੜਤਾਲ ਖ਼ਤਮ ਹੋ ਜਾਂਦੀ ਹੈ
ਤੇ ...ਮਸ਼ੀਨ ਫ਼ਿਰ ਤੋਂ ਚਲ ਪੈਂਦੀ ਹੈ।

## ਪਰਿੰਦੇ

ਲਬੇੜ ਕੇ
ਬਿੱਠਾਂ ਨਾਲ ਪੱਤੇ
ਆਪਣੇ
ਵਿਹੜੇ ਦਿਆਂ ਬਿਰਖਾਂ ਦੇ
ਆਲ੍ਹਣੇ ਪਾਉਣ ਉੱਡ ਗਏ ਨੇ
ਉਹ
ਸਮੁੰਦਰੋਂ ਪਾਰ ਬਿਰਖਾਂ 'ਤੇ।000

***(Email: sandeepjaswal85 @yahoo.com)***

# ਸਰਬਜੀਤ ਕੌਰ ਜਸ ਦੀਆਂ ਕਵਿਤਾਵਾਂ

## ਸ਼ਹਿਰ ਦੇ ਦਸ ਸਿਰ

**ਪਹਿਲਾ**

ਸ਼ਹਿਰ ਗਏ ਬੰਦੇ ਕੋਲੋਂ
ਖੋਹ ਲਏ ਵਿਸ਼ਵ ਮੰਡੀ ਨੇ
ਭਾਸ਼ਾ, ਪਹਿਰਾਵਾ ਤੇ ਕਮਾਈ

**ਦੂਜਾ**

ਬਾਲਣ ਹੋਇਆ ਪਦਾਰਥ
ਲਟ-ਲਟ ਬਲ਼ੇ ਸੁਆਰਥ
ਭਾਫ ਹੋਇਆ ਬੰਦਾ

**ਤੀਜਾ**

ਦੇਹਾਂ ਦਾ ਤ੍ਰਿਹਾਇਆ
ਗਿਰਗਿਟ ਦਾ ਹਮਸਾਇਆ
ਮਸ਼ੀਨੀ ਯੁਗ ਦਾ ਪਿਆਰ

**ਚੌਥਾ**

ਕਾਖਾਨੇ ਵੱਲੋਂ ਆਉਂਦੀ ਨਦੀ
ਗੋਰੀ ਗੱਲ੍ਹ 'ਤੇ ਵਹਿੰਦਾ
ਹੰਝੂ 'ਚ ਘੁਲ਼ਿਆ ਸੁਰਮਾ

**ਪੰਜਵਾਂ**

ਕਲਫ ਲੱਗੀ ਦਾਹੜੀ
ਮਲੂਕ ਬਾਹਾਂ ਦਾ ਚੂੜਾ
ਇਕੱਠੇ ਚੜ੍ਹੇ ਜਹਾਜ਼ੇ

**ਛੇਵਾਂ**

ਪੱਛੋਂ ਦੀ ਹਵਾ
ਅੰਬਰੀਂ ਗੁਆਚੀਆਂ
ਸਾਉਣ ਦੀਆਂ ਪੀਂਘਾਂ

**ਸੱਤਵਾਂ**

ਦੀਵਾਲ਼ੀ ਦਾ ਦਿਨ
ਬਾਜ਼ਾਰ 'ਚ ਗਹਿਮਾ ਗਹਿਮੀ
ਚੁੱਪ ਚਾਪ – ਕਿਤਾਬਾਂ ਦੀ ਦੁਕਾਨ

**ਅੱਠਵਾਂ**

ਵੇਚੀ ਜ਼ਮੀਨ 'ਚ ਉੱਗ ਆਇਆ
ਰਾਤੋ ਰਾਤ ਕਾਰਖਾਨਾ
ਜੱਟ ਵੇਖੇ - ਚਿਮਨੀ ਦਾ ਧੂੰਆਂ

**ਨੌਵਾਂ**

ਭੀੜ, ਨੁਮਾਇਸ਼, ਮੁਕਾਬਲਾ
ਬਾਜ਼ਾਰ ਦੇ ਹਥਿਆਰ
ਗਾਹਕ ਨਿਹੱਥਾ

**ਦਸਵਾਂ**

ਪਿੰਡ ਨੂੰ ਚੜ੍ਹਿਆ ਤੇਈਆ ਤਾਪ
ਹੱਡ ਨਾ ਟੁੱਟਣ
ਰਿਸ਼ਤੇ ਟੁੱਟਣ

## ਜੀਵਨ ਦਾ ਰੰਗ-ਮੰਚ

ਸਮਾਂ: ਇੱਕੀਵੀਂ ਸਦੀ
ਅਦਾਕਾਰ: ਉਪਜਾਊ ਮਿੱਟੀ ਦੇ
ਜੁੱਸਿਆ ਵਾਲੇ
ਪੁਸ਼ਾਕਾਂ: ਫਸਲਾਂ ਰੰਗੀਆਂ
ਸਟੇਜ: ਕਾਲ਼ੇ ਨਾਗ ਦੀ ਸਿਰੀ
ਮੀਂਹ ਝੱਖੜ: ਸੱਚੀਂ-ਮੁੱਚੀਂ ਦਾ
ਵਾਰਤਾਲਾਪ: ਮੂੰਹ ਖੋਲ੍ਹਕੇ ਨਹੀਂ,
ਹਿੱਕ ਚੀਰ ਕੇ ਬੋਲੇ ਜਾਂਦੇ
ਨਿਰਦੇਸ਼ਕ: ਵਿਰਾਸਤ
ਨਿਰਮਾਤਾ: ਪੁਰਖੇ
ਤਾਰਿਆਂ ਦਾ ਪਰਦਾ ਤਾਣਦੀਆਂ ਰਾਤਾਂ
ਤਾਂ ਕਿ ਦਿੱਸਦਾ ਰਹੇ ਨਾਟਕ
ਸੂਰਜ ਦਾ ਚੁਲ੍ਹਾ ਬਾਲ਼ਦਾ ਦਿਨ
ਤਾਂ ਕਿ ਆਂਦਰਾਂ ਠਾਰਨ ਵਾਲੇ
ਖੁਦ ਨਾ ਠਰ ਜਾਣ

ਧੰਨਭਾਗ ਸਾਡੇ
ਅਸੀਂ ਵੇਖ ਰਹੇ ਹਾਂ
ਸੱਚਾ-ਸੁੱਚਾ ਮੰਚਨ
ਕੀ ਤੁਸੀਂ ਕਦੇ ਵੇਖਿਆ
ਅਜਿਹਾ ਵਿਲੱਖਣ ਨਾਟਕ?

## ਸੱਪ ਬਣੀਏਂ

ਚਲੋ ਸੱਪ ਬਣੀਏਂ
ਖੁੱਡਾਂ 'ਚੋਂ ਬਾਹਰ ਨਿਕਲੀਏ
ਪਟਾਰੀ ਦਾ ਕਿਲ੍ਹਾ ਢਾਹੀਏ
ਫਣ ਦਾ ਮੁਜ਼ਾਹਰਾ ਕਰੀਏ

ਵਿਹੁ-ਦੰਦ ਦਾ ਹਥਿਆਰ ਹੁੰਦਿਆਂ
ਕੀਲੇ ਜਾਣ ਦਾ ਅਰਥ ਕੀ ਹੋਇਆ
ਮੇਲਣ ਦੀ ਵਜ੍ਹਾ ਕੀ ਹੋਈ

ਸਪੇਰੇ ਦਾ ਪੋਟਾ ਡੰਗੀਏ
ਤੇ ਡਿੱਗੀ ਬੀਨ ਦੇ ਉੱਤੋਂ ਦੀ
ਰੀਂਗਦੇ ਹੋਏ ਲੰਘ ਜਾਈਏ

ਸੱਪਾਂ ਦੀ ਨਸਲ ਨੂੰ ਵੀ ਤਾਂ
ਪਤਾ ਲੱਗੇ
ਜ਼ਹਿਰ ਦਾ ਸਦ ਉਪਯੋਗ
ਕਿਵੇਂ ਕਰੀਦਾ

ਚਲੋ ਸੱਪ ਬਣੀਏਂ।

## ਇਤਰਾਜ਼

ਉਹਨਾਂ ਨੂੰ
ਮੇਰੇ ਮੂੰਹ ਵਿਚ ਜ਼ੁਬਾਨ ਹੋਣ 'ਤੇ
ਇਤਰਾਜ਼ ਸੀ
ਸੋ ਉਹਨਾਂ ਖਿੱਚ ਲਈ

ਫਿਰ ਮੇਰੇ ਪੋਟਿਆਂ 'ਚੋਂ
ਇਕ ਹੋਰ ਜ਼ੁਬਾਨ ਉੱਗ ਆਈ
ਛਿਪਕਲੀ ਦੀ ਪੂਛ ਵਾਂਗ
ਹੁਣ ਮੈਨੂੰ ਕੌਣ ਰੋਕੇਗਾ ਬੋਲਣੋਂ...? 000

***(218 ਘੁੰਮਣ ਨਗਰ, ਸਰਹੰਦ ਰੋਡ, ਪਟਿਆਲਾ***
***ਈਮੇਲ: sarabjitkaurjasspatiala@gmail.com)***

# ਕਰਮਜੀਤ ਕਿਸ਼ਾਂਵਲ ਦੀਆਂ ਕਵਿਤਾਵਾਂ

## ਤੂੰ ਤੇ ਮੈਂ

ਤੂੰ–
ਕਲ ਕਲ ਕਰਦਾ ਆਬਸ਼ਾਰ
ਮੈਂ–
ਸਹਿਜ ਵਗਦੀ ਨਦੀ
ਤੇਰੇ ਪਾਣੀਆਂ 'ਚ ਤਰਥੱਲੀ
ਮੇਰੇ ਪਾਣੀਆਂ 'ਚ ਸਹਿਜਤਾ
ਵੇਖ ਮੇਰੀ ਗੋਦ ਦੀ ਵਿਸ਼ਾਲਤਾ–
ਤੇਰੇ ਪਾਣੀਆਂ ਨੂੰ ਵੀ ਸਹਿਜ ਕਰ ਦੇਵੇ।

## ਦਾਇਰੇ

'ਦੇਵੀ' ਤੇ 'ਦੇਵਦਾਸੀ' ਵਿਚਕਾਰ
ਲਕੀਰ ਖਿੱਚਣ ਵਾਲੇ ਦੇਵਪੁਰਸ਼
ਅਕਸਰ ਵਿਚਰਦੇ ਨੇ – ਲਕੀਰਾਂ ਵਿਚਕਾਰ
ਤੇ ਕਰਦੇ ਨੇ ਫ਼ੁਰਮਾਨ ਜਾਰੀ :
"ਦੇਵੀ ਤੇ ਦੇਵਦਾਸੀ ਦਾ ਧਰਮ ਹੈ
ਆਪਣੇ ਆਪਣੇ ਦਾਇਰਿਆਂ ਦੀ
ਉਲੰਘਣਾ ਨਾ ਕਰਨ।"

## ਸਾਜ਼ਿਸ਼ਾਂ ਭਰਿਆ ਜੰਗਲ

ਵਤਨ ਤੇਰਾ ਵੀ ਮਾਸੂਮ
ਵਤਨ ਮੇਰਾ ਵੀ ਮਾਸੂਮ
ਉਹੀ ਜ਼ਮੀਨ, ਉਹੀ ਅੰਬਰ, ਉਹੀ ਹਵਾ
ਉਹੀ ਪਾਣੀ ਤੇ ਉਹੀ ਪਰਿੰਦੇ
ਫਿਰ ਕਿੱਥੋਂ ਉੱਗ ਆਇਆ
ਇਹ ਸਾਜ਼ਿਸ਼ਾਂ ਭਰਿਆ ਜੰਗਲ???

## ਨਜ਼ਮਾਂ ਦੇ ਫੁੱਲ

ਉਹ ਪੱਥਰ ਸੁੱਟਦੇ ਰਹੇ...
ਮੈਂ ਝੋਲ਼ੀ ਅੱਡੀ ਰੱਖੀ... ਵਾਪਸ ਨਹੀਂ ਸੁੱਟੇ...
......
ਉਨ੍ਹਾਂ ਦੀਆਂ ਨੁਕੀਲੀਆਂ ਨੁੱਕਰਾਂ ਨਾਲ
ਦਿਲ ਦੀ ਭੋਇੰ ਵਾਹੀ...

ਕਵਿਤਾ ਦੇ ਬੀਜ ਬੋਏ...ਹੰਝ-ਰੱਤ ਸੰਗ ਸਿੰਜੇ...
......
ਅੱਜ ਮੇਰੀਆਂ ਤਲੀਆਂ 'ਤੇ
ਨਜ਼ਮਾਂ ਦੇ ਫੁੱਲ ਟਹਿਕੇ ਨੇ..

## ਬਹਿਸ਼ਤੋਂ ਰੁਖਸਤ ਹੱਵਾ

ਮੈਂ ਖੁਦਾ ਦੀ ਬਹਿਸ਼ਤ 'ਚੋਂ
ਰੁਖਸਤ ਹੱਵਾ ਹਾਂ
ਮੈਂ ਇਨਕਾਰੀ ਹਾਂ
'ਇਨਸਾਨੀ' ਬਹਿਸ਼ਤ ਤੋਂ ਵੀ
ਜਿੱਥੇ, ਆਦਮ-ਬੋਅ ਆਦਮ-ਬੋਅ ਕਰਦੀ
ਤੁਹਾਡੀ ਭੁੱਖ, ਮਿੱਥਦੀ ਏ ਮੇਰੀ ਹੋਂਦ
ਆਪਣੀ ਜੀਭ ਦੇ ਜ਼ਾਇਕੇ ਜਿੰਨੀ!

ਮੇਰੀ ਰੂਹ ਦੀ ਨੇਕੀ ਤੋਂ
ਮੁਨਕਰ ਹੋਣ ਵਾਲਿਓ
ਮੈਂ ਬੰਨ੍ਹਾਂਗੀ ਮੌਲੀ ਧਰਤ ਦੀ ਵੀਣੀ 'ਤੇ

ਕਿਉਂ ਕੋਈ ਹੱਵਾ
ਹੋਵੇ ਰੁਖਸਤ ਇਸ ਧਰਤ ਤੋਂ।

## ਸਵੈ ਵੱਲ ਸਫਰ

ਇਸ ਸਫਰ ਦੇ ਆਦਿ-ਬਿੰਦੂ ਤੋਂ ਪਹਿਲਾਂ
ਪੈਰਾਂ ਨੇ ਬਹੁਤ ਕੁਝ ਜਰਿਆ
ਰੇਤ... ਕੱਕਰ...ਕੰਡੇ...
ਰਾਹਗੀਰ ਜੋ ਵੀ ਮਿਲਿਆ
ਛੋਹ ਲੈਂਦਾ, ਉਮਰਾਂ ਦੀ ਸਾਂਝ ਜਿਹੀ ਬਾਤ
ਤੇ ਮੈਂ...ਖੋਲ੍ਹ ਲੈਂਦੀ ਉਸ ਸਾਹਵੇਂ, ਮੋਢੇ ਰੱਖੀ ਪੋਟਲੀ...
ਤੇ ਅਕਸਰ ਹੀ
ਆਪਣੀ ਲੋੜ ਦਾ ਸਮਾਨ ਚੁਣ
ਰਾਹਗੀਰ ਉਹ
ਅਲਵਿਦਾ ਆਖ, ਓਝਲ ਹੋ ਜਾਂਦਾ

ਬਹੁਤ ਕੁਝ ਜੁੜਦਾ ਰਿਹਾ
ਬਹੁਤ ਕੁਝ ਭੁਰਦਾ ਰਿਹਾ
ਉਮਰਾ ਚੱਲ ਕੇ ਵੀ, ਉੱਥੇ ਹੀ ਖੜ੍ਹੀ ਸਾਂ
ਆਦਿ-ਬਿੰਦੂ ਤੋਂ ਉਰਾਂਹ
ਸਵੈ ਵੱਲ ਸਫਰ ਤਾਂ

ਅਜੇ ਸ਼ੁਰੂ ਨਹੀਂ ਸੀ ਹੋਇਆ
ਹੁਣ ਉਹ ਪੋਟਲੀ ਵੀ ਨਹੀਂ
ਤੇ ਜੁੜੇ ਭੁਰੇ ਸਮਾਨ ਦਾ
ਹੁਲਾਸ ਤੇ ਹਰਖ ਵੀ ਨਹੀਂ
ਹਾਂ! ਇਹ 'ਆਦਿ ਬਿੰਦੂ' ਹੈ
ਸਵੈ ਵੱਲ ਸਫਰ ਦਾ ਆਦਿ ਬਿੰਦੂ !!!

## ਤਾਂਘ

ਬੇਅਰਥ ਨਹੀਂ ਹੁੰਦਾ
ਸਮੁੰਦਰ ਦੀ ਹਿੱਕ 'ਤੇ
ਕਣੀਆਂ ਦਾ ਵਰ੍ਹਨਾ...
ਕੌਣ ਜਾਣੇ ਕਿਸ ਦੀ ਤਾਂਘ ਹੈ ਤੀਬਰ
ਆਪੇ ਵਿਚ ਸਮਾਉਣ ਦੀ...
ਉਂਝ ਹੀ ਤਾਂ ਨਹੀਂ ਉੱਛਲਦਾ ਸਾਗਰ
ਕਣੀਆਂ ਨੂੰ ਕਲਾਵੇ ਭਰਨ ਖਾਤਰ! 000

## ਮਰਦਾਨਾ ਰਬਾਬ ਹੋਇਓ

ਮਰਦਨਾ ਰਬਾਬ ਹੋਇਓ
ਬਾਬਾ ਨਾਨਕ ਅਕਸਰ ਬੋਲਦੇ,
"ਮਰਦਾਨਿਆਂ! ਰਬਾਬ ਛੇੜ, ਬਾਣੀ ਆਈ ਐ।"
ਮਰਦਾਨੇ ਰਬਾਬ ਉਠਾਉਣੀ
ਤੇ ਹਰ ਵਾਰ ਬਾਬੇ ਨਾਲ ਹੀ ਵਹਿ ਤੁਰਨਾ

ਦਿਨ ਬਹੁਤ ਹੋ ਗਏ ਸਨ
ਰਬਾਬ ਨੂੰ ਸੁਰ ਹੋਇਆਂ
ਕਿਉਂ ਜੋ ਹੁਕਮ ਨਹੀਂ ਸੀ ਹੋਇਆ
ਮਰਦਾਨਾ ਉਦਾਸ, ਰਬਾਬ ਉਦਾਸ
ਬਹੁਤਤਤਤ ਉਦਾਸ...
ਰਬਾਬ ਵੀ ਰੁੱਸੀ
ਤੇ ਮਰਦਾਨੇ ਦੀਆਂ ਉਂਗਲ਼ਾਂ ਵਿਚ ਥਿਰਕਦੇ ਸੁਰ ਵੀ।
ਇਕ ਦਿਨ ਹੰਝੂਆਂ ਭਿੱਜੀ ਆਵਾਜ਼ 'ਚ ਮਰਦਾਨੇ ਆਖਿਆ
"ਬਾਬਾ ਜੀ...!!! ਪ੍ਰੀਤਮ ਜੀ...!!!
ਕੁਛ ਤਾਂ ਉਚਰੋ- ਮੈਂ ਰਬਾਬ ਹੋਣਾ ਈ..!"
ਬਾਬਾ ਨਾਨਕ ਮੁਸਕਾਏ... ਅਬੋਲ ਅਡੋਲ...ਸ਼ਬਦ ਫਿਜ਼ਾਈ ਗੂੰਜੇ...
ਮਰਦਾਨੇ ਨੇ ਰਬਾਬ ਛੇੜੀ...
ਅੱਖਾਂ 'ਚ ਪਾਣੀ... ਉਂਗਲ਼ਾਂ 'ਚ ਥਿਰਕਣ...
ਇਉਂ ਮਰਦਾਨਾ ਰਬਾਬ ਹੋਇਓ..!!! 000

***(ਈਮੇਲ: kishanwal.k@gmail.com)***

# ਨਵਰੂਪ ਕੌਰ: ਦੋ ਕਵਿਤਾਵਾਂ

## ਤੂੰ ਦਸਤਾਨੇ ਉਤਾਰ

ਜੇ ਲੰਮਾ ਸਫਰ, ਮੇਰੇ ਨਾਲ ਤੁਰਨਾ ਹੈ
ਤਾਂ ਪਹਿਲਾਂ ਦਸਤਾਨੇ ਉਤਾਰ।
ਇੰਝ ਤਾਂ ਲੱਗਦਾ ਹੀ ਨਹੀਂ, ਤੂੰ ਮੇਰੇ ਨਾਲ ਤੁਰਦਾ ਹੈਂ।
ਬਹੁਤ ਇਕੱਲੀ ਹਾਂ ਪਹਿਲਾ ਹੀ ਮੈਂ, ਹੋਰ ਇਕੱਲੀ ਨਾ ਕਰ।
ਇਸ ਤਰ੍ਹਾਂ ਪਹਿਲਾਂ ਮਨ ਟੁੱਟਦਾ ਹੈ, ਫਿਰ ਰਿਸ਼ਤੇ
ਤੇ ਮਗਰੋਂ ਬਹੁਤ ਕੁਝ ਤਿੜਕ ਜਾਂਦਾ ਹੈ।
ਘਰਾਂ ਦੇ ਘਰ ਖਪ ਜਾਂਦੇ ਨੇ, ਇਸ ਤ੍ਰੇੜ ਵਿਚ।

ਇਹ ਦਸਤਾਨੇ ਤਾਂ ਉਤਾਰ
ਮੈਂ ਤੈਨੂੰ ਧੁਰ ਅੰਦਰ ਤੀਕ, ਨਿੱਘ ਦੇਵਾਂਗੀ
ਰੂਹ ਦੇ ਜਸ਼ਨ ਵਿਚ ਸ਼ਾਮਿਲ ਤਾਂ ਹੋ ਕੇ ਵੇਖ।
ਠਰਦਿਆਂ ਠਰਦਿਆਂ, ਕਿੰਨੇ ਕੁ ਵਸਤਰ ਪਾਵੇਂਗਾ?
ਇਹ ਤੇਰੇ ਤਨ ਲਈ ਹੋਣਗੇ
ਪਰ ਠੰਢ ਤਾਂ, ਕਿਤੇ ਹੋਰ ਹੈ ਮੇਰੀ ਜਾਨ।

ਸਵੇਰ ਸ਼ਾਮ ਦੀ ਸੈਰ ਕਰਦਿਆਂ
ਕਾਲ਼ੀ ਐਨਕ ਵੀ ਨਾ ਲਾਇਆ ਕਰ
ਖਿੜੇ ਫੁੱਲ ਮੁਰਝਾ ਜਾਂਦੇ ਨੇ।
ਗੁਲਾਬੀ ਮੌਸਮ ਧੁੰਦਲਾ ਹੋ ਜਾਂਦਾ ਹੈ।
ਅਸਮਾਨ 'ਚ ਬੱਦਲ਼ ਦਿਸਦੇ ਨੇ
ਪਰ ਹੁੰਦੇ ਕਿਤੇ ਵੀ ਨਹੀਂ।
ਭੁਲੇਖੇ 'ਚ ਉਮਰ ਬੀਤ ਰਹੀ ਹੈ।

ਮੇਰੇ ਜਨਮ ਦਿਨ 'ਤੇ ਤੂੰ
ਬਹੁਤ ਵਾਰ ਤੁਹਫਿਆਂ ਦੇ ਅੰਬਾਰ ਲਾਏ।
ਰ੍ਹਹਿਣ ਦੇ ਹੁਣ।
ਇਹੀ ਦੇ ਦੇ, ਦੋ ਅਹਿਸਾਸ
ਨੰਗੀ ਨਜ਼ਰ ਤੇ ਹੱਥਾਂ ਦੀ ਕੋਮਲ ਛੋਹ।
ਇਸੇ ਰਸ ਵਿਚ
ਮੈਂ ਰਹਿੰਦੀ ਉਮਰ ਗੁਜ਼ਾਰ ਲਵਾਂਗੀ।

ਮੇਰੇ ਕੋਲ ਬਹੁਤ ਕੁਝ ਪਿਆ ਹੈ

ਤੇਰਾ ਅਣਵਰਤਿਆ, ਅਣਕਿਹਾ ਤੇ ਅਣਲਿਖਿਆ।
ਮੇਰੀਆਂ ਅੱਖਾਂ ਵਿਚੋਂ ਪੜ੍ਹ
ਸਫਿਆਂ ਦੇ ਸਫੇ ਗੁੰਮ-ਸੁੰਮ।
ਤੇਰੇ ਕੋਲ਼ ਮੈਂ ਹਾਂ— ਰੋਮ ਰੋਮ, ਪੱਤਾ ਪੱਤਾ. ਖ਼ੁਸ਼ਬੋਈ
ਜਾਣ ਲੈ, ਮਾਣ ਲੈ
ਵਰਕਿਆ 'ਚ ਛੁਪੀ ਮੇਰੀ ਚੁੱਪ।
ਮੈਂ ਲਾਇਬਰੇਰੀ 'ਚ ਪਈ ਕਿਤਾਬ ਨਹੀਂ
ਜਿਹੜਾ ਮਰਜ਼ੀ ਸ਼ੈਲਫ ਵਿਚੋਂ ਲਵੇ
ਤੇ ਪੜ੍ਹ ਕੇ ਧਰ ਦੇਵੇ।
ਮੈਂ ਤਾਂ ਤੇਰੇ ਕਮਰੇ ਦੀ ਅਲਮਾਰੀ ਅੰਦਰ
ਤੇਰੇ ਹੱਥਾਂ ਦੇ ਬਹੁਤ ਨੇੜੇ ਹਾਂ।
ਰੂਹ ਲਾ ਕੇ ਪੜ੍ਹ, ਮੈਂ ਤੈਨੂੰ ਬਹੁਤ ਦੂਰ ਲੈ ਜਾਵਾਂਗੀ।
ਇਹ ਨਿੱਕੀ ਜੇਹੀ ਚਾਰੀਵਾਰੀ ਵਾਲਾ ਮਕਾਨ
ਏਦਾਂ ਹੀ ਘਰ ਵਿਚ ਤਬਦੀਲ ਹੋਵੇਗਾ।

ਮੈਂ ਤਾਂ ਬਹੁਤ ਕੁਝ ਕਹਿ ਲਿਆ
ਹੁਣ ਤੇਰੀ ਵਾਰੀ ਹੈ,ਪਰ ਬੋਲਣ ਤੋਂ ਪਹਿਲਾਂ
ਦਸਤਾਨੇ, ਐਨਕ ਤੇ ਹੋਰ ਸਾਰੇ ਗਿਲਾਫ ਉਤਾਰ।
ਮੈਂ ਤੈਨੂੰ ਆਰ ਪਾਰ ਵੇਖਣਾ ਚਾਹੁੰਦੀ ਹਾਂ।00

## ਗੁਆਚ ਨਾ ਜਾਵੀਂ

ਸੋਚਾਂ ਦੀ ਤੇਜ਼ ਹਨੇਰੀ ਵਿਚ
ਕੱਖ ਕਾਨ ਬਹੁਤ ਕੁਝ ਉੱਡੇਗਾ
ਅੱਖਾਂ ਅੱਗੇ ਆਉਣਗੀਆਂ, ਮਿੱਟੀ ਘੱਟੇ ਦੀਆਂ ਬੁਛਾੜਾਂ
ਚਮਕੇਗੀ ਆਕਾਸ਼ 'ਚ ਬਿਜਲੀ, ਲਿਸ਼ਕੋਰ ਡਰਾਵੇਗੀ।
ਗੜ੍ਹਕੇਗੀ ਬੱਦਲਾਂ ਦੀ, ਆਪਸੀ ਰਗੜ ਖਾਂਦੀ ਗੜ੍ਹਕ
ਡਰ ਨਾ ਜਾਵੀਂ।

ਬਰਸੇਗੀ ਮੋਹਲ਼ੇਧਾਰ ਬਰਸਾਤ
ਵਗਣਗੇ ਪਰਨਾਲੇ, ਚੋਣਗੇ ਕੱਚੇ ਮਕਾਨ
ਟੁੱਟਣਗੇ ਨੱਕੇ, ਭਰਨਗੇ ਟੋਏ ਨੀਵੇਂ ਥਾਂ
ਖੁਰਨਗੇ ਟਿੱਬੇ ਹੰਕਾਰ 'ਚ ਆਕੜੇ
ਉਦਾਸ ਨਾ ਹੋਵੀਂ।

ਜੇ ਬਹੁਤ ਕੁਝ ਗਵਾਚਦਾ ਹੈ
ਤਾਂ ਹੋਰ ਕੁਝ ਮਿਲਦਾ ਵੀ ਹੈ
ਮਿਸਾਲ ਦੇ ਤੌਰ 'ਤੇ, ਸੂਰਜ ਛਿਪਦਾ ਹੈ

ਤਾਂ ਕਿੰਨੇ ਤਾਰੇ ਝੋਲੀਆਂ ਭਰ ਕੇ
ਸਾਨੂੰ ਝਾਤ ਆਖਦੇ ਨੇ।
ਰਾਤ ਪੈਂਦੇ ਸਾਰ,ਚੰਦ ਮਾਮਾ ਇਕੱਲਾ ਨਹੀਂ
ਪੂਰਾ ਨਾਨਕਾ ਮੇਲ਼ ਆ ਪਹੁੰਚਦਾ ਹੈ
ਪਰਿਵਾਰ ਸਮੇਤ।
ਗੱਲਬਾਤ ਕਰਦਾ ਹੈ ਪੂਰੀ ਰਾਤ।
ਟਿਕੀ ਰਾਤ ਵਿਚ ਚੁੱਪ ਵਰਤਦੀ ਹੈ
ਤਾਂ ਅੰਦਰਲਾ ਸ਼ੋਰ
ਕਵਿਤਾ ਵਿਚ ਢਲ਼ ਜਾਂਦਾ ਹੈ।
ਸ਼ਬਦ ਕਤਾਰਾਂ ਬੰਨ੍ਹਕੇ
ਆ ਖਲੋਂਦੇ ਨੇ ਮੇਰੇ ਦਵਾਰ।
ਬੋਲਦੇ ਤੇ ਆਖਦੇ
ਸਾਂਭ ਮੋਤੀਆਂ ਦਾ ਥਾਲ਼, ਸਭ ਕੁਝ ਸੰਭਾਲ
ਸੁਣਾ ਕੇ ਸਾਰੀਆਂ ਬਾਤਾਂ ਇਨ੍ਹਾਂ ਨੂੰ
ਅੱਵਲ ਤੋਂ ਅਖੀਰ ਤਕ
ਸ਼ਬਦ ਸ਼ਬਦ ਹਰਫ ਹਰਫ
ਬਿਨ ਉਚੇਚ ਬਿਨ ਝਿਜਕ
ਚੁੱਪ ਨਾ ਬੈਠੀਂ।

ਚੁੱਪ ਤਾਂ ਇਨਸਾਨ ਨੂੰ
ਕਬਰ ਬਣਾ ਦੇਂਦੀ ਹੈ
ਗ਼ਮਾਂ ਨੂੰ ਹਿੱਕ ਵਿਚ ਪਾਉਣ ਦੀ ਥਾਂ
ਕਾਗ਼ਜ਼ ਹਵਾਲੇ ਕਰ ਦੇ
ਵਕਤ ਨੂੰ ਸ਼ਬਦਾਂ ਹਵਾਲੇ ਕਰਨ ਨਾਲ
ਬੱਦਲ ਛਟ ਜਾਂਦੇ ਨੇ
ਗਰਜਣੋਂ ਹਟ ਜਾਂਦੇ ਨੇ
ਕੱਚੇ ਘਰਾਂ ਦੀਆਂ ਚੋਂਦੀਆਂ ਛੱਤਾਂ
ਲਿੱਪ ਦੇ ਸ਼ਬਦਾਂ ਦੀ ਚੀਕਣੀ ਮਿੱਟੀ ਨਾਲ
ਵਹਿ ਜਾਵੇਗਾ ਆਪਣੇ ਆਪ
ਇਕੱਠਾ ਹੋਇਆ ਬਾਰਿਸ਼ ਦਾ ਪਾਣੀ।
ਕੱਖ ਕਾਨ ਟਿਕ ਜਾਣਗੇ
ਬੈਠ ਜਾਵੇਗੀ ਧੂੜ
ਨਜ਼ਰ ਵਿਚ ਸਾਫ ਆਵੇਗਾ
ਅਲੌਕਿਕ ਸੰਸਾਰ
ਡਰ ਨਾ ਜਾਵੀਂ। 000

***(ਮੁਖੀ, ਪੰਜਾਬੀ ਵਿਭਾਗ, ਹੰਸਰਾਜ ਮਹਿਲਾ ਮਹਾਂਵਿਦਿਆਲਾ, ਜਲੰਧਰ***
***Email: navroopm@gmail.com)***

# ਇਹ ਵਰਜਿਤ ਨਹੀਂ: ਕਹਾਣੀ: ਦੀਪਤੀ ਬਬੂਟਾ

ਘੁੱਪ ਹਨੇਰਾ। ਭੇਦ ਭਰਿਆ ਸੰਨਾਟਾ।

ਅੱਖਾਂ ਨੇ ਵੱਡੀਆਂ ਹੋ, ਹਨੇਰੇ ਦਾ ਜਾਇਜ਼ਾ ਲਿਆ। ਰੌਸ਼ਨੀ ਦੀ ਕੋਈ ਕਿਰਨ ਕਿਸੇ ਝੀਤ ਤੋਂ ਬਗ਼ਾਵਤ ਕਰਦੀ ਨਾ ਮਿਲ਼ੀ। ਅੱਖਾਂ ਮੂਹਰੇ ਆਪਣੇ ਹੱਥ ਕੀਤੇ। ਹੱਥ ਨੂੰ ਹੱਥ ਦੀ ਥਾਹ ਨਾ। ਪਛਾਣੇ ਨਾ ਜਾਣ ਦੀ ਤਸੱਲੀ ਕਰ ਅੱਖਾਂ ਬੰਦ ਕੀਤੀਆਂ ਤੇ ਰਿਲੈਕਸ ਹੋਣ ਦੀ ਕੋਸ਼ਿਸ਼ ਕਰਨ ਲੱਗੀ।

"ਪਾਪਾ, ਪਾਪਾ, ਨਹੀਂ ਪਾਪਾ, ਨਹੀਂ...। ਮੰਮਾ... ਮੰਮਾ...।" ਚੀਕਾਂ ਮਾਰ ਸਿਰ 'ਤੇ ਅਸਮਾਨ ਚੁੱਕੀ ਮੇਰੇ ਵੱਲ ਭੱਜੀ ਆਉਂਦੀ ਕਾਸ਼ਨੀ, ਪਿੱਛੇ-ਪਿੱਛੇ ਰਵੀ। ਘਬਰਾਹਟ ਨਾਲ ਮੇਰੀਆਂ ਅੱਖਾਂ ਖੁੱਲ੍ਹ ਗਈਆਂ। ਤ੍ਰੇਲ਼ੀਓ-ਤ੍ਰੇਲ਼ੀ ਹੋਈ, "ਲਾ...ਈ...ਟ... ਲਾ...ਈ...।" ਬਿਜਲੀ ਜਗਾਉਣ ਲਈ ਆਖਾਂ ਪਰ ਗਲ਼ੇ 'ਚੋਂ ਆਵਾਜ਼ ਨਾ ਨਿਕਲੇ ਤੇ ਕੰਨਾਂ 'ਚ ਬੋਲ ਪਏ,

"ਸਟਾਰਟ।"

ਓਪਰੀ ਆਵਾਜ਼ ਸੁਣ, ਦਿਲ ਮੁੱਠੀ 'ਚ ਆ ਗਿਆ। ਸਿਰ ਦੇ ਵਾਲ਼ਾਂ ਤੋਂ ਪੈਰਾਂ ਦੇ ਨਹੁੰਆਂ ਤਕ ਸਰਰਰ ਕਰਦਾ ਬਿਜਲੀ ਦਾ ਕਰੰਟ ਆਰ-ਪਾਰ ਹੋ ਗਿਆ। ਆਪਣੇ-ਆਪ 'ਤੇ ਕਾਬੂ ਪਾਉਣ ਲਈ ਮੈਂ ਕੰਨਾਂ 'ਚ ਪਈ ਆਵਾਜ਼ ਦਾ ਅਕਸ ਫਰੋਲਣ ਲੱਗੀ। ਅਜਨਬੀ ਅੰਦਾਜ਼-ਏ-ਬਿਆਨ, ਅਨਜਾਣੀ ਆਵਾਜ਼।

ਧਿਆਨ ਕਿੱਟੀ ਦੇ ਥੀਮ ਵੱਲ ਮੁੜ ਪਿਆ।

ਉਲੀਕੇ ਅਜੰਡੇ ਮੁਤਾਬਕ ਕਿੱਟੀ ਪਾਰਟੀ ਸ਼ੁਰੂ ਹੋ ਚੁੱਕੀ ਸੀ।

ਡਾਰਕ ਰੂਮ। ਪਿੰਨ ਡਰਾਪ ਸਾਈਲੈਂਸ।

ਸ਼ਬਦ ਇਕੱਠੇ ਕਰਦੀ ਇਕ ਭਰੜਾਈ ਜਿਹੀ ਆਵਾਜ਼ ਸੀਨੇ ਅੰਦਰ ਦੱਬਿਆ ਖ਼ੌਫ਼ਨਾਕ ਸੱਚ ਉਗਲਣ ਲੱਗੀ,

"ਕਿੰਨੇ ਸਾਲਾਂ ਦੀ ਸਾਂ? ਯਾਦ ਨਹੀਂ, ਪਰ ਉਹ ਗੰਦਾ ਸਪਰਸ਼...! ਮੈਨੂੰ ਭੁਲਾਇਆਂ ਨਹੀਂ ਭੁੱਲਦਾ। ਕਈ ਵਾਰ ਲੱਗਦੈ, ਜਿਵੇਂ ਮੈਂ ਮਾਨਸਿਕ ਰੋਗੀ ਹੋ ਗਈ ਹੋਵਾਂ। ਆਪਣੇ-ਆਪ 'ਤੋਂ ਘਿਣ ਆਉਣ ਲੱਗਦੀ ਏ। ਦਿਲ ਕਰਦੈ ਆਪਣੀ ਚਮੜੀ ਨੋਚ ਸੁੱਟਾਂ। ਗਰਮੀਆਂ ਦੇ ਦਿਨ। ਮੰਮੀ ਨਹਾ ਰਹੀ ਸੀ। ਘਰ 'ਚ ਕੋਈ ਨਹੀਂ ਸੀ। ਮੈਂ ਆਪਣੀ ਖਿਡੌਣਿਆਂ ਵਾਲੀ ਗੁੱਡੀ ਵਰਗੀ ਫਰਾਕ ਪਾਈ ਵਿਹੜੇ 'ਚ ਖੇਡਾਂ ਪਈ। ਬੜੇ ਲਾਡ ਨਾਲ ਦੋ ਜਾਣੇ-ਪਛਾਣੇ ਹੱਥਾਂ ਨੇ ਮੈਨੂੰ ਪਿੱਛੋਂ ਦੀ ਕੱਛਾਂ 'ਚ ਹੱਥ ਦੇ ਕੇ ਗੋਦੀ ਚੁੱਕ ਲਿਆ। ਮੇਰੇ ਮੂੰਹ 'ਤੇ ਪਿਆਰ ਕੀਤਾ ਤੇ ਮੇਰੀ ਗੁੱਡੀ ਸਮੇਤ ਮੈਨੂੰ ਆਪਣੇ ਕਮਰੇ ਅੰਦਰ ਲੈ ਗਿਆ। ਕੋਈ ਹੋਰ ਨਹੀਂ, ਉਹ ਮੇਰਾ ਸਕਾ ਚਾਚਾ ਸੀ। ਮੇਰੇ ਪਾਪਾ ਹੀ ਚਾਚੇ ਨੂੰ ਪੜ੍ਹਾ ਲਿਖਾ ਰਹੇ ਸਨ ਤੇ ਚਾਚਾ ਸਾਡੇ ਕੋਲ਼ ਹੀ ਰਹਿੰਦਾ ਸੀ। ਮੈਂ ਚਾਚੇ ਨਾਲ ਨਿੱਕੀਆਂ-ਨਿੱਕੀਆਂ ਗੱਲਾਂ ਕਰਦੀ ਲਾਡ ਕਰਨ ਲੱਗੀ। ਅਚਾਨਕ ਉਸ ਨੇ ਮੇਰੀ ਗੁੱਡੀ ਦੀ ਫਰਾਕ ਚੁੱਕੀ ਤੇ ਕੁਤਕੁਤਾੜੀਆਂ ਕੱਢਦਾ-ਕੱਢਦਾ ਮੇਰੀ ਫਰਾਕ ਚੁੱਕ ਕੇ...।"

ਸਾਰੇ ਅੱਗੇ ਸੁਣਨ ਲਈ ਚੁੱਪ, ਪਰ 'ਅੱਗੇ ਕੀ ਹੋਇਆ' ਕਹਿਣ ਦੀ ਹਿੰਮਤ ਕਿਸੇ ਨਾ ਕੀਤੀ। ਅੱਗੇ ਕੀ ਹੋਇਆ ਹੋਵੇਗਾ? ਬਿਨਾਂ ਸੁਣੇ ਜੇਕਰ ਮੈਂ ਸਮਝ ਗਈ ਸੀ ਤਾਂ ਬਾਕੀਆਂ ਨੂੰ ਕਿਹੜਾ ਭੁੱਲ ਰਹੀ ਹੋਵੇਗੀ।

ਮੈਂ ਸੋਚ ਰਹੀ ਹਾਂ, ਤੇ ਅਗਲੀ ਆਵਾਜ਼ ਸਾਲਾਂ ਤੋਂ ਮਨ 'ਤੇ ਚੁੱਕਿਆ ਭਾਰ ਹੌਲ਼ਾ ਕਰਨ

ਲੱਗੀ ਹੈ।

"ਮੇਰੇ ਨਾਲ ਵੀ ਅਜਿਹਾ ਹੀ ਕੁਝ ਹੋਇਆ। ਉਹ ਮੇਰਾ ਸਕਾ ਚਾਚਾ ਨਹੀਂ ਸੀ। ਸਾਡੇ ਘਰ ਆਉਣਾ-ਜਾਣਾ ਸੀ ਬਹੁਤ। ਡੈਡੀ ਨਾਲ ਦਾਰੂ ਦੀ ਸਾਂਝ ਤੇ ਮਾਂ ਨਾਲ...! ਜਦੋਂ ਵੀ ਆਉਂਦਾ ਮੇਰੇ ਲਈ ਵੰਨ-ਸੁਵੰਨੀਆਂ ਚੀਜ਼ਾਂ-ਖਿਡੌਣੇ ਲੈ ਕੇ ਆਇਆ ਕਰੇ। ਮਾਂ ਬੜਾ ਖ਼ੁਸ਼ ਹੁੰਦੀ, ਪਰ ਮੈਨੂੰ ਉਹ ਫੁੱਟੀ ਅੱਖ ਨਾ ਭਾਉਂਦਾ। ਇਕ ਦਿਨ ਮੈਨੂੰ ਗੋਦੀ ਲੈ, ਮੇਰੇ ਗੁਪਤ-ਅੰਗ 'ਤੇ ਹੱਥ ਰੱਖ ਪਹਿਲਾਂ ਮੇਰੇ ਮੂੰਹ ਨਾਲ ਮੂੰਹ ਲਾਇਆ ਤੇ ਫਿਰ ਕੰਨ ਨਾਲ ਬੁੱਲ੍ਹ ਲਾ ਕੇ ਪੁੱਛਣ ਲੱਗਾ, "ਮੰਮੀ-ਡੈਡੀ ਇਵੇਂ ਕਰਦੇ ਹੁੰਦੇ ਆ?"

ਮੈਨੂੰ ਨਹੀਂ ਸੀ ਪਤਾ ਉਹ ਮੇਰੇ ਨਾਲ ਕੀ ਕਰ ਰਿਹਾ ਸੀ ਤੇ ਕੀ ਪੁੱਛ ਰਿਹਾ ਸੀ। ਮੈਨੂੰ ਉਸ ਦਾ ਇੰਝ ਛੂਹਣਾ ਚੰਗਾ ਨਾ ਲੱਗਾ। ਮੈਂ ਉਹਦੀ ਗੋਦੀ 'ਚੋਂ ਨਿਕਲ ਮਾਂ ਨੂੰ ਆਵਾਜ਼ਾਂ ਮਾਰਦੀ ਬਿਸਤਰੇ ਰੱਖਣ ਵਾਲੇ ਸਟੋਰ ਅੰਦਰ ਜਾ ਲੁਕੀ। ਫਿਰ ਉਹ ਜਦੋਂ ਵੀ ਸਾਡੇ ਘਰ ਆਉਂਦਾ, ਮੈਂ ਭੱਜ ਕੇ ਗੁਆਂਢਣ ਤਾਈ ਦੇ ਘਰ ਜਾ ਵੜਦੀ। ਕਦੀ ਉਸ ਤੋਂ ਬਚ ਕੇ ਇੱਧਰ-ਉੱਧਰ ਭੱਜ ਕੇ ਲੁਕਣਾ ਔਖਾ ਹੋ ਜਾਂਦਾ, ਤਾਂ ਵੀ ਮੈਂ ਉਸ ਦੀ ਗੋਦੀ ਨਾ ਚੜ੍ਹਦੀ। ਜੇ ਉਹ ਮਾਂ ਦੇ ਸਾਹਮਣੇ ਜ਼ਬਰਦਸਤੀ ਕੁੱਛੜ ਚੁੱਕ ਵੀ ਲੈਂਦਾ, ਤਾਂ ਚੀਕ-ਚਿਹਾੜਾ ਮਚਾ, ਲੱਤਾਂ-ਬਾਹਾਂ ਮਾਰਦੀ ਉਸ ਦੇ ਹੱਥੋਂ ਛੁੱਟ ਜਾਂਦੀ। ਮੈਨੂੰ ਅੱਜ ਵੀ ਆਪਣੇ ਸਰੀਰ 'ਚੋਂ ਉਸ ਚਾਚੇ ਦੀ ਹਵਾੜ ਆਉਂਦੀ ਏ। ਚਾਚੇ ਜਿਹੇ ਹੋਰ ਵੀ ਦਰਿੰਦੇ ਮੇਰੇ ਆਸੇ-ਪਾਸੇ ਮੌਕੇ ਦੀ ਤਾੜ 'ਚ ਘਾਤ ਲਾਈ ਬੈਠੇ ਸਨ। ਯਾਦਾਂ ਦੇ ਪਰਛਾਵੇਂ ਸਿਰ ਚੁੱਕ ਲੈਣ ਤਾਂ ਸਿਰ ਪਾਟਣ ਨੂੰ ਆਉਂਦਾ ਏ। ਸਾਡੀ ਹਵੇਲੀ ਦੇ ਬਾਹਰਵਾਰ ਕਿੰਨੇ ਹੀ ਕਮਰੇ ਬਣੇ ਹੋਏ ਸਨ, ਜੋ ਕਿਰਾਏ 'ਤੇ ਚੜ੍ਹਾਏ ਹੋਏ ਸਨ। ਇਕ ਕਿਰਾਏਦਾਰ ਅੰਕਲ ਮੈਨੂੰ 'ਚੀਜੀ' ਦੇਣ ਦੇ ਬਹਾਨੇ ਕਮਰੇ 'ਚ ਲੈ ਜਾਂਦਾ। ਚਾਨਚੱਕ ਆਪਣੀ ਪੈਂਟ ਦੀ ਜ਼ਿੱਪ ਖੋਲ੍ਹ ਕੇ ਆਖਦਾ, "ਇਕ ਵਾਰੀ ਹੱਥ ਲਾ, ਫਿਰ ਸਵਾਦ ਚੀਜੀ ਦੇਵਾਂਗਾ...।" ਹੁਣ ਜਦੋਂ ਖ਼ੁਦ ਦੋ ਬਾਲਾਂ ਦੀ ਮਾਂ ਬਣ ਗਈ ਹਾਂ, ਬਚਪਨ ਦੇ ਡਰ ਦੈਂਤ ਬਣ ਕੇ ਸਿਰ 'ਤੇ ਸਵਾਰ ਹੋਏ ਰਹਿੰਦੇ ਆ। ਮਾਂ ਘੱਟ ਜਾਸੂਸ ਵਧੇਰੇ ਬਣ ਗਈ ਹਾਂ ਮੈਂ।"

'ਮਾਂ ਘੱਟ ਜਾਸੂਸ ਵਧੇਰੇ ਬਣ ਗਈ ਹਾਂ ਮੈਂ।' ਬੋਲ ਕੰਨਾਂ 'ਚ ਨਹੀਂ ਸਿਰ 'ਚ ਟਨ ਕਰਕੇ ਵੱਜੇ। ਅੰਦਰ ਦਾ ਡਰ ਹਾਵੀ ਹੋਣ ਲੱਗਿਆ। ਪੰਜ ਸਾਲਾਂ ਦੀ ਆਪਣੀ ਧੀ ਦਰਿੰਦਿਆਂ ਦੇ ਮੂੰਹ ਆਈ ਜਾਪੇ।

ਕੁਝ ਦਿਨਾਂ ਤੋਂ ਕਾਸ਼ਨੀ ਦਾ ਬਦਲਦਾ ਰਵੱਈਆ ਡੋਬੂ ਪਾਉਣ ਲੱਗਿਆ। ਇਹ ਡਰ ਹੀ ਤਾਂ ਇਸ ਕਿੱਟੀ ਦਾ ਥੀਮ ਸੀ। ਫਿਰ ਇੰਨੀ ਘਬਰਾਹਟ ਕਿਉਂ? ਦਿਲ 'ਚ ਆਇਆ, ਉਹ ਨਾ ਹੋਵੇ ਮੈਂ ਇੱਥੇ ਕਿੱਟੀ 'ਚ ਦੁਨੀਆਂ ਸੁਧਾਰਨ ਦੇ ਅਜੰਡੇ ਉਲੀਕਦੀ ਰਹਿ ਜਾਵਾਂ ਤੇ ਉੱਧਰ ਮੇਰੀ ਆਪਣੀ ਧੀ ਨੂੰ ਭਾਵੇਂ ਕੋਈ ਨੋਚ ਖਾਵੇ। ਦਿਲ ਕੀਤਾ ਉੱਡ ਕੇ ਵਾਪਸ ਘਰ ਪਹੁੰਚ ਜਾਵਾਂ। ਮੈਂ ਕੁਰਸੀ ਤੋਂ ਉੱਠ ਖਲੋਤੀ। ਹਨੇਰੇ 'ਚ ਸੰਭਲ਼-ਸੰਭਲ਼ ਕੇ ਬਾਹਰ ਦਾ ਰਾਹ ਫੜਦੀ ਕਿ ਅਗਲੀ ਆਵਾਜ਼ ਆਪਣੀ ਪੀੜ ਫਰੋਲਣ ਲੱਗੀ,

"ਉਹ ਕੋਈ ਹੋਰ ਨਹੀਂ, ਮੇਰਾ ਬਾਪ...।"

ਮੈਂ ਥਾਂਏਂ ਸੁੰਨ ਹੋ ਵਾਪਸ ਕੁਰਸੀ 'ਚ ਖੂਹ ਹੋ ਗਈ। ਸੁਣਦੀ-ਸੁਣਦੀ ਕਿਹੜੇ ਵਹਿਣਾਂ 'ਚ ਵਹਿਣ ਲੱਗੀ, ਪਤਾ ਹੀ ਨਾ ਲੱਗਾ।

ਕੁਝ ਦਿਨਾਂ ਤੋਂ ਕਾਸ਼ਨੀ ਦੀਆਂ ਹਰਕਤਾਂ ਅਜੀਬ ਹੋਣ ਲੱਗੀਆਂ ਨੇ। ਕਿੱਥੇ ਪਾਪਾ, ਪਾਪਾ ਕਰਦੀ ਦਾ ਮੂੰਹ ਸੁੱਕਦਾ। ਇਕ ਘੜੀ ਰਵੀ ਦਾ ਵਿਸਾਹ ਨਾ ਖਾਂਦੀ। ਰਵੀ ਦੀ ਕਾਰ ਘਰ ਦੀ ਸੜਕ ਨਾ ਚੜ੍ਹੀ ਹੁੰਦੀ, ਕਾਸ਼ਨੀ ਨੂੰ ਪਿਉ ਦੀ ਆਮਦ ਖਿੱਚ ਕੇ ਦਰਵਾਜ਼ੇ 'ਚ ਲੈ ਜਾਂਦੀ। ਪਾਪਾ, ਪਾਪਾ ਕਰਦੀ ਦੂਰੋਂ ਹੀ ਬਾਹਾਂ ਉਲਾਰਦੀ ਰਵੀ ਦੇ ਗਲ਼ੇ ਨੂੰ ਜਾ ਚਿੰਬੜਦੀ। ਹੁਣ, ਪਿਉ ਦੀ ਕੁੱਛੜ ਚੜ੍ਹਨਾ ਤਾਂ ਦੂਰ, ਉਹ ਤੇ ਉਸ ਨੂੰ ਹੱਥ ਵੀ ਨਹੀਂ ਲਾਉਣ ਦਿੰਦੀ।

ਧੀ ਦਾ ਅੰਤਰਮਨ ਸਮਝਣ ਲਈ ਮੈਂ ਆਪਣੀ ਬਾਲ ਅਵਸਥਾ ਖੰਘਾਲਣ ਲੱਗਦੀ। ਅੱਖਾਂ ਬੰਦ ਕਰਕੇ ਮੈਂ ਆਪਣੀ ਪੰਜ ਸਾਲਾਂ ਦੀ ਬਾਲ-ਅਵਸਥਾ ਵੇਖਣ ਦੀ ਕੋਸ਼ਿਸ਼ ਕਰਦੀ। ਫਰਾਕ ਪਾਈ ਗੁੱਡੀਆਂ ਪਟੋਲਿਆਂ ਨਾਲ ਖੇਡਦੀ, ਘਰ ਦੇ ਕੋਨੇ-ਕੋਨੇ 'ਚ ਭੱਜੀ ਫਿਰਦੀ ਮੈਂ। ਮਗਰ-ਮਗਰ ਮੇਰੇ ਨਾਲ ਲਾਡ ਲਡਾਉਂਦੇ ਘਰ ਦੇ ਜੀਅ। ਭਰਾਵਾਂ ਨਾਲ ਜ਼ਿੱਦਾਂ ਕਰਦੀ। ਪਾਪਾ ਨਾਲ ਲਾਡ ਲਡਾਉਂਦੀ। ਬੇਫ਼ਿਕਰ ਬਚਪਨ ਮੌਲਦੀ। ਦਿਮਾਗ 'ਤੇ ਭਾਰ ਪਾ ਅਚੇਤ ਮਨ 'ਚੋਂ ਡਰ ਦੇ ਪਰਛਾਵੇਂ ਫੜਨ ਦੀ ਕੋਸ਼ਿਸ਼ ਕਰਨ ਲੱਗੀ। ਕਲਾਵੇ ਭਰਨ ਲਈ ਅਹੁਲਦੇ ਮੇਰੇ ਪਾਪਾ। ਉਨ੍ਹਾਂ ਦੇ ਮੋਢਿਆਂ ‘ਤੇ ਗੋਦੀ ਚੜ੍ਹੇ ਅਸੀਂ ਤਿੰਨੇ ਭੈਣ ਭਰਾ, 'ਮੇਰੇ ਪਾਪਾ, ਮੇਰੇ ਪਾਪਾ' ਕਰਦੇ ਗੁੱਥਮ-ਗੁੱਥਾ ਹੁੰਦੇ।

ਦੋ ਵੱਡੇ ਭਰਾਵਾਂ ਤੋਂ ਛੋਟੀ ਮੈਂ। ਸਭ ਦੀ ਲਾਡਲੀ, ਪਰ ਪਾਪਾ 'ਤੇ ਪੱਕਾ ਹੱਕ ਸਿਰਫ ਮੇਰਾ। ਲਾਡਲੀ ਤਾਂ ਮੇਰੀ ਕਾਸ਼ਨੀ ਵੀ ਏ। ਮੇਰੇ ਨਾਲੋਂ ਵੱਧ ਆਪਣੇ ਪਾਪਾ ਦੀ ਜਾਨ, ਪਰ ਅੱਜਕਲ ਇਸ ਦੀ ਪਿਉ ਨੂੰ ਵੇਖ ਕੇ ਜਾਨ ਕਿਉਂ ਨਿਕਲਣ ਲੱਗੀ ਏ? ਕਿਧਰੇ ਕਾਸ਼ਨੀ ਨਾਲ ਰਵੀ ਕੁਝ ਗ਼ਲਤ...? ਮੈਨੂੰ ਰਵੀ ਸਾਕਸ਼ਾਤ ਬ੍ਰਹਮ ਦੇਵਤਾ ਬਣਿਆ ਕਾਸ਼ਨੀ ਦੇ ਮਗਰ ਪਿਆ ਦਿਖਾਈ ਦੇਣ ਲੱਗਿਆ। ਤ੍ਰੇਲੀ ਹੋਇਆ ਸਰੀਰ ਬਰਫ਼ 'ਚ ਲਹਿ-ਲਹਿ ਜਾਵੇ। ਸ਼ੰਕਿਆਂ 'ਚ ਘਿਰੇ ਮਨ ਨੂੰ ਅੱਚਵੀ ਲੱਗ ਗਈ। ਸਭ ਸਹੀ, ਨਹੀਂ ਸਭ ਸਹੀ ਨਹੀਂ । ਕੁਝ ਤਾਂ ਗ਼ਲਤ ਹੋ ਰਿਹੈ, ਪਰ ਕੀ? ਕਿੱਥੇ? ਬਸ ਇਸੇ ਕੀ, ਕਿੱਥੇ 'ਚ ਡਾਂਵਾਂਡੋਲ ਹੋਇਆ ਮਨ ਦਾ ਪੈਂਡੂਲਮ ਅੰਦਰੋ-ਅੰਦਰ ਜਾਨ ਦਾ ਖੌਅ ਬਣਿਆ ਦਿਮਾਗ ਦੀਆਂ ਘੰਟੀਆਂ ਵਜਾਉਂਦਾ ਰਹਿੰਦੈ। ਅੱਖਾਂ ਨੂੰ ਹਰ ਵੇਲ਼ੇ ਕੁਝ ਗ਼ਲਤ ਫੜਨ ਦੀ ਭਾਲ਼। ਬਸ ਇਕ ਵਾਰੀ ਰੰਗੇ ਹੱਥੀਂ ਫੜਿਆ ਜਾਵੇ, ਮੈਂ ਦੱਸਾਂਗੀ ਮੇਰੀ ਮਾਸੂਮ ਧੀ ਨਾਲ ਭੈੜਾ ਕਾਰਾ ਕਰਨ ਦੀ ਹਿੰਮਤ ਕਿਵੇਂ ਪਈ? ਚੋਰ ਨੂੰ ਰੰਗੇ ਹੱਥੀਂ ਫੜਨ ਦੀ ਭਾਲ਼ 'ਚ ਲੱਗੀਆਂ ਨਜ਼ਰਾਂ ਹਰ ਵੇਲ਼ੇ ਪਤਾ ਨਹੀਂ ਕਿਹੜੀਆਂ-ਕਿਹੜੀਆਂ ਖੂੰਜਾਂ-ਖਰਲਾਂ ਫਰੋਲਦੀਆਂ ਰਹਿੰਦੀਆਂ ਨੇ। ਬੰਦ ਦਰਵਾਜ਼ਿਆਂ ਅੰਦਰ ਆਪਣੇ ਹੀ ਘਰ 'ਚ ਸੌਣ ਤੋਂ ਡਰ ਲੱਗਣ ਲੱਗਿਐ। 'ਮਤਾਂ ਅੱਖ ਲੱਗ ਜਾਵੇ ਤੇ ਮੇਰੀ ਫੁੱਲ ਭਰ ਧੀ ਵਲੂੰਧਰੀ ਜਾਵੇ...।' ਮਾੜੇ ਖ਼ਿਆਲ ਤੋਂ ਪਿੱਛਾ ਛੁਡਾਉਂਦਿਆਂ ਉੱਸਲ਼ਵੱਟੇ ਲੈਂਦੀ ਹੰਭ ਜਾਨੀ ਆਂ। ਅੱਵਲ ਤਾਂ ਨੀਂਦ ਆਉਂਦੀ ਨਹੀਂ, ਆ ਜਾਵੇ ਤਾਂ ਸੁੱਤ-ਉਨੀਂਦੇ ਵੀ ਕਾਸ਼ਨੀ ਦਾ ਅੱਖੋਂ ਉਹਲੇ ਹੋਣਾ ਅਸਹਿ ਹੋ ਜਾਂਦੈ। ਬੁਰੇ-ਬੁਰੇ ਸੁਪਨਿਆਂ ਦੀ ਜਕੜ 'ਚ ਆਪਣੇ ਹੀ ਭਾਰ ਹੇਠ ਦੱਬੀ ਫੜਫੜਾਉਣ ਲੱਗਦੀ ਹਾਂ। ਉੱਭੜਵਾਹੇ ਬਿਸਤਰ ਤੋਂ ਉੱਠ ਸਭ ਸਹੀ ਦੀ ਤਸੱਲੀ ਕਰਨ ਲੱਗਦੀ ਹਾਂ। ਚਕਰੀ ਬਣ ਅੱਖਾਂ ਕਮਰੇ ਦੇ ਅੰਦਰ ਦੇ ਹਾਲਾਤ ਨੂੰ ਘੋਖਣ ਲੱਗਦੀਆਂ ਹਨ।

ਪਿਉ ਦੀ ਬਾਂਹ 'ਤੇ ਸਿਰ, ਲੱਤ ਪਿਉ ਦੇ ਪੱਟ ਉੱਤੇ ਤੇ ਛਾਤੀ ਉੱਤੋਂ ਦੀ ਵਲ਼ਾਈ ਕਾਸ਼ਨੀ ਦੀ ਨਿੱਕੀ ਜਿਹੀ ਬਾਂਹ ਨੂੰ ਆਪਣੇ ਹੱਥ 'ਚ ਘੁੱਟੀ ਰਵੀ ਸੁਪਨਲੋਕ ਦਾ ਪਾਂਧੀ ਬਣਿਆ ਘੂਕ ਸੁੱਤਾ। ਮੈਂ ਆਪਣਾ ਸਿਰ ਠਕੋਰਿਆ, 'ਭਲਾ ਕੋਈ ਆਪਣੇ ਪਰਛਾਵੇਂ ਤੋਂ ਵੀ ਤ੍ਰਹਿੰਦੈ?'

ਮੈਂ ਫਿਰ ਨੀਂਦ ਨਾਲ ਘੁਲਣ ਲੱਗਦੀ ਹਾਂ। ਨਾ ਚਾਹੁੰਦਿਆਂ ਵੀ ਜਿਸ ਖ਼ਿਆਲ...! ਨਹੀਂ, ਖ਼ਿਆਲ ਨਹੀਂ ਸੱਚ! ਜਿਸ ਸੱਚ ਤੋਂ ਖਹਿੜਾ ਛੁਡਾਉਣ ਦੀ ਕੋਸ਼ਿਸ਼ ਕਰਦੀ ਹਾਂ, ਸੌ ਵਲ਼ ਭੰਨ ਕੇ ਮੇਰੀ ਸੋਚਣ ਸ਼ਕਤੀ ਨੂੰ ਬੌਰਾ ਕਰਨ ਲੱਗਦਾ ਹੈ।

ਭਰੀ ਕਚਹਿਰੀ 'ਚ ਵਿਲਕਦੀ ਉਹ ਅੱਧੋਰਾਣੀ ਜਿਹੀ ਮਾਂ ਮੈਨੂੰ ਆਪਣੀ ਆਤਮਾ ਦਾ ਬਿੰਬ ਬਣੀ ਸ਼ੰਕਾ ਵੱਸ ਕਰਨ ਲੱਗਦੀ ਹੈ।

"ਮੈਡਮ ਜੀ, ਸਿਆਣੇ ਕਹਿੰਦੇ ਆ ਜਵਾਨ ਧੀ ਪੁੱਤ ਨੂੰ ਵੀ ਇਕ ਛੱਤ ਹੇਠ ਇਕੱਲਿਆਂ ਨਾ ਛੱਡੋ, ਪਰ ਜਿੱਥੇ ਕਮਰਾ ਹੀ ਇਕ ਹੋਵੇ ਉੱਥੇ ਵੱਖਰੀਆਂ ਛੱਤਾਂ ਹੇਠ ਕਿੱਥੋਂ ਰੱਖ ਲਈਏ ਧੀਆਂ ਪੁੱਤਾਂ ਨੂੰ। ਬਾਲ ਜਵਾਨ ਤਾਂ ਦੂਰ ਅਜੇ ਤੇ ਪੂੰਗਰੇ ਵੀ ਨਹੀਂ ਤੇ...।"

ਅੱਗੋਂ ਉਸ ਕੋਲ਼ੋਂ ਬੋਲ ਨਾ ਹੋਵੇ ਤੇ ਚੁੰਨੀ ਅੱਖਾਂ 'ਚ ਘੁੱਟ ਕੇ ਉਹ ਰੋਂਦੀ ਰਹੀ, ਕਿੰਨਾ ਹੀ ਚਿਰ। ਸਾਰੇ ਕਮੇਟੀ ਮੈਂਬਰ ਚੁੱਪ। ਕੋਰਟ ਰੂਮ ਅੰਦਰ ਪਿੰਨ ਡਰਾਪ ਸਾਇਲੈਂਸ 'ਚ ਉਸ ਦੇ

ਹਟਕੋਰੇ ਕਿਸੇ ਭਿਆਨਕ ਸੱਚ ਦੀ ਗਵਾਹੀ ਭਰ ਰਹੇ ਸਨ। ਅਸੀਂ ਤਿੰਨਾਂ ਜਿਊਰੀ ਮੈਂਬਰਾਂ ਨੇ ਅੱਖਾਂ-ਅੱਖਾਂ 'ਚ ਇਕ-ਦੂਜੇ ਦੀ ਸਲਾਹ ਪੁੱਛੀ ਤੇ ਕੇਸ ਅਡਜਰਨ ਕਰਕੇ ਸੁਣਵਾਈ ਦੀ ਦੋ ਦਿਨ ਬਾਅਦ ਤਾਰੀਖ਼ ਪਾ ਦਿੱਤੀ। ਅਗਲੀ ਤਾਰੀਖ਼ 'ਤੇ ਉਹ ਸਮੇਂ ਸਿਰ ਹਾਜ਼ਰ ਸੀ। ਸੱਚ ਜਾਣਨ ਦੀ ਉਤਸੁਕਤਾ ਵਿਚ ਕੇਸ ਦੀ ਸੁਣਵਾਈ ਸ਼ੁਰੂ ਹੋਈ। ਉਹ ਬੋਲਣ ਲੱਗੀ,

"ਨਸ਼ੇ ਨਾਲ ਰੱਜਿਆ ਪਿਉ ਇਨ੍ਹਾਂ ਦਾ, ਬਾਲਾਂ ਦੇ ਸਾਹਮਣੇ ਲੀੜੇ ਲਾਹ ਸੁੱਟਦੈ ਮੇਰੇ...। ਨਾਂਹ ਕਰੋ, ਤਾਂ ਕੁੱਟਮਾਰ। ਉਹੀਓ ਲੱਛਣ ਬਾਲ ਲਈ ਜਾਂਦੇ ਨੇ। ਦੱਸੋ ਕੀ ਕਰਾਂ? ਜਾਂ ਤਾਂ ਇਨ੍ਹਾਂ ਦੋਹਾਂ ਭੈਣ-ਭਰਾਵਾਂ ਨੂੰ ਮਹੁਰਾ ਦੇਵਾਂ ਤੇ ਆਪ ਵੀ ਫੱਕ ਲਵਾਂ। ਦੱਸਦਿਆਂ ਮਰਨ ਹੁੰਦੈ ਮੈਡਮ ਜੀ, ਜਿਹੜਾ ਕੁਝ ਪਿਉ ਮੇਰੇ ਨਾਲ ਕਰਦੈ, ਮੇਰੀ ਕੰਡ ਹੁੰਦਿਆਂ ਹੀ ਪੁੱਤਰ ਭੈਣ ਨਾਲ ਕਰਨ ਲੱਗਦੈ। ਛੀਆਂ ਸਾਲਾਂ ਦੀ ਏ ਧੀ ਮੇਰੀ। ਮੁੰਡਾ ਪਹਿਲੇ ਘਰਵਾਲੇ 'ਚੋਂ ਏ। ਚੌਦਾਂ ਸਾਲਾਂ ਦਾ ਹੋ ਗਿਐ। ਪਿਉ ਲੱਖ ਬੇਗਾਨਾ ਹੋਵੇ, ਪਰ ਮੈਂ ਤਾਂ ਦੋਹਾਂ ਬਾਲਾਂ ਨੂੰ ਇਕੋ ਕੁੱਖ 'ਚੋਂ ਜੰਮਿਐ। ਦੋਹਾਂ ਨੂੰ ਇਕੋ ਛਾਤੀਆਂ ਦਾ ਦੁੱਧ ਚੁੰਘਾਇਐ। ਭੋਰਾ ਜਿੰਨੀ ਬਾਲੜੀ ਭਰਾ ਦੀ ਕਰਤੂਤ ਦੱਸਦੀ ਜ਼ਾਰ-ਜ਼ਾਰ ਰੋਵੇ। ਪਹਿਲਾਂ ਤਾਂ ਮੈਂ ਯਕੀਨ ਨਾ ਕੀਤਾ। ਮੇਰੀ ਬੇਯਕੀਨੀ ਦਾ ਨਤੀਜਾ ਇਹ ਨਿਕਲਿਆ ਕਿ ਇਸ ਕੰਜਰ ਦਾ ਹੌਸਲਾ ਇੰਨਾ ਵਧ ਗਿਆ, ਮੇਰੇ ਸਾਹਮਣੇ ਹੀ ਬਾਲੜੀ ਨੂੰ ਧੂਹ ਕੇ ਲੀੜੇ ਲਾਹ ਸੁੱਟੇ। ਮੈਂ ਜੁੱਤੀ ਵਰ੍ਹਾਈ, ਪਰ ਰਾਕਸ਼ ਕਿੱਥੇ ਕਾਬੂ ਆਉਂਦੇ ਆ। ਕੀ ਕਰਾਂ ਮੈਡਮ ਜੀ ਛੱਡਦਾ ਹੀ ਨਹੀਂ ਜੁਆਕੜੀ ਨੂੰ। ਮੈਂ ਕੰਮ 'ਤੇ ਗਈ ਸਾਂ। ਮਗਰੋਂ ਇਹ ਕੁੜੀ ਨੂੰ ਚਿੰਬੜ ਗਿਆ। ਪਤਾ ਨਹੀਂ ਕਿਵੇਂ? ਕੁੜੀ ਮੁੰਡੇ ਹੱਥੋਂ ਛੁੱਟ ਗਲੀ 'ਚ ਭੱਜ ਨਿਕਲੀ। ਗਲੀ 'ਚੋਂ ਲੰਘਦੀ ਆਹ ਮੈਡਮ ਦੀਆਂ ਲੱਤਾਂ ਨੂੰ ਜੱਫਾ ਜਾ ਪਾਇਆ। ਬਾਲੜੀ ਦੀ ਗੱਲ ਸੁਣ ਮੈਡਮ ਨੇ ਪੁਲਿਸ ਬੁਲਾ ਲਈ ਤੇ ਅੱਗੋਂ ਸਾਰਾ ਕੁਝ ਤੁਹਾਡੇ ਸਾਹਮਣੇ...।" ਆਖ ਉਹ ਚੁੰਨੀ ਦੇ ਪੱਲੇ 'ਚ ਅੱਖਾਂ ਘੁੱਟ ਅੰਦਰੇ-ਅੰਦਰ ਰੋਂਦੀ ਰਹੀ ਤੇ ਮੈਂ ਸੁੰਨ ਵੱਟਾ ਹੋਈ ਸੋਚਾਂ, 'ਜਵਾਨ ਧੀ ਪੁੱਤ ਨੂੰ ਇਕ ਛੱਤ ਹੇਠ ਇਕੱਠੇ ਨਾ ਸੌਣ ਦੇਣ ਦੀ ਗੱਲ ਪਤਾ ਨਹੀਂ ਕਦੋਂ ਤੇ ਕਿਸ ਸਿਆਣੇ ਨੇ ਆਖੀ ਹੋਵੇਗੀ, ਪਰ ਇਹ ਕਹਾਵਤ ਹਕੀਕਤ ਬਣ ਕੇ ਜਿਸ ਘਰ 'ਤੇ ਟੁੱਟਦੀ ਹੋਵੇਗੀ, ਉਸ 'ਤੇ ਕੀ ਗੁਜ਼ਰਦੀ ਹੋਵੇਗੀ? ਭਲਾ ਕੋਈ ਆਪਣੇ ਹਮਸਾਇਆਂ ਤੋਂ ਵੀ ਖੌਫ਼ਜ਼ਦਾ ਹੁੰਦੈ?' ਤੱਕੜੀ 'ਚ ਤੁਲਦਾ ਮਨ ਦਾ ਪੱਲੜਾ ਦੂਜੇ ਪਾਸੇ ਲਿਫ਼ ਕੇ ਮਨੋਵਿਗਿਆਨ ਤੇ ਸਮਾਜ ਵਿਗਿਆਨ ਨੂੰ ਖੰਘਾਲਦਾ ਰੋਜ਼ਮੱਰਾ ਦੀਆਂ ਕੇਸ ਫਾਈਲਾਂ ਦੇ ਹੱਕ 'ਚ ਭੁਗਤਣ ਲੱਗਿਆ। ਹਕੀਕੀ ਆਂਕੜੇ ਗਵਾਹੀ ਭਰਦੇ ਹਨ ਕਿ ਵਧੇਰੇ ਬਾਲ ਸ਼ੋਸ਼ਣ ਦਾ ਸ਼ਿਕਾਰ ਹੋਣ ਵਾਲੇ ਬੱਚੇ ਆਪਣੇ ਆਲ਼ੇ-ਦੁਆਲ਼ੇ 'ਚ ਵਿਚਰਦੇ ਜਾਣਕਾਰਾਂ ਤੇ ਹਮਸਾਇਆਂ ਦੀਆਂ ਗ਼ਲਤ ਹਰਕਤਾਂ ਦਾ ਸ਼ਿਕਾਰ ਹੁੰਦੇ ਹਨ।

'ਹਮਸਾਇਆ ਹੱਥੋਂ ਯੌਨ ਸ਼ੋਸ਼ਣ ਦਾ ਸ਼ਿਕਾਰ' ਉੱਤੇ ਆ ਕੇ ਮੇਰਾ ਡਰ ਫਿਰ ਧੀ ਦੀ ਮਨੋ-ਅਵਸਥਾ ਨਾਲ ਘੋਲ਼ ਘੁਲ਼ਣ ਲੱਗਿਆ।

"ਨਹੀਂ, ਪਾਪਾ ਨਹੀਂ। ਮੰਮਾ ਤੁਸੀਂ ਪਾਉ ਮੈਨੂੰ ਕੱਪੜੇ।" ਪਿਉ ਕੋਲ਼ੋਂ ਕੱਪੜੇ ਖੋਹ ਕੇ ਮੇਰੇ ਵੱਲ ਭੱਜੀ ਆਉਂਦੀ ਕਾਸ਼ਨੀ, ਮੈਨੂੰ ਕਚਹਿਰੀ 'ਚ ਬਾਲ ਯੌਨ ਸ਼ੋਸ਼ਣ ਦਾ ਸ਼ਿਕਾਰ ਹੋਈ ਬਾਲੜੀ 'ਚ ਰਲਗੱਡ ਹੁੰਦੀ ਭੁਆਟਣੀਆਂ ਚੜ੍ਹਾਵੇ।

ਸਹੀ ਗ਼ਲਤ, ਵਿਚਾਰਾਂ ਦੀ ਸਾਨ ਚੜ੍ਹੀ ਘਰ ਪਹੁੰਚੀ। ਧੀ ਦੇ ਕੱਪੜੇ ਬਦਲਦੀ ਮੈਂ ਉਸ ਦੀ ਸਰੀਰਕ ਭਾਸ਼ਾ ਸਮਝਣ ਦੀ ਕੋਸ਼ਿਸ਼ ਕਰਨ ਲੱਗੀ।

ਗੱਲ-ਗੱਲ 'ਤੇ 'ਮੇਰੇ ਪਾਪਾ, ਮੇਰੇ ਪਾਪਾ' ਕਰਦੀ ਕਾਸ਼ਨੀ ਦਾ ਕੁਝ ਦਿਨਾਂ ਤੋਂ ਆਪਣੇ ਪਾਪਾ ਨਾਲ ਵਤੀਰਾ ਬਦਲਣ ਲੱਗਿਐ। ਇਕ ਪਲ਼ ਪਿਉ ਦਾ ਵਿਸਾਹ ਨਹੀਂ ਸੀ ਖਾਂਦੀ। ਕੰਮ ਦਾ ਝੰਬਿਆ ਰਵੀ ਕਿੰਨਾ ਵੀ ਕਿਉਂ ਨਾ ਥੱਕਿਆ ਹੋਵੇ, ਜਦੋਂ ਤਕ ਧੀ ਨਾਲ ਖੇਡ ਨਾ ਲੈਂਦਾ ਪਾਣੀ ਦੀ ਘੁੱਟ ਨਾ ਭਰਦਾ। ਫਿਰ ਕੀ ਹੋ ਗਿਆ, ਜੋ ਵੇਖਦੇ-ਵੇਖਦੇ ਪਾਸਾ ਮੂਧਾ ਪੈ ਗਿਆ। ਰਵੀ ਨੂੰ ਵੇਖਦੇ

ਹੀ ਡਰੀ ਤੇ ਸਹਿਮੀ ਜਿਹੀ ਮੇਰੇ ਮਗਰ ਲੁਕਣ ਲੱਗਦੀ ਏ। ਧੀ ਨੂੰ ਲਾਡ ਕਰਨ ਲਈ ਰਵੀ ਲੇਲ੍ਹੜੀਆਂ ਕੱਢੀ ਜਾਏਗਾ ਤੇ ਕਾਸ਼ਨੀ ਹੋਰ ਤੇ ਹੋਰ ਮੇਰੀਆਂ ਲੱਤਾਂ 'ਚ ਸਿਰ ਦੇਈ ਜਾਏਗੀ।

"ਕਾਸ਼ੂ, ਕਾਸ਼ੂ ਮੇਰਾ ਪੁੱਤਰ। ਆਹ ਦੇਖੋ ਪਾਪਾ ਕੀ ਲੈ ਕੇ ਆਏ ਆਪਣੀ ਪਰੀ ਲਈ।" ਲਾਲਚ ਦਿੰਦਾ ਰਵੀ ਉਸ ਕੋਲ਼ ਗੋਡਿਆਂ ਭਾਰ ਆ ਬੈਠਾ। ਮੇਰੀਆਂ ਲੱਤਾਂ 'ਚੋਂ ਸਿਰ ਫੇਰ ਕੇ ਇਕ ਅੱਖ ਨਾਲ ਹੌਲ਼ੀ ਜਿਹੀ ਵੇਖਦੀ ਨੇ ਚਾਕਲੇਟ ਲੈਣ ਲਈ ਹੱਥ ਅੱਗੇ ਵਧਾ ਦਿੱਤਾ। ਮੋਹ ਨਾਲ ਬਾਹੋਂ ਫੜ ਕੇ ਰਵੀ ਨੇ ਕਾਸ਼ਨੀ ਨੂੰ ਬੁੱਕਲ਼ 'ਚ ਲੈ ਲਿਆ। ਪਿਉ ਨਾਲ ਲਾਡ ਕਰਨ ਦੀ ਥਾਂ ਕਾਸ਼ਨੀ ਰਵੀ ਦੀਆਂ ਬਾਹਾਂ 'ਚੋਂ ਛੁੱਟਣ ਲਈ ਛਟਪਟਾਉਣ ਲੱਗੀ, "ਛੱਡੋ ਮੈਨੂੰ, ਛੱਡੋ ਪਾਪਾ।" ਕਰਦੀ ਨੇ ਰਵੀ ਦੀ ਗਰਦਨ 'ਤੇ ਦੰਦੀ ਵੱਢ ਦਿੱਤੀ। ਦਰਦ ਨਾਲ ਰਵੀ ਦੀਆਂ ਬਾਹਾਂ ਦੀ ਪਕੜ ਢਿੱਲੀ ਪੈ ਗਈ ਤੇ ਕਾਸ਼ਨੀ ਭੱਜ ਕੇ ਵਾਪਸ ਮੇਰੀਆਂ ਲੱਤਾਂ ਨੂੰ ਆ ਚਿੰਬੜੀ।

"ਵ੍ਹਟ ਨੌਨਸੈਂਸ...?" ਰਵੀ ਖਿੱਝ ਕੇ ਬੋਲਿਆ ਹੈ।

"ਸ਼ੀ ਇਜ਼ ਇਨ ਗਰੋਇੰਗ ਏਜ ਰਵੀ। ਇਸ ਉਮਰ ਵਿਚ ਬੱਚਿਆਂ ਦੇ ਸੁਭਾਅ 'ਚ ਤਬਦੀਲੀਆਂ ਆਉਣੀਆਂ ਸੁਭਾਵਕ ਨੇ। ਪੰਜ ਸਾਲ ਦੀ ਬਾਲੜੀ ਏ ਕਾਸ਼ਨੀ, ਪਰ ਅਸੀਂ ਤਾਂ ਬੱਚੇ ਨਹੀਂ। ਬੀ ਰਿਲੈਕਸ। ਮੈਂ ਵਾਚ ਕਰਦੀ ਆਂ, ਕਾਸ਼ਨੀ ਇੰਨੀ ਚਿੜਚਿੜੀ ਤੇ ਜ਼ਿੱਦੀ ਕਿਉਂ ਹੋ ਰਹੀ ਏ? ਆਈ ਥਿੰਕ ਸ਼ੀ ਨੀਡਜ਼ ਇਮੋਸ਼ਨਲ ਅਟੈਂਨਸ਼ਨ।" ਮੇਰੇ ਅੰਦਰੋਂ ਮੇਰੀ ਚਾਇਲਡ ਸਾਇਕਾਲੋਜੀ ਐਂਡ ਸੋਸ਼ਿਆਲੋਜੀ ਵਿਸ਼ਿਆਂ 'ਚ ਕੀਤੀ ਪੜ੍ਹਾਈ ਬੋਲੀ ਹੈ।

"ਹਰ ਸਮੱਸਿਆ ਦਾ ਹੱਲ ਕਿਤਾਬਾਂ ਨਹੀਂ ਹੁੰਦੀਆਂ ਰਿਚਾ। ਜ਼ਿੰਦਗੀ ਹਰ ਪਲ ਨਵੇਂ ਸਬਕ ਸਿਖਾਉਂਦੀ ਹੈ ਤੇ ਕਿਤਾਬਾਂ ਦੇ ਚੈਪਟਰ ਉਲ਼ੀਕਦੀ ਹੈ, ਐਂਡ ਆਈ ਥਿੰਕ ਜ਼ਿੰਦਗੀ ਮੇਰੇ ਨਾਲ਼ੋਂ ਵੱਧ ਤੇਰੇ ਨਾਲ ਵਾਬਸਤਾ ਹੁੰਦੀ ਹੈ ਰੋਜ਼ਾਨਾ।" ਗੁੱਸੇ 'ਚ ਤਪਦਾ ਰਵੀ ਆਪਣੇ ਕਮਰੇ ਵੱਲ ਹੋ ਗਿਆ।

ਚਾਹ ਪੀ ਕੇ ਰਵੀ ਘਰ 'ਚ ਬਣਾਏ ਆਪਣੇ ਦਫ਼ਤਰ 'ਚ ਕਿਸੇ ਕੇਸ ਦੀ ਫ਼ਾਈਲ ਤਿਆਰ ਕਰਨ 'ਚ ਰੁੱਝ ਗਿਆ ਹੈ। ਕਾਸ਼ਨੀ ਵੀ ਸੌਂ ਚੁੱਕੀ ਹੈ। ਦਫ਼ਤਰੀ ਸ਼ਿਕਾਇਤਾਂ ਦੀ ਫ਼ਾਈਲ ਦੇ ਪੰਨੇ ਪਰਤਦੀ ਮੈਂ ਰਵੀ ਦੇ ਆਖੇ ਬੋਲਾਂ ਦੇ ਅਰਥ ਸਮਝਣ ਦੀ ਕੋਸ਼ਿਸ਼ ਕਰਨ ਲੱਗੀ ਹਾਂ। ਸੱਚ ਹੀ ਤਾਂ ਆਖਦਾ ਹੈ। ਵਾਕਿਆ ਹੀ ਜ਼ਿੰਦਗੀ ਨੂੰ ਜਿੰਨਾ ਨੇੜਿਓਂ ਵੇਖਣ ਦਾ ਮੌਕਾ ਮੈਨੂੰ ਮਿਲ਼ਦੈ, ਰਵੀ ਨੂੰ ਕਿਵੇਂ ਮਿਲ਼ ਸਕਦਾ ਹੈ? ਉਹ ਇਨਕਮ ਟੈਕਸ ਲਾਇਰ ਤੇ ਮੈਂ ਬਾਲ ਮਨੋਵਿਗਿਆਨ ਚਿਕਿਤਸਕ ਹੋਣ ਦੇ ਨਾਲ-ਨਾਲ ਬਾਲ ਭਲਾਈ ਕੌਂਸਲ ਚੇਅਰਪਰਸਨ।

ਕੇਸਾਂ ਦਾ ਨਿਪਟਾਰਾ ਕਰਦਿਆਂ ਕਈ ਵਾਰੀ ਤਾਂ ਇੰਝ ਲੱਗਣ ਲੱਗਦੈ ਜਿਵੇਂ ਸਾਰਾ ਬਾਲ ਜਗਤ ਕੁਰਾਹੇ ਪੈ ਗਿਆ ਹੋਵੇ, ਜਾਂ ਫਿਰ ਕਿਸੇ ਨਾ ਕਿਸੇ ਰੂਪ 'ਚ ਸਰੀਰਕ ਸ਼ੋਸ਼ਣ ਦਾ ਸ਼ਿਕਾਰ ਹੋ ਕੇ ਮਾਨਸਿਕ ਰੋਗੀ ਬਣਨ ਦੀ ਕਗਾਰ 'ਤੇ ਆ ਖੜ੍ਹਾ ਹੋਵੇ। ਜੇ ਮੈਂ ਇਹ ਸੇਵਾ ਦੇ ਕਵੱਚ ਹੇਠ ਲਪੇਟੀ ਨੌਕਰੀ ਨਾ ਕਰਦੀ, ਤਾਂ ਜ਼ਿੰਦਗੀ ਦੇ ਕੌੜੇ ਸੱਚਾਂ ਤੋਂ ਕਦੀ ਜਾਣੂੰ ਨਾ ਹੋ ਪਾਉਂਦੀ। ਕਿਸੇ ਵੀ ਸੱਚ 'ਤੇ ਯਕੀਨ ਕਰਨਾ ਔਖਾ। ਭਲਾ ਇੰਝ ਵੀ ਹੁੰਦਾ ਹੋਵੇ ਕਿ ਬੰਦਾ ਆਪਣੇ ਪਰਛਾਵੇਂ ਤੋਂ ਬਚਣ ਲਈ ਲੁੱਕਦਾ ਫਿਰੇ।

"ਕੀ ਕਰਾਂ ਮੈਡਮ ਜੀ, ਛੱਡਦਾ ਹੀ ਨਹੀਂ ਕੁੜੀ ਨੂੰ। ਦਿਹਾੜੀ-ਦੱਪਾ ਨਾ ਕਰਾਂ ਤਾਂ ਬਾਲਾਂ ਨੂੰ ਟੁੱਕਰ ਕਿੱਥੋਂ ਖੁਆਵਾਂ? ਕਿੱਥੇ-ਕਿੱਥੇ ਰਾਖੀ ਕਰ'ਲਾਂਗੇ ਬਾਲਾਂ ਦੀ। ਕੰਡੀਓਂ ਉਹਲੇ ਪਰਦੇਸ। ਕੀ ਦੱਸਾਂ, ਕੰਡ ਹੋਈ ਨਹੀਂ ਤੇ ਇਹਨੇ ਕੁੜੀ ਨੂੰ ਚੂੰਡਿਆ ਨਹੀਂ...।" ਭਰੀ ਕਚਹਿਰੀ 'ਚ ਘਰ ਦੇ ਚੀਥੜੇ ਫਰੋਲਦੀ ਬੇਬਸ ਮਾਂ ਮੇਰਾ ਅੰਦਰ ਕੋਹਣ ਲੱਗੀ।

'ਮੇਰੀ ਗ਼ੈਰਹਾਜ਼ਰੀ ਵਿਚ ਰਵੀ...!' ਮਨ 'ਚ ਆਇਆ ਬੁਰਾ ਖ਼ਿਆਲ ਛੰਡਣ ਲਈ ਮੈਂ ਸਿਰ ਇੱਧਰ-ਉੱਧਰ ਘੁਮਾਇਆ। ਆਪਣੇ ਆਪ ਨੂੰ ਫਿਟਕਾਰਿਆ, 'ਦਿਮਾਗ਼ ਖਰਾਬ ਹੋ ਗਿਐ ਤੇਰਾ

ਰਿਚਾ। ਮਹਿਜ਼ ਪੰਜ ਸਾਲਾਂ ਦੀ ਏ ਤੇਰੀ ਕਾਸ਼ਨੀ ਤੇ ਰਵੀ ਬਾਰੇ ਗੰਦੀ ਸੋਚ...। ਤੈਨੂੰ ਸ਼ਰਮ ਨਾ ਆਈ।'

ਮੈਂ ਆਪਣੇ-ਆਪ ਨੂੰ ਸਭ ਠੀਕ ਹੋਣ ਦੀ ਤਸੱਲੀ ਦੁਆ ਖ਼ੁਦ ਨੂੰ ਫਿਟਕਾਰਿਆ, ਪਰ ਡਰ ਦਾ ਕੀੜਾ ਇਕ ਵਾਰੀ ਸਿਰ ਚੁੱਕ ਲਵੇ, ਤਾਂ ਸੌਖਾ ਪਿੱਛਾ ਕਿੱਥੇ ਛੱਡਦੈ? ਮੈਂ ਚਾਣਕਿਆ ਨੀਤੀ ਸੂਤਰ ਅਜ਼ਮਾਉਂਦੀ ਧੀ ਨੂੰ ਸਕੂਲ ਭੇਜਣ ਲਈ ਤਿਆਰ ਕਰਦੀ ਲਾਡ ਨਾਲ ਪੁੱਛਣ ਲੱਗੀ,

"ਕਾਸ਼ਨੀ ਬੱਚੇ, ਕੀ ਗੱਲ ਏ? ਪਾਪਾ ਨਾਲ ਪਾਰੀ ਕਿਉਂ ਨਹੀਂ ਕਰਦੇ? ਤੇ ਇਹ ਕੀ? ਹਮੇਸ਼ਾ ਤਾਂ ਪਾਪਾ ਸਕੂਲ ਲਈ ਰੈਡੀ ਕਰਦੇ ਆ। ਫਿਰ ਹੁਣ ਪਾਪਾ ਕੋਲ਼ੋਂ ਕੱਪੜੇ ਕਿਉਂ ਨਹੀਂ ਪੁਆਉਂਦੇ?"

"ਹਾਅ, ਸ਼ੇਮ-ਸ਼ੇਮ ਮੰਮਾ। ਪਾਪਾ ਬੁਆਏ ਨੇ। ਮੈਂ ਗਰਲ। ਬੁਆਏ ਗਰਲ ਨੂੰ ਟੱਚ ਨਹੀਂ ਕਰ ਸਕਦੇ। ਬੈਡ। ਕਲਾਸ ਟੀਚਰ ਨੇ ਦੱਸਿਆ ਗੁੱਡ ਟੱਚ ਐਂਡ ਬੈਡ ਟੱਚ।" ਕਾਸ਼ਨੀ ਸਰੀਰ ਦੇ ਵੱਖ-ਵੱਖ ਅੰਗਾਂ ਨੂੰ ਛੂਹ ਕੇ ਸਪਰਸ਼ ਦੀ ਭਾਸ਼ਾ ਵਿਚ 'ਚੰਗਾ ਤੇ ਬੁਰਾ ਸਪਰਸ਼' ਦੇ ਐਕਸ਼ਨ ਕਰ ਕੇ ਮੈਨੂੰ ਸਮਝਾਉਣ ਲੱਗੀ ਕਿ ਉਹ ਕੇਵਲ ਮਾਂ ਕੋਲ਼ ਹੀ ਸੁਰੱਖਿਅਤ ਹੈ।

ਬਾਲ ਭਲਾਈ ਵਿਭਾਗ ਵੱਲੋਂ ਵੀ ਬਾਲਾਂ ਨੂੰ ਯੌਨ ਸ਼ੋਸ਼ਣ ਤੋਂ ਸੁਰੱਖਿਅਤ ਕਰਵਾਉਣ ਲਈ ਅਪਣਾਏ ਜਾਂਦੇ ਹਥਕੰਡਿਆਂ ਵਿਚ 'ਚੰਗੀ ਤੇ ਮਾੜੀ ਛੋਹ' ਬਾਰੇ ਬਾਲਾਂ ਨੂੰ ਸਮਝਾਇਆ ਜਾਂਦਾ ਹੈ। ਜੇ ਕਿਸੇ ਦਾ ਛੂਹਣਾ ਬਾਲਾਂ ਨੂੰ ਗ਼ਲਤ ਮਹਿਸੂਸ ਕਰਵਾਏ, ਤਾਂ ਤੁਰੰਤ ਮਾਂ ਨੂੰ ਜਾਣਕਾਰੀ ਦੇਣ ਬਾਰੇ ਜ਼ੋਰ ਦਿੱਤਾ ਜਾਂਦਾ ਹੈ। ਮਾਪਿਆਂ ਨੂੰ ਵੱਖਰੇ ਤੌਰ 'ਤੇ ਆਪਣੇ ਬੱਚਿਆਂ ਉੱਤੇ ਪੈਨੀ ਨਜ਼ਰ ਬਣਾਈ ਰੱਖਣ ਦੀਆਂ ਹਦਾਇਤਾਂ ਦਿੱਤੀਆਂ ਜਾਂਦੀਆਂ ਨੇ। ਸੈਮੀਨਾਰਾਂ ਵਿਚ ਜਨ-ਸਾਧਾਰਨ ਨੂੰ ਬੱਚਿਆਂ ਨੂੰ ਯੌਨ ਸ਼ੋਸ਼ਣ ਤੋਂ ਸੁਰੱਖਿਅਤ ਕਰਨ ਲਈ ਦਿੱਤੇ ਜਾਂਦੇ ਦਿਸ਼ਾ-ਨਿਰਦੇਸ਼ ਮੈਂ ਖ਼ੁਦ ਫ਼ਾਲੋ ਕਰਨ ਲੱਗੀ।

ਉੱਠਦੇ-ਬੈਠਦੇ ਚੋਰ ਅੱਖ ਕਾਸ਼ਨੀ 'ਤੇ।

ਜ਼ਿਆਦਾ ਤੋਂ ਜ਼ਿਆਦਾ ਸਮਾਂ ਉਸ ਨਾਲ ਬਿਤਾਉਣ ਦੀ ਕੋਸ਼ਿਸ਼ ਕਰਦੀ। ਉਸ ਨਾਲ ਨਿੱਕੀਆਂ-ਨਿੱਕੀਆਂ ਖੇਡਾਂ ਖੇਡਦੀ। ਗੱਲਾਂ ਦਾ ਹੁੰਗਾਰਾ ਭਰਦੀ। ਸਾਰਾ ਦਿਨ ਕਾਸ਼ਨੀ ਨੇ ਕੀ ਕੀਤਾ? ਰਵੀ ਨਾਲ ਹੋਣ 'ਤੇ ਆਨੇ-ਬਹਾਨੇ ਪਿਉ-ਧੀ ਦੀਆਂ ਹਰਕਤਾਂ ਸਹੀ/ਗ਼ਲਤ ਦੇ ਪੈਮਾਨੇ 'ਤੇ ਪਰਖਦੀ ਰਹਿੰਦੀ।

ਇਕ ਦਿਨ ਆਪਣਾ ਡਾਕਟਰ ਟੁਆਏ ਸੈੱਟ ਲੈ ਕੇ ਡਾਕਟਰ ਬਣੀ ਕਾਸ਼ਨੀ ਮੇਰਾ ਚੈੱਕਅਪ ਕਰ ਰਹੀ ਸੀ ਕਿ ਅਚਾਨਕ ਮੇਰੀਆਂ ਦੋਹਾਂ ਛਾਤੀਆਂ ਨੂੰ ਦਬਾ ਕੇ ਉਹ ਹੱਸਣ ਲੱਗੀ। ਮੈਂ ਤ੍ਰਭਕੀ ਪਰ ਡਰ ਤੇ ਗੁੱਸੇ 'ਤੇ ਕਾਬੂ ਪਾਉਂਦਿਆਂ ਲਾਡ ਨਾਲ ਪੁੱਛਿਆ, "ਕੌਣ ਕਰਦੈ ਇਵੇਂ ਬੇਟੇ?"

"ਕੋਈ ਵੀ ਨਹੀਂ।"

"ਫਿਰ ਤੁਸੀਂ ਕਿਉਂ ਕੀਤਾ ਮੇਰੇ?"

"ਮੋਟੀ ਟੰਮੀ ਹੋ'ਗੀ ਮੰਮਾ ਤੁਹਾਡੀ।" ਉਹ ਫਿਰ ਮੇਰੀਆਂ ਛਾਤੀਆਂ ਤੇ ਪੇਟ 'ਤੇ ਹੱਥ ਫੇਰਦੀ ਲਾਡ ਕਰਨ ਲੱਗੀ। ਮੌਕਾ ਤਾੜ ਕੇ ਮੈਂ ਉਸ ਦਾ ਅੰਦਰ ਫਰੋਲਣ ਲਈ ਪੁੱਛਣਾ ਸ਼ੁਰੂ ਕੀਤਾ,

"ਪਾਪਾ ਨੂੰ ਪਾਰੀ ਕਿਉਂ ਨਹੀਂ ਕਰਨ ਦਿੰਦਾ ਮੇਰਾ ਪੁੱਤਰ? ਤੇ ਪਾਪਾ ਕੋਲ਼ੋਂ ਤਿਆਰ ਕਿਉਂ ਨਹੀਂ ਹੁੰਦਾ ਹੁਣ? ਪਹਿਲਾਂ ਤਾਂ ਹਮੇਸ਼ਾ ਪਾਪਾ ਨੂੰ ਘੋੜਾ ਬਣਾ ਕੇ ਝੂਟੇ ਲੈਂਦਾ ਸੀ ਮੇਰਾ ਬੱਚਾ।" ਉਹ ਆਪਣੀ ਖੇਡ 'ਚ ਮਸਤ ਹੋਈ ਮੇਰੀ ਕਿਸੇ ਗੱਲ ਦਾ ਜਵਾਬ ਦੇਣ ਨੂੰ ਤਿਆਰ ਨਹੀਂ। ਮੈਨੂੰ 'ਕੁਝ ਤਾਂ ਗੜਬੜ ਹੈ' ਦਾ ਤੌਖਲਾ ਸਤਾਉਣ ਲੱਗਿਆ।

"ਦਸ ਮੈਂਬਰ ਹੋ ਗਏ, ਨੈਕਸਟ ਸਟਾਰਟ ਪਲੀਜ਼।" ਕਿੱਟੀ ਸੰਚਾਲਕ ਦੇ ਬੋਲ ਕੰਨਾਂ ਵਿਚ ਪਏ। ਖਿਆਲ ਆਇਆ ਹਨੇਰੇ ਅੰਦਰ ਚੱਲਦੀ ਵਾਰਤਾ ਤੋਂ ਹਟ ਮੈਂ ਆਪਣੇ ਖ਼ਿਆਲਾਂ 'ਚ ਉਲਝੀ ਭੁੱਲ ਹੀ ਗਈ ਕਿ ਕਿੱਟੀ ਜਾਰੀ ਹੈ।

ਅਗਲੀ ਮੈਂਬਰ ਮਨ ਦਾ ਭਾਰ ਹੌਲ਼ਾ ਕਰਨ ਲੱਗੀ ਹੈ,

"ਚਾਈਲਡ ਐਬਿਊਜ਼ ਕੋਈ ਅੱਜ ਦੀ ਸਮੱਸਿਆ ਨਹੀਂ। ਜਿੱਥੋਂ ਤਕ ਮੇਰੀ ਜਾਣਕਾਰੀ ਹੈ, ਇਹ ਵਰਤਾਰਾ ਸਮਾਜ 'ਚ ਸਦੀਆਂ ਪੁਰਾਣਾ ਹੈ। ਅਸਲ ਵਿਚ ਕੋਈ ਵੀ ਸਮਾਜਕ ਬੁਰਾਈ ਸਾਨੂੰ ਉਸ ਵੇਲੇ ਨਾਸ਼ਵਾਨ ਲੱਗਣ ਲੱਗਦੀ ਹੈ, ਜਦੋਂ ਅਸੀਂ ਖ਼ੁਦ ਉਸ ਵਰਤਾਰੇ ਦਾ ਸ਼ਿਕਾਰ ਹੁੰਦੇ ਹਾਂ। ਮੈਂ ਤੇ ਮੇਰਾ ਪਤੀ, ਦੋਵੇਂ ਨੌਕਰੀਪੇਸ਼ਾ। ਬੇਟੀ ਹੋਈ ਤਾਂ ਮੈਟਰਨਿਟੀ ਲੀਵ ਖ਼ਤਮ ਹੁੰਦੇ ਹੀ ਬਾਲੜੀ ਦੀ ਦੇਖ-ਭਾਲ਼ ਕੌਣ ਕਰੂ? ਚਿੰਤਾ ਸਤਾਉਣ ਲੱਗੀ। ਬੜਾ ਸੋਚ-ਸਮਝ ਕੇ ਮੈਂ ਪੰਦਰਾਂ-ਸੋਲ਼ਾਂ ਸਾਲਾਂ ਦੀ ਇਕ ਕੁੜੀ ਨੂੰ ਧੀ ਦੀ ਦੇਖ-ਭਾਲ਼ ਲਈ ਕੰਮ 'ਤੇ ਰੱਖ ਲਿਆ। ਅੱਠ ਜਮਾਤਾਂ ਪੜ੍ਹੀ ਹੋਈ। ਊਂ ਵੀ ਸਾਫ਼-ਸੁਥਰੀ। ਰਜਨੀ ਨਾਂ ਸੀ ਉਸ ਦਾ। ਘਰੋਂ ਬਾਹਰ ਹੋ ਕੇ ਘਰ 'ਤੇ ਨਜ਼ਰ ਰੱਖਣ ਲਈ ਮੈਂ ਘਰ 'ਚ ਕੈਮਰੇ ਲਗਵਾ ਲਏ। ਦਫ਼ਤਰ ਕੰਮ ਕਰਦਿਆਂ ਜਿਵੇਂ ਹੀ ਵਿਹਲ ਮਿਲਦੀ ਮੈਂ ਮੋਬਾਈਲ 'ਤੇ ਕੈਮਰਾ ਖੋਲ੍ਹਦੀ ਤੇ ਘਰ ਦੀ ਖੈਰ-ਖਬਰ ਚੈੱਕ ਕਰ ਕੇ ਨਿਸ਼ਚਿੰਤ ਹੋ ਜਾਂਦੀ। ਡੇਢ ਸਾਲ ਸਭ ਕੁਝ ਸਹੀ ਚੱਲਦਾ ਰਿਹਾ। ਰਜਨੀ ਦੇ ਹੱਥਾਂ ਵਿਚ ਮੇਰੀ ਧੀ ਨੇ ਰਿੜ੍ਹਨਾ, ਤੁਰਨਾ, ਨਿੱਕੀਆਂ-ਨਿੱਕੀਆਂ ਗੱਲਾਂ ਕਰਨੀਆਂ ਸਿੱਖੀਆਂ। ਮੈਂ ਵੀ ਉਸ ਦੀ ਹਰ ਲੋੜ ਦਾ ਧਿਆਨ ਰੱਖਦੀ ਤੇ ਲਾਡ ਨਾਲ ਰੱਜੋ ਹੀ ਬੁਲਾਉਂਦੀ। ਦੋ ਸਾਲ ਦੀ ਸੀ ਮੇਰੀ ਬੇਟੀ ਜਦੋਂ ਰਜਨੀ ਦੀ ਮਾਂ ਨੇ ਇਹ ਕਹਿੰਦਿਆਂ ਆਪਣੀ ਨਿੱਕੀ ਧੀ ਕੁਸਮ ਨੂੰ ਮੇਰੇ ਕੋਲ਼ ਭੇਜ ਦਿੱਤਾ ਕਿ ਰਜਨੀ ਦਾ ਵਿਆਹ ਧਰ ਦਿੱਤੈ। ਕੁਸਮ ਰਜਨੀ ਨਾਲੋਂ ਵੀ ਸੋਹਣੀ। ਹਸੂੰ-ਹਸੂੰ ਕਰਦੀ, ਸਾਨੂੰ ਰਤਾ ਵੀ ਓਪਰੀ ਨਾ ਲੱਗੀ। ਬੇਟੀ ਵੀ ਆਉਂਦੇ ਹੀ ਉਸ ਨਾਲ ਘੁਲ਼-ਮਿਲ ਗਈ। ਸਭ ਇੰਨਾ ਤਸੱਲੀ ਗੋਚਰਾ ਸੀ ਕਿ ਮੈਨੂੰ ਕੈਮਰਿਆਂ 'ਤੇ ਨਜ਼ਰ ਰੱਖਣ ਦੀ ਲੋੜ ਮਹਿਸੂਸ ਨਾ ਹੁੰਦੀ।

ਹਫ਼ਤਾ ਨਹੀਂ ਪਿਆ, ਮੈਨੂੰ ਕੁਝ ਗ਼ਲਤ ਦੀ ਬੂਅ ਸਤਾਉਣ ਲੱਗੀ। ਲੱਗੇ ਜਿਵੇਂ ਮੇਰੀ ਗੁੜੀਆ ਮੈਨੂੰ ਕੁਝ ਦੱਸਣ ਦੀ ਕੋਸ਼ਿਸ਼ ਕਰਦੀ ਏ, ਪਰ ਸਮਝ ਨਾ ਆਵੇ, 'ਕੀ'। ਕੁਸਮ ਦੀ ਸ਼ਕਲ ਵੇਖਦੇ ਹੀ ਉਹ ਸਹਿਮ ਕੇ ਮੇਰੀ ਝੋਲ਼ੀ 'ਚ ਆ ਵੜੇ। ਬੜਾ ਔਖਾ ਹੋ ਗਿਆ।

ਆਖਰ ਭੇਤ ਖੁੱਲ੍ਹਿਆ। ਸਾਰਾ ਹਫ਼ਤਾ ਮੈਂ ਦਫ਼ਤਰ ਤੇ ਘਰ 'ਚ ਮਸ਼ੀਨ ਬਣੀ ਧੀ ਵੱਲ ਧਿਆਨ ਨਾ ਦੇ ਪਾਉਂਦੀ, ਪਰ ਐਤਵਾਰ ਮੈਂ ਸਿਰਫ਼ ਆਪਣੀ ਬੱਚੀ ਲਈ ਰਾਖਵਾਂ ਰੱਖਦੀ। ਉਸ ਦੀ ਮਾਲਿਸ਼, ਨਹਾਉਣਾ-ਧੋਣਾ ਸਭ ਕੁਝ ਹੱਥੀਂ ਕਰਦੀ। ਜਿਵੇਂ ਹੀ ਮੈਂ ਮਾਲਿਸ਼ ਕਰਨ ਲਈ ਧੀ ਦੇ ਕੱਪੜੇ ਉਤਾਰੇ, ਮੇਰੀ ਚੀਕ ਨਿਕਲ ਗਈ। ਕੁੜੀ ਦੀਆਂ ਛਾਤੀਆਂ 'ਤੇ ਨੀਲ ਪਏ ਹੋਏ। ਮੈਂ ਆਪਣੇ-ਆਪ ਨੂੰ ਸੰਭਾਲ਼ਦਿਆਂ ਪੁੱਛਾਂ, "ਕੀ ਹੋਇਐ ਲਾਡੋ?"

"ਦੀਦੀ...ਹਾਈ। ਮੰਮਾ।" ਬੋਲਦੀ ਕੁੜੀ ਹਟਕੋਰੇ ਲੈ-ਲੈ ਮੇਰੇ ਗਲ਼ ਨਾਲ ਚਿੰਬੜੇ, ਤੇ ਕੁਸਮ ਦੀ ਬੱਚੀ ਪੈਰਾਂ 'ਤੇ ਪਾਣੀ ਨਾ ਪੈਣ ਦੇਵੇ।

ਧਰਤੀ ਰਾਹ ਨਾ ਦੇਵੇ। ਦਿਲ ਕਰੇ ਕੁਸਮ ਦੀ ਬੱਚੀ ਦੇ ਵੱਢ ਕੇ ਟੋਟੇ-ਟੋਟੇ ਕਰ ਦਿਆਂ। ਫਿਰ ਰੌਲ਼ਾ ਪਾ ਕੇ ਖ਼ਾਹ-ਮ-ਖ਼ਾਹ ਤਮਾਸ਼ਾ ਬਣਨ-ਬਣਾਉਣ ਨਾਲੋਂ ਮੈਂ ਕੁਸਮ ਦੀ ਮਾਂ ਨੂੰ ਬੁਲਾਇਆ। ਉਹ ਮੇਰੇ ਪੈਰੀਂ ਪਵੇ। ਧੀ ਨੂੰ ਮਾਫ਼ ਕਰਨ ਲਈ ਦੁਹਾਈਆਂ ਦਿੰਦੀ ਅੱਗੇ ਤੋਂ ਕਦੀ ਅਜਿਹੀ ਗ਼ਲਤੀ ਨਾ ਕਰਨ ਦੀ ਜ਼ਿੰਮੇਵਾਰੀ ਚੁੱਕੇ, ਪਰ ਮੈਨੂੰ ਯਕੀਨ ਕਿੱਥੋਂ ਆਵੇ। ਮੈਂ ਪੱਕੇ ਤੌਰ 'ਤੇ ਲੱਗੀ ਨੌਕਰਾਣੀ ਰੱਖਣ ਤੋਂ ਤੌਬਾ ਕਰ ਲਈ। ਕਈ ਦਿਨ ਆਪ ਕੰਮ ਤੋਂ ਛੁੱਟੀ ਲਈ ਰੱਖੀ, ਪਰ ਕਦੋਂ ਤਕ ਘਰ ਬੈਠੀ ਰਹਿੰਦੀ। ਬੱਚੀ ਲਈ ਕਰੈੱਚ-ਕਮ-ਪਲੇਅ-ਵੇਅ ਸਕੂਲ ਪਤਾ ਕਰ ਲਿਆ। ਸੋਚਾਂ, ਘਰ ਵਿਚ ਲੱਗੇ ਕੈਮਰੇ ਦੇ ਬਾਵਜੂਦ ਧੀ ਦੀ ਸੁਰੱਖਿਆ ਕਰਨੀ ਔਖੀ ਹੋ ਗਈ। ਹੁਣ ਤਾਂ ਉਸ ਨੂੰ ਬਾਹਰ ਕਿਸੇ ਦੇ ਹੱਥਾਂ ਵਿਚ ਭੇਜਣਾ ਸੀ। ਜਿੰਨਾ ਹੋ ਸਕੇ ਮੈਂ ਚੌਕਸੀ ਨਾਲ ਧਿਆਨ ਰੱਖਦਿਆਂ ਘਰ ਤੋਂ ਬਾਹਰ ਭੇਜਣ ਤੋਂ ਪਹਿਲਾਂ ਧੀ ਨੂੰ ਜੀ.ਪੀ.ਐੱਸ. ਘੜੀ ਪਾਉਣਾ ਕਦੀ ਨਾ ਭੁੱਲਦੀ। ਇੰਨਾ ਹੀ ਨਹੀਂ ਮੇਰੀਆਂ ਉਂਗਲ਼ਾਂ ਗੂਗਲ 'ਤੇ ਕਿਸੇ ਅਜਿਹੇ ਕੈਮਰੇ ਦੀ ਭਾਲ ਵਿਚ ਰਹਿਣ ਲੱਗੀਆਂ, ਜੋ ਮੇਰੇ ਪਿੱਛੋਂ ਮੇਰੀ ਧੀ 'ਤੇ ਨਿਗਾਹ ਰੱਖਣ ਲਈ ਮੇਰੀਆਂ ਅੱਖਾਂ ਦਾ

ਕੰਮ ਕਰ ਸਕੇ।"

ਮਾਂ ਦੇ ਮੂੰਹੋਂ ਮਾਸੂਮ ਧੀ ਦੀ ਦਰਦ ਭਰੀ ਦਾਸਤਾਂ ਸੁਣ ਮੇਰਾ ਹਟਕੋਰਾ ਨਿਕਲ ਗਿਆ। ਸੋਚਾਂ ਐਡਾ ਸੱਲ੍ਹ ਕਿਵੇਂ ਝੱਲੀ ਫਿਰਦੀ ਹੋਵੇਗੀ ਦਿਲ 'ਤੇ।

ਬਾਰ੍ਹਵਾਂ ਮੈਂਬਰ ਆਪਣੀ ਦਾਸਤਾਂ ਸੁਣਾਉਣ ਲੱਗਿਆ। ਸਿਰ 'ਤੇ ਆ ਪੁੱਜੀ ਮੇਰੀ ਵਾਰੀ ਮੇਰੇ ਸਾਹ ਸੁਕਾਉਣ ਲੱਗੀ। ਕਿੱਥੋਂ ਤੇ ਕਿਵੇਂ ਸ਼ੁਰੂਆਤ ਕਰਾਂਗੀ? ਕੀ ਮੈਂ ਹੌਸਲਾ ਕੱਢ ਸਕਾਂਗੀ ਕਿ ਨਹੀਂ?

ਘੁੱਪ ਹਨੇਰੇ ਅੰਦਰ ਮੈਂ ਪੰਜ ਸਾਲਾਂ ਦੀ ਮਾਸੂਮ ਧੀ ਤੋਂ 'ਗੁੱਡ ਟੱਚ, ਬੈਡ ਟੱਚ' ਦਾ ਫ਼ਰਕ ਸਮਝਦੀ ਆਪਣੇ ਸਕੂਲ ਦੇ ਵਿਹੜੇ 'ਚ ਜਾ ਪਹੁੰਚੀ ਹਾਂ।

ਰਵੀ ਤੇ ਕਾਸ਼ਨੀ ਨੂੰ ਗਹਿਰੀ ਨੀਂਦ ਸੁੱਤੇ ਵੇਖ, ਮੈਂ ਹੌਲ਼ੀ ਜਿਹੀ ਉੱਠੀ ਤੇ ਦੂਸਰੇ ਕਮਰੇ ਵਿਚ ਜਾ ਕੇ ਪੁਰਾਣੀ ਐਲਬਮ ਖੋਲ੍ਹ ਯਾਦਾਂ ਦੇ ਪੰਨੇ ਫਰੋਲਣ ਲੱਗੀ। ਛੇਵੀਂ ਜਮਾਤ, ਗਰੁੱਪ ਫੋਟੋ ਨਜ਼ਰੀਂ ਪੈਂਦੇ ਹੀ ਪੰਨਾ ਪਲਟਣਾ ਭੁੱਲ ਗਈ। ਚਿੱਟੀ ਸਕੂਲ ਯੂਨੀਫ਼ਾਰਮ ਪਾਈ ਕੁੜੀਆਂ ਦੀਆਂ ਅੱਗੇ ਪਿੱਛੇ ਖੜ੍ਹੀਆਂ ਚਾਰ ਲਾਈਨਾਂ। ਹੇਠੋਂ ਦੂਜੀ ਲਾਈਨ, ਸੱਜੇ ਪਾਸੇ ਕੋਨੇ 'ਤੇ ਖੜ੍ਹੀ ਮੈਂ। ਮੇਰੀ ਫੋਟੋ ਵਿਚ ਮੱਥੇ 'ਤੇ ਕਸੀਆਂ ਤਿਊੜੀਆਂ ਮੇਰੇ ਢਿੱਡੀਂ ਵੱਟ ਪਾਉਣ ਲੱਗੀਆਂ। ਉਹ ਫ਼ੋਟੋਗ੍ਰਾਫ਼ਰ ਕੌਣ ਸੀ? ਪਤਾ ਨਹੀਂ, ਪਰ ਉਸ ਦੀ ਸ਼ਕਲ ਤੇ ਹਰਕਤ ਅੱਜ ਵੀ ਤਾਜ਼ਾ ਜ਼ਖ਼ਮ ਬਣ ਕੇ ਅੰਦਰ ਲੂੰਹਦੀ ਏ। ਛੇਵੀਂ ਤੋਂ ਅੱਠਵੀਂ ਤਕ ਦੀ ਕਲਾਸ ਲੀਡਰ ਦੀਦੀ ਸਾਨੂੰ ਫ਼ੋਟੋ ਕਰਵਾਉਣ ਲਈ ਲਾਈਨਾਂ ਵਿਚ ਖੜ੍ਹੇ ਕਰ ਰਹੀ ਸੀ। ਅਚਾਨਕ ਫ਼ੋਟੋਗ੍ਰਾਫ਼ਰ ਮੇਰੇ ਕੋਲ ਆਇਆ ਤੇ ਮੇਰੀ ਗੱਲ੍ਹ ਖਿੱਚ ਦਿੱਤੀ। ਯਾਦ ਆਉਂਦੇ ਹੀ ਦਿਲ 'ਚ ਕਚੀਚੀਆਂ ਪੈਣ ਲੱਗੀਆਂ। ਕਾਸ਼! ਉਹ ਫ਼ੋਟੋਗ੍ਰਾਫ਼ਰ ਸਾਹਮਣੇ ਆ ਜਾਵੇ, ਮੈਂ ਉਹਦੇ ਹੱਥ ਵੱਢ ਕੇ ਚੁਰਾਹੇ ਟੰਗ ਕੇ ਲਿਖ ਦਿਆਂ 'ਬੁਰਾ ਸਪਰਸ਼'। ਉਹ ਬੈਡ ਟੱਚ ਸੀ। ਹਾਂ, ਬੁਰਾ ਸਪਰਸ਼। ਮੇਰਾ ਸਾਹ ਫੁੱਲਣ ਲੱਗਿਆ।

ਉਮਰ ਦੇ ਪੜਾਅ ਨਾਲ ਸਰੀਰ 'ਚ ਆਉਂਦੀਆਂ ਤਬਦੀਲੀਆਂ ਮੇਰੇ ਲਈ ਮਾਨਸਿਕ ਬੋਝ ਬਣ ਜਾਣਗੀਆਂ, ਮੈਨੂੰ ਨਹੀਂ ਸੀ ਪਤਾ। ਮੇਰੇ ਪਾਪਾ ਦਾ ਆਪਣੇ ਪੱਗ-ਵਟ ਭਰਾ ਨਾਲ ਸਕੇ ਭਰਾਵਾਂ ਤੋਂ ਵੱਧ ਪਿਆਰ ਸੀ। ਸਰਦੀਆਂ ਦੇ ਦਿਨ। ਹਾਈ ਬਲੱਡ ਪ੍ਰੈਸ਼ਰ ਕਾਰਨ ਪਾਪਾ ਹਸਪਤਾਲ ਦਾਖ਼ਲ ਸਨ। ਰਾਤ ਭਰ ਬਾਲੜੀ ਨੂੰ ਠੰਡ ਵਿਚ ਹਸਪਤਾਲ ਕਿਉਂ ਰੱਖਣਾ? ਸੋਚ ਕੇ ਮੰਮੀ ਨੇ ਮੈਨੂੰ ਉਸ ਚਾਚੇ ਨਾਲ ਘਰ ਘੱਲ ਦਿੱਤਾ। ਮੋਟਰਸਾਈਕਲ 'ਤੇ ਮਗਰ ਬਿਠਾ ਕੇ ਚਾਚੇ ਨੇ ਮੇਰੀਆਂ ਦੋਵੇਂ ਬਾਹਾਂ ਆਪਣੇ ਲੱਕ ਦੁਆਲ਼ੇ ਵਲ਼ਾ ਲਈਆਂ ਤੇ ਕਸ ਕੇ ਫੜਨ ਲਈ ਕਿਹਾ, ਤਾਂ ਜੋ ਮੈਂ ਡਿੱਗ ਨਾ ਪਵਾਂ। ਮੈਂ ਬੇਖ਼ੌਫ਼ ਹੋਈ ਚਾਚੇ ਦੇ ਮਗਰ ਬੈਠੀ ਸੀ ਕਿ ਅਚਾਨਕ ਚਾਚੇ ਨੇ ਚੱਲਦੇ ਮੋਟਰਸਾਈਕਲ 'ਤੇ ਆਪਣਾ ਖੱਬਾ ਹੱਥ ਪਿੱਛੇ ਨੂੰ ਮੋੜਿਆ ਤੇ ਮੇਰੀਆਂ ਛਾਤੀਆਂ ਟੋਹਣ ਲੱਗਿਆ। ਮੈਂ ਰੌਲ਼ਾ ਪਾ ਦਿੱਤਾ ਤੇ ਮੋਟਰਸਾਈਕਲ 'ਤੇ ਮਗਰ ਬੈਠੀ ਬੁਰੀ ਤਰ੍ਹਾਂ ਉੱਛਲਦੀ ਇਕ ਪਾਸੇ ਉੱਲਰ ਗਈ। ਡਰ ਕੇ ਚਾਚੇ ਨੇ ਮੋਟਰਸਾਈਕਲ ਰੋਕ ਦਿੱਤਾ। ਮੈਂ ਡਰ ਨਾਲ ਜਿੱਧਰ ਮੂੰਹ ਆਇਆ ਭੱਜ ਪਈ। ਭੱਜਦੀ ਗਈ, ਤੇ ਘਰ ਜਾ ਕੇ ਵੱਡੀ ਭੈਣ ਦੇ ਗਲ਼ ਲੱਗ ਕੇ ਬੜਾ ਰੋਈ। ਉਹਨੂੰ ਲੱਗੇ ਸ਼ਾਇਦ ਮੈਂ ਪਾਪਾ ਕਰਕੇ ਰੋਂਦੀ ਹਾਂ।

"ਕੀ ਗੱਲ ਰਿਚਾ, ਕੀ ਕਰ ਰਹੀ ਏਂ ਇੱਧਰ ਇਕੱਲੀ ਬੈਠੀ?" ਰਵੀ ਬੋਲਦਾ-ਬੋਲਦਾ ਵਾਸ਼ਰੂਮ ਚਲਾ ਗਿਆ। ਮੈਂ ਮੂੰਹ 'ਤੇ ਹੱਥ ਫੇਰਿਆ, ਜੋ ਰੋ-ਰੋ ਕੇ ਭਿੱਜਿਆ ਪਿਆ ਸੀ। ਰਵੀ ਕੁਝ ਹੋਰ ਪੁੱਛੇ, ਮੈਂ ਲਾਈਟ ਬੰਦ ਕੀਤੀ ਤੇ ਆ ਕੇ ਕਾਸ਼ਨੀ ਨਾਲ ਬੈੱਡ 'ਤੇ ਲੇਟ ਬਾਲ ਯੌਨ ਸ਼ੋਸ਼ਣ ਦੇ ਖ਼ਿਆਲਾਂ ਤੋਂ ਪਿੱਛਾ ਛੁਡਾਉਣ ਦੀ ਕੋਸ਼ਿਸ਼ ਕਰਨ ਲੱਗੀ। ਸੁੱਤੀ ਪਈ ਧੀ ਦਾ ਚਿਹਰਾ ਲਾਡ ਨਾਲ ਪਲ਼ੋਸਿਆ। ਗਹਿਰੀ ਨੀਂਦ ਵਿਚ ਵੀ ਪਾਸਾ ਪਰਤਦਿਆਂ ਉਹ ਮੁਸਕਰਾਈ ਤੇ ਮੇਰੇ ਲੱਕ ਦੁਆਲ਼ੇ ਬਾਂਹ ਵਲ਼ਾ ਕੇ ਸੌਂ ਗਈ। ਸੁੱਤੀ ਪਈ ਨੂੰ ਵੀ ਸਪਰਸ਼ ਨੇ ਮੁਸਕਰਾਹਟ ਲਿਆ ਦਿੱਤੀ। ਨਾ ਚਾਹ ਕੇ

ਵੀ ਮਨੋਵਿਗਿਆਨ ਦਿਮਾਗ਼ 'ਚ ਸੁਰਲ-ਸੁਰਲ ਕਰਨ ਲੱਗਿਆ।

'ਜਨਮ ਹੁੰਦੇ ਹੀ ਬੱਚਾ ਸਪਰਸ਼ ਦੀ ਭਾਸ਼ਾ ਸਮਝਣ ਲੱਗਦਾ ਹੈ। ਸਪਰਸ਼ ਹੀ ਉਸ ਦਾ ਹੱਸਣਾ-ਰੋਣਾ। ਥੋੜ੍ਹਾ ਜਿਹਾ ਤਿੱਖਾ ਹੱਥ ਲਾਇਆ, ਰੋ ਪਿਆ। ਲਾਡ ਨਾਲ ਛੂਹਿਆ, ਹੱਸ ਪਿਆ। ਪਰ, ਕਈਆਂ ਦੀ ਗੋਦੀ ਜਾਂਦੇ ਹੀ ਬਾਲ ਰੋਣ ਲੱਗਦਾ ਹੈ ਜਿਵੇਂ ਉਸ ਗੋਦ ਨੂੰ ਕੰਡੇ ਲੱਗੇ ਹੋਣ।

ਸਪਰਸ਼ ਦਾ ਕੀੜਾ ਮੇਰੇ ਦਿਮਾਗ਼ 'ਚੋਂ ਨਿਕਲਣ ਦਾ ਨਾਂ ਨਹੀਂ ਲੈ ਰਿਹਾ। ਮੈਨੂੰ ਕਿੱਟੀ ਦੇ ਥੀਮ 'ਤੇ ਗ਼ੁੱਸਾ ਆਉਣ ਲੱਗਾ। ਪਹਿਲਾਂ ਤੋਂ ਪਰੇਸ਼ਾਨ ਮਨ ਸੱਚ ਸੁਣ-ਸੁਣ ਕੇ ਬੇਚੈਨ ਹੋਣ ਲੱਗਿਆ। ਚੰਗਾ ਭਲਾ ਤੰਬੋਲਾ ਦੀ ਤਿਆਰੀ ਕਰਦੇ-ਕਰਦੇ ਮੁੱਦਾ ਕਿੱਧਰੋਂ-ਕਿੱਧਰ ਤਬਦੀਲ ਹੋ ਗਿਆ। ਝੱਟ ਹੱਸ-ਖੇਡ ਕੇ ਮਨ ਦਾ ਭਾਰ ਹੌਲ਼ਾ ਹੋ ਜਾਂਦਾ, ਕਿੱਥੇ ਬ੍ਰੇਨ ਹੈਮਰੇਜ ਜਿਹੀ ਸਥਿਤੀ ਹੋਈ ਪਈ ਹੈ।

ਪੰਕਚੁਐਲਿਟੀ ਗਿਫ਼ਟ ਜਿੱਤਣ ਦੀ ਹੋੜ ਵਿਚ ਕਿੱਟੀ ਦੀਆਂ ਪੰਦਰਾਂ ਦੀਆਂ ਪੰਦਰਾਂ ਮੈਂਬਰ ਸਜ-ਧਜ ਕੇ ਨਿਰਧਾਰਤ ਸਮੇਂ ਤੋਂ ਪਹਿਲਾਂ ਹੀ ਆਰਤੀ ਦੇ ਘਰ ਪਹੁੰਚ ਚੁੱਕੀਆਂ ਸਨ।

ਇਸ ਤੋਂ ਪਹਿਲਾਂ ਕਿ ਕਿਸੇ ਦੀ ਸੱਸ, ਪਤੀ ਜਾਂ ਕੋਈ ਹੋਰ ਭਖਦਾ ਮੁੱਦਾ ਸਾਡੀ ਜੀਭ ਰਸ ਬਣਦਾ, ਨੰਦਿਨੀ ਬੋਲ ਪਈ, "ਅੱਜ ਤਾਂ ਕਿੱਟੀ 'ਤੇ ਆਉਣ ਦਾ ਬਿਲਕੁਲ ਮਨ ਨਹੀਂ ਸੀ। ਕਿੱਥੇ-ਕਿੱਥੇ ਨਜ਼ਰ ਰੱਖਾਂਗੇ ਬਾਲਾਂ 'ਤੇ। ਕਿੰਨੀ ਰਾਖੀ ਕਰ ਲਉ! ਘਟੀਆ ਮਾਨਸਿਕਤਾ ਵਾਲ਼ੇ ਦਾਅ ਲਾ ਈ ਜਾਂਦੇ ਆ।"

ਜਿਵੇਂ ਸਭ ਦੇ ਦਿਮਾਗ਼ ਪਹਿਲਾਂ ਤੋਂ ਹੀ ਇਹੋ ਚੱਕੀ ਪੀਹ ਰਹੇ ਹੋਣ। ਗੱਲ ਦੀ ਤੰਦ ਤਾਣਾ-ਬਾਣਾ ਬੁਣਨ ਲੱਗੀ।

"ਹੋਇਆ ਕੀ?"

"ਹੋਣਾ ਕੀ ਯਾਰ। ਮੇਰੇ ਮੰਮਾ ਦਾ ਫ਼ੋਨ ਆਇਆ। ਦੱਸਦੇ ਸੀ ਕੱਲ੍ਹ ਮੇਰੇ ਪੇਕੇ ਘਰ ਦੀ ਪਿਛਲੀ ਗਲ਼ੀ 'ਚ ਪਿਉ ਦੀ ਦਰਿੰਦਗੀ ਦਾ ਸ਼ਿਕਾਰ ਛੇ ਸਾਲਾਂ ਦੀ ਕੁੜੀ ਨੂੰ ਸਮਾਜ ਸੇਵੀ ਸੰਸਥਾਵਾਂ ਨੇ ਪੁਲਿਸ ਤੇ ਸਿਵਿਲ ਪ੍ਰਸ਼ਾਸਨ ਦੀ ਮਦਦ ਨਾਲ ਛੁਡਾਇਐ। ਹਾਏ! ਕੋਈ ਪਿਉ ਵੀ ਇਵੇਂ ਦੇ ਹੁੰਦੇ ਆ...। ਕੁੜੀ ਬੁਰੀ ਤਰ੍ਹਾਂ ਚੱਕਾਂ ਨਾਲ ਖਾਧੀ ਪਈ। ਪਤਾ ਨਹੀਂ ਕੁੜੀ ਕਦੋਂ ਤੋਂ ਪਿਉ ਦੀ ਦਰਿੰਦਗੀ ਝੱਲ ਰਹੀ ਸੀ।"

ਸੁਣ ਕੇ ਨੀਲਮ ਆਂਟੀ ਜਿਵੇਂ ਕਿਸੇ ਗਹਿਰੀ ਖਾਈ 'ਚੋਂ ਬੋਲੀ ਹੋਵੇ, "ਹੋਰ ਭਲਾ ਦਰਿੰਦੇ ਦੂਰ-ਦੇਸ਼ 'ਚੋਂ ਉੱਡ ਕੇ ਆਉਣਗੇ। ਬੜਾ ਔਖੈ ਭਾਈ ਬਾਲਾਂ ਨੂੰ ਉਡਾਰ ਕਰਨਾ। ਰਿਚਾ ਬੇਟੇ ਤੁਸੀਂ ਸਾਈਕਾਲੋਜਿਸਟ ਓ ਤੇ ਆਈ ਥਿੰਕ ਕਿਸੇ ਬਾਲ ਭਲਾਈ ਕਮਿਸ਼ਨ ਦੇ ਮੈਂਬਰ ਵੀ...। ਗਰਾਊਂਡ ਫੈਕਟ ਕੀ ਮੰਨਦੇ ਓ?"

ਇਸ ਤੋਂ ਪਹਿਲਾਂ ਮੈਂ ਕੁਝ ਬੋਲਦੀ, ਤਾਰਿਕਾ ਬੋਲ ਪਈ, "ਮੈਡਮ ਤਾਂ ਰਾਈਟਰ ਵੀ ਨੇ। ਤਿੰਨ ਕਿਤਾਬਾਂ ਆ ਚੁੱਕੀਆਂ ਇਨ੍ਹਾਂ ਦੀਆਂ ਰੁਮਾਂਟਿਕ ਪੋਇਟਰੀ ਦੀਆਂ।"

ਮੈਨੂੰ ਬੋਲਣ ਦਾ ਮੌਕਾ ਦਿੱਤੇ ਬਗ਼ੈਰ ਨੀਲਮ ਆਂਟੀ ਨੇ ਮੇਰੇ ਅੱਗੇ ਮੰਗ ਰੱਖ ਦਿੱਤੀ,

"ਰਾਇਟਰ ਹੋ ਤਾਂ ਇਕ ਭਲੇ ਦਾ ਕੰਮ ਕਰੋ। ਰੁਮਾਂਟਿਕ ਕਿੱਸੇ ਬਿਆਨਣ ਨਾਲੋਂ ਬੱਚਿਆਂ ਲਈ ਲਿਖੋ ਕੁਝ। ਬਾਲ ਸ਼ੋਸ਼ਣ 'ਤੇ ਕਹਾਣੀ ਜਾਂ ਨਾਟਕ ਕਿਉਂ ਨਹੀਂ ਲਿਖਦੇ? ਜੋ ਸਮਾਜ ਤੇ ਮਾਪਿਆਂ ਲਈ ਸੇਧ ਬਣੇ।"

"ਪਰ ਇਹ ਤਾਂ ਸਾਹਿਤ ਵਿਚ ਵਰਜਿਤ ਵਿਸ਼ਾ ਹੈ। ਗੰਦੀਆਂ ਕਹਾਣੀਆਂ ਕਹਿ ਕੇ ਦੁਤਕਾਰਿਆ ਜਾਵੇਗਾ। ਮੇਰੇ ਨਾਂ ‘ਤੇ 'ਸੀ ਗ੍ਰੇਡ' ਕਹਾਣੀਕਾਰਾ ਦਾ ਲੇਬਲ ਵੱਖਰਾ ਲੱਗ ਜਾਊ। 'ਥਰਡ ਕਲਾਸ ਔਰਤ' ਦਾ ਲੈਬਲ ਲੁਆ ਸਮਾਜ 'ਚ ਜਿਹੜੀ ਥੂ-ਥੂ ਹੋਊ ਸੋ ਵੱਖਰੀ।" ਮੈਂ ਆਪਣੀ ਮਜਬੂਰੀ ਜ਼ਾਹਰ ਕਰਕੇ ਤੰਬੋਲਾ ਦਾ ਨੰਬਰ ਬੋਲਣ ਲਈ ਜ਼ੁਬਾਨ ਖੋਲ੍ਹੀ ਸੀ ਕਿ ਇਕ ਆਵਾਜ਼ ਹੋਰ ਉੱਚੀ ਹੋ ਗਈ,

"ਸਮਾਜ ਵਿਚ ਜੋ ਵਾਪਰ ਰਿਹੈ, ਉਹ ਵਰਜਿਤ ਵਿਸ਼ਾ ਕਿਵੇਂ ਹੋ ਗਿਆ ਰਿਚਾ? ਮਸਲਾ ਹੱਲ ਹੋਏ ਨਾ ਹੋਏ, ਬਾਅਦ ਦੀ ਗੱਲ। ਅਸੀਂ ਆਵਾਜ਼ ਵੀ ਨਾ ਬਣੀਏ? ਇਸ ਤੋਂ ਵੱਡੀ ਕਾਇਰਤਾ ਹੋਰ ਕੀ ਹੋਵੇਗੀ? ਅਸੀਂ ਸਭ ਗਵਾਹ ਹਾਂ ਕਿਸੇ ਨਾ ਕਿਸੇ ਰੂਪ ਵਿਚ ਬਾਲ ਸ਼ੋਸ਼ਣ ਦੇ ਤੇ ਸ਼ਾਇਦ ਭੁਗਤਭੋਗੀ ਵੀ। ਕਿਉਂ ਨਾ ਅਸੀਂ ਜ਼ੁਬਾਨ ਬਣੀਏ ਇਨ੍ਹਾਂ ਮਾਸੂਮਾਂ ਦੀ।" ਜਿਵੇਂ ਹੀ ਆਰਤੀ ਬੋਲੀ, ਸਭ ਨੇ ਉਸੇ ਦੇ ਗਲ਼ ਘੰਟੀ ਬੰਨ੍ਹ ਕੇ ਖੜਕਾਉਣ ਲਈ ਕਹਿ ਦਿੱਤਾ।

"ਫਿਰ ਕਰੋ ਤੁਸੀਂ ਸ਼ੁਭਾਰੰਭ, ਅਸੀਂ ਹੁੰਗਾਰਾ ਭਰਦੇ ਹਾਂ।" ਸਭ ਨੇ ਉਸ ਨੂੰ ਮਨ ਦੀ ਗੱਲ ਖੋਲ੍ਹਣ ਲਈ ਜ਼ੋਰ ਪਾਇਆ।

"ਮੇਰੀ ਲਾਈਫ਼ 'ਚ ਅਜਿਹਾ ਕੁਝ ਨਹੀਂ ਹੈ।" ਉਹ ਪੱਲਾ ਛੁਡਾਵੇ।

"ਤਾਂ ਕੀ ਸਾਡੀ ਲਾਈਫ਼ 'ਚ ਅਜਿਹਾ ਕੁਝ ਹੈ।" ਬਹਿਸ ਭਖ ਗਈ। ਹੁਣ ਤਕ ਚੁੱਪ ਬੈਠੀ ਸੇਤੀਆ ਆਂਟੀ ਬੋਲ ਪਈ,

"ਅਸਲ ਵਿਚ ਜ਼ਖ਼ਮਾਂ ਦੇ ਨਿਸ਼ਾਨ ਤਾਂ ਸਭ ਦੇ ਹੋਣਗੇ। ਕਿਸੇ ਦੇ ਛੋਟੇ ਕਿਸੇ ਦੇ ਵੱਡੇ, ਪਰ ਸਮਾਜ ਬੜੀ ਗੰਦੀ ਸ਼ੈਅ ਏ। ਸਾਡੇ ਵਿਚੋਂ ਕੋਈ ਵੀ ਆਪਣਾ ਝੱਗਾ ਚੁੱਕ ਕੇ ਨੰਗਾ ਕਿਉਂ ਹੋਣਾ ਚਾਹੇਗਾ? ਆਪਣੀ ਮਾੜੀ ਗੱਲ ਦੱਸਣ ਦਾ ਸਾਡੇ 'ਚ ਜੇਰਾ ਨਹੀਂ। ਪਰ, ਮੇਰੇ ਕੋਲ਼ ਇਕ ਤਰਕੀਬ ਹੈ, ਜਿਸ ਨਾਲ ਸੱਪ ਵੀ ਮਰ ਜਾਏਗਾ ਤੇ ਲਾਠੀ ਵੀ ਨਹੀਂ ਟੁੱਟੇਗੀ।"

ਸਾਰੀਆਂ ਇਕੱਠੀਆਂ ਬੋਲ ਪਈਆਂ, "ਉਹ ਕੀ?"

ਆਂਟੀ ਹੱਸ ਪਈ। ਅਸੀਂ ਸ਼ਰਮਸਾਰ ਹੁੰਦੀਆਂ ਨੇ ਨੀਵੀਂ ਪਾ ਲਈ। ਸੋ ਫ਼ੈਸਲਾ ਹੋਇਆ ਹਾਲ ਦੀਆਂ ਖਿੜਕੀਆਂ-ਦਰਵਾਜ਼ੇ ਬੰਦ ਕਰਕੇ ਪਰਦੇ ਹੇਠਾਂ ਕਰ ਦਿੱਤੇ ਜਾਣ। ਲਾਈਟ ਬੰਦ ਕਰਕੇ ਸਾਰੀਆਂ ਮੈਂਬਰਜ਼ ਆਪਣੇ ਮੂੰਹ 'ਤੇ ਰੁਮਾਲ ਬੰਨ੍ਹ ਲੈਣ। ਬੋਲਣ ਵਕਤ ਗੱਲ ਕਰਨ ਦਾ ਲਹਿਜਾ ਬਦਲ ਲਿਆ ਜਾਵੇ, ਤਾਂ ਜੋ ਕਿਸੇ ਦੀ ਪਛਾਣ ਨਾ ਹੋ ਸਕੇ। ਇਕ-ਇਕ ਮੈਂਬਰ ਹੋਈ-ਵਾਪਰੀ ਜਾਂ ਸੁਣੀ-ਸੁਣਾਈ ਬਾਲ ਸ਼ੋਸ਼ਣ ਦੀ ਘਟਨਾ ਸੁਣਾਏਗੀ ਤੇ ਰਿਚਾ ਉਸ 'ਤੇ ਕਹਾਣੀ ਲਿਖੇਗੀ।

ਨਾ ਚਾਹੁੰਦਿਆਂ ਵੀ ਕਿੱਟੀ ਦਾ ਥੀਮ ਮਿਥ ਲਏ ਜਾਣ 'ਤੇ ਮੈਨੂੰ ਹਾਮੀ ਭਰਨੀ ਪਈ। ਬਸ ਤੇ ਫਿਰ ਲਾਈਟਾਂ ਆਫ਼ ਕਰਕੇ ਹਨੇਰੇ ਖੂਹ ਪੁੱਟਣ ਦਾ ਸਿਲਸਿਲਾ ਸ਼ੁਰੂ ਹੋ ਗਿਆ, ਜੋ ਹੁਣ ਲਗਪਗ ਆਖਰੀ ਪੜਾਅ ਵੱਲ ਵਧ ਰਿਹਾ ਸੀ।

"ਮੇਰਾ ਫੌਜੀ ਮਾਮਾ, ਮਾਂ ਦਾ ਮੂੰਹ ਬੋਲਿਆ ਭਰਾ। ਉਸ ਦੀ ਬਟਾਲੀਅਨ ਸਾਡੇ ਸ਼ਹਿਰ ਹੀ ਸੀ। ਉਸ ਦਾ ਅਕਸਰ ਘਰ ਆਉਣਾ-ਜਾਣਾ ਰਹਿੰਦਾ। ਮਾਂ ਉਸ ਕੋਲੋਂ ਫੌਜੀ ਕੰਟੀਨ ਤੋਂ ਸਸਤਾ ਸਾਮਾਨ ਵੀ ਮੰਗਵਾ ਲੈਂਦੀ। ਉਹ ਜਦੋਂ ਵੀ ਆਉਂਦਾ ਮੈਨੂੰ ਗੋਦੀ ਲੈ ਕੇ ਮੇਰੇ ਬੁੱਲ੍ਹ ਜੂਠੇ ਕਰ ਦਿੰਦਾ। ਮੈਨੂੰ ਇਸ ਤੋਂ ਬੜੀ ਕਚਿਆਣ ਆਉਂਦੀ, ਪਰ ਇਹ ਕੀ ਸੀ ਤੇ ਇਸ ਬਾਰੇ ਕੀ ਪ੍ਰਤੀਕ੍ਰਿਆ ਦੇਵਾਂ ਬਾਰੇ ਨਹੀਂ ਸਾਂ ਜਾਣਦੀ। ਮਾਮਾ, ਮੈਨੂੰ ਤੇ ਨਿੱਕੇ ਵੀਰ ਨੂੰ ਕੰਧਾੜੇ ਚੁੱਕ ਛੱਤ 'ਤੇ ਲੈ ਜਾਂਦਾ। ਵੀਰ ਦੀ ਨਿੱਕਰ ਲਾਹ ਕੇ ਉਸ ਦੇ ਅੰਗ ਨਾਲ ਖੇਡਣ ਲੱਗਦਾ ...। ਵੀਰੇ ਸਾਹਮਣੇ ਮੇਰੀ...। ਬਸ ਹੋਰ ਨਹੀਂ ਦੱਸ ਹੋਣਾ ਮੈਥੋਂ।"

ਕੁਝ ਪਲ ਚੁੱਪ ਪੱਸਰਦੀ, ਫਿਰ ਅਗਲੀ ਆਵਾਜ਼ ਮੱਧਮ ਸੁਰ 'ਚ ਸ਼ੁਰੂ ਹੁੰਦੀ ਕੜਕਣ ਲੱਗਦੀ ਤੇ ਫਿਰ ਇਕਦਮ ਚੁੱਪ ਹੋ ਜਾਂਦੀ।

"ਮੇਰੇ ਨਾਲ ਤਾਂ ਕੁਝ ਨਹੀਂ ਹੋਇਆ ਇਹੋ ਜਿਹਾ, ਪਰ ਮੇਰੇ ਭਰਾ ਦੀ ਜ਼ਿੰਦਗੀ ਸਾਡੀ ਇਕ ਕਿਰਾਏਦਾਰਨੀ ਨੇ ਅਜਿਹੀ ਖਰਾਬ ਕੀਤੀ ਕਿ ਮੇਰੀ ਮਾਂ ਮੇਰੀ ਤੇ ਮੇਰੇ ਤੋਂ ਛੋਟੇ ਭੈਣ-ਭਰਾਵਾਂ ਦੀ ਸੁਰੱਖਿਆ ਨੂੰ ਲੈ ਕੇ 'ਓਵਰ-ਪ੍ਰੋਟੈਕਟਿਵ' ਹੋ ਗਈ। ਅਸੀਂ ਚਾਰ ਭੈਣ ਭਰਾ। ਨਿੱਕੇ-ਨਿੱਕੇ ਸਾਂ। ਡੈਡੀ ਜੀ ਦੀ ਡੈੱਥ ਹੋ ਗਈ। ਮਾਂ ਨੇ ਗੁਜ਼ਾਰੇ ਲਈ ਘਰ ਦਾ ਹੇਠਲਾ ਪੋਰਸ਼ਨ ਰੱਖ ਕੇ ਉਪਰਲਾ ਕਿਰਾਏ 'ਤੇ ਚੜ੍ਹਾ ਦਿੱਤਾ। ਕਿਰਾਏਦਾਰ ਦੋਵੇਂ ਜੀਅ ਸਨ। ਥੋੜ੍ਹੇ ਦਿਨਾਂ ਬਾਅਦ ਕੰਮ ਦੇ ਸਿਲਸਿਲੇ

'ਚ ਬੰਦਾ ਕੁਝ ਦਿਨਾਂ ਲਈ ਬਾਹਰ ਚਲਾ ਗਿਆ। ਕਿਰਾਏਦਾਰਨੀ ਵੱਡੇ ਵੀਰੇ ਨੂੰ ਪੜ੍ਹਾਉਣ ਦੇ ਬਹਾਨੇ ਆਪਣੇ ਕੋਲ ਬੁਲਾ ਲੈਂਦੀ। ਦਸ-ਬਾਰਾਂ ਵਰ੍ਹਿਆਂ ਦਾ ਸੀ ਵੀਰ ਤੇ ਮੈਂ ਚਹੁੰ ਕੁ ਵਰ੍ਹਿਆਂ ਦੀ ਹੋਵਾਂਗੀ। ਮਾਂ ਵੀਰੇ ਨੂੰ ਬੁੱਕਲ 'ਚ ਲੈ ਕੇ ਦੁੱਖੜਾ ਰੋਂਦੀ। ਜਿਉਂ-ਜਿਉਂ ਮੈਂ ਵੱਡੀ ਹੋਣ ਲੱਗੀ ਮਾਂ ਦੇ ਰੋਂਦੇ ਬੋਲ ਸੋਝੀ ਬਣਨ ਲੱਗੇ।

"ਮੇਰਾ ਪੁੱਤਰ, ਗੰਦੀ ਜਨਾਨੀ ਨੇ ਮੋਹਰਾ ਬਣਾ ਲਿਆ। ਪੜ੍ਹਾਉਣਾ ਮਾਂ ਦਾ ਸਿਰ। ਸੁਆਹ ਪਵੇ ਚੁੜੇਲ ਦੇ ਸਿਰ। ਮੁੰਡੇ ਨੂੰ ਕਹੇ 'ਮਾਂ ਨੂੰ ਦੱਸੇਂਗਾ ਤਾਂ ਤੋਤੇ ਕੱਟ ਕੇ ਮਾਂ ਦੇ ਹੱਥ ਦੇ ਆਵਾਂਗੀ।' ਡਰਾਵੇ ਦੇ-ਦੇ ਕੇ ਬੱਜਲ ਕਰ'ਤਾ। ਕਾਸ਼! ਮੇਰਾ ਬੱਚਾ ਮੈਨੂੰ ਪਹਿਲਾਂ ਦੱਸ ਦਿੰਦਾ। ਉਹ ਤਾਂ ਬਾਲ ਤੋਂ ਪੀੜ ਝੱਲ ਨਾ ਹੋਈ ਤੇ ਬੇਹੋਸ਼ ਹੋ ਗਿਆ। ਮੈਂ ਵਾਹੋ-ਦਾਹ ਗਲ਼ੀ ਦੇ ਡਾਕਟਰ ਕੋਲ ਗਈ। ਡਾਕਟਰ ਮੈਨੂੰ ਝਾੜਾਂ ਪਾਵੇ, ਤੇ ਮੈਂ ਕਰਮਾਂ ਨੂੰ। ਉਮਰ ਭਰ ਲਈ ਮੁੰਡਾ ਨਿਪੁੰਸਕ ਹੋ ਗਿਆ ਮੇਰਾ।" ਮਾਂ ਜ਼ਾਰ-ਜ਼ਾਰ ਰੋਂਦੀ, ਸਾਨੂੰ ਕਿਸੇ ਵੀ ਭੈਣ-ਭਰਾ ਨੂੰ ਅੱਖੋਂ ਉਹਲੇ ਨਾ ਹੋਣ ਦਿੰਦੀ। ਕਿਸੇ ਨਾਲ ਦੋ ਘੜੀ ਜਾਣਾ ਤਾਂ ਦੂਰ ਕਿਸੇ ਨਾਲ ਗੱਲ ਵੀ ਨਾ ਕਰਨ ਦਿੰਦੀ। ਨਤੀਜਾ ਸਾਨੂੰ 'ਸੋਸ਼ਲ ਐਂਗਜ਼ਾਇਟੀ' ਦੀ ਬੀਮਾਰੀ ਨੇ ਘੇਰ ਲਿਆ। ਓਪਰੇ ਮਨੁੱਖ ਸਾਡੇ ਲਈ ਖ਼ੌਫ ਬਣਨ ਲੱਗੇ। ਹੁਣ ਤਕ ਮੇਰਾ ਇਲਾਜ ਚੱਲਦੈ। ਜੇ ਮੁੰਡੇ ਨਾਲ ਅਜਿਹਾ ਕੁਝ ਹੋ ਸਕਦੈ, ਤਾਂ ਧੀਆਂ ਨੂੰ ਕਿਹੜੇ ਲਾਕਰ 'ਚ ਸਾਂਭ ਕੇ ਰੱਖ ਲਾਂਗੇ।"

ਉਹ ਚੁੱਪ ਹੋਈ ਤਾਂ ਅਗਲੀ ਆਵਾਜ਼ ਉੱਭਰੀ,

"ਮੈਂ ਬੱਚਿਆਂ ਦੀਆਂ ਐਕਟਿਵਿਟੀ ਵਰਕਸ਼ਾਪ ਚਲਾਉਂਦੀ ਸੀ। ਇਕ ਬੱਚੀ ਦੀਆਂ ਹਰਕਤਾਂ ਮੈਨੂੰ ਕੁਝ ਅਜੀਬ ਲੱਗੀਆਂ। ਮਾਂ ਨੂੰ ਬੁਲਾ ਕੇ ਬੱਚੀ 'ਤੇ ਨਿਗਾਹ ਰੱਖਣ ਲਈ ਆਖਿਆ। ਪਤਾ ਲੱਗਿਆ ਉਸ ਬੱਚੀ ਦਾ ਦਾਦਾ ਹੀ ਉਸ ਦਾ ਸਰੀਰਕ ਸ਼ੋਸ਼ਣ ਕਰ ਰਿਹਾ ਸੀ। ਮਾਂ ਸਿਰ ਪਿੱਟੇ। ਪਿਉ ਮੰਨਣ 'ਚ ਨਾ ਆਵੇ। ਉਲਟਾ ਆਪਣੇ ਬਾਪ ਦੀ ਸਾਈਡ ਲੈਂਦਿਆਂ ਘਰਵਾਲੀ ਨੂੰ ਬੱਚਿਆਂ ਸਮੇਤ ਘਰੋਂ ਕੱਢ ਦਿੱਤਾ। ਹੋਰ ਤੇ ਹੋਰ..."

ਇਕ ਤੋਂ ਬਾਅਦ ਇਕ ਆਵਾਜ਼ ਉੱਚੀ ਹੁੰਦੀ ਗਈ,

"ਉਹ ਮੇਰਾ ਜੂਡੋ ਟੀਚਰ ਸੀ। ਅੱਠਵੀਂ ਜਮਾਤ 'ਚ ਸਾਨੂੰ ਸ੍ਵੈ-ਰੱਖਿਆ ਦੇ ਗੁਰ ਸਿਖਾਉਣ ਲਈ ਜੂਡੋ ਸਿਖਾਉਣ ਦਾ ਪ੍ਰਬੰਧ ਕੀਤਾ ਗਿਆ। ਇਕ-ਇਕ ਕਰ ਕੇ ਕੁੜੀਆਂ ਜਮਾਤ 'ਚੋਂ ਆਉਣੋ ਹਟਦੀਆਂ ਗਈਆਂ। ਉਸ ਦਿਨ ਮੈਨੂੰ ਧਨੁਰ ਆਸਣ ਦੀ ਕਮਾਂਡ ਦੇ ਕੇ ਟੀਚਰ ਨੇ ਮੇਰੀਆਂ ਦੋਹਾਂ ਛਾਤੀਆਂ ਨੂੰ ਫੜਦਿਆਂ ਕਿਹਾ ਥੋੜ੍ਹਾ ਪੈਰਾਂ ਨੂੰ ਹੱਥਾਂ ਨਾਲ ਹੋਰ ਖਿੱਚ ਕੇ ਛਾਤੀ ਨੂੰ ਕਸਾਵ ਦੇ। ਕਸਾਵ ਕੀ ਦੇਣਾ ਸੀ, ਮੇਰੇ ਹੱਥੋਂ ਪੈਰ ਛੁੱਟ ਗਏ ਤੇ ਮੈਂ ਫਰਸ਼ 'ਤੇ ਸ਼ਵ ਆਸਣ ਬਣ ਮੂਧੀ ਹੋ ਗਈ। ਮੌਕਾ ਤਾੜ ਕੇ ਟੀਚਰ ਮੇਰੇ ਨਾਲ ਲਿਪਟ ਗਿਆ। ਮੈਂ ਹੰਭਲਾ ਮਾਰ ਕੇ ਉੱਠੀ। ਪੂਰੇ ਜ਼ੋਰ ਨਾਲ ਟੀਚਰ ਨੂੰ 'ਪੁਸ਼ ਕਿੱਕ' ਕਰਦਿਆਂ, 'ਪ੍ਰਿੰਸੀਪਲ ਮੈਡਮ' ਬੋਲਦੀ ਉੱਥੋਂ ਭੱਜ ਪਈ...। ਪ੍ਰਿੰਸੀਪਲ ਦਫ਼ਤਰ ਆ ਕੇ ਉਹ ਮੇਰੇ ਲਈ ਤਾੜੀਆਂ ਮਾਰ-ਮਾਰ 'ਵੀਰਾਂਗਣਾ' ਬੋਲਦਾ ਆਪਣੀ ਚੋਰੀ ਫੜੇ ਜਾਣ ਤੋਂ ਬਚਾਅ ਕਰਨ ਲੱਗਿਆ। ਉਹ ਗ਼ਲਤ ਸੀ, ਦੁਬਾਰਾ ਮੁੜ ਕੇ ਸਾਡੇ ਸਕੂਲ ਨਹੀਂ ਆਇਆ। ਉਸ ਦੇ ਜਿਸਮ 'ਚੋਂ ਆਉਂਦੀ ਪਾਊਡਰ ਦੀ ਸੁਗੰਧ ਅੱਜ ਵੀ ਦੁਰਗੰਧ ਬਣ ਕੇ ਮੇਰੇ ਸਿਰ ਨੂੰ ਚੜ੍ਹ ਜਾਂਦੀ ਹੈ। ਬੱਚੇ ਕਿਧਰੇ ਵੀ ਸੁਰੱਖਿਅਤ ਨਹੀਂ...।"

ਉਸ ਦਾ ਆਖਰੀ ਵਾਕ, "ਬੱਚੇ ਕਿਧਰੇ ਵੀ ਸੁਰੱਖਿਅਤ ਨਹੀਂ" ਮੈਨੂੰ ਡੋਬੂ ਪਾਵੇ। ਲੈ ਦੇ ਕੇ ਮੇਰਾ ਧਿਆਨ ਕਾਸ਼ਨੀ ਵਿਚ।

ਰਵੀ ਕਾਸ਼ਨੀ ਨੂੰ ਸਕੂਲ ਛੱਡਣ ਲਈ ਤਿਆਰ ਕਰ ਰਿਹਾ ਸੀ। ਮੈਂ ਰਸੋਈ ਵਿਚ ਸਾਡੇ ਤਿੰਨਾਂ ਦੇ ਟਿਫ਼ਿਨ ਪੈਕ ਕਰਨ ਦੇ ਆਹਰ ਲੱਗੀ ਸੀ ਕਿ ਕਾਸ਼ਨੀ ਦਾ ਚੀਕ-ਚਿਹਾੜਾ ਸ਼ੁਰੂ। ਮੌਕੇ ਦੀ ਤਾਕ ਵਿਚ ਮੈਨੂੰ ਚੋਰ ਸ਼ਿਕੰਜੇ ਵਿਚ ਆਉਂਦਾ ਲੱਗਿਆ।

ਮੈਂ ਤਵੇ 'ਤੇ ਰੋਟੀ ਸੜਦੀ ਛੱਡ ਵੇਲਣਾ ਲੈ ਕੇ ਕਮਰੇ ਵੱਲ ਭੱਜ ਪਈ। ਰਵੀ ਕਾਸ਼ਨੀ ਉੱਪਰ ਪੂਰੀ ਤਰ੍ਹਾਂ ਝੁਕਿਆ ਹੋਇਆ।

"ਲੀਵ ਮੀ ਪਾਪਾ, ਪਾਪਾ ਛੱਡੋ ਮੈਨੂੰ। ਮੰਮਾ, ਮੰਮਾ।" ਕਰਦੀ ਪਿਉ ਕੋਲ਼ੋਂ ਛੁੱਟਣ ਲਈ ਛਟਪਟਾਉਂਦੀ ਕਾਸ਼ਨੀ।

ਆਵ ਦੇਖਿਆ ਨਾ ਤਾਵ, ਮੈਂ ਚਲਾਵਾਂ ਵੇਲਣਾ ਰਵੀ 'ਤੇ ਵਗਾਹ ਮਾਰਿਆ। ਨਿਸ਼ਾਨਾ ਖੁੰਝ ਗਿਆ। ਵੇਲਣਾ ਰਵੀ ਦੇ ਸਿਰ ਦਾ ਬਚਾਅ ਕਰਦਾ ਖੱਬੇ ਮੋਢੇ ਨੂੰ ਛੂੰਹਦਾ ਸਾਹਮਣੀ ਕੰਧ 'ਤੇ ਲੱਗੇ ਸ਼ੀਸ਼ੇ 'ਤੇ ਜਾ ਵੱਜਿਆ। ਕੜਾਕ ਕਰਦਾ ਸ਼ੀਸ਼ਾ ਚਕਨਾਚੂਰ ਹੋ ਗਿਆ। ਤ੍ਰਭਕ ਕੇ ਰਵੀ ਸਿੱਧਾ ਹੋਇਆ ਤੇ ਉਸ ਦੇ ਹੱਥੋਂ ਛੁੱਟ ਕੇ ਕੁਝ ਹੇਠਾਂ ਜਾ ਡਿੱਗਿਆ। ਪਿਉ ਦੇ ਹੱਥੋਂ ਛੁੱਟ ਕੇ ਕਾਸ਼ਨੀ ਭੱਜ ਕੇ ਮੇਰੀਆਂ ਲੱਤਾਂ ਨਾਲ ਆ ਚਿੰਬੜੀ।

"ਹੱਦ ਹੋ ਗਈ...।" ਗ਼ੁੱਸੇ ਨਾਲ ਤਪਦੀ ਮੈਂ ਰਵੀ 'ਤੇ ਚਿੱਲਾਈ। ਇਸ ਤੋਂ ਪਹਿਲਾਂ ਕਿ ਮੈਂ ਕੁਝ ਹੋਰ ਬੋਲਦੀ, ਰਵੀ ਜ਼ਮੀਨ 'ਤੇ ਝੁਕਿਆ ਤੇ ਛੋਲਿਆਂ ਦੇ ਦਾਣੇ ਜਿੰਨਾ ਕੁਝ ਚੁੱਕ ਕੇ ਉਥੱਲ-ਪੁਥੱਲ ਕੇ ਵਾਚਣ ਲੱਗਿਆ।

"ਕੀ ਹੈ ਤੁਹਾਡੇ ਹੱਥ 'ਚ ਤੇ ਕੀ ਕਰਦੇ ਸੀ ਕਾਸ਼ਨੀ ਨਾਲ?"

ਰਵੀ ਨੇ ਤਲੀ 'ਤੇ ਧਰਿਆ ਸੈੱਲਨੁਮਾ ਬਟਨ ਮੇਰੇ ਵੱਲ ਵਧਾਇਆ ਤੇ ਬੋਲਿਆ 'ਹਿਡਨ ਕੈਮਰਾ' ਹੈ। ਕਾਸ਼ਨੀ ਦੇ ਵਾਲ਼ਾਂ 'ਚ ਅਡਜਸਟ ਕਰ ਰਿਹਾ ਸੀ।

ਉਹ ਬਾਥਰੂਮ 'ਚ ਵੜ ਗਿਆ। ਮੈਂ ਕਦੀ ਧੀ ਦੇ ਵਾਲ਼ਾਂ ਦੀਆਂ ਉਲਝਣਾਂ ਸੁਲਝਾਵਾਂ, ਕਦੀ ਹਿਡਨ ਕੈਮਰੇ ਵਾਲੀ ਮੁੱਠੀ ਖੋਲ੍ਹ-ਖੋਲ੍ਹ ਵੇਖਾਂ।

ਕਿੱਟੀ ਆਖਰੀ ਪੜਾਅ 'ਤੇ ਸੀ।

ਮੈਂ ਆਪਣੀ ਹੱਡਬੀਤੀ ਸਾਂਝੀ ਕਰਨ ਲਈ ਹੌਸਲਾ ਬਟੋਰ ਰਹੀ ਸੀ ਕਿ ਅਚਾਨਕ ਕਿਸੇ ਨੇ ਕਮਰੇ ਦੀ ਲਾਈਟ ਆਨ ਕਰ ਦਿੱਤੀ। ਮੇਰਾ ਰੰਗ ਉੱਡ ਗਿਆ, ਪਰ ਬਾਕੀ ਮੈਂਬਰਾਂ ਦੇ ਚਿਹਰੇ ਭਾਵ-ਰਹਿਤ ਨਹੀਂ, ਬੇਹੱਦ ਸ਼ਾਂਤ। ਇਵੇਂ ਜਿਵੇਂ ਦਿਲ ਦੀ ਹਵਾੜ ਕੱਢ ਕੇ ਮਨ ਦਾ ਸਾਫ਼ ਹੋਇਆ ਮੌਸਮ ਚਿਹਰੇ 'ਤੇ ਉਤਰ ਆਇਆ ਹੋਵੇ। ਮੈਂ ਨਾਰਮਲ ਦਿਖਣ ਦੀ ਕੋਸ਼ਿਸ਼ ਕਰਨ ਲੱਗੀ। ਆਵਾਜ਼ ਉੱਭਰੀ,

"ਕਦੋਂ ਤਕ ਹਨੇਰੇ ਨੂੰ ਰੋ ਕੇ ਦਿਖਾਉਂਦੇ ਰਹੋਗੇ। ਰਿਚਾ ਜੀ ਛੱਡੋ ਇਹ ਸਾਰੀ ਡਰਾਮੇਬਾਜ਼ੀ। ਤੁਸੀਂ ਮੇਰੀ ਵਾਰਤਾ ਲਿਖੋ। ਲਿਖੋ ਮੇਰਾ ਨਾਂ- ਤਮੰਨਾ..."

ਮੈਂ ਕਦੀ ਕੁੜੀ ਵੱਲ ਵੇਖਾਂ ਕਦੀ ਕਿੱਟੀ ਮੈਂਬਰਾਂ ਵੱਲ।

"ਰਿਚਾ ਇਹ ਮੇਰੀ ਨਨਾਣ ਦੀ ਬੇਟੀ ਹੈ ਤਮੰਨਾ। ਬੜੀ ਜਨੂੰਨੀ ਕੁੜੀ ਏ। ਜਰਨਲਿਜ਼ਮ ਐਂਡ ਮਾਸ ਕਮਿਊਨੀਕੇਸ਼ਨ ਵਿਚ ਪੋਸਟ ਗ੍ਰੈਜੂਏਸ਼ਨ ਕਰ ਰਹੀ ਏ। ਕਾਲਮ ਰਾਈਟਰ ਵੀ ਹੈ। ਤੂੰ ਇਸ ਦੀ ਕਹਾਣੀ ਸੁਣ। ਸ਼ਾਇਦ ਤੇਰੀ ਕਲਮ ਨੂੰ ਵੀ ਹੌਂਸਲੇ ਦਾ ਟੌਨਿਕ ਮਿਲ ਜਾਏ।"

ਆਰਤੀ ਨੇ ਤਮੰਨਾ ਨੂੰ ਆਪਣੇ ਨਾਲ ਵਾਲ਼ੀ ਖ਼ਾਲੀ ਪਈ ਕੁਰਸੀ 'ਤੇ ਬਿਠਾ ਲਿਆ। ਮੈਂ ਉਤਸੁਕਤਾ ਨਾਲ ਉਸ ਵੱਲ ਵੇਖਣ ਲੱਗੀ। ਬਿਨਾਂ ਕੋਈ ਉਚੇਚ ਜਾਂ ਓਪਰਾਪਣ ਦਿਖਾਏ ਉਹ ਬੋਲਣ ਲੱਗੀ।

"ਮੇਰਾ ਤੀਜਾ ਜਨਮ ਦਿਨ ਕੁਝ ਦਿਨ ਪਹਿਲਾਂ ਹੀ ਲੰਘਿਆ ਸੀ। ਜਦੋਂ ਮੇਰੇ ਜਿੱਡੀ ਧੀ ਦੇ ਪਿਉ ਉਸ ਅੰਕਲ ਨੇ ਮੇਰੀ ਪੈਂਟੀ ਖੋਲ੍ਹ ਕੇ ਆਪਣੀਆਂ ਲੱਤਾਂ ਵਿਚ ਲੈ ਲਿਆ ਤੇ ਮੈਨੂੰ ਗਿੱਲਾ ਕਰ ਦਿੱਤਾ। ਉਹ ਸਭ ਕੀ ਸੀ? ਮੈਨੂੰ ਉੱਕਾ ਹੀ ਪਤਾ ਨਹੀਂ ਸੀ, ਪਰ ਮੈਨੂੰ ਬੜਾ ਗੰਦਾ ਲੱਗਿਆ। ਉਹ ਅੰਕਲ-ਆਂਟੀ ਸਾਡੇ ਗੁਆਂਢ 'ਚ ਹੀ ਰਹਿੰਦੇ ਸਨ। ਸਾਡਾ ਉਨ੍ਹਾਂ ਦੇ ਘਰ ਆਮ ਹੀ ਆਉਣਾ-ਜਾਣਾ ਸੀ। ਮੈਂ ਕੋਈ ਵੀ ਨਵੀਂ ਡਰੈੱਸ ਪਾਉਂਦੀ, ਆਂਟੀ ਨੂੰ ਜ਼ਰੂਰ ਦਿਖਾਉਣ ਜਾਂਦੀ। ਆਂਟੀ ਮੇਰੇ ਨਾਲ

ਮੋਹ ਵੀ ਬੜਾ ਕਰਦੀ। ਮੈਨੂੰ ਅੱਜ ਵੀ ਪੂਰੀ ਤਰ੍ਹਾਂ ਯਾਦ ਏ। ਮੇਰੀ ਉਸ ਨਵੀਂ ਫਰਾਕ ਦੇ ਫਰੰਟ 'ਤੇ ਸਿਤਾਰਿਆਂ ਜੜਿਆ ਦਿਲ ਬਣਿਆ ਹੋਇਆ ਸੀ। ਉਹਦੇ 'ਤੇ ਉੱਪਰ ਨੂੰ ਹੱਥ ਫੇਰੋ ਤਾਂ ਸਿਤਾਰੇ ਲਾਲ ਰੰਗ ਦੇ ਹੋ ਜਾਂਦੇ, ਹੇਠਾਂ ਹੱਥ ਫੇਰੋ ਤਾਂ ਕਈ ਰੰਗਾਂ 'ਚ ਬਦਲ ਜਾਂਦੇ। ਮੈਨੂੰ ਇਹ ਮੈਜਿਕ ਲੱਗਦਾ। ਇਹੀ ਮੈਜਿਕ ਮੈਂ ਆਂਟੀ ਨੂੰ ਦਿਖਾਉਣ ਚਲੀ ਗਈ। ਆਂਟੀ ਆਪਣੀ ਧੀ ਨੂੰ ਬਾਥਰੂਮ 'ਚ ਨੁਹਾ ਰਹੀ ਸੀ। ਅੰਕਲ ਮੇਰੀ ਫਰਾਕ ਦੇ ਦਿਲ 'ਤੇ ਉੱਪਰ-ਹੇਠਾਂ ਹੱਥ ਫੇਰਦਾ ਫਰਾਕ ਦੇ ਅੰਦਰ ਹੱਥ ਫੇਰਨ ਲੱਗਿਆ, ਤੇ ਫਿਰ ਮੇਰੀ ਪੈਂਟੀ ਖੋਲ੍ਹ ਕੇ ਆਪਣੀਆਂ ਲੱਤਾਂ 'ਚ ਲੈ ਕੇ ਗਿੱਲਾ ਕਰ ਦਿੱਤਾ। ਮੈਂ ਉੱਚੀ-ਉੱਚੀ ਰੋਣ ਲੱਗ ਪਈ।

"ਕੀ ਹੋਇਆ, ਕੀ ਹੋਇਆ।" ਕਰਦੀ ਆਂਟੀ ਆਪਣੀ ਧੀ ਨੂੰ ਕੁੱਛੜ ਚੁੱਕੀ ਬਾਥਰੂਮ 'ਚੋਂ ਬਾਹਰ ਆ ਗਈ। ਅੰਕਲ ਘਬਰਾ ਕੇ ਕੁੱਬਾ ਜਿਹਾ ਹੋ ਮੈਨੂੰ ਗੋਦੀ ਲੈ ਕੇ ਇੰਝ ਲਾਡ ਕਰਨ ਲੱਗਿਆ, ਜਿਵੇਂ ਮੈਂ ਉਸ ਦੀ ਧੀ ਹੋਵਾਂ। ਉਸ ਦਿਨ ਤੋਂ ਬਾਅਦ ਮੈਨੂੰ ਉਸ ਅੰਕਲ ਤੋਂ ਹੀ ਨਹੀਂ, ਹਰੇਕ ਅੰਕਲ ਤੋਂ ਡਰ ਲੱਗਣ ਲੱਗਿਆ।

"ਸ਼ਾਇਦ ਉਸੇ ਸਾਲ ਦੀ ਗੱਲ ਏ। ਮੇਰੇ ਮਾਮੇ ਦੀ ਧੀ ਮੇਰੇ ਨਾਲੋਂ ਵਰ੍ਹਾ ਕੁ ਛੋਟੀ, ਸਾਡੇ ਘਰ ਰਹਿਣ ਆਈ ਹੋਈ ਸੀ। ਉਹ ਚਾਕਲੇਟ ਲੈਣ ਦੀ ਜ਼ਿੱਦ ਕਰਨ ਲੱਗੀ ਤਾਂ ਮੰਮੀ ਨੇ ਸਾਨੂੰ ਦੋਹਾਂ ਨੂੰ ਰਾਮੂ ਕਾਕਾ ਨਾਲ ਸਾਈਕਲ 'ਤੇ ਬਿਠਾ ਕੇ ਚੀਜ਼ ਲੈਣ ਘੱਲ ਦਿੱਤਾ। ਇਹ ਨੌਕਰ ਕੋਈ ਬਾਲ ਨਹੀਂ ਸੀ। ਮੇਰੇ ਪਾਪਾ ਦੀ ਉਮਰ ਦਾ ਹੋਣਾ। ਉਹ ਸਾਡੇ ਦੋਹਾਂ ਨਾਲ ਲਾਡ ਕਰਦਾ ਚੀਜ਼ ਦੁਆ ਲਿਆਇਆ। ਆ ਕੇ ਸਾਈਕਲ ਵਿਹੜੇ 'ਚ ਖੜ੍ਹੀ ਕੀਤੀ ਤੇ ਸਾਨੂੰ ਘਰ ਦੀ ਛੱਤ 'ਤੇ ਲੈ ਗਿਆ। ਜੇਬ 'ਚੋਂ ਟੌਫੀਆਂ ਕੱਢੀਆਂ ਤੇ ਸਾਨੂੰ ਦੋਹਾਂ ਨੂੰ ਗੋਦੀ 'ਚ ਬਿਠਾ ਕੇ ਗ਼ਲਤ ਢੰਗ ਨਾਲ ਛੂੰਹਦਾ ਬੁੱਲ੍ਹ ਚੁੰਮਣ ਲੱਗਿਆ। ਅਸੀਂ ਦੋਵੇਂ ਭੱਜ ਕੇ ਹੇਠਾਂ ਆ ਗਈਆਂ ਤੇ ਆ ਕੇ ਉਹ ਜੋ ਸਾਡੇ ਨਾਲ ਕਰ ਰਿਹਾ ਸੀ, ਮੰਮੀ ਨੂੰ ਦੱਸਣ ਲੱਗੀਆਂ।

ਰਾਮੂ ਕਾਕਾ ਵੀ ਪਿੱਛੇ ਆ ਖਲੋਤਾ।

"ਏ ਤੰਨੂ ਬੇਟਾ, ਕਾ ਬੋਲਤ ਹੋ ਬਿਟੀਆ।"

ਉਹ ਆਪਣੀ ਸਫ਼ਾਈ ਪੇਸ਼ ਕਰਨ ਲੱਗਿਆ ਤੇ ਅਸੀਂ ਦੋਵੇਂ ਹੋਰ ਉੱਚੀ ਬੋਲ ਕੇ ਆਪਣੇ-ਆਪ ਨੂੰ ਸੱਚੀਆਂ ਸਿੱਧ ਕਰਨ ਲੱਗੀਆਂ। ਮੰਮੀ ਦੇ ਤੇਵਰ ਬਦਲਦੇ ਵੇਖ ਰਾਮੂ ਕਾਕਾ ਉੱਥੋਂ ਭੱਜ ਗਿਆ।

ਅੱਗੇ ਪਤਾ ਨਹੀਂ ਕੀ ਹੋਇਆ, ਪਰ ਅਗਲੇ ਹੀ ਦਿਨ ਸਾਡਾ ਸਰਵੈਂਟ ਕੁਆਟਰ ਬੰਦ ਸੀ ਤੇ ਸਾਡਾ ਦੋਹਾਂ ਭੈਣਾਂ ਦਾ ਬਿਨਾਂ ਦੱਸੇ ਇਕ ਕਮਰੇ ਤੋਂ ਦੂਸਰੇ ਕਮਰੇ 'ਚ ਜਾਣਾ ਵੀ ਬੈਨ ਹੋ ਗਿਆ। ਹੋਰ ਸਾਡੀ ਰੱਖਿਆ ਲਈ ਡਰੇ ਮਾਪੇ ਕਰਦੇ ਵੀ ਕੀ?

ਚੌਥੀ ਜਮਾਤ 'ਚ ਪੜ੍ਹਦਿਆਂ ਮੈਨੂੰ ਸਾਈਕਲ ਸਿਖਾਉਂਦਿਆਂ ਦੋ ਹੱਥਾਂ ਨੇ ਗ਼ਲਤ ਢੰਗ ਨਾਲ ਛੂਹਿਆ। ਇਹ ਮੇਰਾ ਮਾਮੇ ਦਾ ਮੁੰਡਾ ਸੀ।

ਸੱਤਵੀਂ ਜਮਾਤ ਦੀ ਗੱਲ ਏ। ਸਾਨੂੰ ਸਕੂਲ ਜਾਣ ਲਈ ਘਰ ਤੋਂ ਜਿਹੜਾ ਰਾਹ ਪੈਂਦਾ ਸੀ, ਉਸ ਦੇ ਦੋ ਪਾਸਿਆਂ ਤੋਂ ਖੁੱਲ੍ਹੀ ਇਕ ਭੀੜੀ ਗਲ਼ੀ ਪਾਰ ਕਰਕੇ ਮੇਨ ਰੋਡ ਲੱਗਦੀ ਸੀ। ਉਹ ਭੀੜੀ ਗਲ਼ੀ ਸਾਡੇ ਲਈ ਮੌਤ ਦੀ ਗਲ਼ੀ ਸੀ। ਅਚਾਨਕ ਕਿਸੇ ਪਾਸਿਉਂ ਭੂਤ ਵਾਂਗ ਇਕ ਦਾੜ੍ਹੀ-ਮੁੱਛਾਂ ਵਾਲਾ ਲੰਬਾ-ਚੌੜਾ ਬੰਦਾ ਪ੍ਰਗਟ ਹੁੰਦਾ ਤੇ ਜਿਹੜੀ ਕੁੜੀ ਨੂੰ ਹੱਥ ਪੈਂਦਾ, ਛਾਤੀਆਂ ਖਿੱਚ ਕੇ ਭੱਜ ਜਾਂਦਾ।

ਦਸਵੀਂ 'ਚ ਅਸੀਂ ਚਾਰ-ਪੰਜ ਸਹੇਲੀਆਂ ਇਕੱਠੀਆਂ ਟਿਊਸ਼ਨ ਪੜ੍ਹਨ ਜਾਂਦੀਆਂ ਸੀ। ਸਾਡੀ ਇਕ ਸਹੇਲੀ ਦਾ ਡੈਡੀ ਤਾਂ ਪੁਲਿਸ ਅਫ਼ਸਰ ਵੀ ਸੀ। ਇਕ ਦਿਨ ਅਚਾਨਕ ਵੱਡੇ-ਵੱਡੇ ਦੋ ਮੁੰਡੇ ਸਾਡਾ ਰਾਹ ਰੋਕ ਖਲੋਤੇ। ਮੇਰੇ ਕੰਨਾਂ 'ਚ ਬੋਲ ਪਏ, 'ਕਿੱਥੇ ਚੱਲੇ ਜੇ ਪੁਰਜ਼ਿਓ?' ਮੈਂ 'ਕੀ-ਕੀ?'

ਕਰੀ ਜਾਵਾਂ ਤੇ ਮੇਰੀ ਸਹੇਲੀ ਦਾ ਹਾਸਾ ਛੁੱਟ ਗਿਆ। ਇਕ ਮੁੰਡਾ ਹੋਰ ਅੱਗੇ ਵਧਿਆ ਤੇ ਮੇਰੇ ਆਸਣ ਵਾਲੀ ਥਾਂ ਤੋਂ ਘੁੱਟ ਕੇ ਫੜ ਲਿਆ। ਦੋ ਸਹੇਲੀਆਂ ਭੱਜ ਗਈਆਂ। ਮੈਂ ਉੱਚੀ-ਉੱਚੀ ਚੀਕਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ। ਰੌਲ਼ਾ ਸੁਣ ਕੇ ਭੀੜ ਇਕੱਠੀ ਹੋ ਗਈ। ਮੁੰਡੇ ਭੱਜ ਗਏ ਪਰ ਉਨ੍ਹਾਂ ਦੀ ਮੇਰੀ ਯੋਨੀ 'ਤੇ ਗੰਦੀ ਛੋਹ ਅੱਜ ਵੀ ਮੇਰੇ ਅੰਦਰ ਨਫ਼ਰਤ ਦਾ ਜ਼ਹਿਰ ਬਣ ਕੇ ਵਿੱਸ ਘੋਲ਼ਦੀ ਹੈ।

ਇਸ ਤੋਂ ਇਲਾਵਾ ਗਲ਼ੀ ਜਾਂ ਸੜਕ 'ਤੇ ਤੁਰੇ ਜਾਂਦਿਆਂ ਕਿੰਨਿਆਂ ਨੇ ਸੀਟੀ ਮਾਰੀ, ਕਿੰਨਿਆਂ ਨੇ ਅੱਖ ਮਾਰੀ ਜਾਂ ਕੋਈ ਗੰਦਾ ਇਸ਼ਾਰਾ ਕੀਤਾ। 'ਆਈ ਲਵ ਯੂ' ਦਾ ਬੋਲ ਤਾਂ ਥੋਕ ਦੇ ਭਾਅ ਸੁੱਟਦੇ ਜਾਂਦੇ ਆ...

ਇਹ ਮੇਰੀ ਇਕੱਲੀ ਦੀ ਕਹਾਣੀ ਨਹੀਂ। ਮੇਰੀ ਵਾਰਤਾ ਨੂੰ ਪੜ੍ਹਨ-ਸੁਣਨ ਵਾਲੀਆਂ ਕੁੜੀਆਂ/ਔਰਤਾਂ ਨੇ ਆਪਣੀ ਜ਼ਿੰਦਗੀ ਦੇ ਕਿਸੇ ਨਾ ਕਿਸੇ ਪੜਾਅ 'ਤੇ ਸਭ ਝੱਲਿਆ ਹੋਣੈ ਤੇ ਸਾਡੀਆਂ ਨਿੱਕੀਆਂ ਬੱਚੀਆਂ, ਬੱਚੀਆਂ ਹੀ ਕਿਉਂ ਮੁੰਡੇ ਵੀ ਬੁਰੇ ਸਪਰਸ਼ ਦੀ ਜੰਗ ਆਪਣੇ ਕੋਮਲ ਤੇ ਮਾਸੂਮ ਸਰੀਰਾਂ 'ਤੇ ਝੱਲ ਰਹੇ ਹੋਣਗੇ। ਇਹ ਬੁਰਾ ਸਪਰਸ਼ ਛੂੰਹਦਾ ਤਾਂ ਸਰੀਰ ਨੂੰ ਏ, ਪਰ ਨਿਸ਼ਾਨ ਸਿੱਧਾ ਦਿਲਾਂ 'ਤੇ ਛੱਡਦਾ ਏ, ਜੋ ਉਮਰ ਭਰ ਗਾਹੇ-ਬਗਾਹੇ ਤਾਜ਼ਾ ਹੋ ਕੇ ਦਿਮਾਗ਼ ਦੀਆਂ ਨਾੜਾਂ 'ਚ ਟਸ-ਟਸ ਕਰਨ ਲੱਗਦਾ ਹੈ। ਅਸੀਂ ਇਕ ਕੰਪੇਨ ਚਲਾਈ ਹੈ। ਸਿਰਫ਼ ਕੁੜੀਆਂ ਹੀ ਨਹੀਂ, ਬਹੁਤ ਸਾਰੇ ਮੁੰਡਿਆਂ ਨੇ ਵੀ ਆਪਣੇ ਜ਼ਖ਼ਮ ਫਰੋਲੇ ਹਨ, ਜਿਨ੍ਹਾਂ ਨੇ ਆਪਣੇ ਬਚਪਨ 'ਚ ਵੱਡੀ ਉਮਰ ਦੇ ਬੰਦਿਆਂ ਤੋਂ ਸਰੀਰਕ ਸ਼ੋਸ਼ਣ ਝੱਲਿਆ ਹੈ। ਬਸ ਮੈਂ ਆਪਣੇ ਜ਼ਖ਼ਮਾਂ ਨੂੰ ਹਵਾ ਲੁਆ ਕੇ ਸੁਕਾਉਣ ਦੀ ਹਿੰਮਤ ਕਰ ਦਿਖਾਈ ਹੈ ਤੇ ਤੁਸੀਂ ਕਰਨੀ ਹੈ।

ਜਦੋਂ ਮੇਰੇ ਨਾਲ ਇਹ ਸਭ ਕੁਝ ਹੋਇਆ ਉਦੋਂ ਸਾਡੇ ਕੋਲ਼ ਮੋਬਾਈਲ ਨਹੀਂ ਸੀ ਹੁੰਦੇ। ਟੈਲੀਵੀਜ਼ਨ ਵੀ ਵਿਰਲੇ-ਟਾਂਵੇਂ ਘਰ ਹੀ ਹੁੰਦਾ ਸੀ। ਫਿਰ ਵੀ ਬੱਚਿਆਂ ਦਾ ਸਰੀਰਕ ਸ਼ੋਸ਼ਣ ਹੁੰਦਾ ਸੀ। ਅੱਜ ਤਾਂ ਹਰ ਮੋੜ 'ਤੇ ਸਲੀਬਾਂ ਨੇ। ਆਪਣੇ ਬਾਲਾਂ ਨੂੰ ਬਚਾਉਣ ਦੀ ਜ਼ਿੰਮੇਵਾਰੀ ਸਾਡੀ ਹੈ। ਸ਼ਿਕਾਰੀ ਤਾਂ ਜਾਲ਼ ਵਿਛਾਈ ਬੈਠਾ ਹੈ।

ਇੱਥੇ ਹਾਜ਼ਰ ਤੁਸੀਂ ਸਭ ਨੇ ਹੌਲ਼ੀ-ਹੌਲ਼ੀ ਜ਼ੁਬਾਨ ਖੋਲ੍ਹਦਿਆਂ ਆਪੋ-ਆਪਣੀ ਹੱਡ-ਬੀਤੀ ਜਾਂ ਨਜ਼ਦੀਕੀ ਕਿਸੇ ਬਾਲ ਨਾਲ ਵਾਪਰੀ ਘਟਨਾ ਸਾਂਝੀ ਕੀਤੀ। ਇਕ ਗੱਲ ਦੱਸੋ, ਬਾਲਾਂ ਦਾ ਸ਼ੋਸ਼ਣ ਕਰਨ ਵਾਲੇ ਕੌਣ ਸਨ? ਖਤਰਾ ਬਾਹਰੋਂ ਬਹੁਤ ਘੱਟ ਹੁੰਦੈ। ਖਤਰਾ ਤਾਂ ਅਸੀਂ ਬੁੱਕਲ ਵਿਚ ਚੁੱਕੀ ਫਿਰਦੇ ਹੁੰਦੇ ਹਾਂ, ਉਹ ਵੀ ਬੜੇ ਨਿਸ਼ਚਿੰਤ ਹੋ ਕੇ। ਮੈਂ ਇਹ ਨਹੀਂ ਕਹਿੰਦੀ ਹਰ ਸ਼ਖਸ ਮਾੜਾ ਹੈ। ਮੈਂ ਮਾਨਸਿਕ ਤੌਰ 'ਤੇ ਕਦੀ ਵੀ ਇੰਨੀ ਬੋਲਡ ਨਾ ਹੋ ਸਕਦੀ ਜੇ ਮੇਰੇ ਪਿਤਾ ਨੇ ਮੇਰੀ ਸਹੀ ਅਗਵਾਈ ਨਾ ਕੀਤੀ ਹੁੰਦੀ। ਆਪਣੇ ਬਾਲਾਂ ਨਾਲ ਇਸ ਤਰ੍ਹਾਂ ਦੇ ਸੰਬੰਧ ਬਣਾਉ ਕਿ ਉਹ ਤੁਹਾਡੇ ਕੋਲ਼ੋਂ ਡਰਨ ਨਾ, ਬਲਕਿ ਡਰ ਦਾ ਖੁੱਲ੍ਹ ਕੇ ਇਜ਼ਹਾਰ ਕਰ ਸਕਣ ਦੇ ਯੋਗ ਬਣਨ।"

ਫਿਰ ਮੈਨੂੰ ਮੁਖ਼ਾਤਬ ਹੁੰਦਿਆਂ ਕਹਿਣ ਲੱਗੀ, "ਰਿਚਾ ਜੀ, ਇਕ ਗੱਲ ਦਾ ਜਵਾਬ ਦਿਉ, ਜੋ ਸਮਾਜ 'ਚ ਕੁੰਭੀ ਨਰਕ ਬਣਿਆ ਬਚਪਨ ਦਾ ਘਾਣ ਕਰ ਰਿਹੈ, ਉਹ ਵਿਸ਼ਾ ਵਰਜਿਤ ਕਿਵੇਂ ਹੋ ਸਕਦੈ? ਤੇ, ਜੇ ਅਸੀਂ ਸਾਰੇ ਹੀ ਆਖਾਂਗੇ ਕਿ ਮੇਰੇ ਨਾਲ ਕੁੱਝ ਨਹੀਂ ਹੋਇਆ ਬਚਪਨ ਵਿਚ, ਫਿਰ ਭੈਅ ਕਿਸ ਗੱਲ ਦਾ? ਅਸਲ ਵਿਚ ਅਸੀਂ ਇੱਜ਼ਤਾਂ ਦੇ ਘੁੰਡ ਕੱਢ ਕੇ ਬੇਇੱਜ਼ਤੀਆਂ ਦੇ ਘੁੱਟ ਭਰ ਚੁੱਪ ਰਹਿਣ ਦੇ ਆਦੀ ਹੋ ਗਏ ਹਾਂ। ਇਹ ਚੁੱਪ ਸਾਡੀ ਸੁਰੱਖਿਆ ਢਾਲ਼ ਨਹੀਂ, ਸਭ ਤੋਂ ਵੱਡੀ ਦੁਸ਼ਮਣ ਹੈ। ਸਕੂਲ ਵੈਨ 'ਚ ਬਾਲਾਂ ਨਾਲ ਸਰੀਰਕ ਸ਼ੋਸ਼ਣ ਹੋਈ ਜਾਂਦੈ, ਸਕੂਲ ਵਾਸ਼ਰੂਮ ਸੁਰੱਖਿਅਤ ਨਹੀਂ...। ਮੁੱਕਦੀ ਗੱਲ, ਤੁਸੀਂ ਕਿੱਥੇ-ਕਿੱਥੇ ਬਾਲਾਂ ਦੀ ਪਹਿਰੇਦਾਰੀ ਕਰਦੇ, 'ਜਾਗਦੇ ਰਹੋ' ਦਾ ਹੋਕਾ ਦਿੰਦੇ ਫਿਰੋਗੇ? ਬੱਚੇ ਤਾਂ ਪਿਉ-ਦਾਦਿਆਂ ਦੀ ਕੁੱਛੜ ਸੁਰੱਖਿਅਤ ਨਹੀਂ ਰਹੇ।"

ਉਸ ਦੇ ਬੋਲਾਂ ਨੂੰ ਹੁੰਗਾਰਾ ਮਿਲਣ ਲੱਗਿਆ।

...

'ਮੇਰੇ ਨਾਲ ਮਾਮੇ ਦੇ ਮੁੰਡੇ ਨੇ, ਮੇਰੇ ਨਾਲ ਮਾਸੜ ਨੇ, ਮੇਰੇ ਨਾਲ ਮੇਰੇ ਪਾਪਾ ਦੇ ਗੰਨਮੈਨ ਨੇ...'

ਮਾਸੂਮ ਤੇ ਅਣਭੋਲ ਬਚਪਨ ਨੇ ਕੀ-ਕੀ ਹੰਢਾਇਐ ਆਪਣੇ ਕੋਰੇ ਮਨਾਂ 'ਤੇ! ਜੇ ਛਾਪ ਛੱਡਣ ਵਾਲਿਆਂ ਨੂੰ ਸ਼ਰਮ ਨਹੀਂ ਤਾਂ ਉਨ੍ਹਾਂ ਦਾ ਸੱਚ ਲਿਖਦਿਆਂ ਕੈਸੀ ਸ਼ਰਮ ਤੇ ਕੈਸੀ ਵਰਜਣਾ?

ਕਿੱਟੀ ਪਾਰਟੀ ਸਮਾਪਤ ਹੋ ਗਈ ਹੈ।

ਮੈਂ ਕਿੱਟੀ 'ਚੋਂ ਤੰਬੋਲਾ ਗਿਫ਼ਟ ਦੀ ਥਾਂ ਮਣਾਂ ਮੂੰਹੀ ਮਾਨਸਿਕ ਭਾਰ ਲੈ ਕੇ ਘਰ ਵਾਪਸ ਚੱਲ ਪਈ ਹਾਂ। 'ਕਾਸ਼ਨੀ ਨਾਲ ਕੁਝ ਤਾਂ ਗ਼ਲਤ ਹੋ ਰਿਹੈ! ਬਸ ਇਕ ਵਾਰੀ ਪਤਾ ਲੱਗ ਜਾਵੇ, ਮੈਂ ਧੀ ਦੇ ਕੋਰੇ ਮਨ 'ਤੇ ਡਰ ਨਹੀਂ ਬਹਾਦਰੀ ਦੀ ਦਾਸਤਾਨ ਲਿਖਣ ਲਈ ਕੁਝ ਵੀ ਕਰ ਗੁਜ਼ਰਾਂਗੀ।' ਸਾਰੇ ਰਾਹ ਕਾਸ਼ਨੀ ਦੀਆਂ ਚੀਕਾਂ ਦਾ ਭੁਲੇਖਾ ਪਵੇ। ਉਸ ਦੀ ਜੀ.ਪੀ.ਐੱਸ. ਵਾਲੀ ਘੜੀ ਦਾ ਖ਼ਿਆਲ ਆਇਆ। ਮੁਬਾਈਲ ਖੋਲ ਕੇ ਚੈੱਕ ਕੀਤਾ, ਘਰ ਦੀ ਲੋਕੇਸ਼ਨ ਦੱਸ ਰਿਹੈ। ਰਵੀ ਨੂੰ ਫ਼ੋਨ ਕੀਤਾ। ਘਬਰਾਹਟ ਵਧਣ ਲੱਗੀ। ਕਿੰਨੀ ਵਾਰੀ ਲੌਂਗ ਰਿੰਗ ਜਾ ਕੇ ਬੰਦ ਹੋ ਗਈ, ਮੁਬਾਈਲ ਨਹੀਂ ਚੁੱਕ ਰਿਹਾ। 'ਜੇ ਮੇਰੀ ਧੀ ਨਾਲ ਉੱਨੀ-ਇੱਕੀ ਹੋ ਗਈ ਨਾ, ਮੈਂ ਛੱਡਣਾ ਨਹੀਂ।' ਅੰਦਰੋਂ ਕਚੀਚੀਆਂ ਪੈਣ। 'ਜੇ ਦੇਵੀ-ਦੇਵਤੇ ਧੀ ਦਾ ਸ਼ੋਸ਼ਣ ਕਰ ਸਕਦੇ ਆ ਤਾਂ ਬੰਦਾ ਕੀ ਸ਼ੈਅ।' ਮੈਂ ਕਾਰ ਦੇ ਐਕਸੀਲੇਟਰ 'ਤੇ ਪੈਰ ਦਾ ਦਬਾਅ ਵਧਾ ਦਿੱਤਾ। ਘਰ ਨਜ਼ਰੀਂ ਪਿਆ, ਅੰਦਰਲੀ ਕਾਹਲ਼ੀ ਹੋਰ ਤੇਜ਼ ਹੋ ਗਈ। ਕਾਰ ਪਾਰਕਿੰਗ 'ਚ ਲਗਾ ਕੇ ਘਰ ਪਹੁੰਚੀ। ਮੇਨ ਗੇਟ ਖੁੱਲ੍ਹਾ ਪਰ ਘਰ ਦਾ ਐਂਟਰੈਂਸ ਦਰਵਾਜ਼ਾ ਲਾਕ। ਮੈਂ ਰਵੀ ਦਾ ਮੋਬਾਈਲ ਨੰਬਰ ਡਾਇਲ ਕੀਤਾ। ਰਿੰਗ ਗਈ। ਕੰਨ ਲਾ ਕੇ ਸੁਣਿਆ। ਮੋਬਾਈਲ ਤਾਂ ਅੰਦਰ ਹੀ ਵੱਜ ਰਿਹੈ। ਬੈੱਲ 'ਤੇ ਬੈੱਲ ਮਾਰਦੀ ਪਾਗ਼ਲਾਂ ਹਾਲ ਹੋ ਗਈ। ਟਾਈਮ ਦਾ ਖ਼ਿਆਲ ਆਇਆ। ਵੇਖਿਆ ਸ਼ਾਮ ਦੇ ਪੰਜ ਵੱਜੇ ਸਨ। ਮਿਸ਼ਿਤਾ ਦੀ ਮੰਮੀ ਦਾ ਨੰਬਰ ਡਾਇਲ ਕਰ ਦਿੱਤਾ।

"ਹੈਲੋ, ਕਾਸ਼ਨੀ ਪਾਰਕ ਵਿਚ ਹੈ ਭਲਾ?"

ਮੇਰੀ ਘਬਰਾਹਟ ਸੁਣ ਉਹ ਬੋਲੀ, "ਕੀ ਹੋਇਆ, ਡੀਅਰ। ਆਰ.ਯੂ. ਓ.ਕੇ? ਕਿੱਥੇ ਹੈਂ ਤੂੰ?"

"ਮੈਂ ਠੀਕ ਹਾਂ, ਕਾਸ਼ਨੀ...?"

"ਹਾਂ ਕਾਸ਼ਨੀ ਨੂੰ ਥੋੜ੍ਹੀ ਦੇਰ ਪਹਿਲੇ ਦੇਖਿਆ ਸੀ ਰਵੀ ਭਾਅ ਜੀ ਨਾਲ ਪਾਰਕ 'ਚ ਖੇਡਦੇ ਹੋਏ...।" ਉਹ ਬੋਲ ਰਹੀ ਹੈ। ਮੈਂ ਮੋਬਾਈਲ ਬੰਦ ਕਰਕੇ ਕਾਹਲ਼ੇ ਪੈਰੀਂ ਘਰ ਦੇ ਲਾਗਲੇ ਪਾਰਕ ਵੱਲ ਚੱਲ ਪਈ।

ਬੱਚੇ ਝੂਲਿਆਂ 'ਤੇ ਖੇਡ ਰਹੇ ਹਨ। ਕਾਸ਼ਨੀ ਪੀਂਘ ਝੂਟ ਰਹੀ ਹੈ। ਸ਼ਾਇਨਾ ਪੀਂਘ ਨੂੰ ਹੁਲਾਰਾ ਦੇ ਰਹੀ ਹੈ। ਮੈਂ ਟਰੈਕ 'ਤੇ ਨਜ਼ਰ ਦੌੜਾਈ। ਰਵੀ ਟ੍ਰੈਕ 'ਤੇ ਦੌੜਦਾ ਹੋਇਆ ਕਾਸ਼ਨੀ 'ਤੇ ਨਜ਼ਰ ਰੱਖ ਰਿਹਾ ਹੈ। ਮੈਂ ਹੋਰ ਮਾਵਾਂ ਨਾਲ ਹੈਲੋ-ਹਾਏ ਕਰਦੀ ਚੱਲ ਰਹੀ ਗੱਲਬਾਤ ਨੂੰ ਕੰਨ ਲਾ ਉਨ੍ਹਾਂ ਦੀ ਮਨੋਦਸ਼ਾ ਸਮਝਣ ਦੀ ਕੋਸ਼ਿਸ਼ ਕਰਨ ਲੱਗੀ ਹਾਂ।

"ਮੇਰੀ ਮੰਮੀ ਦਾ ਰੋਜ਼ ਫ਼ੋਨ ਆਉਂਦੈ। ਇਕੋ ਗੱਲ ਕਰਨਗੇ, ਕੰਮ-ਕੂੰਮ ਪਵੇ ਭੱਠੀ 'ਚ, ਤੂੰ ਬਸ ਕੁੜੀ ਦਾ ਖਿਆਲ ਰੱਖੀਂ। ਉਹ ਨਾ ਹੋਵੇ ਹੋਰ ਜਾਹ ਜਾਂਦਿਆਂ ਕਰਵਾ ਬੈਠੇਂ। ਜ਼ਮਾਨੇ ਦੀ ਹਵਾ ਮਾੜੀ ਹੋ ਗਈ ਪੁੱਤਰ।" ਉਸ ਦੀ ਗੱਲ ਦਾ ਹੁੰਗਾਰਾ ਭਰਦੀ ਮੈਂ ਕਾਸ਼ਨੀ ਵੱਲ ਝਾਤ ਮਾਰੀ ਹੈ। ਨਜ਼ਰਾਂ ਆਲ਼ੇ-ਦੁਆਲ਼ੇ ਦੀ ਚੀਰ-ਫਾੜ ਕਰਨ ਲੱਗੀਆਂ ਹਨ। ਥੋੜ੍ਹੀ-ਥੋੜ੍ਹੀ ਦੂਰੀ 'ਤੇ ਬੈਠੇ ਮਾਪਿਆਂ ਦੀਆਂ ਨਜ਼ਰਾਂ ਬਾਲਾਂ 'ਤੇ ਘੁੰਮ ਰਹੀਆਂ ਹਨ। ਜਿਵੇਂ ਘਾਤ ਲਾ ਕੇ ਬੈਠੇ ਸ਼ਿਕਾਰੀਆਂ ਨੂੰ ਤਹਿਸ-ਨਹਿਸ ਕਰਨ ਲਈ ਸੈਨਾਵਾਂ ਮੋਰਚੇ 'ਤੇ ਡਟੀਆਂ ਹੋਣ। ਘੁਸਮੁਸਾ ਹਨੇਰਾ ਹੋਣ ਲੱਗਿਆ ਹੈ। ਪਾਰਕ ਲਾਇਟਾਂ ਅਜੇ ਜਗੀਆਂ ਨਹੀਂ। ਬੱਚਿਆਂ 'ਤੇ ਨੇੜੇ ਤੋਂ ਨਜ਼ਰ ਰੱਖਣ ਲਈ ਮੈਂ ਝੂਲਿਆਂ

ਤੋਂ ਥੋੜ੍ਹੀ ਦੂਰੀ 'ਤੇ ਲੱਗੇ ਬੈਂਚ 'ਤੇ ਆ ਬੈਠੀ ਹਾਂ। ਕਾਸ਼ਨੀ ਨੂੰ ਬਹਾਦਰੀ ਦੇ ਪਾਠ ਪੜ੍ਹਾਉਣ ਲਈ ਮੈਂ ਮਹਾਂਨਾਇਕਾਵਾਂ ਦੀਆਂ ਕਹਾਣੀਆਂ ਮੁਬਾਇਲ 'ਤੇ ਸਰਚ ਕਰਦੀ ਵਿਚ-ਵਿਚ ਕਾਸ਼ਨੀ ਵੱਲ ਨਜ਼ਰ ਰੱਖ ਰਹੀ ਹਾਂ। ਕਾਸ਼ਨੀ ਨੂੰ ਵੇਖਣ ਲਈ ਘੁੰਮੀਆਂ ਨਜ਼ਰਾਂ ਇਕ ਟੱਕ ਠਹਿਰਾਵ 'ਚ ਆ ਗਈਆਂ।

ਦੋ ਕਿਸ਼ੋਰ ਜਿਹੀ ਉਮਰ ਦੇ ਮੁੰਡੇ ਖੇਡ ਰਹੇ ਬਾਲਾਂ ਕੋਲ਼ ਆ ਖਲੋਤੇ ਹਨ। ਇਕ ਮੁੰਡੇ ਨੇ ਅੱਗੇ ਹੋ ਕੇ ਜੇਬ 'ਚੋਂ ਹੱਥ ਬਾਹਰ ਕੱਢਿਆ। ਮੇਰੀ ਕਾਸ਼ਨੀ ਜਿੰਨੀ ਇਕ ਗੁੱਗਲੀ ਜਿਹੀ ਬੱਚੀ ਦੀ ਗੱਲ੍ਹ ਨੂੰ ਛੂਹਣ ਲਈ ਉਸ ਨੇ ਹੱਥ ਉਸ ਦੇ ਚਿਹਰੇ ਵੱਲ ਵਧਾਇਆ ਕਿ ਬੱਚੀ ਨੇ ਅੱਖ ਦੇ ਫੋਰ 'ਚ ਆਪਣੇ ਹੱਥ ਨਾਲ ਉਸ ਦਾ ਹੱਥ ਝਟਕ ਸੁੱਟਿਆ। ਮੁੰਡੇ ਇਕ-ਦੂਜੇ ਵੱਲ ਵੇਖ ਕੇ ਹੈਰਾਨੀ ਭਰੀ ਸ਼ਕਲ ਬਣਾਉਂਦੇ ਉੱਥੇ ਹੀ ਖੜ੍ਹੇ ਰਹੇ। ਮੈਂ ਉੱਠ ਕੇ ਬਾਲਾਂ ਵੱਲ ਹੁੰਦੀ ਕਿ ਅਚਾਨਕ ਬੱਚਿਆਂ ਨੇ ਝੁਰਮਟ ਜਿਹਾ ਪਾ ਲਿਆ। ਉੱਚੀ-ਉੱਚੀ ਆਵਾਜ਼ਾਂ ਆਉਣ ਲੱਗੀਆਂ।

"ਮਾਰ, ਮਾਰ ਇਹਨੂੰ। ਤੂੰ ਵੀ ਮਾਰ।" ਮਾਪੇ ਭੱਜ ਕੇ ਬਾਲਾਂ ਵੱਲ ਹੋਏ ਤੇ ਭੀੜ ਨੂੰ ਖਿੰਡਾਉਣ ਲੱਗੇ। ਬੱਚਿਆਂ ਨੇ ਇਕ 17-18 ਸਾਲਾਂ ਦੇ ਮੁੰਡੇ ਨੂੰ ਢਾਹਿਆ ਹੋਇਆ ਤੇ ਲੱਗੇ ਉਸ ਦੀ ਭੁਗਤ ਸੰਵਾਰਨ।

"ਪਾਪਾ, ਇਸ ਨੇ ਮਿਸ਼ਿਤਾ ਦੀਦੀ ਨੂੰ ਬੈਡ ਟੱਚ ਕੀਤਾ। ਪਹਿਲਾਂ ਮਿਸ਼ਿਤਾ ਦੀਦੀ ਨੇ ਮੁੱਕਾ ਮਾਰਿਆ, ਫਿਰ ਅਸੀਂ ਸਾਰਿਆਂ ਨੇ ਇਕੱਠੇ ਹੋ ਕੇ ਢਾਹ ਲਿਆ। ਤੁਸੀਂ ਸਿਖਾਇਆ ਸੀ ਨਾ ਪੁਸ਼ ਕਿੱਕ, ਦੇਖੋ..." ਜੋਸ਼ ਵਿਚ ਆਈ ਮੇਰੀ ਕਾਸ਼ਨੀ ਮੁੰਡੇ ਦੇ ਨਲ਼ਾਂ 'ਚ ਪੁਸ਼ ਕਿੱਕ ਮਾਰਦੀ ਰਵੀ ਵੱਲੋਂ ਸਿਖਾਇਆ ਸ੍ਵੈ-ਸੁਰੱਖਿਆ ਦਾ ਸਬਕ ਪ੍ਰੈਕਟੀਕਲ ਕਰਕੇ ਦਿਖਾ ਰਹੀ ਹੈ। ਰਵੀ ਧੀ ਨੂੰ ਦੂਰੋਂ ਹੀ ਐਕਸ਼ਨ ਕਰਕੇ ਆਪਣੀ ਲੜਾਈ ਲੜਨ ਦੇ ਗੁਰ ਸਮਝਾ ਰਿਹਾ ਹੈ।

ਮੈਂ ਧੀ ਨੂੰ ਮਹਾਂਨਾਇਕ ਦੀ ਕਹਾਣੀ ਸੁਣਾਵਾਂ ਨਾ ਸੁਣਾਵਾਂ ਬਾਰੇ ਸੋਚਦੀ ਰਵੀ ਤੇ ਕਾਸ਼ਨੀ ਵੱਲ ਵੇਖਦੀ ਟ੍ਰੈਕ ਵੱਲ ਹੋ ਗਈ ਹਾਂ। 000

***(716-ਏ, ਨਜ਼ਦੀਕ ਕਮਾਂਡੋ ਕੰਪਲੈਕਸ,***
***ਫੇਜ਼-11 ਸੈਕਟਰ-65, ਮੁਹਾਲੀ-160 062***
***ਫੋਨ: 98146-70707)***

# ਆਕਰੋਸ਼: ਕਹਾਣੀ: ਕੁਲਬੀਰ ਬਡੇਸਰੋਂ

ਇਕ ਪਾਇਲਟ ਦੀ ਸ਼ੂਟਿੰਗ ਹੋਈ ਸੀ ਇਕ ਸਾਲ ਪਹਿਲਾਂ। ਪਾਇਲਟ ਮਤਲਬ ਇਕ ਐਪੀਸੋਡ ਬਣਾ ਕੇ ਨਮੂਨੇ ਵਜੋਂ ਜਦੋਂ ਤਿਆਰ ਕਰ ਲਿਆ ਜਾਂਦਾ ਹੈ, ਤਾਂ ਪੂਰੀ ਕਹਾਣੀ ਦੇ ਸਨਾਪਸਿਜ਼ ਦੇ ਨਾਲ ਦੂਰਦਰਸ਼ਨ ਵਿਚ ਉਸਨੂੰ ਜਮ੍ਹਾਂ ਕਰਵਾ ਦਿੱਤਾ ਜਾਂਦਾ ਹੈ। ਫੇਰ ਸੌ ਯਤਨਾਂ ਤੇ ਸਿਫਾਰਸ਼ਾਂ ਨਾਲ ਉਸਨੂੰ ਪਾਸ ਕਰਵਾਇਆ ਜਾਂਦਾ ਹੈ। ਇਹ ਹੁਣ ਪ੍ਰੋਡਿਊਸਰ 'ਤੇ ਨਿਰਭਰ ਕਰਦਾ ਹੈ ਕਿ ਉਹ ਕਿੰਨਾ ਕੁ ਜੁਗਾੜੀ ਹੈ ਤੇ ਪਾਇਲਟ ਨੂੰ ਪਾਸ ਕਰਵਾ ਸਕਦਾ ਹੈ ਜਾਂ ਨਹੀਂ! ਪਰ ਪ੍ਰੋਡਿਊਸਰ ਨੇ ਇਸਨੂੰ ਪਾਸ ਕਰਵਾ ਲਿਆ ਤੇ ਪੂਰੇ ਇਕਵੰਜਾ ਐਪੀਸੋਡ ਹੋਰ ਬਣਾਉਣ ਦੀ ਪਰਮਿਸ਼ਨ ਲੈ ਲਈ। ਹੁਣ ਉਨ੍ਹਾਂ ਸਾਰੇ ਆਰਟਿਸਟਾਂ ਨੂੰ ਕਾਂਟੈਕਟ ਕੀਤਾ ਗਿਆ ਜਿਨ੍ਹਾਂ ਪਾਇਲਟ ਵਿਚ ਐਕਟ ਕੀਤਾ ਸੀ। ਯਾਨੀ ਘਰ ਦਾ ਮੁਖੀਆ, ਉਸਦੀ ਮਾਂ, ਉਸਦੀ ਪਤਨੀ, ਦੋ ਬੇਟੇ, ਵੱਡਾ ਬੇਟਾ ਵਿਆਹਿਆ ਹੋਇਆ ਸੀ, ਸੋ ਉਸਦੀ ਪਤਨੀ, ਇਕ ਘਰ ਦਾ ਨੌਕਰ ਤੇ ਇਕ ਭੂਆ, ਜੋ ਕਿ ਵਿਆਹੀ ਹੋਈ ਸੀ ਪਰ ਆਪਣੇ ਸਹੁਰੇ ਘਰ ਘੱਟ ਰਹਿੰਦੀ ਸੀ। ਤੇ ਭਰਾ ਦੇ ਘਰ ਆ ਕੇ ਰਹਿਣਾ ਤੇ ਉੱਥੇ ਪੁਆੜੇ ਪਾਉਣੇ, ਇਹ ਉਸਦਾ ਰੋਲ ਸੀ, ਯਾਨੀ ਨੈਗੇਟਿਵ ਰੋਲ। ਤੇ ਇਕ ਮੁਖੀਆ ਦੀ ਬੇਟੀ ਸੀ ਜੋ ਕਾਲਿਜ 'ਚ ਪੜ੍ਹਦੀ ਸੀ ਤੇ ਪੜ੍ਹਾਈ ਪੂਰੀ ਕਰਕੇ ਉਹ ਮਿਲਟਰੀ 'ਚ ਜਾਣਾ ਚਾਹੇਗੀ, ਇਹ ਸੀ ਸੀਰੀਅਲ ਦੀ ਕਹਾਣੀ।

ਜਸਬੀਰ ਨੂੰ ਜਦੋਂ ਪ੍ਰੋਡਕਸ਼ਨ ਵਾਲਿਆਂ ਦਾ ਫੋਨ ਆਇਆ ਤਾਂ ਉਹ ਤਾਂ ਭੁੱਲ ਹੀ ਚੁੱਕੀ ਸੀ ਕਿ ਇਹ ਪਾਇਲਟ ਉਸਨੇ ਕਦੋਂ ਸ਼ੂਟ ਕੀਤਾ ਸੀ। ਉਹ ਅਕਸਰ ਪਾਇਲਟ ਸ਼ੂਟ ਕਰਦੀ ਰਹਿੰਦੀ ਸੀ ਤੇ ਸ਼ੂਟ ਕਰਕੇ ਭੁੱਲ ਜਾਂਦੀ ਸੀ। ਉਸ ਕੋਲ਼ ਏਨੀਆਂ ਡੇਟਸ ਤਾਂ ਨਹੀਂ ਸਨ ਇਸ ਨਵੇਂ ਸ਼ੁਰੂ ਹੋਣ ਵਾਲੇ ਸੀਰੀਅਲ ਲਈ ਪਰ ਸ਼ੈਡਿਊਲਰ ਦੇ ਭਰੋਸਾ ਦੁਆਉਣ ਤੇ ਕਿ ਉਹ ਉਸ ਨਾਲ ਡੇਟਸ ਐਡਜਸਟ ਕਰਦਾ ਰਹੇਗਾ, ਉਸਨੇ ਸੁਖ ਦਾ ਸਾਹ ਲਿਆ! ਵੈਸੇ ਵੀ ਇਸ ਸੀਰੀਅਲ ਦੀ ਪਿੱਠ ਭੂਮੀ ਜੋ ਵਿਖਾਈ ਸੀ ਉਹ ਜਸਬੀਰ ਦੀ ਮਾਤ-ਭਾਸ਼ਾ ਸੀ। ਸੋ ਇਸ ਪੱਖੋਂ ਵੀ ਉਹ ਸੰਤੁਸ਼ਟ ਸੀ ਕਿ ਸ਼ੁਕਰ ਹੈ ਭਾਸ਼ਾ ਉਰਦੂ ਨਹੀਂ ਹੈ, ਨਹੀਂ ਤਾਂ ਪੂਰੇ ਸੀਰੀਅਲ ਦੀ ਸ਼ੂਟਿੰਗ ਦੌਰਾਨ ਬਹੁਤ ਹੀ ਕੌਂਸ਼ੀਅਸ ਹੋ ਕੇ ਡਾਇਲਾਗਜ਼ ਬੋਲਣੇ ਪੈਂਦੇ ਨੇ। ਕਿਤੇ ਵੀ ਨੁਕਤੇ ਦੀ ਗ਼ਲਤੀ ਨਹੀਂ ਹੋਣੀ ਚਾਹੀਦੀ, ਨਹੀਂ ਤਾਂ ਡਾਇਰੈਕਟਰ ਜਦੋਂ ਸਭ ਦੇ ਸਾਹਮਣੇ ਟੋਕਦਾ ਹੈ ਤਾਂ ਬੜੀ ਸ਼ਰਮ ਮਹਿਸੂਸ ਹੁੰਦੀ ਹੈ। ਪਰ ਇਹ ਪੰਜਾਬੀ ਟੋਨ 'ਚ ਹਿੰਦੀ ਬੋਲਣ ਲਈ ਤਾਂ ਕੋਈ ਤਰੱਦਦ ਨਹੀਂ ਸੀ ਕਰਨਾ ਪੈਣਾ, ਆਰਾਮ ਨਾਲ ਬੱਸ ਡਾਇਲਾਗਜ਼ ਯਾਦ ਕਰੋ ਤੇ ਬੋਲ ਦਿਉ...ਕੋਈ ਟੈਨਸ਼ਨ ਨਹੀਂ।

ਪਰ ਇਹ ਕਦੀ ਹੋ ਸਕਦਾ ਹੈ ਕਿ ਉਸਨੂੰ ਕੋਈ ਖੁਸ਼ੀ ਮਿਲੇ ਤੇ ਕੋਈ ਵਿਘਨ ਨਾ ਪਵੇ... ਹੋ ਹੀ ਨਹੀਂ ਸਕਦਾ...ਪੂਰੀ ਖੁਸ਼ੀ ਤਾਂ ਕਦੀ ਮਿਲਣੀ ਹੀ ਨਾ ਹੋਈ ਨਾ...

ਹੋਇਆ ਇਹ ਕਿ ਸ਼ੂਟਿੰਗ ਦੇ ਪਹਿਲੇ ਦਿਨ ਜਦ ਉਹ ਬਹੁਤ ਹੁਲਾਸ ਨਾਲ ਸੈੱਟ 'ਤੇ ਪਹੁੰਚੀ. ਸਭ ਨੂੰ ਮਿਲ ਮਿਲਾ ਕੇ, ਉਸ ਮੇਕਅੱਪ ਰੂਮ ਦੇ ਸਾਹਮਣੇ ਪਹੁੰਚੀ ਜਿਸ 'ਤੇ ਉਸਦੇ ਕਰੈਕਟਰ ਦਾ ਨਾਂਅ ਲਿਖਿਆ ਸੀ ਤੇ ਨਾਲ ਲਿਖਿਆ ਸੀ 'ਭੂਆ'! ਯਾਨੀ ਹਰ ਮੇਕਅੱਪ ਰੂਮ 'ਚ ਦੋ ਦੋ ਫੀਮੇਲ ਆਰਟਿਸਟ ਤੇ ਬਾਕੀ ਮੇਕਅੱਪ ਰੂਮ ਵਿਚ ਮੇਲ ਆਰਟਿਸਟ ਦੋ ਦੋ ਕਰਕੇ ਬਿਠਾਏ ਸਨ! ਹੁਣ ਇਹ ਉਨ੍ਹਾਂ ਦਾ ਪਰਮਾਨੈਂਟ ਸੈੱਟ ਹੋਏਗਾ, ਜਦ ਤਕ ਸੀਰੀਅਲ ਦੀ ਸ਼ੂਟਿੰਗ ਚੱਲੇਗੀ, ਭਾਵ ਸਾਲ ਜਾਂ ਜੇ ਐਕਸਟੈਨਸ਼ਨ ਮਿਲ ਗਈ ਅੱਗੋਂ ਤਾਂ ਸਾਲ ਤੋਂ ਵੱਧ ਸਮਾਂ ਵੀ ਲੱਗ ਸਕਦਾ ਹੈ...ਉਦੋਂ ਤਕ।

ਭੂਆ ਕੌਣ ਹੋਵੇਗੀ? ਉਸਨੇ ਸੋਚਿਆ, ਪਾਇਲਟ ਦੀ ਸ਼ੂਟਿੰਗ ਵੇਲ਼ੇ ਤਾਂ ਉਹ ਸੀ, ਉਸਦਾ

ਪਤੀ ਘਰ ਦਾ ਮੁਖੀਆ ਭਾਵ ਘਰ ਦਾ ਸਰਦਾਰ, ਦਾਦੀ ਭਾਵ ਉਸਦੀ ਸੱਸ ਤੇ ਬੇਟੇ ਤੇ ਬਹੂ, ਤੇ ਸੀਰੀਅਲ ਦੀ ਮੇਨ ਲੀਡ ਕੁੜੀ ਹੀ ਸਨ...ਸ਼ਾਇਦ ਬਾਅਦ 'ਚ ਇਹ ਕਰੈਕਟਰ ਜੋੜ ਦਿੱਤਾ ਗਿਆ ਹੋਵੇਗਾ ਭੂਆ ਦਾ...ਉਸਨੇ ਸੋਚਿਆ। ਤਦੇ ਇਕ ਸਾਂਵਲੇ ਰੰਗ ਦੀ, ਸਰੀਰ ਦੀ ਭਾਰੀ ਜੁਆਨ ਔਰਤ ਕਮਰੇ 'ਚ ਐਂਟਰ ਹੋਈ, ਹੈਲੋ ਕਹਿਣ ਤੋਂ ਬਾਅਦ ਸਾਹਮਣੇ ਕੁਰਸੀ 'ਤੇ ਬੈਠ ਗਈ, ਆਪਣਾ ਬੈਗ ਤੇ ਪਰਸ ਉਸਨੇ ਕਮਰੇ 'ਚ ਵਿਛਾਈ ਦੂਜੀ ਸੈੱਟੀ 'ਤੇ ਰੱਖ ਦਿੱਤੇ! ਜਸਬੀਰ ਨੇ ਸਮਝਿਆ, ਹੇਅਰ ਡਰੈੱਸਰ ਹੋਏਗੀ। ਹੇਅਰ ਡਰੈੱਸਰ ਹੀ ਹੁੰਦੀਆਂ ਨੇ ਇਸ ਤਰ੍ਹਾਂ ਦੀ ਲੁੱਕ ਦੀਆਂ, ਵੱਡੇ ਵੱਡੇ ਬੈਗ ਚੁੱਕੀ ਮੇਕਅੱਪ ਰੂਮ 'ਚ ਐਂਟਰ ਕਰਦੀਆ ਹਫਦੀਆਂ ਹੋਈਆਂ...।

"ਮੈਂ ਭੂਆ ਕਾ ਰੋਲ ਕਰ ਰਹੀ ਹੂੰ ਇਸ ਸੀਰੀਅਲ ਮੇਂ...ਉਸ ਦਿਨ ਆਪ ਵਰਕਸ਼ਾਪ ਕੇ ਲੀਏ ਨਹੀਂ ਆਈ ਨਾ ਆਫਿਸ...ਨਹੀਂ ਤੋ ਵਹੀਂ ਮੁਲਾਕਾਤ ਹੋ ਜਾਤੀ...", ਉਸਨੇ ਕਿਹਾ।

ਉਹ! ਤਾਂ ਇਹ ਆਰਟਿਸਟ ਏ, ਕਦੀ ਵੇਖਿਆ ਤਾਂ ਨਹੀਂ ਸਕਰੀਨ 'ਤੇ...ਕਿਸੇ ਵੀ ਸੀਰੀਅਲ ਵਗੈਰਾ 'ਚ... ਜਸਬੀਰ ਮਨ 'ਚ ਸੋਚ ਰਹੀ ਸੀ।

"ਹਾਂ- ਵੋ, ਮੈਂ ਆ ਨਹੀਂ ਵਰਕਸ਼ਾਪ ਮੇਂ, ਮੇਰੀ ਕੋਈ ਸ਼ੂਟਿੰਗ ਥੀ ਉਸ ਦਿਨ...", ਜਸਬੀਰ ਨੇ ਦੱਸਿਆ।

"ਆਪ ਮਾਂ ਕਾ ਰੋਲ ਕਰ ਰਹੀ ਹੈਂ ਨਾ ਇਸ ਸੀਰੀਅਲ ਮੇਂ... ਯਾਨੀ ਮੇਰੀ ਭਾਬੀ...". ਉਹ ਮੁਸਕਰਾਈ। ਜਸਬੀਰ ਨੇ 'ਹਾਂ' ਕਹਿ ਕੇ ਹਾਮੀ ਭਰੀ।

"ਆਪ ਕੋ ਤੋ ਮੈਂ ਨੇ ਬਹੁਤ ਦੇਖਾ ਹੈ ਟੀ.ਵੀ. ਪਰ, ਬਹੁਤ ਸਾਰੇ ਸੀਰੀਅਲਸ ਮੇਂ... ਮੇਰੀ ਤੋ ਯਹ ਪਹਿਲੀ ਹਿੰਦੀ ਸੀਰੀਅਲ ਹੈ... ਮੈਂ ਤੋਂ ਭੋਜਪੁਰੀ ਫਿਲਮੇਂ ਕਰ ਰਹੀ ਥੀ... ਹੀਰੋਇਨ ਹੂੰ ਵਹਾਂ... ਯੇ ਤੋ ਜੋ ਪ੍ਰੋਡਿਊਸਰ ਹੈਂ ਇਸ ਸੀਰੀਅਲ ਕੇ ਕਰਨ ਮਹਿਤਾ ਵੋ ਹਮਾਰੇ ਘਨਿਸ਼ਟ ਮਿੱਤਰ ਹੈਂ, ਤੋ ਉਨੋਂਨੇ ਕੰਪੇੱਲ ਕੀਆ, ਰਿਕੁਐਸਟ ਕੀ, ਤੋ ਮੈਂ ਮਾਨੀ...ਵਰਨਾ ਮੈਂ ਤੋ ਕਰਤੀ ਨਹੀਂ ਹੂੰ ਸੀਰੀਅਲ...ਮੈਂ ਤੋ ਫਿਲਮੇਂ ਹੀ ਕਰਤੀ ਹੂੰ...", ਉਹ ਹੱਸ ਹੱਸ ਕੇ ਉੱਚੀ ਤੇ ਤਿੱਖੀ ਆਵਾਜ਼ 'ਚ ਦੱਸ ਰਹੀ ਸੀ।

"ਮੈਂ ਯੂ,ਪੀ. ਸੇ ਬੀਲਾਂਗ ਕਰਤੀ ਹੂੰ, ਮਿਸ ਲਖਨਊ ਰਹਿ ਚੁਕੀ ਹੂੰ...ਵਹਾਂ ਮੈਂ ਨੇ ਬਹੁਤ ਫੈਸ਼ਨ ਸ਼ੋਅ ਭੀ ਕੀਏ...ਫਿਰ ਮੈਂ ਯਹਾਂ ਆ ਗਈ...ਭੋਜਪੁਰੀ ਫਿਲਮੇਂ ਮੈਂ ਨੇ ਏਕ ਕੇ ਬਾਅਦ ਏਕ ਕੀ... "

ਥੋੜ੍ਹਾ ਜਿਹਾ ਜਸਬੀਰ ਦਾ ਮੱਥਾ ਠਣਕਿਆ... ਐਵੇਂ ਜ਼ਰਾ ਕੁ... ਕਿਤੇ...? ਨਹੀਂ ਨਹੀਂ...

"ਕਿਆ ਨਾਮ ਹੈ ਆਪ ਕਾ?" ਜਸਬੀਰ ਨੇ ਪੁੱਛਿਆ, ਐਵੇਂ ਮਨ ਦਾ ਭਰਮ ਦੂਰ ਕਰਨ ਲਈ!

"ਕਾਮਨਾ ਗੁਪਤਾ"

ਜ਼ੋਰ ਨਾਲ ਜਸਬੀਰ ਦਾ ਦਿਲ ਧੜਕਿਆ....

'ਕਾਮਨਾ ਗੁਪਤਾ'... ਕਾਮਨਾ ਗੁਪਤਾ'... ਕਾਮਨਾ ਗੁਪਤਾ'...ਮੇਕਅੱਪ ਰੂਮ 'ਚ ਇਹ ਨਾਂਅ ਸਦੀਵੀ ਰੂਪ 'ਚ ਖਲੋ ਗਿਆ...ਹਵਾ 'ਚ...ਖਲਾਅ 'ਚ .... ਪਤਾ ਨਹੀਂ ਜਸਬੀਰ ਦੇ ਚਿਹਰੇ 'ਤੇ ਕਿਹੜਾ ਰੰਗ ਆਇਆ ਹੋਵੇਗਾ...ਕਾਸ਼ ਕੋਈ ਵੇਖ ਕੇ ਦੱਸ ਸਕਦਾ! ਹੁਣ ਲੋੜ ਸੀ ਪੂਰੀ ਐਕਟਿੰਗ ਦੀ! ਇਸ ਤਰ੍ਹਾਂ ਦੀ ਐਕਟਿੰਗ ਕਿ ਜਸਬੀਰ ਕੁਛ ਵੀ ਜ਼ਾਹਿਰ ਨਾ ਹੋਣ ਦੇਵੇ ਕਿ ਉਸਨੂੰ ਝਟਕਾ ਲੱਗਾ ਹੈ...ਸਗੋਂ ਉਹ ਤਾਂ ਬੜੀ ਪ੍ਰਭਾਵਤ ਹੋ ਗਈ ਹੈ ਉਸਦੀਆਂ ਪ੍ਰਾਪਤੀਆਂ ਤੋਂ...ਇਹ ਜ਼ਹਿਰ ਕਰੇ! ਮੁਸਕਰਾਈ ਜਾਵੇ ਤੇ ਥੋੜ੍ਹਾ ਥੋੜ੍ਹਾ 'ਹਾਂ' ਦੀ ਜੁੰਬਸ਼ 'ਚ ਸਿਰ ਹਿਲਾਈ ਜਾਵੇ...

ਵਾਹ ਰੱਬਾ...ਤੂੰ ਵੀ ਕਮਾਲ ਏਂ...ਕਰ ਦਿੱਤੀ ਨਾ ਮੇਰੀ ਖੁਸ਼ੀ ਅੱਧੀ...ਖੁਸ਼ ਸੀ ਨਾ ਮੈਂ ਇਹ ਸੀਰੀਅਲ ਲੈ ਕੇ, ਜਿਸ 'ਚ ਕੋਈ ਚੈਲਿੰਜ ਨਹੀਂ ਸੀ...ਵਾਧੂ ਸਟਰੈੱਸ ਨਹੀਂ ਸੀ...ਕੋਈ ਅਜੀਬ

ਕੌਸਟਿਊਮ ਦਾ ਰੌਲ਼ਾ ਨਹੀਂ ਸੀ ਨਾ... ਕਿ ਬੱਸ ਪੰਜਾਬੀ ਸੂਟ ਪਹਿਨੋ ਤੇ ਪੰਜਾਬੀ ਟੱਚ 'ਚ ਸਿੱਧੇ ਸਾਦੇ ਡਾਇਲਾਗਜ਼ ਬੋਲੋ...ਸੈੱਟ ਵੀ ਘਰ ਤੋਂ ਬਹੁਤ ਦੂਰ ਨਹੀਂ ਸੀ...ਵਾਇਆ ਰੋਡ ਆਓ, ਜਾਂ ਵਇਆ ਬੋਟ ਆਓ, ਅੱਧਾ ਪੌਣਾ ਘੰਟਾ ਲੱਗਦਾ ਸੀ ਮਸਾਂ...ਬੋਟ ਰਾਹੀਂ ਮਤਲਬ ਇਕ ਰਸਤਾ ਜਿਸ 'ਤੇ ਸਮੁੰਦਰ ਦੇ ਇਕ ਟੁਕੜੇ ਨੂੰ ਬੋਟ ਰਾਹੀਂ ਪਾਰ ਕਰ ਕੇ ਝੱਟ ਇਕ ਪਾਸੇ ਤੋਂ ਦੂਜੇ ਪਾਸੇ ਪਹੁੰਚ ਜਾਓ, ਸਿਰਫ ਚਾਰ-ਪੰਜ ਮਿੰਟ 'ਚ, ਤੇ ਅੱਗੋਂ ਆਟੋ ਵਗੈਰਾ ਲੈ ਕੇ ਜਿੱਥੇ ਵੀ ਸ਼ੂਟਿੰਗ ਹੋ ਰਹੀ ਹੋਵੇ, ਭਾਵ ਜਿਸ ਵੀ ਸੈੱਟ ਜਾਂ ਬੰਗਲੇ 'ਚ, ਉੱਥੇ ਪਹੁੰਚ ਜਾਓ, ਹੋਰ ਪੰਦਰਾਂ ਕੁ ਮਿੰਟਾਂ ਵਿਚ...ਤੇ ਵਾਪਸ ਵੀ ਉਸੇ ਤਰ੍ਹਾਂ ਜਾ ਸਕਦੇ ਹੋ... ਸਮੁੰਦਰ ਦੇ ਉਸ ਟੁਕੜੇ ਦੇ ਉਸ ਪਾਰ ਚਾਹੇ ਤਾਂ ਆਪਣੀ ਕਾਰ ਪਾਰਕ ਕਰਕੇ ਆ ਜਾਓ, ਬੋਟ ਰਾਹੀਂ ਉੱਧਰ ਜਾ ਕੇ ਆਪਣੀ ਕਾਰ ਸਟਾਰਟ ਕਰੋ ਤੇ ਘਰ ਜਾਓ... ਸਭ ਕੁਝ ਕਿੰਨਾ ਠੀਕ ਸੀ... ਪਰ ਇਹ 'ਕਾਮਨਾ ਗੁਪਤਾ' ਵਾਲਾ ਧਮਾਕਾ ਕਰਕੇ ਤੈਨੂੰ ਕੀ ਮਿਲਿਆ ਰੱਬਾ..." ਸਾਰਾ ਚਾਅ ਜਸਬੀਰ ਦਾ ਝੱਗ ਵਾਂਗ ਬੈਠ ਗਿਆ....।

'ਹੋ ਸਕਦੈ, ਇਹ ਕੋਈ ਹੋਰ ਕਾਮਨਾ ਹੋਵੇ' ਜਸਬੀਰ ਨੇ ਆਪਣੇ ਆਪ ਨੂੰ ਭੁਲੇਖਾ ਦੇਣਾ ਚਾਹਿਆ! ਪਰ ਜਦ ਉਸਨੇ ਹੋਰ ਧਿਆਨ ਨਾਲ ਉਸ ਵੱਲ ਵੇਖਿਆ ਤਾਂ ਅੱਖਾਂ ਉਹੀ ਸਨ ਫੋਟੋ ਵਾਲੀਆਂ...ਬੱਸ ਚੂੰਕਿ ਚਿਹਰੇ 'ਤੇ ਚਰਬੀ ਬਹੁਤ ਚੜ੍ਹ ਚੁੱਕੀ ਸੀ, ਇਸ ਲਈ ਅੱਖਾਂ ਕੋਇਆਂ ਤੋਂ ਥੋੜ੍ਹੀਆਂ ਅੰਦਰ ਨੂੰ ਧਸ ਗਈਆਂ ਸਨ ਤੇ ਸਾਇਜ਼ ਵੱਲੋਂ ਥੋੜ੍ਹੀਆਂ ਛੋਟੀਆਂ ਲੱਗ ਰਹੀਆਂ ਸਨ... ਜਸਬੀਰ ਨੇ ਉਸਦੀਆਂ ਅੱਜ ਤੋਂ ਬਾਰਾਂ ਤੇਰਾਂ ਸਾਲ ਪਹਿਲਾਂ ਦੀਆਂ ਫੋਟੋਆਂ ਵੇਖੀਆਂ ਸਨ ਜਦ ਉਹ ਪਤਲੀ ਸੀ, ਬਹੁਤ ਜੁਆਨ ਸੀ ਤੇ ਜਦ ਉਸਦਾ ਜਸਬੀਰ ਦੇ ਪਤੀ ਨਾਲ ਬਹੁਤ ਧੂੰਆਂਧਾਰ ਇਸ਼ਕ ਚੱਲ ਰਿਹਾ ਸੀ। ਜਦ ਉਹ ਸ਼ਾਇਦ ਨਵੀਂ ਨਵੀਂ ਮੁੰਬਈ ਆਈ ਸੀ, ਮਿਸ ਲਖਨਊ ਬਣਨ ਤੋਂ ਬਾਅਦ...ਤੇ ਬਾਲੀਵੁਡ ਦੀ ਹੀਰੋਇਨ ਬਣਨ ਲਈ ਮੁੰਬਈ 'ਚ ਸਟਰਗਲ ਕਰ ਰਹੀ ਸੀ। ਤੇ ਟੱਕਰੀ ਹੋਵੇਗੀ ਕਿਤੇ ਉਸਦੇ ਪਤੀ ਦੇਵ ਨਾਲ...ਤੇ ਪਤੀ ਦੇਵ ਨੂੰ ਤਾਂ ਉਹ ਮਧੂ ਲੱਗੀ ਸੀ, ਨਹੀਂ ਜੀ, ਮਧੂ ਬਾਲਾ ਨਹੀਂ, ਮਧੂ, ਇਕ ਹੋਰ ਹੀਰੋਇਨ ਹੁੰਦੀ ਸੀ ਨਾ, ਉਹ! ਪਤੀ ਦੇਵ ਕਹਿੰਦਾ ਸੀ 'ਮੈਂ ਇਸਨੂੰ ਸਟਾਰ ਬਣਾ ਕੇ ਹੀ ਰਹਾਂਗਾ'...ਦੀਵਾਨਾ ਹੋ ਗਿਆ ਸੀ ਇਸਦਾ...ਤੇ ਇਹ ਵੀ ਦਿਵਾਨੀ ਹੋਈ ਸੀ ਜਾਂ ਨਹੀਂ ਇਹ ਨਹੀਂ ਪਤਾ, ਪਰ ਦਿਨ ਰਾਤ ਫੋਨ ਕਰਦੀ ਸੀ ਉਸਨੂੰ...ਤੇ ਪਤੀ ਦੇਵ ਇਸਦਾ ਫੋਨ ਸੁਣਨ ਲਈ ਅੱਧੀ ਅੱਧੀ ਰਾਤ ਘਰ ਤੋਂ ਬਾਹਰ ਭੱਜਦਾ ਸੀ...ਕਦੀ ਬਾਹਰ ਲਿਫਟ ਕੋਲ਼ ਜਾ ਕੇ ਫੋਨ ਸੁਣਦਾ ਸੀ, ਕਦੀ ਹੇਠਾਂ ਕਾਰਾਂ ਦੀ ਪਾਰਕਿੰਗ ਕੋਲ਼ ਜਾ ਕੇ ਗੱਲ ਕਰਦਾ ਸੀ...ਉਦੋਂ ਉਹ ਇਹ ਨਹੀਂ ਸੀ ਜਾਣਦਾ ਕਿ ਉਪਰੋਂ ਉਸਦੀ ਪਤਨੀ ਖਿੜਕੀ 'ਚੋਂ ਵੇਖ ਰਹੀ ਹੈ... ਵੇਖ ਰਹੀ ਹੈ ਕਿ ਕਿਵੇਂ ਉਸਦਾ ਪਤੀ ਉਸਦੇ ਹੱਥੋਂ ਕਿਰਦਾ ਜਾ ਰਿਹਾ ਹੈ।

ਜਸਬੀਰ ਦਾ ਦਿਲ ਕੀਤਾ ਉਹ ਹੁਣੇ ਪ੍ਰੋਡਿਊਸਰ ਨੂੰ ਲਿਖ ਕੇ ਦੇ ਦੇਵੇ ਕਿ ਮੈਨੂੰ ਮਾਫ ਕਰ ਦਿਓ, ਮੈਂ ਇਹ ਸੀਰੀਅਲ ਨਹੀਂ ਕਰ ਸਕਦੀ...ਮੇਰਾ ਕਾਂਟਰੈਕਟ ਜੋ ਮੈਂ ਤੁਹਾਡੇ ਨਾਲ ਸਾਈਨ ਕੀਤਾ ਹੈ ਉਹ ਕੈਂਸਲ ਕਰ ਦਿਓ...ਚਾਹੋਂ ਤਾਂ ਮੈਥੋਂ ਹਰਜਾਨਾ ਵੀ ਲੈ ਲਓ, ਨਾਲੇ ਅਜੇ ਤਾ ਸ਼ੂਟਿੰਗ ਸ਼ੁਰੂ ਹੀ ਹੋਈ ਹੈ, ਕਿਸੇ ਹੋਰ ਆਰਟਿਸਟ ਨੂੰ ਬੁਲਾ ਲਓ ਮੇਰੀ ਥਾਂ...ਮੈਂ ਤਾਂ ਹੁਣੇ ਏਥੋਂ ਭੱਜ ਜਾਣਾ ਚਾਹੁੰਦੀ ਹਾਂ...ਉਹੀ ਤਕਲੀਫ, ਉਹੀ ਪੀੜ, ਉਹੀ ਹਰ ਵੇਲ਼ੇ ਤਿਲ ਤਿਲ਼ ਕਰਕੇ ਮਰਨਾ, ਮਰ ਮਰ ਕੇ ਜੀਣਾ, ਹਰ ਪਲ ਉਹੀ ਟੀਸ...ਜੋ ਮੈਂ ਤੇਰਾਂ ਸਾਲ ਪਹਿਲਾਂ ਸਹਿ ਚੁੱਕੀ ਹਾਂ...ਆਪਣੇ ਦਿਲੋ ਦਿਮਾਗ਼ 'ਤੇ ਝੱਲ ਚੁੱਕੀ ਹਾਂ...ਉਹ ਹੁਣ ਫੇਰ ਉਸੇ ਔਰਤ ਨੂੰ ਰੋਜ਼ ਸਾਹਮਣੇ ਵੇਖਕੇ ਨਹੀਂ ਜਰ ਸਕਾਂਗੀ...ਇਹ ਜ਼ਖਮ ਤਾਂ ਭਰ ਗਏ ਸਨ ਸ਼ਾਇਦ...ਹੁਣ ਫੇਰ ਕਿਉਂ ਉਨ੍ਹਾਂ ਨੂੰ ਉਧੇੜਨਾ, ਛਿੱਲਣਾ...ਰੋਜ਼ ਰੋਜ਼ ਇਸਨੂੰ ਸਾਹਮਣੇ ਵੇਖਕੇ...ਰੋਜ਼ ਰੋਜ਼ ਉਹੀ ਜ਼ਖਮ ਤਾਜ਼ਾ ਹੋਣਗੇ...ਲਹੂ ਨਾਲ, ਪੀਕ ਨਾਲ...ਤੇ ਤਕਲੀਫ ਨਾਲ...

ਪਰ ਕਾਰਣ ਕੀ ਦੱਸਾਂਗੀ? ਕਿਉਂ ਛੱਡਣਾ ਚਾਹੁੰਦੀ ਹਾਂ ਸੀਰੀਅਲ...ਉਹ ਵੀ ਸੈੱਟ 'ਤੇ ਆ

ਕੇ, ਤਿਆਰ ਹੋ ਕੇ.....

"ਮੈਮ ਆਪ ਕਾ ਸ਼ੌਟ ਰੈਡੀ ਹੈ"...ਅਚਾਨਕ ਦਰਵਾਜ਼ਾ ਖੜਕਾ ਕੇ ਅਸਿਸਟੈਂਟ ਆਇਆ ਤੇ ਬੜੇ ਜੋਸ਼ ਨਾਲ ਕਹਿਣ ਲੱਗਾ, "ਮੈਮ ਆਪਕਾ ਸ਼ੌਟ ਰੈਡੀ ਹੈ' ਮਤਲਬ ਸੈੱਟ 'ਤੇ ਆ ਜਾਓ....

'ਮੇਰਾ?' ਜਸਬੀਰ ਸੇ ਮੂੰਹੋਂ ਏਹੀ ਨਿਕਲਿਆ ਸੀ ਸ਼ਾਇਦ। ਉਹ ਬਹੁਤ ਬੌਖਲਾ ਗਈ ਸੀ। ਹੱਥ ਪੈਰ ਇਕਦਮ ਬੇਜਾਨ, ਮੁਰਦਾ...।

"ਆਪ ਠੀਕ ਹੋ ਮੈਮ?" ਅਸਿਸਟੈਂਟ ਮੁਸਕਰਾਉਣਾ ਛੱਡ ਕੇ ਚਿੰਤਾਤੁਰ ਹੋ ਗਿਆ ਸੀ।

ਉਹ ਉੱਠੀ, ਥੋੜ੍ਹਾ ਥਿੜਕੀ, ਪਰ ਫਿਰ ਸੰਭਲੀ, ਸਾਹਮਣੇ ਡਰੈਸਿੰਗ ਟੇਬਲ 'ਤੇ ਪਈ ਬੋਤਲ 'ਚੋਂ ਉਸਨੇ ਪਾਣੀ ਦੇ ਦੋ ਘੁੱਟ ਭਰੇ ਤੇ ਮੇਕਅੱਪ ਰੂਮ 'ਚੋਂ ਬਾਹਰ ਨਿਕਲ ਕੇ ਸੈੱਟ ਵੱਲ ਤੁਰ ਪਈ...ਅਸਿਸਟੈਂਟ ਉਸਦੇ ਅੱਗੇ ਅੱਗੇ ਚੱਲ ਰਿਹਾ ਸੀ...ਉਸਨੂੰ ਗਾਈਡ ਕਰਦਾ ਹੋਇਆ...

'ਹਿੰਮਤ ਰੱਖ ਜਸਬੀਰ...ਬੀ ਬਰੇਵ...ਤੂਫਾਨ ਤਾਂ ਗੁਜ਼ਰ ਚੁੱਕਾ ਹੈ ਅੱਜ ਤੋਂ ਤੇਰਾਂ ਸਾਲ ਪਹਿਲਾਂ...ਇਹ ਤਾਂ ਬੱਸ ਪਰਛਾਈਂ ਹੈ ਉਸ ਤੂਫਾਨ ਦੀ...ਜਦ ਤੂੰ ਤੂਫਾਨ ਦਾ ਸਾਹਮਣਾ ਕਰ ਲਿਆ ਫੇਰ ਹੁਣ ਪਰਛਾਈਂ ਤੋਂ ਏਨਾ ਕਿਉਂ ਘਬਰਾਉਣਾ...ਏਦਾਂ ਥੋੜ੍ਹਾ ਦਿਲ ਛੋਟਾ ਕਰੀਦਾ ਏ... ਸਾਹਮਣਾ ਕਰ! ਬੀ ਪ੍ਰੋਫੈਸ਼ਨਲ! ਮਨ ਲਗਾ ਕੇ ਕੰਮ ਕਰ, ਜਿਵੇਂ ਹਮੇਸ਼ਾ ਕਰਦੀ ਏਂ...ਧੂੰਆਂ ਵੀ ਨਾ ਕੱਢੀਂ ਹੁਣ ਇਸ ਤੂਫਾਨ ਦਾ ਜਿਸ 'ਚੋਂ ਤੂੰ ਗੁਜ਼ਰ ਚੁੱਕੀ ਏਂ...ਬੱਸ ਜ਼ਬਤ ਕਰ ਲੈ...ਇਕ ਵਾਰ ਫੇਰ ਤੋਂ ਜ਼ਬਤ...'

ਕਿੰਨਾ ਕੁਝ ਸੀ ਜੋ ਮਨ ਚ ਆਇਆ ਜਦ ਤਕ ਉਹ ਸੈੱਟ 'ਤੇ ਪਹੁੰਚੀ ਨਹੀਂ... ਤੇ ਫੇਰ ਹਰ ਪਲ, ਯਾਨੀ ਜਿੰਨੇ ਵੀ ਪਲ ਉਸਨੇ ਸੈੱਟ 'ਤੇ ਗੁਜ਼ਾਰੇ, ਚਾਹੇ ਡਾਇਰੈਕਟਰ ਸੀਨ ਸਮਝਾ ਰਿਹਾ ਹੋਵੇ. ਚਾਹੇ ਸੀਨ ਸ਼ੁਰੂ ਹੋ ਗਿਆ ਹੋਵੇ, ਚਾਹੇ ਉਹ ਐਕਟ ਕਰ ਰਹੀ ਹੋਵੇ, ਚਾਹੈ ਸੀਨ ਕੱਟ ਹੋਣ ਤੋਂ ਬਾਅਦ ਉਹ ਹੱਸ ਬੋਲ ਰਹੀ ਹੋਵੇ...ਦਿਮਾਗ਼ 'ਚ ਉਹੀ ਚੱਲ ਰਿਹਾ ਸੀ, ਉਹੀ ਤੂਫਾਨ ਤੇ ਕਾਮਨਾ ਗੁਪਤਾ...ਇਹ ਕਿੱਦਾਂ ਹੋ ਗਿਆ? ਕਿੱਥੋਂ ਆ ਗਈ ਇਹ ਸਾਹਮਣੇ ਅਚਾਨਕ ਅੱਜ ਤੇਰਾਂ ਸਾਲ ਬਾਅਦ...ਪਹਿਲੀ ਵਾਰ ਜਸਬੀਰ ਨੇ ਅੱਜ ਉਸਨੂੰ ਸਾਖਸ਼ਾਤ ਆਪਣੇ ਸਾਹਮਣੇ ਵੇਖਿਆ ਸੀ, ਵਰਨਾ ਜਦੋਂ ਉਸਦੇ ਪਤੀ ਦੇਵ ਦਾ ਇਸ਼ਕ ਇਸ ਨਾਲ ਚੱਲ ਰਿਹਾ ਸੀ, ਉਨ੍ਹਾਂ ਦੇ ਸਰਕਲ ਦੇ ਜਾਣੂੰ-ਪਛਾਣੂੰ, ਦੋਸਤ, ਜਾਨਣ ਵਾਲੇ ਸਭ ਉਸਨੂੰ ਕਹਿੰਦੇ ਸਨ ਕਿ 'ਜਾਹ, ਜਾ ਕੇ ਲਾਹ-ਪਾਹ ਕਰ, ਫਲਾਨੀ ਬਿਲਡਿੰਗ 'ਚ ਰਹਿੰਦੇ ਨੇ ਦੋਵੇਂ...'। ਪਰ ਉਸਦੀ ਕਦੀ ਹਿੰਮਤ ਨਾ ਹੋਈ ਜਾਣ ਦੀ...ਇਸ ਮਿੱਟੀ ਦੀ ਬਣੀ ਹੀ ਨਹੀਂ ਸੀ ਉਹ ਕਿ ਜਾ ਕੇ ਪਬਲੀਕਲੀ ਤਮਾਸ਼ਾ ਕਰ ਸਕੇ...ਤੇ ਨਾਲੇ ਉਹ ਸੋਚਦੀ ਸੀ, ਇੰਝ ਕਰਨ ਨਾਲ ਕੀ ਹੋਏਗਾ? ਕੀ ਉਸਦਾ ਪਤੀ ਜਿਸਨੇ ਕੱਖੋਂ ਹੌਲ਼ਾ ਕਰ ਦਿੱਤਾ ਸੀ ਉਸਨੂੰ, ਮੁੜ ਪਏਗਾ ਉਸ ਨਾਲ? ਮੁੜ ਵੀ ਆਇਆ ਤਾਂ ਕੀ ਦਿਲ ਵੀ ਮੁੜ ਆਏਗਾ ਉਸਦਾ ਉਸ ਵੱਲ ਮੁੜ ਕੇ? ਨਹੀਂ ਕਦੇ ਦਿਲਾਂ ਨੂੰ ਵੀ ਮੋੜਿਆ ਜਾ ਸਕਦਾ ਹੈ ਜ਼ਬਰਦਸਤੀ...

'ਚਲੀਏ ਬਹੁਤ ਅੱਛਾ ਹੋ ਗਿਆ ਸੀਨ...ਅਬ ਆਪ ਜਾ ਸਕਤੀ ਹੈਂ", ਡਾਇਰੈਕਟਰ ਨੇ ਬਹੁਤ ਹੀ ਇਹਤਰਾਮ ਨਾਲ ਉਸਨੂੰ ਕਿਹਾ।

'ਚਲੋ ਅਬ ਬੂਆ ਵਾਲੇ ਸੀਨ ਕਾ ਸੈੱਟਅਪ ਲਗਾਓ' ਦੂਜੀ ਗੱਲ ਉਸਨੇ ਸੈੱਟਿੰਗ ਦਾਦਾ ਤੇ ਅਸਿਸਟੈਂਟ ਨੂੰ ਕਹੀ...ਉਹ ਸੈੱਟ ਦੇ ਵੱਡੇ ਹਾਲ 'ਚੋਂ ਬਾਹਰ ਨਿਕਲੀ, ਦਿਲ ਕੀਤਾ ਕਿਤੇ ਦੂਰ ਦੌੜ ਜਾਵੇ...ਮੇਕਅੱਪ ਰੂਮ ਵੱਲ ਜਾਣ ਨੂੰ ਹੌਸਲਾ ਨਹੀਂ ਸੀ ਪੈ ਰਿਹਾ...।

"ਤਾਂ ਹੀ ਤੇਰੇ ਨਾਲ ਇਹ ਸਭ ਹੁੰਦਾ ਹੈ...ਪਤਾ ਨਹੀਂ ਤੂੰ ਏਨੀ ਡਰਪੋਕ ਕਿਉਂ ਏਂ...ਕਸੂਰ ਸਾਰਾ ਉਸਦਾ ਹੈ ਤੇ ਡਰੀ ਤੂੰ ਜਾਂਦੀ ਏਂ, ਤੈਨੂੰ ਤਾਂ ਚਾਹੀਦਾ ਹੈ ਕਿ ਤੂੰ ਉਸਦੇ ਸਾਹਮਣੇ ਆਕੜ ਕੇ ਖੜ੍ਹ ਕੇ ਦੱਸੇਂ ਕਿ "ਤੂੰ ਕੀ ਇੰਟਰੋਡਕਸ਼ਨ ਦੇ ਰਹੀ ਏਂ ਆਪਣੀ...ਮੈਂ ਜਾਣਦੀ ਹਾਂ ਤੈਨੂੰ, ਤੇਰੀਆਂ ਫੋਟੋਆਂ ਅਜੇ ਵੀ ਪਈਆਂ ਨੇ ਮੇਰੇ ਘਰ ਜੋ ਮੈਂ ਤੇਰੇ ਆਸ਼ਿਕ ਦੇ ਬਰੀਫਕੇਸ 'ਚੋਂ ਕੱਢ ਲਈਆਂ ਸੀ,

ਜਦੋਂ ਤੁਸੀਂ ਬੇਂਕਾਕ ਤੋਂ ਮੁੜੇ ਸੀ ਸੈਰਾਂ ਕਰ ਕੇ, ਫੋਟੋਆਂ, ਜਿਨ੍ਹਾਂ 'ਚ ਤੂੰ ਮੇਰੇ ਪਤੀ ਨਾਲ ਗਲਵੱਕੜੀ ਪਾਈ ਹੋਟਲ ਦੇ ਕਮਰੇ 'ਚ ਖੜ੍ਹੀ ਏਂ, ਤੇਰਾ ਹੇਅਰ ਬੈਂਡ ਬੈੱਡ 'ਤੇ ਪਿਆ ਸੀ ਤੇ ਕੈਮਰਾ ਆਟੋ ਮੋਡ 'ਤੇ ਰੱਖਕੇ ਜਿੱਥੇ ਫੋਟੋ ਖਿੱਚੀ ਗਈ ਸੀ ਨੀਲੇ ਰੰਗ ਦਾ ਕੰਬਲ ਵੀ ਥੋੜ੍ਹਾ ਜਿਹਾ ਬੈੱਡ 'ਤੇ ਪਿਆ ਫੋਟੋ 'ਚ ਦਿਸ ਰਿਹਾ ਸੀ, ਤੂੰ ਤੇ ਮੇਰੇ ਪਤੀ ਦੇਵ ਅਜੇ ਨਾਈਟ ਸੂਟਾਂ ਵਿਚ ਹੀ ਸੀ, ਪਤਾ ਨਹੀਂ ਫੋਟੋ ਖਿੱਚਣ ਦੀ ਉਦੋਂ ਕੀ ਲੋੜ ਸੀ? ਅਸਲ 'ਚ ਉਦੋਂ ਜਦੋਂ ਬੰਦਾ ਪਿਆਰ 'ਚ ਹੁੰਦਾ ਹੈ ਨਾ, ਤਾਂ ਕੁਝ ਉਮਾਹ ਹੀ ਇਸ ਤਰ੍ਹਾਂ ਦਾ ਹੁੰਦਾ ਹੈ, ਜੀਅ ਕਰਦਾ ਹੈ ਹਰ ਪਲ ਦੀ ਫੋਟੋ ਖਿੱਚੀ ਜਾਵੇ, ਬੱਸ ਚਾਅ ਜਿਹਾ ਹੀ ਚੜ੍ਹਿਆ ਹੁੰਦਾ ਹੈ ਉਦੋਂ ਇਕ ਦੂਜੇ ਦਾ....ਫੇਰ ਹੋਰ ਵੀ ਬਹੁਤ ਸਾਰੀਆਂ ਫੋਟੋਆਂ ਸਨ, ਕਿਤੇ ਤੁਸੀਂ ਦੋਵੇਂ ਬੋਟ ਵਿਚ ਬੈਠੇ ਹੋ, ਕਿਤੇ ਬਾਜ਼ਾਰ 'ਚ ਖੜ੍ਹੇ ਹੋ, ਹੱਥਾਂ 'ਚ ਸ਼ਾਪਿੰਗ ਦੇ ਥੈਲੇ ਫੜੇ ਹੋਏ ਹਨ, ਕਿਤੇ ਕੁਝ ਖਾ ਰਹੇ ਹੋ, ਕਿਤੇ ਕੁਝ ਪੀ ਹੇ ਹੋ, ਕਿਤੇ ਤੂੰ ਹੈਟ ਲੈ ਕੇ ਬੈਠੀ ਏਂ ਤੇ ਮੇਰਾ ਪਤੀ ਦੇਵ ਤੇਰੇ ਮੋਢਿਆਂ 'ਤੇ ਝੁਕਿਆ ਹੋਇਆ ਖੜ੍ਹਾ ਹੈ, ਪਿਆਰ 'ਚ ਗੜੁੱਚ, ਮਦਮਸਤ, ਨੂਰੋ ਨੂਰ, ਤੇਰੇ ਵਾਲ਼ ਖੁਲ੍ਹੇ ਤੇ ਚਿਹਰੇ 'ਤੇ ਬੇਰਵਾਹੀ..."

ਮੇਕਅੱਪ ਰੂਮ ਦਾ ਦਰਵਾਜ਼ਾ ਖੋਲ੍ਹ ਅੰਦਰ ਵੜਨ ਦੀ ਹਿੰਮਤ ਬਟੋਰਦੀ ਜਸਬੀਰ ਮੇਕਅੱਪ ਰੂਮ ਦੇ ਬਾਹਰ ਐਵੇਂ ਵਾਧੂ ਪਈ, ਥੋੜ੍ਹੀ ਜਿਹੀ ਕਰੈਕ ਹੋਈ ਕੁਰਸੀ 'ਤੇ ਹੀ ਬੈਠ ਗਈ ਤੇ ਮੋਬਾਇਲ ਨੂੰ ਝੂਠਾ ਮੂਠਾ ਕੰਨ 'ਤੇ ਲਾ ਲਿਆ ਜਿਵੇਂ ਕਈ ਵਾਰ ਮੇਕਅੱਪ ਰੂਮ 'ਚ ਨੈੱਟਵਰਕ ਨਹੀਂ ਆਉਂਦਾ ਤਾਂ ਬਾਹਰ ਆ ਜਾਈਦਾ ਹੈ ਫੋਨ ਸੁਣਨ ਜਾਂ ਕਰਨ...

'ਪਰ ਕੀ ਇਹ ਮੈਨੂੰ ਨਹੀਂ ਪਛਾਣਦੀ? ਮੇਰੇ ਪਤੀ ਦੇਵ ਨੇ ਕਦੇ ਨਾ ਵਿਖਾਇਆ ਹੋਵੇਗਾ ਟੀ.ਵੀ. 'ਤੇ ਕਿ ਇਹ ਹੈ ਉਹ ਜਿਸ ਨਾਲ ਮੇਰਾ ਦਿਲ ਨਹੀਂ ਮਿਲਦਾ...ਜੋ ਅੰਤਾਂ ਦੀ ਬੁਰੀ ਹੈ, ਝਗੜਾਲੂ ਹੈ, ਦਿਨ ਰਾਤ ਮੈਨੂੰ ਤੰਗ ਕਰਦੀ ਹੈ ਕਿ ਕੰਮ ਕਰ, ਮੈਨੂੰ ਸਿਖਾਉਂਦੀ ਹੈ ਕਿ ਪ੍ਰੋਫੈਸ਼ਨਲ ਬਣ...ਉਸਨੂੰ ਸਿਖਾਉਂਦੀ ਹੈ ਜੋ ਉਸ ਤੋਂ ਵੀ ਪਹਿਲਾਂ ਇਸ ਸ਼ਹਿਰ 'ਚ ਆ ਚੁੱਕਾ ਸੀ, ਇਸ ਇੰਡਸਟਰੀ 'ਚ ਆ ਚੁੱਕਾ ਸੀ...ਤੇ ਹੋਰ ਵੀ ਬਹੁਤ ਬੁਰਾ-ਭਲਾ... ਬੁਰਾ ਭਲਾ ਕਹੇਗਾ ਆਪਣੀ ਪਤਨੀ ਵਾਸਤੇ ਤਾਂ ਹੀ ਤਾਂ ਅਗਲੀ ਦਾ ਦਿਲ ਪਸੀਜੇਗਾ ਉਸ ਲਈ, ਦਿਲ ਪਸੀਜੇਗਾ ਤਾਂ ਪਿਆਰ ਉਮੜੇਗਾ, ਪਿਆਰ ਉਮੜੇਗਾ ਤਾਂ ਇਸ਼ਕ ਹੋਵੇਗਾ...

ਪਰ ਉਸਨੇ ਕਦੀ ਮੇਰੇ ਬਾਰੇ ਜਾਂ ਮੇਰਾ ਨਾਂਅ ਕਿਉਂ ਨਾ ਦੱਸਿਆ ਹੋਵੇਗਾ ਇਸਨੂ? ਸ਼ਾਇਦ ਇਸ ਲਈ ਨਹੀਂ ਕਿ ਜੇ ਉਹ ਇਨਕੁਆਇਰੀ ਕਰੇਗੀ ਤਾਂ ਸੱਚਾਈ ਤਾਂ ਕੁਝ ਹੋਰ ਹੀ ਸਾਹਮਣੇ ਆਵੇਗੀ...ਸੱਚਾਈ? ਹਾਂ ਕਿ ਉਹ ਵਿਚਾਰੀ ਜਿਸ ਬਾਰੇ ਉਸਦਾ ਆਸ਼ਿਕ ਏਨਾ ਬੁਰਾ ਭਲਾ ਕਹਿੰਦਾ ਹੈ, ਦੱਸਦਾ ਹੈ ਕਿ ਏਨੀ ਬੁਰੀ ਔਰਤ ਹੈ ਕਿ ਉਹ...ਉਹ ਤਾਂ ਵਿਚਾਰੀ, ਵਿਚਾਰੀ ਜਿਹੀ ਔਰਤ ਹੈ, ਭੋਲ਼ੀ ਜਿਹੀ, ਘੱਟ ਬੋਲਣ ਵਾਲੀ, ਡਾਊਨ ਟੂ ਅਰਥ, ਬਹੁਤ ਹੀ ਮਿਹਨਤੀ ਤੇ ਇੰਟੈਲੀਜੈਂਟ ਵੀ... ਏਹੋ ਜਿਹੀ ਔਰਤ ਕਿਵੇਂ ਆਪਣਾ ਘਰ ਤੋੜ ਸਕਦੀ ਹੈ? ਕਿਵੇਂ ਰੋਅਬ ਪਾ ਸਕਦੀ ਹੈ? ਉਹ ਤਾਂ ਹੋਰ ਕਿਸਮ ਹੁੰਦੀ ਹੈ ਔਰਤਾਂ ਦੀ...ਮੇਰਾ ਮਤਲਬ ਜੋ ਦਬੰਗ ਹੁੰਦੀਆਂ ਨੇ, ਬਿੰਦਾਸ, ਧੜੱਲੇਦਾਰ, ਲੜਾਕੂ, ਆਪਣੇ ਹੱਕਾਂ ਲਈ ਲੜਨ ਵਾਲੀਆਂ, ਕਿਸੇ ਦੀ ਈਨ ਨਾ ਮੰਨਣ ਵਾਲੀਆਂ, ਪਤੀ ਦੇਵ ਝੂਠ ਬੋਲੇ, ਝੂਠੇ ਕਰੈਡਿਟ ਕਾਰਡਾਂ 'ਤੇ ਐਸ਼ ਕਰੇ, ਧੋਖਾ ਦੇਵੇ, ਤਾਂ ਉਸਨੂੰ ਆਪਣੀ ਜ਼ਿੰਦਗੀ 'ਚੋਂ ਵਗਾਹ ਮਾਰਨ ਵਾਲੀਆਂ....

ਉਦੋਂ ਹੀ ਅਸਿਸਟੈਂਟ ਕਾਮਨਾ ਗੁਪਤਾ ਨੂੰ ਬੁਲਾਉਣ ਆ ਗਿਆ। ਜਸਬੀਰ ਕੁਰਸੀ 'ਤੇ ਹੀ ਬੈਠੀ ਰਹੀ ਬਾਹਰ, ਐਕਟਿੰਗ ਕਰਦੀ ਕਿ ਉਹ ਫੋਨ ਸੁਣ ਰਹੀ ਹੈ...ਤਦੇ ਹੀ ਕਾਮਨਾ ਗੁਪਤਾ ਤਿਆਰ ਹੋ ਕੇ ਬਾਹਰ ਨਿਕਲੀ ਤੇ ਸੈੱਟ ਵੱਲ ਨੂੰ ਹੋ ਤੁਰੀ। ਜਸਬੀਰ ਉਸਨੂੰ ਜਾਂਦੀ ਨੂੰ ਵੇਖਦੀ ਰਹੀ...ਇਕ ਮੋਟੀ ਥੁੱਲਥੁੱਲੀ ਔਰਤ ਨੂੰ...ਜਿਸਨੇ ਤੇਰਾਂ ਸਾਲ ਪਹਿਲਾਂ ਉਸਦੀ ਜ਼ਿੰਦਗੀ ਨੂੰ ਐਸਾ ਝਟਕਾ ਦਿੱਤਾ ਕਿ ਜਿਸਦੀ ਧਮਕ ਉਹ ਹੁਣ ਤਕ ਸੁਣ ਸਕਦੀ ਹੈ। ਉਸਦਾ ਪਤੀ ਖੋਹ ਲਿਆ ਸੀ

ਉਸ ਕੋਲ਼ੋਂ, ਤੇ ਪਤੀ, ਉਹ ਤਾਂ ਕਦੋਂ ਉਸ ਤੋਂ ਦੂਰ ਹੋ ਗਿਆ ਪਤਾ ਵੀ ਨਾ ਲੱਗਾ। ...ਉਹ ਦਿਨ ਰਾਤ ਸ਼ੂਟਿੰਗਾਂ ਕਰਦੀ ਰਹੀ, ਦੋ ਦੋ ਢਾਈ ਢਾਈ ਸ਼ਿਫਟਾਂ 'ਚ ਕੰਮ, ਤਿੰਨ ਤਿੰਨ ਭਾਸ਼ਾਵਾਂ ਦੇ ਸੀਰੀਅਲ, ਉਰਦੂ, ਹਿੰਦੀ ਤੇ ਪੰਜਾਬੀ....ਵੱਡੀ ਬੱਚੀ ਹੋਸਟਲ 'ਚ ਪਾ ਦਿੱਤੀ, ਛੋਟੀ ਨੂੰ ਸੰਭਾਲਣ ਲਈ ਮੇਡ ਰੱਖ ਲਈ...ਤੜਕੇ ਉੱਠ ਕੇ ਸੁੱਤੀ ਪਈ ਆਪਣੀ ਪਿਆਰੀ ਜਿਹੀ ਨਿੱਕੀ ਧੀ ਨੂੰ ਚੁੰਮ ਕੇ ਚਲੀ ਜਾਣਾ, ਤੇ ਜਦੋਂ ਅੱਧੀ ਰਾਤ ਨੂੰ ਮੁੜਨਾ ਤਾਂ ਵੀ ਉਸ ਸੁੱਤੀ ਪਈ ਨੂੰ ਚੁੰਮ ਲੈਣਾ, ਚਹੁੰ ਚਹੁੰ ਪੰਜਾਂ ਪੰਜਾਂ ਦਿਨਾਂ ਬਾਅਦ ਕਿਤੇ ਇਕ ਅੱਧੇ ਦਿਨ ਦੀ ਛੁੱਟੀ ਮਿਲਣੀ ਤਾਂ ਰੱਜ ਰੱਜ ਲਾਡ ਕਰਦੀ ਸੀ ਧੀ ਨਾਲ...ਘਰ ਨੂੰ ਸੁਆਰਨਾ, ਘਰ ਦੇ ਕੰਮ-ਕਾਰ ਵੇਖਣੇ...ਕੀ ਫਾਇਦਾ ਹੋਇਆ ਏਨੇ ਮਾਅਰਕੇ ਮਾਰਨ ਦਾ...ਉਸਦਾ ਪਤੀ ਤਾਂ ਉਸਤੋਂ ਦੂਰ ਹੁੰਦਾ ਗਿਆ, ਕਦੀ ਦੋ ਬੋਲ ਤਾਰੀਫ ਦੇ ਨਾ ਕਹੇ, ਨਾ ਕਦੀ ਐਪਰੀਸ਼ੀਏਟ ਕੀਤਾ...ਬੱਸ ਇਸ ਕਾਮਨਾ ਗੁਪਤਾ ਨਾਲ ਘੁੰਮਣ ਲੱਗ ਪਿਆ।

ਉਹ ਉੱਠ ਕੇ ਮੇਕਅੱਪ ਰੂਮ 'ਚ ਚਲੀ ਗਈ ਤੇ ਇਕ ਟੱਕ ਕਾਮਨਾ ਗੁਪਤਾ ਗੁਪਤਾ ਦੇ ਬੈਗ, ਪਰਸ ਤੇ ਉਸਦੀਆਂ ਹੋਰ ਖਿੱਲਰੀਆਂ ਚੀਜ਼ਾਂ ਵੱਲ ਵੇਖਣ ਲੱਗ ਪਈ...ਮਨ ਸੀ ਕਿ ਕਿਤੇ ਡੂੰਘੀਆਂ ਖਾਈਆਂ 'ਚ ਲਹਿ ਗਿਆ....

"ਤੂੰ ਤਾਂ ਮੈਨੂੰ ਸੰਪੂਰਨ ਕਰ ਦਿੱਤਾ ਹੈ, ਤੂੰ ਜੇ ਮੈਨੂੰ ਨਾ ਮਿਲੀ ਤਾਂ ਮੈਂ ਇਹ ਤਾਂ ਨਹੀਂ ਕਹਿੰਦਾ ਕਿ ਮੈਂ ਮਰ ਜਾਵਾਂਗਾ, ਪਰ ਇਹ ਗੱਲ ਪੱਕੀ ਹੈ ਕਿ ਮੈਂ ਪਾਗ਼ਲ ਜ਼ਰੂਰ ਹੋ ਜਾਵਾਂਗਾ...ਤੂੰ ਮੇਰੇ ਕੋਲ਼ ਨਹੀਂ ਹੁੰਦੀ ਤਾਂ ਵੀ ਮੇਰੇ ਕੋਲ਼ ਹੁੰਦੀ ਏਂ...ਮੇਰੇ ਹਰ ਸਾਹ 'ਚ, ਮੇਰੇ ਰੋਮ ਰੋਮ 'ਚ। ਸੱਚ ਪੁੱਛੇਂ ਤਾਂ ਜ਼ਿੰਦਗੀ ਜੀਣ ਦਾ ਸ਼ਊਰ ਹੀ ਹੁਣ ਸਿੱਖਿਆ ਹੈ ਤੇਰੇ ਕੋਲ਼ੋਂ...ਤੂੰ ਤਾਂ ਮੈਨੂੰ ਜੀਣਾ ਸਿਖਾ ਦਿੱਤਾ ਹੈ...", ਇਹ ਸਭ ਉਸਦੇ ਪਤੀ ਨੇ ਕਿਹਾ ਸੀ ਉਸਨੂੰ...ਇਕ ਵਾਰ ਨਹੀਂ, ਪਤਾ ਨਹੀਂ ਕਿੰਨੀ ਵਾਰ। ਵਿਆਹ ਤੋਂ ਕੁਝ ਸਮਾਂ ਪਹਿਲਾਂ ਡੇਟਿੰਗ ਦੇ ਉਹ ਮਹੀਨੇ...ਜਦ ਉਹ ਸ਼ਹਿਰ ਤੋਂ ਬਾਹਰ ਜਾਂਦਾ ਸੀ ਕਦੀ, ਤਾਂ ਕਿੰਨੇ ਖ਼ੂਬਸੂਰਤ ਖਤ ਲਿਖਦਾ ਸੀ...ਉਹ ਬਾਰ ਬਾਰ ਪੜ੍ਹਦੀ ਹੁੰਦੀ ਸੀ ਉਨ੍ਹਾਂ ਖਤਾਂ ਨੂੰ, ਜੋ ਮੁਹੱਬਤ ਨਾਲ ਲਬਰੇਜ਼, ਮੋਹ ਨਾਲ ਲਬਾਲਬ ਭਰੇ ਹੋਏ ਦੁਨੀਆ ਦੇ ਸਭ ਤੋਂ ਵਧੀਆ ਤੇ ਪਿਆਰੇ ਖਤ ਹੁੰਦੇ ਸਨ।

"ਕਿਉਂ ਬਿਠਾ ਦਿੱਤਾ ਸੀ ਤੂੰ ਮੈਨੂੰ ਅਸਮਾਨ 'ਤੇ?" ਜਸਬੀਰ ਤੜਪ ਕੇ, ਬਹਿਬਲ ਹੋ ਕੇ, ਅਲੱਗ ਹੋ ਚੁੱਕੇ ਆਪਣੇ ਪਤੀ ਨੂੰ ਪੁੱਛਣ ਲੱਗ ਪਈ ਮਨ ਹੀ ਮਨ 'ਚ।... "ਕਿਉਂ ਜਤਾਇਆ ਏਨਾ ਪਿਆਰ ਕਿ ਮੈਂ ਸਿਰ ਉੱਚਾ ਕਰਕੇ ਜੀਣ ਲੱਗ ਪਈ। ਕਿਉਂ ਘੁੱਟ ਕੇ ਲਗਾਇਆ ਸੀ ਆਪਣੀ ਛਾਤੀ ਨਾਲ ਕਿ ਮੈਂ ਆਪਣੇ ਸਾਰੇ ਦੁੱਖ ਭੁੱਲ ਗਈ...ਆਪਣੀ ਸਾਰੀ ਇਕੱਲਤਾ, ਸਾਰੇ ਇਨਫਿਰੀਓਰਿਟੀ ਕੰਪਲੈਕਸ ਮੈਂ ਤੇਰੀ ਛਾਤੀ ਨਾਲ ਲੱਗ ਕੇ ਵਿੱਸਰ ਗਈ, ਜ਼ਿੰਦਗੀ ਜੀਣ ਦਾ ਹੁਨਰ ਤੂੰ ਕਹਿੰਦਾ ਸੀ ਨਾ ਤੂੰ ਸਿਖਿਆ ਸੀ ਮੇਰੇ ਕੋਲ਼ੋ...ਨਹੀਂ ਅਸਲ 'ਚ ਮੈਂ ਸਿਖਿਆ ਸੀ ਤੇਰੇ ਕੋਲ਼ੋਂ...ਚੀਜ਼ਾਂ ਨੂੰ ਪਾਜ਼ਿਟਿਵ ਲੈਣਾ, ਸੁਫਨੇ ਵੇਖਣਾ, ਤੇ ਹਮੇਸ਼ਾ ਕੁਝ ਚੰਗਾ ਹੋਣ ਦੀ ਉਮੀਦ ਰੱਖਣਾ, ਕਦੇ ਹਾਰ ਨਾ ਮੰਨਣਾ...ਬੱਸ ਰੱਜਕੇ ਜੀਣ ਨੂੰ ਜੀਅ ਕਰਨ ਲੱਗ ਪਿਆ ਸੀ ਉਦੋਂ...ਬੱਸ ਤੇਰਾ ਹੱਥ ਫੜ ਕੇ, ਤੇਰੇ ਕਦਮਾਂ ਦੇ ਨਿਸ਼ਾਨਾਂ 'ਤੇ ਕਦਮ ਰੱਖ ਕੇ...ਰੰਗੀ ਗਈ ਸਾਂ ਮੈਂ ਤੇਰੇ ਰੰਗ 'ਚ, ਤੇਰੇ ਲਗਾਅ 'ਚ.....ਪਰ ਜਦ ਆਪਾਂ ਇਕੱਠੇ ਰਹਿਣ ਲੱਗ ਪਏ ਵਿਆਹ ਵਰਗੇ ਸਿਰ ਉੱਚਾ ਕਰਕੇ ਜੀਣ ਵਾਲੇ ਬੰਧਨ 'ਚ ਬੱਝਕੇ, ਤਾਂ ਤੂੰ ਬੰਧਨ ਦੀਆਂ ਗੰਢਾਂ ਖੋਲ੍ਹਣ ਲੱਗ ਪਿਆ ਉਹਨੂੰ ਢਿੱਲਾ ਕਰਨ ਲਈ...ਕਿਉਂ ਮੇਰੇ ਜੀਵਨ ਸਾਥੀ ਕਿਉਂ? ਕਿਉਂ ਤੂੰ ਇੰਝ ਕਰਨ ਲੱਗ ਪਿਆ ਸੀ? ਕਿਉਂ ਤੂੰ ਵਾ-ਵਰੋਲ਼ੇ ਵਾਂਗ ਜੀਣਾ ਚਾਹਿਆ ਸਦਾ? ਵਾ-ਵਰੋਲ਼ਾ ਜੋ ਹਵਾ ਦੇ ਵਹਾਅ ਨਾਲ ਤੁਰ ਜਾਂਦਾ ਹੈ, ਕਿਤੇ ਦਾ ਕਿਤੇ...ਘੁੰਮਦਾ ਘੁੰਮਾਉਂਦਾ...ਕਿਤੇ ਠਹਿਰਾਅ ਤਾਂ ਚਾਹੀਦਾ ਹੈ ਨਾ ਜ਼ਿੰਦਗੀ 'ਚ...। ਤੂੰ ਮੈਨੂੰ ਕਹਿੰਦਾ ਸੀ, 'ਤੂੰ ਮੇਰੀ ਪ੍ਰੇਰਨਾ ਏਂ! ਤੂੰ ਮੈਨੂੰ ਸਮਰੱਥ ਬਣਾਇਆ ਹੈ, ਮੇਰੇ ਅੰਦਰ ਨਵੀਆਂ ਸੰਭਾਵਨਾਵਾਂ ਜਗਾਈਆਂ ਹਨ ਤੂੰ!' ਮੇਰੀਆਂ ਉਹੀ ਗੱਲਾਂ ਜੋ ਤੈਨੂੰ ਤੇਰੇ ਲਈ ਪ੍ਰੇਰਨਾ ਲੱਗਦੀਆਂ

ਸਨ, ਫੇਰ ਦਖਲ-ਅੰਦਾਜ਼ੀ ਲੱਗਣ ਲੱਗ ਪਈਆਂ। ਕਿਉਂਕਿ ਉਦੋਂ ਇਹ ਕਾਮਨਾ ਗੁਪਤਾ ਆ ਗਈ ਸੀ ਤੇਰੀ ਜ਼ਿੰਦਗੀ 'ਚ। ਫੇਰ ਇਕ ਦਮ ਤੂੰ ਮੇਰੇ ਵੱਲੋਂ ਬੇਨਿਆਜ਼ ਹੋ ਗਿਆ, ਬੇਮੁੱਖ! ਮੇਰੀਆਂ ਉਹੀ ਗੱਲਾਂ ਜੋ ਤੈਨੂੰ ਮੇਰੇ ਗੁਣ ਲੱਗਦੇ ਸਨ, ਫੇਰ ਉਨ੍ਹਾਂ ਨੂੰ ਹੀ ਔਗੁਣ ਬਣਾ ਕੇ ਕਾਮਨਾ ਗੁਪਤਾ ਨੂੰ ਦੱਸਣ ਲੱਗ ਪਿਆ...ਮੈਨੂੰ ਕਿਵੇਂ ਪਤਾ? ਪਤਾ ਤਾਂ ਲੱਗ ਜਾਂਦਾ ਹੈ ਨਾ, ਗੱਲਾਂ ਪਹੁੰਚ ਜਾਂਦੀਆਂ ਨੇ ਉਡਦੀਆਂ ਉਡਦੀਆਂ...। ਤੂੰ ਕਦੀ ਸੋਚਿਆ ਉਹ ਸਭ ਸੁਣ ਸੁਣ ਕੇ ਮੇਰੇ ਦਿਲ 'ਤੇ ਕੀ ਬੀਤਦੀ ਹੋਵੇਗੀ? ਇਹ ਦਿਲ ਦੁਖਾਉਣ ਲਈ ਥੋੜ੍ਹੈ ਦਿੱਤਾ ਸੀ ਤੈਨੂੰ...। ਏਨਾ ਪਿਆਰ ਇਹ ਸਭ ਵੇਖਣ ਲਈ ਥੋੜ੍ਹੈ ਕੀਤਾ ਸੀ ਮੈਂ ਤੈਨੂੰ.....

....ਪਤਾ ਨਹੀਂ ਮੈਂ ਤੈਨੂੰ ਦੱਸ ਵੀ ਸਕੀ ਕਿ ਨਹੀਂ ਕਦੀ...ਜਾਂ ਕਦੀ ਤੂੰ ਮੌਕਾ ਹੀ ਨਹੀਂ ਦਿੱਤਾ ਕਿ ਮੈਂ ਵੀ ਆਪਣੇ ਪਿਆਰ ਦਾ ਇਜ਼ਹਾਰ ਉਸੇ ਤਰ੍ਹਾਂ ਕਰ ਸਕਦੀ ਜਿਵੇਂ ਤੂੰ ਕਰਦਾ ਸੀ...ਅਸਲ ਵਿਚ ਤੂੰ ਹੀ ਹਰ ਵੇਲ਼ੇ ਏਨਾ ਇਜ਼ਹਾਰ ਕਰਦਾ ਸੀ ਕਿ ਮੈਂ ਗ਼ਰੂਰ 'ਚ ਹੀ ਭਰੀ ਰਹਿਣ ਲੱਗ ਪਈ ਸਾਂ...ਸੋਚਿਆ ਸੀ ਕੀ ਫਰਕ ਪੈਂਦਾ ਹੈ ਮੈਂ ਇਜ਼ਹਾਰ ਕਰਾਂ ਕਿ ਨਾ, ਤੂੰ ਤਾਂ ਮੇਰਾ ਹੀ ਹੈ ਨਾ, ਮੇਰੇ ਕੋਲ਼...ਪਤਾ ਉਦੋਂ ਲੱਗਾ ਜਦ ਪਤਾ ਵੀ ਨਾ ਲੱਗਾ ਕਿ ਕਦੋਂ ਤੂੰ ਦੂਰ ਜਾ ਚੁੱਕਾ ਸੀ...ਮੇਰਾ ਸਾਰਾ ਗ਼ਰੂਰ ਤੋੜਕੇ...." ਜਸਬੀਰ ਦੀਆਂ ਅੱਖਾਂ ਭਰ ਆਈਆਂ...। "ਕਿੰਨਾ ਅਪਮਾਨ ਹੈ ਇਹ ਇਕ ਪਤਨੀ ਲਈ ਜਦ ਉਸਦਾ ਪਤੀ ਕਿਸੇ ਹੋਰ 'ਤੇ ਮਰ ਮਿਟੇ... ਉਹੀ ਗੱਲਾਂ ਜੋ ਤੂੰ ਮੈਨੂੰ ਕਿਹਾ ਕਰਦਾ ਸੀ, ਉਹੀ ਗੱਲਾਂ ਤੂੰ ਇਸ ਕਾਮਨਾ ਗੁਪਤਾ ਨੂੰ ਕਹਿੰਦਾ ਹੋਏਂਗਾ...ਘੁੱਟ ਕੇ ਆਪਣੀ ਛਾਤੀ ਨਾਲ ਲਗਾਇਆ ਹੋਵੇਗਾ ਇਸਨੂੰ ਵੀ ਕਿ ਇਹ ਵੀ ਆਪਣੀਆਂ ਸਾਰੀਆਂ ਉਦਾਸੀਆਂ, ਚਿੰਤਾਵਾਂ, ਮੁਸ਼ਕਿਲਾਂ, ਤਕਲੀਫਾਂ ਭੁੱਲ ਗਈ ਹੋਵੇਗੀ। ਨਿਸਚਿੰਤ ਹੋ ਕੇ ਜੀਣ ਲੱਗ ਪਈ ਹੋਵੇਗੀ ਇਹ ਵੀ ਮੇਰੀ ਤਰ੍ਹਾਂ....।

"ਮੈਡਮ ਲੰਚ ਬਰੇਕ ਹੋ ਗਿਆ ਹੈ, ਦਾਦੀ ਕੇ ਕਮਰੇ ਮੇਂ ਖਾਨਾ ਲਗਾ ਹੈ, ਉਨੋਂ ਨੇ ਆਪ ਕੋ ਵਹਾਂ ਬੁਲਾਇਆ ਹੈ...", ਸਪਾਟ ਬੁਆਏ ਨੇ ਆ ਕੇ ਕਿਹਾ ਤਾਂ ਜਸਬੀਰ ਨੂੰ ਲੱਗਿਆ, ਉਹ ਤਾਂ ਡੂੰਘੀ ਕਿਸੇ ਖਾਈ 'ਚ ਡਿੱਗੀ ਪਈ ਸੀ, ਉਪਰੋਂ ਕਿਤੋਂ ਆਵਾਜ਼ ਆਈ ਹੈ, ਸਪਾਟ ਬੁਆਏ ਦੀ... ਉਸਨੇ ਆਪਣਾ ਚਿਹਰਾ, ਆਪਣੀਆਂ ਅੱਖਾਂ ਨੂੰ ਸ਼ੀਸ਼ੇ 'ਚ ਵੇਖਿਆ, ਪਾਣੀ ਦੇ ਦੋ ਘੁੱਟ ਪੀ ਕੇ ਆਪਣੇ ਆਪ ਨੂੰ ਨਾਰਮਲ ਕੀਤਾ ਤੇ ਨਾਲ ਵਾਲੇ ਦਾਦੀ ਦੇ ਮੇਕਅੱਪ ਰੂਮ ਵੱਲ ਚੱਲ ਪਈ।

ਫੇਰ ਰੋਜ਼ ਹੀ ਇੰਝ ਹੋਣ ਲੱਗਾ...ਉਹ ਜਦ ਵੀ ਘਰੋਂ ਸ਼ੂਟਿੰਗ ਲਈ, ਮਤਲਬ ਇਸ ਸੀਰੀਅਲ ਦੀ ਸ਼ੂਟਿੰਗ ਲਈ ਆਉਂਦੀ ਤਾਂ ਸੈੱਟ ਵਾਲੇ ਬੰਗਲੇ ਦੇ ਨੇੜੇ ਪਹੁੰਚ ਕੇ ਉਸਦਾ ਦਿਲ ਬੈਠਣ ਲੱਗਦਾ...ਜੀਅ ਕਰਦਾ ਉਹ ਇਸ ਸ਼ੂਟਿੰਗ 'ਤੇ ਨਾ ਜਾਵੇ, ਕੁਝ ਅਜਿਹਾ ਹੋ ਜਾਵੇ ਇਹ ਸੀਰੀਅਲ ਬੰਦ ਹੋ ਜਾਵੇ...ਜਾਂ ਮੈਂ ਰਿਪਲੇਸ ਹੋ ਜਾਵਾਂ ਜਾਂ ਕਾਮਨਾ ਗੁਪਤਾ ਰਿਪਲੇਸ ਹੋ ਜਾਵੇ... ਕਾਸ਼! ਮੈਂ ਉਸਦੀ ਸ਼ਕਲ ਨਾ ਵੇਖਾਂ...ਉਸਦੀ ਤਿੱਖੀ ਆਵਾਜ਼ ਮੇਰੇ ਕੰਨਾ 'ਚ ਨਾ ਪਵੇ..."

...ਪਰ ਕੁਝ ਵੀ ਨਾ ਹੋਇਆ। ਨਾ ਉਹ ਰਿਪਲੇਸ ਹੋਈ ਨਾ ਕਾਮਨਾ ਗੁਪਤਾ। ਨਾ ਸੀਰੀਅਲ ਬੰਦ ਹੋਇਆ। ਹਾਂ ਬੱਸ ਏਨਾ ਕੁ ਉਹ ਕਰ ਸਕੀ ਕਿ ਸ਼ੈਡਿਊਲਰ ਦੇ ਕੰਨ 'ਚ ਉਸਨੇ ਰਿਕੁਐਸਟ ਕੀਤੀ ਕਿ ਉਸ ਨਾਲ ਮੇਕਅੱਪ ਰੂਮ 'ਚ ਹੋਰ ਜਿਹਨੂੰ ਮਰਜ਼ੀ ਬਿਠਾ ਦੇਵੇ ਪਰ ਕਾਮਨਾ ਗੁਪਤਾ ਨੂੰ ਨਾ ਬਿਠਾਵੇ...ਵਿਚਾਰੇ ਸ਼ੈਡਿਊਲਰ ਨੇ ਇਹ ਪੁੰਨ ਕਮਾ ਲਿਆ ਕਿ ਹੁਣ ਉਸ ਨਾਲ ਕਿਸੇ ਹੋਰ ਨੂੰ ਬਿਠਾਉਣਾ ਸ਼ੁਰੂ ਕਰ ਦਿੱਤਾ...ਪਰ ਫੇਰ ਵੀ ਸੈੱਟ 'ਤੇ ਹਮੇਸ਼ਾ ਉਸਦਾ ਸਾਹਮਣਾ ਹੁੰਦਾ, ਹੋਣਾ ਹੀ ਸੀ, ਜ਼ਿਆਦਾਤਰ ਫੈਮਿਲੀ ਸੀਨ ਸ਼ੂਟ ਹੁੰਦੇ ਸਨ ਤੇ ਉਹ ਹੁੰਦੀ ਹੀ ਸੀ....ਇਕ ਤਾਂ ਐਕਟਰੈੱਸ ਵੀ ਉਹ ਏਨੀ ਮਾੜੀ ਸੀ, ਹਮੇਸ਼ਾ ਰੀਟੇਕਸ ਦਿੰਦੀ ਰਹਿੰਦੀ ਸੀ, ਫੇਰ ਦੂਜਾ ਇਹ ਕਿ ਅਕਸਰ ਸੈੱਟ 'ਤੇ ਲੇਟ ਆਉਂਦੀ ਸੀ, ਸਦਾ ਹੇਅਰ ਡਰੈੱਸਰ ਦੀ, ਮੇਕਅੱਪ ਮੈਨ ਦੀ, ਸਪਾਟ ਬੁਆਏਜ਼ ਦੀ ਕੰਪਲੇਂਟ ਕਰਦੀ ਰਹਿੰਦੀ ਸੀ...ਉਸਨੂੰ ਆਪਣੇ ਕਾਸਟਿਊਮਜ਼ ਪਸੰਦ ਨਹੀਂ ਆਉਂਦੇ ਸਨ...ਹਰ

ਚੀਜ਼ 'ਚ ਮੀਨ ਮੇਖ...ਹਰ ਗੱਲ ਨਾਪਸੰਦ...ਕਈ ਵਾਰ ਤਾਂ ਆਪਣੇ ਡਾਇਲਾਗਜ਼ ਨੂੰ ਲੈ ਕੇ ਵੀ ਮੂੰਹ ਬਣਾਉਂਦੀ ਸੀ ਵਿੰਗਾ ਜਿਹਾ ਕਿ ਅੱਛੇ ਨਹੀਂ ਲਿਖੇ ਗਏ...ਪਤਾ ਨਹੀਂ ਉਹ ਚਾਹੁੰਦੀ ਕੀ ਸੀ? ਜਾਂ ਆਪਣੇ ਆਪ ਨੂੰ ਸਮਝਦੀ ਕੀ ਸੀ? ਜਸਬੀਰ ਦੇ ਪਤੀ ਦੇਵ ਵਰਗੇ ਲੋਕ ਹੀ ਹੁੰਦੇ ਹਨ ਜੋ ਏਦਾਂ ਦੀਆਂ ਨੂੰ ਚਨੇ ਦੇ ਝਾੜ 'ਤੇ ਚੜ੍ਹਾ ਕੇ ਸੁਪੀਰੀਓਰਿਟੀ ਦਾ ਕੰਪਲੈਕਸ ਦੇ ਦਿੰਦੇ ਹਨ ਕਿ 'ਤੂੰ ਤਾਂ ਆਹ ਹੈਂ', ਤੂੰ ਤਾਂ ਉਹ ਹੈਂ'। 'ਮੈਂ ਤਾਂ ਹੈਰਾਨ ਹਾਂ ਕਿ ਮੇਰੇ ਪਤੀ ਦੇਵ ਨੂੰ ਇਸ 'ਚ ਨਜ਼ਰ ਕੀ ਆਇਆ?' ਜਸਬੀਰ ਸੋਚ ਰਹੀ ਸੀ...। "ਕੀ ਟੇਲੈਂਟ ਹੈ ਇਸ 'ਚ? ਨਾ ਐਕਟਿੰਗ 'ਚ ਦਮ, ਨਾ ਆਵਾਜ਼ 'ਚ...ਨਾ ਕਿਸੇ ਲੈਂਗੂਏਜ਼ 'ਤੇ ਕਮਾਂਡ ਤੇ ਨਾ ਹੀ ਬਿਹੇਵੀਅਰ 'ਚ ਕੋਈ ਮਿਠਾਸ ਜਾਂ ਨਿੱਘ...ਬੱਸ ਜ਼ਰਾ ਕੁ ਮਿਸ ਸਿਟੀ ਕੀ ਬਣੇ, ਤੁਰ ਪਏ ਮੁੰਬਈ ਨੂੰ ਬੂਥਾ ਚੁੱਕ ਕੇ ਹੀਰੋਇਨ ਬਣਨ...ਤੇ ਫੇਰ ਅਜ਼ਮਾਉਣਾ ਹਰ ਹੱਥਕੰਡਾ ਹੀਰੋਇਨ ਬਣਨ ਲਈ...ਫੇਰ ਅੱਗੋਂ ਕੋਈ ਨਾ ਕੋਈ ਤਾਂ ਵਿਹਲੜ ਡਾਇਰੈਕਟਰ ਫਸ ਹੀ ਜਾਊਗਾ ਜਾਲ਼ 'ਚ, ਜੋ ਆਪ ਭਾਵੇਂ ਅਜੇ ਕੁਝ ਬਣਿਆ ਹੀ ਨਾ ਹੋਵੇ ਪਰ ਤੁਹਾਨੂੰ ਕੁਝ ਬਣਾਉਣ ਲਈ ਜ਼ਰੂਰ ਜੁਟ ਜਾਊਗਾ....ਚਲੋ ਹੀਰੋਇਨ ਨਹੀਂ ਬਣਾ ਸਕੇਗਾ ਪਰ ਘੱਟੋ ਘੱਟ ਤੁਹਾਨੂੰ ਘੁੰਮਾਏਗਾ ਫਿਰਾਏਗਾ, ਤੁਹਾਡੀਆਂ ਨਿੱਤ ਦਿਹਾੜੀ ਦੀਆਂ ਲੋੜਾਂ ਪੂਰੀਆਂ ਕਰੇਗਾ, ਤੁਹਾਨੂੰ ਪੂਰੇ ਸ਼ਹਿਰ 'ਚ ਹੱਥਾਂ 'ਤੇ ਚੁੱਕੀ ਫਿਰੇਗਾ, ਤੁਹਾਡੀ ਜੀ ਹਜ਼ੂਰੀ ਕਰੇਗਾ...ਛੋਟੇ ਮੋਟੇ ਕੰਟਰੀ ਦੀਆਂ ਸੈਰਾਂ ਕਰਵਾ ਦਏਗਾ...ਆਪਣਾ ਘਰ-ਬਾਰ ਛੱਡਕੇ ਫੁੱਲ ਟਾਈਮ ਤੁਹਾਨੂੰ ਦਏਗਾ...ਤੇ ਤੁਸੀਂ ਦੋ ਚਾਰ ਸਾਲ ਐਸ਼ ਕਰਕੇ ਜਦ ਲੱਗੇ ਕਿ ਇਨ੍ਹਾਂ ਤਿਲ਼ਾਂ 'ਚ ਤਾਂ ਤੇਲ ਨਹੀਂ... ਕੋਈ ਆਸਾਰ ਜਦ ਨਜ਼ਰ ਨਾ ਆਏ ਹਿੰਦੀ ਫਿਲਮਾਂ 'ਚ ਹੀਰੋਇਨ ਬਣਨ ਦਾ, ਤਾਂ ਦੋ ਚਾਰ ਰੀਜਨਲ ਫਿਲਮਾਂ 'ਚ ਕੰਮ ਕਰਕੇ ਚਾਅ ਪੂਰਾ ਕਰ ਲਓ ਤੇ ਕੋਈ ਭਰੀ ਜੇਬ ਵਾਲਾ ਬਿਜ਼ਨਿਸਮੈਨ ਲੱਭ ਪਊ ਵਿਆਹ ਕਰਾਉਣ ਲਈ...ਫਿਰ ਖਹਿੜਾ ਛੱਡ ਦਿਓ ਉਸ ਵਿਹਲੜ ਡਾਇਰੈਕਟਰ ਦਾ ਜੋ ਸਭ ਕੁਝ ਛੱਡ-ਛੁਡਾਅ ਕੇ ਤੁਹਾਡਾ ਮਜਨੂੰ ਬਣਿਆ ਫਿਰਦਾ ਸੀ ਵਿਚਾਰਾ, ਜਿਸਨੇ ਅੱਧੀਆਂ ਬਾਹਾਂ ਦੀ ਕਮੀਜ਼ ਪਾਉਣੀ ਸ਼ੁਰੂ ਕਰ ਦਿੱਤੀ ਸੀ ਜੀਨਸ ਨਾਲ, ਤੇ ਉੱਤੋਂ ਕਾਲ਼ੀਆਂ ਐਨਕਾਂ ਲਾ ਕੇ ਜੋ ਦਿਨੋ ਦਿਨ ਜੁਆਨ ਹੋ ਰਿਹਾ ਸੀ...ਫੇਰ ਜਦ ਇਹੋ ਜਿਹੀ ਸੋਕਾਲਡ ਹੀਰੋਇਨ ਛੱਡ ਜਾਵੇ ਤਾਂ ਨਾ ਘਰ ਦਾ ਰਹਵੇ ਨਾ ਬਾਹਰ ਦਾ,,,।" ਪਤਾ ਨਹੀਂ ਕਿੰਨੀਆਂ ਬਲ਼ ਬਲ਼ ਉਠਦੀਆਂ ਸਨ ਜਸਬੀਰ ਦੇ ਅੰਦਰ... ਉਹ ਹਰ ਰੋਜ਼ ਵੇਖਦੀ ਪੈਕਅੱਪ ਤੋਂ ਬਾਅਦ ਇਸ ਕਾਮਨਾ ਗੁਪਤਾ ਦਾ ਪਤੀ, ਆਦਿਲ ਖਾਨ ਨਾਮ ਸੀ ਜਿਸਦਾ ਸ਼ਾਇਦ, ਉਸਨੂੰ ਲੈਣ ਆਉਂਦਾ ਸੀ...ਜਸਬੀਰ ਨੇ ਕੁਝ ਸਾਲ ਪਹਿਲਾਂ ਸੁਣਿਆ ਤਾਂ ਸੀ ਕਿ ਉਹ ਹੁਣ ਉਸਦੇ ਪਤੀ ਦੇਵ ਨੂੰ ਛੱਡਕੇ ਜਾ ਚੁੱਕੀ ਹੈ...ਪਰ ਇਹ ਨਹੀਂ ਸੀ ਪਤਾ ਕਿ ਆਪਣਾ ਘਰ ਵਸਾ ਕੇ ਦੋ ਬੱਚਿਆਂ ਨੂੰ ਜਨਮ ਵੀ ਦੇ ਚੁੱਕੀ ਹੈ...ਉਹ ਤਾਂ ਹੁਣ ਪਤਾ ਲੱਗਾ ਉਸ ਸੈੱਟ 'ਤੇ ਹੀ...ਇਕ ਸ਼ਰੀਫ ਜਿਹਾ ਪਤੀ ਜੋ ਪੈਕਅੱਪ ਦੇ ਇਕ ਇਕ ਘੰਟਾ ਪਹਿਲਾਂ ਹੀ ਸੈੱਟ ਤੋਂ ਬਾਹਰ ਬੈਠਾ ਰਹਿੰਦਾ, ਉਡੀਕਦਾ ਉਸਨੂੰ...। ਯਾਨੀ ਦੂਜਿਆਂ ਦੇ ਪਤੀ ਛੁਡਾ ਕੇ, ਆਪਣੇ ਲਈ ਇਕ ਵਧੀਆ ਪਤੀ ਚੁਣ ਲਏ ਜੋ ਤੁਹਾਡਾ ਇੰਤਜ਼ਾਰ ਕਰੇ, ਜ਼ਰਾ ਵੀ ਮੱਥੇ ਵੱਟ ਨਾ ਪਾਵੇ, ਤੁਸੀਂ ਜਦੋਂ ਮਰਜ਼ੀ ਸੈੱਟ ਤੋਂ ਬਾਹਰ ਆਵੋ, ਮੇਕਅੱਪ ਉਤਾਰ ਕੇ, ਆਰਾਮ ਨਾਲ ਤੁਰਦਿਆਂ, ਪਰ ਉਹ ਮੁਸਕਰਾ ਕੇ ਤੁਹਾਨੂੰ ਹਿਫਾਜ਼ਤ ਨਾਲ ਘਰ ਲੈ ਕੇ ਜਾਵੇ....ਘਰ, ਮਤਲਬ ਖੁਸ਼ਹਾਲ ਘਰ! ਤੇ ਦੂਜਿਆਂ ਦੇ ਘਰ? ਉਹ ਉਜਾੜ ਦਿਓ! ਉਹ ਪਤੀ ਤੋਂ ਸੱਖਣੇ ਕਰਕੇ ਇਕ ਅਧੂਰਾਪਨ ਭਰ ਦਿਓ...ਇਕ ਖਲਾਅ ਭਰ ਦਿਓ...ਇਕ ਅਜਿਹਾ ਖਾਲੀਪਣ ਭਰ ਦਿਓ ਜੋ ਕਦੀ ਪੂਰਾ ਨਾ ਹੋ ਸਕੇ... ਕਿਵੇਂ ਹੋਏਗਾ ਪੂਰਾ? ਕਿਸ ਮੂੰਹ ਨਾਲ ਜਾਏਗਾ ਪਤੀ ਘਰ 'ਚ ਵਾਪਸ ਤੇ ਕਿਸ ਦਿਲ ਨਾਲ ਕਰੇਗੀ ਪਤਨੀ ਉਸਨੂੰ ਉਹੀ ਪਿਆਰ ਜੋ ਉਸਨੂੰ ਰੋਂਦਿਆਂ ਛੱਡ ਗਿਆ ਸੀ, ਇਕੱਲੀ ਨੂੰ ਜੂਝਣ ਲਈ...ਆਪਣੇ ਆਪ ਨਾਲ, ਤੇ ਦੁਨੀਆਂ ਨਾਲ ਤੇ ਬੱਚਿਆਂ ਨਾਲ ਵੀ....ਸੈਲਫ ਕਾਨਫੀਡੈਂਸ ਖਤਮ ਹੋ ਜਾਂਦਾ ਹੈ ਬੱਚਿਆਂ ਦਾ ਵੀ। ਜਿੰਨੀਆਂ ਫੁਰਮਾਇਸ਼ਾਂ, ਜਿੰਨੀਆਂ ਮੰਗਾਂ ਬੱਚੇ ਆਪਣੇ ਬਾਪ

ਨਾਲ ਕਰਦੇ ਨੇ, ਮਾਂ ਨਾਲ ਕਿੱਥੇ? ਸਿੰਗਲ ਮਾਂ ਨਾਲ ਤਾਂ ਉਹਨਾਂ ਨੂੰ ਹਮਦਰਦੀ ਜਿਹੀ ਹੀ ਹੁੰਦੀ ਰਹਿੰਦੀ ਹੈ ਸਦਾ। ਉਹ ਅਲ੍ਹੜ ਤੇ ਬੇਫਿਕਰਾ ਬਚਪਨ ਕਿੱਥੇ ਰਹਿੰਦਾ ਹੈ ਬੱਚਿਆਂ ਦਾ ਇਕ ਬਰੋਕਨ ਪਰਿਵਾਰ ਵਿਚ...।

ਜਸਬੀਰ ਦੀਆਂ ਸੋਚਾਂ ਦਾ ਕੋਈ ਅੰਤ ਨਹੀਂ ਸੀ...ਦਿਨ ਬੀਤ ਤਾਂ ਰਹੇ ਸਨ ਪਰ ਬਹੁਤ ਸੰਤਾਪ 'ਚ...ਕਦੋਂ ਖਤਮ ਹੋਣਗੇ ਇਹ ਇਕਵੰਜਾ ਐਪੀਸੋਡ? ਕਦੋਂ ਖਤਮ ਹੋਏਗਾ ਉਸਦਾ ਇਹ ਤਣਾਉ...ਰੋਜ਼ ਉਸਨੂੰ ਸਾਹਮਣੇ ਵੇਖਕੇ ਉਹ ਕ੍ਰਿਝਦੀ ਰਹਿੰਦੀ ਸੀ, ਕਦੀ ਮਨ ਹੀ ਮਨ ਉਹ ਪਤੀ ਦੇਵ ਨਾਲ ਗੱਲਾਂ ਕਰਦੀ ਸੀ। ਕਦੀ ਉਸਨੂੰ ਕਾਮਨਾ ਗੁਪਤਾ 'ਤੇ ਗੁੱਸਾ ਚੜ੍ਹਦਾ ਸੀ ਜੋ ਕਿ ਹੁਣ ਕਾਮਨਾ ਗੁਪਤਾ ਖਾਨ ਬਣ ਚੁੱਕੀ ਸੀ, ਕਦੇ ਉਸਨੂੰ ਆਪਣੇ ਆਪ 'ਤੇ ਗ਼ੁੱਸਾ ਆਉਂਦਾ ਸੀ ਕਿ ਉਹ ਕਿਉਂ ਦੱਬੂ ਜਿਹੀ ਹੈ?

ਜਦੋਂ ਉਸਦਾ ਪਤੀ ਦੇਵ ਉਸਨੂੰ ਤੇ ਬੱਚਿਆਂ ਨੂੰ ਛੱਡਕੇ ਚਲਾ ਗਿਆ ਸੀ, ਉਹ ਕਿਉਂ ਨਹੀਂ ਕੁਝ ਕਰ ਸਕੀ? ਕਿਉਂ ਨਾ ਜਾ ਕੇ ਉਸਨੇ ਪਤੀ ਨੂੰ ਗਲਮੇਂ ਤੋਂ ਫੜਿਆ? ਕਿਉਂ ਨਾ ਜਾ ਕੇ ਉਸਦੀ ਲਾਹ ਪਾਹ ਕੀਤੀ? ਤੇ ਹੁਣ? ਹੁਣ ਵੀ ਉਹ ਕੀ ਕਰ ਰਹੀ ਹੈ? ਰੋਜ਼ ਇਸ ਕਾਮਨਾ ਗੁਪਤਾ ਦੀਆਂ ਬੇਹੂਦਗੀਆਂ ਵੇਖਦੀ ਹੈ...ਉਸਦੇ ਤਿੱਖੇ ਤੇ ਗੰਵਾਰ ਹਾਸੇ ਸੁਣਦੀ ਹੈ ਜੋ ਨਾਲ ਦੇ ਮੇਕਅੱਪ ਰੂਮ ਤੋਂ ਵੀ ਬਾਹਰ ਤਕ ਸੁਣਾਈ ਦਿੰਦੇ ਹਨ। ਤੇ ਉਹ ਸਿਵਾਏ ਟੈਨਸ਼ਨ 'ਚ ਆਉਣ ਤੋਂ ਹੋਰ ਕੀ ਕਰਦੀ ਹੈ? ਕੁਝ ਵੀ ਤਾਂ ਨਹੀਂ...ਨਾ ਕਿਸੇ ਨਾਲ ਆਪਣਾ ਇਹ ਦੁੱਖ ਸਾਂਝਾ ਕਰਦੀ ਹੈ ਤੇ ਨਾ ਹੀ ਪ੍ਰੋਡਿਊਸਰ ਨੂੰ ਲਿਖਕੇ ਦਿੰਦੀ ਹੈ ਕਿ ਮੈਂ ਇਹ ਸੀਰੀਅਲ ਛੱਡ ਰਹੀ ਹਾਂ...ਬੱਸ ਰੋਜ਼ ਐਪੀਸੋਡ ਗਿਣਦੀ ਰਹਿੰਦੀ ਹੈ ਕਿ ਕਿੰਨੇ ਰਹਿ ਗਏ ਸ਼ੂਟ ਹੋਣ ਲਈ...ਕਿੰਨੇ ਦਿਨ ਹੋਰ ਸ਼ੂਟ ਕਰਨਾ ਪਵੇਗਾ...ਕਦੋਂ ਇਹ ਸਜ਼ਾ ਖਤਮ ਹੋਵੇਗੀ...?

"ਮੈਮ ਆਜ ਆਪਕਾ ਬਹੁਤ ਜ਼ਬਰਦਸਤ ਪ੍ਰਫੋਰਮੈਂਸ ਵਾਲਾ ਸੀਨ ਹੈ, ਕਾਫੀ ਲੰਬਾ ਮੋਨੋਲਾਗ ਭੀ ਹੈ ਆਪਕਾ", ਉਹ ਅਜੇ ਆ ਕੇ ਹੀ ਬੈਠੀ ਸੀ ਮੇਕਅੱਪ ਰੂਮ 'ਚ ਕਿ ਅਸਿਸਟੈਂਟ ਆ ਕੇ ਖੁਸ਼ ਹੋ ਕੇ ਦੱਸਣ ਲੱਗਾ...।

ਜਸਬੀਰ ਤਿਆਰ ਹੋ ਗਈ ਜਦੋਂ ਮੁਕਅੱਪ ਕਰਵਾ ਕੇ ਅਤੇ ਕਾਸਟਿਊਮ ਪਹਿਨ ਕੇ, ਫੇਰ ਉਸਨੇ ਸੀਨ ਪੜ੍ਹਨਾ ਸ਼ੁਰੂ ਕੀਤਾ ਤਾਂ ਕਿ ਡਾਇਲਾਗਜ਼ ਯਾਦ ਕਰ ਲਵੇ। ਸਾਰੇ ਡਾਇਲਾਗਜ਼ ਜੋ ਅੱਜ ਉਸਨੇ ਬੋਲਣੇ ਸਨ ਸਭ ਕਾਮਨਾ ਗੁਪਤਾ ਨੂੰ ਹੀ ਸੰਬੋਧਤ ਸਨ, ਕਿਉਂਕਿ ਸੀਨ ਹੀ ਅਜਿਹਾ ਸੀ ਕਿ ਭੂਆ ਭਰਾ ਦੇ ਘਰ ਆ ਕੇ ਕੋਈ ਸਾਜ਼ਿਸ਼ ਕਰਦੀ ਹੈ, ਘਰ ਦੇ ਬੇਟਿਆਂ ਨੂੰ ਭੜਕਾਉਂਦੀ ਹੈ ਕਿ ਆਪਣੇ ਹਿੱਸੇ ਦੀ ਜਾਇਦਾਦ ਲੈ ਕੇ ਅੱਡ ਹੋ ਜਾਓ ਵਗੈਰਾ ਵਗੈਰਾ। ਉਹ ਅਲੱਗ ਹੋ ਜਾਂਦੇ ਨੇ...ਘਰ ਦੀ ਬੇਟੀ ਵੀ ਮਾਂ-ਬਾਪ ਦੇ ਖਿਲਾਫ ਹੋ ਕੇ ਘਰ ਛੱਡ ਦਿੰਦੀ ਹੈ...ਸਾਰਾ ਘਰ ਭੂਆ ਦੀ ਸਾਜ਼ਿਸ਼ ਦੇ ਕਾਰਨ ਵਿਖਰ ਜਾਂਦਾ ਹੈ, ਪਰ ਘਰ ਦਾ ਨੌਕਰ ਜੋ ਭੂਆ ਦੀਆਂ ਸਾਜ਼ਿਸ਼ਾਂ ਤੋਂ ਵਾਕਫ ਹੁੰਦਾ ਹੈ, ਉਸਦੀ ਪੋਲ ਖੋਲ੍ਹ ਦਿੰਦਾ ਹੈ।...ਹੁਣ ਸੀਨ ਸੀ ਕਿ ਘਰ ਦੀ ਮਾਲਕਿਣ ਯਾਨੀ ਜਸਬੀਰ ਭੂਆ ਨੂੰ ਖਰੀ ਖੋਟੀ ਸੁਣਾਵੇਗੀ ਤੇ ਸੀਨ 'ਚ ਇਹ ਵੀ ਲਿਖਿਆ ਸੀ ਕਿ ਖੂਬ ਬੁਰਾ-ਭਲਾ ਕਹਿਣ ਤੋਂ ਬਾਅਦ ਜਸਬੀਰ ਭੂਆ ਦੇ ਥੱਪੜ ਵੀ ਮਾਰੇਗੀ...।

ਸੈੱਟ 'ਤੇ ਸਾਰੇ ਆਰਟਿਸਟ ਪਹੁੰਚ ਗਏ ਸਨ। ਅਜਿਹੇ ਸੀਨ ਦੀ ਜਿਸ 'ਚ ਥੱਪੜ ਵਗੈਰਾ ਜਾਂ ਮਾਰ-ਕੁੱਟ ਕਰਨੀ ਹੋਵੇ ਉਸਦੀ ਰਿਹਰਸਲ ਨਹੀਂ ਕਰਾਈ ਜਾਂਦੀ, ਸਿਰਫ ਡਾਇਲਾਗਜ਼ ਮਕੈਨੀਕਲ ਤਰੀਕੇ ਨਾਲ ਬੋਲ ਕੇ ਵੇਖ ਲਏ ਜਾਂਦੇ ਹਨ। ਸੋ ਜਦੋਂ ਸਿਰਫ ਡਾਇਲਾਗਜ਼ ਦੀ ਰਿਹਰਸਲ ਹੋ ਗਈ ਤਾਂ ਸਭ ਆਰਟਿਸਟਾਂ ਨੂੰ ਇਕ ਖੁਲ੍ਹੇ ਦਾਇਰੇ 'ਚ ਖੜ੍ਹਾ ਕਰ ਦਿੱਤਾ ਗਿਆ। ਸਿਰਫ ਜਸਬੀਰ ਨੂੰ ਕਾਮਨਾ ਗੁਪਤਾ ਦੇ ਸਾਹਮਣੇ ਖੜ੍ਹਾ ਕਰ ਦਿੱਤਾ ਗਿਆ। ਖੜ੍ਹੇ ਹੋਣ ਦੇ ਫਰਸ਼ 'ਤੇ ਮਾਰਕ ਲਗਾ ਦਿੱਤੇ ਗਏ। ਉਸਨੂੰ ਯਾਦ ਆਇਆ ਜਦ ਉਹ ਨਵੀਂ ਨਵੀਂ ਮੁੰਬਈ 'ਚ ਆ ਕੇ

ਐਕਟਿੰਗ ਕਰਨ ਲੱਗੀ ਸੀ ਤੇ ਜਦ ਅਜਿਹਾ ਕੋਈ ਸੀਨ ਹੁੰਦਾ ਸੀ ਜਿਸ 'ਚ ਉਸਨੇ ਕਿਸੇ ਦੂਸਰੇ ਆਰਟਿਸਟ ਦੇ ਥੱਪੜ ਮਾਰਨਾ ਹੁੰਦਾ ਸੀ ਤਾਂ ਹਮੇਸ਼ਾ ਡਾਇਰੈਕਟਰ ਜਾਂ ਚੀਫ ਅਸਿਸਟੈਂਟ ਸਮਝਾਉਂਦੇ ਹੁੰਦੇ ਸਨ ਕਿ 'ਦੇਖੋ, ਹਾਥ ਭਰ ਕੀ ਦੂਰੀ ਰੱਖ ਕੇ ਖੜ੍ਹੇ ਹੋ ਜਾਓ, ਜਬ ਆਪ ਹਾਥ ਲਹਿਰਾ ਕੇ ਲਾਓ ਗੀ ਥੱਪੜ ਮਾਰਨੇ ਕੇ ਲੀਏ ਤੋ ਹਾਥ ਸਾਮਨੇ ਵਾਲੇ ਆਰਟਿਸਟ ਕੋ ਲਗਨਾ ਨਹੀਂ ਚਾਹੀਏ, ਸਿਰਫ ਹਵਾ ਮੇਂ ਹੀ ਸਾਮਨੇ ਵਾਲੇ ਆਰਟਿਸਟ ਕੇ ਨਾਕ ਕੇ ਸਾਮਨੇ ਸੇ ਹੋ ਕਰ ਨਿਕਲ ਜਾਨਾ ਚਾਹੀਏ। ਬੱਸ ਪਰਦੇ ਪਰ ਲਗੇਗਾ ਆਪਨੇ ਥੱਪੜ ਮਾਰਾ ਹੈ, ਅਸਲ ਮੇਂ ਜ਼ਰਾ ਵੀ ਨਹੀਂ ਛੂਨਾ ਚਾਹੀਏ ਸਾਮਨੇ ਵਾਲੇ ਕੋ!' ਤੇ ਜੇ ਸੀਨ ਹੋਵੇ ਕਿ ਕੋਈ ਉਸਨੂੰ ਥੱਪੜ ਮਾਰੇਗਾ, ਤਾਂ ਵੀ ਡਾਇਰੈਕਟਰ ਜਾਂ ਚੀਫ ਅਸਿਸਟੈਂਟ ਸਮਝਾਉਂਦਾ ਸੀ, "ਦੇਖੋ ਜਬ ਸਾਮਨੇ ਵਾਲਾ ਆਰਟਿਸਟ ਹਾਥ ਲਹਿਰਾ ਕੇ ਲਾਏ ਤੋ ਉਸਕੇ ਹਾਥ ਕੇ ਸਾਥ ਹੀ ਅਪਨਾ ਚਿਹਰਾ ਰਾਈਟ ਕੋ ਘੁਮਾਨਾ ਹੈ ਐਕਸਪਰੈਸ਼ਨ ਕੇ ਸਾਥ, ਮਾਨੋ ਆਪ ਕੋ ਥੱਪੜ ਲਗ ਗਿਆ ਹੈ...ਬੱਸ ਟਾਈਮਿੰਗ ਬਰਾਬਰ ਹੋਨੀ ਚਾਹੀਏ।"

ਪਰ ਅੱਜ ਕਿਸੇ ਨੇ ਉਸਨੂੰ ਕੁਝ ਨਹੀਂ ਸਮਝਾਇਆ। ਹੁਣ ਕੌਣ ਸਮਝਾਵੇ? ਲੋੜ ਹੀ ਨਹੀਂ ਸੀ ਸਮਝਾਉਣ ਦੀ, ਸਭ ਨੂੰ ਪਤਾ ਸੀ ਕਿ ਤਜੁਰਬੇਕਾਰ ਆਰਟਿਸਟ ਹੈ, ਏਨੇ ਸਾਲਾਂ ਤੋਂ ਕੰਮ ਕਰ ਰਹੀ ਹੈ ਇੰਡਸਟਰੀ 'ਚ, ਹੁਣ ਕੁਝ ਸਮਝਾਉਣਾ ਮਤਲਬ ਹੇਠੀ ਕਰਨ ਵਾਲੀ ਗੱਲ ਹੈ ਅਰਟਿਸਟ ਦੀ। ਸਿਰਫ ਹੱਥ ਦੀ ਦੂਰੀ ਰੱਖ ਕੇ ਖੜ੍ਹੇ ਹੋਣ ਦੇ ਮਾਰਕ ਲਗਾ ਦਿੱਤੇ ਗਏ। ਤੇ ਸਾਊਂਡ, ਕੈਮਰਾ, ਐਕਸ਼ਨ ਤੋਂ ਬਾਅਦ ਸੀਨ ਸ਼ੂਟ ਹੋਣਾ ਸ਼ੁਰੂ ਹੋ ਗਿਆ...ਇਕ ਅੱਧਾ ਡਾਇਲਾਗ ਦਾਦੀ ਬੋਲਦੀ ਹੈ, ਇਕ ਅੱਧਾ ਡਾਇਲਾਗ ਘਰ ਦਾ ਮਾਲਕ ਬੋਲਦਾ ਹੈ, ਏਨੀ ਦੇਰ ਉਹ ਸਿਰਫ ਗ਼ੁੱਸੇ ਨਾਲ ਭੂਆ ਵੱਲ ਵੇਖਦੀ ਹੈ, ਉਸਦਾ ਗ਼ੁੱਸਾ ਬਿਲਡਅੱਪ ਹੁੰਦਾ ਹੈ, ਫੇਰ ਉਹ ਡਾਇਲਾਗਜ਼ ਬੋਲਣੇ ਸ਼ੁਰੂ ਕਰਦੀ ਹੈ, ਗ਼ੁੱਸੇ 'ਚ ਕੰਬਦੀ ਹੋਈ...ਡਾਇਲਾਗਜ਼ ਵੀ ਕੁਝ ਅਜਿਹੇ ਹੀ ਸਨ ਕਿ ਕਿਆ ਬਿਗਾੜਾ ਥਾ ਮੈਂ ਨੇ ਤੇਰਾ? ਕਿਉਂ ਜ਼ਹਿਰ ਘੋਲਾ ਤੁਮਨੇ ਮੇਰੀ ਜ਼ਿੰਦਗੀ ਮੇਂ? ਕਿਉਂ ਫੂਟ ਡਾਲੀ ਮੇਰੇ ਪਰਿਵਾਰ ਮੇਂ? ਕਿਉਂ ਨਹੀਂ ਜੀਨੇ ਦੇਤੀ ਤੁਮ ਹਮੇਂ? ਕਿਆ ਮਿਲਾ ਤੁਮਹੇਂ ਮੇਰੇ ਪਰਿਵਾਰ ਕੋ ਤੋੜ ਕਰ? ਚਲੀ ਕਿਉਂ ਨਹੀਂ ਜਾਤੀ ਤੁਮ ਯਹਾਂ ਸੇ? ਕਿਉਂ ਚਲੀ ਆਤੀ ਹੋ ਬਾਰ ਬਾਰ ਮੇਰੀ ਆਂਖੋਂ ਕੇ ਸਾਮਨੇ? ਬਹੁਤ ਹੋ ਚੁਕਾ, ਅਬ ਮੈਂ ਔਰ ਬਰਦਾਸ਼ਤ ਨਹੀਂ ਕਰੂੰਗੀ...ਦੂਰ ਹੋ ਜਾਓ ਮੇਰੀ ਨਜ਼ਰੋਂ ਸੇ...ਮੈਂ ਤੁਮਹਾਰੀ ਸੂਰਤ ਹੀ ਨਹੀਂ ਦੇਖਨਾ ਚਾਹਤੀ...ਘਿਨ ਆਤੀ ਹੈ ਮੁਝੇ ਤੁਮ ਪਰ, ਘਿਨ...ਦਫਾ ਹੋ ਜਾਓ ਯਹਾਂ ਸੇ...ਦਫਾ ਹੋ ਜਾਓ ਮੇਰੀ ਨਜ਼ਰੋਂ ਕੇ ਸਾਮਨੇ ਸੇ...ਦਫਾ ਹੋ ਜਾਓ..."

ਉੱਚੀ ਕੜਕਦੀ ਆਵਾਜ਼...ਅੱਖਾਂ 'ਚੋਂ ਵਰ੍ਹਦੀ ਅੱਗ...ਪੂਰੇ ਦਾ ਪੂਰਾ ਜਿਸਮ ਨਫਰਤ 'ਚ ਕੰਬਦਾ ਹੋਇਆ...ਲੱਗਦਾ ਸੀ ਆਸਮਾਨ ਹੀ ਫਟ ਜਾਏਗਾ ਅੱਜ...ਫਿਰ ਇਕ ਸ਼ੂਕਦਾ ਹੋਇਆ ਥੱਪੜ ਏਨੀ ਜ਼ੋਰ ਨਾਲ ਕਾਮਨਾ ਦੇ ਮੂੰਹ 'ਤੇ ਵੱਜਾ ਕਿ ਉਹ ਆਪਣੇ ਮਾਰਕ ਤੋਂ ਤਿੰਨ ਫੁੱਟ ਦੂਰ ਜਾ ਡਿੱਗੀ...ਡਾਇਲਾਗਜ਼ ਬੋਲਦੀ ਹੋਈ ਜਸਬੀਰ ਪਤਾ ਨਹੀਂ ਕਿਹੜੇ ਵੇਲ਼ੇ ਆਪਣੇ ਮਾਰਕ ਤੋਂ ਕਈ ਇੰਚ ਅੱਗੇ ਆ ਚੁੱਕੀ ਸੀ....ਡਾਇਰੈਕਟਰ ਕੱਟ ਕਹਿਣਾ ਭੁੱਲ ਗਿਆ ਸੀ ਤੇ ਸੈੱਟ 'ਤੇ ਪਿੰਨਡਰਾਪ ਸਾਇਲੈਂਸ ਹੋ ਚੁੱਕੀ ਸੀ। ਬੱਸ ਗੂੰਜ ਰਹੀ ਸੀ ਤਾਂ ਇਕ ਸ਼ੂਕਦੇ ਹੋਏ ਥੱਪੜ ਦੀ ਗੂੰਜ....। 000

*(2/402 , "Anushka", Oshiwara Mhada,*
*Opp Oshiwara Police Station, Andheri West,*
*Mumbai-53*
*Phone: 98190-77617*
*Email: kulbirbadesron20@gmail.com)*

## ਝਾਂਜਰਾਂ ਵਾਲ਼ੇ ਪੈਰ: ਕਹਾਣੀ: ਅਰਵਿੰਦਰ ਕੌਰ ਧਾਲੀਵਾਲ

ਲੈ...ਐ..., ਸੱਚੀਂ...ਈਂ...! ਤੁਸੀਂ ਕੀ ਕਹਿੰਦੇ..., ਭਾਈਯਨ...ਮੈਂ ਝੂਠ ਬੋਲਦਾਂ...!

ਆਹੋ...ਓ...,ਧਾਨੂੰ ਕਿੱਥੋਂ ਯਕੀਨ ਆਉਣਾ ਮੇਰੇ ਕਹੇ ਤੇ...!

ਪਰ...ਭਾਈਯਨ, ਕਸਮ ਜੇ ਅੱਲ੍ਹਾ ਪਾਕ ਦੇ ਕਲਮੇ ਦੀ...!!

ਕੀ ਕਿਹਾ? ਭਕਾਈ ਮਾਰਦਾਂ ਮੈਂ...ਨਾ...ਨਾ...ਨਾ...ਨਾ...,ਅਸਲੋਂ ਨਹੀਂ ਜੀ...।

ਹੁੰਦਾ ਜੀ ਏਦਾਂ...,ਹੁੰਦਾ...ਆ...ਾ...ਏ।

ਤੁਸੀਂ ਕੀ ਕਹਿੰਦੇ...,ਮੁਰਦਿਆਂ ਨਾਲ...!

ਹਾਂ ਜੀ...ਈ...!!

ਲੈ ਮੈਨੂੰ ਕੀ ਜ਼ਰੂਰਤ, ਧਾਡੇ ਨਾਲ ਝੂਠ ਬੋਲਣ ਦੀ...ਬਿਲਕੁਲ ਏ ਨਹੀਂ ਜੀ...ਮੈਂ ਸੱਚਾ ਬੰਦਾਂ ਜੀ...ਬਲਕਿ ਹੁਣ ਤਾਂ ਮੈਂ ਸਿਰਫ਼ ਸੱਚ ਈ ਕਹਿੰਦਾਂ...।

ਕੀ ਕਿਹਾ? ਭਕਾਈ ਨਹੀਂ ਜੀ ਮਾਰਦਾ ਮੈਂ...ਨਾ...ਨਾ...ਨਾ...ਨਾ...,ਪਹਿਲਾਂ ਮਾਰਦਾ ਸੀ ਮੈਂ ਕਦੀ-ਕਦੀ, ਝੂਠ...!

ਬੱਸ ਜੀ! ਧਾਡੇ ਸਾਹਮਣੇ ਈ...ਜਿਸ ਦਿਨ ਜੱਜ ਸਾਹਿਬ ਨੇ ਕਿਹਾ ਸੀ...ਸਿਰਫ਼ ਸੱਚ ਈ ਬੋਲਣਾ...ਬੱਸ ਜੀ ਕੁਰਾਨ 'ਤੇ ਹੱਥ ਰਖਾ ਲਿਆ ਸੀ ਮੇਰਾ...ਫਿਰ ਕੀ ਜੀ...ਸੱਚ ਬੋਲਿਆ ਸੀ ਮੈਂ ਉਸ ਦਿਨ, ਪਰ ਜੀ...,ਪੂਰਾ ਸੱਚ ਨਹੀਂ ਸੀ ਦੱਸਿਆ,...ਜੀ...।

ਬੱਸ ਜੀ, ਆਹ ਸੀਨੇ 'ਚ ਦੱਬ ਲਿਆ ਸੀ ਮੈਂ...ਅੱਧਾ ਸੱਚ...ਕੀ ਕਿਹਾ?...ਨਹੀਂ ਭਾਈਯਨ ...ਦੱਸਦਾਂ...ਦੱਸਦਾਂ...! ਮੈਂ...ਪਰ...ਪਰ ਕੀ! ਭਾਈਯਨ...,ਹਾਹ ਆਪਣੇ ਸ਼ਪਾਹੀ ਤੋਂ ਇਕ ਬੀੜੀ ਤਾਂ ਲੈ ਦਿਉ...ਭਾਈਯਨ।

ਹਾਹੋ ਭਾਈਯਨ, ਇਹ ਬੀੜੀ ਸਾਲ਼ੀ ਜਦੋਂ ਬਲ਼ਦੀ ਜੇ ਨਾ...ਬੱਸ ਫਿਰ ਅੰਦਰ ਜੰਮੀ ਸੱਚ ਦੀ ਤਹਿ ਪਿਘਲਣੀ ਜੇ...ਬੱਸ ਧੂੰਆਂ ਈ ਧੂੰਆਂ ਅੰਦਰ ਬਾਹਰ ਭਾਈਯਨ...!

ਪਰ ਭਾਈਯਨ...ਇਹ ਸੱਚ ਹੁੰਦਾ ਬੜਾ ਖ਼ਬੀਸ ਜੇ...ਬੰਦੇ ਦੀਆਂ ਵਿਰਲਾਂ ਵਿਚੋਂ ਧੂੰਆਂ ਬਣ ਕੇ ਰਿਸਣ ਲੱਗ ਜਾਂਦਾ...!

ਲੈ ਭਾਈਯਨ...! ਕੀ ਗੱਲਾਂ ਕਰਦੇ ਓ...ਜਦੋਂ ਬੰਦੇ ਦਾ ਕੰਮ-ਕਾਰ ਈ ਐਸਾ ਹੋਏ...ਯਾਨੀ ਪੇਸ਼ਾ...ਹਾਹੋ...ਕਿ ਲਾਸ਼ਾਂ ਸਾਂਭ-ਸਾਂਭ...ਕੇ ਰੱਖਣ ਦਾ, ਭਾਈਯਨ!

ਕੀ ਕਿਹਾ...ਨਾ...ਨਾ...ਨਾ...ਨਾ...।

ਲਉ, ਮੈਂ ਐਵੇਂ ਈ ਸਿਰ ਮਾਰਦਾਂ ਕਿਤੇ...ਵੇਖੋ ਭਾਈਯਨ, ਸਾਰਾ ਦਿਨ...ਕਈ ਵਾਰੀ ਸਾਰੀ ਰਾਤ ਵੀ, ਮਾਰਫ਼ਾਲੀਨ ਦੀ ਬਦਬੂ...ਸਾਲ਼ੀ ਨੱਕ ਵਿਚ ਵੜ ਕੇ...ਅੰਦਰ ਤਕ...ਰਗ-ਰਗ ਵਿਚ ਵੜ ਗਈ ਸੀ।

ਹਾਹੋ ਜੀ, ਬੱਸ ਅੰਦਰ-ਬਾਹਰ ਬੂ ਹੀ ਬੂ...ਜਿਵੇਂ ਮਾਰਫ਼ਾਲੀਨ ਵਿਚ ਹੀ ਜੰਮਿਆ-ਪਲਿਆ ਹੋਵਾਂ।

ਕੀ ਕਹਿੰਦੇ ਭਾਈਯਨ ਤੁਸੀਂ...ਝੂਠ! ਨਾ...ਨਾ...ਨਾ...ਨਾ...ਭਾਈਯਨ, ਝੂਠ ਨਹੀਂ ਕਹਿੰਦਾ ਮੈਂ...ਤੁਸੀਂ ਆਪ ਸਿਆਣੇ...ਓ...ਹੋਰ ਸਾਡੀ ਕੌਮ ਦੇ ਲੋਕਾਂ ਨੇ ਕਿਤੇ ਡਾਕਟਰ ਜਾਂ ਅਫ਼ਸਰ ਬਣਨਾ ਹੁੰਦਾ...ਏ...! ਹਾ ਈ...ਰਹਿੰਦ-ਖੂਹੰਦ ਸਾਂਭਣੀ ਹੁੰਦੀ ਭਾਈਯਨ...ਚਾਹੇ ਉਹ ਜ਼ਿੰਦਾ ਲੋਕਾਂ ਦੀ ਹੋਵੇ ਤੇ ਚਾਹੇ ਉਹ ਹੋਵੇ ਮੁਰਦਿਆਂ ਦੀ...!

ਕੀ ਕਿਹਾ...? ਮੇਰਾ ਪਿਉ...ਅੱਲ੍ਹਾ ਜੰਨਤ ਨਸੀਬ ਕਰੇ ਜੀ ਉਹਨੂੰ...ਮੇਰੇ ਅੱਬੇ ਵਰਗਾ ਕਿਹਨੇ ਹੋਣਾ, ਭਾਈਯਨ। ਅੱਲ੍ਹਾ ਦੀ ਨੇਕ ਰੂਹ ਸੀ...ਗ਼ੁਲਾਮ ਮੁਹੰਮਦ...ਉਹਦੇ ਵਰਗਾ ਧੀਰਾ ਬੰਦਾ, ਏਨਾ ਸੀਲ ਭਾਈਯਨ, ਮੈਂ...ਇਸ ਮੁਲਕ 'ਚ ਨਹੀਂ ਦੇਖਿਆ...! ਹਾਹੋ, ਸੱਚ ਈ ਨਹੀਂ ਜੇ ਦੇਖਿਆ...।

ਲਉ ਤੁਸੀਂ ਆਪ ਸਿਆਣੇ ਓ...ਦੱਸੋ...!

ਬੰਦਾ ਹੋਵੇ ਕਸਾਈ...ਤੇ ਹੋਵੇ ਵੀ ਏਨਾ ਨਰਮ ਮਜ਼ਾਜ...ਮਿਲਦੀਆਂ ਕਿਤੇ ਦੋਵੇਂ ਗੱਲਾਂ ਆਪਸ ਵਿਚ...ਪਰ ਹੈ ਇਹ ਸੱਚ ਜੀ...ਲਾ ਲਉ ਸੁਾਬ..., ਕਿ...ਬੱਕਰੇ ਦੀ ਗਰਦਨ 'ਤੇ ਛੁਰੀ ਫੇਰਨੀ ਨਾ, ਬੱਕਰੇ ਨੂੰ ਵੀ ਪਤਾ ਨਹੀਂ ਲੱਗਦਾ ਸੀ...ਕਿ...ਬਈ ਉਹ ਜ਼ਿਬ੍ਹਾ ਹੋ ਰਿਹੈ।

ਹਾਹੋ, ਭਾਈਯਨ ਬਿਲਕੁਲ ਈ ਸੱਚ ਜੇ...ਕਿਸੇ ਹਮਸਾਏ ਤਕ ਨੇ, ਕਿਸੇ ਬੱਕਰੇ ਦੀ ਕਦੀ ...ਚੂੰ ਵੀ...ਨਹੀਂ ਸੀ ਸੁਣੀ... ਲਉ, ਮੈਂ ਕੋਈ ਝੂਠ ਬੋਲਦਾਂ...ਨਾ...ਨਾ...ਨਾ...ਨਾ...।

ਲੈ...ਕੀ ਕਹਿੰਦੇ ਤੁਸੀਂ, ਮੈਂ...ਮੈਂ...! ਆਪਣੇ ਬਾਪ-ਦਾਦਾ ਦਾ ਕੰਮ ਕੀ ਸੰਭਾਲਣਾ ਸੀ...? ਮੇਰੇ ਕੋਲੋਂ ਤੇ ਕਦੇ ਕੀੜੀ ਨਾ ਮਰੇ ਜੀ...,ਉਹ ਵੀ ਭਾਈਯਨ, ਮੈਨੂੰ ਅੱਲ੍ਹਾ ਦੀ ਜੀਅ ਹੀ ਲੱਗਦੀ!

ਕੀ ਕਿਹਾ ਜੇ...ਭਕਾਈ ਮਾਰਦਾਂ ਮੈਂ...ਨਾ...ਨਾ...ਨਾ...ਕਸਮ ਜੇ ਅੱਲ੍ਹਾ ਪਾਕ ਦੇ ਕਲਮੇ ਦੀ...!

ਅੱਬੇ ਦਾ ਕੰਮ ਤਾਂ ਰਾਸ਼ਦ ਨੇ ਸੰਭਾਲਿਆ ਸੀ ਜੀ...ਰਾਸ਼ਦ! ਮੇਰਾ ਵੱਡਾ ਭਰਾ ਜੀ... ਸੱਚੀਂ ...!

ਪਰ ਭਾਈਯਨ..., ਉਹ ਮੇਰੇ ਅੱਬੇ ਅਰਗਾ ਉਸਤਾਦ ਨਾ ਸੀ ਜੀ...ਨਾਂਹ!! ਚਿੱਚ..., ਬਿਲਕੁਲ ਨਹੀਂ ਜੀ...ਉਹ ਤਾਂ ਬੱਕਰਾ ਜ਼ਿਬ੍ਹਾ ਕਰਦਾ ਤਾਂ ਉਹਦੀਆਂ...ਅੱਲ੍ਹਾ ਦੇ ਜੀਅ ਦੀਆਂ ਲੇਰਾਂ ਕੱਢਵਾ ਦਿੰਦਾ ਹੁੰਦਾ ਸੀ ਜੀ...ਮੈਂ ਤਾਂ ਜੀ ਬੱਸ...ਬੱਸ ਕੰਨਾਂ 'ਤੇ ਹੱਥ ਰੱਖ ਕੇ ਅੰਦਰ ਵੜ ਜਾਂਦਾ ਹੁੰਦਾ ਸੀ ਜੀ...!

ਕੀ ਕਹਿੰਦੇ ਭਾਈਯਨ ਤੁਸੀਂ..., ਮੈਂ ਝੂਠ ਬੋਲਦਾਂ...?

ਨਹੀਂ ਜੀ ਨਹੀਂ...ਇਹ ਤਾਂ ਉਹ ਕਮਜ਼ਾਤ ਜ਼ਨਾਨੀ ਕਰਕੇ ਦਿਲਵਧੀ ਹੋ ਗਈ ਜੀ...ਹਾਹੋ ਜੀ! ਮੇਰੀ ਘਰਆਲੀ...ਲਾਲੀ ਜੀ... ਲਾਲੀ...!

ਉਹੀਉ ਜੀ ਉਹੀਉ, ਪੁਆੜੇ ਦੀ ਜੜ੍ਹ..., ਜੀ..., ਉਸੇ ਦੇ ਕਤਲ ਦੀ ਸਜ਼ਾ ਕੱਟੀ ਜੀ ਮੈਂ ...! ਧਾਡੇ ਸਾਹਮਣੇ...ਹਾਂ ਜੀ...!

ਕੀ ਦੱਸਾਂ ਜੀ ਭਾਈਯਨ, ਮੇਰੀ ਅੰਮਾਂ...ਹਾਂ ਜੀ...,ਅੰਮਾਂ! ਉਹ ਕਹਿੰਦੀ ਹੁੰਦੀ ਸੀ... ਜ਼ਨਾਨੀ ਚਾਹਵੇ ਤਾਂ ਘਰ ਜੰਨਤ...ਤੇ ਜ਼ਨਾਨੀ ਦੀ ਮਰਜ਼ੀ ਹੋਏ ਤਾਂ ਘਰ ਦੋਜ਼ਖੋਂ ਭੈੜਾ...!!

ਦੱਸਦਾਂ ਭਾਈਯਨ...ਦੱਸਦਾਂ...ਜ਼ਰਾ ਕੁ ਸਬਰ ਕਰੋ...!

ਭਾਈਯਨ, ਮੈਂ ਤਾਂ ਜੀ...ਫੁੱਲਾਂ ਵਾਂਗੂੰ ਰੱਖੀ ਹੋਈ ਸੀ ਭਾਈਯਨ ਉਹ, ਬੜੀ ਮੁਹੱਬਤ ਕਰਦਾ ਸੀ ਜੀ ਮੈਂ...ਉਹਨੂੰ...!

ਕੀ ਕਿਹਾ ਭਾਈਯਨ...! ਮੈਂ ਨਹੀਂ ਜੀ ਭਕਾਈ ਮਾਰਦਾ...ਨਾ...ਨਾ...ਨਾ...ਨਾ...!!

ਬੱਸ ਜੀ ਕੁੱਝ ਹਾਲਾਤ ਦਾ ਕਸੂਰ ਜੀ...ਤੇ ਭਾਈਯਨ, ਕੁੱਝ ਮੇਰਾ ਕਸੂਰ...!

ਕੀ ਕਿਹਾ...? ਹਾਂ ਜੀ...ਖ਼ਰਾਬ ਬੰਦਾ ਨਹੀਂ ਸੀ ਜੀ ਮੈਂ...ਇਹ ਤਾਂ ਜੀ ਲਾਲਚ ਕਰਨ ਲੱਗ ਗਿਆ ਮੈਂ...ਫਿਰ ਲਾਲਚ ਭੁੱਸ ਬਣ ਗਿਆ ਜੀ...ਹੋਰ ਕੀ ?

ਭਾਈਯਨ, ਸੱਭ ਸ਼ੈਵਾਂ ਬੰਦੇ ਦੇ ਅੰਦਰ ਹੁੰਦੀਆਂ...ਕਦੋਂ ਕਿਹੜੀ ਸਿਰ ਚੁੱਕ ਲੈਂਦੀ...ਪਤਾ ਨੀਂ ਲੱਗਦਾ...ਬੱਸ ਮੈਨੂੰ ਵੀ ਭਾਈਯਨ, ਪਤਾ ਹੀ ਨਹੀਂ ਲੱਗਿਆ...!

ਸਮਝ ਲਉ...ਪਈ ਜੇ ਉਹ ਰਾਤ ਨਾ ਆਉਂਦੀ ਨਾ ਭਾਈਯਨ ਤਾਂ...!!

000

ਕੀ ਦੱਸਾਂ ਭਾਈਯਨ...ਇਹ ਜੋ ਜ਼ਨਾਨੀ ਹੁੰਦੀ ਆ ਨਾ...ਜ਼ਨਾਨੀ..., ਇਹ ਬੰਦੇ ਦੀ ਦੁੱਖਦੀ ਰਗ ਹੁੰਦੀ...ਸ਼ਾਹ ਰਗ ਈ ਹੁੰਦੀ ਹਸਾਬ ਨਾਲ... ਬੱਸ ਜੀ ਸ਼ਾਹ ਰਗ ਈ ਵੱਢ ਲਈ...ਆਪਣੇ ਇਨ੍ਹਾਂ ਹੱਥਾਂ ਨਾਲ...!!

ਕੀ ਕਹਿੰਦੇ...ਭਾਈਯਨ..., ਨਾ...ਨਾ...ਨਾ...ਨਾ...।

ਤੁਸੀਂ ਕਹਿੰਦੇ ਪਈ ਜ਼ਮਾਨੇ ਦੇ ਦਸਤੂਰ ਆ...ਹਾਹੋ ਜੀ ਠੀਕ ਕਹਿੰਦੇ ਤੁਸੀਂ ਪਈ...ਘਰ ਦੀ ਕੰਧ, ਘਰ 'ਚ ਹੀ ਡਿੱਗੀ ਸੀ...ਭਾਈਯਨ...ਮੈਂ ਸਬਰ ਕਰ ਜਾਂਦਾ ਭਾਈਯਨ...ਪਰ...!

ਪਰ ਭਾਈਯਨ ਵਿਹੜਾ ਤਾਂ ਜੀ ਮੇਰਾ ਹੀ ਨਸ਼ਰ ਹੋ ਗਿਆ ਸੀ ਨਾ...।

ਤੁਸੀਂ ਆਪ ਸਿਆਣੇ ਓ...!!

000

ਕੀ ਕਿਹਾ ਜੇ! ਖ਼ਮੋਸ਼ ਕਿਉਂ ਹੋ ਗਿਆਂ ਵਾਂ...!

ਭਾਈਯਨ...ਆਪਣਾ ਰਾਸ਼ਦ...ਹਾਂ ਜੀ...ਉਹਦਾ ਦੋ ਵਾਰੀ ਘਰ ਵਸਾਇਆ ਭਾਈਯਨ...ਦੋ ...ਦੋ ਨਿਕਾਹ...! ਪਰ...ਪਰ ਟਿਕੀ ਇਕ ਵੀ ਨਾ...ਕੋਈ ਕਹਿੰਦੀ ਤੇਰਾ ਪੇਸ਼ਾ ਮਾੜਾ...ਕੋਈ ਕਹਿੰਦੀ ਤੇਰੇ ਵਿਚੋਂ ਬੋਅ ਪਈ ਆਂਦੀ ਏ...!

ਕਸਮ ਜੇ ਅੱਲ੍ਹਾ ਪਾਕ ਦੇ ਕਲਮੇ ਦੀ...ਬਈ ਵਿਚ ਕੀ ਗੱਲ ਸੀ? ਇਹ ਨਹੀਂ ਸੀ ਕੋਈ ਜਾਣਦਾ ਜੀ...ਬੱਸ ਜੀ ਮੁੱਕਦੀ ਗੱਲ...ਉਹਨੂੰ ਮੁੜ ਜ਼ਨਾਨੀ ਨਹੀਂ ਜੁੜੀ...ਭਾਈਯਨ...!

ਹਾਂ ਜੀ...ਤੁਸੀਂ ਠੀਕ ਕਹਿੰਦੇ ਓ...ਭਾਈਯਨ ਅੰਮਾਂ...! ਅੰਮਾਂ ਵਰਗੀਆਂ ਜ਼ਨਾਨੀਆਂ ਕਿਤੇ ਰੋਜ਼- ਰੋਜ਼ ਬਣਦੀਆਂ ਸੂ...!

ਬੱਸ ਜੀ..., ਉਹ ਵਿਚਾਰੀ ਤਾਂ ਘਰ ਦੇ ਵਿਹੜੇ ਵਿਚ ਝਾਂਜਰਾਂ ਵਾਲੇ ਪੈਰ ਵੇਖਣ ਨੂੰ ਤਰਸਦੀ ਤੁਰ ਗਈ...!!

ਕੀ ਕਿਹਾ ਜੇ, ਅੱਬਾ...? ਅੱਬਾ ਤਾਂ ਚੰਗਾ ਭਲਾ ਸੀ...ਬੱਸ ਚੰਗਾ ਭਲਾ ਹੀ ਨਹੀਂ ਸੀ ਉੱਠਿਆ ਇਕ ਦਿਨ...।

ਹਾਂਜੀ...ਮੇਰਾ ਨਿਕਾਹ ਹੋ ਗਿਆ ਸੀ ਜੀ ਉਦੋਂ...ਹਾਂ ਜੀ...!

ਬੱਸ ਜੀ...ਕੀ ਦੱਸਾਂ ਭਾਈਯਨ...ਅੱਬਾ ਕੀ ਗਿਆ... ਏਸ ਕਮਜ਼ਾਤ ਨੂੰ ਮੌਜਾਂ ਲੱਗ ਗਈਆਂ ...ਜੀ...।

ਨਾ...ਨਾ...ਨਾ...ਨਾ...ਭਾਈਯਨ...ਉਦੋਂ ਤਾਂ ਚੰਗੀ-ਭਲੀ ਸੀ ਜਦੋਂ ਨਵੀਂ-ਨਵੀਂ ਸੀ...ਜੀ ..., ਉਦੋਂ ਸ਼ੁਰੂ-ਸ਼ੁਰੂ ਵਿਚ ਤਾਂ ਅੰਦਰ ਹੀ ਦੜੀ ਰਹਿੰਦੀ ਕਿ ਮੈਨੂੰ ਰਾਸ਼ਦ ਤੋਂ ਡਰ ਲੱਗਦੈ...ਕਦੀ-ਕਦੀ ਕਲੇਸ਼ ਵੀ ਕਰਦੀ..., ਰਾਸ਼ਦ ਨੂੰ ਕਹਿ ਕਿ ਉਹ ਬੱਕਰਾ ਘਰ ਤੋਂ ਬਾਹਰ ਹੀ ਜ਼ਿਬ੍ਹਾ ਕਰਿਆ ਕਰੇ...ਮੈਨੂੰ ਖ਼ੂਨ ਦੇਖ ਕੇ ਕੁੱਝ ਹੁੰਦੈ...ਕਦੇ ਕਿਹਾ ਕਰੇ ਕਿ ਮੈਨੂੰ ਮੁਸ਼ਕ ਆਉਂਦੈ...ਮੈਨੂੰ ਖ਼ੌਫ਼ ਆਉਂਦੈ ...।

ਕੀ ਭਾਈਯਨ...ਤੁਸੀਂ ਕੀ ਕਹਿੰਦੇ...? ਰਾਸ਼ਦ! ਉਹ ਕਿੱਥੇ ਹੱਟਦਾ...?

ਉਹ ਤਾਂ ਭਾਈਯਨ ਇਸਨੂੰ ਸਗੋਂ ਖਿਝਾਉਂਦਾ...ਉਹਨੇ ਤਾਂ ਸਗੋਂ ਜਾਨਵਰ ਈ ਵਿਹੜੇ ਵਿਚ ਲੱਗੇ ਸੁਖਚੈਨ ਦੇ ਬੂਟੇ ਦੇ ਥੱਲੇ...ਹਾਂ ਜੀ...ਬੂਟੇ ਨਾਲ ਬੰਨ੍ਹ ਕੇ ਤੇ ਉੱਥੇ ਈ...ਉੱਥੇ ਜ਼ਿਬ੍ਹਾ ਕਰਨਾ ....!

ਕੀ ਕਹਿੰਦੇ ਭਾਈਯਨ...ਇਕ ਕਿ ਦੋ...ਮੈਂ ਤਾਂ ਕਈ ਵਾਰ ਮਨ੍ਹਾਂ ਕੀਤਾ ਪਰ, ਸਗੋਂ ਨਾ ਹੱਟਦਾ...ਖ਼ੂਨ ਵਿਹੜੇ ਵਿਚ ਮਿੱਟੀ ਵਿਚ ਜਜ਼ਬ ਹੋ ਜਾਣਾ...ਤੇ ਮਿੱਟੀ ਹੋਰ ਈ ਤਰ੍ਹਾਂ ਦੀ ਹੋਈ ਰਹਿਣੀ...ਹਾਂਜੀ ਭਾਈਯਨ।

ਅੰਮਾਂ ਨੇ ਲਾਇਆ ਸੀ ਜੀ ਇਹ ਬੂਟਾ...ਤੇ ਮਾਸ਼ਾੱਲਾਹ ਅੰਮਾਂ ਦੇ ਹੁੰਦਿਆਂ ਈ ਕਿੰਨਾ ਸੋਹਣਾ ਹੋ ਗਿਆ ਸੀ ਜੀ...ਹਰਾ...ਹਰਾ ਕਚੂਰ। ਬੱਸ ਜੀ! ਅੰਮਾਂ ਕੀ ਗਈ...ਸੁੱਖਚੈਨ ਵੀ ਉਹਦੇ ਨਾਲ ਈ ਚਲਾ ਗਿਆ।

ਨਹੀਂ ਭਾਈਯਨ..., ਮੈਂ ਕੀ ਫ਼ਲਸਫ਼ਾ ਝਾੜਨਾ...ਬੱਸ ਜੀ...ਅੱਜ ਚਲੇ ਈ ਜਾਣਾ ਜੀ ਇੱਥੋਂ ....ਤੁਹਾਡੇ ਨਾਲ ਕਰਾਰ ਨਾ ਕੀਤਾ ਹੁੰਦਾ ਤਾਂ ਮੈਂ...ਮੈਂ ਕਿੱਥੇ ਮੂੰਹ ਖੋਲ੍ਹਦਾ ਸੀ ਭਾਈਯਨ...।

ਵੇਖ ਲਉ...ਕਿੰਨੇ ਸਾਲ...! ਕਿੰਨੇ ਸਾਲ..., ਭਾਈਯਨ ਗਿਣੋ ਭਲਾ ਉਂਗਲੀਆਂ 'ਤੇ...ਕਿੰਨੇ ਸਾਲ ਤੁਹਾਡੇ ਸਾਏ ਥੱਲੇ ਬਿਤਾਏ ਜੇ, ਭਾਈਯਨ!!

ਨਾ...ਨਾ...ਨਾ...ਨਾ...ਭਾਈਯਨ ਲਾਲੀ! ਬਿਲਕੁਲ ਨਹੀਂ ਭਾਈਯਨ, ਉਹ ਤਾਂ ਸ਼ੁਰੂ-ਸ਼ੁਰੂ ਵਿਚ ਚੰਗੀ ਬੜੀ ਸੀ...ਬੱਸ...ਲਾਲਚ ਭਾਈਯਨ...ਲਾਲਚ ਮਾਰ ਜਾਂਦੇ ਬੰਦੇ ਨੂੰ...ਖੁਦਗਰਜ਼ੀਆਂ ਲੈ ਬਹਿੰਦੀਆਂ ਨੇ...!

ਵੇਖੋ ਨਾ ਭਾਈਯਨ! ਤੁਸੀਂ ਆਪ ਸਿਆਣੇ ਓ! ਜੇ...! ਜੇ ਮੈਂ ਈ ਚੱਜ ਦਾ ਹੁੰਦਾ ਤਾਂ...ਤਾਂ ਸੀ ਨਾ...! ਬੱਸ ਜੀ... ਕਦੇ-ਕਦੇ ਬੰਦੇ ਦੇ ਅੰਦਰ ਦਾ ਸ਼ੈਤਾਨ ਜਾਗ ਉੱਠਦੈ, ਭਾਈਯਨ...।

ਤੇ ਇਹ ਸ਼ੈਤਾਨ...! ਇਹ ਤਾਂ ਸਭ ਤੋਂ ਜ਼ਿਆਦਾ ਖੁਦਗਰਜ਼ ਏ...। ਲੈ, ਤੇ ਹੋਰ ਕੀ...ਮੈਂ ਕੋਈ ਝੂਠ ਬੋਲਦਾਂ...!!

ਨਾ...ਨਾ...ਨਾ...ਨਾ...ਭਾਈਯਨ, ਇਹ ਤਾਂ ਅੱਬੇ ਦੀ ਰੇਹੜੀ ਸੀ ਨਾ ਬੱਕਰੇ, ਮੁਰਗੇ ਦੇ ਅਚਾਰ ਦੀ...ਸਦਰ ਚੌਂਕ 'ਚ...ਬੱਸ ਜੀ ਉੱਥੇ..., ਉੱਥੇ ਈ ਮਿਲੇ ਸਨ ਡਾਕਟਰ ਜਮੀਲ...ਹਾਹੋ ਡਾਕਟਰ ਜਮੀਲ ਸ਼ਹਿਰ ਦੇ ਮੈਡੀਕਲ ਕਾਲਜ ਦੇ ਸਭ ਤੋਂ ਵੱਡੇ ਡਾਕਟਰ...ਅਚਾਰ ਲਿਜਾਂਦੇ ਹੁੰਦੇ ਸੀ ਜੀ ਉਹ ਅੱਬੇ ਤੋਂ...ਉੱਥੋਂ ਈ ਨਾਲ ਲੈ ਗਏ ਸਨ ਮੈਨੂੰ...ਤੇ ਉੱਥੇ...ਉੱਥੇ ਮੁਰਦਾਖ਼ਾਨੇ ਰਖਾ ਤਾ ਸੀ ਉਹਨਾਂ...ਹਾਂ ਜੀ...

ਬਿਲਕੁਲ ਜੀ... ਬੜਾ ਹਸਾਨ ਸੀ ਜੀ ਉਹਨਾਂ ਦਾ ਜੀ...!

ਪਰ...! ਭਾਈਯਨ ਕੀ ਦੱਸਾਂ...! ਉੱਥੇ ਸੀ ਜੀ ਉਹ ਮੁਰਦਾਖ਼ਾਨੇ ਦਾ ਇੰਚਾਰਜ... ਜੈਲੀ! ...ਹਾਂ ਜੀ ਜੈਲੀ ਪਰਧਾਨ ਕਹਿੰਦੇ ਸੀ ਉਹਨੂੰ...ਬੱਸ ਜੀ ਉਸ ਨੇ ਸਖਾਈਆਂ ਜੀ...ਇਹ ਕੁੱਤੀਆਂ ਜਾਚਾਂ...!!

ਕੀ...? ਨਾ...ਨਾ...ਜੀ...ਨਾ...ਨਾ...ਮੈਂ ਕਿਉਂ ਕਿਸੇ ਦਾ ਨਾਮ ਲਾਉਣੈ ਜੀ..., ਮੈਂ ਤਾਂ ਆਪ ਕਹਿਨਾ ਕਿ ਕਸੂਰ ਤਾਂ ਮੇਰੇ ਅੰਦਰਲੇ ਸ਼ੈਤਾਨ ਦਾ ਸੀ...!

ਬੱਸ ਜੀ ਉਸ ਜੈਲੀ ਨੇ ਹੱਥਾਂ 'ਤੇ ਪਾ ਲਿਆ ਜੀ ਮੈਨੂੰ ਭਾਈਯਨ...ਕੀ ਦੱਸਾਂ ਜੀ ਉਹਨੇ ਭਾਈਯਨ..., ਜੈਲੀ ਪਰਧਾਨ ਨੇ ਜੀ...ਉਹਨੇ ਕਈ ਖਾਧੀਆਂ ਪੀਤੀਆਂ ਸਨ...ਮੁਰਦਾ ਵੀ ਤੇ ਜ਼ਿੰਦਾ ਵੀ...!

ਕੀ...? ਨਾ...ਨਾ...ਨਾ...ਨਾ...ਜੀ ਮੁਰਦਾ ਜ਼ਨਾਨੀਆਂ ਨਾਲ ਜੀ...ਜੈਲੀ ਪਰਧਾਨ ਨੇ ਸਿਖਾਇਆ ਸੀ ਜੀ ਇਹ ਸਭ ਭਾਈਯਨ...ਕੀ ਪੁੱਛਦੇ ਓ...? ਕਿੱਦਾਂ...ਕਿੱਦਾਂ ਕੀ ਭਾਈਯਨ... ਉਦਾਂ ਹੀ ਜਿੱਦਾਂ ਜ਼ਿੰਦਾ ਜ਼ਨਾਨੀ ਨਾਲ ਜੀ...ਹੋਰ ਕੀ...!!

ਹਾਂਜੀ...ਭਾਈਯਨ! ਠੀਕ ਹੀ ਕਹਿੰਦੇ ਓ ਤੁਸੀਂ, ਬੇੜਾ ਹੀ ਗ਼ਰਕ ਹੋ ਗਿਆ ਸੀ ਜੀ ਮੇਰਾ ਤੇ ...ਬੱਸ...ਜਾਣੋ ਜੀ, ਖ਼ੂਨ ਮੂੰਹ ਨੂੰ ਲੱਗ ਗਿਆ ਸੀ ਜੀ ਮੇਰੇ, ਭਾਈਯਨ...।

ਕੀ ਕਿਹਾ ਤੁਸੀਂ...? ਹਰ ਇਕ ਜ਼ਨਾਨੀ ਨਾਲ...? ਨਹੀਂ ਜੀ... ਹਰ ਇਕ ਨਹੀਂ... ਸਿਰਫ਼ ਜਿਹੜੀ ਸਾਬਤ ਹੁੰਦੀ ਸੀ ਜੀ...ਕੋਈ ਸੜੀ-ਫੂਕੀ ਜਾਂ ਕੋਈ ਵੱਢੀ-ਟੁੱਕੀ ਨਹੀਂ ਜੀ ..... ਕਸਮ ਐ ਜੀ ਅੱਲ੍ਹਾ ਪਾਕ ਦੇ ਕਲਮੇ ਦੀ ..... ਖ਼ਰਾਬ ਲਾਸ਼ ਨਾਲ ਤਾਂ ਕਦੀ ਵੀ ਨਹੀਂ ਜੀ...!

ਕੀ ਪੁੱਛਦੇ ਭਾਈਯਨ...? ਰੱਬ ਸੁਹਣੇ ਨੇ ਦਿਮਾਗ਼ ਦਰੁਸਤ ਵੀ ਕਰਨਾ ਹੁੰਦੈ...ਭਾਈਯਨ ...ਕਾਫ਼ਰ ਨੂੰ ਸਹੀ ਰਸਤੇ 'ਤੇ ਅੱਲ੍ਹਾ ਨੇ ਆਪ ਲਿਆਉਣਾ ਹੁੰਦਾ ਜੀ...!

ਕੀ ਕਹਿੰਦੇ ਤੁਸੀਂ...? ਖ਼ੌਫ਼ ਨਹੀਂ ਸੀ ਮੈਨੂੰ...! ਹਾਂਜੀ ਉਦੋਂ ਤਾਂ ਵਾਕਈ ਨਹੀਂ ਸੀ ਖ਼ੌਫ਼ ...! ਸ਼ੈਤਾਨ ਸਿਰ ਚੜ੍ਹ ਬੋਲਣ ਲੱਗਦਾ ਸੀ ਜੀ ਜਦੋਂ ਚੰਗੀ ਭਲੀ ਮੁਰਦਾ ਜ਼ਨਾਨੀ ਨੂੰ ਚੈਂਬਰ 'ਚ ਪਾਣ ਲੱਗਦੇ...!

ਕੀ ਕਿਹਾ...ਨਾ...ਨਾ...ਨਾ...ਨਾ..., ਲਾਲੀ ਨੂੰ ਕਦੀ ਨਹੀਂ ਭਿਣਕ ਲੱਗਣ ਦਿੱਤੀ ਜੀ...!!

ਬੱਸ ਭਾਈਯਨ ਅੱਲ੍ਹਾ ਨੇ ਸਜ਼ਾ ਦੇਣੀ ਸੀ...ਸਬਕ ਦੇਣਾ ਸੀ ਮੈਨੂੰ...!

ਕੀ ਕਿਹਾ...ਭਕਾਈ ਮਾਰਦਾਂ..., ਨਹੀਂ ਜੀ...ਸੱਚੇ ਰੱਬ ਨੇ ਉਹ ਦਿਨ ਰੱਖਿਆ ਸੀ ਜੀ... ਸਬਕ ਸਿਖਾਉਣ ਦਾ ਦਿਨ...ਉਹ ਦਿਨ ਨਾ ਆਉਂਦਾ ਭਾਈਯਨ...ਉਹ ਦਿਨ...!!

ਉਸ ਦਿਨ..., ਘਰੋਂ ਤਾਂ ਸ਼ੈਤਾਨ... ਹਾਂ ਜੀ ਸ਼ੈਤਾਨ ਹੀ ਗਿਆ ਸੀ ਜੀ ਕੰਮ 'ਤੇ ਪਰ..., ਪਰ ਵਾਪਸ ਮੁੜਨ ਵਾਲਾ ਸ਼ੈਤਾਨ ਨਹੀਂ ਸੀ ਜੀ...ਉਹ ਤਾਂ ਉੱਥੇ ਹੀ ਰਹਿ ਗਿਆ ਸੀ...ਮੈਂ ਤਾਂ ਬੱਸ ਆਪਣਾ ਮੁਰਦਾ ਆਪ ਘਸੀਟ ਕੇ ਲੈ ਆਇਆ ਸੀ ਘਰ..., ਭਾਈਯਨ...!

000

ਕਸਮ ਐ ਜੀ, ਅੱਲ੍ਹਾ ਪਾਕ ਦੇ ਕਲਮੇ ਦੀ...! ਮੇਰਾ ਆਪਣੇ ਆਪ 'ਤੇ ਕੋਈ...ਅਖ਼ਤਿਆਰ ਹੀ ਨਹੀਂ ਸੀ ਰਿਹਾ...ਨਾ ਜੀ...ਚੁੱਪ-ਗੜੁੱਪ...!

ਕੀ ਪੁੱਛਦੇ ਓ? ਲਾਲੀ...! ਲਾਲੀ ਕੁੱਝ ਕੁ ਦਿਨ ਤਾਂ ਚੁੱਪ ਰਹੀ...ਭਾਈਯਨ...ਧਾਨੂੰ ਪਤੈ ...! ਸੀ ਤਾਂ ਉਹ ਵੀ ਗਰਮ ਤਬੀਅਤ...ਬੱਸ ਜੀ...ਕੀ ਕਹਾਂ?

ਭਾਈਯਨ, ਕੁੱਝ ਦਿਨ ਤਾਂ ਉਹਨੇ ਕੱਢੇ...ਬਈ ਸ਼ਾਇਦ ਮੇਰੀ ਤਬੀਅਤ ਠੀਕ ਨਹੀਂ...ਦਿਲ ਨਹੀਂ ਰਾਜ਼ੀ...ਰੂਹ ਨਹੀਂ ਮੰਨਦੀ...ਪਰ ਕਿੰਨੇ ਦਿਨ ਭਾਈਯਨ...? ਇਹ ਜ਼ਨਾਨੀ ਜ਼ਾਤ ਨੂੰ ਮਾਰ ਹੁੰਦੀ ਏ...ਚਾਰ ਦਿਨ ਤਾਂ ਕੱਢੂ ਚਾਈਂ-ਚਾਈਂ ਬਈ ਖ਼ਸਮ ਘਰ ਐ... ਪਰ ਪੰਜਵੇਂ ਕੁ ਦਿਨ... ਬੱਸ ਛੜਾਂ ਮਾਰਨ ਲੱਗ ਜਾਂਦੀ ਜੀ...।

ਕੀ ਕਹਿੰਦੀ ਸੀ...? ਕਹਿਣਾ ਕੀ ਸੀ ਉਹਨੇ ਭਾਈਯਨ...ਇਹੋ ਈ, ਭਈ ਕੰਮ 'ਤੇ ਜਾ ... ਤੂੰ ਕੱਚਾ ਆਂ... ਹੁਣ ਤਾਂ ਨੌਕਰੀ ਪੱਕੀ ਹੋਣੀ ਆਂ...ਬੱਸ ਜੀ ਆਹੀ ਕੁੱਝ...ਜੀ!

ਠੀਕ ਕਹਿੰਦੇ ਓ ਤੁਸੀਂ...ਹਾਹੋ, ਰਾਸ਼ਦ ਨੂੰ ਵੀ ਹੁਣ ਉਹ ਰੋਟੀ ਫੜਾਉਣ ਲੱਗ ਪਈ ਸੀ... ਹਾਂ ਜੀ ਉਹੋ ਹੀ ਰਾਸ਼ਦ...ਜ੍ਹਿਤੋਂ ਮੁਸ਼ਕ ਆਉਂਦਾ ਹੁੰਦਾ ਸੀ ਜੀ ਇਸਨੂੰ...ਹਾਂ ਜੀ...ਉਸੇ ਸੁਖਚੈਨ ਦੇ ਥੱਲੇ...ਮੈਂ ਆਪ ਕਈ ਵਾਰ ਹੱਸ-ਹੱਸ ਕੇ ਉਹਦੇ ਲਾਗੇ ਬੈਠੀ ਗੱਲਾਂ ਕਰਦੀ ਵੇਖੀ ਜੀ...ਹਾਂ ਜੀ... ਉਸੇ ਖ਼ੂਨੀ ਮਿੱਟੀ 'ਤੇ ਡੱਠੇ ਮੰਜੇ 'ਤੇ ਜੀ...ਇਹਦੇ ਝਾਂਜਰਾਂ ਵਾਲੇ ਪੈਰ ਝੂਲਦੇ ਵੇਖੇ ਸੀਜੀ ਮੈਂ...!

ਕੀ ਕਿਹਾ ਭਾਈਯਨ...ਹਾਂਜੀ ਸ਼ਾਇਦ ਹੋ ਵੀ ਸਕਦੈ...ਪਰ ਪਤਾ ਨਹੀਂ ਜੀ..., ਕੀ ਪਤਾ, ਸੱਚ ਈ ਹੋਏ...ਧਾਡੀ ਗੱਲ...!

ਬੱਸ ਭਾਈਯਨ ਮੈਂ ਤਾਂ ਅੰਦਰੇ ਪਏ ਰਹਿਣਾ ਜਾਂ...ਜਾਂ ਬਾਹਰ ਥੜ੍ਹੀ 'ਤੇ ਆ ਕੇ ਬੈਠੇ ਰਹਿਣਾ ...ਮੇਰੇ ਕੋਲ ਭਾਈਯਨ...ਭੂਰੇ ਕੁੱਤੇ ਨੇ ਆਹੋ ਜੀ...ਉਸੇ ਭੂਰੇ ਨੇ ਬੈਠੇ ਰਹਿਣਾ...ਆਪਣੀ ਰੋਟੀ 'ਚੋਂ ਚੱਪਾ ਕੁ ਮੈਂ ਉਹਨੂੰ ਪਾ ਛੱਡਣੀ...ਬੱਸ ਜੀ...ਦਿਨ ਕੱਟਦਾ ਸੀ ਜੀ ਮੈਂ...ਕਿਵੇਂ ਨਾ ਕਿਵੇਂ...।

ਕੀ ਪੁੱਛਦੇ ਓ? ਲਾਲੀ...! ਲਾਲੀ ਦੀਆਂ ਕੀ ਦੱਸਾਂ ਭਾਈਯਨ..., ਬੱਸ ਜੀ ਹੁਣ ਤਾਂ ਮੈਂ ਉਹਨੂੰ ਜ਼ਹਿਰ ਵਰਗਾ ਲੱਗਦਾ...ਗੱਲ-ਗੱਲ 'ਤੇ ਉੱਡ-ਉੱਡ ਪੈਂਦੀ...ਪੈਸਾ ਮੁੱਕੀ ਜਾਂਦਾ...ਕਦੋਂ ਤਕ ਘਰ ਬੈਠ ਕੇ ਖਾਂਦੇ ਭਾਈਯਨ...ਬੱਸ ਜੀ...!

ਕੀ ਕਿਹਾ? ਕਿੱਥੇ ਭਾਈਯਨ...! ਰਾਸ਼ਦ ਦਾ ਵੀ ਕੰਮ ਬਹੁਤ ਢਿੱਲਾ ਹੀ ਸੀ ਭਾਈਯਨ...,

ਕਿਉਂ ...? ਕਿਉਂ ਨਾ ਹੁੰਦਾ ਭਾਈਯਨ, ਉਹਦੇ ਹੱਥ ਵਿਚ ਹੈ ਨਹੀਂ ਸੀ ਅੱਬੇ ਵਾਲਾ ਸਵਾਦ...ਤੇ ਉੱਤੋਂ ਬੇਈਮਾਨੀ ਬੇਹਿਸਾਬ...!

ਕੀ ਕਹਿੰਦੇ ਓ, ਬੇਈਮਾਨੀ ਕਾਹਦੀ? ਲੈ ਭਾਈਯਨ ਜੇ ਮੁਰਦਿਆਂ ਦੇ ਕੰਮ 'ਚ ਬੇਈਮਾਨੀ ਹੋ ਸਕਦੀ ਤਾਂ ਰਾਸ਼ਦ ਵੀ ਤਾਂ ਮੇਰਾ ਹੀ ਭਰਾ ਜੀ...ਉਹਦੇ ਅੰਦਰ ਵੀ ਤਾਂ ਸ਼ੈਤਾਨ ਰਹਿੰਦਾ ਹੀ ਸੀ ਨਾ ...!

ਕਰਨਾ ਕੀ ਭਾਈਯਨ...ਉਹਨੇ ਅੱਬੇ ਦੀ ਰੇਹੜੀ ਤਾਂ ਸੰਭਾਲੀ ਪਰ ਬੱਕਰੇ ਦੀ ਥਾਂ ਕਦੇ-ਕਦੇ ਮਰੀਅਲ ਜਿਹਾ ਭੇਡੂ ਲਿਆ ਕੇ...ਹਾਂ ਜੀ...ਭੇਡੂ ਲਿਆ ਕੇ ਵੱਢ ਲੈਣਾ...ਹਾਹੋ ਜੀ...ਭੇਡੂ ਦਾ ਅਚਾਰ ਜੀ...ਹੁਣ ਬੱਕਰੇ ਦਾ ਮਾਸ ਕਿੱਥੇ ਲੱਭਦਾ ਭਾਈਯਨ...ਤੁਸੀਂ ਆਪ ਸਿਆਣੇ ਓ...ਕਿੰਨੇ ਕੁ ਬੱਕਰੇ ਰਹਿਗੇ ਹੋਣੇ ਦੁਨੀਆਂ 'ਤੇ, ਉਂਗਲਾਂ 'ਤੇ ਗਿਣ ਲਉ ਭਾਵੇਂ...ਤੇ ਖ਼ਲਕਤ ਵੇਖੋ...ਕੁਰਬਲ-ਕੁਰਬਲ ਹੋਈ ਪਈ...ਹੁਣ ਤਾਂ ਜੀ ਭੇਡੂ ਛੱਡ ਕੇ..., ਅੱਲ੍ਹਾ ਦੀ ਜ਼ਾਤ ਦਾ ਹਰ ਜੀਅ ਖਾਣ ਲੱਗ ਗਏ ਲੋਕ...!!

ਕੀ ਕਿਹਾ ਤੁਸੀਂ...? ਨਾ...ਨਾ...ਨਾ...ਨਾ...ਭਾਈਯਨ...।

ਮੈਂ ਜੀ...ਮੇਰਾ ਤਾਂ ਦਿਲ ਕਰਨਾ...ਕਿਸੇ ਖੂਹ ਵਿਚ ਡੁੱਬ ਮਰਾਂ...ਦਿਲ ਉੱਤੇ ਤਾਂ ਜੀ ਜਿਵੇਂ ਦਿਨੋਂ-ਦਿਨ ਭਾਰ ਜਿਹਾ ਵਧੀ ਜਾਵੇ ਜੀ...ਕੀ ਕਿਹਾ...ਨਹੀਂ ਯਕੀਨ...! ਹਾਹੋ ਭਾਈਯਨ ਧਾਡੇ ਸਾਹਮਣੇ ਤਾਂ ਕਾਤਲ ਬੈਠਾ...ਇਹੋ ਜਿਹੀਆਂ ਗੱਲਾਂ ਕਰਨ ਵਾਲੇ ਕਤਲ ਕਿਵੇਂ ਕਰਦੇ ਹੋਣਗੇ...?

ਹੁੰਦਾ ਜੀ..., ਆਹ ਵੇਖੋ! ਭਾਵੇਂ ਛਾਤੀ 'ਤੇ ਹੱਥ ਲਾ ਕੇ ਦੇਖ ਲਉ, ਇੰਨੇ ਸਾਲਾਂ ਬਾਅਦ ਵੀ ਜੀ..., ਲੱਗਦਾ ਇੱਥੇ ਪੱਥਰ ਪਿਐ...ਸਖ਼ਤ...ਬਿਲਕੁੱਲ ਸਖ਼ਤ...!

ਠੀਕ ਕਹਿੰਦੇ ਤੁਸੀਂ...ਕਤਲ ਕਰਕੇ ਵੀ ਜੀ ਇਹ ਹੌਲ਼ਾ ਨਹੀਂ ਹੋਇਆ।

ਕੀ ਜੀ...?...ਨਾ...ਨਾ...ਨਾ...ਨਾ...ਭਕਾਈ ਨਹੀਂ ਮਾਰਦਾ ਜੀ ਮੈਂ!!

ਹਾਹੋ ਜੀ...ਲਾਲੀ, ਭਾਈਯਨ...! ਪੂਰੀ ਵਾਹ ਲਾ ਚੁੱਕੀ ਸੀ ਜੀ ਉਹ...ਪਰ ਜੀ ਮੈਨੂੰ ਤਾਂ ਉਹਨੂੰ ਆਪਣੇ ਕੋਲ ਵੇਖ ਕੇ ਖ਼ੌਫ਼ ਆਉਣ ਲੱਗ ਜਾਂਦਾ ਜੀ...ਹਾਂ ਜੀ... ਜ਼ਨਾਨੀ ਜ਼ਾਤ ਸੀ...ਕਿੰਨੇ ਦਿਨ ਮੇਰੇ ਮੂੰਹ ਵੱਲ ਵੇਖਦੀ ਜੀ...ਬੱਸ ਜੀ...ਇੰਝ ਘਰ ਦੀ ਕੰਧ ਘਰ 'ਚ ਹੀ ਡਿੱਗ ਪਈ ਜੀ...

ਮੈਂ ਭਾਈਯਨ...? ਓਦਣ ਮੈਂ ਤਾਂ ਬਾਹਰ ਭੂਰੇ ਨੂੰ ਗਲ਼ ਨਾਲ ਲਾਈ ਅੱਧੀ ਰਾਤ ਤਕ ਰੋਂਦਾ ਰਿਹਾ...ਭਾਈਯਨ...!

ਭਾਈਯਨ...ਕੀ ਕਹਿੰਦੇ ਤੁਸੀਂ...ਹੁਣ ਕਿਉਂ...ਰੋਂਦਾ... ਰੋਂਦਾ ਭਾਈਯਨ ਕਿਸਮਤ ਨੂੰ...!!

ਕੀ ਕਿਹਾ...? ਮੈਂ...! ਮੈਂ ਸਮਝਾਇਆ ਨਹੀਂ ਭਾਈਯਨ...!

ਮੈਂ ਤਾਂ ਬੜੀ ਕੋਸ਼ਿਸ਼ ਕੀਤੀ ਸੀ...ਭਾਈਯਨ, ਪਰ..., ਪਰ ਜਵਾਨ-ਜਹਾਨ ਜ਼ਨਾਨੀ... ਕਿੱਥੋਂ ਸਬਰ ਕਰਦੀ ਭਾਈਯਨ...!

ਮੈਂ...! ਮੈਂ ਤਾਂ ਭਾਈਯਨ ਇੱਕ-ਅੱਧੀ ਵਾਰ ਆਪਣੇ ਦਿਲ ਨੂੰ ਸਮਝਾਇਆ ਪਈ... ਬੰਦਿਆ! ਐਸਾ ਕੀ ਹੋ ਗਿਆ...? ਦੁਨੀਆਂ ਤੋਂ ਵੱਖਰਾ...? ਲਾਲੀ ਨੂੰ ਪਿਆਰ ਨਾਲ ਵੇਖਣ ਦੀ ਕੋਸ਼ਿਸ਼ ਵੀ ਕਰਦਾ..., ਪਰ ਭਾਈਯਨ ਨਾ ਤਾਂ ਮੇਰੇ 'ਚ ਉਹ ਹਿੰਮਤ ਰਹੀ ਸੀ ਨਾ ਹੀ ਰੂਹ...!

ਇਕ ਦਿਨ ਲਾਲੀ ਨੂੰ ਲਾਡ ਕਰਨ ਦੀ ਕੋਸ਼ਿਸ਼ ਕਰਦਿਆਂ ਭਾਈਯਨ...ਜਦੋਂ ਮੈਂ ਸੁੱਤੀ ਪਈ ਵੱਲ ਹੋਇਆ..., ਬੱਸ ਭਾਈਯਨ! ਲਾਲੀ ਨੇ ਜਿਵੇਂ ਹੀ ਅੱਖਾਂ ਖੋਲ੍ਹ ਕੇ ਮੇਰੇ ਵੱਲ ਵੇਖਿਆ... ਭਾਈਯਨ...ਮੈਨੂੰ ਪਤਾ ਨ੍ਹੀ ਕੀ ਹੋਇਆ? ਮੈਂ ਤਾਂ ਉਹਦੀ ਗਿੱਚੀ ਫੜ ਲਈ ਭਾਈਯਨ ਦੋਵੇਂ ਹੱਥਾਂ ਨਾਲ...ਭਾਈਯਨ ਉਹ ਸ਼ੈਤਾਨ, ਉਹ ਫਿਰ ਜਾਗ ਗਿਆ ਸੀ ਜੀ ਮੇਰੇ ਅੰਦਰ, ਭਾਈਯਨ...! ਤੇ ਲਾਲੀ..., ਲਾਲੀ, ਤਾਂ ਚਾਂਗਰਾਂ ਮਾਰਦੀ ਬਾਹਰ ਦੌੜੀ ਸੀ...ਜੀ, ਤੇ ਮੈਂ... ਮੈਂ... ਘਬਰਾ ਗਿਆ ...ਦਿਲ ਕਰੇ ਕਿਸੇ ਖੁੱਡ 'ਚ ਵੜ ਜਾਵਾਂ...ਕਿਸੇ ਗ਼ਾਰ 'ਚ ਲੁਕ ਜਾਵਾਂ...ਭਾਈਯਨ...!!

ਬੱਸ ਜੀ...! ਹੁਣ ਤਾਂ ਮੈਂ ਤਪਦੇ ਦਿਨਾਂ 'ਚ ਵੀ ਅੰਦਰੇ ਪਿਆ ਰਹਿੰਦਾ। ਭੱਠ ਵਰਗੇ ਦਿਨਾਂ 'ਚ ਵੀ ਭਾਈਯਨ...ਮੈਂ ਬਾਹਰ ਨਾ ਨਿਕਲਦਾ...। ਉਹਦਾ ਜੀਅ ਕਰਦਾ ਰੋਟੀ ਦੇ ਜਾਂਦੀ...ਜੀਅ ਕਰਦਾ ਨਾ ਦੇਂਦੀ...ਕਈ ਵਾਰ ਸਾਰਾ ਦਿਨ ਲਾਗੇ ਰੋਟੀ ਪਈ ਵੀ ਰਹਿੰਦੀ...ਭਾਈਯਨ...!

ਤੁਸੀਂ ਕੀ ਕਹਿੰਦੇ...! ਮਹਾਰਾਜ ਝੇਡਾਂ ਕਰਦੇ ਓ ਜੀ...! ਹੋ ਜਾਂਦਾ ਜਿਗਰਾ ਜੀ..., ਕਤਲ ਦਾ ਵੀ...! ਜਦੋਂ ਤੁਹਾਡੀ ਪਿਆਰੀ ਸ਼ੈਅ ਖੁੱਸ ਜਾਵੇ...ਭਾਈਯਨ...!

ਕੀ ਕਹਿੰਦੇ ਤੁਸੀਂ ਭਾਈਯਨ...ਨਾ...ਨਾ...ਨਾ...ਨਾ...। ਮੈਨੂੰ ਕਿਵੇਂ ਸਕੂਨ ਆਉਂਦਾ... ਭਾਈਯਨ, ਮੈਂ ਤਾਂ ਬੜਾ ਰੋਇਆ ਸੀ ਜੀ ਜਦੋਂ ਲਾਲੀ ਪਹਿਲੀ ਵਾਰ ਰਾਸ਼ਦ ਦੇ ਕਮਰੇ 'ਚੋਂ ਹੋ ਕੇ ਆਈ ਸੀ ਜੀ...ਭਾਈਯਨ...ਬਾਹਰ ਮੀਂਹ ਪੈਂਦਾ ਸੀ ਜੀ ਉਸ ਰਾਤ...ਪੂਰਾ ਯਾਦ ਜੇ ਮੈਨੂੰ... ਲਾਲੀ ਨੇ...ਮੋਤੀਆਂ ਵਾਲੀਆਂ ਜਾਲੀਦਾਰ ਜਿਹੀ ਚੁੰਨੀ ਲਈ ਸੀ ਜੀ...!

000

ਨਾ ਭਾਈਯਨ...ਦੱਸਦਾਂ ਜੀ...ਦੱਸਦਾਂ...ਇਕ ਬੀੜੀ ਪਿਆ ਦਿਉ...ਇਕ ਹੋਰ, ਬੱਸ...! ਕੀ ਕਹਿੰਦੇ ਓ...ਹਾਂ ਜੀ ਸਭ ਕੁੱਝ ਜਾਗਦਾ ਜੀ ਮੇਰੇ ਅੰਦਰ...ਹਾਂ ਜੀ...ਨਾ ਭਾਈਯਨ...ਕਾਹਲ਼ੇ ਨਾ ਪਉ...ਦੋ-ਚਾਰ ਕਸ਼ ਅੰਦਰ ਕਰ ਲੈਣ ਦਿਉ ਭਾਈਯਨ...!

ਹਾਂ ਜੀ..., ਲਾਲੀ!... ਲਾਲੀ ਅੰਦਰ ਆਈ ਤਾਂ ਮੈਂ ਜਾਗਦਾ ਸੀ...ਕਮਰੇ 'ਚ ਸ਼ਾਹ ਕਾਲਾ ਹਨ੍ਹੇਰ ਸੀ ਜੀ..., ਇਹਨੇ ਆਪਣੀ ਗਿੱਲੀ ਹੋ ਗਈ ਚੁੰਨੀ ਛੰਡੀ ਤਾਂ ਛਿੱਟਾਂ ਮੇਰੇ ਚਿਹਰੇ 'ਤੇ ਪੈ ਗਈਆਂ...ਭਾਈਯਨ...ਜਾਣੋ ਕਿਸੇ ਨੇ ਤੇਜ਼ਾਬ ਛਿੜਕ ਦਿੱਤਾ ਹੋਏ...ਭਾਈਯਨ...ਮੈਂ...ਮੈਂ ਜਿਹੜਾ ਕੁੱਝ ਪਲ ਪਹਿਲਾਂ ਰਾਸ਼ਦ ਦੇ ਤੇ ਲਾਲੀ ਦੇ ਟੋਟੇ ਕਰ ਦੇਣ ਦੀਆਂ ਸਕੀਮਾਂ ਘੜਦਾ ਸਾਂ... ਭਾਈਯਨ ਮੈਂ ਤਾਂ ਜਾਣੋ ਹੁਣ ਜ਼ਿੰਦਾ ਹੀ ਨਹੀਂ ਸੀ...,ਲਾਲੀ ਨੂੰ ਖੁਸ਼ ਵੇਖ ਕੇ ਮੇਰਾ ਤਾਂ ਜਿਵੇਂ ਕਣ ਹੀ ਮਰ ਗਿਆ ਸੀ...ਭਾਈਯਨ...!

ਹਾਂ ਜੀ...ਭਾਈਯਨ...ਤੁਸੀਂ ਠੀਕ ਕਹਿੰਦੇ...ਕਸੂਰਵਾਰ ਸੀ ਮੈਂ ਉਹਦਾ ਜੀ...ਗੁਨਾਹਗਾਰ ਸੀ ਮੈਂ...ਤੇ ਗੁਨਾਹਾਂ ਦੀ ਮਾਫ਼ੀ ਨਹੀਂ ਹੁੰਦੀ ਜੀ...ਮੈਂ ਕਿਸੇ ਦੀ ਗ਼ਲਤੀ ਕੀ ਮਾਫ਼ ਕਰਨੀ ਸੀ...! ਮੈਂ ਤਾਂ ਬੱਸ ਜੀ ਉਸ ਦਿਨ ਤੋਂ ਅੱਖਾਂ ਬੰਦ ਕਰ ਗਿਆ...ਪਈ ਮੈਨੂੰ ਕੁੱਝ ਦਿਖਦਾ ਹੀ ਨਹੀਂ...!

ਕੀ ਪੁੱਛਦੇ ਓ...? ਜੇ ਸਬਰ ਕਰ ਲਿਆ ਸੀ ਤਾ ਕਤਲ ਕਿਉਂ ਕੀਤਾ?

ਹਾਹੋ ਜੀ!...ਫਿਰ ਵੀ ਭਾਈਯਨ...ਗੱਲ ਇੱਥੇ ਖ਼ਤਮ ਨਹੀਂ ਸੀ ਹੋਈ...ਫ਼ਿਲਹਾਲ ਬੱਸ ਮੈਂ ਖ਼ਾਮੋਸ਼ ਹੋ ਗਿਆ ਸਾਂ ਜੀ...!

ਹੁਣ ਤਾਂ ਬੱਸ ਮੈਂ ਤੇ ਮੰਜਾ ਤੇ ਜਾਂ ਭੂਰਾ...ਬੱਸ ਇਹੀ ਸ਼ੈਵਾਂ ਸਾਥ ਸਨ ਜੀ...ਰੋਟੀ 'ਚੋਂ ਚੱਪਾ ਕੁ ਬਚਾ ਕੇ ਭੂਰੇ ਨੂੰ ਪਾ ਛੱਡਦਾ...ਕਦੇ ਉਹਦੇ ਗਲ਼ ਲੱਗ ਕੇ ਰੋ ਛੱਡਦਾ...!

ਕੀ ਕਿਹਾ ਜੇ...ਨਹੀਂ ਯਕੀਨ...ਭਾਈਯਨ...ਨਾ ਕਰੋ ਜੀ ਯਕੀਨ! ਪਰ ਮੈਂ ਹੁਣ ਝੂਠ ਨਹੀਂ ਜੀ ਬੋਲਦਾ...ਧਾਡੇ ਸਾਹਮਣੇ ਈ...। ਸਜ਼ਾ ਕੱਟੀ ਆ ਜੀ ਸਾਰੀ...।

ਦੱਸਦਾਂ ਭਾਈਯਨ...! ਗੱਲਾਂ ਹੋਰ ਵੀ ਬੜੀਆਂ...ਅੰਦਰ ਉੱਤੋਂ ਤਕ ਭਰਿਆ ਪਿਆ ਭਾਈਯਨ ...! ਲਾਲੀ ਹੀ ਜੀ, ਲਾਲੀ...! ਭਾਈਯਨ ਹੁਣ ਉਹ ਮੈਨੂੰ ਬੱਸ ਮਾੜਾ-ਮੋਟਾ ਬੁਲਾਉਂਦੀ ਤੇ ਬਿਨਾਂ ਕਿਸੇ ਸ਼ਰਮ ਹਯਾ ਦੇ ਸਿੱਧੀ ਰਾਸ਼ਦ ਦੇ ਕਮਰੇ 'ਚ ਚਲੀ ਜਾਂਦੀ...ਉਸ ਦਿਨ ਵੀ ਭਾਈਯਨ ਉਹਨੇ ਰੋਟੀ ਮੇਰੇ ਅੱਗੇ ਸੁੱਟ ਕੇ ਸਮਝੋ ਮੈਨੂੰ ਗਲੋਂ ਲਾਹਿਆ ਤੇ ਰਾਸ਼ਦ ਅੰਦਰ ਜਾ ਵੜੀ। ਮੈਨੂੰ ਤਾਂ ਜਿਵੇਂ ...ਰੋਟੀ ਹਲ਼ਕ ਤੋਂ ਨਾ ਉੱਤਰੇ...ਮੈਂ ਇਕ ਦੋ ਗਰਾਹੀਆਂ ਅੰਦਰ ਧੱਕ ਕੇ ਕੀਤੀਆਂ ਪਰ ਗਰਾਹੀ ਤਾਂ ਜੀ ਉੱਗਲ਼-ਉੱਗਲ਼ ਕੇ ਬਾਹਰ ਨੂੰ ਆਵੇ...ਮੈਂ ਭਾਈਯਨ ਬਚੀ ਰੋਟੀ ਚੁੱਕੀ ਤੇ ਬਾਹਰ ਆ ਗਿਆ ...ਭੂਰੇ ਨੂੰ ਅਵਾਜ਼ ਮਾਰੀ...ਭੂਰਾ ਉੱਥੇ ਕੋਈ ਨਾ...ਹੈਰਾਨੀ ਜਿਹੀ ਹੋਈ ਪਈ ਉਹ ਤਾਂ ਭੱਜਿਆ ਆਉਂਦਾ ਹੁੰਦਾ...! ਮੈਂ ਬੇਵਸੀ ਜਿਹੀ 'ਚ

ਅੰਦਰ ਆ ਕੇ ਪੈ ਗਿਆ।

ਉਸ ਰਾਤ...ਖ਼ੋਹ ਜਿਹੀ ਪਈ ਜਾਵੇ...!

ਕੀ ਕਹਿੰਦੇ ਓ ਭਾਈਯਨ...! ਮੈਂ ਕਿਤੇ ਝੂਠ ਬੋਲਦਾਂ...ਨਹੀਂ ਜੀ..., ਦਿਲ ਨਰਮ ਪੈ ਗਿਆ ਸੀ ਜੀ ਮੇਰਾ...ਭੂਰੇ ਨਾਲ ਹੀ ਵਾਸਤਾ ਸੀ ਜੀ ਹੁਣ ਮੈਨੂੰ..., ਬਾਕੀ ਦੁਨੀਆਂ ਦਾ ਕੋਈ ਮੋਹ ਨਹੀਂ ਸੀ ਆਉਂਦਾ ਜੀ...!

ਕੀ ਕਹਿੰਦੇ ਓ ਭਾਈਯਨ...ਭਕਾਈ ਨਹੀਂ ਜੀ ਮਾਰਦਾ ਮੈਂ...ਉਹ ਤਾਂ ਬੱਸ..., ਉਸ ਸਵੇਰੇ ਜਦੋਂ ਮੈਨੂੰ ਭੂਰਾ ਨਹੀਂ ਲੱਭਿਆ ਜੀ...!

ਹਾਂਜੀ...! ਉਹੀ ਦਿਨ ਜੀ..., ਜਿਸ ਦਿਨ ਲਾਲੀ ਦਾ ਕਤਲ ਹੋਇਆ ਸੀ ਜੀ... ਭਾਈਯਨ... ਤੁਹਾਡੇ ਸਾਹਮਣੇ ਮੈਂ ਤਾਂ ਸਭ ਕੁੱਝ ਸਹਿ ਗਿਆ ਸਾਂ...ਹੈ ਨਾ...! ਪਰ ਜੀ..., ਹੋਰ ਵੀ ਬੜਾ ਕੁੱਝ ਸੀ ਭਾਈਯਨ...ਜੋ ਪਹਿਲੀ ਨਜ਼ਰੇ ਨਹੀਂ ਜੀ ਦਿੱਖਦਾ...!!

ਮੈਂ ਦੱਸਿਆ ਨਾ ਭਾਈਯਨ...! ਬੱਸ ਜੀ ਉਸ ਸਵੇਰੇ ਤਕ ਖੋਹ ਜਿਹੀ ਪਈ ਜਾਵੇ...ਮੈਂ ਕੁੱਕੜ ਦੀ ਬਾਂਗ ਤੋਂ ਵੀ ਪਹਿਲੇ ਬਾਹਰ ਆ ਗਿਆ...ਭੂਰੇ ਨੂੰ ਲੱਭਿਆ...ਸਾਰੀ ਗਲੀ ਵਿਚ... ਅਗਲੀ ਗਲੀ ਵਿਚ...ਕਈ ਥਾਵਾਂ 'ਤੇ ਉਹਨੂੰ ਤਲਾਸ਼ ਕੀਤਾ... ਭਾਈਯਨ ਉਹ ਨਾ ਮਿਲਿਆ। ਮੈਂ ਸਮਝੋ ਬਈ, ਸਾਰੇ ਮਹੱਲੇ 'ਚ ਹੀ...ਹਾਂ ਜੀ ਸਭ ਜਗ੍ਹਾ ਲੱਭ ਆਇਆ ਪਰ ਉਹ ਕਿਤੇ ਨਹੀਂ ਸੀ। ਕਈ ਚਿਰ ਤਕ ਮੈਂ ਬਾਹਰ ਥੜ੍ਹੀ 'ਤੇ ਬੈਠਾ ਉਸ ਦਾ ਇੰਤਜ਼ਾਰ ਕਰਦਾ ਰਿਹਾ।

ਬੱਸ ਭਾਈਯਨ...! ਚੀਜ਼ਾਂ ਜਿਵੇਂ ਵਿਖਦੀਆਂ ਨੇ...ਉਵੇਂ ਹੁੰਦੀਆਂ ਨਹੀਂ ਜੀ...! ਜਦੋਂ ਮੈਂ ਅੰਦਰ ਆਇਆ ਤਾਂ..., ਤਾਂ ਰਾਸ਼ਦ...ਅਚਾਰ ਦੇ ਮਰਤਬਾਨ ਜਿਹੇ...ਰੇਹੜੀ 'ਤੇ ਸਜਾਈ ਜਾਵੇ ...ਸੁਖਚੈਨ ਥੱਲ੍ਹੇ ਮਿੱਟੀ 'ਤੇ ਤਾਜ਼ਾ ਜਿਹਾ ਖ਼ੂਨ ਪਿਆ ਦਿਖੇ...ਖ਼ੂਨ ਨਾਲ ਲਿੱਬੜਿਆ ਦਾਤਰ ਵੀ ਮੁੱਢ ਨਾਲ ਲੱਗਿਆ ਪਿਆ... ਚੌਂਕੇ ਦੇ ਉਟੇ ਬਾਹਰੇ ਤਾਜ਼ੀ ਮਿੱਟੀ ਦੱਬੀ ਪਈ, ਮੈਨੂੰ ਕਚਿਆਣ ਜਿਹੀ ਆਈ...ਭਾਈਯਨ, ਮੈਂ ਫਿਰ ਬਾਹਰ ਨੂੰ ਆ ਗਿਆ... ਕਈ ਚਿਰ ਥੜ੍ਹੀ 'ਤੇ ਬੈਠਾ ਰਿਹਾ ...ਸੋਚਦਾ ਰਿਹਾ ਪਈ ਮੈਨੂੰ ਪਤਾ ਹੀ ਨਹੀਂ ਲੱਗਿਆ...ਬਈ ਰਾਸ਼ਦ ਨੇ ਕਦੋਂ ਭੇਡੂ ਵੱਢਿਆ...? ਕਦੋਂ ਅਚਾਰ ਪਾਇਆ...? ਬੱਸ ਜੀ ਭਾਈਯਨ... ਏਨੀ ਦੇਰ 'ਚ ਹੀ...ਗਲੀ ਦੀ ਅਵਾਰਾ ਕਤੀੜ ਕੋਈ ਸ਼ੈਅ ਇਕ-ਦੂਸਰੇ ਤੋਂ ਖੋਹੰਦੀ ਅੱਗੜ-ਪਿੱਛੜ ਭੱਜੀ ਆਵੇ...! ਪਰ ਮੇਰਾ ਭੂਰਾ ਉਹਨਾਂ ਵਿਚ ਹੈ ਈ ਕੋਈ ਨਾ ...!!

000

ਅਚਾਨਕ ਜਿਵੇਂ ਮੈਨੂੰ ਖੜ੍ਹਕ ਗਈ...!

ਕੀ ਦੱਸਾਂ ਭਾਈਯਨ...ਤੁਸੀਂ ਯਕੀਨ ਕਰਿਉ...ਮੈਂ ਅੰਦਰ ਜਾ ਕੇ ਬੇਚੈਨੀ ਜਿਹੀ ਨਾਲ ਮਿੱਟੀ ਪੁੱਟਣ ਲੱਗ ਗਿਆ। ਜਿੰਨੀ ਤੇਜ਼ੀ ਨਾਲ ਮੈਂ ਮਿੱਟੀ ਪੁੱਟੀ ਜਾਵਾਂ ਉਨੀ ਤੇਜ਼ੀ ਨਾਲ ਮੇਰਾ ਦਿਲ ਭੁੜਕੇ, ਬੱਸ ਜੀ ਇੰਝ ਜਿਵੇਂ ਛਾਤੀ 'ਚੋਂ ਬਾਹਰ ਆ ਜਾਣਾ।...ਭਾਈਯਨ...! ਮੈਨੂੰ ਵੱਢੋ ਤੇ ਜਾਣੋ ਖ਼ੂਨ ਹੀ ਨਹੀਂ...ਵਿਚ ਮੇਰੇ ਭੂਰੇ ਦਾ ਸਿਰ ਪਿਆ!!

ਕੀ ਕਹਿੰਦੇ ਭਾਈਯਨ..., ਜ਼ਨਾਨੀ ਦੀ ਮਾਰ ਤਾਂ ਮੈਂ ਝੱਲ ਗਿਆ ਸਾਂ... ਪਰ ਆਹ ਸਭ... ਮੇਰਾ ਸਾਥੀ ਭੂਰਾ...! ਮੈਨੂੰ ਯਾਦ ਆਇਆ ਭਈ, ਪਿਛਲੇ ਕਈ ਦਿਨਾਂ ਤੋਂ ਰਾਸ਼ਦ ਤੇ ਲਾਲੀ..., ਆਹੋ ਭਾਈਯਨ ਦੋਵੇਂ ਹੀ..., ਭੂਰੇ ਦਾ ਬੜਾ ਮੋਹ ਕਰਨ ਲੱਗੇ ਸਨ...!

ਕਸਮ ਜੇ ਅੱਲ੍ਹਾ ਪਾਕ ਦੇ ਕਲਮੇ ਦੀ...! ਭਾਈਯਨ ਜ਼ਾਰ-ਜ਼ਾਰ ਰੋਈ ਜਾਵਾਂ ਮੈਂ... ਗੁੱਸੇ ਨਾਲ ਸਿਰ ਤਪੇ...ਭਾਈਯਨ...ਉਹੀ! ਉਹੀ ਸ਼ੈਤਾਨ...ਫਿਰ ਜਾਗ ਗਿਆ...!

ਸ਼ੈਤਾਨ ਉੱਠਿਆ..., ਅੰਦਰ ਆਇਆ..., ਭਾਈਯਨ! ਦਾਤਰ... ਉਹੀ ਦਰੱਖ਼ਤ ਦੇ ਮੁੱਢ 'ਚ ਪਿਆ ਦਾਤਰ ਚੁੱਕਿਆ...ਬੱਸ ਸ਼ੈਤਾਨ ਨੇ ਭਾਈਯਨ ਰਾਸ਼ਦ ਨੂੰ ਲਲਕਾਰਿਆ ਜੀ...ਉਹਨੇ

ਸਾਰਾ ਤਾਣ ਲਾ ਕੇ ਰਾਸ਼ਦ 'ਤੇ ਵਾਰ ਕੀਤਾ...! ਉਹ ਤਾਂ ਸਹੁਰੀ ਦੀ ਲਾਲੀ...ਭਾਈਯਨ ਲਾਲੀ ਵਿਚ ਆ ਗਈ ਜੀ...ਲਾਲੀ ਵਿਚ ਆ ਗਈ ਤੇ...ਦਾਤਰ ਉਹਦੇ ਸਿਰ 'ਚ ਜਾ ਲੱਗਿਆ ...!!

000

ਬੱਸ ਜੀ...ਉਦੋਂ ਹੀ ਪਤਾ ਲੱਗਿਆ ਜਦੋਂ ਖ਼ੂਨ ਉਹਦੇ ਪੈਰਾਂ ਦੀਆਂ ਝਾਂਜਰਾਂ ਭਿਉਂਦਾ ਵਗਦਾ ਵੇਖਿਆ!!!

ਨਹੀਂ ਭਾਈਯਨ...! ਮੈਂ ਤਾਂ ਉਹਦੇ ਬਾਰੇ... ਇਸ ਤਰ੍ਹਾਂ ਸੋਚਦਾ ਹੀ ਨਹੀਂ ਸੀ! ਬੱਸ ਭਾਈਯਨ ਉਸ ਦਿਨ...! ਉਸ ਦਿਨ ਸ਼ੈਤਾਨ ਮਰ ਗਿਆ...!!

ਮੈਂ ਬੜੀ ਦੇਰ ਉੱਥੇ ਹੀ..., ਭਾਈਯਨ ਉਸੇ ਸੁਖਚੈਨ ਥੱਲੇ ਬੈਠਾ ਸੋਚਦਾ ਰਿਹਾ...ਬਈ, ਜੇ ਉਹ ਦਿਨ ਨਾ ਆਇਆ ਹੁੰਦਾ...ਤੇ ਆਹ...ਆਹ ਅੱਜ ਦਾ ਦਿਨ ਵੀ ਨਾ ਆਉਂਦਾ...!

ਸੱਚ ਕਹਿਨਾਂ!...ਭਾਈਯਨ...ਤੁਸੀਂ ਮੰਨਦੇ ਨਹੀਂ...!!

ਹਾਹੋ ਜੀ...ਕਸਮ ਜੇ ਅੱਲ੍ਹਾ ਪਾਕ ਦੇ ਕਲਮੇ ਦੀ ਜੀ...ਉਹੀ ਦਿਨ ਜੀ...ਜਿਸ ਦਿਨ ਮੈਂ ਮਰ ਗਿਆ ਸੀ ਜੀ...!!

ਕੀ ਪੁੱਛਦੇ ਓ ਜੀ...? ਭਾਈਯਨ ਉਸ ਦਿਨ ਵੀ ਉਹੀ ਹੋਇਆ ਸੀ... ਜੋ ਰੋਜ਼ ਈ ਹੋਣ ਲੱਗ ਪਿਆ ਸੀ ਜੀ...ਪਰ...ਪਰ ਉਸ ਦਿਨ...ਜੈਲੀ ਪਰਧਾਨ ਦੀ ਅੱਖ ਠਹਿਰ ਗਈ ਸੀ...ਕਸਮ ਨਾਲ ਜੀ...ਉਸ ਦਿਨ ਉਸ ਮੁਰਦਾ ਜ਼ਨਾਨੀ ਨੂੰ ਵੇਖ ਕੇ...ਜਾਣੋਂ ਭੁੱਖ ਲੱਥਦੀ ਸੀ...! ਪਰਧਾਨ...ਹਾਂ ਜੀ ਜੈਲੀ ਪਰਧਾਨ....! ਕਹਿੰਦਾ..., ਵੇਖ...ਕਿਤੇ ਰੱਬ ਨੇ ਆਪ ਛੈਣੀ ਹਥੌੜਾ ਲੈ ਕੇ ਘੜੀ ਊ ਇਹ ...ਵੇਖ ਕਿਸਮਤ...ਜੀਣਾ ਹੀ ਨਹੀਂ ਨਸੀਬ ਹੋਇਆ ਇਹਨੂੰ..., ਭਾਈਯਨ...! ਕੀ ਦੱਸਾਂ ਤੁਹਾਨੂੰ ...ਵੇਖ ਲਉ...ਸਾਰੀ ਉਮਰ ਕੱਟ ਤੀ ਜੀ ਮੈਂ...ਤੁਹਾਡੇ ਸਾਏ ਥੱਲੇ...ਮੈਨੂੰ ਨਹੀਂ ਜੀ ਭੁੱਲੀ ਉਹ ...ਉਹ ਨਾਲ ਹੀ ਜਾਊ ਮੇਰੇ ਜੀ...!!

ਕੀ ਕਿਹਾ, ਦੱਸਦਾਂ ਜੀ..., ਦੱਸਦਾਂ...! ਭਾਈਯਨ, ਬੀੜੀ ਤੇ ਪਿਆਉ ਜੀ ਇਕ... ਬੀੜੀ ਦਾ ਧੂੰਆਂ ਹਲ਼ਕ 'ਚ ਲੱਥੇਗਾ ਤਾਂ...ਤਾਂ ਹੀ ਉਹ ਬਾਹਰ ਆਏਗੀ...ਭਾਈਯਨ...!

ਕੀ ਕਿਹਾ...? ਕਿਵੇਂ...? ਉਵੇਂ ਹੀ ਜੀ, ਉਵੇਂ ਹੀ ਆਈ ਉਹ ਜਿਵੇਂ ਬਾਕੀ ਲਾਸ਼ਾਂ ਆਉਂਦੀਆਂ ਮੁਰਦਾਖ਼ਾਨੇ, ਸੰਭਾਲਣ ਲਈ... ਕਹਿੰਦੇ ਸੀ ਐਕਸੀਡੈਂਟ ਹੋਇਆ...ਘਰਵਾਲੇ ਦਾ ਤਾਂ ਉਪਰੇਸ਼ਨ...ਹਾਂ ਜੀ ਕਹਿੰਦੇ ਸੀ ਉਪਰੇਸ਼ਨ ਚੱਲਦਾ ਸੀ।...ਪਰ ਜ਼ਨਾਨੀ...!! ਹੋਏ... ਹੋਏ...!!! ਭਾਈਯਨ ਉਹਨੂੰ ਤਾਂ ਝਰੀਟ ਵੀ ਨਹੀਂ ਸੀ ਆਈ ਜੀ...!

ਅੱਜ ਵੀ ਯਾਦ ਜੇ ਭਾਈਯਨ...ਚੈਂਬਰ ਨੰਬਰ ਨੌਂ...ਜੈਲੀ ਨੇ ਹੀ ਲਿਖਿਆ ਸੀ ਪਰਚੀ 'ਤੇ ...।

000

ਨਾ...ਨਾ...ਨਾ...ਨਾ...ਭਾਈਯਨ...ਨਾਂਹ!

ਉਹ ਕਿਤੇ ਭੁੱਲਣ ਵਾਲੀ ਸ਼ੈਅ ਸੀ। ਭਾਈਯਨ ਹੁਸਨ...ਹੁਸਨ ਤਾਂ...ਜਿਵੇਂ ਡੁੱਲ੍ਹ-ਡੁੱਲ੍ਹ ਪਏ ਭਾਈਯਨ...ਕਸਮ ਜੇ ਅੱਲ੍ਹਾ ਪਾਕ ਦੇ ਕਲਮੇ ਦੀ...ਪਰੀਆਂ ਦਾ ਹੁਸਨ ਸੀ...!

ਤੁਸੀਂ ਮੰਨਣਾ ਨਹੀਂ ਭਾਈਯਨ...ਮੇਰੀਆਂ... ਤਾਂ ਜੀ ਅੱਖਾਂ ਫਟੀਆਂ ਰਹਿ ਗਈਆਂ ਸਨ...!

ਬੱਸ ਜੀ...ਜੈਲੀ...ਹਾਂ ਜੀ..., ਪਰਧਾਨ ਕਹਿੰਦਾ, ਅੱਜ ਪਹਿਲੀ ਤੇਰੀ ਵਾਰੀ...!!

ਈਮਾਨ ਤਾਂ ਭਾਈਯਨ ਪਹਿਲਾਂ ਹੀ..., ਸਹੁਰੀ ਦਾ ਸ਼ੈਤਾਨ ਦੇ ਕਬਜ਼ੇ 'ਚ ਸੀ..., ਬੱਸ ਜੀ ...! ਤੁਸਾਂ ਕਹਿਣਾ ਝੂਠ ਮਾਰਦਾ...ਭਾਈਯਨ..., ਮੈਂ ਵੀ...ਹੱਲਾ ਸ਼ੇਰੀ 'ਚ ਆ ਗਿਆ ਜੀ...!

ਮੈਂ ਸੋਚਿਆ..., ਅੱਜ...ਪਹਿਲੀ ਵਾਰੀ...ਪਹਿਲੀ ਵਾਰੀ ਪਰਧਾਨ ਨੇ ਮੈਨੂੰ ਮੌਕਾ ਦਿੱਤਾ...

ਬੱਸ ਜੀ ਭਾਈਯਨ...ਮੈਂ ਕਸੀ ਤਿਆਰੀ...ਉਹਦੇ ਤੋਂ ਕੱਪੜਾ ਚੁੱਕਿਆ...ਭਾਈਯਨ...ਕੀ ਦੱਸਾਂ ...ਤੁਸੀਂ ਕਹਿਣਾ ਭਕਾਈ ਮਾਰਦਾ...! ਭਾਈਯਨ...ਜਿਸਮ...! ਜਿਸਮ...!! ਇੰਝ ਜਿਵੇਂ ਅੱਲ੍ਹਾ ਵਰਗੇ ਨੱਕਾਸ਼ ਜਾਂ ਕਿਸੇ ਬੁੱਤਤਰਾਸ਼ ਨੇ ਆਪਣੀ ਕਾਰੀਗਰੀ ਨਾਲ ਸਜਾਇਆ ਹੋਵੇ... ਏਨੇ ਕਰੀਨੇ ਨਾਲ ਹਰ ਅੰਗ...ਉਏ...ਹੋਏ...ਹੋਏ...!! ਇਕ ਪਲ ਤਾਂ ਭਾਈਯਨ ਮੈਂ ਵੇਖਦਾ ਹੀ ਰਹਿ ਗਿਆ...!!

ਸੁਪਨਿਆਂ ਦੀ ਸ਼ਹਿਜ਼ਾਦੀ...ਹਾਂਜੀ... ਹੂਰਪਰੀ! ਮੇਰੇ ਸਾਹਮਣੇ ਪਈ ਸੀ!

ਲੈ ਕੀ ਪੁੱਛਦੇ...? ਮੈਂ ਤਾਂ...ਮੈਂ ਭਾਈਯਨ ਕਈ ਚਿਰ ਕਸੀਦੇ ਪੜ੍ਹ ਸਕਦਾਂ ਉਹਦੇ ਹੁਸਨ ਦੇ..., ਹਾਹੋ ਜੀ...! ਤਾਂ ਹੀ ਤਾਂ...ਤਾਂ ਹੀ ਤਾਂ ਉਹ ਮੇਰੇ ਅੰਦਰੋਂ ਨਿਕਲਦੀ ਨਹੀਂ ਜੀ...!!

ਦੱਸਦਾਂ ਭਾਈਯਨ... ਦੱਸਦਾਂ...ਸਾਹ ਲੈ ਲੈਣ ਦਿਉ...ਇਕ ਸੂਟਾ ਖਿੱਚ ਕੇ ਲਾ ਲੈਣ ਦਿਉ...!

ਹੂੰਅ...ਹਾਅ...ਹਾਅ...ਭਾਈਯਨ, ਸਮਝ ਲਉ ਬਈ ਮੈਂ, ਹਾਂਜੀ ਮੈਂ...ਬੰਦੂਕ ਦਾ ਘੋੜਾ ਚੜ੍ਹਾਇਆ...ਜਿਵੇਂ ਹੀ ਭਾਈਯਨ ਗੋਲੀ ਦਾਗੀ...ਤਾਂ ਭਾਈਯਨ... ਉਹਦੀਆਂ ਪੁਤਲੀਆਂ ਹਿੱਲੀਆਂ ...ਹੋਂਠ ਫੜਕੇ...ਉਹਦੀਆਂ ਬੇਜਾਨ ਉਂਗਲੀਆਂ ਵਿਚ ਤਾਂ ਜੀ...ਜਾਣੋ ਪਤਾ ਨਹੀਂ ਕਿਵੇਂ... ਭਾਈਯਨ ਉਨ੍ਹਾਂ 'ਚ ਹਰਕਤ ਹੋਈ ਜੀ...

000

ਦੱਸਦਾਂ ਜੀ ਦੱਸਦਾਂ...! ਸਾਹ ਲੈਣ ਦਿਉ...!

ਭਾਈਯਨ ਮੈਂ ਤਾਂ ਉੱਥੇ ਹੀ ਜੜ੍ਹ ਹੋ ਗਿਆ...ਮੇਰੀਆਂ ਅੱਖਾਂ ਤਾਂ ਬਾਹਰ ਆ ਪਈਆਂ...ਤੇ ਭਾਈਯਨ ਉਹਨਾਂ ਹੱਥਾਂ ਨੇ ਲਾਗੇ ਪਿਆ ਕੱਪੜਾ...ਜੀ ਭਾਈਯਨ ਕੱਪੜਾ ਆਪਣੇ ਜਿਸਮ 'ਤੇ ਖਿੱਚਿਆ...!

ਮੇਰੇ ਸਿਰ 'ਚ ਤਾਂ ਭਾਈਯਨ, ਜਿਵੇਂ ਕਿਸੇ ਨੇ ਉੱਥੇ ਹੀ ਕਿੱਲਾ ਠੋਕ ਦਿੱਤਾ ਸੀ ਜੀ!!

ਭਾਈਯਨ...ਕੀ ਕਿਹਾ...ਫਿਰ...ਤਾਂ...ਫਿਰ ਤਾਂ ਤੁਹਾਨੂੰ ਸਭ ਪਤਾ ਹੀ ਹੈ...ਭਾਈਯਨ ਉਹ ਨਹੀਂ ਜੀ ਮੇਰੇ ਅੰਦਰੋਂ ਗਈ।

000

ਕੀ ਕਹਿੰਦੇ ਓ ਤੁਸੀਂ...? ਮੈਂ ਭਕਾਈ ਮਾਰਦਾਂ...ਨਹੀਂ ਜੀ...ਭਕਾਈ ਨਹੀਂ ਮਾਰਦਾ... ਸੱਚ ਕਹਿਨਾਂ... ਭਾਈਯਨ। ਤੁਸੀਂ ਮੰਨਦੇ ਨਹੀਂ!

ਕੀ ਕਿਹਾ...ਕਿੱਥੇ ਜਾਊਂਗਾ...? ਹੁਣ!

ਮੈਂ ਜੀ...ਆਪਣੇ ਘਰ ਭਾਈਯਨ...ਕਸਮ ਐ ਅੱਲ੍ਹਾ ਪਾਕ ਦੇ ਕਲਮੇ ਦੀ ਜੀ... ਘਰ ਜਾਊਂ ਆਪਣੇ...ਸੁਖਚੈਨ ਦੇ ਬੂਟੇ ਦੁਆਲਿਉਂ ਭਾਈਯਨ ਮਿੱਟੀ ਪੁੱਟੂੰ...ਹਾਹੋ ਜੀ ਮਿੱਟੀ ਪੁੱਟ ਕੇ...ਨਵੀਂ ਸਾਫ਼ ਮਿੱਟੀ ਪਾਊਂ...ਭਾਈਯਨ...ਉਹਨੂੰ ਪਾਲੂੰ ਜੀ...ਹਾਂ ਜੀ!!

ਹਾਂ ਜੀ ਭਾਈਯਨ...ਕੀ ਪਤਾ ਕੋਈ ਹੋਰ ਭੂਰਾ...ਹਾਂ ਜੀ, ਹੋਰ ਕੋਈ ਭੂਰਾ ਮੇਰਾ ਇੰਤਜ਼ਾਰ ਕਰਦਾ ਹੋਵੇ।000

***(24 ਹੋਲੀ ਸਿਟੀ ਗਰੀਨ, ਗੁਮਟਾਲਾ ਰੋਡ, ਅਮ੍ਰਿਤਸਰ 143 001***
***ਫੋਨ: 99142-11422)***

# ਅਜੀਤ ਪਿਆਸਾ: ਤਿੰਨ ਕਵਿਤਾਵਾਂ

## ਹੋਣੀਆਂ ਨੇ ਆ ਕੇ ਕੀਤੀ

ਹੋਣੀਆਂ ਨੇ ਆ ਕੇ ਕੀਤੀ, ਬੰਦਗੀ ਸ਼ਾਮਾਂ ਢਲ਼ੇ।
ਬੂਹੇ 'ਤੇ ਫਿਰ ਚੁੱਪ ਖੜ੍ਹੀ ਹੈ, ਵਿਲਕਦੀ ਸ਼ਾਮਾਂ ਢਲ਼ੇ।
ਬੋਲ ਵੀ ਅਪਣਾ ਨਾ ਹੋਇਅ, ਘੁੰਗਰੂਆਂ ਦੇ ਹਾਣ ਦਾ
ਕਰ ਕੇ ਮੁਜਰਾ ਸਿਸਕਦੀ ਹੈ, ਜ਼ਿੰਦਗੀ ਸ਼ਾਮਾਂ ਢਲ਼ੇ।
ਬਾਲ਼ ਕੇ ਆਪਣਾ ਸਿਵਾ, ਹੈ ਯਾਦ ਹਉਕੇ ਸੇਕਦੀ
ਕੋਲ਼ੇ ਬਹਿ ਕੇ ਆਸ ਕਰਦੀ, ਦਿਲਲਗੀ ਸ਼ਾਮਾਂ ਢਲ਼ੇ।
ਰੋਜ਼ ਪਾਉਂਦੀ ਰੋਜ਼ ਲਾਹੁੰਦੀ, ਚੂੜਾ ਤੇਰੇ ਸ਼ਗਨ ਦਾ
ਰੋਜ਼ ਕਰਦੀ ਖੁਦਕੁਸ਼ੀ ਨੂੰ, ਮੁਲਤਵੀ ਸ਼ਾਮਾਂ ਢਲ਼ੇ।
ਕਿਸ ਨੂੰ ਆਖੇ ਕਿੰਝ ਆਖੇ, ਇਸਦਾ ਕੀ ਗੁੰਮ ਹੋ ਗਿਆ
ਕਿਸਦਾ ਰਸਤਾ ਦੇਖਦੀ ਹੈ, ਬੇਖੁਦੀ ਸ਼ਾਮਾਂ ਢਲ਼ੇ।
ਫੇਰ ਅੱਜ ਨੂੰ ਜਿਉਣ ਦੀ ਹੈ, ਆਸ ਝੂਠੀ ਹੋ ਗਈ
ਹੱਥੀਂ ਆ ਕੇ ਤਿਲ੍ਹਕ ਗਈ ਹੈ, ਜ਼ਿੰਦਗੀ ਸ਼ਾਮਾਂ ਢਲ਼ੇ।
ਕੌਣ ਹੈ ਕਿੱਥੋਂ ਹੈ ਆਈ, ਕਿੱਥੇ ਜਾਣਾ ਪਿਆਸ ਨੇ
ਹਰ ਘੜੀ ਹਿਜਰਾਂ ਸਰਾਪੀ, ਬਹਿਕਦੀ ਸ਼ਾਮਾਂ ਢਲ਼ੇ।

## ਜਿਹਨਾਂ ਨੇ ਸਜਾਅ ਰੱਖੇ ਹੋਣ

ਜਿਹਨਾਂ ਨੇ ਸਜਾਅ ਰੱਖੇ ਹੋਣ
ਆਪਣੇ ਮੱਥਿਆਂ ਦੇ ਬਨੇਰਿਆਂ 'ਤੇ
ਅੱਖਾਂ ਦੀ ਥਾਂ, ਅੰਨ੍ਹੀ ਸ਼ਰਧਾ ਦੇ ਮਨਾਖੇ ਦੀਵੇ
ਫੇਰ ਉਹ ਭਲਾ ਕਿਵੇਂ ਵਿਛਾਅ ਸਕਦੇ ਨੇ
ਤੇਰੇ ਅਰਥ-ਭਰਪੂਰ ਰਾਹਾਂ ਲਈ, ਉਡੀਕ ਭਰੀਆਂ ਅੱਖਾਂ
ਜਿਹਨਾਂ ਨੇ ਅਕਲਾਂ ਦੀ ਥਾਂ
ਜਿਸਮਾਂ ਨੂੰ ਅੱਗੇ ਲਾ ਕੇ, ਭੇਡਾਂ ਦੀ ਭੀੜ 'ਚ ਰਲ਼ ਕੇ
ਝੰਡਾਂ ਲੁਹਾ ਕੇ - ਸੁੰਨਤਾਂ ਕਰਵਾ ਕੇ
ਲਿਸ਼ਕਾ ਰੱਖੇ ਹੋਣ ਆਪਣੇ ਮਨਾਂ ਦੇ ਆਲ਼ਿਆਂ 'ਚ
ਸੁਰਗਾਂ ਦੇ ਲਾਰੇ
ਫੇਰ ਉਹ ਭਲਾ ਕਿਹੜੇ ਸਿਰਾਂ ਨਾਲ ਸਿਰਜ ਸਕਦੇ ਨੇ
ਤੇਰੀ ਉਡੀਕ ਦੇ ਸੁਪਨੇ
ਜਿਹਨਾਂ ਨੇ ਕਰੁੱਤੇ ਹੀ ਉੱਗਣਾ ਹੈ
ਭਵ-ਸਾਗਰ ਦੇ ਕਿਨਾਰੇ
ਸ਼ੁਕਰਾਣੂ ਬਣ ਕੇ ਚੁਰਾਸੀ ਲੱਖ ਜੂਨਾਂ ਦੇ
ਅਤੇ ਫੈਲਣਾ ਹੈ ਬਿਮਾਰੀ ਬਣ ਕੇ ਛੂਆ-ਛਾਤ ਦੀ

ਫੇਰ ਉਹ ਭਲਾ, ਕਿੰਝ ਕਰ ਸਕਦੇ ਨੇ ਬਰਦਾਸ਼ਤ
ਕਿ ਕੋਈ ਉਨ੍ਹਾਂ ਦੇ ਮੁਕਤੀ-ਮਾਰਗ ਨੂੰ ਛੱਡ ਕੇ
ਇਸ ਸੁਨਹਿਰੇ ਅੱਜ ਨੂੰ ਭੋਗੇ
ਇਸ ਲਈ ਜ਼ਿੰਦਗੀ, ਹਾਲ ਦੀ ਘੜੀ
ਸਾਨੂੰ ਮੁਆਫ ਕਰੀਂ ਤੂੰ
ਪਰ, ਬਿਨਾਂ ਸ਼ੱਕ
ਇਕ ਦਿਨ ਆਪਣੇ ਹੀ ਹੱਥੀਂ
ਦਿੱਤੇ ਹੋਏ ਬੇਦਾਵੇ ਦੀ ਮੁਕਤੀ ਕਰਵਾਉਣ ਲਈ
ਇਕ ਦਿਨ ਪਰਤਾਂਗੇ ਅਸੀਂ
ਤੇਰੇ ਕੋਲ਼ ਪਰਤਾਂਗੇ ਅਸੀਂ।

## ਛੱਡ ਮਨਾਂ

ਛੱਡ ਮਨਾਂ! ਤੂੰ ਨਹੀਂ ਜਾਣਦਾ
ਇਸ ਆਦਿ ਕੁਆਰੀ 'ਜੇ' ਦਾ ਸੁਅੰਬਰ
ਸਿਰਜਦਾ ਆਇਆ ਹੈ ਹੋਣੀਆਂ ਦੇ ਚੱਕਰਵਿਊ....
ਧਰਮਾਂ-ਕਰਮਾਂ ਦਾ
ਮੁਜਰਾ ਦੇਖਣ ਦੀ ਥਾਂ
ਚੰਗਾ ਹੈ, ਕਿਸੇ ਵੇਸਵਾ ਦਾ ਹੁੱਕਾ ਤਾਜ਼ਾ ਕਰਨਾ
ਤੂੰ ਸ਼ਾਇਦ ਨਹੀਂ ਜਾਣਦਾ
ਕਿ ਉਸ ਮੁਜਰੇ ਦੀ ਖ਼ੁਆਬ-ਗਾਹ ਵਾਲੇ ਰਾਹ ਪਿਆਂ
ਅਹਿਸਾਸ ਮਜ਼ਾਰ ਬਣ ਕੇ ਪਰਤਦੇ ਨੇ ਘਰੇ....
ਤੂੰ ਐਵੇਂ ਨਾ
ਦੁਨੀਆਂਦਾਰੀ ਦੀ ਚਲਿੱਤਰੋ ਨੂੰ
ਭਰਮ-ਜਾਲ਼ ਦੀਆਂ ਤੰਦਾਂ ਬੁਣਨ ਦਿਆ ਕਰ
ਐਵੇਂ ਨਾ, ਪੁੰਨ ਪਾਪ ਦੇ ਖਿਲਾਅ 'ਚ ਤ੍ਰਿਸ਼ੰਕੂ ਬਣ
ਭਵ-ਸਾਗਰ ਤੋਂ ਪਾਰ ਕਰਵਾਉਣ ਵਾਲੇ
ਕਿਸੇ ਜਹਾਜ਼ ਜਾਂ ਬੇੜੀ ਦੀ ਉਡੀਕ ਵਿਚ
ਅੰਦਰੇ ਹੀ ਅੰਦਰ ਫੈਲਦਾ ਸੁੰਗੜਦਾ ਰਿਹਾ ਕਰ
ਐਵੇਂ ਨਾ, ਗ਼ਲਤ ਅਤੇ ਠੀਕ ਨੂੰ ਜ਼ਰਬਾਂ ਦਿੰਦਾ ਦਿੰਦਾ
ਆਪਣੇ ਆਪ 'ਚੋਂ ਮਨਫੀ ਹੁੰਦਾ ਰਿਹਾ ਕਰ....
ਚੁਰਸੀ ਦੇ ਚੱਕਰਾਂ ਵਿਚ
ਗੁਆਚ ਗਏ ਕਿਸੇ ਵੀ ਲੌਂਗ ਕੋਲ਼ੇ
ਰਹਿੰਦਾ ਨਹੀਂ ਆਪਣਾ ਲਿਸ਼ਕਾਰਾ
ਲੱਭਣਾ ਹੈ ਤਾਂ ਲੱਭ
ਆਪਣੇ ਆਪ ਦਾ ਝਲਕਾਰਾ। 000

***(936 ਕੱਚਾ ਕਿਲ੍ਹਾ, ਜਗਰਾਉਂ, ਜ਼ਿਲ੍ਹਾ ਲੁਧਿਆਣਾ-142 026***
***ਫੋਨ: 94177-87238)***

## ਦਵਿੰਦਰ ਬਿਮਰਾ: ਦੋ ਕਵਿਤਾਵਾਂ

### ਚੱਲ ਖੇਡੀਏ

ਚਿੜੀ ਉੱਡ, ਤੋਤਾ ਉੱਡ
ਦਾਣਾ ਉੱਡ, ਚੂਰੀ ਉੱਡ
ਰੋਟੀ ਉੱਡ, ਭੁੱਖ ਉੱਡ
ਟਮਾਟਰ ਉੱਡ, ਆਲੂ ਉੱਡ
ਪਿਆਜ਼ ਉੱਡ, ਕਿਸਾਨ ਉੱਡ
ਮਜ਼ਦੂਰ ਉੱਡ, ਨੌਕਰੀ ਉੱਡ
ਮੰਡੀ ਉੱਡ, ਇੱਜ਼ਤ ਉੱਡ
ਹਸਪਤਾਲ ਉੱਡ, ਇਲਾਜ ਉੱਡ
ਸੁਰੱਖਿਆ ਉੱਡ, ਕਾਨੂੰਨ ਉੱਡ
ਦਿਮਾਗ਼ ਉੱਡ, ਜੀਵਨ ਉੱਡ
ਜਹਾਜ਼ ਉੱਡ, ਧਰਤੀ ਉੱਡ
ਮੈਂ ਵੀ ਉੱਡਾਂ, ਤੂੰ ਵੀ ਉੱਡ 00

### ਕਿਤਾਬ

ਹਾਂ ਕਿਤਾਬ ਵੀ ਤਾਂ ਇਕ ਘਰ ਹੁੰਦੀ ਹੈ
ਅਤੇ ਆਲ੍ਹਣਾ ਵੀ
ਬਹੁਤ ਲੋਕ ਵਾਸਦੇ ਹਨ ਇਸ ਵਿਚ
ਅਮੀਰ ਗ਼ਰੀਬ
ਦਿਲੋਂ ਟੁੱਟੇ, ਟੁੱਟੇ ਸਮਾਜ ਤੋਂ
ਲੇਲ੍ਹੜੀਆਂ ਕੱਢਦੇ
ਰੋਅਬ ਝਾੜਦੇ ਲੋਕ
ਖੁਸ਼ ਲੋਕ, ਬਦਨਾਮ ਲੋਕ
ਬਲਾਤਕਾਰੀ, ਅੱਤਿਆਚਾਰੀ
ਕਿਸ ਨੂੰ ਰੋਕੋ, ਕਿਸ ਨੂੰ ਵਰਜਿਤ ਕਰੋ
ਕਿਤਾਬ ਤਾਂ ਹੈ ਸਭ ਲਈ
ਬਣਦੀ ਵੀ ਤਾਂ, ਸਾਰਿਆਂ ਕਰਕੇ ਹੈ
ਹਾਂ, ਕਿਤਾਬ ਤਾਂ ਇਕ ਘਰ ਹੁੰਦੀ ਹੈ
ਅਤੇ ਆਲ੍ਹਣਾ ਵੀ
ਉਮਰ ਲੱਗ ਜਾਂਦੀ ਹੈ
ਦੋਹਾਂ ਨੂੰ ਬਣਾਉਣ ਲਈ
ਵਸਾਉਣ ਲਈ। 000

***(373 ਬੈਂਕ ਐਨਕਲੇਵ, ਜਲੰਧਰ-144 003)***

# ਸੁਰਿੰਦਰਪ੍ਰੀਤ ਘਣੀਆ: ਤਿੰਨ ਗ਼ਜ਼ਲਾਂ

**-1-**

ਜਿਸਮਾਂ ਉੱਤੇ ਫੁੱਲ ਖਿੜੇ ਨੇ ਰੂਹਾਂ ਬੰਜਰ ਹੋਈਆ ਨੇ।
ਘਰਾਂ 'ਚ ਰਹਿ ਗਿਆ ਰੋਣਾ ਧੋਣਾ, ਖ਼ੁਸ਼ੀਆਂ ਬੇਘਰ ਹੋਈਆਂ ਨੇ।
ਸੋਚਾਂ ਵਿਚੋਂ ਪਿਆਰ- ਮੁਹੱਬਤ, ਭਾਈਚਾਰਾ ਗ਼ਾਇਬ ਹੈ,
ਸੋਚਾਂ ਤਾਂ ਬੱਸ ਗਿਰਜੇ, ਮਸਜਿਦ ਮੱਠ ਤੇ ਮੰਦਰ ਹੋਈਆਂ ਨੇ।
ਇਕ ਸ਼ੈਤਾਨ ਨੇ ਇਹਨਾਂ ਵਿਚ ਵੀ ਕਿੰਨੀ ਨਫਰਤ ਭਰ ਦਿੱਤੀ,
ਭਾਸ਼ਾਵਾਂ ਵੀ ਬੰਦੇ ਵਾਂਗੂੰ ਅੱਜ-ਕਲ ਖੰਜਰ ਹੋਈਆਂ ਨੇ।
ਲਹੂ ਨਾਲ ਜਦ ਸਿੰਜਿਆ ਕੱਲ੍ਹ ਨੂੰ, ਇਹਨਾਂ 'ਚੋਂ ਹੀ ਖਿੜਨੇ ਫੁੱਲ,
ਕੀ ਹੋਇਐ ਜੇ ਸੱਚ ਤੇ ਧਰਤੀ ਦੋਨੋਂ ਬੰਜਰ ਹੋਈਆਂ ਨੇ।
ਸੂਹੇ ਅੱਖਰ ਡਾਰਾਂ ਬੰਨ੍ਹੀਂ ਉੱਡ ਉੱਡ ਆਉਂਦੇ ਬਾਹਰ ਨੂੰ,
ਫਿਰ ਕੀ ਹੈ ਜੇ ਲਾਲ ਕਿਤਾਬਾਂ ਜੇਲ੍ਹਾਂ ਅੰਦਰ ਹੋਈਆਂ ਨੇ।
ਤਦ-ਤਦ ਇਸ ਧਰਤੀ ਨੇ ਜੰਮੇ, ਭਗਤ, ਸਰਾਭੇ, ਊਧਮ ਸਿੰਘ,
ਸਮੇਂ ਦੀਆਂ ਸਰਕਾਰਾਂ ਜਦ- ਜਦ, ਡਾਇਰ, ਹਿਟਲਰ ਹੋਈਆਂ ਨੇ।
ਜੇਕਰ ਪੁਸਤਕ ਬਣਨਗੀਆਂ ਤਾਂ ਫਿਰ ਹੀ ਚਾਨਣ ਕਰਨਗੀਆਂ,
ਉਂਝ ਅਸਾਡੀਆਂ ਨਜ਼ਮਾਂ-ਗ਼ਜ਼ਲਾਂ, ਅੱਖਰ-ਅੱਖਰ ਹੋਈਆਂ ਨੇ।
ਅੰਨ੍ਹੀ ਹਵਸ 'ਚ ਮਾਲੀ ਨੇ ਜਦ ਅਜ਼ਮਤ ਲੁੱਟੀ ਕਲੀਆਂ ਦੀ,
ਸੂਲ਼ਾਂ ਛਵ੍ਹੀਆਂ ਬਣ ਗਈਆਂ ਤੇ ਪੱਤੀਆਂ ਖੰਜਰ ਹੋਈਆਂ ਨੇ।
ਪਿਆਰ-ਮੁਹੱਬਤ ਸਾਂਝਾਂ ਵਾਲਾ ਰੁੱਖ ਜੜਾਂ ਤੋਂ ਹਿੱਲ ਗਿਐ,
ਹਰੀਆਂ-ਭਰੀਆਂ ਟ੍ਹਾਣਾਂ ਜਦ ਤੋਂ ਪੱਤਰ-ਪੱਤਰ ਹੋਈਆਂ ਨੇ।

**-2-**

ਘਟਾ ਕਾਲ਼ੀ ਤੇ ਬਿਜਲੀ ਲਿਸ਼ਕਦੀ ਦਰਸਾ ਰਹੇ ਨੇ।
ਅਸਾਡੇ ਸਿਰ ਤੇ ਖਤਰੇ ਸੈਆਂ ਹੀ ਮੰਡਰਾ ਰਹੇ ਨੇ।
ਇਬਾਰਤ ਲਿਖ ਰਹੇ ਨੇ ਕਾਲ਼ੀ ਉਹ ਇਤਿਹਾਸ ਦੇ ਵਿਚ,
ਸੁਨਹਿਰੀ ਪੰਨਿਆਂ ਤੋਂ ਹਰਫ ਸੂਹੇ ਢਾਹ ਰਹੇ ਨੇ।
ਉਹ ਕੇਹਾ ਫਲਸਫਾ ਆਏ ਨੇ ਲੈ ਕੇ ਏਕਤਾ ਦਾ,
ਤਰੇੜਾਂ ਧਰਤ ਤੇ ਅਸਮਾਨ ਉੱਤੇ ਪਾ ਰਹੇ ਨੇ।
ਦਿਖਾਈ ਦੇ ਰਿਹਾ ਨਈਂ ਠੀਕ ਰਾਹ ਵੀ ਸੂਰਜਾਂ ਨੂੰ,

ਪਤਾ ਨਹੀਂ ਕੇਹਾ ਕੱਜਲ਼ ਨੈਣਾਂ ਵਿਚ ਉਹ ਪਾ ਰਹੇ ਨੇ।
ਉਹ ਫੜ ਫੜ ਧੌਣੋਂ ਪੰਛੀ ਪਾ ਰਹੇ ਪਿੰਜਰਿਆਂ ਵਿਚ,
ਤਰਾਨੇ ਅੰਬਰਾਂ ਦੇ ਫਿਰ ਵੀ ਪੰਛੀ ਗਾ ਰਹੇ ਨੇ।
ਬਹਾਰ ਆਈ ਹੈ ਸਾਡੇ ਬਾਗ਼ ਵਿਚ ਇਹ ਕਿਸ ਤਰ੍ਹਾਂ ਦੀ
ਕਿ ਟਹਿਕੇ ਫੁੱਲ ਇੱਕੋ, ਬਾਕੀ ਸਭ ਮੁਰਝਾ ਰਹੇ ਨੇ।
ਬੁਝਾ ਕੇ ਗਿਰਜਿਆਂ, ਗੁਰਦੁਆਰਿਆਂ ਤੇ ਮਸਜਿਦਾਂ 'ਚੋਂ,
ਘਿਉ ਦੇ ਦੀਵੇ ਮੰਦਰਾਂ ਵਿਚ ਜਗਾਏ ਜਾ ਰਹੇ ਨੇ।
ਕਟਾਰ ਆਪਣੀ ਰਹੇ ਨੇ ਵਾਹ ਉਹ ਮੇਰੇ ਜਿਸਮ ਉੱਤੇ
ਤੇ ਮੇਰੇ ਜ਼ਖਮ ਆਪਣੀ ਮੌਜ ਵਿਚ ਮੁਸਕਾ ਰਹੇ ਨੇ।
ਉਹਨਾਂ ਦੇ ਦਿਲ 'ਚ ਜੋ ਨੇ ਖੋਟ ਸਭ ਹੀ ਜਾਣਦੇ ਹਾਂ,
ਨਜ਼ਰ ਸਾਡੀ ਨੂੰ ਭਾਵੇਂ ਉਹ ਬੜਾ ਭਰਮਾ ਰਹੇ ਨੇ।

**-3-**

ਸੁੱਕਾ ਹੈ, ਭਰਿਆ ਹੈ, ਘੱਟ ਡੂੰਘਾ ਹੈ, ਦਰਿਆ, ਦਰਿਆ ਤਾਂ ਹੈ।
ਭੁੱਖਾ ਜਾਂ ਰੱਜਿਆ, ਕਮਲ਼ਾ ਜਾਂ ਸਿਆਣਾ ਬੰਦਾ, ਬੰਦਾ ਤਾਂ ਹੈ।
ਮੰਨਿਆ ਜਿੱਥੇ ਪੁੱਜਣਾ ਹੈ ਮੈਂ, ਹਾਲੇ ਤੀਕਰ ਪੁੱਜ ਨਾ ਸਕਿਆ,
ਹੌਲ਼ੀ ਹੈ, ਪਰ ਮਨ ਦਾ ਰਾਹੀ ਰੁਕਿਆ ਤਾਂ ਨਈਂ, ਤੁਰਦਾ ਤਾਂ ਹੈ।
ਅੰਨ੍ਹੇ ਝੱਖੜ, ਭਾਰੀ ਮੀਂਹ ਵਿਚ ਮਿੱਟੀ ਦਾ ਇਕ ਦੀਵਾ,
ਜਿੰਨੀ ਕੁ ਸੀ ਹਸਤੀ ਉਸ ਦੀ, ਉਨਾ ਕੁ ਉਹ ਜਗਿਆ ਤਾਂ ਹੈ।
ਕੀ ਹੋਇਆ ਜੇ ਕੰਧਾਂ 'ਤੇ ਨਈਂ ਮੇਰਾ ਨਾਂ ਤੇ ਮੇਰੀ ਫੋਟੋ,
ਮੇਰੇ ਕੰਮ ਦੇ ਸ਼ੀਸ਼ੇ ਵਿਚੋਂ ਮੇਰਾ ਚਿਹਰਾ ਦਿਸਦਾ ਤਾਂ ਹੈ।
ਭਾਵੇਂ ਚਾਨਣ ਜੇਲ 'ਚ ਸੜਦੇ, ਕਲਮ ਨਾਲ ਨੇ ਫਿਰ ਵੀ ਲੜਦੇ,
ਚਾਨਣ ਦਾ ਸਿਰਨਾਵਾਂ ਉਹਨਾਂ, ਨ੍ਹੇਰ ਦੀ ਹਿੱਕ 'ਤੇ ਲਿਖਿਆ ਤਾਂ ਹੈ।
ਮੇਰੇ ਕਦਮਾਂ ਦੇ ਲਈ ਆਖਿਰ ਏਨਾ ਮਾਣ ਵੀ ਥੋੜ੍ਹਾ ਤਾਂ ਨਈਂ,
ਫੁੱਲ ਨਹੀਂ ਤਾਂ ਕੱਚ ਬਣ ਕੇ, ਉਹ ਮੇਰੇ ਰਾਹ ਵਿਚ ਵਿਛਿਆ ਤਾਂ ਹੈ।
ਨਜ਼ਰ ਉਹਦੀ ਤੋਂ ਪੜ੍ਹ ਨਹੀਂ ਹੋਇਆ, ਇਸ ਵਿਚ ਮੇਰਾ ਦੋਸ਼ ਭਲਾ ਕੀ
ਪਾਣੀ ਉੱਤੇ, ਪਉਣਾਂ ਉੱਤੇ, ਮੈਂ ਉਹਦਾ ਨਾਂ ਲਿਖਿਆ ਤਾਂ ਹੈ।
ਗ਼ਮ ਵਿਚ ਭਾਵੇਂ ਡੁੱਬਿਆ ਰਹਿੰਨਾਂ, ਖੁਸ਼ ਹੋ ਲਵਾਂ ਇਉਂ ਮਨ ਸਮਝਾ ਕੇ,
ਮੇਰੇ ਵਿਹੜੇ ਬੇ-ਸ਼ੱਕ ਨਈਂ ਚੰਨ, ਉਸ ਦੇ ਵਿਹੜੇ ਚੜ੍ਹਿਆ ਤਾਂ ਹੈ।
ਜ਼ੋਰਾਵਰਾਂ ਨੇ ਸੀਨਾ ਛਲਣੀ 'ਘਣੀਏ' ਦਾ ਕਰ ਦਿੱਤਾ ਬੇ-ਸ਼ੱਕ,
ਭੱਜਿਆ ਨਈਂ ਉਹ, ਝੁਕਿਆ ਨਈਂ ਉਹ, ਛਾਤੀ ਤਾਣ ਕੇ ਖੜ੍ਹਿਆ ਤਾਂ ਹੈ। 000

***(20298-ਏ, ਗਲੀ ਨੰਬਰ 15, ਸੌ ਫੁੱਟੀ ਸੜਕ,***
***ਗੁਰੂ ਤੇਗ਼ ਬਹਾਦਰ ਨਗਰ, ਬਠਿੰਡਾ)***

# ਖਲਾਅ ਵਿਚ ਭਟਕਦੇ ਰਿਸ਼ਤੇ: ਕਹਾਣੀ: ਨਿਰੰਜਣ ਬੋਹਾ

ਨੇੜਲੇ ਸ਼ਹਿਰ ਵਿਆਹੀ ਮੇਰੇ ਮਾਮੇ ਦੀ ਧੀ ਬਿਮਲਾ ਵਿਆਹ ਤੋਂ ਬਾਅਦ ਪਹਿਲੀ ਵਾਰ ਮੇਰੇ ਘਰ ਆਈ ਹੈ। ਪਿੱਛੇ ਜਿਹੇ ਇਕ ਵਿਆਹ ਸਮਾਗਮ 'ਤੇ ਇਕੱਠੇ ਹੋਏ ਸਾਂ ਸੰਗਰੂਰ। ਮੈਂ ਭੈਣ ਤੇ ਜੀਜੇ ਨੂੰ ਘਰ ਆਉਣ ਦਾ ਰਸਮੀ ਜਿਹਾ ਸੱਦਾ ਦਿੱਤਾ ਸੀ ਤੇ ਉਹ ਦੋਹੇਂ ਮੇਰਾ ਸੱਦਾ ਕਬੂਲ ਕੇ ਰੱਖੜੀ ਦੇ ਤਿਉਹਾਰ ਵਾਲੇ ਦਿਨ ਅੱਜ ਸੱਚਮੁੱਚ ਹੀ ਸਾਡੇ ਘਰ ਆ ਗਏ ਹਨ। ਉਹ ਮਰ ਜਾਣੀ ਮੇਰਾ ਮੋਹ ਵੀ ਤਾਂ ਬਹੁਤ ਕਰਦੀ ਹੈ। ਨਾਨਕੇ ਘਰ ਨਾਲ ਮੇਰਾ ਬਚਪਨ ਤੋਂ ਹੀ ਬਹੁਤ ਲਗਾਅ ਰਿਹਾ ਹੈ। ਸਕੂਲ ਵਿਚ ਪੜ੍ਹਦਾ ਸਾਂ ਤਾ ਦੋ ਮਹੀਨਿਆਂ ਦੀਆਂ ਗਰਮੀਆਂ ਦੀਆਂ ਸਾਰੀਆਂ ਛੁੱਟੀਆਂ ਨਾਨਕੇ ਘਰ ਹੀ ਬੀਤਦੀਆਂ ਸਨ। ਬਿਮਲਾ ਦੀਆਂ ਅੱਖਾਂ ਕੁਝ ਨੀਲੀਆ ਸਨ, ਇਸ ਲਈ ਬਚਪਨ ਵਿਚ ਮੈਂ ਉਸਨੂੰ ਬਿੱਲੀ ਕਹਿ ਕੇ ਛੇੜਿਆ ਕਰਦਾ ਸਾਂ। ਉਹ ਨਾਨੀ ਦੇ ਸਿਰਹਾਣੇ ਪਈ ਸੋਟੀ ਚੱਕ ਕੇ ਕਿੰਨਾ ਹੀ ਚਿਰ ਮੇਰਾ ਪਿੱਛਾ ਕਰਦੀ ਰਹਿੰਦੀ ਸੀ ਪਰ ਮੈਂ ਕਦੋਂ ਉਸਦੀ ਪਕੜ ਵਿਚ ਆਉਣ ਵਾਲਾ ਸਾਂ। ਆਖਿਰ ਉਹ ਥੱਕ ਕੇ ਉਹ ਰੋਣ ਲੱਗ ਜਾਂਦੀ ਤੇ ਫਿਰ ਮੈਨੂੰ ਹੀ ਉਸਨੂੰ ਮਨਾਉਣਾ ਪੈਂਦਾ ਸੀ। ਆਪਣਾ ਸਕਾ ਭਰਾ ਹੋਣ ਦੀ ਗੱਲ ਉਸ ਕਦੇ ਆਪਣੇ ਦਿਲ 'ਤੇ ਨਹੀਂ ਸੀ ਲਿਆਂਦੀ ਤੇ ਨਾ ਹੀ ਉਸਨੂੰ ਭੂਆ ਦੇ ਮੁੰਡਿਆਂ ਤੇ ਸਕੇ ਭਰਾਵਾਂ ਵਿਚਲੇ ਕਿਸੇ ਫਰਕ ਦਾ ਪਤਾ ਸੀ। ਅਸੀਂ ਵੀ ਦੋ ਭਰਾ ਸਾਂ, ਇਸ ਲਈ ਮਾਮੇ ਦੀ ਕੁੜੀ ਹੀ ਸਾਡੇ ਲਈ ਭੈਣ ਤੋਂ ਵੀ ਵੱਧ ਸੀ। ਮਾਮਾ ਮਾਮੀ ਵੀ ਮੇਰਾ ਪੂਰਾ ਮੋਹ ਕਰਦੇ ਸਨ। ਭਾਵੇਂ ਬਿਮਲਾ ਉਮਰ ਵਿਚ ਮੇਰੇ ਹਾਣ ਦੀ ਸੀ ਫਿਰ ਵੀ ਭਰਾ ਹੋਣ ਦਾ ਰੋਹਬ ਮਾਰਦਿਆਂ ਮੈਂ ਛੁੱਟੀਆਂ ਦਾ ਵਧੇਰੇ ਕੰਮ ਵੀ ਉਸੇ ਤੋਂ ਹੀ ਕਰਾਇਆ ਕਰਦਾ ਸਾਂ।

ਪਤਾ ਹੀ ਨਾ ਲੱਗਿਆ ਕਿ ਕਦੋਂ ਸਾਡਾ ਬਚਪਨ ਬੀਤ ਗਿਆ। ਮੈਂ ਆਪਣੇ ਲਈ ਕੁੜੀ ਵੇਖਣ ਜਾਣਾ ਸੀ ਤਾਂ ਬਿਮਲਾ ਵੀ ਭੈਣ ਹੋਣ ਦੇ ਨਾਤੇ ਮੇਰੇ ਨਾਲ ਗਈ ਸੀ। ਮੈਂ ਉਦੋਂ ਨੌਕਰੀ ਦੀ ਤਲਾਸ਼ ਵਿਚ ਸਾਂ। ਬੇਬੇ ਨੇ ਦੱਸਿਆ ਕਿ ਮੇਰੇ ਮਾਮੇ ਦਾ ਸੁਨੇਹਾ ਆਇਆ ਹੈ ਕਿ ਬਿਮਲਾ ਵਾਸਤੇ ਸਮਾਣੇ ਮੁੰਡਾ ਵੇਖਣ ਜਾਣਾ ਹੈ। ਇਹ ਬਿਮਲਾ ਦੀ ਹੀ ਇੱਛਾ ਸੀ ਕਿ ਉਸ ਲਈ ਮੁੰਡਾ ਵੇਖਣ ਮੈਂ ਨਾਲ ਜ਼ਰੂਰ ਜਾਵਾਂ। ਉਸਨੂੰ ਮੇਰੀ ਪਰਖ ਨਿਰਖ 'ਤੇ ਪੂਰਾ ਵਿਸ਼ਵਾਸ ਸੀ। ਮੈਂ, ਦੋਹੇਂ ਮਾਮੇ ਤੇ ਛੋਟੀ ਮਾਮੀ ਉਸ ਲਈ ਮੁੰਡਾ ਤੇ ਘਰ ਬਾਰ ਵੇਖਣ ਗਏ ਸਾਂ। ਸੋਹਣਾ ਸੁਨੱਖਾ ਤੇ ਬਿਮਲਾ ਦੇ ਹਾਣ ਪ੍ਰਵਾਨ ਵਾਲਾ ਮੁੰਡਾ ਸਾਨੂੰ ਪਹਿਲੀ ਨਜ਼ਰੀਂ ਹੀ ਪਸੰਦ ਆ ਗਿਆ ਸੀ। ਮੈਂ ਮੇਰੇ ਨਾਲ ਬੀ.ਐੱਡ ਕਰਦੇ ਇਸ ਸ਼ਹਿਰ ਦੇ ਆਪਣੇ ਜਮਾਤੀ ਪਾਸੋਂ ਉਸਦੇ ਘਰ ਬਾਰ ਦੀ ਵੀ ਤਸੱਲੀ ਕਰ ਲਈ ਸੀ। ਚੰਗਾ ਕਾਰੋਬਾਰ ਸੀ ਮੁੰਡੇ ਦੇ ਡੈਡੀ ਦਾ। ਸ਼ਹਿਰ ਦੀ ਕਹਿੰਦੀ ਕਹਾਉਂਦੀ ਹੀਰੋ ਹਾਂਡਾ ਏਜੰਸੀ ਦਾ ਮਾਲਕ ਸੀ ਉਹ। ਯੋਗੇਸ਼ ਨੂੰ ਬੀ.ਏ. ਕਰਨ ਤੋਂ ਬਾਅਦ ਮੇਰੇ ਵਾਂਗ ਨੌਕਰੀ ਲਈ ਟੱਕਰਾਂ ਮਾਰਨ ਦੀ ਲੋੜ ਨਹੀਂ ਸੀ। ਬਿਮਲਾ ਵਾਂਗ ਹੀ ਮਾਪਿਆ ਦੀ ਇਕਲੌਤੀ ਸੰਤਾਨ ਹੋਣ ਕਾਰਨ ਉਹ ਸ਼ਹਿਰ ਦੀ ਨਾਮੀ ਏਜੰਸੀ ਦਾ ਮਾਲਕ ਬਣ ਗਿਆ ਸੀ। ਮਾਮੇ ਨੇ ਵੀ ਆਪਣੇ ਵਿੱਤ ਨਾਲੋਂ ਵਧ ਕੇ ਬਿਮਲਾ ਦੇ ਵਿਆਹ 'ਤੇ ਖਰਚ ਕੀਤਾ ਸੀ।

---ਤੇ ਉਹੀ ਬਿੱਲੀ ਤੇ ਯੋਗੇਸ਼ ਹੁਣ ਮੇਰੇ ਘਰ ਦੀ ਬੈਠਕ ਵਿਚ ਮੌਜੂਦ ਹਨ। ਮਾਪਿਆਂ ਦੀ ਲਾਡਲੀ ਹੋਣ ਕਾਰਨ ਬਿਮਲਾ ਦੇ ਹਾਵ ਭਾਵ ਵਿਚੋਂ ਅਜੇ ਵੀ ਬਚਪਨਾ ਹੀ ਝਲਕਦਾ ਵਿਖਾਈ ਦੇਂਦਾ ਹੈ। ਬਚਪਨ ਤੋਂ ਹੀ ਉਹ ਬਹੁਤ ਬੋਲਦੀ ਹੈ। ਹੁਣ ਵੀ ਉਹ ਬਹੁਤ ਤੇਜ਼ੀ ਨਾਲ ਆਪਣੀ ਜ਼ੁਬਾਨ ਚਲਾ ਰਹੀ ਹੈ। ਬਹੁਤਾ ਬੋਲਣ ਕਰਕੇ ਕਈ ਵਾਰ ਉਸਨੂੰ ਨਾਨੀ ਦੀਆਂ ਝਿੜਕਾਂ ਵੀ ਖਾਣੀਆਂ ਪੈਂਦੀਆਂ ਪਰ ਬਚਪਨ ਕਿਸੇ ਨਾਨੀ ਦਾਦੀ ਦੀਆਂ ਝਿੜਕਾਂ ਨੂੰ ਕੀ ਗੌਲ਼ਦਾ ਹੈ। ਉਸਦੇ ਮੁਕਾਬਲੇ ਯੋਗੇਸ਼ ਬਹੁਤ ਗੰਭੀਰ ਤੇ ਸੰਜੀਦਾ ਵਿਖਾਈ ਦੇ ਰਿਹਾ ਹੈ। ਮੈਂ ਚਾਹੁੰਦਾ ਹਾਂ ਕਿ ਚਿਹਰੇ 'ਤੇ

ਬਿਮਲਾ ਜਿਹੇ ਹੀ ਖੁਸ਼ੀ ਦੇ ਭਾਵ ਲਿਆ ਕੇ ਉਨ੍ਹਾਂ ਦਾ ਸਵਾਗਤ ਕਰਾਂ ਪਰ ਮਹੀਨੇ ਦੇ ਆਖਿਰੀ ਦਿਨਾਂ ਵਿਚ ਖਾਲੀ ਜੇਬ ਦਾ ਅਹਿਸਾਸ ਮੇਰੀ ਮੁਸਕਰਾਹਟ ਨੂੰ ਫਿੱਕੀ ਪਾ ਰਿਹਾ ਹੈ। ਸਰਕਾਰ ਨੇ ਨੌਕਰੀ ਦੇਣ ਲੱਗਿਆਂ ਅਜ਼ਮਾਇਸ਼ੀ ਪੀਰੀਅਡ ਤਿੰਨ ਸਾਲ ਦਾ ਰੱਖਿਆ ਸੀ, ਪਰ ਮੈਨੂੰ ਤਾਂ ਨੌਕਰੀ ਕਰਦਿਆਂ ਛੇ ਸਾਲ ਹੋ ਗਏ ਨੇ। ਸਾਨੂੰ ਉੱਕਾ ਪੁੱਕਾ ਦਸ ਹਜ਼ਾਰ ਹੀ ਤਨਖਾਹ ਦੇ ਰਹੀ ਹੈ ਸਰਕਾਰ। ਇਸ ਮਹਿੰਗਾਈ ਦੇ ਯੁਗ ਵਿਚ ਕੀ ਬਣਦਾ ਹੈ ਦਸ ਹਜ਼ਾਰ ਨਾਲ। ਤਨਖਾਹ ਆਉਣ ਤੋਂ ਪਹਿਲਾਂ ਹੀ ਚਿੰਤਾ ਲੱਗ ਜਾਂਦੀ ਹੈ ਕਿ ਐਤਕੀਂ ਕਿਸ ਦਾ ਭੁਗਤਾਨ ਕੀਤਾ ਜਾਵੇ ਤੇ ਕਿਸ ਨੂੰ ਲਾਰਾ ਲਾਇਆ ਜਾਵੇ। ਮੈ ਕਿਹੜਾ ਪੁਲਿਸ ਜਾਂ ਮਾਲ ਮਹਿਕਮੇ ਵਿਚ ਹਾਂ ਕਿ ਉਤਲੀ ਕਮਾਈ ਨਾਲ ਘਰ ਦੀ ਗੱਡੀ ਚਲਾਈ ਜਾਵਾਂ। ਸੋਨੂੰ ਦਾ ਦਾਖਲਾ ਭਰਨ ਕਾਰਨ ਇਹ ਮਹੀਨਾ ਤਾਂ ਸਾਰਾ ਹੀ ਤੰਗੀ ਵਿਚ ਨਿਕਲਿਆ ਹੈ। ਬੱਚਿਆ ਦੀ ਪੜ੍ਹਾਈ ਦੇ ਖਰਚੇ ਹੀ ਏਨੇ ਵਧ ਗਏ ਨੇ ਕਿ ਤੌਬਾ ਤੌਬਾ। ਪਿਛਲੇ ਸ਼ਨਿਚਰਵਾਰ ਮਾਂ ਨੂੰ ਹਲਕਾ ਜਿਹਾ ਦਿਲ ਦਾ ਦੌਰਾ ਪਿਆ ਤਾਂ ਖੜ੍ਹੇ ਪੈਰ ਆਪਣੇ ਨਾਲ ਦੇ ਮਾਸਟਰ ਤੋਂ ਤਿੰਨ ਹਜ਼ਾਰ ਰੁਪਏ ਉਧਾਰ ਫੜਨੇ ਪਏ।

ਭੈਣ ਦੀ ਤਾਂ ਕੋਈ ਗੱਲ ਨਹੀਂ ਪਰ ਉਸਦੇ ਪਤੀ ਦੀ ਸੇਵਾ ਤਾਂ ਕਰਨੀ ਹੀ ਪਵੇਗੀ। ਅੱਜ ਕੱਲ ਫੋਕੀ ਚਾਹ ਪਿਆਈ ਵੀ ਦੋ ਤਿੰਨ ਸੌ ਤੋਂ ਘੱਟ ਨਹੀਂ ਪੈਂਦੀ। ਭਾਵੇਂ ਅਗਲਾ ਇਕ ਕਾਜੂ ਚੁੱਕੇ ਪਰ ਸੁੱਕੇ ਮੇਵੇ ਦੀਆਂ ਦੋ ਤਿੰਨ ਪਲੇਟਾਂ ਤਾਂ ਸਜਾਉਣੀਆਂ ਹੀ ਪੈਂਦੀਆਂ ਨੇ। ਤੇ ਫਿਰ ਨਿਰੇ ਚਾਹ ਪਾਣੀ ਦੀ ਸੇਵਾ ਨੂੰ ਕੌਣ ਗਿਣਦੈ। ਜਦੋਂ ਮੈਂ ਯੋਗੇਸ਼ ਬਾਰੇ ਆਪਣੇ ਦੋਸਤ ਤੋਂ ਜਾਣਕਾਰੀ ਲਈ ਸੀ ਤਾਂ ਉਸ ਦੱਸਿਆ ਸੀ ਕਿ ਉਹ ਕਦੇ ਕਦਾਈਂ ਪਾਰਟੀ ਵਗੈਰਾ ਵਿਚ ਪੈੱਗ ਸ਼ੈੱਗ ਵੀ ਲਾ ਲੈਂਦਾ ਹੈ। ਉਸਨੂੰ ਪਿਆਏ ਬਿਨਾਂ ਤਾਂ ਸਾਡੇ ਵੱਲੋਂ ਕੀਤੀ ਸੇਵਾ ਕਿਸੇ ਖਾਤੇ ਵਿਚ ਨਹੀਂ ਪੈਣੀ। ਹੁਣ ਪਹਿਲੀ ਵਾਰ ਘਰ ਆਏ ਪ੍ਰਾਹੁਣੇ ਨੂੰ ਠੇਕੇ ਦੀ ਦੇਸੀ ਸ਼ਰਾਬ ਤਾਂ ਪਿਆਈ ਨਹੀਂ ਜਾ ਸਕਦੀ। ਉੱਤੋਂ ਭੈਣ ਆਈ ਵੀ ਰੱਖੜੀ ਵਾਲੇ ਦਿਨ ਹੈ ਤੇ ਉਹ ਵੀ ਵਿਆਹ ਤੋਂ ਬਾਅਦ ਪਹਿਲੀ ਵਾਰ। ਕੁੜੀ ਦੇ ਹੱਥ ਤੇ ਗਿਆਰਾਂ ਸੌ ਰੁਪਏ ਤਾਂ ਧਰਨੇ ਹੀ ਪੈਣਗੇ।ਘੱਟੋ ਘੱਟ ਤਿੰਨ ਹਜ਼ਾਰ ਦਾ ਇੰਤਜ਼ਾਮ ਕਰਨਾ ਪਊ। ਮੈਂ ਹਰ ਸੰਭਵ ਕੋਸ਼ਿਸ਼ ਕਰ ਰਿਹਾ ਹਾਂ ਕਿ ਚਿੰਤਾ ਦੇ ਭਾਵ ਮੇਰੇ ਚਿਹਰੇ ‘ਤੇ ਨਾ ਆਉਣ ਪਰ ਮੈਨੂੰ ਮਹਿਸੂਸ ਹੋ ਰਿਹਾ ਹੈ ਕਿ ਮੈਂ ਆਪਣੇ ਇਸ ਮਕਸਦ ਵਿਚ ਵਧੇਰੇ ਕਾਮਯਾਬ ਨਹੀਂ ਹੋ ਸਕਾਂਗਾ। ਮੈਨੂੰ ਭੈਣ ‘ਤੇ ਥੋੜ੍ਹਾ ਗੁੱਸਾ ਵੀ ਆ ਰਿਹਾ ਹੈ ਕਿ ਜੇ ਉਸ ਪ੍ਰਾਹੁਣੇ ਸਮੇਤ ਆਉਣਾ ਹੀ ਸੀ ਤਾਂ ਘੱਟੋ ਘੱਟ ਦੋ ਤਿੰਨ ਦਿਨ ਪਹਿਲਾਂ ਫੋਨ ਤਾਂ ਕਰ ਦੇਂਦੀ--ਬਈ ਬੰਦਾ ਪੈਸੇ ਦਾ ਕੋਈ ਜੁਗਾੜ ਕਰ ਲਵੇ।

“ਭੈਣ ਦਾ ਵਿਆਹ ਕਰਨ ਤੋਂ ਬਾਅਦ ਭਰਾ ਤਾਂ ਉਸਦਾ ਘਰ ਭੁੱਲ ਹੀ ਗਿਆ---। ਮੇਰੇ ਵਿਆਹ ਦੇ ਸ਼ੁਰੂ ਵਿਚ ਇਕ ਵਾਰ ਆਏ ਹੋ ਤੁਸੀਂ --- ਮੈਂ ਸੋਚਿਆ ਅੱਜ ਰੱਖੜੀ ਹੈ, ਆਪ ਹੀ ਵੀਰ ਦੇ ਰੱਖੜੀ ਬੰਨ੍ਹ ਆਵਾਂ---। ਭੈਣ ਨੇ ਉਲਾਂਭਾ ਜਿਹਾ ਦੇਂਦਿਆਂ ਕਿਹਾ ਹੈ।

“ਕਈ ਦਿਨਾਂ ਤੋਂ ਸੋਚ ਰਹੇ ਸਾਂ ਤੇਰੇ ਕੋਲ਼ ਆਉਣ ਲਈ ਪਰ ਕੋਈ ਨਾ ਕੋਈ ਅੜਿੱਕਾ ਪੈਂਦਾ ਰਿਹਾ।” ਮੈਂ ਪ੍ਰਾਹੁਣੇ ਸਾਹਮਣੇ ਭੈਣ ਦਾ ਦਿਲ ਰੱਖਣ ਲਈ ਝੂਠ ਬੋਲਿਆ ਹੈ। ਉਂਝ ਮੇਰੇ ਵਰਗੇ ਮੁਲਾਜ਼ਮ ਲਈ ਭੈਣ ਦੇ ਘਰ ਜਾਣਾ ਕਿਹੜਾ ਸੌਖਾ ਹੈ। ਡੇਢ ਦੋ ਹਜ਼ਾਰ ਚਾਹੀਦਾ ਹੈ ਜੇਬ ਵਿਚ, ਅਮੀਰ ਘਰ ਵਿਆਹੀ ਭੈਣ ਦੇ ਘਰ ਜਾਣ ਲਈ।

ਮੇਰੀ ਜੇਬ ਖਾਲੀ ਨਾ ਹੁੰਦੀ ਤਾਂ ਮੈਂ ਹੁਣ ਤਕ ਕਦੋਂ ਦਾ ਭੈਣ ਨਾਲ ਬਚਪਨ ਦੀਆਂ ਨਾ ਮੁੱਕਣ ਵਾਲੀਆ ਗੱਲਾਂ ਦਾ ਸਿਲਸਲਾ ਛੇੜ ਲੈਣਾ ਸੀ। ਨਾਨਕੇ ਪਿੰਡ ਦੀ ਸੀਤੋ ਬਾਹਮਣੀ ਤੋਂ ਲੈ ਕੇ ਭਜਨੇ ਝਿਉਰ ਤਕ ਕਈ ਵਿਅਕਤੀਆਂ ਨੂੰ ਅਸੀਂ ਯਾਦ ਕਰ ਲੈਣਾ ਸੀ। ਪਿੰਡ ਦੀ ਥਾਈ ਕੋਲ਼ ਦੁਕਾਨ ਕਰਦੇ ਮੋਟੇ ਲਾਲੇ ਨੱਥੂ ਰਾਮ ਨਾਲ ਤਾਂ ਹਾਸੇ ਦੀਆਂ ਕਈ ਗੱਲਾਂ ਜੁੜੀਆਂ ਹੋਈਆਂ ਸਨ। “ਬਾਣੀਆਂ ਕਰਿਆੜ, ਧੋਤੀ ਚੱਕ ਪੱਦ ਮਾਰ” ਅਸੀਂ ਨਿਆਣੇ ਉਸਨੂੰ ਛੇੜ ਕੇ ਭੱਜ ਜਾਂਦੇ ਤੇ ਉਹ ਦੁਕਾਨ ਸੁੰਨੀ ਛੱਡ ਕੇ ਮੋਟੇ ਢਿੱਡ ਨੂੰ ਹਿਲਾਉਂਦਾ ਸਾਡੇ ਪਿੱਛੇ ਨੱਸਦਾ ਪਰ ਛੇਤੀ ਹੀ ਸਾਨੂੰ ਗਾਲ੍ਹਾਂ ਦੇਂਦਾ ਹੌਂਕਣ ਲੱਗਦਾ। ਦਿਲ ਕਰਦਾ ਹੈ ਕਿ ਉਸ ਮੋਟੇ ਲਾਲੇ ਦੀ ਗੱਲ ਛੇੜ ਕੇ ਹੁਣ ਵੀ ਮੈਂ ਤੇ ਬਿਮਲਾ ਖੁਲ੍ਹ ਕੇ ਹੱਸੀਏ ਤੇ ਖਾਮੋਸ਼ ਜਿਹੇ ਬੈਠੇ ਯੋਗੇਸ਼ ਨੂੰ ਵੀ ਆਪਣੇ ਨਾਲ ਹੱਸਣ ਲਈ ਮਜਬੂਰ ਕਰ ਦੇਈਏ।

ਪਰ ਇਸ ਵੇਲ਼ੇ ਤਾਂ ਖਾਲੀ ਜੇਬ ਦਾ ਅਹਿਸਾਸ ਹੀ ਮੇਰੇ ‘ਤੇ ਪੂਰੀ ਤਰ੍ਹਾਂ ਹਾਵੀ ਹੈ ਤੇ ਹੱਸਣ ਹਸਾਉਣ ਵਾਲੀ ਕੋਈ ਗੱਲ ਮੇਰੇ ਮੂੰਹੋ ਹੀ ਨਹੀਂ ਨਿਕਲ ਰਹੀ। ਮੈਂ ਤਾਂ ਆਪਣੀ ਭੈਣ ਦੀਆਂ ਗੱਲਾਂ ਦਾ ਜਵਾਬ ਵੀ ਐਵੇਂ ਹੂੰ ਹਾਂ ਵਿਚ ਹੀ ਦੇ ਰਿਹਾ ਹਾਂ। ਮੇਰਾ ਸਾਰਾ ਧਿਆਨ ਤਾਂ ਅੱਜ ਲਈ ਪੈਸੇ ਦੇ ਜੁਗਾੜ ਕਰਨ ਵੱਲ ਹੈ। ਪਿਸ਼ਾਬ ਕਰਨ ਦੇ ਬਹਾਨੇ ਮੈਂ ਬਾਥਰੂਮ ਵਿਚ ਜਾ ਕੇ ਆਪਣੇ ਬਟੂਏ ਦੀਆਂ ਸਾਰੀਆਂ ਤੈਹਾਂ ਫਰੋਲ ਆਇਆ ਹਾਂ। ਮੇਰੀ ਜੇਬ ਵਿਚ ਇਸ ਵੇਲ਼ੇ ਕੇਵਲ ਸੱਤਰ ਰੁਪਏ ਹਨ। ਅੱਜ ਹੋਣ ਵਾਲੇ ਖਰਚੇ ਦੀ ਸਾਰੀ ਸੋਚ ਨੇ ਮੇਰੀ ਮੁਸਕਰਾਹਟ ਨੂੰ ਨਿਗਲ ਲਿਆ ਹੈ ਤੇ ਮਾਯੂਸੀ ਦੇ ਭਾਵ ਮੇਰੇ ਚਿਹਰੇ ‘ਤੇ ਅੰਕਿਤ ਕਰ ਦਿੱਤੇ ਹਨ। ਦੂਹਰੀ ਚਿੰਤਾ ਇਹ ਹੈ ਕਿ ਕਿਤੇ ਭੈਣ ਤੇ ਜੀਜਾ ਮੇਰੇ ਚਿਹਰੇ ਨੂੰ ਪੜ੍ਹ ਨਾ ਲੈਣ।

ਮਹਿਮਾਨਾਂ ਦੀ ਰਸਮੀ ਸੁੱਖ ਸਾਂਦ ਪੁੱਛਣ ਤੋਂ ਬਾਅਦ ਮੇਰੀ ਪਤਨੀ ਚਾਹ ਦਾ ਇੰਤਜ਼ਾਮ ਕਰਨ ਲਈ ਰਸੋਈ ਵੱਲ ਚਲੀ ਗਈ ਹੈ। ਜਾਂਦੇ ਹੋਏ ਉਹ ਮੇਰੇ ॥ਤੇ ਤਿੱਖੀ ਨਜ਼ਰ ਸੁੱਟ ਗਈ ਹੈ ਕਿ ਮੈਂ ਮਹਿਮਾਨਾਂ ਕੋਲ਼ ਹੀ ਨਾ ਬੈਠਾ ਰਹਾਂ, ਸਗੋਂ ਬਾਜ਼ਾਰ ਵਿਚ ਜਾ ਕੇ ਚਾਹ ਨਾਲ ਰੱਖਣ ਲਈ ਕੁਝ ਸਾਮਾਨ ਲੈ ਆਵਾਂ। ਹੁਣੇ ਆਇਆ ਕਹਿ ਕੇ ਮੈਂ ਵੀ ਬਾਹਰ ਨਿਕਲ ਆਇਆ ਹਾਂ। ਸੋਹਣ ਹਲਵਾਈ ਮੇਰੇ ਘਰ ਦਾ ਗੁਆਂਢੀ ਹੈ । ਕਾਜੂਆਂ ਦੀ ਬਜਾਇ ਮੈਂ ਗਾਜਰ ਪਾਕ ਤੇ ਪਕੌੜੇ ਖਰੀਦਣ ਦਾ ਹੀ ਇਰਾਦਾ ਬਣਾਇਆ ਹੈ। ਬਿਮਲਾ ਪਕੌੜੇ ਖਾਂਦੀ ਵੀ ਬਹੁਤ ਸ਼ੌਕ ਨਾਲ ਹੈ। ਮਠਿਆਈ ਉਧਾਰ ਲੈਣ ਵਿਚ ਮੈਨੂੰ ਕੋਈ ਮੁਸ਼ਕਲ ਪੇਸ਼ ਨਹੀਂ ਆਈ ਪਰ ਸੋਹਣ ਨੇ ਮਠਿਆਈ ਤੋਲਦਿਆਂ ਬਹਾਨੇ ਨਾਲ ਪਿਛਲਾ ਹਿਸਾਬ ਵੀ ਮੈਨੂੰ ਯਾਦ ਕਰਵਾ ਦਿੱਤਾ ਹੈ।

ਚਾਹ ਪੀਂਦਿਆਂ ਭੈਣ ਪਤਾ ਨਹੀਂ ਬਚਪਨ ਦੀਆਂ ਕਿਹੜੀਆ ਗੱਲਾਂ ਛੇੜ ਕੇ ਬੈਠ ਗਈ ਹੈ, ਮੇਰਾ ਸਾਰਾ ਧਿਆਨ ਤਾਂ ਵਰਤਮਾਨ ਵੱਲ ਹੈ। ਮੇਰੀ ਪਤਨੀ ਨੂੰ ਹੀ ਭੈਣ ਦੀਆਂ ਗੱਲਾਂ ਦਾ ਹੁੰਗਾਰਾ ਭਰਨਾ ਪੈ ਰਿਹਾ ਹੈ। ਮੇਰੇ ਦਿਮਾਗ਼ ਵਿਚ ਤਾਂ ਇਸ ਵੇਲ਼ੇ ਇਕੋ ਹੀ ਗੱਲ ਘੁੰਮ ਰਹੀ ਹੈ ਕਿ ਜੇ ਪ੍ਰਾਹੁਣੇ ਦੀ ਸੇਵਾ ਨਾ ਕੀਤੀ ਤਾਂ ਉਹ ਕੀ ਕਹੇਗਾ ਤੇ ਮੈਂ ਆਪਣੇ ਮਾਮੇ ਨੂੰ ਕੀ ਮੂੰਹ ਵਿਖਾਵਾਂਗਾ। ਭੈਣ ਤਾਂ ਮੇਰੇ ‘ਤੇ ਮਾਣ ਵੀ ਬਹੁਤ ਕਰਦੀ ਹੈ। ਮਨ ਹੀ ਮਨ ਵਿਚ ਮੈਂ ਸਰਕਾਰ ਨੂੰ ਹਜ਼ਾਰ ਗਾਲ੍ਹ ਕੱਢੀ ਹੋਵੇਗੀ, ਪਰ ਇਹ ਮਸਲਾ ਗਾਲ੍ਹਾਂ ਕੱਢਣ ਨਾਲ ਹੱਲ ਹੋਣ ਵਾਲਾ ਨਹੀਂ ਹੈ। ਕਿਸੇ ਦੋਸਤ ਤੋਂ ਉਧਾਰ ਫੜਨ ਲਈ ਘਰ ਤੋਂ ਬਾਹਰ ਜਾਣਾ ਪਵੇਗਾ। ਉਧਾਰ ਮੰਗਣਾ ਵੀ ਮੈਨੂੰ ਭੀਖ ਮੰਗਣ ਵਰਗਾ ਹੀ ਲੱਗਦਾ ਹੈ, ਪਰ ਇਸ ਸਰਕਾਰ ਨੇ ਨਵੇਂ ਅਧਿਆਪਕਾਂ ਨੂੰ ਮੰਗਤੇ ਬਣਾਉਣ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ। ਜੇ ਬਾਜ਼ਾਰ ਵਿਚ ਕੋਈ ਦੁਕਾਨਦਾਰ ਆਪਣੇ ਪੈਸਿਆਂ ਲਈ ਟੋਕ ਦੇਵੇ ਤਾਂ ਮੈਨੂੰ ਲੱਗਦਾ ਹੈ ਕਿ ਮੈਂ ਜਿਵੇਂ ਭਰੇ ਬਾਜ਼ਾਰ ਨੰਗਾ ਹੋ ਗਿਆ ਹੋਵਾਂ। ਫਿਰ ਵੀ ਮੈਨੂੰ ਕਦੇ ਕਦਾਈਂ ਉਧਾਰ ਮੰਗਣ ਦੀ ਨੌਬਤ ਆ ਹੀ ਜਾਂਦੀ ਹੈ। ਅੱਜ ਵੀ ਮੇਰੇ ਸਾਹਮਣੇ ਇਹੋ ਮੁਸ਼ਕਲ ਆਣ ਖੜ੍ਹੀ ਹੈ। ਮਹਿਮਾਨਾਂ ਨੂੰ ਇੱਕਲਿਆਂ ਛੱਡ ਕੇ ਜਾਣਾ ਵੀ ਸੱਭਿਅਕ ਗੱਲ ਨਹੀਂ ਹੈ। ਮੇਰੀ ਪਤਨੀ ਮੇਰੀ ਬੇਚੈਨੀ ਨੂੰ ਚੰਗੀ ਤਰ੍ਹਾਂ ਸਮਝ ਰਹੀ ਹੈ। ਪਤਾ ਨਹੀਂ ਸੱਚਮੁੱਚ ਜਾਂ ਮੇਰੇ ‘ਤੇ ਤਰਸ ਖਾ ਕੇ ਉਸ ਮੇਰੀ ਸਹਾਇਤਾ ਕੀਤੀ ਹੈ।

“ ਜਗਨਾ ਕਾਮਰੇਡ ਆਇਆ ਸੀ ਤੁਹਾਡੇ ਪਿੱਛੋਂ, ਕਹਿੰਦਾ ਸੀ ਕਿ ਕੋਈ ਬਹੁਤ ਜ਼ਰੂਰੀ ਕੰਮ ਹੈ, ਘਬਰਾਇਆ ਜਿਹਾ ਲੱਗਦਾ ਸੀ---ਤੁਸੀਂ ਘੜੀ ਦੀ ਘੜੀ ਉਸ ਵੱਲ ਜਾ ਆਉ ।”

“ਮੈਂ ਦਸਾਂ ਮਿੰਟਾਂ ਵਿਚ ਹੀ ਮੁੜ ਆਉਂਦਾ ਹਾਂ”, ਬਿਨਾਂ ਮਹਿਮਾਨਾਂ ਵੱਲ ਵੇਖਿਆਂ ਮੈਂ ਬਾਹਰ ਵੱਲ ਤੁਰਨ ਲੱਗਦਾ ਹਾਂ। ਬਿਮਲਾ ਦਾ ਪਤੀ ਵੀ ਮੇਰੇ ਨਾਲ ਚੱਲਣ ਲਈ ਉੱਠ ਖਲੋਤਾ ਹੈ। ਮੈਂ ਉਸਨੂੰ ਟਾਲਣ ਲਈ ਕਿਹਾ ਹੈ,“ਤੁਸੀਂ ਸਫ਼ਰ ਕਰਕੇ ਆਏ ਹੋ - ਅਜੇ ਅਰਾਮ ਕਰ ਲਵੋ,--- ਬੱਸ ਮੈਂ ਗਿਆ ਤੇ ਆਇਆ।” ਮੈਂ ਉਸਦਾ ਪ੍ਰਤੀਕ੍ਰਮ ਉਡੀਕੇ ਬਿਨਾਂ ਹੀ ਤੇਜ਼ੀ ਨਾਲ ਬਾਹਰ ਵੱਲ ਵਧਿਆ ਹਾਂ।

ਘਰੋਂ ਤਾਂ ਮੈਂ ਜਗਨੇ ਕਾਮਰੇਡ ਕੋਲ਼ ਜਾਣ ਲਈ ਨਿਕਲਿਆ ਹਾਂ, ਪਰ ਮੈਨੂੰ ਪਤਾ ਹੈ ਕਿ ਜਗਨਾ ਮੇਰੀ ਅੱਜ ਦੀ ਲੋੜ ਪੂਰੀ ਨਹੀਂ ਕਰ ਸਕੇਗਾ, ਉਹ ਤਾਂ ਆਪ ਬੇਚਾਰਾ ਮੇਰੇ ਵਰਗਾ ਹੀ ਨੰਗ

ਹੈ। ਦੁਕਾਨ 'ਤੇ ਉਹ ਘੱਟ ਹੀ ਬੈਠਦਾ ਹੈ। ਪਾਰਟੀ ਦੇ ਜਲਸੇ ਜਲੂਸਾਂ ਤੋਂ ਹੀ ਵਿਹਲ ਨਹੀਂ ਮਿਲਦੀ। ਉਸਦੀ ਆਦਤ ਹੈ ਕਿ ਅਗਲੇ ਦੀ ਗੱਲ ਸੁਣਨ ਤੋਂ ਪਹਿਲਾਂ ਉਹ ਦੇਸ਼ ਦੇ ਵਿਗੜ ਰਹੇ ਹਾਲਾਤ ਦੀ ਗੱਲ ਛੇੜ ਕੇ ਬਹਿ ਜਾਵੇਗਾ। ਇਸ ਲਈ ਜਗਨੇ ਕੋਲ਼ ਜਾਣ ਦੀ ਬਜਾਇ ਮੈਂ ਸੁਭਾਸ਼ ਗਰਗ ਦੇ ਘਰ ਜਾਣ ਦਾ ਵਿਚਾਰ ਬਣਾਇਆ ਹੈ। ਸੁਭਾਸ਼ ਵੀ ਹੈ ਤਾਂ ਮੇਰਾ ਦੋਸਤ, ਪਰ ਥੋੜ੍ਹਾ ਪੈਸੇ ਦਾ ਪੁੱਤ ਹੈ। ਮੀਆਂ ਬੀਵੀ ਦੋਹੇਂ ਨੌਕਰੀ ਕਰਦੇ ਨੇ। ਉਸ ਤੋਂ ਉਧਾਰ ਮਿਲਣ ਦੀ ਮੈਨੂੰ ਪੂਰੀ ਉਮੀਦ ਹੈ। ਉਸਦਾ ਘਰ ਡੇਢ ਕਿਲੋ ਮੀਟਰ ਦੀ ਦੂਰੀ 'ਤੇ ਹੈ। ਆਟੋ ਰਿਕਸ਼ੇ ਵਾਲਾ ਇਕ ਪਾਸੇ ਦੇ ਵੀਹ ਰੁਪਏ ਤੋਂ ਘੱਟ ਨਹੀਂ ਲਵੇਗਾ। ਜੇ ਸੁਭਾਸ਼ ਘਰ ਨਾ ਮਿਲਿਆ ਤਾਂ ਜੇਬ ਵਿਚਲੀ ਰਕਮ ਵੀ ਖੁਰ ਜਾਵੇਗੀ। ਫੋਨ ਉਹ ਚੁੱਕ ਨਹੀਂ ਰਿਹਾ। ਪੈਦਲ ਤੁਰ ਕੇ ਜਾਣ ਵਿਚ ਤਾਂ ਘੰਟਾ ਲੱਗ ਜਾਵੇਗਾ। ਮੈਂ ਤਾਂ ਘਰ ਬੈਠੇ ਮਹਿਮਾਨਾਂ ਨੂੰ ਦਸ ਮਿੰਟ ਵਿਚ ਮੁੜ ਆਉਣ ਲਈ ਕਹਿ ਕੇ ਆਇਆ ਹਾਂ। ਜੇ ਲੇਟ ਹੋ ਗਿਆ ਤਾਂ ਭੈਣ ਤੇ ਜੀਜਾ ਪਤਾ ਨਹੀਂ ਕੀ ਸੋਚ ਲੈਣ। ਇਸ ਲਈ ਅਣ-ਸਰਦੇ ਨੂੰ ਆਟੋ -ਰਿਕਸ਼ੇ 'ਤੇ ਬੈਠ ਗਿਆ ਹਾਂ। ਐਨਾ ਕੁ ਰਿਸਕ ਤਾਂ ਲੈਣਾ ਹੀ ਪਵੇਗਾ।

ਮੇਰੀ ਖੁਸ਼ ਕਿਸਮਤੀ ਨੂੰ ਸੁ਼ਭਾਸ਼ ਘਰੇ ਹੀ ਮਿਲ ਗਿਆ ਹੈ। ਇਸ ਤੋਂ ਪਹਿਲਾਂ ਮੈਂ ਉਸਤੋਂ ਕਦੇ ਉਧਾਰ ਨਹੀਂ ਸੀ ਮੰਗਿਆ, ਇਸ ਲਈ ਸੰਗਦੇ ਸੰਗਦੇ ਨੇ ਹੀ ਮੈਂ ਉਸ ਕੋਲ਼ ਸਵਾਲ ਪਾਇਆ ਹੈ- "ਸੁਭਾਸ਼ ਯਾਰ ਘਰ ਕੁਝ ਮਹਿਮਾਨ ਆਏ ਨੇ--- ਐਤਕਾਂ ਸਾਰੀ ਤਨਖਾਹ ਕਬੀਲਦਾਰੀ ਤੇ ਲੱਗ ਗਈ---ਤਿੰਨ ਕੁ ਹਜ਼ਾਰ ਰੁਪਏ ਚਾਹੀਦੇ ਨੇ - ਜੇ ਦੇ ਸਕੇਂ ਤਾਂ ਤੇਰੀ ਬਹੁਤ ਮਿਹਰਬਾਨੀ - -ਤਨਖਾਹ ਮਿਲਦੇ ਹੀ ਵਾਪਸ ਕਰ ਦਿਆਂਗਾ।" ਮੈਂ ਤਰਲਾ ਜਿਹਾ ਲਿਆ ਹੈ।

"ਐਤਕਾਂ ਤਾਂ ਸੁਰਿੰਦਰ ਪਹੂਜਾ ਖਹਿੜੇ ਪੈ ਕੇ ਮੇਰਾ ਬੀਮਾ ਕਰ ਗਿਆ, ਆਹ ਹਜ਼ਾਰ ਕੁ ਹਨ ਮੇਰੀ ਜੇਬ ਵਿਚ, ਜੇ ਤੇਰਾ ਕੰਮ ਚਲਦਾ ਹੈ ਤਾਂ ਚਲਾ ਲੈ।" ਸੁਭਾਸ਼ ਨੇ ਪੰਜ ਪੰਜ ਸੌ ਦੇ ਦੋ ਨਵੇਂ ਨੋਟ ਮੇਰੇ ਵੱਲ ਵਧਾਉਂਦਿਆਂ ਕਿਹਾ ਹੈ।

ਹਜ਼ਾਰ ਰੁਪਏ ਮੇਰੀ ਲੋੜ ਤੋਂ ਘੱਟ ਨੇ ਪਰ ਡਿੱਗਦੇ ਨੂੰ ਤਿਣਕੇ ਦਾ ਸਹਾਰਾ। ਕੁਝ ਤਾਂ ਬਣਿਆ ਹੀ, ਇਕ ਵਾਰ ਖਾਣ ਪੀਣ ਦਾ ਇੰਤਜ਼ਾਮ ਹੋ ਜਾਵੇ, ਰੱਖੜੀ ਦੇ ਪੈਸਿਆ ਲਈ ਵੇਖੀ ਜਾਵੇਗੀ। ਮੈਂ ਸੁਭਾਸ਼ ਤੋਂ ਹਜ਼ਾਰ ਰੁਪਏ ਪਕੜ ਲਏ ਨੇ, ਉਸਦਾ ਧੰਨਵਾਦ ਕਰਦਿਆਂ ਤੇਜ਼ੀ ਨਾਲ ਵਾਪਸ ਜਾਣ ਲਈ ਮੁੜਿਆ ਹਾਂ। ਸੁਭਾਸ਼ ਚਾਹ ਪੀ ਕੇ ਜਾਣ ਲਈ ਆਵਾਜ਼ਾਂ ਮਾਰਦਾ ਰਿਹਾ ਹੈ ਪਰ ਇਸ ਵੇਲ਼ੇ ਮੇਰੇ ਲਈ ਤਾਂ ਇਕ ਇਕ ਮਿੰਟ ਕੀਮਤੀ ਹੈ। ਘਰ ਜਾਂਦਿਆ ਰਾਹ ਵਿਚ ਮੈਂ ਅਰੈਸਟੋਕਰੇਟ ਦੀ ਬੋਤਲ ਵੀ ਲੈ ਲਈ ਹੈ।

ਸ਼ਾਮ ਨੂੰ ਮੈਂ ਤੇ ਬਿਮਲਾ ਦਾ ਪਤੀ ਇਕੱਠੇ ਪੀਂਦੇ ਰਹੇ ਹਾਂ। ਉਹ ਹੁਣ ਨਸ਼ੇ ਵਿਚ ਖੁਲ੍ਹ ਕੇ ਬੋਲ ਰਿਹਾ ਹੈ ਪਰ ਉਸਦੇ ਬਰਾਬਰ ਪੀਣ ਦੇ ਬਾਵਜੂਦ ਮੈਨੂੰ ਨਸ਼ਾ ਨਹੀਂ ਚੜ੍ਹ ਰਿਹਾ। ਮੇਰੀ ਜੇਬ ਵਿਚ ਕੇਵਲ ਤਿੰਨ ਸੌ ਰੁਪਏ ਬਚੇ ਨੇ। ਭੈਣ ਵੱਲੋਂ ਲਿਆਂਦੀ ਫੈਂਸੀ ਰੱਖੜੀ ਵੀ ਸੌ ਰੁਪਏ ਤੋਂ ਘੱਟ ਮੁੱਲ ਦੀ ਨਹੀਂ ਹੋਵੇਗੀ। ਰਖੱੜੀ ਦੇ ਨਾਲ ਉਸ ਡਰਾਈ ਫਰੂਟ ਤੇ ਗਾਜਰ ਪਾਕ ਦਾ ਡੱਬਾ ਵੀ ਲਿਆਂਦਾ ਹੈ। ਚਾਹ ਪਿਆਈ ਤਾਂ ਭੈਣ ਵੱਲੋਂ ਲਿਆਂਦੀ ਮਠਿਆਈ ਨਾਲ ਵੀ ਸਰ ਸਕਦਾ ਸੀ ਪਰ ਮੈਂ ਆਪਣਾ ਨੰਗਪੁਣਾ ਜੀਜੇ ਤੋਂ ਲੁਕੋਈ ਰੱਖਣਾ ਚਾਹੁੰਦਾ ਸਾਂ। ਭੈਣ ਤੇ ਜੀਜਾ ਐਨਾ ਖਰਚ ਕਰਕੇ ਤੇ ਕਾਰ ਦਾ ਪਟਰੋਲ ਫੂਕ ਕੇ ਸਾਡੇ ਘਰ ਪਹਿਲੀ ਵਾਰੀ ਆਏ ਨੇ ... ਹੁਣ ਮੈਂ ਕਿਹੜੇ ਮੂੰਹ ਨਾਲ ਉਨ੍ਹਾਂ ਨੂੰ ਦੋ ਸੌ ਰੁਪਏ ਦੇ ਕੇ ਵਿਦਾ ਕਰ ਦਿਆਂ। ਕੋਈ ਹੱਲ ਤਾਂ ਕੱਢਣਾ ਹੀ ਪਵੇਗਾ। ਮੈਂ ਸਲਾਦ ਲਿਆਉਣ ਦੇ ਬਹਾਨੇ ਰਸੋਈ ਵਿਚ ਗਿਆ ਹਾਂ ਤੇ ਉੱਥੇ ਕੰਮ ਕਰ ਰਹੀ ਆਪਣੀ ਪਤਨੀ ਤੋਂ ਹੌਲੀ ਜਿਹੀ ਪੁੱਛਿਆ ਹੈ, "ਤੇਰੇ ਕੋਲ਼ ਕੁਝ ਪੈਸੇ ਹੈਨ।"

"ਮੇਰੇ ਕੋਲ਼ ਪੈਸੇ ਕਿੱਥੋਂ ਆਏ .... ਅੱਜ ਨੀਤੂ ਵੀ ਕਿਤਾਬਾਂ ਲਈ ਰੋ ਕੇ ਸਕੂਲ ਗਿਆ ਹੈ।" ਮੇਰੀ ਪਤਨੀ ਨੇ ਬੇਵਸੀ ਨਾਲ ਆਪਣਾ ਸਿਰ ਹਿਲਾਉਂਦੇ ਕਿਹਾ ਹੈ।

"ਕੀ ਕਰੀਏ ਹੁਣ...ਰੱਖੜੀ ਦਾ ਕੁਝ ਤਾਂ ਬਿਮਲਾ ਨੂੰ ਦੇਣਾ ਹੀ ਪਵੇਗਾ....ਮੇਰੇ ਕੋਲ਼ ਤਾਂ ਕੇਵਲ ਤੰਨ ਸੌ ਰੁਪਏ ਬਚੇ ਨੇ।" ਮੈਂ ਆਪਣੀ ਸਮੱਸਿਆ ਫਿਰ ਪਤਨੀ ਨਾਲ ਸਾਂਝੀ ਕੀਤੀ ਹੈ

"ਸ਼ਰਾਬ ਪੀਣ ਪਿਆਉਣ ਨੂੰ ਰਹਿਣ ਦੇਂਦੇ ਫਿਰ--।" ਪਤਨੀ ਨੇ ਗਿਲਾ ਜਿਹਾ ਕੀਤਾ ਹੈ।

"ਪ੍ਰਾਹੁਣਾ ਪਹਿਲੀ ਵਾਰ ਆਪਣੇ ਘਰ ਆਇਆ ਹੈ....ਉਸਦੀ ਸੇਵਾ ਕਰਨੀ ਵੀ ਜ਼ਰੂਰੀ ਸੀ।" ਮੈਂ ਪਤਨੀ ਵੱਲ ਪੂਰੀ ਆਸ ਨਾਲ ਵੇਖਿਆ ਹੈ। ਮੈਨੂੰ ਅਜੇ ਵੀ ਆਸ ਹੈ ਕਿ ਉਹ ਜ਼ਰੂਰ ਕੋਈ ਹੱਲ ਕੱਢ ਲਵੇਗੀ।

"ਜਿਹੜਾ ਸੂਟ ਐਤਕਾਂ ਤੁਸੀਂ ਮੈਨੂੰ ਲਿਆ ਕੇ ਦਿੱਤਾ ਸੀ ਉਹ ਬਿਮਲਾ ਨੂੰ ਦੇ ਦੇਂਦੇ ਹਾਂ।" ਪਤਨੀ ਨੇ ਆਸ ਮੁਤਾਬਿਕ ਮੇਰੀ ਇੱਜ਼ਤ ਰੱਖ ਵਿਖਾਈ ਹੈ।

"ਨਹੀਂ,ਇਹ ਠੀਕ ਨਹੀਂ ਹੈ....।" ਮੈਂ ਕਹਿਣਾ ਚਾਹੁੰਦਾ ਹਾਂ ਪਰ ਕਹਿ ਨਹੀਂ ਸਕਿਆ। ਪਤਨੀ ਨੇ ਦੂਸਰੇ ਕਮਰ 'ਚੋਂ ਸੂਟ ਲਿਆ ਲਿਆ ਕੇ ਮੇਰੇ ਹੱਥਾਂ 'ਤੇ ਰੱਖ ਦਿੱਤਾ ਹੈ। ਉਸਤੋਂ ਸੂਟ ਪਕੜਦਿਆਂ ਮੇਰੇ ਹੱਥ ਕੰਬ ਰਹੇ ਹਨ। ਮੇਰੇ ਦਿਲ ਵਿਚ ਅਜੀਬ ਜਿਹੀ ਹਲ ਚਲ ਮੱਚੀ ਹੈ। ਐਤਕਾਂ ਆਪਣੀ ਵਿਆਹ ਦੀ ਪੰਜਵੀਂ ਵਰ੍ਹੇ ਗੰਢ 'ਤੇ ਮੈਂ ਇਹ ਲਾਲ ਬੂਟੀਆਂ ਵਾਲਾ ਸੂਟ ਬੜੀ ਰੀਝ ਨਾਲ ਆਪਣੀ ਪਤਨੀ ਨੂੰ ਲੈ ਕੇ ਦਿੱਤਾ ਸੀ। ਭਾਵੇਂ ਆਪਣੀ ਇਹ ਰੀਝ ਪੂਰੀ ਕਰਨ ਲਈ ਵੀ ਮੈਨੂੰ ਕਿਸੇ ਕੁਲੀਗ ਤੋਂ ਪੰਜ ਸੌ ਉਧਾਰ ਵੀ ਫੜਨੇ ਪਏ ਸਨ। ਹਰ ਸਾਲ ਮੈਂ ਆਪਣੀ ਵਿਆਹ ਦੀ ਵਰ੍ਹੇ ਗੰਢ 'ਤੇ ਆਪਣੀ ਪਤਨੀ ਨੂੰ ਉਸਦੀ ਪਸੰਦ ਦਾ ਸੂਟ ਲੈ ਕੇ ਦੇਣ ਦੀ ਇੱਛਾ ਰੱਖਦਾ ਰਿਹਾ ਹਾਂ। ਐਤਕਾਂ ਮਸਾਂ ਹੀ ਇਹ ਸੂਟ ਖਰੀਦਣ ਦਾ ਜੁਗਾੜ ਬਣਾ ਸਕਿਆ ਸਾਂ। ਦਿਲ ਤਾਂ ਮੇਰਾ ਵੀ ਕਰਦਾ ਹੈ ਕਿ ਮੇਰੀ ਪਤਨੀ ਸਾਇੰਸ ਮਾਸਟਰ ਹਰਪ੍ਰੀਤ ਦੀ ਪਤਨੀ ਵਾਂਗ ਬਣ ਠਣ ਕੇ ਰਹੇ। ਨਿੱਤ ਨਵਾਂ ਸੂਟ ਪਹਿਣੇ---ਨਵੇਂ ਤੋਂ ਨਵਾਂ ਫੈਸ਼ਨ ਕਰੇ ਪਰ ਮੇਰੇ ਇਹ ਸਾਰੇ ਚਾਅ ਤਾਂ ਸਰਕਾਰ ਨੇ ਨਿਗਲ ਲਏ ਹਨ। ਰਿਸ਼ਤੇਦਾਰਾਂ ਦੇ ਭਾਅ ਦਾ ਤਾਂ ਮੈਂ ਸਰਕਾਰੀ ਮਾਸਟਰ ਲੱਗਿਆ ਹਾਂ ਪਰ ਮੇਰੀ ਕਮਾਈ ਤਾਂ ਇਕ ਰਿਕਸ਼ਾ ਚਾਲਕ ਤੋਂ ਵੀ ਘੱਟ ਹੈ।

ਉਸ ਦਿਨ ਕਿੰਨਾ ਆਨੰਦ ਆਇਆ ਸੀ ਜਦੋ ਮੈਂ ਪੈਕਿੰਗ ਕੀਤਾ ਹੋਇਆ ਇਹ ਸੂਟ ਉਸਨੂੰ ਪਕੜਾਉਂਦੇ ਹੋਏ ਕਿਹਾ ਸੀ, "ਕ੍ਰਿਸ਼ਨਾ ਆਪਣੇ ਗ਼ਰੀਬ ਪਤੀ ਵੱਲੋਂ ਵਿਆਹ ਦੀ ਇਸ ਵਰ੍ਹੇ ਗੰਢ 'ਤੇ ਇਹ ਤੁੱਛ ਭੇਟ ਸਵੀਕਾਰ ਕਰੀਂ---ਦਿਲ ਤਾਂ ਕਰਦਾ ਹੈ ਮੈਂ ਤੈਨੂੰ ਦੁਨੀਆਂ ਦੀ ਹਰ ਖੁਸੀ ਦੇਵਾਂ ਪਰ ਪਤਾ ਨਹੀਂ ਇਸ ਦੇ ਕਾਬਲ ਕਦੋਂ ਬਣ ਸਕਾਂਗਾਂ।" ਤੇ ਜਵਾਬ ਵਿਚ ਉਹ ਮੇਰੇ ਨਾਲ ਇਸ ਤਰ੍ਹਾਂ ਲਿਪਟ ਗਈ ਸੀ ਜਿਵੇਂ ਆਪਣੇ ਸਾਰੇ ਵਜੂਦ ਨੂੰ ਉਹ ਮੇਰੇ ਵਿਚ ਸਮੋ ਲੈਣਾ ਚਾਹੁੰਦੀ ਹੋਵੇ।

ਭੈਣ ਨੇ ਰੱਖੜੀ ਤਾਂ ਆਉਂਦਿਆਂ ਹੀ ਬੰਨ੍ਹ ਦਿੱਤੀ ਸੀ ਪਰ ਸ਼ਗਨ ਮੈਂ ਉਸ ਨੂੰ ਵਿਦਾਅ ਕਰਨ ਵੇਲ਼ੇ ਦੇ ਰਿਹਾ ਹਾਂ....ਪਤਨੀ ਨੂੰ ਬੜੀ ਰੀਝ ਨਾਲ ਲੈ ਕੇ ਦਿੱਤਾ ਸੂਟ ਹੁਣ ਭੈਣ ਦੀ ਮਲਕੀਅਤ ਬਣ ਗਿਆ ਹੈ। ਕਮਰੇ ਵਿਚ ਤੇਜ਼ ਰਫ਼ਤਾਰ ਪੱਖਾ ਚੱਲ ਰਿਹਾ ਹੈ ਪਰ ਮੈਨੂੰ ਆਪਣੇ ਅੰਦਰੋਂ ਗਰਮੀ ਜਿਹੀ ਮਹਿਸੂਸ ਹੋ ਰਹੀ ਹੈ।

ਚਿੱਟੇ ਰੰਗ 'ਤੇ ਲਾਲ ਬੂਟੀ ਵਾਲਾ ਸੂਟ ਪਹਿਨੀ ਖੜ੍ਹੀ ਆਪਣੀ ਪਤਨੀ ਦੀ ਕਲਪਣਾ ਕਰਦਾ ਹਾਂ - ਕਿੰਨਾ ਫੱਬਣਾ ਸੀ ਉਸਦੇ ਇਹ ਸੂਟ। ਭੈਣ ਦਾ ਰੰਗ ਤਾਂ ਪਤਨੀ ਦੇ ਮੁਕਾਬਲੇ ਕਣਕ ਭਿੰਨਾ ਹੀ ਹੈ। ਮੈਨੂੰ ਆਪਣੀ ਭੈਣ ਕਿਸੇ ਵੀ ਤਰ੍ਹਾਂ ਇਸ ਸੂਟ ਦੇ ਯੋਗ ਨਹੀਂ ਲੱਗ ਰਹੀ ।

ਮੁੜ ਕੇ ਭੈਣ ਵੱਲ ਵੇਖਦਾ ਹਾਂ....ਮੈਨੂੰ ਲੱਗਦਾ ਹੈ ਜਿਵੇਂ ਉਸਦੇ ਚਿਹਰੇ ਤੋਂ ਭੋਲੇਪਣ ਦੇ ਭਾਵ ਤੇਜ਼ੀ ਨਾਲ ਅਲੋਪ ਹੋ ਰਹੇ ਹੋਣ।

ਮੈਨੂੰ ਹੁਣ ਕਮਰੇ ਵਿਚ ਭੈਣ ਤੇ ਜੀਜੇ ਦੀ ਮੌਜੂਦਗੀ ਵੀ ਚੰਗੀ ਨਹੀਂ ਲੱਗ ਰਹੀ। ਮੇਂ ਆਪਣੀ ਭੈਣ ਦੇ ਮੂੰਹੋਂ ਨਿਕਲਣ ਵਾਲੇ ਇਨ੍ਹਾਂ ਸ਼ਬਦਾਂ ਦਾ ਬੜੀ ਬੇਚੈਨੀ ਨਾਲ ਇੰਤਜ਼ਾਰ ਕਰ ਰਿਹਾ ਹਾਂ, "ਚੰਗਾ ਵੀਰ ਜੀ ਚਲਦੇ ਹਾਂ।"

ਮੇਰੀ ਬੇਚੈਨੀ ਵਧਦੀ ਹੀ ਜਾ ਰਹੀ ਹੈ----। 000

***(ਕੱਕੜ ਕਾਟੇਜ, ਮਾਡਲ ਟਾਊਨ, ਬੋਹਾ (ਮਾਨਸਾ)-151 503***

***ਫੋਨ: 89682-82700)***

# ਇਤਿਹਾਸਕ ਲੋਕ ਲਹਿਰ–ਵਰਤਮਾਨ ਕਿਸਾਨ ਅੰਦੋਲਨ

## ਚਮਨ ਲਾਲ

*"ਅਸਲੀ ਇਨਕਲਾਬੀ ਫੌਜਾਂ ਤਾਂ ਪਿੰਡਾਂ ਜਾਂ ਕਾਰਖ਼ਾਨਿਆਂ ਵਿਚ ਹਨ ਜੋ ਕਿਸਾਨ ਅਤੇ ਮਜ਼ਦੂਰ ਹਨ, ਪਰ ਸਾਡੇ ਬੁਰਜੁਆ ਨੇਤਾਵਾਂ ਵਿਚ ਉਹਨਾਂ ਨੂੰ ਨਾਲ ਲੈਣ ਦੀ ਹਿੰਮਤ ਨਹੀਂ ਹੈ, ਨਾ ਹੀ ਉਹ ਅਜਿਹਾ ਕਰ ਸਕਦੇ ਹਨ। ਇਹ ਸੁੱਤੇ ਸ਼ੇਰ ਜੇ ਇਕ ਵਾਰ ਗੂੜ੍ਹੀ ਨੀਂਦ ਤੋਂ ਜਾਗ ਪਏ ਤਾਂ ਸਾਡੇ ਨੇਤਾਵਾਂ ਦੀ ਉਦੇਸ਼ ਪੂਰਤੀ ਤੋਂ ਬਾਅਦ ਵੀ ਰੁਕਣ ਵਾਲੇ ਨਹੀਂ ਹਨ। 1920 ਵਿਚ ਅਹਿਮਦਾਬਾਦ ਵਿਚ ਮਜ਼ਦੂਰਾਂ ਨਾਲ ਆਪਣੇ ਪਹਿਲੇ ਅਨੁਭਵ ਤੋਂ ਬਾਅਦ ਮਹਾਤਮਾ ਗਾਂਧੀ ਨੇ ਕਿਹਾ ਸੀ ਕਿਸਾਨੂੰ ਮਜ਼ਦੂਰਾਂ ਨਾਲ ਛੇੜਛਾੜ ਨਹੀਂ ਕਰਨੀ ਚਾਹੀਦੀ, ਕਾਰਖ਼ਾਨੇ ਦੇ ਮਜ਼ਦੂਰਾਂ ਦਾ ਸਿਆਸੀ ਇਸਤੇਮਾਲ ਨਹੀਂ ਕਰਨਾ ਚਾਹੀਦਾ। (Times, ਮਈ 1921) ਇਸ ਤੋਂ ਬਾਅਦ ਉਹਨਾਂ ਕਦੀ ਵੀ ਇਹਨਾਂ (ਮਜ਼ਦੂਰਾਂ) ਨੂੰ ਨਾਲ ਲੈਣ ਦੀ ਕੋਸ਼ਿਸ਼ ਨਹੀਂ ਕੀਤੀ। ਰਹਿ ਗਏ ਕਿਸਾਨ। 1922 ਦੇ ਬਾਰਦੋਲੀ ਦੇ ਕਿਸਾਨ ਸੱਤਿਆਗ੍ਰਹਿ ਨੇ ਲੀਡਰਾਂ ਦੀ ਦਹਿਸ਼ਤ ਸਪਸ਼ਟ ਜ਼ਾਹਿਰ ਕਰ ਦਿੱਤੀ, ਜਦੋਂ ਉਹਨਾਂ ਦੇਖਿਆ ਕਿ ਵਿਸ਼ਾਲ ਕਿਸਾਨ ਵਰਗ ਨਾ ਸਿਰਫ ਵਿਦੇਸ਼ੀ ਹਕੂਮਤ ਦਾ ਗ਼ਲਬਾ ਲਾਹੁਣ, ਸਗੋਂ ਨਾਲ ਹੀ ਜਾਗੀਰਦਾਰਾਂ ਦਾ ਜੂਲਾ ਲਾਹੁਣ ਨੂੰ ਵੀ ਤਤਪਰ ਸੀ।...*

*ਖੈਰ ਅਸੀਂ ਵਿਚਾਰ ਕਰ ਰਹੇ ਸਾਂ ਕਿ ਇਨਕਲਾਬ ਕਿਨ੍ਹਾਂ ਤਾਕਤਾਂ 'ਤੇ ਨਿਰਭਰ ਹੈ। ਪਰ ਜੇ ਤੁਸੀਂ ਸੋਚਦੇ ਹੋ ਕਿ ਤੁਸੀਂ ਉਹਨਾਂ ਕੋਲ ਜਾ ਕੇ ਉਹਨਾਂ ਨੂੰ ਸਰਗਰਮ ਮਦਦ ਲਈ ਮਨਾ ਲਓਗੇ ਤਾਂ ਇਹ ਗੱਲ ਸਮਝ ਲਓ ਕਿ ਉਹ ਕਿਸੇ ਜਜ਼ਬਾਤੀ ਗੱਲ ਬਾਤ ਨਾਲ ਮੂਰਖ ਨਹੀਂ ਬਣਨ ਲੱਗੇ। ਉਹ ਸਾਫ ਪੁੱਛਣਗੇ ਕਿ ਉਹਨਾਂ ਨੂੰ ਤੁਹਾਡੇ ਇਨਕਲਾਬ ਦਾ ਕੀ ਲਾਭ ਹੋਵੇਗਾ, ਜਿਸ ਲਈ ਉਹਨਾਂ ਦੀ ਕੁਰਬਾਨੀ ਮੰਗੀ ਜਾ ਰਹੀ ਹੈ। ਉਹਨਾਂ ਨੂੰ ਇਸ ਨਾਲ ਕੀ ਫਰਕ ਪੈਂਦਾ ਹੈ ਕਿ ਭਾਰਤ ਸਰਕਾਰ ਦਾ ਮੁਖੀ ਲਾਰਡ ਰੀਡਿੰਗ ਹੈ ਜਾਂ ਸਰ ਪੁਰਸ਼ੋਤਮ ਦਾਸ ਠੱਕਰ? ਕਿਸਾਨ ਲਈ ਇਸ ਗੱਲ ਦਾ ਕੀ ਫਰਕ ਹੈ ਕਿ ਲਾਰਡ ਇਰਵਿਨ ਦੀ ਜਗਾ ਸਰ ਤੇਜ ਬਹਾਦੁਰ ਸਪਰੂ ਲੈ ਲਵੇ? ਉਸ ਲਈ ਕੌਮੀ ਜਾਂ ਰਾਸ਼ਟਰੀ ਭਾਵਨਾਵਾਂ ਦੀ ਗੱਲ ਬੇਕਾਰ ਹੈ। ਤੁਸੀਂ ਉਸਨੂੰ ਆਪਣੇ ਕੰਮ ਲਈ ਇਸਤੇਮਾਲ ਨਹੀਂ ਕਰ ਸਕਦੇ। ਤੁਹਾਨੂੰ ਸੰਜੀਦਗੀ ਨਾਲ ਉਸਨੂੰ ਸਮਝਾਉਣਾ ਪਵੇਗਾ ਕਿ ਇਨਕਲਾਬ ਉਸਦਾ ਆਪਣਾ ਅਤੇ ਉਸਦੇ ਹਿਤ ਵਿਚ ਹੈ।...*

*ਦਸ ਸਾਲ ਵਿਚ ਇਨਕਲਾਬ ਅਤੇ ਇਕ ਸਾਲ ਵਿਚ ਗਾਂਧੀ ਦੇ ਸਵਰਾਜ ਹਾਸਲ ਕਰਨ ਦੇ ਬਚਗਾਨਾ ਸੁਫਨੇ ਨੂੰ ਹਾਲੇ ਛੱਡ ਦਿਓ। ਉਸ ਲਈ ਸਿਰਫ ਜਜ਼ਬਾਤ ਜਾਂ ਮਰਨ ਦੀ ਲੋੜ ਨਹੀਂ ਹੁੰਦੀ, ਸਗੋਂ ਲਗਾਤਾਰ ਸੰਘਰਸ਼,ਤਕਲੀਫ਼ ਤੇ ਕੁਰਬਾਨੀ ਵਾਲੀ ਜ਼ਿੰਦਗੀ ਦੀ ਲੋੜ ਹੈ। ਆਪਣੀ ਨਿਜਤਾ ਛੱਡ ਕੇ, ਖ਼ੁਦ ਲਈ ਆਰਾਮ ਪਸੰਦਗੀ ਦੇ ਸੁਫਨੇ ਤਿਆਗ ਕੇ ਆਪਣਾ ਕੰਮ ਸ਼ੁਰੂ ਕਰੋ। ਇਕ ਇਕ ਇੰਚ ਕਰਕੇ ਅੱਗੇ ਵਧਣਾ ਪਵੇਗਾ। ਇਸ ਲਈ ਹਿੰਮਤ, ਸਬਰ ਅਤੇ ਭਰਪੂਰ ਦ੍ਰਿੜਤਾ ਦੀ ਲੋੜ ਹੈ, ਜਿਸ ਨਾਲ ਕੋਈ ਮੁਸ਼ਕਿਲ ਅਤੇ ਸਖ਼ਤੀ ਤੁਹਾਨੂੰ ਨਿਰਾਸ ਨਹੀਂ ਕਰ ਸਕੇਗੀ। ਕੋਈ ਅਸਫਲਤਾ ਅਤੇ ਵਿਸਾਹ ਘਾਤ ਤੁਹਾਨੂੰ ਬੇਹਿੰਮਤ ਨਹੀਂ ਕਰ ਸਕੇਗਾ। ਕੋਈ ਮੁਸ਼ਕਿਲ ਜਾਂ ਸੰਕਟ ਤੁਹਾਡੇ ਅੰਦਰਲੀ ਇਨਕਲਾਬੀ ਇੱਛਾ ਸ਼ਕਤੀ ਨੂੰ ਖਤਮ ਨਹੀਂ ਕਰ ਸਕੇਗਾ। ਤਕਲੀਫ਼ਾਂ ਅਤੇ ਕੁਰਬਾਨੀ ਦੇ ਇਮਤਿਹਾਨ ਵਿਚ ਤੁਸੀਂ ਕਾਮਯਾਬ ਹੋਵੋਗੇ। ਅਤੇ ਇਹ ਨਿਜੀ ਜਿੱਤਾਂ ਇਨਕਲਾਬ ਦਾ ਕੀਮਤੀ ਸਰਮਾਇਆ ਬਣਨਗੀਆਂ।*

*ਇਕ ਅਰਥ ਵਿਚ ਇਨਕਲਾਬ ਵਿਰੋਧੀ ਅਤੇ ਸ਼ਾਂਤੀਵਾਦ ਨੂੰ ਪਰਨਾਏ ਗਾਂਧੀਵਾਦ ਦੀ ਇਨਕਲਾਬੀ ਵਿਚਾਰਾਂ ਨਾਲ ਨਿਕਟਤਾ ਵੀ ਬਣਦੀ ਹੈ। ਕਿਉਂਕਿ ਇਹ ਲੋਕ ਲਹਿਰ 'ਤੇ ਨਿਰਭਰ*

*ਹੈ, ਪਰ ਸਿਰਫ ਲੋਕਾਂ ਲਈ ਨਹੀਂ। ਉਹਨਾਂ (ਗਾਂਧੀਵਾਦੀਆਂ) ਨੇ ਲੋਕਾਂ ਨੂੰ ਜੱਥੇਬੰਦ ਕਰਕੇ ਪਰੋਲਤਾਰੀ ਇਨਕਲਾਬ ਦਾ ਰਾਹ ਰੁਸ਼ਨਾਇਆ ਹੈ, ਪਰ ਕੁੱਢਰ ਤਰੀਕੇ ਨਾਲ ਆਪਣੇ ਸਿਆਸੀ ਲਾਲਚ ਕਰਕੇ ਬੇਦਿਲੀ ਨਾਲ ਕੀਤਾ ਹੈ। ਸਾਨੂੰ ਅਹਿੰਸਾ ਦੇ ਫ਼ਰਿਸ਼ਤੇ ਨੂੰ ਉਸਦੀ ਬਣਦੀ ਥਾਂ ਦੇਣੀ ਚਾਹੀਦੀ ਹੈ।*

*ਇਨਕਲਾਬੀਆਂ ਨੂੰ ਫ਼ਜ਼ੂਲ ਬਗ਼ਾਵਤਾਂ ਅਤੇ ਨਿਜੀ ਆਤਮ ਦਾਹ ਤੋਂ ਮੁਕਤ ਹੋਣਾ ਚਾਹੀਦਾ ਹੈ। ਸਾਰੇ ਕਾਰਕੁਨਾਂ ਲਈ ਆਦਰਸ਼, ਲਕਸ਼ ਲਈ ਮਰਨਾ ਨਹੀਂ, ਸਗੋਂ ਲਕਸ਼ ਲਈ ਉਦੇਸ਼ ਪੂਰਨ ਅਤੇ ਸਹੀ ਤਰੀਕੇ ਨਾਲ ਜਿਉਣਾ ਹੋਣਾ ਚਾਹੀਦਾ ਹੈ।*

*ਰਾਸ਼ਟਰਵਾਦੀਆਂ ਨੂੰ ਅਸਰਦਾਰ ਹੋਣ ਲਈ ਕੌਮ ਨੂੰ ਬਗ਼ਾਵਤ ਲਈ ਤਿਆਰ ਕਰਨਾ ਚਾਹੀਦਾ ਹੈ। ਰਾਸ਼ਟਰ ਕਾਂਗਰਸ ਦਾ ਭੋਂਪੂ ਨਹੀਂ ਹੈ, ਇਹ 95% ਕਿਸਾਨਾਂ ਅਤੇ ਮਜ਼ਦੂਰਾਂ ਨਾਲ ਬਣਿਆ ਭਾਰਤ ਹੈ। ਰਾਸ਼ਟਰੀਕਰਨ ਦੇ ਭਰੋਸੇ ਹੀ ਦੇਸ਼ ਕਾਰਵਾਈ ਲਈ ਉਠੇਗਾ ਅਰਥਾਤ ਸਾਮਰਾਜਵਾਦੀ-ਪੂੰਜੀਪਤੀਆਂ ਤੋਂ ਜਨਤਾ ਦੀ ਮੁਕਤੀ ਲਈ।"*

ਭਗਤ ਸਿੰਘ ਦੇ 2 ਫਰਵਰੀ 1931 ਦੇ 'ਸਿਆਸੀ ਕਾਰਕੁਨਾਂ ਦੇ ਨਾਂ ਖ਼ਤ ਵਿਚੋਂ' ਇਹ ਲੰਬਾ ਹਵਾਲਾ ਮੌਜੂਦਾ ਕਿਸਾਨ ਸੰਘਰਸ਼ ਨੂੰ ਸਮਝਣ ਲਈ ਜ਼ਰੂਰੀ ਹੈ, ਜੋ ਕਈ ਮਹੀਨੇ ਪਹਿਲਾਂ ਪਿਛਲੇ ਜੂਨ ਵਿਚ ਤਿੰਨ ਕਿਸਾਨ ਵਿਰੋਧੀ ਕਾਨੂੰਨ/ਆਰਡੀਨੈਂਸ ਰਾਹੀਂ ਲਾਗੂ ਕੀਤੇ ਗਏ ਸਨ ਅਤੇ ਮਗਰੋਂ ਸਤੰਬਰ ਵਿਚ ਜਿਨ੍ਹਾਂ ਨੂੰ ਵਿਵਾਦ ਪੂਰਨ ਤਰੀਕੇ ਨਾਲ ਪਾਰਲੀਮੈਂਟ ਵਿਚ ਪਾਸ ਕਰ ਕੇ ਬਾਕਾਇਦਾ ਕਾਨੂੰਨ ਬਣਾ ਦਿੱਤਾ ਗਿਆ। ਇਹ ਕਾਨੂੰਨ ਹਨ: 1. ਕਿਸਾਨੀ ਉਪਜ ਵਪਾਰ ਅਤੇ ਵਣਜ (ਪਰੋਤਸਾਹਣ ਅਤੇ ਸਹੂਲਤ) ਜਿਸ ਨਾਲ ਮੰਡੀਆਂ ਦੀ ਮੌਜੂਦਾ ਵਿਵਸਥਾ ਨੂੰ ਬਦਲ ਕੇ ਪ੍ਰਾਈਵੇਟ ਹੱਥਾਂ ਵਿਚ ਦੇਣਾ, 2. ਕਿਸਾਨ (ਸਸ਼ਕਤੀਕਰਨ ਅਤੇ ਸੁਰੱਖਿਆ)-ਮੁੱਲ ਅਸ਼ਵਾਸਣ ਅਤੇ ਖੇਤੀ ਸੇਵਾਵਾਂ ਸਮਝੌਤਾ -ਜਿਸ ਨਾਲ ਖੇਤੀ ਸਮਝੌਤੇ ਤਹਿਤ ਕਾਰਪੋਰੇਟਾਂ ਹੱਥ ਜ਼ਮੀਨ ਤਬਦੀਲ ਕਰਨ ਅਤੇ 3. ਜ਼ਰੂਰੀ ਵਸਤਾਂ ਸੋਧ-ਜਿਸ ਰਾਹੀਂ ਸਰਕਾਰੀ ਵੰਡ ਪ੍ਰਣਾਲੀ ਖਤਮ ਕਰਨਾ ਸ਼ਾਮਿਲ ਹਨ।

ਇਹਨਾਂ ਸਾਰੇ ਕਿਸਾਨ-ਮਾਰੂ ਕਾਲੇ ਕਾਨੂੰਨਾਂ ਖਿਲਾਫ਼ ਪੰਜਾਬ ਦੇ ਕਿਸਾਨਾਂ ਵਿਚ ਸਭ ਤੋਂ ਪਹਿਲਾਂ ਰੋਹ ਜਾਗਿਆ। ਇਸ ਤੋਂ ਬਾਅਦ ਪੂਰੇ ਦੇਸ਼ ਵਿਚ ਵਿਰੋਧ ਦੀ ਆਵਾਜ਼ ਉੱਠੀ। 26 ਨਵੰਬਰ ਤੋਂ ਦਿੱਲੀ ਦੀਆਂ ਸਰਹੱਦਾਂ 'ਤੇ ਸਾਰੀਆਂ ਰੁਕਾਵਟਾਂ ਤੇ ਪੁਲਸ ਦੇ ਜ਼ੁਲਮ ਸਹਿੰਦੇ, ਪਹਿਲਾਂ ਪੰਜਾਬ ਦੇ ਕਿਸਾਨ ਪਹੁੰਚੇ ਅਤੇ ਫਿਰ ਹਰਿਆਣਾ ਅਤੇ ਯੂ ਪੀ ਤੋਂ। ਹੌਲੀ ਹੌਲੀ ਰਾਜਸਥਾਨ, ਉੱਤਰਾਖੰਡ, ਮੱਧ ਪ੍ਰਦੇਸ਼, ਕਰਨਾਟਕ ਅਤੇ ਮਹਾਰਾਸ਼ਟਰ ਵਰਗੇ ਦੂਰ ਦੁਰਾਡੇ ਰਾਜਾਂ ਤੋਂ ਵੀ ਕਿਸਾਨ ਉੱਥੇ ਪਹੁੰਚਣ ਲੱਗੇ ਅਤੇ ਫਰਵਰੀ 2021 ਤਕ ਇਹ ਹਿੰਦੁਸਤਾਨ ਅਤੇ ਦੁਨੀਆ ਦੇ ਇਤਿਹਾਸ ਵਿਚ ਆਪਣੀ ਵਿਸ਼ੇਸ਼ ਥਾਂ ਦਰਜ ਕਰਵਾ ਕੇ ਲੋਕ ਲਹਿਰ ਬਣ ਚੁੱਕੀ ਹੈ। ਕੌਮੀ ਪੱਧਰ 'ਤੇ ਚਾਰ ਸੌ ਤੋਂ ਵੱਧ ਕਿਸਾਨ ਜਥੇਬੰਦੀਆਂ ਸੰਯੁਕਤ ਕਿਸਾਨ ਮੋਰਚਾ ਨਾਂ ਦੇ ਵਿਆਪਕ ਸੰਗਠਨ ਵਿਚ ਸ਼ਾਮਿਲ ਹਨ, ਜਿਨ੍ਹਾਂ ਵਿਚ ਪੰਜਾਬ ਤੋਂ 32 ਕਿਸਾਨ ਜਥੇਬੰਦੀਆਂ ਵੀ ਹਨ। ਇਸ ਮੋਰਚੇ ਤੋਂ ਇਲਾਵਾ ਪੰਜਾਬ ਦੀਆਂ ਦੋ ਵੱਖਰੀਆਂ ਕਿਸਾਨ ਜਥੇਬੰਦੀਆਂ ਵੀ ਇਸ ਲੋਕ ਸੰਘਰਸ਼ ਵਿਚ ਸੰਯੁਕਤ ਮੋਰਚੇ ਨਾਲ ਤਾਲਮੇਲ ਸਹਿਤ ਸ਼ਾਮਿਲ ਹਨ। ਤੀਜੇ ਮਹੀਨੇ ਤਕ ਦੇਸ਼ ਭਰ ਵਿਚੋਂ ਲੱਖਾਂ ਕਿਸਾਨ ਇਸ ਲਹਿਰ ਵਿਚ ਸ਼ਾਮਿਲ ਹੋ ਕੇ ਇਸ ਨੂੰ ਨਾ ਸਿਰਫ ਕਿਸਾਨ ਲਹਿਰ, ਬਲਕਿ ਇਕ ਵਿਆਪਕ ਲੋਕ ਲਹਿਰ ਦਾ ਰੂਪ ਦੇ ਚੁੱਕੇ ਹਨ। ਕਿਸਾਨਾਂ ਤੋਂ ਇਲਾਵਾ ਇਸ ਲਹਿਰ ਵਿਚ ਖੇਤ ਮਜ਼ਦੂਰ, ਛੋਟੇ ਵਪਾਰੀ ਅਤੇ ਆੜ੍ਹਤੀਏ ਵੀ ਸ਼ਾਮਿਲ ਹਨ ਅਤੇ ਸਮਾਜ ਦੇ ਵੱਡੇ ਕਾਰਪੋਰੇਟ ਜਗਤ ਅਤੇ ਭਾਰਤੀ ਜਨਤਾ ਪਾਰਟੀ ਨੂੰ ਛੱਡ ਕੇ ਲਗਪਗ ਸਾਰੇ ਭਾਰਤੀ ਸਮਾਜ ਦਾ ਇਸ ਲਹਿਰ ਨੂੰ ਸਮਰਥਨ ਹੈ, ਇੱਥੋਂ ਤਕ ਕਿ ਵਿਦੇਸ਼ੀਂ ਵਸੇ ਭਾਰਤੀਆਂ ਤੋਂ ਇਲਾਵਾ ਹੋਰ ਜਮਹੂਰੀ ਵਿਦੇਸ਼ੀ ਲੋਕਾਂ ਦੀ ਹਿਮਾਇਤ ਵੀ ਕਿਸਾਨ ਲਹਿਰ ਨੂੰ ਹਾਸਿਲ ਹੈ।

ਇਹ ਲਹਿਰ ਇੰਨੀ ਵਿਆਪਕ ਲੋਕ ਲਹਿਰ ਕਿਵੇਂ ਬਣੀ ਅਤੇ ਕਿਸਾਨ ਜਥੇਬੰਦੀਆਂ ਨੂੰ

ਇੰਨੀ ਦ੍ਰਿੜ ਇੱਛਾ ਸ਼ਕਤੀ ਕਿਵੇਂ ਤੇ ਕਿੱਥੋਂ ਹਾਸਿਲ ਹੋਈ? ਕੁਝ ਹੱਦ ਤਕ ਭਗਤ ਸਿੰਘ ਦੇ ਵਿਚਾਰ ਕਿਸਾਨਾਂ ਦੀ ਤਾਕਤ ਬਣੇ ਹਨ, ਜਿਸ ਕਰਕੇ ਨਾ ਸਿਰਫ ਲਹਿਰ ਵਿਚ ਸ਼ਾਮਿਲ ਬੱਚਿਆਂ ਤੋਂ ਬਜ਼ੁਰਗਾਂ ਤਕ, ਅਤੇ ਔਰਤਾਂ ਵੀ, ਨਾ ਸਿਰਫ ਭਗਤ ਸਿੰਘ ਦੀਆਂ ਤਸਵੀਰਾਂ ਲੈ ਕੇ ਬੈਠੇ ਹਨ, ਸਗੋਂ ਭਗਤ ਸਿੰਘ ਦੀਆਂ ਕਿਤਾਬਾਂ ਪੜ੍ਹ ਰਹੇ ਹਨ ਅਤੇ ਉਨ੍ਹਾਂ 'ਤੇ ਚਰਚਾ ਵੀ ਕਰ ਰਹੇ ਹਨ। ਪਰ ਇਸ ਤੋਂ ਵੀ ਵੱਧ ਉਹ ਕਿਸਾਨ ਲਹਿਰਾਂ ਦੇ ਪੁਰਾਣੇ ਇਤਿਹਾਸ ਤੋਂ ਸਬਕ ਸਿੱਖ ਕੇ ਲਹਿਰ ਨੂੰ ਨਵਾਂ ਸਿਰਜਣਾਤਮਕ ਰੂਪ ਵੀ ਦੇ ਰਹੇ ਹਨ।

ਧਰਨੇ ਦੀ ਥਾਂ-ਦਿੱਲੀ ਦੀਆਂ ਤਿੰਨ ਸਰਹੱਦਾਂ - ਸਿੰਘੂ ਬਾਰਡਰ, ਟਿਕਰੀ ਬਾਰਡਰ ਅਤੇ ਗਾਜ਼ੀਪੁਰ ਬਾਰਡਰ 'ਤੇ ਕਿਤਾਬਾਂ ਦੇ ਸਟਾਲ, ਲਾਇਬਰੇਰੀਆਂ, ਇੱਥੋਂ ਤਕ ਕਿ ਲੰਗਰ ਪ੍ਰਥਾ ਨੂੰ ਹੋਰ ਸਿਰਜਣਾਤਮਕ ਬਣਾ ਕੇ ਭੋਜਨ ਦੇ ਲੰਗਰ ਦੇ ਨਾਲ ਕਿਤਾਬਾਂ ਤੇ ਹੋਰ ਜ਼ਰੂਰੀ ਲੋੜੀਂਦੀਆਂ ਵਸਤਾਂ ਦੇ ਲੰਗਰ ਵੀ ਧਰਨੇ ਦੀ ਥਾਂ 'ਤੇ ਲੱਗੇ ਹਨ। ਕਿਤਾਬਾਂ ਵਿਚ ਇਤਿਹਾਸ, ਲਹਿਰਾਂ ਨਾਲ ਜੁੜੀਆਂ ਕਿਤਾਬਾਂ ਅਤੇ ਸਾਹਿਤਕ ਕਿਤਾਬਾਂ ਸ਼ਾਮਿਲ ਹਨ। ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਤਿੰਨਾਂ ਜ਼ਬਾਨਾਂ ਵਿਚ ਕਿਤਾਬਾਂ ਉੱਥੇ ਪੜ੍ਹਨ ਲਈ, ਖਰੀਦਣ ਲਈ ਅਤੇ ਮੁਫ਼ਤ ਲਿਜਾਣ ਲਈ ਵੀ ਮੌਜੂਦ ਹਨ। ਆਲੇ ਦੁਆਲੇ ਦੇ ਗ਼ਰੀਬ ਬੱਚਿਆਂ ਦੀ ਪੜ੍ਹਾਈ ਲਈ ਟੈਂਟ ਸਕੂਲ ਵੀ ਹਨ, ਜਿੱਥੇ ਲਹਿਰ ਦੇ ਹਮਦਰਦ ਯੂਨੀਵਰਸਿਟੀਆਂ ਤੋਂ ਨੌਜਵਾਨ ਮੁੰਡੇ ਕੁੜੀਆਂ ਆ ਕੇ ਪੜ੍ਹਾਉਣ ਦੀ ਸੇਵਾ ਕਰਦੇ ਹਨ। ਗਾਇਕ, ਕਲਾਕਾਰ, ਸੰਗੀਤਕਾਰ ਸਾਰੇ ਹੀ ਉੱਥੇ ਪਹੁੰਚ ਕੇ ਆਪਣੀ ਸਿਰਜਣਤਾਮਕਤਾ ਦਾ ਪ੍ਰਦਰਸ਼ਨ ਵੀ ਕਰਦੇ ਹਨ। ਉੱਥੇ ਪ੍ਰਸਿੱਧ ਲੋਕ ਗਾਇਕ ਵੀ ਹਨ ਅਤੇ ਲਹਿਰ ਵਿਚੋਂ ਪੈਦਾ ਹੋਏ ਨਵੇਂ ਉਭਰੇ ਕਲਾਕਾਰ ਵੀ। ਕਿਸਾਨ ਜੀਵਨ ਨਾਲ ਜੁੜੇ ਕਿੰਨੇ ਹੀ ਨਵੇਂ ਗੀਤ ਰਚ ਕੇ ਕਲਾਕਾਰਾਂ ਨੇ, ਲਾਲਾ ਬਾਂਕੇ ਦਿਆਲ ਦੇ ਕਲਾਸਕੀ ਗੀਤ 'ਪਗੜੀ ਸੰਭਾਲ ਜੱਟਾ' ਦੀ ਪਰੰਪਰਾ ਨੂੰ ਅੱਗੇ ਵਧਾਇਆ ਹੈ। ਗੋਦ ਵਿਚ ਖੇਡਦੇ ਬੱਚਿਆਂ ਤੋਂ ਲੈ ਕੇ 90 ਸਾਲ ਦੇ ਬਜ਼ੁਰਗ ਕੜਕਦੀ ਠੰਡ ਵਿਚ ਹਰ ਤਰ੍ਹਾਂ ਦੀ ਬੇਆਰਾਮੀ ਸਹਿ ਕੇ ਲਹਿਰ ਵਿਚ ਹਿੱਸਾ ਪਾ ਰਹੇ ਹਨ।

ਆਪਣੇ ਮੌਜੂਦਾ ਰੂਪ ਵਿਚ ਕਿਸਾਨ ਰੋਹ ਤੋਂ ਲੋਕ ਲਹਿਰ ਬਣ ਚੁੱਕੀ ਇਹ ਧਾਰਾ ਇਕ ਨਵੇਂ ਤੇ ਸਿਰਜਣਾਤਮਕ ਰਾਸ਼ਟਰਵਾਦ ਦਾ ਰੂਪ ਸਿਰਜ ਰਹੀ ਹੈ, ਜੋ ਜ਼ਿਆਦਾ ਹਕੀਕੀ ਹੈ, ਅਤੇ ਜਿਸਨੂੰ 1947 ਸਮੇਂ ਕਾਂਗਰਸ ਵੱਲੋਂ ਸਮਝੌਤਾ ਕਰਕੇ ਹਾਸਿਲ ਕੀਤੀ ਅੱਧੀ ਅਧੂਰੀ ਕੌਮੀ ਆਜ਼ਾਦੀ ਸਮੇਂ ਮਹਿਸੂਸ ਨਹੀਂ ਕੀਤਾ ਗਿਆ ਸੀ। ਜਿਸ ਵਿਚ ਮੁਲਕ ਦੀ ਵੰਡ ਕਰਕੇ ਦਸ ਲੱਖ ਲੋਕਾਂ ਦਾ ਕਤਲੇਆਮ ਹੋਇਆ ਸੀ ਅਤੇ ਇਕ ਕਰੋੜ ਤੋਂ ਵੱਧ ਲੋਕ ਉਜੜ ਕੇ ਦੁਬਾਰਾ ਵਸੇ ਸਨ। ਉਸ ਰਾਸ਼ਟਰਵਾਦ ਵਿਚ ਜਮਾਤ ਜਾਂ ਵਰਗ ਦੀ ਧਾਰਨਾ ਨਹੀਂ ਉਭਰ ਸਕੀ ਸੀ, ਇਸ ਕਿਸਾਨ ਲਹਿਰ ਨੇ ਉਸ ਵਰਗ ਭਾਵਨਾ ਜਾਂ ਚੇਤਨਾ ਨੂੰ ਰੇਖਾਂਕਤ ਕਰ ਦਿੱਤਾ ਹੈ।

ਮੁਲਕ ਦੀ ਵੰਡ ਤੋਂ ਪਹਿਲਾਂ ਰਾਸ਼ਟਰਵਾਦ ਦੀ ਧਾਰਨਾ ਵਿਚ ਤਿੰਨ ਧਾਰਾਵਾਂ ਸਨ-- ਪਹਿਲੀ ਕਾਂਗਰਸ ਪਾਰਟੀ ਦੀ ਸਾਰੇ ਵਰਗਾਂ ਤੇ ਧਰਮਾਂ ਨੂੰ ਸਮੇਟੀ ਧਰਮ-ਨਿਰਪੱਖ ਧਾਰਾ, ਪਰ ਜਿਸ ਵਿਚ ਜਾਗੀਰਦਾਰਾਂ ਅਤੇ ਪੂੰਜੀਪਤੀਆਂ ਦੀ ਸਰਦਾਰੀ ਸੀ, ਜਿਨ੍ਹਾਂ ਵਿਚੋਂ ਕੁਝ ਦੀ ਅੰਗਰੇਜ਼ੀ ਬਸਤੀਵਾਦ ਨਾਲ ਵੀ ਸਾਂਝ ਭਿਆਲੀ ਸੀ। ਦੂਜੀ-- ਜਿੱਨਾਹ ਦੀ ਧਰਮ ਆਧਾਰਤ ਕੌਮਵਾਦ-ਅਰਥਾਤ ਮੁਸਲਿਮ ਰਾਸ਼ਟਰਵਾਦ ਦੀ ਧਾਰਾ, ਜਿਸ ਦੇ ਆਧਾਰ 'ਤੇ ਉਸਨੇ ਮੁਲਕ ਦੀ ਵੰਡ ਕਰਵਾ ਕੇ ਵੱਖਰਾ ਮੁਲਕ ਪਾਕਿਸਤਾਨ ਬਣਵਾਇਆ। ਧਰਮ ਆਧਾਰਤ ਧਾਰਨਾ ਨਾਲ ਹਿੰਦੂ ਰਾਸ਼ਟਰਵਾਦ ਅਤੇ ਸਿੱਖ ਰਾਸ਼ਟਰਵਾਦ ਦੀਆਂ ਧਾਰਾਵਾਂ ਵੀ ਉਸ ਸਮੇਂ ਮੌਜੂਦ ਸਨ। ਤੀਜੀ ਧਾਰਾ-- ਭਗਤ ਸਿੰਘ ਅਤੇ ਸਮਾਜਵਾਦੀ ਇਨਕਲਾਬੀਆਂ ਦੀ ਧਾਰਾ ਸੀ, ਜੋ ਬਸਤੀਵਾਦੀ ਢਾਂਚੇ ਦੇ ਨਾਲ ਜਗੀਰੂ ਅਤੇ ਪੂੰਜੀਵਾਦੀ ਨਿਜ਼ਾਮ ਨੂੰ ਵੀ ਖਤਮ ਕਰ ਕੇ ਲੁੱਟ ਖਸੁੱਟ ਰਹਿਤ ਮਜ਼ਦੂਰ-ਕਿਸਾਨ ਰਾਜ ਦੀ ਆਦਰਸ਼ਵਾਦੀ ਧਾਰਾ ਸੀ। ਕਾਂਗਰਸ ਪਾਰਟੀ ਨੇ ਧਰਮ ਨਿਰਪਖਤਾ ਦੇ ਸਾਂਚੇ ਵਿਚ, ਮੁਲਕ ਦੀ ਵੰਡ ਨਾਲ ਅੱਡ ਹੋਏ ਪਾਕਿਸਤਾਨ ਤੋਂ ਇਲਾਵਾ ਬਾਕੀ ਦੇ ਹਿੰਦੁਸਤਾਨ ਨੂੰ ਜਮਹੂਰੀ ਨਿਜ਼ਾਮ

ਰਾਹੀਂ, ਪਾਕਿਸਤਾਨ ਦੇ ਧਰਮ ਆਧਾਰਤ ਰਾਸ਼ਟਰਵਾਦ ਦੇ ਮਾੜੇ ਨਤੀਜਿਆਂ, ਜੋ ਫੌਜੀ ਹਕੂਮਤ ਵਿਚ ਵੀ ਬਦਲੇ, ਤੋਂ ਤਾਂ ਬਚਾਅ ਲਿਆ ਪਰ ਢਾਂਚੇ ਵਿਚ ਜ਼ਰੂਰੀ ਸੁਧਾਰ ਜਿਵੇਂ ਜ਼ਮੀਨ ਵੰਡ ਦੇ ਸੁਧਾਰ ਰਾਹੀਂ ਜਾਗੀਰਦਾਰੀ ਤੋਂ ਮੁਕਤੀ ਪਾਉਣ ਲਈ ਜ਼ਿਆਦਾ ਜਤਨ ਨਹੀਂ ਕੀਤੇ। ਜੋ 17 ਸਾਲ ਮੁਲਕ ਦੇ ਪਹਿਲੇ ਪ੍ਰਧਾਨ ਮੰਤਰੀ ਰਹੇ ਜਵਾਹਰ ਲਾਲ ਨਹਿਰੂ ਤਾਂ ਚਾਹੁੰਦੇ ਸੀ, ਪਰ ਕਾਂਗਰਸ ਅੰਦਰਲੇ ਜਾਗੀਰਦਾਰੀ ਅਨਸਰਾਂ ਅੱਗੇ ਉਹਨਾਂ ਦੀ ਪੇਸ਼ ਨਹੀਂ ਸੀ ਜਾਂਦੀ। ਕਾਂਗਰਸ ਦੇ ਢਿੱਲਮ ਢਿੱਲੇ ਧਰਮ-ਨਿਰਪੱਖ ਢਾਂਚੇ ਵਿਚ ਆਰ.ਐੱਸ.ਐੱਸ. ਦੀ ਹਿੰਦੂ ਰਾਸ਼ਟਰਵਾਦ ਅਤੇ ਸਿੱਖ ਕੌਮਵਾਦ ਦੀ ਖਾਲਿਸਤਾਨੀ ਧਾਰਨਾ ਨਾਲੋ ਨਾਲ ਪਲਦੀਆਂ ਅਤੇ ਮਜ਼ਬੂਤ ਹੁੰਦੀਆਂ ਰਹੀਆਂ। ਭਗਤ ਸਿੰਘ ਦੀ ਸਮਾਜਵਾਦੀ-ਕਮਿਊਨਿਸਟ ਧਾਰਾ ਅਤੇ ਜਯ ਪ੍ਰਕਾਸ਼ ਨਾਰਾਇਣ-ਲੋਹੀਆ-ਨਹਿਰੂ-ਸੁਭਾਸ਼ ਬੋਸ ਆਦਿ ਦੀ ਸਮਾਜਵਾਦੀ ਧਾਰਾ ਦੇ ਨਾਲ ਪੇਰਿਯਾਰ-ਅੰਬੇਡਕਰ ਦੀ ਜਾਤ ਪਾਤ ਵਿਰੋਧੀ ਸਮਾਨਤਾਵਾਦੀ ਧਾਰਾ ਵੀ ਕਮਜ਼ੋਰ ਰੂਪ ਵਿਚ ਚਲਦੀਆਂ ਰਹੀਆਂ। 2014 ਤਕ ਆਉਂਦੇ ਆਉਂਦੇ ਆਰ ਐੱਸ ਐੱਸ ਦੀ ਹਿੰਦੂ ਰਾਸ਼ਟਰਵਾਦੀ ਧਾਰਾ ਨੇ ਮੁਲਕ ਦੀ ਸੱਤਾ 'ਤੇ ਕਬਜ਼ਾ ਕਰ ਲਿਆ, ਭਾਵੇਂ ਕਿ ਸੰਵਿਧਾਨ ਵਿਚ ਧਰਮ ਨਿਰਪੱਖਤਾ ਅਤੇ ਸਮਾਜਵਾਦ ਸ਼ਬਦ ਦਰਜ ਰਹੇ, ਪਰ ਹਕੂਮਤ ਨੰਗੇ ਚਿੱਟੇ ਰੂਪ ਵਿਚ ਹਿੰਦੂ ਰਾਸ਼ਟਰਵਾਦੀ ਏਜੰਡੇ 'ਤੇ ਚੱਲ ਪਈ।

ਪਰ ਮੌਜੂਦਾ ਕਿਸਾਨ ਲਹਿਰ ਰਾਹੀਂ ਭਗਤ ਸਿੰਘ ਅਤੇ ਉਸਦੇ ਇਨਕਲਾਬੀ ਸਾਥੀਆਂ ਦੇ ਸਮਾਜਵਾਦੀ ਵਿਚਾਰਾਂ ਵਾਲੇ ਇਨਕਲਾਬੀ ਰਾਸ਼ਟਰਵਾਦ ਦੀ ਧਾਰਨਾ ਅਤੇ ਧਾਰਾ ਨੇ ਫਿਰ ਤਾਕਤ ਹਾਸਿਲ ਕੀਤੀ ਹੈ। ਪਿਛਲੇ ਤਿੰਨ ਦਹਾਕਿਆਂ ਦੌਰਾਨ ਭਗਤ ਸਿੰਘ ਦੀਆਂ ਰਚਨਾਵਾਂ ਹਿੰਦੁਸਤਾਨ ਦੀਆਂ ਅਨੇਕਾਂ ਜ਼ੁਬਾਨਾਂ ਰਾਹੀਂ ਪੂਰੇ ਭਾਰਤ ਵਿਚ ਪਹੁੰਚ ਕੇ ਉਸਦੇ ਵਿਚਾਰਧਾਰਕ ਰੂਪ ਰਾਹੀਂ ਮਜ਼ਦੂਰਾਂ ਤੇ ਕਿਸਾਨਾਂ ਤਕ ਪਹੁੰਚੀਆਂ ਹਨ। ਭਗਤ ਸਿੰਘ ਹੁਣ ਸਿਰਫ ਇਕ ਰੁਮਾਂਟਿਕ ਰਾਸ਼ਟਰਵਾਦੀ ਬਿੰਬ ਨਾ ਰਹਿ ਕੇ ਲੋਕ ਮੁਕਤੀ ਦਾ ਸੰਕਲਪ ਬਣ ਕੇ ਉਭਰਿਆ ਹੈ, ਜਿਸ ਨਾਲ ਆਜ਼ਾਦੀ ਸੰਗਰਾਮ ਦੇ ਸਮੇਂ ਦੇ ਉਸਦੇ ਸੁਪਨੇ ਨੂੰ ਬੂਰ ਪਿਆ ਹੈ। ਭਗਤ ਸਿੰਘ ਇਸ ਲਹਿਰ ਨੂੰ ਦੇਖ ਕੇ ਖ਼ੁਸ਼ ਤਾਂ ਜ਼ਰੂਰ ਹੁੰਦਾ, ਪਰ ਅਚੰਭਤ ਨਹੀਂ, ਕਿਉਂਕਿ ਉਹ ਖ਼ੁਦ ਇਹੋ ਜਿਹੀ ਰਾਸ਼ਟਰਵਾਦੀ ਲਹਿਰ ਉਸਾਰਨਾ ਚਾਹੁੰਦਾ ਸੀ, ਜਿਸ ਦਾ ਮੌਕਾ ਉਸਨੂੰ ਫਾਂਸੀ ਦੇ ਕੇ ਬਰਤਾਨਵੀ ਸਾਮਰਾਜਵਾਦੀ ਹਕੂਮਤ ਨੇ ਨਹੀਂ ਦਿੱਤਾ ਸੀ। ਪਰ ਜਿਵੇਂ ਉਸਨੇ ਉਸ ਸਮੇਂ ਕਿਹਾ ਸੀ-'ਤੁਸੀਂ ਵਿਅਕਤੀ ਨੂੰ ਖਤਮ ਕਰ ਸਕਦੇ ਹੋ, ਉਸਦੇ ਵਿਚਾਰਾਂ ਨੂੰ ਨਹੀਂ' ਤੇ ਭਗਤ ਸਿੰਘ ਦੇ ਵਿਚਾਰ ਮੂਰਤ ਰੂਪ ਵਿਚ ਕਿਸਾਨ ਲਹਿਰ ਤੋਂ ਵੀ ਅੱਗੇ ਵਧ ਕੇ ਲੋਕ ਲਹਿਰ ਰੂਪ ਵਿਚ ਉਭਰੇ ਹਨ ਅਤੇ ਉਸਦੇ ਮਜ਼ਦੂਰ-ਕਿਸਾਨ ਆਧਾਰਤ ਇਨਕਲਾਬੀ ਰਾਸ਼ਟਰਵਾਦ ਨੂੰ ਫਿਰ ਉਜਾਗਰ ਕਰ ਰਹੇ ਹਨ। ਜਿਵੇਂ ਉਸਨੇ ਆਪਣੇ ਉਪਰੋਕਤ ਹਵਾਲੇ ਵਿਚ ਦਰਜ ਕੀਤਾ ਹੈ,ਮਜ਼ਦੂਰ ਤੇ ਕਿਸਾਨ ਮਿਲ ਕੇ ਹੀ ਭਾਰਤ ਦਾ 95% ਹਿੱਸਾ ਹਨ। ਰਾਸ਼ਟਰੀਕਰਨ ਦੇ ਭਰੋਸੇ ਨਾਲ ਹੀ ਇਹ ਵਰਗ, ਲੋਕ ਲਹਿਰ ਖੜ੍ਹੀ ਕਰੇਗਾ- ਸਾਮਰਾਜਵਾਦ ਤੇ ਪੂੰਜੀਪਤੀਆਂ ਤੋਂ ਮੁਕਤੀ ਹਾਸਿਲ ਕਰਨ ਲਈ।

ਇਨਕਲਾਬੀ ਰਾਸ਼ਟਰਵਾਦ ਦਾ ਧਿਆਨ ਹਮੇਸ਼ਾ, ਮਿੱਲ ਅਤੇ ਖੇਤ ਮਜ਼ਦੂਰਾਂ ਅਤੇ ਕਿਸਾਨਾਂ 'ਤੇ ਹੀ ਰਿਹਾ ਸੀ, ਇਸ ਧਾਰਾ ਨੇ ਕਿਸਾਨ ਦ੍ਰਿਸ਼ਟੀ ਤੋਂ ਹੀ ਬੀਤੇ ਦੇ ਕਿਸਾਨ ਲਹਿਰਾਂ ਦੇ ਇਤਿਹਾਸ ਨੂੰ ਦੇਖਿਆ ਸਮਝਿਆ ਸੀ। ਮੌਜੂਦਾ ਕਿਸਾਨ ਲਹਿਰ ਦੇ ਕਾਰਟੂਨ, ਗੀਤ, ਭਾਸ਼ਣ ਅੰਗਰੇਜ਼ੀ ਈਸਟ ਇੰਡੀਆ ਕੰਪਨੀ ਨੂੰ ਅੰਬਾਨੀ-ਅਦਾਨੀ-ਮੋਦੀ ਕੰਪਨੀ ਦਾ ਆਧੁਨਿਕ ਨਾਂ ਦੇ ਕੇ ਲਹਿਰ ਦੀ ਦਿਸ਼ਾ ਸਪਸ਼ਟ ਕਰ ਦਿੰਦੇ ਹਨ। ਮੋਦੀ ਦੇਸ਼ ਦੇ ਪ੍ਰਧਾਨ ਮੰਤਰੀ ਹਨ, ਜਦੋਂ ਕਿ ਮੁਕੇਸ਼ ਅੰਬਾਨੀ ਅਤੇ ਗੌਤਮ ਅਦਾਨੀ ਦੇਸ਼ ਦੇ ਅਰਬਪਤੀ ਕਾਰੋਬਾਰੀ ਹਨ, ਜਿਨ੍ਹਾਂ ਨਾਲ ਮੋਦੀ ਦੀ ਨਿੱਜੀ ਨੇੜਤਾ ਜੱਗ ਜ਼ਾਹਿਰ ਹੈ। 1757 ਵਿਚ ਈਸਟ ਇੰਡੀਆ ਕੰਪਨੀ ਨੇ ਕਲਕੱਤਾ ਤੋਂ 93 ਕਿਲੋਮੀਟਰ ਦੂਰ ਪਲਾਸੀ ਨਾਮਕ ਜਗਾ 'ਤੇ ਭਾਰਤੀ ਹਾਕਮ ਸਿਰਾਜੂਦੌਲਾ ਤੋਂ ਲੜਾਈ ਜਿੱਤ ਕੇ ਭਾਰਤ ਦੇ ਵਧੇਰੇ ਹਿੱਸੇ ਉੱਤੇ ਕਬਜ਼ਾ ਕਰ ਲਿਆ ਸੀ। ਇਸ ਕੰਪਨੀ ਨੇ ਸੌ ਸਾਲ, 1857 ਦੇ

ਹਿੰਦੁਸਤਾਨ ਦੇ ਪਹਿਲੇ ਵੱਡੇ ਆਜ਼ਾਦੀ ਸੰਗਰਾਮ ਤਕ ਰਾਜ ਕੀਤਾ, ਜਿਸਨੂੰ ਕੰਪਨੀ ਰਾਜ ਵੀ ਕਿਹਾ ਜਾਂਦਾ ਸੀ। 1757 ਤੋਂ ਕੰਪਨੀ ਰਾਜ ਅਤੇ ਬਾਅਦ ਵਿਚ 1858 ਤੋਂ ਸਿੱਧੇ ਬਰਤਾਨਵੀ ਰਾਜ ਦੌਰਾਨ ਅਨੇਕ ਕਿਸਾਨ ਸੰਘਰਸ਼ ਲੜੇ ਗਏ।

1783 ਦੀ ਰੰਗਪੁਰ ਧਿੰਗਾ ਕਿਸਾਨ ਲਹਿਰ ਤੋਂ ਸ਼ੁਰੂ ਹੋ ਕੇ ਅਨੇਕ ਕਿਸਾਨ ਲਹਿਰਾਂ ਤੇ ਬਗ਼ਾਵਤਾਂ ਹੋਈਆਂ,ਜਿਨ੍ਹਾਂ ਵਿਚ 1832 ਦਾ ਕੋਲ ਵਿਦਰੋਹ, 1855 ਦੀ ਹੁਣ ਦੇ ਝਾਰਖੰਡ ਦੀ ਸਿੱਦੋ-ਕਾਨੂ ਸੰਥਾਲ ਆਦਿਵਾਸੀ ਬਗ਼ਾਵਤ,ਜਿਸਨੂੰ 1899-1900 ਦੌਰਾਨ ਬਿਰਸਾ ਮੁੰਡਾ ਦੇ ਉਲਗੁਲਾਣ ਲਹਿਰ ਰੂਪ ਵਿਚ ਦਹੁਰਾਇਆ ਗਿਆ, 1782 ਤੋਂ 1831 ਤਕ ਟੀਟੂ ਮੀਰ ਦਾ ਨਲਕੇਰਬੇਰਿਆ ਵਿਦਰੋਹ,1859-60 ਦਾ ਨੀਲ ਵਿਦਰੋਹ, ਜਿਸ ਬਾਰੇ ਬੰਗਾਲੀ ਵਿਚ ਦੀਨਾ ਨਾਥ ਮਿਤਰਾ ਨੇ ਕਲਾਸਕੀ ਨਾਟਕ 'ਨੀਲ ਦਰਪਣ' ਲਿਖਿਆ, 1840 ਤੋਂ 1920 ਤਕ ਦੱਖਣ ਦਾ ਮੋਪਲਾ ਵਿਦਰੋਹ ਸ਼ਾਮਿਲ ਹਨ। ਵੀਹਵੀਂ ਸਦੀ ਵਿਚ ਵੀ ਕਿਸਾਨ ਲਹਿਰਾਂ ਜਾਰੀ ਰਹੀਆਂ, ਜਿਨ੍ਹਾਂ ਵਿਚੋਂ ਕੁਝ ਦਾ ਖ਼ਾਸ ਜ਼ਿਕਰ ਜ਼ਰੂਰੀ ਹੈ। 1907 ਦੀ ਪੰਜਾਬ ਦੀ 'ਪਗੜੀ ਸੰਭਾਲ ਜੱਟਾ ਲਹਿਰ', ਜਿਸਦੀ ਅਗਵਾਈ ਭਗਤ ਸਿੰਘ ਦੇ ਚਾਚਾ ਅਜੀਤ ਸਿੰਘ ਨੇ ਕੀਤੀ, ਉਸ ਵੇਲੇ ਅੰਗਰੇਜ਼ ਸਰਕਾਰ ਵੱਲੋਂ ਲਾਗੂ ਕੀਤੇ ਜਾਂ ਰਹੇ ਤਿੰਨ ਹੀ ਕਾਲੇ ਕਾਨੂੰਨਾਂ ਖਿਲਾਫ਼ ਸੀ,ਜਿਨ੍ਹਾਂ ਨੂੰ ਲਹਿਰ ਦੇ ਜ਼ੋਰ ਥੱਲੇ ਅੰਗਰੇਜ਼ਾਂ ਨੂੰ ਮਈ 1907 ਵਿਚ ਹੀ ਵਾਪਿਸ ਲੈਣਾ ਪਿਆ ਸੀ। 1917 ਦੀ ਮਹਾਤਮਾ ਗਾਂਧੀ ਵੱਲੋਂ ਸ਼ੁਰੂ ਕੀਤੀ ਚੰਪਾਰਨ ਕਿਸਾਨ ਲਹਿਰ, 1918 ਦੀ ਗੁਜਰਾਤ ਦੀ ਖੇੜ ਕਿਸਾਨ ਲਹਿਰ ਅਤੇ 1925 ਦੀ ਸਰਦਾਰ ਪਟੇਲ ਦੀ ਅਗਵਾਈ ਵਾਲੀ ਬਾਰਡੋਲੀ ਕਿਸਾਨ ਲਹਿਰ। ਇਸ ਤੋਂ ਇਲਾਵਾ ਬਾਬਾ ਰਾਮ ਚੰਦ ਦੀ ਅਗਵਾਈ ਵਿਚ ਪੂਰਬੀ ਯੂ ਪੀ ਦੀ 1920 ਦੀ ਅਵਧ ਕਿਸਾਨ ਬਗ਼ਾਵਤ ਅਤੇ ਉਸੇ ਸਮੇਂ ਏਕਾ ਕਿਸਾਨ ਲਹਿਰ, ਮਦਾਰੀ ਪਾਸੀ ਦੀ ਅਗਵਾਈ ਵਿਚ ਲੜੀ ਗਈ। ਅਵਧ ਦੀਆਂ ਇਹ ਦੋਵੇਂ ਕਿਸਾਨ ਲਹਿਰਾਂ ਮਹਾਤਮਾ ਗਾਂਧੀ ਦੇ ਨਾਮਿਲਵਰਤਣ ਅੰਦੋਲਨ ਦੇ ਨਾਲ ਹੀ ਲੜੀਆਂ ਗਈਆਂ। ਗਾਂਧੀ ਜੀ ਨੇ 1921 ਦਾ ਨਾਮਿਲਵਰਤਣ ਅੰਦੋਲਨ 5 ਫਰਵਰੀ 1922 ਦੀ ਚੌਰਾ ਚੌਰੀ ਦੀ ਹਿੰਸਕ ਘਟਨਾ ਬਾਅਦ ਵਾਪਿਸ ਲੈ ਲਿਆ ਸੀ।

ਆਜ਼ਾਦੀ ਤੋਂ ਕੁਝ ਪਹਿਲਾਂ ਬੰਗਾਲ ਦੀ ਤੇਭਾਗਾ ਲਹਿਰ ਅਤੇ 1946 ਤੋਂ 1951 ਤਕ ਚੱਲੀ ਤਿਲੰਗਾਨਾ ਹਥਿਆਰਬੰਦ ਕਿਸਾਨ ਬਗ਼ਾਵਤ ਅਤੇ ਇੰਝ ਹੀ ਲਾਲ ਪਾਰਟੀ ਦੀ 1948 ਦੀ ਮੁਜਾਰਾ ਲਹਿਰ, ਜਿਸਦੀ ਅਗਵਾਈ ਤੇਜਾ ਸਿੰਘ ਸੁਤੰਤਰ, ਧਰਮ ਸਿੰਘ ਫੱਕਰ ਅਤੇ ਜੰਗੀਰ ਸਿੰਘ ਜੋਗਾ ਆਦਿ ਇਨਕਲਾਬੀਆਂ ਨੇ ਕੀਤੀ ਸੀ। ਪਰ ਤੇਭਾਗਾ, ਤਿਲੰਗਾਨਾ ਅਤੇ ਕਿਸ਼ਨਗੜ੍ਹ ਦੀ ਹਥਿਆਰਬੰਦ ਲਹਿਰ ਤੋਂ ਮੌਜੂਦਾ ਕਿਸਾਨ ਲਹਿਰ ਨੇ ਇਹ ਸਬਕ ਲਿਆ ਹੈ ਕਿ ਬੇਹੱਦ ਹਿੰਸਕ ਅਤੇ ਪੁਲਸ ਫੌਜ ਦੀ ਅੰਨ੍ਹੀ ਤਾਕਤ ਲੋਕ ਲਹਿਰਾਂ ਉੱਤੇ ਇਸਤੇਮਾਲ ਕਰਨ ਵਾਲੀ ਸਰਕਾਰ ਨਾਲ ਲੰਬਾ ਤੇ ਜਿੱਤ ਸਕਣ ਵਾਲਾ ਘੋਲ ਸਿਰਫ ਲਮਕਵੇਂ ਸ਼ਾਂਤੀ ਪੂਰਨ ਅੰਦੋਲਨ ਦੀ ਨੀਤੀ ਨਾਲ ਹੀ ਲੜਿਆ ਜਾ ਸਕਦਾ ਹੈ। ਇਥੋਂ ਤਕ ਕਿ ਮੌਜੂਦਾ ਕਿਸਾਨ ਲਹਿਰ ਦੀ ਸਭ ਤੋਂ ਵੱਡੀ ਭਾਰਤੀ ਕਿਸਾਨ ਯੂਨੀਅਨ (ਉਗਰਾਹਾਂ) ਨੇ 1980 ਵਿਚ ਆਪਣੇ ਪੁਰਾਣੇ ਰੂਪ ਵਾਹੀਕਾਰਾ ਯੂਨੀਅਨ ਦੇ 1980ਵੇਂ ਦੇ ਹਮਲਾਵਰ ਪੈਂਤੜੇ ਤੋਂ ਸੱਟ ਖਾਣ ਬਾਅਦ ਇਹ ਸਬਕ ਹਾਸਿਲ ਕਰ ਲਿਆ ਹੈ ਕਿ ਅਨੁਸ਼ਾਸਨ ਤੇ ਸ਼ਾਂਤੀਪੂਰਨ ਤਰੀਕੇ ਨਾਲ ਹੀ ਵਿਸ਼ਾਲ ਕਿਸਾਨ ਲੋਕਾਈ ਨੂੰ ਲੰਬੇ ਘੋਲ ਲਈ ਤਿਆਰ ਕੀਤਾ ਜਾ ਸਕਦਾ ਹੈ, ਜੋ ਇਸ ਵਾਰ ਸਫਲ ਰਿਹਾ ਹੈ।

ਆਮ ਤੌਰ 'ਤੇ ਕਿਸਾਨ ਲਹਿਰਾਂ ਅਤੇ ਕਾਂਗਰਸ ਦੀ ਆਜ਼ਾਦੀ ਲਹਿਰ ਆਪਸ ਵਿਚ ਜੁੜੀਆਂ ਹੁੰਦੀਆਂ ਸਨ। ਕਿਸਾਨ ਲਹਿਰਾਂ ਆਮ ਤੌਰ 'ਤੇ ਬਰਤਾਨਵੀ ਹਾਕਮਾਂ ਦੇ ਕਿਸਾਨ ਵਿਰੋਧੀ ਕਾਨੂੰਨਾਂ ਖਿਲਾਫ਼ ਜਾਂ ਜਾਗੀਰੂ ਦਮਨ ਖਿਲਾਫ਼ ਹੁੰਦੀਆਂ ਸਨ, ਜਾਗੀਰਦਾਰਾਂ ਨੂੰ ਬ੍ਰਿਟਿਸ਼ ਸੁਰੱਖਿਆ ਹਾਸਿਲ ਸੀ। ਕਾਂਗਰਸ ਪਾਰਟੀ ਕਿਸਾਨ ਮਸਲੇ 'ਤੇ ਹਮੇਸ਼ਾ ਢਿੱਲਾ ਮੱਠਾ ਰਵਈਆ ਰੱਖਦੀ ਸੀ,ਕਿਉਂਕਿ ਕਾਂਗਰਸ ਵਿਚ ਵੀ ਬਹੁਤ ਸਾਰੇ ਜਾਗੀਰਦਾਰ ਸਨ।

ਅੱਜ ਦੀ ਕਿਸਾਨ ਲਹਿਰ ਵਾਂਗ ਹੀ, 1907 ਦੀ ਕਿਸਾਨ ਲਹਿਰ ਸਮੇਂ, ਤਿੰਨ ਕਾਲੇ ਕਨੂੰਨਾਂ ਵਿਚ 1906 ਦਾ ਪੰਜਾਬ ਲੈਂਡ ਕਾਲੋਨੀਜੇਸ਼ਨ ਬਿੱਲ, ਜਿਸ ਰਾਹੀਂ ਕਿਸਾਨਾਂ ਦੀ ਜ਼ਮੀਨ ਤਕ ਜ਼ਬਤ ਕੀਤੀ ਜਾ ਸਕਦੀ ਸੀ, ਜਿਵੇਂ ਅੱਜ ਦੀ ਕਿਸਾਨ ਲਹਿਰ ਨੂੰ ਡਰ ਹੈ, 25% ਮਾਲੀਆ ਵਧਾਉਣਾ ਅਤੇ ਬਾਰੀ ਦੁਆਬ ਨਹਿਰ ਦੇ ਪਾਣੀ ਦੀਆਂ ਦਰਾਂ ਵਧਾਉਣਾ ਸ਼ਾਮਿਲ ਸਨ। ਅਜੀਤ ਸਿੰਘ ਨੇ ਇਹਨਾਂ ਕਾਨੂੰਨਾਂ ਖਿਲਾਫ਼ ਮੀਟਿੰਗਾਂ ਦਾ ਸਿਲਸਿਲਾ ਸ਼ੁਰੂ ਕੀਤਾ, ਜਿਸਨੂੰ ਲੋਕਾਂ ਦਾ ਜ਼ਬਰਦਸਤ ਹੁੰਗਾਰਾ ਮਿਲਿਆ। ਲਾਲਾ ਲਾਜਪਤ ਰਾਇ ਨੂੰ ਵੀ ਇਹਨਾਂ ਮੀਟਿੰਗਾਂ ਵਿਚ ਬੁਲਾਰੇ ਵਜੋਂ ਸੱਦਿਆ ਗਿਆ ਅਤੇ 22 ਮਾਰਚ ਦੀ ਲਾਇਲਪੁਰ ਦੀ ਭਰਵੀਂ ਮੀਟਿੰਗ ਵਿਚ ਝੰਗ ਸਿਆਲ ਦੇ ਸੰਪਾਦਕ ਲਾਲਾ ਬਾਂਕੇ ਦਿਆਲ ਨੇ 'ਪਗੜੀ ਸੰਭਾਲ ਜੱਟਾ' ਨਾਂ ਦੀ ਹੁਣ ਕਲਾਸਿਕ ਬਣ ਚੁੱਕੀ ਕਵਿਤਾ ਪੜ੍ਹੀ। ਇਸ ਕਵਿਤਾ ਦਾ ਇੰਨਾ ਜ਼ਬਰਦਸਤ ਅਸਰ ਹੋਇਆ ਕਿ ਕਿਸਾਨਾਂ ਦੀ ਇਸ ਕਾਲੇ ਕਨੂੰਨਾਂ ਵਿਰੋਧੀ ਲਹਿਰ ਦਾ ਨਾਂ ਹੀ 'ਪਗੜੀ ਸੰਭਾਲ ਜੱਟਾ ਲਹਿਰ' ਪੈ ਗਿਆ ਅਤੇ 114 ਵਰ੍ਹੇ ਬਾਅਦ ਵੀ ਇਹ ਲਹਿਰ ਕਿਸਾਨੀ ਸੰਘਰਸ਼ ਦਾ ਇਕ ਮਾਡਲ ਬਣੀ ਹੋਈ ਹੈ ਅਤੇ ਹੁਣ ਵਾਲੇ ਕਿਸਾਨੀ ਸੰਘਰਸ਼ ਵਿਚ ਸ਼ਾਮਿਲ ਇਕ ਕਿਸਾਨ ਜਥੇਬੰਦੀ ਦੇ ਝੰਡੇ 'ਤੇ ਅਜੀਤ ਸਿੰਘ ਦੀ ਫੋਟੋ ਲੱਗੀ ਹੋਈ ਹੈ। ਇਸ ਲਹਿਰ ਨੇ ਅੰਗਰੇਜ਼ ਹਾਕਮਾਂ ਵਿਚ ਖਲਬਲੀ ਮਚਾ ਦਿੱਤੀ ਅਤੇ ਅੰਗਰੇਜ਼ ਫੌਜ ਦੇ ਮੁਖੀ ਲਾਰਡ ਕਿਚਨਰ ਨੂੰ ਇਹ ਡਰ ਹੋ ਗਿਆ ਕਿ ਇਸ ਲਹਿਰ ਦਾ ਅਸਰ ਫੌਜ ਤੇ ਪੁਲਸ ਦੇ ਜਵਾਨਾਂ 'ਤੇ ਹੋ ਸਕਦਾ ਹੈ ਅਤੇ ਉਹ 1857 ਵਾਂਗ ਬਗ਼ਾਵਤ ਵੀ ਕਰ ਸਕਦੇ ਹਨ। ਭਾਰਤੀ ਮਾਮਲਿਆਂ ਦੇ ਮੰਤਰੀ ਲਾਰਡ ਮਾਰਲੇ ਨੇ ਬਰਤਾਨਵੀ ਪਾਰਲੀਮੈਂਟ ਵਿਚ ਦੱਸਿਆ ਕਿ ਇਸ ਦੌਰਾਨ ਪੰਜਾਬ ਵਿਚ ਵੱਖ ਵੱਖ ਸ਼ਹਿਰਾਂ ਵਿਚ ਕੁਲ 33 ਮੀਟਿੰਗਾਂ ਹੋਈਆਂ, ਜਿਨ੍ਹਾਂ ਵਿਚੋਂ 19 ਵਿਚ ਅਜੀਤ ਸਿੰਘ ਹੀ ਮੁੱਖ ਬੁਲਾਰਾ ਸੀ। ਅਜੀਤ ਸਿੰਘ ਦੀ ਤਕਰੀਰ ਜ਼ਬਰਦਸਤ ਜੋਸ਼ ਪੈਦਾ ਕਰਨ ਵਾਲੀ ਹੁੰਦੀ ਸੀ ਅਤੇ 21 ਅਪਰੈਲ 1907 ਨੂੰ ਰਾਵਲਪਿੰਡੀ ਦੀ ਉਸਦੀ ਤਕਰੀਰ ਨੂੰ ਬੇਹੱਦ ਬਾਗ਼ੀ ਜਾਂ ਦੇਸ਼ ਧ੍ਰੋਹੀ ਕਰਾਰ ਦੇ ਕੇ ਉਸ 'ਤੇ ਅੱਜ ਵਾਂਗ ਦਫ਼ਾ 124-ਏ ਲਾ ਕੇ, ਮੁਲਕ ਤੋਂ ਬਾਹਰ ਜਾਣ ਬਾਅਦ ਵੀ ਕੇਸ ਦਰਜ ਕੀਤਾ ਗਿਆ। ਅੰਗਰੇਜ਼ ਸਰਕਾਰ ਨੇ ਕਿਸਾਨ ਲਹਿਰ ਦੇ ਲੋਕ ਲਹਿਰ ਵਿਚ ਬਦਲਣ ਦੇ ਡਰੋਂ ਤਿੰਨੇ ਕਾਨੂੰਨ ਮਈ ਵਿਚ ਹੀ ਵਾਪਿਸ ਲੈ ਲਏ, ਪਰ ਲਾਲਾ ਲਾਜਪਤ ਰਾਇ ਨੂੰ 9 ਮਈ ਅਤੇ ਅਜੀਤ ਸਿੰਘ ਨੂੰ 2 ਜੂਨ ਨੂੰ ਗ੍ਰਿਫਤਾਰ ਕਰ ਕੇ ਰੈਗੂਲੇਸ਼ਨ 1818 ਤਹਿਤ ਛੇ ਮਹੀਨੇ ਲਈ ਬਰ੍ਹਮਾ ਦੀ ਮਾਂਡਲੇ ਜੇਲ੍ਹ ਵਿਚ ਭੇਜ ਦਿੱਤਾ, ਜਿੱਥੋਂ 11 ਨਵੰਬਰ 1907 ਨੂੰ ਦੋਵਾਂ ਨੂੰ ਰਿਹਾ ਕੀਤਾ ਗਿਆ। ਲਾਲਾ ਲਾਜਪਤ ਰਾਇ ਨੇ ਅੰਗਰੇਜ਼ ਸਰਕਾਰ ਨੂੰ ਪਟੀਸ਼ਨ ਦੇ ਕੇ ਕਿਹਾ ਕਿ ਉਸਨੇ ਕੋਈ ਗ਼ੈਰ ਕਨੂੰਨੀ ਜਾਂ ਹਿੰਸਕ ਕਾਰਵਾਈ ਨਹੀਂ ਕੀਤੀ, ਪਰ ਅਜੀਤ ਸਿੰਘ ਨੇ ਕੋਈ ਪਟੀਸ਼ਨ ਨਹੀਂ ਦਿੱਤੀ। ਕਿਸ਼ਨ ਸਿੰਘ ਅਤੇ ਸਵਰਨ ਸਿੰਘ ਨੂੰ ਵੀ ਸਜ਼ਾਵਾਂ ਦੇ ਕੇ ਜੇਲ੍ਹ ਭੇਜਿਆ ਗਿਆ।

ਮੌਜੂਦਾ ਕਿਸਾਨ ਲਹਿਰ ਤੇ 1907 ਦੀ 'ਪਗੜੀ ਸੰਭਾਲ ਜੱਟਾ ਲਹਿਰ' ਵਿਚ ਕੁਝ ਗੱਲਾਂ ਸਾਂਝੀਆਂ ਹਨ, ਜਿਸ ਕਰਕੇ ਇਹ ਲਹਿਰ ਅਜੀਤ ਸਿੰਘ ਤੋਂ ਪ੍ਰੇਰਨਾ ਵੀ ਲੈਂਦੀ ਹੈ ਅਤੇ ਇਸ ਲਹਿਰ ਨੇ ਅਜੀਤ ਸਿੰਘ ਦੀ 140ਵੀਂ ਜਨਮ ਬਰਸੀ ਵੀ ਬੜੇ ਜੋਸ਼ ਨਾਲ ਮਨਾਈ ਹੈ।

ਕਾਂਗਰਸ ਪਾਰਟੀ ਤੇ ਇਨਕਲਾਬੀ ਪਾਰਟੀਆਂ ਦੇ ਆਜ਼ਾਦੀ ਦੇ ਸੰਕਲਪ ਵਿਚ ਫਰਕ ਸੀ। ਕਾਂਗਰਸ ਨੇ ਮਿਹਨਤਕਸ਼ ਲੋਕਾਂ-ਕਿਸਾਨਾਂ-ਮਜ਼ਦੂਰਾਂ ਦੇ ਹਿੱਤਾਂ ਨੂੰ ਆਜ਼ਾਦੀ ਲਈ ਕੇਂਦਰ ਵਿਚ ਨਹੀਂ ਰਖਿਆ, ਜਦਕਿ ਗ਼ਦਰ ਪਾਰਟੀ, ਭਗਤ ਸਿੰਘ ਦੀ ਲਹਿਰ, ਚਿਟਾਗਾਂਗ ਇਨਕਲਾਬੀ ਲਹਿਰ, 1946 ਦੀ ਨੇਵੀ ਬਗ਼ਾਵਤ - ਇਹਨਾਂ ਸਾਰੀਆਂ ਲਹਿਰਾਂ ਲਈ ਮਿਹਨਤਕਸ਼ ਲੋਕਾਂ ਦੇ ਹਿੱਤਾਂ ਵਿਚ ਹੀ ਆਜ਼ਾਦੀ ਸੀ। ਗ਼ਦਰ ਪਾਰਟੀ ਤਾਂ ਫੈਡਰਲ ਇੰਡੀਆ ਦੇ ਸੰਕਲਪ ਦੀ ਵੀ ਧਾਰਨੀ ਸੀ। ਉਸਨੇ ਅਮਰੀਕਾ ਦੀ ਤਰਜ਼ 'ਤੇ ਭਾਰਤ ਦਾ ਨਕਸ਼ਾ - ਸੰਯੁਕਤ ਰਾਜ ਭਾਰਤ (United States of India) ਬਣਾਇਆ ਸੀ, ਜੇ ਉਸ ਧਾਰਨਾ 'ਤੇ ਚੱਲਿਆ ਜਾਂਦਾ ਤਾਂ ਸ਼ਾਇਦ

1947 ਦੀ ਮੁਲਕ ਦੀ ਵੰਡ ਵੀ ਨਾ ਹੁੰਦੀ।

ਅੱਜ ਭਾਰਤ ਦਾ ਅੱਧ ਪਚੱਧਾ ਫੈਡਰਲ ਢਾਂਚਾ ਵੀ ਮੌਜੂਦਾ ਮੋਦੀ ਸਰਕਾਰ ਤਬਾਹ ਕਰਨ 'ਤੇ ਤੁਲੀ ਹੋਈ ਹੈ। ਤਿੰਨੇ ਕਿਸਾਨ ਵਿਰੋਧੀ ਕਾਨੂੰਨ ਸੰਵਿਧਾਨ ਦੇ ਉਲਟ ਜਾ ਕੇ ਰਾਜਾਂ ਦੇ ਅਧਿਕਾਰਾਂ 'ਤੇ ਵੀ ਹਮਲਾ ਹੈ ਅਤੇ ਕਿਸਾਨ ਲਹਿਰ ਫੈਡਰਲ ਢਾਂਚੇ ਨੂੰ ਬਚਾਉਣ ਦੀ ਲੜਾਈ ਵੀ ਲੜ ਰਹੀ ਹੈ।

1919 ਦੇ ਰੋਲਟ ਐਕਟ ਵਰਗੇ ਕਾਲੇ ਕਾਨੂੰਨ ਨੂੰ ਵੀ ਜਲ੍ਹਿਆਂਵਾਲਾ ਬਾਗ਼ ਦੇ ਭਿਆਨਕ ਕਾਂਡ ਮਗਰੋਂ ਅੰਗਰੇਜ਼ੀ ਸਰਕਾਰ ਨੂੰ ਤਿੰਨ ਮਹੀਨੇ ਬਾਅਦ ਵਾਪਿਸ ਲੈਣਾ ਪਿਆ ਸੀ। ਪਰ ਮੌਜੂਦਾ ਮੋਦੀ ਸਰਕਾਰ ਖ਼ੁਦ ਨੂੰ ਵਿਦੇਸ਼ੀ ਅੰਗਰੇਜ਼ ਹਕੂਮਤ ਤੋਂ ਵੀ ਵੱਧ ਤਾਕਤਵਰ ਅਤੇ ਲੋਕਾਂ 'ਤੇ ਦਮਨ ਕਰਨ ਵਾਲੀ ਸਰਕਾਰ ਸਮਝਦੀ ਹੈ, ਇਸੇ ਲਈ ਤਿੰਨ ਮਹੀਨਿਆਂ ਤੋਂ ਵੱਧ ਚੱਲੇ ਆ ਰਹੇ ਧਰਨੇ ਵਿਚ 250 ਤੋਂ ਵੱਧ ਕਿਸਾਨਾਂ ਦੀ ਸ਼ਹਾਦਤ ਅਤੇ ਦੁਨੀਆਂ ਭਰ ਵਿਚ ਬਦਨਾਮੀ ਤੋਂ ਬਾਅਦ ਵੀ ਇਸ ਨੂੰ ਕੋਈ ਪਰਵਾਹ ਨਹੀਂ। ਪਰ ਮੌਜੂਦਾ ਕਿਸਾਨ ਲਹਿਰ ਨੇ ਪਿਛਲੇ ਕਿਸਾਨ ਸੰਘਰਸ਼ਾਂ ਤੋਂ ਸਬਕ ਲੈ ਕੇ ਅਤੇ ਉਹਨਾਂ ਤਜਰਬਿਆਂ ਨੂੰ ਆਪਣੇ ਮੌਜੂਦਾ ਘੋਲ ਦੀਆਂ ਨੀਤੀਆਂ ਬਣਾਉਣ ਵਿਚ ਸ਼ਾਮਿਲ ਕਰ ਕੇ ਜੋ ਵਿਸ਼ਾਲ ਲਹਿਰ ਉਸਾਰੀ ਹੈ, ਉਹ ਇਤਿਹਾਸ ਵਿਚ ਲਾ ਮਿਸਾਲ ਬਣ ਗਈ ਹੈ। ਦਿੱਲੀ ਦੀਆਂ ਸਰਹੱਦਾਂ 'ਤੇ ਦੋ ਲੱਖ ਤੋਂ ਵੱਧ ਕਿਸਾਨਾਂ ਦਾ ਵਿਸ਼ਾਲ ਇਕੱਠ, ਪੁਰਾਣੇ ਕਿਸਾਨ ਆਗੂ ਮਹਿੰਦਰ ਸਿੰਘ ਟਿਕੇਤ ਦੇ 1988 ਦੇ ਦਿੱਲੀ ਦੇ ਅੰਦਰ ਕੀਤੇ ਪੰਜ ਲੱਖ ਕਿਸਾਨਾਂ ਦੇ ਇਕੱਠ ਤੋਂ ਬੇਸ਼ੱਕ ਘੱਟ ਹੋਵੇ, ਪਰ ਆਪਣੀ ਗੁਣਵੱਤਾ ਵਿਚ ਇਹ ਲਹਿਰ ਉਸ ਤੋਂ ਵੱਧ ਮਹੱਤਵਪੂਰਨ ਹੈ। ਕਿਉਂਕਿ ਟਿਕੇਤ ਕੁਝ ਦਿਨਾਂ ਬਾਅਦ ਹੀ ਕਿਸਾਨਾਂ ਨੂੰ ਬਿਨਾਂ ਕਿਸੇ ਸਿੱਟੇ ਤੋਂ ਖ਼ੁਦ ਹੀ ਉਠਾ ਕੇ ਲੈ ਗਿਆ ਸੀ, ਪਰ ਮੌਜੂਦਾ ਕਿਸਾਨ ਲਹਿਰ ਦੀ ਸਮੂਹਕ ਆਗੂ ਟੋਲੀ ਲਹਿਰ ਨੂੰ ਆਖਰੀ ਅੰਜਾਮ – ਜਿੱਤ ਜਾਂ ਮੌਤ ਤਕ ਪੁਚਾਉਣ ਲਈ ਪੂਰੀ ਤਰ੍ਹਾਂ ਸੁਚੇਤ ਰੂਪ ਵਿਚ ਦ੍ਰਿੜ ਹੈ। ਕਈ ਮਾਹਨਿਆਂ ਵਿਚ ਇਹ ਲਹਿਰ ਇਕ ਨਵਾਂ ਇਤਿਹਾਸ ਸਿਰਜ ਰਹੀ ਹੈ, ਜਿਸਦੇ ਉਘੜਵੇਂ ਲੱਛਣ ਇਹ ਹਨ:

1. ਆਜ਼ਾਦੀ ਮਿਲਣ ਬਾਅਦ ਅੱਧੇ ਅਧੂਰੇ ਜ਼ਮੀਨੀ ਸੁਧਾਰਾਂ ਦੇ ਨਾਲ ਵੀ ਜਾਗੀਰਦਾਰੀ ਵਰਗ ਤਾਂ ਖਤਮ ਹੋ ਗਿਆ, ਪਰ ਜਾਗੀਰੂ ਮਾਨਸਿਕਤਾ ਨਹੀਂ ਗਈ। ਮੌਜੂਦਾ ਸਮੇਂ ਵਿਚ ਸਭ ਤੋਂ ਵੱਡੀ ਜੋਤ ਸ਼ਾਇਦ 10 ਹੈਕਟੈਰ ਤਕ ਸੀਮਤ ਹੈ,ਪਰ 86% ਕਿਸਾਨਾਂ ਕੋਲ਼ ਦੋ ਹੇਕਟੇਅਰ ਤੋਂ ਵੀ ਘੱਟ ਜੋਤ ਹੈ। ਸੋ ਸਮੂਹ ਰੂਪ ਵਿਚ ਕਿਸਾਨ ਕਾਰਪੋਰੇਟ-ਪੂੰਜੀਵਾਦ ਦੇ ਸ਼ਿਕਾਰ ਬਣ ਗਏ। ਇਥੋਂ ਤਕ ਕਿ ਅਮੀਰ ਕਿਸਾਨਾਂ ਦੇ ਛੋਟੇ ਹਿੱਸੇ ਨੂੰ ਵੀ ਛੋਟੀ ਕਿਰਸਾਣੀ ਦੇ ਨਾਲ ਜੁੜਨ ਵਿਚ ਹੀ ਭਲਾਈ ਲੱਗੀ। ਬੇਜ਼ਮੀਨ ਦਲਿਤ ਖੇਤੀ ਮਜ਼ਦੂਰਾਂ ਦਾ ਹਿਤ ਵੀ ਕਿਸਾਨਾਂ ਨਾਲ ਜੁੜਿਆ ਹੈ, ਕਿਉਂਕਿ ਹੁਣ ਉਹ ਜਾਗੀਰਦਾਰਾਂ ਦੇ ਗ਼ੁਲਾਮ ਨਾ ਹੋ ਕੇ ਦਿਹਾੜੀਦਾਰ ਮਜ਼ਦੂਰ ਹਨ ਅਤੇ ਕਿਸਾਨਾਂ ਦੀ ਖੁਸ਼ਹਾਲੀ ਵਿਚ ਹੀ ਉਹਨਾਂ ਦੀ ਦਿਹਾੜੀ ਦੀ ਦਰ ਸੁਰੱਖਿਅਤ ਹੈ। ਇਸ ਲਈ ਪੇਂਡੂ ਖੇਤ ਮਜ਼ਦੂਰਾਂ ਦੀਆਂ ਯੂਨੀਅਨਾਂ ਦੀ ਇਸ ਲਹਿਰ ਵਿਚ ਭਰਵੀਂ ਸ਼ਮੂਲੀਅਤ ਹੈ।

2. ਇਸ ਲਹਿਰ ਦੇ ਸਿਆਸੀ ਨਤੀਜੇ ਇੰਨੇ ਸ਼ਾਨਦਾਰ ਹਨ ਕਿ ਕੋਈ ਵੀ ਉਹਨਾਂ ਨੂੰ ਅੱਖੋਂ ਪਰੋਖੇ ਨਹੀਂ ਕਰ ਸਕਦਾ। ਪਿਛਲੇ ਸੱਤ ਸਾਲਾਂ ਤੋਂ ਮੋਦੀ ਸਰਕਾਰ ਦਾ ਤਾਨਾਸ਼ਾਹੀ ਰਵਈਆ ਕਿਸਾਨ ਲਹਿਰ ਦੀ ਵਿਸ਼ਾਲ ਤਾਕਤ ਅੱਗੇ ਮੂਧੇ ਮੂੰਹ ਡਿੱਗਿਆ, ਜਦ ਉਸਨੂੰ ਕਿਸਾਨਾਂ ਨੂੰ ਗੱਲਬਾਤ ਵਾਸਤੇ ਮਨਾਉਣ ਲਈ ਖ਼ੁਦ ਬੇਨਤੀਆਂ ਕਰਨੀਆਂ ਪਈਆਂ, ਉਹ ਵੀ ਕਿਸਾਨ ਜਥੇਬੰਦੀਆਂ ਦੀਆਂ ਸ਼ਰਤਾਂ 'ਤੇ। ਕਿਸਾਨ ਜਥੇਬੰਦੀਆਂ ਨੇ ਖੇਤੀ ਵਿਭਾਗ ਦੇ ਅਫਸਰਾਂ ਨਾਲ ਗੱਲ ਕਰਨ ਤੋਂ ਸਾਫ ਇਨਕਾਰ ਕਰ ਦਿੱਤਾ ਤੇ ਤਿੰਨ ਮੰਤਰੀਆਂ ਨੂੰ ਜਥੇਬੰਦੀਆਂ ਨਾਲ 11 ਵਾਰ ਘੰਟਿਆਂ ਬੱਧੀ ਬੈਠਣਾ ਪਿਆ। ਇਸ ਸਰਕਾਰ ਨੇ ਨਾ ਪਾਰਲੀਮੈਂਟ ਨੂੰ ਕਦੀ ਇੰਨਾ ਸਮਾਂ ਦਿੱਤਾ ਸੀ ਅਤੇ ਨਾ ਹੀ ਪਾਰਲੀਮੈਂਟਰੀ ਪਾਰਟੀਆਂ ਦੇ ਵੱਡੇ ਆਗੂਆਂ ਨੂੰ ਹੀ ਇੰਨਾ ਸਮਾਂ। ਇਸ ਹੱਦ ਤਕ ਇਹ ਸਰਕਾਰ ਘੁਮੰਡ ਵਿਚ ਚੂਰ ਹੈ ਕਿ ਸ਼ਾਹੀਨ ਬਾਗ਼ ਦੀਆਂ ਔਰਤਾਂ ਦੀ ਸ਼ਾਂਤਮਈ ਲਹਿਰ ਨੂੰ ਬੁਰੀ ਤਰ੍ਹਾਂ ਸਾਰੇ ਮੁਲਕ ਵਿਚ ਕੁਚਲਿਆ, ਉਹਨਾਂ ਦੀ ਗੱਲ ਸੁਣਨੀ ਤਾਂ ਦੂਰ ਦੀ ਗੱਲ ਰਹੀ।

ਪਰ ਕਿਸਾਨਾਂ ਸਾਹਮਣੇ ਰਸਮੀ ਤੇ ਪਾਖੰਡੀ ਰੂਪ ਵਿਚ ਗੱਲਬਾਤ ਕਰਨ ਲਈ ਭਾਵੇਂ ਇਹ ਸਰਕਾਰ ਕੁਝ ਝੁਕੀ, ਪਰ ਆਪਣੀਆਂ ਧੋਖੇਬਾਜ਼ ਸ਼ੈਤਾਨੀ ਨੀਤੀਆਂ ਤੋਂ ਬਾਜ਼ ਨਹੀਂ ਆਈ। ਸਾਰੀ ਗੱਲਬਾਤ ਦੌਰਾਨ ਉਸਨੇ ਕਿਸਾਨਾਂ ਦੀ ਇਕ ਵੀ ਮੰਗ ਨਹੀਂ ਮੰਨੀ ਅਤੇ ਗੱਲਬਾਤ ਸਿਰਫ ਉਹਨਾਂ ਨੂੰ ਭਰਮਾਉਣ ਅਤੇ ਥਕਾਉਣ ਦੀ ਨੀਤੀ ਤਹਿਤ ਹੀ ਲਮਕਾਈ ਜਾਂਦੀ ਰਹੀ। ਪਰ ਸਰਕਾਰ ਦੀਆਂ ਨੀਤੀਆਂ ਨੂੰ ਕਿਸਾਨ ਆਗੂਆਂ ਨੇ ਬੜੀ ਸਿਆਣਪ ਤੇ ਪਰਪੱਕਤਾ ਨਾਲ ਹਰਾਇਆ। ਸਬਰ ਤੇ ਸੰਜਮ ਰੱਖਦੇ ਹੋਏ ਕਿਸਾਨ ਵੀ ਲੰਬੀ ਲੜਾਈ ਲਈ ਤਿਆਰ ਹੁੰਦੇ ਰਹੇ। ਲੰਬੇ ਚੱਲ ਰਹੇ ਆਪਣੇ ਕੁਰਬਾਨੀਆਂ ਭਰੇ ਸੰਘਰਸ਼ ਦੌਰਾਨ ਕਿਸਾਨ ਲਹਿਰ ਨੇ ਆਰ ਐੱਸ ਐੱਸ ਦਾ ਲੋਕ ਵਿਰੋਧੀ ਖ਼ੂਨੀ ਅਤੇ ਫਿਰਕੂ ਫਾਸ਼ੀ ਚਿਹਰਾ ਸਾਧਾਰਨ ਜਨਤਾ ਵਿਚ ਨੰਗਾ ਕੀਤਾ ਅਤੇ ਕੁਝ ਹੱਦ ਤਕ ਆਮ ਲੋਕਾਂ ਨੂੰ ਮੋਦੀ ਦੇ ਫੈਲਾਏ ਭਰਮ ਜਾਲ ਤੋਂ ਮੁਕਤ ਕਰਨ ਵਿਚ ਸਫਲਤਾ ਹਾਸਿਲ ਕੀਤੀ। ਪੰਜਾਬ, ਹਰਿਆਣਾ ਅਤੇ ਪੱਛਮੀ ਯੂ ਪੀ ਵਿਚ ਬੀਜੇਪੀ ਅਤੇ ਆਰ ਐੱਸ ਐੱਸ ਹੁਣ ਬਿਲਕੁਲ ਅਛੂਤ ਹੁੰਦੀ ਜਾ ਰਹੀ ਹੈ। ਜਦਕਿ ਐਮਰਜੈਂਸੀ ਤੋਂ ਪਹਿਲਾਂ ਜੇਪੀ ਲਹਿਰ ਅਤੇ 2012 ਵਿਚ ਅੰਨਾ ਹਜ਼ਾਰੇ ਲਹਿਰ ਵਿਚ ਆਰ ਐੱਸ ਐੱਸ ਨੇ ਅੰਦਰ ਵੜ ਕੇ ਸੱਤਾ ਹਥਿਆਉਣ ਵਿਚ ਕਾਮਯਾਬੀ ਹਾਸਿਲ ਕਰ ਲਈ ਸੀ। ਕਿਸਾਨ ਲਹਿਰ ਜੇਪੀ ਅਤੇ ਅੰਨਾ ਲਹਿਰਾਂ ਵਰਗੀਆਂ ਸੱਜ ਪਿਛਾਖੜ ਲਹਿਰਾਂ ਦੇ ਉਲਟ ਇਕ ਪ੍ਰਗਤੀਸ਼ੀਲ ਲਹਿਰ ਹੈ, ਜਿਸਨੇ ਭਗਤ ਸਿੰਘ, ਨੇਤਾ ਜੀ ਸੁਭਾਸ਼ ਬੋਸ,ਅੰਬੇਦਕਰ ਅਤੇ ਪੇਰਿਯਾਰ ਵਰਗੇ ਇਨਕਲਾਬੀ ਆਗੂਆਂ ਅਤੇ ਸਮਾਜ ਸੁਧਾਰਕਾਂ ਦੇ ਅਧੂਰੇ ਪ੍ਰਗਤੀਸ਼ੀਲ ਰਾਸ਼ਟਰਵਾਦੀ ਏਜੰਡੇ ਨੂੰ ਅੱਗੇ ਵਧਾਇਆ ਹੈ ਅਤੇ ਸਿਸਟਮ ਦੇ ਪੂਰੇ ਸ਼ੋਸ਼ਕ ਢਾਂਚੇ ਨੂੰ ਬਦਲਣ ਦੀ ਲੋੜ ਸਾਹਮਣੇ ਲਿਆਂਦੀ ਹੈ, ਜਦਕਿ ਜੇਪੀ ਅਤੇ ਅੰਨਾ ਲਹਿਰਾਂ ਸਿਸਟਮ ਵਿਚ ਸਿਰਫ ਦਿਖਾਵੇ ਵਾਲੇ ਸੁਧਾਰਾਂ ਅਤੇ ਸੱਜ ਪਿਛਾਖੜ ਤਾਕਤਾਂ ਨੂੰ ਮਜ਼ਬੂਤ ਕਰਨ ਵਾਲੀਆਂ ਲਹਿਰਾਂ ਸਨ।

3. ਅਸਲ ਵਿਚ ਹੁਣ ਆਰ ਐੱਸ ਐੱਸ/ਬੀਜੇਪੀ ਨੂੰ ਅੰਦਰੂਨੀ ਬਸਤੀਵਾਦੀ ਹਾਕਮਾਂ ਵਜੋਂ ਦੇਖਿਆ ਜਾਣ ਲੱਗਿਆ ਹੈ, ਜੋ ਅੰਬਾਨੀ-ਅਦਾਨੀ ਵਰਗੇ ਕਰੋਨੀ ਕਾਰਪੋਰੇਟਾਂ ਨਾਲ ਜੁੜੇ ਹਨ, ਜਿਨ੍ਹਾਂ ਨਾਲ ਪ੍ਰਧਾਨ ਮੰਤਰੀ ਮੋਦੀ ਦੇ ਨਿੱਜੀ ਸੰਬੰਧ ਜੱਗ ਜ਼ਾਹਿਰ ਹਨ। ਤਿੰਨ ਖੇਤੀ ਕਾਨੂੰਨ ਇਹਨਾਂ ਕਰੋਨੀ ਕਾਰਪੋਰੇਟਾਂ ਨੂੰ ਆਪਣਾ ਸਾਮਰਾਜ ਵਧਾਉਣ ਲਈ, ਗ਼ਰੀਬ ਕਿਸਾਨਾਂ ਦੀਆਂ ਜ਼ਮੀਨਾਂ ਖੋਹਣ ਦੇ ਲਇਸੈਂਸ ਰੂਪ ਵਿਚ ਦੇਖਿਆ ਜਾ ਰਿਹਾ ਹੈ।

4. ਕਿਸਾਨ ਹੁਣ ਮੁੱਖ ਸਿਆਸੀ ਪਾਰਟੀਆਂ- ਕਾਂਗਰਸ, ਅਕਾਲੀ ਦਲ ਅਤੇ ਆਮ ਆਦਮੀ ਪਾਰਟੀ 'ਤੇ ਭਰੋਸਾ ਨਹੀਂ ਕਰਦੇ, ਪਰ ਇਹਨਾਂ ਪਾਰਟੀਆਂ ਨੂੰ ਕਿਸਾਨਾਂ ਦੀ ਹਿਮਾਇਤ ਕਰਨੀ ਪੈ ਰਹੀ ਹੈ, ਭਾਵੇਂ ਕਾਗ਼ਜ਼ੀ ਹੀ ਸਹੀ। ਕਿਸਾਨਾਂ ਨੇ ਸਹੀ ਤੌਰ 'ਤੇ ਇਹਨਾਂ ਪਾਰਟੀਆਂ ਦੇ ਲੀਡਰਾਂ ਨੂੰ ਆਪਣੀਆਂ ਸਟੇਜਾਂ ਤੋਂ ਬੋਲਣ ਤੋਂ ਮਨਾਹ ਕੀਤਾ ਹੋਇਆ ਹੈ ਅਤੇ ਸਿਰਫ ਆਪਣੇ ਝੰਡਿਆਂ ਤੋਂ ਬਿਨਾਂ, ਸਧਾਰਨ ਸ੍ਰੋਤਾ ਜਾਂ ਦਰਸ਼ਕ ਰੂਪ ਵਿਚ ਆਉਣ ਦੀ ਇਜਾਜ਼ਤ ਦਿੱਤੀ ਹੈ। ਪਰ ਪੰਜਾਬ ਅਤੇ ਹਰਿਆਣਾ ਦੇ ਹਰ ਵਰਗ ਦੇ ਲੋਕ - ਹਿੰਦੂ, ਸਿੱਖ, ਮੁਸਲਮਾਨ, ਈਸਾਈ, ਕਾਰੋਬਾਰੀ, ਮੁਲਾਜ਼ਮ, ਅਧਿਆਪਕ, ਡਾਕਟਰ, ਲੇਖਕ, ਬੁੱਧੀਜੀਵੀ, ਕਲਾਕਾਰ ਸਭ ਕਿਸਾਨਾਂ ਦੀ ਹਿਮਾਇਤ ਅਤੇ ਮਦਦ ਕਰ ਰਹੇ ਹਨ। ਆਰ ਐੱਸ ਐੱਸ/ਬੀਜੇਪੀ ਲਈ ਇਹ ਬੜਾ ਵੱਡਾ ਧੱਕਾ ਹੈ, ਜੋ ਆਉਣ ਵਾਲੇ ਸਮੇਂ ਵਿਚ ਹੋਰਾਂ ਰਾਜਾਂ ਦਾ ਰੁਝਾਨ ਵੀ ਬਣ ਸਕਦਾ ਹੈ। ਭਗਤ ਸਿੰਘ ਅਤੇ ਗ਼ਦਰ ਪਾਰਟੀ ਦੀ ਸਪਿਰਿਟ ਨਾਲ ਪੰਜਾਬ ਇਕ ਵਾਰ ਫੇਰ ਮੁਲਕ ਨੂੰ ਅੰਦਰੂਨੀ ਬਸਤੀਵਾਦੀ ਹਾਕਮਾਂ/ਕਰੋਨੀ ਕਾਰਪੋਰੇਟਾਂ ਤੋਂ ਮੁਕਤ ਕਰਾਉਣ ਵਿਚ ਅਗਵਾਈ ਕਰ ਸਕਦਾ ਹੈ। ਇਸਦੇ ਨਾਲ ਪੰਜਾਬ ਉਪਰ ਖਾਲਿਸਤਾਨੀ ਲਹਿਰ ਦੀ ਦਹਿਸ਼ਤਗਰਦੀ ਅਤੇ ਨੌਜਵਾਨਾਂ ਦੇ ਨਸ਼ੇ ਵਾਲੀਆਂ ਦਵਾਈਆਂ ਦਾ ਸ਼ਿਕਾਰ ਹੋਣ ਦੇ ਲੱਗੇ ਡੂੰਘੇ ਕਾਲੇ ਦਾਗ਼ ਵੀ ਧੁਲ ਰਹੇ ਹਨ। ਜਿਸ ਤਰ੍ਹਾਂ ਕਿਸਾਨ ਲਹਿਰ ਨੇ ਆਪਣੀ ਲਹਿਰ ਨੂੰ ਆਜ਼ਾਦੀ ਸੰਗਰਾਮ ਅਤੇ ਪੰਜਾਬ ਦੇ ਸਭਿਆਚਾਰਕ ਪਿਛੋਕੜ ਨਾਲ ਜੋੜ ਕੇ ਦਮਨ ਵਿਰੋਧੀ ਚਿੰਨ੍ਹ ਉਘਾੜੇ ਹਨ- ਜ਼ਾਲਮਾਂ ਨਾਲ ਲੜਨ ਵਾਲੇ ਯੋਧਿਆਂ ਦੇ ਨਾਂ 'ਤੇ ਹਾਲ

ਬਣਾਏ ਹਨ--ਬਾਬਾ ਬੰਦਾ ਬਹਾਦੁਰ, ਅਜੀਤ ਸਿੰਘ, ਭਗਤ ਸਿੰਘ, ਬੀਬੀ ਗੁਲਾਬ ਕੌਰ, ਅਸ਼ਫਾਕ ਉੱਲਾ ਖਾਨ ਆਦਿ ਅਤੇ ਜਿਵੇਂ ਦੇਸ਼ ਭਗਤਾਂ - ਨੇਤਾ ਜੀ ਸੁਭਾਸ਼ ਜਨਮ ਦਿਨ ਨੂੰ ਆਜ਼ਾਦ ਕਿਸਾਨ ਦਿਵਸ ਵਜੋਂ ਮਨਾਇਆ ਹੈ, ਇਹ ਅਸਲ ਰਾਸ਼ਟਰਵਾਦ ਦੀ ਸਕਾਰਾਤਮਕ ਅਤੇ ਪ੍ਰਗਤੀਸ਼ੀਲ ਸਪਿਰਿਟ ਨੂੰ ਪ੍ਰਗਟ ਕਰਦਾ ਹੈ, ਜੋ ਬੀਜੇਪੀ ਦੇ ਨਕਲੀ ਫਿਰਕੂ ਫ਼ਾਸ਼ੀ ਰਾਸ਼ਟਰਵਾਦ ਦਾ ਮੁਕਾਬਲਾ ਕਰ ਰਿਹਾ ਹੈ। ਹੈਰਾਨੀ ਨਹੀਂ ਕਿ ਭਾਰਤੀ ਕਿਸਾਨਾਂ ਦੀ ਹਿਮਾਇਤ ਪੱਛਮੀ ਪੰਜਾਬ ਤੋਂ ਵੀ ਆਈ ਹੈ ਅਤੇ ਉੱਥੋਂ ਦੇ ਸੋਸ਼ਲ ਮੀਡਿਆ 'ਤੇ ਕਿਸਾਨ ਹਿਮਾਇਤੀ ਪੰਜਾਬੀ ਗੀਤ ਗਏ ਜਾ ਰਹੇ ਹਨ।

5. ਕਿਸਾਨ ਲਹਿਰ ਨੇ ਬੀਜੇਪੀ ਦੀ ਝੂਠ ਉਪਜਾਊ ਪ੍ਰਚਾਰ ਮਸ਼ੀਨ ਦਾ ਮੁਕਾਬਲਾ ਕਰਨ ਦੇ ਨਵੇਂ ਰਾਹ ਵੀ ਸਿੱਖ ਲਏ ਹਨ। ਬੀਜੇਪੀ ਦੀ ਟਰੋਲ ਫੌਜ ਦੀਆਂ ਝੂਠੀਆਂ ਤੇ ਮਨਘੜੰਤ ਖ਼ਬਰਾਂ ਦੇ ਮੁਕਾਬਲੇ ਲਈ ਉਹਨਾਂ ਟਵਿੱਟਰ ਦਾ ਇਸਤੇਮਾਲ ਵੀ ਵੱਡੇ ਪੈਮਾਨੇ 'ਤੇ ਕੀਤਾ ਹੈ ਅਤੇ 'ਟ੍ਰਾਲੀ ਟਾਇਮਸ' ਨਾਂ ਦਾ ਅਖ਼ਬਾਰ ਵੀ ਕੱਢ ਲਿਆ ਹੈ ਅਤੇ ਵੈੱਬਸਾਇਟ ਦਾ ਵੀ ਇਸਤੇਮਾਲ ਕੀਤਾ ਜਾ ਰਿਹਾ ਹੈ। ਕਿਉਂਕਿ ਕਿਸਾਨ ਲੰਬੇ ਘੋਲ ਲਈ ਤਿਆਰ ਹੋ ਕੇ ਆਏ ਹਨ,ਇਸਲਈ ਵਿਰੋਧ ਦੇ ਨਵੇਂ ਸਿਰਜਣਾਤਮਕ ਰੂਪ ਆਪ ਮੁਹਾਰੇ ਤੇ ਸੁਚੇਤ ਦੋਵੇਂ ਤਰ੍ਹਾਂ ਪੈਦਾ ਹੋ ਰਹੇ ਹਨ। ਕਿਸਾਨ ਸਟੇਜਾਂ ਤੋਂ ਫਿਲਮਾਂ, ਵਿਡਿਓ, ਗੀਤ, ਲੋਕ ਗੀਤ, ਨਾਟਕ,ਪੁਰਾਣੇ ਤੇ ਉਭਰ ਰਹੇ ਨਵੇਂ ਕਲਾਕਾਰ ਪੇਸ਼ ਕਰ ਰਹੇ ਹਨ। ਪੂਰੇ ਦੇ ਪੂਰੇ ਪਰਿਵਾਰ ਲਹਿਰ ਦਾ ਹਿੱਸਾ ਬਣਨ ਲਈ ਦਿੱਲੀ ਬਾਰਡਰ 'ਤੇ ਪਹੁੰਚੇ ਹੋਏ ਹਨ, ਇਸਲਈ ਹਰ ਤਰ੍ਹਾਂ ਦੀ ਸਮਾਜਕ ਸਰਗਰਮੀ ਉੱਥੇ ਹੈ, ਬੱਚਿਆਂ ਦੀ ਪੜ੍ਹਾਈ ਹੋ ਰਹੀ ਹੈ, ਬੱਚੇ ਇਮਤਿਹਾਨ ਦੇ ਰਹੇ ਹਨ, ਬੱਚੇ ਖੇਡ ਰਹੇ ਹਨ ਅਤੇ 5-5 ਸਾਲ ਦੇ ਬੱਚੇ ਸਟੇਜ ਤੋਂ ਗੀਤ ਵੀ ਗਾ ਰਹੇ ਹਨ। ਇਸ ਤਰ੍ਹਾਂ ਦੇ ਲੰਬੇ ਸੰਘਰਸ਼ਾਂ ਵਿਚ ਜਸ਼ਨ ਦਾ ਮਾਹੌਲ ਵੀ ਬਣ ਜਾਂਦਾ ਹੈ ਅਤੇ ਜ਼ਿੰਦਗੀ ਦੇ ਦੋਵੇਂ ਰੂਪ-ਦੁਖ ਸੁਖ-ਇਸ ਨਵੀਂ ਜ਼ਿੰਦਗੀ ਦਾ ਹਿੱਸਾ ਬਣ ਜਾਂਦੇ ਹਨ। ਉੱਥੇ ਕਿਸਾਨਾਂ ਦੀ ਜਾਨ ਵੀ ਜਾ ਰਹੀ ਹੈ ਅਤੇ ਜ਼ਿੰਦਗੀ ਆਪਣੀਆਂ ਖੁਸ਼ੀਆਂ ਦਾ ਰੂਪ ਵੀ ਪ੍ਰਗਟਾ ਰਹੀ ਹੈ। ਵਿਦੇਸ਼ੀਂ ਵਸੇ ਭਾਰਤੀ ਉੱਥੇ ਕਿਸਾਨਾਂ ਲਈ ਬਦਾਮ ਵਰਗੇ ਤੋਹਫ਼ੇ ਅਤੇ ਰੋਜ਼ਾਨਾ ਲੋੜਾਂ ਦੀਆਂ ਚੀਜ਼ਾਂ ਭੇਜ ਰਹੇ ਹਨ। ਡਾਕਟਰਾਂ ਨੇ ਮੈਡੀਕਲ ਕੈਂਪ ਲਾਏ ਹਨ ਤੇ ਇਲਾਕੇ ਦੇ ਪਿੰਡਾਂ ਦੇ ਬੱਚਿਆਂ ਲਈ ਟੀਚਰ ਵੀ ਮੌਜੂਦ ਹਨ। ਇਹ ਬਿਲਕੁਲ ਵੱਖਰੀ ਕਿਸਮ ਦੀ ਲਹਿਰ ਹੈ ਜੋ ਦੁਨੀਆ ਵਿਚ ਅੱਗੇ ਆਉਣ ਵਾਲੀਆਂ ਲਹਿਰਾਂ ਲਈ ਇਕ ਮਾਡਲ ਵੀ ਸਿਰਜ ਰਹੀ ਹੈ।

ਪ੍ਰਸੰਗਵਸ, ਗੋਦੀ ਮੀਡਿਆ ਅਤੇ ਸਰਕਾਰ ਜਿਵੇਂ ਇਸ ਲਹਿਰ ਨੂੰ ਕਦੀ ਖਾਲ਼ਿਸਤਾਨੀ, ਕਦੀ ਮਾਓਵਾਦੀ, ਕਦੀ ਵੱਖਵਾਦੀ, ਕਦੀ ਟੁਕੜੇ ਟੁਕੜੇ ਗੈਂਗ ਕਹਿ ਕੇ ਬਦਨਾਮ ਕਰਨ ਦੀ ਕੋਸ਼ਿਸ਼ ਕਰ ਰਹੀ ਹੈ, ਕੀ ਉਹਨਾਂ ਨੂੰ ਸਿਰਫ ਦਲੀਲ ਦੀ ਪੱਧਰ 'ਤੇ ਇਹ ਸਵਾਲ ਨਹੀਂ ਕੀਤਾ ਜਾਣਾ ਚਾਹੀਦਾ ਕਿ ਜੇ ਖਾਲ਼ਿਸਤਾਨੀ ਜਾਂ ਮਾਓਵਾਦੀ ਇਸ ਸ਼ਾਂਤੀਪੂਰਨ ਲਹਿਰ ਵਿਚ ਸਰਗਰਮ ਵੀ ਹੋਣ, ਤਾਂ ਇਸ ਵਿਚ ਕੀ ਜੁਰਮ ਹੈ? ਇਕ ਪਾਸੇ ਸਰਕਾਰ ਮਾਓਵਾਦੀਆਂ ਜਾਂ ਹੋਰ ਹਿੰਸਕ ਸਰਗਰਮੀਆਂ ਵਾਲੇ ਲੋਕਾਂ ਨੂੰ ਅਖੌਤੀ ਮੁੱਖ ਧਾਰਾ ਵਿਚ ਸ਼ਾਮਿਲ ਹੋਣ ਲਈ ਇਨਾਮ ਦਿੰਦੀ ਹੈ, ਦੂਜੇ ਪਾਸੇ ਜੇ ਉਹ, ਅਖੌਤੀ ਮੁੱਖ ਧਾਰਾ ਦੇ ਨਿਯਮਾਂ ਅਨੁਸਾਰ ਸ਼ਾਂਤੀਪੂਰਨ ਅੰਦੋਲਨ ਵਿਚ ਹਿੱਸਾ ਲੈਂਦੇ ਹਨ ਤਾਂ ਇਸ 'ਤੇ ਕਿਵੇਂ ਕੋਈ ਇਤਰਾਜ਼ ਕਰ ਸਕਦੀ ਹੈ? ਖ਼ੁਦ ਸੁਪਰੀਮ ਕੋਰਟ ਤਕ ਨੇ ਇਹ ਗੱਲ ਕਹੀ ਹੈ ਕਿ ਕੋਈ ਵਿਅਕਤੀ ਕਿਸੇ ਵੀ ਵਿਚਾਰਧਾਰਾ ਨੂੰ ਮੰਨ ਸਕਦਾ ਹੈ, ਪਰ ਉਸ ਉਪਰ ਤਦ ਤਕ ਕੋਈ ਕਾਨੂੰਨੀ ਕਾਰਵਾਈ ਨਹੀਂ ਹੋ ਸਕਦੀ, ਜਦ ਤਕ ਉਹ ਹਿੰਸਾ ਨੂੰ ਭੜਕਾਉਣ ਵਾਲੀ ਜਾਂ ਖ਼ੁਦ ਹਿੰਸਕ ਕਾਰਵਾਈ ਨਹੀਂ ਕਰਦਾ। ਕਿਸਾਨ ਲਹਿਰ ਤਾਂ ਸ਼ੁਰੂ ਤੋਂ ਹੀ ਸ਼ਾਂਤੀਪੂਰਨ ਤਰੀਕੇ ਨਾਲ ਚੱਲ ਰਹੀ ਹੈ, ਜੋ ਪੂਰੀ ਤਰ੍ਹਾਂ ਕਾਨੂੰਨੀ ਅਤੇ ਸੰਵਿਧਾਨਕ ਹੈ। ਜੇ ਕਿਸੇ ਜਥੇਬੰਦੀ (ਉਗਰਾਹਾਂ) ਨੇ 10 ਦਸੰਬਰ ਨੂੰ ਮਨੁੱਖੀ ਅਧਿਕਾਰ ਦਿਵਸ ਮਨਾਇਆ ਤਾਂ ਇਸ ਵਿਚ ਗ਼ਲਤ ਕੀ ਹੈ?

6. ਸਾਂਝੇ ਹਿਤਾਂ ਖਾਤਿਰ ਲੋਕ ਲਹਿਰ ਇਤਿਹਾਸ ਵਿਚ ਪਹਿਲੀ ਵਾਰ ਇੰਨੀ ਵੱਡੀ ਗਿਣਤੀ ਵਿਚ ਕਿਸਾਨ ਜਥੇਬੰਦੀਆਂ ਵਿਚ ਵਿਆਪਕ ਏਕਤਾ ਦੇਖਣ ਨੂੰ ਮਿਲੀ ਹੈ। ਇਹ 1920 ਦੀ ਯੂ

ਪੀ. ਦੀ ਕਿਸਾਨਾਂ ਦੀ ਏਕਾ ਲਹਿਰ ਵਾਂਗ ਹੈ, ਏਕਾ ਲਹਿਰ ਦਾ ਨਾਂ ਸੀ, ਪਰ ਉਦੋਂ ਵੀ ਲਹਿਰ ਵਿਚ ਏਕੇ 'ਤੇ ਜ਼ੋਰ ਸੀ, ਪਰ ਇਸ ਲਹਿਰ ਦਾ ਘੇਰਾ ਥੋੜ੍ਹਾ ਸੀ। ਹੁਣ ਵਾਲੀ ਵਿਸ਼ਾਲ ਲਹਿਰ ਨੇ ਏਕੇ ਨੂੰ ਆਪਣੀ ਤਾਕਤ ਬਣਾਇਆ ਹੈ, ਬਲਕਿ ਏਕੇ ਕਰਕੇ ਹੀ ਲਹਿਰ ਇੰਨੀ ਵਿਸ਼ਾਲ ਬਣੀ ਹੈ। ਇਹ ਏਕਤਾ ਬੜੇ ਚੇਤਨ ਅਤੇ ਜਾਗਰੂਕ ਕਿਸਾਨ ਸਮੂਹ ਦੇ ਕਿਸਾਨ ਆਗੂਆਂ ਉਪਰ ਪਾਰਦਰਸ਼ੀ ਤਰੀਕੇ ਨਾਲ ਅਨੁਸ਼ਾਸਨ ਰੱਖਣ ਨਾਲ ਹਾਸਿਲ ਹੋਈ ਹੈ। ਕਿਸਾਨ ਆਗੂਆਂ ਵੱਲੋਂ ਸਾਰੇ ਫੈਸਲੇ ਜਮਹੂਰੀ ਢੰਗ ਨਾਲ ਲਏ ਜਾਂਦੇ ਹਨ, ਆਮ ਕਿਸਾਨਾਂ ਦੇ ਸਿਰ ਉਪਰੋਂ ਨਹੀਂ। ਸ਼ਾਇਦ ਇਸ ਲਹਿਰ ਦਾ ਇਹ ਇਕੱਲਾ ਪੱਖ ਹੀ ਲਹਿਰ ਨੂੰ ਜਿੱਤ ਵੱਲ ਲੈ ਜਾਵੇ। ਅਸਲ ਵਿਚ ਏਕਤਾ ਦੇ ਇਸ ਪੈਂਤੜੇ ਨਾਲ ਕਿਸਾਨ ਜਥੇਬੰਦੀਆਂ ਨੇ ਨਾ ਸਿਰਫ ਆਪਣੇ ਆਪ ਨੂੰ ਮਜ਼ਬੂਤ ਕੀਤਾ ਹੈ, ਸਗੋਂ ਕਈ ਕਿਸਮ ਦੇ ਤੰਗਨਜ਼ਰ ਰੁਝਾਨਾਂ 'ਤੇ ਵੀ ਕਾਬੂ ਪਾਇਆ ਹੈ। ਜਿਸ ਤਰ੍ਹਾਂ ਦਾ ਭਾਈਚਾਰਾ ਪੰਜਾਬ ਤੇ ਹਰਿਆਣਾ ਦੇ ਕਿਸਾਨਾਂ ਵਿਚ ਬਣਿਆ ਹੈ, ਉਸ ਨਾਲ ਦਰਿਆਈ ਪਾਣੀਆਂ ਵਰਗੇ ਫੁਟ ਪਾਉ ਮਸਲੇ ਪਿਛਾਂਹ ਧੱਕੇ ਗਏ ਹਨ ਅਤੇ ਭਵਿੱਖ ਵਿਚ ਅਜਿਹੇ ਮਸਲੇ ਵਧੇਰੇ ਸਮਝਦਾਰੀ ਨਾਲ ਨਜਿੱਠੇ ਜਾ ਸਕਦੇ ਹਨ। ਉਸੇ ਤਰ੍ਹਾਂ ਇਸ ਏਕਤਾ ਨੇ ਖਾਲਿਸਤਾਨ ਅਤੇ ਹਿੰਦੂਤਵ ਵਰਗੀਆਂ ਧਾਰਨਾਵਾਂ ਕੂੜੇਦਾਨ ਵਿਚ ਸਿੱਟ ਦਿੱਤੀਆਂ ਹਨ। ਇਸ ਅਰਥ ਵਿਚ ਇਹ ਲਹਿਰ ਬੇਹੱਦ ਪ੍ਰਗਤੀਸ਼ੀਲ ਹੈ। ਅਖੌਤੀ ਉੱਚ ਅਤੇ ਨੀਵੀਂਆਂ ਜਾਤਾਂ-ਜੱਟਾਂ ਅਤੇ ਦਲਿਤਾਂ ਵਿਚ ਵੀ ਏਕਤਾ ਸਥਾਪਤ ਹੋਈ ਹੈ। ਸਾਰੇ ਧਰਮਾਂ/ਜਾਤਾਂ ਦੇ ਲੋਕ ਇਕੱਠੇ ਪਕਾ ਰਹੇ ਹਨ ਇਕੱਠੇ ਖਾ ਰਹੇ ਹਨ, ਜਿਸ ਨਾਲ ਉਹ ਬ੍ਰਾਹਮਣਵਾਦ ਅਤੇ ਮਨੂਵਾਦ ਦੀ ਘਿਰਣਤ ਸਮਾਜਕ ਵੰਡ ਦੀਆਂ ਧੱਜੀਆਂ ਉਡਾ ਰਹੇ ਹਨ। ਔਰਤ-ਮਰਦ ਦੀ ਬਰਾਬਰੀ ਵੀ ਇਸ ਲਹਿਰ ਦਾ ਇਕ ਹੋਰ ਰੌਸ਼ਨ ਪੱਖ ਹੈ। ਮਰਦ ਭਾਂਡੇ ਸਾਫ ਕਰਨ ਅਤੇ ਖਾਣਾ ਪਕਾਉਣ ਵਰਗੇ ਕੰਮ ਕਰ ਰਹੇ ਹਨ ਅਤੇ ਔਰਤਾਂ ਸਟੇਜ ਤੋਂ ਭਾਸ਼ਣ ਦੇ ਰਹੀਆਂ ਜਾਂ ਜਥੇਬੰਦੀਆਂ ਦਾ ਹਿਸਾਬ ਕਿਤਾਬ ਰੱਖ ਰਹੀਆਂ ਹਨ।

7. ਜੇ ਅੰਗਰੇਜ਼ੀ ਰਾਜ ਸਮੇਂ ਬਰਤਾਨਵੀ ਬਸਤੀਵਾਦੀਆਂ ਦਾ ਭਾਰਤੀ ਰਜਵਾੜਿਆਂ ਤੇ ਪੂੰਜੀਪਤੀਆਂ ਨਾਲ ਗੱਠਜੋੜ ਸੀ, ਤਾਂ ਵਰਤਮਾਨ ਸਮੇਂ ਵਿਚ ਇਹ ਗੱਠਜੋੜ ਆਰ ਐੱਸ ਐੱਸ ਦੀ ਪਰਛਾਈਂ ਥੱਲੇ ਮੋਦੀ ਸ਼ਾਹ ਭਾਜਪਾ ਸਰਕਾਰ ਦਾ ਅੰਬਾਨੀ-ਅਦਾਨੀ ਵਰਗੇ ਕਾਰਪੋਰੇਟ ਘਰਾਣਿਆਂ ਨਾਲ ਹੈ। ਭਗਤ ਸਿੰਘ ਅਤੇ ਉਸਦੇ ਸਾਥੀ ਇਨਕਲਾਬੀਆਂ ਨੂੰ ਪਤਾ ਸੀ ਕਿ ਵਿਦੇਸ਼ੀ ਸ਼ੋਸ਼ਕ ਬਸਤੀਵਾਦੀਆਂ ਨਾਲੋਂ ਦੇਸੀ ਸ਼ੋਸ਼ਕ ਬਸਤੀਵਾਦੀਆਂ ਨਾਲ ਲੜਨਾ ਵਧੇਰੇ ਔਖਾ ਹੈ। ਇਕ ਅਰਥ ਵਿਚ ਬਸਤੀਵਾਦ ਸਮੇਂ ਦੇ ਰਾਸ਼ਟਰਵਾਦ ਵਿਚ ਕਾਫੀ ਸਾਰੀਆਂ ਗੜਬੜੀਆਂ ਸਨ, ਜਿਵੇਂ ਉਸ ਸਮੇਂ ਦੇ ਰਾਸ਼ਟਰਵਾਦ ਦਾ ਦਲਿਤ ਵਰਗ ਹਿੱਸਾ ਨਹੀਂ ਸੀ। ਉਸ ਸਮੇਂ ਦੀ ਰਾਸ਼ਟਰਵਾਦੀ ਲਹਿਰ ਵਿਚ ਅੱਜ ਦੇ ਸਾਰੇ ਚਿਨ੍ਹ - ਅੰਬੇਦਕਰ, ਪੇਰਿਯਾਰ, ਮਹਾਤਮਾ ਫੂਲੇ ਅਤੇ ਸਾਵਿਤਰੀ ਬਾਈ ਫੂਲੇ ਆਦਿ ਦਾ ਕੋਈ ਨਾਂ ਵੀ ਨਹੀਂ ਲੈਂਦਾ ਸੀ। ਜਦਕਿ ਮੌਜੂਦਾ ਸਮੇਂ ਦੀਆਂ ਸਮਾਜਕ, ਸਿਆਸੀ, ਆਰਥਿਕ ਅਤੇ ਸਭਿਆਚਾਰਕ ਲਹਿਰਾਂ ਅਤੇ ਰਾਸ਼ਟਰਵਾਦ ਲਈ ਬੰਦਾ ਬਹਾਦੁਰ, ਪੇਰਿਆਰ, ਅੰਬੇਦਕਰ, ਭਗਤ ਸਿੰਘ, ਫੂਲੇ ਆਦਿ ਮੁੱਖ ਚਿੰਨ੍ਹ ਹਨ। ਹੁਣ ਦੇ ਰਾਸ਼ਟਰਵਾਦ ਦਾ ਸਹੀ ਅਰਥ ਕਿਸਾਨਾਂ, ਮਜ਼ਦੂਰਾਂ, ਦਲਿਤਾਂ, ਘੱਟ ਗਿਣਤੀਆਂ ਆਦਿ ਨੂੰ ਕਰੋਨੀ ਕਾਰਪੋਰੇਟਾਂ, ਜੋ ਮੋਦੀ-ਸ਼ਾਹ-ਆਰ ਐੱਸ ਐੱਸ-ਭਾਜਪਾ ਦੀ ਫਿਰਕੂ ਫਾਸ਼ਿਸ਼ਟ ਸਰਕਾਰ ਦੀ ਸਰਪ੍ਰਸਤੀ ਵਿਚ ਸ਼ੋਸ਼ਣ ਅਤੇ ਦਮਨ ਕਰ ਰਹੇ ਹਨ, ਤੋਂ ਮੁਕਤ ਕਰਵਾਉਣ ਵਿਚ ਹੈ।

ਸੋ ਮੌਜੂਦਾ ਲੋਕ ਲਹਿਰ, ਜੋ ਕਿਸਾਨ ਲਹਿਰ ਤੋਂ ਅਗਾਂਹ ਵਧ ਕੇ ਵਿਕਸਿਤ ਹੋਈ ਹੈ, ਸੱਚੇ ਰਾਸ਼ਟਰਵਾਦ ਦੀ ਪਰਿਭਾਸ਼ਾ ਘੜ ਕੇ ਅਤੇ ਉਸਨੂੰ ਭਾਰਤੀ ਰਾਸ਼ਟਰ ਦੇ ਕੇਂਦਰ ਵਿਚ ਲਿਆ ਕੇ ਇਕ ਨਵਾਂ ਇਤਿਹਾਸ ਸਿਰਜ ਰਹੀ ਹੈ।

8. ਆਉਣ ਵਾਲੇ ਸਾਲਾਂ ਵਿਚ ਭਾਰਤ ਦੀ ਕਿਸਾਨ ਲਹਿਰ ਦਾ ਅੰਤਰ ਰਾਸ਼ਟਰੀ ਪੱਧਰ 'ਤੇ ਵਿਆਪਕ ਅਸਰ ਹੋਣਾ ਲਾਜ਼ਮੀ ਹੈ। ਇਹ ਕਿਸਾਨ ਲਹਿਰ ਏਸ਼ੀਆ, ਅਫਰੀਕਾ, ਲਾਤੀਨੀ

ਅਮਰੀਕਾ ਦੇ ਮੁਲਕਾਂ ਦੀਆਂ ਕਰੋਨੀ ਕਾਰਪੋਰੇਟ ਵਰਗ ਦੇ ਕੰਟਰੋਲ ਵਾਲੀਆਂ ਨਵ ਉਦਾਰਵਾਦੀ ਸਰਕਾਰਾਂ ਖਿਲਾਫ਼ ਉਠਣ ਵਾਲੀਆਂ ਲਹਿਰਾਂ ਲਈ ਇਕ ਚਾਨਣ ਮੁਨਾਰੇ ਦਾ ਕੰਮ ਕਰੇਗੀ। ਪਹਿਲਾਂ ਤੋਂ ਹੀ ਬਹੁਤ ਸਾਰੇ ਲਾਤੀਨੀ ਅਮਰੀਕੀ ਦੇਸ਼ਾਂ ਵਿਚ ਵਿਦਿਆਰਥੀਆਂ, ਟਰੇਡ ਯੂਨੀਅਨ, ਕਿਸਾਨਾਂ ਦੀਆਂ ਲਹਿਰਾਂ ਚੱਲ ਰਹੀਆਂ ਹਨ, ਪਰ ਭਾਰਤੀ ਕਿਸਾਨਾਂ ਦੀ ਲਹਿਰ ਦੀ ਸਪੱਸ਼ਟਤਾ, ਸਬਰ ਤੇ ਲੰਬਾ ਸੰਘਰਸ਼ ਅਤੇ ਹਾਸਿਲ ਕਰਨ ਵਾਲੇ ਟੀਚੇ, ਇਹਨਾਂ ਲਹਿਰਾਂ ਨੂੰ ਹੋਰ ਤਾਕਤਵਰ ਅਤੇ ਨਵ ਸਾਮਰਾਜਵਾਦ-ਕਰੋਨੀ ਕਾਰਪੋਰੇਟਵਾਦ ਵਿਰੋਧੀ ਰੂਪ ਦੇਣਗੇ। ਇਹ ਲਹਿਰਾਂ ਰੋਜ਼ਾ ਲਕਸਮਬਰਗ ਦੇ ਇਸ ਕਥਨ ਨੂੰ ਸਹੀ ਸਾਬਤ ਕਰਨਗੀਆਂ - ਬਰਬਰਤਾ ਜਾਂ ਸਮਾਜਵਾਦ! ਕਿਉਂਕਿ ਨਵ ਉਦਾਰਵਾਦੀ ਕਾਰਪੋਰੇਟਵਾਦ ਸਿਰਫ ਬਰਬਰਤਾ ਹੀ ਲਿਆ ਸਕਦਾ ਹੈ, ਜਿਸਦੀ ਕੁਝ ਝਲਕ ਨੋਟਬੰਦੀ ਅਤੇ ਕੋਵਿਡ-19 ਦੇ ਦੌਰ ਵਿਚ ਮਜ਼ਦੂਰਾਂ ਅਤੇ ਹੋਰ ਜਨਤਾ ਦੀ ਹੁੰਦੀ ਦੁਰਦਸ਼ਾ ਨਾਲ ਦੁਨੀਆਂ ਨੇ ਦੇਖ ਵੀ ਲਈ ਹੈ। ਇਸਦਾ ਇਲਾਜ ਸਿਰਫ ਸਮਾਜਵਾਦ ਹੈ - ਭਾਵੇਂ ਅਮਨ ਅਮਾਨ ਨਾਲ ਅਤੇ ਜੇ ਇਸ ਦੀ ਇਜਾਜ਼ਤ ਨਹੀਂ ਤਾਂ ਫਿਰ ਜੁਝਾਰੂ ਢੰਗ ਨਾਲ।

9. ਕਿਸਾਨ ਲਹਿਰ ਤੋਂ ਵਿਆਪਕ ਲੋਕ ਲਹਿਰ ਬਣਨ ਦੀ ਪ੍ਰਕਿਰਿਆ ਵਿਚ ਜਿਸ ਤਰ੍ਹਾਂ ਦੁਨੀਆਂ ਦੀ ਕਿਸੇ ਵੀ ਵੱਡੀ ਲਹਿਰ ਦੌਰਾਨ ਹੁੰਦਾ ਹੈ, ਇੱਥੇ ਵੀ ਸਿਰਜਣਾਤਮਕ ਵਿਸਫੋਟ ਹੋਇਆ ਹੈ। ਨਾ ਸਿਰਫ ਗਾਇਕੀ ਵਿਚ ਹੀ, ਬੜੇ ਸਾਰੇ ਨਵੇਂ ਨਾਟਕ, ਦਸਤਾਵੇਜ਼ੀ ਫਿਲਮਾਂ ਬਣੀਆਂ ਹਨ, ਪੰਜਾਬੀ ਕਵਿਤਾ ਦੀ ਖੜੋਤ ਵੀ ਟੁੱਟੀ ਹੈ। ਕਿਸਾਨ ਲਹਿਰ ਉੱਤੇ ਸੈਂਕੜੇ ਕਵਿਤਾਵਾਂ ਲਿਖੀਆਂ ਗਈਆਂ ਹਨ ਅਤੇ ਪਹਿਲਾਂ ਤੋਂ ਸਥਾਪਤ ਕਵੀਆਂ-ਸੁਰਜੀਤ ਪਾਤਰ, ਸੁਖਵਿੰਦਰ ਅਮ੍ਰਿਤ ਆਦਿ ਦੇ ਨਾਲ ਨਵੇਂ ਕਵੀਆਂ ਨੇ ਵੀ ਸ਼ਾਨਦਾਰ ਕਵਿਤਾਵਾਂ ਲਿਖ ਕੇ ਕਵਿਤਾ ਵਿਚ ਕਿਰਸਾਣੀ ਨੂੰ ਮੁੜ ਸੁਰਜੀਤ ਕਰ ਕੇ ਪੁਰਾਣੇ ਕਵੀਆਂ ਧਨੀ ਰਾਮ ਚਾਤ੍ਰਿਕ, ਪੂਰਨ ਸਿੰਘ, ਫਿਰੋਜ਼ਦੀਨ ਸ਼ਰਫ਼, ਉਸਤਾਦ ਦਾਮਨ ਆਦਿ ਦੀ ਕਿਸਾਨ ਜ਼ਿੰਦਗੀ ਦੀ ਪਰੰਪਰਾ ਦੀ ਕਵਿਤਾ ਨੂੰ ਵੀ ਸੁਰਜੀਤ ਕੀਤਾ ਹੈ। ਗਲਪ ਸਾਹਿਤ ਤਾਂ ਕੁਝ ਸਮੇਂ ਬਾਅਦ ਹੀ ਦਸਤਕ ਦੇਵੇਗਾ, ਪਰ ਉਸ ਲਈ ਜ਼ਮੀਨ ਜ਼ਰਖੇਜ਼ ਹੈ।

10. ਕੀ ਇਹ ਸ਼ਾਨਦਾਰ ਕਿਸਾਨ/ਲੋਕ ਲਹਿਰ ਕਾਮਯਾਬ ਹੋਵੇਗੀ ਜਾਂ ਜਿੱਤ ਹਾਸਿਲ ਕਰੇਗੀ? 26 ਜਨਵਰੀ ਤਕ ਇਸਦੀ ਚੜ੍ਹਤ ਜ਼ਰੂਰ ਸੰਭਾਵੀ ਜਿੱਤ ਵੱਲ ਇਸ਼ਾਰਾ ਕਰ ਰਹੀ ਸੀ। ਪਰ ਲੋਕ ਦੁਸ਼ਮਣ ਸਰਕਾਰ ਵੀ ਆਪਣੀਆਂ ਸ਼ੈਤਾਨੀ ਚਾਲਾਂ ਵਿਚ ਮਸਰੂਫ ਸੀ। ਇਕ ਪਾਸੇ ਉਸਨੇ ਕਿਸਾਨ ਜਥੇਬੰਦੀਆਂ ਨੂੰ 26 ਜਨਵਰੀ ਨੂੰ ਟਰੈਕਟਰ ਪਰੇਡ ਦੀ ਇਜਾਜ਼ਤ ਦਿੱਤੀ, ਦੂਜੇ ਪਾਸੇ ਕਿਸਾਨ ਲਹਿਰ ਨੂੰ ਤਬਾਹ ਕਰਨ ਦੀ ਤਿਆਰੀ ਕਰ ਕੇ ਕੁਝ ਅਜਿਹੇ ਤੱਤਾਂ ਨੂੰ ਲਹਿਰ ਨੂੰ ਅੰਦਰੋਂ ਤੋੜਨ ਲਈ ਲਾਲ ਕਿਲ੍ਹੇ 'ਤੇ ਸਾਜ਼ਸ਼ ਤਹਿਤ ਚੜ੍ਹਾ ਕੇ ਅਜਿਹਾ ਕਾਂਡ ਕਰਵਾਇਆ ਕਿ ਲਹਿਰ 'ਤੇ ਸਰਕਾਰ ਦਾ ਜ਼ਾਲਮ ਹਮਲਾ ਆਸਾਨ ਹੋ ਸਕੇ। ਇਕ ਨਵਾਂ ਡਾਇਰ, ਇਕ ਨਵਾਂ ਜਲ੍ਹਿਆਂਵਾਲਾ ਦਿੱਲੀ ਵਿਚ ਕਰਨ ਨੂੰ ਤਿਆਰ ਬੈਠਾ ਸੀ। ਪਰ ਇਸ ਡਾਇਰ ਨੂੰ ਰੋਕਣ ਲਈ ਲਹਿਰ ਨੇ ਗਾਂਧੀਵਾਦੀ ਅਹਿੰਸਕ ਤਰੀਕੇ ਤੋਂ ਵੀ ਵਧ ਕੇ, ਸਿੱਖ ਲਹਿਰਾਂ ਅਤੇ ਗੁਰੂਆਂ ਵੱਲੋਂ ਅਪਣਾਏ ਸ਼ਾਂਤੀਪੂਰਨ ਤਿਆਗ ਤੇ ਕੁਰਬਾਨੀ - ਜਿਸ ਨਾਲ ਨਨਕਾਣਾ ਸਾਹਿਬ, ਗੁਰੂ ਕਾ ਬਾਗ ਅਤੇ ਜੈਤੋ ਦਾ ਮੋਰਚਾ ਜਿੱਤੇ ਗਏ ਸਨ ਅਤੇ ਜਿਸਨੂੰ ਭਗਤ ਸਿੰਘ ਨੇ ਵੀ ਲੋਕ ਲਹਿਰਾਂ ਦੀ ਨੀਤੀ ਦੇ ਤੌਰ 'ਤੇ ਰੇਖਾਂਕਤ ਕੀਤਾ ਸੀ, ਅਪਣਾਏ। ਉਸਦੀ ਪਰਵਾਹ ਨਾ ਕਰਕੇ ਜਦ ਕਿਸਾਨ ਧਰਨਾ ਤਾਕਤ ਦੇ ਜ਼ੋਰ ਨਾਲ ਉਖਾੜਨ ਅਤੇ ਵੱਡੀ ਪੱਧਰ 'ਤੇ ਜਾਨ ਮਾਲ ਦੇ ਨੁਕਸਾਨ ਦੀ ਤਿਆਰੀ ਸ਼ਾਹ ਦੇ ਗ੍ਰਹਿ ਵਿਭਾਗ ਨੇ ਮਿਥ ਲਈ ਸੀ, ਉਦੋਂ ਗਾਜ਼ੀਪੁਰ ਬਾਰਡਰ 'ਤੇ ਗੁੰਡਿਆਂ ਦੇ ਹਮਲੇ ਦੇ ਜਵਾਬ ਵਿਚ ਰਾਕੇਸ਼ ਟਿਕੈਤ ਵੱਲੋਂ ਮਰਨ ਵਰਤ ਦੇ ਐਲਾਨ ਅਤੇ ਉਸਦੀਆਂ ਅੱਖਾਂ ਵਿਚ ਭਰ ਆਏ ਹੰਝੂਆਂ ਨੇ ਸ਼ਾਹ ਦੀ ਵਿਛਾਈ ਕੁਚਾਲ ਨੂੰ ਇਕ ਵਾਰ ਫਿਰ ਅਸਫਲ ਕਰ ਦਿੱਤਾ। 26 ਜਨਵਰੀ ਤੋਂ ਬਾਅਦ 2-3 ਦਿਨ ਬੜੇ ਤਣਾਉ ਭਰੇ ਸਨ, ਪਰ 29 ਜਨਵਰੀ ਤੋਂ ਬਾਅਦ ਫਿਰ ਬਾਜ਼ੀ ਪਲਟ

ਗਈ। ਹੁਣ ਤਕ ਦਿੱਲੀ ਬਾਰਡਰ 'ਤੇ ਬੈਠੇ ਕਿਸਾਨਾਂ ਨੂੰ ਤਿੰਨ ਮਹੀਨੇ ਪੂਰੇ ਹੋ ਚੁੱਕੇ ਹਨ।

26 ਜਨਵਰੀ ਤੋਂ ਬਾਅਦ ਇਸ ਸੰਘਰਸ਼ ਨੇ ਇਕ ਗੰਭੀਰ ਮੋੜ ਕੱਟਿਆ ਹੈ। ਘੋਲ ਵਿਚ ਟਿਕੈਤ ਦੇ ਹੰਝੂਆਂ ਬਾਅਦ ਬੇਸ਼ੱਕ ਨਵੀਂ ਜਾਨ ਫੂਕੀ ਗਈ ਹੈ, ਪਰ ਸੰਘਰਸ਼ ਦੇ ਸਿਆਸੀ ਨਜ਼ਰੀਏ ਵਿਚ ਬਰੀਕੀ ਨਾਲ ਤਬਦੀਲੀ ਹੋਈ ਹੈ। 26 ਜਨਵਰੀ ਤਕ ਕਿਸਾਨ/ਲੋਕ ਲਹਿਰ ਦੀ ਕਮਾਂਡ ਪੰਜਾਬ ਦੇ ਖੱਬੇ ਪੱਖੀ ਰੁਝਾਨਾਂ ਵਾਲੀਆਂ ਜਥੇਬੰਦੀਆਂ ਹੱਥ ਸੀ, ਪਰ ਇਹਨਾਂ ਜਥੇਬੰਦੀਆਂ ਦੀ ਕਮਾਂਡ ਨੂੰ ਸੱਟ ਪੰਜਾਬ ਦੇ ਹੀ ਸਰਕਾਰੀ ਹੱਥਠੋਕੇ ਬਣੇ ਸ਼ਰਾਰਤੀ ਅਨਸਰਾਂ ਨੇ ਪੁਚਾਈ, ਜੋ ਧਰਮ ਦੇ ਝੰਡੇ ਥੱਲੇ ਦਿੱਲੀ ਫਤਹਿ ਦੇ ਖਾਲ਼ਿਸਤਾਨੀ ਅਨਸਰਾਂ ਦੇ ਭਰਮਾਊ ਨਸ਼ੇ ਵਿਚ ਡੁੱਬ ਕੇ ਸਰਕਾਰੀ ਚਾਲਾਂ ਦਾ ਸ਼ਿਕਾਰ ਬਣੇ ਅਤੇ ਲਾਲ ਕਿਲ੍ਹੇ 'ਤੇ ਧਾਰਮਿਕ ਝੰਡਾ ਲਹਿਰਾਉਣ ਨੂੰ ਹੀ ਜਿੱਤ ਸਮਝ ਕੇ ਪੰਜਾਬ ਦੀ ਸਿਆਣੀ ਅਤੇ ਪਰਪੱਕ ਕਿਸਾਨ ਜਥੇਬੰਦਕ ਅਗਵਾਈ ਨੂੰ ਨੁਕਸਾਨ ਪਹੁੰਚਾ ਕੇ ਛਾਲ਼ਾਂ ਮਾਰ ਰਹੇ ਹਨ। ਇਹ ਅਨਸਰ ਮੁਲਕ ਦੇ ਵੱਡੇ ਫਿਰਕੂ ਫਾਸ਼ੀਵਾਦੀ ਤਾਕਤਾਂ ਦਾ ਸਿੱਧੇ ਜਾਂ ਟੇਢੇ ਢੰਗ ਨਾਲ ਸੰਦ ਬਣਨਗੇ ਜਿਵੇਂ ਲਾਲ ਕਿਲ੍ਹੇ ਵਾਲੀ ਘਟਨਾ ਵਿਚ ਬਣੇ ਹਨ ਅਤੇ ਲਹਿਰ ਦਾ ਨੁਕਸਾਨ ਕਰਦੇ ਰਹਿਣਗੇ।

ਉੱਤਰ ਭਾਰਤ ਦੀ ਸਰਦੀ ਦੀ ਸ਼ੁਰੂਆਤ ਤੋਂ ਚਲਿਆ ਆ ਰਿਹਾ ਇਹ ਧਰਨਾ ਦਸੰਬਰ-ਜਨਵਰੀ ਦੀ ਹੱਡੀਆਂ ਕੰਬਾਊ ਠੰਡ ਦੇ ਦਿਨ ਪਾਰ ਕਰਕੇ ਗਰਮੀ ਦੇ ਦਿਨਾਂ ਦੀ ਸ਼ੁਰੂਆਤ ਵਿਚ ਦਾਖਲ ਹੋ ਰਿਹਾ ਹੈ। ਇਸ ਹੱਡ ਕੰਬਾਊ ਠੰਡ ਨੂੰ 90 ਸਾਲ ਦੇ ਬਜ਼ੁਰਗ ਉਮਰ ਦੇ ਔਰਤਾਂ-ਮਰਦਾਂ ਨੇ ਵੀ ਝੱਲਿਆ ਅਤੇ ਮਾਵਾਂ ਦੀ ਗੋਦੀ 'ਚ ਪਲਦੇ ਬੱਚਿਆਂ ਨੇ ਵੀ, ਪਰ ਇਸ ਪੱਥਰ ਦਿਲ ਸਰਕਾਰ ‘ਤੇ ਕੋਈ ਅਸਰ ਨਹੀਂ ਹੋਇਆ। ਕਿਸਾਨ ਪਰਿਵਾਰ ਵੀ ‘ਜਾਂ ਜਿੱਤਾਂਗੇ ਜਾਂ ਮਰਾਂਗੇ’ ਦੇ ਅਹਿਦ ਨਾਲ ਅਗਲੇ ਕਈ ਮਹੀਨੇ ਸੰਘਰਸ਼ ਜਾਰੀ ਰੱਖਣ ਲਈ ਦ੍ਰਿੜ ਨਿਸ਼ਚਾ ਧਾਰੀ ਬੈਠੇ ਹਨ। ਦੁਨੀਆ ਭਰ ਵਿਚ ਮੋਦੀ ਸਰਕਾਰ ਬਦਨਾਮ ਹੋ ਚੁੱਕੀ ਹੈ। ਅਮਰੀਕਾ, ਕੈਨੇਡਾ, ਇੰਗਲੈਂਡ, ਆਸਟਰੇਲੀਆ ਆਦਿ ਵਿਚ ਵਸੇ ਨਾ ਸਿਰਫ ਭਾਰਤੀ, ਬਲਕਿ ਹੋਰ ਕੌਮਾਂ ਦੇ ਲੋਕ ਵੀ ਕਿਸਾਨਾਂ ਦੇ ਹੱਕ ਵਿਚ ਆਵਾਜ਼ ਉਠਾ ਰਹੇ ਹਨ। ਦੁਨੀਆ ਦੇ ਵੱਡੇ ਕਲਾਕਾਰ, ਵਿਦਵਾਨ, ਲੇਖਕ ਸਾਰੇ ਭਾਰਤੀ ਕਿਸਾਨਾਂ ਦੇ ਦਮਨ ਖਿਲਾਫ ਆਵਾਜ਼ ਉਠਾ ਰਹੇ ਹਨ, ਇੱਥੋਂ ਤਕ ਕਿ ਸੰਯੁਕਤ ਰਾਸ਼ਟਰ ਵਰਗੀਆਂ ਅੰਤਰ ਰਾਸ਼ਟਰੀ ਸੰਸਥਾਵਾਂ ਵੀ ਭਾਰਤੀ ਸਰਕਾਰ ਦੇ ਦਮਨ ਦੀ ਨਿੰਦਾ ਕਰ ਚੁੱਕੀਆਂ ਹਨ। ਭਾਰਤ ਦਾ ਮੌਜੂਦਾ ਅੰਦਰੂਨੀ ਬਸਤੀਵਾਦੀ ਫਿਰਕੂ ਫਾਸ਼ੀਵਾਦ, ਜਿਸਦਾ ਮਾਊਸ ਕਰੋਨੀ ਕਾਰਪੋਰੇਟਾਂ ਹੱਥ ਹੈ, ਸ਼ਾਇਦ ਹਿਟਲਰ ਤੇ ਮੁਸੋਲਿਨੀ ਦੇ ਫਾਸ਼ੀਵਾਦ ਤੋਂ ਵੀਂ ਭਿਆਨਕ ਦਿਮਾਗ਼ ਵਾਲਾ ਹੈ, ਪਰ ਉਸਦਾ ਸਾਹਮਣਾ ਕਿਸਾਨਾਂ ਦੀ ਅਸੀਮ ਸਹਿਣਸ਼ੀਲਤਾ ਅਤੇ ਕੁਰਬਾਨੀ ਨਾਲ ਹੈ। ਪਿਛਲੇ ਸੱਤ ਸਾਲਾਂ ਵਿਚ ਇਸ ਸਰਕਾਰ ਨੇ ਕੋਵਿਡ ਸਮੇਂ, ਸ਼ਾਹੀਨ ਬਾਗ਼ ਸਮੇਂ, ਨੋਟਬੰਦੀ ਸਮੇਂ, ਹਰ ਸਥਿਤੀ ਵਿਚ ਲੋਕਾਂ ਨੂੰ ਕੁਚਲ ਕੇ ਘੁਮੰਡ ਦਾ ਝੰਡਾ ਗੱਡਿਆ ਹੈ, ਕਿਸਾਨ/ਲੋਕ ਲਹਿਰ ਨੂੰ ਕੁਚਲ ਕੇ ਇਹ ਘੁਮੰਡ ਹੋਰ ਵੀ ਵਧੇਗਾ ਜਾਂ ਹੁਣ ਇਹ ਟੁੱਟਣ ਕੰਢੇ ਹੈ, ਇਸ ਦਾ ਫੈਸਲਾ ਅਗਲੇ ਕੁਝ ਮਹੀਨੇ ਕਰਨਗੇ, ਪਰ ਕਿਸਾਨਾਂ ਦੇ ਜਜ਼ਬੇ, ਸਬਰ ਤੇ ਸਿਦਕ ਨੂੰ ਸਲਾਮ, ਜਿਸਨੇ ਮੁਲਕ ਨੂੰ ਡੂੰਘੀ ਗਾਰਤ ਵਿਚੋਂ ਕੱਢਣ ਦਾ ਬੀੜਾ ਚੁੱਕਿਆ ਹੈ।

ਇਸ ਮਹਾ ਕਾਵਿਕ ਇਤਿਹਾਸਿਕ ਸੰਘਰਸ਼ ਦਾ ਅੰਤ ਜੋ ਵੀ ਹੋਵੇ, ਹਿੰਦੁਸਤਾਨ ਇਸ ਤੋਂ ਬਾਅਦ ਉਹ ਨਹੀਂ ਰਹੇਗਾ ਜੋ 2014 ਤੋਂ 2020 ਤਕ ਸੀ। 000

***(ਸਾਬਕਾ ਪ੍ਰੋਫੈਸਰ, ਭਾਰਤੀ ਭਾਸ਼ਾਵਾਂ ਕੇਂਦਰ, ਜਵਾਹਰਲਾਲ ਨਹਿਰੂ ਯੂਨੀਵਰਸਿਟੀ;***
***2690, ਅਰਬਨ ਐਸਟੇਟ ਫੇਜ਼-2, ਪਟਿਆਲਾ-147 002***
***ਫੋਨ: 09868-774820; ਈਮੇਲ: prof.chaman@gmail.com)***

# ਗੁਰੂ ਤੇਗ਼ ਬਹਾਦਰ: ਚਿਤਰਨ ਤੇ ਚਿਤਾਰਨ

**ਤੇਜਵੰਤ ਸਿੰਘ ਗਿੱਲ**

ਸ਼ਹਾਦਤ ਗੁਰੂ ਤੇਗ਼ ਬਹਾਦਰ ਦੇ ਜੀਵਨ ਦੀ ਚਰਮ ਸੀਮਾ ਸੀ। ਸਾਲ 1675 ਦੇ ਨਵੰਬਰ ਮਹੀਨੇ ਦੇ ਅੱਧ ਜਹੇ ਵਿਚ ਲਾਲ ਕਿਲ੍ਹੇ ਦੇ ਨੇੜੇ ਉਨ੍ਹਾਂ ਨੂੰ ਸ਼ਹੀਦ ਕਰ ਦਿੱਤਾ ਗਿਆ ਸੀ। ਧੜ ਤੋਂ ਵੱਖ ਹੋਇਆ ਸੀਸ ਤਾਂ ਮੱਖੋਵਾਲ ਪਹੁੰਚ ਗਿਆ। ਗੁਰਗੱਦੀ 'ਤੇ ਬਿਰਾਜਮਾਨ ਹੋਏ ਉਨ੍ਹਾਂ ਦੇ ਸਪੁੱਤਰ ਗੁਰੂ ਗੋਬਿੰਦ ਸਿੰਘ ਨੇ ਜਦੋਂ ਲਹੂ ਵਿਚ ਲਥ ਪਥ ਸੀਸ ਸਾਂਭਿਆ ਤਾਂ ਸੰਗਤ ਵਿਚ ਗੁਰੂ ਤੇਗ਼ ਬਹਾਦਰ ਦੀ ਬਿਰਧ ਮਾਤਾ ਬੇਬੇ ਨਾਨਕੀ ਅਤੇ ਉਨ੍ਹਾਂ ਦੀ ਸੁਪਤਨੀ ਮਾਤਾ ਗੁਜਰੀ ਵੀ ਹਾਜ਼ਰ ਸਨ। ਬੜੇ ਨਿਆਰੇ ਢੰਗ ਨਾਲ ਧੜ ਦਾ ਸਸਕਾਰ ਤਾਂ ਦਿੱਲੀ ਵਿਖੇ ਹੀ ਹੋ ਗਿਆ ਸੀ। ਸਤੀ ਦਾਸ, ਮਤੀ ਦਾਸ ਅਤੇ ਭਾਈ ਦਿਆਲਾ, ਉਨ੍ਹਾਂ ਦੇ ਤਿੰਨ ਸ਼ਰਧਾਲੂ ਵੀ ਨਾਲ ਹੀ ਸ਼ਹੀਦ ਕਰ ਦਿੱਤੇ ਗਏ ਸਨ। ਇਕ ਨੂੰ ਆਰੇ ਨਾਲ ਲੰਮੇ ਲੋਟ ਚੀਰਿਆ ਗਿਆ, ਦੂਜੇ ਨੂੰ ਰੂੰ ਵਿਚ ਲਪੇਟ ਕੇ ਜਲ਼ਾ ਦਿੱਤਾ ਗਿਆ ਅਤੇ ਤੀਜੇ ਨੂੰ ਉਬਲ਼ਦੇ ਪਾਣੀ ਵਿਚ ਦਾਹ ਦਿੱਤਾ ਗਿਆ ਸੀ।

ਸ਼ਹਾਦਤ ਤਾਂ ਗੁਰੂ ਸਾਹਿਬ ਦੀ ਇਸੇ ਪ੍ਰਕਾਰ ਹੋਈ, ਇਹ ਤੱਥ ਵੀ ਤੇ ਸੱਚ ਵੀ ਹੈ। ਇਸ ਦੀ ਨੌਬਤ ਕਿਵੇਂ ਬਣੀ, ਇਸ ਦੇ ਸੰਬੰਧ ਵਿਚ ਦੋ ਤੱਥ ਹਨ ਜਿਨ੍ਹਾਂ ਵਿਚਲਾ ਭੇਦ ਪੂਰੀ ਤਰ੍ਹਾਂ ਸੁਲ਼ਝ ਨਹੀਂ ਸਕਿਆ। ਮੌਖਿਕ ਸੁਭਾਅ ਦਾ ਪਹਿਲਾ ਤੱਥ, ਮੁੱਢੋ ਸੁੱਢੋਂ ਪ੍ਰਚੱਲਤ ਹੋਣ ਕਾਰਨ ਸ਼ਰੋਮਣੀ ਕਹੇ ਜਾਣ ਦਾ ਅਧਿਕਾਰੀ ਹੈ। ਇੰਨ ਬਿੰਨ ਨਹੀਂ, ਤਾਂ ਬਹੁਤ ਹੱਦ ਤਕ, ਸਭ ਨੂੰ ਇਸ ਵਿਚ ਵਿਸ਼ਵਾਸ ਹੈ। ਹਿੰਦ ਦੀ ਚਾਦਰ ਹੋਣ ਦਾ ਮਾਣ ਜੋ ਗੁਰੂ ਸਾਹਿਬ ਨੂੰ ਪੂਰੀ ਸ਼ਰਧਾ ਸਹਿਤ ਅਰਪਿਆ ਜਾਂਦਾ ਹੈ, ਇਸ ਤੱਥ ਦੀ ਬਦੌਲਤ ਹੈ। ਇਸ ਅਨੁਸਾਰ ਕਸ਼ਮੀਰੀ ਬ੍ਰਾਹਮਣਾਂ ਦੀ ਪੀੜ ਤੋਂ ਕੁੰਠਤ ਹੋ, ਬਾਲ ਗੋਬਿੰਦ ਰਾਏ ਦੇ ਕਹਿਣ 'ਤੇ, ਉਹ ਆਪਣੀ ਮਰਜ਼ੀ ਨਾਲ ਸ਼ਹੀਦ ਹੋ ਜਾਣ ਲਈ ਦਿੱਲੀ ਪਧਾਰੇ ਸਨ। ਸਫਰ ਦੌਰਾਨ ਜਿਨ੍ਹਾਂ ਥਾਵਾਂ 'ਤੇ ਉਹ ਠਹਿਰੇ, ਉਹਨਾਂ ਦਾ ਸੰਪੂਰਣ ਵੇਰਵਾ ਤਾਂ ਨਹੀਂ ਪਰ ਕੁਝ 'ਤੇ ਜੋ ਆਲੀਸ਼ਾਨ ਗੁਰਦਵਾਰੇ ਉਸਰੇ ਹੋਏ ਹਨ, ਉਹਨਾਂ ਤੋਂ ਸਫਰ ਦਾ ਧੰਦਲਾ ਜਿਹਾ ਚਿੱਤਰ ਤਾਂ ਜ਼ਰੂਰ ਉਘੜ ਆਉਂਦਾ ਹੈ।

ਦੂਜਾ ਤੱਥ ਦਸਤਾਵੇਜ਼ਾਂ ਦੀ ਦੇਣ ਹੈ। ਇਸ ਅਨੁਸਾਰ ਸ਼ਹਿਨਸ਼ਾਹ ਔਰੰਗਜ਼ੇਬ, ਗੁਰੂ ਨਾਨਕ ਵੱਲੋਂ ਸਲਾਹੀ ਉਦਾਰਤਾ ਦੇ ਉਲਟ, ਇਸਲਾਮੀ ਮੁਲਾਣਿਆਂ ਵੱਲੋਂ ਪਰਚਾਰੀ ਕੱਟੜਤਾ ਦਾ ਮੁਦਈ ਸੀ। ਉਸਦਾ ਰਾਜ ਪ੍ਰਬੰਧ ਇਕ ਪਾਸੇ ਕੁੱਲ ਹਿੰਦੋਸਤਾਨ ਆਪਣੇ ਅਧੀਨ ਕਰਨ ਦਾ ਸਿਰਤੋੜ ਯਤਨ ਕਰ ਰਿਹਾ ਸੀ। ਦੂਜੇ ਪਾਸੇ ਨਿੱਕੀਆਂ ਵੱਡੀਆਂ ਰਿਆਸਤਾਂ ਨੂੰ ਇਕ ਦੂਜੇ ਨਾਲ ਉਲਝਾਈ ਰੱਖਣ ਦਾ ਚਾਹਵਾਨ ਸੀ। ਰਾਜਧਾਨੀ ਤੋਂ ਪਰ੍ਹਾਂ ਦੀਆਂ ਰਿਆਸਤਾਂ, ਭਾਵੇਂ ਦੱਖਣ ਵਿਚ ਮੁਸਲਮਾਨ ਰਾਜਿਆਂ ਦੀਆਂ ਸਨ, ਜਾਂ ਪਹਾੜੀ ਤੇ ਅਰਧ-ਪਹਾੜੀ ਰਾਜਿਆਂ ਦੀਆਂ ਉੱਤਰ ਵਿਚ, ਉਹ ਸਭ ਭੈਅ-ਭੀਤ ਬਣੀਆਂ ਹੋਈਆਂ ਸਨ। ਜਾਤ-ਪਾਤ, ਗ਼ੁਰਬਤ, ਵਹਿਮ-ਪ੍ਰਸਤੀ ਦੇ ਬੋਝ ਹੇਠ ਪਿਸਦੀ ਜਨਤਾ ਵਿਚ ਧਰਵਾਸ ਬਣਾਉਣ ਖਾਤਰ, ਰਾਜੇ ਕਿਸੇ ਨਾ ਕਿਸੇ ਰੂਹਾਨੀ ਹਸਤੀ ਨੂੰ ਵਸਾ ਲੈਂਦੇ ਸਨ। ਪੂਰਬੀ ਪੰਜਾਬ ਦੇ ਅਰਧ-ਪਹਾੜੀ ਖੇਤਰ ਵਿਚ ਸੀ ਬਿਲਾਸਪੁਰ ਨਾਂ ਦੀ ਰਿਆਸਤ ਜਿਸਦਾ ਹਿੰਦੂ ਰਾਜਾ ਸੀ। ਮਾਖੋਵਾਲ ਨਾਂ ਦੇ ਨਗਰ ਵਿਚ ਉਸਨੇ ਗੁਰੂ ਤੇਗ਼ ਬਹਾਦਰ ਦੇ ਨਿਵਾਸ ਦਾ ਪ੍ਰਬੰਧ ਕੀਤਾ ਹੋਇਆ ਸੀ। ਇਸ ਰਿਆਸਤ ਸਮੇਤ ਉਦਾਲ਼ੇ ਦੀਆਂ ਰਿਆਸਤਾਂ ਖਾਸ ਕਰਕੇ ਸਰਹਿੰਦ ਦੇ ਮੁਸਲਮਾਨ ਸੂਬੇਦਾਰ ਲਈ ਹੱਦਾਂ ਬੜਾ ਮਹੱਤਵ ਰਖਦੀਆਂ ਸਨ। ਗੁਰੂ ਤੇਗ਼ ਬਹਾਦਰ ਲਈ ਇਹਨਾਂ ਦਾ ਕੋਈ ਮਹੱਤਵ ਨਹੀਂ ਸੀ। ਉਹ ਦੂਰ ਦੂਰ ਤਕ ਗੁਰਮਤ ਦਾ ਪ੍ਰਚਾਰ ਕਰਨ ਜਾਂਦੇ

ਸਨ। ਪੂਰਬ ਵਿਚ ਬਿਹਾਰ ਅਤੇ ਆਸਾਮ ਤਕ ਜਾਣਾ, ਕਈ ਸਾਲ ਮਾਤਾ ਗੁਜਰੀ ਅਤੇ ਬਾਲਕ ਗੋਬਿੰਦ ਰਾਏ ਦਾ ਪਟਨੇ ਠਹਿਰਨਾ, ਇਸ ਗੱਲ ਦਾ ਪ੍ਰਮਾਣ ਸੀ ਕਿ ਉਨ੍ਹਾਂ ਲਈ ਪ੍ਰਥਮ ਲੋਕ ਸਨ ਜਿਨ੍ਹਾਂ ਨੂੰ ਸੰਗਤ ਵਿਚ ਢਾਲਣਾ ਉਨ੍ਹਾਂ ਦਾ ਪ੍ਰਥਮ ਉਦੇਸ਼ ਸੀ। ਰਿਆਸਤਾਂ ਦੇ ਹੱਦਾਂ ਬੰਨੇ ਉਨ੍ਹਾਂ ਦੀ ਨਿਗਾਹ ਵਿਚ ਕੱਚ ਦੇ ਨਿਸ਼ਾਨ ਸਨ, ਨਾ ਕਿ ਸੱਚ ਦੇ ਪ੍ਰਤੀਕ। ਸੱਚ ਨੂੰ ਉਭਾਰਨ ਲਈ ਉਹ ਜੀਅ ਜਾਨ ਦੀ ਬਾਜ਼ੀ ਵੀ ਲਾ ਸਕਦੇ ਸਨ।

ਗੁਰਮਤ ਪ੍ਰਚਾਰ ਦੌਰਨ ਉਹ ਬਿਲਾਸਪੁਰ ਰਿਆਸਤ ਦਾ ਹੱਦ ਬੰਨਾ ਪਾਰ ਕਰਕੇ ਸੂਬਾ ਸਰਹਿੰਦ ਦੇ ਖੇਤਰ ਵਿਚ ਦਾਖਲ ਹੋ ਗਏ। ਪ੍ਰਬੰਧਕਾਂ ਵੱਲੋਂ ਘੇਰੇ ਵਿਚ ਲੈ ਕੇ, ਕੱਟੜ ਮੁਲਾਣਿਆਂ ਦੇ ਉਕਸਾਣ ‘ਤੇ ਉਨ੍ਹਾਂ ਨੂੰ ਬੰਧੀ ਬਣਾ ਲਿਆ ਗਿਆ। ਥੰਮ੍ਹਣ ਦਾ ਨਾਂ ਲੈਣ ਦੀ ਥਾਂ, ਇਹ ਉਕਸਾਹਟ ਮਜ਼ਹਬੀ ਜਨੂੰਨ ਦਾ ਰੂਪ ਧਾਰ ਗਈ। ਸ਼ਹਿਨਸ਼ਾਹ ਔਰੰਗਜ਼ੇਬ ਵੀ ਮਜ਼ਹਬੀ ਜਨੂੰਨ ਦੀ ਲਪੇਟ ਵਿਚ ਆ ਗਿਆ। ਗੁਰੂ ਸਾਹਿਬ ਨੂੰ ਦਿੱਲੀ ਪਹੁੰਚਦਾ ਕੀਤਾ ਗਿਆ। ਇੱਥੇ ਸਰਹਿੰਦ ਸਥਿਤ ਬੰਦੀਖਾਨੇ ਵਿਚ ਉਹ ਕਈ ਮਹੀਨੇ ਰੱਖੇ ਗਏ ਸਨ, ਦਿੱਲੀ ਇਸ ਤਰ੍ਹਾਂ ਨਾ ਹੋਇਆ। ਇਕ ਮਹੀਨੇ ਤੋਂ ਘੱਟ ਹੀ ਸੀ ਇਹ ਠਹਿਰ, ਜਿਸ ਉਪਰੰਤ ਤਿੰਨ ਸ਼ਰਧਾਲੂਆਂ ਦੇ ਕਤਲ ਕੀਤੇ ਜਾਣ ਮਗਰੋਂ ਉਨ੍ਹਾਂ ਨੂੰ ਸ਼ਹੀਦ ਕਰ ਦਿੱਤਾ ਗਿਆ। ਦਿੱਲੀ ਵਸਦੇ ਇਕ ਸ਼ਰਧਾਲੂ ਲੱਖੀ ਸ਼ਾਹ ਵਣਜਾਰਾ ਨੇ ਆਪਣੇ ਰੈਣ ਬਸੇਰੇ ਨੂੰ ਅੱਗ ਲਗਾ ਕੇ, ਦੇਹ ਦਾ ਤਾਂ ਸੰਸਕਾਰ ਕਰ ਦਿੱਤਾ। ਸੀਸ ਲੈ ਕੇ ਭਾਈ ਜੈਤਾ ਮਾਖੋਵਾਲ ਪਹੁੰਚ ਗਿਆ ਜਿੱਥੇ ਗੁਰਗੱਦੀ ‘ਤੇ ਬਿਰਜਮਾਨ ਹੋਏ ਉਨ੍ਹਾਂ ਦੇ ਸਪੁੱਤਰ, ਬੋਬਿੰਦ ਰਾਏ ਤੋਂ ਗੁਰੂ ਗੋਬਿੰਦ ਸਿੰਘ ਸਜੇ, ਨੇ ਸੀਸ ਸੰਭਾਲ ਲਿਆ ਅਤੇ ਲਿਆਉਣ ਵਾਲੇ ਨਿਚੀ ਜਾਤ ਦੇ ਸ਼ਰਧਾਲੂ ਨੂੰ ‘ਰੰਗਰੇਟੇ ਗੁਰੂ ਕੇ ਬੇਟੇ’ ਦੀ ਅਸੀਸ ਦੇ ਕੇ ਸਨਮਾਨਤ ਕਰ ਦਿੱਤਾ।

ਤੱਥ ਦਾ ਇਸ ਬਿਰਤਾਂਤ ਵਿਚ ਵਧੇਰੇ ਦਖਲ ਹੈ। ਉਹ ਉਦੱਤ ਜੋ ਪਹਿਲੇ ਤੱਥ ਦੇ ਬਿਰਤਾਂਤ ਵਿਚ ਗੁੰਦਿਆ ਮਿਲਦਾ ਹੈ, ਉਸਦਾ ਇਸ ਵਿਚ ਤੁਲਨਾ ਪੱਖੋਂ ਅਭਾਵ ਹੈ। ਮੱਤ, ਜੋ ਬੀਤ ਗਈਆਂ, ਜੀਵਤ ਅਤੇ ਆਉਣ ਵਾਲੀਆਂ ਪੁਸ਼ਤਾਂ ਦੀ ਸੋਚ ਵਿਚ ਸਾਂਝ ਦਾ ਪ੍ਰਮਾਣ ਹੈ, ਉਸ ਅਨੁਸਾਰ ਪਹਿਲਾ ਤੱਥ ਹੀ ਸੱਚ ਦਾ ਜ਼ਾਮਨ ਹੈ। ਜਿੱਥੇ ਮੱਤ ਦੇ ਕੁਮੱਤ ਵਿਚ ਤਿਲ੍ਹਕ ਜਾਣ ਦਾ ਭੈਅ ਬਣਿਆ ਰਹਿੰਦਾ ਹੈ, ਉੱਥੇ ਸਮੱਤ ਹੈ ਜੋ ਗਿਆਨ ਦੀਆਂ ਬਰੀਕੀਆਂ ਵਿਚੀਂ ਲੰਘਕੇ ਇਸ ਤਿਲ੍ਹਕਣਬਾਜ਼ੀ ਤੋਂ ਸੁਚੇਤ ਕਰਦੀ ਰਹਿੰਦੀ ਹੈ। ਗੁਰੂ ਸਾਹਿਬ ਦੀ ਸ਼ਹਾਦਤ ਬਾਰੇ ਦੋਨਾਂ ਤੱਥਾਂ ਵਿਚਕਾਰ ਜੋ ਖੱਪੇ ਹਨ, ਉਹਨਾਂ ਨੂੰ ਭਰਨ ਦੀ ਸੁਮੱਤ ਅਜੇ ਕਾਰਗਰ ਸਿੱਧ ਨਹੀਂ ਹੋ ਸਕੀ। ਇਸ ਸੰਬੰਧ ਵਿਚ ਸਾਢੇ ਚਾਰ ਦਹਾਕੇ ਪਹਿਲਾਂ ਜੋ ਘਟਨਾ ਘਟੀ, ਉਸ ਵੱਲ ਧਿਆਨ ਦੇਣਾ, ਇਸ ਸੰਦਰਭ ਵਿਚ ਬਹੁਤ ਉਚਿਤ ਪ੍ਰਤੀਤ ਹੁੰਦਾ ਹੈ।

ਪਿਛਲੀ ਸਦੀ ਦੇ ਸੱਤਰਵਿਆਂ ਦੇ ਅੱਧ ਜਹੇ ਦੀ ਗੱਲ ਹੈ ਜਦੋਂ ਜੁਝਾਰਵਾਦ ਦਾ ਉਭਾਰ ਪੰਜਾਬ ਵਿਚ ਪੂਰੇ ਜੋਬਨ ‘ਤੇ ਸੀ। ਇਸਦਾ ਹੁੰਗਾਰਾ ਭਰਨ ਵਾਲੇ ਅੰਮ੍ਰਿਤਸਰ ਸਥਿਤ ਸੰਗਠਨ ਨੇ ਡਾ. ਫੌਜਾ ਸਿੰਘ ਦੀ ਲਿਖਤ ‘ਤੇ ਗੋਸ਼ਟੀ ਰੱਖ ਲਈ। ਗੁਰੂ ਤੇਗ਼ ਬਹਾਦਰ ਦੀ ਸ਼ਹਾਦਤ ਨੂੰ ਦਸਤਾਵੇਜ਼ਾਂ ਤੋਂ ਮਿਲਦੇ ਤੱਥ ਅਨੁਸਾਰ ਉਨ੍ਹਾਂ ਬਿਆਨ ਕੀਤਾ ਸੀ। ਗੋਸ਼ਟੀ ਦੀ ਪ੍ਰਧਾਨਗੀ ਸੰਤ ਸਿੰਘ ਸੇਖੋਂ ਨੇ ਕਰਨੀ ਸੀ ਜੋ ਕਿਸੇ ਕਾਰਨ ਪਹੁੰਚ ਨਾ ਸਕੇ। ਪ੍ਰਬੰਧਕਾਂ ਨੇ ਪ੍ਰਧਾਨਗੀ ਮੰਡਲ ਦਾ ਗਠਨ ਕਰ ਦਿੱਤਾ ਜਿਸ ਵਿਚ ਜਸਬੀਰ ਸਿੰਘ ਆਹਲੂਵਾਲੀਆ ਅਤੇ ਸੁਰਜੀਤ ਹਾਂਸ ਨਾਲ ਮੈਨੂੰ ਸ਼ਾਮਲ ਕਰ ਲਿਆ ਗਿਆ। ਗੋਸ਼ਟੀ ਦਾ ਅਜੇ ਆਰੰਭ ਹੋਣਾ ਹੀ ਸੀ ਕਿ ਤਿੰਨ ਨਿਹੰਗ ਸਿੰਘ, ਮੋਢਿਆਂ ‘ਤੇ ਰਫਲਾਂ ਲਟਕਾਈ, ਹਾਲ ਵਿਚ ਦਾਖਿਲ ਹੋ ਗਏ। ਬਿਨਾਂ ਕਿਸੇ ਨਾਲ ਗੱਲਬਾਤ ਕਰਨੇ ਦੇ, ਉਹ ਮੂਹਰਲੀ ਕਤਾਰ ਵਿਚ ਬੈਠ ਗਏ। ਬਾਂਹ ਉਲਾਰਕੇ ਉਹਨਾਂ ਦਾ ਮੁਖੀ ਸਾਨੂੰ ਤਿੰਨਾਂ ਨੂੰ ਕਹਿਣ ਲੱਗਾ, “ਕਰੋ ਬਈ ਕੀ ਗੱਲ ਕਰਨੀ ਐ, ਗੁਰੂ ਤੇਗ਼ ਬਹਾਦਰ ਸਾਹਿਬ ਬਾਰੇ।” ਕੁਝ ਮਿੰਟਾਂ ਵਿਚ ਸਰੋਤਿਆਂ ਦੀ ਪਿਛਲੀ ਕਤਾਰ ਵਿਚ ਬੈਠੇ ਅਮਰਜੀਤ ਚੰਦਨ ਨੇ ਇਕ ਚਿੱਟ ਭੇਜ ਦਿੱਤੀ। ਇਸ ‘ਤੇ ਝਰੀਟਿਆ

ਹੋਇਆ ਸੀ, "ਇਹ ਨਾ ਸਮਝਣਾ ਇਹਨਾਂ ਕੋਲ਼ ਖਾਲੀ ਰਫਲਾਂ ਨੇ, ਰੌਂਦ ਇਹ ਬਾਹਰੋਂ ਹੀ ਭਰ ਕੇ ਲਿਆਏ ਨੇ।"

ਚਿੱਟ ਨੂੰ ਦੇਖਦੇ ਸਾਰ, ਜਸਬੀਰ ਸਿੰਘ ਆਹਲੂਵਾਲੀਆਂ ਝੱਟ ਹੀ ਆਪਣੀ ਕੁਰਸੀ ਤੋਂ ਉੱਠ ਖੜ੍ਹਾ ਹੋਇਆ। ਉਸਨੇ ਆਪਣੀ ਕਮੀਜ਼ ਦਾ ਖੱਬਾ ਪਾਸਾ ਉਪਰ ਚੁੱਕਿਆ, ਨਿਹੰਗ ਸਿੰਘਾਂ ਨੂੰ ਪਾਇਆ ਹੋਇਆ ਗਾਤਰਾ ਦਿਖਾਇਆ ਅਤੇ ਫਤਿਹ ਬੁਲਾ ਕੇ ਬਾਹਰ ਨਿਕਲ ਗਿਆ। ਰਹਿ ਗਏ ਸੁਰਜੀਤ ਹਾਂਸ ਤੇ ਮੈਂ, ਜੋ ਚੁੱਪ ਗੜੁੱਪ ਆਪਣੀਆਂ ਕੁਰਸੀਆਂ 'ਤੇ ਬੈਠੇ ਰਹੇ। ਹਾਂਸ ਦੇ ਚਿਹਰੇ ਤੋਂ ਵਿਅੰਗ ਦੀ ਝਲਕ ਪੈਂਦੀ ਸੀ ਪਰ ਮੈਂ ਪੂਰੀ ਤਰ੍ਹਾਂ ਵਿਆਕੁਲ ਸਾਂ। ਇਸ ਦੌਰਾਨ ਪਤਾ ਨਹੀਂ ਉਹਨਾਂ ਸਿੰਘਾਂ ਨੇ ਕੀ ਸੋਚਿਆ ਜਾਂ ਉਹਨਾਂ ਨੂੰ ਕੀ ਸੰਦੇਸ਼ ਆਇਆ, ਉਹ ਉੱਠ ਕੇ ਬਾਹਰ ਚਲੇ ਗਏ। ਜਾਣ ਵੇਲ਼ੇ ਉਹਨਾਂ ਤੋਂ ਇਕ ਲਫਜ਼ ਵੀ ਨਾ ਸਰਿਆ। ਗੋਸ਼ਟੀ ਆਰੰਭ ਹੋ ਗਈ। ਜੋ ਵੀ ਬੋਲੇ, ਉਹ ਏਹੋ ਰੱਟ ਲਗਾਏ ਕਿ ਲਿਖਣ ਤੇ ਬੋਲਣ ਦੀ ਆਜ਼ਾਦੀ ਹੋਣੀ ਚਾਹੀਦੀ ਹੈ। ਅਮਰੀਕਾ ਤੋਂ ਆਇਆ ਜਸਦੀਪ ਬੈਂਸ, ਜੋ ਗੁਰੂ ਨਾਨਕ ਯੂਨੀਵਰਸਿਟੀ ਵਿਚ ਅੰਗਰੇਜ਼ੀ ਦਾ ਮੁਖੀ ਸੀ, ਪਤਾ ਨਹੀਂ ਕੀ ਬੋਲਦਾ ਰਿਹਾ। ਜੇ. ਐੱਸ. ਗਰੇਵਾਲ ਦਾ ਭਾਸ਼ਨ ਇਤਿਹਾਸਕ ਸ੍ਰੋਤਾਂ ਦੀ ਬਾਤ ਪਾਉਂਦਾ ਰਿਹਾ। ਗੱਲ ਕੀ, ਜਿਸ ਵਿਸ਼ੇ 'ਤੇ ਗੋਸ਼ਟੀ ਬੁਲਾਈ ਗਈ ਸੀ, ਉਹ ਲਗਪਗ ਅਣਛੋਹਿਆ ਹੀ ਰਹਿ ਗਿਆ।

ਨਾ ਪਹੁੰਚ ਸਕਣ ਬਾਰੇ ਮੇਰੀ ਸੇਖੋਂ ਹੋਰਾਂ ਨਾਲ ਕੋਈ ਗੱਲ ਨਾ ਹੋਈ। ਉਨ੍ਹਾਂ ਦੇ ਬਾਰੇ ਮੈਂ ਸੋਚਦਾ ਜ਼ਰੂਰ ਰਿਹਾ। ਜਿਹੜਾ ਸ਼ਖਸ ਸ਼ੇਖ ਅਬਦੁੱਲਾ ਤੇ ਗਿਆਨੀ ਜ਼ੈਲ ਸਿੰਘ ਦੇ ਸਾਹਮਣੇ ਭਰੀ ਸਭਾ ਵਿਚ ਆਪਾਤਕਾਲ ਦਾ ਵਿਰੋਧ ਕਰ ਸਕਦਾ ਸੀ ਖੁਲ੍ਹਮ ਖੁਲ੍ਹਾ, ਕੋਈ ਨਹੀਂ ਮਿਲ ਸਕਿਆ। ਉਸ ਦੌਰ ਵਿਚ ਸੇਖੋਂ ਹੋਰਾਂ ਦੀ ਸੋਚ ਦਾ ਵਹਾਅ ਕਿਸ ਦਿਸ਼ਾ ਵਿਚ ਸੀ, ਇਸਦਾ ਸੰਕੇਤ ਉਨ੍ਹਾਂ ਦੇ 'ਨਿਸ਼ਾਤ ਬਾਗ਼' ਨਾਮੀ ਇਕਾਂਗੀ ਤੋਂ ਜ਼ੂਰਰ ਮਿਲ ਜਾਂਦਾ ਹੈ। ਇਸ ਇਕਾਂਗੀ ਦਾ ਨਾਇਕ, ਜੋ ਨਾਲ ਹੀ ਵਕਤਾ ਵੀ ਹੈ, ਲਗਾਤਾਰ ਉਸ ਨਿਰਾਦਰ ਦੀ ਗੁਹਾਰ ਲਾਉਂਦਾ ਹੈ, ਜਿਸਦੇ ਕਸ਼ਮੀਰ ਵਾਸੀ ਮੁੱਢ ਤੋਂ ਹੀ ਸ਼ਿਕਾਰ ਰਹੇ ਹਨ। ਰਾਜਸੱਤਾ ਭਾਵੇਂ ਹਿੰਦੂ ਰਾਜਿਆਂ ਦੀ ਸੀ ਜਾਂ ਮੁਸਲਮਾਨ ਹਾਕਮਾਂ ਦੀ, ਕਸ਼ਮੀਰ ਦੇ ਲੋਕ ਲਗਾਤਾਰ ਆਰਥਿਕ ਲੁੱਟ, ਰਾਜਸੀ ਜ਼ੁਲਮ, ਸਰੀਰਕ ਕਸ਼ਟ ਅਤੇ ਲਿੰਗਕ ਦਮਨ ਸਹਿੰਦੇ ਚਲੇ ਆਏ ਹਨ। ਉਸ ਅਨੁਸਾਰ ਗੁਰੂ-ਘਰ ਹੀ ਸੀ ਜਿਸਨੇ ਪਹਿਲੀ ਤੇ ਆਖਰੀ ਵਾਰ ਉਹਨਾਂ ਦੇ ਹੱਕ ਵਿਚ ਆਵਾਜ਼ ਉਠਾਈ। ਜਿਸ ਵਿਉਂਤ ਅਨੁਸਾਰ ਆਦਿ ਗ੍ਰੰਥ ਸਾਹਬ ਦੀ ਸਿਰਜਣਾ ਹੋਈ, ਉਸ ਤੋਂ ਤਾਂ ਲਗਦਾ ਹੈ ਕਿ ਗੁਰੂ ਅਰਜਨ ਦੇ ਸਮੇਂ ਤੋਂ ਹੀ ਇਸਦੀ ਹੂਕ ਕਸ਼ਮੀਰ ਵਾਸੀਆਂ ਦੇ ਕੰਨੀਂ ਪੈਂਦੀ ਰਹੀ ਹੈ। ਸੰਭਵ ਹੈ ਇਸ ਹੂਕ ਤੋਂ ਪ੍ਰੇਰਤ ਹੋ ਕੇ ਗੁਰੂ ਤੇਗ਼ ਬਹਾਦਰ ਦੇ ਦਰਸ਼ਨ ਕਰਨ ਕਸ਼ਮੀਰ ਵਾਸੀ ਆਉਂਦੇ ਰਹੇ। ਗੁਰੂ ਗੋਬਿੰਦ ਸਿੰਘ ਵੇਲ਼ੇ ਤਾਂ ਕੁਝ ਕਸ਼ਮੀਰੀ ਯੁਵਕ ਸਿੰਘ ਵੀ ਸਜੇ ਸਨ। ਚਮਕੌਰ ਸਾਹਿਬ ਦੇ ਯੁੱਧ ਵਿਚ ਜੂਝੇ ਵੀ ਸਨ।

ਨਿੱਗਰ ਸੂਚਨਾ ਦੀ ਥਾਂ, ਤਰਲ ਮਹਿਮਾ ਦੇ ਭਾਗੀ ਹੋਣ ਕਾਰਨ ਇਹ ਭਾਵ ਭਿੰਨੇ ਸੰਕੇਤ ਅਜਬ ਲੱਗਣ ਲੱਗ ਪਏ ਹਨ। ਦਸਤਾਵੇਜ਼ਾਂ ਵਿਚ ਅੰਕਤ ਸੂਚਨਾਵਾਂ ਦੇ ਸਾਹਮਣੇ ਓਪਰੇ ਦਿਸਣ ਲਈ ਲਾਚਾਰ ਹਨ। ਇਹਨਾਂ ਨੂੰ ਸਹੀ ਪਰਿਪੇਖ ਵਿਚ ਗ੍ਰਹਿਣ ਕਰਨ ਲਈ, ਜਨਮ ਤੋਂ ਸ਼ਹਾਦਤ ਤਕ, ਗੁਰੂ ਤੇਗ਼ ਬਹਾਦਰ ਦਾ ਜੀਵਨ ਜਿਵੇਂ ਪ੍ਰਵਾਨ ਚੜ੍ਹਿਆ, ਮਾਤਾ ਨਾਨਕੀ ਦੇ ਲਾਡਲੇ ਪੁੱਤਰ ਵਜੋਂ ਜੋ ਉਨ੍ਹਾਂ ਦੀ ਪਾਲਣਾ ਹੋਈ, ਭਾਈ ਗੁਰਦਾਸ ਦੀ ਨਿਗਰਾਨੀ ਅਧੀਨ ਜਿਵੇਂ ਉਨ੍ਹਾਂ ਨਾਨਕ-ਬਾਣੀ ਨੂੰ ਗ੍ਰਹਿਣ ਕੀਤਾ, ਸਿਮਰਨ ਵਿਚ ਮਗਨ ਰਹਿਣ ਦੀ ਪਿਰਤ ਅਪਣਾਈ, ਮਾਤਾ ਗੁਜਰੀ ਨਾਲ ਸੰਜੋਗ ਬਣਿਆ, ਫਲ ਸਰੂਪ ਭਗਤੀ ਅਤੇ ਤਪੱਸਿਆ ਤੋਂ ਦੂਰੀ ਬਣਾਈ, ਰੌਚਿਕ ਢੰਗ ਨਾਲ ਗੁਰਗੱਦੀ ਪਾਈ, ਪਹਿਲੀ ਨਿਰਲੇਪਤਾ ਤਿਆਗ ਪੂਰੀ ਮਗਨਤਾ ਨਾਲ ਗੁਰਮਤ-ਪ੍ਰਚਾਰ ਦਾ ਬੀੜਾ ਚੁੱਕਿਆ, ਇਹ ਸਭ ਗੱਲਾਂ ਦਰਸਾਂਦੀਆਂ ਹਨ ਕਿ ਘੋਰ ਤੋਂ ਘੋਰ ਪਰਿਸਥਿਤੀ ਨਾਲ ਜੂਝਣ ਤੋਂ ਉਨ੍ਹਾਂ

ਨੂੰ ਕੋਈ ਸੰਕੋਚ ਨਹੀਂ ਸੀ। ਇਹਨਾਂ ਦੀ ਲੋਅ ਵਿਚ ਭਾਵੇਂ ਇਹ ਨਿਸਚਤ ਕਰਨਾ ਤਰਕ ਸੰਗਤ ਹੈ ਕਿ ਉਹ ਆਪਣੀ ਮਰਜ਼ੀ ਨਾਲ ਸ਼ਹੀਦ ਹੋਣ ਦਿੱਲੀ ਗਏ ਜਾਂ ਬੰਦੀ ਬਣਾ ਕੇ ਲਿਜਾਏ ਗਏ। ਇਸ ਤੋਂ ਕਿਤੇ ਮੁੱਲਵਾਨ ਹੈ ਇਹ ਨਿਸਚਤ ਕਰਨਾ ਕਿ ਅਜਿਹਾ ਭਾਣਾ ਭੋਗਣ ਲਈ ਉਹ ਪੂਰੀ ਤਰ੍ਹਾਂ ਤਿਆਰ ਸਨ। ਅਜਿਹੀ ਤਿਆਰੀ ਨੂੰ ਤੱਤਪਰਤਾ ਦਾ ਨਾਂ ਦੇਣਾ ਯੋਗ ਨਹੀਂ। ਕਿਵੇਂ ਭਾਵ ਪ੍ਰਭਾਵ ਵਿਚਰਦੇ ਸਨ ਉਨ੍ਹਾਂ ਦੀ ਬਿਰਤੀ ਵਿਚ, ਜਿਨ੍ਹਾਂ ਨਾਲ ਭਾਵੇਂ ਸਫਰ ਦੌਰਾਨ ਜਾਂ ਬੰਦੀਖਾਨੇ ਵਿਚ ਸਿੱਝਣਾ ਸੀ। ਇਸ ਖਾਤਰ ਉਪਰੋਕਤ ਪੱਖਾਂ ਤੋਂ ਪੰਛੀ-ਝਾਤ ਪਾਉਣੀ ਜ਼ਰੂਰੀ ਹੈ।

ਗੁਰੂ ਅਰਜਨ ਦੀ ਸ਼ਹਾਦਤ ਤੋਂ ਡੇਢ ਦਹਾਕਾ ਬਾਅਦ ਜਨਮ ਹੋਇਆ ਸੀ ਤੇਗ਼ ਬਹਾਦਰ ਦਾ, ਜਦ ਹਾਲਾਤ ਪੂਰੀ ਤਰ੍ਹਾਂ ਭਿਆਨਕ ਸਨ। ਸਮਾਜਕ ਸਥਿਤੀ ਵੀ ਡਾਵਾਂ ਡੋਲ ਸੀ। 'ਸਭੈ ਸਾਂਝੀਵਾਲ ਸਦਾਇਨ' ਦਾ ਵਡਮੁੱਲਾ ਸੰਦੇਸ਼ ਦੇਣ ਵਾਲੇ ਦੀ ਘੋਰ ਅਤੇ ਅਨਿਆਈਂ ਹੱਤਿਆ ਨੂੰ ਦੁੱਖਦਾਈ ਮੰਨਣ ਦੀ ਥਾਂ ਇਸਨੂੰ ਦੈਵੀ ਕਹਿ ਕੇ ਸੰਤੋਖ ਬਲਕਿ ਅਵੇਸਲੇ ਹੋ ਨਿਬੜਨ ਦਾ ਰੁਝਾਨ ਵਧ ਰਿਹਾ ਸੀ। ਗੁਰਮਤ ਨਾਲ ਜੁੜੇ ਪ੍ਰਾਣੀਆਂ ਦਾ ਆਪਣੇ ਆਪ ਨੂੰ ਵਿਯੋਗੇ ਅਨੁਭਵ ਕਰਨਾ ਸੁਭਾਵਕ ਸੀ। ਬਚਾਉ ਲਈ ਜੋ ਸ਼ਕਤੀ ਦੀ ਗੁਹਾਰ ਲੱਗ ਚੁੱਕੀ ਸੀ, ਜਿਸਦੇ ਸ੍ਰੋਤ ਉਨ੍ਹਾਂ ਦੇ ਪਿਤਾ ਖ਼ੁਦ ਗੁਰ ਹਰਗੋਬਿੰਦ ਸਨ, ਉਸ ਨਾਲ ਵੀ ਤਨੋਂ ਮਨੋਂ ਅਭੇਦ ਨਹੀਂ ਸੀ ਹੋਇਆ ਜਾ ਸਕਦਾ। ਤਿਆਗ ਦਾ ਜੋ ਰੁਝਾਨ ਗੁਰੂ ਨਾਨਕ ਦੇ ਪੁੱਤਰ ਸਿਰੀ ਚੰਦ ਤੋਂ ਚੱਲ ਕੇ ਗੁਰੂ-ਘਰ ਵਿਚ ਹਾਜ਼ਰੀ ਲਵਾ ਚੁੱਕਾ ਸੀ, ਉਸ ਨਾਲ ਜੁੜਨਾ ਕਿਵੇਂ ਵੀ ਯੋਗ ਨਹੀਂ ਸੀ। ਅਜਿਹੀ ਪਰਿਸਥਿਤੀ ਵਿਚ ਜਦ ਪਰਿਵਾਰਕ ਹਾਲਾਤ ਅਨੁਕੂਲ ਨਾ ਹੋਣ, ਸਮਾਜਕ ਤੇ ਰਾਜਸੀ ਹਾਲਾਤ ਤਾਂ ਹੋਣ ਹੀ ਪ੍ਰਤੀਕੂਲ ਤਾਂ ਇਕੱਲ ਵਿਚ ਵਿਚਰਨਾ ਤੇ ਰੂਹਾਨੀ ਰੁਚੀ ਨਾਲ ਜੁੜ ਜਾਣਾ, ਮਾਂ ਦੇ ਲਾਡਲੇ ਪੁੱਤਰ ਲਈ ਜ਼ਰੂਰੀ ਹੋ ਜਾਂਦਾ ਹੈ।

ਮਾਤਾ ਨਾਨਕੀ ਦੇ ਪੇਟੋਂ ਜਨਮ ਹੋਇਆ ਸੀ ਤੇਗ਼ ਬਹਾਦਰ ਦਾ, ਜੋ ਛੇਵੇਂ ਗੁਰੂ ਹਰਗੋਬਿੰਦ ਜੀ ਦੀ ਪਹਿਲੀ ਸੁਪਤਨੀ ਸੀ। ਦੋ ਸ਼ਾਦੀਆਂ ਗੁਰੂ ਹਰਗੋਬਿੰਦ ਜੀ ਨੇ ਹੋਰ ਕੀਤੀਆਂ, ਉਹਨਾਂ ਨੇ ਪੁੱਤਰਾਂ ਨੂੰ ਜਨਮ ਦਿੱਤਾ, ਪਰ ਅਸਲ ਅਰਥਾਂ ਵਿਚ ਸੁਪਤਨੀ ਹੋਣ ਦਾ ਮਾਣ ਮਾਤਾ ਨਾਨਕੀ ਨੂੰ ਹੀ ਪ੍ਰਾਪਤ ਸੀ। ਲੰਮੀ ਉਮਰ ਭੋਗਣਾ, ਪਤੀ ਦੇ ਦਿਹਾਂਤ ਉਪਰੰਤ ਪੰਜਤਾਲੀ ਸਾਲ ਉਪਯੋਗੀ ਜੀਵਨ ਜਿਉਣਾ, ਗੁਰੂ ਤੇਗ਼ ਬਹਾਦਰ ਲਈ ਅਕਾਂਖਿਆ ਦਾ ਸ੍ਰੋਤ ਸਿੱਧ ਹੋਣਾ, ਇਹ ਮਾਤਾ ਨਾਨਕੀ ਦੇ ਹੀ ਹਿੱਸੇ ਆਇਆ। ਅਕਾਰਨ ਨਹੀਂ ਕਿ 'ਰਾਗ ਸੋਰਠਿ' ਵਿਚ ਆਤਮਿਕ ਵਾਟ ਵਿਚ ਸਹਾਇਤਾ ਪ੍ਰਦਾਨ ਕਰ ਦੇਣ ਦੀ ਗੁਹਾਰ ਪਾਈ ਗਈ ਹੈ:

> ਕਉਨੁ ਨਾਮੁ ਗੁਰ ਜਾ ਕੈ ਸਿਮਰੈ ਭਵ ਸਾਗਰ ਕਉ ਤਰਈ॥
> ਮਾਈ ਮੈ ਕਿਹ ਬਿਧਿ ਲਖਉ ਗੁਸਾਈ॥

ਏਥੇ ਵਾਸਤਾ ਪਾਇਆ ਗਿਆ ਹੈ ਕਿ ਅਗਿਆਨ ਵਿਚ ਫਾਥੇ, ਭਰਮ ਵਿਚ ਗਵਾਚੇ ਅਤੇ ਮਾਇਆ ਵਿਚ ਗਲਤਾਨ ਪ੍ਰਾਣੀ ਨੂੰ ਕੀਰਿਤ ਪਾ ਲੈਣ ਦੇ ਯੋਗ ਕੀਤਾ ਜਾਵੇ। ਪ੍ਰਭੂ, ਜਿਸਨੂੰ ਪਛਾਣਨਾ ਜੀਵਨ ਦਾ ਅੰਤਮ ਲਕਸ਼ ਹੈ, ਵਾਸਤਵ ਵਿਚ ਪੁਲਿੰਗ ਹੈ। ਉਸ ਨਾਲ ਮੇਲ ਪ੍ਰਾਪਤ ਕਰਨ ਲਈ ਲੋੜ ਉਸ ਸਬਰ ਦੀ ਹੈ ਜੋ ਮਾਤਾ ਦਾ ਅਦਭੁਤ ਗੁਣ ਹੁੰਦਾ ਹੈ। "ਮਾਈ ਮਨੁ ਮੇਰੋ ਬਸਿ ਨਾਹਿ" ਰਾਹੀਂ ਬੇਕਾਬੂ ਹੋਏ ਮਨ ਬਾਰੇ ਰੁਦਨ ਹੈ। ਮਾਤਾ ਨੂੰ ਹੀ ਬੇਨਤੀ ਹੈ ਕਿ ਮਾਇਆ ਦੀ ਹਿਰਸ ਤੋਂ ਛੁਟਕਾਰਾ ਦਿਵਾਇਆ ਜਾਵੇ। ਅਜਬ ਗੱਲ ਹੈ ਕਿ ਧਰਮ ਗ੍ਰੰਥਾਂ ਆਦਿ ਨੂੰ ਇਸ ਕਾਰਜ ਦੇ ਯੋਗ ਨਹੀਂ ਮੰਨਿਆ ਗਿਆ। ਕਾਰਨ ਇਹ ਪ੍ਰਤੀਤ ਹੁੰਦਾ ਹੈ ਕਿ ਬੇਨਤੀਕਾਰ ਦਾ ਹਿਰਦਾ ਪੁਰਾਤਨ ਗ੍ਰੰਥਾਂ ਤੋਂ ਸੇਧ ਲੈਣ ਦੇ ਸਮਰੱਥ ਨਹੀਂ। ਸਵਾਲ ਇਹ ਹੈ ਕਿ ਇਹਨਾਂ ਗ੍ਰੰਥਾਂ ਵਿਚ ਸੇਧ ਦੇਣ ਦੀ ਸਮਰੱਥਾ ਹੈ ਵੀ? ਨਾਨਕ-ਬਾਣੀ ਵਿਚ ਇਹ ਧਾਰਨਾ ਸਪਸ਼ਟ ਕੀਤੀ ਗਈ ਹੈ। ਗੁਰੂ ਤੇਗ਼ ਬਹਾਦਰ ਭੇਦ ਬਣਾਈ ਰੱਖਦੇ ਹਨ ਜਿਸ ਨਾਲ ਮਾਤਾ ਦੀ ਮਹਿਮਾ ਵਧੇਰੇ ਉੱਭਰ ਆਉਂਦੀ ਹੈ।

'ਮਾਝ ਕੀ ਵਾਰ' ਵਿਚ ਦਿੱਤੇ ਪ੍ਰਭਾਵ 'ਦਸ ਬਾਲਹ ਵਿ ਬੀਸ ਰਵਣਿ' ਅਨੁਸਾਰ, ਬਾਲਪਣ

ਲੰਘਣ ਉਪਰੰਤ ਜਦ ਤੇਗ਼ ਬਹਾਦਰ ਦਾ ਗਭਰੇਟ ਅਵਸਥਾ ਵਿਚ ਦਾਖਲਾ ਹੋਇਆ ਤਾਂ ਮਾਤਾ ਗੁਜਰੀ ਨਾਲ ਉਨ੍ਹਾ ਦਾ ਸੰਜੋਗ ਬਣ ਗਿਆ। ਰਵਾਇਤੀ ਢੰਗ ਨਾਲ ਵਧਦੇ ਫੁਲਦੇ ਇਸ ਸੰਜੋਗ ਬਾਰੇ ਦੋ ਤਰ੍ਹਾਂ ਦੇ ਪ੍ਰਭਾਵ ਹਨ। ਪਹਿਲਾ ਇਸ ਲਹਿਜੇ ਵਿਚ ਪਰੁੱਤਾ ਇਉਂ ਪ੍ਰਗਟ ਹੁੰਦਾ ਹੈ:

ਦਾਰਾ ਮੀਤ ਪੂਤ ਸਨਬੰਧੀ ਸਗਰੇ ਧਨ ਸਿਉ ਲਾਗੇ॥
ਜਬ ਹੀ ਨਿਰਧਨ ਦੇਖਓ ਨਰ ਕਉ ਸੰਗੁ ਛਾਡ ਸਭਿ ਭਾਗੇ॥

ਇਸ ਵਿਚ ਉਨ੍ਹਾਂ ਦੀ ਧਾਰਨਾ ਬਣਦੀ ਲੱਗਦੀ ਹੈ ਕਿ ਜਿਉਂਦੇ ਹੀ ਘਰੋਗੀ ਸੰਬੰਧ ਵਿਚਲਾ ਨਿੱਘ ਲੋਪ ਹੋਣ ਲੱਗ ਪੈਂਦਾ ਹੈ। ਪਤਨੀ, ਪੁੱਤਰ, ਸੰਬੰਧੀ, ਮਿੱਤਰ ਕੋਈ ਵੀ ਸੰਬੰਧ ਨੂੰ ਕਾਰਗਰ ਬਣਾਉਣ ਦਾ ਉਪਰਾਲਾ ਨਹੀਂ ਕਰਦਾ। ਕਿਸੇ ਤੋਂ ਸਾਰਥਕ ਯਤਨ ਦੀ ਆਸ ਨਹੀਂ ਬੱਝਦੀ। ਪ੍ਰਾਣੀ ਦੇ ਜਿਉਂਦਿਆਂ ਹੀ ਇਹ ਭਾਣਾ ਵਰਤ ਜਾਂਦਾ ਹੈ। ਇਹ ਨਿਰਾਸ਼ਾ ਦਾ ਕਾਰਨ ਹੈ ਕਿਉਂ ਜੋ ਇਸਦਾ ਇਉਂ ਵਾਪਰਨਾ ਤੈਹ ਹੈ। ਇਹ ਅਮੋੜ ਹੈ ਜਿਸ ਵਿਚ ਮੋੜ ਨਹੀਂ ਪੈ ਸਕਦਾ।

ਮਾਤਾ ਨਾਨਕੀ ਦਾ ਲਾਡਲਾ ਪੁੱਤਰ ਹੋਣ ਕਾਰਨ ਘਰੋਗੀ ਜੀਵਨ ਵਿਚ ਉਨ੍ਹਾਂ ਨੂੰ ਪ੍ਰਵੇਸ਼ ਕਰ ਗਈ ਊਣ ਜਿਵੇਂ ਪ੍ਰਤੀਤ ਹੋਈ ਹੋਵੇਗੀ, ਉਸਦੀ ਪਰਛਾਈਂ ਇਸ ਪ੍ਰਭਾਵ 'ਤੇ ਪਈ ਪ੍ਰਤੀਤ ਹੁੰਦੀ ਹੈ। ਨਿਸਚੇ ਹੀ ਇਸਦਾ ਪ੍ਰਭਾਵ ਗੌਣ ਹੀ ਹੋ ਸਕਦਾ ਸੀ, ਬਾਹਰੀ ਹਾਲਾਤ ਤੋਂ ਪੈਂਦੇ ਨਿਰਾਸ਼ਾ ਵਾਲੇ ਪ੍ਰਭਾਵ ਦੇ ਤੁਲ, ਜਿਸਨੇ ਉਨ੍ਹਾਂ ਨੂੰ ਵਿਯੋਗੇ ਅਨੁਭਵ ਕਰਨ ਵਿਚ ਮਾਤਾ ਗੁਜਰੀ ਨਾਲ ਬਣੇ ਸੰਜੋਗ ਨੇ, ਬਹੁਤ ਹੀ ਨਿੰਮ੍ਹੇ ਰੂਪ ਵਿਚ ਭਾਵੇਂ, ਆਪਣਾ ਉਜਲਾ ਰੂਪ ਵੀ ਦਿਖਾਣਾ ਆਰੰਭ ਕਰ ਦਿੱਤਾ ਹੋਵੇਗਾ। ਨਿਚਲੇ ਸ਼ਲੋਕਾਂ ਤੋਂ ਇਸਦੀ ਭਿਣਕ ਪੈਣ ਤੋਂ ਨਹੀਂ ਰਹਿੰਦੀ:

ਘਰ ਕੀ ਨਾਰਿ ਬਹੁਤੁ ਹਿਤੁ ਜਾ ਸਿਉ ਸਦਾ ਰਹਤ ਸੰਗਿ ਲਾਗੀ॥
ਜਬ ਹੀ ਹੰਸ ਤਜੀ ਇਹ ਕਾਂਇਆ ਪ੍ਰੇਤ ਪ੍ਰੇਤ ਕਰ ਭਾਗੀ॥
ਇਹ ਬਿਧਿ ਕੋ ਬਿਉਹਾਰੁ ਬਨਿਓ ਹੈ ਜਾ ਸਿਉ ਨੇਹ ਲਗਾਇਓ॥
ਅੰਤਿ ਬਾਰ ਨਾਨਕ ਬਿਨੁ ਹਰਿ ਜੀ ਕੋਊ ਕਾਮਿ ਨ ਆਇਓ॥

ਏਥੇ ਗੁਰੂ ਸਾਹਿਬ ਦੀ ਧਾਰਨਾ ਬਹੁ-ਪਾਸਾਰੀ ਹੀ ਨਹੀਂ ਸਗੋਂ ਪਹਿਲਾਂ ਦੀ ਤੁਲਨਾ ਵਿਚ ਉਜਲੀ ਵੀ ਹੋ ਨਿਬੜਦੀ ਹੈ। ਜੀਵਨ ਬਸਰ ਕਰਦਿਆਂ, ਨਾਰੀ ਜੋ ਪਤਨੀ ਵਜੋਂ ਵਿਚਰਦੀ ਹੈ, ਬਹੁਤ ਪ੍ਰੇਮ ਜਤਾਂਦੀ ਹੈ। ਸਦਾ ਸਾਥ ਬਣਾਈ ਰੱਖਣ ਦੀ ਪ੍ਰਤਿੱਗਿਆ ਕਰਦੀ ਹੈ। ਪਰ ਪ੍ਰਾਣੀ ਦੇ ਦਿਹਾਂਤ ਉਪਰੰਤ ਆਪਣੀ ਪ੍ਰਤਿੱਗਿਆ 'ਤੇ ਪੂਰੀ ਨਹੀਂ ਉਤਰਦੀ। ਪਹਿਲੀ ਧਾਰਨਾ ਵਾਂਗ, ਇਸ ਵਿਚ ਵੀ ਨਾਸ਼ਵਾਨਤਾ ਨਾਲ ਪ੍ਰਤੱਖ ਵਾਸਤਾ ਹੈ। ਦੋਨਾਂ ਵਿਚ ਪਰ ਮਹੀਨ ਅੰਤਰ ਹੈ। ਪਹਿਲੇ ਵਿਚ ਤੋੜ ਜਿਉਂਦਿਆਂ ਹੀ ਵਾਪਰ ਜਾਂਦਾ ਹੈ। ਦੂਜੇ ਵਿਚ ਵਿਛੋੜ ਹੈ ਜੋ ਪ੍ਰਾਣੀ ਦੇ ਦਿਹਾਂਤ ਉਪਰੰਤ ਵਾਪਰਦਾ ਹੈ।

ਮੰਨਣਾ ਹੈ ਕਿ ਸ਼ਹਾਦਤ ਤੋਂ ਪਹਿਲਾਂ ਗੁਰੂ ਸਾਹਿਬ ਜੇ ਦੂਰਵਰਤੀ ਕਲਪਨਾ ਕਰਦੇ ਕਿ ਮਾਤਾ ਗੁਜਰੀ ਦੀ ਦੇਖ ਰੇਖ ਹੇਠ ਪਰਿਵਾਰ ਕਿਵੇਂ ਵਿਚਰੇਗਾ ਤਾਂ ਜਿਵੇਂ ਹੋਇਆ ਉਸਦੀ ਨੁਹਾਰ ਨੇ ਇਹ ਕੋਮਲ-ਚਿੱਤ ਸੰਕੋਚ ਵੀ ਦੂਰ ਕਰ ਦੇਣੇ ਸਨ। ਉਨ੍ਹਾਂ ਦੇ ਸ਼ਹੀਦ ਹੋ ਜਾਣ ਉਪਰੰਤ, ਸੰਵੇਦਨਾ ਸਹਿਤ ਹੀ ਨਹੀਂ, ਬੌਧਿਕ ਪਰਪੱਕਤਾ ਸਹਿਤ ਬਾਲਕ ਗੋਬਿੰਦ ਰਾਇ ਦੀ ਅਦਭੁਤ ਪਾਲਣਾ ਨੂੰ ਅਰਪਿਤ ਹੋਣਾ, ਇਸ ਕਾਰਜ ਵਿਚ ਕੁੱਲ ਤਨਦੇਹੀ ਨਾਲ ਲੱਗੇ ਰਹਿਣਾ, ਮਮਤਾ ਵਾਲੇ ਮੋਹ ਨੂੰ ਮੋਹ-ਭਿੰਨੀ ਨਸੀਹਤ ਵਿਚ ਬਦਲਣ ਤੋਂ ਰਤਾ ਭਰ ਵੀ ਗੁਰੇਜ਼ ਨਾ ਕਰਨਾ, ਇਹ ਸਭ ਕੁਝ ਮਾਤਾ ਗੁਜਰੀ ਦੇ ਹੀ ਹਿੱਸੇ ਆਇਆ। ਪੁੱਤਰ ਤੋਂ ਵੀ ਪਾਰ, ਛੋਟੇ ਪੋਤਿਆਂ ਲਈ ਵੀ ਬਿਪਤਾ ਵਿਚ ਢੋਈ ਬਣਨਾ ਅਤੇ ਅੰਤਮ ਪਲ ਤਕ ਉਹਨਾਂ ਨੂੰ "ਨਿਸਚੈ ਕਰ ਆਪਨੀ ਜੀਤ ਕਰੂੰ" ਦੇ ਯੋਗ ਕਰੀ ਰੱਖਣਾ, ਇਸਦਾ ਸਿਹਰਾ ਵੀ ਮਾਤਾ ਗੁਜਰੀ ਨੂੰ ਹੀ ਜਾਂਦਾ ਹੈ।

ਗੁਰਗੱਦੀ 'ਤੇ ਬਿਰਾਜਮਾਨ ਹੋਣ ਤੋਂ ਪਹਿਲਾਂ ਤੇਗ਼ ਬਹਾਦਰ, ਪਿਤਾ ਗੁਰੂ ਹਰਗੋਬਿੰਦ ਦੀ

ਹਜ਼ੂਰੀ ਵਿਚ ਬਣੇ ਰਹਿਣ ਉਪਰੰਤ ਹਰਿ ਰਾਏ ਦੇ ਗੁਰੂ ਬਣਨ ਉਪਰੰਤ ਆਪਣੀ ਮਾਤਾ ਅਤੇ ਸੁਪਤਨੀ ਨਾਲ ਬਾਬਾ ਬਕਾਲ਼ਾ ਆ ਕੇ ਰਹਿਣ ਲੱਗ ਪਏ। ਏਥੇ ਉਨ੍ਹਾਂ ਦਾ ਨਾਨਕਾ ਘਰ ਸੀ ਜਿਸ ਵਿਚ ਰਿਹਾਇਸ਼ ਰੱਖਕੇ ਉਹ ਸਿਮਰਨ ਵਿਚ ਮਗਨ ਰਹਿਣ ਲੱਗ ਪਏ। ਨਾਨਕ-ਬਾਣੀ ਦੀ ਲਗਨ ਤਾਂ ਉਨ੍ਹਾਂ ਨੂੰ ਦਸ ਸਾਲ ਪਹਿਲਾਂ ਭਾਈ ਗੁਰਦਾਸ ਨੇ ਲਗਾ ਹੀ ਦਿੱਤੀ ਸੀ ਜੋ ਉਨ੍ਹਾਂ ਦੇ ਦਿਹਾਂਤ ਉਪਰੰਤ ਸਭ ਕੁਝ ਦਾ ਸ੍ਰੋਤ ਬਣ ਗਈ। ਭਲੀ ਭਾਂਤ ਇਸਦਾ ਪ੍ਰਮਾਣ ਉਨ੍ਹਾਂ ਵੱਲੋਂ ਰਚੇ ਸ਼ਲੋਕਾਂ ਤੋਂ ਲੱਗ ਜਾਂਦਾ ਹੈ ਜੋ ਭਿੰਨ ਭਿੰਨ ਰਾਗਾਂ ਵਿਚ ਸੱਠ ਦੇ ਲਗਪਗ ਬਣਦੇ ਹਨ। 'ਵਾਰਾਂ ਤੋਂ ਵਧੀਕ' ਗਰਦਾਨੇ ਜਾਂਦੇ ਸੋਲ਼ਾਂ ਸ਼ਲੋਕ ਹੋਰ ਹਨ ਜੋ ਗੁਰੂ ਗ੍ਰੰਥ ਸਾਹਿਬ ਦੀ ਅੰਤਿਕਾ ਦਾ ਕਾਰਜ ਨਿਭਾਉਂਦੇ ਹਨ, ਜਿਵੇਂ ਗੁਰੂ ਨਾਨਕ ਦੀ ਅਦਭੁਤ ਰਚਨਾ 'ਜਪੁ ਜੀ' ਨੂੰ ਇਸ ਇਲਾਹੀ ਗ੍ਰੰਥ ਦੀ ਆਰੰਭਕਾ ਹੋਣ ਦਾ ਗੌਰਵ ਪ੍ਰਾਪਤ ਹੈ।

ਕੀ ਸੀ ਉਨ੍ਹਾਂ ਲਈ ਸਿਮਰਨ ਦੀ ਪ੍ਰਕਿਰਤੀ ਤੇ ਪ੍ਰਕਿਰਿਆ,ਇਸ ਬਾਰੇ ਵੀ ਇਸ ਪ੍ਰਸੰਗ ਵਿਚ ਕੁਝ ਨਾ ਕੁਝ ਜਾਨਣਾ ਜ਼ਰੂਰੀ ਹੈ। ਸੋਰਠ ਮਹਲਾ ਨੌਵਾਂ ਵਿਚ ਇਸ ਬਾਰੇ ਬੜੇ ਭਾਵਪੂਰਤ ਸੰਕੇਤ ਦਰਜ ਹਨ। ਇਹਨਾਂ ਦੀ ਲੋਅ ਵਿਚ ਅਕਾਲ ਪੁਰਖ ਨਾਲ ਪ੍ਰੀਤਿ, ਉਸਦੀ ਰਚਨਾ ਦਾ ਗੁਣ ਗਾਇਣ, ਕਾਲ ਬਿਆਲ ਤੋਂ ਪਾਰ ਵਿਚਰਣ ਦੀ ਅਕਾਂਖਿਆ ਇਹ ਜਾਣਕੇ ਕਿ ਆਜੁ ਕਾਲ ਪ੍ਰਾਣੀ ਨੂੰ ਗ੍ਰੱਸੇ ਹੋਏ ਹੈ, ਇਹਨਾਂ ਦੀ ਗਹਿਰੀ ਸੂਝ, ਇਹ ਵਾਸਤਵ ਵਿਚ ਇਸਦਾ ਮੂਲ ਹਨ। ਇਸ ਸਭ ਨੂੰ ਗ੍ਰਹਿਣ ਕਰਨਾ, ਚਿੱਤ ਵਿਚ ਵਸਾਣਾ ਅਤੇ ਇਸ ਤਰ੍ਹਾਂ ਵਸੀ ਸੂਝ ਨੂੰ ਸਾਂਭੀ ਰੱਖਣਾ ਸਿਮਰਨ ਸਾਰ ਹੈ। ਮਨ ਦੇ ਧੁਰ ਅੰਦਰ ਇਸਨੂੰ ਵਸਾਏ ਰੱਖਣ ਦੀ ਸੁਣਨ ਅਤੇ ਗਾਣ ਦੀ ਦੁਵੱਲੀ ਵਿਧੀ ਕਾਰਗਰ ਸਿੱਧ ਹੁੰਦੀ ਹੈ। ਇਸੇ ਲਈ ਆਦੇਸ਼ ਹੈ:

> ਸ੍ਰਵਨ ਗੋਬਿੰਦ ਗੁਨੁ ਸੁਨਉ ਅਰ ਗਾਉ ਰਸਨਾ ਗੀਤਿ॥

ਏਥੇ ਗਹੁ ਕਰਨ ਵਾਲੀ ਗੱਲ ਇਹ ਹੈ ਕਿ ਪੜ੍ਹਨ ਨੂੰ ਗੌਣ ਮੰਨਿਆ ਗਿਆ ਹੈ। ਲਿਖਤ ਦੇ ਗੌਣ ਹੋਣ ਦੀ ਥਾਂ, ਦੋਸ਼ ਪ੍ਰਾਣੀ 'ਤੇ ਆਉਂਦਾ ਹੈ। ਨਾਲ ਹੀ ਅਜਿਹੇ ਉਚਾਰ ਵੀ ਦੁਰਲੱਭ ਨਹੀਂ ਜਿਨ੍ਹਾਂ ਵਿਚ ਜਟਲ ਹੋਣ ਨੂੰ ਨਕਾਰਿਆ ਨਹੀਂ ਗਿਆ। ਨਿਚਲਾ ਉਚਾਰ ਇਸਦਾ ਪ੍ਰਤੱਖ ਪ੍ਰਮਾਣ ਹੈ:

> ਇਹੁ ਜਗੁ ਹੈ ਸੰਪਤਿ ਸੁਪਨੇ ਕੀ ਦੇਖਿ ਕਹਾ ਐਡਾਨੋ॥

ਅੱਗੇ ਜੋ ਇਸਦਾ ਵਿਸਥਾਰ ਹੈ ਉਸਨੂੰ ਵੀ ਅਣਗੌਲਣਾ ਉਚਿਤ ਨਹੀਂ:

> ਜੋਬਨੁ ਧਨੁ ਪ੍ਰਭਤਾ ਕੈ ਮਦ ਮੈ ਅਹਿਨਿਸਿ ਰਹੈ ਦਿਵਾਨਾ॥
> ਗੁਰਮਤਿ ਸੁਨਿ ਕਛੁ ਗਿਆਨੁ ਨ ਉਪਜਿਓ॥
> ਪਸੁ ਜਿਉ ਉਦਰੁ ਭਰਉ॥

ਗੁਣਵਾਨ ਬਣਨ ਲਈ ਸ਼ਲੋਕਾਂ ਵਿਚ ਗੁਰੂ ਨਾਨਕ ਦੀ ਗਵਾਹੀ ਪਾਉਣ ਦਾ ਨਿਰਵਿਘਨ ਯਤਨ ਹੈ।ਅਸਲ ਵਿਚ ਇਹ ਨਿਰੀ ਕਾਵਿ ਜੁਗਤ ਨਹੀਂ, ਸਗੋਂ ਆਪਣੇ ਵਿਚਾਰ ਤੇ ਪ੍ਰਭਾਵ ਨੂੰ ਸੱਚ ਸਿੱਧ ਕਰਨ ਦਾ ਸੁਯੋਗ ਯਤਨ ਹੈ। ਬਾਵਜੂਦ ਇਸਦੇ ਇਹਨਾਂ ਵਿਚ ਅਭਾਵ ਹੈ ਉਸ ਬਹੁ-ਪਰਤੀ ਅਤੇ ਬਹੁ-ਵਿਧਾਈ ਸੰਵਾਦ ਦਾ, ਜੋ ਗੁਰੂ ਨਾਨਕ ਦੇ ਚਿੰਤਨ-ਚਿਤਾਰਣ ਦਾ ਪ੍ਰਮੁੱਖ ਲੱਛਣ ਹੈ। ਮੀਰੀ ਗੁਣ ਇਸਦਾ ਇਹ ਹੈ ਕਿ ਨਾ ਤਿਆਗ ਤੇ ਨਾ ਤਪੱਸਿਆ ਨਾਲ ਇਸਦਾ ਕੋਈ ਨਾਤਾ ਜੁੜਦਾ ਹੈ। ਤਪੱਸਵੀ ਮਨ ਵਿਚ ਇਹ ਧਾਰਨ ਬਿਠਾ ਲੈਂਦਾ ਹੈ ਕਿ ਜਿੰਨੀ ਅਣ-ਦੇਖੀ ਤਨ ਦੀ ਹੁੰਦੀ ਹੈ, ਉਤਨਾ ਹੀ ਉਹ ਰੂਹਾਨੀ ਅਜ਼ਮਤ ਦਾ ਹੱਕਦਾਰ ਬਣਦਾ ਹੈ। ਭਗਤੀ ਵਿਚ ਮਨ ਨੂੰ ਇਕਹਿਰੇ ਸਰੋਕਾਰ ਦੇ ਵੱਸ ਕਰਕੇ ਰੂਹਾਨੀਅਤ ਅਜ਼ਮਤ ਨਾਲ ਸਰਸ਼ਾਰ ਹੋਣ ਦੀ ਕਾਮਨਾ ਕਰਦੀ ਹੈ। ਗੁਰੂ ਤੇਗ਼ ਬਹਾਦਰ ਦਾ ਸਰੋਕਾਰ ਸਿਮਰਨ ਨਾਲ ਬਣਿਆ ਜਿਸ ਵਿਚ ਸ਼ਬਦ ਨੂੰ ਪ੍ਰਧਾਨ ਮੰਨਿਆ ਗਿਆ ਹੈ।

ਗੁਰੂ ਨਾਨਕ ਦੀ ਬਾਣੀ ਵਿਚ ਸ਼ਬਦ ਦੇ ਦੋ ਪਾਸਾਰ ਨਿਰੰਤਰ ਬਣੇ ਰਹਿੰਦੇ ਹਨ। ਇਕ ਧੁਨ

ਤੋਂ ਅਤੇ ਦੂਜਾ ਚਿੱਤਰ ਤੋਂ ਪ੍ਰੇਰਤ ਹੁੰਦਾ ਹੈ। ਜਿੱਥੇ ਪਹਿਲਾ ਸ਼ਬਦ ਦੀਆਂ ਖੜ੍ਹੇ-ਦਾਅ ਪਰਤਾਂ ਨੂੰ ਬਲ ਬਖਸ਼ਦਾ ਹੈ, ਉੱਥੇ ਚਿੱਤਰ ਇਸਦੀਆਂ ਪਏ-ਦਾਅ ਪਰਤਾਂ ਨੂੰ ਸਹਿਕ ਸਕੰਦੜਾ ਬਣਾਉਂਦਾ ਹੈ। ਡਾ. ਹਰਿਭਜਨ ਸਿੰਘ ਨੇ ਇਹ ਦ੍ਰਿੜ ਕੀਤਾ ਸੀ ਕਿ ਗੁਰੂ ਤੇਗ਼ ਬਹਾਦਰ ਦੀ ਬਾਣੀ ਚਿੱਤਰ ਤੋਂ ਆਰ ਜਾਂ ਪਾਰ ਜਾਣ ਨਾਲ ਵਧੇਰੇ ਵਾਸਤਾ ਦਰਸਾਂਦੀ ਹੈ। ਉਨ੍ਹਾਂ ਆਪਣੀ ਧਾਰਨਾ ਦਾ ਨਬੇੜਾ ਇਹ ਕਹਿਕੇ ਹੀ ਕਰ ਦਿੱਤਾ ਸੀ। ਮੇਰੀ ਮੇਰੀ ਇਸ ਨਾਲ ਤਸੱਲੀ ਨਹੀਂ। ਨਾਨਕ ਬਾਣੀ ਨਾਲ ਗੁਰੂ ਤੇਗ਼ ਬਹਾਦਰ ਦਾ ਲਗਾਵ ਜਿਸ ਪ੍ਰਕਿਰਤੀ ਅਤੇ ਪ੍ਰਕਿਰਿਆ ਅਨੁਸਾਰ ਸੁਹੰਢਣਾ ਹਾਣੀ ਹੋਣ ਦਾ ਅਭਿਲਾਸ਼ੀ ਸੀ. ਗੱਲ ਦੀ ਘੁੰਮਣਘੇਰੀ ਉੱਥੇ ਬਣੀ ਹੋਈ ਸੀ।

ਅੰਤਿਮ ਗੱਲ ਸੀ ਗੁਰੂ ਤੇਗ਼ ਬਹਾਦਰ ਦੇ ਦਿੱਲੀ ਜਾਣ ਜਾਂ ਲਿਜਾਏ ਜਾਣ ਦੀ। ਇਹ ਭਾਣਾ ਸੀ ਜਾਂ ਦੁਖਾਂਤ, ਕਹਿਣਾ ਔਖਾ ਲੱਗਦਾ ਹੈ। ਸ਼ਹਾਦਤ ਦੇ ਸਾਲ ਦੀ ਗਰਮੀ ਦੀ ਰੁੱਤ ਪੂਰੀ ਤਰ੍ਹਾਂ ਇਸਦੇ ਲੇਖੇ ਲੱਗ ਜਾਂਦੀ ਹੈ। ਕਿਸ ਤਰ੍ਹਾਂ ਦੀ ਰਹੀ ਹੋਵੇਗੀ ਉਨ੍ਹਾਂ ਦੀ ਆਤਮਕ ਤੇ ਮਾਨਸਿਕ ਅਵਸਥਾ, ਇਸਦਾ ਕੁੱਲ ਸਾਰ ਉਹਨਾਂ ਦੋਹਰਿਆਂ ਵਿਚ ਕਲਮਬੰਦ ਹੋਇਆ ਲੱਗਦਾ ਹੈ ਜੋ ਵਾਰਾਂ ਤੋਂ ਵਧੀਕ ਸਿਰਲੇਖ ਅਧੀਨ ਗੁਰੂ ਗ੍ਰੰਥ ਸਾਹਿਬ ਦੀ ਅੰਤਿਕਾ ਦਾ ਕਰਤੱਵ ਨਿਭਾਉਂਦੇ ਹਨ। ਭਿੰਨ ਤਰ੍ਹਾਂ ਦੇ ਸਰੋਕਾਰ ਦਾਰਾ, ਸੰਪਤਿ, ਧਨ ਆਦਿ ਨਾਲ ਲਗਾਵ, ਨਾਰੀ ਪ੍ਰੇਮ ਦੀ ਤਾਂਘ, ਜਾਇਦਾਦ ਬਣਾਉਣ ਦੀ ਲਾਲਸਾ, ਸਭ ਮਨ ਦੇ ਚਿੱਤਰਪਟ 'ਤੇ ਆਕਾਸ਼ ਵਿਚ ਬਣਦੀਆਂ ਬਿਨਸਦੀਆਂ ਬਦਲੋਟੀਆਂ ਵਾਂਗ ਦ੍ਰਿਸ਼ਟ ਅਤੇ ਅਦ੍ਰਿਸ਼ਟ ਹੁੰਦੇ ਗਏ ਹਨ। ਨਾਲ ਹੀ ਇਹ ਨਿਰਮੂਲ ਜਾਪਣ ਲੱਗ ਪੈਂਦੇ ਹਨ। ਦੁੱਖ ਸੁੱਖ, ਉਸਤਤ ਨਿੰਦਾ, ਹਰਖ ਸੋਗ, ਭੈਅ ਪਾਨ ਜਾਂ ਪਵਾਣ ਸ਼ਗੂਫੇ, ਜਿਨ੍ਹਾਂ ਨੂੰ ਭੋਗਣਾ ਬੇਲੋੜਾ ਸੀ ਪਰ ਤਿਆਗਣਾ ਹੋਰ ਵੀ ਕਠਨ ਸੀ। ਕਰਤਾ-ਵਾਚਕ ਬਣਨ ਦੀ ਅਭਿਲਾਸ਼ਾ ਕਦੇ ਤਾਂ ਮੂੰਹਜ਼ੋਰ ਹੁੰਦੀ ਹੈ ਪਰ ਅੰਤ ਨੂੰ ਕਰਮ-ਵਾਚਕ ਹੋ ਕੇ ਰਹਿ ਜਾਣ ਤਕ ਘਟ ਜਾਂਦੀ ਹੈ। ਦੋਹਾਂ ਵਿਚਲਾ ਅੰਤਰ ਕਹਿਣ ਨੂੰ ਪਿਆ ਸਰਲ ਲੱਗੇ ਪਰ ਅਸਲ ਵਿਚ ਇਸਦਾ ਸਾਰ ਬਹੁਤ ਵਿਖਮ ਹੁੰਦਾ ਹੈ। ਇਸ ਤੱਥ ਸੱਚ ਦਾ ਨਿਚੋੜ ਕੱਢਣ ਲਈ ਗੁਰੂ ਸਾਹਿਬ ਚਿੱਤਰ ਨੂੰ ਮਾਧਿਯਮ ਵਜੋਂ ਵਰਤਦੇ ਹਨ, ਭਾਵੇਂ ਅਜਿਹਾ ਕਰਤੱਵ ਉਨ੍ਹਾਂ ਲਈ ਮਨਭਾਉਂਦਾ ਨਹੀਂ ਸੀ। ਜਿਵੇਂ ਪ੍ਰਤੀਤ ਹੋਣੋਂ ਨਹੀਂ ਰਹਿੰਦਾ ਚਿੱਤਰ ਦੀ ਬਣਤਰ ਦੇ ਲਿਹਾਜ ਨਾਲੋਂ ਅਗਾਂਹ ਦੇ ਸਮੇਂ ਦੀ ਬਾਤ ਪਾਉਣਾ ਪ੍ਰਤੀਤ ਹੁੰਦਾ ਹੈ।

> ਨਾਨਕ ਮੂਰਤਿ ਚਿਤ੍ਰ ਜਿਉ ਛਾਡਿਤ ਨਾਹਿਨ ਭੀਤਿ॥
> ਨਰ ਚਾਹਤ ਕਛੁ ਅਉਰ ਅਉਰੈ ਕੀ ਅਉਰੈ ਭਈ॥

ਏਥੇ ਹੀ ਬੱਸ ਨਹੀਂ 'ਸਿਰ ਕੰਪਿਉ, ਪਗ ਡਗ ਮਗ, ਨੈਨ ਜੋਤਿ ਤੇ ਹੀਨ' ਵਾਲੀ ਹਾਲਤ ਤੋਂ ਆਗਾਹ ਕਰਨਾ ਵੀ ਆਪਣਾ ਕਰਤੱਵ ਜਾਣ ਲੈਂਦੇ ਹਨ। 'ਮੁਕਤਿ ਨਰ' ਬਣਕੇ ਇਸ ਹਾਲਤ ਤੋਂ ਬੇਲਾਗ ਰਹਿਣ ਦੀ ਨਸੀਹਤ ਵੀ ਦੇ ਦਿੰਦੇ ਹਨ। ਇਉਂ ਜਾਪਣ ਲੱਗ ਪੈਂਦਾ ਹੈ ਕਿ ਗੁਰੂ ਨਾਨਕ ਦੀ ਧੁਨ ਵਿਚ ਗੁਰੂ ਅਰਜਨ ਦੀ ਹੂਕ ਵੀ ਆ ਸਮਾਈ ਹੈ। ਸੰਵਾਦੀ ਲਹਿਜਾ ਜੋ ਨਾਲ ਹੀ ਚਿੰਤਨ ਦੀ ਗਹਿਰਾਈ ਵਿਚ ਉਤਰਦਾ ਜਾਂਦਾ ਹੈ, ਇਸ ਖਿਆਲ ਨੂੰ ਵਿਧਾਨ ਵਿਚ ਗੁੰਨ੍ਹ ਕੇ ਪੇਸ਼ ਕਰਦਾ ਹੈ।

> ਬਲ ਛੁਟਕਿਉ ਬੰਧਨ ਪਰੇ ਕਛੂ ਨਾ ਹੋਤ ਉਪਾਇ॥
> ਕਹੁ ਨਾਨਕ ਅਬ ਓਟ ਹਰਿ ਗਜ ਜਿਉ ਹੋਹੁ ਸਹਾਇ॥
> ਬਲੁ ਹੋਆ ਬੰਧਨ ਛੁਟੇ ਸਭੁ ਕਿਛੁ ਹੋਤ ਉਪਾਇ॥
> ਨਾਨਕ ਸਭੁ ਕਿਛੁ ਤੁਮਰੈ ਹਾਥ ਮਹਿ ਤੁਮ ਹੀ ਹੋਤ ਸਹਾਇ॥

ਹੁਣ ਵੀ ਜਿੱਥੇ ਪਹਿਲਾ ਬਚਨ ਲੋਕਾਈ ਦੀ ਹੋਣੀ ਬਣ ਗਿਆ ਹੈ, ਉੱਥੇ ਇਸ ਤੋਂ ਪਾਰ ਜਾਣਾ ਵੀ ਦੂਜੇ ਬਚਨ 'ਤੇ ਚੱਲ ਕੇ ਸੰਭਵ ਹੈ। ਗੁਰੂ ਨਾਨਕ ਦੀ ਦ੍ਰਿਸ਼ਟੀ ਅਤੇ ਗੁਰੂ ਅਰਜਨ ਦੀ ਘਾਲਣਾ ਦਾ ਸਾਰ ਜਿਵੇਂ ਗੁਰੂ ਤੇਗ਼ ਬਹਾਦਰ ਦੀ ਸੁਰ ਵਿਚ ਪਰੁੰਨ੍ਹਾ ਮਿਲਦਾ ਹੈ, ਇਹ ਕਾਲ਼ੇ ਬੱਦਲ਼ਾਂ ਵਿਚ ਚਮਕਦੀ ਲਕੀਰ ਵਾਂਗ ਹੈ। 000

***(tejwant_gill@yahoo.com)***

# ਵਰਣ, ਧਰਮ, ਜਾਤ ਅਤੇ ਸਿਆਸਤ: ਰੌਣਕੀ ਰਾਮ

ਭਾਰਤੀ ਸਮਾਜ ਦੀ ਬਣਤਰ ਵਿਚ ਧਰਮ ਦਾ ਅਹਿਮ ਥਾਂ ਹੈ। ਧਰਮ ਦੇ ਨਾਲ਼ ਹੀ ਜਾਤ (ਜਾਤਿ, ਜਾਤੀ, ਜ਼ਾਤ) ਤੇ ਸਿਆਸਤ ਦੀਆਂ ਗੁੰਝਲ਼ਾਂ ਇਹਦੀ ਰੂਪ-ਰੇਖਾ ਨੂੰ ਸਮਝਣ ਵਿਚ ਔਖੇ ਸਵਾਲ ਖੜ੍ਹੇ ਕਰਦੀਆਂ ਹਨ। ਅਸਲ ਵਿਚ ਜਾਤ ਅਤੇ ਧਰਮ ਆਪਸ ਵਿਚ ਇਸ ਤਰ੍ਹਾਂ ਰਲ਼ਗੱਡ ਹੋਏ ਪਏ ਹਨ ਕਿ ਇਹ ਇਕ ਦੂਸਰੇ ਦੇ ਪੂਰਕ ਬਣ ਚੁੱਕੇ ਹਨ। ਧਰਮ ਦਾ ਨਾਤਾ ਮਨੁੱਖ ਦੇ ਜੀਵਨ ਦੀ ਕਾਰਜ ਸ਼ੈਲੀ ਨਾਲ਼ ਨਾ ਜੋੜ ਕੇ ਉਹਦੇ ਜੀਵਨ ਦੇ ਸਮਾਜਕ ਪੱਧਰ ਤੇ ਉਹਦੀ ਦੁਨਿਆਵੀ ਹੈਸੀਅਤ ਨਾਲ਼ ਮਿਲ਼ਾ ਕੇ ਪੇਸ਼ ਕੀਤਾ ਜਾਂਦਾ ਹੈ। ਧਰਮ ਤੇ ਜਾਤ ਰਲ ਕੇ ਸਿਆਸਤ ਨੂੰ ਜਿਸ ਤਰ੍ਹਾਂ ਪ੍ਰਭਾਵਤ ਕਰਦੇ ਹਨ, ਉਹਨੂੰ ਸਮਝ ਕੇ ਇਹ ਨਿਰਣਾ ਕਰਨਾ ਮੁਸ਼ਕਿਲ ਹੋ ਜਾਂਦਾ ਹੈ ਕਿ ਧਰਮ ਤੇ ਜਾਤ ਸਿਆਸਤ ਦਾ ਧਰਮੀਕਰਨ/ਜਾਤੀਕਰਨ ਕਰਦੇ ਹਨ ਜਾਂ ਫਿਰ ਸਿਆਸਤ ਧਰਮ ਤੇ ਜਾਤ ਦਾ ਸਿਆਸੀਕਰਨ ਕਰਦੀ ਹੈ। ਧਰਮ ਤੇ ਜਾਤ ਦੇ ਉਪਾਸ਼ਕ ਆਪਣੇ ਅੰਦਰੂਨੀ ਤੇ ਆਪਸੀ ਖੋਟਾਂ ਨੂੰ ਅਕਸਰ ਸਿਆਸਤ ਦੇ ਨਾਂ 'ਤੇ ਮੜ੍ਹਦੇ ਹਨ ਅਤੇ ਸਿਆਸਤਦਾਨ ਇਹ ਕਹਿਣੋਂ ਅੱਕਦੇ ਨਹੀਂ ਕਿ ਧਰਮ ਤੇ ਜਾਤ ਉਨ੍ਹਾਂ ਦੀ ਸਿਆਸਤ ਵਿਚ ਆਪਮੁਹਾਰੇ ਹੀ ਦਿਉ ਦੀ ਤਰ੍ਹਾਂ ਰਸਤਾ ਮੱਲੀ ਖੜ੍ਹੇ ਰਹਿੰਦੇ ਹਨ। ਧਰਮ, ਜਾਤ ਤੇ ਸਿਆਸਤ ਨੂੰ ਜੇ ਅਲੱਗ-ਅਲੱਗ ਕਰਕੇ ਸਮਝਣ ਦੀ ਕੋਸ਼ਿਸ਼ ਕੀਤੀ ਜਾਵੇ, ਤਾਂ ਇਹ ਸਾਨੂੰ ਕਿਸੇ ਠੋਸ ਨਤੀਜੇ 'ਤੇ ਪਹੁੰਚਾਉਣ ਵਿਚ ਮਦਦਗਾਰ ਸਾਬਤ ਨਹੀਂ ਹੁੰਦੇ ਲਗਦੇ; ਕਿਉਂਕਿ ਇਨ੍ਹਾਂ ਤਿੰਨਾਂ ਦਾ ਆਪਸ ਵਿਚ ਇਸ ਤਰ੍ਹਾਂ ਰਲ਼ਗੱਡ ਹੋਇਆ ਪਿਆ ਹੈ ਕਿ ਇਕੱਲੇ ਤੌਰ 'ਤੇ ਇਨ੍ਹਾਂ ਨੂੰ ਵੱਖ-ਵੱਖ ਸਮਝਦਿਆਂ ਵੀ ਇਨ੍ਹਾਂ ਦੇ ਅਸਲੀ ਪੱਖ ਸਾਡੇ ਅਧਿਅਨ ਵਿਚੋਂ ਬਾਹਰ ਰਹਿ ਜਾਂਦੇ ਹਨ।

ਹਰ ਧਰਮ ਤੇ ਹਰ ਜਾਤ ਅਪਣੀ ਵੱਖਰੀ ਪਛਾਣ, ਵੱਖਰੇ ਉਦੇਸ਼ ਅਤੇ ਵੱਖਰੀਆਂ ਜੀਵਨ ਸ਼ੈਲੀਆਂ ਨੂੰ ਰੂਪਮਾਨ ਕਰਨ ਵਿਚ ਹਮੇਸ਼ਾ ਹੀ ਤਤਪਰ ਰਹਿੰਦੇ ਹਨ। ਵਿਦਵਾਨ ਅਕਸਰ ਸਮਾਜ ਨੂੰ ਇਕ ਹੀ ਇਕਾਈ ਸਮਝ ਕੇ ਤੇ ਉਸ ਵਿਚਲੇ ਧਰਮਾਂ ਤੇ ਜਾਤਾਂ ਨੂੰ ਅਲੱਗ-ਅਲੱਗ ਇਕਾਈਆਂ ਮੰਨ ਕੇ ਸਮਾਜ ਦੇ ਪ੍ਰਸੰਗ ਵਿਚ ਉਨ੍ਹਾਂ ਦਾ ਵਿਸ਼ਲੇਸ਼ਣ ਕਰਦੇ ਹਨ। ਅਸਲ ਵਿਚ ਸਿਆਸਤ ਇਕੱਲੇ ਸਿਆਸਤਦਾਨ ਹੀ ਨਹੀਂ ਕਰਦੇ, ਨਾ ਹੀ ਸਿਆਸਤ ਸਿਰਫ਼ ਤੇ ਸਿਰਫ਼ ਸਿਆਸਤਦਾਨਾਂ ਦੇ ਨਾਲ਼ ਵੱਖਰੇ ਕਿੱਤੇ ਦੀ ਤਰ੍ਹਾਂ ਜੁੜੀ ਹੋਈ ਹੈ। ਜਾਤ ਤੇ ਧਰਮ ਦੇ ਅਨੁਆਈ ਵੀ ਆਪਣੇ-ਆਪਣੇ ਤਰੀਕੇ ਨਾਲ਼ ਆਪਣੀ ਹੈਸੀਅਤ ਨੂੰ ਬਰਕਰਾਰ ਰੱਖਦਿਆਂ ਅਚੇਤ ਸੁਚੇਤ ਇਸ ਦਾ ਇਸਤੇਮਾਲ ਕਰਦੇ ਹਨ। ਇਸ ਤਰ੍ਹਾਂ ਦਾ ਦਸਤੂਰ ਸਮਾਜ ਵਿਚ ਧਰਮ ਤੇ ਜਾਤਾਂ ਦੀ ਬਹੁਲਤਾ ਕਰਕੇ ਪੈਦਾ ਹੁੰਦਾ ਹੈ, ਕਿਉਂਕਿ ਜਾਤ,ਧਰਮ ਦੇ ਨਾਲ਼ ਜੁੜ ਕੇ, ਮਨੁੱਖ ਦੀ ਨਿਵੇਕਲੀ ਪਛਾਣ ਹੀ ਨਹੀਂ ਬਣਾਉਂਦੀ, ਬਲਕਿ ਇਹ ਉਹਦੇ ਸਦੀਵੀ ਸਮਾਜਕ ਸਤਰ ਦੁਆਰਾ ਨਿਰਧਾਰਤ ਦਰਜਾ-ਬ-ਦਰਜਾ ਸਮਾਜਕ ਰੁਤਬੇ ਦੀ ਨਿਸ਼ਾਨਦੇਹੀ ਵੀ ਕਰਦੀ ਹੈ। ਦਰਜੇਵਾਰ ਰੁਤਬੇ ਨੂੰ ਬਣਾਈ ਰੱਖਣ ਜਾਂ ਫਿਰ ਨੀਵੇਂ ਪੱਧਰ 'ਤੇ ਧੱਕੇ ਹੋਏ ਮਨੁੱਖਾਂ ਦੇ ਅਨਿਆਂ-ਸੰਗਤ ਰੁਤਬੇ ਦੇ ਵਿਰੋਧ ਵਿਚ ਚੱਲੇ ਸੰਘਰਸ਼ ਐਸੇ ਪਿੜ ਦੀ ਉਸਾਰੀ ਕਰਦੇ ਹਨ, ਜਿਸਦਾ ਮੁੱਖ ਬਿੰਦੂ ਸਿਆਸਤ ਬਣ ਜਾਂਦੀ ਹੈ। ਅਜਿਹੀ ਹਾਲਤ ਵਿਚ 'ਕੀ ਧਰਮ ਸਿਆਸਤ ਨੂੰ ਜਨਮ ਦਿੰਦਾ ਹੈ', ਜਾਂ ਫਿਰ 'ਜਾਤ ਧਰਮ ਨੂੰ ਅਪਣੇ ਹਿੱਤ ਲਈ ਵਰਤਦੀ ਹੈ', ਆਦਿ ਸਵਾਲ ਵੀ ਸਿਆਸਤ ਦੇ ਖ਼ੇਮੇ ਵਿਚ ਜਾ ਡਿੱਗਦੇ ਹਨ। ਕੀ ਧਰਮ ਸਿਆਸਤ ਨੂੰ ਜਾਂ ਫਿਰ ਸਿਆਸਤ ਧਰਮ ਨੂੰ ਪ੍ਰਭਾਵਤ ਕਰਦੀ ਹੈ, ਇਸ ਬਾਰੇ ਕੋਈ ਆਖ਼ਰੀ ਨਿਰਣਾ ਕਰਨਾ ਬੜਾ ਮੁਸ਼ਕਿਲ ਹੈ।

ਧਰਮ, ਜਾਤ ਤੇ ਸਿਆਸਤ ਦੀਆਂ ਪੀਡੀਆਂ ਗੁੰਝਲਾਂ ਨੂੰ ਸਮਝਣ ਤੋਂ ਪਹਿਲਾਂ ਧਰਮ ਤੇ ਜਾਤ ਦੀ ਨਿਵੇਕਲੇ ਤੌਰ 'ਤੇ ਸਮਝ ਬਣਾਉਣੀ ਜ਼ਰੂਰੀ ਹੈ। ਹੇਠਲੀਆਂ ਸਤਰਾਂ ਵਿਚ ਅਸੀਂ ਧਰਮ ਨੂੰ ਉਸੇ ਦੇ ਹੀ ਪ੍ਰਸੰਗ ਵਿਚ ਸਮਝਣ ਦੀ ਕੋਸ਼ਿਸ਼ ਕਰਦੇ ਹਾਂ। ਇਸ ਦਾ ਜਾਤ ਨਾਲ਼ ਤੇ ਸਿਆਸਤ ਨਾਲ਼ ਨਾਤਾ ਉਸ ਤੋਂ ਬਾਅਦ ਵਿਚ ਪਰਖਿਆ ਜਾਵੇਗਾ। ਪਰ ਇੱਥੇ ਇਕ ਹੋਰ ਨੁਕਤਾ ਜਿਹੜਾ ਵਿਚਾਰਨਯੋਗ ਹੈ, ਉਸਦਾ ਸੰਬੰਧ 'ਵਰਣ' ਨਾਲ਼ ਹੈ। ਧਰਮ ਤੋਂ ਪਹਿਲਾਂ ਵਰਣ ਹੈ- ਐਸਾ ਅਕਸਰ ਧਰਮ ਸ਼ਾਸਤਰਾਂ ਵਿਚ ਦਰਸਾਇਆ ਮਿਲ਼ਦਾ ਹੈ। ਧਰਮ ਸ਼ਾਸਤਰ ਧਰਮ ਦਾ ਸਰੋਤ ਮੂਲ ਰੂਪ ਵਿਚ ਵੇਦਾਂ ਵਿਚ ਸਥਾਪਤ ਕਰਦੇ ਹਨ। ਵੇਦਾਂ ਦੀ ਹੋਂਦ ਦਾ ਸਮਾਂ 3500 ਪੂਰਵ ਈਸਵੀ ਤੋਂ 1500 ਪੂਰਵ ਈਸਵੀ ਦੇ ਦਰਮਿਆਨ ਮੰਨਿਆ ਜਾਂਦਾ ਹੈ, ਅਤੇ ਇਹ ਸਮਾਂ ਆਰੀਆਂ ਦੀ ਭਾਰਤ ਵਿਚ ਆਮਦ ਨਾਲ਼ ਜੋੜ ਕੇ ਵੀ ਦੇਖਿਆ ਜਾਂਦਾ ਹੈ। ਇਸਦਾ ਮਤਲਬ ਇਹ ਵੀ ਹੈ ਕਿ ਵੇਦ ਤੇ ਵਰਣ ਆਰੀਆਂ ਦੀ ਦੇਣ ਹਨ। ਭਾਵੇਂ ਵੇਦਾਂ ਵਿਚ ਦੱਸੇ ਵਰਣ ਤੇ ਜਾਤ ਦੀ ਹੋਂਦ ਦੇ ਸਮੇਂ ਦਾ ਤਕਰੀਬਨ 1300 ਸਾਲ ਦਾ ਫ਼ਰਕ ਮੰਨਿਆ ਜਾਂਦਾ ਹੈ, ਪਰ ਜਾਤ ਦਾ ਸਰੋਤ ਵਰਣ ਨਾਲ਼ ਹੀ ਜਾ ਬੱਝਦਾ ਹੈ। ਵਰਣ ਵਿਵਸਥਾ ਦੇ ਆਰੰਭ ਤੋਂ ਲੈ ਕੇ ਉਸਦੇ ਜਾਤ ਵਿਚ ਤਬਦੀਲ ਹੋਣ ਦੇ ਲੰਮੇ ਸਫ਼ਰ ਦੇ ਦੌਰਾਨ ਹੀ ਸਿਆਸਤ ਦੇ ਉਪਜਣ ਦੀ ਜਟਿਲ ਗਾਥਾ ਲੁਕੀ ਹੋਈ ਹੈ। ਇਸ ਲਈ ਸਿਆਸਤ ਨੂੰ ਸਮਝਣ ਵਾਸਤੇ ਧਰਮ ਅਤੇ ਵਰਣ ਦੀ ਸਮਝ ਅਤਿ ਜ਼ਰੂਰੀ ਹੈ। ਇਹੋ ਸਮਝ ਹੀ ਸਾਨੂੰ ਜਾਤਪਾਤ ਦੀ ਜਟਿਲ ਬਣਤਰ ਤੇ ਉਸਦੇ ਸਿਆਸਤ ਨਾਲ਼ ਗੂੜ੍ਹੇ ਸੰਬੰਧਾਂ ਦਾ ਆਲੋਚਨਾਤਮਕ ਵਿਸ਼ਲੇਸ਼ਣ ਕਰਨ ਵਿਚ ਸਹਾਈ ਹੋਵੇਗੀ।

**ਵਰਣ ਤੇ ਧਰਮ**

ਵਰਣ ਤੇ ਧਰਮ ਨੂੰ ਸਮਝਣ ਲਈ ਅਸੀਂ ਧਰਮ ਸ਼ਾਸਤਰਾਂ ਦੀ ਮਦਦ ਲਵਾਂਗੇ। ਧਰਮ ਸ਼ਾਸਤਰ ਦੋ ਅਲੱਗ-ਅਲੱਗ ਸਰੋਤਾਂ ਨੂੰ ਜੋੜ ਕੇ ਬਣਦਾ ਹੈ। ਇਹ ਦੋ ਸਰੋਤ ਹਨ: ਧਰਮ ਸੂਤਰ ਤੇ ਸਿਮ੍ਰਤੀ। ਸੂਤਰ ਤੋਂ ਭਾਵ ਹੈ, ਕਿਸੇ ਵਸਤੂ ਜਾਂ ਵਿਚਾਰ ਬਾਰੇ ਗਿਆਨ ਨੂੰ ਠੋਸ ਰੂਪ ਵਿਚ ਥੋੜ੍ਹੇ ਸ਼ਬਦਾਂ ਵਿਚ ਪੇਸ਼ ਕਰਨਾ। ਇਸ ਵਿਧੀ ਨੂੰ ਸੂਤਰ ਦੇ ਨਾਮ ਨਾਲ਼ ਜਾਣਿਆ ਜਾਂਦਾ ਹੈ। ਇਹ ਮੰਨਿਆ ਜਾਂਦਾ ਹੈ ਕਿ ਵੇਦਾਂ ਦਾ ਲਿਖਤੀ ਰੂਪ ਸਮਾਜ ਵਿਚ ਉਨ੍ਹਾਂ ਦੀ ਅਸਲ ਹੋਂਦ ਤੋਂ ਬਹੁਤ ਸਮੇਂ ਬਾਅਦ ਸਾਹਮਣੇ ਆਉਂਦਾ ਹੈ। ਵੇਦਾਂ ਦੇ ਲਿਖਤੀ ਰੂਪ ਵਿਚ ਆਉਣ ਤੋਂ ਪਹਿਲਾਂ ਉਹਨਾਂ ਦੀ ਸੰਭਾਲ਼ ਮਨੁੱਖ ਨੇ ਆਪਣੀ ਯਾਦ ਸ਼ਕਤੀ ਦੇ ਨਾਲ਼ ਬਣਾਈ ਰੱਖੀ। ਅਜਿਹੀ ਸਥਿਤੀ ਵਿਚ ਵੇਦਾਂ ਨੂੰ ਪੂਰਨ ਤੌਰ 'ਤੇ ਵਿਆਖਿਆ ਸਹਿਤ ਯਾਦ ਕਰਨਾ ਬਹੁਤ ਔਖਾ ਕੰਮ ਸੀ। ਜਿਸ ਕਾਰਣ ਉਹਨਾਂ ਨੂੰ ਸੂਤਰਾਂ ਦੇ ਰੂਪ ਵਿਚ ਕੰਠ ਕੀਤਾ ਜਾਂਦਾ ਸੀ। ਵੇਦੀ, ਦਿਵੇਦੀ, ਤ੍ਰਿਵੇਦੀ, ਚਤੁਰਵੇਦੀ ਨਾਂ ਇਸੇ ਕਰਕੇ ਪਏ। ਇਸ ਲਈ ਵੇਦਾਂ ਦੀ ਵਿਆਕਰਣ ਸੂਤਰ ਦੇ ਰੂਪ ਵਿਚ ਪੇਸ਼ ਕੀਤੀ ਜਾਂਦੀ ਹੈ। ਇਸ ਵਿਧੀ ਤੋਂ ਹੀ ਸੂਤਰ ਸਾਹਿਤ ਦੀ ਉਪਜ ਹੁੰਦੀ ਹੈ।

ਭਾਵੇਂ ਜੀਵਨ ਦੇ ਨਿਯਮਾਂ ਦਾ ਬਾ-ਤਰਤੀਬ ਉਲੇਖ ਵੇਦਾਂ ਵਿਚ ਨਹੀਂ ਮਿਲ਼ਦਾ, ਪਰ ਉਨ੍ਹਾਂ ਦੇ ਸਰੋਤ ਦਾ ਮੁੱਖ ਸੋਮਾ ਵੇਦਾਂ ਵਿਚ ਹੀ ਜਾ ਮਿਲ਼ਦਾ ਹੈ। ਧਰਮ ਸ਼ਾਸਤਰਾਂ ਵਿਚ ਦਰਸਾਈਆਂ ਗਈਆਂ ਵਿਆਹ ਨਾਲ਼ ਸੰਬੰਧਤ ਧਾਰਣਾਵਾਂ, ਪੁੱਤਰਾਂ ਦੀਆਂ ਵੱਖ-ਵੱਖ ਕਿਸਮਾਂ ਅਤੇ ਵਿਰਾਸਤ ਸੰਬੰਧੀ ਨਿਯਮਾਂ ਬਾਰੇ ਗਿਆਨ ਵੇਦ ਸਾਹਿਤ ਵਿਚੋਂ ਹੀ ਪ੍ਰਾਪਤ ਹੁੰਦਾ ਹੈ। ਧਰਮ ਸੂਤਰਾਂ ਦੇ ਮੁੱਖ ਰਚੇਤਾ ਗੌਤਮ, ਅਪਸਤੰਬ, ਵਿਸ਼ਿਸ਼ਟ, ਸਿਮ੍ਰਤੀਕਾਰ ਮਨੂ ਤੇ ਯਗਨਾਵਲਕ ਅਤੇ ਹੋਰ ਬਹੁਤ ਸਾਰੇ ਸਿਮ੍ਰਤੀਕਾਰ ਇਸ ਗੱਲ 'ਤੇ ਸਹਿਮਤ ਹਨ ਕਿ ਵੇਦ ਹੀ ਧਰਮ ਦਾ ਅਸਲੀ ਸਰੋਤ ਹਨ।(ਯਗਨਾਵਲਕ ਉਨ੍ਹਾਂ ਵੈਦਿਕ ਵਿਦਵਾਨਾਂ ਵਿਚ ਮੰਨਿਆ ਪਰਮੰਨਿਆ ਨਾਂ ਹੈ, ਜਿਨ੍ਹਾਂ ਨੂੰ ਸਫ਼ੈਦ ਯਜੁਰਵੇਦ ਦਾ ਗਿਆਤਾ ਵੀ ਮੰਨਿਆ ਜਾਂਦਾ ਹੈ।) ਧਰਮ ਸੂਤਰ ਤੇ ਸਿਮ੍ਰਤੀਆਂ ਦਾ ਵਿਖਿਆਨ ਸੂਤਰ ਦੇ ਰੂਪ ਵਿਚ ਮਿਲ਼ਦਾ ਹੈ। ਧਰਮ ਸੂਤਰ ਵਾਰਤਕ ਵਿਚ ਅੰਕਿਤ ਮਿਲ਼ਦੇ ਹਨ ਅਤੇ

ਸਿਮ੍ਰਤੀਆਂ ਵਾਰਤਕ ਤੇ ਕਵਿਤਾ ਦੋਨਾਂ ਵਿਚ ਹੀ ਹਨ। ਧਰਮ ਸੂਤਰ ਤੇ ਸਿਮ੍ਰਤੀਆਂ ਪ੍ਰਾਚੀਨ ਭਾਸ਼ਾ ਵਿਚ ਲਿਖੇ ਮਿਲ਼ਦੇ ਹਨ। ਧਰਮ ਸੂਤਰਾਂ ਦੀ ਭਾਸ਼ਾ ਸਿਮ੍ਰਤੀਆਂ ਨਾਲ਼ੋਂ ਜ਼ਿਆਦਾ ਪੁਰਾਤਨ ਹੈ। ਧਰਮ ਸੂਤਰਾਂ ਵਿਚ ਸਿਮ੍ਰਤੀਆਂ ਦੇ ਟਾਕਰੇ ਵਿਸ਼ੇ-ਵਸਤੂ ਨੂੰ ਬਾ-ਤਰਤੀਬ ਤੇ ਨਿਰੀਖਣ ਵਿਧੀ ਦੇ ਦ੍ਰਿਸ਼ਟੀਕੋਣ ਤੋਂ ਘੱਟ ਤਵੱਜੋ ਦਿੱਤੀ ਗਈ ਹੈ। ਇੱਥੇ ਇਹ ਲਿਖਣਾ ਕੁਥਾਂ ਨਹੀਂ ਕਿ ਧਰਮ ਸੂਤਰਾਂ ਦੇ ਲੇਖਕ, ਖ਼ਾਸ ਤੌਰ 'ਤੇ ਮੁੱਢਲੇ ਲੇਖਕ, ਅਪਣੇ-ਆਪ ਨੂੰ ਪਰਮ ਮਨੁੱਖ ਜਾਂ ਮਹਾਨ ਸੰਤ ਕਰਕੇ ਪੇਸ਼ ਨਹੀਂ ਕਰਦੇ, ਜਦਕਿ ਸਿਮ੍ਰਤੀਕਾਰ, ਖ਼ਾਸ ਕਰਕੇ ਮਨੂ ਤੇ ਯਗਨਾਵਲਕ, ਸਿਮ੍ਰਤੀਆਂ ਵਿਚਲੇ ਗਿਆਨ ਨੂੰ ਈਸ਼ਵਰੀ ਸ਼ਕਤੀ ਦਾ ਵਰਦਾਨ ਮੰਨਦੇ ਹਨ। ਇਹੀ ਈਸ਼ਵਰੀ ਸ਼ਕਤੀ ਸਿਆਸਤ ਦੇ ਮੁਖੌਟੇ ਦਾ ਹੀ ਦੂਸਰਾ ਨਾਂ ਸੀ। ਇਸ ਕਾਰਣ ਸਮਾਜ ਦੀ ਕਾਣੀ ਵੰਡ ਨੂੰ ਵਾਜਬ ਠਹਿਰਾਇਆ ਗਿਆ। ਸਿਮ੍ਰਤੀਆਂ ਦੀ ਹੋਂਦ ਧਰਮ ਸੂਤਰਾਂ ਤੋਂ ਬਾਅਦ ਦੀ ਹੈ। ਭਾਵੇਂ ਸਿਮ੍ਰਤੀਆਂ ਪ੍ਰਾਚੀਨ ਸਮੇਂ ਨਾਲ਼ ਸੰਬੰਧਤ ਹਨ, ਪਰ ਇਨ੍ਹਾਂ ਨੂੰ ਦੋ ਭਾਗਾਂ ਵਿਚ ਵੰਡ ਕੇ ਇਨ੍ਹਾਂ ਦੀ ਸਮਝ ਬਾਰੇ ਵਿਖਿਆਨ ਮਿਲ਼ਦਾ ਹੈ। ਇਹ ਦੋ ਭਾਗ ਇਨ੍ਹਾਂ ਦੇ ਵੱਡੇ ਤੇ ਸੀਮਿਤ ਦਾਇਰਿਆਂ ਤੋਂ ਲਏ ਜਾਂਦੇ ਹਨ। ਜਿੱਥੋਂ ਤਕ ਵੱਡੇ ਦਾਇਰੇ ਦਾ ਸੰਬੰਧ ਹੈ, ਇਸ ਵਿਚ ਸਿਮ੍ਰਤੀਆਂ ਉਨ੍ਹਾਂ ਸਭ ਪ੍ਰਾਚੀਨ ਲਿਖਤਾਂ ਨੂੰ ਅਪਣੇ ਕਲਾਵੇ ਵਿਚ ਲੈ ਲੈਂਦੀਆਂ ਹਨ; ਜੋ ਵੇਦਾਂ ਤੋਂ ਅਲੱਗ ਹੋਂਦ ਰੱਖਦੀਆਂ ਹਨ, ਜਿਵੇਂ ਕਿ ਕਲਪ ਤੇ ਯਗਨਾਵਲਕ ਦੀਆਂ ਕਿਰਤਾਂ। ਸੀਮਿਤ ਪੱਖ ਤੋਂ ਸਿਮ੍ਰਤੀਆਂ ਨੂੰ, ਜਿਵੇਂ ਮਨੂ ਮੰਨਦਾ ਹੈ, ਧਰਮ ਸੂਤਰਾਂ ਦਾ ਪੂਰਕ ਮੰਨਿਆ ਜਾਂਦਾ ਹੈ। ਗੌਤਮ ਤੇ ਵਿਸ਼ਿਸ਼ਟ ਵੀ ਸਿਮ੍ਰਤੀਆਂ ਨੂੰ ਧਰਮ ਦੇ ਵਿਸ਼ਲੇਸ਼ਣ ਲਈ ਪ੍ਰਮੁੱਖ ਮੰਨਦੇ ਹਨ। ਇਸ ਦ੍ਰਿਸ਼ਟੀਕੋਣ ਤੋਂ, ਪ੍ਰਤੱਖ ਹੀ, ਧਰਮ ਸੂਤਰਾਂ ਤੇ ਸਿਮ੍ਰਤੀਆਂ ਵਿਚਲਾ ਫ਼ਰਕ ਖ਼ਤਮ ਹੋ ਜਾਂਦਾ ਹੈ। ਇਸ ਦੀ ਗਵਾਹੀ ਇਹ ਹੈ ਕਿ ਰਿਸ਼ੀ ਗੌਤਮ - ਜੋ ਕਿ ਧਰਮ ਸੂਤਰਾਂ ਦੇ ਮੁੱਢਲੇ ਲੇਖਕਾਂ ਵਿਚੋਂ ਹਨ - ਆਪਣੇ-ਆਪ ਤੇ ਮਨੂ ਨੂੰ ਸਿਮ੍ਰਤੀਕਾਰ ਆਖਦੇ ਹਨ। ਵਿਸ਼ਿਸ਼ਟ ਵੀ ਆਪਣੇ-ਆਪ ਨੂੰ ਗੌਤਮ, ਪਰਜਾਪਤੀ, ਯਮ, ਹਰਿਤ ਤੇ ਮਨੂ ਦੇ ਨਾਲ਼ ਸਿਮ੍ਰਤੀਕਾਰ ਮੰਨਦਾ ਹੈ। ਧਰਮ ਸੂਤਰਾਂ ਤੇ ਸਿਮ੍ਰਤੀਆਂ ਤੋਂ ਇਲਾਵਾ ਪੁਰਾਣਾਂ ਵਿਚ ਵੀ ਧਰਮ ਬਾਰੇ ਖ਼ੂਬ ਚਰਚਾ ਕੀਤੀ ਗਈ ਹੈ। ਪੁਰਾਣ ਵੀ ਕਾਫ਼ੀ ਪ੍ਰਾਚੀਨ ਸਮੇਂ ਦੌਰਾਨ ਹੋਂਦ ਵਿਚ ਆਏ ਸਨ, ਜਿਨ੍ਹਾਂ ਦਾ ਹਵਾਲਾ ਚੰਦੋਗ ਉਪਨਿਸ਼ਦ ਤੇ ਗੌਤਮ ਧਰਮ ਸੂਤਰ ਵਿਚ ਮਿਲ਼ਦਾ ਹੈ। ਬਹੁਤ ਸਾਰੇ ਵਿਦਵਾਨਾਂ ਦਾ ਇਹ ਵਿਚਾਰ ਹੈ ਕਿ ਬੁੱਧ ਮੱਤ ਤੇ ਜੈਨ ਮੱਤ ਦੀ ਸਮਾਜ ਉੱਤੇ ਪਕੜ ਢਿੱਲੀ ਪੈਣ ਅਤੇ ਬ੍ਰਾਹਮਣਵਾਦ ਦੀ ਪੁਨਰ ਸਿਰਜਣਾ ਤੋਂ ਬਾਅਦ ਪੁਰਾਣ ਸਾਹਿਤ ਲੋਕਾਂ ਵਿਚ ਵਧੇਰੇ ਚਰਚਿਤ ਹੋਇਆ। ਪੁਰਾਣਾਂ ਦੀ ਗਿਣਤੀ ਅਠਾਰਾਂ ਦੱਸੀ ਜਾਂਦੀ ਹੈ, ਜਿਨ੍ਹਾਂ ਵਿਚ ਮਤਸ ਪੁਰਾਣ ਵਿਚ ਧਰਮ ਬਾਰੇ ਕਾਫ਼ੀ ਚਰਚਾ ਮਿਲ਼ਦੀ ਹੈ; ਖ਼ਾਸ ਕਰਕੇ ਸ਼ਰਾਧ, ਵਰਤ ਅਤੇ ਰਾਜ ਧਰਮ ਸੰਬੰਧੀ ਰੀਤੀ ਰਿਵਾਜਾਂ ਦੇ ਹਵਾਲੇ ਨਾਲ਼। ਵਿਸ਼ਨੂੰ ਪੁਰਾਣ ਵਿਚ ਅਲੱਗ-ਅਲੱਗ ਵਰਣਾਸ਼ਰਮ, ਨਿਤਯ ਕਰਮ (ਨਿਤ ਦੇ ਜੀਵਨ ਦੇ ਕਰਤੱਵ) ਤੇ ਨੈਮਿਤਿਕ ਕਰਮਕਾਂਡ (ਖ਼ਾਸ ਮੌਕਿਆਂ ਵੇਲੇ ਲਾਜ਼ਿਮੀ ਜੀਵਨ ਨਾਲ਼ ਸੰਬੰਧਤ ਕਰਤੱਵ) ਆਦਿ ਬਾਰੇ ਕਾਫ਼ੀ ਚਰਚਾ ਮਿਲ਼ਦੀ ਹੈ। ਜਿੱਥੋਂ ਤਕ ਧਰਮ ਦੀ ਬਹੁ- ਚਰਚਤ ਵਿਆਖਿਆ ਦਾ ਸਵਾਲ ਹੈ, ਉਸ ਬਾਰੇ ਮਨੂ ਸਿਮ੍ਰਤੀ ਤੋਂ ਬਾਅਦ ਜੇ ਕਿਸੇ ਹੋਰ ਗ੍ਰੰਥ ਦਾ ਜ਼ਿਕਰ ਆਉਂਦਾ ਹੈ, ਤਾਂ ਉਹ ਹੈ ਯਗਨਾਵਲਕ ਦੀ ਸਿਮ੍ਰਤੀ। ਬਰਹਦਾਰਣਯਕ ਉਪਨਿਸ਼ਦ ਵਿਚ ਯਗਨਾਵਲਕ ਨੂੰ ਮਹਾਨ ਦਾਰਸ਼ਨਿਕ ਵਜੋਂ ਪੇਸ਼ ਕੀਤਾ ਗਿਆ ਹੈ, ਜਿਸਨੇ ਆਪਣੀ ਪਤਨੀ ਮੈਤਰੀ ਨੂੰ ਭਗਵਾਨ ਤੇ ਅਨੈਤਿਕਤਾ ਦੇ ਸਿਧਾਂਤ ਦੀ ਸਿੱਖਿਆ ਦਿੱਤੀ।

ਉਪਰੋਕਤ ਸਰੋਤਾਂ ਵਿਚ ਧਰਮ ਦੀ ਜੋ ਵਿਆਖਿਆ ਮਿਲ਼ਦੀ ਹੈ, ਉਸਨੂੰ ਮਨੂ ਸਿਮ੍ਰਤੀ ਦੇ ਪ੍ਰਮੁੱਖ ਵਿਆਖਿਆਕਾਰ ਵਿਦਵਾਨ ਮੇਧਾਥਿਤੀ ਪੰਜ ਭਾਗਾਂ ਵਿਚ ਵੰਡਦੇ ਹਨ। ਇਹ ਪੰਜ ਭਾਗ ਇਸ ਤਰ੍ਹਾਂ ਹਨ:(ੳ) ਵਰਣ ਧਰਮ (ਚਾਰ ਵਰਣਾਂ -ਬ੍ਰਾਹਮਣ, ਕਸ਼ੱਤਰੀ, ਵੈਸ਼ ਤੇ ਸ਼ੂਦਰ-ਨਾਲ਼ ਸੰਬੰਧਤ ਕਰਤੱਵਾਂ ਬਾਰੇ) (ਅ) ਆਸ਼ਰਮ ਧਰਮ (ਚਾਰ ਆਸ਼ਰਮ - ਬ੍ਰਹਮਚਾਰਯ, ਗ੍ਰਹਿਸਥ,

ਬਾਣਪ੍ਰਸਥ ਤੇ ਸੰਨਿਆਸ) (ੲ) ਵਰਣਾਸ਼ਰਮ ਧਰਮ (ਜਾਤਾਂ ਦੇ ਜੀਵਨ ਦੇ ਵੱਖ-ਵੱਖ ਆਸ਼ਰਮਾਂ ਦੇ ਦੌਰਾਨ ਕਰਤੱਵ) (ਸ) ਨੈਮਿਤਿਕ ਧਰਮ (ਖ਼ਾਸ ਮੌਕਿਆਂ ਵੇਲੇ ਲਾਜ਼ਮੀ ਕਰਤੱਵ-ਜਿਵੇਂ ਕਿ ਪਸ਼ਚਾਤਾਪ) ਅਤੇ (ਹ) ਗੁਣਧਰਮ (ਜਿਵੇਂ ਕਿ ਰਾਜੇ ਦਾ ਅਪਣੀ ਜਨਤਾ ਨੂੰ ਪਾਲਣ ਪ੍ਰਤੀ ਕਰਤੱਵ)। ਇਸ ਵੰਡ ਅਨੁਸਾਰ ਧਰਮ ਦਾ ਸਿੱਧਾ-ਸਿੱਧਾ ਨਾਤਾ ਵਰਣ ਵਿਵਸਥਾ ਨਾਲ਼ ਸੰਬੰਧਤ ਜਾਤ ਪ੍ਰਣਾਲੀ ਤੇ ਆਸ਼ਰਮ ਦੀ ਜੀਵਨ ਵੰਡ ਦੇ ਕਰਤੱਵਾਂ ਨਾਲ਼ ਜੋੜ ਕੇ ਪੇਸ਼ ਕੀਤਾ ਜਾਂਦਾ ਹੈ। ਹਰ ਜਾਤ ਤੇ ਜੀਵਨ ਪੜਾਅ ਦੇ ਆਪਣੇ-ਆਪਣੇ ਨਿਰਧਾਰਤ ਕਰਤੱਵ ਹਨ। ਕਰਤੱਵਾਂ ਨੂੰ ਜਾਤ ਦੀ ਵੰਡ 'ਤੇ ਆਧਾਰਤ ਹੀ ਦਰਸਾਇਆ ਗਿਆ ਹੈ। ਹਰ ਜਾਤ ਦੀ ਉਸ ਸਮਾਜ ਵਿਚ ਸਮਾਜਕ ਪੱਧਰ 'ਤੇ ਜੋ ਮਾਨਤਾ ਮੰਨੀ ਗਈ ਹੈ, ਉਹਦੇ ਆਧਾਰ 'ਤੇ ਹੀ ਉਸਦੇ ਕਰਤੱਵ ਨਿਰਧਾਰਤ ਕੀਤੇ ਗਏ ਹਨ। ਇਸ ਤਰ੍ਹਾਂ ਨਿਰਧਾਰਤ ਕਰਤੱਵਾਂ ਦਾ ਪਾਲਣ ਕਰਨਾ ਹੀ ਧਰਮ ਮੰਨਿਆ ਜਾਂਦਾ ਹੈ। ਧਰਮ ਦਾ ਅਸਲ ਵਿਚ ਸੰਬੰਧ ਪ੍ਰਭੂ ਦੀ ਭਗਤੀ ਜਾਂ ਉਸ ਨਾਲ ਸੰਬੰਧਤ ਦਰਸ਼ਨ ਨਾਲ਼ ਨਹੀਂ, ਬਲਕਿ ਕਿਸ ਨੂੰ ਇਹ ਭਗਤੀ ਕਰਨ ਦੀ ਇਜਾਜ਼ਤ ਹੈ ਜਾਂ ਨਹੀਂ, ਉਸ ਨਾਲ਼ ਮੰਨਿਆ ਜਾਂਦਾ ਹੈ। ਦੂਸਰੇ ਸ਼ਬਦਾਂ ਵਿਚ ਧਰਮ ਨੂੰ ਨਿਯਮਾਂ ਦੀ ਪ੍ਰੋੜਤਾ ਤੇ ਪਾਲਣਾ ਦਾ ਪੂਰਕ ਮੰਨਿਆ ਜਾਂਦਾ ਹੈ। ਇਸ ਵਿਚਾਰ ਦੀ ਪ੍ਰੋੜਤਾ ਸੰਤ ਕਬੀਰ ਇੰਝ ਕਰਦੇ ਹਨ:

ਬੇਦ ਕੀ ਪੁਤ੍ਰੀ ਸਿੰਮ੍ਰਿਤਿ ਭਾਈ॥ ਸਾਂਕਲ ਜੇਵਰੀ ਲੈ ਹੈ ਆਈ॥
ਆਪਨ ਨਗਰੁ ਆਪ ਤੇ ਬਾਧਿਆ॥ ਮੋਹ ਕੈ ਫਾਧਿ ਕਾਲ ਸਰੁ ਸਾਂਧਿਆ॥
ਕਟੀ ਨ ਕਟੈ ਤੂਟਿ ਨਹ ਜਾਈ॥ ਸਾ ਸਾਪਨਿ ਹੋਇ ਜਗ ਕਉ ਖਾਈ॥
ਹਮ ਦੇਖਤ ਜਿਨਿ ਸਭੁ ਜਗੁ ਲੂਟਿਆ॥
ਕਹੁ ਕਬੀਰ ਮੈ ਰਾਮ ਕਹਿ ਛੂਟਿਆ॥ (ਗੁਰੂ ਗ੍ਰੰਥ, ਪੰਨਾ ੩੨੯)

ਸੰਤ ਕਬੀਰ ਵੇਦਾਂ ਦੇ ਆਧਾਰ 'ਤੇ ਬਣੀਆਂ ਸਿਮ੍ਰਤੀਆਂ ਨੂੰ ਵਰਣਾਸ਼ਰਮ ਅਤੇ ਕਰਮ ਕਾਂਡ ਦੇ ਸੰਗਲ ਤੇ ਰੱਸੀਆਂ ਦੱਸਦੇ ਹਨ। ਸਿਮ੍ਰਤੀਆਂ ਨੂੰ ਮੰਨਣ ਵਾਲ਼ੇ ਇਨ੍ਹਾਂ ਵਿਚ ਲਿਖੇ ਨਿਯਮਾਂ ਨਾਲ਼ ਜਿਸ ਤਰ੍ਹਾਂ ਬੱਝੇ ਬੈਠੇ ਹਨ, ਉਸ ਤੋਂ ਖ਼ਲਾਸੀ ਨਹੀਂ ਪਾਈ ਜਾ ਸਕਦੀ। ਕਬੀਰ ਜੀ ਸਿਮ੍ਰਤੀਆਂ ਦੀ ਤੁਲਨਾ ਸੱਪਣੀ ਨਾਲ਼ ਕਰਦੇ ਹਨ ਕਿ ਜਿਵੇਂ ਉਹ ਆਪਣੇ ਬੱਚਿਆਂ ਨੂੰ ਖਾ ਜਾਂਦੀ ਹੈ, ਉਸੇ ਤਰ੍ਹਾਂ ਇਨ੍ਹਾਂ ਵਿਚ ਦਰਜ ਨਿਯਮ ਇਨ੍ਹਾਂ ਨੂੰ ਮੰਨਣ ਵਾਲ਼ਿਆਂ ਦੀ ਬੁੱਧੀ ਮਲੀਨ ਕਰ ਦਿੰਦੇ ਹਨ। ਇਸ ਬਾਣੀ ਤੋਂ ਇਹ ਸਾਫ਼ ਸਮਝ ਪੈਂਦੀ ਹੈ ਕਿ ਸਿਮ੍ਰਤੀਆਂ ਦਾ ਨਾਤਾ ਮਨੁੱਖ ਦੇ ਸਮਾਜਕ ਜੀਵਨ ਦੀ ਵਰਣਾਸ਼ਰਮ ਵਿਵਸਥਾ ਦੇ ਆਧਾਰ 'ਤੇ ਸੰਜੋਈ ਹੋਈ ਸੰਰਚਨਾ ਨਾਲ਼ ਹੈ, ਜਿਸਦਾ ਆਤਮਿਕ ਗਿਆਨ ਨਾਲ ਕੋਈ ਦੂਰ ਦਾ ਵੀ ਰਿਸ਼ਤਾ ਨਹੀਂ ਹੈ। ਗੁਰੂ ਅਰਜਨ ਦੇਵ ਵੀ ਅਪਣੀ ਬਾਣੀ ਵਿਚ ਸਿਮ੍ਰਤੀਆਂ ਬਾਰੇ ਲਿਖਦੇ ਹਨ:

ਸਿਮ੍ਰਿਤਿ ਬੇਦ ਪੁਰਾਣ ਪੁਕਾਰਨਿ ਪੋਥੀਆ॥
ਨਾਮ ਬਿਨਾ ਸਭਿ ਕੂੜੁ ਗਾਲ੍ਹੀ ਹੋਛੀਆ॥ (ਗੁਰੂ ਗ੍ਰੰਥ, ਪੰਨਾ ੭੬੧)

ਜਿਹੜੇ ਮਨੁੱਖ ਵੇਦ, ਪੁਰਾਣ, ਸਿਮ੍ਰਤੀਆਂ ਆਦਿ ਧਰਮ ਪੁਸਤਕਾਂ ਪੜ੍ਹ ਕੇ ਅਤੇ ਆਤਮਿਕ ਗਿਆਨ ਨੂੰ ਲਾਂਭੇ ਰੱਖ ਕੇ ਕਰਮਕਾਂਡ ਆਦਿ ਦਾ ਪ੍ਰਚਾਰ ਕਰਦੇ ਹਨ, ਉਹ ਥੋਥੀਆਂ ਗੱਲਾਂ ਕਰਦੇ ਹਨ। ਪਰਮਾਤਮਾ ਦੇ ਨਾਮ ਤੋਂ ਬਿਨਾਂ ਅਜਿਹਾ ਸਭ ਪ੍ਰਚਾਰ ਝੂਠ ਦਾ ਅਡੰਬਰ ਹੈ। ਇਸੇ ਤਰ੍ਹਾਂ ਗੁਰੂ ਅਮਰਦਾਸ ਅਪਣੀ ਬਾਣੀ ਵਿਚ ਦਰਸਾਉਂਦੇ ਹਨ:

ਪੜਿ ਪੜਿ ਪੰਡਿਤ ਜੋਤਕੀ ਥਕੇ ਭੇਖੀ ਭਰਮਿ ਭੁਲਾਇ॥
ਗੁਰ ਭੇਟੇ ਸਹਜੁ ਪਾਇਆ ਆਪਣੀ ਕਿਰਪਾ ਕਰੇ ਰਜਾਇ॥ (ਗੁਰੂ ਗ੍ਰੰਥ, ਪੰਨਾ ੬੮)

ਪੰਡਤ, ਜੋਤਿਸ਼ੀ ਤੇ ਵੱਖ-ਵੱਖ ਭੇਖਾਂ ਦੇ ਸਾਧੂ ਆਦਿ ਧਰਮ ਪੁਸਤਕਾਂ ਨੂੰ ਪੜ੍ਹ ਕੇ ਕੁਰਾਹੇ ਪੈ ਰਹੇ ਹਨ ਤੇ ਸਹਿਜ ਅਵਸਥਾ ਨਹੀਂ ਪਾ ਸਕੇ। ਜਿਨ੍ਹਾਂ ਉੱਤੇ ਪਰਮਾਤਮਾ ਅਪਣੀ ਕ੍ਰਿਪਾ ਕਰਦਾ ਹੈ,

ਉਹ ਹੀ ਗੁਰੂ ਦੇ ਜ਼ਰੀਏ ਸਹਿਜ ਅਵਸਥਾ ਤੇ ਸੱਚਾ ਗਿਆਨ ਪ੍ਰਾਪਤ ਕਰ ਸਕਦੇ ਹਨ। ਆਪ ਜੀ ਅੱਗੇ ਲਿਖਦੇ ਹਨ:

ਪੜਿ ਪੜਿ ਪੰਡਿਤ ਮੋਨੀ ਥਕੇ ਚਉਥੇ ਪਦ ਕੀ ਸਾਰ ਨ ਪਾਵਣਿਆ॥
ਆਪੇ ਰੰਗੇ ਰੰਗੁ ਚੜਾਏ॥ (ਗੁਰੂ ਗ੍ਰੰਥ, ਪੰਨਾ ੧੧੭)

ਅਰਥਾਤ ਪੰਡਤ ਤੇ ਹੋਰ ਸਿਆਣੇ ਵੇਦ ਆਦਿ ਧਾਰਮਿਕ ਪੁਸਤਕਾਂ ਦੇ ਗਿਆਤਾ ਪੜ੍ਹ ਕੇ ਥੱਕ ਜਾਂਦੇ ਹਨ, ਪਰ ਉਨ੍ਹਾਂ ਨੂੰ ਆਤਮਿਕ ਅਵਸਥਾ ਪ੍ਰਾਪਤ ਨਹੀਂ ਹੁੰਦੀ। ਵਰਣ, ਜਾਤ ਤੇ ਧਰਮ ਦੀ ਗੱਠ ਨੂੰ ਸੁਲਝਾਉਂਦਿਆਂ ਬਾਬਾ ਨਾਨਕ ਸਭਨਾਂ ਵਿਚ ਇਕ ਪ੍ਰਭੂ ਦੀ ਜੋਤ ਦਾ ਜ਼ਿਕਰ ਕਰਕੇ ਜਾਤੀ ਦਾ ਖੰਡਨ ਕਰਦੇ ਹਨ:

ਜਾਣਹੁ ਜੋਤਿ ਨ ਪੂਛਹੁ ਜਾਤੀ ਆਗੈ ਜਾਤਿ ਨ ਹੇ॥ (ਗੁਰੂ ਗ੍ਰੰਥ, ਪੰਨਾ ੩੪੯)

ਇਥੇ ਇਹ ਦਰਸਾਉਣਾ ਜ਼ਰੂਰੀ ਹੈ ਕਿ ਧਰਮ ਸ਼ਾਸਤਰਾਂ ਵਿਚ ਵਰਣ ਤੇ ਜਾਤ ਨੂੰ ਇਕ ਦੂਜੇ ਦੇ ਪੂਰਕ ਦੇ ਰੂਪ ਵਿਚ ਅਕਸਰ ਵਰਤਿਆ ਜਾਂਦਾ ਹੈ, ਜੋ ਕਿ ਜਾਤ ਬਾਰੇ ਸਹੀ ਸਮਝ ਅਪਣਾਉਣ ਵਿਚ ਅੜਚਣ ਬਣਦਾ ਹੈ। ਜਿਵੇਂ ਕਿ ਅਸੀਂ ਸ਼ੁਰੂ ਵਿਚ ਦੱਸਿਆ ਹੈ ਵਰਣ ਤੇ ਫਿਰ ਜਾਤ ਦੇ ਹੋਂਦ ਵਿ ਆਉਣ ਦੇ ਸਮੇਂ ਵਿਚ ਤਕਰੀਬਨ 1300 ਸਾਲ ਦਾ ਫ਼ਰਕ ਹੈ। ਚਾਰਾਂ ਵਰਣਾਂ (ਬ੍ਰਾਹਮਣ, ਕਸ਼ੱਤਰੀ, ਵੈਸ਼ ਤੇ ਸ਼ੂਦਰ) ਦੇ ਕਰਤੱਵਾਂ ਦਾ ਸੰਬੰਧ ਜਨਮ ਨਾਲ਼ ਨਾ ਹੋ ਕੇ ਕਿੱਤੇ ਨਾਲ਼ ਜੁੜਿਆ ਮੰਨਿਆ ਜਾਂਦਾ ਸੀ। ਪਰ ਵਰਣ ਤੋਂ ਲੈ ਕੇ ਜਾਤ ਤਕ ਦੇ ਲੰਮੇ ਸਫ਼ਰ ਦੌਰਾਨ ਇਹ ਨਾਤਾ ਕਰਮ ਤੋਂ ਹਟ ਕੇ ਜਨਮ ਨਾਲ਼ ਜੁੜ ਗਿਆ। ਜਨਮ ਨਾਲ਼ ਐਸਾ ਨਾਤਾ ਜੋੜਨ ਲਈ ਧਰਮ ਦਾ ਸਹਾਰਾ ਲਿਆ ਜਾਂਦਾ ਰਿਹਾ ਹੈ। ਇਸ ਹਾਲਤ ਵਿਚ ਧਰਮ ਦੀ, ਵੈਦਿਕ ਤੇ ਧਰਮ ਸ਼ਾਸਤਰਾਂ ਦੇ ਸਮੇਂ ਦੌਰਾਨ ਕਰਤੱਵਾਂ ਨੂੰ ਪਾਲਣ ਕਰਨ ਦੀ ਜੋ ਪਛਾਣ ਬਣੀ ਸੀ, ਉਹਨੂੰ ਮਨੁੱਖ ਦੇ ਸਮਾਜਕ ਰੁਤਬੇ ਵਿਚ ਤਬਦੀਲ ਕਰ ਦਿੱਤਾ ਗਿਆ। ਕਰਤੱਵ ਦਾ ਸੰਬੰਧ ਤਾਂ ਕਰਮ ਨਾਲ਼ ਸੀ, ਜਿਸ ਨੂੰ ਬਾਅਦ ਵਿਚ ਧਰਮ ਨਾਲ਼ ਜੋੜ ਕੇ ਸਮਾਜਕ ਜਾਗ੍ਰਿਤੀ ਦੇ ਰਸਤੇ ਵਿਚ ਬੰਧਨ ਬਣਾ ਕੇ ਲਿਆ ਖੜ੍ਹਾ ਕੀਤਾ। ਇਹ ਸਭ ਕੁਝ ਸਿਆਸਤ ਦੇ ਮਾਧਿਅਮ ਰਾਹੀਂ ਸੰਭਵ ਹੋਇਆ। ਇਸ ਲਈ ਸਿਆਸਤ ਨੂੰ ਸਮਝਣ ਵਾਸਤੇ ਵਰਣ, ਧਰਮ ਤੇ ਜਾਤ ਦਾ ਆਪਸੀ ਸੰਬੰਧ ਸਮਝਣਾ ਬਹੁਤ ਜ਼ਰੂਰੀ ਹੈ।

ਧਰਮ ਤੇ ਜਾਤ ਦੇ ਆਪਸੀ ਸੰਬੰਧ ਤੋਂ ਪਹਿਲਾਂ ਵਰਣ ਜਾਤ ਵਿਚ ਕਿਵੇਂ ਤਬਦੀਲ ਹੁੰਦਾ ਹੈ, ਇਸ ਬਾਰੇ ਸਮਝ ਬਣਾਉਣੀ ਵੀ ਅਤਿ ਜ਼ਰੂਰੀ ਹੈ। ਇਹ ਉਹ ਪ੍ਰਕਿਰਿਆ ਹੈ, ਜਿਸ ਵਿਚ ਸਿਆਸਤ ਦੀਆਂ ਥੰਮ੍ਹੀਆਂ ਸਮਾਜ ਵਿਚ ਗੱਡੀਆਂ ਗਈਆਂ। ਇਸ ਵਿਸ਼ੇ 'ਤੇ ਭਾਵੇਂ ਕਾਫ਼ੀ ਚਰਚਾ ਹੋ ਚੁੱਕੀ ਹੈ, ਪਰ ਇਸ ਦਾ ਪੰਜਾਬੀ ਸਾਹਿਤ ਵਿਚ ਉਲੇਖ ਹੋਣਾ ਅਜੇ ਬਾਕੀ ਹੈ। ਵਰਣ ਤੋਂ ਲੈ ਕੇ ਜਾਤ ਪਾਤ ਦੀ ਸੰਸਥਾ ਦੇ ਸਥਾਪਨ ਤਕ ਜੋ ਕਾਰਣ ਸਮਝਣਯੋਗ ਹਨ, ਉਨ੍ਹਾਂ ਵਿਚ ਮਰਦ ਪ੍ਰਧਾਨ ਸਮਾਜ, ਸ਼੍ਰੇਣੀ ਵੰਡ ਤੇ ਰਾਜ (ਸਟੇਟ) ਦਾ ਬਹੁਤ ਅਹਿਮ ਯੋਗਦਾਨ ਹੈ। ਇਸਨੂੰ ਅਹਿਮ ਯੋਗਦਾਨ ਕਿਹਾ ਜਾਵੇ ਜਾਂ ਨਾ, ਆਪਣੇ-ਆਪ ਵਿਚ ਵੱਖਰਾ ਵਿਸ਼ਾ ਹੈ। ਜਾਤ ਪ੍ਰਣਾਲੀ ਭਾਰਤ ਵਰਸ਼ ਵਿਚ ਇਕੋ ਹੀ ਸਮੇਂ ਹੋਂਦ ਵਿਚ ਨਹੀਂ ਆਈ। ਸਗੋਂ ਵੱਖ-ਵੱਖ ਖ਼ਿੱਤਿਆਂ ਵਿਚ ਇਸ ਨੇ ਵੱਖ-ਵੱਖ ਰੂਪ ਅਖ਼ਤਿਆਰ ਕੀਤੇ। ਮਰਦ ਪ੍ਰਧਾਨ ਸਮਾਜ ਦਾ ਕੋਠਾ ਸਗੋਤਰ ਵਿਆਹ ਦੇ ਸਿਧਾਂਤ ਨੂੰ ਵਰਤੋਂ ਵਿਚ ਲਿਆ ਕੇ ਉਸਾਰਿਆ ਗਿਆ, ਜਿਸਨੇ ਵਰਣ ਨੂੰ ਜਾਤ ਵਿਚ ਤਬਦੀਲ ਕਰਨ ਵਿਚ ਅਹਿਮ ਯੋਗਦਾਨ ਪਾਇਆ। ਕਿੱਤਿਆਂ ਦੀ ਮੁਹਾਰਤ, ਦਰਜੇਵਾਰ ਸਮਾਜਕ ਰੁਤਬੇ ਦੀ ਬਣਤਰ ਅਤੇ ਔਰਤ ਉੱਤੇ ਅੱਤਿਆਚਾਰ ਆਦਿ ਕਾਰਣਾਂ ਦਾ ਵੀ ਜਾਤ-ਆਧਾਰਤ ਸਮਾਜ ਦੀ ਬਣਤਰ ਵਿਚ ਬਹੁਤ ਯੋਗਦਾਨ ਰਿਹਾ ਹੈ। ਇਹ ਸਾਰੇ ਕਾਰਣ ਵੱਖ-ਵੱਖ ਕਬੀਲਿਆਂ ਅਤੇ ਉਨ੍ਹਾਂ ਵਿਚ ਉਪਜੀਆਂ ਜਾਤਾਂ ਦੇ ਆਪਸੀ ਸਮਾਜਕ ਸੰਬੰਧਾਂ ਦੀ ਨਿਸ਼ਾਨਦੇਹੀ ਵੀ ਕਰਦੇ ਹਨ। ਹੈਰਾਨੀ ਦੀ ਗੱਲ ਹੈ ਕਿ ਇੱਕੀਵੀਂ ਸਦੀ ਵਿਚ ਵੀ ਇਹੋ ਕਾਰਣ ਭਾਰਤੀ ਸਮਾਜ ਦਾ ਕਿਸੇ ਨਾ ਕਿਸੇ ਰੂਪ ਵਿਚ

ਅਨਿੱਖੜ ਅੰਗ ਬਣੇ ਬੈਠੇ ਹਨ, ਜਿਸ ਕਰਕੇ ਜਾਤ ਦਾ ਜੱਫਾ ਢਿੱਲਾ ਹੁੰਦਾ ਨਜ਼ਰ ਨਹੀਂ ਆਉਂਦਾ।

ਕੁਝ ਵਿਦਵਾਨਾਂ ਦਾ ਇਹ ਮੰਨਣਾ ਹੈ ਕਿ ਔਰਤ ਦੀ ਕੁਦਰਤੀ ਸਰੀਰਕ ਬਣਤਰ ਨੂੰ ਭੌਤਿਕ ਅਤੇ ਪਰਾਭੌਤਿਕ (ਮੈਟਾਫ਼ਿਜ਼ੀਕਲ) ਸਮੱਸਿਆ ਦੇ ਤੌਰ 'ਤੇ ਪੇਸ਼ ਕਰ ਕੇ ਵੈਦਿਕ ਕਾਲ਼ ਦੇ ਪੁਰੋਹਿਤਵਾਦ ਨੇ ਉਨ੍ਹਾਂ ਨੂੰ ਵੈਦਿਕ ਰੀਤੀ ਰਿਵਾਜਾਂ ਵਿਚ ਸ਼ਮੂਲੀਅਤ 'ਚੋਂ ਬਾਹਰ ਕਰ ਦਿੱਤਾ। ਔਰਤ ਦੇ ਕੁਦਰਤੀ ਮਾਸਕ ਰਿਤੂਚਕਰ ਨੂੰ (ਜੋ ਕਿ ਉਹਦੀ ਜੈਵਿਕ ਪ੍ਰਕਿਰਿਆ ਨਾਲ਼ ਜੁੜਿਆ ਹੋਇਆ ਹੈ) ਅਸ਼ੁੱਧ ਗਰਦਾਨਣਾ ਮਰਦ ਪ੍ਰਧਾਨ ਸਮਾਜ ਦੀ ਵਿਚਾਰਧਾਰਾ ਵਿਚੋਂ ਉਪਜਿਆ ਹੋਇਆ ਕੁਕਰਮ ਹੈ। ਇਸ ਵਿਸ਼ੇ ਨਾਲ਼ ਸੰਬੰਧਤ ਮਾਨਤਾਪੂਰਨ ਲਿਖਤਾਂ ਵਿਚ ਇਹ ਦੇਖਣ ਨੂੰ ਅਕਸਰ ਮਿਲ਼ਦਾ ਹੈ ਕਿ ਬਹੁਤ ਸਾਰੇ ਭਾਰਤੀ ਕਬੀਲੇ ਮਾਹਵਾਰੀ ਕਾਰਣ ਔਰਤ ਦੀ ਅਸ਼ੁੱਧਤਾ ਦੇ ਸਿਧਾਂਤ ਨੂੰ ਆਪਣੇ ਜਾਤ ਆਧਾਰਤ ਸਮਾਜ ਨਾਲ਼ ਜੁੜਨ ਤੋਂ ਪਹਿਲਾਂ ਬਿਲਕੁਲ ਨਹੀਂ ਮੰਨਦੇ ਸਨ। ਇਸ ਤੋਂ ਇਹ ਨਤੀਜਾ ਕੱਢਿਆ ਜਾ ਸਕਦਾ ਹੈ ਕਿ ਵਰਣ ਵਿਵਸਥਾ ਦੇ ਜਾਤੀ ਸਮਾਜ ਵਿਚ ਤਬਦੀਲ ਹੋਣ ਦੌਰਾਨ ਔਰਤ ਦਾ ਰੁਤਬਾ ਮਰਦ ਦੀ ਬਰਾਬਰੀ ਤੋਂ ਡਿੱਗ ਕੇ ਨਿਚਲੇ ਪੱਧਰ 'ਤੇ ਆ ਜਾਂਦਾ ਹੈ। ਇਸ ਲਈ ਇਹ ਕਹਿਣਾ ਕੁਥਾਂ ਨਹੀਂ ਕਿ ਔਰਤ ਨੂੰ ਨੀਵਾਂ ਦਿਖਾਉਣ ਦੇ ਪਿੱਛੇ ਜਾਤੀਵਾਦੀ ਸਮਾਜ ਦੀ ਉਸਾਰੀ ਦਾ ਸਿੱਧਾ ਹੱਥ ਹੈ। ਅੰਬੇਡਕਰ ਨੇ ਕੋਲੰਬੀਆ ਯੂਨੀਵਰਸਿਟੀ ਵਿਚ ਪੜ੍ਹਦਿਆਂ ਤਿਆਰ ਕੀਤੇ ਅਪਣੇ ਪਹਿਲੇ ਕਿਤਾਬਚੇ Castes in India - Their Mechanism Genesis and Development ਵਿਚ ਇਹਦਾ ਉਲੇਖ ਖੁੱਲ੍ਹ ਕੇ ਕੀਤਾ ਹੈ। ਉਨ੍ਹਾਂ ਦਾ ਇਹ ਮੰਨਣਾ ਹੈ ਕਿ ਭਿੱਟ ਨੂੰ ਸਮਝਣ ਲਈ ਸਗੋਤਰ ਵਿਆਹ (Endogamy) ਅਤੇ ਵਰਣ ਤੋਂ ਬਾਹਰ ਵਿਆਹ ਦੇ ਸਿਧਾਂਤ (Exogamy) ਨੂੰ ਸਮਝਣਾ ਬਹੁਤ ਜ਼ਰੂਰੀ ਹੈ। ਉਹ ਅਪਣੀ ਇਸ ਮੁੱਢਲੀ ਲਿਖਤ ਵਿਚ ਮਰਦ ਪ੍ਰਧਾਨ ਸਮਾਜ ਤੇ ਔਰਤ ਨਾਲ਼ ਵਿਤਕਰੇ ਨੂੰ ਜਾਤੀ ਸਮਾਜ ਦੀ ਬਣਤਰ ਦੇ ਅਹਿਮ ਕਾਰਣਾਂ ਵਿਚ ਅੰਕਤ ਕਰਦੇ ਹਨ।

## ਸਗੋਤਰ ਵਿਆਹ

ਜਿੱਥੋਂ ਤਕ ਵਰਣ ਤੋਂ ਬਾਹਰ ਵਿਆਹ ਦੇ ਸਿਧਾਂਤ ਦਾ ਸਵਾਲ ਹੈ, ਇਸ ਬਾਰੇ ਸਮਾਜ ਵਿਗਿਆਨੀਆਂ ਵਿਚ ਕਾਫ਼ੀ ਮਤਭੇਦ ਹਨ। ਐੱਸ.ਬੀ.ਕਰੰਦੀਕਰ, ਇਰਾਬਤੀ ਕਾਰਬੇ ਤੇ ਜੀ.ਐੱਸ.ਗੁਰੇ ਆਖਦੇ ਹਨ ਕਿ ਵਰਣ ਤੋਂ ਬਾਹਰ ਵਿਆਹ ਦੇ ਸਿਧਾਂਤ ਬਾਰੇ ਵੈਦਿਕ ਆਰੀਆ, ਭਾਰਤ ਵਿਚ ਆਉਣ ਤੋਂ ਪਹਿਲਾਂ ਵਾਕਿਫ਼ ਨਹੀਂ ਸਨ, ਅਤੇ ਉਨ੍ਹਾਂ ਨੂੰ ਇਸਦੀ ਕਨਸੋਅ ਇੱਥੋਂ ਦੇ ਮੂਲ ਬਾਸ਼ਿੰਦਿਆਂ ਤੋਂ ਪਈ। ਇਸ ਵਿਚਾਰ ਦੇ ਉਲ਼ਟ ਬਿਨਵਿਨੀਸਤ ਤੇ ਜੌਹਨ ਬਰੋਅ ਵਿਦਵਾਨਾਂ ਦਾ ਇਹ ਮੰਨਣਾ ਹੈ ਕਿ ਰਿਗਵੇਦ ਦੇ ਸਮੇਂ ਦੌਰਾਨ ਸਗੋਤਰ ਵਿਆਹ ਦਾ ਸਿਧਾਂਤ ਆਪਣੀ ਹੋਂਦ ਅਖ਼ਤਿਆਰ ਕਰ ਚੁੱਕਾ ਸੀ। ਉਨ੍ਹਾਂ ਦਾ ਇਹ ਵੀ ਮੰਨਣਾ ਹੈ ਕਿ ਬ੍ਰਾਹਮਣੀ ਗੋਤਰ ਸਗੋਤਰ ਵਿਆਹ ਦੇ ਸਿਧਾਂਤ ਦੀ ਆਮਦ ਭਾਰਤੀ ਕਬੀਲਿਆਂ ਵਿਚ ਇੰਡੋ-ਯੂਰਪੀਅਨ ਸੰਬੰਧਾਂ ਦੀ ਦੇਣ ਹੈ। ਭਾਵੇਂ ਕਾਰਣ ਜੋ ਵੀ ਰਹੇ ਹੋਣ, ਮਰਦ ਪ੍ਰਧਾਨ ਸਮਾਜ, ਸਗੋਤਰ ਵਿਆਹ ਦੇ ਸਿਧਾਂਤਾਂ ਤੇ ਔਰਤ ਦੀ ਉਤਪੀੜਨ ਨੇ ਜਾਤ ਆਧਾਰਤ ਸਮਾਜ ਦੀ ਉਸਾਰੀ ਵਿਚ ਅਹਿਮ ਯੋਗਦਾਨ ਪਾਇਆ। ਸਾਨੂੰ ਰਿਗਵੇਦ ਵਿਚੋਂ ਇਹ ਹਵਾਲੇ ਮਿਲ਼ਦੇ ਹਨ ਕਿ ਲੜਕੀ ਦੇ ਵਿਆਹ ਤੋਂ ਬਾਅਦ ਉਹ ਅਪਣਾ ਪੇਕਾ ਘਰ ਤਿਆਗ ਕੇ ਸਹੁਰੇ ਘਰ ਵਾਸਾ ਕਰਦੀ ਹੈ। ਵਿਆਹ ਦੇ ਸਮਾਗਮ ਦੌਰਾਨ ਜਿਹੜਾ ਸ਼ਬਦ 'ਜੰਞ' ਵਰਤਿਆ ਜਾਂਦਾ ਹੈ, ਉਸ ਦਾ ਸੰਬੰਧ ਕੁਝ ਵਿਦਵਾਨ 'ਜੰਨ' ਨਾਲ਼ ਜੋੜਦੇ ਹਨ। ਅਥਰਵ ਵੇਦ ਵਿਚ ਇਸ ਗੱਲ ਦਾ ਜ਼ਿਕਰ ਮਿਲ਼ਦਾ ਹੈ ਕਿ ਲਾੜੇ ਦਾ ਸੰਬੰਧ ਲਾੜੀ ਦੇ ਪਰਿਵਾਰ ਤੋਂ ਅਲੱਗ ਪਰਿਵਾਰ ਨਾਲ਼ ਹੁੰਦਾ ਹੈ। ਲਾੜਾ ਤੇ ਲਾੜੀ ਦਾ ਸੰਬੰਧ ਅਲੱਗ-ਅਲੱਗ ਜੰਨਾਂ ਨਾਲ਼ ਹੁੰਦਾ ਹੈ। ਜੰਞ ਦਾ ਆਉਣਾ ਵਿਆਹ ਦੇ ਸਗੋਤਰ ਤੋਂ ਬਾਹਰ ਹੋਣ ਦਾ ਪ੍ਰਤੀਕ ਹੈ। ਇੰਡੋਲੋਜਿਸਟ ਹਿਸਟਰਮਾਨ ਦਾ ਇਹ ਮੰਨਣਾ ਹੈ ਕਿ 'ਜੰਨ ਮਿੱਤਰ' ਤੋਂ ਭਾਵ ਹੈ ਵਿਆਹ ਦੇ ਸੰਬੰਧ ਰਾਹੀਂ ਬਣਿਆ ਹੋਇਆ

ਰਿਸ਼ਤੇਦਾਰ। ਇਸ ਨੁਕਤੇ ਨੂੰ ਸਮੇਟਦਿਆਂ ਅਸੀਂ ਇਹ ਆਖ ਸਕਦੇ ਹਾਂ ਕਿ ਸਗੋਤਰੀ ਵਿਆਹ ਤੇ ਵਰਣ ਤੋਂ ਬਾਹਰ ਵਿਆਹ ਦੇ ਸਿਧਾਂਤਾਂ ਨੇ ਜਿੱਥੇ ਔਰਤ ਨੂੰ ਮਰਦ ਤੋਂ ਨੀਵਾਂ ਦੱਸਿਆ ਹੈ, ਉਹਦੇ ਨਾਲ਼ ਹੀ ਜਾਤ ਪ੍ਰਥਾ ਨੂੰ ਸੰਜੋਣ ਵਿਚ ਠੋਸ ਭੂਮਿਕਾ ਵੀ ਨਿਭਾਈ ਹੈ। ਮਗਰਲੇ ਵੈਦਿਕ ਸਰੋਤਾਂ ਤੋਂ ਪਤਾ ਚਲਦਾ ਹੈ ਮਰਦ ਪ੍ਰਧਾਨ ਸਮਾਜ ਦੇ ਸਿਧਾਂਤ ਦੀ ਉਸਾਰੀ ਨੇ ਵੈਦਿਕ ਕਬੀਲਿਆਂ ਨੂੰ ਆਪਸ ਵਿਚ ਵੰਡ ਕੇ ਉਨ੍ਹਾਂ ਨੂੰ ਵਰਣਾਂ ਵਿਚ ਤਬਦੀਲ ਕਰਨ ਵਿਚ ਅਹਿਮ ਭੂਮਿਕਾ ਨਿਭਾਈ। ਇਸ ਪ੍ਰਕਿਰਿਆ ਨਾਲ਼ ਹੀ ਦਰਜੇਵਾਰ ਊਚ-ਨੀਚ ਕਬੀਲੇ ਬਣੇ। ਰਿਗਵੇਦ ਵੇਲੇ 'ਰਾਜਨ' ਸ਼ਬਦ ਦੀ ਉਤਪਤੀ ਹੋ ਜਾਂਦੀ ਹੈ, ਜਿਸਦਾ ਉਲੇਖ 'ਪੁਰੁਸ਼ ਸੂਤਕ' ਵਿਚ ਮਿਲ਼ਦਾ ਹੈ। ਸਤਪਥ ਬ੍ਰਾਹਮਣ ਵਿਚ ਬ੍ਰਾਹਮਣ ਤੇ ਕਸ਼ੱਤਰੀ ਵਿਚ ਫ਼ਰਕ ਦਰਸਾਇਆ ਗਿਆ ਹੈ। ਜਾਤੀ ਸਮਾਜ ਵਿਚ ਬ੍ਰਾਹਮਣਵਾਦੀ ਰੀਤੀ ਰਿਵਾਜ ਖ਼ਾਸ ਤੌਰ 'ਤੇ ਯਗਯੋਪਵੀਤ ਸੰਸਕਾਰ ਦਾ ਵਿਸ਼ੇਸ਼ ਯੋਗਦਾਨ ਹੈ। ਆਰ.ਐੱਸ. ਸ਼ਰਮਾ ਅਨੁਸਾਰ ਸਮਾਜਕ ਦੂਰੀ ਦੇ ਸਿਧਾਂਤ ਅਤੇ ਯਗਯੋਪਵੀਤ ਸੰਸਕਾਰਾਂ ਦੇ ਸਿਧਾਂਤ ਨੇ ਜਾਤੀ ਵਖਰੇਵਾਂ ਹੋਰ ਗੂੜ੍ਹਾ ਕੀਤਾ। ਅਖ਼ੀਰਲੇ ਵੈਦਿਕ ਸਮੇਂ ਦੌਰਾਨ ਵਰਣ ਅਪਣੀ ਹੋਂਦ ਪੂਰਨ ਤੌਰ 'ਤੇ ਅਖ਼ਤਿਆਰ ਕਰ ਚੁੱਕੇ ਸਨ, ਜਿਸ ਵਿਚ ਜਾਤੀ ਸੰਸਥਾ ਦੀਆਂ ਤਿੰਨ ਮੁੱਖ ਵਿਸ਼ੇਸ਼ਤਾਵਾਂ ਉਜਾਗਰ ਹੁੰਦੀਆਂ ਹਨ। ਇਹ ਤਿੰਨ ਜਾਤ ਸੰਸਥਾ ਆਧਾਰਤ ਵਿਸ਼ੇਸ਼ਤਾਵਾਂ ਹਨ: (ੳ) ਸ਼੍ਰੇਣੀਬੱਧ ਸੰਸਥਾ ਪ੍ਰਣਾਲੀ (ਅ) ਵਿਰਾਸਤ ਵਿਚ ਮਿਲ਼ਿਆ ਹੋਈ ਮੁਹਾਰਤ ਆਧਾਰਤ ਕਿੱਤਾ ਅਤੇ (ੲ) ਸਗੋਤਰ ਵਿਆਹ। ਬੋਧਿਆਨ ਸਰੋਤਰ ਸੂਤਰ ਅਨੁਸਾਰ ਬ੍ਰਾਹਮਣ ਵੰਸ਼ ਨੂੰ ਗੋਤ ਪਰਿਵਾਰ ਦੀਆਂ ਵੰਨਗੀਆਂ ਵਿਚ ਵਿਧੀਪੂਰਵਕ ਸਥਾਪਤ ਹੁੰਦਾ ਦਰਸਾਇਆ ਗਿਆ ਹੈ ਅਤੇ ਸਤਪਥ ਬ੍ਰਾਹਮਣ ਗ੍ਰੰਥ ਵਿਚ ਕਸ਼ੱਤਰੀ ਦਾ ਜਨਮ ਕਸ਼ੱਤਰੀ ਤੋਂ, ਵੈਸ਼ ਦਾ ਜਨਮ ਵੈਸ਼ ਤੋਂ, ਸ਼ੂਦਰ ਦਾ ਜਨਮ ਸ਼ੂਦਰ ਤੋਂ ਹੁੰਦਾ ਦਰਸਾਇਆ ਗਿਆ ਹੈ। ਵਰਣ ਦੀ ਜਾਤ ਵਿਚ ਤਬਦੀਲੀ ਬਾਰੇ ਜ਼ਿਕਰ ਰਿਸ਼ੀ ਪਾਤੰਜਲੀ ਵੀ ਆਪਣੀ ਲਿਖਤ ਵਿਚ ਕਰਦੇ ਹਨ।

ਉਪਰੋਕਤ ਚਰਚਾ ਦੇ ਆਧਾਰ 'ਤੇ ਇਹ ਕਹਿਣਾ ਤਰਕਸੰਗਤ ਹੈ ਕਿ ਜਾਤੀ ਸਮਾਜ ਦੀ ਉਪਜ ਵਰਣ ਵਿਵਸਥਾ ਦੇ ਵਿਭਾਜਨ ਤੇ ਉਸ ਵਿਚ ਹੋਰ ਕਬੀਲਿਆਂ ਦੀ ਸ਼ਮੂਲੀਅਤ ਦੀ ਪ੍ਰਕਿਰਿਆ ਦੌਰਾਨ ਹੋਂਦ ਵਿਚ ਆਉਂਦੀ ਹੈ। ਇਸ ਵਿਸ਼ਲੇਸ਼ਣ ਤੋਂ ਇਹ ਵੀ ਸਾਬਤ ਹੁੰਦਾ ਹੈ ਕਿ ਵਰਣ ਦੇ ਸਿਧਾਂਤ ਦੀ ਜਾਤ ਵਿਚ ਤਬਦੀਲੀ ਦੇ ਦੌਰਾਨ ਉਹਦੇ ਸੰਸਥਾਗਤ ਤੇ ਵਿਚਾਰਧਾਰਕ ਆਧਾਰਾਂ ਨੂੰ ਸਮਾਜ ਦੇ ਜਾਤ ਆਧਾਰਤ ਵਿਕਾਸ ਲਈ ਵਰਤੋਂ ਵਿਚ ਲਿਆਂਦਾ ਗਿਆ। ਕੁਝ ਵਿਦਵਾਨਾਂ ਦਾ ਇਹ ਵੀ ਮੰਨਣਾ ਹੈ ਕਿ ਆਰੀਆ ਕਬੀਲਿਆਂ ਦੇ ਆਪਸੀ ਸ਼੍ਰੇਣੀ ਵਿਰੋਧ, ਮੂਲ ਬਸ਼ਿੰਦਿਆਂ ਦੇ ਨਾਲ਼ ਟਕਰਾਓ ਅਤੇ ਉਨ੍ਹਾਂ ਨੂੰ ਅਪਣੇ ਅਧੀਨ ਕਰਨ ਦੀ ਪ੍ਰਕਿਰਿਆ ਨੇ ਵੀ ਜਾਤ ਆਧਾਰਤ ਸਮਾਜ ਨੂੰ ਬਣਾਉਣ ਵਿਚ ਨਿਵੇਕਲੀ ਭੂਮਿਕਾ ਨਿਭਾਈ। ਵੈਦਿਕ ਕਾਲ ਦੌਰਾਨ ਲਚਕੀਲੀ ਵਰਣ ਵਿਵਸਥਾ ਦਾ ਸਿਧਾਂਤ ਇਸ ਕਾਲ ਦੇ ਪਿਛਲੇ ਸਮੇਂ ਵਿਚ ਆ ਕੇ ਠੋਸ ਸ਼੍ਰੇਣੀਆਂ ਜਿਵੇਂ ਪ੍ਰਮੁੱਖ ਸ਼੍ਰੇਣੀ ਜਾਤ ਤੇ ਅਧੀਨ ਸ਼੍ਰੇਣੀ ਜਾਤ ਦੇ ਰੂਪ ਵਿਚ ਤਬਦੀਲ ਹੋ ਜਾਂਦਾ ਹੈ। ਇਸ ਸਮੇਂ ਦੌਰਾਨ ਜਾਤ ਵਿਵਸਥਾ ਦੀ ਸਥਿਤੀ ਬਾਰੇ ਰਿਸ਼ੀ ਪਾਤੰਜਲੀ ਲਿਖਦੇ ਹਨ ਕਿ ਜਿਹੜੇ ਧਾਤੂ ਬਰਤਨ ਅਨੀਰਵਾਸਿਤ ਸ਼ੂਦਰ (ਜਿਵੇਂ ਕਿ ਗੰਦਕ, ਸਾਕ, ਯਵਨ) ਵਰਤਦੇ ਸਨ, ਉਨ੍ਹਾਂ ਨੂੰ ਅੱਗ ਵਿਚ ਪਾ ਕੇ ਸ਼ੁੱਧ ਕੀਤਾ ਜਾ ਸਕਦਾ ਸੀ। ਪਰ ਜੇ ਇਹ ਭਾਂਡੇ ਨੀਰਵਾਸਿਤ ਸ਼ੂਦਰ (ਜਿਵੇਂ ਕਿ ਚੰਡਾਲ ਤੇ ਮਰਤਪਾ- ਮਰੇ ਹੋਏ ਬੰਦਿਆਂ ਨੂੰ ਸ਼ਮਸ਼ਾਨਘਾਟ ਤਕ ਪਹੁੰਚਾਉਣ ਵਾਲ਼ੇ ਤੇ ਉਨ੍ਹਾਂ ਦੇ ਕੱਪੜੇ ਲੈਣ ਵਾਲ਼ੇ ਲੋਕ) ਵਰਤੋਂ ਵਿਚ ਲਿਆਂਦੇ ਹਨ, ਤਾਂ ਉਨ੍ਹਾਂ ਨੂੰ ਇਸ ਪ੍ਰਕਿਰਿਆ ਰਾਹੀਂ ਵੀ ਸ਼ੁੱਧ ਨਹੀਂ ਕੀਤਾ ਜਾ ਸਕਦਾ ਸੀ। ਸ਼ੂਦਰਾਂ ਦੀ ਇਸ ਤਰ੍ਹਾਂ ਦੀ ਸਮਾਜਕ ਦਰਜਾਬੰਦੀ ਬਾਰੇ ਦੂਜੀ ਸਦੀ ਈਸਾ ਪੂਰਵ ਦੀਆਂ ਲਿਖਤਾਂ ਵਿਚ ਜ਼ਿਕਰ ਮਿਲ਼ਦਾ ਹੈ।

### ਦੈਵੀ ਸਿਧਾਂਤ

ਕੱਟੜ ਬ੍ਰਾਹਮਣਾਂ ਦੀ ਨਜ਼ਰ ਵਿਚ ਜੋ ਲੋਕ ਬ੍ਰਾਹਮਣ ਸਮਾਜ ਤੋਂ ਬਾਹਰ ਜਾਂ ਫਿਰ ਹਾਸ਼ੀਏ ਤੇ

ਧੱਕੇ ਹੋਏ ਸਨ, ਉਨ੍ਹਾਂ ਸਾਰੇ ਸ਼ੂਦਰ ਦੇ ਦਰਜੇ ਵਿਚ ਆਉਂਦੇ ਸਨ। ਇਸ ਤੋਂ ਭਾਵ ਇਹ ਹੈ ਕਿ ਕਿੱਤਾ ਤੇ ਸਮਾਜਕ ਦਰਜਾਬੰਦੀ ਜਾਤ ਦੀ ਪਛਾਣ ਵਿਚ ਰੂਪਮਾਨ ਹੁੰਦੀ ਹੈ। ਵਰਣ ਨੂੰ ਜਾਤ ਵਿਚ ਤਬਦੀਲ ਕਰਨ ਲਈ ਦੈਵੀ ਜਾਂ ਈਸ਼ਵਰੀ ਸ਼ਕਤੀ ਦੇ ਸਿਧਾਂਤ ਨੂੰ ਵਰਤੋਂ ਵਿਚ ਲਿਆਂਦਾ ਗਿਆ। ਚਾਰ ਵਰਣ ਤੇ ਅਣਗਿਣਤ ਜਾਤਾਂ ਦੀ ਉਤਪਤੀ ਨੂੰ ਸਹੀ ਠਹਿਰਾਉਣ ਤੇ ਉਸ ਵਿਚਲੇ ਕੁਹਜੇ ਦਰਜਾਬੰਦੀ ਸਿਧਾਂਤ ਰਾਹੀਂ ਹਿੰਦੂ ਸਮਾਜ ਦੀ ਬਹੁ ਸੰਖਿਆ ਨੂੰ ਉਹਦੇ ਮਨੁੱਖੀ ਅਧਿਕਾਰਾਂ ਤੋਂ ਵਾਂਝਿਆਂ ਰੱਖਣ ਵਿਚ ਇਸ ਦੈਵੀ ਸਿਧਾਂਤ ਦੀ ਜਿਸ ਤਰ੍ਹਾਂ ਬੁਣਤੀ ਬੁਣੀ ਗਈ ਹੈ, ਉਸ ਵਿਚ ਸਿਆਸਤ ਦੀ ਮੱਦ ਸਾਫ਼-ਸਾਫ਼ ਨਜ਼ਰ ਆਉਂਦੀ ਹੈ। ਬ੍ਰਹਮਣ, ਕਸ਼ੱਤਰੀ, ਵੈਸ਼ ਤੇ ਸ਼ੂਦਰ ਸ਼੍ਰੇਣੀਆਂ ਵਿਚ ਜਨਮ ਨੂੰ ਈਸ਼ਵਰ ਦੀ ਦੇਣ ਮੰਨ ਕੇ ਉਸਨੂੰ ਧਰਮ ਦੇ ਨਾਲ਼ ਨੂੜ ਕੇ ਉਹਦੀ ਸਦੀਵੀ ਹੋਂਦ ਦਾ ਅਡੰਬਰ ਰਚਿਆ ਗਿਆ ਹੈ। ਇਸ ਅਡੰਬਰ ਦੇ ਪਿੱਛੇ ਜੋ ਸਿਆਸਤ ਕੰਮ ਕਰਦੀ ਨਜ਼ਰ ਆਉਂਦੀ ਹੈ, ਉਹ ਹੈ ਬਹੁ-ਗਿਣਤੀ ਸ਼ੂਦਰ ਸਮਾਜ ਦੀ ਕਿਰਤ ਆਧਾਰਤ ਉਪਜ ਨੂੰ ਉਪਰਲੇ ਤਿੰਨਾਂ ਵਰਣਾਂ ਦੇ ਲਾਭ ਲਈ ਵਰਤੋਂ ਵਿਚ ਲਿਆਉਣਾ। ਇਹਦੇ ਨਾਲ਼ ਹੀ ਇਸ ਦੈਵੀ ਸਿਧਾਂਤ ਤਹਿਤ ਇਹ ਵੀ ਵਿਚਾਰ ਪੈਦਾ ਕਰਨਾ ਕਿ ਸ਼ੂਦਰ ਸਮਾਜ ਦੀ ਹੋਂਦ ਹੀ ਸੇਵਾ ਕਰਨ ਵਾਸਤੇ ਹੋਈ ਹੈ ਅਤੇ ਉਨ੍ਹਾਂ ਨੂੰ ਇਹ ਸੇਵਾ ਅਪਣੇ ਪਿਛਲੇ ਜਨਮਾਂ ਵਿਚ ਕੀਤੇ ਕੁਕਰਮਾਂ ਤੋਂ ਉਪਜੇ ਨੀਵੇਂ ਪਰਿਵਾਰਾਂ ਵਿਚ ਇਹ ਜਨਮ ਲੈ ਕੇ ਮੁਕਤੀ ਵਾਸਤੇ ਹੈ। ਜੇ ਵਰਣ ਵਿਵਸਥਾ ਦੇ ਸਿਧਾਂਤ ਨੂੰ ਆਲੋਚਨਾਤਮਕ ਤਰੀਕੇ ਨਾਲ਼ ਘੋਖਿਆ ਜਾਵੇ; ਤਾਂ ਇਹਦੀ ਅੰਦਰਲੀ ਦਰਜੇਬੰਦੀ ਨੂੰ ਜਿਸ ਤਰ੍ਹਾਂ ਈਸ਼ਵਰੀ ਸਿਧਾਂਤ ਰਾਹੀਂ ਮਾਨਤਾ ਦੇਣ ਦੀ ਕੋਸ਼ਿਸ਼ ਕੀਤੀ ਗਈ ਹੈ; ਉਹ ਇਸ ਵਿਚਲੀ ਨਾਬਰਾਬਰੀ ਦੇ ਪਹਿਲੂਆਂ ਨੂੰ ਸਿਰਫ਼ ਲੁਕਾਉਂਦੀ ਹੀ ਨਹੀਂ, ਸਗੋਂ ਇਸ ਨੂੰ ਸਰਬ ਲੋਕਾਈ ਦੇ ਭਲਾਈ ਦੇ ਸਿਧਾਂਤ ਵਜੋਂ ਵੀ ਪੇਸ਼ ਕਰਦੀ ਹੈ। ਇਸ ਚਹੁਵਰਣੀ ਵਿਵਸਥਾ ਦੇ ਸਮਰਥਕ ਅਕਸਰ ਇਹ ਕਹਿੰਦੇ ਹਨ ਕਿ ਇਸ ਨਾਲ਼ ਸਮਾਜ ਵਿਚ ਅਲੱਗ-ਅਲੱਗ ਖ਼ਿੱਤਿਆਂ ਦੀ ਮੁਹਾਰਤ ਉਜਾਗਰ ਹੁੰਦੀ ਹੈ, ਜਿਸ ਰਾਹੀਂ ਸਮਾਜ ਖ਼ੁਸ਼ਹਾਲੀ ਦੀਆਂ ਨਵੀਆਂ ਪੈੜਾਂ ਉਲੀਕਦਾ ਹੈ। ਇਹ ਵੀ ਵਿਚਾਰ ਪੇਸ਼ ਕੀਤਾ ਜਾਂਦਾ ਹੈ ਕਿ ਜਾਤ ਪ੍ਰਥਾ ਤਾਂ ਵਰਣ ਦਾ ਵਿਗੜਿਆ ਹੋਇਆ ਰੂਪ ਹੈ। ਜੇ ਇਸ ਵਿਚੋਂ ਘਿਰਣਾ ਨੂੰ ਮਨਫ਼ੀ ਕਰ ਦਿੱਤਾ ਜਾਵੇ, ਤਾਂ ਫਿਰ ਜਾਤ ਵਿਵਸਥਾ ਦੀ ਸਮਾਜ ਦੇ ਪੱਖ ਵਿਚ ਸਿਰਜਣਾਤਮਕ ਧਿਰ ਵਜੋਂ ਸ਼ਮੂਲੀਅਤ ਕਰਵਾਈ ਜਾ ਸਕਦੀ ਹੈ। ਪਰ ਅਜਿਹਾ ਕੁਝ ਨਜ਼ਰ ਨਹੀਂ ਆਉਂਦਾ। ਜੇ ਵੇਦ ਦੀ ਹੋਂਦ ਦਾ ਸਮਾਂ 1500 ਈਸਾ ਪੂਰਵ ਮੰਨ ਲਿਆ ਜਾਵੇ; ਤਾਂ ਹੁਣ ਤਕ ਤਕਰੀਬਨ ਪੌਣੇ ਚਾਰ ਹਜ਼ਾਰ ਸਾਲ ਦਾ ਸਮਾਂ ਬੀਤ ਚੁੱਕਾ ਹੈ, ਜਿਸ ਦੌਰਾਨ ਤਾਂ ਅਜੇ ਤਕ ਇਸ ਮਨੁੱਖੀ ਨਾਬਰਾਬਰੀ ਦੇ ਖ਼ਾਤਮੇ ਦਾ ਆਲਮ ਕਿਤੇ ਵੀ ਨਜ਼ਰ ਨਹੀਂ ਆਉਂਦਾ। ਇਹਦੇ ਉਲ਼ਟ ਭਾਰਤ ਦੇ ਵੱਖ-ਵੱਖ ਸੂਬਿਆਂ ਵਿਚ ਜਾਤ ਵਿਵਸਥਾ ਦੇ ਵਿਰੋਧ ਵਿਚ ਜਾਤ-ਵਿਰੋਧੀ ਲਹਿਰਾਂ ਲਗਾਤਾਰ ਸਰਗਰਮ ਹਨ।

ਵਰਣ ਵਿਵਸਥਾ ਤੋਂ ਜਾਤ ਤਕ ਦਾ ਸਫ਼ਰ ਧਰਮ ਦੇ ਕੰਧੇੜੀਂ ਚੜ੍ਹ ਕੇ ਪੂਰਾ ਕੀਤਾ ਗਿਆ ਜਾਪਦਾ ਹੈ। ਧਰਮ ਨੂੰ ਸਮਝਣ ਲਈ ਨਿਯਮ, ਸਿਧਾਂਤ, ਰੀਤੀ ਰਿਵਾਜ, ਨੈਤਿਕਤਾ, ਕਰਤੱਵ, ਦਯਾ ਅਤੇ ਧਰਮੀ ਆਚਰਣ ਆਦਿ ਵਿਸ਼ਿਆਂ ਨੂੰ ਇਸ ਚਰਚਾ ਵਿਚ ਸ਼ਾਮਿਲ ਕੀਤਾ ਜਾਂਦਾ ਹੈ। ਧਰਮ ਨੂੰ ਉਨ੍ਹਾਂ ਸਾਰੇ ਨਿਯਮਾਂ ਤੇ ਸਿਧਾਂਤਾਂ ਦੇ ਸੰਗ੍ਰਹਿ ਦੇ ਤੌਰ 'ਤੇ ਪੇਸ਼ ਕੀਤਾ ਜਾਂਦਾ ਰਿਹਾ ਹੈ, ਜਿਸ ਰਾਹੀਂ ਮਨੁੱਖ ਦੇ ਨਿਜੀ ਤੇ ਸਮਾਜਕ ਵਿਹਾਰ ਅਤੇ ਉਸਦੀ ਸਮੁਦਾਇ ਦੇ ਸਮੂਹਕ ਵਿਹਾਰ ਨੂੰ ਇਸ ਰਾਹੀਂ ਨਿਰਧਾਰਤ ਕੀਤਾ ਜਾਂਦਾ ਹੈ। ਧਰਮ ਦਾ ਘੇਰਾ ਇੰਨਾ ਵਿਸ਼ਾਲ ਹੈ ਕਿ ਇਹ ਮਨੁੱਖ ਤੇ ਮਨੁੱਖੀ ਸਮਾਜ ਦੀਆਂ ਤਮਾਮ ਪੱਧਰਾਂ ਤੇ ਵੱਖ-ਵੱਖ ਮਨੁੱਖੀ ਸਮਾਜ ਦੀਆਂ ਸ਼੍ਰੇਣੀਆਂ ਨੂੰ ਆਪਣੇ ਕਲ਼ਾਵੇ ਵਿਚ ਸਮੋ ਲੈਂਦਾ ਹੈ। ਦੂਜੇ ਸ਼ਬਦਾਂ ਵਿਚ ਧਰਮ ਨੂੰ ਨਿਯਮਾਂ ਵਜੋਂ ਵਰਤਦਿਆਂ 'ਕੀ ਗ਼ਲਤ ਹੈ ਤੇ ਕੀ ਠੀਕ ਹੈ' ਆਦਿ ਦਾ ਨਿਰਣਾ ਵੀ ਕੀਤਾ ਜਾਂਦਾ ਹੈ। ਧਰਮ ਸ਼ਾਸਤਰਾਂ ਵਿਚ ਇਸ ਬਾਰੇ

ਜੋ ਧਾਰਣਾ ਮਿਲ਼ਦੀ ਹੈ, ਉਸਦਾ ਸਿੱਧਾ-ਸਿੱਧਾ ਸੰਬੰਧ ਕਰਤੱਵ ਨਾਲ਼ ਪੂਰੀ ਈਮਾਨਦਾਰੀ ਨਾਲ਼ ਜੋੜਿਆ ਹੋਇਆ ਮਿਲ਼ਦਾ ਹੈ। ਕਰਤੱਵ, ਵਰਣ ਵਿਵਸਥਾ ਤੇ ਜਾਤ-ਆਧਾਰਤ ਸਮਾਜ ਦੀਆਂ ਬੰਦਿਸ਼ਾਂ ਨੂੰ ਬਰਕਰਾਰ ਰੱਖਣ ਦਾ ਦੂਜਾ ਨਾਂ ਵੀ ਹੈ। ਧਰਮ ਪਾਲਣ ਦੇ ਸਿਧਾਂਤ ਤੋਂ ਇਹ ਆਸ ਰੱਖੀ ਜਾਂਦੀ ਹੈ ਕਿ ਹਰ ਮਨੁੱਖ ਆਪੋ ਅਪਣੀ ਸਮਾਜਕ ਸੀਮਾ, ਜੋ ਕਿ ਉਹਦੇ ਵਰਣ ਨਾਲ਼ ਜੁੜੀ ਹੋਈ ਹੈ, ਦੀਆਂ ਬੰਦਿਸ਼ਾਂ ਵਿਚ ਹੀ ਅਪਣਾ ਜੀਵਨ ਨਿਰਬਾਹ ਕਰੇ। ਵਰਣ ਤੇ ਜਾਤ ਦੀ ਸੀਮਾ ਦੀ ਉਲੰਘਣਾ ਨੂੰ ਧਰਮ ਦੇ ਵਿਰੁੱਧ ਕਾਰਵਾਈ ਮੰਨਿਆ ਜਾਂਦਾ ਹੈ।

## ਕਿਹੜੇ ਲੋਕਾਂ ਦਾ ਫ਼ਾਇਦਾ ਤੇ ਕਿਹੜੇ ਲੋਕਾਂ ਦਾ ਨੁਕਸਾਨ

ਹੁਣ ਜੋ ਮੁੱਖ ਸਵਾਲ ਉੱਠਦਾ ਹੈ, ਉਹ ਇਹ ਹੈ ਕਿ ਇਸ ਪੂਰੇ ਧਰਮ ਸ਼ਾਸਤਰ ਵਿਧਾਨ ਰਾਹੀਂ ਕਿਹੜੇ ਲੋਕਾਂ ਨੂੰ ਲਾਭ ਤੇ ਕਿਹੜੇ ਲੋਕਾਂ ਨੂੰ ਨੁਕਸਾਨ ਹੁੰਦਾ ਹੈ? ਵਰਣ ਤੇ ਜਾਤ-ਵੰਡ ਨਿਰਸੰਦੇਹ ਪਹਿਲੇ ਤਿੰਨ ਵਰਣਾਂ ਦੇ ਹੱਕ ਵਿਚ ਭੁਗਤਦੀ ਹੈ। ਜਿੱਥੋਂ ਤਕ ਵਰਣ ਵਿਵਸਥਾ ਦੇ ਆਖ਼ਰੀ ਭਾਗ ਸ਼ੂਦਰ ਸਮਾਜ ਦਾ ਸੰਬੰਧ ਹੈ, ਉਹਦੇ ਪੱਲੇ ਦੂਜਿਆਂ ਦੀ ਸੇਵਾ ਤੇ ਅਪਣੇ ਸ਼ੋਸ਼ਣ ਦਾ ਸ਼ਿਕਾਰ ਹੋਣ ਦੇ ਇਲਾਵਾ ਕੁਝ ਵੀ ਨਹੀਂ ਪੈਂਦਾ। ਜੇ ਧਿਆਨ ਨਾਲ਼ ਦੇਖਿਆ ਜਾਵੇ ਕਿ ਇਹ ਸ਼ੂਦਰ ਲੋਕ ਕੌਣ ਹਨ ਅਤੇ ਇਨ੍ਹਾਂ ਦੀ ਸਮਾਜ ਵਿਚ ਕਿੰਨੀ ਸੰਖਿਆ ਹੈ ਅਤੇ ਇਨ੍ਹਾਂ ਦੇ ਰੋਜ਼ਮੱਰਾ ਜੀਵਨ ਦੇ ਕੀ ਹਾਲਾਤ ਹਨ, ਤਾਂ ਉਪਰੋਕਤ ਉਠਾਏ ਸਵਾਲ ਦਾ ਉੱਤਰ ਲੱਭਣਾ ਔਖਾ ਨਹੀਂ ਹੈ। ਸ਼ੂਦਰ ਸ਼੍ਰੇਣੀ ਵਿਚ ਉਨ੍ਹਾਂ ਸਭ ਲੋਕਾਂ ਨੂੰ ਸ਼ਾਮਲ ਕੀਤਾ ਜਾਂਦਾ ਹੈ, ਜੋ ਅਪਣੇ ਹੱਥੀਂ ਕਾਰ ਤੇ ਮਿਹਨਤ-ਮੁਸ਼ੱਕਤ ਕਰਦੇ ਹਨ। ਇਹ ਉਹ ਸਾਰੇ ਲੋਕ ਕਿਰਤੀ ਕਾਮੇ ਅਖਵਾਉਂਦੇ ਹਨ, ਜੋ ਅਪਣੇ ਕੰਮ ਕਰਦੇ ਹਨ। ਉਪਰਲੇ ਤਿੰਨ ਵਰਗਾਂ ਦਾ ਸੰਬੰਧ ਸ਼ਾਸਨ ਅਧਿਕਾਰੀ, ਸ਼ਾਸਨ ਦੇ ਸਲਾਹਕਾਰ, ਰਾਜ ਦੀ ਰੱਖਿਆ ਤੇ ਵਣਜ-ਵਪਾਰ ਦੇ ਧੰਦਿਆਂ ਦੇ ਨਾਲ਼ ਹੁੰਦਾ ਹੈ। ਭਾਵੇਂ ਸ਼ਾਸਨ ਦੇ ਅਧਿਕਾਰੀ ਤੇ ਸਲਾਹਕਾਰ ਕਲਮ ਦੀ ਵਰਤੋਂ ਕਰਦੇ ਹਨ ਅਤੇ ਵਣਜ ਨੂੰ ਪਰਣਾਏ ਲੋਕ ਤਰਾਜ਼ੂ ਆਦਿ ਵਰਤਦੇ ਹਨ, ਪਰ ਇਹ ਤਿੰਨੋਂ ਉਪਰਲੇ ਵਰਣ ਉਪਜ ਵਿਚ ਹਿੱਸਾ ਨਹੀਂ ਲੈਂਦੇ। ਉਪਜਾਊ ਕੰਮ ਤਾਂ ਸ਼ੂਦਰ ਹੀ ਕਰਦੇ ਹਨ। ਸ਼ੂਦਰਾਂ ਵਿਚੋਂ ਜਿਨ੍ਹਾਂ ਲੋਕਾਂ ਦੇ ਕੰਮ ਦਾ ਨਾਤਾ ਮਨੁੱਖੀ ਮੈਲ਼ ਤੇ ਪਸ਼ੂਆਂ ਦੀ ਮਰਗ ਦੀ ਸਾਂਭ-ਸੰਭਾਲ ਤੇ ਸਾਫ਼-ਸਫ਼ਾਈ ਨਾਲ਼ ਹੈ, ਉਨ੍ਹਾਂ ਨੂੰ ਅਤਿ ਸ਼ੂਦਰ ਜਾਂ ਫਿਰ ਅਛੂਤ ਦੇ ਨਾਮ ਨਾਲ਼ ਪੁਕਾਰਿਆ ਜਾਂਦਾ ਹੈ। ਇਹ ਉਹ ਹੀ ਲੋਕ ਹਨ, ਜਿਨ੍ਹਾਂ ਨੂੰ ਭਾਰਤੀ ਸੰਵਿਧਾਨ ਵਿਚ ਅਨੁਸੂਚਿਤ ਸ਼੍ਰੇਣੀਆਂ ਵਜੋਂ ਅੰਕਿਤ ਕੀਤਾ ਗਿਆ ਹੈ। ਸ਼ੂਦਰਾਂ ਤੇ ਅਤਿ-ਸ਼ੂਦਰਾਂ ਦੀ ਕੁੱਲ ਸੰਖਿਆ 85 ਪ੍ਰਤੀਸ਼ਤ ਦੇ ਲਾਗੇ ਮੰਨੀ ਜਾਂਦੀ ਹੈ ਅਤੇ ਪਹਿਲੇ ਤਿੰਨ ਵਰਣਾਂ ਨਾਲ਼ ਸੰਬੰਧਤ ਲੋਕਾਂ ਦੀ ਸੰਖਿਆ 15 ਪ੍ਰਤੀਸ਼ਤ ਤਕ ਖੜ੍ਹ ਜਾਂਦੀ ਹੈ। ਇਸ ਹਵਾਲੇ ਨਾਲ਼ 85 ਪ੍ਰਤੀਸ਼ਤ ਲੋਕਾਂ ਨੂੰ ਸਮਾਜਕ ਰੁਤਬੇ ਵਜੋਂ 15 ਪ੍ਰਤੀਸ਼ਤ ਲੋਕਾਂ ਦੇ ਰੁਤਬੇ ਦੇ ਟਾਕਰੇ ਨੀਵੇਂ ਪੱਧਰ 'ਤੇ ਪੇਸ਼ ਕਰਨਾ ਧਰਮ ਤੇ ਕਰਤੱਵ ਵੱਲ ਉਂਗਲ਼ ਉਠਾਉਂਦਾ ਹੈ, ਜੋ ਕਿ ਅਜਿਹੀ ਕਾਣੀ ਸਮਾਜੀ ਵਿਵਸਥਾ ਨੂੰ ਰੱਬੀ ਵਰਦਾਨ ਦਰਸਾਉਂਦਾ ਹੈ। ਇਹ ਉਹੀ ਸੰਦਰਭ ਹੈ, ਜਿਸਦਾ ਨੇੜਿਉਂ ਨਿਰੀਖਣ ਕਰਨ 'ਤੇ ਧਰਮ, ਜਾਤ ਤੇ ਸਿਆਸਤ ਦੇ ਰਲ਼ਗੱਡ ਹੋਣ ਦੀ ਕਨਸੋਅ ਮਿਲਦੀ ਹੈ। ਧਰਮ ਸ਼ਾਸਤਰ ਵਿਚਲੇ ਧਰਮ ਦਾ ਨਾਤਾ ਨੈਤਿਕਤਾ ਨਾਲ਼ ਨਾ ਜੁੜਕੇ, ਕੀ 'ਠੀਕ' ਹੈ, ਕੀ 'ਗ਼ਲਤ' ਹੈ, ਆਦਿ ਨਾਲ਼ ਜੋੜਿਆ ਜਾਂਦਾ ਹੈ। ਗ਼ਲਤ ਤੇ ਠੀਕ ਦਾ ਸੰਬੰਧ ਨਿਯਮਾਂ ਨਾਲ਼ ਹੈ। ਇਸੇ ਨਿਯਮ ਦੀ ਤਰੀਕੇ ਨਾਲ਼ ਪਾਲਣਾ ਨੂੰ ਚੰਗਾ ਵਿਹਾਰ ਮੰਨਿਆ ਜਾਂਦਾ ਹੈ, ਅਤੇ ਇਹਦੀ ਉਲੰਘਣਾ ਨੂੰ ਬੁਰਾ ਵਿਹਾਰ।

ਨੈਤਿਕਤਾ ਦਾ ਸੰਬੰਧ ਨਿਯਮਾਂ ਨਾਲ਼ ਨਹੀਂ, ਬਲਕਿ ਸਿਧਾਂਤਾਂ ਨਾਲ਼ ਹੈ। ਨਿਯਮ ਸਾਨੂੰ ਦੱਸਦੇ ਹਨ ਕਿ ਕੀ ਠੀਕ ਹੈ ਤੇ ਕੀ ਗ਼ਲਤ ਹੈ, ਕਿਹੜੇ ਕੰਮ ਕਰਨੇ ਹਨ ਤੇ ਉਨ੍ਹਾਂ ਨੂੰ ਕਿਸ ਤਰ੍ਹਾਂ ਕਰਨਾ ਹੈ। ਧਰਮ ਸੂਤਰਾਂ ਤੇ ਸਿਮ੍ਰਤੀਆਂ ਦੇ ਘੜੇ ਨਿਯਮ ਹਿੰਦੂ ਸਮਾਜ ਤੋਂ ਇਹ ਹੀ ਉਮੀਦ ਕਰਦੇ ਹਨ। ਜਦ ਕਿ ਸਿਧਾਂਤ ਇਹ ਦੱਸਦੇ ਹਨ ਕਿ ਕੀ ਕਰਨਾ ਹੈ ਤੇ ਕਿਸ ਤਰ੍ਹਾਂ ਕਰਨਾ ਹੈ। ਸਿਧਾਂਤ

ਵਿਆਖਿਆ ਅਤੇ ਫੈਸਲੇ ਦੀ ਗੱਲ ਕਰਦੇ ਹਨ। ਨਿਯਮ ਤਾਂ ਬੰਦੇ ਨੂੰ ਆਗਿਆਕਾਰੀ ਬਣਾਉਂਦੇ ਹਨ। ਸਿਧਾਂਤ ਉਸ ਵਿਚ ਸਿਰਜਣਾਤਮਕਤਾ ਦੀ ਪ੍ਰਵਿਰਤੀ ਪੈਦਾ ਕਰਦੇ ਹਨ। ਨਿਯਮ ਮਨੁੱਖੀ ਕਰਤੱਵ ਨੂੰ ਨਿਰਧਾਰਤ ਕਰਨ ਦੀ ਗੱਲ ਕਰਦੇ ਹਨ, ਜਦਕਿ ਸਿਧਾਂਤ ਜ਼ਿੰਮੇਵਾਰ ਆਜ਼ਾਦੀ ਦੀ ਗੱਲ ਕਰਦੇ ਹਨ। ਇਸ ਲਈ ਸਹੀ ਮਾਅਨਿਆਂ ਵਿਚ ਧਰਮ ਦਾ ਸੰਬੰਧ ਸਿਧਾਂਤਾਂ ਨਾਲ਼ ਹੋਣਾ ਚਾਹੀਦਾ ਹੈ, ਨਾ ਕਿ ਨਿਯਮਾਂ ਨਾਲ਼। ਅੰਬੇਡਕਰ ਦਾ ਮੰਨਣਾ ਹੈ ਕਿ ਸਿਧਾਂਤ ਗ਼ਲਤ ਹੋ ਸਕਦੇ ਹਨ, ਪਰ ਸਿਧਾਂਤਾਂ ਦੇ ਤਹਿਤ ਕੀਤਾ ਹੋਇਆ ਕਰਮ ਚੇਤੰਨ ਤੇ ਜ਼ਿੰਮੇਵਾਰ ਹੋਵੇਗਾ। ਨਿਯਮ ਠੀਕ ਤਾਂ ਹੋ ਸਕਦਾ ਹੈ, ਪਰ ਉਹਦੇ ਤਹਿਤ ਕੀਤਾ ਕੰਮ ਮਕਾਨਕੀ ਹੁੰਦਾ ਹੈ। ਧਾਰਮਿਕ ਕਰਮ ਹੋ ਸਕਦਾ ਹੈ ਗ਼ਲਤ ਹੋਵੇ, ਪਰ ਉਹ ਅਵੱਸ਼ ਜ਼ਿੰਮੇਵਾਰਾਨਾ ਹੋਵੇਗਾ। ਨਿਯਮ ਉਪਰੋਂ ਥੋਪੇ ਜਾਂਦੇ ਹਨ। ਉਹ ਮਨੁੱਖਾਂ ਤੋਂ ਉਨ੍ਹਾਂ ਪ੍ਰਤੀ ਆਗਿਆਕਾਰੀ ਹੋਣਾ ਮੰਗਦੇ ਹਨ। ਜਦ ਕਿ ਸਿਧਾਂਤਾਂ ਦਾ ਸੰਬੰਧ ਮਨੁੱਖ ਦੀ ਅੰਤਰ ਆਤਮਾ ਨਾਲ਼ ਹੁੰਦਾ ਹੈ, ਜੋ ਕਿ ਉਸਨੂੰ ਸਹੀ ਤੇ ਗ਼ਲਤ ਦੀ ਪਛਾਣ ਬਾਰੇ ਸੋਚਣ ਲਈ ਮਜਬੂਰ ਕਰਦੇ ਹਨ। ਧਰਮ ਸ਼ਾਸਤਰਾਂ ਵਿਚਲੇ ਨਿਯਮ 'ਕੀ ਗ਼ਲਤ ਜਾਂ ਕੀ ਸਹੀ ਹੈ' ਦੀ ਪਛਾਣ ਨਹੀਂ ਕਰਾਉਂਦੇ, ਸਗੋਂ ਉਹ ਤਾਂ ਵਰਣ ਵਿਵਸਥਾ ਤੇ ਜਾਤ-ਵੰਡ ਨਾਲ਼ ਜੁੜੀਆਂ ਲਾਜ਼ਮੀ ਜ਼ਿੰਮੇਵਾਰੀਆਂ ਨੂੰ ਨਿਭਾਉਣ ਦੀ ਗੱਲ ਕਰਦੇ ਹਨ।

ਧਰਮ ਸ਼ਾਸਤਰ ਵਿਚਲੇ ਨਿਯਮਾਂ ਦੇ ਨਜ਼ਰੀਏ ਤੋਂ ਦੇਖਦਿਆਂ ਧਰਮ ਦੀ ਜੋ ਦਿੱਖ ਬਣਦੀ ਹੈ, ਉਹ ਅਧਿਆਤਮਕ ਨੈਤਿਕ ਕਦਰਾਂ-ਕੀਮਤਾਂ ਤੋਂ ਹਟ ਕੇ 'ਕੀ ਕਰਨਾ ਚਾਹੀਦਾ ਹੈ, ਕੀ ਨਹੀਂ ਕਰਨਾ ਚਾਹੀਦਾ' ਆਦਿ ਦੀ ਵਿਆਕਰਣ ਨਾਲ਼ ਜੁੜ ਜਾਂਦੀ ਹੈ। ਉਪਰੋਕਤ ਦਰਸਾਏ ਨਿਯਮ ਜਿਸ ਤਰ੍ਹਾਂ ਵਰਣ ਤੇ ਜਾਤ ਵਰਗ ਸਮਾਜ ਦੀ ਪੈਰਵਾਈ ਕਰਦੇ ਹਨ, ਉਸ ਨਾਲ਼ ਅਲੱਗ-ਅਲੱਗ ਜਾਤਾਂ ਦੇ ਸਮਾਜਕ ਤੇ ਆਰਥਿਕ ਅਦਾਰੇ ਪੱਕੇ ਤੌਰ 'ਤੇ ਨਿਰਧਾਰਤ ਕੀਤੇ ਮਿਲ਼ਦੇ ਹਨ। ਮਿਸਾਲ ਵਜੋਂ ਮੋਚੀ ਦਾ ਪੁੱਤਰ ਮੋਚੀ ਹੀ ਰਹੇਗਾ ਤੇ ਉਹਦਾ ਜੋ ਸਮਾਜਕ ਪੱਧਰ ਹੈ, ਉਹ ਉਸ ਤੋਂ ਪਾਰ ਨਹੀਂ ਜਾ ਸਕਦਾ। ਅਜਿਹੀ ਕਾਣੀ ਨੀਤੀ ਨੇ ਸਮਾਜ ਨੂੰ ਅਲੱਗ-ਅਲੱਗ ਦਰਜੇਵਾਰ ਸਮਾਜਕ ਪੱਧਰਾਂ ਦੇ ਆਧਾਰ 'ਤੇ ਸਿਰਫ਼ ਵੰਡਿਆ ਹੀ ਨਹੀਂ, ਸਗੋਂ ਉਸ ਵਿਚਲੇ ਮੈਤਰੀ ਭਾਵ - ਜੋ ਕਿ ਸਮਾਜ ਦੀ ਰੂਹ ਹੁੰਦਾ ਹੈ - ਨੂੰ ਬੁਰੀ ਤਰ੍ਹਾਂ ਵਲੂੰਧਰਿਆ ਹੈ। ਜੇ ਅਸੀਂ ਜਾਤਵਾਦੀ ਸਮਾਜ ਵਿਚ ਕਿਸੇ ਤਰ੍ਹਾਂ ਦੇ ਪਰਉਪਕਾਰੀ ਉਦਮਾਂ ਦੀ ਗੱਲ ਕਰਦੇ ਹਾਂ, ਤਾਂ ਅਜਿਹਾ ਉੱਦਮ ਜਾਤ ਵਿਸ਼ੇਸ਼ ਤਕ ਹੀ ਸੀਮਿਤ ਰਹਿੰਦਾ ਹੈ। ਮਿਸਾਲ ਵਜੋਂ ਵੱਖ-ਵੱਖ ਜਾਤ ਸਮੁਦਾਇ ਅਪਣੇ ਵੱਖਰੇ-ਵੱਖਰੇ ਭਵਨ ਬਣਾ ਕੇ ਉਨ੍ਹਾਂ ਵਿਚ ਆਪਣੇ ਸਮੁਦਾਇ ਦੇ ਲੋਕਾਂ ਨੂੰ ਹੀ ਸਹੂਲਤਾਂ ਦਿੰਦੇ ਹਨ। ਇਹ ਦਸਤੂਰ ਆਮ ਸ਼ਹਿਰਾਂ ਵਿਚ ਜਾਤਾਂ ਦੇ ਨਾਮ 'ਤੇ ਉਸਰੀਆਂ ਧਰਮਸ਼ਾਲਾਵਾਂ ਤੇ ਭਵਨਾਂ ਵਿਚ ਦੇਖਿਆ ਜਾ ਸਕਦਾ ਹੈ। ਐਸੀਆਂ ਜਾਤ-ਆਧਾਰਤ ਹਾਲਤਾਂ ਜਿਸ ਤਰ੍ਹਾਂ ਦੀ ਸਿਆਸਤ ਨੂੰ ਜਨਮ ਦਿੰਦੀਆਂ ਹਨ ਜਾਂ ਫਿਰ ਸਿਆਸਤ ਦਾ ਹਿੱਸਾ ਬਣਦੀਆਂ ਹਨ, ਉਸਦਾ ਸਮਾਜ ਨੂੰ ਜੋੜਨ ਦੀ ਬਜਾਏ ਵੰਡੀਆਂ ਪਾਉਣ ਵੱਲ ਜ਼ਿਆਦਾ ਝੁਕਾਅ ਰਹਿੰਦਾ ਹੈ।

ਇਸ ਤਰ੍ਹਾਂ ਲਗਦਾ ਹੈ ਕਿ ਧਰਮ ਤੇ ਸਿਆਸਤ ਇਕ ਹੀ ਸਿੱਕੇ ਦੇ ਦੋ ਪਾਸੇ ਹਨ। ਜਾਤਗਤ ਸਮਾਜ ਬਹੁਤ ਲੰਮੇ ਸਮੇਂ ਤੋਂ ਅਪਣੀ ਹੋਂਦ ਨੂੰ ਅਖੌਤੀ ਧਰਮ ਗ੍ਰੰਥਾਂ ਵਿਚ ਅੰਕਤ ਨਿਯਮਾਂ ਦੇ ਸਹਾਰੇ ਬਰਕਰਾਰ ਰੱਖਦਾ ਆ ਰਿਹਾ ਹੈ। ਇਹ ਨਿਯਮ ਮਹਿਜ਼ ਨਿਯਮ ਨਾ ਰਹਿ ਕੇ ਧਰਮ ਦਾ ਹੀ ਸਥਾਨ ਹਾਸਲ ਕਰ ਚੁੱਕੇ ਹਨ। ਇਨ੍ਹਾਂ ਨਿਯਮਾਂ ਸਦਕਾ ਹੀ ਅਛੂਤ ਸਮਾਜ ਨੂੰ ਧਾਰਮਿਕ ਸਥਾਨਾਂ ਵਿਚ ਆਉਣ-ਜਾਣ ਤੇ ਪ੍ਰਭੂ ਦੀ ਭਗਤੀ ਕਰਨ ਤੋਂ ਰੋਕਿਆ ਜਾਂਦਾ ਰਿਹਾ ਹੈ। ਇਹ ਆਪਣੇ-ਆਪ ਵਿਚ ਵਿਰੋਧਾਭਾਸ ਹੈ ਕਿ ਭਾਵੇਂ ਅਤਿ ਸ਼ੂਦਰ ਹਿੰਦੂ ਸਮਾਜ ਦਾ ਅੰਗ ਮੰਨੇ ਜਾਂਦੇ ਹਨ, ਪਰ ਉਨ੍ਹਾਂ ਦੀ ਇਸ ਸਮਾਜ ਦੇ ਧਾਰਮਿਕ ਕਾਰਜਾਂ ਤੇ ਸਥਾਨਾਂ ਵਿਚ ਸ਼ਮੂਲੀਅਤ ਨੂੰ ਮਨ੍ਹਾ ਕੀਤਾ ਜਾਂਦਾ ਰਿਹਾ ਹੈ। ਅਛੂਤ ਲੋਕਾਂ ਦਾ ਇਸਲਾਮ, ਈਸਾਈ ਤੇ ਸਿੱਖ ਧਰਮ ਵੱਲ ਝੁਕਾਅ ਹੋਣਾ ਉਨ੍ਹਾਂ ਦੇ ਉਤਪੀੜਤ ਹੋਣ

ਦਾ ਹੀ ਸਿੱਟਾ ਹੈ। ਹਿੰਦੂ ਸਮਾਜ ਵਿਚੋਂ ਅਛੂਤ ਲੋਕਾਂ ਦੇ ਦੂਜੇ ਧਰਮਾਂ ਵਿਚ ਪ੍ਰਵੇਸ਼ ਨਾਲ਼ ਜਾਤ- ਵੰਡ ਵਾਲ਼ੀ ਰਾਜਨੀਤੀ ਹੋਰ ਵੀ ਗੂੜ੍ਹੀ ਹੋ ਜਾਂਦੀ ਹੈ। ਇਸ ਹਾਲਤ ਵਿਚ ਜਾਤੀ ਤਣਾਓ ਧਰਮ ਤਣਾਓ ਦਾ ਰੂਪ ਅਖ਼ਤਿਆਰ ਕਰ ਲੈਂਦਾ ਹੈ। 'ਲਵ ਜਿਹਾਦ' ਆਦਿ ਇਸ ਦੇ ਹੀ ਸਿੱਟੇ ਹਨ।

ਵਰਣ ਤੇ ਜਾਤ ਦੇ ਆਧਾਰ 'ਤੇ ਪੈਦਾ ਹੋਈਆਂ ਸਮਾਜਕ ਅਲਾਮਤਾਂ ਦੇ ਵਿਰੋਧ ਵਿਚ ਵੱਖ-ਵੱਖ ਸਮਿਆਂ ਦੌਰਾਨ ਧਾਰਮਿਕ, ਸਮਾਜਕ ਅਤੇ ਰਾਜਨੀਤਕ ਲਹਿਰਾਂ ਉੱਠਦੀਆਂ ਰਹੀਆਂ ਹਨ। ਐਸੀਆਂ ਬਹੁਤ ਸਾਰੀਆਂ ਲਹਿਰਾਂ ਦਾ ਸੰਬੰਧ ਸ਼ੂਦਰ ਤੇ ਅਤਿ-ਸ਼ੂਦਰ ਜਾਤਾਂ ਨਾਲ਼ ਰਿਹਾ ਹੈ। ਇਨ੍ਹਾਂ ਸਾਰੀਆਂ ਲਹਿਰਾਂ ਵਿਚੋਂ ਭਗਤੀ ਲਹਿਰਾਂ ਦਾ ਯੋਗਦਾਨ ਅਹਿਮ ਰਿਹਾ ਹੈ। ਭਗਤੀ ਲਹਿਰ ਸੱਤਵੀਂ ਸਦੀ ਵਿਚ ਦੱਖਣ ਵਿਚੋਂ ਸ਼ੁਰੂ ਹੋ ਕੇ ਪੰਦਰਵੀਂ ਸਦੀ ਦੌਰਾਨ ਉੱਤਰੀ ਭਾਰਤ ਵਿਚ ਬਹੁਤ ਹੀ ਪ੍ਰਭਾਵਸ਼ਾਲੀ ਰੂਪ ਅਖ਼ਤਿਆਰ ਕਰ ਗਈ ਸੀ। ਕਬੀਰ ਬਾਣੀ ਤੇ ਰਵਿਦਾਸ ਬਾਣੀ ਮਨੁੱਖਤਾ ਨੂੰ ਜਾਤੀ ਵੰਡ ਤੋਂ ਨਜਾਤ ਦਿਵਾ ਕੇ ਉਨ੍ਹਾਂ ਨੂੰ ਅਸਲ ਅਧਿਆਤਮਕ ਧਰਮ ਦਾ ਪਾਠ ਪੜ੍ਹਾਉਂਦੀ ਹੈ। ਅਸਲ ਵਿਚ ਭਗਤੀ ਲਹਿਰ ਅਖੌਤੀ ਧਰਮ ਸ਼ਾਸਤਰ ਆਧਾਰਤ ਧਰਮ ਤੇ ਉਸ ਵਿਚੋਂ ਉਪਜੀ ਸਿਆਸਤ ਦੇ ਸੁਮੇਲ ਦੇ ਵਿਰੋਧ ਵਿਚੋਂ ਪੈਦਾ ਹੁੰਦੀ ਹੈ। ਗੁਰੂ ਸਾਹਿਬਾਨ ਦਾ ਸਿੱਖ ਫ਼ਲਸਫ਼ਾ ਵੀ ਜਾਤੀ ਭਾਵ ਤੋਂ ਮੁਕਤ ਮੈਤਰੀ ਭਾਵ ਨਾਲ਼ ਭਰਪੂਰ ਸਮਾਜ ਦੀ ਉਸਾਰੀ ਵੱਲ ਠੋਸ ਕਦਮ ਹੈ। ਗੁਰੂ ਸਾਹਿਬਾਨ ਦਾ ਫ਼ਲਸਫ਼ਾ ਮਹਿਜ਼ ਫ਼ਲਸਫ਼ਾ ਨਾ ਰਹਿ ਕੇ ਨਿਰੋਲ ਨਵੇਂ ਸਮਾਜ ਦੀ ਸਥਾਪਨਾ ਕਰਦਾ ਹੈ, ਜਿਸਦੀ ਨੀਂਹ ਬਾਬਾ ਨਾਨਕ ਜੀ ਨੇ ਕਰਤਾਰਪੁਰ ਵਸਾ ਕੇ ਰੱਖੀ ਸੀ। ਬਾਬਾ ਨਾਨਕ ਦੀ ਬਾਣੀ *ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥ ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥ ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ* ਕਿਰਤ ਆਧਾਰਤ ਸਮਾਜ ਦੀ ਮੂੰਹੋਂ ਬੋਲਦੀ ਤਸਵੀਰ ਹੈ। ਬਾਬੇ ਨਾਨਕ ਨੇ ਅਪਣੀ ਬਾਣੀ ਵਿਚ ਈਸ਼ਵਰ ਦੀ ਪ੍ਰਾਪਤੀ ਤੇ ਉਹਦੀ ਦਯਾ ਤੇ ਮਿਹਰ ਦਾ ਰਸਤਾ ਪਾਠ-ਪੂਜਾ ਦੀ ਬਜਾਏ ਸਦੀਆਂ ਤੋਂ ਲਤਾੜੇ ਹੋਏ ਸਮਾਜ ਦੇ ਵੱਡੇ ਸਮੂਹ ਨੂੰ ਗ਼ਲੇ ਲਾਉਣ ਵਿਚ ਨਿਕਲ਼ਦਾ ਦਰਸਾਇਆ ਹੈ। ਉਨ੍ਹਾਂ ਦੇ ਇਸ ਲਾਸਾਨੀ ਰਸਤੇ ਦੀ ਪਰਪੱਕਤਾ 'ਜਿਥੈ ਨੀਚ ਸਮਾਲੀਅਨ ਤਿਥੈ ਨਦਰਿ ਤੇਰੀ ਬਖਸੀਸ' ਵਿਚ ਸਾਫ਼ ਦਿਖਾਈ ਦਿੰਦੀ ਹੈ। ਬਾਬੇ ਨਾਨਕ ਦੇ ਘਰ ਦੀ ਬਾਣੀ ਤੇ ਮਨੁੱਖੀ ਬਰਾਬਰੀ ਦਾ ਫ਼ਲਸਫ਼ਾ ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਦੇ ਅਦੁੱਤੀ ਸਮੇਂ ਦੌਰਾਨ ਐਸੇ ਸਮਾਜ ਦੀ ਉਸਾਰੀ ਵਿਚ ਤਬਦੀਲ ਹੋਇਆ, ਜਿਸ ਵਿਚ ਜਾਤ-ਵੰਡ ਦਾ ਕੋਈ ਨਾਮ-ਨਿਸ਼ਾਨ ਨਹੀਂ, ਮਰਦ ਤੇ ਔਰਤ ਦੀ ਬਰਾਬਰੀ ਜਿਸ ਸਮਾਜ ਵਿਚ ਸਹੀ ਮਾਅਨਿਆਂ ਵਿਚ ਮਨੁੱਖੀ ਜੀਵਨ ਦੀ ਪੂਰਤੀ ਦਾ ਰਾਹ ਦਰਸਾਉਂਦੀ ਹੈ। ਇਹ ਰਸਤਾ ਸਿਆਸਤ ਨੂੰ ਧਰਮ ਦੇ ਆਧਾਰ 'ਤੇ ਵਰਤੋਂ ਵਿਚ ਲਿਆਉਣ ਤੋਂ ਰੋਕਦਾ ਹੈ।

ਅਸਲ ਵਿਚ ਸਿਆਸਤ ਹੀ ਹੈ, ਜੋ ਧਰਮ ਨੂੰ ਧਰਮ ਬਣਨ ਤੋਂ ਰੋਕਦੀ ਹੈ। ਸਿੱਖ ਪੰਥ ਵਿਚ ਜਾਤ ਦੇ ਆਧਾਰ 'ਤੇ ਡੇਰਿਆਂ ਦਾ ਉਸਰਨਾ ਇਹਦਾ ਪ੍ਰਤੱਖ ਪ੍ਰਮਾਣ ਹੈ। ਜੇ ਧਰਮ ਵਿਚ ਕੋਈ ਐਸੀ ਮਦ ਹੈ ਜਿਸ ਨਾਲ਼ ਸਿਆਸਤ ਨੂੰ ਹਵਾ ਮਿਲ਼ਦੀ ਹੈ, ਤਾਂ ਉਸ ਵਿਚੋਂ ਉਪਜੀ ਸਿਆਸਤ ਤੇ ਧਰਮ ਦੋਨੋਂ ਸਵੈ-ਵਿਨਾਸ਼ਕਾਰੀ ਹੋ ਨਿਬੜਦੇ ਹਨ। ਇਸ ਲਈ ਵਰਣ, ਧਰਮ, ਜਾਤ ਤੇ ਸਿਆਸਤ ਦੇ ਆਪਸੀ ਸੰਬੰਧ ਨੂੰ ਸਮਝ ਕੇ ਇਸ ਬਾਰੇ ਨਿਰਪੱਖ ਨਿਰਣਾ ਕਰਨਾ ਕਾਫ਼ੀ ਟੇਢਾ ਮਸਲਾ ਹੈ, ਜਿਸ ਨੂੰ ਇਸ ਲੇਖ ਵਿਚ ਸਮਝਣ ਦਾ ਇਹ ਬਹੁਤ ਛੋਟਾ-ਜਿਹਾ ਉਪਰਾਲਾ ਹੈ। 000

***(ਪ੍ਰੋਫੈਸਰ, ਸ਼ਹੀਦ ਭਗਤ ਸਿੰਘ ਚੇਅਰ, ਪੁਲੀਟੀਕਲ ਸਾਇੰਸ ਡੀਪਾਰਟਮੈਂਟ,***
***ਪੰਜਾਬ ਯੂਨੀਵਰਸਟੀ, ਚੰਡੀਗੜ੍ਹ***
***Email: ronkiram@yahoo.co.in Phone: +91-98786-82160)***

# ਪੂੰਜੀਵਾਦ ਅਤੇ ਵਾਤਾਵਰਨ ਦਾ ਸੰਕਟ: ਸੁਖਵੰਤ ਹੁੰਦਲ

ਅੱਜ ਮਨੁੱਖਤਾ ਲਈ ਵਾਤਾਵਰਨ ਦਾ ਸੰਕਟ ਇਕ ਗੰਭੀਰ ਚੁਣੌਤੀ ਹੈ। ਜੇ ਮਨੁੱਖ ਇਸ ਸੰਕਟ ਨਾਲ ਨਿਪਟਣ ਵਿਚ ਕਾਮਯਾਬ ਨਾ ਹੋਇਆ ਤਾਂ ਆਉਣ ਵਾਲੇ ਸਮਿਆਂ ਵਿਚ ਇਸ ਸੰਕਟ ਕਾਰਨ ਧਰਤੀ ਦੀ ਹੋਂਦ ਨੂੰ ਖਤਰਾ ਬਣ ਸਕਦਾ ਹੈ। ਜੇ ਗੱਲ ਧਰਤੀ ਦੇ ਅੰਤ ਤਕ ਨਾ ਵੀ ਪਹੁੰਚੇ ਤਾਂ ਵੀ ਇਸ ਸੰਕਟ ਕਾਰਨ ਨਿਕਲਣ ਵਾਲੇ ਨਤੀਜੇ (ਧਰਤੀ ਦੇ ਤਾਪਮਾਨ ਵਿਚ ਵਾਧਾ, ਪਾਣੀ ਦੀ ਕਿੱਲਤ, ਹੜ੍ਹਾਂ ਅਤੇ ਸੋਕੇ ਦੀਆਂ ਘਟਨਾਵਾਂ ਵਿਚ ਵਾਧਾ, ਹਵਾ ਅਤੇ ਪਾਣੀ ਦੇ ਸ੍ਰੋਤਾਂ ਦਾ ਪ੍ਰਦੂਸ਼ਣ, ਸਮੁੰਦਰਾਂ ਦਾ ਤੇਜ਼ਾਬੀਕਰਨ, ਜ਼ਮੀਨ ਦੀ ਉਪਜਾਊ ਸ਼ਕਤੀ ਦਾ ਨਾਸ਼, ਅਤੇ ਇਸ ਤਰ੍ਹਾਂ ਦੀਆਂ ਹੋਰ ਚੀਜ਼ਾਂ) ਧਰਤੀ ਉਪਰ ਮਨੁੱਖ ਦੇ ਜਿਉਣ ਨੂੰ ਬਹੁਤ ਜ਼ਿਆਦਾ ਮੁਸ਼ਕਿਲ ਬਣਾ ਸਕਦੇ ਹਨ। ਬੇਸ਼ੱਕ ਵਾਤਾਵਰਨ ਦੇ ਸੰਕਟ ਬਾਰੇ ਗੱਲ ਕਰਨ ਵੇਲ਼ੇ ਇਸ ਸਮੇਂ ਜ਼ਿਆਦਾ ਤੌਰ 'ਤੇ Global warming ਗਲੋਬਲ ਵਾਰਮਿੰਗ (ਧਰਤੀ ਦੇ ਤਾਪਮਾਨ ਵਿਚ ਵਾਧਾ) ਅਤੇ Climate change ਕਲਾਈਮੇਟ ਚੇਂਜ (ਮੌਸਮਾਂ ਵਿਚ ਤਬਦੀਲੀ) ਬਾਰੇ ਗੱਲਬਾਤ ਕੀਤੀ ਜਾਂਦੀ ਹੈ, ਪਰ ਧਰਤੀ ਦੇ ਪ੍ਰਬੰਧ (ਅਰਥ ਸਿਸਟਮ - ਜ਼ਮੀਨ, ਸਮੁੰਦਰ, ਵਾਯੂਮੰਡਲ ਅਤੇ ਜ਼ਿੰਦਗੀ ਦੇ ਇਕ ਦੂਸਰੇ ਨਾਲ ਅੰਤਰ-ਸੰਬੰਧ) ਨਾਲ ਸੰਬੰਧਤ ਹੋਰ ਸਮੱਸਿਆਵਾਂ ਵੀ ਇਸ ਸੰਕਟ ਦਾ ਹਿੱਸਾ ਹਨ। ਇਨ੍ਹਾਂ ਵਿਚੋਂ ਕੁਝ ਇਸ ਪ੍ਰਕਾਰ ਹਨ: ਜੀਵ-ਜੰਤੂਆਂ ਦੀਆਂ ਜਾਤੀਆਂ (species) ਦਾ ਖਾਤਮਾ, ਤਪਤ-ਖੰਡੀ ਜੰਗਲਾਂ ਦੀ ਵਢਾਈ, ਪਰਮਾਣੂ ਪ੍ਰਦੂਸ਼ਣ, ਧਰਤੀ ਦੀ ਉਪਰਲੀ ਪਰਤ ਦਾ ਨੁਕਸਾਨ, ਧਰਤੀ ਹੇਠਲੇ ਪਾਣੀਆਂ ਦਾ ਪ੍ਰਦੂਸ਼ਣ, ਕੀਟਨਾਸ਼ਕ ਅਤੇ ਨਦੀਨ ਨਾਸ਼ਕ ਦਵਾਈਆਂ ਦਾ ਜ਼ਹਿਰੀਲਾ ਅਸਰ, ਸਮੁੰਦਰਾਂ ਦਾ ਤੇਜ਼ਾਬੀਕਰਨ, ਨਵਿਆਏ ਨਾ ਜਾ ਸਕਣ ਵਾਲੇ ਵਸੀਲਿਆਂ ਨੂੰ ਖਤਮ ਕਰਨ ਦਾ ਅਮਲ, ਰਸਾਇਣਕ ਪ੍ਰਦੂਸ਼ਣ, ਜ਼ਹਿਰੀਲੀ ਰਹਿੰਦ ਖੂਹੰਦ ਦੇ ਉਤਪਾਦਨ ਵਿਚ ਵਾਧਾ, ਹਵਾ ਦਾ ਪ੍ਰਦੂਸ਼ਣ, ਸਮੁੰਦਰਾਂ ਵਿਚੋਂ ਮਿਲਣ ਵਾਲੀ ਸਮੱਗਰੀ (ਮੱਛੀਆਂ ਆਦਿ) ਦਾ ਖਾਤਮਾ ਆਦਿ। ਵਾਤਾਵਰਨ ਦੇ ਸੰਕਟ ਦੇ ਖੇਤਰ ਵਿਚ ਕੰਮ ਕਰਦੇ ਵਿਗਿਆਨੀਆਂ ਅਤੇ ਵਿਦਵਾਨਾਂ ਦਾ ਮੱਤ ਹੈ ਕਿ ਇਸ ਸੰਕਟ ਨੂੰ ਠੱਲ੍ਹ ਪਾਉਣ ਲਈ ਸਾਡੇ ਕੋਲ਼ ਸਿਰਫ ਕੁੱਝ ਦਹਾਕਿਆਂ ਦਾ ਸਮਾਂ ਹੀ ਬਚਿਆ ਹੈ। ਜੇ ਇਸ ਸਮੇਂ ਦੌਰਾਨ ਅਸੀਂ ਇਸ ਸੰਕਟ ਨੂੰ ਠੱਲ੍ਹ ਪਾਉਣ ਲਈ ਕੋਈ ਨਿੱਗਰ ਕਦਮ ਨਾ ਚੁੱਕੇ ਤਾਂ ਇਹ ਸੰਕਟ ਅਜਿਹੇ ਪੜਾਅ 'ਤੇ ਪਹੁੰਚ ਜਾਵੇਗਾ, ਜਿੱਥੇ ਇਸ ਨੂੰ ਮੋੜਾ ਪਾਉਣਾ ਨਾ-ਮੁਮਕਿਨ ਹੋ ਜਾਵੇਗਾ। ਇਸ ਲਈ ਮਨੁੱਖਤਾ ਨੂੰ ਇਸ ਸੰਕਟ ਨਾਲ ਨਿਪਟਣ ਦੀ ਫੌਰੀ ਲੋੜ ਹੈ।

ਇਸ ਸੰਕਟ ਨਾਲ ਨਿਪਟਣ ਦੀ ਇਸ ਫੌਰੀ ਲੋੜ ਨੂੰ ਧਿਆਨ ਵਿਚ ਰੱਖਦਿਆਂ ਸਰਕਾਰਾਂ, ਅੰਤਰਰਾਸ਼ਟਰੀ ਸੰਸਥਾਵਾਂ, ਕਾਰਪੋਰੇਸ਼ਨਾਂ ਆਦਿ ਵੱਲੋਂ ਇਸ ਸੰਕਟ ਨਾਲ ਨਜਿੱਠਣ ਲਈ ਕਈ ਕੁੱਝ ਕੀਤਾ ਜਾ ਰਿਹਾ ਹੈ ਅਤੇ ਕਈ ਤਰ੍ਹਾਂ ਦੇ ਹੱਲ ਸੁਝਾਏ ਜਾ ਰਹੇ ਹਨ। ਲੋਕਾਂ ਨੂੰ ਵਸਤਾਂ ਨੂੰ ਰੀਸਾਈਕਲ ਕਰਨ ਲਈ ਕਿਹਾ ਜਾ ਰਿਹਾ ਹੈ ਅਤੇ ਵਸਤਾਂ ਦੀ ਰੀਸਾਈਕਲਿੰਗ ਲਈ ਕਈ ਤਰ੍ਹਾਂ ਦੇ ਪ੍ਰੋਗਰਾਮ ਚਲਾਏ ਜਾ ਰਹੇ ਹਨ। ਊਰਜਾ ਦੀ ਘੱਟ ਖਪਤ ਕਰਨ ਵਾਲੀ ਤਕਨੌਲੌਜੀ ਜਿਵੇਂ ਘੱਟ ਤੇਲ ਖਾਣ ਵਾਲੀਆਂ ਕਾਰਾਂ ਬਣਾਉਣ ਅਤੇ ਵਰਤਣ ਲਈ ਕਿਹਾ ਜਾ ਰਿਹਾ ਹੈ। ਵਸਤਾਂ ਦੇ ਉਤਪਾਦਨ ਦੌਰਾਨ ਪੈਦਾ ਹੋਣ ਵਾਲੀ ਕਾਰਬਨ ਡਾਇਔਕਸਾਈਡ ਨੂੰ ਵਾਯੂਮੰਡਲ (atmosphere) ਵਿਚੋਂ ਕੱਢ ਕੇ ਮਿੱਟੀ, ਦਰਖਤਾਂ, ਬੂਟਿਆਂ ਜਾਂ ਧਰਤੀ ਦੇ ਹੇਠਾਂ ਸਾਂਭਣ ਦੀ ਗੱਲ ਕੀਤੀ ਜਾ ਰਹੀ ਹੈ। ਕਈ ਤਰ੍ਹਾਂ ਦੇ ਗਰੀਨ ਟੈਕਸ ਲਾਉਣ ਦੀਆਂ ਗੱਲਾਂ ਕੀਤੀਆਂ ਜਾ ਰਹੀਆਂ ਹਨ। ਇਕ ਪਾਸੇ ਵਾਤਾਵਰਨ ਪ੍ਰੇਮੀਆਂ ਦੀਆਂ ਕਈ ਸੰਸਥਾਵਾਂ ਅਤੇ ਵਾਤਾਵਰਨ ਨਾਲ ਸੰਬੰਧਤ ਵਿਦਵਾਨਾਂ ਵੱਲੋਂ ਇਸ ਤਰ੍ਹਾਂ ਦੇ ਉਦਮਾਂ ਦਾ ਸਮਰਥਨ ਕੀਤਾ ਜਾ ਰਿਹਾ ਹੈ, ਦੂਜੇ ਪਾਸੇ ਬਹੁਤ ਸਾਰੇ ਵਾਤਾਵਰਨ

ਪ੍ਰੇਮੀਆਂ, ਵਾਤਾਵਰਨ ਨਾਲ ਸੰਬੰਧਤ ਵਿਦਵਾਨਾਂ ਅਤੇ ਸੰਸਥਾਵਾਂ ਦਾ ਇਹ ਦਾਅਵਾ ਹੈ ਕਿ ਵਾਤਾਵਰਨ ਦੇ ਸੰਕਟ ਨਾਲ ਨਿਪਟਣ ਲਈ ਸੁਝਾਏ ਜਾ ਰਹੇ ਇਹ ਸੁਝਾਅ ਨਾ-ਕਾਫੀ ਹਨ ਅਤੇ ਇਹ ਇਸ ਸੰਕਟ ਦੀ ਜੜ੍ਹ ਦੀ ਪਛਾਣ ਨਹੀਂ ਕਰਦੇ। ਉਨ੍ਹਾਂ ਅਨੁਸਾਰ ਵਾਤਾਵਰਨ ਦਾ ਸੰਕਟ ਧਰਤੀ ਦਾ ਸੰਕਟ ਨਹੀਂ ਸਗੋਂ ਪੂੰਜੀਵਾਦ ਦੇ ਨਾਂ ਨਾਲ ਜਾਣੇ ਜਾਂਦੇ ਸਮਾਜਕ ਅਤੇ ਆਰਥਿਕ ਪ੍ਰਬੰਧ ਦਾ ਸੰਕਟ ਹੈ। ਇਸ ਪੂੰਜੀਵਾਦੀ ਪ੍ਰਬੰਧ ਤੋਂ ਖਹਿੜਾ ਛੁਡਾਏ ਬਿਨਾਂ ਇਸ ਸੰਕਟ ਤੋਂ ਖਹਿੜਾ ਨਹੀਂ ਛੁਡਾਇਆ ਜਾ ਸਕਦਾ। ਇਨ੍ਹਾਂ ਲੋਕਾਂ ਦਾ ਕਹਿਣਾ ਹੈ ਕਿ ਵਾਤਾਵਰਨ ਦੇ ਸੰਕਟ ਨਾਲ ਨਿਪਟਣ ਲਈ ਮਨੁੱਖਤਾ ਨੂੰ ਇਸ ਗੱਲ ਦਾ ਫੈਸਲਾ ਕਰਨਾ ਪੈਣਾ ਹੈ ਕਿ ਕੀ ਉਨ੍ਹਾਂ ਨੇ ਧਰਤੀ ਨੂੰ ਬਚਾਉਣਾ ਹੈ ਜਾਂ ਪੂੰਜੀਵਾਦ ਨੂੰ। ਆਪਣੀ ਇਸ ਧਾਰਨਾ ਦੀ ਪੁਸ਼ਟੀ ਲਈ ਉਹ ਪੂੰਜੀਵਾਦ ਦੀਆਂ ਕਈ ਅੰਤਰੀਵੀ ਖਾਸੀਅਤਾਂ ਜਾਂ ਤਰਕਾਂ ਦੀ ਉਦਾਹਰਨ ਦਿੰਦੇ ਹਨ। ਇਸ ਲੇਖ ਵਿਚ ਅਸੀਂ ਇਨ੍ਹਾਂ ਖਾਸੀਅਤਾਂ/ਤਰਕਾਂ ਵਿਚੋਂ ਕੁੱਝ ਇਕ ਦਾ ਵਿਸਥਾਰ ਵਿਚ ਵਰਨਣ ਕਰਾਂਗੇ, ਤਾਂ ਕਿ ਇਹ ਸਪਸ਼ਟ ਹੋ ਸਕੇ ਕਿ ਸਰਮਾਏਦਾਰੀ ਪ੍ਰਬੰਧ ਦੇ ਰਹਿੰਦਿਆਂ ਵਾਤਾਵਰਨ ਅਤੇ ਧਰਤੀ ਨੂੰ ਬਚਾਉਣਾ ਅਸੰਭਵ ਹੈ।

**ਆਰਥਿਕਤਾ ਵਿਚ ਲਗਾਤਾਰ ਵਾਧਾ**

ਪੂੰਜੀਵਾਦ ਨੂੰ ਚਲਾਉਣ ਵਾਲੀ ਮੁੱਖ ਸ਼ਕਤੀ ਹੈ ਮੁਨਾਫਾ ਅਤੇ ਪੂੰਜੀ ਦਾ ਵਾਧਾ। ਇਸ ਪ੍ਰਬੰਧ ਵਿਚ ਸਰਮਾਏਦਾਰ ਵੱਲੋਂ ਲਏ ਗਏ ਹਰ ਇਕ ਫੈਸਲੇ ਜਾਂ ਪੁੱਟੇ ਗਏ ਹਰ ਇਕ ਕਦਮ ਦਾ ਮਕਸਦ ਮੁਨਾਫਾ ਕਮਾਉਣਾ ਅਤੇ ਆਪਣੀ ਪੂੰਜੀ ਜਾਂ ਦੌਲਤ ਵਿਚ ਵਾਧਾ ਕਰਨਾ ਹੁੰਦਾ ਹੈ। ਮੁਨਾਫਾ ਕਮਾਉਣ ਦੇ ਇਸ ਦੌਰ ਦਾ ਕੋਈ ਅੰਤ ਨਹੀਂ। ਇਕ ਦੌਰ ਵਿਚ ਕਮਾਏ ਗਏ ਮੁਨਾਫੇ ਦਾ ਅਗਾਂਹ ਨਿਵੇਸ਼ ਕਰ ਦਿੱਤਾ ਜਾਂਦਾ ਹੈ, ਤਾਂ ਕਿ ਹੋਰ ਮੁਨਾਫਾ ਕਮਾਇਆ ਜਾ ਸਕੇ। ਦੂਜੇ ਦੌਰ ਵਿਚ ਕਮਾਏ ਮੁਨਾਫੇ ਨੂੰ ਫਿਰ ਅਗਾਂਹ ਨਿਵੇਸ਼ ਕਰ ਦਿੱਤਾ ਜਾਂਦਾ ਹੈ। ਅਤੇ ਇਹ ਅਮਲ ਲਗਾਤਾਰ ਚਲਦਾ ਰਹਿੰਦਾ ਹੈ। ਜੌਹਨ ਬਲੈਮੀ ਫੌਸਟਰ, ਫਰੈੱਡ ਮੈਗਡੌਫ ਅਤੇ ਕਈ ਹੋਰ ਮਾਰਕਸਵਾਦੀ ਵਿਦਵਾਨ ਇਸ ਗੱਲ ਨੂੰ ਸਮਝਾਉਣ ਲਈ ਮਾਰਕਸ ਵੱਲੋਂ ਦੱਸੇ ਹੇਠ ਲਿਖੇ ਫਾਰਮੂਲੇ ਦੀ ਵਰਤੋਂ ਕਰਦੇ ਹਨ:
M-C-M’

ਇਸ ਵਿਚ M ਪੈਸੇ ਜਾਂ ਪੂੰਜੀ ਦੇ ਬਰਾਬਰ ਹੈ, ਜਿਸ ਨੂੰ ਜਿਣਸ ਦਾ ਉਤਪਾਦਨ ਕਰਨ ਲਈ ਕੱਚਾ ਮਾਲ, ਮਸ਼ੀਨਰੀ ਅਤੇ ਮਜ਼ਦੂਰ ਸ਼ਕਤੀ ਖਰੀਦਣ ਲਈ ਵਰਤਿਆ ਜਾਂਦਾ ਹੈ, C ਇਸ ਪੂੰਜੀ ਨਾਲ ਪੈਦਾ ਕੀਤੀ ਗਈ ਜਿਣਸ ਦੇ ਬਰਾਬਰ ਹੈ, ਅਤੇ ਇਸ ਜਿਣਸ ਨੂੰ ਵੇਚ ਕੇ ਪੂੰਜੀ M’ ਕਮਾਈ ਜਾਂਦੀ ਹੈ, ਜਿਸ ਵਿਚ ਉਤਪਾਦਨ ਦਾ ਖਰਚਾ ਅਤੇ ਮੁਨਾਫਾ ਸ਼ਾਮਲ ਹੁੰਦਾ ਹੈ। ਦੂਜੇ ਦੌਰ ਵਿਚ M’ ਨਿਵੇਸ਼ ਕਰ ਦਿੱਤਾ ਜਾਂਦਾ ਹੈ ਅਤੇ ਅਗਲਾ ਸਮੀਕਰਨ ਇਹ ਬਣ ਜਾਂਦਾ ਹੈ: M’-C-M’’ ਅਤੇ ਉਸ ਤੋਂ ਅਗਲੇ ਦੌਰ ਵਿਚ ਸਮੀਕਰਨ ਬਣ ਜਾਂਦਾ ਹੈ: M’’-C-M’’’

ਇਸ ਤਰ੍ਹਾਂ ਇਹ ਸਿਲਸਿਲਾ ਅੱਗੇ ਤੋਂ ਅੱਗੇ ਚਲਦਾ ਜਾਂਦਾ ਹੈ, ਅਤੇ ਦੁਨੀਆ ਦੀ ਕੁੱਲ ਆਰਥਿਕਤਾ ਵਿਚ ਵਾਧਾ (ਦੁਨੀਆ ਵਿਚ ਕੁੱਲ ਜਿਣਸਾਂ ਅਤੇ ਸੇਵਾਵਾਂ ਦੇ ਉਤਪਾਦਨ ਵਿਚ ਵਾਧਾ) ਹੋਈ ਜਾਂਦਾ ਹੈ। ਜੌਹਨ ਬਲੈਮੀ ਫੌਸਟਰ ਆਪਣੀਆਂ ਕਿਤਾਬਾਂ Ecology Against Capitalism *ਈਕੌਲਜੀ ਅਗੇਂਸਟ ਕੈਪਟਲਿਜ਼ਮ* ਅਤੇ The Vunerable Planet: A short economic history of the environment *ਦੀ ਵਲਨੇਰੇਬਲ ਪਲੈਨਟ:ਏ ਸ਼ੌਰਟ ਇਕਨਾਮਿਕ ਹਿਸਟਰੀ ਆਫ ਦੀ ਇਨਵਾਇਰਮੈਂਟ* ਵਿਚ ਦੱਸਦਾ ਹੈ ਕਿ ਜੇ ਸਨਅਤੀ ਉਤਪਾਦਨ ਦੀ ਔਸਤਨ ਸਾਲਾਨਾ ਦਰ 3 ਫੀਸਦੀ ਹੋਵੇ ਤਾਂ ਦੁਨੀਆ ਦਾ ਸਨਅਤੀ ਉਤਪਾਦਨ ਹਰ 25 ਸਾਲਾਂ ਬਾਅਦ ਦੁੱਗਣਾ ਹੋ ਜਾਵੇਗਾ, ਹਰ 100 ਸਾਲਾਂ ਬਾਅਦ 16 ਗੁਣਾਂ ਹੋ ਜਾਵੇਗਾ ਅਤੇ 200 ਸਾਲਾਂ ਬਾਅਦ 250 ਗੁਣਾਂ ਵਧ ਜਾਵੇਗਾ ਅਤੇ ਹਰ 300 ਸਾਲਾਂ ਬਾਅਦ 4000 ਗੁਣਾਂ। ਜੇ ਆਰਥਿਕ ਵਾਧੇ ਦੀ ਔਸਤ ਦਰ 4 ਫੀਸਦੀ ਹੋਵੇ ਤਾਂ ਦੁਨੀਆ ਦਾ ਸਨਅਤੀ ਉਤਪਾਦਨ ਹਰ 18 ਸਾਲਾਂ ਬਾਅਦ ਦੁੱਗਣਾ ਹੋ ਜਾਵੇਗਾ।

ਇੱਥੇ ਇਹ ਗੱਲ ਸਮਝਣ ਵਾਲੀ ਹੈ ਕਿ ਇਸ ਉਤਪਾਦਨ ਲਈ ਕੁਦਰਤੀ ਵਸੀਲਿਆਂ ਦੀ ਵਰਤੋਂ ਹੁੰਦੀ ਹੈ, ਜਿਵੇਂ ਤੇਲ, ਗੈਸ, ਕੋਲਾ ਬਾਲਣ ਦੇ ਤੌਰ ‘ਤੇ ਵਰਤੇ ਜਾਂਦੇ ਹਨ, ਖੇਤੀਬਾੜੀ ਅਤੇ

ਸਨਅਤ ਵਿਚ ਪਾਣੀ ਦੀ ਵਰਤੋਂ ਹੁੰਦੀ ਹੈ, ਦਰਖਤ ਲੱਕੜੀ ਅਤੇ ਕਾਗਜ਼ ਲਈ ਵਰਤੇ ਜਾਂਦੇ ਹਨ, ਸਨਅਤੀ ਚੀਜ਼ਾਂ ਦੇ ਉਤਪਾਦਨ ਵਿਚ ਕਈ ਤਰ੍ਹਾਂ ਦੀਆਂ ਧਾਤਾਂ ਦੀ ਵਰਤੋਂ ਹੁੰਦੀ ਹੈ। ਇਸ ਉਤਪਾਦਨ ਦੌਰਾਨ ਪੈਦਾ ਹੋਣ ਵਾਲੇ ਕੂੜੇ-ਕਰਕਟ (waste) ਅਤੇ ਪ੍ਰਦੂਸ਼ਨ ਪੈਦਾ ਕਰਨ ਵਾਲੀਆਂ ਵਸਤਾਂ ਨੂੰ ਧਰਤੀ, ਸਮੁੰਦਰਾਂ ਅਤੇ ਵਾਯੂਮੰਡਲ ਵਿਚ ਸੁੱਟਿਆ ਜਾਂਦਾ ਹੈ। ਵਾਤਾਵਰਨ ਦੀ ਸਮੱਸਿਆ ਦਾ ਅਧਿਐਨ ਕਰਨ ਵਾਲੇ ਲੋਕਾਂ ਵਿਚ ਇਸ ਸੰਕਲਪ ਨੂੰ ਟੈਪ tap ਅਤੇ ਸਿੰਕ sink ਦੇ ਨਾਂ ਨਾਲ ਜਾਣਿਆ ਜਾਂਦਾ ਹੈ ਜਿਸ ਦਾ ਭਾਵ ਹੈ ਕਿ ਸਨਅਤੀ ਉਤਪਾਦਨ ਲਈ ਧਰਤੀ (ਸਮੁੰਦਰ, ਵਾਯੂਮੰਡਲ ਸਮੇਤ) ਇਕ ਟੂਟੀ ਵਾਂਗ ਉਤਪਾਦਨ ਲਈ ਕੱਚਾ ਮਾਲ ਅਤੇ ਊਰਜਾ ਦੇ ਸ੍ਰੋਤ ਮੁਹੱਈਆ ਕਰਦੀ ਹੈ। ਇਸ ਦੇ ਨਾਲ ਨਾਲ ਧਰਤੀ ਇਕ ਗੰਦਗੀ ਸੁੱਟਣ ਵਾਲੇ ਚੁਬੱਚੇ ਵਾਂਗ ਇਸ ਉਤਪਾਦਨ ਦੌਰਾਨ ਪੈਦਾ ਹੋਣ ਵਾਲੇ ਕੂੜੇ-ਕਰਕਟ ਅਤੇ ਪ੍ਰਦੂਸ਼ਨ ਪੈਦਾ ਕਰਨ ਵਾਲੀਆਂ ਵਸਤਾਂ ਨੂੰ ਖਪਾਉਣ ਜਾਂ ਬਿਲੇ ਲਾਉਣ ਦਾ ਕੰਮ ਵੀ ਕਰਦੀ ਹੈ। ਇਸ ਲਈ ਦੁਨੀਆ ਦੇ ਕੁੱਲ ਉਤਪਾਦਨ ਵਿਚ ਹੋ ਰਹੇ ਇਸ ਤਰ੍ਹਾਂ ਦੇ ਵਾਧੇ ਕਾਰਨ ਧਰਤੀ ਦੇ ਵਸੀਲਿਆਂ ਦੇ ਵਰਤੇ ਜਾਣ ਦੀ ਮਾਤਰਾ ਲਗਾਤਾਰ ਵਧ ਰਹੀ ਹੈ ਅਤੇ ਇਸ ਉਤਪਾਦਨ ਦੌਰਾਨ ਪੈਦਾ ਹੋਣ ਵਾਲੇ ਕੂੜੇ-ਕਰਕਟ (waste) ਅਤੇ ਪ੍ਰਦੂਸ਼ਨ ਪੈਦਾ ਕਰਨ ਵਾਲੀਆਂ ਵਸਤਾਂ ਦੀ ਵਧ ਰਹੀ ਮਾਤਰਾ ਕਾਰਨ ਕੂੜੇ-ਕਰਕਟ ਨੂੰ ਸਮੇਟਣ ਦੀ ਧਰਤੀ ਦੀ ਸਮਰੱਥਾ ਘਟ ਰਹੀ ਹੈ। ਦੁਨੀਆ ਦੇ ਕੁੱਲ ਉਤਪਾਦਨ ਵਿਚ ਲਗਾਤਾਰ ਹੋ ਰਹੇ ਇਸ ਤਰ੍ਹਾਂ ਦੇ ਵਾਧੇ ਦੇ ਨਤੀਜੇ ਵਜੋਂ ਕੱਚੇ ਮਾਲ ਅਤੇ ਊਰਜਾ ਦੀ ਵਧ ਰਹੀ ਮੰਗ ਕਾਰਨ ਧਰਤੀ ਦੇ ਨਵਿਆਏ ਨਾ ਜਾ ਸਕਣ ਵਾਲੇ ਵਸੀਲੇ (non renewable resourceṣ) ਖਤਮ ਹੋ ਰਹੇ ਹਨ, ਅਤੇ ਧਰਤੀ ਦੇ ਨਵਿਆਏ ਜਾ ਸਕਣ ਵਾਲੇ ਵਸੀਲਿਆਂ (renewable resourceṣ) ਨੂੰ ਉਸ ਦਰ ਉੱਤੇ ਵਰਤਿਆ ਜਾ ਰਿਹਾ ਹੈ ਜੋ ਉਸ ਦਰ ਨਾਲੋਂ ਕਿਤੇ ਜ਼ਿਆਦਾ ਹੈ, ਜਿਸ ਦਰ ਨਾਲ ਉਹ ਨਵਿਆਏ ਜਾ ਸਕਦੇ ਹਨ।

ਨਵਿਆਏ ਨਾ ਜਾ ਸਕਣ ਵਾਲੇ ਵਸੀਲਿਆਂ ਦੇ ਖਾਤਮੇ ਨੂੰ ਸਮਝਣ ਲਈ ਤੇਲ ਦੀ ਵਰਤੋਂ ਦੇ ਇਤਿਹਾਸ ਨੂੰ ਦੇਖਿਆ ਜਾ ਸਕਦਾ ਹੈ। ਬੀ ਬੀ ਸੀ ਆਨਲਈਨ ਸਾਈਟ ਉੱਤੇ ਛਪੀ ਇਕ ਰਿਪੋਰਟ *How did oil come to run our world* ਦੇ ਅਨੁਸਾਰ ਬੇਸ਼ੱਕ ਮੱਧ ਪੂਰਬ ਦੇ ਬੇਬੀਲੋਨੀਅਨ (ਅੱਜੋਕੇ ਇਰਾਕੀ) ਅਤੇ ਮਿਸਰ ਦੇ ਲੋਕਾਂ ਵੱਲੋਂ 3000 ਈਸਾ ਪੂਰਵ ਵਿਚ ਤੇਲ ਦੀ ਵਰਤੋਂ ਦੇ ਪ੍ਰਮਾਣ ਮਿਲਦੇ ਹਨ, ਪਰ ਤੇਲ ਦੀ ਅੱਜੋਕੇ ਰੂਪ ਵਿਚ ਵਰਤੋਂ ਉੱਨੀਵੀਂ ਸਦੀ ਦੇ ਅੱਧ ਤੋਂ ਬਾਅਦ ਸ਼ੁਰੂ ਹੁੰਦੀ ਹੈ, ਜਦੋਂ ਸੰਨ 1859 ਵਿਚ ਅਮਰੀਕਾ ਵਿਚ ਪਹਿਲੇ ਤੇਲ ਦੇ ਖੂਹ ਰਾਹੀਂ ਤੇਲ ਕੱਢਣ ਵਿਚ ਕਾਮਯਾਬੀ ਹਾਸਲ ਹੋਈ। ਪਹਿਲਾਂ ਪਹਿਲਾਂ ਮਿੱਟੀ ਦੇ ਤੇਲ (kerosene) ਦੀ ਵਰਤੋਂ ਘਰਾਂ ਨੂੰ ਰੁਸ਼ਨਾਉਣ ਲਈ ਕੀਤੀ ਗਈ ਅਤੇ ਬਾਅਦ ਵਿਚ ਸੰਨ 1885 ਵਿਚ ਮੋਟਰਗੱਡੀ ਦੀ ਕਾਢ ਕਾਰਨ ਮੋਟਰਗੱਡੀਆਂ ਵਿਚ ਤੇਲ ਦੀ ਵਰਤੋਂ ਹੋਣ ਲੱਗੀ। ਉਸ ਤੋਂ ਬਾਅਦ ਪਹਿਲੀ ਸੰਸਾਰ ਜੰਗ ਦੌਰਾਨ ਟੈਂਕਾਂ, ਟਰੱਕਾਂ ਅਤੇ ਜੰਗੀ ਸਮੁੰਦਰੀ ਜਹਾਜ਼ਾਂ ਨੂੰ ਚਲਾਉਣ ਲਈ ਇਸ ਦੀ ਵਰਤੋਂ ਹੋਣ ਲੱਗੀ। ਉਸ ਤੋਂ ਬਾਅਦ ਊਰਜਾ ਦੇ ਸ੍ਰੋਤ ਵਜੋਂ ਇਸ ਦੀ ਵਰਤੋਂ ਦਾ ਘੇਰਾ ਵਧਦਾ ਗਿਆ ਅਤੇ ਨਾਲ ਦੀ ਨਾਲ ਦੁਨੀਆ ਵਿਚ ਇਸ ਦੀ ਖਪਤ ਵਧਦੀ ਗਈ। Vulnerable Planet *ਵਲਨੇਰੇਬਲ ਪਲੈਨਟ* ਵਿਚ ਫੌਸਟਰ ਵੱਲੋਂ ਦਿੱਤੀ ਜਾਣਕਾਰੀ ਅਨੁਸਾਰ, ਸੰਨ 1890 ਵਿਚ ਦੁਨੀਆ ਭਰ ਵਿਚ ਪੈਟਰੋਲੀਅਮ ਦੀ ਕੁਲ ਖਪਤ ਇਕ ਕਰੋੜ ਟਨ ਪ੍ਰਤੀ ਸਾਲ ਸੀ। ਸੰਨ 1920 ਵਿਚ ਇਹ 9.5 ਕਰੋੜ ਟਨ ਪ੍ਰਤੀ ਸਾਲ ਹੋ ਗਈ, ਸੰਨ 1940 ਵਿਚ 29.4 ਕਰੋੜ ਟਨ ਅਤੇ 1970ਵਿਆਂ ਵਿਚ ਇਹ 2.5 ਅਰਬ ਟਨ ਪ੍ਰਤੀ ਸਾਲ ਸੀ। *ਵਰਲਡੋਮੀਟਰ* ਨਾਂ ਦੀ ਆਨਲਾਈਨ ਸਾਈਟ ਉੱਤੇ ਦੁਨੀਆ ਦੇ ਤੇਲ ਦੇ ਭੰਡਾਰਾਂ ਬਾਰੇ ਸੰਨ 2016 ਦੇ ਅੰਕੜਿਆਂ ਅਨੁਸਾਰ ਦੁਨੀਆ ਵਿਚ ਇਸ ਸਮੇਂ ਹਰ ਸਾਲ ਤੇਲ ਦੀ ਖਪਤ 35 ਅਰਬ ਬੈਰਲਾਂ ਤੋਂ ਵੱਧ ਹੈ ਅਤੇ ਦੁਨੀਆ ਵਿਚਲੇ ਤੇਲ ਦੇ ਭੰਡਾਰ (Reserve) ਸਾਢੇ ਸੋਲਾਂ (16.5) ਖਰਬ ਬੈਰਲ ਦੇ ਕਰੀਬ ਹਨ। ਇਸ ਦਾ ਮਤਲਬ ਇਹ ਹੈ ਕਿ ਜੇ ਤੇਲ ਦੀ ਵਰਤੋਂ ਅੱਜੋਕੀ ਦਰ ਨਾਲ ਹੁੰਦੀ ਰਹੀ ਤਾਂ 2063 ਤਕ ਇਹ ਤੇਲ

ਦੇ ਭੰਡਾਰ ਖਤਮ ਹੋ ਜਾਣਗੇ। ਇੱਥੇ ਇਹ ਗੱਲ ਨੋਟ ਕਰਨ ਵਾਲੀ ਹੈ ਕਿ ਧਰਤੀ ਹੇਠ ਤੇਲ ਦੇ ਜਿਹਨਾਂ ਭੰਡਾਰਾਂ ਦੇ ਇਕੱਠੇ ਹੋਣ ਵਿਚ ਲੱਖਾਂ ਸਾਲ ਲੱਗੇ ਸਨ, ਉਹਨਾਂ ਭੰਡਾਰਾਂ ਦੀ 200 ਸਾਲਾਂ (1859-2063) ਵਿਚ ਵਿਚ ਖਤਮ ਹੋ ਜਾਣ ਦੀ ਸੰਭਾਵਨਾ ਹੈ।

ਫਾਸਫੋਰਸ ਇਕ ਹੋਰ ਕੁਦਰਤੀ ਵਸੀਲਾ ਹੈ, ਜਿਸ ਦੇ ਖਤਮ ਹੋਣ ਦੀ ਭਵਿੱਖਬਾਣੀ ਵਿਦਵਾਨਾਂ ਵੱਲੋਂ ਕੀਤੀ ਜਾ ਰਹੀ ਹੈ। ਖੇਤੀ ਲਈ ਵਰਤੀਆਂ ਜਾਂਦੀਆਂ ਰਸਾਇਣਕ ਖਾਦਾਂ ਬਣਾਉਣ ਲਈ ਫਾਸਫੋਰਸ ਇਕ ਮਹੱਤਵਪੂਰਨ ਤੱਤ ਹੈ। ਇਹ ਖਾਣਾਂ ਵਿਚੋਂ ਕੱਢੇ ਫਾਸਫੇਟ rock (ਪੱਥਰ) ਤੋਂ ਪ੍ਰਾਪਤ ਕੀਤੀ ਜਾਂਦੀ ਹੈ। ਜੂਨ 2009 ਵਿਚ *ਸਾਇੰਟਫਿਕ ਅਮੈਰਕਨ* ਵਿਚ ਡੇਵਿਡ ਏ. ਵੈਕਾਰੀ ਦੇ Phosphorus: A looming crisis "ਫਾਸਫੋਰਸ: ਏ ਲੂਮਿੰਗ ਕਰਾਈਸਿਸ" ਨਾਂ ਦੇ ਛਪੇ ਇਕ ਆਰਟੀਕਲ ਅਨੁਸਾਰ ਫਾਸਫੇਟ ਰੌਕ ਦਾ 83% ਹਿੱਸਾ ਮਾਰਾਕੋ, ਚੀਨ, ਦੱਖਣੀ ਅਫਰੀਕਾ ਅਤੇ ਅਮਰੀਕਾ ਵਿਚ ਮਿਲਦਾ ਹੈ ਅਤੇ ਦੁਨੀਆ ਦੇ ਫਾਸਫੋਰਸ ਦੇ ਸਾਲਾਨਾ ਉਤਪਾਦਨ ਦਾ ਦੋ ਤਿਹਾਈ ਹਿੱਸਾ ਇਨ੍ਹਾਂ ਦੇਸ਼ਾਂ ਵੱਲੋਂ ਪੈਦਾ ਕੀਤਾ ਜਾਂਦਾ ਹੈ। ਖਾਣਾਂ ਵਿਚੋਂ ਫਾਸਫੋਰਸ ਭਰਪੂਰ ਰੌਕ ਕੱਢਣ ਦੀ ਸਾਲਾਨਾ ਦਰ ਦੇ ਹਿਸਾਬ ਨਾਲ ਅਮਰੀਕਾ ਦੇ ਫਾਸਫੇਟ ਭਰਪੂਰ ਰੌਕ ਦੇ ਭੰਡਾਰ 40 ਕੁ ਸਾਲਾਂ ਵਿਚ ਖਤਮ ਹੋ ਜਾਣਗੇ ਅਤੇ ਦੁਨੀਆ ਦੇ ਭੰਡਾਰ 90 ਕੁ ਸਾਲਾਂ ਵਿਚ ਖਤਮ ਹੋ ਜਾਣਗੇ। ਇਸ ਦਾ ਭਾਵ ਹੈ ਕਿ ਇੱਕੀਵੀਂ ਸਦੀ ਦੇ ਅੰਤ ਤਕ ਦੁਨੀਆ ਵਿਚੋਂ ਫਾਸਫੋਰਸ ਦੇ ਭੰਡਾਰਾਂ ਦਾ ਖਾਤਮਾ ਹੋ ਜਾਵੇਗਾ। ਇੱਥੇ ਇਹ ਗੱਲ ਵੀ ਨੋਟ ਕਰਨ ਵਾਲੀ ਹੈ ਕਿ ਜਿੱਥੇ ਤੇਲ ਦੇ ਖਤਮ ਹੋਣ ਉੱਤੇ ਸਾਡੇ ਕੋਲ ਵਰਤਣ ਲਈ ਊਰਜਾ ਦੇ ਹੋਰ ਬਦਲਵੇਂ ਸ੍ਰੋਤ ਹਨ ਪਰ ਖੇਤੀਬਾੜੀ ਲਈ ਫਾਸਫੋਰਸ ਦੇ ਬਦਲ ਵਜੋਂ ਸਾਡੇ ਕੋਲ਼ ਹੋਰ ਕੋਈ ਚੀਜ਼ ਨਹੀਂ ਹੈ।

ਜਿਵੇਂ ਉਪਰ ਕਿਹਾ ਗਿਆ ਹੈ ਕਿ ਧਰਤੀ ਦੇ ਨਵਿਆਏ ਜਾ ਸਕਣ ਵਾਲੇ ਬਹੁਤ ਸਾਰੇ ਵਸੀਲਿਆਂ (renewable resources) ਨੂੰ ਉਸ ਦਰ ਉੱਤੇ ਵਰਤਿਆ ਜਾ ਰਿਹਾ ਹੈ ਜੋ ਉਸ ਦਰ ਨਾਲੋਂ ਕਿਤੇ ਜ਼ਿਆਦਾ ਹੈ, ਜਿਸ ਦਰ ਨਾਲ ਉਹ ਨਵਿਆਏ ਜਾ ਸਕਦੇ ਹਨ। ਉਦਾਹਰਨ ਲਈ ਅਸੀਂ ਦੁਨੀਆ ਵਿਚ ਤਾਜ਼ੇ ਪਾਣੀ ਦੀ ਵਰਤੋਂ ਨੂੰ ਦੇਖ ਸਕਦੇ ਹਾਂ। ਫਰੈੱਡ ਮੈਗਡੌਫ ਅਤੇ ਕ੍ਰਿਸ ਵਿਲੀਅਮਜ਼ ਦੀ ਕਿਤਾਬ Creating An Ecological Society: Toward a revolutionary transformation *ਕਰੀਏਟਿੰਗ ਐਨ ਇਕੌਲੌਜੀਕਲ ਸੁਸਾਇਟੀ: ਟੂਵਾਰਡ ਏ ਰੈਵੋਲੂਸ਼ਨਰੀ ਟ੍ਰਾਂਸਫੋਰਮੇਸ਼ਨ* ਵਿਚ ਦਿੱਤੀ ਜਾਣਕਾਰੀ ਅਨੁਸਾਰ, ਦੁਨੀਆ ਦੇ ਕੁੱਲ ਪਾਣੀ ਦਾ ਸਿਰਫ 2 ਫੀਸਦੀ ਦੇ ਕਰੀਬ ਹਿੱਸਾ ਤਾਜ਼ਾ ਪਾਣੀ ਹੈ। ਅਸੀਂ ਇਸ ਦੀ ਵਰਤੋਂ ਪੀਣ, ਖੇਤੀਬਾੜੀ, ਸਨਅਤ ਅਤੇ ਅਨੇਕਾਂ ਹੋਰ ਮਨੁੱਖੀ ਗਤੀਵਿਧੀਆਂ ਵਿਚ ਕਰਦੇ ਹਾਂ। ਇਸ ਸਮੇਂ ਇਸ ਦੀ ਸੁਰੱਖਿਅਤ ਹੱਦ ਅੰਦਰ ਰਹਿ ਕੇ ਵਰਤੋਂ ਉੱਤੇ ਕਈ ਢੰਗਾਂ ਨਾਲ ਦਬਾਅ ਪੈ ਰਹੇ ਹਨ, ਜਿਹਨਾਂ ਵਿਚੋਂ ਕੁਝ ਇਸ ਤਰ੍ਹਾਂ ਹਨ: ਧਰਤੀ ਦੇ ਤਾਪਮਾਨ ਵਿਚ ਵਾਧੇ ਕਾਰਨ ਵੱਖ ਵੱਖ ਇਲਾਕਿਆਂ ਵਿਚ ਪੈਣ ਵਾਲੇ ਮੀਂਹ ਦੀ ਮਾਤਰਾ ਵਿਚ ਤਬਦੀਲੀ, ਧਰਤੀ ਹੇਠਲੇ ਪਾਣੀ ਨੂੰ ਉਸ ਮਾਤਰਾ ਤੋਂ ਵੱਧ ਮਾਤਰਾ ਵਿਚ ਬਾਹਰ ਕੱਢਣਾ ਜਿੰਨੀ ਮਾਤਰਾ ਦੀ ਕੁਦਰਤੀ ਤੌਰ 'ਤੇ ਦੁਬਾਰਾ ਭਰਪਾਈ ਹੋ ਸਕੇ, ਇਕ ਇਲਾਕੇ ਤੋਂ ਬਾਹਰ ਕਿਸੇ ਹੋਰ ਦੂਰ ਦੇ ਇਲਾਕੇ ਵਿਚ ਪਾਣੀ ਲੈ ਕੇ ਜਾਣਾ, ਸਿੰਚਾਈ ਦੌਰਾਨ ਪਾਣੀ ਦੀ ਜ਼ਿਆਦਾ ਵਰਤੋਂ, ਉਨ੍ਹਾਂ ਇਲਾਕਿਆਂ ਵਿਚ ਜ਼ਿਆਦਾ ਪਾਣੀ ਖਪਤ ਕਰਨ ਵਾਲੀਆਂ ਫਸਲਾਂ ਉਗਾਉਣਾ ਜਿਹਨਾਂ ਇਲਾਕਿਆਂ ਵਿਚ ਮੀਂਹ ਘੱਟ ਪੈਂਦਾ ਹੋਵੇ, ਅਤੇ ਧਰਤੀ ਉਤਲੇ ਅਤੇ ਧਰਤੀ ਹੇਠਲੇ ਪਾਣੀਆਂ ਦਾ ਸਨਅਤੀ ਰਸਾਇਣਾਂ (chemicals) ਕਾਰਨ ਪ੍ਰਦੂਸ਼ਨ।

ਫਰੈੱਡ ਮੈਗਡੌਫ ਅਤੇ ਜੌਹਨ ਬਲੈਮੀ ਫੌਸਟਰ ਦੀ ਕਿਤਾਬ What Every Environmentalist Needs To Know About Capitalism: A citizen guide to capitalism and environment *ਵੱਟ ਐਵਰੀ ਇਨਵਾਇਰਨਮੈਂਟਲਿਸਟ ਨੀਡਜ਼ ਟੂ ਨੋਅ ਅਬਾਊਟ ਕੈਪੀਟਲਿਜ਼ਮ: ਏ ਸਿਟੀਜ਼ਨ ਗਾਈਡ ਟੂ ਕੈਪੀਟਲਿਜ਼ਮ ਐਂਡ ਇਨਵਾਇਰਨਮੈਂਟ* ਅਨੁਸਾਰ, ਜਿਸ ਹੱਦ ਤਕ ਤਾਜ਼ਾ ਪਾਣੀ ਸੁਰੱਖਿਅਤ ਢੰਗ ਨਾਲ ਵਰਤਿਆ ਜਾ ਸਕਦਾ ਹੈ, ਵਿਗਿਆਨੀਆਂ ਨੇ ਉਹ ਹੱਦ 4000 ਘਣ

ਕਿਲੋਮੀਟਰ (cubic kilometre) ਪ੍ਰਤੀ ਸਾਲ ਮਿਥੀ ਹੈ। ਸਨਅਤੀ ਯੁਗ ਦੀ ਸ਼ੁਰੂਆਤ ਤੋਂ ਪਹਿਲਾਂ ਦੁਨੀਆ ਭਰ ਵਿਚ ਤਾਜ਼ਾ ਪਾਣੀ ਦੀ ਸਾਲਾਨਾ ਵਰਤੋਂ 415 ਘਣ ਕਿਲੋਮੀਟਰ ਸੀ। ਇਸ ਸਮੇਂ ਦੁਨੀਆ ਭਰ ਵਿਚ ਤਾਜ਼ਾ ਪਾਣੀ ਦੀ ਵਰਤੋਂ 2600 ਘਣ ਕਿਲੋਮੀਟਰ ਹੈ। ਬੇਸ਼ੱਕ ਇਸ ਸਮੇਂ ਵਿਸ਼ਵ ਪੱਧਰ ਉੱਤੇ ਤਾਜ਼ਾ ਪਾਣੀ ਦੀ ਸੁਰੱਖਿਅਤ ਢੰਗ ਨਾਲ ਕੀਤੀ ਜਾ ਸਕਣ ਵਾਲੀ ਸਾਲਾਨਾ ਵਰਤੋਂ ਵਿਗਿਆਨੀਆਂ ਵੱਲੋਂ ਮਿੱਥੀ ਹੱਦ ਨਹੀਂ ਟੱਪੀ, ਪਰ ਦੁਨੀਆ ਦੇ ਕਈ ਹਿੱਸਿਆਂ ਵਿਚ ਧਰਤੀ ਹੇਠਲਾ ਪਾਣੀ ਉਸ ਮਾਤਰਾ ਤੋਂ ਵੱਧ ਮਾਤਰਾ ਵਿਚ ਕੱਢਿਆ ਜਾ ਰਿਹਾ ਹੈ, ਜਿੰਨੀ ਮਾਤਰਾ ਵਿਚ ਧਰਤੀ ਹੇਠਲੇ ਪਾਣੀ ਦੀ ਕੁਦਰਤੀ ਤੌਰ ਉੱਤੇ ਭਰਪਾਈ ਹੋ ਸਕਦੀ ਹੈ। ਉਦਾਹਰਨ ਲਈ ਸੁਦੀਪ ਮਜ਼ਮੂਦਰ *ਸਾਇੰਟਫਿਕ ਅਮਰੈਕਿਨ* ਵਿਚ ਛਪੀ Arid Land, Thirsty Crops"ਅਰਿੱਡ ਲੈਂਡ, ਥਰਸਟੀ ਕਰੌਪਸ" ਨਾਂ ਦੀ ਰਿਪੋਰਟ ਵਿਚ ਦੱਸਦਾ ਹੈ ਕਿ ਹਿੰਦੁਸਤਾਨ ਦੇ ਪੰਜਾਬ ਸੂਬੇ ਵਿਚ ਧਰਤੀ ਹੇਠੋਂ ਕੱਢੇ ਜਾ ਰਹੇ ਪਾਣੀ ਦੀ ਮਾਤਰਾ ਉਸ ਮਾਤਰਾ ਨਾਲੋਂ 45% ਵੱਧ ਹੈ, ਜਿੰਨੀ ਮਾਤਰਾ ਦੀ ਭਰਪਾਈ ਕੁਦਰਤੀ ਤੌਰ ਉੱਤੇ ਹੋ ਸਕਦੀ ਹੈ। ਇਸੇ ਹੀ ਤਰ੍ਹਾਂ ਅਮਰੀਕਾ ਵਿਚ ਉੱਤਰੀ ਡਕੋਟਾ ਤੋਂ ਟੈਕਸਸ ਤਕ ਫੈਲੇ ਗ੍ਰੇਟ ਪਲੇਨਜ਼ ਦੇ ਇਲਾਕੇ ਵਿਚ ਹੋ ਰਿਹਾ ਹੈ। *ਨੇਚਰ* ਦੇ ਆਨਲਾਈਨ ਸਾਈਟ ਉੱਤੇ ਛਪੇ ਐਰਿਨ ਬ੍ਰੌਡਵਿਨ ਦੇ Overpumping threatens to deplete US high plains ground water "ਓਵਰਪੰਪਿੰਗ ਥਰੈਟਨਜ਼ ਟੂ ਡਿਪਲੀਟ ਯੂ ਐੱਸ ਹਾਈ ਪਲੇਨਜ਼ ਗਰਾਊਂਡ ਵਾਟਰ" ਨਾਮੀ ਲੇਖ ਅਨੁਸਾਰ, ਇਸ ਖੇਤਰ ਦੇ ਫਾਰਮਰ ਪਾਣੀ ਦੀਆਂ ਆਪਣੀਆਂ ਲੋੜਾਂ ਪੂਰੀਆਂ ਕਰਨ ਲਈ ਇਸ ਇਲਾਕੇ ਵਿਚ ਪੈਂਦੇ ਧਰਤੀ ਹੇਠਲੇ ਹਾਈ ਪਲੇਨਜ਼ ਪਾਣੀ ਭੰਡਾਰ ਵਿਚੋਂ ਪਾਣੀ ਕੱਢ ਰਹੇ ਹਨ। ਵਿਗਿਆਨੀਆਂ ਦਾ ਕਹਿਣਾ ਹੈ ਕਿ ਜੇ ਪਾਣੀ ਦੇ ਇਸ ਭੰਡਾਰ ਵਿਚੋਂ ਪਾਣੀ ਕੱਢਣ ਦੀ ਰਫਤਾਰ ਵਿਚ ਤਬਦੀਲੀ ਨਾ ਹੋਈ ਤਾਂ 2060 ਤਕ ਇਸ ਭੰਡਾਰ ਦਾ 70 ਫੀਸਦੀ ਪਾਣੀ ਖਤਮ ਹੋ ਜਾਵੇਗਾ। ਜੇ ਇਕ ਵਾਰ ਇਹ ਪਾਣੀ ਮੁੱਕ ਗਿਆ ਤਾਂ ਪਾਣੀ ਦੇ ਇਸ ਭੰਡਾਰ ਨੂੰ ਦੁਬਾਰਾ ਭਰਨ ਲਈ 500 ਤੋਂ ਲੈ ਕੇ 1300 ਸਾਲ ਲੱਗ ਸਕਦੇ ਹਨ। *ਵੱਟ ਐਵਰੀ ਇਨਵਾਇਰਨਮੈਂਟਲਿਸਟ ਨੀਡਜ਼ ਟੂ ਨੋਅ ਅਬਾਉਟ ਕੈਪੀਟਲਿਜ਼ਮ* ਅਤੇ *ਕਰੀਏਟਿੰਗ ਐਨ ਇਕੌਲੌਜੀਕਲ ਸੁਸਾਇਟੀ* ਨਾਮੀ ਕਿਤਾਬਾਂ ਵਿਚ ਦੱਸਿਆ ਗਿਆ ਹੈ ਕਿ ਇਸ ਤਰ੍ਹਾਂ ਦੀ ਸਥਿਤੀ ਚੀਨ ਦੇ ਉੱਤਰੀ ਇਲਾਕਿਆਂ ਵਿਚ ਹੈ। ਕੁੱਲ ਮਿਲਾ ਕੇ ਦੁਨੀਆ ਵਿਚ ਧਰਤੀ ਹੇਠਲੇ 37 ਵੱਡੇ ਪਾਣੀ-ਭੰਡਾਰਾਂ ਵਿਚੋਂ ਤੀਜਾ ਹਿੱਸਾ ਪਾਣੀ-ਭੰਡਾਰਾਂ ਵਿਚੋਂ ਉਸ ਮਾਤਰਾ ਤੋਂ ਵੱਧ ਮਾਤਰਾ ਵਿਚ ਪਾਣੀ ਕੱਢਿਆ ਜਾ ਰਿਹਾ ਹੈ ਜਿੰਨੀ ਮਾਤਰਾ ਵਿਚ ਕੁਦਰਤੀ ਤੌਰ 'ਤੇ ਪਾਣੀ ਦੀ ਭਰਪਾਈ ਹੋ ਸਕਦੀ ਹੈ। ਇਸ ਦਾ ਮਤਲਬ ਹੈ ਕਿ ਭਵਿੱਖ ਵਿਚ ਧਰਤੀ ਹੇਠਲੇ ਇਨ੍ਹਾਂ ਪਾਣੀ-ਭੰਡਾਰਾਂ ਦੇ ਪਾਣੀਆਂ ਦੇ ਖਤਮ ਹੋਣ ਦਾ ਵੀ ਖਤਰਾ ਬਣਿਆ ਹੋਇਆ ਹੈ।

ਤਾਜ਼ਾ ਪਾਣੀ ਦੀ ਇਸ ਤਰ੍ਹਾਂ ਦੀ ਵਰਤੋਂ ਕਾਰਨ ਪੈਦਾ ਹੋਈ ਪਾਣੀ ਦੀ ਕਿੱਲਤ ਕਾਰਨ ਦੁਨੀਆ ਦੇ ਕਈ ਹਿੱਸਿਆਂ ਵਿਚ ਲੋਕਾਂ ਦੀਆਂ ਪਾਣੀ ਦੀਆਂ ਲੋੜਾਂ ਨੂੰ ਪੂਰਾ ਕਰਨਾ ਮੁਸ਼ਕਿਲ ਬਣਦਾ ਜਾ ਰਿਹਾ ਹੈ ਅਤੇ ਨੇੜ ਭਵਿੱਖ ਵਿਚ ਇਸ ਸਥਿਤੀ ਦੇ ਹੋਰ ਬਦਤਰ ਹੋਣ ਦੇ ਅੰਦਾਜ਼ੇ ਹਨ। ਆਨਲਈਨ ਸਾਈਟ *ਇੰਟਰ ਪ੍ਰੈੱਸ ਸਰਵਿਸ* ਵਿਚ ਛਪੀ Water scaricity India's silent crisis "ਵਾਟਰ ਸਕੇਅਰਸਿਟੀ: ਇੰਡੀਆਜ਼ ਸਾਈਲੈਂਟ ਕਰਾਈਸਿੱਸ" ਨਾਮੀ ਇਕ ਰਿਪੋਰਟ ਵਿਚ ਨੀਤਾ ਲਾਲ ਲਿਖਦੀ ਹੈ ਕਿ ਸੰਨ 2025 ਤਕ ਦੁਨੀਆ ਭਰ ਵਿਚ 3.4 ਅਰਬ ਲੋਕ 'ਪਾਣੀ ਦੀ ਥੁੜ' ਵਾਲੇ ਦੇਸ਼ਾਂ ਵਿਚ ਰਹਿ ਰਹੇ ਹੋਣਗੇ ਅਤੇ ਉਸ ਤੋਂ ਅਗਲੇ 25 ਸਾਲਾਂ ਤਕ ਇਹ ਹਾਲਤ ਹੋਰ ਵੀ ਖਰਾਬ ਹੋ ਜਾਣਗੇ। ਸੰਨ 2040 ਤਕ ਤਕਰੀਬਨ ਸਾਰੇ ਹਿੰਦੁਸਤਾਨ ਵਿਚ ਪੀਣ ਵਾਲੇ ਪਾਣੀ ਦੀ ਲੋੜ ਪੂਰੀ ਕਰਨੀ ਮੁਸ਼ਕਿਲ ਹੋਵੇਗੀ।

ਧਰਤੀ ਦੇ ਨਵਿਆਏ ਜਾ ਸਕਣ ਵਾਲੇ ਵਸੀਲਿਆਂ ਦੀ ਨਵਿਆਏ ਜਾ ਸਕਣ ਦੀ ਹੱਦ ਤੋਂ ਵੱਧ ਵਰਤੋਂ ਦੀ ਅਗਲੀ ਉਦਾਹਰਨ ਮੱਛੀ ਉਦਯੋਗ ਨਾਲ ਸੰਬੰਧਤ ਹੈ। ਅਮਰੀਕਾ ਸਥਿਤ ਪੀਊ

ਇਨਵਾਇਨਰਮੈਂਟ ਗਰੁੱਪ ਦੀ ਇਕ ਰਿਪੋਰਟ, Protecting life in the sea *ਪ੍ਰੋਟੈਕਟਿੰਗ ਲਾਈਫ ਇਨ ਦੀ ਸੀਅ*, ਅਨੁਸਾਰ ਵਿਸ਼ਵ ਪੱਧਰ 'ਤੇ ਹਰ ਸਾਲ ਮੱਛੀਆਂ ਫੜਨ ਵਾਲੀਆਂ 13 ਲੱਖ ਤੋਂ ਵੱਧ ਬੇੜੀਆਂ 8.5 ਕਰੋੜ ਮੀਟਰਿਕ ਟਨ (188 ਅਰਬ ਪੌਂਡ) ਤੋਂ ਵੱਧ ਮਾਤਰਾ ਵਿਚ ਮੱਛੀਆਂ ਅਤੇ ਹੋਰ ਸਮੁੰਦਰੀ ਜੀਵਾਂ ਨੂੰ ਫੜਦੀਆਂ ਹਨ। ਬਹੁਤ ਸਾਰੇ ਵਿਗਿਆਨੀਆਂ ਦਾ ਮੱਤ ਹੈ ਕਿ ਇਹ ਮਾਤਰਾ ਸਮੁੰਦਰਾਂ ਵੱਲੋਂ ਕਾਇਮ ਰੱਖੀ ਜਾ ਸਕਣ ਵਾਲੀ ਹੱਦ ਤੋਂ ਕਿਤੇ ਜ਼ਿਆਦਾ ਹੈ। ਇਸ ਰਿਪੋਰਟ ਵਿਚ ਇਹ ਵੀ ਕਿਹਾ ਗਿਆ ਹੈ ਕਿ ਯੂਨਾਈਟਡ ਨੇਸ਼ਨਜ਼ ਦੀ ਫੂਡ ਐਂਡ ਐਗਰੀਕਲਚਲ ਆਰਗੇਨਾਈਜੇਸ਼ਨ ਦੀ ਨਿਗਰਾਨੀ ਹੇਠਲੀਆਂ ਮੱਛੀਆਂ ਦੀਆਂ 600 ਜਾਤੀਆਂ (species) ਵਿਚੋਂ ਸਿਰਫ 23 ਫੀਸਦੀ ਜਾਤੀਆਂ ਹੀ ਅਜਿਹੀਆਂ ਹਨ, ਜਿਨ੍ਹਾਂ ਨੂੰ ਹੱਦੋਂ ਵੱਧ ਮਾਤਰਾ ਵਿਚ ਨਹੀਂ ਫੜਿਆ ਜਾ ਰਿਹਾ। ਮੱਛੀਆਂ ਬਾਰੇ ਹੋਏ ਤਾਜ਼ੇ ਅਧਿਅਨਾਂ ਅਨੁਸਾਰ ਦੁਨੀਆ ਦੀਆਂ ਵੱਡੀਆਂ ਮੱਛੀਆਂ ਵਿਚੋਂ 90 ਫੀਸਦੀ ਦੇ ਕਰੀਬ ਖਤਮ ਹੋ ਚੁੱਕੀਆਂ ਹਨ ਅਤੇ ਦੁਨੀਆ ਵਿਚ ਵਪਾਰਕ ਪੱਧਰ 'ਤੇ ਮੱਛੀਆਂ ਫੜਨ ਦੇ ਇਕ ਤਿਹਾਈ ਕਾਰੋਬਾਰ ਨਸ਼ਟ ਹੋ ਚੁੱਕੇ ਹਨ ਅਤੇ ਜੇ ਹਾਲਤ ਇਸ ਤਰ੍ਹਾਂ ਦੇ ਹੀ ਰਹੇ ਤਾਂ ਇਸ ਗੱਲ ਦੀ ਸੰਭਾਵਨਾ ਹੈ ਕਿ ਦੁਨੀਆ ਵਿਚ ਵਪਾਰਕ ਪੱਧਰ 'ਤੇ ਮੱਛੀਆਂ ਫੜਨ ਦੇ ਬਾਕੀ ਰਹਿੰਦੇ ਸਾਰੇ ਕਾਰੋਬਾਰ 2048 ਤਕ ਨਸ਼ਟ ਹੋ ਜਾਣਗੇ।

ਦੁਨੀਆ ਵਿਚ ਜਿਣਸਾਂ ਦੇ ਉਤਪਾਦਨ ਕਾਰਨ ਪੈਦਾ ਹੋਣ ਵਾਲੇ ਕੂੜੇ ਕਰਕਟ ਨੂੰ ਬਿਲੇ ਲਾਉਣ ਦੇ ਕਾਰਜ ਦੇ ਨਤੀਜੇ ਵਜੋਂ ਧਰਤੀ ਦੀ ਲਗਾਤਾਰ ਘਟ ਰਹੀ ਸਮਰੱਥਾ ਨੂੰ ਸਮਝਣ ਲਈ ਸਮੁੰਦਰਾਂ ਦੇ ਤੇਜ਼ਾਬੀਕਰਨ ਦੀ ਉਦਾਹਰਨ ਦੇਖੀ ਜਾ ਸਕਦੀ ਹੈ। *ਸਮਿੱਥਸੋਨੀਅਨ* ਦੇ ਆਨਲਈਨ ਸਾਈਟ ਉੱਤੇ Ocean Acidificaton "ਓਸ਼ੀਅਨ ਏਸੀਡੀਫਿਕੇਸ਼ਨ" ਨਾਮੀ ਇਕ ਰਿਪੋਰਟ ਅਨੁਸਾਰ ਮਨੁੱਖੀ ਗਤੀਵਿਧੀਆਂ ਦੌਰਾਨ ਕੋਲੇ, ਤੇਲ ਅਤੇ ਗੈਸਾਂ ਨੂੰ ਬਾਲਣ ਦੇ ਤੌਰ ਉੱਤੇ ਵਰਤੇ ਜਾਣ ਦੇ ਨਤੀਜੇ ਵਜੋਂ ਵਾਯੂਮੰਡਲ ਵਿਚ ਛੱਡੀ ਗਈ ਕਾਰਬਨ ਡਾਈਔਕਸਾਈਡ ਦਾ ਤਕਰੀਬਨ ਚੌਥਾ ਹਿੱਸਾ ਸਮੁੰਦਰਾਂ ਦੇ ਪਾਣੀਆਂ ਵਿਚ ਘੁਲ ਜਾਂਦਾ ਹੈ। ਸਨਅਤੀ ਯੁੱਗ ਦੀ ਸ਼ੁਰੂਆਤ (1750) ਤੋਂ ਲੈ ਕੇ ਹੁਣ ਤਕ ਤਕਰੀਬਨ 525 ਅਰਬ ਟਨ ਦੇ ਕਰੀਬ ਕਾਰਬਨ ਡਾਈਔਕਸਾਈਡ ਸਮੁੰਦਰਾਂ ਵਿਚ ਘੁਲ ਚੁੱਕੀ ਹੈ ਅਤੇ ਵਰਤਮਾਨ ਸਮੇਂ ਵਿਚ ਹਰ ਰੋਜ਼ 2.2 ਕਰੋੜ ਟਨ ਦੇ ਕਰੀਬ ਕਾਰਬਨ-ਡਾਈਔਕਸਾਈਡ ਸਮੁੰਦਰਾਂ ਵਿਚ ਘੁਲ ਰਹੀ ਹੈ। ਇਸ ਦੇ ਨਤੀਜੇ ਵਜੋਂ ਸਮੁੰਦਰਾਂ ਦੇ ਪਾਣੀ ਦੀ ਤੇਜ਼ਾਬੀਅਤ ਵਧ ਰਹੀ ਹੈ। ਪਿਛਲੇ 200 ਸਾਲਾਂ ਦੌਰਾਨ ਸਮੁੰਦਰਾਂ ਦੀ ਤੇਜ਼ਾਬੀਅਤ ਵਿਚ 30 ਫੀਸਦੀ ਦਾ ਵਾਧਾ ਹੋਇਆ ਹੈ। ਸਮੁੰਦਰਾਂ ਦੀ ਤੇਜ਼ਾਬੀਅਤ ਵਿਚ ਹੋਈ ਇਹ ਤਬਦੀਲੀ ਪਿਛਲੇ 5 ਕਰੋੜ ਸਾਲਾਂ ਵਿਚ ਇਸ ਸੰਬੰਧ ਵਿਚ ਸਭ ਤੋਂ ਤੇਜ਼ੀ ਨਾਲ ਹੋਣ ਵਾਲੀ ਤਬਦੀਲੀ ਹੈ।

ਸਮੁੰਦਰਾਂ ਦੀ ਤੇਜ਼ਾਬੀਅਤ ਵਿਚ ਇਸ ਤੇਜ਼ੀ ਨਾਲ ਹੋ ਰਹੇ ਵਾਧੇ ਕਾਰਨ ਸਮੁੰਦਰੀ ਜੀਵ-ਜੰਤੂਆਂ ਨੂੰ ਇਹਨਾਂ ਨਵੀਂਆਂ ਸਥਿਤੀਆਂ ਦੇ ਅਨੁਕੂਲ ਢਲਨ ਲਈ ਸਮਾਂ ਨਹੀਂ ਮਿਲ ਰਿਹਾ। ਹੋ ਸਕਦਾ ਹੈ ਕਿ ਕੁਝ ਸਮੁੰਦਰੀ ਜੀਵ-ਜੰਤੂ ਆਪਣੇ ਆਪ ਨੂੰ ਇਨ੍ਹਾਂ ਸਥਿਤੀਆਂ ਅਨੁਸਾਰ ਢਾਲ਼ ਲੈਣ ਪਰ ਬਹੁਤਿਆਂ ਲਈ ਅਜਿਹਾ ਕਰਨਾ ਮੁਸ਼ਕਿਲ ਹੋਵੇਗਾ ਅਤੇ ਉਨ੍ਹਾਂ ਦੀਆਂ ਜਾਤੀਆਂ ਦਾ ਖਾਤਮਾ ਹੋ ਜਾਵੇਗਾ। ਸਮੁੰਦਰੀ ਜੀਵ-ਜੰਤੂਆਂ ਦੀਆਂ ਜਾਤੀਆਂ ਦੇ ਖਾਤਮੇ ਤੋਂ ਇਲਾਵਾ ਸਮੁੰਦਰਾਂ ਦਾ ਤੇਜ਼ਾਬੀਕਰਨ ਸਮੁੰਦਰਾਂ ਤੋਂ ਪ੍ਰਾਪਤ ਹੁੰਦੀ ਖਾਧ-ਸਮੱਗਰੀ (ਮੱਛੀਆਂ ਅਤੇ ਹੋਰ ਜੀਵ-ਜੰਤੂਆਂ) ਦੀ ਮਾਤਰਾ 'ਤੇ ਨਾਂਹ-ਪੱਖੀ ਅਸਰ ਪਾਵੇਗਾ ਅਤੇ ਇਸ ਖਾਧ-ਸਮੱਗਰੀ 'ਤੇ ਨਿਰਭਰ ਕਰੋੜਾਂ ਲੋਕਾਂ ਲਈ ਇਹ ਖਾਧ-ਸਮੱਗਰੀ ਪ੍ਰਾਪਤ ਕਰਨੀ ਮੁਸ਼ਕਿਲ ਹੋ ਜਾਵੇਗੀ।

*ਵੱਟ ਐਵਰੀ ਇਨਵਾਇਰਨਮੈਂਟਲਿਸਟ ਨੀਡਜ਼ ਟੂ ਨੋਅ* ਵਿਚ ਦਿੱਤੀ ਜਾਣਕਾਰੀ ਅਨੁਸਾਰ ਸਮੁੰਦਰਾਂ ਦੇ ਤੇਜ਼ਾਬੀਕਰਨ ਦੀ ਹੱਦ ਮਿਥਣ ਲਈ ਵਿਗਿਆਨੀ ਸਮੁੰਦਰਾਂ ਦੇ ਪਾਣੀਆਂ ਦੀ ਅਰਗੋਨਾਈਟ (ਕੈਲਸ਼ੀਅਨ ਕਾਰਬੋਨੇਟ ਦਾ ਇਕ ਰੂਪ) saturation state ਸੈਚੂਰੇਸ਼ਨ ਸਟੇਟ (ਅਰਗੋਨਈਟ ਦੀ ਸੰਤ੍ਰਿਪਤੀ ਅਵਸਥਾ) ਦੀ ਵਰਤੋਂ ਕਰਦੇ ਹਨ। ਅਰਗੋਨਾਈਟ ਸੈਚੂਰੇਸ਼ਨ ਸਟੇਟ ਜਿੰਨੀ ਘੱਟ ਹੋਵੇਗੀ, ਸਮੁੰਦਰਾਂ ਦੇ ਪਾਣੀਆਂ ਦੀ ਤੇਜ਼ਾਬੀਅਤ ਉਨੀ ਜ਼ਿਆਦਾ ਹੋਵੇਗੀ।

ਸਨਅਤੀ ਯੁਗ ਤੋਂ ਪਹਿਲਾਂ ਇਸ ਦੀ ਕੀਮਤ 3.44 ਸੀ। ਵਿਗਿਆਨੀਆਂ ਵੱਲੋਂ ਇਸ ਦੀ ਸੁਰੱਖਿਅਤ ਹੱਦ 2.75 ਮਿਥੀ ਗਈ ਹੈ। ਜੇ ਇਹ ਕੀਮਤ 2.75 ਤੋਂ ਘਟ ਜਾਵੇ ਤਾਂ ਘੋਗਿਆਂ ਅਤੇ ਸਿੱਪੀਆਂ ਦੀ ਜਾਤੀ ਵਾਲੇ ਬਹੁਤ ਸਾਰੇ ਸਮੁੰਦਰੀ ਜੀਵ-ਜੰਤੂਆਂ ਦਾ ਖਾਤਮਾ ਹੋ ਜਾਵੇਗਾ। ਇਸ ਸਮੇਂ ਸਮੁੰਦਰਾਂ ਦੇ ਪਾਣੀਆਂ ਦੀ ਇਹ ਕੀਮਤ 2.90 ਹੈ। ਇਸ ਤਰ੍ਹਾਂ ਅਸੀਂ ਦੇਖ ਸਕਦੇ ਹਾਂ ਕਿ ਸਮੁੰਦਰਾਂ ਵੱਲੋਂ ਜਿਣਸਾਂ ਦੇ ਉਤਪਾਦਨ ਦੌਰਾਨ ਪੈਦਾ ਹੋਈ ਕਾਰਬਨ ਡਾਈਔਕਸਾਈਡ ਨੂੰ ਜਜ਼ਬ ਕਰਨ ਦਾ ਅਮਲ ਸਮੁੰਦਰਾਂ ਵਿਚ ਕਾਰਬਨ ਡਾਈਔਕਸਾਈਡ ਦੀ ਮਾਤਰਾ ਦੀ ਉਸ ਹੱਦ ਵੱਲ ਵਧ ਰਿਹਾ ਹੈ, ਜਿਸ ਮਾਤਰਾ ਤਕ ਸਮੁੰਦਰ ਸੁਰੱਖਿਅਤ ਹੱਦ ਵਿਚ ਰਹਿੰਦੇ ਹੋਏ ਕਾਰਬਨ ਡਾਈਔਕਸਾਈਡ ਨੂੰ ਆਪਣੇ ਅੰਦਰ ਜਜ਼ਬ ਕਰ ਸਕਦੇ ਹਨ।

ਇਸ ਤਰ੍ਹਾਂ ਅਸੀਂ ਦੇਖ ਸਕਦੇ ਹਾਂ ਕਿ ਪੂੰਜੀਵਾਦੀ ਪ੍ਰਬੰਧ ਵਿਚ ਮੁਨਾਫਾ ਕਮਾਉਣ ਦੀ ਦੌੜ ਕਾਰਨ ਦੁਨੀਆ ਵਿਚ ਜਿਣਸਾਂ ਦੇ ਕੁੱਲ ਉਤਪਾਦਨ (World economy ਭਾਵ ਸੰਸਾਰ ਆਰਥਿਕਤਾ) ਵਿਚ ਹੋ ਰਿਹਾ ਲਗਾਤਾਰ ਵਾਧਾ ਕਿਸ ਤਰ੍ਹਾਂ ਧਰਤੀ ਉਤਲੇ ਵਾਤਾਵਰਨ ਦੇ ਸੰਕਟ ਨੂੰ ਡੂੰਘਾ ਕਰ ਰਿਹਾ ਹੈ। ਇਸ ਪ੍ਰਬੰਧ ਵਿਚ ਜਿਣਸਾਂ ਦੇ ਉਤਪਾਦਨ ਵਿਚ ਲੱਗਾ ਹਰ ਪੂੰਜੀਵਾਦੀ ਆਪਣੇ ਫੈਸਲੇ ਕਰਨ ਸਮੇਂ ਸਿਰਫ ਇਹ ਹੀ ਦੇਖਦਾ ਹੈ ਕਿ ਉਹ ਆਪਣੇ ਪੂੰਜੀ ਨਿਵੇਸ਼ ਰਾਹੀਂ ਥੋੜ੍ਹੇ ਜਿਹੇ ਸਮੇਂ ਦੌਰਾਨ ਕਿੰਨਾ ਜ਼ਿਆਦਾ ਮੁਨਾਫਾ ਕਮਾ ਸਕਦਾ ਹੈ ਅਤੇ ਇਹ ਨਹੀਂ ਦੇਖਦਾ ਕਿ ਉਸ ਦੇ ਫੈਸਲਿਆਂ ਦੇ ਲੰਮੇ ਸਮੇਂ ਵਿਚ ਧਰਤੀ ਦੀ ਸਿਹਤ ਉੱਤੇ ਕਿਸ ਤਰ੍ਹਾਂ ਦੇ ਮਾੜੇ ਅਸਰ ਪੈਣਗੇ। *ਵੱਟ ਐਵਰੀ ਇਨਵਾਇਰਨਮੈਂਟਲਿਸਟ ਨੀਡਜ਼ ਟੂ ਨੋਅ* ਵਿਚ ਦਿੱਤੀ ਇਕ ਟੂਕ ਦਰਸਾਉਂਦੀ ਹੈ ਕਿ ਪੂੰਜੀਵਾਦ ਦੇ ਇਸ ਵਰਤਾਰੇ ਨੂੰ ਸੰਨ 1880 ਵਿਚ ਐਂਗਲਜ਼ ਨੇ ਇਸ ਤਰ੍ਹਾਂ ਬਿਆਨ ਕੀਤਾ ਸੀ:

> *"ਜਦੋਂ ਇਕੱਲੇ ਇਕੱਲੇ ਸਰਮਾਏਦਾਰ ਫੌਰੀ ਮੁਨਾਫੇ ਲਈ (ਜਿਣਸਾਂ ਦੇ) ਉਤਪਾਦਨ ਅਤੇ ਅਦਾਨ ਪ੍ਰਦਾਨ ਵਿਚ ਹਿੱਸਾ ਲੈਂਦੇ ਹਨ, ਉਦੋਂ ਜ਼ਰੂਰੀ ਹੈ ਕਿ ਸਿਰਫ ਨੇੜ ਭਵਿੱਖ ਵਿਚ ਹੋਣ ਵਾਲੇ ਅਤੇ ਫੌਰੀ ਤੌਰ ਉੱਤੇ ਨਿਕਲਣ ਵਾਲੇ ਨਤੀਜਿਆਂ ਨੂੰ ਧਿਆਨ ਵਿਚ ਰੱਖਿਆ ਜਾਂਦਾ ਹੈ। ਜਿੰਨਾ ਚਿਰ ਤਕ ਇਕ ਉਤਪਾਦਕ ਜਾਂ ਵਪਾਰੀ ਤਿਆਰ ਕੀਤੀ ਜਾਂ ਖਰੀਦੀ ਹੋਈ ਜਿਣਸ ਨੂੰ ਆਮ ਇੱਛਤ ਮੁਨਾਫੇ ਉੱਤੇ ਵੇਚ ਲੈਂਦਾ ਹੈ, ਉਦੋਂ ਤਕ ਉਹ ਸੰਤੁਸ਼ਟ ਰਹਿੰਦਾ ਹੈ ਅਤੇ ਇਸ ਬਾਰੇ ਨਹੀਂ ਸੋਚਦਾ ਕਿ ਉਸ ਤੋਂ ਬਾਅਦ ਜਿਣਸ ਅਤੇ ਖਰੀਦਦਾਰ ਦਾ ਕੀ ਬਣਦਾ ਹੈ। ਇਹ ਹੀ ਗੱਲ ਉਸ ਦੇ ਅਮਲ ਕਾਰਨ ਪੈਣ ਵਾਲੇ ਕੁਦਰਤੀ ਪ੍ਰਭਾਵ ਉੱਤੇ ਲਾਗੂ ਹੁੰਦੀ ਹੈ। ਕਿਊਬਾ ਵਿਚ ਬਹੁਤ ਜ਼ਿਆਦਾ ਮੁਨਾਫਾ ਕਮਾ ਕੇ ਦੇਣ ਵਾਲੇ ਕੌਫੀ ਦੇ ਬੂਟਿਆਂ ਦੀ ਇਕ ਪੀੜ੍ਹੀ ਲਈ ਪਹਾੜੀ ਢਲਾਣਾਂ ਉੱਤੇ ਜੰਗਲਾਂ ਨੂੰ ਜਲਾ ਕੇ ਲੋੜੀਂਦੀ ਖਾਦ ਪ੍ਰਾਪਤ ਕਰਨ ਵਾਲੇ ਸਪੇਨੀ ਕਾਸ਼ਤਕਾਰਾਂ ਨੂੰ ਇਸ ਗੱਲ ਦੀ ਕੀ ਪਰਵਾਹ ਸੀ ਕਿ ਉਸ ਤੋਂ ਬਾਅਦ ਜ਼ੋਰਦਾਰ ਪੈਣ ਵਾਲਾ ਤਪਤ ਖੰਡੀ ਮੀਂਹ ਮਿੱਟੀ ਦੀ ਉਪਰਲੀ ਅਣਸੁਰੱਖਿਅਤ ਤਹਿ ਨੂੰ ਹੜ੍ਹਾ ਕੇ ਲੈ ਜਾਵੇਗਾ, ਅਤੇ ਪਿੱਛੇ ਸਿਰਫ ਨੰਗੇ ਪੱਥਰ ਛੱਡ ਜਾਵੇਗਾ। ਸਮਾਜ ਵਾਂਗ ਕੁਦਰਤ ਦੇ ਸੰਬੰਧ ਵਿਚ ਵੀ ਮੌਜੂਦਾ ਉਤਪਾਦਨ ਦਾ ਢੰਗ (Mode of production) ਮੁੱਖ ਤੌਰ ਉੱਤੇ ਸਿਰਫ ਫੌਰੀ ਅਤੇ ਸਥੂਲ ਨਤੀਜਿਆਂ ਦੀ ਹੀ ਪਰਵਾਹ ਕਰਦਾ ਹੈ; ਅਤੇ ਫਿਰ ਜਦੋਂ ਇਨ੍ਹਾਂ ਅਮਲਾਂ ਦੇ ਲੰਮੇ ਸਮੇਂ ਬਾਅਦ ਪੈਣ ਵਾਲੇ ਨਤੀਜੇ ਕਾਫੀ ਵੱਖਰੇ ਅਤੇ ਉਲਟ ਨਿਕਲਦੇ ਹਨ, ਤਾਂ ਉਸ ਬਾਰੇ ਹੈਰਾਨੀ ਪ੍ਰਗਟ ਕੀਤੀ ਜਾਂਦੀ ਹੈ।"*

ਇੱਥੇ ਦੁਨੀਆ ਦੇ ਲਗਾਤਾਰ ਵਧ ਰਹੇ ਕੁੱਲ ਉਤਪਾਦਨ ਅਤੇ ਦੁਨੀਆ ਦੀ ਵਧ ਰਹੀ ਆਬਾਦੀ ਵਿਚਕਾਰ ਸੰਬੰਧ ਬਾਰੇ ਵੀ ਸੰਖੇਪ ਵਿਚ ਗੱਲ ਕਰ ਲੈਣੀ ਚਾਹੀਦੀ ਹੈ। ਇਹ ਸੱਚ ਹੈ ਕਿ ਵਧ ਰਹੀ ਆਬਾਦੀ ਕਾਰਨ ਦੁਨੀਆ ਵਿਚ ਵਸਤਾਂ ਅਤੇ ਸੇਵਾਵਾਂ ਦੀ ਮੰਗ ਵਧਦੀ ਹੈ ਅਤੇ ਇਸ ਮੰਗ ਦੀ ਪੂਰਤੀ ਲਈ ਕੁਦਰਤੀ ਵਸੀਲਿਆਂ (ਕੱਚੇ ਮਾਲ ਅਤੇ ਊਰਜਾ) ਦੀ ਖਪਤ ਵਧਦੀ ਹੈ। ਇਸ ਦੇ ਨਾਲ ਹੀ ਇਨ੍ਹਾਂ ਵਸਤਾਂ ਦੇ ਉਤਪਾਦਨ ਦੌਰਾਨ ਪੈਦਾ ਹੋਣ ਵਾਲੇ ਕੂੜੇ-ਕਰਕਟ ਦੀ ਮਾਤਰਾ ਵੀ ਵਧਦੀ ਹੈ, ਜਿਸ ਨੂੰ ਜਜ਼ਬ ਕਰਨ ਜਾਂ ਬਿਲੇ ਲਾਉਣ ਲਈ ਧਰਤੀ, ਸਮੁੰਦਰ, ਵਾਯੂਮੰਡਲ ਆਦਿ ਉੱਤੇ ਭਾਰ ਵਧਦਾ ਹੈ। ਪਰ ਇਹ ਗੱਲ ਪੂਰੀ ਸੱਚ ਨਹੀਂ ਕਿ ਦੁਨੀਆ ਦੇ ਕੁੱਲ ਉਤਪਾਦਨ

ਦੇ ਵਾਧੇ ਦਾ ਕਾਰਨ ਸਿਰਫ ਆਬਾਦੀ ਵਿਚ ਵਾਧਾ ਹੈ। ਉਦਾਹਰਨ ਲਈ ਜੌਹਨ ਬਲੈਮੀ ਫੌਸਟਰ ਦੀ ਕਿਤਾਬ *ਈਕੌਲੌਜੀ ਅਗੇਂਸਟ ਕੈਪੀਟਲਿਜ਼ਮ* ਵਿਚ ਦਿੱਤੇ ਅੰਕੜੇ ਦੱਸਦੇ ਹਨ ਕਿ ਵੀਹਵੀਂ ਸਦੀ ਦੌਰਾਨ ਦੁਨੀਆ ਦੀ ਆਬਾਦੀ ਵਿਚ ਤਿੰਨ ਗੁਣਾਂ ਵਾਧਾ ਹੋਇਆ ਹੈ। ਪਰ ਇਸ ਸਮੇਂ ਦੌਰਾਨ ਦੁਨੀਆ ਵਿਚ ਵਸਤਾਂ ਦਾ ਕੁੱਲ ਉਤਪਾਦਨ ਵੀਹ-ਗੁਣਾਂ ਦੇ ਕਰੀਬ ਵਧਿਆ ਹੈ। ਇਸ ਤਰ੍ਹਾਂ ਵੀਹਵੀਂ ਸਦੀ ਵਿਚ ਦੁਨੀਆ ਦੇ ਕੁਲ ਉਤਪਾਦਨ ਵਿਚ ਹੋਇਆ ਵਾਧਾ ਇਸ ਸਦੀ ਵਿਚ ਹੋਏ ਆਬਾਦੀ ਦੇ ਵਾਧੇ ਨਾਲ ਮੇਲ ਨਹੀਂ ਖਾਂਦਾ। ਇਸ ਦਾ ਕਾਰਨ ਇਹ ਹੈ ਕਿ ਧਰਤੀ 'ਤੇ ਜੀਅ ਰਿਹਾ ਹਰ ਇਕ ਵਿਅਕਤੀ ਵਸਤਾਂ ਅਤੇ ਸੇਵਾਵਾਂ ਦੀ ਇਕੋ ਜਿੰਨੀ ਖਪਤ ਨਹੀਂ ਕਰਦਾ। ਇਕ ਗ਼ਰੀਬ ਦੇ ਮੁਕਾਬਲੇ ਅਮੀਰ ਵਿਅਕਤੀ ਵਸਤਾਂ ਦੀ ਖਪਤ ਜ਼ਿਆਦਾ ਕਰਦਾ ਹੈ। ਜੌਹਨ ਬਲੈਮੀ ਫੌਸਟਰ ਦੀ 1999 ਵਿਚ ਛਪੀ ਕਿਤਾਬ *ਦੀ ਵਲਨੇਰੇਬਲ ਪਲੈਨਟ* ਅਨੁਸਾਰ ਦੁਨੀਆ ਦੇ ਉਤਪਾਦਨ ਦਾ 75 ਫੀਸਦੀ ਹਿੱਸਾ, 9 ਸਨਅਤੀ ਦੇਸ਼ਾਂ ਵਿਚ ਰਹਿੰਦੀ 25% ਅਬਾਦੀ ਵੱਲੋਂ ਖਪਤ ਕੀਤਾ ਜਾਂਦਾ ਹੈ। ਇਸ ਦਾ ਮਤਲਬ ਹੈ ਕਿ ਅਮੀਰ ਲੋਕ ਗ਼ਰੀਬ ਲੋਕਾਂ ਦੇ ਮੁਕਾਬਲੇ ਧਰਤੀ ਦੇ ਵਸੀਲਿਆਂ ਦੀ ਜ਼ਿਆਦਾ ਖਪਤ ਕਰਦੇ ਹਨ। ਫਰੈੱਡ ਮੈਗਡੌਫ ਅਤੇ ਕਰਿੱਸ ਵਿਲੀਅਮਜ਼ ਸੰਨ 2017 ਵਿਚ ਛਪੀ ਆਪਣੀ ਕਿਤਾਬ *ਕਰੀਏਟਿੰਗ ਐਨ ਇਕਲੌਜੀਕਲ ਸੁਸਾਇਟੀ* ਵਿਚ ਲਿਖਦੇ ਹਨ ਕਿ ਦੁਨੀਆ ਦੀ ਵਸੋਂ ਵਿਚੋਂ 10 ਫੀਸਦੀ ਅਮੀਰ ਲੋਕ ਤਕਰੀਬਨ ਧਰਤੀ ਦੇ 60 ਫੀਸਦੀ ਵਸੀਲਿਆਂ ਦੀ ਵਰਤੋਂ ਕਰਦੇ ਹਨ। ਸੰਨ 2012 ਵਿਚ ਅਮਰੀਕਾ ਵਿਚ ਵਸਤਾਂ ਅਤੇ ਸੇਵਾਵਾਂ ਦੀ ਕੁੱਲ ਖਪਤ ਦਾ 38 ਫੀਸਦੀ ਹਿੱਸਾ 5 ਫੀਸਦੀ ਅਮੀਰ ਲੋਕਾਂ ਵੱਲੋਂ ਵਰਤਿਆ ਗਿਆ ਸੀ। ਜੇ ਥੋੜ੍ਹੇ ਜਿਹੇ ਅਮੀਰ ਲੋਕ ਧਰਤੀ ਦੇ ਵਸੀਲਿਆਂ ਦੀ ਵੱਡੀ ਮਾਤਰਾ ਵਿਚ ਵਰਤੋਂ ਕਰਦੇ ਹਨ, ਤਾਂ ਇਸ ਦਾ ਮਤਲਬ ਹੈ ਕਿ ਧਰਤੀ ਦੇ ਵਾਤਾਵਰਨ ਦੇ ਨੁਕਸਾਨ ਵਿਚ ਵੀ ਉਹ ਜ਼ਿਆਦਾ ਹਿੱਸਾ ਪਾਉਂਦੇ ਹਨ। ਇਸ ਸੰਬੰਧ ਵਿਚ *ਦੀ ਈਕੌਲੌਜੀਕਲ ਰੈਵੂਲੂਸ਼ਨ ਅਤੇ ਵੱਟ ਐਵਰੀ ਇਨਵਾਇਰਨਮੈਂਟਲਿਸਟ ਨੀਡਜ਼ ਟੂ ਨੋਅ* ਵਿਚੋਂ ਕੁੱਝ ਹੋਰ ਅੰਕੜੇ ਪੇਸ਼ ਹਨ: ਸੰਨ 1987 ਵਿਚ ਅਮਰੀਕਾ ਦੇ 10 ਫੀਸਦੀ ਅਮੀਰ ਲੋਕਾਂ ਵਿਚਲਾ ਇਕ ਵਿਅਕਤੀ 20 ਫੀਸਦੀ ਗ਼ਰੀਬ ਲੋਕਾਂ ਵਿਚਲੇ ਇਕ ਵਿਅਕਤੀ ਦੇ ਮੁਕਾਬਲੇ ਵਾਯੂਮੰਡਲ ਵਿਚ 11 ਗੁਣਾਂ ਜ਼ਿਆਦਾ ਕਾਰਬਨ ਡਾਈਔਕਸਾਈਡ ਛੱਡਣ ਲਈ ਜ਼ਿੰਮੇਵਾਰ ਸੀ। ਅਮਰੀਕਾ ਦਾ ਇਕ ਵਿਅਕਤੀ ਹਰ ਸਾਲ ਔਸਤਨ 5.6 ਮੀਟਰਿਕ ਟਨ ਕਾਰਬਨ ਡਾਇਔਕਸਾਈਡ ਵਾਯੂਮੰਡਲ ਵਿਚ ਛੱਡਦਾ ਹੈ ਜਦੋਂ ਕਿ ਜੀ -7 ਮੁਲਕਾਂ ਤੋਂ ਬਾਹਰਲੇ ਮੁਲਕਾਂ ਦਾ ਇਕ ਵਿਅਕਤੀ ਹਰ ਸਾਲ ਔਸਤਨ 0.7 ਟਨ ਕਾਰਬਨ ਡਾਇਔਕਸਾਈਡ ਵਾਯੂਮੰਡਲ ਵਿਚ ਛੱਡਦਾ ਹੈ। ਵਿਸ਼ਵ ਪੱਧਰ 'ਤੇ ਉਪਰਲੇ 50 ਕਰੋੜ ਅਮੀਰ ਲੋਕ (ਤਕਰੀਬਨ ਆਬਾਦੀ ਦਾ 8 ਫੀਸਦੀ ਹਿੱਸਾ) ਦੁਨੀਆ ਦੀਆਂ ਕੁੱਲ ਗਰੀਨ ਹਾਊਸ ਗੈਸਾਂ ਦਾ ਅੱਧਾ ਹਿੱਸਾ ਵਾਯੂਮੰਡਲ ਵਿਚ ਛੱਡਦੇ ਹਨ। ਇਹਨਾਂ ਅੰਕੜਿਆਂ ਦੇ ਆਧਾਰ ਉੱਤੇ ਇਹ ਕਿਹਾ ਜਾ ਸਕਦਾ ਹੈ ਕਿ ਬੇਸ਼ੱਕ ਦੁਨੀਆ ਵਿਚ ਵਧ ਰਹੀ ਆਬਾਦੀ ਨਾਲ ਧਰਤੀ ਦੇ ਵਸੀਲਿਆਂ ਦੀ ਖਪਤ ਕੁੱਝ ਹੱਦ ਤਕ ਜ਼ਰੂਰ ਵਧਦੀ ਹੈ, ਪਰ ਆਬਾਦੀ ਦਾ ਵਧਣਾ ਧਰਤੀ ਦੇ ਵਸੀਲਿਆਂ ਦੀ ਵੱਡੀ ਪੱਧਰ ਉੱਤੇ ਖਪਤ ਅਤੇ ਵਾਤਾਵਰਨ ਦੇ ਵਧ ਰਹੇ ਪ੍ਰਦੂਸ਼ਨ ਲਈ ਪੂਰੀ ਤਰ੍ਹਾਂ ਜ਼ਿੰਮੇਵਾਰ ਨਹੀਂ ਹੈ।

ਕੁੱਝ ਲੋਕ ਇਹ ਵੀ ਕਹਿ ਸਕਦੇ ਹਨ ਕਿ ਧਰਤੀ ਉੱਤੇ ਵਸ ਰਹੇ ਲੋਕਾਂ ਦੀ ਲੋੜ ਪੂਰਤੀ ਲਈ ਦੁਨੀਆ ਦੇ ਕੁੱਲ ਉਤਪਾਦਨ ਵਿਚ ਵਾਧਾ ਹੋਣਾ ਜ਼ਰੂਰੀ ਹੈ। ਜੇ ਇਹ ਵਾਧਾ ਨਾ ਹੋਵੇ ਤਾਂ ਦੁਨੀਆ ਦੇ ਬਹੁਤ ਸਾਰੇ ਲੋਕ ਆਪਣੀਆਂ ਮੁੱਢਲੀਆਂ ਲੋੜਾਂ ਪੂਰੀਆਂ ਨਹੀਂ ਕਰ ਸਕਣਗੇ। ਪਰ ਇਹ ਧਾਰਨਾ ਤੱਥਾਂ ਉੱਤੇ ਪੂਰੀ ਨਹੀਂ ਉਤਰਦੀ। ਇਸ ਸਮੇਂ ਦੁਨੀਆ ਵਿਚ ਜਿੰਨਾ ਖਾਣਾ ਪੈਦਾ ਕੀਤਾ ਜਾਂਦਾ ਹੈ, ਉਹ ਦੁਨੀਆ ਦੀ ਮੌਜੂਦਾ ਆਬਾਦੀ ਦੀਆਂ ਲੋੜਾਂ ਤੋਂ ਡੇਢ ਗੁਣਾਂ ਜ਼ਿਆਦਾ ਹੈ। ਪਰ ਫਿਰ ਵੀ ਦੁਨੀਆ ਵਿਚ ਬਹੁਤ ਸਾਰੇ ਲੋਕ ਭੁੱਖਮਰੀ ਦਾ ਸ਼ਿਕਾਰ ਹਨ। ਫੂਡ ਫਸਟ ਸੰਸਥਾ ਦੇ ਐਗਜ਼ੈਕਟਿਵ ਡਾਇਰੈਕਟਰ ਐਰਿਕ ਹੋਲਟ ਗਿਮਨਜ਼ ਨੇ *ਹਫਿੰਗਟਨ ਪੋਸਟ* ਦੇ ਆਨਲਾਈਨ

ਸਾਈਟ ਉੱਤੇ ਛਪੇ ਆਪਣੇ ਇਕ ਆਰਟੀਕਲ We already grow enough food for 10 billlion people and still can't end hunger ਵਿਚ ਇਸ ਬਾਰੇ ਇਸ ਤਰ੍ਹਾਂ ਲਿਖਿਆ ਹੈ:

*"ਭੁੱਖਮਰੀ ਗ਼ਰੀਬੀ ਅਤੇ ਨਾਬਰਾਬਰੀ ਕਾਰਨ ਪੈਦਾ ਹੁੰਦੀ ਹੈ, ਥੁੜ੍ਹ ਕਾਰਨ ਨਹੀਂ। ਪਿਛਲੇ ਦੋ ਦਹਾਕਿਆਂ ਵਿਚ, ਦੁਨੀਆ ਵਿਚ ਖਾਣੇ ਦੇ ਉਤਪਾਦਨ ਵਿਚ ਵਾਧੇ ਦੀ ਦਰ ਦੁਨੀਆ ਦੀ ਆਬਾਦੀ ਦੇ ਵਾਧੇ ਦੀ ਦਰ ਨਾਲੋਂ ਤੇਜ਼ੀ ਨਾਲ ਵਧੀ ਹੈ। ਦੁਨੀਆ ਵਿਚ ਇਸ ਸਮੇਂ ਖਾਣੇ ਦਾ ਉਤਪਾਦਨ ਉਸ ਮਾਤਰਾ ਨਾਲੋਂ ਡੇਢ ਗੁਣਾਂ ਜ਼ਿਆਦਾ ਹੈ, ਖਾਣੇ ਦੀ ਜਿੰਨੀ ਮਾਤਰਾ ਧਰਤੀ ਉਤਲੇ ਹਰ ਵਿਅਕਤੀ ਨੂੰ ਖਾਣਾ ਦੇਣ ਲਈ ਚਾਹੀਦੀ ਹੈ। ਖਾਣੇ ਦੀ ਇਹ ਮਾਤਰਾ 10 ਅਰਬ ਲੋਕਾਂ ਨੂੰ ਖਾਣਾ ਖੁਆ ਸਕਣ ਲਈ ਕਾਫੀ ਹੈ ਅਤੇ ਉਮੀਦ ਕੀਤੀ ਜਾਂਦੀ ਹੈ ਕਿ 2050 ਤਕ ਦੁਨੀਆ ਦੀ ਆਬਾਦੀ 10 ਅਰਬ ਦੇ ਨੇੜੇ ਹੋਵੇਗੀ। ਪਰ (ਇਸ ਸਮੇਂ) ਇਕ ਦਿਨ ਵਿਚ ਦੋ ਡਾਲਰ ਤੋਂ ਘੱਟ ਆਮਦਨ ਵਾਲੇ ਲੋਕ ਇਹ ਖਾਣਾ ਖਰੀਦਣ ਦੇ ਯੋਗ ਨਹੀਂ ਹਨ। ਇਨ੍ਹਾਂ ਲੋਕਾਂ ਵਿਚ ਬਹੁਤੇ ਜ਼ਿਆਦਾ ਜ਼ਮੀਨ ਦੇ ਛੋਟੇ ਛੋਟੇ ਟੁਕੜਿਆਂ ਉੱਤੇ ਖੇਤੀ ਕਰਨ ਵਾਲੇ ਵਸੀਲਿਆਂ ਤੋਂ ਥੁੜੇ ਹੋਏ ਕਿਸਾਨ ਹਨ।"*

ਦੁਨੀਆ ਉੱਤੇ ਲੋੜ ਜਿੰਨਾ ਖਾਣਾ ਹੋਣ ਤੋਂ ਬਾਅਦ ਵੀ ਕਰੋੜਾਂ ਲੋਕਾਂ ਦਾ ਭੁੱਖਮਰੀ ਦਾ ਸ਼ਿਕਾਰ ਹੋਣਾ ਇਸ ਕਰਕੇ ਹੈ ਕਿਉਂਕਿ ਧਰਤੀ ਉੱਤੇ ਪੈਦਾ ਕੀਤਾ ਜਾਂਦਾ ਖਾਣਾ ਲੋਕਾਂ ਦੀ ਲੋੜ ਪੂਰਤੀ ਲਈ ਪੈਦਾ ਨਹੀਂ ਕੀਤਾ ਜਾਂਦਾ ਸਗੋਂ ਮੁਨਾਫਾ ਕਮਾਉਣ ਲਈ ਕੀਤਾ ਜਾਂਦਾ ਹੈ। *ਕਰੀਏਟਿੰਗ ਐਨ ਈਕੋਲੌਜੀਕਲ ਸੁਸਾਇਟੀ* ਅਨੁਸਾਰ ਇਸ ਕਾਰਨ ਕਰਕੇ ਹੀ ਸੰਨ 2008 ਵਿਚ ਜਦੋਂ ਖਾਣੇ ਦੀਆਂ ਵਧੀਆ ਕੀਮਤਾਂ ਕਾਰਨ ਦੁਨੀਆ ਦੇ 28 ਦੇਸ਼ਾਂ ਵਿਚ ਖਾਣੇ ਲਈ ਦੰਗੇ ਹੋਏ ਸਨ, ਉਸ ਸਾਲ ਅਮਰੀਕਾ ਵਿਚ ਪੈਦਾ ਕੀਤੀ ਮੱਕੀ (corn) ਦਾ 30 ਪ੍ਰਤੀਸ਼ਤ ਹਿੱਸਾ ਕਾਰਾਂ ਵਿਚ ਤੇਲ ਦੀ ਥਾਂ ਪੈਂਦੀ ਐਥਾਨੌਲ ਪੈਦਾ ਕਰਨ ਲਈ ਵਰਤਿਆ ਗਿਆ ਸੀ।

ਇਸ ਹਿੱਸੇ ਦੇ ਅੰਤ ਵਿਚ ਮੈਂ ਇਸ ਗੱਲ 'ਤੇ ਜ਼ੋਰ ਦੇਣਾ ਚਾਹੁੰਦਾ ਹਾਂ ਕਿ ਦੁਨੀਆ ਦੇ ਕੁੱਲ ਉਤਪਾਦਨ ਵਿਚ ਲਗਾਤਾਰ ਹੋ ਰਿਹਾ ਵਾਧਾ ਪੂੰਜੀਵਾਦੀ ਪ੍ਰਬੰਧ ਦੇ ਲਗਾਤਾਰ ਮੁਨਾਫਾ ਕਮਾਉਣ ਅਤੇ ਪੂੰਜੀ ਵਿਚ ਵਾਧੇ ਦੇ ਅੰਦਰੂਨੀ ਤਰਕ ਦਾ ਨਤੀਜਾ ਹੈ। ਇਸ ਦਾ ਦੁਨੀਆ ਦੇ ਲੋਕਾਂ ਦੀਆਂ ਲੋੜਾਂ ਦੀ ਪੂਰਤੀ ਕਰਨ ਨਾਲ ਬਹੁਤਾ ਸੰਬੰਧ ਨਹੀਂ। ਇਸ ਬਾਰੇ ਜੌਹਨ ਬਲੈਮੀ ਫੌਸਟਰ, ਆਪਣੀ ਕਿਤਾਬ *ਇਕੌਲੌਜੀ ਅਗੇਂਸਟ ਕੈਪੀਟਲਿਜ਼ਮ* ਵਿਚ ਇਸ ਤਰ੍ਹਾਂ ਲਿਖਦਾ ਹੈ:

*"ਪੂੰਜੀਵਾਦ ਅਜਿਹਾ ਪ੍ਰਬੰਧ ਹੈ ਜਿਹੜਾ ਦੌਲਤ ਦਾ ਇਕੱਤਰੀਕਰਨ ਅਤੇ ਉਤਪਾਦਨ ਵਿਚ ਵਾਧਾ* (growth) *ਸਿਰਫ ਆਪਣੇ ਫਾਇਦੇ ਲਈ ਕਰਦਾ ਹੈ। ਇਹ ਅਜਿਹਾ ਮਹਾਂਵਿਨਾਸ਼ਕਾਰੀ ਰਥ* (Juggernaut) *ਹੈ ਜਿਹੜਾ ਵਪਾਰਾਂ ਵੱਲੋਂ ਵੱਧ ਤੋਂ ਵੱਧ ਦੌਲਤ ਇਕੱਤਰ ਕਰਨ ਦੀ ਲੋੜ ਦੇ ਇਕੋ ਇਕ ਮਕਸਦ ਅਨੁਸਾਰ ਚੱਲਦਾ ਹੈ। ਜਿਸ ਤਰ੍ਹਾਂ ਮਾਰਕਸ ਨੇ 'ਸਰਮਾਇਆ' ਵਿਚ ਲਿਖਿਆ ਸੀ "(ਧਨ) ਇਕੱਤਰ ਕਰੋ, ਹੋਰ ਇਕੱਤਰ ਕਰੋ! ਇਹ ਹੀ ਮੂਸਾ ਹੈ, ਇਹ ਹੀ ਪੈਗੰਬਰ।*

*ਐਡਮ ਸਮਿੱਥ ਦੇ ਜ਼ਮਾਨੇ ਤੋਂ ਮੁੱਖ ਧਾਰਾ ਦੇ ਅਰਥਸ਼ਾਸਤਰੀਆਂ ਨੇ ਇਹ ਦਾਅਵਾ ਕੀਤਾ ਹੈ ਕਿ ਪੂੰਜੀਵਾਦ ਅਜਿਹਾ ਪ੍ਰਬੰਧ ਹੈ ਜੋ ਸਿੱਧੇ ਤੌਰ ਉੱਤੇ ਦੌਲਤ ਕਮਾਉਣ ਨਾਲ ਅਤੇ ਅਸਿੱਧੇ ਤੌਰ ਉੱਤੇ ਮਨੁੱਖੀ ਲੋੜਾਂ ਦੀ ਪੂਰਤੀ ਕਰਨ ਨਾਲ ਸੰਬੰਧਤ ਹੈ। ਅਸਲੀਅਤ ਵਿਚ ਪਹਿਲਾ ਮਕਸਦ ਪੂਰੀ ਤਰ੍ਹਾਂ ਦੂਜੇ ਮਕਸਦ ਉੱਤੇ ਭਾਰੂ ਹੋ ਜਾਂਦਾ ਹੈ ਅਤੇ ਇਸ ਨੂੰ ਤਬਦੀਲ ਕਰ ਦਿੰਦਾ ਹੈ। ਸਰਮਾਏਦਾਰ ਆਪਣੀਆਂ ਸਰਗਰਮੀਆਂ ਉਨ੍ਹਾਂ ਜਿਣਸਾਂ ਦੇ ਉਤਪਾਦਨ ਤਕ ਸੀਮਤ ਨਹੀਂ ਰੱਖਦੇ, ਜਿਹੜੀਆਂ ਜਿਣਸਾਂ ਖਾਣੇ, ਕੱਪੜੇ, ਰਿਹਾਇਸ਼, ਅਤੇ ਸਮਾਜ ਵਿਚ ਇਨਸਾਨਾਂ ਦੀ ਉਤਪਤੀ ਨਾਲ ਸੰਬੰਧਤ ਜ਼ਰੂਰੀ ਵਸਤਾਂ ਦੇ ਉਤਪਾਦਨ ਵਰਗੀਆਂ ਮਨੁੱਖ ਦੀਆਂ ਮੁੱਢਲੀਆਂ ਲੋੜਾਂ ਨਾਲ ਸੰਬੰਧਤ ਹੁੰਦੀਆਂ ਹਨ। ਇਸ ਦੀ ਥਾਂ ਵੱਧ ਤੋਂ ਵੱਧ ਮੁਨਾਫੇ ਦਾ ਉਤਪਾਦਨ ਆਪਣੇ ਆਪ ਵਿਚ ਇਕ ਮਕਸਦ ਬਣ ਜਾਂਦਾ ਹੈ, ਅਤੇ ਪੈਦਾ ਕੀਤੀਆਂ ਜਾਣ ਵਾਲੀਆਂ ਜਿਣਸਾਂ ਕਿਸ ਤਰ੍ਹਾਂ ਦੀਆਂ ਹੋਣ ਜਾਂ ਅੰਤਿਮ ਰੂਪ ਵਿਚ ਉਹਨਾਂ ਦਾ ਕੀ ਫਾਇਦਾ ਹੋਵੇਗਾ, ਇਸ ਗੱਲ ਦੀ ਕੋਈ ਮਹੱਤਤਾ ਨਹੀਂ ਰਹਿੰਦੀ। ਜਿਣਸਾਂ ਦਾ ਵਰਤੋਂ ਮੁੱਲ (use value ) ਜ਼ਿਆਦਾ ਤੋਂ ਜ਼ਿਆਦਾ ਹੱਦ ਤਕ ਤਬਾਦਲੇ ਦੇ*

*ਮੁੱਲ (exchange value) ਦੇ ਅਧੀਨ ਹੋ ਜਾਂਦਾ ਹੈ। ਵਿਖਾਵੇ ਵਾਲੀ ਉਪਭੋਗਤਾ ਨੂੰ ਸਮਰਪਤ ਜਿਣਸਾਂ, ਜਿਹੜੀਆਂ ਮਨੁੱਖਾਂ ਅਤੇ ਧਰਤੀ ਲਈ ਵਿਨਾਸ਼ਕਾਰੀ ਵੀ ਹੁੰਦੀਆਂ ਹਨ, (ਇਸ ਨੂੰ ਮਨੁੱਖੀ ਵਰਤੋਂ ਦੇ ਅਯੋਗ ਬਣਾ ਕੇ) ਪੈਦਾ ਕੀਤੀਆਂ ਜਾਂਦੀਆਂ ਹਨ ਅਤੇ ਆਧੁਨਿਕ ਮਾਰਕੀਟਿੰਗ ਦੀ ਵਰਤੋਂ ਕਰਕੇ ਇਹ ਵਿਨਾਸ਼ਕਾਰੀ ਜਿਣਸਾਂ ਪੈਦਾ ਕਰਨ ਦੇ ਨਾਲ ਨਾਲ ਇਨ੍ਹਾਂ ਲਈ ਖਾਹਿਸ਼ਾਂ ਪੈਦਾ ਕੀਤੀਆਂ ਜਾਂਦੀਆਂ ਹਨ।"*

**ਕੁਦਰਤੀ ਵਸੀਲਿਆਂ ਦੀ ਘੱਟ ਵਰਤੋਂ ਕਰਨ ਵਾਲੀਆਂ ਕਾਢਾਂ ਕਾਰਨ ਵਸੀਲਿਆਂ ਦੀ ਵਰਤੋਂ ਘਟਦੀ ਨਹੀਂ ਸਗੋਂ ਵਧ ਜਾਂਦੀ ਹੈ।**

ਆਮ ਸੂਝ ਮੁਤਾਬਕ ਇਹ ਕਿਹਾ ਜਾ ਸਕਦਾ ਹੈ ਕਿ ਜੇ ਸਾਡੇ ਕੋਲ ਅਜਿਹੀ ਤਕਨੌਲੌਜੀ ਹੋਵੇ, ਜਿਹੜੀ ਪ੍ਰਤੀ ਵਸਤ ਦੇ ਉਤਪਾਦਨ ਲਈ ਘੱਟ ਊਰਜਾ ਅਤੇ ਘੱਟ ਕੱਚੇ ਮਾਲ ਦੀ ਵਰਤੋਂ ਕਰਦੀ ਹੋਵੇ, ਤਾਂ ਸਾਡੇ ਵੱਲੋਂ ਵਰਤੀ ਜਾਂਦੀ ਊਰਜਾ ਅਤੇ ਕੱਚੇ ਮਾਲ ਦੀ ਖਪਤ ਘਟ ਜਾਵੇਗੀ। ਪਰ ਇਹ ਗੱਲ ਉਤਪਾਦਨ ਦੇ ਪੂੰਜੀਵਾਦੀ ਢੰਗ ਵਿਚ ਸਹੀ ਨਹੀਂ। ਪੂੰਜੀਵਾਦੀ ਉਤਪਾਦਨ ਦੇ ਢੰਗ ਵਿਚ ਇਹ ਗੱਲ ਇਸ ਤੋਂ ਉਲਟ ਵਾਪਰਦੀ ਹੈ। ਕੁਦਰਤੀ ਵਸੀਲਿਆਂ ਦੀ ਘੱਟ ਵਰਤੋਂ ਕਰਨ ਵਾਲੀਆਂ ਕਾਢਾਂ ਕਾਰਨ ਵਸੀਲਿਆਂ ਦੀ ਵਰਤੋਂ ਘਟਦੀ ਨਹੀਂ ਸਗੋਂ ਵਧ ਜਾਂਦੀ ਹੈ। ਅਰਥ ਸ਼ਾਸਤਰ ਵਿਚ ਇਸ ਨਿਯਮ ਨੂੰ ਜੀਵੌਨਜ਼ ਪੈਰਾਡੌਕਸ Jevons Paradox (ਜੀਵੌਨ ਦਾ ਵਿਰੋਧਾਭਾਸ) ਵਜੋਂ ਜਾਣਿਆ ਜਾਂਦਾ ਹੈ, ਕਿਉਂਕਿ ਇਸ ਬਾਰੇ ਪਹਿਲੀ ਵਾਰ ਬਰਤਾਨਵੀ ਅਰਥਸ਼ਾਸਤਰੀ ਵਿਲੀਅਮ ਸਟੈਨਲੀ ਜੀਵੌਨ ਨੇ ਸੰਨ 1864 ਵਿਚ ਲਿਖਿਆ ਸੀ। *ਈਕੌਲੌਜੀ ਅਗੇਂਸਟ ਕੈਪੀਟਲਿਜ਼ਮ* ਵਿਚ ਦਿੱਤੇ ਇਕ ਹਵਾਲੇ ਅਨੁਸਾਰ ਜੀਵੌਨ ਨੇ ਆਪਣੀ ਕਿਤਾਬ The Coal Question: An enqury concerning the progress of the nation and probable exhaustion of our coal mines *ਦੀ ਕੋਲ ਕੁਇਸਚਨ: ਐਨ ਇਨਕੁਆਰੀ ਕਨਸਰਨਿੰਗ ਦੀ ਪ੍ਰੋਗਰੈਸ ਆਫ ਦ ਨੇਸ਼ਨ, ਐਂਡ ਦੀ ਪ੍ਰੌਬੇਬਲ ਐਗਜ਼ਾਸ਼ਨ ਆਫ ਅਵਰ ਕੋਲ ਮਾਈਨਜ਼* ਵਿਚ ਲਿਖਿਆ ਸੀ:

*"ਇਹ ਮੰਨਣਾ ਪੂਰੀ ਤਰ੍ਹਾਂ ਵਿਚਾਰਾਂ ਦਾ ਭੰਬਲਭੂਸਾ ਹੈ ਕਿ ਬਾਲਣ (fuel) ਦੀ ਕਾਰਗਰ ਢੰਗ ਨਾਲ ਵਰਤੋਂ (efficient use) ਬਾਲਣ ਦੀ ਖਪਤ ਘਟਾਉਣ ਦੇ ਬਰਾਬਰ ਹੈ। ਸਚਾਈ ਇਸ ਦੇ ਬਿਲਕੁਲ ਉਲਟ ਹੈ। ਕਈ ਹੋਰ ਸਮਾਨਅੰਤਰ ਸਥਿਤੀਆਂ ਵਿਚ ਪ੍ਰਮਾਣਤ ਸਿਧਾਂਤ ਅਨੁਸਾਰ ਆਮ ਤੌਰ ਉੱਤੇ ਆਰਥਿਕਤਾ ਦੇ ਨਵੇਂ ਢੰਗਾਂ (new modes of economy) ਕਾਰਨ ਖਪਤ ਵਿਚ ਵਾਧਾ ਹੋਵੇਗਾ। ... ਕੋਲੇ ਵਰਗੇ ਇਸ ਤਰ੍ਹਾਂ ਦੇ ਆਮ ਪਦਾਰਥ ਦੀ ਵਰਤੋਂ ਦੇ ਸੰਬੰਧ ਵਿਚ ਇਹੋ ਸਿਧਾਂਤ ਲਾਗੂ ਹੁੰਦੇ ਹਨ, ਸਗੋਂ ਹੋਰ ਵੀ ਜ਼ੋਰਦਾਰ ਢੰਗ ਅਤੇ ਵਿਲੱਖਣਤਾ ਨਾਲ। ਇਸ ਦੀ ਵਰਤੋਂ ਵਿਚ ਕਾਰਗਰਤਾ ਹੀ ਇਸ ਦੀ ਖਪਤ ਨੂੰ ਵਧਾਉਂਦੀ ਹੈ। ... ਨਾ ਹੀ ਇਹ ਦੇਖਣ ਵਿਚ ਕੋਈ ਮੁਸ਼ਕਿਲ ਆਉਂਦੀ ਹੈ ਕਿ ਇਹ ਵਿਰੋਧਾਭਾਸ ਕਿਵੇਂ ਪੈਦਾ ਹੁੰਦਾ ਹੈ। ਉਦਾਹਰਨ ਲਈ, ਜੇ ਇਕ ਬਲਾਸਟ ਫਰਨੈਸ ਵਿਚ ਉਤਪਾਦਨ ਦੇ ਮੁਕਾਬਲੇ ਕੋਲੇ ਦੀ ਵਰਤੋਂ ਘਟ ਜਾਂਦੀ ਹੈ, ਤਾਂ ਕਾਰੋਬਾਰ ਦਾ ਮੁਨਾਫਾ ਵਧ ਜਾਵੇਗਾ, ਨਵੀਂ ਪੂੰਜੀ ਇਸ ਕਾਰੋਬਾਰ ਵੱਲ ਖਿੱਚੀ ਜਾਵੇਗੀ, ਕੱਚੇ ਲੋਹੇ ਦੀ ਕੀਮਤ ਡਿਗ ਪਵੇਗੀ, ਪਰ ਇਸ ਦੀ ਮੰਗ ਵਧ ਜਾਵੇਗੀ, ਅਤੇ ਅਖੀਰ ਵਿਚ ਫਰਨੈਸਾਂ ਦੀ ਵਧੀ ਹੋਈ ਗਿਣਤੀ, ਇਕ ਫਰਨੈਸ ਵਿਚ ਕੋਲੇ ਦੀ ਘਟੀ ਹੋਈ ਖਪਤ ਦਾ ਘਾਪਾ ਪੂਰਾ ਕਰ ਦੇਵੇਗੀ। ਅਤੇ ਜੇ ਇਕ ਖੇਤਰ ਵਿਚ ਸਦਾ ਇਸ ਤਰ੍ਹਾਂ ਨਾ ਵੀ ਹੋਵੇ, ਤਾਂ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਉਤਪਾਦਨ ਦੇ ਕਿਸੇ ਵੀ ਖੇਤਰ ਵਿਚ ਹੋਇਆ ਸੁਧਾਰ ਕਈ ਹੋਰ ਖੇਤਰਾਂ ਵਿਚ ਨਵੀਂ ਸਰਗਰਮੀ ਨੂੰ ਵਧਾਉਂਦਾ ਹੈ, ਅਤੇ ਅਸਿੱਧੇ ਤੌਰ ਉੱਤੇ, ਜੇ ਸਿੱਧੇ ਤੌਰ ਉੱਤੇ ਨਾ ਵੀ ਹੋਵੇ, ਸਾਡੇ ਕੋਲੇ ਦੇ ਭੰਡਾਰਾਂ ਉੱਤੇ ਹੱਲਾ ਬੋਲਦਾ ਹੈ।"*

ਇਸ ਤੋਂ ਬਾਅਦ ਜੀਵੌਨ ਸਟੀਮ ਇੰਜਨ ਦੀ ਉਦਾਹਰਨ ਦਿੰਦਾ ਹੈ। ਉਸ ਮੁਤਾਬਕ ਹਰ ਨਵਾਂ ਸਟੀਮ ਇੰਜਨ ਪਹਿਲੇ ਇੰਜਨ ਦੇ ਮੁਕਾਬਲੇ ਕੋਲੇ ਦੀ ਘੱਟ ਖਪਤ ਕਰਦਾ ਸੀ। ਪਰ ਕੋਲੇ ਦੀ ਘੱਟ ਖਪਤ ਕਰਨ ਵਾਲੇ ਹਰ ਨਵੇਂ ਇੰਜਨ ਦੇ ਆਉਣ ਨਾਲ ਸਗੋਂ ਕੋਲੇ ਦੀ ਖਪਤ ਵਿਚ ਵਾਧਾ ਹੋਇਆ ਸੀ ਕਿਉਂਕਿ ਹਰ ਇਕ ਨਵੇਂ ਇੰਜਣ ਦੇ ਆਉਣ ਨਾਲ ਉਤਪਾਦਨ ਦਾ ਪਸਾਰ ਹੋਇਆ ਸੀ।

ਰਿਚਰਡ ਯੋਰਕ *ਹਿਊਮਨ ਈਕੌਲੌਜੀ ਰਿਵੀਊ* ਵਿਚ ਸੰਨ 2006 ਵਿਚ ਛਪੇ ਆਪਣੇ ਖੋਜ ਪੱਤਰ Ecological Paradoxes: William Stanley Jevons and the Paperless Office ਵਿਚ ਇਸ ਵਿਰੋਧਾਭਾਸ ਦੀਆਂ ਦੋ ਸਹਾਇਕ ਵਿਆਖਿਆਵਾਂ ਪੇਸ਼ ਕਰਦਾ ਹੈ। ਉਸ ਅਨੁਸਾਰ:

*"ਪਹਿਲੀ ਗੱਲ, ਕਲਾਸਕੀ ਸਮਾਜੀ ਆਰਥਿਕ ਤਰਕ ਅਨੁਸਾਰ, ਜਦੋਂ ਕੋਲੇ ਦੀ ਵਰਤੋਂ ਦੀ ਕਾਰਗਰਤਾ (efficiency) ਵਧਦੀ ਹੈ, ਤਾਂ ਪੈਦਾਵਰ ਦੀ ਇਕ ਇਕਾਈ ਮਗਰ ਆਉਂਦੀ ਕੋਲੇ ਦੀ ਲਾਗਤ ਘਟ ਜਾਂਦੀ ਹੈ। ਲਾਗਤ ਵਿਚ ਆਈ ਇਸ ਕਮੀ ਕਾਰਨ ਉਤਪਾਦਕਾਂ ਲਈ ਕੋਲਾ ਊਰਜਾ ਲਈ ਜ਼ਿਆਦਾ ਮਨਭਾਉਂਦਾ ਸ੍ਰੋਤ ਬਣ ਜਾਂਦਾ ਹੈ, ਨਤੀਜੇ ਵਜੋਂ ਉਤਪਾਦਕ ਉਨ੍ਹਾਂ ਤਕਨੌਲੌਜੀਆਂ ਉੱਤੇ ਪੈਸਾ ਲਾਉਂਦੇ ਹਨ, ਜਿਹੜੀਆਂ ਕੋਲੇ ਦੀ ਵਰਤੋਂ ਕਰਦੀਆਂ ਹਨ। ਦੂਜੀ ਗੱਲ, ਸਿਆਸੀ ਆਰਥਿਕ ਤਰਕ ਅਨੁਸਾਰ, ਉਤਪਾਦਨ ਦੇ ਪੂੰਜੀਵਾਦੀ ਢੰਗ ਵਿਚਲੀ ਮੁਨਾਫਾ ਵਧਾਉਣ ਦੀ ਹੋੜ ਉਤਪਾਦਕਾਂ ਨੂੰ ਪੈਦਾ ਕੀਤੀ ਹਰ ਇਕ ਵਸਤ ਮਗਰ ਵਸੀਲਿਆਂ ਦੀ ਖਪਤ ਘੱਟ ਕਰਕੇ ਭਾਵ ਕਾਰਗਰਤਾ ਵਿਚ ਸੁਧਾਰ ਕਰਕੇ ਲਾਗਤ ਘੱਟ ਕਰਨ ਦੇ ਨਾਲ ਨਾਲ ਆਮਦਨ ਵਧਾਉਣ ਲਈ ਵਸਤਾਂ ਅਤੇ ਸੇਵਾਵਾਂ ਦੇ ਉਤਪਾਦਨ ਅਤੇ ਵਿਕਰੀ ਨੂੰ ਵਧਾਉਣ ਲਈ ਪ੍ਰੇਰਤ ਕਰਦੀ ਹੈ, ਜਿਸ ਦਾ ਨਤੀਜਾ ਵਸੀਲਿਆਂ ਦੀ ਵੱਧ ਖਪਤ ਦੀ ਲੋੜ ਵਿਚ ਨਿਕਲਦਾ ਹੈ। ਕਲਾਸਕੀ ਆਰਥਿਕ ਵਿਆਖਿਆ ਕਾਰਗਰਤਾ ਅਤੇ ਕੁੱਲ ਉਤਪਾਦਨ ਨੂੰ ਪੈਦਾਵਰ ਦੀ ਇਕ ਇਕਾਈ ਮਗਰ ਕੋਲੇ ਦੀ ਲਾਗਤ ਰਾਹੀਂ ਨਿਸ਼ਚਤ ਰੂਪ ਵਿਚ ਜੁੜੀ ਹੋਈ ਦੇਖਦੀ ਹੈ। ਨਿਰਸੰਦੇਹ, ਦੋਵੇਂ ਅਮਲ ਸੰਭਾਵੀ ਤੌਰ ਉੱਤੇ ਸਹਾਇਕ ਹਨ ਅਤੇ ਹੋ ਸਕਦਾ ਹੈ ਕਿ ਉਹ ਇਕੱਠੇ ਕੰਮ ਕਰਨ ਜਾਂ ਵੱਖਰੇ ਇਤਿਹਾਸਕ ਪਲਾਂ ਵਿਚ ਬਦਲਵੇਂ ਰੂਪ ਵਿਚ, ਅਤੇ (ਇਨ੍ਹਾਂ ਨਾਲ) ਹੋਰ ਅਮਲ ਵੀ ਕੰਮ ਕਰਦੇ ਹੋ ਸਕਦੇ ਹਨ।"*

ਵਰਤਮਾਨ ਸਮੇਂ ਵਿਚ ਜੀਵੋਂਨ ਦੇ ਵਿਰੋਧਭਾਸ ਦੀਆਂ ਕੁੱਝ ਉਦਾਹਰਨਾਂ ਇਸ ਪ੍ਰਕਾਰ ਹਨ:

* 1970ਵਿਆਂ ਦੇ ਅੱਧ ਵਿਚ ਅਮਰੀਕਾ ਵਿਚ ਕਾਰਾਂ ਵੱਲੋਂ ਇਕ ਮੀਲ ਮਗਰ ਖਪਤ ਕੀਤੇ ਜਾਣ ਵਾਲੇ ਤੇਲ ਦੀ ਮਾਤਰਾ ਵਿਚ ਕਾਫੀ ਸੁਧਾਰ ਹੋਇਆ ਸੀ। ਪਰ ਇਸ ਨਾਲ ਅਮਰੀਕਾ ਵਿਚ ਕਾਰਾਂ ਵੱਲੋਂ ਕੀਤੀ ਜਾਂਦੀ ਤੇਲ ਦੀ ਖਪਤ ਦੀ ਕੁੱਲ ਮਾਤਰਾ ਵਿਚ ਕਮੀ ਨਹੀਂ ਆਈ, ਕਿਉਂਕਿ ਇਸ ਤੋਂ ਬਾਅਦ ਥੋੜ੍ਹੇ ਸਮੇਂ ਵਿਚ ਹੀ ਅਮਰੀਕਾ ਵਿਚ ਕੁੱਲ ਕਾਰਾਂ ਦੀ ਗਿਣਤੀ ਦੁੱਗਣੀ ਹੋ ਗਈ ਅਤੇ ਲੋਕਾਂ ਵੱਲੋਂ ਹਰ ਸਾਲ ਕਾਰ ਚਲਾਉਣ ਦੀ ਦੂਰੀ ਵਿਚ ਵਾਧਾ ਹੋ ਗਿਆ। ਰਿਚਰਡ ਯੌਰਕ ਆਪਣੇ ਉਪਰੋਕਤ ਜ਼ਿਕਰ ਕੀਤੇ ਖੋਜ ਪੱਤਰ ਵਿਚ ਲਿਖਦਾ ਹੈ ਕਿ ਸੰਨ 1984 ਅਤੇ 2001 ਵਿਚਕਾਰ ਅਮਰੀਕਾ ਵਿਚ ਹਲਕੀਆਂ ਗੱਡੀਆਂ (ਕਾਰਾਂ ਅਤੇ ਹਲਕੇ ਟਰੱਕਾਂ) ਵੱਲੋਂ ਇਕ ਮੀਲ ਜਾਂ ਇਕ ਕਿਲੋਮੀਟਰ ਮਗਰ ਤੇਲ ਖਪਤ ਕਰਨ ਦੀ ਮਾਤਰਾ ਵਿਚ ਕਾਫੀ ਸੁਧਾਰ ਹੋਇਆ ਸੀ। ਪਰ ਹਲਕੀਆਂ ਗੱਡੀਆਂ ਵੱਲੋਂ ਸਮੁੱਚੇ ਰੂਪ ਵਿਚ ਕੀਤੀ ਜਾਂਦੀ ਤੇਲ ਦੀ ਖਪਤ ਵਿਚ ਵਾਧਾ ਹੋਇਆ ਸੀ। ਇਸ ਤਰ੍ਹਾਂ ਕਿਉਂ ਹੋਇਆ? ਪਹਿਲੀ ਗੱਲ ਇਸ ਸਮੇਂ ਦੌਰਾਨ ਹਲਕੀਆਂ ਗੱਡੀਆਂ ਦੀ ਕੁੱਲ ਗਿਣਤੀ ਵਿਚ ਹਲਕੇ ਟਰੱਕਾਂ (ਐੱਸ ਯੂ ਵੀ, ਸੀ ਆਰ ਵੀ ਆਦਿ) ਦੀ ਗਿਣਤੀ 24.4% ਤੋਂ ਵਧ ਕੇ 46.6% ਹੋ ਗਈ। ਭਾਵ ਇਸ ਸਮੇਂ ਦੌਰਾਨ ਲੋਕਾਂ ਵੱਲੋਂ ਛੋਟੀਆਂ ਕਾਰਾਂ ਦੀ ਥਾਂ ਹਲਕੇ ਟਰੱਕ ਲੈਣ ਦੇ ਰੁਝਾਨ ਵਿਚ ਵਾਧਾ ਹੋਇਆ। ਇਸ ਦੇ ਨਾਲ ਹੀ ਕਾਰਾਂ ਦੇ ਡਰਾਇਵਰਾਂ ਵੱਲੋਂ ਇਕ ਸਾਲ ਵਿਚ ਗੱਡੀ ਚਲਾਉਣ ਦੀ ਦੂਰੀ 15,000 ਕਿਲੋਮੀਟਰ ਪ੍ਰਤੀ ਕਾਰ ਪ੍ਰਤੀ ਸਾਲ ਤੋਂ ਵਧ ਕੇ 19,000 ਕਿਲੋਮੀਟਰ ਪ੍ਰਤੀ ਕਾਰ ਪ੍ਰਤੀ ਸਾਲ ਹੋ ਗਈ। ਇਸ ਦੇ ਨਾਲ ਹੀ ਅਮਰੀਕਾ ਵਿਚ ਕਾਰਾਂ ਦੀ ਕੁੱਲ ਗਿਣਤੀ ਵਧ ਗਈ। ਉਦਾਹਰਨ ਲਈ 1990 ਅਤੇ 1999 ਵਿਚਕਾਰ ਅਮਰੀਕਾ ਵਿਚ ਮੋਟਰ ਗੱਡੀਆਂ ਦੀ ਗਿਣਤੀ 18.9 ਕਰੋੜ ਤੋਂ ਵਧ ਕੇ 21.7 ਕਰੋੜ ਹੋ ਗਈ। ਇਸ ਦਾ ਮਤਲਬ ਇਹ ਹੋਇਆ ਕਿ ਘੱਟ ਤੇਲ ਖਪਤ ਕਰਨ ਵਾਲੀਆਂ ਗੱਡੀਆਂ ਆਉਣ ਕਾਰਨ ਇਕ ਤਾਂ ਜ਼ਿਆਦਾ ਲੋਕ ਛੋਟੀਆਂ ਕਾਰਾਂ ਦੀ ਥਾਂ ਛੋਟੇ ਟਰੱਕ ਲੈਣ ਲੱਗ ਪਏ, ਜੋ ਕਾਰਾਂ ਦੇ ਮੁਕਾਬਲੇ ਜ਼ਿਆਦਾ ਤੇਲ ਖਾਂਦੇ ਸਨ, ਦੂਸਰਾ ਉਹ ਆਉਣ ਜਾਣ ਲਈ ਕਾਰਾਂ ਦੀ ਜ਼ਿਆਦਾ ਵਰਤੋਂ ਕਰਨ ਲੱਗ ਪਏ। ਜਿਸ ਦੇ

ਨਤੀਜੇ ਵਜੋਂ ਸਮੁੱਚੇ ਰੂਪ ਵਿਚ ਘੱਟ ਤੇਲ ਖਾਣ ਵਾਲੀਆਂ ਛੋਟੀਆਂ ਗੱਡੀਆਂ ਆਉਣ ਦੇ ਬਾਵਜੂਦ, ਅਮਰੀਕਾ ਵਿਚ ਛੋਟੀਆਂ ਗੱਡੀਆਂ ਦੇ ਫਲੀਟ ਵੱਲੋਂ ਹੋਣ ਵਾਲੀ ਤੇਲ ਦੀ ਖਪਤ ਵਧ ਗਈ।

* ਫਰਿੱਜਾਂ ਅਤੇ ਫਰੀਜਰਾਂ ਦੇ ਸੰਬੰਧ ਵਿਚ ਸਥਿਤੀ ਵੀ ਇਹੋ ਜਿਹੀ ਹੈ। ਨਿਊ ਯੌਰਕਰ ਮੈਗਜ਼ੀਨ ਵਿਚ ਸੰਨ 2010 ਵਿਚ ਛਪੇ ਡੇਵਿਡ ਓਇਨ ਦੇ ਇਕ ਆਰਟੀਕਲ The Efficiency Dilemma ਅਨੁਸਾਰ ਸੰਨ 1975-2010 ਦੇ ਸਮੇਂ ਵਿਚਕਾਰ ਫਰਿੱਜਾਂ ਅਤੇ ਫਰੀਜਰਾਂ ਵੱਲੋਂ ਕੀਤੀ ਜਾਂਦੀ ਊਰਜਾ ਦੀ ਖਪਤ ਵਿਚ ਕਾਫੀ ਵੱਡਾ ਸੁਧਾਰ ਹੋਇਆ ਹੈ। ਇਸ ਦੇ ਨਾਲ ਹੀ ਫਰਿੱਜਾਂ ਅਤੇ ਫਰੀਜਰਾਂ ਦੀ ਕੀਮਤ ਘਟੀ ਹੈ ਅਤੇ ਉਨ੍ਹਾਂ ਦੇ ਆਕਾਰ ਵਿਚ ਵਾਧਾ ਹੋਇਆ ਹੈ। ਕੀਮਤਾਂ ਘਟਣ ਕਾਰਨ ਲੋਕਾਂ ਵੱਲੋਂ ਘਰਾਂ ਵਿਚ ਫਰਿੱਜਾਂ ਅਤੇ ਫਰੀਜਰ ਰੱਖਣ ਦੀ ਗਿਣਤੀ ਵਧੀ ਹੈ। ਅਮਰੀਕਾ ਦੇ ਬਹੁਤੇ ਘਰਾਂ ਵਿਚ ਇਕ ਤੋਂ ਵੱਧ ਫਰਿੱਜ ਅਤੇ ਫਰੀਜਰ ਹਨ। ਇਸ ਦਾ ਨਤੀਜਾ ਇਹ ਹੋਇਆ ਹੈ ਕਿ ਸਮੁੱਚੇ ਰੂਪ ਵਿਚ ਅਮਰੀਕਾ ਵਿਚ ਫਰਿੱਜਾਂ ਅਤੇ ਫਰੀਜਰਾਂ ਵੱਲੋਂ ਵਰਤੀ ਜਾਂਦੀ ਊਰਜਾ ਦੀ ਮਾਤਰਾ ਵਧੀ ਹੈ ਭਾਵੇਂ ਕਿ ਇਕੱਲੇ ਇਕੱਲੇ ਫਰਿੱਜ ਜਾਂ ਫਰੀਜਰਾਂ ਵੱਲੋਂ ਕੀਤੀ ਜਾਂਦੀ ਊਰਜਾ ਦੀ ਖਪਤ ਘਟੀ ਹੈ।

* ਡੈਰਿਨ ਕੁਆਲਮੈਨ ਵੱਲੋਂ ਆਨਲਈਨ ਛਾਪੇ ਗਏ ਇਕ ਆਰਟੀਕਲ Efficieny: The Jevon's Paradox and limit to economic growth ਵਿਚ ਦੱਸਿਆ ਗਿਆ ਹੈ ਕਿ ਸੰਨ 1960 ਅਤੇ 2016 ਵਿਚਕਾਰ ਸਵਾਰੀਆਂ ਵਾਲੇ ਜੈੱਟ ਹਵਾਈ ਜਹਾਜ਼ਾਂ ਵਿਚ ਇਕ ਸੀਟ ਮਗਰ ਤੇਲ ਦੀ ਖਪਤ ਵਿਚ ਤਿੰਨ ਜਾਂ ਚਾਰ ਗੁਣਾਂ ਸੁਧਾਰ ਹੋਇਆ ਹੈ। ਨਤੀਜੇ ਵਜੋਂ ਹਵਾਈ ਜਹਾਜ਼ ਵਿਚ ਸਫਰ ਕਰਨ ਦੇ ਖਰਚੇ ਵਿਚ 60 ਫੀਸਦੀ ਦੀ ਕਮੀ ਆਈ ਹੈ। ਪਰ ਇਸ ਸਮੇਂ ਦੌਰਾਨ ਵਿਸ਼ਵ ਭਰ ਵਿਚ ਲੋਕਾਂ ਵੱਲੋਂ ਹਵਾਈ ਸਫਰ ਕਰਨ ਦੀ ਸਾਲਾਨਾ ਮਾਤਰਾ ਵਿਚ 50 ਗੁਣਾਂ (1.4 ਖਰਬ) ਮੁਸਾਫਰ ਕਿਲੋਮੀਟਰ ਪ੍ਰਤੀ ਸਾਲ ਤੋਂ (70 ਖਰਬ) ਮੁਸਾਫਰ ਕਿਲੋਮੀਟਰ ਪ੍ਰਤੀ ਸਾਲ ਦੇ ਕਰੀਬ- ਵਾਧਾ ਹੋਇਆ ਹੈ। ਹਵਾਈ ਜਹਾਜ਼ਾਂ ਵੱਲੋਂ ਕੀਤੀ ਜਾਂਦੀ ਤੇਲ ਦੀ ਖਪਤ ਵਿਚ ਤਿੰਨ ਜਾਂ ਚਾਰ ਗੁਣਾਂ ਸੁਧਾਰ ਹੋਇਆ ਹੈ, ਪਰ ਹੁਣ ਅਸੀਂ ਮੁਸਾਫਰ ਹਵਾਈ ਜਹਾਜ਼ਾਂ ਦੇ ਸਫਰ ਲਈ ਸਮੁੱਚੇ ਤੌਰ 'ਤੇ 17 ਗੁਣਾਂ ਜ਼ਿਆਦਾ ਤੇਲ ਦੀ ਖਪਤ ਕਰਦੇ ਹਾਂ। ਇੱਥੇ ਇਹ ਵੀ ਨੋਟ ਕਰ ਲੈਣਾ ਚਾਹੀਦਾ ਹੈ ਕਿ ਇਸ ਸਮੇਂ ਦੁਨੀਆ ਦੀ ਆਬਾਦੀ ਵਿਚ ਸਿਰਫ 2.4 ਗੁਣਾਂ (3 ਅਰਬ ਤੋਂ 7.4 ਅਰਬ) ਦਾ ਹੀ ਵਾਧਾ ਹੋਇਆ ਹੈ। ਇਸ ਲਈ ਹਵਾਈ ਸਫਰ ਕਰਨ ਵਿਚ ਵਧੀ ਤੇਲ ਦੀ ਖਪਤ ਲਈ ਆਬਾਦੀ ਨੂੰ ਜ਼ਿੰਮੇਵਾਰ ਨਹੀਂ ਠਹਿਰਾਇਆ ਜਾ ਸਕਦਾ। ਇਹ ਪੂੰਜੀਵਾਦੀ ਉਤਪਾਦਨ ਦੇ ਢੰਗ ਵਿਚ ਕੰਮ ਕਰਦੇ ਜੀਵੌਨ ਦੇ ਵਿਰੋਧਾਭਾਸ ਦਾ ਹੀ ਨਤੀਜਾ ਹੈ।

ਇਹ ਉਦਾਹਰਨਾਂ ਸਪਸ਼ਟ ਕਰਦੀਆਂ ਹਨ ਕਿ ਉਤਪਾਦਨ ਦੇ ਪੂੰਜੀਵਾਦੀ ਪ੍ਰਬੰਧ ਦੇ ਅੰਦਰੂਨੀ ਤਰਕ ਕਾਰਨ ਊਰਜਾ ਅਤੇ ਕੱਚੇ ਮਾਲ ਦੀ ਘੱਟ ਵਰਤੋਂ ਕਰਨ ਵਾਲੀ ਤਕਨੌਲੋਜੀ ਦੀ ਕਾਢ ਊਰਜਾ ਅਤੇ ਕੱਚੇ ਮਾਲ ਦੀ ਵਰਤੋਂ ਨੂੰ ਘਟਾਉਂਦੀ ਨਹੀਂ ਸਗੋਂ ਜਿਣਸਾਂ ਦੇ ਕੁੱਲ ਉਤਪਾਦਨ ਵਿਚ ਪਸਾਰ ਕਰਕੇ ਊਰਜਾ ਅਤੇ ਕੱਚੇ ਮਾਲ ਦੀ ਵਰਤੋਂ ਨੂੰ ਵਧਾ ਦਿੰਦੀ ਹੈ।

**ਸਰਮਾਏਦਾਰੀ ਪ੍ਰਬੰਧ ਅਧੀਨ ਖੇਤੀ ਅਤੇ 'ਮੈਟਾਬੋਲਿਕ ਰਿਫਟ'**

ਜੀਵਾਂ ਵਿਚ ਖੁਰਾਕ ਅਤੇ ਪਦਾਰਥਾਂ ਨੂੰ ਊਰਜਾ ਵਿਚ ਬਦਲਣ ਦੀ ਪ੍ਰਕਿਰਿਆ ਨੂੰ ਮੈਟਾਬੌਲਿਜ਼ਮ ਕਿਹਾ ਜਾਂਦਾ ਹੈ। ਉੱਨੀਵੀਂ ਸਦੀ ਦੇ ਦੂਜੇ ਅੱਧ ਵਿਚ ਜਰਮਨ ਕੈਮਿਸਟ ਜੁਸਟਸ ਵੋਨ ਲੀਬਿਗ ਅਤੇ ਕਾਰਲ ਮਾਰਕਸ ਨੇ ਮੈਟਾਬੌਲਿਜ਼ਮ ਦੇ ਸੰਕਲਪ ਨੂੰ ਉਸ ਸਮੇਂ ਦੇ ਇੰਗਲੈਂਡ ਵਿਚ ਸਰਮਾਏਦਾਰੀ ਪ੍ਰਬੰਧ ਅਧੀਨ ਕੀਤੀ ਜਾ ਰਹੀ ਖੇਤੀ ਉੱਤੇ ਲਾਗੂ ਕੀਤਾ ਅਤੇ ਕਿਹਾ ਕਿ ਖੇਤੀ ਦਾ ਇਹ ਪ੍ਰਬੰਧ ਇਕ "Robbery System" ਭਾਵ ਡਕੈਤੀ ਵਰਗਾ ਪ੍ਰਬੰਧ ਹੈ, ਜਿਹੜਾ ਮਿੱਟੀ ਦੀ ਉਪਜਾਊ ਸ਼ਕਤੀ ਨੂੰ ਖਤਮ ਕਰ ਰਿਹਾ ਹੈ। ਇਨ੍ਹਾਂ ਵਿਦਵਾਨਾਂ ਦੇ ਇਸ ਕਥਨ ਨੂੰ ਸਮਝਣ ਲਈ ਸਾਨੂੰ ਪੂੰਜੀਵਾਦੀ ਪ੍ਰਬੰਧ ਤੋਂ ਪਹਿਲਾਂ ਦੀ ਖੇਤੀ ਅਤੇ ਪੂੰਜੀਵਾਦੀ ਪ੍ਰਬੰਧ ਅਧੀਨ ਕੀਤੀ ਜਾਂਦੀ ਖੇਤੀ ਦੇ ਫਰਕ ਨੂੰ ਸਮਝਣ ਦੀ ਲੋੜ ਹੈ। ਬੈਰੀ ਕਾਮਨਰ 1971 ਵਿਚ ਛਪੀ ਆਪਣੀ ਕਿਤਾਬ The

Closing Circle: Nature, Man and Technology '*ਦੀ ਕਲੋਜ਼ਿੰਗ ਸਰਕਲ: ਨੇਚਰ, ਮੈਨ ਐਂਡ ਟੈਕਨੌਲੌਜੀ*' ਵਿਚ ਦੱਸਦਾ ਹੈ ਕਿ ਪੂੰਜੀਵਾਦੀ ਪ੍ਰਬੰਧ ਤੋਂ ਪਹਿਲਾਂ ਦੀ ਖੇਤੀ ਵਿਚ ਉਗਾਈਆਂ ਜਾਣ ਵਾਲੀਆਂ ਫਸਲਾਂ ਨਾਈਟਰੋਜਨ, ਫਾਸਫੋਰਸ ਅਤੇ ਪੋਟਾਸ਼ੀਅਮ ਵਰਗੇ ਤੱਤ ਮਿੱਟੀ ਵਿਚੋਂ ਲੈਂਦੀਆਂ ਸਨ। ਇਹਨਾਂ ਫਸਲਾਂ ਨੂੰ ਉਸ ਧਰਤੀ ਉੱਤੇ ਰਹਿਣ ਵਾਲੇ ਇਨਸਾਨ ਅਤੇ ਪਸ਼ੂ ਖਾਂਦੇ ਸਨ। ਇਨਸਾਨਾਂ ਅਤੇ ਪਸ਼ੂਆਂ ਦਾ ਮਲ-ਮੂਤਰ ਉਸੇ ਹੀ ਮਿੱਟੀ ਵਿਚ ਰਲ਼ ਜਾਂਦਾ ਸੀ ਜਿਸ ਰਾਹੀਂ ਮਿੱਟੀ 'ਚੋਂ ਲਏ ਗਏ ਇਹ ਤੱਤ ਵਾਪਸ ਮਿੱਟੀ ਵਿਚ ਰਲ਼ ਜਾਂਦੇ ਸਨ। ਇਸ ਤਰ੍ਹਾਂ ਇਨ੍ਹਾਂ ਤੱਤਾਂ ਦਾ ਚੱਕਰ - ਮਿੱਟੀ ਤੋਂ ਫਸਲਾਂ ਤਕ, ਫਸਲਾਂ ਤੋਂ ਇਨਸਾਨਾਂ ਤੇ ਪਸ਼ੂਆਂ ਤਕ ਅਤੇ ਇਨਸਾਨਾਂ ਤੇ ਪਸ਼ੂਆਂ ਤੋਂ ਫਿਰ ਮਿੱਟੀ ਤਕ- ਮੁਕੰਮਲ ਹੋ ਜਾਂਦਾ ਸੀ। ਯੂਰਪ ਅਤੇ ਏਸ਼ੀਆ ਵਿਚ ਇਸ ਤਰ੍ਹਾਂ ਦੀ ਖੇਤੀ ਸਦੀਆਂ ਤੋਂ ਹੁੰਦੀ ਆਈ ਸੀ। ਪਰ ਉੱਨੀਵੀਂ ਸਦੀ ਦੇ ਯੂਰਪ ਵਿਚ ਇਹ ਸਥਿਤੀ ਤਬਦੀਲ ਹੋਣੀ ਸ਼ੁਰੂ ਹੋ ਗਈ ਸੀ। ਪੂੰਜੀਵਾਦੀ ਪ੍ਰਬੰਧ ਅਧੀਨ ਵਸੋਂ ਦਾ ਸ਼ਹਿਰੀਕਰਨ ਹੋ ਰਿਹਾ ਸੀ। ਲੋਕ ਪੇਂਡੂ ਇਲਾਕਿਆਂ ਤੋਂ ਸ਼ਹਿਰਾਂ ਵਿਚ ਆ ਕੇ ਸਨਅਤੀ ਮਜ਼ਦੂਰ ਬਣ ਗਏ ਸਨ। ਪੇਂਡੂ ਖੇਤਰਾਂ ਵਿਚ ਉੱਗੀਆਂ ਫਸਲਾਂ ਦੀ ਖਪਤ ਸ਼ਹਿਰੀ ਵਸੋਂ ਵੱਲੋਂ ਹੋ ਰਹੀ ਸੀ। ਕਈ ਕੇਸਾਂ ਵਿਚ ਇਕ ਦੇਸ਼ ਦੇ ਪੇਂਡੂ ਖੇਤਰਾਂ ਵਿਚ ਉੱਗੀਆਂ ਫਸਲਾਂ ਦੀ ਖਪਤ ਦੂਜੇ ਦੇਸ਼ਾਂ ਦੇ ਸ਼ਹਿਰਾਂ ਵਿਚ ਹੁੰਦੀ ਸੀ। ਨਤੀਜੇ ਵਜੋਂ ਇਹਨਾਂ ਫਸਲਾਂ ਰਾਹੀਂ ਮਿੱਟੀ ਦੇ ਉਪਜਾਊ ਤੱਤ ਆਪਣੇ ਅਸਲੀ ਥਾਂ ਤੋਂ ਸੈਂਕੜੇ ਅਤੇ ਕਈ ਕੇਸਾਂ ਵਿਚ ਹਜ਼ਾਰਾਂ ਮੀਲ ਦੂਰ ਤਕ ਪਹੁੰਚ ਰਹੇ ਸਨ। ਪਰ ਸ਼ਹਿਰੀ ਵਸੋਂ ਦਾ ਮਲ-ਮੂਤਰ ਉਨ੍ਹਾਂ ਖੇਤਾਂ ਵਿਚ ਪੈਣ ਦੀ ਥਾਂ, ਜਿੱਥੇ ਇਹ ਫਸਲਾਂ ਉਗਾਈਆਂ ਗਈਆਂ ਸਨ, ਦੁਰੇਡੇ ਸ਼ਹਿਰਾਂ ਦੇ ਸੀਵਰੇਜ ਦੇ ਨਾਲਿਆਂ ਵਿਚ ਜਾ ਰਿਹਾ ਸੀ। ਇਸ ਦਾ ਅਰਥ ਸੀ ਕਿ ਮਿੱਟੀ ਦੇ ਉਪਜਾਊ ਤੱਤਾਂ ਦੇ ਚੱਕਰ ਦਾ ਉਪਰੋਕਤ ਸਿਲਸਿਲਾ - ਮਿੱਟੀ ਤੋਂ ਫਸਲਾਂ ਤਕ, ਫਸਲਾਂ ਤੋਂ ਇਨਸਾਨਾਂ ਤੇ ਪਸ਼ੂਆਂ ਤਕ ਅਤੇ ਇਨਸਾਨਾਂ ਤੇ ਪਸ਼ੂਆਂ ਤੋਂ ਦੁਬਾਰਾ ਮਿੱਟੀ ਤਕ - ਟੁੱਟ ਗਿਆ ਸੀ।

ਜਿਵੇਂ ਉਪਰ ਕਿਹਾ ਗਿਆ ਹੈ ਕਿ ਜਰਮਨ ਕੈਮਿਸਟ ਜੁਸਟਸ ਵੋਨ ਲੀਬਿਗ ਨੇ ਇਸ ਤਰ੍ਹਾਂ ਦੇ ਖੇਤੀ ਪ੍ਰਬੰਧ ਦੀ "ਇਕ ਡਕੈਤੀ ਪ੍ਰਬੰਧ" ਨਾਲ ਤੁਲਨਾ ਕੀਤੀ ਸੀ। *ਦੀ ਈਕੌਲੌਜੀਕਲ ਰੈਵੂਲੂਸ਼ਨ* ਵਿਚ ਫੌਸਟਰ ਦੱਸਦਾ ਹੈ ਕਿ ਲੀਬਿਗ ਦੀ ਸੋਚ ਸੀ ਕਿ ਇਸ ਖੇਤੀ ਪ੍ਰਬੰਧ ਅਧੀਨ "ਖਾਣੇ ਅਤੇ ਰੇਸ਼ੇ (fibre) ਨੂੰ ਪੇਂਡੂ ਖੇਤਰਾਂ ਤੋਂ ਦੂਰ ਦੇ ਸ਼ਹਿਰਾਂ ਤਕ ਲਿਜਾਇਆ ਜਾਂਦਾ ਹੈ- ਅਤੇ ਇਸ ਵਿਚ ਨਾਈਟ੍ਰੋਜਨ, ਫਾਸਫੋਰਸ ਅਤੇ ਪੋਟਾਸ਼ੀਅਮ ਵਰਗੇ ਪੋਸ਼ਟਕ ਤੱਤਾਂ ਦੇ ਦੁਬਾਰਾ ਮਿੱਟੀ ਵਿਚ ਰਲਣ ਦਾ ਕੋਈ ਸਾਧਨ ਨਹੀਂ ਹੁੰਦਾ। (ਇਸ ਕਰਕੇ) ਇਹ ਮਨੁੱਖਾਂ ਅਤੇ ਪਸ਼ੂਆਂ ਦੇ ਮਲ-ਮੂਤਰ ਦੇ ਰੂਪ ਵਿਚ ਸ਼ਹਿਰੀ ਪ੍ਰਦੂਸ਼ਨ ਪੈਦਾ ਕਰਨ ਵਿਚ ਯੋਗਦਾਨ ਪਾਉਂਦੇ ਹਨ। ਇਸ ਤਰ੍ਹਾਂ ਸਾਰੇ ਪੇਂਡੂ ਖੇਤਰਾਂ ਤੋਂ ਉਨ੍ਹਾਂ ਦੀ ਮਿੱਟੀ ਦੇ ਉਪਜਾਊ ਤੱਤ ਲੁੱਟ ਲਏ ਜਾਂਦੇ ਹਨ।"

ਕਾਰਲ ਮਾਰਕਸ ਲੀਬਿਗ ਦੀਆਂ ਲਿਖਤਾਂ ਨੂੰ ਧਿਆਨ ਨਾਲ ਪੜ੍ਹਦਾ ਸੀ। ਉਸ ਦੇ ਵਿਚਾਰਾਂ ਨੂੰ ਆਧਾਰ ਬਣਾ ਕੇ ਮਾਰਕਸ ਨੇ ਪੂੰਜੀਵਾਦੀ ਪ੍ਰਬੰਧ ਹੇਠਲੇ ਖੇਤੀ ਪ੍ਰਬੰਧ ਕਾਰਨ ਮਿੱਟੀ ਦੇ ਤੱਤਾਂ ਦੇ ਚੱਕਰ ਵਿਚ ਪਏ ਵਿਘਨ ਨੂੰ Metabolic Rift (ਮਨੁੱਖਾਂ ਅਤੇ ਕੁਦਰਤ ਵਿਚਕਾਰ ਆਦਾਨ ਪ੍ਰਦਾਨ ਦੇ ਚੱਕਰ ਵਿਚ ਰੁਕਾਵਟ) ਦਾ ਨਾਂ ਦਿੱਤਾ। *ਦੀ ਈਕੌਲੌਜੀਕਲ ਰੈਵੂਲੂਸ਼ਨ* ਵਿਚ ਦਿੱਤੇ ਇਕ ਹਵਾਲੇ ਮੁਤਾਬਕ ਪੂੰਜੀਵਾਦੀ ਪ੍ਰਬੰਧ ਹੇਠਲੇ ਖੇਤੀ ਪ੍ਰਬੰਧ ਬਾਰੇ ਮਾਰਕਸ ਨੇ ਇਹ ਟਿੱਪਣੀ ਕੀਤੀ ਸੀ:

*"ਪੂੰਜੀਵਾਦੀ ਉਤਪਾਦਨ ਵਸੋਂ ਨੂੰ ਮਹਾਂ-ਕੇਂਦਰਾਂ ਵਿਚ ਇਕੱਠੇ ਕਰਦਾ ਹੈ, ਅਤੇ ਸ਼ਹਿਰੀ ਵਸੋਂ ਦੀ ਲਗਾਤਾਰ ਮਹੱਤਤਾ ਵਧਾਉਣ ਦਾ ਕਾਰਨ ਬਣਦਾ ਹੈ। ਇਸ ਦੇ ਦੋ ਨਤੀਜੇ ਹੁੰਦੇ ਹਨ। ਇਕ ਪਾਸੇ ਇਹ ਸਮਾਜ ਦੀ ਇਤਿਹਾਸਕ ਚਾਲਕ ਸ਼ਕਤੀ ਨੂੰ ਕੇਂਦਰਤ ਕਰਦਾ ਹੈ; ਅਤੇ ਦੂਜੇ ਪਾਸੇ ਇਹ ਮਨੁੱਖ ਅਤੇ ਕੁਦਰਤ ਵਿਚਕਾਰ ਤੱਤਾਂ ਦੇ ਆਦਾਨ ਪ੍ਰਦਾਨ (Metabolic Interaction) ਵਿਚ ਵਿਘਨ ਪਾਉਂਦਾ ਹੈ, ਭਾਵ ਇਹ ਮਨੁੱਖ ਵੱਲੋਂ ਖਾਣੇ ਅਤੇ ਕਪੜਿਆਂ ਦੇ ਰੂਪ ਵਿਚ ਖਪਤ ਕੀਤੇ ਮਿੱਟੀ ਦੇ ਤੱਤਾਂ ਨੂੰ ਮਿੱਟੀ ਵਿਚ ਦੁਬਾਰਾ ਪਰਤਣ ਤੋਂ ਰੋਕਦਾ ਹੈ, ਇਸ ਕਰਕੇ ਇਹ ਲੰਮੇ ਸਮੇਂ ਤਕ ਰਹਿਣ ਵਾਲੀ ਮਿੱਟੀ ਦੀ ਉਪਜਾਊ*

*ਸ਼ਕਤੀ ਦੀ ਸਦੀਵੀ ਕੁਦਰਤੀ ਸਥਿਤੀ ਦੇ ਕਾਰਜ ਵਿਚ ਰੁਕਾਵਟ ਬਣਦਾ ਹੈ... ਪੂੰਜੀਵਾਦੀ ਪ੍ਰਬੰਧ ਹੇਠਲੀ ਖੇਤੀ ਵਿਚ ਸਾਰੀ ਤਰੱਕੀ, ਇਕੱਲੇ ਮਜ਼ਦੂਰ ਦੀ ਲੁੱਟ ਦੀ ਕਲਾ ਵਿਚ ਕੀਤੀ ਤਰੱਕੀ ਹੀ ਨਹੀਂ ਸਗੋਂ ਮਿੱਟੀ ਦੀ ਲੁੱਟ ਦੀ ਕਲਾ ਵਿਚ ਕੀਤੀ ਤਰੱਕੀ ਵੀ ਹੈ; ਥੋੜ੍ਹੇ ਸਮੇਂ ਲਈ ਮਿੱਟੀ ਦੀ ਉਪਜਾਊ ਸ਼ਕਤੀ ਵਧਾਉਣ ਵਿਚਲੀ ਸਾਰੀ ਤਰੱਕੀ ਉਸ ਉਪਜਾਊ ਸ਼ਕਤੀ ਦੇ ਲੰਮੇ ਸਮੇਂ ਤਕ ਰਹਿਣ ਵਾਲੇ ਸ੍ਰੋਤ ਦੀ ਬਰਬਾਦੀ ਕਰਨ ਦੀ ਤਰੱਕੀ ਹੈ... ਇਸ ਕਰਕੇ ਪੂੰਜੀਵਾਦੀ ਉਤਪਾਦਨ, ਤਕਨੀਕਾਂ ਅਤੇ ਉਤਪਾਦਨ ਦੇ ਸਮਾਜਕ ਅਮਲ ਵਿਚ ਵਿਕਾਸ ਕਰਨ ਦੇ ਨਾਲ ਨਾਲ ਸਮੁੱਚੀ ਦੌਲਤ ਦੇ ਮੂਲ ਸ੍ਰੋਤਾਂ-ਮਿੱਟੀ ਅਤੇ ਮਜ਼ਦੂਰ-ਨੂੰ ਨਸ਼ਟ ਵੀ ਕਰਦਾ ਹੈ।"*

ਪੇਂਡੂ ਖੇਤਰਾਂ ਤੋਂ ਸ਼ਹਿਰਾਂ ਵਿਚ ਪਹੁੰਚ ਸੀਵਰੇਜ ਦੇ ਨਾਲਿਆਂ ਵਿਚ ਪੁੱਜਣ ਵਾਲੇ ਉਪਜਾਊ ਤੱਤਾਂ ਦਾ ਇਹ ਕਾਰਜ ਮਿੱਟੀ ਦੀ ਉਪਜਾਊ ਸ਼ਕਤੀ ਨੂੰ ਨਸ਼ਟ ਕਰਨ ਵਿਚ ਹੀ ਭੂਮਿਕਾ ਨਹੀਂ ਨਿਭਾ ਰਿਹਾ ਸੀ, ਸਗੋਂ ਇਹ ਸ਼ਹਿਰਾਂ ਵਿਚ ਪ੍ਰਦੂਸ਼ਨ ਦੀ ਸਮੱਸਿਆ ਵੀ ਪੈਦਾ ਕਰ ਰਿਹਾ ਸੀ। ਇਸ ਵਰਤਾਰੇ ਦਾ ਨੋਟਿਸ ਲੈਂਦਿਆਂ, ਲੰਡਨ ਨੂੰ ਉਦਾਹਰਨ ਬਣਾ ਕੇ ਕਾਰਲ ਮਾਰਕਸ ਨੇ ਲਿਖਿਆ ਸੀ, "ਉਹ ਲੰਡਨ ਵਿਚ 45 ਲੱਖ ਲੋਕਾਂ ਦੇ ਮਲ ਮੂਤਰ ਨਾਲ ਥੇਮਜ਼ ਦਰਿਆਂ ਨੂੰ ਗੰਦਾ ਕਰਨ ਤੋਂ ਬਿਨਾਂ ਕੋਈ ਹੋਰ ਬਿਹਤਰ ਕੰਮ ਨਹੀਂ ਕਰ ਸਕੇ।"

ਪੂੰਜੀਵਾਦੀ ਪ੍ਰਬੰਧ ਹੇਠਲੇ ਖੇਤੀ ਦੇ ਪ੍ਰਬੰਧ ਕਾਰਨ ਮਨੁੱਖ ਅਤੇ ਕੁਦਰਤ ਵਿਚਕਾਰ ਉਪਜਾਊ ਤੱਤਾਂ ਦੇ ਆਦਾਨ ਪ੍ਰਦਾਨ ਵਿਚ ਪਏ ਇਸ ਵਿਘਨ ਨੇ ਉੱਨੀਵੀਂ ਸਦੀ ਦੇ ਯੂਰਪ ਵਿਚ ਖੇਤੀ ਵਾਲੀ ਜ਼ਮੀਨ ਦੇ ਤੱਤਾਂ ਦੇ ਨਾਸ਼ ਦੇ ਸੰਬੰਧ ਵਿਚ ਇਕ ਵੱਡਾ ਸੰਕਟ ਖੜ੍ਹਾ ਕਰ ਦਿੱਤਾ ਸੀ। ਅਸਲ ਵਿਚ ਇਹ ਸਥਿਤੀ ਇਕੱਲੇ ਯੂਰਪ ਤਕ ਹੀ ਸੀਮਤ ਨਹੀਂ ਸੀ, ਅਮਰੀਕਾ ਦੀ ਖੇਤੀ ਵਾਲੀ ਜ਼ਮੀਨ ਦੀ ਵੀ ਇਹ ਹੀ ਹਾਲਤ ਸੀ। *ਦੀ ਈਕੋਲੌਜੀਕਲ ਰੈਵੂਲੂਸ਼ਨ* ਵਿਚ ਦਿੱਤੀ ਜਾਣਕਾਰੀ ਅਨੁਸਾਰ ਸੰਨ 1840ਵਿਆਂ-1850ਵਿਆਂ ਦੌਰਾਨ ਅਮਰੀਕਾ ਦੇ ਅਰਥ ਸ਼ਾਸਤਰੀ ਹੈਨਰੀ ਕੇਰੀ ਨੇ ਅਮਰੀਕਾ ਵਿਚ ਖੇਤੀ ਵਾਲੀ ਜ਼ਮੀਨ ਦੇ ਤੱਤਾਂ ਦੇ ਨਸ਼ਟ ਹੋਣ ਦੇ ਸੰਕਟ ਦੀ ਗੱਲ ਕਰਦਿਆਂ ਲਿਖਿਆ ਕਿ ਇਸ ਦਾ ਮੁੱਖ ਕਾਰਨ ਖੇਤੀ ਦੀ ਉਪਜ ਦਾ ਦੁਰੇਡੀਆਂ ਥਾਂਵਾਂ 'ਤੇ ਵੇਚਿਆ ਜਾਣਾ, ਸ਼ਹਿਰ ਅਤੇ ਪੇਂਡੂ ਖੇਤਰਾਂ ਦੀ ਅਲਹਿਦਗੀ, ਅਤੇ ਖੇਤੀ ਦੀਆਂ ਉਪਜਾਂ ਦੇ ਉਤਪਾਦਕਾਂ ਅਤੇ ਖਪਤਕਾਰਾਂ ਵਿਚਲੀ ਦੂਰੀ ਹੈ। ਇਸ ਦੇ ਨਾਲ ਹੀ ਕੇਰੀ ਨੇ ਕਿਹਾ "ਜਦੋਂ ਸਾਰੇ ਦੇਸ਼ ਦੀਆਂ ਸ਼ਕਤੀਆਂ ਵਪਾਰੀ ਦੀ ਤਾਕਤ ਨੂੰ ਵਧਾਉਣ ਲਈ ਲੱਗੀਆਂ ਹੋਈਆਂ ਹਨ, ਤਾਂ ਇਸ ਤੋਂ ਹੈਰਾਨ ਹੋਣ ਦੀ ਲੋੜ ਨਹੀਂ ਕਿ ਹਰ ਜਗ੍ਹਾ ਉੱਤੇ ਲੋਕ ਜ਼ਮੀਨ ਦੇ ਮੂਲਧਨ ਨੂੰ ਲੁੱਟਣ ਉੱਤੇ ਲੱਗੇ ਹੋਏ ਹਨ।" ਅਮਰੀਕਾ ਦੀ ਸਥਿਤੀ ਉੱਤੇ ਟਿੱਪਣੀ ਕਰਦਿਆਂ ਲੀਬਿਗ ਨੇ 1859 ਵਿਚ ਛਪੀ ਆਪਣੀ ਕਿਤਾਬ *ਲੈਟਰਜ਼ ਆਨ ਮਾਡਰਨ ਐਗਰੀਕਲਚਰ* ਵਿਚ ਲਿਖਿਆ, "ਸੰਯੁਕਤ ਰਾਜ ਅਮਰੀਕਾ ਵਿਚ ਮੱਕੀ ਉਗਾਉਣ ਵਾਲੀਆਂ ਥਾਂਵਾਂ ਅਤੇ ਮੰਡੀਆਂ ਵਿਚਕਾਰ ਸੈਂਕੜੇ ਅਤੇ ਹਜ਼ਾਰਾਂ ਮੀਲਾਂ ਦਾ ਫਾਸਲਾ ਹੈ; ਇਸ ਦਾ ਨਤੀਜਾ ਇਹ ਹੈ ਕਿ ਤਕਰੀਬਨ ਤਕਰੀਬਨ ਜ਼ਮੀਨ ਹਰ ਥਾਂ 'ਤੇ ਨਸ਼ਟ ਹੋ ਚੁੱਕੀ ਹੈ, ਅਤੇ ਪੇਂਡੂ ਖੇਤਰਾਂ ਦੀ ਖੁਸ਼ਹਾਲੀ ਵਧਣ ਦੀ ਥਾਂ ਘਟ ਰਹੀ ਹੈ।"

ਇਹ ਸੰਕਟ ਕਿੱਡਾ ਕੁ ਵੱਡਾ ਸੀ? ਇਸ ਦੀ ਜਾਣਕਾਰੀ ਯੂਰਪੀਅਨ ਦੇਸ਼ਾਂ ਅਤੇ ਅਮਰੀਕਾ ਵੱਲੋਂ ਇਸ ਸੰਕਟ ਦਾ ਹੱਲ ਲੱਭਣ ਲਈ ਚੁੱਕੇ ਕਦਮਾਂ ਤੋਂ ਮਿਲ ਸਕਦੀ ਹੈ। *ਦੀ ਈਕੋਲੌਜਕਲ ਰੈਵੂਲੂਸ਼ਨ* ਅਤੇ *ਈਕੋਲੌਜੀ ਅਗੇਂਸਟ ਕੈਪੀਟਲਿਜ਼ਮ* ਵਿਚ ਦਿੱਤੀ ਜਾਣਕਾਰੀ ਅਨੁਸਾਰ ਸਭ ਤੋਂ ਪਹਿਲਾਂ ਤਾਂ ਮਿੱਟੀ ਦੀ ਉਪਜਾਊ ਸ਼ਕਤੀ ਵਧਾਉਣ ਲਈ ਯੂਰਪੀ ਦੇਸ਼ਾਂ ਨੇ ਨੈਪੋਲੀਅਨ ਦੀਆਂ ਜੰਗਾਂ ਦੇ ਮੈਦਾਨਾਂ (ਵਾਟਰਲੂ ਅਤੇ ਔਸਟਰਲਿਟਜ਼) ਦੀਆਂ ਕਬਰਾਂ ਤੋਂ ਹੱਡੀਆਂ ਲਿਆ ਕੇ ਆਪਣੇ ਖੇਤਾਂ ਵਿਚ ਪਾਉਣ ਦਾ ਕਦਮ ਚੁੱਕਿਆ। ਉਦਾਹਰਨ ਲਈ ਸੰਨ 1823 ਵਿਚ ਬਰਤਾਨੀਆ ਨੇ 14 ਹਜ਼ਾਰ 400 ਪੌਂਡ ਦੀ ਕੀਮਤ ਦੇ ਬਰਾਬਰ ਦੀਆਂ ਹੱਡੀਆਂ ਦਰਾਮਦ ਕੀਤੀਆਂ। ਪਰ 1837 ਵਿਚ ਬਰਤਾਨੀਆ ਵੱਲੋਂ ਦਰਾਮਦ ਕੀਤੀਆਂ ਜਾਣ ਵਾਲੀਆਂ ਹੱਡੀਆਂ ਦੀ ਕੀਮਤ 2 ਲੱਖ 54 ਹਜ਼ਾਰ 600 ਪੌਂਡ ਤਕ ਪਹੁੰਚ ਗਈ। ਇਸ ਦਾ ਮਤਲਬ ਹੈ ਕਿ 14 ਸਾਲਾਂ ਵਿਚ 18 ਗੁਣਾਂ ਵੱਧ

ਕੀਮਤ ਦੀਆਂ ਹੱਡੀਆਂ ਦਰਾਮਦ ਕੀਤੀਆਂ ਗਈਆਂ। ਇਸ ਦੇ ਨਾਲ ਹੀ ਯੂਰਪੀਨ ਦੇਸ਼ਾਂ ਨੇ ਪੀਰੂ ਦੇ ਸਮੁੰਦਰੀ ਟਾਪੂਆਂ ਤੋਂ ਵਡੀ ਮਾਤਰਾ ਵਿੱਚ ਗਵਾਨੋ (ਸਮੁੰਦਰੀ ਪੰਛੀਆਂ ਦੀਆਂ ਬਿੱਠਾਂ) ਨੂੰ ਦਰਾਮਦ ਕਰਨ ਦਾ ਕੰਮ ਸ਼ੁਰੂ ਕਰ ਦਿੱਤਾ। ਸਮੁੰਦਰੀ ਪੰਛੀਆਂ ਦੀਆਂ ਬਿੱਠਾਂ ਵਿਚ ਨਾਈਟ੍ਰੋਜਨ ਅਤੇ ਫਾਸਫੋਰਸ ਵੱਡੀ ਮਾਤਰਾ ਵਿਚ ਪਾਈਆਂ ਜਾਂਦੀਆਂ ਸਨ। ਪੀਰੂ ਤੋਂ ਬਰਤਾਨੀਆ ਨੂੰ ਇਹ ਬਿੱਠਾਂ ਲੈ ਕੇ ਆਉਣ ਵਾਲਾ ਪਹਿਲਾ ਜਹਾਜ਼ ਸੰਨ 1835 ਵਿਚ ਲਿਵਰਪੂਲ ਪਹੁੰਚਿਆ। ਸੰਨ 1841 ਤਕ ਬਰਤਾਨੀਆ ਵੱਲੋਂ ਪੀਰੂ ਤੋਂ 1700 ਟਨ ਇਹ ਬਿੱਠਾਂ ਦਰਾਮਦ ਕੀਤੀਆਂ ਗਈਆਂ। ਪਰ ਸੰਨ 1847 ਵਿਚ ਇਨ੍ਹਾਂ ਬਿੱਠਾਂ ਦੇ ਦਰਾਮਦ ਦੀ ਮਾਤਰਾ 2 ਲੱਖ 20 ਹਜ਼ਾਰ ਟਨ ਉੱਤੇ ਪਹੁੰਚ ਗਈ। ਪੀਰੂ ਦੇ ਟਾਪੂਆਂ ਤੋਂ ਸਮੁੰਦਰੀ ਬਿੱਠਾਂ ਦੀ ਦਰਾਮਦ ਇਕੱਲੇ ਬਰਤਾਨੀਆ ਵੱਲੋਂ ਹੀ ਨਹੀਂ ਕੀਤੀ ਗਈ ਸਗੋਂ ਯੂਰਪ ਦੇ ਬਹੁਤ ਸਾਰੇ ਦੇਸ਼ ਅਤੇ ਅਮਰੀਕਾ ਵੀ ਆਪਣੀ ਖੇਤੀ ਦੀ ਜ਼ਮੀਨ ਦੀ ਉਪਜਾਊ-ਸ਼ਕਤੀ ਨੂੰ ਕਾਇਮ ਰੱਖਣ ਲਈ ਵੱਡੀ ਮਾਤਰਾ ਵਿਚ ਇਹ ਬਿੱਠਾਂ ਦਰਾਮਦ ਕਰ ਰਹੇ ਸਨ। ਸੰਨ 1850 ਵਿਚ ਇਕ ਬਰਤਾਨਵੀ ਅਫਸਰ ਨੇ ਰਿਪੋਰਟ ਕੀਤਾ ਕਿ ਉਸ ਨੇ ਪੀਰੂ ਦੇ ਇਕ ਟਾਪੂ ਤੋਂ ਇਕੋ ਸਮੇਂ ਹੇਠਲੇ ਦੇਸ਼ਾਂ ਦੇ ਕਈ ਸਮੁੰਦਰੀ ਜਹਾਜ਼ਾਂ ਨੂੰ ਬਿੱਠਾਂ ਲੱਦਦੇ ਦੇਖਿਆ ਸੀ। ਉਸ ਵੱਲੋਂ ਦੇਖੇ ਸਮੁੰਦਰੀ ਜਹਾਜ਼ਾਂ ਦੀ ਗਿਣਤੀ ਇਸ ਪ੍ਰਕਾਰ ਸੀ: ਅਮਰੀਕਾ ਦੇ 44, ਬਰਤਾਨੀਆ ਦੇ 40, ਫਰਾਂਸ ਦੇ 5, ਹਾਲੈਂਡ ਦੇ 2, ਇਟਲੀ, ਬੈਲਜੀਅਮ, ਨੌਰਵੇ, ਸਵੀਡਨ, ਰੂਸ ਅਤੇ ਅਰਮੀਨੀਆ ਦਾ ਇਕ ਇਕ ਅਤੇ ਪੀਰੂ ਦੇ 3 ਸਮੁੰਦਰੀ ਜਹਾਜ਼। ਪੀਰੂ ਦੇ ਸਮੁੰਦਰੀ ਟਾਪੂਆਂ ਤੋਂ ਸਮੁੰਦਰੀ ਪੰਛੀਆਂ ਦੀਆਂ ਬਿੱਠਾਂ ਦੀ ਸਪਲਾਈ ਉੱਤੇ ਬਰਤਾਨੀਆ ਦਾ ਕੰਟਰੋਲ ਹੋਣ ਕਾਰਨ ਅਮਰੀਕਾ ਨੂੰ ਇਹ ਬਿੱਠਾਂ ਉਨੀ ਮਾਤਰਾ ਵਿਚ ਨਹੀਂ ਮਿਲ ਰਹੀਆਂ ਸਨ, ਜਿੰਨੀ ਮਾਤਰਾ ਅਮਰੀਕਾ ਨੂੰ ਚਾਹੀਦੀ ਸੀ। ਇਸ ਲਈ ਅਮਰੀਕਾ ਨੇ ਸਮੁੰਦਰ ਵਿਚਲੇ ਉਨ੍ਹਾਂ ਟਾਪੂਆਂ ਉੱਤੇ ਕਬਜ਼ਾ ਕਰਨ ਲਈ ਆਪਣੇ ਜਹਾਜ਼ ਭੇਜਣੇ ਸ਼ੁਰੂ ਕਰ ਦਿੱਤੇ, ਜਿਨ੍ਹਾਂ ਟਾਪੂਆਂ ਉੱਤੇ ਇਨ੍ਹਾਂ ਬਿੱਠਾਂ ਦੇ ਭੰਡਾਰ ਸਨ। ਸੰਨ 1856 ਵਿਚ ਅਮਰੀਕਾ ਦੀ ਕਾਂਗਰਸ ਨੇ *ਗਵਾਨੋ ਆਈਲੈਂਡਜ਼ ਐਕਟ* ਨਾਂ ਦਾ ਇਕ ਕਾਨੂੰਨ ਪਾਸ ਕੀਤਾ। ਇਸ ਕਾਨੂੰਨ ਅਧੀਨ ਅਮਰੀਕਾ ਨੇ ਸੰਨ 1856 ਅਤੇ 1903 ਵਿਚਕਾਰ 94 ਟਾਪੂਆਂ 'ਤੇ ਕਬਜ਼ਾ ਕਰ ਲਿਆ ਜਿਹਨਾਂ ਵਿਚੋਂ ਛੇ ਅੱਜ ਵੀ ਅਮਰੀਕਾ ਦੇ ਕਬਜ਼ੇ ਹੇਠ ਹਨ।

ਸੰਨ 1860ਵਿਆਂ ਵਿਚ ਪੀਰੂ ਦੇ ਸਮੁੰਦਰੀ ਪੰਛੀਆਂ ਦੀਆਂ ਬਿੱਠਾਂ *(ਗਵਾਨੋ)* ਦੇ ਭੰਡਾਰ ਖਤਮ ਹੋਣ ਨੇੜੇ ਪਹੁੰਚ ਗਏ। ਪਰ ਉਸ ਤੋਂ ਪਹਿਲਾਂ 1853 ਵਿਚ ਪੀਰੂ ਦੇ ਮਾਰੂਥਲੀ ਸੂਬੇ ਟੈਰੈਪੈਕਾ ਦੀ ਧਰਤੀ ਵਿਚੋਂ ਕਾਰਗਰ ਢੰਗ ਨਾਲ ਨਾਈਟ੍ਰੇਟ ਕੱਢਣ ਦਾ ਢੰਗ ਲੱਭ ਲਿਆ ਗਿਆ ਸੀ। ਇਸੇ ਹੀ ਸਮੇਂ ਇਸ ਇਲਾਕੇ ਦੇ ਨਾਲ ਲਗਦੇ ਬੋਲੀਵੀਆ ਦੇ ਸੂਬੇ ਆਟਾਕਾਹਮਾ ਵਿਚ ਵੀ ਕਾਫੀ ਮਾਤਰਾ ਵਿਚ ਨਾਈਟ੍ਰੇਟ ਹੋਣ ਬਾਰੇ ਪਤਾ ਲੱਗਾ ਸੀ। ਸਮੁੰਦਰੀ ਪੰਛੀਆਂ ਦੀਆਂ ਬਿੱਠਾਂ ਦੇ ਭੰਡਾਰਾਂ ਦੇ ਖਤਮ ਹੋਣ ਨੇੜੇ ਪਹੁੰਚਣ ਕਾਰਨ ਧਰਤੀ ਵਿਚੋਂ ਲੱਭਣ ਵਾਲੇ ਇਸ ਨਾਈਟ੍ਰੇਟ ਦੀ ਮਹੱਤਤਾ ਕਾਫੀ ਵਧ ਗਈ। 1875 ਤਕ ਪੀਰੂ ਦੀਆਂ ਨਾਈਟ੍ਰੇਟ ਦੀਆਂ ਖਾਣਾਂ ਵਿਚ ਬਰਤਾਨੀਆ ਦਾ ਪੂੰਜੀ ਨਿਵੇਸ਼ 10 ਲੱਖ ਪੌਂਡ ਤਕ ਪਹੁੰਚ ਗਿਆ। ਬੇਸ਼ੱਕ ਸਮੁੰਦਰੀ ਪੰਛੀਆਂ ਦੀਆਂ ਬਿੱਠਾਂ ਅਤੇ ਨਾਈਟ੍ਰੇਟ ਕਾਰਨ ਪੀਰੂ ਦਾ ਉਤਲਾ ਵਰਗ ਅਮੀਰ ਹੋ ਗਿਆ, ਪਰ ਇਕ ਦੇਸ਼ ਵਜੋਂ ਪੀਰੂ ਬਰਤਾਨੀਆ ਦੇ ਪੂੰਜੀਪਤੀਆਂ ਦਾ ਕਰਜ਼ਈ ਹੋ ਗਿਆ। ਨਤੀਜੇ ਵਜੋਂ ਸੰਨ 1875 ਵਿਚ ਪੀਰੂ ਦੀ ਸਰਕਾਰ ਨੇ ਇਸ ਕਰਜ਼ੇ ਦੇ ਸ਼ਿਕੰਜੇ ਵਿਚੋਂ ਬਾਹਰ ਨਿਕਲਣ ਲਈ ਆਪਣੇ ਨਾਈਟ੍ਰੇਟ ਦੇ ਖੇਤਰਾਂ ਉੱਤੇ ਆਪਣੀ ਅਜਾਰੇਦਾਰੀ ਦਾ ਐਲਾਨ ਕਰ ਦਿੱਤਾ ਅਤੇ ਪ੍ਰਾਈਵੇਟ ਪੂੰਜੀ ਨਿਵੇਸ਼ਕਾਂ (ਜਿਨ੍ਹਾਂ ਵਿਚੋਂ ਬਹੁਤੇ ਬਰਤਾਨਵੀ ਸਨ) ਦੀਆਂ ਜਾਇਦਾਦਾਂ ਉੱਤੇ ਕਬਜ਼ਾ ਕਰ ਲਿਆ। ਇਸ ਦੇ ਨਾਲ ਹੀ ਸਰਕਾਰ ਨੇ ਸਮੁੰਦਰੀ ਪੰਛੀਆਂ ਦੀਆਂ ਬਿੱਠਾਂ ਅਤੇ ਧਰਤੀ ਵਿਚੋਂ ਕੱਢੇ ਜਾ ਰਹੇ ਨਾਈਟ੍ਰੇਟ ਦੇ ਉਤਪਾਦਨ ਉੱਤੇ ਕੰਟਰੋਲ ਕਰਨਾ ਸ਼ੁਰੂ ਕਰ ਦਿੱਤਾ ਤਾਂ ਕਿ ਉਹ ਇਕ ਦੂਸਰੇ ਦੇ ਮੁਕਾਬਲੇ ਵਿਚ ਨਾ ਆਉਣ। ਇਸ ਹੀ ਸਮੇਂ ਬੋਲੀਵੀਆ ਨੇ ਆਪਣੇ ਦੇਸ਼ ਵਿਚੋਂ ਚਿੱਲੀ ਦੇ ਦਲਾਲਾਂ ਵੱਲੋਂ ਬਰਾਮਦ

ਕੀਤੇ ਜਾਂਦੇ ਨਾਈਟ੍ਰੇਟ ਉੱਤੇ ਟੈਕਸ ਲਾਉਣ ਦਾ ਫੈਸਲਾ ਕਰ ਲਿਆ। ਇਸ ਦੇ ਨਤੀਜੇ ਵਜੋਂ ਚਿੱਲੀ ਨੇ ਬੋਲੀਵੀਆ ਅਤੇ ਪੀਰੂ ਵਿਰੁੱਧ ਜੰਗ ਦਾ ਐਲਾਨ ਕਰ ਦਿੱਤਾ। ਚਿੱਲੀ ਨੂੰ ਬਰਤਾਨੀਆ ਦੇ ਪੂੰਜੀ ਨਿਵੇਸ਼ਕਾਂ ਵੱਲੋਂ ਪੂਰਾ ਸਮਰਥਨ ਦਿੱਤਾ ਗਿਆ। ਨਤੀਜੇ ਵਜੋਂ ਚਿੱਲੀ ਨੇ ਬੋਲੀਵੀਆ ਅਤੇ ਪੀਰੂ ਦੇ ਆਟਾਕਾਹਮਾ ਅਤੇ ਟੈਰੈਪੈਕਾ ਸੂਬਿਆਂ ਉੱਤੇ ਕਬਜ਼ਾ ਕਰ ਲਿਆ। ਬੋਲੀਵੀਆ ਅਤੇ ਪੀਰੂ ਨਾਲ ਚਿੱਲੀ ਦੀ ਇਸ ਜੰਗ ਨੂੰ ਸ਼ਾਂਤਮਹਾਂਸਾਗਰ ਦੀ ਜੰਗ (War of the Pacific) ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਸੰਨ 1883 ਵਿਚ ਇਸ ਜੰਗ ਦੇ ਅੰਤ ‘ਤੇ ਚਿੱਲੀ ਨੇ ਬੋਲੀਵੀਆ ਅਤੇ ਪੀਰੂ ਦੇ ਨਾਈਟ੍ਰੇਟ ਵਾਲੇ ਸਾਰੇ ਖੇਤਰਾਂ ਅਤੇ ਪੀਰੂ ਦੇ ਸਮੁੰਦਰ ਨਾਲ ਲੱਗਦੇ ਸਮੁੰਦਰੀ ਪੰਛੀਆਂ ਦੀਆਂ ਬਿੱਠਾਂ ਵਾਲੇ ਇਲਾਕਿਆਂ ਉੱਤੇ ਕਬਜ਼ਾ ਕਰ ਲਿਆ। ਇਸ ਜੰਗ ਤੋਂ ਬਾਅਦ ਸੰਨ 1890 ਤਕ ਚਿੱਲੀ ਦੇ ਅਧੀਨ ਹੋ ਚੁੱਕੇ ਇਨ੍ਹਾਂ ਸੂਬਿਆਂ ਦੀ ਨਾਈਟ੍ਰੇਟ ਸਨਅਤ ਦੇ ਵੱਡੇ ਹਿੱਸੇ (70%) ‘ਤੇ ਬਰਤਾਨੀਆ ਦਾ ਕੰਟਰੋਲ ਹੋ ਗਿਆ।

ਉਪਰ ਦਿੱਤੀ ਜਾਣਕਾਰੀ ਤੋਂ ਅਸੀਂ ਦੇਖ ਸਕਦੇ ਹਾਂ ਕਿ ਉੱਨੀਵੀਂ ਸਦੀ ਦੇ ਯੂਰਪ ਅਤੇ ਅਮਰੀਕਾ ਵਿਚ ਖੇਤੀ ਵਾਲੀ ਜ਼ਮੀਨ ਦੀ ਉਪਜਾਊ-ਸ਼ਕਤੀ ਦਾ ਨਸ਼ਟ ਹੋਣਾ ਇਕ ਬਹੁਤ ਵੱਡਾ ਸੰਕਟ ਸੀ। ਏਨਾ ਵੱਡਾ ਸੰਕਟ ਕਿ ਇਸ ਦੇ ਹੱਲ ਲਈ ਬਰਤਾਨੀਆ ਨੂੰ ਲਾਤੀਨੀ ਅਮਰੀਕਾ ਵਿੱਚ ਸ਼ਾਂਤਮਹਾਂਸਾਗਰ ਦੀ ਜੰਗ (War of the Pacific) ਨੂੰ ਸਪਾਂਸਰ ਕਰਨਾ ਪਿਆ। ਅਸੀਂ ਇਹ ਵੀ ਦੇਖ ਸਕਦੇ ਹਾਂ ਕਿ ਸਰਮਾਏਦਾਰੀ ਅਤੇ ਸਾਮਰਾਜਵਾਦ ਦਾ ਕਿੰਨਾ ਡੂੰਘਾ ਰਿਸ਼ਤਾ ਹੈ। ਇਹ ਸੰਕਟ ਪਹਿਲੀ ਸੰਸਾਰ ਜੰਗ ਤਕ ਜਾਰੀ ਰਿਹਾ। ਸੰਨ 1913 ਵਿਚ ਨਾਈਟ੍ਰੋਜਨ ਵਾਲੀ ਰਸਾਇਣਕ ਖਾਦ ਬਣਾਉਣ ਦਾ ਢੰਗ ਲੱਭ ਲਿਆ ਗਿਆ ਅਤੇ ਉਸ ਤੋਂ ਬਾਅਦ ਜ਼ਮੀਨ ਦੇ ਨਸ਼ਟ ਹੋਏ ਤੱਤਾਂ ਦੀ ਭਰਪਾਈ ਲਈ ਰਸਾਇਣਕ ਖਾਦਾਂ ਦੀ ਵਰਤੋਂ ਹੋਣ ਲੱਗੀ।

ਮੈਟਾਬੌਲਿਕ ਰਿਫਟ ਦੇ ਸੰਕਲਪ ਦੀ ਅੱਜ ਦੇ ਸਮਿਆਂ ਵਿਚ ਪ੍ਰਸੰਗਕਤਾ ਹੋਰ ਵੀ ਵਧ ਗਈ ਹੈ।ਦੁਨੀਆ ਵਿਚ ਵਸੋਂ ਦਾ ਸ਼ਹਿਰੀਕਰਨ ਉੱਨੀਵੀਂ ਸਦੀ ਤੋਂ ਕਿਤੇ ਵੱਧ ਹੈ। *ਯੂਨਾਈਟਿਡ ਨੇਸ਼ਨਜ਼* ਦੇ ਇਕ ਆਨਲਾਈਨ ਸਾਈਟ ਉੱਤੇ ਸੰਨ 2018 ਵਿਚ ਛਪੀ ਇਕ ਰਿਪੋਰਟ ਦੇ ਅੰਕੜਿਆਂ ਅਨੁਸਾਰ ਦੁਨੀਆ ਦੀ 55% ਵਸੋਂ ਸ਼ਹਿਰਾਂ ਵਿਚ ਰਹਿੰਦੀ ਹੈ ਅਤੇ ਅਨੁਮਾਨ ਹੈ ਕਿ 2050 ਤਕ ਦੁਨੀਆ ਦੀ 68% ਵਸੋਂ ਸ਼ਹਿਰਾਂ ਵਿਚ ਰਹਿਣ ਲੱਗੇਗੀ। ਜੇ ਦੁਨੀਆ ਨੂੰ ਵੱਖ ਵੱਖ ਖੇਤਰਾਂ ਅਨੁਸਾਰ ਦੇਖਿਆ ਜਾਵੇ ਤਾਂ ਉੱਤਰੀ ਅਮਰੀਕਾ ਵਿਚ 82% ਲੋਕ, ਲਾਤੀਨੀ ਅਮਰੀਕਾ ਦੇ 81%, ਯੂਰਪ ਦੇ 74% ਅਤੇ ਓਸ਼ੀਆਨੀਆ ਦੇ 68% ਲੋਕ ਸ਼ਹਿਰਾਂ ਵਿਚ ਰਹਿੰਦੇ ਹਨ। ਇਸ ਦੇ ਨਾਲ ਹੀ ਖੇਤੀ ਦੀਆਂ ਵਸਤਾਂ ਦੇ ਉਤਪਾਦਨ ਅਤੇ ਵਿਕਰੀ ਉੱਤੇ ਐਗਰੀਬਿਜ਼ਨਸ ਨਾਲ ਸੰਬੰਧਤ ਕਾਰਪੋਰੇਸ਼ਨਾਂ ਦੀ ਵਧ ਰਹੀ ਅਜਾਰੇਦਾਰੀ ਕਾਰਨ ਅੱਜ ਦੁਨੀਆ ਦੇ ਬਹੁਤ ਸਾਰੇ ਅਣਵਿਕਸਤ ਦੇਸ਼ਾਂ ਵਿਚ ਉਗਾਈਆਂ ਜਾਂਦੀਆਂ ਫਸਲਾਂ ਦੀ ਖਪਤ ਯੂਰਪ ਅਤੇ ਉੱਤਰੀ ਅਮਰੀਕਾ ਵਿਚ ਹੁੰਦੀ ਹੈ। ਇਸ ਦਾ ਮਤਲਬ ਹੈ ਕਿ ਜਿਹਨਾਂ ਥਾਂਵਾਂ ‘ਤੇ ਫਸਲਾਂ ਉਗਾਈਆਂ ਜਾਂਦੀਆਂ ਹਨ, ਅਤੇ ਜਿਹਨਾਂ ਥਾਂਵਾਂ ਉੱਤੇ ਉਹ ਖਪਤ ਕੀਤੀਆਂ ਜਾਂਦੀਆਂ ਹਨ, ਉਨ੍ਹਾਂ ਥਾਂਵਾਂ ਵਿਚਕਾਰ ਦੂਰੀ ਹੋਰ ਵਧ ਗਈ ਹੈ ਅਤੇ ਫਸਲਾਂ ਉਗਾਉਣ ਵਾਲੀਆਂ ਜ਼ਮੀਨਾਂ ਦੇ ਉਪਜਾਊ ਤੱਤ ਫਸਲਾਂ ਦੀ ਖਪਤ ਬਾਅਦ ਵਾਪਸ ਉਨ੍ਹਾਂ ਜ਼ਮੀਨਾਂ ਵਿਚ ਜਾਣ ਦੀ ਥਾਂ, ਵੱਡੀ ਮਾਤਰਾ ਵਿਚ ਸ਼ਹਿਰਾਂ ਅਤੇ ਦੁਰੇਡੀਆਂ ਧਰਤੀਆਂ ਦੇ ਸ਼ਹਿਰਾਂ ਦੇ ਕੂੜੇ-ਕਰਕਟ ਦੇ ਢੇਰਾਂ ਅਤੇ ਸੀਵਰੇਜ ਦੇ ਨਾਲਿਆਂ ਵਿਚ ਨਸ਼ਟ ਹੋ ਰਹੇ ਹਨ। ਨਤੀਜੇ ਵਜੋਂ ਖੇਤੀ ਵਾਲੀਆਂ ਜ਼ਮੀਨਾਂ ਦੇ ਨਸ਼ਟ ਹੋਏ ਉਪਜਾਊ ਤੱਤਾਂ ਨੂੰ ਪੂਰਾ ਕਰਨ ਲਈ ਰਸਾਇਣਕ ਖਾਦਾਂ ਦੀ ਵਰਤੋਂ ਕੀਤੀ ਜਾ ਰਹੀ ਹੈ। ਇਨ੍ਹਾਂ ਰਸਾਇਣਕ ਖਾਦਾਂ ਦਾ ਕਾਫੀ ਵੱਡਾ ਹਿੱਸਾ, ਫਸਲਾਂ ਵੱਲੋਂ ਵਰਤੇ ਜਾਣ ਦੀ ਥਾਂ ਧਰਤੀ ਹੇਠਲੇ ਪਾਣੀ ਵਿਚ ਜਜ਼ਬ ਹੋ ਕੇ ਉਸ ਨੂੰ ਪ੍ਰਦੂਸ਼ਤ ਕਰ ਰਿਹਾ ਹੈ ਜਾਂ ਮੀਂਹ ਦੇ ਪਾਣੀ ਵਿਚ ਘੁਲ਼ ਕੇ ਨਾਲਿਆਂ ਅਤੇ ਦਰਿਆਵਾਂ ਨੂੰ ਪ੍ਰਦੂਸ਼ਤ ਕਰ ਰਿਹਾ ਹੈ। ਇਸ ਤਰ੍ਹਾਂ ਜ਼ਮੀਨਾਂ ਦੇ ਉਪਜਾਊ ਤੱਤਾਂ ਦੇ ਨਸ਼ਟ ਹੋਣ ਦੀ ਸਮੱਸਿਆ ਨਾਲ ਨਿਪਟਣ ਲਈ ਵਰਤੀਆਂ ਜਾ ਰਹੀਆਂ ਰਸਾਇਣਕ ਖਾਦਾਂ ਵਾਤਾਵਰਨ ਦੇ ਪ੍ਰਦੂਸ਼ਨ ਦੇ ਨਵੇਂ ਮਸਲੇ ਖੜ੍ਹੇ ਕਰ ਰਹੀਆਂ ਹਨ।

**ਸਰਮਾਏਦਾਰੀ ਪ੍ਰਬੰਧ ਵਿਚ ਉਸ ਤਕਨੌਲੌਜੀ ਨੂੰ ਤਰਜੀਹ ਦਿੱਤੀ ਜਾਂਦੀ ਹੈ ਜੋ ਮੁਨਾਫੇ ਵਿਚ ਵਾਧਾ ਕਰਨ ਵਿਚ ਸਹਾਈ ਹੋਵੇ**

ਸਰਮਾਏਦਾਰੀ ਪ੍ਰਬੰਧ ਵਿਚ ਤਕਨੌਲੌਜੀ ਦਾ ਮਕਸਦ ਸਰਮਾਏਦਾਰਾਂ ਦੇ ਮੁਨਾਫਿਆਂ ਵਿਚ ਵਾਧਾ ਕਰਨਾ, ਦੌਲਤ ਦੇ ਇਕੱਤਰੀਕਰਨ ਕਰਨ ਨੂੰ ਸੌਖਾ ਬਣਾਉਣਾ ਅਤੇ ਕੁੱਲ ਆਰਥਿਕਤਾ ਵਿਚ ਪਸਾਰ ਕਰਨਾ ਹੁੰਦਾ ਹੈ। ਇਸ ਲਈ ਇਸ ਪ੍ਰਬੰਧ ਵਿਚ ਵਾਤਾਵਰਨ ਦਾ ਨੁਕਸਾਨ ਕਰਨ ਵਾਲੀਆਂ ਤਕਨੌਲੌਜੀਆਂ ਨੂੰ ਉਤਸ਼ਾਹਤ ਕਰਨ ਦੀਆਂ ਕਈ ਉਦਾਹਰਨਾਂ ਮਿਲਦੀਆਂ ਹਨ। ਇਨ੍ਹਾਂ ਉਦਾਹਰਨਾਂ ਵਿਚੋਂ ਕੁੱਝ ਉਦਾਹਰਨਾਂ ਇਸ ਪ੍ਰਕਾਰ ਹਨ: ਆਰਥਿਕਤਾ ਦੀ ਊਰਜਾ ਦੇ ਖਣਿਜ ਸ੍ਰੋਤਾਂ (ਕੋਲੇ, ਤੇਲ, ਪੈਟਰੋਲ ਆਦਿ) ਉੱਤੇ ਨਿਰਭਰਤਾ, ਪੈਟਰੋ-ਕੈਮੀਕਲ ਦੀ ਸਨਅਤ ਤੋਂ ਪੈਦਾ ਹੋਣ ਵਾਲੀਆਂ ਸਿੰਥੈਟਿਕ ਰਸਾਇਣਕ ਵਸਤਾਂ ਦੇ ਉਤਪਾਦਨ ਨੂੰ ਉਤਸ਼ਾਹਤ ਕਰਨਾ, ਪਰਮਾਣੂ ਬਿਜਲੀ ਦੀ ਵਰਤੋਂ ਨੂੰ ਵਧਾਉਣਾ, ਖਣਿਜ ਸ੍ਰੋਤਾਂ ਤੋਂ ਪੈਦਾ ਹੋਣ ਵਾਲੀ ਊਰਜਾ ਦੀ ਥਾਂ ਬਾਇਓ-ਫਿਊਲ (ਮੱਕੀ, ਗੰਨੇ, ਸੋਇਆਬੀਨ, ਨਾਰੀਅਲ ਦੇ ਤੇਲ, ਸੂਰਜਮੁਖੀ ਆਦਿ ਤੋਂ ਬਣਾਈ ਐਥਨੌਲ ਭਾਵ ਅਲਕੋਹਲ ਅਤੇ ਡੀਜ਼ਲ) ਦੀ ਵਰਤੋਂ ਨੂੰ ਵਾਤਾਵਰਨ ਦੇ ਨੁਕਸਾਨ ਨੂੰ ਘੱਟ ਕਰਨ ਦੇ ਇਕ ਹੱਲ ਵਜੋਂ ਪੇਸ਼ ਕਰਨਾ।

ਊਰਜਾ ਦੇ ਖਣਿਜ ਸ੍ਰੋਤਾਂ ਉੱਤੇ ਨਿਰਭਰਤਾ ਨੂੰ ਸਮਝਣ ਲਈ ਅਮਰੀਕਾ ਵਿਚ ਲੋਕਾਂ ਦੇ ਆਉਣ-ਜਾਣ ਲਈ ਜਨਤਕ ਆਵਾਜਾਈ ਪ੍ਰਬੰਧ (Public Transportation) ਦੀ ਥਾਂ ਨਿੱਜੀ ਕਾਰਾਂ ਦੀ ਵਰਤੋਂ ਨੂੰ ਉਤਸ਼ਾਹਤ ਕਰਨ ਦੇ ਪ੍ਰੋਜੈਕਟ ਨੂੰ ਇਕ ਉਦਾਹਰਨ ਵਜੋਂ ਦੇਖਿਆ ਜਾ ਸਕਦਾ ਹੈ। *ਦੀ ਵਲਨਰੇਬਲ ਪਲੈਨਟ* ਮੁਤਾਬਕ ਅਮਰੀਕਾ ਵਿਚ ਲੋਕਾਂ ਵੱਲੋਂ ਕੀਤੇ ਜਾਂਦੇ ਸਫਰ ਦਾ 90 ਫੀਸਦੀ ਹਿੱਸਾ ਨਿੱਜੀ ਕਾਰਾਂ ਉੱਤੇ ਨਿਰਭਰ ਹੈ। ਅਜਿਹਾ ਹੋਣ ਦਾ ਕਾਰਨ ਇਹ ਹੈ ਕਿ ਵੀਹਵੀਂ ਸਦੀ ਦੇ ਬਹੁਤੇ ਸਮੇਂ ਦੌਰਾਨ ਕਾਰਪੋਰੇਸ਼ਨਾਂ ਦੇ ਪ੍ਰਭਾਵ ਹੇਠਲੀ ਅਮਰੀਕਾ ਦੀ ਆਵਾਜਾਈ ਦੀ ਕੌਮੀ ਨੀਤੀ ਦਾ ਮੁੱਖ ਧਿਆਨ ਆਵਾਜਾਈ ਲਈ ਕਾਰਾਂ ਦੀ ਵਰਤੋਂ ਨੂੰ ਉਤਸ਼ਾਹਤ ਕਰਨਾ ਰਿਹਾ ਹੈ। ਫੈਡਰਲ ਸਰਕਾਰ ਵੱਲੋਂ ਸੜਕਾਂ (Highway) ਬਣਾਉਣ ਲਈ ਬਹੁਤ ਸਾਰੀ ਪੂੰਜੀ ਲਾਈ ਗਈ ਅਤੇ ਜਨਤਕ ਆਵਾਜਾਈ ਦੇ ਪ੍ਰਬੰਧ ਨੂੰ ਸਬਸਡੀਆਂ ਦੇਣ ਉੱਤੇ ਕਟੌਤੀਆਂ ਲਾਈਆਂ ਗਈਆਂ। ਇਸ ਦੇ ਨਾਲ ਹੀ 1930ਵਿਆਂ ਅਤੇ 1950ਵਿਆਂ ਵਿਚਕਾਰ ਅਮਰੀਕਾ ਵਿਚ ਕਾਰਾਂ ਦੇ ਉਤਪਾਦਨ ਵਿਚ ਮੋਹਰੀ ਕਾਰਪੋਰੇਸ਼ਨ ਜਨਰਲ ਮੋਟਰਜ਼ (ਜੀ ਐੱਮ) ਨੇ ਸਟੈਂਡਰਡ ਆਇਲ ਅਤੇ ਫਾਇਰਸਟੋਨ ਟਾਇਰ ਕਾਰਪੋਰੇਸ਼ਨਾਂ ਨਾਲ ਮਿਲ ਕੇ ਉਸ ਸਮੇਂ ਅਮਰੀਕਾ ਦੇ ਕਈ ਸ਼ਹਿਰਾਂ ਵਿਚ ਬਿਜਲੀ ਨਾਲ ਚੱਲਣ ਵਾਲੀਆਂ ਸਟਰੀਟ ਕਾਰਾਂ ਦੇ ਪ੍ਰਬੰਧ ਨੂੰ ਯੋਜਨਾਬੱਧ ਢੰਗ ਨਾਲ ਨਸ਼ਟ ਕਰਨ ਵਿਚ ਇਕ ਅਹਿਮ ਭੂਮਿਕਾ ਨਿਭਾਈ ਸੀ। ਸਭ ਤੋਂ ਪਹਿਲਾਂ ਇਹਨਾਂ ਕੰਪਨੀਆਂ ਨੇ ਕਈ ਸ਼ਹਿਰਾਂ ਵਿਚ ਸਟਰੀਟ ਕਾਰਾਂ ਦੀਆਂ ਲਾਇਨਾਂ ਨੂੰ ਖਰੀਦ ਕੇ ਉਨ੍ਹਾਂ ਨੂੰ ਬੱਸ-ਲਾਈਨਾਂ ਵਿਚ ਬਦਲ ਦਿੱਤਾ। ਸੰਨ 1936 ਵਿਚ ਅਮਰੀਕਾ ਵਿਚ ਬਿਜਲੀ ਨਾਲ ਚੱਲਣ ਵਾਲੀਆਂ ਸਟਰੀਟ ਕਾਰਾਂ ਦੀਆਂ ਲਾਇਨਾਂ ਦੀ ਗਿਣਤੀ 40,000 ਸੀ ਅਤੇ 1955 ਵਿਚ ਇਹ ਗਿਣਤੀ ਘਟ ਕੇ 5,000 ਹੋ ਗਈ। ਇਸ ਸਮੇਂ ਦੌਰਾਨ ਹੀ ਜੀ ਐੱਮ ਮੋਟਰਜ਼ ਦੀ ਬੱਸਾਂ ਦੇ ਉਤਪਾਦਨ, ਵੱਖ ਵੱਖ ਸ਼ਹਿਰਾਂ ਵਿਚਕਾਰ ਬੱਸ ਸੇਵਾ ਦੇਣ ਵਾਲੀ ਕੰਪਨੀ ਗਰੇਅਹਾਊਂਡ, ਅਤੇ ਰੇਲ ਗੱਡੀਆਂ ਦੇ ਇੰਜਨ ਬਣਾਉਣ ਉਪਰ ਅਜਾਰੇਦਾਰੀ ਸੀ। ਜੀ ਐੱਮ ਨੇ ਇਸ ਅਜਾਰੇਦਾਰੀ ਨੂੰ ਜ਼ਮੀਨੀ ਆਵਾਜਾਈ ਵਿਚ ਬੱਸਾਂ ਅਤੇ ਰੇਲਗੱਡੀਆਂ ਦੇ ਆਵਾਜਾਈ ਦੇ ਪ੍ਰਬੰਧ ਨੂੰ ਨਸ਼ਟ ਕਰਨ ਲਈ ਵਰਤਿਆ ਤਾਂ ਕਿ ਵੱਖ ਵੱਖ ਸ਼ਹਿਰਾਂ ਵਿਚਕਾਰ ਸਫਰ ਕਰਨ ਲਈ ਨਿੱਜੀ ਕਾਰਾਂ ਉੱਤੇ ਨਿਰਭਰਤਾ ਯਕੀਨੀ ਬਣ ਸਕੇ ਕਿਉਂਕਿ ਇਸ ਕਾਰਨ ਕਾਰਾਂ ਬਣਾਉਣ ਵਾਲੀਆਂ ਕਾਰਪੋਰੇਸ਼ਨ ਲਈ ਕਾਰਾਂ ਦੇ ਉਤਪਾਦਨ ਤੋਂ ਵੱਧ ਮੁਨਾਫਾ ਕਮਾਉਣ ਦੇ ਮੌਕੇ ਪੈਦੇ ਹੁੰਦੇ ਸਨ।

1960ਵਿਆਂ ਵਿਚ ਇਕ ਵਾਰ ਅਮਰੀਕਾ ਵਿਚ ਕਾਰਾਂ ਬਣਾਉਣ ਵਾਲਿਆਂ ਤੋਂ ਪੁੱਛਿਆ ਗਿਆ ਕਿ ਉਹ ਵੱਡੀਆਂ ਅਤੇ ਜ਼ਿਆਦਾ ਤੇਲ ਖਾਣ ਵਾਲੀਆਂ ਕਾਰਾਂ ਕਿਉਂ ਬਣਾਉਂਦੇ ਹਨ। ਇਸ ਦੇ ਜੁਆਬ ਵਿਚ ਹੈਨਰੀ ਫੋਰਡ ਦੂਜੇ ਨੇ ਜੁਆਬ ਦਿੱਤਾ ਕਿ "Mini cars make mini profits"

ਭਾਵ "ਛੋਟੀਆਂ ਕਾਰਾਂ ਛੋਟੇ ਮੁਨਾਫੇ ਕਮਾਉਂਦੀਆਂ ਹਨ"। ਜਨਰਲ ਮੋਟਰਜ਼ ਦੇ ਇਕ ਅਧਿਕਾਰੀ ਨੇ ਇਹ ਗੱਲ ਹੋਰ ਸਪਸ਼ਟਤਾ ਨਾਲ ਦੱਸੀ। ਉਸ ਨੇ ਕਿਹਾ "1960ਵਿਆਂ ਵਿਚ ਮਾਰਕੀਟ ਦੀ ਮੰਗ ਨੂੰ ਧਿਆਨ ਵਿਚ ਰੱਖਦਿਆਂ ਜਦੋਂ ਸਾਨੂੰ ਛੋਟੀਆਂ, ਘੱਟ ਤੇਲ ਖਾਣ ਵਾਲੀਆਂ ਕਾਰਾਂ ਬਣਾਉਣ ਵੱਲ ਤਬਦੀਲੀ ਕਰਨੀ ਚਾਹੀਦੀ ਸੀ, ਤਾਂ ਜੀ ਐੱਮ ਦੀ ਮੈਨੇਜਮੈਂਟ ਨੇ ਅਜਿਹਾ ਕਰਨ ਤੋਂ ਇਨਕਾਰ ਕਰ ਦਿੱਤਾ ਕਿਉਂਕਿ ਸਾਨੂੰ ਵੱਡੀਆਂ ਕਾਰਾਂ ਤੋਂ ਜ਼ਿਆਦਾ ਪੈਸੇ ਬਣਦੇ ਹਨ। " ਇਸ ਸਮੇਂ ਵੀ ਅਮਰੀਕਾ ਅਤੇ ਦੁਨੀਆ ਭਰ ਵਿਚ ਕਾਰਾਂ ਬਣਾਉਣ ਵਾਲੇ ਆਪਣੇ ਜ਼ਿਆਦਾ ਮੁਨਾਫੇ ਮਿੰਨੀ ਵੈਨਾਂ ਅਤੇ ਐੱਸ ਯੂ ਵੀ (Sports Utility Vehicles) ਤੋਂ ਬਣਾ ਰਹੇ ਹਨ। ਇਸ ਲਈ ਕਾਰਾਂ ਬਣਾਉਣ ਵਾਲੇ ਆਪਣੇ ਇਸ਼ਤਿਹਾਰਬਾਜ਼ੀ ਦੇ ਬੱਜਟ ਦਾ ਵੱਡਾ ਹਿੱਸਾ ਵੱਡੀਆਂ ਕਾਰਾਂ ਅਤੇ ਐੱਸ ਯੂ ਵੀ ਦੀ ਇਸ਼ਤਿਹਾਰਬਾਜ਼ੀ ਕਰਨ ਉੱਤੇ ਲਾ ਰਹੇ ਹਨ। ਉਦਾਹਰਨ ਲਈ ਆਨਲਾਈਨ ਸਾਈਟ *ਇਨਸਾਈਡ ਰੇਡੀਓ* ਉੱਤੇ 12 ਨਵੰਬਰ, 2018 ਨੂੰ ਛਪੀ ਇਕ ਰਿਪੋਰਟ ਅਨੁਸਾਰ ਸਤੰਬਰ 2018 ਵਿਚ ਫੋਰਡ ਕੰਪਨੀ ਨੇ ਅਮਰੀਕਾ ਵਿਚ ਕਾਰਾਂ ਦੀ ਇਸ਼ਤਿਹਾਰਬਾਜ਼ੀ ਦੇ ਆਪਣੇ ਬੱਜਟ ਦਾ 85 ਫੀਸਦੀ ਹਿੱਸਾ ਐੱਸ ਯੂ ਵੀ ਅਤੇ ਪਿਕ ਅੱਪ ਟਰੱਕਾਂ ਦੀ ਇਸ਼ਤਿਹਾਰਬਾਜ਼ੀ ਉੱਤੇ ਅਤੇ 15% ਹਿੱਸਾ ਕਾਰਾਂ ਦੀ ਇਸ਼ਤਿਹਾਰਬਾਜ਼ੀ ਉੱਤੇ ਖਰਚ ਕੀਤਾ। ਰਿਪੋਰਟ ਵਿਚ ਅੱਗੇ ਲਿਖਿਆ ਹੈ ਕਿ ਫੋਰਡ ਕੰਪਨੀ ਵੱਲ ਦੇਖਦਿਆਂ ਫੋਰਡ ਦੀਆਂ ਇਲਾਕਾਈ ਅਤੇ ਡੀਲਰਾਂ ਦੀਆਂ ਐਸੋਸੀਏਸ਼ਨਾਂ ਨੇ ਵੀ ਕਾਰ ਉਤਪਾਦਕ ਤੋਂ ਅਗਵਾਈ ਲੈਂਦਿਆਂ ਆਪਣੇ ਇਸ਼ਤਿਹਾਰਬਾਜ਼ੀ ਦੇ ਬੱਜਟਾਂ ਵਿਚ ਐੱਸ ਯੂ ਵੀ ਦੀ ਇਸ਼ਤਿਹਾਰਬਾਜ਼ੀ ਦੇ ਬਜਟ ਨੂੰ ਵਧਾ ਦਿੱਤਾ ਸੀ। ਸੰਨ 2016 ਵਿਚ ਇਲਾਕਾਈ ਅਤੇ ਡੀਲਰਾਂ ਦੀਆਂ ਐਸੋਸੀਏਸ਼ਨਾਂ ਦੇ ਇਸ਼ਤਿਹਾਰਬਾਜ਼ੀ ਦੇ ਬੱਜਟ ਦਾ 42% ਹਿੱਸਾ ਐੱਸ ਯੂ ਵੀ ਦੀ ਇਸ਼ਤਿਹਾਰਬਾਜ਼ੀ ਉੱਤੇ ਖਰਚ ਕੀਤਾ ਗਿਆ ਸੀ, ਪਰ ਸੰਨ 2018 ਵਿਚ ਇਹ ਹਿੱਸਾ ਡੇਢ ਗੁਣਾਂ ਵਧ ਕੇ 66% ਹੋ ਗਿਆ। ਇੱਥੇ ਇਹ ਗੱਲ ਨੋਟ ਕਰਨ ਵਾਲੀ ਹੈ ਕਿ ਕਾਰਾਂ ਦੇ ਉਤਪਾਦਕ ਹਰ ਸਾਲ ਬਹੁਤ ਵੱਡੀ ਰਕਮ ਕਾਰਾਂ ਦੀ ਇਸ਼ਤਿਹਾਰਬਾਜ਼ੀ ਉੱਤੇ ਖਰਚਦੇ ਹਨ। ਆਨਲਾਈਨ ਸਾਈਟ *ਸਟੈਟਿਸਟਾ* ਉੱਤੇ ਏ. ਗੱਟਮਾਨ ਦੀ "Advertising spending of selected automobile manufacturers in the United States in 2019" ਨਾਮੀ ਛਪੀ ਇਕ ਰਿਪੋਰਟ ਵਿਚ ਦਿੱਤੇ ਅੰਕੜੇ ਦਰਸਾਉਂਦੇ ਹਨ ਕਿ ਸੰਨ 2019 ਵਿਚ ਅਮਰੀਕਾ ਵਿਚ ਜਨਰਲ ਮੋਟਰਜ਼ ਨੇ 2.95 ਅਰਬ (billion) ਡਾਲਰ ਅਤੇ ਫੋਰਡ ਕਾਰਪੋਰੇਸ਼ਨ ਨੇ 2.28 ਅਰਬ ਡਾਲਰ ਕਾਰਾਂ ਦੀ ਇਸ਼ਤਿਹਾਰਬਾਜ਼ੀ ਉੱਤੇ ਖਰਚ ਕੀਤੇ ਸਨ।

ਵੱਡੀਆਂ ਕਾਰਾਂ ਅਤੇ ਐੱਸ ਯੂ ਵੀ ਦੀ ਇਸ਼ਤਿਹਾਰਬਾਜ਼ੀ ਉੱਤੇ ਇੰਨੇ ਵੱਡੇ ਪੱਧਰ ਉੱਤੇ ਕੀਤੇ ਖਰਚੇ ਕਾਰਨ ਲੋਕਾਂ ਦੀ ਕਾਰ ਖਰੀਦਣ ਦੀ ਰੁਚੀ ਉੱਤੇ ਲਾਜ਼ਮੀ ਤੌਰ ਉੱਤੇ ਅਸਰ ਪਿਆ ਹੈ ਅਤੇ ਜ਼ਿਆਦਾ ਲੋਕ ਵੱਡੀਆਂ ਕਾਰਾਂ ਅਤੇ ਐੱਸ ਯੂ ਵੀ ਖਰੀਦਣ ਵੱਲ ਰੁਚਿਤ ਹੋਏ ਹਨ। ਇੰਟਰਨੈਸ਼ਨਲ ਐਨਰਜੀ ਐਸੋਸੀਏਸ਼ਨ ਦੇ ਸਾਈਟ ਉੱਤੇ ਅਕਤੂਬਰ 2019 ਵਿਚ ਛਪੀ "Growing preferences for SUVs challenges emission reductions in passenger car market" ਨਾਮੀ ਰਿਪੋਰਟ ਮੁਤਾਬਕ ਇਸ ਸਮੇਂ (2019 ਵਿਚ) ਦੁਨੀਆ ਵਿਚ 20 ਕਰੋੜ (200 million) ਐੱਸ ਯੂ ਵੀ ਹਨ, ਜਦੋਂ ਕਿ ਸੰਨ 2010 ਵਿਚ ਇਹ ਗਿਣਤੀ 3.5 ਕਰੋੜ ਸੀ। ਇਸ ਸਮੇਂ ਦੁਨੀਆ ਭਰ ਵਿਚ ਸਾਲਾਨਾ ਵਿਕਣ ਵਾਲੀਆਂ ਕਾਰਾਂ ਦਾ 40 ਫੀਸਦੀ ਹਿੱਸਾ ਐੱਸ ਯੂ ਵੀ ਹੁੰਦੇ ਹਨ ਜਦੋਂ ਕਿ ਇਕ ਦਹਾਕਾ ਪਹਿਲਾਂ ਇਹ ਹਿੱਸਾ 20 ਫੀਸਦੀ ਤੋਂ ਘੱਟ ਸੀ। ਅਮਰੀਕਾ ਵਿਚ ਵਿਕਣ ਵਾਲੀਆਂ ਕਾਰਾਂ ਦਾ 50 ਫੀਸਦੀ ਹਿੱਸਾ ਅਤੇ ਯੂਰਪ ਵਿੱਚ ਵਿਕਣ ਵਾਲੀਆਂ ਕਾਰਾਂ ਦਾ ਇਕ-ਤਿਹਾਈ ਹਿੱਸਾ ਐੱਸ ਯੂ ਵੀ ਦਾ ਹੁੰਦਾ ਹੈ। ਬੇਸ਼ੱਕ ਇਸ ਸਮੇਂ ਹਿੰਦੁਸਤਾਨ ਵਿਚ ਐੱਸ ਯੂ ਵੀ ਦੀ ਵਿਕਰੀ ਘੱਟ ਹੈ, ਪਰ ਆਉਣ ਵਾਲੇ ਸਮੇਂ ਵਿਚ ਇਹ ਹਿੱਸਾ ਵਧਣ ਦਾ ਅਨੁਮਾਨ ਹੈ।

ਹੁਣ ਇਸ ਗੱਲ ਦਾ ਤਾਂ ਸਭ ਨੂੰ ਪਤਾ ਹੈ ਕਿ ਵੱਡੀਆਂ ਕਾਰਾਂ ਅਤੇ ਐੱਸ ਯੂ ਵੀ ਛੋਟੀਆਂ ਕਾਰਾਂ ਦੇ ਮੁਕਾਬਲੇ ਜ਼ਿਆਦਾ ਤੇਲ ਖਾਂਦੇ ਹਨ ਅਤੇ ਵਾਤਾਵਰਨ ਵਿਚ ਵੱਧ ਕਾਰਬਨ ਡਾਈਔਕਸਾਈਡ

ਛੱਡ ਕੇ ਇਸ ਨੂੰ ਪ੍ਰਦੂਸ਼ਤ ਕਰਨ ਵਿਚ ਜ਼ਿਆਦਾ ਹਿੱਸਾ ਪਾਉਂਦੇ ਹਨ। ਇਸ ਤੱਥ ਨੂੰ ਧਿਆਨ ਵਿਚ ਰੱਖਦਿਆਂ ਹੀ ਇੰਟਰਨੈਸ਼ਨਲ ਐਨਰਜੀ ਏਜੰਸੀ (IEA) ਨੇ ਆਪਣੀ ਰਿਪੋਰਟ (ਜਿਸ ਦਾ ਜ਼ਿਕਰ ਉੱਪਰ ਕੀਤਾ ਗਿਆ ਹੈ) ਵਿਚ ਖਦਸ਼ਾ ਜ਼ਾਹਿਰ ਕੀਤਾ ਹੈ ਕਿ ਜੇ ਵੱਡੀਆਂ ਕਾਰਾਂ ਅਤੇ ਐੱਸ ਯੂ ਵੀ ਖਰੀਦਣ ਦਾ ਰੁਝਾਨ ਇਸ ਤਰ੍ਹਾਂ ਹੀ ਚੱਲਦਾ ਰਿਹਾ ਤਾਂ ਬਿਜਲੀ ਨਾਲ ਚੱਲਣ ਵਾਲੀਆਂ ਕਾਰਾਂ ਅਤੇ ਛੋਟੀਆਂ ਕਾਰਾਂ ਦੀ ਵਰਤੋਂ ਕਾਰਨ ਵਾਤਾਰਵਰਨ ਵਿਚ ਕਾਰਬਨ ਡਾਇਔਕਸਾਈਡ ਛੱਡੇ ਜਾਣ ਵਿਚ ਜਿਹੜੀ ਥੋੜ੍ਹੀ ਬਹੁਤੀ ਕਮੀ ਆਵੇਗੀ, ਉਸ ਦਾ ਕੋਈ ਫਾਇਦਾ ਨਹੀਂ ਹੋਵੇਗਾ, ਕਿਉਂਕਿ ਵੱਡੀਆਂ ਕਾਰਾਂ ਅਤੇ ਐੱਸ ਯੂ ਵੀ ਦੀ ਵਰਤੋਂ ਕਾਰਨ ਵਾਤਾਵਰਨ ਵਿਚ ਫੈਲਣ ਵਾਲੀ ਕਾਰਬਨ ਡਾਈਔਕਸਾਈਡ ਦੀ ਮਾਤਰਾ ਇਸ ਆਈ ਕਮੀ ਦਾ ਘਾਟਾ ਪੂਰਾ ਕਰ ਦੇਵੇਗੀ। ਪਰ ਇਸ ਖਦਸ਼ੇ ਨਾਲ ਕਾਰਾਂ ਬਣਾਉਣ ਵਾਲੀਆਂ ਕੰਪਨੀਆਂ ਨੂੰ ਕੀ ਫਰਕ ਪੈਂਦਾ ਹੈ? ਉਹ ਵੱਡੀਆਂ ਕਾਰਾਂ ਅਤੇ ਐੱਸ ਯੂ ਵੀ ਦੀ ਵਿਕਰੀ ਅਤੇ ਉਤਪਾਦਨ ਨੂੰ ਵਧਾਉਣਾ ਜਾਰੀ ਰੱਖਣਗੀਆਂ ਕਿਉਂਕਿ ਪੂੰਜੀਵਾਦੀ ਪ੍ਰਬੰਧ ਵਿਚ ਉਨ੍ਹਾਂ ਦਾ ਕਾਰਜ ਵੱਧ ਤੋਂ ਵੱਧ ਮੁਨਾਫਾ ਕਮਾਉਣਾ ਹੈ, ਨਾ ਕਿ ਵਾਤਾਵਰਨ ਜਾਂ ਸਮਾਜ ਦੀ ਕਿਸੇ ਹੋਰ ਸਮੱਸਿਆ ਦਾ ਹੱਲ ਕਰਨਾ।

ਕਾਰਾਂ ਸਿਰਫ ਤੇਲ ਦੀ ਖਪਤ ਕਰਕੇ ਹੀ ਧਰਤੀ ਦੇ ਵਾਤਾਵਰਨ ਨੂੰ ਪ੍ਰਦੂਸ਼ਤ ਨਹੀਂ ਕਰਦੀਆਂ ਸਗੋਂ ਇਨ੍ਹਾਂ ਦੇ ਉਤਪਾਦਨ ਲਈ ਵਰਤੀ ਜਾਂਦੀ ਸਮੱਗਰੀ ਅਤੇ ਊਰਜਾ ਦੀ ਵਰਤੋਂ ਵੀ ਵਾਤਾਵਰਨ ਨੂੰ ਪ੍ਰਦੂਸ਼ਤ ਕਰਨ ਵਿਚ ਵੱਡਾ ਯੋਗਦਾਨ ਪਾਉਂਦੀ ਹੈ। ਕਾਰਾਂ ਦਾ ਉਤਪਾਦਨ ਤੇਲ, ਤੇਲ ਸਾਫ ਕਰਨ , ਐਸਫਾਲਟ (ਲੁੱਕ ਅਤੇ ਤੇਲ ਦਾ ਮਿਸ਼ਰਨ), ਸੀਮੈਂਟ, ਰਬੜ, ਸਟੀਲ ਅਤੇ ਪਲਾਸਟਿਕ ਆਦਿ ਸਨਅਤਾਂ ਤੋਂ ਪੈਦਾ ਹੋਣ ਵਾਲੀਆਂ ਵਸਤਾਂ ਦੀ ਖਪਤ ਕਰਨ ਵਿਚ ਵੱਡਾ ਰੋਲ ਨਿਭਾਉਂਦਾ ਹੈ। ਇਸ ਲਈ ਇਨ੍ਹਾਂ ਸਨਅਤਾਂ ਦੇ ਉਤਪਾਦਨ ਤੋਂ ਪੈਦਾ ਹੋਣ ਵਾਲੇ ਪ੍ਰਦੂਸ਼ਨ ਦੇ ਵੱਡੇ ਹਿੱਸੇ ਲਈ ਕਾਰਾਂ ਨੂੰ ਜ਼ਿੰਮੇਵਾਰ ਸਮਝਿਆ ਜਾ ਸਕਦਾ ਹੈ। ਇਸ ਦੇ ਨਾਲ ਹੀ ਕਾਰਾਂ ਦੇ ਚੱਲਣ ਲਈ ਚਾਹੀਦੀਆਂ ਸੜਕਾਂ ਅਤੇ ਕਾਰਾਂ ਖੜ੍ਹੀਆਂ ਕਰਨ ਅਤੇ ਸਾਂਭਣ ਲਈ ਚਾਹੀਦੀ ਥਾਂ ਲਈ ਲੁੱਕ ਪਾ ਕੇ ਪੱਕੀ ਕੀਤੀ ਗਈ ਬਹੁਤ ਸਾਰੀ ਧਰਤੀ ਦੀ ਲੋੜ ਪੈਂਦੀ ਹੈ। ਉਦਾਹਰਨ ਲਈ ਅਮਰੀਕਾ ਦੇ ਟੈਂਪਾ ਅਤੇ ਲਾਸ ਏਂਜਲਸ ਵਰਗੇ ਸ਼ਹਿਰਾਂ ਦੀ ਇਕ ਤਿਹਾਈ ਜ਼ਮੀਨ ਕਾਰਾਂ ਦੀ ਗ਼ੈਰ ਰਿਹਾਇਸ਼ੀ ਪਾਰਕਿੰਗ ਦੇ ਲੇਖੇ ਲੱਗਦੀ ਹੈ।ਇਸ ਸੰਬੰਧ ਵਿਚ ਆਨਲਈਨ ਸਾਈਟ *ਗਰਿਸਟ* ਉਪਰ ਸੰਨ 2001 ਵਿਚ ਲੈਸਟਰ ਬਰਾਉਨ ਦੇ ਛਪੇ "Pavement is replacing the world crop lands" ਨਾਮੀ ਆਰਟੀਕਲ ਵਿਚੋਂ ਕੁੱਝ ਅੰਕੜੇ ਪੇਸ਼ ਹਨ:

21.4 ਕਰੋੜ ਮੋਟਰਗੱਡੀਆਂ ਵਾਲੇ ਸੰਯੁਕਤ ਰਾਜ ਅਮਰੀਕਾ ਨੇ 39 ਲੱਖ ਮੀਲ ਲੰਬੀਆਂ ਸੜਕਾਂ ਬਣਾਈਆਂ ਹਨ। (ਸੜਕਾਂ ਦੀ ਇਹ ਲੰਬਾਈ) ਭੂ-ਮੱਧ ਰੇਖਾ ਉੱਤੇ ਧਰਤੀ ਦੁਆਲੇ 157 ਵਾਰੀ ਚੱਕਰ ਲਾਉਣ ਲਈ ਕਾਫੀ ਹੈ। ਸੜਕਾਂ ਤੋਂ ਬਿਨਾਂ ਕਾਰਾਂ ਨੂੰ ਖੜ੍ਹੀਆਂ ਕਰਨ ਲਈ ਥਾਂ ਦੀ ਲੋੜ ਹੈ। 21.4 ਕਰੋੜ ਕਾਰਾਂ ਅਤੇ ਟਰੱਕਾਂ ਨੂੰ ਖੜ੍ਹੇ ਕਰਨ ਲਈ ਚਾਹੀਦੀ ਪਾਰਕਿੰਗ ਲੌਟ ਦੀ ਕਲਪਨਾ ਕਰੋ। ਜੇ ਅਜਿਹਾ ਕਰਨਾ ਔਖਾ ਲੱਗੇ ਤਾਂ 1000 ਕਾਰਾਂ ਨੂੰ ਖੜ੍ਹੀਆਂ ਕਰਨ ਲਈ ਚਾਹੀਦੀ ਥਾਂ ਬਾਰੇ ਸੋਚੋ ਅਤੇ ਫਿਰ ਕਲਪਨਾ ਕਰੋ ਕਿ ਇਸ ਤਰ੍ਹਾਂ ਦੀਆਂ 2 ਲੱਖ 14 ਹਜ਼ਾਰਾਂ ਥਾਂਵਾਂ ਕਿਸ ਤਰ੍ਹਾਂ ਦਿਖਾਈ ਦੇਣਗੀਆਂ।

ਅਸੀਂ ਇਸ ਨੂੰ ਕਿਸੇ ਤਰ੍ਹਾਂ ਵੀ ਦੇਖੀਏ, ਅਮਰੀਕਾ ਵਿਚ ਸੜਕਾਂ ਅਤੇ ਪਾਰਕਿੰਗ ਲੌਟਾਂ ਲਈ ਵਰਤੇ ਜਾਂਦੇ ਥਾਂ ਦਾ ਖੇਤਰਫਲ ਤਕਰੀਬਨ 61,000 ਵਰਗ ਮੀਲ ਦੇ ਬਰਾਬਰ ਹੈ, ਜਿਹੜਾ 5.19 ਕਰੋੜ ਏਕੜਾਂ ਦੇ ਬਰਾਬਰ ਹੈ, ਉਨੇ ਖੇਤਰਫਲ ਦੇ ਬਰਾਬਰ ਜਿੰਨੇ ਵਿਚ ਅਮਰੀਕਾ ਦੇ ਕਿਸਾਨਾਂ ਨੇ ਪਿਛਲੇ ਸਾਲ ਕਣਕ ਬੀਜੀ ਸੀ।

25 ਮਾਰਚ 2012 ਨੂੰ *ਨਿਊ ਯੌਰਕ ਟਾਈਮਜ਼* ਵਿਚ ਐਰਨ ਬੈੱਨ-ਜੋਸਫ ਦਾ "When a Parking lot is so much more" ਨਾਂ ਦਾ ਛਪਿਆ ਇਕ ਹੋਰ ਆਰਟੀਕਲ ਇਸ ਸਥਿਤੀ ਬਾਰੇ ਹੋਰ ਵਿਸਥਾਰ ਪੇਸ਼ ਕਰਦਾ ਹੈ। ਇਸ ਆਰਟੀਕਲ ਵਿਚ ਲਿਖਿਆ ਹੈ, "ਇਹ ਅੰਦਾਜ਼ਾ ਲਾਇਆ

ਜਾਂਦਾ ਹੈ ਕਿ ਸੰਯੁਕਤ ਰਾਜ ਅਮਰੀਕਾ ਵਿਚ ਹਰ ਇਕ ਕਾਰ ਦੀ ਪਾਰਕਿੰਗ ਲਈ ਤਿੰਨ ਗ਼ੈਰ-ਰਿਹਾਇਸ਼ੀ ਥਾਂਵਾਂ ਹਨ। ਇਸ ਦਾ ਮਤਲਬ ਹੈ ਕਿ ਕਾਰਾਂ ਦੀ ਪਾਰਕਿੰਗ ਲਈ 80 ਕਰੋੜ (800 ਮਿਲੀਅਨ) ਦੇ ਨੇੜੇ ਥਾਂਵਾਂ ਹਨ, ਜਿਨ੍ਹਾਂ ਦਾ ਖੇਤਰਫਲ 4360 ਵਰਗ ਮੀਲ ਦੇ ਬਰਾਬਰ ਹੋ ਜਾਂਦਾ ਹੈ, ਜਿਹੜਾ ਪੀਓਰਟੋ ਰੀਕੋ (ਦੇ ਖੇਤਰਫਲ) ਤੋਂ ਜ਼ਿਆਦਾ ਹੈ।"

ਪਿਛਲੇ ਇਕ ਡੇਢ ਦਹਾਕੇ ਵਿਚ ਹਿੰਦੁਸਤਾਨ ਵਿਚ ਕਾਰਾਂ ਦੀ ਗਿਣਤੀ ਵਿਚ ਕਾਫੀ ਵਾਧਾ ਹੋਇਆ ਹੈ। ਇਨ੍ਹਾਂ ਕਾਰਾਂ ਨੂੰ ਚਲਾਉਣ ਅਤੇ ਖੜ੍ਹਾਉਣ ਲਈ ਕਿੰਨੀ ਧਰਤੀ ਉੱਤੇ ਲੁੱਕ ਪਾਈ ਜਾਣ ਦੀ ਲੋੜ ਪਈ ਹੋਵੇਗੀ, ਇਸ ਬਾਰੇ ਅੰਕੜੇ ਮੌਜੂਦ ਨਹੀਂ। ਪਰ ਇਸ ਦਾ ਅੰਦਾਜ਼ਾ ਲਾਇਆ ਜਾ ਸਕਦਾ ਹੈ। 12 ਦਸੰਬਰ 2018 ਨੂੰ ਆਨਲਾਈਨ ਸਾਈਟ *ਆਟੋ ਡਾਟ ਕਾਮ* ਉੱਤੇ ਛਪੇ ਇਕ ਆਰਟੀਕਲ ਅਨੁਸਾਰ ਉਸ ਸਮੇਂ ਹਿੰਦੁਸਤਾਨ ਵਿਚ ਹਰ ਇਕ ਹਜ਼ਾਰ ਲੋਕਾਂ ਮਗਰ 22 ਕਾਰਾਂ ਸਨ। ਸੰਨ 2018 ਵਿਚ ਹਿੰਦੁਸਤਾਨ ਦੀ ਆਬਾਦੀ 135 ਕਰੋੜ ਸੀ। ਇਸ ਦਾ ਮਤਲਬ ਇਹ ਹੋਇਆ ਕਿ ਸੰਨ 2018 ਵਿਚ ਹਿੰਦੁਸਤਾਨ ਵਿਚ 2.97 ਕਰੋੜ (2,97,58,130 ) ਕਾਰਾਂ ਸਨ। ਲੈਸਟਰ ਬਰਾਊਨ ਆਪਣੇ ਆਰਟੀਕਲ (ਜਿਸ ਦਾ ਜ਼ਿਕਰ ਉਪਰ ਕੀਤਾ ਗਿਆ ਹੈ) ਵਿਚ ਦੱਸਦਾ ਹੈ ਕਿ ਕਾਰਾਂ ਲਈ ਲੋੜੀਂਦੀਆਂ ਸੜਕਾਂ ਅਤੇ ਖੜ੍ਹੀਆਂ ਕਰਨ ਵਾਲੀਆਂ ਥਾਂਵਾਂ ਦੇ ਕਾਰਨ ਅਮਰੀਕਾ ਵਿਚ ਇਕ ਕਾਰ ਮਗਰ 0.18 ਏਕੜ ਧਰਤੀ ਨੂੰ ਲੁੱਕ ਪਾ ਕੇ ਪੱਕੀ ਕਰਨਾ ਪੈਂਦਾ ਹੈ। ਜਰਮਨੀ, ਯੂ ਕੇ ਅਤੇ ਜਾਪਾਨ ਵਰਗੇ ਸੰਘਣੀ ਵਸੋਂ ਵਾਲੇ ਦੇਸ਼ਾਂ ਵਿਚ ਇਕ ਗੱਡੀ ਮਗਰ 0.05 ਏਕੜ ਧਰਤੀ ਨੂੰ ਪੱਕੀ ਕਰਨ ਦੀ ਲੋੜ ਪੈਂਦੀ ਹੈ। ਜੇ ਅਸੀਂ ਹਿੰਦੁਸਤਾਨ ਲਈ ਵੀ ਇਕ ਕਾਰ ਮਗਰ 0.05 ਏਕੜ ਧਰਤੀ ਨੂੰ ਪੱਕੀ ਕਰਨ ਦੀ ਲੋੜ ਮਿਥ ਲਈਏ ਤਾਂ ਸੰਨ 2018 ਵਿਚ ਹਿੰਦੁਸਤਾਨ ਵਿਚਲੀਆਂ 2.97 ਕਰੋੜ ਕਾਰਾਂ ਦੀ ਲੋੜ ਪੂਰਤੀ ਲਈ 14.9 ਲੱਖ (14.87906) ਏਕੜ ਧਰਤੀ ਨੂੰ ਲੁੱਕ ਵਿਛਾ ਕੇ ਪੱਕੀ ਕੀਤਾ ਜਾ ਚੁੱਕਾ ਹੋਵੇਗਾ। *ਆਟੋ ਡਾਟ ਕਾਮ* ਉੱਤੇ ਛਪੇ ਉਪਰੋਕਤ ਆਰਟੀਕਲ ਅਨੁਸਾਰ ਇੰਟਰਨੈਸ਼ਨਲ ਐਨਰਜੀ ਏਜੰਸੀ ਦਾ ਅਨੁਮਾਨ ਹੈ ਕਿ ਅਗਲੇ ਦੋ ਦਹਾਕਿਆਂ ਦੌਰਾਨ ਹਿੰਦੁਸਤਾਨ ਵਿਚ ਕਾਰਾਂ ਦੀ ਗਿਣਤੀ ਵਿਚ 775% (ਪੌਣੇ ਅੱਠ ਗੁਣਾਂ) ਵਾਧਾ ਹੋਵੇਗਾ ਅਤੇ 2040 ਤਕ ਹਿੰਦੁਸਤਾਨ ਵਿਚ 1000 ਹਜ਼ਾਰ ਲੋਕਾਂ ਪਿੱਛੇ 175 ਕਾਰਾਂ ਹੋ ਜਾਣਗੀਆਂ। ਕਾਰਾਂ ਦੀ ਗਿਣਤੀ ਵਿਚ ਹੋਏ ਇਸ ਤਰ੍ਹਾਂ ਦੇ ਵਾਧੇ ਕਾਰਨ ਹਿੰਦੁਸਤਾਨ ਦੀ ਕਿੰਨੀ ਧਰਤੀ ਨੂੰ ਲੁੱਕ ਵਿਛਾ ਕੇ ਪੱਕਾ ਕਰਨਾ ਪਵੇਗਾ, ਇਸ ਦਾ ਹਿਸਾਬ ਤੁਸੀਂ ਆਪ ਲਾ ਸਕਦੇ ਹੋ।

ਇੰਨੀ ਵੱਡੀ ਮਾਤਰਾ ਵਿੱਚ ਧਰਤੀ ਨੂੰ ਲੁੱਕ ਪਾ ਕੇ ਪੱਕੀ ਕਰਨ ਨਾਲ ਧਰਤੀ ਦੀ ਵਰਤੋਂ ਅਤੇ ਵਾਤਾਰਵਰਨ 'ਤੇ ਕਈ ਤਰ੍ਹਾਂ ਦੇ ਅਸਰ ਪੈਂਦੇ ਹਨ। ਸਭ ਤੋਂ ਪਹਿਲਾਂ ਇਸ ਕਾਰਨ ਖੇਤੀ ਕਰਨ ਯੋਗ ਧਰਤੀ ਦੀ ਵੱਡੀ ਮਾਤਰਾ ਖੇਤੀਬਾੜੀ ਤੋਂ ਬਾਹਰ ਹੋ ਜਾਂਦੀ ਹੈ। ਇਸ ਤੋਂ ਬਿਨਾਂ ਲੁੱਕ ਪਾ ਕੇ ਪੱਕੀ ਕੀਤੀ ਧਰਤੀ ਮੀਂਹ ਦੇ ਪਾਣੀ ਨੂੰ ਧਰਤੀ ਵਿਚ ਰਿਸਣ ਤੋਂ ਰੋਕਦੀ ਹੈ। ਜਿਸ ਦੇ ਨਤੀਜੇ ਵਜੋਂ ਮੀਂਹ ਦਾ ਪਾਣੀ ਅਜਾਈਂ ਰੁੜ੍ਹ ਕੇ ਵਾਟਰਸ਼ੈੱਡਾਂ (ਮੀਂਹ ਦੇ ਨਿਕਾਸ ਲਈ ਬਣੇ ਕੁਦਰਤੀ ਰਸਤਿਆਂ) ਨੂੰ ਨੁਕਸਾਨ ਪਹੁੰਚਾਉਂਦਾ ਹੈ। ਇਸ ਦੇ ਨਾਲ ਨਾਲ ਲੁੱਕ ਨਾਲ ਪੱਕੀ ਕੀਤੀ ਨੰਗੀ ਧਰਤੀ ਪੇਂਡੂ ਇਲਾਕਿਆਂ ਦੇ ਮੁਕਾਬਲੇ ਸ਼ਹਿਰੀ ਇਲਾਕਿਆਂ ਦੇ ਤਾਪਮਾਨ ਵਿਚ ਵਾਧਾ ਕਰਨ ਦਾ ਕਾਰਨ ਬਣਦੀ ਹੈ। ਨੋਟ ਕਰਨ ਵਾਲੀ ਇਕ ਹੋਰ ਦਿਲਚਸਪ ਗੱਲ ਇਹ ਹੈ ਕਿ ਕਾਰਾਂ ਔਸਤਨ 95 ਫੀਸਦੀ ਸਮਾਂ ਖੜ੍ਹੀਆਂ ਰਹਿੰਦੀਆਂ ਹਨ। ਇਸ ਦਾ ਮਤਲਬ ਇਹ ਹੋਇਆ ਕਿ ਭਾਵੇਂ ਕੋਈ ਕਾਰ ਛੋਟੀ ਹੋਵੇ ਜਾਂ ਵੱਡੀ ਹੋਵੇ ਜਾਂ ਐੱਸ ਯੂ ਵੀ ਹੋਵੇ ਜਾਂ ਬਿਜਲੀ ਨਾਲ ਚੱਲਣ ਵਾਲੀ ਹੋਵੇ, ਉਹ ਵਾਤਾਵਰਨ ਦਾ ਨੁਕਸਾਨ ਇਕੋ ਜਿੰਨਾ ਹੀ ਕਰੇਗੀ ਕਿਉਂਕਿ ਉਹਦੇ ਚੱਲਣ ਅਤੇ ਖੜ੍ਹੀ ਕਰਨ ਲਈ ਇਕੋ ਜਿੰਨੀ ਹੀ ਧਰਤੀ ਨੂੰ ਲੁੱਕ ਪਾ ਕੇ ਪੱਕਾ ਕਰਨ ਦੀ ਲੋੜ ਪੈਂਦੀ ਹੈ।

ਕਾਰਾਂ ਬਾਰੇ ਉਪਰਲੇ ਤੱਥਾਂ ਦੇ ਮੱਦੇਨਜ਼ਰ ਇਹ ਕਿਹਾ ਜਾ ਸਕਦਾ ਹੈ ਕਿ ਦੁਨੀਆ ਵਿਚ ਲੋਕਾਂ ਵੱਲੋਂ ਨਿੱਜੀ ਆਵਾਜਾਈ ਲਈ ਵਰਤੀਆਂ ਜਾਂਦੀਆਂ ਕਾਰਾਂ ਦੀ ਵਰਤੋਂ ਘਟਾਉਣ ਲਈ ਜਨਤਕ ਆਵਾਜਾਈ ਦੇ ਪ੍ਰਬੰਧ (Public Transportation System) ਨੂੰ ਉਤਸ਼ਾਹਤ ਕਰਨਾ ਚਾਹੀਦਾ

ਹੈ ਅਤੇ ਇਸ ਵਿਚ ਸੁਧਾਰ ਕਰਨਾ ਚਾਹੀਦਾ ਹੈ। ਪਰ ਅਸੀਂ ਅਮਰੀਕਾ ਦੀ ਉਪਰ ਦਿੱਤੀ ਉਦਾਹਰਨ ਤੋਂ ਸਾਫ ਦੇਖ ਸਕਦੇ ਹਾਂ ਕਿ ਜੇ ਇਹ ਪ੍ਰਬੰਧ ਕਾਰਪੋਰੇਸ਼ਨਾਂ ਦੇ ਮੁਨਾਫੇ ਵਿਚ ਰੁਕਾਵਟ ਬਣਦਾ ਹੋਵੇ ਤਾਂ ਉਹ ਇਸ ਨੂੰ ਤਬਾਹ ਕਰਨ ਤੋਂ ਵੀ ਨਹੀਂ ਝਿਜਕਦੀਆਂ। ਕਾਰਪੋਰੇਸ਼ਨਾਂ ਦੇ ਪ੍ਰਭਾਵ ਹੇਠ ਅੱਜ ਦੁਨੀਆ ਦੇ ਬਹੁਤ ਸਾਰੇ ਦੇਸ਼ਾਂ ਵਿਚ ਆਵਾਜਾਈ ਦੇ ਪ੍ਰਬੰਧ ਨੂੰ ਵਿਕਸਤ ਕਰਨ ਲਈ ਅਮਰੀਕਾ ਵਾਲੀ ਪਹੁੰਚ ਹੀ ਅਪਣਾਈ ਜਾ ਰਹੀ ਹੈ, ਕਿਉਂਕਿ ਇਸ ਨਾਲ ਕਾਰਾਂ, ਮੋਟਰ ਗੱਡੀਆਂ ਅਤੇ ਤੇਲ ਦੇ ਉਤਪਾਦਨ ਵਿਚ ਲੱਗੀਆਂ ਕਾਰਪੋਰੇਸ਼ਨਾਂ ਨੂੰ ਫਾਇਦਾ ਹੁੰਦਾ ਹੈ।

**ਸਿੱਟਾ**

ਉਤਪਾਦਨ ਦੇ ਪੂੰਜੀਵਾਦੀ ਪ੍ਰਬੰਧ ਵਿਚ ਜਿਣਸਾਂ ਦੇ ਉਤਪਾਦਨ ਦਾ ਮੁਖ ਮਕਸਦ ਮੁਨਾਫਾ ਕਮਾਉਣਾ ਅਤੇ ਸਰਮਾਏਦਾਰਾਂ ਦੀ ਦੌਲਤ ਵਿਚ ਵਾਧਾ ਕਰਨਾ ਹੈ। ਨਤੀਜੇ ਵਜੋਂ ਇਸ ਪ੍ਰਬੰਧ ਅਧੀਨ ਦੁਨੀਆ ਦੇ ਕੁੱਲ ਉਤਪਾਦਨ ਵਿਚ ਲਗਾਤਾਰ ਵਾਧਾ ਹੋਈ ਜਾਣਾ ਅਤੇ ਧਰਤੀ ਦੇ ਵਸੀਲਿਆਂ ਅਤੇ ਊਰਜਾ ਦੀ ਮੰਗ ਦਾ ਲਗਾਤਾਰ ਵਧੀ ਜਾਣਾ ਜ਼ਰੂਰੀ ਹੈ। ਜੀਵੋਂਨ ਦੇ ਵਿਰੋਧਾਭਾਸ ਕਾਰਨ ਵਸੀਲਿਆਂ ਅਤੇ ਊਰਜਾ ਦੀ ਘੱਟ ਖਪਤ ਕਰਨ ਵਾਲੀਆਂ ਤਕਨੌਲੋਜੀਆਂ ਵਸੀਲਿਆਂ ਅਤੇ ਊਰਜਾ ਦੀ ਮੰਗ ਘੱਟ ਕਰਨ ਦੀ ਥਾਂ ਇਸ ਮੰਗ ਨੂੰ ਹੋਰ ਵਧਾ ਦਿੰਦੀਆਂ ਹਨ। ਖੇਤੀ ਦੇ ਪੂੰਜੀਵਾਦੀ ਢੰਗ ਕਾਰਨ ਪੈਦਾ ਹੋਈ "ਮੈਟਾਬੋਲਿਕ ਰਿਫਟ" ਜ਼ਮੀਨ ਦੇ ਉਪਜਾਊ ਤੱਤਾਂ ਨੂੰ ਨਸ਼ਟ ਕਰਨ ਵਿਚ ਅਹਿਮ ਭੂਮਿਕਾ ਨਿਭਾਉਂਦੀ ਹੈ। ਜ਼ਮੀਨ ਦੇ ਨਸ਼ਟ ਹੋਏ ਉਪਜਾਊ ਤੱਤਾਂ ਦੀ ਘਾਟ ਨੂੰ ਪੂਰਾ ਕਰਨ ਲਈ ਵਰਤੀਆਂ ਜਾਂਦੀਆਂ ਰਸਾਇਣਕ ਖਾਦਾਂ ਅਗਾਂਹ ਵਾਤਾਵਰਨ ਦੇ ਪ੍ਰਦੂਸ਼ਨ ਦਾ ਕਾਰਨ ਬਣਦੀਆਂ ਹਨ। ਉਤਪਾਦਨ ਦੇ ਪੂੰਜੀਵਾਦੀ ਪ੍ਰਬੰਧ ਵਿਚ ਉਨ੍ਹਾਂ ਨਵੀਂਆਂ ਤਕਨੌਲੋਜੀਆਂ ਨੂੰ ਤਰਜੀਹ ਦਿੱਤੀ ਜਾਂਦੀ ਹੈ, ਜਿਹੜੀਆਂ ਸਰਮਾਏਦਾਰਾਂ ਦੇ ਮੁਨਾਫਿਆਂ ਵਿਚ ਵਾਧਾ ਕਰਨ ਵਿਚ ਸਹਾਈ ਹੁੰਦੀਆਂ ਹਨ, ਬੇਸ਼ੱਕ ਉਹ ਵਾਤਾਵਰਨ ਦੇ ਨੁਕਸਾਨ ਲਈ ਜ਼ਿੰਮੇਵਾਰ ਹੀ ਕਿਉਂ ਨਾ ਹੋਣ। ਉਤਪਾਦਨ ਦੇ ਪੂੰਜੀਵਾਦੀ ਢੰਗ ਦੀਆਂ ਇਨ੍ਹਾਂ ਅੰਤਰੀਵੀ ਖਾਸੀਅਤਾਂ ਨੂੰ ਦੇਖਦਿਆਂ ਇਹ ਸਿੱਟਾ ਕੱਢਿਆ ਜਾ ਸਕਦਾ ਹੈ ਕਿ ਉਤਪਾਦਨ ਦੇ ਇਸ ਢੰਗ ਦੇ ਚਲਦਿਆਂ ਵਾਤਾਵਰਨ ਦੇ ਸੰਕਟ ਨੂੰ ਹੱਲ ਕਰਨਾ ਸੰਭਵ ਨਹੀਂ ਹੈ। *ਈਕੌਲੋਜੀ ਅਗੇਂਸਟ ਕੈਪੀਟਲਿਜ਼ਮ* ਵਿਚ ਫੌਸਟਰ ਇਸ ਸਿੱਟੇ ਦਾ ਸਾਰ ਤਿੰਨ ਨੁਕਤਿਆਂ ਵਿਚ ਪੇਸ਼ ਕਰਦਾ ਹੈ:

(1) ਅੰਤ-ਰਹਿਤ ਵਾਧੇ ਅਤੇ ਅਸੀਮ ਦੌਲਤ ਦੇ ਇਕੱਤਰੀਕਰਨ ਨੂੰ ਪ੍ਰਣਾਏ ਪ੍ਰਬੰਧ ਦਾ ਧਰਤੀ ਨਾਲ ਰਿਸ਼ਤਾ ਵਿਨਾਸ਼ਕਾਰੀ ਹੀ ਰਹੇਗਾ, ਭਾਵੇਂ ਇਹ ਕੁਦਰਤੀ ਵਸੀਲਿਆਂ ਦੀ ਵਰਤੋਂ ਨੂੰ ਜਿੰਨਾ ਮਰਜ਼ੀ ਕਾਰਗਰ ਬਣਾ ਲਵੇ, ਅਤੇ ਇਹ ਲੰਮੇ ਸਮੇਂ ਲਈ (ਜੇ ਥੋੜ੍ਹੇ ਸਮੇਂ ਲਈ ਨਾ ਵੀ ਹੋਵੇ) ਕਾਇਮ-ਰਹਿਣ ਯੋਗ ਨਹੀਂ ਹੈ; (2) ਲੋਕਾਂ ਨੂੰ ਕਿਸੇ ਇਕ ਥਾਂ ਨਾਲ ਜੁੜੇ ਹੋਣ ਦੀ ਭਾਵਨਾ ਅਤੇ ਈਕੌਲੀਜਕਲ ਜੜ੍ਹਾਂ ਤੋਂ ਤੋੜਨ ਵਾਲੇ ਪ੍ਰਬੰਧ ਦਾ ਵਾਤਾਵਰਨਕ ਸਥਿਰਤਾ ਅਤੇ "ਜ਼ਮੀਨੀ ਨੈਤਿਕਤਾ" ਨਾਲ ਕੋਈ ਮੇਲ ਨਹੀਂ; (3) ਧਰਤੀ ਨੂੰ ਵੰਡਣ ਅਤੇ "ਅਮੀਰ ਅਤੇ ਗ਼ਰੀਬ ਦੀ ਈਕੌਲੋਜੀ" ਪੈਦਾ ਕਰਨ ਵਾਲਾ ਪ੍ਰਬੰਧ ਸਮਰਥਨ ਯੋਗ ਨਹੀਂ ਹੈ।

ਇਸ ਲਈ ਵਾਤਾਵਰਨ ਦੇ ਸੰਕਟ ਕਾਰਨ ਧਰਤੀ ਦੀ ਹੋਂਦ ਲਈ ਪੈਦਾ ਹੋ ਰਹੇ ਖਤਰੇ ਨਾਲ ਨਿਪਟਣ ਵਾਸਤੇ ਉਤਪਾਦਨ ਦੇ ਪੂੰਜੀਵਾਦੀ ਢੰਗ ਨੂੰ ਬਦਲ ਕੇ ਇਕ ਅਜਿਹਾ ਪ੍ਰਬੰਧ ਉਸਾਰਨਾ ਜ਼ਰੂਰੀ ਹੈ ਜਿਸ ਵਿਚ ਜਿਣਸਾਂ ਦੇ ਉਤਪਾਦਨ ਦਾ ਮਕਸਦ ਸਮਾਜਕ ਲੋੜਾਂ ਦੀ ਪੂਰਤੀ ਕਰਨਾ ਹੋਵੇ, ਨਾ ਕਿ ਮੁਨਾਫਾ ਕਮਾਉਣਾ। ਤਾਂ ਹੀ ਅਸੀਂ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਇਕ ਕਾਇਮ ਰਹਿਣ ਯੋਗ ਧਰਤੀ ਛੱਡ ਕੇ ਜਾ ਸਕਾਂਗੇ। 000

***(sukhwanthundal123@gmail.com)***

# ਵਰਤਮਾਨ ਸੰਕਟਾਂ ਦੇ ਦੌਰ ਵਿਚ ਤੇਰਾ ਸਿੰਘ ਚੰਨ ਨੂੰ ਮੁੜ ਪੜ੍ਹਦਿਆਂ...: ਕੁਲਦੀਪ ਸਿੰਘ ਦੀਪ

*ਕਿਤਨਾ ਅਣਜਾਣ ਤੇ ਬੇਸਮਝ ਹੈ ਅੰਬਰ!*
*ਖਿੜ ਖਿੜ ਉੱਠਦਾ ਕੇਵਲ ਛਿਣ ਲਈ*
*ਜਦ ਕੋਈ ਤਾਰਾ ਉਹ ਆਪਣੀ ਝੋਲੀ 'ਚੋਂ*
*ਧਰਤੀ ਉੱਤੇ ਪਟਕਾ ਕੇ ਸੁੱਟਦਾ ਹੈ...*
*ਨੱਚ ਉੱਠਦਾ ਹੈ ਮਾਰ ਕੇ ਤਾੜੀ*
*ਪਿੱਛੋਂ ਪਰ ਹੁੰਦਾ ਹੈ ਪਿੱਟ ਪਿੱਟ ਕੇ ਨੀਲਾ*
*ਜਦੋਂ ਤੱਕਦਾ ਹੈ ਆਪਣੇ ਹਰ ਪਾਸੇ*
*ਖਿੜੀ ਤਾਰਿਆਂ ਦੀ ਫੁੱਲਵਾੜੀ।*
*ਕਿਤਨੀ ਅਣਜਾਣ ਤੇ ਬੇਸਮਝ ਹੈ ਰਾਤ!*
*ਨਿਗਲ ਕੇ ਚਮਕਦਾ ਚਮਕਦਾ ਸੂਰਜ*
*ਖੁਸ਼ੀ 'ਚ ਤਾਰੇ ਖਲੇਰ ਦਿੰਦੀ ਹੈ।*
*ਝੱਟ ਹੀ ਪਰ ਉਸਦੀ ਛਾਤੀ 'ਤੇ*
*ਚੰਦਰਮਾ ਚੜ੍ਹ ਕੇ ਬਹਿ ਜਾਂਦਾ ਹੈ*
*ਸਵੇਰ ਤਾਰਿਆਂ ਦੇ ਰੋੜ ਹੂੰਝਣ ਲਈ*
*ਰਾਤ ਦੇ ਵਿਹੜੇ 'ਚ ਬਹੁਕਰ ਫੇਰ ਦਿੰਦੀ ਹੈ।*

ਬਹੁਤ ਵੱਡੇ ਸੱਚ ਨੂੰ ਆਪਣੇ ਅੰਦਰ ਸਮੋਈ ਬੈਠੀਆਂ ਇਹਨਾਂ ਕਾਵਿ ਸਤਰਾਂ ਦਾ ਲੇਖਕ ਤੇਰਾ ਸਿੰਘ ਚੰਨ ਹਰ ਦੌਰ ਦਾ ਵੱਡਾ ਲੇਖਕ ਹੈ। ਵੱਡਾ ਲੇਖਕ ਉਹ ਹੁੰਦਾ ਹੈ, ਜਿਸ ਦੇ ਸਿਰਜਣਾਤਮਕ ਪਾਸਾਰ ਸਰਬਕਾਲੀ ਸਰੋਕਾਰਾਂ ਨੂੰ ਮੁਖ਼ਾਤਬ ਹੁੰਦੇ ਹਨ। ਭਾਵੇਂ ਹਰ ਸਿਰਜਕ ਦੇ ਸਾਮ੍ਹਣੇ ਉਸ ਦਾ ਤਤਕਾਲ ਹੁੰਦਾ ਹੈ ਜਿਸ ਦਾ ਪ੍ਰਭਾਵ ਉਸ ਦੇ ਸਮਕਾਲ 'ਤੇ ਪੈਂਦਾ ਹੈ ਅਤੇ ਲੇਖਕ ਆਪਣੀ ਸਿਰਜਣਾ ਲਈ ਉਸ ਤਤਕਾਲ ਵਿਚੋਂ ਹੀ ਘਟਨਾਵਾਂ ਦੀ ਚੋਣ ਕਰਦਾ ਹੈ। ਪਰ ਇਹ ਹਰ ਲੇਖਕ ਦੀ ਆਪਣੀ ਵਿਲੱਖਣ ਅੰਤਰਦ੍ਰਿਸ਼ਟੀ ਅਤੇ ਵਿਸ਼ਲੇਸ਼ਣੀ ਸੂਝ ਹੁੰਦੀ ਹੈ ਕਿ ਉਹ ਤਤਕਾਲੀ ਮਸਲਿਆਂ ਨੂੰ ਸਮਕਾਲ ਤਕ ਹੀ ਸੀਮਤ ਰਖਦਾ ਹੈ ਜਾਂ ਸਮਕਾਲ ਤੋਂ ਅਗਾਂਹ ਚਿਰਕਾਲ ਦੇ ਪ੍ਰਸੰਗ ਵਿਚ ਪਰਿਭਾਸ਼ਤ ਕਰਦਾ ਹੈ। ਤੇਰਾ ਸਿੰਘ ਚੰਨ ਦੀ ਕਵਿਤਾ ਅਤੇ ਉਪੇਰੇ ਇਸ ਨਜ਼ਰੀਏ ਤੋਂ ਬਹੁਤ ਮਹੱਤਵਪੂਰਨ ਹਨ। ਉਸ ਦੇ ਉਪੇਰੇ ਆਪਣੇ ਕਥਾਨਕ ਤਾਂ ਤਤਕਾਲੀ ਪ੍ਰਸੰਗਾਂ ਵਿਚੋਂ ਲੈਂਦੇ ਹਨ, ਪਰ ਉਹਨਾਂ ਦੀ ਵਸਤੂਗਤ ਪ੍ਰਸਤੁਤੀ ਇਸ ਰੂਪ ਵਿਚ ਹੁੰਦੀ ਹੈ ਕਿ ਉਹ ਚਿਰਕਾਲੀ ਅਰਥਾਂ ਦੇ ਧਾਰਨੀ ਹੋ ਨਿਬੜਦੇ ਹਨ। ਵਰਤਮਾਨ ਕਿਸਾਨੀ ਪ੍ਰਸੰਗ ਅਤੇ ਵਰਤਮਾਨ ਗਲੋਬਲੀ ਸਰੋਕਾਰਾਂ ਦਾ ਨਾ ਤਾਂ ਤੇਰਾ ਸਿੰਘ ਚੰਨ ਨੂੰ ਕੋਈ ਅਹਿਸਾਸ ਸੀ ਤੇ ਨਾ ਆਭਾਸ ਸੀ। ਇੰਝ ਕਿਸੇ ਨੂੰ ਹੋ ਵੀ ਨਹੀਂ ਸਕਦਾ ਕਿ ਕੋਈ ਲੇਖਕ ਆਪਣੇ ਸਮਿਆਂ ਤੋਂ ਬਾਅਦ ਦੀ ਅੱਧੀ ਸਦੀ ਦੀ ਪੂਰਵ ਕਲਪਨਾ ਕਰੇ। ਪਰ ਕਰਤਾਰੀ ਪ੍ਰਤਿਭਾ ਵਾਲੇ ਲੇਖਕਾਂ ਨੂੰ ਮਸਲਿਆਂ ਦੀ ਪ੍ਰਕਿਰਤੀ ਅਤੇ ਚਰਿੱਤਰ ਦੀ ਏਨੀ ਕੁ ਸਮਝ ਹੁੰਦੀ ਹੈ ਕਿ ਉਹ ਉਹਨਾਂ ਨੂੰ ਪਾਰਕਾਲਿਕ ਅਭਿਵਿਅਕਤੀ ਦੇਣ ਦੇ ਸਮਰੱਥ ਹੁੰਦੇ ਹਨ। ਜਿਵੇਂ ਤੇਰਾ ਸਿੰਘ ਚੰਨ ਨੂੰ ਇਸ ਗੱਲ ਦਾ ਅਹਿਸਾਸ ਤਾਂ ਨਹੀਂ ਹੋ ਸਕਦਾ ਸੀ ਕਿ 21ਵੀਂ ਸਦੀ ਦੇ ਆਰੰਭ ਵਿਚ ਕੋਈ ਕਿਸਾਨ ਸੰਕਟ ਚੱਲੇਗਾ ਪਰ ਇਸ ਗੱਲ ਦਾ ਆਭਾਸ ਜ਼ਰੂਰ ਸੀ ਕਿ ਸਾਮਰਾਜ

ਦੀ ਪ੍ਰਕਿਰਤੀ ਹਮੇਸ਼ਾ ਸਾਧਨਾਂ ‘ਤੇ ਕਬਜ਼ਾ ਕਰਨ ਦੀ ਹੁੰਦੀ ਹੈ, ਜਿਸ ਦਾ ਸਿੱਧਾ ਪ੍ਰਭਾਵ ਸੋਸ਼ਕ ਤੇ ਸੋਸ਼ਿਤ ਜਮਾਤ ਦੀ ਟੱਕਰ ਦੇ ਰੂਪ ਵਿਚ ਸਾਮ੍ਹਣੇ ਆਉਂਦਾ ਹੈ। ਇਸ ਦਾ ਸਮਾਂ ਕੋਈ ਵੀ ਹੋ ਸਕਦਾ ਹੈ, ਸਥਾਨ ਕੋਈ ਵੀ ਹੋ ਸਕਦਾ ਹੈ ਤੇ ਰੂਪ ਕੋਈ ਵੀ ਹੋ ਸਕਦਾ ਹੈ ਪਰ ਪ੍ਰਕਿਰਤੀ ਤੇ ਚਰਿੱਤਰ ਲਗਪਗ ਉਹੀ ਰਹਿੰਦਾ ਹੈ। ਇਸ ਲਈ 21ਵੀਂ ਸਦੀ ਦੇ ਸਥਾਨਕ, ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪਾਸਾਰਾਂ ਦੇ ਪ੍ਰਸੰਗ ਵਿਚ ਤੇਰਾ ਸਿੰਘ ਚੰਨ ਦੀਆਂ ਕਵਿਤਾਵਾਂ ਅਤੇ ਉਪੇਰਿਆਂ ਦਾ ਪਾਠ ਤੇ ਵਿਸ਼ਲੇਸ਼ਣ ਬਹੁਤ ਹੀ ਦਿਲਚਸਪ ਅਤੇ ਅਰਥਭਰਪੂਰ ਹੈ।

ਤੇਰਾ ਸਿੰਘ ਚੰਨ ਦਾ ਆਪਣਾ ਸਿਰਜਣਾਤਮਕ ਪਿਛੋਕੜ ਦੂਜੇ ਵਿਸ਼ਵਯੁੱਧ ਤੋਂ ਬਾਅਦ ਚੱਲੀ ਸੰਸਾਰ ਅਮਨ ਲਹਿਰ, ਪ੍ਰਗਤੀਸ਼ੀਲ ਲੇਖਨ ਦੀ ਲਹਿਰ ਅਤੇ ਇਪਟਾ ਦੀ ਲਹਿਰ ਤੋਂ ਚੱਲਕੇ 20ਵੀ ਸਦੀ ਦੇ ਸੱਤਵੇਂ ਅੱਠਵੇਂ ਦਹਾਕੇ ਤਕ ਪਹੁੰਚਦਾ ਹੈ। ਇਹ ਸਮਾਂ ਅੰਤਰਰਾਸ਼ਟਰੀ ਅਤੇ ਰਾਸ਼ਟਰੀ ਪੱਧਰ 'ਤੇ ਵੱਡੀਆਂ ਉਥਲਾਂ-ਪੁੱਥਲਾਂ ਦਾ ਦੌਰ ਹੈ। ਦੋ ਵਿਸ਼ਵ ਜੰਗਾਂ ਤੋਂ ਬਾਅਦ ਸੰਸਾਰ ਦਾ ਇਹਨਾਂ ਜੰਗਾਂ ਦੇ ਨਤੀਜਿਆਂ ਅਤੇ ਇਸ ਰਾਹੀਂ ਪੈਦਾ ਹੁੰਦੇ ਸੰਕਟਾਂ ਦੇ ਕਾਰਨ ਤੀਜੀ ਵਿਸ਼ਵ ਜੰਗ ਤੋਂ ਤੌਬਾ ਕਰਨਾ ਅਤੇ ਇਸ ਨੂੰ ਹੋਣ ਤੋਂ ਰੋਕਣ ਲਈ ਮਾਨਸਿਕ ਅਤੇ ਮਨੋਵਿਗਿਆਨਕ ਤੌਰ 'ਤੇ ਤਿਆਰ ਹੋਣਾ ਬਹੁਤ ਮਹੱਤਵਪੂਰਨ ਪਰਿਵਰਤਨ ਸੀ, ਜਿਸ ਵਿਚੋਂ ਮੁੱਖਧਾਰਾ ਦੀ ਵਿਸ਼ਵ ਸਿਆਸਤ ਵਿਚ ਯੂ ਐੱਨ ਓ ਦਾ ਹੋਂਦ ਵਿਚ ਆਉਣਾ ਅਤੇ ਸਮਾਨਾਂਤਰ ਵਿਕਸਿਤ ਹੋ ਰਹੀ ਸਮਾਜਵਾਦੀ ਧਾਰਾ ਵਿਚ ਵਿਸ਼ਵ ਅਮਨ ਲਹਿਰ, ਪ੍ਰਗਤੀਸ਼ੀਲ ਲੇਖਕ ਸੰਘ ਅਤੇ ਇੰਡੀਅਨ ਪੀਪਲਜ਼ ਥੀਏਟਰ ਐਸੋਸੀਏਸ਼ਨ ਦਾ ਪੈਦਾ ਹੋਣਾ ਬੜੇ ਵੱਡੇ ਕਾਰਕ ਸਨ ਜਿਨ੍ਹਾਂ ਨੇ ਭਵਿੱਖੀ ਤਬਦੀਲੀਆਂ ਦਾ ਆਧਾਰ ਤਿਆਰ ਕਰਨਾ ਸੀ। ਇਸ ਦੇ ਨਾਲ ਹੀ ਭਾਰਤ ਵਿਚੋਂ ਬ੍ਰਿਟਿਸ਼ ਉਪਨਿਵੇਸ਼ਵਾਦ ਦਾ ਜਾਣਾ ਅਤੇ ਉਸ ਦੀ ਥਾਂ 'ਤੇ ਉਸੇ ਪ੍ਰਕਿਰਤੀ ਦੀ ਧਾਰਨੀ ਭਾਰਤੀ ਵਿਵਸਥਾ ਦਾ ਕਾਇਮ ਹੋਣਾ ਭਾਵੇਂ ਵਕਤੀ ਤੌਰ 'ਤੇ ਲੋਕਾਂ ਨੂੰ ‘ਆਪਣੇ’ ਹੋਣ ਦਾ ਭੁਲੇਖਾ ਪਾਉਂਦਾ ਸੀ, ਪਰ ਅਸਲ ਵਿਚ ‘ਆਪਣਾ’ ਨਹੀਂ ਸੀ। ਆਜ਼ਾਦੀ ਦੇ ਪਹਿਲੇ ਦਹਾਕੇ ਵਿਚ ਹੀ ਇਸ ਦਾ ਮੁਲੰਮਾ ਉਤਰਨਾ ਸ਼ੁਰੂ ਹੋ ਗਿਆ ਸੀ ਤੇ ਦੂਜੇ-ਤੀਜੇ ਦਹਾਕੇ ਵਿਚ ਇਹ ਪੂਰਨ ਤੌਰ 'ਤੇ ਸਿੱਧ ਹੋ ਗਿਆ ਸੀ ਕਿ ਸਿਰਫ਼ ਸੱਤਾ ਹੀ ਬਦਲੀ ਹੈ, ਸੱਤਾ ਦਾ ਕਿਰਦਾਰ ਨਹੀਂ ਬਦਲਿਆ। ਤੇਰਾ ਸਿੰਘ ਚੰਨ ਦਾ ਸਾਹਿਤ ਇਸ ਦੌਰ ਵਿਚ ਹੀ ਸਾਮ੍ਹਣੇ ਆਉਂਦਾ ਹੈ। ਇਸ ਲਈ ਇਹ ਸਾਹਿਤ ਸਿੱਧੇ ਤੌਰ 'ਤੇ ਇਸ ਦੌਰ ਦੇ ਪਰਿਵਰਤਨਾਂ ਅਤੇ ਦਿਸ਼ਾਵਾਂ ਦਾ ਹੀ ਅਦਬੀ ਪਰਤੌ ਹੈ, ਪਰ ਜਦ ਅਸੀਂ 21ਵੀਂ ਸਦੀ ਦੇ ਦੂਜੇ ਦਹਾਕੇ ਵਿਚ (ਲਗਪਗ 40 ਤੋਂ 50 ਸਾਲ ਬਾਅਦ) ਇਸ ਦਾ ਅਧਿਐਨ ਕਰਦੇ ਹਾਂ ਤਾਂ ਤਤਕਾਲੀ ਨਾਵਾਂ-ਥਾਵਾਂ ਦੀ ਹੋਂਦ ਤੋਂ ਪਰੇ ਇਸ ਸਾਹਿਤ ਦਾ ਸਰਬਕਾਲੀ ਚਿਹਰਾ ਵੀ ਨਜ਼ਰ ਆਉਂਦਾ ਹੈ। ਤੇਰਾ ਸਿੰਘ ਚੰਨ ਦੇ ਸਾਹਿਤ ਨੂੰ ਇਪਟਾ ਦੀ ਉਸ ਸਾਂਸਕ੍ਰਿਤਕ ਪਿੱਠਭੂਮੀ ਰਾਹੀਂ ਵੀ ਸਮਝਣਾ ਬਣਦਾ ਹੈ ਜਿਸ ਦਾ ਸਰੂਪ ਰਾਜਨੀਤਕ ਵੀ ਸੀ ਅਤੇ ਪ੍ਰਗਤੀਵਾਦੀ ਵੀ ਸੀ। ਨਾਟਕ ਦੇ ਖੇਤਰ ਵਿਚ ਸਿਆਸੀ ਚੇਤਨਾ ਦਾ ਪ੍ਰਵੇਸ਼ ਇਸਦਾ ਪਹਿਲਾ ਪਾਸਾਰ ਸੀ। ਭਾਵੇਂ ਇਸ ਤੋਂ ਪਹਿਲਾਂ ਸੰਤ ਸਿੰਘ ਸੇਖੋਂ ਰਾਹੀਂ ਪ੍ਰਗਤੀਵਾਦੀ ਪਾਸਾਰ ਅਭਿਵਿਅਕਤ ਹੋ ਚੁੱਕੇ ਸਨ, ਪਰ ਉਹਨਾਂ ਦਾ ਬਹੁਤਾ ਪ੍ਰਵਚਨ ਮਿਥਿਹਾਸਕ ਹਵਾਲਿਆਂ ਰਾਹੀਂ ਪੁਸ਼ਟ ਹੁੰਦਾ ਸੀ। ਇੰਝ ਤੇਰਾ ਸਿੰਘ ਚੰਨ ਦੇ ਉਪੇਰਿਆਂ ਦੇ ਪਿਛੋਕੜ ਵਿਚ ਤਿੰਨ ਮਹੱਤਵਪੂਰਨ ਤੱਥ ਕਾਰਜਸ਼ੀਲ ਸਨ: • ਇਪਟਾ ਦੇ ਸਿਆਸੀ ਸਰੋਕਾਰ, • ਅੰਤਰਰਾਸ਼ਟਰੀ ਸਰੋਕਾਰ, • ਸੰਗੀਤ ਨਾਟਕੀ ਸਰੋਕਾਰ।

ਤੇਰਾ ਸਿੰਘ ਚੰਨ ਦੇ ਸਮਿਆਂ ਤਕ ਸਮਾਰਾਜਵਾਦ ਆਪਣੇ ਰਵਾਇਤੀ ਪਹਿਰਾਵੇ ਵਿਚ ਕਾਰਜਸ਼ੀਲ ਸੀ। ਉਸ ਦੌਰ ਵਿਚ ਗਲੋਬਲਾਈਜ਼ੇਸ਼ਨ ਵਰਗੇ ਸੰਕਲਪ ਪੈਦਾ ਨਹੀਂ ਹੋਏ ਸਨ। ਇਹ ਸੰਕਲਪ ਭਾਵੇਂ ਵਿਸ਼ਵ ਪੱਧਰ 'ਤੇ ਸੰਕੇਤਕ ਰੂਪ ਵਿਚ 20ਵੀਂ ਸਦੀ ਦੇ ਅੱਠਵੇਂ-ਨੌਵੇਂ ਦਹਾਕੇ ਵਿਚ ਸ਼ੁਰੂ ਹੋ ਚੁੱਕੇ ਸਨ, ਪਰ ਸਮਸ਼ਟ ਰੂਪ ਵਿਚ 1990 ਵਿਚ ਡਬਲਿਊ ਟੀ ਓ ਰਾਹੀਂ ਹੋਏ ਗੈਟ

ਸਮਝੌਤੇ ਨਾਲ ਸਾਕਾਰ ਹੁੰਦੇ ਹਨ। ਇਸ ਤੋਂ ਬਾਅਦ ਰਵਾਇਤੀ ਸਾਮਰਾਜਵਾਦ ਆਪਣੇ ਵਰਤਮਾਨ ਗਲੋਬਲੀ ਪਹਿਰਾਵੇ ਨੂੰ ਅਪਣਾਉਂਦਾ ਹੈ। ਮੋਟੇ ਤੌਰ 'ਤੇ ਅੰਤਰ ਏਨਾ ਕੁ ਹੀ ਆਇਆ ਹੈ ਕਿ ਸੰਚਾਰ-ਤਕਨੀਕ ਵਿਚ ਆਏ ਯੁਗ ਪਲਟਾਊ ਪਰਿਵਰਤਨਾਂ ਨਾਲ ਸੰਸਾਰ ਇਕ ਦੂਜੇ ਦੇ ਬਹੁਤ ਨੇੜੇ ਹੋ ਗਿਆ ਹੈ। ਪਹਿਲਾਂ ਜੰਗਾਂ ਦਾ ਚਿਹਰਾ ਬਹੁਤਾ ਕਰਕੇ ਸਥਾਨਕ ਹੁੰਦਾ ਸੀ ਤੇ ਜੰਗ ਸਿੱਧੇ ਰੂਪ ਵਿਚ ਸਿਆਸੀ ਅਤੇ ਭੌਤਿਕ ਹਥਿਆਰਾਂ ਵਾਲੀ ਹੁੰਦੀ ਸੀ। ਹੁਣ ਵਾਲੇ ਸਾਮਰਾਜ ਨੇ ਰਾਜਨੀਤਕ ਸਾਮਰਾਜ ਨੂੰ ਸਿੱਧੀਆਂ ਜੰਗਾਂ ਰਾਹੀਂ 'ਇੰਪੋਜ਼' ਨਹੀਂ ਕੀਤਾ ਬਲਕਿ ਵਿਸ਼ਵ ਵਪਾਰ ਸਮਝੌਤੇ ਰਾਹੀਂ ਵਿਸ਼ਵ ਮੰਡੀਆਂ 'ਤੇ ਕਬਜ਼ਾ ਕਰਕੇ ਤੀਸਰੀ ਦੁਨੀਆਂ ਦੇ ਮੁਲਕਾਂ ਨੂੰ ਆਰਥਿਕ ਰੂਪ ਵਿਚ ਗ਼ੁਲਾਮ ਬਣਾ ਕੇ ਕਰਨਾ ਸ਼ੁਰੂ ਕੀਤਾ ਜਿਸ ਨੂੰ ਐੱਲ ਪੀ ਜੀ (ਗਲੋਬਲਾਈਜ਼ੇਸ਼ਨ, ਪ੍ਰਾਈਵੇਟਾਈਜ਼ੇਸ਼ਨ ਅਤੇ ਲਿਬਰਲਾਈਜ਼ੇਸ਼ਨ) ਦਾ ਦੌਰ ਕਿਹਾ ਜਾਂਦਾ ਹੈ।

ਤੇਰਾ ਸਿੰਘ ਚੰਨ ਨੂੰ ਮੁੜ ਪੜ੍ਹਦਿਆਂ ਇਹ ਗੱਲ ਵਧੇਰੇ ਕੇਂਦਰ ਵਿਚ ਰਹੀ ਕਿ ਕੀ ਇਹ ਸਾਹਿਤ ਅੱਜ ਦੇ ਦੌਰ ਵਿਚ ਵੀ ਪ੍ਰਸੰਗਕ ਹੈ? ਇਸ ਨਜ਼ਰੀਏ ਤੋਂ ਇਹ ਅਧਿਐਨ ਦੂਹਰੇ ਚਰਿੱਤਰ ਦਾ ਧਾਰਨੀ ਹੈ, ਜੋ ਤੇਰਾ ਸਿੰਘ ਚੰਨ ਦੇ ਸਾਹਿਤ ਦੀ ਉਸ ਦੇ ਆਪਣੇ ਦੌਰ ਵਿਚ ਪ੍ਰਸੰਗਕਤਾ ਅਤੇ ਉਸਦੀਅੱਜ ਦੇ ਦੌਰ ਵਿਚ ਪ੍ਰਸੰਗਕਤਾ ਨੂੰ ਸਾਹਵੇਂ ਲਿਆਉਂਦਾ ਹੈ।

ਜੇਕਰ ਚੰਨ ਦੀ ਕਵਿਤਾ ਦੇ ਹਵਾਲੇ ਨਾਲ ਗੱਲ ਕਰੀਏ ਤਾਂ ਤੇਰਾ ਸਿੰਘ ਚੰਨ ਨੇ ਪੰਜਾਬੀ ਅਦਬ ਨੂੰ ਵਿਸ਼ਵ ਅਮਨ ਲਹਿਰ ਦੇ ਸੰਦਰਭਾਂ ਨਾਲ ਕੁਝ ਅਮਰ ਗੀਤ ਦਿੱਤੇ। ਪਹਿਲਾ ਗੀਤ *'ਹੇ ਪਿਆਰੀ ਭਾਰਤ ਮਾਂ'* ਅਜਿਹਾ ਗੀਤ ਹੈ ਜੋ ਪੰਜਾਬੀ ਅਵਚੇਤਨ ਵਿਚ ਲੋਕਗੀਤ ਵਰਗਾ ਰੁਤਬਾ ਰਖਦਾ ਹੈ। ਇਹ ਗੀਤ ਬਹੁਤ ਤਰ੍ਹਾਂ ਦੀਆਂ ਮਿੱਥਾਂ ਨੂੰ ਤੋੜਦਾ ਹੈ। ਪਹਿਲੀ ਮਿੱਥ ਇਹ ਹੈ ਕਿ ਸੱਤਾਭਗਤੀ ਅਤੇ ਦੇਸ਼ ਭਗਤੀ ਦੋ ਵੱਖ ਵੱਖ ਸੰਕਲਪ ਹਨ। ਤੇਰਾ ਸਿੰਘ ਚੰਨ ਦੇ ਦੌਰ ਵਿਚ ਵੀ ਅਤੇ ਅੱਜ ਦੇ ਦੌਰ ਵਿਚ ਵੀ ਸੱਤਾ ਇਹਨਾਂ ਦੋਵਾਂ ਸੰਕਲਪਾਂ ਨੂੰ ਸਾਜ਼ਿਸ਼ ਤਹਿਤ ਰਲਗੱਡ ਕਰਦੀ ਹੈ ਅਤੇ ਸੱਤਾ ਦੇ ਵਿਰੋਧ ਨੂੰ ਦੇਸ਼ ਦਾ ਵਿਰੋਧ ਬਣਾ ਕੇ ਉਹਨਾਂ 'ਤੇ ਦੇਸ਼ਧਰੋਹ ਦਾ ਕਲੰਕ ਲਾ ਦਿੰਦੀ ਹੈ। ਵਿਸ਼ੇਸ਼ ਤੌਰ 'ਤੇ ਪ੍ਰਗਤੀਵਾਦੀ ਸੁਰ ਦੇ ਲੇਖਕਾਂ, ਕਾਮਿਆਂ ਅਤੇ ਸੰਘਰਸ਼ੀ ਯੋਧਿਆਂ ਨੂੰ ਹਮੇਸ਼ਾ ਹੀ ਸੱਤਾ ਆਪਣਾ ਦੁਸ਼ਮਣ ਮੰਨਦੀ ਹੈ ਅਤੇ ਉਹਨਾਂ ਨੂੰ ਦੇਸ਼ਭਗਤ ਮੰਨਣ ਤੋਂ ਇਨਕਾਰੀ ਹੁੰਦੀ ਹੈ। ਇਹ ਗੀਤ ਕਿਸੇ ਵੀ ਮਨੁੱਖ ਦੇ ਅੰਦਰ ਪਏ ਦੇਸ਼ਭਗਤੀ ਦੇ ਕਪਟਮੁਕਤ ਅਤੇ ਸਹਿਜ ਸੰਕਲਪ ਦੀ ਪ੍ਰਤਿਨਿਧਤਾ ਕਰਦਾ ਹੈ ਅਤੇ ਸਿੱਧ ਕਰਦਾ ਹੈ ਕਿ ਆਮ ਮਨੁੱਖ ਸੱਤਾ ਦੇ ਮੁਕਾਬਲੇ ਕਿਤੇ ਵੱਧ ਦੇਸ਼ਭਗਤ ਹੁੰਦਾ ਹੈ। ਦੇਸ਼ ਦਾ ਪ੍ਰਕਿਰਤਕ ਆਲ਼ਾ ਦੁਆਲ਼ਾ ਅਤੇ ਦੇਸ਼ ਦੀ ਇਤਿਹਾਸਕ ਤੇ ਜੁਝਾਰੂ ਵਿਰਾਸਤ ਉਸ ਲਈ ਜਿਉਣ ਦੀ ਪ੍ਰੇਰਨਾ ਬਣਦੀ ਹੈ। ਇਹ ਵੱਖਰੀ ਗੱਲ ਹੈ ਕਿ ਸੱਤਾ ਨੇ ਇਸ ਗੀਤ ਦੇ ਲੇਖਕ ਨੂੰ ਵੀ ਜੇਲ੍ਹ ਵਿਚ ਸੁੱਟ ਦਿੱਤਾ ਸੀ ਤੇ ਅੱਜ ਵੀ ਵਰਵਰਾ ਰਾਓ ਵਰਗੇ ਕਿੰਨੇ ਹੀ ਲੇਖਕ ਦੇਸ਼ਭਗਤੀ ਦੇ ਚੋਲ਼ੇ ਹੇਠ ਲੁਕੀ ਸੱਤਾ ਭਗਤੀ ਦੀ ਦਰਿੰਦਗੀ ਦਾ ਸ਼ਿਕਾਰ ਹਨ। *'ਕਾਗ ਸਮੇਂ ਦਾ ਬੋਲਿਆ'* ਚੰਨ ਦੁਆਰਾ ਸਿਰਜਿਤ ਉਹ ਅਮਰ ਗੀਤ ਹੈ, ਜੋ ਕਾਲਮੁਕਤ ਰਚਨਾ ਹੋ ਨਿਬੜੀ ਹੈ। ਜਦ-ਜਦ ਸੰਸਾਰ ਤੇ ਜੰਗ ਦੇ ਬੱਦਲ ਮੰਡਰਾਉਣਗੇ ਅਤੇ ਜਦ-ਜਦ ਸਮਾਰਾਜ ਆਪਣੇ ਸੁਆਰਥਾਂ ਦੀ ਪੂਰਤੀ ਲਈ ਮਨੁੱਖਤਾ ਨੂੰ ਯੁੱਧ ਦੀ ਭੱਠੀ ਵਿਚ ਧੱਕੇਗਾ, ਤਦ-ਤਦ ਅਮਨਪਸੰਦ ਅਤੇ ਮਾਨਵੀ ਚਿਹਰੇ ਵਾਲੀਆਂ ਤਾਕਤਾਂ ਅਮਨ ਲਈ ਤਹਿਰੀਕ ਵਿਢਣਗੀਆਂ ਅਤੇ ਜਦ ਕਿਤੇ ਵੀ ਅਮਨ ਦੀ ਕਾਇਮੀ ਲਈ ਕਾਫ਼ਲੇ ਉੱਠਣਗੇ ਤਾਂ ਤੇਰਾ ਸਿੰਘ ਚੰਨ ਦਾ ਇਹ ਗੀਤ ਯਾਦ ਆਏਗਾ:

*ਕਾਗ ਸਮੇਂ ਦਾ ਬੋਲਿਆ ਅਮਨਾਂ ਦੀ ਬੋਲੀ*
*ਮਾਖਿਉਂ ਵਰਗੀ ਮਸਤੀ, ਜਿਸ ਕਣ ਕਣ ਵਿਚ ਘੋਲ਼ੀ*

ਕਿਉਂਕਿ ਤੇਰਾ ਸਿੰਘ ਚੰਨ ਦੇ ਸਰੋਕਾਰ ਆਮ ਕਿਰਤੀ ਕਿਸਾਨ ਦੇ ਸਰੋਕਾਰ ਹਨ, ਇਸ ਲਈ ਉਸ ਨੂੰ ਇਸ ਗੱਲ ਦਾ ਅਹਿਸਾਸ ਹੈ ਕਿ ਜੰਗ ਦੇ ਸਾਮਰਾਜੀ ਸੱਤਾ ਲਈ ਅਰਥ ਹੋਰ ਹੁੰਦੇ ਹਨ ਤੇ

ਅਵਾਮ ਲਈ ਹੋਰ। ਇਹ ਇਕ ਧਿਰ ਲਈ 'ਸੰਜੀਵਨੀ' ਹੁੰਦੀ ਹੈ ਤੇ ਦੂਜੀ ਧਿਰ ਲਈ 'ਸੰਖੀਆ' ਹੁੰਦੀ ਹੈ, ਇਕ ਲਈ 'ਜਸ਼ਨ' ਹੁੰਦੀ ਹੈ ਤੇ ਦੂਜੇ ਲਈ 'ਤਾਂਡਵ' ਹੁੰਦੀ ਹੈ। ਔਰਤਾਂ ਨਪੁੱਤੀਆਂ ਤੇ ਵਿਧਵਾਵਾਂ ਹੋ ਜਾਂਦੀਆਂ ਹਨ ਤੇ ਬੁੱਢੇ ਬਾਪਾਂ ਦੀਆਂ ਡੰਗੋਰੀਆਂ ਟੁੱਟ ਜਾਂਦੀਆਂ ਹਨ। ਇਸੇ ਲਈ ਜੰਗ ਆਮ ਆਦਮੀ ਲਈ ਵਿਨਾਸ਼ ਲੈ ਕੇ ਆਉਂਦੀ ਹੈ ਤੇ ਅਮਨ ਜਸ਼ਨ ਲੈ ਕੇ ਆਉਂਦਾ ਹੈ:

*ਪਾ ਲਏ ਅੰਦਰੋਂ ਕੱਢ ਕੇ ਵਿਧਵਾ ਨੇ ਗਹਿਣੇ*
*ਖੁਸ਼ ਹੈ ਹੁਣ ਨਹੀਂ ਕਦੇ ਵੀ ਤਨ ਉੱਤੋਂ ਲਹਿਣੇ*
*ਵਰੀ ਸੂਹੀ ਦੀ ਪੋਟਲੀ ਉਸ ਵਿਹੜੇ ਵਿਚ ਖੋਲ੍ਹੀ*
*ਕਾਗ ਸਮੇਂ ਦਾ ਬੋਲਿਆ, ਅਮਨਾਂ ਦੀ ਬੋਲੀ*

ਇਸੇ ਲਈ ਤੇਰਾ ਸਿੰਘ ਚੰਨ ਲਈ ਪਾਪ-ਪੁੰਨ ਦੇ ਅਰਥ ਵੀ ਬਦਲ ਜਾਂਦੇ ਹਨ। ਉਸ ਲਈ ਹਰ ਉਹ ਕਿਰਿਆ ਜਾਂ ਗਤੀਵਿਧੀ ਪਾਪ ਹੈ, ਜੋ ਸੋਸ਼ਣ ਦਾ ਸੰਦ ਬਣਦੀ ਹੈ ਤੇ ਉਹ ਹਰ ਗਤੀਵਿਧੀ ਪੁੰਨ ਹੈ ਜੋ ਅਵਾਮ ਦੀ ਮੁਕਤੀ ਦੇ ਏਜੰਡੇ ਦੇ ਕੰਮ ਆਉਂਦੀ ਹੈ। ਪਾਪ-ਪੁੰਨ ਦਾ ਇਹ ਸਮਾਜਕ ਪੈਰਾਮੀਟਰ ਤੇਰਾ ਸਿੰਘ ਚੰਨ ਦੀਆਂ ਰਚਨਾਵਾਂ ਦਾ ਬੁਨਿਆਦੀ ਆਧਾਰ ਹੈ। ਆਪਣੀ ਕਵਿਤਾ *'ਮੈਂ ਇਸ ਨੂੰ ਕੋਈ ਪਾਪ ਨਾ ਜਾਣਾ'* ਵਿਚ ਉਹ ਇਸ ਨੂੰ ਕਾਵਿਕ ਅਭਿਅਵਿਕਤੀ ਦਿੰਦਾ ਹੈ:

*ਕੋਈ ਸ਼ਿਕਾਰੀ ਵਿਚ ਬਹਾਰਾਂ*
*ਗਾਣ ਨਾ ਦੇਵੇ ਗੀਤ ਕਿਸੇ ਨੂੰ*
*ਪਿੰਜਰੇ ਅੰਦਰ ਡੱਕੀ ਜਾਵੇ*
*ਬਾਗ਼ ਦੀਆਂ ਮਾਸੂਮ ਗਟਾਰਾਂ*
*ਸੁਖ ਦੀ ਨੀਂਦੇ ਸੌਣ ਨਾ ਦੇਵੇ*
*ਬੋਲਣ 'ਤੇ ਜੀਭਾਂ ਨੂੰ ਜੰਦਰੇ*
*ਉੱਡਣ 'ਤੇ ਖੰਭਾਂ ਨੂੰ ਸਾੜੇ*
*ਰੋਵਣ ਤੇ ਕੁਰਲੌਣ ਨਾ ਦੇਵੇ*
*ਤਕ ਕੇ ਉਹਦਾ ਜ਼ੁਲਮ ਕਮਾਣਾ*
*ਮਾਰ ਦਏ ਜੇ ਉਸ ਨੂੰ ਕੋਈ*
*ਉਸ ਤੋਂ ਡਾਹਢਾ ਇਕ ਜਰਵਾਣਾ*
*ਮੈਂ ਇਸ ਨੂੰ ਕੋਈ ਪਾਪ ਨਾ ਜਾਣਾ*

ਤੇਰਾ ਸਿੰਘ ਚੰਨ ਦੀ ਕਵਿਤਾ ਦਾ ਕਾਲਕ੍ਰਮ 1942-43 ਤੋਂ ਸ਼ੁਰੂ ਹੋ ਕੇ 1975-76 ਤਕ ਫੈਲਦਾ ਹੈ। ਇਤਿਹਾਸਕਤਾ ਦੇ ਅਨੁਸਾਰ ਦੇਖੀਏ ਤਾਂ ਤੇਰਾ ਸਿੰਘ ਚੰਨ ਪੂਰਵ ਸੁਤੰਤਰਤਾ ਕਾਲ ਤੋਂ ਸ਼ੁਰੂ ਹੋ ਕੇ ਉੱਤਰ ਸੁਤੰਤਰਤਾ ਕਾਲ ਤਕ ਦੇ ਸਮੇਂ ਨੂੰ ਕਾਵਿਕ ਅਭਿਵਿਅਕਤੀ ਦਿੰਦਾ ਹੈ। ਇਸੇ ਲਈ ਉਸ ਦੀ ਕਵਿਤਾ ਵਿਚ ਉਹਨਾਂ 'ਬਾਗ਼ਬਾਨਾਂ' ਵੱਲ ਸੰਕੇਤ ਹੈ ਜਿਹੜੇ ਆਜ਼ਾਦੀ ਤੋਂ ਪਹਿਲਾਂ ਜਿਸ ਅਵਾਮ ਤੋਂ ਤਾਕਤ ਪ੍ਰਾਪਤ ਕਰਦੇ ਹਨ, ਆਜ਼ਾਦੀ ਤੋਂ ਬਾਅਦ ਉਸੇ ਅਵਾਮ ਦੀਆਂ ਜੜ੍ਹਾਂ ਵੱਢਣੀਆਂ ਸ਼ੁਰੂ ਕਰ ਦਿੰਦੇ ਹਨ। ਉਦੋਂ ਤੋਂ ਲੈ ਕੇ ਇਹ ਸਿਲਸਿਲਾ ਅੱਜ ਤਕ ਲਗਾਤਾਰ ਚਲਦਾ ਆ ਰਿਹਾ ਹੈ। ਇਸ ਲਈ ਉਸ ਦੀ ਕਵਿਤਾ *'ਮੇਰੀ ਜਨਤਾ'* ਨੂੰ ਪੜ੍ਹਦਿਆਂ ਤੇ ਮਾਣਦਿਆਂ ਤੁਹਾਨੂੰ ਇਹ ਅਹਿਸਾਸ ਨਹੀਂ ਹੁੰਦਾ ਕਿ ਇਹ ਕਵਿਤਾ ਅੱਜ ਤੋਂ 72 ਸਾਲ ਪਹਿਲਾਂ 1948 ਵਿਚ ਲਿਖੀ ਗਈ ਸੀ। ਕਮਾਲ ਦੀ ਗੱਲ ਹੈ ਕਿ ਕਲਮਾਂ ਵਾਲਿਆਂ ਨੂੰ ਆਜ਼ਾਦੀ ਤੋਂ ਇਕ ਸਾਲ ਬਾਅਦ 'ਸੱਤਾ ਦੇ ਹਨੀਮੂਨ ਕਾਲ' ਵਿਚ ਹੀ ਸੱਤਾ ਦੇ ਕਿਰਦਾਰ ਦਾ ਅਹਿਸਾਸ ਹੋ ਗਿਆ ਸੀ। ਉਹ ਲਿਖਦੇ ਹਨ:

*ਉਹ ਜਿਹੜਾ ਬਾਗਬਾਂ ਕੱਲ੍ਹ ਤੀਕ ਤੇਰੇ ਦਰ 'ਤੇ ਭੌਂਦਾ ਸੀ*
*ਤੇਰੀ ਤਾਕਤ 'ਤੇ ਜੋ ਸੱਯਾਦ ਨੂੰ ਅੱਖਾਂ ਵਿਖੌਂਦਾ ਸੀ*

*ਜਿਦ੍ਹੇ ਆਖੇ ਵਤਨ ਦੇ ਬਾਗ਼ ਲਈ ਤੂੰ ਰੱਤ ਦਿੱਤੀ ਸੀ*
*ਭਗਤ ਸਿੰਘ ਸ਼ੇਰ ਦਿੱਤਾ ਸੀ ਤੇ ਲਾਜ ਪੱਤ ਦਿੱਤੀ ਸੀ*
*ਅੱਜ ਉਸ ਨੇ ਝੂਠੀ ਮੂਠੀ ਬਾਗ਼ 'ਚੋਂ ਸੱਯਾਦ ਨੂੰ ਕੱਢਕੇ*
*ਬਦਲ ਕੇ ਰੂਪ ਆਪਣਾ ਆਪ ਹੋ ਸੱਯਾਦ ਬਣ ਬੈਠਾ*
*ਤੇਰੇ ਤੇ ਆਪਣੇ ਵਿਚਕਾਰ ਇਕ ਪੜਦਾ ਹੈ ਤਣ ਬੈਠਾ*
*ਫ਼ਰਕ ਬਿਲਕੁਲ ਨਹੀਂ ਉਹ ਚਿੱਟਾ ਹੈ ਇਹ ਕਾਲਾ ਹੈ*
*ਸਿਰਫ਼ ਆਪਣੇ ਬਿਗਾਨੇ ਦਾ ਵਿਚਾਲੇ ਇਕ ਵਿਖਾਲਾ ਹੈ*

ਇਸ ਤੋਂ ਬਾਅਦ ਸੱਤਾ ਦੇ ਖਿਲਾਫ਼ ਚੰਨ ਦੇ ਬੋਲ ਹੋਰ 'ਵਿੱਫ਼ਰ' ਉਠਦੇ ਹਨ ਤੇ ਉਹ ਸਪਸ਼ਟ ਰੂਪ ਵਿਚ ਇਸ ਤੋਂ ਮੁਕਤ ਹੋਣ ਦਾ ਆਹਵਾਨ ਕਰਦਾ ਹੈ। 1949 ਵਿਚ ਲਿਖੀ ਉਸ ਦੀ ਕਵਿਤਾ *'ਮੇਰੇ ਮਹਿਬੂਬ ਹੁਣ ਮੈਂ ਰਾਜ਼ੀ ਹਾਂ'* ਦੀਆਂ ਇਹਨਾਂ ਸਤਰਾਂ ਨੂੰ ਅੱਜ 2021 ਵਿਚ ਪੜ੍ਹਦਿਆਂ ਤੁਹਾਨੂੰ ਇਹ ਬੋਲ ਅੱਜ ਦੇ ਅਵਾਮ ਨੂੰ ਮੁਖ਼ਾਤਬ ਹੋ ਕੇ ਲਿਖੇ ਮਹਿਸੂਸ ਹੋਣਗੇ:

*ਹੇ ਭਾਰਤ ਦੇ ਲਿਤਾੜੇ ਤੇ ਦਬਾਏ ਹੋਏ ਲੋਕੋ*
*ਨਵੇਂ ਹਿਟਲਰਾਂ ਦੇ ਮੁਖਾਲਫ਼ ਉੱਠੋ*
*ਅਮਨ ਚਾਹੁਣ ਵਾਲੀ ਜ਼ਮਾਨੇ ਦੀ ਸੈਨਾ ਵਿਚ ਜਾ ਮਿਲੋ*

ਖ਼ੂਬਸੂਰਤੀ ਇਹ ਵੀ ਹੈ ਕਿ ਚੰਨ ਦੀਆਂ ਇਕ ਨਹੀਂ ਕਈ ਕਵਿਤਾਵਾਂ ਇੰਝ ਹੀ ਸਮੇਂ ਤੇ ਸਥਾਨ ਦੀਆਂ ਵਿੱਥਾਂ ਨੂੰ ਮੇਟ ਕਾਲਮੁਕਤ ਅਤੇ ਸਥਾਨ ਮੁਕਤ ਹੋ ਨਿਬੜਦੀਆਂ ਹਨ। *'ਮੋਰਚੇ ਦੀ ਚੜ੍ਹਤ'* ਕਵਿਤਾ ਦੇ ਹੇਠ ਲਿਖੇ ਬੋਲ ਪੜ੍ਹਕੇ ਤੁਹਾਨੂੰ ਇਹ ਲੱਗੇਗਾ ਕਿ 1959 ਤੇ 2021 ਦੀ ਗਲਵਕੜੀ ਪੈ ਗਈ ਹੈ, 60 ਸਾਲਾਂ ਦੀਆਂ ਵਿੱਥਾਂ ਮਿਟ ਗਈਆਂ ਹਨ, ਸੱਤਾ ਉਸੇ ਤਰ੍ਹਾਂ ਸ਼ੈਤਾਨ ਹੈ, ਅਵਾਮ ਉਸੇ ਤਰ੍ਹਾਂ ਮੋਰਚੇ ਵਿਚ ਖੜ੍ਹਾ ਹੈ ਅਤੇ ਤੇਰਾ ਸਿੰਘ ਚੰਨ ਸਿੰਘੂ ਤੇ ਟਿਕਰੀ ਜਾਣ ਲਈ ਆਵਾਜ਼ਾਂ ਮਾਰ ਰਿਹਾ ਹੈ ਤੇ ਜਾਂਦਿਆਂ ਦਾ ਹੌਂਸਲਾ ਵਧਾ ਰਿਹਾ ਹੈ:

*ਲੋਕਾਂ ਨੇ ਲਾਇਆ ਮੋਰਚਾ ਹੈ ਹਾਕਮਾਂ ਦੇ ਸੰਗ*
*ਛਿੜ ਪਈ ਹੈ ਫੇਰ ਕੌਰਵਾਂ ਪਾਂਡਵਾਂ ਦੀ ਜੰਗ*
*ਧਰਤੀ ਨੂੰ ਚੁੰਮ ਕੇ ਝੂਮਦੇ ਕਿਰਸਾਣ ਟੁਰ ਪਏ*
*ਬੱਚੇ ਤੇ ਬੁੱਢੇ ਤੀਵੀਆਂ ਜਵਾਨ ਟੁਰ ਪਏ*
*ਇਕ ਇਕ ਜਵਾਨ ਨਾਲ ਕਈ ਜਹਾਨ ਟੁਰ ਪਏ*
*ਕੜਕੀ ਹੈ ਬਿਜਲੀ ਵਾਂਗਰਾਂ ਸੀਨੇ ਦੀ ਹਰ ਉਮੰਗ*

ਤੇ ਜਦ ਤੇਰਾ ਸਿੰਘ ਚੰਨ ਆਪਣੀ ਕਵਿਤਾ *'ਹੈਰਾਨੀ ਦੂਰ ਹੋਈ ਹੈ'* ਵਿਚ ਪੰਜਾਬ ਦੇ ਇਤਿਹਾਸ ਅਤੇ ਸੱਭਿਆਚਾਰ ਦੇ ਬਿੰਬਾਂ ਤੇ ਪ੍ਰਤੀਕਾਂ ਨਾਲ ਇਸੇ ਸੱਚ ਨੂੰ ਰੂਪਮਾਨ ਕਰਦਾ ਹੈ ਤਾਂ ਇਹ ਧਾਰਨਾ ਪੱਕੀ ਹੋ ਜਾਂਦੀ ਹੈ ਕਿ ਹਰ ਦੌਰ ਵਿਚ ਸ਼ੈਤਾਨ ਦਾ ਕਿਰਦਾਰ ਵੀ ਇਕੋ ਜਿਹਾ ਹੁੰਦਾ ਹੈ ਤੇ ਆਵਾਮ ਦਾ ਰਣ ਤੱਤੇ ਵਿਚ ਜੂਝਣ ਦਾ ਜਜ਼ਬਾ ਵੀ ਇਕੋ ਜਿਹਾ ਹੁੰਦਾ ਹੈ ਤੇ ਇਸ ਸਰਬਕਾਲੀ ਜੰਗ ਦੌਰਾਨ ਲੋਕਪੱਖੀ ਕਲਮਾਂ ਦੀ ਲਲਕਾਰ ਵੀ ਇਕੋ ਜਿਹੀ ਹੁੰਦੀ ਹੈ। ਇਸੇ ਲਈ ਤੇਰਾ ਸਿੰਘ ਚੰਨ ਦੀ ਸ਼ਾਇਰੀ 'ਚੋਂ ਅਜਿਹੇ ਸਰਬਕਾਲੀ ਪ੍ਰੇਰਨਾ ਵਾਲੇ ਬੋਲ ਪੈਦਾ ਹੁੰਦੇ ਹਨ :

*ਕੋਈ ਵੀ ਤੇਗ਼, ਫਾਂਸੀ, ਉਬਲਦੀ ਹੋਈ ਦੇਗ, ਲੋਹ ਤਪਦੀ*
*ਮਨੁੱਖ ਨੂੰ ਆਪਣੇ ਜੀਵਨ ਲਕਸ਼ ਤੋਂ ਹੋੜ ਨਹੀਂ ਸਕਦੀ*
*ਕੋਈ ਆਰਾ ਕਿਸੇ ਦੇ ਜਿਸਮ ਨੂੰ ਤਾਂ ਚੀਰ ਸਕਦਾ ਹੈ*
*ਮਗਰ ਰੂਹ ਦੀ ਅਣਖ ਨੂੰ ਕੋਈ ਹਕੂਮਤ ਤੋੜ ਨਹੀਂ ਸਕਦੀ*

ਉਹਨਾਂ ਦੀ ਕਵਿਤਾ ਦੇ ਇਹਨਾਂ ਲੋਕਪੱਖੀ ਸਰੋਕਾਰਾਂ ਤੋਂ ਬਾਅਦ ਉਹਨਾਂ ਦੇ ਉਪੇਰਿਆਂ ਦਾ

ਵੀ ਇਸ ਨਜ਼ਰੀਏ ਤੋਂ ਅਧਿਐਨ ਕੀਤਾ ਜਾਣਾ ਮਹੱਤਵਪੂਰਨ ਹੈ। ਕਿਉਂਕਿ ਤੇਰਾ ਸਿੰਘ ਚੰਨ ਨੂੰ ਮੁੱਖ ਤੌਰ 'ਤੇ ਉਸ ਦੇ ਉਪੇਰਿਆਂ ਕਰਕੇ ਹੀ ਯਾਦ ਕੀਤਾ ਜਾਂਦਾ ਹੈ। ਆਪਣੀ ਕਵਿਤਾ ਵਾਂਗ ਹੀ ਤੇਰਾ ਸਿੰਘ ਚੰਨ ਆਪਣੀ ਉਸੇ ਲੋਕਪੱਖੀ ਪਹੁੰਚ ਨੂੰ ਜਾਰੀ ਰੱਖਦਾ ਹੋਇਆ ਸਥਾਨਕ, ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸਰੋਕਾਰਾਂ ਨੂੰ ਸੰਬੋਧਤ ਹੁੰਦਾ ਹੈ। ਵਿਸ਼ੇਸ਼ ਤੌਰ 'ਤੇ ਉਹਨਾਂ ਦਾ ਅੰਤਰ ਰਾਸ਼ਟਰੀ/ਅਮਨ ਪਰਿਪੇਖ ਉਸ ਦੌਰ ਦੇ ਅਨੁਸਾਰ ਵੀ ਅਤੇ ਅੱਜ ਦੇ ਦੌਰ ਦੇ ਅਨੁਸਾਰ ਵੀ ਬਰਾਬਰ ਮਹੱਤਵਪੂਰਨ ਹੈ। ਵੈਸੇ ਤਾਂ ਸਮੁੱਚਾ ਪੰਜਾਬੀ ਉਪੇਰਾ ਦੂਜੇ ਵਿਸ਼ਵਯੁੱਧ ਦੀ ਵਿਭੀਸ਼ਕਾ ਦੇ ਪ੍ਰਤੀਉਤਰ ਵਜੋਂ ਕਾਰਜਸ਼ੀਲ ਕੌਮਾਂਤਰੀ ਅਮਨ ਲਹਿਰ ਦੇ ਭਾਰਤੀ ਪ੍ਰਤੀਰੂਪ ਇਪਟਾ ਰਾਹੀਂ ਅਸਤਿਤਵ ਵਿਚ ਆਉਂਦਾ ਹੈ। ਇਸ ਲਈ ਆਧੁਨਿਕ ਪੰਜਾਬੀ ਗੱਦ ਨਾਟਕ ਦੇ ਮੁਕਾਬਲੇ ਅੰਤਰਰਾਸ਼ਟਰੀ ਚੇਤਨਾ ਤੇ ਅਮਨ ਸਰੋਕਾਰ ਉਪੇਰਾ ਪਰੰਪਰਾ ਦੇ ਮਹੱਤਵਪੂਰਨ ਭਾਗ ਵਜੋਂ ਅਰਥਵਾਨ ਹਨ। ਇਸ ਦ੍ਰਿਸ਼ਟੀ ਤੋਂ ਤੇਰਾ ਸਿੰਘ ਚੰਨ ਦੇ ਉਪੇਰਾ *'ਨੀਲ ਦੀ ਸ਼ਹਿਜਾਦੀ', 'ਸਾਜ਼ਿਸ਼', 'ਆਖਿਰੀ ਪੜਾਅ', 'ਲੱਕੜ ਦੀ ਲੱਤ', 'ਫੁੱਲਾਂ ਦਾ ਸੁਨੇਹਾ'* ਬਹੁਤ ਮਹੱਤਵਪੂਰਨ ਨਾਟਕ ਹਨ।

ਉਪੇਰਾ *'ਨੀਲ ਦੀ ਸ਼ਹਿਜ਼ਾਦੀ'* ਅੰਤਰਰਾਸ਼ਟਰੀ ਸਰੋਕਾਰ ਨਾਲ ਵਾਬਸਤਗੀ ਪ੍ਰਗਟਾਉਂਦਾ ਹੋਇਆ ਵਿਸ਼ਵ ਪੱਧਰ 'ਤੇ ਸ਼ਕਤੀਆਂ ਦੇ ਧਰੁਵੀਕਰਣ ਨੂੰ ਨਾਟਕੀ ਕੱਥ ਦਾ ਵਿਸ਼ਾ ਬਣਾਉਂਦਾ ਹੈ। ਇਹ ਉਪੇਰਾ ਅੰਤਰਰਾਸ਼ਟਰੀ ਪੱਧਰ 'ਤੇ ਸਵੇਜ਼ ਨਹਿਰ ਦੇ ਮਸਲੇ ਨੂੰ ਕਥਾਨਕੀ ਘਟਨਾ ਵਜੋਂ ਚੁਣਦਾ ਹੈ। ਮਿਸਰ ਦੀ ਭੂਗੋਲਕ ਸਥਿਤੀ ਕਾਰਣ ਸਵੇਜ਼ ਨਹਿਰ ਦਾ ਮਸਲਾ ਹੋਂਦ ਵਿਚ ਆਇਆ। ਸਾਮਰਾਜੀ ਮੁਲਕਾਂ ਨੇ ਇਸ 'ਤੇ ਕਬਜ਼ਾ ਕਰਨਾ ਆਰੰਭ ਕੀਤਾ। ਬਰਤਾਨੀਆ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਡਿਜ਼ਰਾਇਲੀ ਨੇ ਸਪਸ਼ਟ ਸ਼ਬਦਾਂ ਵਿਚ ਕਿਹਾ ਸੀ ਕਿ ਇਸ ਦਾ ਉਦੇਸ਼ ਵਿੱਤ ਲਗਾਉਣਾ ਜਾਂ ਵਪਾਰਕ ਮਨਸ਼ੇ ਨਾਲ ਧਨ ਕਮਾਉਣਾ ਨਹੀਂ ਹੈ ਸਗੋਂ ਇਸ ਦੀ ਰਾਜਨੀਤਕ ਕਾਰ ਵਿਹਾਰ ਵਜੋਂ ਸਿਫਾਰਸ਼ ਕੀਤੀ ਜਾ ਰਹੀ ਹੈ, ਜਿਸ ਨਾਲ ਬਰਤਾਨਵੀ ਸਾਮਰਾਜ ਨੂੰ ਸ਼ਕਤੀਸ਼ਾਲੀ ਕੀਤਾ ਜਾ ਸਕੇਗਾ। ਅਜਿਹੀਆਂ ਕੋਸ਼ਿਸ਼ਾਂ ਹੀ ਫਰਾਂਸ ਵੱਲੋਂ ਹੋਈਆਂ। ਇਸੇ ਪਰਿਦ੍ਰਿਸ਼ ਨੂੰ ਧਿਆਨ ਵਿਰ ਰੱਖਕੇ ਉਪੇਰਾ *'ਨੀਲ ਦੀ ਸ਼ਹਿਜ਼ਾਦੀ'* ਵਿਚ ਮਿਸਰ ਵਾਸੀਆਂ ਤੇ ਸਮੂਹ ਏਸ਼ੀਆ ਦੇ ਮੁਲਕਾਂ ਨੂੰ ਆਪਣੇ ਕੁਦਰਤੀ ਸਰੋਤਾਂ ਦੀ ਸੁਰੱਖਿਆ ਕਰਨ ਲਈ ਪ੍ਰੇਰਿਆ। ਇਉਂ ਇਹ ਉਪੇਰਾ ਆਪਣੇ ਉਪਰੋਕਤ ਕਥਾਨਕ ਰਾਹੀਂ ਇਸ ਤੱਥ ਨੂੰ ਅਗਰਭੂਮੀ ਵਿਚ ਲਿਆਉਂਦਾ ਹੈ ਕਿ ਸਾਮਰਾਜਵਾਦ ਦੇ ਪ੍ਰਤੀਨਿਧ ਅਮਰੀਕਾ, ਇੰਗਲੈਂਡ, ਫਰਾਂਸ ਵਰਗੇ ਅਜਿਹੇ ਵਿਕਸਿਤ ਮੁਲਕ ਹਨ ਜੋ ਸੰਸਾਰ ਪੱਧਰ 'ਤੇ ਆਪਣੀ ਅਜਾਰੇਦਾਰੀ ਕਾਇਮ ਰਖਦੇ ਹੋਏ ਹਰ ਪ੍ਰਕਾਰ ਦੇ ਪ੍ਰਕਿਰਤਕ ਸੋਮਿਆਂ ਅਤੇ ਸਾਧਨਾਂ ਉੱਪਰ ਪ੍ਰਤੱਖ ਜਾਂ ਪਰੋਖ ਆਪਣਾ ਨਿਯੰਤਰਣ ਰੱਖਣਾ ਚਾਹੁੰਦੇ ਹਨ ਅਤੇ ਉਹਨਾਂ ਸੋਮਿਆਂ ਨੂੰ ਕਿਸੇ ਪ੍ਰਕਾਰ ਵੀ ਵਿਕਾਸਸ਼ੀਲ ਜਾਂ ਅਵਿਕਸਿਤ ਮੁਲਕਾਂ ਤੋਂ ਖੋਹਕੇ ਉਹਨਾਂ ਨੂੰ ਆਪਣੇ ਅਧੀਨ ਕਰਨਾ ਚਾਹੁੰਦੇ ਹਨ। ਇਸ ਨਾਟਕ ਰਾਹੀਂ ਲੇਖਕ ਸਾਮਰਾਜਵਾਦੀ ਮੁਲਕਾਂ ਦੇ ਵਿਰੋਧ ਵਿਚ ਤੀਜੀ ਦੁਨੀਆ ਦੇ ਵਿਕਾਸਸ਼ੀਲ ਜਾਂ ਅਵਿਕਸਿਤ ਮੁਲਕਾਂ (ਵਿਸ਼ੇਸ਼ ਤੌਰ 'ਤੇ ਏਸ਼ੀਆ ਮਹਾਦੀਪ ਵਾਲੇ ਮੁਲਕਾਂ) ਨੂੰ ਲਾਮਬੰਦ ਹੋਣ ਦਾ ਸੱਦਾ ਦਿੰਦਾ ਹੈ ਤਾਂ ਜੋ ਆਪਣੇ ਕੁਦਰਤੀ ਸੋਮਿਆਂ ਦੀ ਸੁਰੱਖਿਆ ਕਰਕੇ ਆਰਥਿਕ ਤੇ ਹੋਰ ਸਭ ਪ੍ਰਕਾਰ ਦੀ ਸਮਰਿੱਧੀ ਦੇ ਬਲਬੂਤੇ ਸਾਂਝੀ ਇਕਮੁੱਠ ਸ਼ਕਤੀ ਦੇ ਰੂਪ ਵਿਚ ਸੰਗਠਿਤ ਹੋਕੇ ਸਾਮਰਾਜੀ ਧੌਂਸ ਦਾ ਪ੍ਰਤੀਉਤਰ ਸਿਰਜਿਆ ਜਾ ਸਕੇ। ਲੇਖਕ ਸਵੇਜ਼ ਨਹਿਰ ਨੂੰ ਕੇਂਦਰ ਵਿਚ ਰੱਖਕੇ ਮਿਸਰ ਸਮੇਤ ਸਮੂਹ ਵਿਕਾਸਸ਼ੀਲ ਤੇ ਅਵਿਕਸਿਤ ਮੁਲਕਾਂ ਨੂੰ ਇਸ ਦੀ ਸੁਰੱਖਿਆ ਲਈ ਵੰਗਾਰਦਾ ਹੈ:

*ਸੁਵੇਜ਼ ਮਿਸਰ ਦੀ ਨਹੀਂ, ਹੈ ਏਸ਼ੀਆ ਦੀ ਧੀ,*
*ਭਾਰਤ ਦੀ ਗੰਗਾ, ਚੀਨ ਦੀ ਇਹ ਹੈ ਯਾਂਗਸੀ।*
*ਇਹ ਬਣ ਗਈ ਹੈ ਏਸ਼ੀਆ ਦਾ ਧਰਮ ਤੇ ਈਮਾਨ,*
*ਇੰਝ ਹੋਇਆ ਏਸ਼ੀਆ ਮਹਾਨ*

ਸ਼ਕਤੀਆਂ ਦਾ ਇਹ ਧਰੁਵੀਕਰਣ ਅੱਜ ਦੇ ਅਮਰੀਕੀ ਏਕਾਧਿਕਾਰ ਦੇ ਦੌਰ ਵਿਚ ਹੋਰ ਵੀ ਪ੍ਰਸੰਗਕ ਹੈ ਕਿਉਂਕਿ ਅੱਜ ਸਾਮਰਾਜੀ ਮੁਲਕ ਆਪਣੀਆਂ ਮ੍ਰਿਗਤ੍ਰਿਸ਼ਨਾਵਾਂ ਦੀ ਪੂਰਤੀ ਹਿੱਤ ਯੂ.ਐੱਨ.ਉ. ਨੂੰ ਵੀ ਉਲੰਘਕੇ ਆਪਣੀ ਧੌਂਸ ਦੀ ਸਿਖਰ 'ਤੇ ਹਨ। ਗੈਟ ਸਮਝੌਤੇ ਦੇ ਤਹਿਤ ਨਵੇਂ ਆਰਥਿਕ ਸਾਮਰਾਜ ਦਾ ਬੋਲਬਾਲਾ ਆਰੰਭ ਹੋ ਚੁੱਕਿਆ ਹੈ। ਗਲੋਬਲਾਈਜ਼ੇਸ਼ਨ ਦੇ ਸੰਕਲਪ ਹੇਠ ਕਾਰਪੋਰੇਟ ਦੁਆਰਾ ਵਿਸ਼ਵ ਦੇ ਸਾਰੇ ਕੁਦਰਤੀ ਸੋਮਿਆਂ 'ਤੇ ਕਾਬਜ਼ ਹੋਣ ਦੀ ਪ੍ਰਵਿਰਤੀ ਵਧ ਰਹੀ ਹੈ।

ਉਪੇਰਾ *'ਸਾਜ਼ਿਸ਼'* ਸਾਮਰਾਜੀ ਸ਼ਕਤੀਆਂ (ਵਿਸ਼ੇਸ਼ ਤੌਰ 'ਤੇ ਅਮਰੀਕਾ) ਦੀ ਭਾਰਤ-ਪਾਕਿ ਦੇ ਅੰਦਰੂਨੀ ਮਾਮਲਿਆਂ ਵਿਚ ਪ੍ਰਤੱਖ ਤੇ ਪਰੋਖ ਦਖਲਅੰਦਾਜ਼ੀ ਦੀ ਸਪਸ਼ਟ ਨਿਸ਼ਾਨਦੇਹੀ ਕਰਦਾ ਹੋਇਆ ਅਮਰੀਕਾ ਦੇ ਸਮੁੱਚੇ ਸੰਸਾਰ ਦੇ ਸੰਤੁਲਨ ਨੂੰ ਆਪਣੀ ਮੁੱਠੀ ਵਿਚ ਰੱਖਣ ਦੇ ਇਰਾਦਿਆਂ ਨੂੰ ਪ੍ਰਸਤੁਤ ਕਰਦਾ ਹੈ। ਉਪੇਰਾ ਅਮਰੀਕਾ ਦੀ ਸਾਮਰਾਜਵਾਦੀ ਨੀਤੀ ਨੂੰ ਤਾਂ ਉਘਾੜਨ ਵਿਚ ਸਫਲ ਹੈ ਪਰੰਤੂ ਇਸ ਗੰਭੀਰ ਸਮੱਸਿਆ ਪ੍ਰਤੀ ਭਾਰਤੀ ਤੇ ਪਾਕਿਸਤਾਨੀ ਤਰਜੀਹਾਂ ਨੂੰ ਤੱਥਾਤਮਕ ਤੇ ਤਾਰਕਿਕ ਪਰਿਪੇਖ ਵਿਚ ਸਮਝਣ, ਵਿਸ਼ਲੇਸ਼ਤ ਅਤੇ ਤੇ ਪਰਿਭਾਸ਼ਤ ਕਰਨ ਵਿਚ ਸਤਹੀ ਦ੍ਰਿਸ਼ਟੀ ਦਾ ਪ੍ਰਗਟਾਵਾ ਕਰਦਾ ਹੈ। ਵਿਸ਼ੇਸ਼ ਤੌਰ 'ਤੇ ਇਸ ਮਸਲੇ ਪ੍ਰਤੀ ਰਾਜਨੀਤਕ ਦਲਾਂ ਦੀ ਪ੍ਰਤੀਕ੍ਰਿਆ ਅਤੇ ਭੂਮਿਕਾ ਦਾ ਭਾਵੁਕ, ਰਾਜਨੀਤਕ ਤੇ ਵਕਤੀ ਵਿਸ਼ਲੇਸ਼ਣ ਕਰਕੇ ਆਪਣੇ ਸਾਹਿਤਕ ਤਰਕ ਤੇ ਨਿਆਂ ਦੀ ਪ੍ਰਸੰਗਕਤਾ ਨੂੰ ਖੋਰਾ ਲਾਉਂਦਾ ਹੈ। ਇਸ ਸਭ ਦੇ ਬਾਵਜੂਦ ਇਹ ਉਪੇਰਾ ਗਲੋਬਲੀ ਪੱਧਰ 'ਤੇ ਸਾਮਰਾਜੀ ਸਰੋਕਾਰਾਂ ਨੂੰ ਅਭਿਵਿਅਕਤ ਕਰਨ ਦੇ ਨਜ਼ਰੀਏ ਤੋਂ ਮਹੱਤਵਪੂਰਨ ਹੈ।

ਉਪੇਰਾ *'ਆਖਿਰੀ ਪੜਾਅ'* ਅਮਨ ਸਰੋਕਾਰਾਂ ਨਾਲ ਵਾਬਸਤਗੀ ਰਖਦਾ ਹੋਇਆ ਜੰਗ ਵਿਰੋਧੀ ਮੁਹਿੰਮ ਦੇ ਪ੍ਰਸੰਗ ਨੂੰ ਨਾਟ ਵਸਤੂ ਵਜੋਂ ਗ੍ਰਹਿਣ ਕਰਦਾ ਹੈ। ਨਾਟਕ ਦਾ ਕਥਾਨਕ ਉਸ ਇਤਿਹਾਸਕ ਘਟਨਾ ਨੂੰ ਕੇਂਦਰ ਵਿਚ ਰਖਦਾ ਹੈ, ਜਦੋਂ ਪੂਰੀ ਦੁਨੀਆ ਨੂੰ ਸਰ ਕਰਨ ਦੀ ਮ੍ਰਿਗਤ੍ਰਿਸ਼ਨਾ ਲੈ ਕੇ ਤੁਰੇ ਸਿਕੰਦਰ ਦੀਆਂ ਫੌਜਾਂ ਭਾਰਤ ਵਿਚ ਆ ਕੇ ਲੜਨ ਤੋਂ ਇਨਕਾਰ ਕਰ ਦਿੰਦੀਆਂ ਹਨ। ਫੌਜਾਂ ਦੁਆਰਾ ਲੜਨ ਤੋਂ ਇਨਕਾਰ ਕਰਨ ਦੀ ਸੰਕਲਪਨਾ ਨੂੰ ਹੀ ਰੁਖਸਾਨਾ ਪਾਤਰ ਰਾਹੀਂ ਅਨੇਕ ਪਾਸਾਰਾਂ ਸਹਿਤ ਅਭਿਵਿਅਕਤ ਕੀਤਾ ਗਿਆ ਹੈ। ਸੰਕੀਰਨ ਰਾਸ਼ਟਰਵਾਦ ਦਾ ਖੰਡਨ ਕਰਨਾ ਨਾਟਕ ਦਾ ਮੁੱਖ ਥੀਮ ਹੈ ਅਤੇ ਇਸੇ ਥੀਮ ਦਾ ਸਮੂਰਤੀਕਰਣ ਕਰਦਿਆਂ ਜੰਗ ਦੀ ਨਿਰਾਰਥਕਤਾ ਤੇ ਅਮਨ ਵਰਗੇ ਸਰੋਕਾਰ ਅੰਤਰ ਸੰਬੰਧਤ ਹੋ ਜਾਂਦੇ ਹਨ। ਸਿਕੰਦਰ ਦੀ ਲਾਲਸਾ ਦੇ ਵਿਖੰਡਨ ਦੀ ਵਿਧੀ ਦੇ ਰੂਪ ਵਿਚ 'ਜੰਗ ਦੀ ਨਿਰਾਰਥਕਤਾ' ਤੇ 'ਜੰਗ ਦੀ ਵਿਨਾਸ਼ਕਤਾ' ਦਾ ਜੋ ਸੰਦਰਭ ਨਾਟਕ ਨੂੰ ਮਿਲਿਆ ਹੈ, ਵਸਤੂ ਦੇ ਪੱਖੋਂ ਨਾਟਕ ਦਾ ਹਾਸਿਲ ਹੈ। ਰੁਖਸਾਨਾ ਦੇ ਇਹ ਸੰਵਾਦ ਸੰਕੀਰਨ ਰਾਸ਼ਟਰਵਾਦ ਤੇ ਯੁੱਧ ਆਧਾਰਤ ਜਿੱਤ ਦੇ ਫਲਸਫੇ ਨੂੰ ਸਪਸ਼ਟ ਤੌਰ 'ਤੇ ਰੱਦ ਕਰਦੇ ਹਨ:

*ਯਤੀਮ ਹੋਏ ਨੈਣਾਂ ਵਿਚ ਕੀ ਸ਼ਾਨ ਮੁਸਕਰਾਏਗੀ*
*ਕੀ ਜੰਗ 'ਚ ਮੋਏ ਪਿਉ ਲਈ ਇਹ ਪ੍ਰੀਤ-ਗੀਤ ਗਾਏਗੀ*
*ਤੁਹਾਡਾ ਪਿਆਰ ਹਰ ਜਗ੍ਹਾ ਯੂਨਾਨ ਨੂੰ ਹੈ ਭੰਡ ਰਿਹਾ*
*ਯਤੀਮਾਂ ਦੇ ਹੰਝੂਆਂ ਦੀ ਦਾਤ ਹਰ ਜਗ੍ਹਾ 'ਤੇ ਵੰਡ ਰਿਹਾ*
*ਕੀ ਫਲ ਸਕੇਗੀ ਹਉਕਿਆਂ ਦੀ ਅੱਗ 'ਚ ਦੇਸ਼ ਦੀ ਬਹਾਰ*
*ਕੀ ਹੰਝੂਆਂ 'ਚ ਡੁੱਬ ਨਾ ਜਾਏਗਾ ਵਤਨ ਦਾ ਕੁੱਲ ਵਕਾਰ*

ਜੰਗ ਦੀ ਨਿਰਾਰਥਕਤਾ ਦਾ ਇਹ ਮਸਲਾ ਸਿਰਫ਼ ਉਸ ਦੌਰ ਦਾ ਹੀ ਮਸਲਾ ਨਹੀਂ ਹੈ, ਬਲਕਿ ਅੱਜ ਦੇ ਦੌਰ ਵਿਚ ਵਾਪਰੇ ਕਾਰਗਿਲ, ਪੁਲਬਾਮਾ ਅਤੇ ਗਲਬਾਨ ਘਾਟੀ ਦੇ ਯੁੱਧ ਅਤੇ ਹਮਲੇ ਇਸੇ ਪ੍ਰਸੰਗ ਵਿਚ ਵਿਚਾਰਨਯੋਗ ਹਨ। ਇਸੇ ਲਈ ਇਸ ਨਾਟਕ ਦੀ ਪ੍ਰਸੰਗਕਤਾ ਅੱਜ ਦੇ ਸੰਦਰਭਾਂ ਵਿਚ ਵੀ ਬਰਾਬਰ ਬਣੀ ਹੋਈ ਹੈ।

ਉਪੇਰਾ *'ਲੱਕੜ ਦੀ ਲੱਤ'* ਦੀ ਅਗਰਭੂਮੀ ਵਿਚ ਤਾਂ ਭਾਵੇਂ ਸਾਮਰਾਜੀ ਤਾਕਤਾਂ ਦੁਆਰਾ

ਪ੍ਰਾਯੋਜਤ ਦੂਜੀ ਸੰਸਾਰ ਜੰਗ ਵਿਚ ਬਰਤਾਨਵੀ ਫਾਸ਼ੀਵਾਦੀ ਨੀਤੀਆਂ ਦੇ ਤਹਿਤ ਭਾਰਤੀ ਲੋਕਾਂ ਨੂੰ ਬਲੀ ਦਾ ਬੱਕਰਾ ਬਣਾਉਣ ਦੇ ਵਰਤਾਰੇ ਨੂੰ ਪ੍ਰਸਤੁਤ ਕੀਤਾ ਗਿਆ ਹੈ ਪਰੰਤੂ ਨਾਟਕ ਸੰਕੇਤਾਤਮਕ ਪੱਧਰ 'ਤੇ ਕਿਸੇ ਵੀ ਥਾਂ ਤੇ ਕਿਸੇ ਵੀ ਰੂਪ ਵਿਚ ਨਿਜੀ ਸਵਾਰਥ ਸਿੱਧੀ ਤਹਿਤ ਹੋਣ ਵਾਲੀਆਂ ਜੰਗਾਂ ਦਾ ਵਿਰੋਧ ਕਰਕੇ ਅੰਤਰਰਾਸ਼ਟਰੀ ਚਰਿੱਤਰ ਦਾ ਧਾਰਨੀ ਹੋ ਨਿਬੜਦਾ ਹੈ। ਨਾਟਕ ਦਾ ਇਹ ਐਲਾਨ ਇਸ ਦੇ ਇਸੇ ਵਿਆਪਕ ਚਰਿੱਤਰ ਦੀ ਪੁਸ਼ਟੀ ਕਰਦਾ ਹੈ:

*ਇਸ ਦੇ ਢਿੱਡ ਪਾੜੂ ਨਹੁੰਆਂ ਨੂੰ ਉੱਕਾ ਝਾੜ ਦਿਆਂਗੀ,*
*ਜੋ ਲੱਕੜ ਦੀਆਂ ਲੱਤਾਂ ਜੰਮੇ, ਉਹ ਕੁੱਖ ਸਾੜ ਦਿਆਂਗੀ।*

ਉਪੇਰਾ *'ਫੁੱਲਾਂ ਦਾ ਸੁਨੇਹਾ'* ਵੀ ਅਮਨ ਸਰੋਕਾਰਾਂ ਨੂੰ ਪ੍ਰਤੀਕਾਤਮਕ ਪੱਧਰ 'ਤੇ ਅਭਿਵਿਅਕਤ ਕਰਨ ਵਾਲਾ ਲਘੂ ਪਰ ਸਸ਼ਕਤ ਉਪੇਰਾ ਹੈ। ਤਿਤਲੀ ਤੇ ਭੌਰਾ ਆਪਸ ਵਿਚ ਵਿਰੋਧ ਦਾ ਰਿਸ਼ਤਾ ਸਿਰਜਦੇ ਹੋਏ ਯੁੱਧ ਦਾ ਪ੍ਰਤੀਰੂਪ ਬਣਦੇ ਹਨ ਜਦਕਿ ਫੁੱਲ ਪ੍ਰੇਮ, ਸ਼ਾਂਤੀ, ਖ਼ੂਬਸੂਰਤੀ ਤੇ ਅਮਨ ਦਾ ਪ੍ਰਤੀਰੂਪ ਬਣਕੇ ਉਪਰੋਕਤ ਦੋਹਾਂ ਵਿਚ ਸੁਮੇਲ ਦਾ ਪ੍ਰਕਾਰਜੀ ਰੋਲ ਅਭਿਨੀਤ ਕਰਦਾ ਹੈ। ਤਿੰਨ ਪ੍ਰਕਿਰਤਕ ਚਿੰਨ੍ਹਾਂ ਦੇ ਆਪਸੀ ਵਾਦ-ਪ੍ਰਤੀਵਾਦ ਰਾਹੀਂ ਮਾਨਵਤਾ ਨੂੰ ਪਰਸਪਰ ਕਲੇਸ਼, ਘਮੰਡ ਅਤੇ ਲਾਲਸਾਵਾਂ ਦਾ ਤਿਆਗ ਕਰ ਕੇ ਪਿਆਰ, ਸਦਭਾਵਨਾ ਤੇ ਸ਼ਾਂਤੀ ਅਪਨਾਉਣ ਦਾ ਸੰਵਾਦ ਸਿਰਜਿਆ ਹੈ:

*ਕਿਉਂ ਲੜਦੇ ਹੋ ਮੇਰੇ ਆਸ਼ਕੋ ਮੈਨੂੰ ਦੋਹਾਂ ਨਾਲ ਪਿਆਰ।*
*ਨਹੀਂ ਉੱਚਾ ਨੀਵਾਂ ਕੋਈ ਵੀ ਮੈਂ ਜਾਣਾ ਸਭ ਇਕਸਾਰ।*
*ਮੈਂ ਭਰ ਭਰ ਵੰਡਾਂ ਝੋਲੀਆਂ, ਮੇਰਾ ਭਰਿਆ ਰਹੇ ਭੰਡਾਰ।*
*ਤੁਸੀਂ ਦਿਉ ਅਸੀਸਾਂ ਸੁਹਣਿਓ, ਮੇਰੀ ਮਹਿਕੀ ਰਹੇ ਗੁਲਜ਼ਾਰ।*
*ਇਹ ਖੁਸ਼ਬੋ ਤੁਹਾਡੇ ਵਾਸਤੇ, ਤੇ ਤੁਹਾਡੇ ਲਈ ਨੇ ਰੰਗ।*
*ਰਹੋ ਵਸਦੇ ਰਸਦੇ ਖੇਡਦੇ, ਮੇਰੇ ਦਿਲ ਦੀ ਇਹੋ ਉਮੰਗ।*
*ਨਾ ਖੰਭੜੀ ਟੁੱਟੇ ਕਿਸੇ ਦੀ, ਨਾ ਵੀਣੀਓਂ ਟੁੱਟੇ ਵੰਗ।*
*ਗ਼ਲ ਵਚਨ ਦਿਉ ਮੈਨੂੰ ਸੁੱਚੜਾ, ਨਹੀਂ ਕਦੇ ਕਰਾਂਗੇ ਜੰਗ।*

ਤੇਰਾ ਸਿੰਘ ਚੰਨ ਦੇ ਉਪੇਰਿਆਂ ਦਾ ਇਕ ਮਹੱਤਵਪੂਰਨ ਵਿਸ਼ਾ ਜਨਤਕ ਲਹਿਰਾਂ/ਵਿਅਕਤੀਆਂ ਦੇ ਬਗ਼ਾਵਤੀ ਪਰਿਪੇਖ ਨੂੰ ਪੇਸ਼ ਕਰਨਾ ਵੀ ਹੈ। ਜ਼ੁਲਮ ਤੇ ਅਤਿਆਚਾਰ ਦੇ ਖਿਲਾਫ਼ ਲਾਮਬੰਦੀ ਪੰਜਾਬੀ ਜੀਵਨ-ਜਾਚ ਦਾ ਆਦਿਕਾਲ ਤੋਂ ਹੀ ਅਨਿੱਖੜ ਅੰਗ ਰਿਹਾ ਹੈ। ਇਹ ਬਗ਼ਾਵਤੀ ਪਰਿਪੇਖ ਕਦੇ ਕੁੱਝ ਵਿਅਕਤੀਆਂ ਦੇ ਨਿੱਜੀ ਯਤਨਾਂ ਦੇ ਰੂਪ ਵਿਚ ਸਾਮ੍ਹਣੇ ਆਉਂਦਾ ਰਿਹਾ ਹੈ ਤੇ ਕਦੇ ਸਮੂਹਕ ਯਤਨਾਂ ਦਾ ਪ੍ਰਤੀਰੂਪ ਬਣਕੇ ਲੋਕ ਲਹਿਰਾਂ ਦੇ ਰੂਪ ਵਿਚ ਸਾਮ੍ਹਣੇ ਆਉਂਦਾ ਰਿਹਾ ਹੈ। ਦੁੱਲਾ ਭੱਟੀ ਅਤੇ ਊਧਮ ਸਿੰਘ ਵਰਗਿਆਂ ਦਾ ਬਗ਼ਾਵਤੀ ਪਰਿਪੇਖ ਸਮੂਹ ਲਈ ਕੀਤੇ ਨਿੱਜੀ ਯਤਨਾਂ ਦੇ ਰੂਪ ਵਿਚ ਪਰਿਭਾਸ਼ਤ ਅਤੇ ਵਿਸ਼ਲੇਸ਼ਤ ਕੀਤਾ ਜਾ ਸਕਦਾ ਹੈ ਤੇ ਕਸ਼ਮੀਰੀਆਂ ਦਾ ਸੰਘਰਸ਼, ਭਗਤ ਸਿੰਘ ਹੋਰਾਂ ਦਾ ਆਜ਼ਾਦੀ ਮੂਲਕ ਜੁਝਾਰੂ ਪਰਿਪੇਖ, ਗ਼ਦਰ ਲਹਿਰ, ਮੁਜਾਰਾ ਲਹਿਰ, ਖੁਸ਼ਹੈਸੀਅਤੀ ਟੈਕਸ ਵਿਰੁੱਧ ਕਿਸਾਨ ਮੋਰਚਾ ਆਦਿ ਸਮੂਹਕ ਯਤਨਾਂ ਦੀ ਸ਼ਰੇਣੀ ਵਿਚ ਆਉਂਦੇ ਹਨ। ਪੰਜਾਬੀ ਉਪੇਰਾ ਪਰੰਪਰਾ ਵਿਚ ਇਹ ਦੋਵੇਂ ਪਾਸਾਰ ਮਹੱਤਵਪੂਰਨ ਹਨ। ਤੇਰਾ ਸਿੰਘ ਚੰਨ ਦਾ ਉਪੇਰਾ *'ਅਮਰ ਪੰਜਾਬ'* ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੇ ਰੂਪ ਵਿਚ ਪੰਜਾਬੀਆਂ ਦੇ ਆਪਣੇ ਰਾਜ ਖੁੱਸਣ ਤੋਂ ਲੈ ਕੇ ਲੰਮੀ ਜਦੋਜਹਿਦ ਰਾਹੀਂ ਮੁੜ ਪ੍ਰਾਪਤ ਕਰਨ ਦੀ ਗਾਥਾ ਹੈ। ਸਮੁੱਚੇ ਨਾਟਕ ਦੌਰਾਨ ਜਿੱਥੇ ਅੰਗਰੇਜ਼ ਨੂੰ ਪ੍ਰਤੀਨਾਇਕ ਧਿਰ ਦੇ ਰੂਪ ਵਿਚ ਪੇਸ਼ ਕੀਤਾ ਹੈ ਤੇ ਸਮੁੱਚਾ ਨਾਟਕ ਇਸ ਪ੍ਰਤੀਨਾਇਕ ਧਿਰ ਦੇ ਖਿਲਾਫ਼ ਲਾਮਬੱਧ ਲੋਕ ਲਹਿਰ ਦਾ ਉਤਰਾਵਾਂ-ਚੜ੍ਹਾਵਾਂ ਸਹਿਤ ਵਰਣਨ ਕਰਦਾ ਹੈ, ਉੱਥੇ ਭਾਰਤੀਆਂ ਦੇ ਆਪਣੇ ਪ੍ਰਤੀਨਾਇਕਤਵ ਨੂੰ ਵੀ ਅੱਖੋਂ ਪਰੋਖੇ ਨਹੀਂ ਕਰਦਾ।

ਇਹ ਪ੍ਰਤੀਨਾਇਕਤਵ ਸਰਵਪ੍ਰਥਮ ਉਦੋਂ ਉਜਾਗਰ ਹੁੰਦਾ ਹੈ ਜਦੋਂ ਪਹਾੜਾ ਸਿੰਘ ਵਰਗੇ ਗਦਾਰਾਂ ਦੀ ਅੰਗਰੇਜ਼ਾਂ ਨਾਲ ਮਿਲੀਭੁਗਤ ਦੀ ਬਦੌਲਤ ਸਿੰਘਾਂ ਦੀ ਹਾਰ ਹੁੰਦੀ ਹੈ। ਇਹੀ ਪ੍ਰਤੀਨਾਇਕਤਵ ਅੰਗਰੇਜ਼ਾਂ ਖਿਲਾਫ਼ ਲੜੀ ਸੁਤੰਤਰਤਾ ਦੀ ਲੰਮੀ ਲੜਾਈ ਵਿਚ ਦੋ ਰੂਪਾਂ ਵਿਚ ਉਜਾਗਰ ਹੁੰਦਾ ਹੈ: • ਧਨਵਾਨੀ ਕਲਚਰ ਦੇ ਦੋਵੇਂ ਰੂਪਾਂ (ਜਾਗੀਰਦਾਰ + ਪੂੰਜੀਪਤੀ) ਦੁਆਰਾ ਅੰਗਰੇਜ਼ਾਂ ਦੀ ਜੀ ਹਜ਼ੂਰੀ ਕਰਨਾ। • ਕਥਿਤ ਸ਼ਾਂਤੀਪਸੰਦ ਤਾਕਤਾਂ ਵੱਲੋਂ ਜੁਝਾਰੂ ਸੰਘਰਸ਼ ਰਾਹੀਂ ਆਜ਼ਾਦੀ ਲਿਆਉਣ ਵਾਲੇ ਸੰਗਰਾਮੀਆਂ ਨੂੰ ਅੰਗਰੇਜ਼ਾਂ ਦੀ ਤਰਜ 'ਤੇ ਅਤਿਵਾਦੀ ਕਹਿ ਕੇ ਹਾਸ਼ੀਏ 'ਤੇ ਕਰਨਾ।

ਇਸੇ ਕਰਕੇ ਜੰਗੇ-ਆਜ਼ਾਦੀ ਦੇ ਇਹਨਾਂ ਜੁਝਾਰੂ ਨਾਇਕਾਂ ਨੇ ਆਪਣੇ ਸੰਘਰਸ਼ ਨੂੰ ਸਿਰਫ ਅੰਗਰੇਜ਼ ਉਪਨਿਵੇਸ਼ਵਾਦ ਤੋਂ ਮੁਕਤੀ ਤਕ ਹੀ ਸੀਮਿਤ ਨਹੀਂ ਰੱਖਿਆ ਬਲਕਿ ਉਦੋਂ ਤਕ ਇਸ ਸੰਘਰਸ਼ ਨੂੰ ਜਾਰੀ ਰੱਖਣ ਦਾ ਅਹਿਦ ਕੀਤਾ ਜਦ ਤਕ ਅੰਗਰੇਜ ਸਾਮਰਾਜਵਾਦੀਆਂ ਦਾ ਪ੍ਰਤੀਰੂਪ ਭਾਰਤੀ ਸੋਸ਼ਕਾਂ (ਮਹਾਜਨਾਂ, ਜਾਗੀਰਦਾਰਾਂ ਤੇ ਪੂੰਜੀਪਤੀਆਂ ਦਾ ਸਾਜ਼ਿਸ਼ੀ ਗੱਠਜੋੜ) ਤੋਂ ਭਾਰਤੀ ਅਵਾਮ ਨੂੰ ਮੁਕਤੀ ਨਹੀਂ ਮਿਲਦੀ। ਭਗਤ ਸਿੰਘ ਦਾ ਇਹ ਬਿਆਨ ਇਸੇ ਸੰਦਰਭ ਵਿਚ ਹੀ ਅਰਥ ਗ੍ਰਹਿਣ ਕਰਦਾ ਹੈ:

*ਨਹੀਂ ਯੁਗ ਰਹਿਣਾ ਸਰਮਾਏ ਦਾ, ਨਹੀਂ ਲੁੱਟ ਰਹਿਣੀ ਧਨਵਾਨਾਂ ਦੀ*
*ਮੈਂ ਗੋਰੇ ਰਾਜ ਦੇ ਖੰਡਰਾਂ 'ਤੇ, ਨਵੀਆਂ ਤਾਮੀਰਾਂ ਵੇਖ ਰਿਹਾਂ।*
*ਸ਼ਾਂਤੀ ਅਹਿੰਸਾ ਦੇ ਰਾਹ 'ਤੇ, ਟੁਰ ਕੇ ਕਦ ਮੰਜ਼ਲ ਪਹੁੰਚੋਗੇ,*
*ਇਕ ਸਾਂਝੇ ਝਟਕੇ ਨਾਲ ਗ਼ੁਲਾਮੀ, ਲੀਰਾਂ ਲੀਰਾਂ ਦੇਖ ਰਿਹਾਂ।*

ਵਰਤਮਾਨ ਕਿਸਾਨ ਸੰਘਰਸ਼ ਭਗਤ ਸਿੰਘ ਦੇ ਇਸੇ ਬਿਆਨ ਦੀ ਨਿਰੰਤਰਤ ਤੇ ਸਾਰਥਕਤਾ ਨੂੰ ਪ੍ਰਮਾਣਤ ਕਰ ਰਿਹਾ ਹੈ ਤੇ ਤੇਰਾ ਸਿੰਘ ਚੰਨ ਦਾ ਇਹ ਉਪੇਰਾ ਉਸ ਦੌਰ ਤੋਂ ਲੈ ਕੇ ਹੁਣ ਤਕ ਦੇ ਦੌਰ ਦੇ ਮਸਲਿਆਂ ਨੂੰ ਇਕੋ ਵੇਲੇ ਮੁਖ਼ਾਤਬ ਹੈ। ਇਹਨਾਂ ਉਪੇਰਿਆਂ ਦਾ ਇਸ ਆਰਥਿਕ ਲੁੱਟ-ਖਸੁੱਟ ਆਧਾਰਤ ਕਿਰਦਾਰ ਦੇ ਨਾਲ ਇਕ ਹੋਰ ਮਹੱਤਵਪੂਰਨ ਪਾਸਾਰ ਸੱਤਾਪ੍ਰਸਤ ਸਿਆਸਤ ਦੇ ਸੰਪਰਦਾਇਕ ਪਾਸਾਰਾਂ ਦੀ ਪੇਸ਼ਕਾਰੀ ਕਰਨਾ ਹੈ। ਇਸ ਪੇਸ਼ਕਾਰੀ ਰਾਹੀਂ ਮਨੁੱਖ ਦੇ ਬੁਨਿਆਦੀ ਮਸਲਿਆਂ ਦਾ ਫਿਰਕੂਕਰਣ ਕਰਕੇ ਲੋਕ ਮੁੱਦਿਆਂ ਤੋਂ ਧਿਆਨ ਲਾਂਭੇ ਕਰਨ ਦੇ ਰੂਪ ਵਿਚ ਉਪੇਰਾ ਪਰੰਪਰਾ ਦਾ ਇਕ ਹੋਰ ਰਾਜਸੀ ਪਾਸਾਰ ਸਾਮ੍ਹਣੇ ਆਉਂਦਾ ਹੈ। ਆਰਥਿਕ ਸਮਾਨਤਾ ਤੇ ਸੰਪੰਨਤਾ ਲਈ ਕੀਤੇ ਜਾ ਰਹੇ ਸੰਘਰਸ਼ ਨੂੰ ਕੇਂਦਰ ਵਿਚ ਰੱਖਕੇ ਇਸਦੇ ਰਾਹ ਵਿਚ ਜਾਗੀਰਦਾਰਾਂ, ਰਾਜਿਆਂ, ਨਵਾਬਾਂ, ਅੰਗਰੇਜ਼ਾਂ, ਭਾਰਤੀ ਹਾਕਮਾਂ ਤੇ ਸੰਪਰਦਾਇਕ ਤਾਕਤਾਂ ਦੇ ਅਮਾਨਵੀ ਗੱਠਜੋੜ ਦੁਆਰਾ ਖੜ੍ਹੀਆਂ ਕੀਤੀਆਂ ਜਾ ਰਹੀਆਂ ਰੁਕਾਵਟਾਂ ਅਤੇ ਆਰਥਿਕ ਸਮਾਨਤਾ ਵੱਲ ਸੇਧਤ ਸੰਘਰਸ਼ ਨੂੰ ਸਾਬੋਤਾਜ ਕਰਕੇ ਇਸ ਦੀ ਦਿਸ਼ਾ ਪਰਿਵਰਤਨ ਕਰਨ ਦੀਆਂ ਚਾਲਾਂ ਨੂੰ ਇਹ ਪਰੰਪਰਾ ਸਪਸ਼ਟ ਰੂਪ ਵਿਚ ਅਭਿਵਿਅਕਤ ਕਰਦੀ ਹੈ। 2021 ਦਾ ਵਰਤਮਾਨ ਕਿਸਾਨ ਸੰਘਰਸ਼ ਇਸ ਦੀ ਇਕ ਵੱਡੀ ਉਦਾਹਰਨ ਹੈ। ਉਪੇਰਾ *'ਸਾਂਝਾ ਵਿਹੜਾ'* ਵੀ ਇਸੇ ਪ੍ਰਸੰਗ ਵਿਚ ਅਰਥਵਾਨ ਹੈ।ਇਹ ਉਪੇਰਾ ਸੰਪਰਦਾਇਕ ਸਰੋਕਾਰਾਂ ਨੂੰ ਕੇਂਦਰ ਵਿਚ ਰੱਖਕੇ ਭਾਰਤ ਦੇ 'ਅਨੇਕਤਾ ਵਿਚ ਏਕਤਾ' ਅਤੇ ਧਰਮ ਨਿਰਪੱਖਤਾ ਅਤੇ ਸਾਂਝੇ ਸਾਂਸਕ੍ਰਿਤਕ ਸਰੂਪ ਉਪਰ ਆਧਾਰਤ ਸਮਾਜਕ ਬਿੰਬ ਦੀ ਸੁਰੱਖਿਆ ਦਾ ਹੋਕਾ ਦਿੰਦਾ ਹੈ। ਨਾਲ ਹੀ ਨਾਟਕਕਾਰ ਉਸ ਨਾਕਾਰਤਾਮਕ ਵਿਵਹਾਰ ਨੂੰ ਵੀ ਸਪਸ਼ਟ ਕਰਦਾ ਹੈ, ਜਿਹੜਾ ਹੱਕਾਂ ਦੀ ਪ੍ਰਾਪਤੀ ਲਈ ਸਿਖਰ 'ਤੇ ਪਹੁੰਚੇ ਸੰਘਰਸ਼ ਨੂੰ ਤਾਰਪੀਡੋ ਕਰਨ ਲਈ ਧਰਮ ਅਤੇ ਸਿਆਸਤ ਦੇ ਗੱਠਜੋੜ ਦੀ ਫਿਰਕੂ ਪ੍ਰਤੀਕ੍ਰਿਆ ਦੇ ਰੂਪ ਵਿਚ ਸਾਮ੍ਹਣੇ ਆਉਂਦਾ ਹੈ। ਪਰੰਤੂ ਅਜਿਹਾ ਕਰਦੇ ਸਮੇਂ ਨਾਟਕ ਜਮਾਤੀ ਖਾਸੇ ਦੇ ਅਨੁਰੂਪ ਸੋਸ਼ਕ ਤੇ ਸੋਸ਼ਿਤ ਵਰਗਾਂ ਦੀ ਸਪਸ਼ਟ ਪਹਿਚਾਣ ਨਾ ਕਰਕੇ ਭਾਵਨਾਤਮਕ ਧਰਾਤਲ 'ਤੇ ਵਧੇਰੇ ਵਿਚਰਦਾ ਹੈ। ਫਿਰ ਵੀ ਚੁੜੇਲ ਦੇ ਰੂਪ ਵਿਚ ਉਹ ਸੱਤਾ ਦੇ ਕਿਰਦਾਰ ਨੂੰ ਸਪਸ਼ਟਤਾ ਸਹਿਤ ਬਿਆਨਦਾ ਹੈ:

*__ਚੁੜੇਲ:__ ਜਦ ਉਸ ਕੋਲ ਕੋਈ ਇਹਦੇ ਬਿਨਾਂ ਚਾਰਾ ਨਹੀਂ ਰਹਿੰਦਾ।*
*ਤਾਂ ਤੁਹਾਡੀ ਏਕਤਾ ਤੋੜਨ ਲਈ ਮੈਨੂੰ ਹੈ ਉਹ ਕਹਿੰਦਾ।*
*ਮੈਂ ਝੱਟ ਉਹਦੇ ਹੁਕਮ 'ਤੇ ਇਕ ਭਿਅੰਕਰ ਨਾਚ ਨੱਚਦੀ ਹਾਂ।*
*ਧਰਮ ਦੀ ਪਾ ਕੇ ਮਾਲ਼ਾ ਇਕ ਅਨੋਖਾ ਸਾਂਗ ਰਚਦੀ ਹਾਂ।*

ਵਰਤਮਾਨ ਕਿਸਾਨ ਸੰਘਰਸ਼ ਵਿਚ ਜਿਸ ਤਰ੍ਹਾਂ ਸੱਤਾ ਨੇ ਆਪਣੀਆਂ ਸਾਜ਼ਿਸ਼ਾਂ ਨਾਲ 26 ਜਨਵਰੀ 2021 ਵਾਲੇ ਦਿਨ ਲਾਲ ਕਿਲੇ ਵਾਲਾ ਘਟਨਾਕ੍ਰਮ ਕਰਵਾਇਆ ਅਤੇ ਉਸ ਤੋਂ ਬਾਅਦ ਕਿਸਾਨ ਸੰਘਰਸ਼ ਨੂੰ ਸਿੱਖਾਂ ਤੇ ਅੱਤਵਾਦੀਆਂ ਦਾ ਸੰਘਰਸ਼ ਕਹਿ ਕੇ ਸਾਬੋਤਾਜ ਕਰਨ ਦੀ ਕੋਸ਼ਿਸ਼ ਕੀਤੀ, ਉਸ ਰੂਪ ਵਿਚ ਇਹ ਸੱਤਾ ਇਸ ਉਪੇਰਾ ਦੀ 'ਡੈਣ' ਦਾ ਹੀ ਪ੍ਰਤੀਰੂਪ ਹੋ ਨਿਬੜਦੀ ਹੈ। ਇਉਂ ਇਸ ਉਪੇਰਾ ਦੀ ਸਰਬਕਾਲੀ ਪ੍ਰਸੰਗਕਤਾ ਉਜਾਗਰ ਹੁੰਦੀ ਹੈ।

ਤੇਰਾ ਸਿੰਘ ਚੰਨ ਦੇ ਉਪੇਰਿਆਂ ਵਿਚ ਅਗਲਾ ਮਸਲਾ ਵਤਨਪ੍ਰਸਤੀ ਬਨਾਮ ਪੇਟਪ੍ਰਸਤੀ ਦਾ ਹੈ। ਵਤਨਪ੍ਰਸਤੀ ਬਨਾਮ ਪੇਟ ਪ੍ਰਸਤੀ ਦਾ ਇਹ ਵਰਤਮਾਨ ਪ੍ਰਸੰਗ ਦੋ ਪਰਸਪਰ ਵਿਰੋਧੀ ਰੂਪਾਂ ਵਿਚ ਸਾਮ੍ਹਣੇ ਆਉਂਦਾ ਹੈ। ਇਕ ਪਾਸੇ ਰਾਜਨੀਤਕ ਤੇ ਆਰਥਿਕ ਸ਼ਕਤੀਆਂ ਦਾ ਉਹ ਗੱਠਜੋੜ ਹੈ ਜੋ ਵਤਨਪ੍ਰਸਤ ਹੋਣ ਦਾ ਢੌਂਗ ਰਚਦਾ ਹੈ ਪਰੰਤੂ ਉਸਦੀ ਆੜ ਵਿਚ ਆਪਣੀ ਪੇਟਪ੍ਰਸਤੀ ਦੇ ਸੰਕਲਪ ਨੂੰ ਸਾਕਾਰ ਕਰ ਰਿਹਾ ਹੈ। ਇਹ ਉਹ ਗੱਠਜੋੜ ਹੈ ਜੋ ਦੇਸ਼ ਦੀ ਅਜ਼ਮਤ ਤੇ ਪ੍ਰਭੂਸੱਤਾ ਦੀ ਕੀਮਤ 'ਤੇ ਸਾਮਰਾਜੀ-ਬਸਤੀਵਾਦੀ ਮੁਲਕਾਂ ਦੇ ਸਾਮ੍ਹਣੇ ਗੋਡੇ ਟੇਕ ਰਿਹਾ ਹੈ, ਉਹਨਾਂ ਦੀ ਚਾਪਲੂਸੀ ਕਰ ਰਿਹਾ ਹੈ ਤੇ ਉਦਾਰੀਕਰਣ, ਸੰਸਾਰੀਕਰਣ ਤੇ ਨਿਜੀਕਰਣ ਦੇ ਨਾਂ 'ਤੇ ਉਹਨਾਂ ਦੁਆਰਾ ਪ੍ਰਾਯੋਜਤ ਨੀਤੀਆਂ ਅੰਨ੍ਹੇਵਾਹ ਲਾਗੂ ਕਰ ਕੇ ਵਤਨਪ੍ਰਸਤੀ ਦੇ ਨਾਂ 'ਤੇ ਆਪਣਾ ਢਿੱਡ ਭਰ ਰਿਹਾ ਹੈ। ਵਤਨਪ੍ਰਸਤੀ ਬਨਾਮ ਪੇਟਪ੍ਰਸਤੀ ਦਾ ਦੂਜਾ ਪਰਿਪੇਖ ਉਸ ਮਜਬੂਰੀ ਵਿਚੋਂ ਸਾਮ੍ਹਣੇ ਆ ਰਿਹਾ ਹੈ ਜਦੋਂ ਢਿੱਡ ਦੀ ਭੁੱਖ ਦੇ ਸਤਾਏ ਆਮ ਮਜ਼ਦੂਰ ਕਿਰਸਾਨ ਰੁਜ਼ਗਾਰ ਪ੍ਰਾਪਤੀ ਲਈ ਫੌਜ ਵਿਚ ਭਰਤੀ ਹੋ ਰਹੇ ਹਨ ਤੇ ਸਾਮਰਾਜੀ ਨੀਤੀਆਂ ਦਾ ਪ੍ਰਤੀਰੂਪ ਹਾਕਮ ਆਪਣੀਆਂ ਗਰਜਾਂ ਤੋਂ ਪੈਦਾ ਹੋਏ ਇਸ ਭਾਰਤੀ ਪਰਿਪੇਖ ਨੂੰ ਆਪਣੇ ਸੁਆਰਥਾਂ ਲਈ ਛੇੜੀਆਂ ਜੰਗਾਂ ਵਿਚ ਉਹਨਾਂ ਨੂੰ ਬਲੀ ਦਾ ਬੱਕਰਾ ਬਣਾ ਕੇ ਉਹਨਾਂ 'ਤੇ ਦੇਸ਼ ਭਗਤੀ ਦਾ ਲੇਬਲ ਲਾ ਦਿੰਦਾ ਹੈ। *'ਲੱਕੜ ਦੀ ਲੱਤ''* ਉਪੇਰਾ ਰੁਜ਼ਗਾਰਮੁਖਤਾ ਵਿਚੋਂ ਪੈਦਾ ਹੋਈ ਵਤਨਪ੍ਰਸਤੀ ਨੂੰ ਸਾਮ੍ਹਣੇ ਲਿਆ ਰਿਹਾ ਹੈ। *'ਲੱਕੜ ਦੀ ਲੱਤ'* ਉਪੇਰਾ ਇਹਨਾਂ ਤੱਥਾਂ ਦੀ ਪੜਚੋਲ ਕਰਦਾ ਹੈ ਕਿ ਆਖਰ ਮਨੁੱਖ ਕਿਉਂ ਆਪਣੀ ਮੌਤ ਨੂੰ ਸਾਮ੍ਹਣੇ ਦੇਖਦੇ ਹੋਏ ਵੀ ਆਪਣੇ ਆਪ ਨੂੰ ਮਰਨ ਲਈ ਪੇਸ਼ ਕਰਦਾ ਹੈ। ਵਤਨ ਪ੍ਰਸਤੀ ਬਨਾਮ ਪੇਟ ਪ੍ਰਸਤੀ ਨੂੰ ਕੇਂਦਰ ਵਿਚ ਰੱਖਕੇ ਨਾਟਕਕਾਰ ਸਪਸ਼ਟ ਤੌਰ 'ਤੇ ਉਹਨਾਂ ਹਾਲਤਾਂ ਨੂੰ ਉਦਘਾਟਤ ਕਰਦਾ ਹੈ ਜਦੋਂ ਹਰ ਪ੍ਰਕਾਰ ਦੇ ਯਤਨਾਂ ਤੇ ਮਿਹਨਤਾਂ ਦੇ ਬਾਵਜੂਦ ਉਹ ਸੰਕਟਮਈ ਵਰਤਾਰੇ ਵਿਚੋਂ ਬਾਹਰ ਨਹੀਂ ਨਿਕਲਦਾ। ਇਹੀ ਉਹ ਹਾਲਾਤ ਹਨ ਜਦੋਂ ਪੇਟ ਪ੍ਰਸਤੀ ਵਤਨ ਪ੍ਰਸਤੀ ਵਿਚ ਰੂਪਾਂਤਰਤ ਹੁੰਦੀ ਹੈ। ਰੁਜ਼ਗਾਰ ਨਾ ਮਿਲਣ ਕਰਕੇ ਆਪਣੇ ਅਤੇ ਆਪਣੇ ਪਰਿਵਾਰ ਦੀ ਭੁੱਖ ਦਾ ਸਤਾਇਆ ਵਿਅਕਤੀ ਆਖਰੀ ਹੱਲ ਦੇ ਰੂਪ ਵਿਚ ਫੌਜ ਵਿਚ ਭਰਤੀ ਹੋ ਕੇ ਮੌਤ ਦੇ ਆਗੋਸ਼ ਵਿਚ ਆਪਣੇ ਆਪ ਨੂੰ ਸਮਰਪਤ ਕਰ ਦਿੰਦਾ ਹੈ ਜਿਸਦਾ ਸਿੱਟਾ ਜਵਾਨੀਆਂ ਦੇ ਘਾਣ ਦੇ ਰੂਪ ਵਿਚ ਇਕ ਪੀੜ੍ਹੀ ਦੀ ਅਪਾਹਜਤਾ ਦੇ ਰੂਪ ਵਿਚ ਸਾਮ੍ਹਣੇ ਆਉਂਦਾ ਹੈ। ਸੂਦਖੋਰਾਂ ਹੱਥੋਂ ਲੁੱਟਦੀ ਕਮਾਈ ਦੇ ਸਿੱਟੇ ਵਜੋਂ ਪੈਦਾ ਹੋਈ ਭੁੱਖ ਹੀ ਇਸ ਵਤਨਪ੍ਰਸਤੀ ਦਾ ਵੱਡਾ ਕਾਰਣ ਹੈ:

*ਉਰ੍ਹਾਂ ਫੜਾ ਦੇ ਪੰਜ ਸੌ ਚਾਲੀ,ਨਾਲੇ ਗਾਂ ਇਹ ਵੱਛੀ ਵਾਲੀ।*
*ਕਿੱਲਿਉਂ ਖੋਲ੍ਹਕੇ ਬਲ਼ਦ ਫੜਾ ਦੇ,ਅੱਗੇ ਮੇਰੇ ਬੱਕਰੀ ਲਾ ਦੇ।*
*ਤੇਰਾ ਮੇਰਾ ਲੇਖਾ ਸਾਫ,ਅੱਗੋਂ ਲਈ ਹੁਣ ਕਰੀਂ ਮੁਆਫ।*

ਉਪੇਰਾ *'ਲੱਕੜ ਦੀ ਲੱਤ'* ਨਾਰੀ ਸੰਵੇਦਨਾ ਦੀ ਦ੍ਰਿਸ਼ਟੀ ਤੋਂ ਵੀ ਕਾਫ਼ੀ ਮਹੱਤਵਪੂਰਨ ਹੈ।

ਕਿਸੇ ਵੀ ਸਮੇਂ, ਕਿਸੇ ਵੀ ਖੇਤਰ ਵਿਚ ਅਤੇ ਕਿਸੇ ਵੀ ਦੁਆਰਾ ਛੇੜੀ ਗਈ ਜੰਗ ਦਾ ਪ੍ਰਭਾਵ ਭਾਵੇਂ ਬਹੁਦਿਸ਼ਾਵੀ ਹੁੰਦਾ ਹੈ, ਪਰੰਤੂ ਔਰਤ ਇਸ ਦਾ ਸਭ ਤੋਂ ਵੱਧ ਸੰਤਾਪ ਭੋਗਦੀ ਹੈ। ਉਪੇਰਾ *'ਲੱਕੜ ਦੀ ਲੱਤ'* ਨਾਰੀ ਵੇਦਨਾ ਦੇ ਇਸੇ ਪਰਿਪੇਖ ਨੂੰ ਪੂਰਨ ਸ਼ਿੱਦਤ ਨਾਲ ਅਭਿਵਿਅਕਤ ਕਰਦਾ ਹੈ। ਨਾਟਕ ਪੰਜਾਬੀ ਲੋਕ ਗੀਤ ਦੀ ਇਸ ਤੁਕ ਨੂੰ ਕੇਂਦਰ ਵਿਚ ਰੱਖਕੇ ਨਾਰੀ ਵੇਦਨਾ ਨੂੰ ਪ੍ਰਗਟਾਉਂਦਾ ਹੈ: *ਵੇ ਮੈਂ ਰੰਡੀਓਂ ਸੁਹਾਗਣ ਹੋਵਾਂ ਜੇ ਬਸਰੇ ਦੀ ਲਾਮ ਟੁੱਟ ਜੇ।*

ਇਹ ਲਾਮ ਦਾ ਟੁੱਟਣਾ ਵਕਤੀ ਤੋਰ 'ਤੇ ਹਰ ਕਿਸੇ ਲਈ ਖੁਸ਼ੀ ਦਾ ਸਬੱਬ ਹੋ ਸਕਦਾ ਹੈ ਤੇ ਨਾਰੀ ਲਈ ਵੀ। ਪਰੰਤੂ ਪਹਿਲਾਂ 'ਲਾਮ ਦਾ ਲੱਗਣਾ' ਤੇ ਫਿਰ 'ਲੱਗ ਕੇ ਟੁੱਟਣਾ' ਜਿੱਥੇ ਗੱਭਰੂ ਨੂੰ ਸਰੀਰਕ ਪੱਖੋਂ ਅਪਾਹਜ ਕਰਦਾ ਹੈ, ਉੱਥੇ ਔਰਤ ਸੁਹਾਗਮਈ ਤੇ ਮਾਨਸਿਕ ਅਪੰਗਤਾ ਦਾ ਸੰਤਾਪ ਭੋਗਦੀ ਹੈ। ਵਾਸਤਵ ਵਿਚ ਔਰਤ ਦਾ ਇਹ ਸੁਹਾਗਮਈ ਤੇ ਮਾਨਸਿਕ ਸੰਤਾਪ ਤਾਂ ਉਦੋਂ ਹੀ ਪ੍ਰਾਰੰਭ ਹੋ ਜਾਂਦਾ ਹੈ ਜਦੋਂ ਗੱਭਰੂ ਆਪਣੇ ਆਰਥਿਕ ਸੰਕਟ ਦੇ ਹੱਲ ਦੀ ਤਲਾਸ਼ ਵਿਚ ਲਾਮ 'ਤੇ ਜਾਣ ਦਾ ਫੈਸਲਾ ਕਰ ਲੈਂਦਾ ਹੈ। ਲੇਖਕ ਨੇ ਮਰਦ ਦੇ ਆਰਥਿਕ ਸੰਕਟ ਤੇ ਔਰਤ ਦੇ ਸੁਹਾਗਮਈ ਤੇ ਮਾਨਸਿਕ ਸੰਕਟ ਨੂੰ ਇਕ ਦੂਜੇ ਦੇ ਵਿਰੋਧ ਵਿਚ ਰੱਖਕੇ ਪ੍ਰਸਤੁਤ ਕੀਤਾ ਹੈ :

> ***ਵਹੁਟੀ:*** *ਇਕ ਭਾਂਬੜ ਬਲ਼ਦਾ ਵੇ, ਰਾਂਝਣਾ ਸਾਥੋਂ ਦੂਰ ਪਰੇਰੇ।*
> *ਪਏ ਟੁਕੜੇ ਵੰਗਾਂ ਦੇ ਢੋਲਣਾ, ਉਸ ਦੇ ਚਾਰ ਚੁਫੇਰੇ।*
> ***ਕਿਸਾਨ:*** *ਇਕ ਦੀਵਾ ਜਗਦਾ ਨੀ, ਗੋਰੀਏ ਸਾਡੇ ਘਰ ਤੋਂ ਨੇੜੇ।*
> *ਮੈਂ ਤਲਬਾਂ ਭੇਜਾਂਗਾ, ਰਾਣੀਏ, ਲਿਸ਼ਕਣ ਤੇਰੇ ਵਿਹੜੇ।*

ਆਰਥਿਕ ਸੰਕਟ ਦੇ ਅਗਰਭੂਮੀ ਵਿਚ ਆ ਜਾਣ ਕਾਰਣ ਭਾਵੇਂ ਵਕਤੀ ਤੌਰ 'ਤੇ ਮਾਨਸਿਕ ਸੰਕਟ ਪਿੱਠਭੂਮੀ ਵਿਚ ਕਾਰਜਸ਼ੀਲ ਹੋ ਜਾਂਦਾ ਹੈ ਪਰੰਤੂ ਕਿਸਾਨ ਦੇ ਚਲੇ ਜਾਣ ਤੋਂ ਬਾਅਦ ਇਹ ਸੰਕਟ ਔਰਤ ਦੇ ਭਾਵਨਾਤਮਕ ਤੇ ਬਿਰਹਾਮੂਲਕ ਸਰੋਕਾਰਾਂ ਰਾਹੀਂ ਸਿਖਰ ਪ੍ਰਾਪਤ ਕਰਦਾ ਹੈ ਤੇ ਸੰਕਟ ਦਾ ਵਿਸਫੋਟ ਉਦੋਂ ਹੁੰਦਾ ਹੈ ਜਦੋਂ ਔਰਤ ਦੇ ਇਕਲਾਪੇ ਵਿਚੋਂ ਪੈਦਾ ਹੋਈ ਅਪੂਰਨਤਾ ਤੇ ਖਲਾਅ ਨੂੰ ਪੂਰਨ ਦੀ ਭੂਮਿਕਾ ਨਿਭਾਉਣ ਵਾਲਾ ਗੱਭਰੂ ਖ਼ੁਦ ਸਾਮਰਾਜੀ ਤੇ ਰਾਜਨੀਤਕ ਜੰਗਾਂ ਰਾਹੀਂ ਅਪਾਹਜ ਹੋਕੇ ਅਪੂਰਨਤਾ ਤੇ ਭਟਕਣ ਦਾ ਸ਼ਿਕਾਰ ਹੋ ਜਾਂਦਾ ਹੈ। ਇਉਂ ਔਰਤ ਦੇ ਨਜ਼ਰੀਏ ਤੋਂ ਇਹ ਸੰਕਟ ਵਧੇਰੇ ਗੰਭੀਰ ਹੈ:

> ***ਪਤਨੀ :*** *ਟੁੱਟ ਗਿਆ ਮੇਰਾ ਇਕ ਛਿਨ ਵਿਚ, ਇਹ ਸੁਰਗਾਂ ਦਾ ਝੂਟਾ*
> *ਛਾਂਗ ਦਿੱਤਾ ਹੈ ਕਿਸ ਵੈਰੀ ਨੇ, ਮੇਰਾ ਸਰੂ ਦਾ ਬੂਟਾ*
> *ਜੰਗ ਵਿਚੋਂ ਤੂੰ ਲੈ ਕੇ ਮੁੜਿਆ, ਫੁੱਲਾਂ ਥਾਂ ਅੰਗਿਆਰੇ,*
> *ਹੁਸਨ ਤੇਰੇ ਨੂੰ ਲੂਹ ਸੁੱਟਿਆ ਹੈ, ਕਿਹੜੇ ਹੱਥ ਹਤਿਆਰੇ*
> *ਪਰਦੇਸਾਂ ਵਿਚ ਜਾ ਕੇ ਕੀਤੀ, ਤੂੰ ਕੀ ਕਾਰਗੁਜ਼ਾਰੀ*
> *ਕਿਸਦੀ ਖਾਤਰ ਇਤਨੀ ਮਹਿੰਗੀ, ਤੂੰ ਇਹ ਕੀਮਤ ਤਾਰੀ*

ਇਹ ਵਰਤਾਰਾ ਅਜੇ ਤਕ ਵੀ ਜਾਰੀ ਹੈ। ਅੱਜ ਵੀ ਇਸੇ ਤਰ੍ਹਾਂ ਕਿਰਤੀ ਕਿਸਾਨਾਂ ਦੇ ਪੁੱਤ ਪੇਟ ਦੀ ਭੁੱਖ ਦਾ ਹੱਲ ਕਰਨ ਲਈ ਸਰੱਹਦਾਂ 'ਤੇ ਜਾਂਦੇ ਹਨ ਤੇ ਉੱਥੋਂ ਲਾਸ਼ਾਂ ਬਣ ਕੇ ਵਾਪਸ ਪਰਤਦੇ ਹਨ। ਬਸ ਏਨਾ ਕੁ ਫਰਕ ਪਿਆ ਹੈ ਕਿ 'ਲੱਕੜ ਦੀਆਂ ਲੱਤਾਂ' ਹੁਣ 'ਲੋਹੇ ਦੀਆਂ ਲੱਤਾਂ' ਵਿਚ ਬਦਲ ਗਈਆਂ ਹਨ ਤੇ ਦੇਸ਼ਭਗਤੀ ਦਾ ਰੰਗ ਹੋਰ ਗੂੜ੍ਹਾ ਤੇ ਕਪਟੀ ਹੋ ਗਿਆ ਹੈ। ਇਸ ਲਈ *'ਲੱਕੜ ਦੀ ਲੱਤ'* ਉਪੇਰਾ ਅੱਜ ਦੀਆਂ ਹਾਲਤਾਂ ਦੇ ਪ੍ਰਸੰਗ ਵਿਚ ਵੀ ਉੱਨਾ ਹੀ ਅਰਥਵਾਨ ਹੈ।

ਮਨੁੱਖੀ ਜਜ਼ਬਿਆਂ ਦਾ ਅਮੂਰਤ ਸੰਸਾਰ ਵੀ ਤੇਰਾ ਸਿੰਘ ਚੰਨ ਦੇ ਉਪੇਰਿਆਂ ਦੇ ਮਹੱਤਵਪੂਰਨ ਜੁਜ਼ ਦੇ ਰੂਪ ਵਿਚ ਅਰਥ ਗ੍ਰਹਿਣ ਕਰਦਾ ਹੈ। ਉਪੇਰਾ *'ਆਖ਼ਿਰੀ ਪੜਾਅ'* ਮਨੁੱਖ ਦੇ ਪਵਿੱਤਰ ਜਜ਼ਬਿਆਂ ਅੰਦਰਲੀ ਪਾਕੀਜ਼ਗੀ ਤੇ ਕਲਿਆਣਕਾਰੀ ਭਾਵਨਾ ਦਾ ਉਦਘਾਟਨ ਕਰਦੇ ਹੋਏ ਅਪਵਿੱਤਰ

ਤੇ ਅਮਾਨਵੀ ਭਾਵਾਂ ਨੂੰ ਨਸ਼ਟ ਕਰਨ 'ਤੇ ਬਲ ਦਿੰਦਾ ਹੈ। ਨਾਟਕ ਦੇ ਦੋ ਮੁੱਖ ਪਾਤਰ ਸਪਸ਼ਟ ਰੂਪ ਵਿਚ ਇਹਨਾਂ ਨਾਕਾਰਾਤਮਕ ਤੇ ਸਾਕਾਰਾਤਮਕ ਭਾਵਾਂ ਦਾ ਹੀ ਪ੍ਰਤੀਰੂਪ ਹਨ। ਨਾਟਕ ਦਾ ਪਾਤਰ ਰੁਖਸਾਨਾ ਕੁਦਰਤੀ ਗੁਣਾਂ, ਸਹਿਜਤਾ, ਪ੍ਰੇਮ, ਸੁੰਦਰਤਾ, ਅਹਿੰਸਾ ਤੇ ਸਾਂਝ ਆਦਿ ਦਾ ਪ੍ਰਤੀਰੂਪ ਹੈ ਜਦੋਂ ਕਿ ਸਿਕੰਦਰ ਅਤੇ ਉਸਦੀ ਫੌਜ ਮਨੁੱਖ ਦੀਆਂ ਅਨਿਆਂ ਆਧਾਰਤ ਬੇਕਿਰਕ ਲਾਲਸਾਵਾਂ ਤੇ ਮ੍ਰਿਗਤ੍ਰਿਸ਼ਨਾਵਾਂ ਦਾ ਪ੍ਰਤੀਰੂਪ ਹੈ। ਪ੍ਰੇਮ, ਸੁੰਦਰਤਾ ਅਤੇ ਸਹਿਜ ਆਦਿ ਪਾਕ ਜਜ਼ਬਿਆਂ ਦੇ ਖੰਡਰਾਂ 'ਤੇ ਬਣਾਉਟੀ ਜਿੱਤਾਂ, ਖੁਸ਼ੀਆਂ ਤੇ ਘੁਮੰਡਾਂ ਦਾ ਮਹੱਲ ਉਸਾਰਨ ਦੇ ਸੰਕਲਪ ਨੂੰ ਰੱਦਣ ਦਾ ਤਹੱਈਆ ਨਾਟਕ ਦੇ ਕੇਂਦਰ ਵਿਚ ਕਾਰਜੀਲ ਹੈ:

***ਰੁਖਸਾਨਾ:*** *ਹੇ ਸ਼ਹਿਨਸ਼ਾਹ, ਹੇ ਸ਼ਹਿਨਸ਼ਾਹ, ਹੇ ਮੇਰੇ ਦਿਲ ਦੇ ਸ਼ਹਿਨਸ਼ਾਹ,*
*ਨਾ ਐਵੇਂ ਤੂੰ ਦਲੀਲਾਂ ਝੂਠੀਆਂ ਦੇ ਪਿੱਛੇ ਲੈ ਪਨਾਹ।*
*ਕੀ ਇਹ ਵੱਕਾਰ ਜਿਸਦੇ ਮੂੰਹ 'ਤੇ ਖ਼ੂਨ ਮਲ਼ਿਆ ਜਾ ਰਿਹੈ।*
*ਕੀ ਜਿਸ ਦੇ ਗਲ਼ ਦੇ ਹਾਰ ਲਈ ਪਿਆਰ ਸਲ਼ਿਆ ਜਾ ਰਿਹੈ।*
*ਕੀ ਇਹ ਵੱਕਾਰ ਜਿਸ ਦੇ ਹੇਠ ਹੁਸਨ ਦਲ਼ਿਆ ਜਾ ਰਿਹੈ।*
*ਨਾ ਇਸ ਵੱਕਾਰ ਦੇ ਮਗਰ ਤੂੰ ਆਪਣੇ ਜ਼ੁਲਮ ਨੂੰ ਲੁਕਾਅ।*

ਨਾਟਕ ਦੇ ਅਖੀਰ ਵਿਚ ਸਿਪਾਹੀਆਂ ਦਾ ਯੁੱਧ ਤੋਂ ਇਨਕਾਰੀ ਹੋ ਜਾਣਾ ਭਾਵੇਂ ਨਾਟਕੀ ਤੌਰ ਤੇ ਅਯਥਾਰਥਕ ਹੈ, ਪਰੰਤੂ ਪਾਕ ਦੀ ਨਾਪਾਕ ਉਪਰ ਜਿੱਤ ਦੇ ਪ੍ਰਤੀਕ ਦੇ ਰੂਪ ਵਿਚ ਪ੍ਰਸੰਗਕ ਹੈ। ਉਪੇਰਾ ਵਿਚ ਆਖਿਰੀ ਪੜਾਅ ‘ਤੇ ਸਿਕੰਦਰ ਦੁਆਰਾ ਭਾਰਤ ਉਪਰ ਕੀਤੇ ਹਮਲਿਆਂ ਦੇ ਆਖਿਰੀ ਦੌਰ ਵਿਚ ਉਸਦੀਆਂ ਫੌਜਾਂ ਵੱਲੋਂ ਲੜਨ ਤੋਂ ਇਨਕਾਰ ਕਰ ਦੇਣ ਦੀ ਘਟਨਾ ਨੂੰ ਕਥਾਨਕ ਦਾ ਆਧਾਰ ਬਣਾ ਕੇ ਰੁਖਸਾਨਾ (ਸਿਕੰਦਰ ਦੀ ਪ੍ਰੇਮਿਕਾ) ਨਾਂ ਦੇ ਕਾਲਪਨਿਕ ਪਾਤਰ ਦੀ ਮਦਦ ਨਾਲ ਉਪੇਰਾ ਨੂੰ ਜੰਗ ਵਿਰੋਧੀ ਪਰਿਪੇਖ ਪ੍ਰਦਾਨ ਕੀਤਾ ਹੈ :

*ਸੁਣ ਲੈ ਸ਼ਾਹ ਸਿਕੰਦਰ, ਸਾਡੀ ਲੜਨੋਂ ਹੈ ਇਨਕਾਰ।*
*ਠੁਮਕ ਠੁਮਕ ਕੇ ਖਿੜ ਖਿੜ ਹੱਸਦੀ, ਜ਼ਿੰਦਗੀ ਚਾਰ ਚੁਫੇਰੇ।*
*ਕਿਹੜਾ ਹੱਥ ਹੈ ਜਿਹੜਾ ਇਸ 'ਤੇ ਵਧ ਕੇ ਮੌਤ ਖਲੇਰੇ।*
*ਇਸ ਦੇ ਨਚਦੇ ਪੈਰਾਂ ਥੱਲੇ ਰੱਖੇ ਜੋ ਅੰਗਿਆਰ,*
*ਸਾਡੀ ਲੜਨੋਂ ਹੈ ਇਨਕਾਰ*

ਇਉਂ ਤੇਰਾ ਸਿੰਘ ਚੰਨ ਸੱਚਮੁੱਚ ਹਨੇਰੀ ਰਾਤ ਵਿਚ ਚਮਕਦਾ ਚੰਨ ਹੈ। ਉਸ ਦੀ ਸਿਰਜਣਾ ਚਾਨਣੀ ਵਰਗਾ ਅਹਿਸਾਸ ਵੀ ਦਿੰਦੀ ਹੈ, ਉੱਠ ਕੇ ਤੁਰਨ ਦਾ ਵਿਸ਼ਵਾਸ ਵੀ ਦਿੰਦੀ ਹੈ ਤੇ ਮੰਜ਼ਿਲ 'ਤੇ ਪਹੁੰਚਣ ਦਾ ਧਰਵਾਸ ਵੀ ਦਿੰਦੀ ਹੈ। ਅਹਿਸਾਸ, ਵਿਸ਼ਵਾਸ ਤੇ ਧਰਵਾਸ ਦੀ ਤ੍ਰਿਵੇਣੀ ਨਾਲ ਲਬਰੇਜ਼ ਤੇਰਾ ਸਿੰਘ ਚੰਨ ਕਾਲਮੁਕਤ ਦਾਇਰਿਆਂ ਵਿਚ ਵਿਚਰਦਾ ਹੋਇਆ ਹਰ ਯੁਗ ਵਿਚ ਤੁਰਨ, ਲੜਨ, ਜੂਝਣ ਅਤੇ ਆਪਣੇ ਹੱਕ ਪ੍ਰਾਪਤ ਕਰਨ ਦਾ ਸਰਬਕਾਲੀ ਸੰਦੇਸ਼ ਦਿੰਦਾ ਹੈ। ਇਸੇ ਵਿਚ ਚੰਨ ਹੋਣ ਦਾ ਗੌਰਵ ਨਿਹਿਤ ਹੈ। ਉਹ ਕਹਿੰਦਾ ਹੈ :

*ਬਹਿ ਕੇ ਥਲਾਂ 'ਚ ਘਰ 'ਚੋਂ ਫੁਹਾਰੇ ਨਾ ਟੋਲੀਏ*
*ਕਹਿ ਕੇ ਮੁਕਾਓ ਕਿੱਸਾ, ਹੁੰਗਾਰੇ ਨਾ ਟੋਲੀਏ*
*ਔਹ ਟੁਰ ਪਿਆ ਏ ਕਾਫਲਾ, ਔਹ ਦਿਸ ਪਈ ਮੰਜ਼ਿਲ*
*ਰਲ਼ਣਾ ਹੈ ਨਾਲ ਰਲ਼ ਪਵੋ, ਲਾਰੇ ਨਾ ਟੋਲੀਏ*
*ਹੰਝੂਆਂ ਨੂੰ ਹੀ ਬਦਲ ਕੇ ਹੁਣ ਸ਼ੋਹਲੇ ਬਣਾ ਲਵੋ*
*ਹੰਝੂਆਂ 'ਚ ਡੁੱਬ ਕੇ ਐਵੇਂ ਅੰਗਾਰੇ ਨਾ ਟੋਲੀਏ।* 000

***(2891, ਫੇਜ਼ 2, ਅਰਬਨ ਅਸਟੇਟ, ਪਟਿਆਲਾ***
***ਫੋਨ: 98768-20600)***

# ਅਦੁਤੀ ਤੇ ਅਭੁੱਲ ਇਨਸਾਨ – ਤੇਰਾ ਸਿੰਘ ਚੰਨ

## ਸਾਧੂ ਸਿੰਘ

ਤੇਰਾ ਸਿੰਘ 'ਚੰਨ' ਆਪਣੀ ਦਿੱਖ ਤੇ ਦ੍ਰਿਸ਼ਟੀ ਵੱਲੋਂ ਇਕ ਅਦੁਤੀ ਤੇ ਅਭੁੱਲ ਇਨਸਾਨ ਸੀ। ਸ਼ਾਹ ਕਾਲ਼ੀ ਸੰਘਣੀ-ਭਰਵੀਂ ਦਾੜ੍ਹੀ, ਗੋਰੇ-ਨਿਛੋਹ ਰੰਗ, ਤਿੱਖੇ ਨੈਣ-ਨਕਸ਼, ਬੂਟੀਦਾਰ ਜਾਂ ਮੋਠੜੇ ਦੀ ਵਾਇਲ ਦੀ ਸਾਦਾ ਪਲੇਚਾਂ ਵਾਲੀ ਪਗੜੀ ਤੇ ਕੋਟ, ਕਈ ਵਾਰ ਬੰਦ ਗਲ਼ੇ ਵਾਲੇ, ਵਿਚ ਮਲਬੂਸ ਤੇਰਾ ਸਿੰਘ 'ਚੰਨ' ਹੋਰਾਂ ਨੂੰ ਜੇ ਕਦੇ ਕਿਸੇ ਨੇ ਦੂਰੋਂ ਜਿਹੋਂ ਸਰਸਰੀ ਜਿਹਾ ਵੀ ਦੇਖਿਆ ਹੋਵੇ ਤਾਂ ਉਹਨਾਂ ਨੂੰ ਦੁਬਾਰਾ ਦੇਖਕੇ ਪਛਾਨਣ ਵਿਚ ਕਦੇ ਭੁਲਖਾ ਨਹੀਂ ਸੀ ਪੈ ਸਕਦਾ। ਦਿੱਖ ਵਜੋਂ ਜਿਵੇਂ 'ਚੰਨ' ਕਿਸੇ ਹੋਰ ਵਰਗਾ ਨਹੀਂ ਹੁੰਦਾ, ਇਵੇਂ ਹੀ ਤੇਰਾ ਸਿੰਘ ਵੀ ਆਪਣੇ ਵਰਗਾ ਸਿਰਫ ਆਪ ਹੀ ਸੀ।

ਬੀਤੀ ਸਦੀ ਦੇ ਪੰਜਾਹਵਿਆਂ ਦੇ ਮਧ-ਅੰਤ ਵਿਚ ਬੰਗਾ ਰੋਡ ਫਗਵਾੜੇ ਵਾਲੇ ਚੌਂਕ ਵਿਚਲੀ ਇਕ ਇਮਾਰਤ ਦੀ ਦੂਜੀ ਮੰਜ਼ਿਲ 'ਤੇ ਉਨ੍ਹਾਂ ਦਾ ਗਿਆਨੀ ਕਾਲਿਜ ਹੋਇਆ ਕਰਦਾ ਸੀ। ਰਾਮਗੜ੍ਹੀਆ ਕਾਲਿਜ ਵਿਚ ਹਾਲ ਹੀ ਵਿਚ ਦਾਖਲ ਹੋਇਆ ਸਾਂ। ਕਦੀ ਪੌੜੀਆਂ ਚੜ੍ਹ ਕੇ ਉਨ੍ਹਾਂ ਨੂੰ ਮਿਲਣ ਦਾ ਤਾਂ ਸਬੱਬ ਨਹੀਂ ਸੀ ਬਣਿਆ। ਸੜਕ 'ਤੇ ਕਿਸੇ ਕੰਮਕਾਰ ਲਈ ਹੇਠਾਂ ਆਇਆਂ ਨੈਂ ਵੇਖ ਕੇ ਇਕ ਹਮਜਮਾਤੀ ਨੇ ਉਨ੍ਹਾਂ ਦੇ ਨਾਂ-ਥਾਂ ਦਾ ਜ਼ਿਕਰ ਕੀਤਾ ਸੀ ਤੇ ਫੇਰ ਕਦੇ ਉਨ੍ਹਾਂ ਬਾਰੇ ਕਿਸੇ ਪੁੱਛ-ਪੁਸ਼ਟੀ ਦੀ ਕਦੇ ਜ਼ਰੂਰਤ ਨਹੀਂ ਸੀ ਪਈ।

ਉਨ੍ਹੀਂ ਦਿਨੀਂ ਪ੍ਰਗਤੀਸ਼ੀਲ ਸਿਆਸਤ, ਸਾਹਿਤ, ਪੱਤਰਕਾਰੀ ਤੇ ਸਿਆਸਤ ਦੀ ਚੜ੍ਹਤ ਸੀ। ਚੰਨ ਹੋਰਾਂ ਦੇ ਗੀਤ-ਨਾਟ ਸਟੇਜਾਂ ਉਪਰ ਆਮ ਖੇਡੇ ਜਾਇਆ ਕਰਦੇ ਸਨ। ਗਾਂਧੀ ਚੌਂਕ ਦੇ ਥੜ੍ਹੇ 'ਤੇ ਖੇਡੇ ਗਏ ਅਜਿਹੇ ਹੀ ਇਕ ਨਾਟਕ 'ਅਮਰ ਪੰਜਾਬ' ਦੀ ਇਕ ਸੰਖੇਪ ਜਿਹੀ ਝਾਕੀ ਵਿਚ ਉਹ ਪਹਾੜਾ ਸਿੰਘ ਦੇ ਰੋਲ ਵਿਚ ਆਪਣੀਆਂ ਛੋਹਲ਼ੀਆਂ ਮੂਕ-ਮੁਦ੍ਰਾਵਾਂ ਰਾਹੀਂ ਥੋੜ੍ਹੇ ਚਿਰ ਲਈ ਹੀ ਪੇਸ਼ ਹੋਏ ਸਨ ਤੇ ਮੇਰੇ ਵਰਗੇ ਨਵੇਂ ਦਰਸ਼ਕਾਂ ਲਈ ਦੇਖਦਿਆਂ ਸਾਰ ਹੀ ਪਛਾਣੇ ਗਏ ਸਨ --ਤੇਰਾ ਸਿੰਘ ਚੰਨ। ਮੈਨੂੰ ਮਗਰੋਂ ਜਾ ਕੇ ਪਤਾ ਲੱਗਾ ਕਿ ਤੇਰਾ ਸਿੰਘ ਚੰਨ ਇਸ ਨਾਟਕ ਦੇ ਅਭਿਨੇਤਾ ਹੀ ਨਹੀਂ ਸਗੋਂ ਰਚੇਤਾ ਵੀ ਸਨ। ਤੇਰਾ ਸਿੰਘ ਚੰਨ ਇੰਡੀਅਨ ਪੀਪਲਜ਼ ਥੀਏਟਰ ਐਸੋਸੀਏਸ਼ਨ (ਇਪਟਾ) ਦੀ ਪੰਜਾਬ ਸ਼ਾਖਾ ਦੇ ਰੂਹਿ-ਰਵਾਂ ਸਨ।

ਮਗਰੋਂ ਤਾਂ ਉਨ੍ਹਾਂ ਦੀਆਂ ਨਜ਼ਮਾਂ-ਗੀਤਾਂ ਨੂੰ ਪੜ੍ਹਨ ਉਣਨ ਦਾ ਕਈ ਵਾਰ ਸਬੱਬ ਬਣਦਾ ਰਿਹਾ। ਉਨ੍ਹਾਂ ਦਾ ਇਕ ਗੀਤ, ਜਿਸਦਾ ਮੁਖੜਾ ਮੈਨੂੰ ਹਾਲੇ ਤਕ ਯਾਦ ਹੈ -- *ਹੇ ਪਿਆਰੀ ਭਾਰਤ ਮਾਂ, ਅਸੀਂ ਤੈਨੂੰ ਸੀਸ ਨਿਵਾਂਦੇ ਹਾਂ, ਤੇਰੇ ਤੋਂ ਸਦਕੇ ਜਾਂਦੇ ਹਾਂ* -- ਬੜੇ ਲੰਮੇਂ ਸਮੇਂ ਲਈ ਪੰਜਾਬ ਭਰ ਦੇ ਸਕੂਲਾਂ ਵਿਚ 'ਰਾਸਟਰੀ ਗੀਤ' ਸਮਾਨ ਸਨਮਾਨ ਨਾਲ ਗਾਇਆ ਜਾਂਦਾ ਰਿਹਾ। ਇਹੋ ਜੇਹੀ ਵਿਸਤ੍ਰਿਤ, ਵਿਆਪਕ ਤੇ ਸਹਿਜ-ਸੁਭਾਵਕ ਪ੍ਰਸਿੱਧੀ ਤੇ ਪ੍ਰਵਾਨਗੀ ਕਿਸੇ ਹੀ ਰਚਨਾ ਦਾ ਨਸੀਬ ਹੋਇਆ ਕਰਦੀ ਹੈ।

ਉਹ ਪੰਜਾਬ ਵਿਚ ਅਮਨ ਲਹਿਰ ਦੀ ਚੜ੍ਹਤ ਦੇ ਦਿਨ ਸਨ। ਅਮਨ ਕਾਨਫਰੰਸਾਂ ਦੀ ਸਟੇਜ 'ਤੇ ਅਮਰਜੀਤ ਗੁਰਦਾਸਪੁਰੀ ਜਦੋਂ ਆਪਣੀ ਗਗਨ-ਚੁੰਬੀ ਆਵਾਜ਼ ਤੇ ਲੰਮੀ ਹੇਕ ਵਿਚ ਜਦੋਂ '*ਕਾਗ ਸਮੇਂ ਦਾ ਬੋਲਿਆ ਅਮਨਾ ਦੀ ਬੋਲੀ'* ਦਾ ਅਖਾੜਾ ਬੁਲੰਦ ਕਰਿਆ ਕਰਦਾ ਸੀ ਤਾਂ ਹਜ਼ਾਰਾਂ ਹੀ ਸਰੋਤਿਆਂ ਵਿਚ ਸੰਨਾਟਾ ਛਾ ਜਾਂਦਾ ਸੀ। ਇਸ ਗੀਤ ਦੀ ਸਮਾਪਤੀ ਤੋਂ ਕੁਝ ਛਿਣਾਂ ਬਾਅਦ ਮੰਤਰ-ਮੁਗਧ ਹੋਏ ਸਰੋਤਿਆਂ ਦੀਆਂ ਤਾੜੀਆਂ ਦੀ ਗੜਗੜਾਹਟ ਦਾ ਢੋਆ ਵਿਰਲੇ ਟਾਵੇਂ ਗੀਤਾਂ ਦਾ ਹੀ ਮੁਕੱਦਰ ਹੋਇਆ ਕਰਦਾ ਹੈ -- ਤੇ ਇਹ ਗੀਤ ਵੀ ਤੇਰਾ ਸਿੰਘ ਚੰਨ ਹੋਰਾਂ ਦੀ ਰਚਨਾ ਹੈ।

ਚੰਨ ਹੋਰਾਂ ਦੀ ਦਿੱਖ ਅਖੰਡ ਪੰਜਾਬ ਦੇ ਪੋਠੋਹਾਰੀਆਂ ਵਾਲੀ ਸੀ ਪਰ ਉਨ੍ਹਾਂ ਦੀ ਦ੍ਰਿਸ਼ਟੀ ਭੂਗੋਲਕ ਖਿੱਤਿਆਂ ਤੇ ਖਿਤਿਜ ਤੋਂ ਵੀ ਪਾਰ ਸਮੁੱਚੇ ਵਿਸ਼ਵ ਨੂੰ ਆਪਣੇ ਕਲਾਵੇ ਵਿਚ ਲੈਣ ਵਾਲੀ ਸੀ।

ਆਪਣੇ ਵਚਨਾਂ, ਵਿਚਾਰਾਂ ਤੇ ਵਿਖਿਆਨਾਂ ਵਿਚ ਜ਼ਾਤ, ਧਰਮ, ਖਿੱਤੇ ਤੇ ਦੇਸ਼-ਦੇਸ਼ਾਂਤਰਾਂ ਤੋਂ ਪਾਰ ਧਰਮ-ਨਿਰਪੱਖ, ਸਮਾਨ ਤੇ ਸਰਵ-ਸੰਮਿਲਿਤ ਮਾਨਵਵਾਦ ਦੇ ਦਾਅਵੇਦਾਰਾਂ ਦੀ ਗਿਣਤੀ ਤਾਂ ਵਥੇਰੀ ਹੈ ਪਰ ਆਪਣੇ ਅਮਲ, ਵਰਤੋਂ-ਵਿਹਾਰ ਤੇ ਵਿਵਹਾਰ ਵਿਚ ਇਨ੍ਹਾਂ ਵਖਰੇਵਿਆਂ ਵਿਤ੍ਰੇਕਾਂ ਨੂੰ ਮੇਟਣ ਵਾਲੇ ਬੰਦੇ ਏਨੇ ਵੱਡੇ ਸੰਸਾਰ ਵਿਚ ਹਾਲੇ ਵੀ, ਨਿਗੂਣੀ ਜੇਹੀ ਘੱਟ-ਗਿਣਤੀ ਵਿਚ ਹੀ ਮਿਲਣਗੇ। ਪਰ ਚੰਨ ਹੋਰਾਂ ਦੀਆਂ ਧੀਆਂ, ਪੁੱਤਰਾਂ ਦੇ ਪਰਿਵਾਰਾਂ ਵਿਚ ਜ਼ਾਤ, ਧਰਮ ਤੇ ਭੂਗੋਲਕ ਖਿੱਤਿਆਂ ਦੇ ਭਾਂਤ ਸੁਭਾਂਤੇ ਪਿਛੋਕੜ ਵਾਲੇ ਜੀਅ ਆਪਸ ਵਿਚ ਇਸ ਕਦਰ ਘਿਉ-ਖਿਚੜੀ ਹਨ ਕਿ ਉਨ੍ਹਾਂ ਨੂੰ ਆਪਣੇ ਜੱਦੀ-ਪੁਸ਼ਤੀ ਭਿੰਨ-ਭੇਦਾ ਦਾ ਚੇਤਾ ਹੀ ਵਿਸਰਿਆ ਹੋਇਆ ਪ੍ਰਤੀਤ ਹੁੰਦਾ ਹੈ। ਤੇਰਾ ਸਿੰਘ ਚੰਨ ਹੋਰੀਂ ਸਿਰਫ ਗੁਫਤਾਰ ਦੇ ਹੇ ਹੀ ਨਹੀਂ ਸਗੋਂ ਕਿਰਦਾਰ ਦੇ ਵੀ ਵਿਸ਼ਵ ਸ਼ਹਿਰੀ ਸਨ।

ਚੰਨ ਹੋਰੀ ਬੜੇ ਸਹਿਜ ਸਲੀਕੇ ਵਾਲੇ ਮਿੱਠ-ਬੋਲੜੇ ਇਨਸਾਨ ਸਨ। ਉਨ੍ਹਾਂ ਦੀ ਹਾਜ਼ਰੀ ਵਿਚ ਪਰਿਵਾਰ ਦਾ ਕੋਈ ਜੀਅ ਕੁੜੀਆਂ ਨੂੰ ਕੌੜਾ ਤਾ ਕੀ, ਉੱਚਾ ਬੋਲਣ ਦੀ ਵੀ ਹਿਮਾਕਤ ਨਹੀਂ ਸੀ ਕਰ ਸਕਦਾ।

ਉਮਰ ਵੱਲੋਂ ਚੰਨ ਜੀ ਤੇ ਮੇਰੇ ਵਿਚਕਾਰ ਇਕ ਪੀੜ੍ਹੀ ਦਾ ਫਾਸਲਾ ਸੀ ਪਰ ਉਨ੍ਹਾਂ ਦੀ ਮੋਹਵੰਤ ਉਦਾਰ-ਦ੍ਰਿਸ਼ਟੀ ਕਾਰਨ ਮੈਨੂੰ ਬਹੁਤ ਸਾਰੇ ਵਰ੍ਹਿਆਂ ਦੀ ਵਿੱਥ ਕਦੇ ਵੀ ਮਹਿਸੂਸ ਨਹੀਂ ਸੀ ਹੋਈ।

ਮੈਨੂੰ ਕੁਝ ਮਹੀਨਿਆਂ ਲਈ 'ਨਵਾਂ ਜ਼ਮਾਨਾ' ਦੇ ਸੰਪਾਦਕੀ ਮੇਜ਼ 'ਤੇ ਚੰਨ ਹੋਰਾਂ ਨਾਲ ਕੰਮ ਕਰਨ ਦਾ ਮੌਕਾ ਮਿਲਿਆ ਸੀ।

ਉਹ ਵੀ ਕੈਸੇ ਦਿਨ ਸਨ। ਆਸ਼ਾਵਾਦ ਦੀ ਚੜ੍ਹਤ ਨਾਲ ਮਹਿਕਦਾ ਮਾਹੌਲ। ਆਦਰਸ਼-ਮੋਹੇ ਸਿਰ ਸੁੱਟ ਕੇ ਕੰਮ ਕਰਦੇ ਲੋਕ। ਓਵਰ-ਟਾਈਮ ਤਾਂ ਕੀ, ਕਿਸੇ ਨੂੰ ਸਮੇਂ ਦੀ ਹੀ ਸੁੱਧ-ਬੁੱਧ ਨਹੀਨ ਸੀ ਹੁੰਦੀ। ਏਨੀ ਮਸਰੂਫੀਅਤ ਵਿਚ ਵੀ ਵਿਆਹ ਵਰਗਾ ਮਾਹੌਲ। ਸਿਆਸੀ ਤੇ ਸਾਹਿਤਕ ਪਿੜ ਦੀਆਂ ਚੁਨਿੰਦਾ ਸ਼ਖਸੀਅਤਾਂ ਦਾ ਆਉਣ-ਜਾਣ। ਤਾ-ਜ਼ਿੰਦਗੀ ਨਿਭਣ ਵਾਲੀਆਂ ਨਿਸ਼ਕਾਮ ਦੋਸਤੀਆਂ।

ਹੇਠਲੀ ਮੰਜ਼ਿਲ 'ਤੇ ਖਾੜ ਖਾੜ ਕਰਦੀਆਂ ਟ੍ਰੇਡਲ ਮਸ਼ੀਨਾਂ ਵਾਲਾ ਛਾਪਾਖਾਨਾ। ਇਮਾਰਤ ਦੀ ਸੱਜੀ ਗੁੱਠ ਵਿਚ ਘਸੀਆਂ ਜਰਜਰੀਆਂ ਇੱਟਾਂ ਵਾਲੀਆਂ ਪੌੜੀਆਂ ਚੜ੍ਹਕੇ ਵਿਹੜੇ ਵਿਚ ਵੜਨ ਸਾਰ ਹੀ ਕ੍ਰਿਸ਼ਨ ਭਾਰਦਵਾਜ ਦਾ ਪ੍ਰਬੰਧਕੀ ਦਫਤਰ ਤੇ ਅਗਾਂਹ ਨਾਲ ਹੀ ਸੰਪਾਦਕੀ ਅਮਲੇ ਦਾ ਕਿਆਮ। ਵੱਡੇ ਸੋਰ ਅੰਡਾਕਾਰੀ ਮੇਜ਼ ਦੇ ਦਰਮਿਆਨ ਢਿਲਕੀ ਹੋਈ ਗੁੱਟੀ ਤੇ ਚਿੱਟੇ ਕਮੀਜ਼-ਪਾਜਾਮੇ ਵਿਚ ਸੁਭਾਇਮਾਨ ਸੁਰਜਨ ਜ਼ੀਰਵੀ ਤੇ ਨਾਲ ਬੈਠੇ ਆਪਣੇ ਸਮਿਆਂ ਦੇ ਬੇਨਜ਼ੀਰ ਪੱਤਰਕਾਰ --ਤੇਰਾ ਸਿੰਘ ਚੰਨ, ਬਾਬਾ ਗੁਰਬਖਸ਼ ਸਿੰਘ ਬੰਨੋਆਣਾ ਤੇ ਕੁਝ ਮੇਰੇ ਵਰਗੇ ਨਵੇਂ ਰੰਗਰੂਟ। ਅਚਾਨਕ ਹੀ ਕਦੀ ਜ਼ੀਰਵੀ ਤੇ ਕਦੇ ਚੰਨ ਜੀ ਕੋਈ ਅਜੇਹੀ ਛੁਰਲੀ ਛੱਡਦੇ ਕਿ ਸਦਾ ਗੰਭੀਰ ਮੁਦਰਾ ਅਖਤਿਆਰ ਰੱਖਣ ਵਾਲੇ ਬਾਬਾ ਬੰਨੋਆਣੇ ਦੇ ਚਿਹਰੇ 'ਤੇ ਵੀ ਮੁਸਕਰਾਹਟ ਫੈਲ ਜਾਂਦੀ। ਇਹੋ ਜਿਹਾ ਭਰੱਪਣ, ਪਿਆਰ, ਮੁਹੱਬਤ ਤੇ ਉਤਸ਼ਾਹ ਵਾਲਾ ਕੰਮ-ਕਾਜੀ ਮਾਹੌਲ ਮੈਂ ਹੋਰ ਕਿਧਰੇ ਨਹੀਂ ਦੇਖਿਆ।

ਉਨ੍ਹਾਂ ਦਿਨਾਂ ਵਿਚ ਹੀ ਗਿਆਨੀ ਹੀਰਾ ਸਿੰਘ ਦਰਦ ਤੋਂ ਬਾਅਦ ਚੰਨ ਜੀ ਕੇਂਦਰੀ ਪੰਜਾਬੀ ਲੇਖਕ ਸਭਾ ਦੀ ਦਫਤਰੀ ਤੇ ਫੇਰ ਜਨਰਲ ਸਕੱਤਰੀ ਦੀ ਜ਼ਿੰਮੇਵਾਰੀ ਵੀ ਨਿਭਾਉਂਦੇ ਰਹੇ।

ਚੰਨ ਜੀ ਹੋਰਾਂ ਨਾਲ ਕਈ ਨਿੱਜੀ ਮਹਿਫਲਾਂ ਵਿਚ ਵੀ ਸ਼ਰੀਕ ਹੋਣ ਦਾ ਸਬੱਬ ਬਣਦਾ ਰਿਹਾ। ਉਨ੍ਹਾ ਨੇ ਕਦੇ ਵੀ ਆਪਣੇ ਮੂੰਹੋਂ ਆਪਣੀ ਕਿਸੇ ਲਿਖਤ ਦੀ ਗੱਲ ਨਹੀਂ ਸੀ ਕੀਤੀ। ਉਨ੍ਹਾਂ ਨੂੰ ਇਸ ਗੱਲ ਦਾ ਗਹਿਰਾ ਅਹਿਸਾਸ ਸੀ ਕਿ ਕਿਸੇ ਰਚਨਾ ਦੀ ਉਹਦੇ ਰਚੇਤਾ ਦੀ ਥਾਂ ਉਹਦੇ ਪਾਠਕਾਂ ਤੇ ਪ੍ਰਸ਼ੰਸਕਾਂ ਦੇ ਮੁਖਾਰਬਿੰਦੋਂ ਉਚਰੀ ਹੀ ਚੰਗੀ ਲੱਗਦੀ ਹੈ।

ਜਿਨ੍ਹਾਂ ਗੱਲਾਂ ਦੀਆਂ ਹਾਰੀ ਸਾਰੀ ਥਾਂ-ਕੁਥਾਂ ਡੀਂਗਾਂ ਮਾਰਦੇ ਸੁਣੇ ਜਾਂਦੇ ਹਨ ਚੰਨ ਜੀ ਹੋਰਾਂ ਨੇ ਉਨ੍ਹਾਂ ਗੱਲਾਂ ਦਾ ਕਦੇ ਨਾਂ-ਮਾਤਰ ਜ਼ਿਕਰ ਤਕ ਨਹੀਂ ਸੀ ਕੀਤਾ। ਕੁਝ ਚਿਰ ਪਹਿਲਾਂ ਉਨ੍ਹਾਂ ਦੀ ਵੱਡੀ ਧੀ ਸੁਲੇਖਾ ਕੋਲੋਂ ਕਿ ਆਪਣੇ ਵੇਲ਼ੇ ਦੇ ਗਿਣਨਯੋਗ ਕਵੀ, ਕਹਾਣੀਕਾਰ, ਸੁਤੰਰਤਾ ਸੰਗਰਾਮੀਏਂ, ਪਹਿਲੋਂ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਤੇ ਮਗਰੋਂ ਪੰਜਾਬ ਦੇ ਮੁਖ ਮੰਤਰੀ ਰਹੇ ਚੰਨ ਜੀ ਦੇ ਸਹੁਰਿਆਂ ਵੱਲੋਂ ਨੇੜੇ ਦੇ ਰਿਸ਼ਤੇਦਾਰ ਸਾਂਢੂ ਸਨ। ਪਰ ਚੰਨ ਜੀ ਹੋਰਾਂ ਆਮ ਲੋਕਾਂ ਵਿਚ ਤਾਂ ਕੀ ਆਪਣੇ ਨਿਕਟਵਰਤੀਆਂ ਵਿਚ. ਵੀ ਇਸਦਾ ਕਦੇ ਜ਼ਿਕਰ ਤਕ ਨਹੀਂ ਸੀ ਕੀਤਾ।

ਇੱਥੇ ਹੀ ਬੱਸ ਨਹੀਂ ਤੇਰਾ ਸਿੰਘ ਚੰਨ ਹੋਰੀਂ ਤਾਂ ਆਪਣੇ ਕ੍ਰਿਤਘਣ ਦੋਖੀਆਂ ਦੀ ਵੀ ਕਦੇ ਨਿੰਦਾ ਨਹੀਂ ਸੀ ਕੀਤੀ। ਚੰਨ ਜੀ ਹੋਰੀਂ ਕੁਝ ਵਰ੍ਹੇ ਸੋਵੀਅਤ ਰੂਸ ਦੇ ਸਿਫਾਰਤਖਾਨੇ ਦੇ ਭਾਰਤੀ ਭਾਸ਼ਾਵਾਂ ਦੇ ਵਿਭਾਗ ਵਿਚ ਅਨੁਵਾਦਕ ਦੇ ਤੌਰ 'ਤੇ ਕੰਮ ਕੀਤਾ ਸੀ। ਉਨ੍ਹਾਂ ਦੇ ਹੀ ਦੱਸ ਪਾਉਣ ਤੇ ਸਲਾਹ ਨਾਲ ਉਸ ਵਿਭਾਗ ਵਿਚ ਹੀ ਇਕ ਨਾਮੀ-ਗ੍ਰਾਮੀ ਲੇਖਕ ਦੀ ਵੀ ਨਿਯੁਕਤੀ ਹੋਈ ਸੀ। ਆਪਣੀ ਪਾਰਸਾਈ ਦਾ ਦਾਅਵ ਕਰਨ ਵਾਲੇ ਇਸ ਸੱਜਣ ਨੇ ਇਸ ਸੱਜਣ ਨੇ ਦਿੱਲੀ ਵਿਚ ਆਪਣੇ ਨਿਵਾਸ ਦੇ ਮੁੱਢਲੇ ਦਿਨੀਂ ਚੰਨ ਜੀ ਹੋਰਾਂ ਦੀ ਮੇਜ਼ਬਾਨੀ ਦਾ ਵੀ ਸੁੱਖ ਮਾਣਿਆ ਸੀ ਤੇ ਕੁਝ ਦੇਰ ਬਾਅਦ ਏਸੇ ਸੱਜਣ ਨੇ ਚੰਨ ਜੀ ਦੇ ਖਿਲਾਫ ਗੁਪਤ ਸ਼ਿਕਾਇਤੀ ਰਿਪੋਰਟਾਂ ਦੇਣੀਆਂ ਸ਼ੁਰੂ ਕਰ ਦਿੱਤੀਆਂ ਸਨ। ਆਪਣੀ ਸ਼ਨਾਖਤ ਦੇ ਨਸ਼ਰ ਹੋ ਜਾਣ ਦੇ ਡਰੋਂ ਇਹ ਚਿੱਠੀਆਂ ਆਪਣੇ ਵਾਕਿਫਾਂ ਰਾਹੀਂ ਅੰਬਾਲ਼ੇ ਦੇ ਡਾਕਖਾਨੇ ਤੋਂ ਰਸਾਲ ਕਰਵਾਉਣੀਆਂ ਸ਼ੁਰੂ ਕਰ ਦਿੱਤੀਆਂ ਸਨ। ਚੰਨ ਜੀ ਹੋਰੀਨ ਇਸ ਭੱਦਰ-ਪੁਰਸ਼ ਦੀ ਜ਼ਾਹਿਰਾ ਤੌਰ 'ਤੇ ਕਦੇ ਨਿੰਦਾ ਨਹੀਂ ਸੀ ਕੀਤੀ। ਮੈਨੂੰ ਇਸ ਗੱਲ ਦਾ 'ਸੋਵੀਅਤ ਦੇਸ' ਦੇ ਪੰਜਾਬੀ ਸੰਸਕਰਣ ਦੇ ਸੰਪਾਦਕ ਡਾ. ਕਰਨਜੀਤ ਸਿੰਘ ਹੋਰਾਂ ਦੀ ਜ਼ੁਬਾਨੀ ਤੇ ਉਨ੍ਹਾਂ ਦੀ ਹੀ ਸਵੈਜੀਵਨੀ 'ਮੈਂ ਭੋਲਾਵਾ ਪੱਗ ਦਾ' ਪੜ੍ਹਨ ਤੋਂ ਬਾਅਦ ਪਤਾ ਲੱਗੀ ਸੀ। ਜਦ ਚੰਨ ਜੀ ਉਸ ਸੱਜਣ ਦਾ ਕਦੇ ਨਾਂ-ਥੇਹ ਨਹੀਂ ਦੱਸਿਆ, ਉਨ੍ਹਾਂ ਦੇ ਸੁਭਾਅ ਦੇ ਅਨੁਕੂਲ, ਮੈਂ ਵੀ ਇਸਨੂੰ 'ਗੁਪਤ' ਹੀ ਰੱਖ ਰਿਹਾ ਹਾਂ। ਉਂਝ ਕਰਨਜੀਤ ਸਿੰਘ ਹੋਰਾਂ ਦੀ ਕਿਤਾਬ ਵਿਚ ਇਸ ਤੱਥ ਦਾ ਵਿਸਤ੍ਰਿਤ ਵੇਰਵਾ ਦਰਜ ਹੈ।

ਇਹੋ ਜਿਹੇ ਵਿਸ਼ਾਲ ਹਿਰਦੇ ਤੇ 'ਦੇਖਕੇ ਅਣਡਿੱਠ' ਕਰਨ ਵਾਲੇ ਸਨ ਤੇਰਾ ਸਿੰਘ ਚੰਨ। ਤਾਂ ਹੀ ਤਾਂ ਉਹ ਲੰਮਾ ਸਮਾਂ ਬੀਤ ਜਾਣ 'ਤੇ ਵੀ ਚੇਤਿਆਂ ਵਿਚ ਸਾਡੇ ਅੰਗ ਸੰਗ ਹਨ। 000

*(sadhumadahar@gmail.com*

*14745 - 69 Avenue, Surrey BC V3S 2C5 CANADA)*

# ਪੰਜਾਬੀ ਰੰਗਮੰਚ ਦਾ ਲੋਕ ਪੱਖੀ ਖਾਸਾ: ਸਾਹਿਬ ਸਿੰਘ

ਜਦੋਂ ਅਸੀਂ ਸਾਹਿਤ, ਕਲਾ ਨਾਲ ਲੋਕ ਪੱਖੀ ਸ਼ਬਦ ਜੋੜਦੇ ਹਾਂ, ਜਾਂ ਜੁੜਿਆ ਹੋਇਆ ਦੇਖਦੇ ਹਾਂ ਤਾਂ ਆਮ ਤੌਰ 'ਤੇ ਦੋ ਤਰ੍ਹਾਂ ਦਾ ਪ੍ਰਤੀਕਰਮ ਆਉਂਦਾ ਹੈ। ਪਹਿਲਾ ਪ੍ਰਤੀਕਰਮ ਮਾਣ ਵਾਲਾ ਹੁੰਦਾ ਹੈ ਕਿ ਫਲਾਣੇ ਸਾਹਿਤਕਾਰ ਜਾਂ ਕਲਾਕਾਰ ਨੇ ਆਪਣੀ ਲੇਖਣੀ ਤੇ ਕਲਾ ਨੂੰ ਲੋਕ ਹਿੱਤਾਂ ਸੰਗ ਪ੍ਰਣਾਇਆ ਹੈ। ਦੂਜਾ ਪ੍ਰਤੀਕਰਮ ਸ਼ੱਕ ਵਾਲਾ ਹੁੰਦਾ ਹੈ (ਕਈ ਵਾਰ ਇਸ ਸ਼ੱਕ ਵਿਚ ਥੋੜ੍ਹਾ ਜਿਹਾ ਤਿਰਸਕਾਰ ਵੀ ਹੁੰਦਾ ਹੈ)। ਸ਼ੱਕ ਇਸ ਗੱਲ ਦੀ ਕੀਤੀ ਜਾਂਦੀ ਹੈ ਕਿ ਲੋਕ ਪੱਖੀ ਸਾਹਿਤਕਾਰ ਤੇ ਕਲਾਕਾਰ ਕਲਾ ਦੇ ਤਕਨੀਕੀ ਪੱਖ ਪ੍ਰਤੀ ਅਵੇਸਲਾ ਹੁੰਦਾ ਹੈ ਜਾਂ ਆਪਣੇ ਸਾਹਿਤ ਅਤੇ ਕਲਾ ਨੂੰ ਸਜਾ ਸੰਵਾਰ ਕੇ ਪੇਸ਼ ਨਹੀਂ ਕਰਦਾ। ਇਹ ਦੋਵੇਂ ਪ੍ਰਤੀਕਰਮ ਸਿਰ ਮੱਥੇ ਹਨ, ਕਿਉਂਕਿ ਇਨ੍ਹਾਂ ਵਿਚੋਂ ਕੋਈ ਵੀ ਮੁਕੰਮਲ ਸੱਚ ਵੀ ਨਹੀਂ ਹੁੰਦਾ ਤੇ ਨਿਰਾ ਝੂਠ ਵੀ ਨਹੀਂ ਹੁੰਦਾ। ਇਮਾਨਦਾਰੀ ਮੰਗ ਕਰਦੀ ਹੈ ਕਿ ਅਸੀਂ ਬਾਹਰਮੁਖੀ (Objective) ਹੋ ਕੇ ਪੰਜਾਬੀ ਰੰਗਮੰਚ ਦੇ ਲੋਕ ਪੱਖੀ ਖਾਸੇ ਨੂੰ ਸਮਝਣ ਦੀ ਕੋਸ਼ਿਸ਼ ਕਰੀਏ ਤੇ ਫਿਰ ਇਸ ਦੀ ਪੜਚੋਲ ਕਰੀਏ। ਇਹ ਪੜਚੋਲ ਕਰਦਿਆਂ ਅਸੀਂ ਪ੍ਰਾਪਤ ਵਿਧਾ ਦੀਆਂ ਲੋੜਾਂ, ਚੁਣੌਤੀਆਂ ਤੇ ਵਿਧੀ ਵਿਧਾਨ ਨੂੰ ਵੀ ਅੱਖੋਂ ਪਰੋਖੇ ਨਾ ਕਰੀਏ। ਰੰਗਮੰਚ ਪਹਿਲਾਂ ਆਇਆ ਜਾਂ ਸਾਹਿਤ, ਇਸ ਸਵਾਲ ਦੇ ਵੀ ਰੂਬਰੂ ਹੋਈਏ ਪਰ ਭਾਵੁਕ ਹੋ ਕੇ ਨਹੀਂ! ਸਾਹਿਤ ਰਚਣ ਤੇ ਰੰਗਮੰਚ ਸਿਰਜਣ 'ਚ ਕੀ ਸਮਾਨਤਾਵਾਂ ਹਨ ਤੇ ਕੀ ਵਖਰੇਵੇਂ ਹਨ, ਇਹ ਵੀ ਸਾਡੇ ਵਿਚਾਰ ਅਧੀਨ ਹੋਣਾ ਚਾਹੀਦਾ ਹੈ।

ਜਦੋਂ ਮਨੁੱਖ ਵਿਕਾਸ ਦੀ ਪ੍ਰਕਿਰਿਆ 'ਚੋਂ ਲੰਘ ਰਿਹਾ ਸੀ, ਭਾਸ਼ਾ ਅਜੇ ਵਿਕਸਤ ਨਹੀਂ ਸੀ ਹੋਈ, ਲਿੱਪੀ ਦੀ ਕੋਈ ਹੋਂਦ ਨਹੀਂ ਸੀ, ਮਨੁੱਖ ਉਦੋਂ ਵੀ ਆਪਣੀਆਂ ਪ੍ਰਕਿਰਤਕ ਲੋੜਾਂ, ਮੁਸ਼ਕਿਲਾਂ ਅਤੇ ਪ੍ਰਾਪਤੀਆਂ ਪ੍ਰਤੀ ਸੁਚੇਤ ਸੀ। ਉਦੋਂ ਵੀ ਉਹ ਆਪਣੀ ਦਿਲ ਦੀ ਗੱਲ ਦੂਜਿਆਂ ਤਕ ਪਹੁੰਚਾਉਣ ਲਈ ਤੜਫਦਾ ਸੀ ਤੇ ਵਾਹ ਲੱਗਦੀ ਆਪਣੇ ਜਜ਼ਬਾਤ ਦੀ ਹੋਰਾਂ ਤਕ ਰਸਾਈ ਕਰਨ ਲਈ ਯਤਨ ਕਰਦਾ ਸੀ। ਉਦੋਂ ਉਸ ਕੋਲ ਸ਼ਬਦ ਨਹੀਂ ਸਨ ਪਰ ਹਾਵ-ਭਾਵ ਸਨ, ਸਰੀਰਕ ਅਦਾਵਾਂ ਸਨ। ਉਹ ਇਸ਼ਾਰਿਆਂ ਰਾਹੀਂ ਸਮਝਾ ਦਿੰਦਾ ਸੀ। ਇਹ ਰੰਗਮੰਚ ਸੀ... ਮੁੱਢਲਾ ਰੰਗਮੰਚ... ਅਣਘੜਿਆ ਰੰਗਮੰਚ... ਪਹਾੜਾਂ ਤੋਂ ਆਪ ਮੁਹਾਰੇ ਵਗਦੇ ਪਾਣੀ ਵਰਗਾ ਰੰਗਮੰਚ... ਜਿਸ ਦਾ ਵਿਧੀ ਵਿਧਾਨ ਕੋਈ ਨਹੀਂ ਸੀ! ਪਰ ਉਹ ਅਣਘੜਿਆ ਰੰਗਮੰਚ ਮਕਸਦ ਹੱਲ ਕਰ ਰਿਹਾ ਸੀ। ਕਿਸੇ ਨੇ ਅਚਾਨਕ ਦੋ ਪੱਥਰਾਂ ਦੇ ਟਕਰਾਉਣ 'ਚੋਂ ਪੈਦਾ ਹੁੰਦੀ ਅੱਗ ਦੇਖੀ ਤੇ ਫਿਰ ਸਰੀਰਕ ਭਾਸ਼ਾ ਦਾ ਇਸਤੇਮਾਲ ਕਰ ਕੇ ਇਹ ਖੇਡ ਅੱਗੇ ਦੱਸੀ। ਇਕ ਤੋਂ ਆਰੰਭ ਹੋ ਕੇ ਇਹ ਕਿਰਿਆ ਸਮੂਹ ਤਕ ਫੈਲ ਗਈ ਤੇ ਸਮੂਹ ਚੇਤੰਨ ਹੋ ਗਿਆ ਕਿ ਅੱਗ ਕਿਵੇਂ ਬਾਲ਼ੀ ਜਾ ਸਕਦੀ ਹੈ। ਇਸ ਚੇਤਨਾ ਨੇ ਉਸ ਸਮੂਹ ਲਈ ਕਈ ਨਵੇਂ ਆਯਾਮ ਖੋਲ੍ਹ ਦਿੱਤੇ। ਕੱਚਾ ਮਾਸ ਖਾਣ ਵਾਲਾ ਸਿੱਧ ਪੱਧਰਾ ਮਾਨਵ ਇਸ ਨੂੰ ਅੱਗ ਉੱਤੇ ਪਕਾਉਣਾ ਸਿੱਖ ਗਿਆ। ਅੱਗ ਦੇ ਸੇਕ ਤੋਂ ਜਾਣੂ ਹੋ ਗਿਆ। ਅੰਦਾਜ਼ਾ ਲਗਾਓ ਕਿ ਉਹ ਅਦਾਕਾਰ (ਵਿਅਕਤੀ) ਜਿਸ ਨੇ ਪਹਿਲੀ ਵਾਰ ਪੱਥਰਾਂ ਦੇ ਰਗੜਨ ਤੋਂ ਪੈਦਾ ਹੁੰਦੀ ਅੱਗ ਦਾ ਬਿਰਤਾਂਤ ਬਾਕੀਆਂ ਨੂੰ ਦੱਸਿਆ, ਭਾਸ਼ਾ ਦੀ ਕਮਜ਼ੋਰੀ ਅੱਗੇ ਹਾਰ ਜਾਂਦਾ ਤੇ ਸਰੀਰ ਨੂੰ ਭਾਸ਼ਾ ਨਾ ਬਣਾਉਂਦਾ ਤਾਂ ਇਸ ਚੇਤਨਾ ਦਾ ਪਸਾਰ ਕਿਵੇਂ ਹੁੰਦਾ... ਸਮੂਹ ਜਾਣੂ ਕਿਵੇਂ ਹੁੰਦਾ! ਤੇ ਹੁਣ ਗ਼ੌਰ ਕਰਨ ਵਾਲੀ ਗੱਲ ਇਹ ਹੈ ਕਿ ਉਹ ਸਮੂਹ ਕੀ ਸੀ? ਉਹ ਲੋਕ ਸਨ। ਰੰਗਮੰਚ ਨੇ ਆਪਣੇ ਅਣਘੜੇ ਬਾਲਪਨ ਦੀ ਪਹਿਲੀ ਪੌੜੀ ਹੀ ਲੋਕ ਪੱਖੀ ਕਿਰਦਾਰ ਦੇ ਰੰਗ

‘ਚ ਰੰਗ ਕੇ ਚੜ੍ਹੀ ਸੀ। ਪਰ ਜਿਵੇਂ ਕਿ ਮੈਂ ਲੇਖ ਦੇ ਆਰੰਭ ਵਿਚ ਜ਼ਿਕਰ ਕਰ ਕੇ ਆਇਆ ਹਾਂ ਕਿ ਇਸ ਖਾਸੇ ਬਾਰੇ ਦੋਵੇਂ ਵਿਪਰੀਤ ਰਾਵਾਂ ਦਾ ਸਤਿਕਾਰ ਕਰਨਾ ਬਣਦਾ ਹੈ। ਜੇ ਮਨੁੱਖ ਇਸ ਸਰੀਰਕ ਭਾਸ਼ਾ ਦੇ ਮੁੱਢਲੇ ਮੋਟੇ ਠੁੱਲ੍ਹੇ ਰੂਪ ਨੂੰ ਹੀ ਜੱਫਾ ਮਾਰ ਕੇ ਬਹਿ ਜਾਂਦਾ ਤੇ ਆਦਾਨ ਪ੍ਰਦਾਨ ਲਈ ਬਿਹਤਰ ਤਰੀਕੇ ਤਲਾਸ਼ਣ ਦੀ ਚੁਣੌਤੀ ਨਾ ਕਬੂਲਦਾ ਤਾਂ ਮਨੁੱਖ ਦਾ ਵਿਕਾਸ ਕਿਵੇਂ ਹੁੰਦਾ! ਇਹੀ ਥਿਊਰੀ ਰੰਗਮੰਚ ਉੱਤੇ ਵੀ ਢੁੱਕਦੀ ਹੈ। ਰੰਗਮੰਚ ਤਾਂ ਵਿਧਾ ਹੀ ਇਹੋ ਜਿਹੀ ਹੈ, ਜਿੱਥੇ ਇਕੋ ਨਾਟਕ ਦੀ ਹਰ ਪੇਸ਼ਕਾਰੀ ‘ਚ ਵਿਕਾਸ ਦੀਆਂ ਸੰਭਾਵਨਾਵਾਂ ਮੌਜੂਦ ਰਹਿੰਦੀਆਂ ਹਨ।

ਹੁਣ ਜ਼ਰਾ ਪੰਜਾਬੀ ਰੰਗਮੰਚ ਦੇ ‘ਬਾਕਾਇਦਾ ਆਰੰਭ’ ਵਾਲੇ ਮੰਜ਼ਰ ਵੱਲ ਧਿਆਨ ਧਰੀਏ। ਆਇਰਸ਼ ਅਧਿਆਪਕ ਫਿਲਿਪ ਅਰਨੈਸਟ ਰਿਚਰਡਜ਼ ਦਿਆਲ ਸਿੰਘ ਕਾਲਿਜ ਲਾਹੌਰ ਦੇ ਵਿਦਿਆਰਥੀਆਂ ਨੂੰ ਫਰਾਟੇਦਾਰ ਅੰਗਰੇਜ਼ੀ ਸਿਖਾਉਣ ਲਈ ਲਾਹੌਰ ਪਹੁੰਚਦਾ ਹੈ। ਉਸ ਦੀ ਜੀਵਨ ਸਾਥਣ ਨੋਰਾ ਰਿਚਰਡਜ਼ ਆਪਣੀ ਵਿਹਲ ਨੂੰ ਕਿਸੇ ਲੇਖੇ ਲਗਾਉਣਾ ਚਾਹੁੰਦੀ ਹੈ। ਫਿਲਿਪ ਆਪਣੇ ਵਿਦਿਆਰਥੀਆਂ ਨੂੰ ਸ਼ੇਕਸਪੀਅਰ ਦੇ ਡਰਾਮੇ ਸਮਝਾ ਰਿਹਾ ਹੈ। ਨੋਰਾ ਨੂੰ ਆਸ ਦੀ ਕਿਰਨ ਦਿਖਾਈ ਦਿੰਦੀ ਹੈ ਤੇ ਉਹ ਉਨ੍ਹਾਂ ਹੀ ਵਿਦਿਆਰਥੀਆਂ ਨੂੰ ਰੰਗਮੰਚ ਲਈ ਪ੍ਰੇਰਦੀ ਹੈ। ਅੰਗਰੇਜ਼ੀ ਭਾਸ਼ਾ ਦੇ ਨਾਟਕ ਕਰਦਿਆਂ ਕਰਾਉਂਦਿਆਂ ਉਹ ਇਸ ਨਿਰਣੇ ‘ਤੇ ਪਹੁੰਚਦੀ ਹੈ ਕਿ ਓਪਰੀ ਭਾਸ਼ਾ ਤੇ ਬਿਗਾਨਾ ਮੈਨਰਿਜ਼ਮ ਪਕੜਨ ਦੀ ਕੋਸ਼ਿਸ਼ ਕਰਦੇ ਵਿਦਿਆਰਥੀ ਨਾਟਕ ਦੀ ਰੂਹ ਨੂੰ ਮੰਚ ਉੱਤੇ ਸਾਕਾਰ ਕਰਨ ‘ਚ ਅਸਮਰੱਥ ਹਨ। ਉਹ ਫ਼ੈਸਲਾ ਕਰਦੀ ਹੈ ਕਿ ਇਨ੍ਹਾਂ ਵਿਦਿਆਰਥੀਆਂ ਨਾਲ ਇਨ੍ਹਾਂ ਦੀ ਭਾਸ਼ਾ ਵਿਚ ਉਲਥਾ ਕੇ ਬਿਗਾਨੀ ਭਾਸ਼ਾ ਦਾ ਨਾਟਕ ਕਰਨ ਨਾਲ ਰੰਗਮੰਚ ਦਾ ਮਕਸਦ ਹੱਲ ਨਹੀਂ ਹੋਣਾ, ਬਲਕਿ ਭਾਸ਼ਾ ਦੇ ਨਾਲ ਨਾਲ ਕਹਾਣੀ, ਪਾਤਰ ਤੇ ਸਲੀਕਾ ਵੀ ਇਨ੍ਹਾਂ ਦਾ ਆਪਣਾ ਹੋਣਾ ਚਾਹੀਦਾ ਹੈ। ਉਹ ਆਪਣੇ ਵਿਦਿਆਰਥੀਆਂ ਨੂੰ ਆਪਣੇ ਚੌਗਿਰਦੇ ‘ਚੋਂ ਨਾਟਕ ਲੱਭਣ ਦੇ ਆਹਰ ‘ਚ ਪਾ ਦਿੰਦੀ ਹੈ। ਵਿਦਿਆਰਥੀ ਨਿੱਤ ਘਟਨਾਵਾਂ, ਕਹਾਣੀਆਂ, ਪਾਤਰ ਲੈ ਕੇ ਪੇਸ਼ ਹੁੰਦੇ ਹਨ ਪਰ ਨੋਰਾ ਦੀ ਨਜ਼ਰ ਕੁਝ ਅਜਿਹਾ ਤਲਾਸ਼ ਰਹੀ ਹੈ ਜੋ ਸਿੱਧੇ ਤੌਰ ‘ਤੇ ਆਮ ਲੋਕਾਂ ਦੀ ਜ਼ਿੰਦਗੀ ਨਾਲ ਜੁੜਿਆ ਹੋਵੇ। ਇਹ ਕਸਰਤ ਆਖ਼ਰ ਨੰਦਾ ਦੇ ਮੂੰਹੋਂ ਸੁਣੀ ਇਕ ਖ਼ਬਰ ਰਾਹੀਂ ਅੰਤਿਮ ਸ਼ਕਲ ਅਖ਼ਤਿਆਰ ਕਰਦੀ ਹੈ ਤੇ ਇਸ ਖ਼ਬਰ ਦਾ ਸਾਰ ਅੰਸ਼ ਇਹ ਹੈ ਕਿ ਇਕ ਬਾਲੜੀ ਦਾ ਵਿਆਹ ਘਰਦਿਆਂ ਨੇ ਇਕ ਵੱਡੀ ਉਮਰ ਦੇ ਬੰਦੇ ਨਾਲ ਕਰ ਦਿੱਤਾ ਹੈ। ਨੋਰਾ ਨੂੰ ਨਾਟਕ ਦਾ ਬੀਜ ਲੱਭ ਗਿਆ ਹੈ। ਹੁਣ ਉਹ ਇਸ ਬੀਜ ਨੂੰ ਭਰਪੂਰ ਰੁੱਖ ਬਣਾਉਣ ਲਈ ਆਪਣੇ ਵਿਦਿਆਰਥੀਆਂ ਨੂੰ ਇਮਤਿਹਾਨ ‘ਚ ਪਾਉਂਦੀ ਹੈ। ਘਟਨਾ ਦਰ ਘਟਨਾ ਤੰਦਾਂ ਜੋੜੀਆਂ ਜਾਂਦੀਆਂ ਹਨ। ਨਾਟਕੀ ਤਣਾਅ ਸਿਰਜਿਆ ਜਾਂਦਾ ਹੈ... ਭਖਵੀਂ ਟੱਕਰ ਉਦੈਮਾਨ ਹੁੰਦੀ ਹੈ ਤੇ ਪੰਜਾਬੀ ਦਾ ਪਹਿਲਾ ਨਾਟਕ ਲਿਖਣ ਦਾ ਮਾਣ ਈਸ਼ਵਰ ਚੰਦਰ ਨੰਦਾ ਨੂੰ ਹਾਸਲ ਹੁੰਦਾ ਹੈ (ਭਾਵੇਂ ਇਸ ਤੋਂ ਪਹਿਲਾਂ ਵੀ ਨਾਟਕ ਲਿਖੇ ਜਾ ਚੁੱਕੇ ਸਨ ਪਰ ਅਨੁਸ਼ਾਸਤ ਤਰੀਕੇ ਨਾਲ ਪੰਜਾਬੀ ਨਾਟਕ ਦਾ ਆਰੰਭ ਇਸੇ ਨਾਟਕ ‘ਸੁਹਾਗ’ ਤੋਂ ਮੰਨਿਆ ਜਾਂਦਾ ਹੈ)।

ਇਹ ਨਾਟਕ ਪੰਜਾਬੀ ਨਾਟਕ ਤੇ ਰੰਗਮੰਚ ਦਾ ਮੁੱਢ ਹੈ। ਪ੍ਰੇਰਨਾ ਸਰੋਤ ਹੈ ਇਹ ਨਾਟਕ ਅਤੇ ਇਸ ਦੇ ਰਚਣ ਦੀ ਪ੍ਰਕਿਰਿਆ! ਦੋ ਗੱਲਾਂ ਮਹੱਤਵਪੂਰਨ ਹਨ। ਨੋਰਾ ਇਕ ਸਮਾਜਕ ਅਲਾਮਤ ਨੂੰ ਜੜ੍ਹ ਤੋਂ ਫੜਨਾ ਚਾਹੁੰਦੀ ਹੈ। ਸਮਾਜ ਦੇ ਪ੍ਰਚੱਲਤ ਵਰਤਾਰੇ ਨੂੰ ਚੁਣੌਤੀ ਦੇਣਾ ਚਾਹੁੰਦੀ ਹੈ। ਔਰਤ ਦੀ ਹੋਂਦ ਤੇ ਆਜ਼ਾਦ ਹਸਤੀ ਦਾ ਜ਼ਿਕਰ ਕਰਨਾ ਚਾਹੁੰਦੀ ਹੈ (ਭਾਵੇਂ ਸੂਖ਼ਮ ਰੂਪ ‘ਚ ਹੀ ਸਹੀ) ਕਿਤੇ ਨਾ ਕਿਤੇ ਉਸ ਪ੍ਰਬੰਧ ਨੂੰ ਨੰਗਾ ਕਰਨਾ ਚਾਹੁੰਦੀ ਹੈ ਜੋ ਇਸ ਤਰ੍ਹਾਂ ਦੀ ਮਾਨਸਿਕਤਾ ਨੂੰ ਮਜ਼ਬੂਤ ਕਰ ਰਿਹਾ ਹੈ। ਆਈ ਸੀ ਨੰਦਾ ਦੀ ਸਾਹਿਤਕ ਸਮਝ ਉਸਤਾਦ ਦੀ ਸੋਚ ਨਾਲ ਜ਼ਰਬ ਖਾਂਦੀ ਹੈ ਤੇ ਉਹ ਸਮੇਂ ਦੇ ਹਾਣ ਦਾ ਇਕ ਨਾਟਕ ਸਿਰਜਦਾ ਹੈ। ਨਾਟਕ ਆਪਣੇ ਪਾਠਕਾਂ ਅਤੇ

ਦਰਸ਼ਕਾਂ ਨੂੰ ਇਕ ਬੁਰਾਈ ਪ੍ਰਤੀ ਚੇਤੰਨ ਕਰਨਾ ਚਾਹੁੰਦਾ ਹੈ। ਇਸ ਪ੍ਰਤੀ ਇਕ ਖਿਝ ਅਤੇ ਗ਼ੁੱਸਾ ਪੈਦਾ ਕਰਕੇ ਮਨਾਂ 'ਚ ਸੁਪਨਾ ਬੀਜਣਾ ਚਾਹੁੰਦਾ ਹੈ ਕਿ ਇਹ ਵਰਤਾਰਾ ਤਬਦੀਲ ਹੋਣਾ ਚਾਹੀਦਾ ਹੈ। ਪਰ ਨਾਟਕ ਦਾ ਅੰਤ ਯਥਾਰਥਕ ਹੈ। ਪੰਜਾਬੀ ਰੰਗਮੰਚ ਦੀ ਮੋੜ੍ਹੀ ਗੱਡਣ ਵਾਲੇ ਇਸ ਵਰਤਾਰੇ 'ਚ ਨੋਰਾ ਦੇ ਮੂੰਹੋਂ ਉਚਾਰੀ ਗਈ ਦਿਲਚਸਪ ਟਿੱਪਣੀ ਨਾਟ ਵਿਧਾ ਦੀ ਦਿਸ਼ਾ ਨਿਰਧਾਰਤ ਕਰਦੀ ਹੈ ਕਿ ਲੋਕ ਪੱਖੀ ਖਾਸਾ ਰੱਖਦਿਆਂ ਹੋਇਆਂ ਅਸੀਂ ਆਪਣੀ ਕਿਰਤ ਨੂੰ ਕਲਾਤਮਕ ਕਿਵੇਂ ਰੱਖਣਾ ਹੈ। ਉਹ ਨੰਦਾ ਤੇ ਸਾਥੀਆਂ ਨੂੰ ਕਹਿੰਦੀ ਹੈ, "ਨਾਟਕ 'ਚ ਦਿਖਾਈ ਗਈ ਹਰ ਘਟਨਾ, ਤੇ ਪੇਸ਼ ਹੋ ਰਿਹਾ ਹਰ ਪਾਤਰ ਵਿਸ਼ਵਾਸ ਯੋਗ (believable) ਲੱਗਣਾ ਚਾਹੀਦੈ।" ਲੋਕ ਪੱਖੀ ਰੰਗਮੰਚ ਨੂੰ ਕਲਾਤਮਕ ਰੰਗਤ ਦੀ ਗੁੜ੍ਹਤੀ ਉਹ ਸੀਟੀ ਵਾਲੀ ਮਾਈ ਦੇ ਗਈ ਸੀ ਜੋ ਲੇਡੀ ਗਰੈਗਰੀ ਦੀ ਚੇਲੀ ਸੀ। ਉਸ ਜੰਮਣ ਘੁੱਟੀ ਦਾ ਰੰਗ ਪੰਜਾਬੀ ਨਾਟਕ ਤੇ ਰੰਗਮੰਚ ਅੰਦਰ ਪ੍ਰਤਖ ਨਜ਼ਰ ਆ ਰਿਹਾ ਹੈ। ਅਪਵਾਦ ਕੁਦਰਤ ਦਾ ਨਿਯਮ ਹੈ। ਰੰਗਮੰਚ ਉਸ ਨਿਯਮ ਤੋਂ ਬਾਹਰ ਨਹੀਂ।

ਆਈ ਸੀ ਨੰਦਾ ਵੱਲੋਂ ਜਗਾਈ ਮਸ਼ਾਲ ਨੂੰ ਅੱਗੋਂ ਅਨੇਕਾਂ ਨਾਟਕਕਾਰ ਤੇ ਰੰਗਕਰਮੀ ਸੰਭਾਲਦੇ ਹਨ ਤੇ ਲੋਕਾਈ ਦੀਆਂ ਭਾਵਨਾਵਾਂ ਤੇ ਸੰਘਰਸ਼ਾਂ ਨੂੰ ਆਪਣੇ ਨਾਟਕਾਂ ਰਾਹੀਂ ਰੂਪਮਾਨ ਕਰਦੇ ਹਨ। ਡਾ. ਹਰਚਰਨ ਸਿੰਘ ਇਕ ਪ੍ਰਮੁੱਖ ਨਾਟਕਕਾਰ ਦੇ ਰੂਪ 'ਚ ਉਭਰਦੇ ਹਨ। ਉਹ ਸਮਾਜਕ ਮਸਲਿਆਂ ਨੂੰ ਸਹਿਜ ਨਾਲ ਪੇਸ਼ ਕਰਦੇ ਹਨ। ਜਦੋਂ ਤਕ ਉਹ ਇਤਿਹਾਸਕ ਘਟਨਾਵਾਂ 'ਤੇ ਆਧਾਰਤ ਨਾਟਕ ਲਿਖਣੇ ਸ਼ੁਰੂ ਨਹੀਂ ਕਰਦੇ, ਉਨ੍ਹਾਂ ਦੇ ਵਿਸ਼ੇ ਸਮਾਜਕ ਹਨ। ਔਰਤ ਦੀ ਆਜ਼ਾਦ ਹਸਤੀ ਨੂੰ ਆਪਣੇ ਨਾਟਕਾਂ 'ਚ ਵਿਸ਼ੇਸ਼ ਥਾਂ ਦਿੰਦੇ ਹਨ। ਜੋ ਸਮਾਜ ਉਨ੍ਹਾਂ ਨੂੰ ਪ੍ਰਾਪਤ ਹੈ, ਉਸ ਤੋਂ ਚਾਰ ਕਦਮ ਅੱਗੇ ਤੁਰਨ ਅਤੇ ਆਪਣੇ ਨਾਟਕ, ਰੰਗਮੰਚ ਨੂੰ ਤੋਰਨ ਦਾ ਯਤਨ ਕਰਦੇ ਹਨ। 'ਅਣਜੋੜ', 'ਮਨ ਦੀਆਂ ਮਨ ਵਿਚ', 'ਰੱਤਾ ਸਾਲੂ' ਜਿਹੇ ਨਾਟਕ ਪੜ੍ਹਦਿਆਂ ਜਾਂ ਉਨ੍ਹਾਂ ਦਾ ਮੰਚਨ ਦੇਖਦਿਆਂ ਅਸੀਂ ਉਸ ਸਮੇਂ ਦਾ ਸੱਚ ਜਾਣ ਸਕਦੇ ਹਾਂ। ਜਦੋਂ ਅਸੀਂ ਇਹ ਕਹਿੰਦੇ ਹਾਂ ਕਿ ਚੰਗੇ ਤੇ ਨਰੋਏ ਸਾਹਿਤ ਦੀ ਉਮਰ ਲੰਬੀ ਹੁੰਦੀ ਹੈ ਤਾਂ ਇਸ ਦਾ ਮਤਲਬ ਸਿਰਫ਼ ਇੰਨਾ ਹੀ ਨਹੀਂ ਹੁੰਦਾ ਕਿ ਉਹ ਵਿਸ਼ਾ ਅੱਜ ਵੀ ਪ੍ਰਸੰਗਕ ਹੈ, ਬਲਕਿ ਇਹ ਵੀ ਹੁੰਦਾ ਹੈ ਕਿ ਉਹ ਸਾਹਿਤ ਇਕ ਦਸਤਾਵੇਜ਼ ਦੇ ਰੂਪ 'ਚ ਆਪਣੇ ਸਮੇਂ ਦੀ ਕੁਮੈਂਟਰੀ ਕਰ ਰਿਹਾ ਹੁੰਦਾ ਹੈ ਤੇ ਮਨੁੱਖੀ ਵਿਕਾਸ ਦੀ ਪ੍ਰਕਿਰਿਆ ਨੂੰ ਉਜਾਗਰ ਕਰ ਰਿਹਾ ਹੁੰਦਾ ਹੈ। ਬਲਵੰਤ ਗਾਰਗੀ ਦੀ ਨਾਟ-ਰਚਨਾ ਨੂੰ ਵੀ ਇਸੇ ਪ੍ਰਸੰਗ 'ਚ ਸਮਝਾਂਗੇ ਤਾਂ ਓਪਰੀ ਨਜ਼ਰੇ ਗ਼ੈਰਹਾਜ਼ਰ ਲਗਦਾ ਲੋਕਪੱਖੀ ਖਾਸਾ ਸਾਨੂੰ ਨਜ਼ਰ ਆਉਣ ਲੱਗ ਪਏਗਾ। ਗਾਰਗੀ ਪੰਜਾਬੀ ਸਮਾਜ ਅੰਦਰ ਮੌਜੂਦ ਇਕ ਐਸੇ ਕੋਹੜ ਨੂੰ ਤਿੱਖੇ ਰੂਪ 'ਚ ਅਗਰਭੂਮੀ 'ਚ ਲਿਆਉਣ ਦੀ ਕੋਸ਼ਿਸ਼ ਕਰਦਾ ਹੈ ਜਿਸ ਕੋਹੜ ਨੇ ਔਰਤ ਨੂੰ ਜਿਊਣਯੋਗ ਜ਼ਿੰਦਗੀ ਤੋਂ ਦੂਰ ਕਰਕੇ ਜੂਨ ਭੋਗਣ ਵਾਲੀ ਜ਼ਿੰਦਗੀ ਵੱਲ ਧੱਕ ਦਿੱਤਾ ਹੈ। ਉਹ ਆਪਣੇ ਨਾਟਕਾਂ ਵਿਚ ਅਜਿਹੇ ਪਾਤਰ ਪੇਸ਼ ਕਰਦਾ ਹੈ ਜੋ ਜ਼ਿੰਦਗੀ ਜਿਊਣਾ ਚਾਹੁੰਦੇ ਹਨ ਪਰ ਜ਼ਿੰਦਗੀ ਉਨ੍ਹਾਂ ਦੀ ਪਹੁੰਚ ਤੋਂ ਬਾਹਰ ਹੈ। ਉਹ ਇਸ ਕਰੂਰ ਯਥਾਰਥ ਨਾਲ ਆਢਾ ਲਾਉਂਦੇ ਹਨ... ਇਸ ਹੱਥੋਂ ਹਾਰਦੇ ਹਨ... ਇਸ ਨੂੰ ਹਰਾਉਂਦੇ ਵੀ ਹਨ... ਸਮਾਜਕ ਅਨਾਰਕੀ ਪੈਦਾ ਕਰਨ ਦੇ ਭਾਗੀ ਵੀ ਬਣਦੇ ਹਨ... ਅੱਗ ਵਾਂਗ ਦਹਿਕਦੇ ਹਨ... ਆਪਣੇ ਖੰਭ ਵੀ ਸਾੜਦੇ ਹਨ ਤੇ ਦੂਜਿਆਂ ਦੇ ਖੰਭਾਂ ਤਕ ਵੀ ਸੇਕ ਪਹੁੰਚਾਉਂਦੇ ਹਨ! ਗਾਰਗੀ ਆਪਣੇ ਢੰਗ ਦਾ ਇਨਕਲਾਬ ਕਰਨ ਦੀ ਕੋਸ਼ਿਸ਼ ਕਰਦਾ ਹੈ। ਓਪਰੀ ਸਤਹਿ 'ਤੇ ਨਜ਼ਰ ਆਉਂਦੇ ਪ੍ਰਤੱਖ ਸੰਘਰਸ਼ ਦੀ ਬਜਾਏ ਉਹ ਅੰਦਰ ਚੁੱਪ ਚਾਪ ਚੱਲ ਰਹੇ ਸੰਘਰਸ਼ ਦੀ ਬਾਂਹ ਫੜਦਾ ਹੈ। ਦਮਿਤ ਤੇ ਦਲਿਤ ਵਰਗ ਦੇ ਸਭ ਤੋਂ ਹੇਠਲੇ ਪੌਡੇ ਨੂੰ ਕਹਾਣੀ ਬਖ਼ਸ਼ਦਾ ਹੈ। ਜੱਟ ਜ਼ਮੀਨ ਲਈ ਲੜ ਰਿਹਾ ਹੈ, ਸਿਆੜ ਬਚਾਉਣ ਲਈ ਤਰਲਾ ਲੈ ਰਿਹਾ ਹੈ, ਪਰ ਗਾਰਗੀ ਉਨ੍ਹਾਂ ਸਿਆੜਾਂ ਦੀ ਖੇਡ ਅੰਦਰ ਬਲ਼ਦੇ ਹੋਏ ਟਿੱਬੇ ਦੀ ਮਿੱਟੀ ਫਰੋਲਣਾ ਚਾਹੁੰਦਾ ਹੈ... ਤੇ ਕਹਿਣਾ

ਚਾਹੁੰਦਾ ਹੈ ਕਿ ਅੱਗ ਇੱਧਰ ਵੀ ਮਘ ਰਹੀ ਹੈ, ਜੇ ਚੁੱਪ ਚਾਪ ਇਸ ਨੂੰ ਧੂਣੀ ਸਮਝ ਆਪਣੇ ਹੱਥ ਤੱਤੇ ਕਰਦੇ ਰਹੇ ਤਾਂ ਇਕ ਦਿਨ ਇਹ ਭੂਚਾਲ ਬਣ ਉੱਠੇਗੀ ਤੇ ਆਉਣ ਵਾਲੀ ਪੀੜ੍ਹੀ ਨੂੰ ਖਾ ਜਾਏਗੀ! (ਨਾਟਕ 'ਬਲ਼ਦੇ ਟਿੱਬੇ' ਦਾ ਦੁਖਾਂਤਕ ਅੰਤ ਇਹ ਇਸ਼ਾਰਾ ਕਰ ਰਿਹਾ ਹੈ!) ਗਾਰਗੀ 'ਰਜ਼ੀਆ ਸੁਲਤਾਨ' ਨੂੰ 'ਸੁਲਤਾਨ ਰਜ਼ੀਆ' ਬਣਾ ਕੇ ਆਪਣੇ ਅੰਦਾਜ਼ ਦਾ ਲੋਕਪੱਖੀ ਪੱਤਾ ਖੇਡਦਾ ਹੈ। ਸਿਆਸਤ ਦੀ ਖੇਡ ਅਗਰ ਤਵਾਜ਼ਨ ਵਿਗਾੜਦੀ ਰਹੇਗੀ ਤਾਂ ਜਦੋਂ ਔਰਤ 'ਰਜ਼ੀਆ' ਸਿਆਸਤ ਦੇ ਸਿਖਰ ਦੇ ਪੌਡੇ 'ਸੁਲਤਾਨ' ਤਕ ਪਹੁੰਚੇਗੀ ਤਾਂ ਫਿਰ ਉਸ ਨੂੰ ਵੀ ਗ਼ੁਲਾਮ ਦੇ ਰੂਪ 'ਚ ਯਾਕੂਤ ਚਾਹੀਦਾ ਹੈ! ਫਿਰ ਯਾਕੂਤ ਦਾ ਕੀ ਬਣਨਾ ਹੈ... ਉਸ ਦੀ ਹੋਣੀ ਕੀ ਹੈ... ਇਹ ਔਰਤ ਨੇ ਨਹੀਂ ਸੱਤਾ ਨੇ ਤੈਅ ਕਰਨਾ ਹੈ! ਸੱਤਾ ਲਿੰਗ ਰਹਿਤ ਹੈ। ਸੱਤਾ ਜ਼ਾਤ ਰਹਿਤ ਹੈ। ਸੱਤਾ ਦੀ ਆਪਣੀ ਜ਼ਾਤ ਹੈ, ਆਪਣਾ ਲਿੰਗ ਹੈ! ਗਾਰਗੀ ਮਘਦਾ ਕੋਲਾ ਆਪਣੀ ਤਲੀ 'ਤੇ ਟਿਕਾ ਕੇ ਕਲਮ ਚੁੱਕਦਾ ਹੈ।

ਜਦੋਂ ਕੌਮੀ ਪੱਧਰ 'ਤੇ ਇਪਟਾ ਦੀ ਸਥਾਪਨਾ ਹੁੰਦੀ ਹੈ, ਸੰਦੇਸ਼ ਪੰਜਾਬ ਤਕ ਪਹੁੰਚਦਾ ਹੈ। ਲਹਿਰ ਉਸਰਦੀ ਹੈ। ਰੰਗਮੰਚ ਹਥਿਆਰ ਬਣਦਾ ਹੈ... ਯੁੱਧਾਂ ਜੰਗਾਂ ਦੇ ਖ਼ਿਲਾਫ਼ ਲੋਕ ਚੇਤਨਾ ਪੈਦਾ ਕਰਨ ਵਾਲਾ ਹਥਿਆਰ! ਅਮਨ ਸ਼ਾਂਤੀ ਦਾ ਪੈਗ਼ਾਮ ਦਿੰਦਾ ਰੰਗਮੰਚ ਅਵਾਮ ਨੂੰ ਮੁਖ਼ਾਤਿਬ ਹੁੰਦਾ ਹੈ। ਓਪਰੀ ਨਜ਼ਰੇ ਦੇਖਿਆਂ ਉਸ ਦੌਰ ਦਾ ਰੰਗਮੰਚ ਸਾਨੂੰ ਸਿਰਫ਼ ਲਹਿਰ ਦਾ ਰੰਗਮੰਚ ਦਿਖਾਈ ਦਿੰਦਾ ਹੈ। ਵਕਤੀ ਲੋੜ ਪੂਰੀ ਕਰਨ ਵਾਲਾ ਰੰਗਮੰਚ ਜਾਪਦਾ ਹੈ। ਸ਼ਾਇਦ ਇਸੇ ਲਈ ਪੰਜਾਬੀ ਮੁੱਖ ਧਾਰਾ ਦੇ ਨਾਟਕ ਅਤੇ ਰੰਗਮੰਚ ਦੀ ਜਦੋਂ ਗੱਲ ਛਿੜਦੀ ਹੈ ਤਾਂ ਬਹੁਤ ਘੱਟ ਜ਼ਿਕਰ ਜੋਗਿੰਦਰ ਬਾਹਰਲਾ ਤੇ ਤੇਰਾ ਸਿੰਘ ਚੰਨ ਦਾ ਕੀਤਾ ਜਾਂਦਾ ਹੈ। ਇਹ ਸੱਚ ਹੈ ਕਿ ਚੰਨ ਅਤੇ ਬਾਹਰਲਾ ਸਿਰਫ਼ ਰੰਗਕਰਮੀ ਨਹੀਂ ਸਨ। ਉਹ ਸਮਾਜਕ, ਰਾਜਨੀਤਕ ਲਹਿਰ ਦੇ ਕਾਰਿੰਦੇ ਵੀ ਸਨ। ਪਰ ਆਪਣੀਆਂ ਅੱਖਾਂ ਤੋਂ ਸੰਕੀਰਨਤਾ ਦਾ ਜਾਲ਼ਾ ਉਤਾਰ ਕੇ ਦੇਖੀਏ ਤਾਂ 'ਸਿਰਫ਼ ਰੰਗਕਰਮੀ' ਤਾਂ ਸ਼ਾਇਦ ਕੋਈ ਵੀ ਨਹੀਂ ਹੁੰਦਾ। ਹਰ ਕਲਾਕਾਰ ਦੀ ਆਪਣੇ ਢੰਗ ਦੀ ਸਿਆਸਤ ਹੁੰਦੀ ਹੈ। ਹਰ ਕੋਈ ਕਿਸੇ ਵਿਚਾਰਧਾਰਾ ਨੂੰ ਪੇਸ਼ ਕਰਨ ਦੀ ਕੋਸ਼ਿਸ਼ ਕਰ ਰਿਹਾ ਹੁੰਦਾ ਹੈ। ਇਹ ਸੱਚ ਹੈ ਕਿ ਬਾਹਰਲਾ, ਚੰਨ, ਫਰਿਆਦੀ, ਖਲੀਲੀ, ਅਮਰਜੀਤ ਗੁਰਦਾਸਪੁਰੀ, ਨਿਰੰਜਨ ਮਾਨ ਲੋਕ ਲਹਿਰ ਦੇ ਸਿਰਕੱਢ ਨਾਇਕ ਸਨ। ਪਰ ਸਵਾਲ ਇਹ ਵੀ ਹੈ ਕਿ ਕੀ ਉਨ੍ਹਾਂ ਇਹ ਕਾਰਜ ਕਰਦਿਆਂ ਕਲਾ ਦੀ ਕਸਵੱਟੀ ਨੂੰ ਸਮਝਿਆ? ਜਾਂ ਬਿਲਕੁਲ ਅਣਗੌਲ਼ਿਆ ਕਰੀ ਰੱਖਿਆ? ਇਸ ਸਵਾਲ ਦਾ ਜਵਾਬ ਲੱਭਣ ਲਈ ਸਾਨੂੰ ਉਸ ਦੌਰ ਦੇ ਨਾਟਕ ਪੜ੍ਹਨੇ ਪੈਣਗੇ। ਉਨ੍ਹਾਂ ਨੂੰ ਸਮਝਣ ਲਈ ਉਨ੍ਹਾਂ ਦੇ ਵਿਸ਼ੇ ਰੂਪ ਤੇ ਤਕਨੀਕ ਦਾ ਵਿਸ਼ਲੇਸ਼ਣ ਕਰਨ ਸਮੇਂ ਉਸ ਦੌਰ ਨੂੰ ਆਪਣੇ ਖਿਆਲਾਂ 'ਚ ਵਸਾਉਣਾ ਪਏਗਾ। 'ਹਾੜ੍ਹੀਆਂ ਸਾਉਣੀਆਂ' ਓਪੇਰੇ ਦਾ ਨਾਟਕੀ ਗ੍ਰਾਫ਼ 'ਕਲਾ ਨੂੰ ਸਮਝਣ ਵਾਲੇ ਜੋਗਿੰਦਰ ਬਾਹਰਲਾ' ਨੇ ਸਿਰਜਿਆ ਹੈ। ਉਦੋਂ ਉਸ ਦਾ ਕਿਰਦਾਰ ਨਾਟਕਕਾਰ ਵਾਲਾ ਹੈ। ਪਾਰਟੀ ਵੱਲੋਂ ਸੌਂਪੀਆਂ ਹੋਈਆਂ ਜ਼ਿੰਮੇਵਾਰੀਆਂ ਤਹਿਤ ਇੱਧਰ ਉੱਧਰ ਭੱਜ ਨੱਸ ਕਰਨ ਵਾਲੇ ਕਾਡਰ ਦਾ ਕਿਰਦਾਰ ਉਸ ਸਮੇਂ ਗ਼ੈਰਹਾਜ਼ਰ ਸੀ। ਜਿਵੇਂ ਉਹ ਆਪਣੇ ਓਪੇਰੇ 'ਚ ਪਾਤਰ ਘੜਦਾ ਹੈ, ਹਾੜ੍ਹੀਆਂ ਨੂੰ ਔਰਤ ਰੂਪ ਦੇ ਕੇ ਰੁੱਤ ਦੇ ਸੁਭਾਅ ਮੁਤਾਬਕ ਪਰਿਭਾਸ਼ਤ ਕਰਦਾ ਹੈ... ਸਾਉਣੀਆਂ ਦਾ ਰੰਗ ਰੂਪ ਬਿਆਨ ਕਰਦਾ ਹੈ, ਸਾਫ਼ ਸਪਸ਼ਟ ਸਮਝ ਆਉਂਦਾ ਹੈ ਕਿ ਉਸ ਵੇਲੇ 'ਰੰਗਮੰਚ ਨਾਲ ਜੁੜਿਆ ਹੋਇਆ ਸਾਹਿਤਕਾਰ' ਪ੍ਰਮੁੱਖ ਭੂਮਿਕਾ ਅਦਾ ਕਰ ਰਿਹਾ ਹੈ। ਉਹ ਓਪੇਰੇ ਦਾ ਰੂਪ ਵੀ ਘੜ ਰਿਹਾ ਹੈ, ਤੱਤ ਵੀ ਉਜਾਗਰ ਕਰ ਰਿਹਾ ਹੈ ਤੇ ਅਜਿਹੀਆਂ ਘਾੜਤਾਂ ਘੜਦਾ ਹੋਇਆ ਇਸ ਨੂੰ ਆਪਣੇ ਕਲਾਈਮੈਕਸ ਵੱਲ ਲੈ ਕੇ ਜਾਂਦਾ ਹੈ ਕਿ ਇਸ ਓਪੇਰੇ ਦੀ ਬਾਹਰੀ ਤੇ ਅੰਦਰਲੀ ਰੰਗਤ ਕਲਾਤਮਕ ਬਣੀ ਰਹੇ, ਓਪੇਰਾ ਆਪਣਾ ਉਹ ਸੰਦੇਸ਼ ਆਪਣੇ ਦਰਸ਼ਕ ਦੇ ਮਨ ਉੱਤੇ ਉੱਕਰ ਸਕੇ ਜਿਸ ਖ਼ਾਤਰ ਨਾਟਕਕਾਰ ਜੋਗਿੰਦਰ ਨੇ ਕਲਮ ਚੁੱਕੀ

ਹੈ। ਨਹੀਂ ਤਾਂ ਫ਼ਸਲਾਂ ਦੇ ਲੁੱਟੇ ਜਾਣ ਦੀ ਦਰਦ ਕਹਾਣੀ ਤਾਂ ਸਮਰੱਥ ਆਗੂ ਆਪਣੇ ਭਾਸ਼ਣ ਰਾਹੀਂ ਵੀ ਕਹਿ ਸਕਦਾ ਹੈ। ਕਲਾ ਦਰਸ਼ਕ ਦੀਆਂ ਸੁੱਤੀਆਂ ਸੰਵੇਦਨਾਵਾਂ ਨੂੰ ਜਗਾ ਉਦੋਂ ਹੀ ਸਕਦੀ ਹੈ, ਜਦੋਂ ਉਹ ਆਪਣੇ ਸਮੁੱਚੇ ਕਲਾਤਮਕ ਕਿਰਦਾਰ ਦਾ ਚੋਲ਼ਾ ਪਹਿਨ ਕੇ ਆਪਣੇ ਦਰਸ਼ਕ ਸਾਹਮਣੇ ਜਾਏਗੀ। ਇਸੇ ਦੀ ਮਿਸਾਲ ਹੈ ਤੇਰਾ ਸਿੰਘ ਚੰਨ ਦਾ ਲਿਖਿਆ ਹੋਇਆ ਓਪੇਰਾ 'ਲੱਕੜ ਦੀ ਲੱਤ'।

'ਲੱਕੜ ਦੀ ਲੱਤ' ਓਪੇਰਾ ਪੇਸ਼ ਕੀਤੇ ਜਾਣ ਵਾਲੇ ਵਿਸ਼ੇ ਦੀ ਕੋਈ ਇਕ ਇਕਹਿਰੀ ਤੰਦ ਫੜ ਕੇ ਬੁੱਤਾ ਨਹੀਂ ਸਾਰਦਾ, ਬਲਕਿ ਇਸ ਦੇ ਆਰ ਪਾਰ ਗਤੀਸ਼ੀਲ ਪਰਤਾਂ ਨੂੰ ਟੈਕਸਟ ਦਾ ਹਿੱਸਾ ਬਣਾਉਂਦਾ ਹੈ। ਨਾਟਕ ਦੇ ਰਚਨਾ ਕਾਲ ਅਨੁਸਾਰ ਜੰਗਾਂ ਦਾ ਮਨੁੱਖ ਵਿਰੋਧੀ ਕਿਰਦਾਰ ਨਾਟਕ ਦੀ ਮੁੱਖ ਟੈਕਸਟ ਹੈ, ਜਿਸ ਅਧੀਨ ਜ਼ਿੰਦਗੀ ਦੀ ਪ੍ਰਤੀਕ ਔਰਤ ਦੇ ਹਿੱਸੇ ਉਹਦੀਆਂ ਸੱਧਰਾਂ ਦੇ ਹਾਣ ਦਾ ਗੱਭਰੂ ਨਹੀਂ ਬਲਕਿ ਬੇਜਾਨ ਲੱਕੜ ਦੀ ਲੱਤ ਆਉਂਦੀ ਹੈ। ਪਰ ਨਾਟਕ ਦੀ ਇਕ ਪ੍ਰੀ ਟੈਕਸਟ ਵੀ ਹੈ ਕਿ ਚਾਵਾਂ ਦੀ ਰੁੱਤੇ, ਸ਼ਗਨਾਂ ਨੂੰ ਛੱਡ ਕੇ ਇਕ ਕਿਸਾਨ ਜੰਗ ਦਾ ਸਾਮਾਨ ਕਿਉਂ ਬਣਦਾ ਹੈ! ਲੀਰੋ ਲੀਰ ਹੋਈ ਆਰਥਿਕਤਾ ਨੂੰ ਕਿਵੇਂ ਨਾ ਕਿਵੇਂ ਠੁੰਮ੍ਹਣਾ ਦੇਣ ਲਈ ਇਹ ਅੱਕ ਚੱਬਿਆ ਜਾਂਦਾ ਹੈ... ਤੇ ਜਦੋਂ ਇਹ ਗ਼ੈਰ ਵਾਜਬ ਘਟਨਾ ਵਾਪਰਦੀ ਹੈ ਤਾਂ ਇਸ ਦੀ ਇਕ ਪੋਸਟ ਟੈਕਸਟ ਉੱਭਰਦੀ ਹੈ, ਜਿੱਥੇ ਬਾਲਾਂ ਦੇ ਹੱਥਾਂ 'ਚ ਕਮਾਊ ਬਾਪ ਵੱਲੋਂ ਖ਼ਰੀਦੇ ਖਿਡਾਉਣੇ ਨਹੀਂ ਬਲਕਿ ਬਾਪ ਦੀ ਮਜਬੂਰੀ 'ਲੱਕੜ ਦੀ ਲੱਤ' ਤੇ ਮਾਂ ਦੇ ਹਉਕਿਆਂ ਦਾ ਸੰਗੀਤ ਰਹਿ ਜਾਂਦਾ ਹੈ! 'ਲੱਕੜ ਦੀਆਂ ਲੱਤਾਂ' ਨਾਲ ਖੇਡਣ ਵਾਲੇ ਜੁਆਕ ਭਵਿੱਖ ਵਿਚ ਕਿਸ ਤਰ੍ਹਾਂ ਦੀ ਨੌਜਵਾਨੀ ਵਿਚ ਰੂਪਾਂਤਰਤ ਹੋਣਗੇ, ਇਹ ਖ਼ਤਰਾ ਇਸ ਓਪੇਰੇ ਰਾਹੀਂ ਬੜੇ ਸੂਖ਼ਮ ਤਰੀਕੇ ਨਾਲ ਪੇਸ਼ ਹੁੰਦਾ ਹੈ। ਇਸ ਓਪੇਰੇ ਵਿਚ ਜਿਵੇਂ ਫੌਜੀ ਪਤੀ ਦੀ ਉਡੀਕ ਕਰਦੀ ਮੁਟਿਆਰ ਦੇ ਜਜ਼ਬਿਆਂ ਨੂੰ ਪੇਸ਼ ਕੀਤਾ ਗਿਆ ਹੈ, ਤੇ ਫਿਰ ਪਤੀ ਦੇ ਆਉਣ 'ਤੇ ਉਪਜਦਾ ਸਦਮਾ ਦਿਖਾਇਆ ਗਿਆ ਹੈ... ਫਿਰ ਉਸ ਦੀ ਤੜਪਣ ਨੂੰ ਇਕ ਸਿਖਰ 'ਤੇ ਲਿਜਾ ਕੇ ਉਸ ਦੀ ਮੌਤ ਪੇਸ਼ ਕੀਤੀ ਗਈ ਹੈ, ਇਸ ਕਲਾਤਮਕ ਗ੍ਰਾਫ ਨੂੰ ਪੇਸ਼ ਕਰਨ ਵਾਲਾ ਨਾਟਕਕਾਰ ਤੇਰਾ ਸਿੰਘ ਚੰਨ ਪੰਜਾਬੀ ਨਾਟਕਕਾਰੀ ਦੀ ਕਿਸੇ ਵੀ ਸੂਚੀ ਵਿਚ ਇਕ ਆਦਰਯੋਗ ਦਰਜਾਬੰਦੀ ਹਾਸਲ ਕਰਨ ਦਾ ਹੱਕ ਰੱਖਦਾ ਹੈ। ਲੋਕ ਪੱਖੀ ਖਾਸਾ ਕਲਾ ਤੋਂ ਉਲਟ ਦਿਸ਼ਾ ਵਿਚ ਨਹੀਂ ਚਲਦਾ ਬਲਕਿ ਗਲਵੱਕੜੀ ਪਾ ਕੇ ਚਲਦਾ ਹੈ।

ਪੰਜਾਬੀ ਜਨ ਮਾਣਸ ਰੰਗਮੰਚ ਨੂੰ ਸਮਝਦਾ ਤੇ ਪ੍ਰਵਾਨ ਵੀ ਇਸੇ ਤਰ੍ਹਾਂ ਕਰਦਾ ਹੈ। ਉਹ ਆਸ ਕਰਦਾ ਹੈ ਕਿ ਹਰ ਸਮਾਜਕ ਮੁੱਦੇ ਬਾਰੇ, ਰਾਜਨੀਤਕ ਹਲਚਲ ਬਾਰੇ ਨਾਟਕ ਆਪਣੀ ਪਹੁੰਚ ਸਪਸ਼ਟ ਕਰੇ ਤੇ ਇਸ ਬਾਰੇ ਕੁਝ ਬੋਲੇ। ਇਹ ਪੰਜਾਬੀ ਨਾਟਕ ਦੀ ਖ਼ੂਬੀ ਵੀ ਹੈ ਤੇ ਕਮਜ਼ੋਰੀ ਵੀ। ਕਿਉਂਕਿ ਉਸ ਆਸ ਦੀ ਦਾਬ ਹਰ ਕੋਈ ਨਹੀਂ ਝੱਲ ਸਕਦਾ। ਖ਼ਾਸ ਤੌਰ 'ਤੇ ਜਿਸ ਲਈ ਰੰਗਮੰਚ ਸਿਰਫ ਸ਼ੌਂਕ ਨਹੀਂ ਪੇਸ਼ਾ ਵੀ ਹੈ, ਉਸ ਲਈ ਇਹ ਹੋਰ ਵੀ ਮੁਸ਼ਕਿਲ ਹੈ! ਇੱਥੇ ਹੀ ਅਸਲ ਚੁਣੌਤੀ ਹੈ ਕਿ ਤੁਸੀਂ ਸੰਤੁਲਨ ਕਿਵੇਂ ਬਣਾ ਕੇ ਰੱਖਣਾ ਹੈ। ਤੁਹਾਨੂੰ ਆਪਣੀ ਨਿਰੰਤਰਤਾ ਬਣਾਈ ਰੱਖਣ ਲਈ ਲੋਕਾਂ ਦੀਆਂ ਆਸਾਂ ਉਮੀਦਾਂ 'ਤੇ ਖਰਾ ਉਤਰਨ ਦੀ ਚੁਣੌਤੀ ਵੀ ਸਵੀਕਾਰ ਕਰਨੀ ਪਏਗੀ ਤੇ ਆਪਣੀ ਕਲਾ ਦਾ ਧਰਮ ਵੀ ਪਾਲਣਾ ਪਏਗਾ। ਗੁਰਸ਼ਰਨ ਸਿੰਘ ਇਸ ਸਿਲਸਿਲੇ ਵਿਚ ਸਾਡੇ ਸਾਹਮਣੇ ਵੱਡੀ ਉਦਾਹਰਣ ਹੈ। ਹੜਤਾਲ ਨੂੰ ਨਾਟਕੀ ਰੂਪ 'ਚ ਪੇਸ਼ ਕਰਦਿਆਂ ਉਹ ਰੰਗਮੰਚ ਦੀ ਸ਼ੁਰੂਆਤ ਕਰਦਾ ਹੈ। ਫਿਰ ਅਨੇਕਾਂ ਕੌਮੀ ਤੇ ਕੌਮਾਂਤਰੀ ਕਲਾਸਿਕਸ ਨੂੰ ਆਪਣੀ ਟੀਮ ਨਾਲ ਮਿਲ ਕੇ ਖੇਡਦਾ ਹੈ। ਸੰਸਾਰ ਪੱਧਰ ਦੇ ਨਾਟਕ ਦਾ ਗਿਆਨ ਉਸ ਕੋਲ ਹੈ। ਬਰਨਰਡ ਸ਼ਾਅ ਤੋਂ ਵਿਸ਼ੇਸ਼ ਤੌਰ 'ਤੇ ਪ੍ਰਭਾਵਤ ਹੈ। ਗੁਰਸ਼ਰਨ ਸਿੰਘ ਦਾ ਮੁੱਢਲਾ ਦੌਰ ਸ਼ਹਿਰੀ ਮੱਧ ਵਰਗ ਨੂੰ ਲਗਾਤਾਰ ਰੰਗਮੰਚ ਪਰੋਸਦਾ ਹੈ। ਪਰ ਜਿਵੇਂ ਹੀ ਉਹ ਪਿੰਡਾਂ ਵੱਲ ਰੁਖ਼ ਕਰਦਾ ਹੈ, ਉਸ ਨੂੰ ਜਾਪਦਾ ਹੈ ਕਿ ਮੇਰਾ ਅਸਲ

ਦਰਸ਼ਕ ਮਿਲ ਗਿਆ ਹੈ ਤੇ ਮੇਰੇ ਰੰਗਮੰਚ ਦਾ ਮਕਸਦ ਮੈਨੂੰ ਇਸ ਪਾਸੇ ਵਹੀਰਾਂ ਘੱਤਣ ਲਈ ਹੁੱਝ ਮਾਰ ਰਿਹਾ ਹੈ। ਇੱਥੋਂ ਗੁਰਸ਼ਰਨ ਸਿੰਘ ਬਤੌਰ ਨਾਟਕਕਾਰ ਕਰਵਟ ਲੈਂਦਾ ਹੈ ਤੇ ਸਮਾਜਕ ਰਾਜਨੀਤਕ ਮੁੱਦਿਆਂ ਨੂੰ ਨਾਟਕੀ ਰੂਪ ਦੇਣ ਲੱਗਦਾ ਹੈ। ਖੱਬੇ ਪੱਖੀ ਵਿਚਾਰਧਾਰਾ ਨੂੰ ਪ੍ਰਣਾਇਆ ਹੋਇਆ ਹੈ। ਇੰਝ ਲੋਕਪੱਖੀ ਹੋਣਾ ਉਸ ਲਈ ਇਕ ਸੁਭਾਵਕ ਚੋਣ ਹੈ। ਪਰ ਉਸ ਦੇ ਨਾਟਕਾਂ ਦਾ ਵਿਸ਼ਲੇਸ਼ਣ ਕਰਦਿਆਂ ਅਸੀਂ ਇਹ ਸਮਝ ਸਕਦੇ ਹਾਂ ਕਿ ਕਿਵੇਂ ਉਹ ਚਲੰਤ ਮਸਲਿਆਂ ਨੂੰ ਪੇਸ਼ ਕਰਨ ਸਮੇਂ ਵੀ ਉਸ ਦੇ ਨਾਟਕੀ ਧਰਮ ਪ੍ਰਤੀ ਚੇਤੰਨ ਵੀ ਰਹਿੰਦਾ ਹੈ ਤੇ ਇਸ ਦੀ ਮੁਹਾਰਤ ਵੀ ਰੱਖਦਾ ਹੈ। ਤਨਜ਼ ਉਸ ਦਾ ਗਹਿਣਾ ਹੈ। ਗਤੀਸ਼ੀਲ ਸੰਵਾਦ ਸਿਰਜਣਾ ਉਸ ਦਾ ਪ੍ਰਮੁੱਖ ਹਥਿਆਰ ਹੈ ਤੇ ਇੱਛਤ ਯਥਾਰਥ ਰੂਪ 'ਚ ਨਾਟਕ ਦਾ ਸਿਖਰ ਪੈਦਾ ਕਰਨਾ ਉਸ ਦੀ ਮਨਪਸੰਦ ਤੇ ਸੋਚੀ ਸਮਝੀ ਵਿਉਂਤਕਾਰੀ ਹੈ। ਗੁਰਸ਼ਰਨ ਸਿੰਘ ਚਾਹੁੰਦਾ ਸੀ ਕਿ ਔਰਤ ਆਪਣੇ ਫ਼ੈਸਲੇ ਆਪ ਲੈਣ ਦਾ ਹੱਕ ਰੱਖਦੀ ਹੋਵੇ, ਸਮਾਜਕ ਸਰਗਰਮੀਆਂ 'ਚ ਉਸ ਦੀ ਬਰਾਬਰ ਦੀ ਸ਼ਮੂਲੀਅਤ ਹੋਵੇ, ਦਲਿਤ ਦਮਿਤ ਵੱਡਿਆਂ ਦੇ ਅੱਗੇ ਤਰਲੇ ਨਾ ਮਾਰਨ, ਬਲਕਿ ਮਾਣ ਭਰੀ ਜ਼ਿੰਦਗੀ ਜਿਊਣ! ਇਹਦੇ ਲਈ ਸੰਘਰਸ਼ ਦੀ ਲੋੜ ਹੈ। ਆਵਾਜ਼ ਬੁਲੰਦ ਕਰਨ ਦੀ ਲੋੜ ਹੈ। ਬੇਲੋੜੀਆਂ ਰਵਾਇਤਾਂ ਨੂੰ ਨਕਾਰਨ ਦੀ ਲੋੜ ਹੈ। ਗੁਰਸ਼ਰਨ ਸਿੰਘ ਆਪਣੇ ਰੰਗਮੰਚ ਰਾਹੀਂ ਇਹ ਸੁਪਨੇ ਬੀਜਦਾ ਸੀ। ਉਸ ਦੀ ਦੇਣ ਬਹੁਪੱਖੀ ਹੈ। ਅੱਜ ਉਸ ਦੇ ਤੁਰ ਜਾਣ ਤੋਂ ਬਾਅਦ ਔਰਤਾਂ ਨੂੰ ਸਮਾਜਕ ਇਕੱਠਾਂ 'ਚ, ਸੰਘਰਸ਼ਾਂ ਦੇ ਪਿੜਾਂ 'ਚ ਮੋਹਰੀ ਭੂਮਿਕਾ ਨਿਭਾਉਣ ਦਾ ਹੌਸਲਾ ਭਾਅ ਗੁਰਸ਼ਰਨ ਸਿੰਘ ਤੋਂ ਮਿਲਿਆ ਹੈ। ਗੁਰਸ਼ਰਨ ਸਿੰਘ ਆਪਣੇ ਨਾਟਕ 'ਸਮਾਜ' ਰਾਹੀਂ ਦਹਾੜਦਾ ਹੈ ਕਿ ਬੱਚੇ ਦੇ ਨਾਂ ਨਾਲ ਮਾਂ ਦਾ ਨਾਂ ਦਰਜ ਕਿਉਂ ਨਹੀਂ ਕੀਤਾ ਜਾਂਦਾ! ਮੌਕੇ 'ਤੇ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਅਧਿਕਾਰੀ ਮੌਜੂਦ ਹਨ। ਵਿਚਾਰਾਂ ਹੁੰਦੀਆਂ ਹਨ... ਤੇ ਸਰਟੀਫਿਕੇਟ ਵਿਚ ਮਾਂ ਦਾ ਨਾਮ ਦਰਜ ਹੋਣਾ ਸ਼ੁਰੂ ਹੋ ਜਾਂਦਾ ਹੈ। ਇਵੇਂ ਰੰਗਮੰਚ ਸਿਰਫ਼ ਮਨਪ੍ਰਚਾਵੇ ਦੀ ਕਸਰਤ ਨਾ ਰਹਿ ਕੇ ਸਮਾਜਕ ਤਬਦੀਲੀ ਦਾ ਵਾਹਕ ਬਣ ਜਾਂਦਾ ਹੈ। ਲੋਕ ਪੱਖੀ ਕਿਰਦਾਰ ਦਾ ਜਾਦੂ ਸਿਰ ਚੜ੍ਹ ਬੋਲਦਾ ਹੈ।

ਪ੍ਰੋ. ਅਜਮੇਰ ਔਲਖ ਜਦੋਂ ਕੈਂਸਰ ਦੀ ਨਾਮੁਰਾਦ ਬਿਮਾਰੀ ਦਾ ਸ਼ਿਕਾਰ ਹੁੰਦਾ ਹੈ ਤਾਂ ਲੋਕ ਪੱਖੀ ਕਲਾ ਨੂੰ 'ਲੋਕ' ਮੋੜਵਾਂ ਸਤਿਕਾਰ ਦਿੰਦੇ ਹਨ। ਖੇਤਾਂ 'ਚ ਨਰਮਾ ਚੁਗਣ ਵਾਲੀਆਂ ਗ਼ਰੀਬ ਔਰਤਾਂ ਆਪਣੀ ਚੁੰਨੀ ਦੇ ਲੜ 'ਚ ਲਪੇਟੇ ਦਸ ਦਸ ਦੇ ਨੋਟ ਕੱਢ ਕੇ ਦਿੰਦੀਆਂ ਹਨ ਤੇ ਕਹਿੰਦੀਆਂ ਹਨ ਕਿ ਅਸੀਂ ਬਾਈ ਔਲਖ ਨੂੰ ਕਿਤੇ ਨਹੀਂ ਜਾਣ ਦੇਣਾ! ਲੋਕ ਪੱਖੀ ਖਾਸੇ ਦੀ ਸੂਹੀ ਚਾਦਰ ਉੱਤੇ ਉਸ ਦਿਨ ਲੁਕਾਈ ਨੇ ਚਿੱਟੇ ਰੰਗ ਦਾ ਫੁੱਲ ਧਰ ਦਿੱਤਾ ਸੀ! ਨਰਮਾ ਬੀਜਣ, ਪਾਲਣ, ਚੁਗਣ, ਸੰਭਾਲਣ ਤੇ ਇਸ ਦੀ ਕੀਮਤ ਵਸੂਲੀ ਲਈ ਉੱਠਦੇ ਸੰਘਰਸ਼ਸ਼ੀਲ ਹੱਥਾਂ ਨੇ ਖਿੜਦੇ ਫੁੱਲਾਂ ਦੀ ਕਲਮ ਸੰਗ ਜੋਟੀ ਪਾ ਲਈ ਸੀ! ਅਜਿਹਾ ਕਿਉਂ ਵਾਪਰਿਆ! ਔਲਖ ਸਾਹਿਬ ਨੇ ਆਪਣੇ ਨਾਟਕਾਂ ਵਿਚ ਪੇਂਡੂ ਸਮਾਜ ਦੀਆਂ ਜਟਿਲਤਾਵਾਂ ਨੂੰ ਨਾਟਕੀ ਅੰਦਾਜ਼ 'ਚ ਪੇਸ਼ ਕੀਤਾ। ਆਰਥਿਕਤਾ ਦੀ ਚੱਕੀ 'ਚ ਪਿਸਦੇ ਰਿਸ਼ਤਿਆਂ ਦਾ ਗਹਿਰਾ ਵਿਸ਼ਲੇਸ਼ਣ ਕੀਤਾ। ਜ਼ਿੰਦਗੀ ਨਾਲ ਦਸਤਪੰਜਾ ਲੈ ਰਹੇ ਪਾਤਰਾਂ ਨੂੰ ਉਨ੍ਹਾਂ ਦੇ ਸੱਚ ਅਤੇ ਸੁੱਚ ਸਮੇਤ ਪੇਸ਼ ਕੀਤਾ ਤੇ ਨਾਟਕਾਂ ਦੀ ਭਾਸ਼ਾ ਅਤੇ ਜੜਤ ਜ਼ਿੰਦਗੀ ਦੇ ਬਿਲਕੁਲ ਕਰੀਬ ਰੱਖੀ। ਸਮੱਸਿਆਵਾਂ ਲੋਕਾਂ ਦੀਆਂ, ਕਹਾਣੀਆਂ ਲੋਕਾਂ ਦੀਆਂ, ਬੋਲ ਲੋਕਾਂ ਦੇ, ਫਿਰ ਔਲਖ ਬਾਈ ਨੇ ਕੀ ਕੀਤਾ? ਇਹੀ ਘੁੰਡੀ ਹੈ ਜੋ ਕਲਾ ਨੂੰ ਸਮਝਣ ਲਈ ਜ਼ਰੂਰੀ ਹੈ। ਜੇ ਔਲਖ ਦੀ ਨਾਟਕਕਾਰੀ 'ਚ ਕਲਾ ਗ਼ੈਰਹਾਜ਼ਰ ਹੁੰਦੀ ਤਾਂ ਲੋਕ ਇਸ ਨੂੰ ਕਬੂਲ ਨਾ ਕਰਦੇ। ਵਿਸ਼ਾ ਲੋਕਾਂ ਕੋਲ ਹੈ। ਰੰਗਕਰਮੀ ਨੇ ਉਸ ਵਿਸ਼ੇ ਦੇ ਕਿਹੜੇ ਕੋਣ 'ਤੇ ਖੜ੍ਹ ਕੇ ਆਪਣੀ ਗੱਲ ਕਹਿਣੀ ਹੈ ਤੇ ਕਿਵੇਂ ਕਹਿਣੀ ਹੈ! ਇਹੀ ਕਲਾ ਹੈ। ਔਲਖ ਦੇ ਸਮਾਨੰਤਰ ਮਾਲਵੇ ਦੀ ਉਪ ਬੋਲੀ 'ਚ ਹੋਰ ਵੀ ਬਹੁਤ ਸਾਰਾ ਨਾਟਕ ਰਚਿਆ ਜਾ ਰਿਹਾ ਸੀ ਪਰ ਉਸ ਰੂਪ 'ਚ ਪ੍ਰਵਾਨਤ ਨਹੀਂ ਹੋਇਆ। ਕਾਰਨ

ਕਲਾਤਮਕ ਨਜ਼ਰੀਏ ਦੀ ਘਾਟ ਵਾਧ ਦਾ ਹੈ ਤੇ ਵਿਸ਼ੇ ਦੀ ਪੇਸ਼ਕਾਰੀ ਦੌਰਾਨ ਸਮਝ ਤੇ ਮਕਸਦ ਦੀ ਸਪੱਸ਼ਟਤਾ ਦਾ ਹੈ।

ਡਾ. ਆਤਮਜੀਤ, ਦਵਿੰਦਰ ਦਮਨ, ਚਰਨ ਦਾਸ ਸਿੱਧੂ, ਹਰਸਰਨ ਸਿੰਘ, ਹਰਪਾਲ ਟਿਵਾਣਾ, ਕੇਵਲ ਧਾਲੀਵਾਲ, ਟੋਨੀ ਬਾਤਿਸ਼ ਜਿਹੀਆਂ ਵੱਡੀਆਂ ਹਸਤੀਆਂ ਦਾ ਨਾਟਕ ਅਤੇ ਰੰਗਮੰਚ ਲੋਕਾਈ ਦੀ ਨਬਜ਼ ਫੜਦਾ ਹੈ, ਸਮੱਸਿਆਵਾਂ ਤੇ ਪ੍ਰਾਪਤੀਆਂ ਦੀ ਨਿਸ਼ਾਨਦੇਹੀ ਕਰਦਾ ਹੈ, ਫਿਰ ਉਸ ਨੂੰ ਕਲਾਤਮਕ ਰੰਗਤ ਦੇ ਕੇ ਆਪਣੇ ਪਾਠਕ ਦਰਸ਼ਕ ਸਾਹਮਣੇ ਪਰੋਸਦਾ ਹੈ। ਇਹੀ ਕਾਰਨ ਹੈ ਕਿ ਤਮਾਮ ਬਿਜਲਈ ਮਾਧਿਅਮਾਂ ਦੇ ਆਉਣ ਤੋਂ ਬਾਅਦ ਵੀ ਰੰਗਮੰਚ ਪ੍ਰਤੀ ਲੋਕਾਂ ਦਾ ਪਿਆਰ ਘਟਿਆ ਨਹੀਂ। ਅੱਜ ਵੀ ਜਦੋਂ ਲੋਕ ਸੱਤਾ ਨੂੰ ਵੰਗਾਰਦੇ ਹਨ ਤਾਂ ਇਕ ਨਜ਼ਰ ਰੰਗਕਰਮੀਆਂ ਵੱਲ ਮਾਣ ਨਾਲ ਦੇਖਦੇ ਹਨ। ਉਸ ਤੱਕਣੀ ਵਿਚ ਵਿਸ਼ਵਾਸ ਹੁੰਦਾ ਹੈ ਕਿ ਕੋਈ ਹੋਰ ਸਾਡੇ ਨਾਲ ਖੜ੍ਹੇ ਜਾਂ ਨਾ, ਰੰਗਮੰਚ ਮੋਢੇ ਨਾਲ ਮੋਢਾ ਜ਼ਰੂਰ ਜੋੜੇਗਾ। ਇਸ ਤੋਂ ਵੱਧ ਪਿਆਰ, ਮਾਣ, ਸਤਿਕਾਰ ਕੀ ਚਾਹੀਦਾ ਹੈ।ਅੱਜ ਜਦੋਂ ਅਸੀਂ ਸੱਭਿਆਚਾਰਕ, ਰਾਜਨੀਤਕ, ਸਮਾਜਕ ਤਬਦੀਲੀ (transition) ਦੇ ਦੌਰ 'ਚੋਂ ਲੰਘ ਰਹੇ ਹਾਂ ਤਾਂ ਰੰਗ ਮੰਚ ਦੀ ਲੋੜ ਅਤੇ ਜ਼ਿੰਮੇਵਾਰੀ ਹੋਰ ਵਧ ਜਾਂਦੀ ਹੈ। ਕਿਉਂਕਿ ਅੱਜ ਸਾਡੇ ਸਮਾਜ ਨੂੰ, ਖਾਸ ਤੌਰ 'ਤੇ ਨੌਜਵਾਨੀ ਨੂੰ ਸਮਝ ਦੀ ਸਥੂਲ ਸਤਹਿ ਤੱਜ ਕੇ ਉਸ ਦੀ ਸੂਖ਼ਮ ਸਤਹਿ ਵੱਲ ਤੁਰਨਾ ਪਵੇਗਾ। ਅੱਜ ਜਿੱਥੇ ਅਸੀਂ ਆਪਣੇ ਹੱਕਾਂ ਪ੍ਰਤੀ ਸੁਚੇਤ ਹੋ ਰਹੇ ਹਾਂ, ਉੱਥੇ ਨਾਲ ਹੀ ਖ਼ਤਰੇ ਦੀ ਘੰਟੀ ਵੀ ਵੱਜ ਰਹੀ ਹੈ ਕਿ ਜਗੀਰੂ ਹੈਂਕੜ ਦੁਬਾਰਾ ਜੀਵਤ ਹੋ ਰਹੀ ਹੈ (ਭਾਵੇਂ ਪੂਰਨ ਰੂਪ 'ਚ ਕਦੇ ਵੀ ਨਹੀਂ ਸੀ ਮਰੀ!)। ਉਸ ਹੈਂਕੜ ਰੂਪੀ ਅਭਿਮਾਨ ਨੂੰ ਮਾਣ ਵਾਲੇ ਪਾਸੇ ਤੋਰਨ ਦਾ ਤਵਾਜ਼ਨ ਕਾਇਮ ਕਰਨ ਦੀ ਜ਼ਿੰਮੇਵਾਰੀ ਪੰਜਾਬੀ ਰੰਗਮੰਚ ਦੇ ਸਿਰ ਹੈ। ਸਾਡਾ ਲੋਕ ਪੱਖੀ ਖਾਸਾ ਸਾਡੀ ਪਛਾਣ ਹੈ। ਸਾਡੇ ਸਿਰਾਂ ਦਾ ਤਾਜ ਹੈ। ਸਾਡੇ ਲਈ ਸਭ ਤੋਂ ਵੱਡੀ ਚੁਣੌਤੀ ਵੀ ਹੈ ਤੇ ਸਾਨੂੰ ਹਮੇਸ਼ਾਂ ਸਿੱਖਦੇ ਰਹਿਣ ਲਈ ਪ੍ਰੇਰਨ ਵਾਲਾ ਗੁਣ ਵੀ ਹੈ। ਆਓ ਇਸ ਨੂੰ ਹੋਰ ਨਿਖਾਰੀਏ ਤੇ ਹੋਰ ਸਪਸ਼ਟ ਹੋਈਏ! 000

***(ਫੋਨ: 98880-11096***
***ਈਮੇਲ: sssahebealam@gmail.com)***

# ਮੇਰੀ ਸਾਹਿਤ-ਸਿਰਜਣਾ ਤੇ ਸਾਹਿਤ-ਚਿੰਤਨ
## ਪਿਆਰਾ ਸਿੰਘ ਭੋਗਲ

ਜਦੋਂ ਮੈਂ ਆਪਣੇ ਪਿੰਡ ਪਲਾਹੀ ਰਿਆਸਤ ਕਪੂਰਥਲਾ ਦੇ ਐਂਗਲੋ ਵਰਨੈਕੂਲਰ ਮਿਡਲ ਸਕੂਲ ਤੋਂ ਅੱਠਵੀਂ ਜਮਾਤ ਪਾਸ ਕੀਤੀ ਤਾਂ ਮੈਂ ਜਮਾਤ ਵਿਚ ਅੱਵਲ ਆਇਆ ਸਾਂ। ਹੈੱਡਮਾਸਟਰ ਸ: ਨਿਰੰਜਨ ਸਿੰਘ ਨੇ ਘਰ ਬੁਲਾ ਕੇ ਦੋ ਗੱਲਾਂ ਕਹੀਆਂ। ਪਹਿਲੀ ਇਹ ਕਿ ਤੂੰ ਫਗਵਾੜੇ ਜਗਜੀਤ ਹਾਈ ਸਕੂਲ ਦੀ ਥਾਂ ਰਾਮਗੜ੍ਹੀਆ ਹਾਈ ਸਕੂਲ ਵਿਚ ਦਾਖਲਾ ਲਈਂ। ਦੂਜੀ ਇਹ ਕਿ ਹਾਈ ਸਕੂਲ ਵਿਚ ਤੂੰ ਫ਼ਿਜ਼ਿਕਸ ਤੇ ਕੈਮਿਸਟਰੀ ਪੜ੍ਹੀਂ। ਹੈੱਡਮਾਸਟਰ ਸਾਹਿਬ ਦਾ ਘਰ ਬੁਲਾ ਕੇ ਇਹ ਗੱਲਾਂ ਕਰਨੀਆਂ ਇਸ਼ਾਰਾ ਸੀ, ਮੈਂ ਸਕੂਲ ਦਾ ਅਸਾਧਾਰਨ ਵਿਦਿਆਰਥੀ ਸਾਂ। ਜਿਹੜੀ ਗੱਲ ਅੱਜ ਵੀ ਯਾਦ ਹੈ, ਉਦੋਂ ਵੀ ਪਤਾ ਸੀ, ਮੇਰੀਆਂ ਸੋਚਾਂ ਤੇ ਅਹਿਸਾਸ ਡੂੰਘੇ ਸਨ। ਦੁੱਖ ਤੇ ਸੁਖ, ਖੁਸ਼ੀ ਤੇ ਗ਼ਮੀ, ਸੁੰਦਰਤਾ ਤੇ ਕੁਹਜ ਮੈਨੂੰ ਆਪਣੀ ਪਕੜ ਵਿਚ ਲਈ ਰੱਖਦੇ ਸਨ। ਪ੍ਰੇਮ ਦੀ ਭੁੱਖ ਅਤੇ ਸੁੰਦਰਤਾ ਨੂੰ ਦੇਖਣ ਤੇ ਮਾਨਣ ਦੀ ਪਿਆਸ ਦਾ ਕੋਈ ਅੰਤ ਨਹੀਂ ਸੀ। ਪਿੰਡ ਵਿਚ ਦੇਖੇ ਹੋਏ ਪੁਰਖ ਅਤੇ ਨਾਰੀਆਂ ਅੱਜ ਵੀ ਯਾਦ ਹਨ। ਕੁਝ ਸੋਹਣੀਆਂ ਸੂਰਤਾਂ ਕਿਸ ਗਲ਼ੀ ਦੇ ਕਿਹੜੇ ਕਿਹੜੇ ਵਿਹੜੇ ਵਿਚ ਵਾਰ-ਵਾਰ ਦੇਖੀਆਂ, ਅੱਜ ਵੀ ਕਲਪਨਾ ਵਿਚ ਖੁੱਭੀਆਂ ਹੋਈਆਂ ਹਨ।

ਅਧਿਆਪਕਾਂ ਦੀ ਸਲਾਹ ਦੇ ਬਾਵਜੂਦ ਫ਼ਿਜ਼ਿਕਸ ਤੇ ਕੈਮਿਸਟਰੀ ਵਿਸ਼ੇ ਮੈਂ ਨਹੀਂ ਚੁਣੇ ਸਨ। ਮੈਨੂੰ ਸਾਇੰਸ ਨਾਲ ਨਫ਼ਰਤ ਨਹੀਂ ਸੀ। ਕਾਲਿਜ ਵਿਚ ਜਾ ਕੇ ਮੈਂ ਆਪ ਹੀ ਇਹ ਵਿਸ਼ੇ ਮੰਗ ਲਏ ਸਨ। ਅਸਲ ਵਿਚ ਭਾਸ਼ਾ ਅਤੇ ਸਾਹਿਤ ਨਾਲ ਮੇਰਾ ਬਹੁਤ ਲਗਾਓ ਸੀ। ਐੱਫ. ਏ. (ਗਿਆਰ੍ਹਵੀਂ ਬਾਰ੍ਹਵੀਂ) ਵਿਚ ਪੜ੍ਹਦਿਆਂ ਕਈ ਕਹਾਣੀਆਂ ਲਿਖੀਆਂ ਜੋ 'ਪ੍ਰੀਤਮ' ਦਿੱਲੀ ਤੇ 'ਜੀਵਨ-ਪ੍ਰੀਤੀ' ਪਟਿਆਲਾ ਵਿਚ ਛਪੀਆਂ। ਇਕ ਨਾਟਕ ਲਿਖਿਆ, ਰੋਜ਼ਾਨਾ ''ਪ੍ਰਕਾਸ਼'' ਦੇ ਐਤਵਾਰੀ ਅੰਕ ਵਿਚ ਛਪਿਆ। ਮੇਰਾ 1956 ਈ: ਦਾ ਲਿਖਿਆ ਹੋਇਆ ਪੰਜ ਅੰਕੀ ਨਾਟਕ 'ਸਿਆੜ' ਉਸ ਸਮੇਂ ਦੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੀ ਗਿਆਨੀ ਜਮਾਤ ਲਈ ਟੈੱਕਸਟ ਬੁੱਕ ਚੁਣਿਆ ਗਿਆ ਸੀ ਤੇ ਕਈ ਸਾਲ ਇਸੇ ਕੋਰਸ ਵਿਚ ਸ਼ਾਮਲ ਰਿਹਾ।

ਉਂਝ ਮੇਰੀ ਅਸਲ ਸਾਹਿਤਕਾਰੀ 1960-70 ਦੇ ਸਾਲਾਂ ਵਿਚ ਹੋਈ। 1962 ਵਿਚ 'ਹਾਵ ਭਾਵ', 1963 ਵਿਚ 'ਪਹਿਲੀ ਵਾਰ' ਅਤੇ 1968 ਵਿਚ 'ਪੁਤਲਾ', ਤਿੰਨ ਕਹਾਣੀ-ਸੰਗ੍ਰਹਿ, ਮੇਰੀ ਸਾਹਿਤ-ਸਿਰਜਣਾ ਦੇ ਮੁੱਢਲੇ ਪ੍ਰਮਾਣ ਸਨ। ਇਨ੍ਹਾਂ ਸਾਲਾਂ ਵਿਚ ਸ਼ਹਿਰੀ ਵਿਦਿਆਰਥੀਆਂ ਨੂੰ ਪੜ੍ਹਾਉਂਦਿਆਂ ਮੈਨੂੰ ਨਿਕਟ-ਵਰਤੀ ਜ਼ਿੰਦਗੀ ਨੂੰ ਦੇਖਣ ਤੇ ਸਮਝਣ ਦਾ ਮੌਕਾ ਮਿਲਿਆ। ਮੇਰੇ ਪਾਸੋਂ ਪੜ੍ਹਨ ਵਾਲੇ ਵਿਦਿਆਰਥੀ ਲੜਕੇ ਤੇ ਲੜਕੀਆਂ, ਜਿਨ੍ਹਾਂ ਦੀਆਂ ਭਾਵਨਾਵਾਂ ਮੇਰੀਆਂ ਭਾਵਨਾਵਾਂ ਵਾਂਗ ਹੀ ਡੂੰਘੀਆਂ ਅਤੇ ਨਿਵੇਕਲੀਆਂ ਸਨ, ਮੇਰੇ ਨੇੜੇ ਆਏ। ਪ੍ਰੇਮ ਅਤੇ ਨਫ਼ਰਤ ਦਾ ਅਨੁਭਵ ਹਾਸਲ ਹੋਇਆ। ਪਿਛਲੇ ਸਾਲਾਂ ਵਿਚ ਸੱਸੀ ਹਾਸ਼ਮ, ਸੋਹਣੀ ਹਾਸ਼ਮ ਅਤੇ ਸ਼ੀਰੀਂ ਫ਼ਰਹਾਦ ਹਾਸ਼ਮ ਪੜ੍ਹੇ ਸਨ। ਇਹ ਤਿੰਨੇ ਕਿੱਸੇ ਮੱਧਕਾਲੀਨ ਪ੍ਰੇਮ ਦੀਆਂ ਕਹਾਣੀਆਂ ਪੇਸ਼ ਕਰਦੇ ਹਨ। ਇਹ ਸਿੱਧ ਕਰਦੇ ਹਨ, ਪ੍ਰੇਮ ਵਿਚ ਜੀਵਨ-ਵਰਤੀ ਵਫ਼ਾ ਹੁੰਦੀ ਹੈ। ਨਰ ਨਾਰੀ ਇਕ ਹੀ ਪ੍ਰੇਮ ਕਰਦੇ ਹਨ। ਜੇ ਪ੍ਰੇਮ ਵਿਚ ਵਸਲ ਪ੍ਰਾਪਤ ਨਹੀਂ ਹੁੰਦਾ ਤਾਂ ਪ੍ਰੇਮ ਕਰਦੇ ਕਰਦੇ ਮਰ ਜਾਂਦੇ ਹਨ, ਮਿਲਣ ਦੀ ਤਾਂਘ ਛੱਡ ਨਹੀਂ ਸਕਦੇ। ਇਹ ਪ੍ਰੇਮ ਦੁਖਾਂਤ ਸੀ।

ਪਰ ਹੁਣ ਸ਼ਹਿਰੀ ਪ੍ਰੇਮ ਦਾ ਨਵਾਂ ਰੂਪ ਦੇਖਿਆ। ਇਹ ਪ੍ਰੇਮ ਦੁਖਾਂਤ ਨਹੀਂ ਸੀ। ਇਕ ਨੂੰ ਪ੍ਰੇਮ ਕਰਕੇ ਜੇ ਵਿੱਛੜ ਗਏ, ਤਾਂ ਰੋਣਾ-ਪਿੱਟਣਾ ਤੇ ਮਰਨਾ ਨਹੀਂ, ਕਿਸੇ ਹੋਰ ਨੂੰ ਪ੍ਰੇਮ ਹੋ ਸਕਦਾ ਹੈ।

ਇਕ ਨਾਲ ਪ੍ਰੇਮ ਤੇ ਦੂਜੇ ਨਾਲ ਸ਼ਾਦੀ ਹੋ ਸਕਦੀ ਹੈ।

ਹੁਣ ਮੇਰੇ ਨਿਕਟਵਰਤੀਆਂ ਨਾਲ ਸਿਰਫ਼ ਪ੍ਰੇਮ-ਪਿਆਰ ਦੀਆਂ ਘਟਨਾਵਾਂ ਹੀ ਨਹੀਂ ਵਰਤ ਰਹੀਆਂ ਸਨ। ਨਾਨਾ ਪ੍ਰਕਾਰ ਦੀਆਂ ਹੋਰ ਘਟਨਾਵਾਂ ਤੇ ਸਮੱਸਿਆਵਾਂ ਵਿਚੋਂ ਲੋਕ ਲੰਘ ਰਹੇ ਸਨ। ਰੁਜ਼ਗਾਰ ਕਮਾਉਣ ਅਤੇ ਪਰਿਵਾਰ ਪਾਲਣ ਦੇ ਗੁੰਝਲਦਾਰ ਮਸਲੇ ਸਨ। ਪਹਿਲੀ ਵਾਰ ਪਤਾ ਲੱਗਾ, ਕਈ ਲੋਕ ਛੜੇ ਹੀ ਰਹਿ ਜਾਂਦੇ ਹਨ। ਵਿਆਹ ਲਈ ਤਰਸਦੇ ਹਨ। ਵਿਆਹੇ ਜੋੜੇ ਬਹੁਤੀ ਸੰਤਾਨ ਪੈਦਾ ਕਰ ਲੈਂਦੇ ਸਨ। ਸੰਤਾਨ-ਸੰਯਮ ਬਾਰੇ ਅਜੇ ਪ੍ਰਚਾਰ ਨਹੀਂ ਸ਼ੁਰੂ ਹੋਇਆ ਸੀ। ਸੰਤਾਨ-ਸੰਯਮ ਲਈ ਲੋੜੀਂਦੀ ਸਾਮੱਗਰੀ ਅਜੇ ਪ੍ਰਾਪਤ ਨਹੀਂ ਸੀ। ਭਾਵੇਂ ਬੱਚੇ ਜ਼ਿਆਦਾ ਪੈਦਾ ਹੋ ਗਏ, ਆਮਦਨ ਵੀ ਘੱਟ ਹੈ, ਤਾਂ ਵੀ ਸਭ ਬੱਚੇ ਸਕੂਲ ਜਾਂਦੇ ਹਨ। ਗ਼ਰੀਬੀ ਦੇ ਬਾਵਜੂਦ ਬੱਚਿਆਂ ਨੂੰ ਪ੍ਰੇਮ ਮਿਲਦਾ ਹੈ। ਬੱਚਾ ਵੀ ਸਾਹਿਤ ਦਾ ਪਾਤਰ ਹੋ ਸਕਦਾ ਹੈ, ਇਹ ਤਜਰਬਾ ਪਹਿਲੀ ਵਾਰ ਹੋਇਆ।

1960-70 ਦੇ ਸਾਲਾਂ ਵਿਚ ਕਹਾਣੀਆਂ ਲਿਖਦਿਆਂ ਇਹ ਵੀ ਅਹਿਸਾਸ ਹੋਇਆ, ਹੁਣ ਗਲਪ ਵਿਚ ਬਾਰੀਕ ਬਾਰੀਕ ਘਟਨਾਵਾਂ ਵੀ ਆ ਸਕਦੀਆਂ ਹਨ। ਮੈਂ ਕਈ ਕਹਾਣੀਆਂ ਬੱਚਿਆਂ ਬਾਰੇ ਲਿਖੀਆਂ, ਜਿਵੇਂ 'ਬੱਚਾ', 'ਇੰਦੂ'', 'ਪੁਨੀਤ' ਅਤੇ 'ਹਰਲੀਨ'।

ਪਿੰਡ ਪਲਾਹੀ ਅਤੇ ਨੇੜੇ ਦਾ ਸ਼ਹਿਰ ਫਗਵਾੜਾ ਛੱਡ ਕੇ ਜਲੰਧਰ ਆ ਵੱਸਿਆ ਸਾਂ। ਕਿਰਾਏ ਦੇ ਘਰਾਂ ਵਿਚ ਰਹਿਣ ਦਾ ਨਵੀਂ ਕਿਸਮ ਦਾ ਅਨੁਭਵ ਹਾਸਲ ਹੋਇਆ। ਲਗਪਗ ਵੀਹ ਸਾਲ ਕਿਰਾਏ ਦੇ ਘਰਾਂ ਵਿਚ ਰਿਹਾ। ਵਾਰ-ਵਾਰ ਘਰ ਬਦਲਣਾ ਆਪਣੇ-ਆਪ ਵਿਚ ਵੱਡੀ ਸਮੱਸਿਆ ਸੀ। ਹੁਣ ਲੋੜ ਮਹਿਸੂਸ ਹੋਣ ਲੱਗੀ, ਕਿਉਂ ਨਾ ਆਪਣਾ ਘਰ ਬਣਾ ਲਿਆ ਜਾਵੇ? ਇਹ ਵੀ ਸੌਖਾ ਕੰਮ ਨਹੀਂ ਸੀ। ਭਾਵੇਂ ਸ਼ਹਿਰ ਵਿਚ ਆ ਕੇ ਬੇਰੁਜ਼ਗਾਰ ਇਕ ਦਿਨ ਵੀ ਨਹੀਂ ਰਿਹਾ, ਤਾਂ ਵੀ ਮਕਾਨ ਬਣਾਉਣ ਲਈ ਕਾਫ਼ੀ ਰਾਸ਼ੀ ਕਦੀ ਨਹੀਂ ਜੁੜੀ। ਇਕ ਦੋਸਤ ਦਾ ਬਣਿਆ ਨਿੱਕਾ ਜਿਹਾ ਘਰ ਦੇਖ ਕੇ ਖਿਆਲ ਫੁਰਿਆ, ਚਾਰ ਪੰਜ ਮਰਲੇ ਵਿਚ ਵੀ ਘਰ ਬਣ ਸਕਦਾ ਹੈ। ਇਹੋ ਜਿਹਾ ਘਰ ਬਣਾ ਲੈਣ ਦੀ ਰੀਝ ਜਾਗ ਪਈ।

ਪੰਜਾਬ ਦੇ ਪ੍ਰਸਿੱਧ ਪ੍ਰਕਾਸ਼ਕ ਸ: ਜੀਵਨ ਸਿੰਘ ਲੁਧਿਆਣੇ ਵਿਚ ਲਾਹੌਰ ਬੁੱਕ ਛਾਪ ਚਲਾ ਰਹੇ ਸਨ। ਉਨ੍ਹਾਂ ਦੇ ਛੋਟੇ ਭਰਾ ਸ: ਮਹਿਤਾਬ ਸਿੰਘ ਨੇ ਜਲੰਧਰ ਵਿਚ ਮਾਈ ਹੀਰਾਂ ਗੇਟ ਬਾਜ਼ਾਰ ਵਿਚ 'ਨੀਊ ਬੁੱਕ ਕੰਪਨੀ' ਖੋਲ੍ਹ ਲਈ। ਉਨ੍ਹਾਂ ਨੇ ਮੈਨੂੰ ਕਿਹਾ, 'ਪੰਜਾਬੀ ਸਾਹਿਤ ਦਾ ਇਤਿਹਾਸ' ਲਿਖ, ਅਸੀਂ ਛਾਪਣਾ ਹੈ। ਮੈਂ ਸਿਆਲ ਦੇ ਮਹੀਨਿਆਂ ਵਿਚ ਐੱਮ. ਏ. ਪੰਜਾਬੀ ਦੀ ਜਮਾਤ ਪੜ੍ਹਾਉਂਦਿਆਂ ਪੁਸਤਕ ਲਿਖ ਲਈ। ਸੰਧੀਨਾਮੇ ਉੱਤੇ ਦਸਖ਼ਤ ਕਰਨ ਵੇਲੇ ਮੈਂ ਬੇਨਤੀ ਕੀਤੀ, ਮੈਂ ਪੰਜ ਸੌ ਰੁਪਏ ਪੇਸ਼ਗੀ ਰਾਇਲਟੀ ਲੈਣੀ ਹੈ। ਸ: ਮਹਿਤਾਬ ਸਿੰਘ ਨੇ ਪੇਸ਼ਗੀ ਰਾਇਲਟੀ ਦੇਣ ਤੋਂ ਨਾਂਹ ਕਰ ਦਿੱਤੀ। ਮੈਂ ਖਰੜਾ ਚੁੱਕ ਕੇ ਘਰ ਆ ਗਿਆ। ਸ: ਜੀਵਨ ਸਿੰਘ ਨੂੰ ਖਤ ਲਿਖਿਆ, ਮੈਂ 'ਪੰਜਾਬੀ ਸਾਹਿਤ ਦਾ ਇਤਿਹਾਸ' ਅਤੇ ਤਿੰਨ ਹੋਰ ਪੁਸਤਕਾਂ ਤੁਹਾਥੋਂ ਛਪਵਾਉਣ ਲਈ ਤਿਆਰ ਹਾਂ। ਪਰ ਸ਼ਰਤ ਇਹ ਹੈ, ਫ਼ੀ ਪੁਸਤਕ 500 ਰੁਪਏ ਪੇਸ਼ਗੀ ਰਾਇਲਟੀ ਲਵਾਂਗਾ। ਜ਼ਾਹਰ ਸੀ, ਇਹ ਦੋ ਹਜ਼ਾਰ ਰੁਪਏ ਹਾਸਲ ਕਰ ਕੇ ਪਲਾਟ ਖਰੀਦ ਲੈਣ ਅਤੇ ਘਰ ਬਣਾ ਲੈਣ ਦੀ ਜੁਗਤ ਸੀ। ਸ: ਜੀਵਨ ਸਿੰਘ ਇਕ ਦਿਨ ਆ ਪਹੁੰਚੇ। ਝਟਪੱਟ ਸੰਧੀਨਾਮਾ ਲਿਖਿਆ ਗਿਆ। ਉਨ੍ਹਾਂ ਇਕਰਾਰ ਇਹ ਕੀਤਾ, ਪੰਜ ਸੌ ਰੁਪਏ ਦਾ ਚੈੱਕ ਦੇ ਕੇ ਇਕ ਖਰੜਾ ਲੈ ਜਾਇਆ ਕਰਾਂਗਾ। ਇਉਂ ਚਾਰੇ ਪੁਸਤਕਾਂ ਛਪ ਜਾਣਗੀਆਂ। ਪਰ ਬਦਕਿਸਮਤੀ ਨੂੰ ਸ: ਜੀਵਨ ਸਿੰਘ ਪਹਿਲਾ ਚੈੱਕ ਹੀ ਨਾ ਦੇ ਸਕੇ। ਇਸ ਕਰਕੇ ਸਾਡਾ ਸੰਧੀਨਾਮਾ ਧਰਿਆ-ਧਰਾਇਆ ਰਹਿ ਗਿਆ।

ਨਿਰਾਸ਼ਾ ਹੋਈ, ਪਰ ਮੈਨੂੰ ਜ਼ਿਆਦਾ ਨਿਰਾਸ਼ ਰਹਿਣ ਦੀ ਆਦਤ ਨਹੀਂ। ਸੁਭਾਅ ਵੱਲੋਂ ਆਸ਼ਾਵਾਦੀ ਹਾਂ। ਉੱਦਮ ਕਰਨ ਲਈ ਤਿਆਰ ਰਹਿੰਦਾ ਹਾਂ।

ਸੋਚ ਫੁਰੀ, ਕਿਉਂ ਨਾ ਕਿਤਾਬ ਆਪ ਹੀ ਛਾਪ ਲਈ ਜਾਵੇ? 'ਹਿਰਦੇਜੀਤ ਪ੍ਰਕਾਸ਼ਨ'' ਨਾਮ

ਰੱਖ ਲਿਆ। ਇਹ ਐਵੇਂ ਨਾਮ ਹੀ ਸੀ। ਕੋਈ ਅਲੱਗ ਦੁਕਾਨ ਜਾਂ ਦਫ਼ਤਰ ਨਹੀਂ ਸੀ। ਹਿਰਦੇਜੀਤ ਸਾਡੇ ਵੱਡੇ ਲੜਕੇ ਦਾ ਨਾਮ ਹੈ। ਉਹ ਮੈਟ੍ਰਿਕ ਪਾਸ ਕਰਕੇ ਗਿਆਰ੍ਹਵੀਂ ਜਮਾਤ ਵਿਚ ਦਾਖਲ ਹੋ ਰਿਹਾ ਸੀ। ਦੈਨਿਕ ਪੱਤਰ ਵਿਚ ਇਸ਼ਤਿਹਾਰ ਦਿੱਤਾ, ਪਿਆਰਾ ਸਿੰਘ ਭੋਗਲ ਦਾ ਲਿਖਿਆ 'ਪੰਜਾਬੀ ਸਾਹਿਤ ਦਾ ਇਤਿਹਾਸ' ਛਪ ਰਿਹਾ ਹੈ। ਕੀਮਤ 15 ਰੁਪਏ ਹੈ। ਜਿਹੜੇ ਪਾਠਕ 15 ਰੁਪਏ ਮਨੀ ਆਰਡਰ ਰਾਹੀਂ ਭੇਜ ਦੇਣਗੇ, ਉਨ੍ਹਾਂ ਨੂੰ ਡਾਕ ਖਰਚ ਕੋਲੋਂ ਖਰਚ ਕੇ ਕਿਤਾਬ ਘਰ ਭੇਜ ਦਿੱਤੀ ਜਾਏਗੀ। ਪੰਜਾਹ ਕੁ ਮਨੀ ਆਰਡਰ ਆਏ। ਇਹ ਰਕਮ ਕਿਤਾਬ ਛਾਪਣ ਲਈ ਨਾਕਾਫ਼ੀ ਸੀ, ਪਰ ਹੁਣ ਫਸੀ ਨੂੰ ਫਟਕਣਾ ਕੀ? ਕਿਤਾਬ ਛਪ ਕੇ ਬਾਜ਼ਾਰ ਪਹੁੰਚੀ ਤਾਂ ਮਾਈ ਹੀਰਾਂ ਗੇਟ ਬਾਜ਼ਾਰ ਦੇ ਬਜ਼ੁਰਗ ਵਿਕਰੇਤਾ ਲਾਲਾ ਧਨਪਤ ਰਾਏ ਦਾ ਸੁਨੇਹਾ ਮਿਲਿਆ। ਮਿਲਿਆ, ਤਾਂ ਕਹਿਣ ਲੱਗੇ, ਕਿਤਾਬ ਤਾਂ ਛਾਪ ਲਈ ਹੈ, ਵੇਚਣੀ ਕਿਵੇਂ ਹੈ? ਉਨ੍ਹਾਂ ਨੇ ਹਿਸਾਬ ਦੇ ਪ੍ਰਸਿੱਧ ਅਧਿਆਪਕ ਬੰਸੀ ਲਾਲ ਦੀ ਮਿਸਾਲ ਦਿੱਤੀ। ਉਹ ਵੀ ਇਉਂ ਕਿਤਾਬ ਛਾਪ ਬੈਠੇ ਸਨ। ਫੇਰ ਸਾਡੀ ਮਦਦ ਨਾਲ ਹੀ ਕਿਤਾਬ ਵਿਕੀ। ਮੇਰੀ ਵੀ ਮਦਦ ਕਰੋ, ਲਾਲਾ ਜੀ। ਮੈਂ ਆਖਿਆ! ਕਹਿਣ ਲੱਗੇ, ਕਿਤਾਬ ਵੇਚਣ ਲਈ ਸਾਨੂੰ ਏਜੰਸੀ ਦੇ ਦਿਉ। ਦੁਕਾਨਦਾਰਾਂ ਨੂੰ ਅਸੀਂ ਦਿਆਂਗੇ। ਲਾਲਾ ਜੀ ਨੇ ਇਕ ਸੌ ਕਾਪੀ ਮੰਗਵਾ ਲਈ। 40 ਫ਼ੀਸਦੀ ਕਮਿਸ਼ਨ ਕੱਟ ਕੇ ਬਾਕੀ ਰਕਮ ਦੇ ਦਿੱਤੀ। ਨੌਂ ਹਜ਼ਾਰ ਦੀ ਰਕਮ ਮਿਲੀ, ਤਾਂ ਮਨ ਦੀ ਖ਼ੁਸ਼ੀ ਦਾ ਕੋਈ ਪਾਰਵਾਰ ਨਹੀਂ ਸੀ। ਸੋਚਿਆ, ਹੁਣ ਮੇਰਾ ਬਜਟ ਬਣਨ ਲੱਗਾ ਹੈ। ਇਹ ਪਤਾ ਸੀ, ਪ੍ਰੈੱਸ ਨੂੰ ਕਿਤਾਬ ਦੀ ਛਪਾਈ ਦਾ ਬਿੱਲ ਤਿੰਨ ਮਾਹਵਾਰ ਕਿਸ਼ਤਾਂ ਵਿਚ ਦੇਣਾ ਹੈ। ਅਜੇ ਤਾਂ ਇਕ ਕਿਸ਼ਤ ਹੀ ਤਾਰੀ ਹੈ। ਪਰ ਫੇਰ ਅੰਦਰੋਂ ਆਵਾਜ਼ ਆਈ, ਇਸ ਨੌਂ ਹਜ਼ਾਰ ਦੀ ਰਕਮ ਤੋਂ ਬਿਨਾਂ ਤਾਂ ਕੋਈ ਰਸਤਾ ਹੀ ਨਹੀਂ ਸੀ।

ਲਾਲਾ ਜੀ ਨੇ ਜਨਵਰੀ ਤੋਂ 31 ਮਾਰਚ ਤਕ ਇਤਿਹਾਸ ਦੀਆਂ ਤਿੰਨ ਸੌ ਕਾਪੀਆਂ ਵੇਚ ਦਿੱਤੀਆਂ। ਪੈਸੇ ਆਈ ਗਏ, ਖਰਚੀ ਗਏ। ਪਰ ਮਨ ਵਿਚ ਜੋਸ਼ ਸੀ। ਦੋ ਹੋਰ ਕਿਤਾਬਾਂ ਇਨ੍ਹਾਂ ਮਹੀਨਿਆਂ ਵਿਚ ਹੀ ਛਪ ਗਈਆਂ। ਜਿਨ੍ਹਾਂ ਪ੍ਰਕਾਸ਼ਕਾਂ ਨੇ ਇਤਿਹਾਸ ਨਹੀਂ ਛਾਪਿਆ ਸੀ, ਉਹ ਹੁਣ ਪਛਤਾਏ। ਈਰਖਾ ਕਰਨ ਲੱਗੇ। ਭੰਡੀ-ਪ੍ਰਚਾਰ ਵੀ ਕੀਤਾ। ਤਾਂ ਵੀ ਮੇਰੀ ਛਾਪੀ ਕਿਤਾਬ ਕਿਸੇ ਨਾ ਕਿਸੇ ਢੰਗ ਨਾਲ ਮੰਗਵਾ ਲੈਂਦੇ ਤੇ ਵੇਚਦੇ।

ਇੰਪਰੂਵਮੈਂਟ ਟਰੱਸਟ ਜਲੰਧਰ ਨੇ ਮੋਤਾ ਸਿੰਘ ਨਗਰ ਵਿਉਂਤ-ਬੱਧ ਕਾਲੋਨੀ ਵੇਚਣ ਦਾ ਐਲਾਨ ਕੀਤਾ। ਖੁੱਲ੍ਹੀ ਬੋਲੀ ਦੇਣੀ ਪੈ ਰਹੀ ਸੀ। ਛੇ ਸੌ ਰੁਪਏ ਰਾਖਵੀਂ ਕੀਮਤ ਵਾਲਾ ਪਲਾਟ ਗਿਆਰਾ ਸੌ ਰੁਪਏ ਫ਼ੀ ਮਰਲਾ ਕੀਮਤ ਉੱਤੇ ਲੈਣਾ ਪਿਆ, ਲੈ ਲਿਆ। ਚਾਰ ਸਾਲਾਂ ਵਿਚ ਕੀਮਤ ਦੇਣੀ ਸੀ। ਉੱਖਲੀ ਵਿਚ ਸਿਰ ਦਿੱਤਾ, ਤਾਂ ਸੱਟਾਂ ਤਾਂ ਸਹਿਣੀਆਂ ਹੀ ਸਨ।

ਰੁਝੇਵਿਆਂ ਅਤੇ ਫ਼ਿਕਰਾਂ ਦਾ ਅੰਤ ਨਹੀਂ ਸੀ। ਐੱਮ.ਏ. ਦੀ ਜਮਾਤ ਰੋਜ਼ ਸ਼ਾਮ ਨੂੰ ਪੜ੍ਹਾਉਣੀ। ਵਿਦਿਆਰਥੀਆਂ ਦੇ ਨੰਬਰ ਚੰਗੇ ਆਉਣ, ਹਫ਼ਤਾਵਾਰ ਟੈੱਸਟ ਲੈਣੇ। ਪਰਚੇ ਦੇਖਣੇ। ਸਾਰਾ ਦਿਨ ਪੁੱਛਗਿੱਛ ਲਈ ਆਉਂਦੇ ਦੂਰ ਨੇੜੇ ਦੇ ਵਿਦਿਆਰਥੀਆਂ ਨਾਲ ਗੱਲਬਾਤ ਕਰਨੀ। ਕਿਤਾਬਾਂ ਦੇ ਗਾਹਕਾਂ ਨੂੰ ਭੁਗਤਾਉਣਾ। ਆਪਣੇ ਬੱਚਿਆਂ ਦੀ ਪੜ੍ਹਾਈ ਵੱਲ ਵੀ ਧਿਆਨ ਦੇਣਾ। ਅਗਲੇ ਪੰਜ ਸਾਲਾਂ ਵਿਚ ਮੇਰੀਆਂ ਆਪਣੀਆਂ ਲਿਖੀਆਂ ਪੌਣੀ ਦਰਜਨ ਪੁਸਤਕਾਂ ਛਪ ਗਈਆਂ। 'ਪੰਜਾਬੀ ਸਾਹਿਤ ਦਾ ਇਤਿਹਾਸ' ਅਤੇ 'ਪੱਛਮੀ ਤੇ ਭਾਰਤੀ ਆਲੋਚਨਾ ਦੇ ਸਿਧਾਂਤ' ਦੇ ਸੋਧੇ ਤੇ ਵਧਾਏ ਹੋਏ ਤਿੰਨ ਤਿੰਨ ਐਡੀਸ਼ਨ ਇਨ੍ਹਾਂ ਸਾਲਾਂ ਵਿਚ ਹੀ ਛਪੇ ਤੇ ਵਿਕੇ। 'ਪ੍ਰਸਿੱਧ ਕਹਾਣੀਕਾਰ', 'ਪ੍ਰਸਿੱਧ ਕਿੱਸਾਕਾਰ', 'ਨਾਨਕ ਸਿੰਘ ਨਾਵਲਕਾਰ' ਅਤੇ 'ਅੰਮ੍ਰਿਤਾ ਪ੍ਰੀਤਮ ਇਕ ਅਧਿਅਨ' ਬਹੁਤ ਪਸੰਦ ਕੀਤੇ ਗਏ। ਅੰਮ੍ਰਿਤਾ ਪ੍ਰੀਤਮ ਨੂੰ ਆਪਣੇ ਬਾਰੇ ਲਿਖੀ ਕਿਤਾਬ ਬਹੁਤ ਪਸੰਦ ਆਈ। ਜਦੋਂ ਕਿਸੇ ਨੂੰ ਆਪਣੇ ਬਾਰੇ ਲਿਖੀਆਂ ਕਿਤਾਬਾਂ ਦੀ ਸੂਚੀ ਦਿੰਦੇ ਤਾਂ ਸਾਡੀ ਕਿਤਾਬ ਦਾ ਜ਼ਿਕਰ ਜ਼ਰੂਰ ਕਰਦੇ।

1976 ਤਕ ਹਿਰਦੇਜੀਤ ਐੱਮ.ਏ. ਤੇ ਐੱਮ.ਫਿਲ ਕਰਕੇ ਕਾਲਿਜ ਲੈਕਚਰਾਰ ਲੱਗ ਗਿਆ। ਛੋਟਾ ਲੜਕਾ ਪ੍ਰੇਮਪਾਲ ਸਿੰਘ ਪੱਤਰਕਾਰ ਬਣ ਗਿਆ। 'ਜੱਗ ਬਾਣੀ' ਦੈਨਿਕ ਦਾ ਸਟਾਫ਼-ਮੈਂਬਰ ਬਣਿਆ। ਨਾਲ-ਨਾਲ ਐੱਮ.ਏ. ਦੀ ਪੜ੍ਹਾਈ ਵੀ ਕਰ ਰਿਹਾ ਸੀ।

ਮੋਤਾ ਸਿੰਘ ਨਗਰ ਵਿਚ 406 ਨੰਬਰ ਕੋਠੀ ਬਣ ਗਈ ਸੀ। ਅਧੂਰੀ ਸੀ, ਪਰ ਪਰਿਵਾਰ ਲਈ ਰਹਿਣਯੋਗ ਸੀ। ਸਤੰਬਰ 1976 ਵਿਚ ਅਸੀਂ ਕਿਰਾਏ ਦਾ ਘਰ ਛੱਡ ਕੇ ਆਪਣੇ ਘਰ ਵਿਚ ਨਿਵਾਸ ਕਰ ਲਿਆ।

1970 ਤੋਂ 1976 ਤਕ ਸਾਡਾ ਪਰਿਵਾਰਕ ਤੇ ਵਪਾਰਕ ਬਜਟ ਵਾਰ-ਵਾਰ ਬਣਦਾ ਰਿਹਾ। ਸਰਕਾਰ ਦੇ ਬਜਟ ਵਾਂਗ ਇਹ ਵੀ ਘਾਟੇ ਵਾਲਾ ਬਜਟ ਹੀ ਹੁੰਦਾ ਸੀ। ਜਦੋਂ ਅਸੀਂ ਆਪਣੇ ਘਰ ਵਿਚ ਆਏ ਤਾਂ ਪੰਜਾਬੀ ਸਾਹਿਤ ਦੇ ਇਤਿਹਾਸ ਦਾ ਐਡੀਸ਼ਨ ਖ਼ਤਮ ਸੀ। ਅੱਜਕਲ੍ਹ ਤਾਂ ਪ੍ਰਕਾਸ਼ਕ ਕਿਸੇ ਵੀ ਕਿਤਾਬ ਦਾ ਐਡੀਸ਼ਨ ਛਾਪਣ ਲੱਗੇ ਦੋ ਤਿੰਨ ਸੌ ਕਾਪੀਆਂ ਵੱਧ ਤੋਂ ਵੱਧ ਪੰਜ ਸੌ ਕਾਪੀਆਂ ਛਾਪਦੇ ਹਨ। ਅਸੀਂ ਹਰ ਕਿਤਾਬ ਦੀਆਂ ਗਿਆਰਾਂ ਸੌ ਕਾਪੀਆਂ ਹੀ ਛਾਪਦੇ ਰਹੇ।

ਜ਼ਾਹਰ ਹੈ, ਉੱਦਮ ਤੇ ਸਖ਼ਤ ਮਿਹਨਤ ਨਾਲ ਖ਼ੁਸ਼ਹਾਲੀ ਪੈਦਾ ਕੀਤੀ ਸੀ। ਇਸ ਉੱਦਮ ਤੇ ਮਿਹਨਤ ਵਿਚ ਹਿਰਦੇਜੀਤ ਤੇ ਪ੍ਰੇਮਪਾਲ ਦਾ ਵੀ ਬਹੁਤ ਯੋਗਦਾਨ ਸੀ। ਇੱਥੋਂ ਤਕ ਕਿ ਸਾਡਾ ਤੀਜਾ ਬੱਚਾ, ਸਾਡੀ ਧੀ ਦੀਪ, ਇਕ ਪਾਸੇ ਤਾਂ ਬਹੁਤ ਮਿਹਨਤੀ ਵਿਦਿਆਰਥੀ ਸੀ। ਹਰ ਸਾਲ ਵਜ਼ੀਫ਼ੇ ਜਿੱਤਦੀ। ਦੂਜੇ ਪਾਸੇ ਘਰ ਵਿਚ ਹਸਮੁਖ ਬੱਚਾ ਸੀ। ਮੈਂ ਉਸ ਨੂੰ ਆਪਣੇ ਪਰਿਵਾਰ ਦਾ ਗੁੱਡ ਏਂਜਲ (ਨੇਕ ਫਰਿਸ਼ਤਾ) ਕਹਿੰਦਾ ਸਾਂ। ਮੇਰੇ ਦੋਸਤ ਕਹਿੰਦੇ, ਦੀਪ ਵਰਗਾ ਬੱਚਾ ਹਰ ਪਰਿਵਾਰ ਵਿਚ ਹੋਣਾ ਚਾਹੀਦਾ ਹੈ।

'ਇਤਿਹਾਸ' ਦਾ ਨਵਾਂ ਐਡੀਸ਼ਨ ਛਾਪਣਾ ਸੀ। ਸਰਕਾਰ ਵੱਲੋਂ ਲਾਈ ਐਮਰਜੈਂਸੀ ਨੇ ਕਾਗ਼ਜ਼ ਬਹੁਤ ਮਹਿੰਗਾ ਕਰ ਦਿੱਤਾ ਸੀ। ਜਿਹੜੀ ਕਿਤਾਬ ਦੀ ਕੀਮਤ ਪੰਦਰਾਂ ਰੁਪਏ ਰੱਖਦੇ ਸੀ, ਉਹ ਹੁਣ 75 ਰੁਪਏ ਰੱਖਣੀ ਪਈ। ਸੰਕਟ ਇਹ ਸੀ, ਦਿਸਦੀ ਖ਼ੁਸ਼ਹਾਲੀ ਦੇ ਬਾਵਜੂਦ ਜੇਬਾਂ ਖਾਲੀ ਸਨ। ਇਕ ਫਾਈਨੈਂਸ਼ਲ ਕੰਪਨੀ ਤੋਂ ਕਰਜ਼ ਲੈਣਾ ਪਿਆ। ਦੋ ਰੁਪਏ ਸੈਂਕੜਾ ਦੇ ਹਿਸਾਬ ਨਾਲ ਵਿਆਜ ਪੈਣ ਲੱਗ ਪਿਆ।

ਦੋਸਤ ਫਿਕਰ ਕਰਦੇ, ਤੂੰ ਆਲੋਚਨਾਤਮਕ ਲਿਖਤਾਂ ਲਿਖੀ ਗਿਆ ਐਂ। ਹੁਣ ਤੇਰੇ ਤੋਂ ਸਿਰਜਣਾਤਮਕ ਲਿਖਤ ਨਹੀਂ ਲਿਖੀ ਜਾਣੀ। ਕੁਝ ਦੋਸਤਾਂ ਨੂੰ ਵਿਸ਼ਵਾਸ ਦੁਆਉਣ ਲਈ ਤੇ ਕੁਝ ਆਪਣੀ ਤਸੱਲੀ ਲਈ ਪੰਦਰਾਂ ਦਿਨਾਂ ਲਈ ਡਲਹੌਜ਼ੀ ਗਿਆ। ਪੰਦਰਾਂ ਦਿਨਾਂ ਦੀ ਇਸ ਛੁੱਟੀ ਵਿਚ ਨਾਵਲ ਲਿਖਿਆ। ਇਹ ਨਾਵਲ ਲਿਖਦਿਆਂ ਥਕਾਵਟ ਹੋ ਰਹੀ ਸੀ, ਪਰ ਹੋ ਰਹੀ ਸਿਰਜਣਾ ਦੇ ਸੁਹਜ ਤੇ ਮਹੱਤਵ ਦੇ ਕਾਰਨ ਥਕਾਵਟ ਭੁੱਲੀ ਰਹੀ। ਪਹਾੜ ਦੀ ਠੰਡ ਦੇ ਬਾਵਜੂਦ ਸਵੇਰੇ ਸ਼ਾਮ ਲੰਬੀ ਸੈਰ ਨੂੰ ਨਿਕਲਦਾ। ਖਰੜਾ ਮੁਕੰਮਲ ਹੋਇਆ ਤਾਂ ਇਉਂ ਮਹਿਸੂਸ ਹੋਵੇ, ਜਿਵੇਂ ਮਾਂ ਨੇ ਸੁੰਦਰ ਸਿਹਤਮੰਦ ਬੱਚੇ ਨੂੰ ਜਨਮ ਦਿੱਤਾ ਹੈ।

ਖਰੜਾ ਮੁਕੰਮਲ ਕਰ ਕੇ ਘਰ ਲੈ ਆਇਆ, ਪਰ ਛਾਪਣ ਦਾ ਫ਼ੈਸਲਾ ਕਰਨ ਵੇਲੇ ਦੋ-ਚਿੱਤੀ ਨੇ ਫਿਰ ਆ ਘੇਰਿਆ। ਆਲੋਚਨਾਤਮਕ ਪੁਸਤਕਾਂ ਤਾਂ ਉੱਚੀਆਂ ਜਮਾਤਾਂ ਦੇ ਵਿਦਿਆਰਥੀ ਖਰੀਦ ਲੈਂਦੇ ਸਨ। ਇਹ ਕਿਤਾਬ ਕੌਣ ਖਰੀਦੇਗਾ?

ਕਈ ਸਾਲ ਖਰੜਾ ਪਿਆ ਰਿਹਾ। ਇਕ ਦਿਨ ਖਰੜਾ ਕੱਢਿਆ। ਪੜ੍ਹਿਆ। ਚੰਗਾ ਲੱਗਾ। 'ਸ਼ਹਿਰ' ਨਾਮ ਰੱਖ ਲਿਆ। ਇਸ ਵੇਲੇ ਤਕ 'ਸ਼ੇਰ ਦੀ ਸਵਾਰੀ' ਨਾਵਲ ਵੀ ਛਪ ਚੁੱਕਾ ਸੀ, ਜੋ ਖ਼ੂਬ ਵਿਕਿਆ। ਇਕ ਦਿਨ ਸ: ਬਰਜਿੰਦਰ ਸਿੰਘ ਹਮਦਰਦ ਨੂੰ ਖਰੜਾ ਦਿਖਾਇਆ। ਕਹਿੰਦੇ, 'ਅਜੀਤ' ਵਿਚ ਕਿਸ਼ਤਵਾਰ ਛਾਪਦੇ ਹਾਂ। ਕਿਸ਼ਤਾਂ ਵਿਚ ਛਪਣ ਲੱਗਿਆ, ਤਾਂ ਹੋਰ ਅਨੇਕ ਪਾਠਕ ਵੀ ਪੜ੍ਹਦੇ ਸਨ। ਪਰ ਦੋ ਵਿਸ਼ੇਸ਼ ਪਾਠਕ ਨਿਰੰਜਨ ਤਸਨੀਮ ਲੁਧਿਆਣਾ ਅਤੇ ਵਰਿਆਮ ਸਿੰਘ

ਸੰਧੂ ਜਲੰਧਰ ਸਨ। ਜਦੋਂ ਨਾਵਲ ਦੀਆਂ ਕਿਸ਼ਤਾਂ ਸਮਾਪਤ ਹੋ ਗਈਆਂ ਤਾਂ ਦੋਵਾਂ ਵਿਦਵਾਨ ਪਾਠਕਾਂ ਨੇ ਸ਼ਕਾਇਤ ਕੀਤੀ:

''ਯਾਰ! ਤੂੰ ਸਾਡਾ ਸੁਆਦ ਕਿਉਂ ਮਾਰ ਦਿੱਤਾ ਹੈ? ਨਾਵਲ ਸਮਾਪਤ ਕਿਉਂ ਕਰ ਦਿੱਤਾ?''

ਇਹ ਨਾਵਲ ਮੱਧਕਾਲੀਨ ਸਮਾਜ ਅਤੇ ਪੇਂਡੂ ਸਮਾਜ ਦੇ ਮੁਕਾਬਲੇ ਵਿਚ ਸ਼ਹਿਰ ਦੇ ਸਮਾਜ ਦੀ ਖੁੱਲ੍ਹ ਦਿਖਾਉਂਦਾ ਹੈ। ਨਰ-ਨਾਰੀ ਦੇ ਮੇਲ-ਜੋਲ ਦੀ ਖੁੱਲ੍ਹ। ਪਿਆਰ ਕਰਨ ਦੀ ਖੁੱਲ੍ਹ। ਨਾਵਲ ਦਾ ਨਾਇਕ ਚੰਚਲ ਸਿੰਘ ਉੱਦਮੀ, ਮਿਹਨਤੀ ਪਰ ਆਰਥਿਕ ਥੋੜ ਦਾ ਸ਼ਿਕਾਰ ਨੌਜਵਾਨ ਪੱਤਰਕਾਰ ਹੈ। ਦੁਪਹਿਰ ਬਾਰਾਂ ਵਜੇ ਤਕ ਇਕ ਕਾਲਿਜ ਦੀ ਅੰਗਰੇਜ਼ੀ ਐੱਮ.ਏ. ਦੀ ਜਮਾਤ ਵਿਚ ਹਾਜ਼ਰੀ ਦਿੰਦਾ ਹੈ। ਦੁਪਹਿਰ ਦੋ ਤੋਂ ਰਾਤ ਨੌਂ ਵਜੇ ਤਕ ਦੈਨਿਕ ਅਖ਼ਬਾਰ ਲਿਖਣ ਦਾ ਕੰਮ ਕਰਦਾ ਹੈ।

'ਸ਼ਹਿਰ' ਦਾ ਕਾਂਡ 'ਸੁਮੀਤਾ' ਇਸ ਨਾਵਲ ਵਿਚ ਪੇਸ਼ ਕੀਤੀ ਗਈ ਸ਼ਹਿਰੀ ਸਮਾਜ ਦੀ ਖੁੱਲ੍ਹਵਾਦੀ ਜ਼ਿੰਦਗੀ ਦਾ ਰਸਦਾਇਕ ਵਰਣਨ ਹੈ:

''ਐੱਮ.ਏ. ਅੰਗਰੇਜ਼ੀ ਦੀ ਕਲਾਸ ਵਿਚ 23 ਲੜਕੇ ਸਨ ਤੇ 40 ਲੜਕੀਆਂ। ਤਿੰਨ ਚਾਰ ਲੜਕੀਆਂ ਨੂੰ ਛੱਡ ਕੇ ਬਾਕੀ ਸਭ ਵੱਡੇ ਉਦਯੋਗਪਤੀਆਂ, ਵਪਾਰੀਆਂ ਤੇ ਅਫ਼ਸਰਾਂ ਦੀਆਂ ਬੇਟੀਆਂ ਸਨ। ਕੌਨਵੈਂਟ ਸਕੂਲਾਂ ਦੀਆਂ ਪੜ੍ਹੀਆਂ ਤੇ ਹਰ ਤੀਜੀ ਗੱਲ ਅੰਗਰੇਜ਼ੀ ਵਿਚ ਕਰਨ ਵਾਲੀਆਂ। ਅੰਗਰੇਜ਼ੀ ਵੀ ਏਨੀ ਸੋਹਣੀ ਬੋਲਦੀਆਂ ਕਿ ਚੰਚਲ ਸਿੰਘ ਆਪ ਅੰਗਰੇਜ਼ੀ ਬੋਲਣ ਲੱਗਾ ਝਿਜਕ ਜਾਂਦਾ। ਇਨ੍ਹਾਂ ਵਿਚੋਂ ਬਹੁਤੀਆਂ ਸੋਹਣੀਆਂ ਸਨ, ਪਰ ਸੋਹਣੀਆਂ ਤੋਂ ਵੱਧ ਨਵੇਂ ਡਿਜ਼ਾਈਨਾਂ ਤੇ ਢੁਕਵੇਂ ਪ੍ਰਿੰਟਾਂ ਵਾਲੇ ਕੱਪੜੇ ਪਾ ਕੇ ਦਿਲਕਸ਼ ਬਣੀਆਂ ਰਹਿੰਦੀਆਂ। ਇਉਂ ਲੱਗਦਾ, ਬਿਨਾਂ ਉਚੇਚ ਸਜ ਫਬ ਜਾਂਦੀਆਂ। ਪਰ ਚੰਚਲ ਸਿੰਘ ਵੀ ਹਾਰ ਮੰਨਣ ਲਈ ਇਸ ਦੁਨੀਆ ਵਿਚ ਨਹੀਂ ਆਇਆ ਸੀ।

ਕਾਲਿਜ ਜਾ ਕੇ ਖਾਲੀ ਪੀਰੀਅਡ ਵਿਚ ਵੀ ਪੜ੍ਹਦਾ ਰਹਿੰਦਾ। ਪਹਿਲੇ ਤਿੰਨ ਮਹੀਨੇ ਬਹੁਤ ਪੜ੍ਹਿਆ। ਪਾਠ ਪੁਸਤਕਾਂ, ਉਨ੍ਹਾਂ ਦੇ ਲੇਖਕਾਂ ਦੀਆਂ ਹੋਰ ਪੁਸਤਕਾਂ, ਉਨ੍ਹਾਂ ਲੇਖਕਾਂ ਬਾਰੇ ਪੁਸਤਕਾਂ, ਭਾਵੇਂ ਕਾਹਲ਼ੀ ਕਾਹਲ਼ੀ ਹੀ, ਪੜ੍ਹੀਆਂ। ਕਾਹਲ਼ੀ ਕਾਹਲ਼ੀ ਪੜ੍ਹਾਈ ਵਿਚ ਵੀ ਉਸ ਦੇ ਅੰਦਰ ਦਾ ਰਚਨਾਤਮਕ ਲੇਖਕ ਤੇ ਖੋਜੀ ਵਿਦਿਆਰਥੀ ਬਹੁਤ ਕੁਝ ਨਵਾਂ ਗ੍ਰਹਿਣ ਕਰ ਰਿਹਾ ਸੀ।

'ਸ਼ਹਿਰ' ਮੇਰੀ ਆਪਣੀ ਜ਼ਿੰਦਗੀ ਦਾ ਬਿਰਤਾਂਤ ਨਹੀਂ, ਤਾਂ ਵੀ ਇਹ ਚੰਚਲ ਸਿੰਘ ਦੇ ਕਿਰਦਾਰ ਰਾਹੀਂ ਮੇਰੇ ਹਾਲਾਤ ਦੀ ਅਕਾਸੀ ਕਰਦਾ ਹੈ। ਚੰਚਲ ਸਿੰਘ ਦੀ ਜ਼ਿੰਦਗੀ ਕਈ ਕਰਵਟਾਂ ਬਦਲ ਰਹੀ ਸੀ। ਮੇਰੀ ਆਪਣੀ ਜ਼ਿੰਦਗੀ ਵਿਚ ਵੀ ਤਿੱਖੇ ਮੋੜ ਆ ਰਹੇ ਸਨ। 1984 ਦੇ ਸਾਲ ਵਿਚ ਦਿੱਲੀ ਤੇ ਪੰਜਾਬ ਵਿਚ ਵਾਪਰੀਆਂ ਘਟਨਾਵਾਂ ਨੇ ਸਭ ਲੋਕਾਂ ਲਈ ਹਲਚਲ ਪੈਦਾ ਕੀਤੀ। ਮੈਂ ਵੀ ਬਚ ਨਹੀਂ ਸਕਿਆ। ਮਸਲਨ, ਮੁੱਢਲੇ ਸਾਲਾਂ ਨੂੰ ਛੱਡ ਕੇ ਮੈਂ ਪੱਤਰਕਾਰੀ ਛੱਡੀ ਹੋਈ ਸੀ। ਸਾਹਿਤ ਲਿਖਿਆ, ਸਾਹਿਤ ਪੜ੍ਹਿਆ ਤੇ ਸਾਹਿਤ ਪੜ੍ਹਾਇਆ। ਪਰ ਜਦੋਂ 1984 ਦੀਆਂ ਘਟਨਾਵਾਂ ਨੇ ਹਿੰਸਕ ਅੰਸ਼ ਉਭਾਰ ਦਿੱਤੇ ਤਾਂ ਮੈਂ ਮਹਿਸੂਸ ਕੀਤਾ, ਹੁਣ ਪੰਜਾਬੀ ਲੋਕ, ਖਾਸ ਤੌਰ 'ਤੇ ਸਿੱਖ ਭਾਈਚਾਰਾ, ਬਦਨਾਮ ਹੋ ਜਾਏਗਾ। ਅਖ਼ਬਾਰ ਤੇ ਮੀਡੀਆ ਦੇ ਹੋਰ ਮਾਧਿਅਮ ਠੀਕ ਤਸਵੀਰ ਨਹੀਂ ਪੇਸ਼ ਕਰ ਰਹੇ ਸਨ। ਸੋ, ਮੈਂ 'ਅਜੀਤ' ਅਤੇ 'ਪੰਜਾਬੀ ਟ੍ਰਿਬਿਊਨ' ਲਈ 1984 ਤੋਂ 1994 ਤਕ ਲਗਾਤਾਰ ਹਫ਼ਤਾਵਾਰ ਕਾਲਮ ਲਿਖਿਆ। ਦੋਵਾਂ ਅਖ਼ਬਾਰਾਂ ਲਈ ਅਲੱਗ ਅਲੱਗ ਲੇਖ ਹਰ ਹਫ਼ਤੇ ਲਿਖਦਾ। ਇਹ ਲੇਖ ਸੰਸਾਰ ਭਰ ਵਿਚ ਬਹੁਤ ਪੜ੍ਹੇ ਗਏ। ਇੰਗਲੈਂਡ ਦੇ ਸਾਊਥਹਾਲ ਕਸਬੇ ਤੋਂ ਛਪਦਾ ਤਰਸੇਮ ਸਿੰਘ ਪੁਰੇਵਾਲ ਦਾ ਅਖ਼ਬਾਰ 'ਦੇਸ ਪਰਦੇਸ' ਇਹ ਲੇਖ ਪੰਜਾਬ ਦੇ ਪੰਜਾਬੀ ਅਖ਼ਬਾਰਾਂ ਵਿਚੋਂ ਚੁੱਕ ਕੇ ਛਾਪੀ ਗਿਆ। ਕੈਨੇਡਾ ਤੋਂ ਛਪਦਾ 'ਇੰਡੋ ਕੈਨੇਡੀਅਨ ਟਾਈਮਜ਼' ਵੀ ਇਹ ਲੇਖ ਛਾਪੀ ਗਿਆ। ਪਰਵਾਸੀ ਪੰਜਾਬੀਆਂ ਵਿਚੋਂ ਜਿਨ੍ਹਾਂ ਨੇ ਮੇਰਾ ਲਿਖਿਆ ਸਾਹਿਤ ਨਹੀਂ

ਪੜ੍ਹਿਆ ਸੀ, ਉਹ ਮੇਰੀ ਇਹ ਪੱਤਰਕਾਰੀ ਪੜ੍ਹਦੇ ਰਹੇ।

ਮੈਂ ਇਹ ਪੱਤਰਕਾਰੀ ਪੰਜਾਬੀ ਲੋਕਾਂ (ਹਿੰਦੂਆਂ ਤੇ ਸਿੱਖਾਂ) ਦੀ ਸੁਰੱਖਿਆ ਲਈ ਕੀਤੀ ਸੀ। ਇਨ੍ਹਾਂ ਦਸ ਸਾਲਾਂ ਵਿਚ ਇਹ ਦੋਵੇਂ ਭਾਈਚਾਰੇ ਇਕ-ਦੂਜੇ ਨੂੰ ਦੁਸ਼ਮਣ ਸਮਝਦੇ ਰਹੇ। ਪੰਜਾਬੀਅਤ ਦੀ ਭਾਵਨਾ ਤਾਂ ਪਹਿਲਾਂ ਹੀ ਪੰਜਾਬ ਵਿਚ ਬਹੁਤ ਕਮਜ਼ੋਰ ਸੀ। ਇੱਥੋਂ ਤਕ ਕਿ ਜਲੰਧਰ ਤੋਂ ਛਪਦੇ ਹਿੰਦੀ-ਪੰਜਾਬੀ ਦੈਨਿਕ ਪੱਤਰ ਹਿੰਦੂ ਤੇ ਸਿੱਖ ਪੱਤਰ ਮੰਨੇ ਜਾਂਦੇ ਸਨ। ਮੈਂ ਆਪਣੇ ਕਾਲਮ ਵਿਚ ਹਿੰਸਕ ਰਾਜਨੀਤੀ ਦੇ ਪਿੱਛੇ ਭੜਕਾਹਟ ਪੈਦਾ ਕਰ ਰਹੇ ਕੇਂਦਰੀ ਅੰਸ਼ਾਂ ਨੂੰ ਨੰਗੇ ਕਰਦਾ ਰਿਹਾ। ਵਾਰ-ਵਾਰ ਲਿਖਿਆ, ਭਾਰਤ ਸੂਬਿਆਂ ਦਾ ਸੰਘ ਹੀ ਨਹੀਂ, ਇਹ ਕੌਮੀਅਤਾਂ ਦੀ ਫੈਡਰੇਸ਼ਨ ਹੈ। ਪੰਜਾਬੀ ਲੋਕ (ਸਿੱਖ, ਹਿੰਦੂ, ਮੁਸਲਮਾਨ ਤੇ ਈਸਾਈ) ਇਕ ਕੌਮੀਅਤ ਹਨ। ਇਨ੍ਹਾਂ ਨੂੰ ਆਪਣੀ 'ਕੌਮੀਅਤ' ਪਛਾਨਣੀ ਚਾਹੀਦੀ ਹੈ। ਬੰਗਾਲੀ, ਤਾਮਿਲ, ਤੈਲਗੂ ਤੇ ਕੰਨੜ ਲੋਕ ਵੀ ਕੌਮੀਅਤਾਂ ਹਨ। ਪਰ ਕੇਂਦਰਵਾਦੀ ਦਲ ਇਨ੍ਹਾਂ ਕੌਮੀਅਤਾਂ ਨੂੰ ਵਧਣ-ਫੁੱਲਣ ਦਾ ਮੌਕਾ ਨਹੀਂ ਦੇ ਰਹੇ ਸਨ। ਉਹ ਇਨ੍ਹਾਂ ਨੂੰ ਆਪਣੀ ਕੇਂਦਰਵਾਦੀ ਸਰਕਾਰ ਰਾਹੀਂ ਦਬਾ ਰਹੇ ਹਨ, ਇਨ੍ਹਾਂ ਨੂੰ ਆਪੋ ਵਿਚੀਂ ਲੜਾ ਰਹੇ ਹਨ। ਇਸੇ ਕਰਕੇ 1984 ਦਾ 'ਸਾਕਾ ਨੀਲਾ ਤਾਰਾ' ਅਤੇ ਨਵੰਬਰ 1984 ਦੇ 'ਦਿੱਲੀ ਦੰਗੇ' ਗ਼ਲਤ ਰਾਜਨੀਤਕ ਚਾਲਾਂ ਦੀ ਦੇਣ ਸਨ। ਮੇਰੀ ਚਿੰਤਾ ਸੀ, ਪੰਜਾਬੀ ਲੋਕ (ਸਿੱਖ ਅਤੇ ਹਿੰਦੂ) ਭੜਕਣ ਨਾ। ਸ਼ਾਂਤੀ ਰੱਖਣ। ਏਕਤਾ ਰੱਖਣ। ਸਾਰੇ ਭਾਰਤ ਦੀ 'ਅਨੇਕਤਾ' ਵੀ ਬਚਾਉਣੀ ਅਤੇ ਪ੍ਰਫੁੱਲਤ ਕਰਨੀ ਚਾਹੀਦੀ ਹੈ। ਇਸ ਦੇ ਨਾਲ-ਨਾਲ 'ਏਕਤਾ' ਵੀ ਕਾਇਮ ਰੱਖਣੀ ਚਾਹੀਦੀ ਹੈ।

ਇਸੇ ਮਨੋਰਥ ਨਾਲ ਮੈਂ ਪਹਿਲਾ ਨਾਵਲ 'ਸ਼ੇਰ ਦੀ ਸਵਾਰੀ' ਵੀ ਖ਼ਾਸ ਕਿਸਮ ਦਾ ਬਿਰਤਾਂਤ ਸਿਰਜ ਕੇ ਲਿਖਿਆ ਸੀ।

ਇਸ ਨਾਵਲ ਦੀ ਸਿਰਜਣਾ ਨਾਲ ਜੁੜੀ ਇਕ ਘਟਨਾ ਦੱਸਣੀ ਜ਼ਰੂਰੀ ਹੈ।

ਵਰਿਆਮ ਸੰਧੂ ਨੇ 1980-90 ਦੇ ਦਹਾਕੇ ਵਿਚ ਲਿਖੀਆਂ ਗਈਆਂ ਪੰਜਾਬੀ ਕਹਾਣੀਆਂ ਦਾ ਇਕ ਸੰਗ੍ਰਹਿ 'ਪੰਜਾਬੀ ਸਾਹਿਤ ਅਕਾਡਮੀ' ਚੰਡੀਗੜ੍ਹ ਦੀ ਛਤਰ-ਛਾਇਆ ਹੇਠ ਤਿਆਰ ਕੀਤਾ ਤੇ ਜਲੰਧਰ ਵਿਚ ਲੋਕ-ਅਰਪਣ ਕੀਤਾ। ਇਸ ਸੰਗ੍ਰਹਿ ਵਿਚ ਮੇਰੀ ਕਹਾਣੀ ਨਹੀਂ ਸੀ। ਮੈਨੂੰ ਸਦਮਾ ਹੋਇਆ। ਮੈਂ ਸੰਧੂ ਨੂੰ ਉਲਾਹਮਾ ਦਿੱਤਾ। ਸੰਧੂ ਸਾਹਿਬ ਬੋਲੇ, "ਤੁਸੀਂ ਇਸ ਦਹਾਕੇ ਵਿਚ ਏਨੀ ਪੱਤਰਕਾਰੀ ਕੀਤੀ ਕਿ ਤੁਹਾਡੀਆਂ ਕਹਾਣੀਆਂ ਵੱਲ ਮੇਰਾ ਧਿਆਨ ਹੀ ਨਹੀਂ ਗਿਆ। ਮੈਂ ਸੰਧੂ ਨੂੰ ਕਿਹਾ: ''ਚੰਗਾ! ਮੈਂ ਸਾਹਿਤਕਾਰੀ ਵੱਲ ਮੁੜ ਆ ਰਿਹਾ ਹਾਂ। ਆ ਵੀ ਧਮਾਕੇ ਨਾਲ ਰਿਹਾ ਹਾਂ।''

ਇਸ ਐਲਾਨ ਤੋਂ ਪਿੱਛੋਂ ਮੈਂ 'ਸ਼ੇਰ ਦੀ ਸਵਾਰੀ' ਨਾਵਲ ਲਿਖਿਆ। ਇਸ ਦਾ ਵਸਤੂ 'ਪੰਜਾਬੀ ਸੂਬੇ' ਦੇ ਪੁਨਰ ਗਠਨ ਲਈ ਛਿੜਿਆ ਅੰਦੋਲਨ ਹੈ। ਪੰਜਾਬੀ ਸੂਬੇ ਲਈ ਮੋਰਚੇ ਅਕਾਲੀਆਂ ਨੇ ਲਾਏ। ਪਰ ਉਹ ਸਿੱਖ ਸੂਬਾ ਜਾਂ ਖਾਲਿਸਤਾਨ ਨਹੀਂ ਮੰਗ ਰਹੇ ਸਨ। ਭਾਰਤ-ਫੈਡਰੇਸ਼ਨ ਵਿਚ ਤਾਮਿਲਨਾਡੂ, ਆਂਧਰਾ ਪ੍ਰਦੇਸ਼ ਤੇ ਕਰਨਾਟਕ ਵਾਂਗ 'ਪੰਜਾਬੀ ਸੂਬਾ' ਬਣਾਏ ਜਾਣ ਦੀ ਮੰਗ ਹੀ ਕਰ ਰਹੇ ਸਨ। ਪਰ ਕਿਉਂਕਿ ਇਹ ਮੰਗ ਅਕਾਲੀ ਕਰ ਰਹੇ ਸਨ, ਇਸ ਕਰ ਕੇ ਇਹ ਮੱਲੋ-ਮੱਲੀ ਸਿੱਖ ਮੰਗ ਬਣ ਜਾਂਦੀ ਸੀ। ਬਿਹਤਰ ਹੁੰਦਾ ਜੇ ਪੰਜਾਬ ਕਾਂਗਰਸ ਜਾਂ ਕਮਿਊਨਿਸਟ ਪਾਰਟੀ ਇਹ ਮੰਗ ਕਰਦੀ। ਇਹ ਦਲ ਪੰਜਾਬੀ ਸੂਬੇ ਦੇ ਹੱਕ ਵਿਚ ਪ੍ਰਸਤਾਵ ਤਾਂ ਪਾਸ ਕਰਦੇ ਰਹੇ ਪਰ ਅੰਦੋਲਨ ਨਹੀਂ ਛੇੜੇ। ਅੰਦੋਲਨ ਕਰਨਾ ਅਕਾਲੀਆਂ ਲਈ ਛੱਡ ਰੱਖਿਆ। ਇਸ ਨੇ ਪੰਜਾਬ ਵਿਚ ਫਿਰਕੂ-ਪਾੜਾ ਵਧਾਇਆ। ਨਫ਼ਰਤ ਵਧਾਈ।

ਪੰਜਾਬੀ ਸੂਬਾ 1966 ਵਿਚ ਬਣ ਗਿਆ। ਵਿਰੋਧੀ ਹਾਰ ਗਏ।

ਪਰ ਅਫ਼ਸੋਸ ਦੀ ਗੱਲ ਹੈ, ਪੰਜਾਬੀਅਤ ਦੀ ਭਾਵਨਾ ਫੇਰ ਵੀ ਨਹੀਂ ਵਧੀ।

ਹੁਣ ਹਰ ਸਾਲ 'ਪੰਜਾਬੀ ਸਪਤਾਹ' ਮਨਾਇਆ ਜਾਂਦਾ ਹੈ। ਸਰਕਾਰ ਕੁਝ ਸਮਾਗਮ ਕਰਦੀ ਹੈ। ਪਰ ਪੰਜਾਬੀ ਸੂਬਾ ਬਣਵਾਉਣ ਪਿੱਛੇ ਕੰਮ ਕਰਦੀ ਸੱਭਿਆਚਾਰਕ-ਵਿਚਾਰਧਾਰਾ ਨੂੰ ਸਭ ਭੁੱਲੇ

ਰਹਿੰਦੇ ਹਨ। ਪੰਜਾਬੀ ਸੂਬਾ ਬਣਵਾਉਣ ਵਾਲੇ ਅਕਾਲੀ ਵੀ ਆਪਣੀ ਸਰਕਾਰ ਦੇ ਕਾਰਜ-ਕਾਲ ਵਿਚ ਪੰਜਾਬੀ ਭਾਸ਼ਾ ਅਤੇ ਪੰਜਾਬੀ ਸਾਹਿਤ ਦੀ ਅਹਿਮੀਅਤ ਭੁਲਾਈ ਰੱਖਦੇ ਹਨ। ਇਸੇ ਕਰ ਕੇ ਪੰਜਾਬੀ ਲੇਖਕਾਂ ਦੇ ਜ਼ੋਰ ਦੇਣ ਉੱਤੇ ਪੰਜਾਬ ਵਿਧਾਨ ਸਭਾ ਨੇ 2008 ਵਿਚ ਸਰਬ ਸੰਮਤੀ ਨਾਲ ਪ੍ਰਸਤਾਵ ਪਾਸ ਕੀਤਾ ਸੀ ਕਿ ਪੰਜਾਬ ਦੇ ਹਰ ਸਕੂਲ ਵਿਚ ਭਾਵੇਂ ਉਸ ਦਾ ਮਾਧਿਅਮ ਕੋਈ ਵੀ ਹੈ, ਪਹਿਲੀ ਜਮਾਤ ਤੋਂ ਦਸਵੀਂ ਜਮਾਤ ਤਕ ਪੰਜਾਬੀ ਭਾਸ਼ਾ ਸਭ ਬੱਚਿਆਂ ਨੂੰ ਪੜ੍ਹਾਈ ਜਾਏ।

ਮੈਂ ਹੁਣ ਤਕ ਛੇ ਨਾਵਲ ਲਿਖੇ ਹਨ :'ਸ਼ੇਰ ਦੀ ਸਵਾਰੀ' (1995), 'ਸ਼ਹਿਰ' (1998), 'ਸੰਸਾਰ' (2003), 'ਪਰਿਵਾਰ' (2007), 'ਰੁਪਏ ਪੈਸੇ' (2014) ਅਤੇ 'ਨਾਰੀ' (2018)।

ਇਨ੍ਹਾਂ ਸਾਰੇ ਨਾਵਲਾਂ ਦਾ ਸਾਂਝਾ ਥੀਮ ਹੈ ਪੰਜਾਬੀ ਬੰਦਾ। ਪੰਜਾਬੀ ਬੰਦਾ ਸਾਰੀ ਵੀਹਵੀਂ ਸਦੀ ਤੇ ਹੁਣ ਇੱਕੀਵੀਂ ਸਦੀ ਵਿਚ ਆਪਣੀ ਤਕਦੀਰ ਬਦਲਣ ਲਈ ਬੇਚੈਨ ਰਿਹਾ ਹੈ। ਪੜ੍ਹਿਆ ਹੈ, ਜਾਂ ਅਨਪੜ੍ਹ ਹੈ, ਪੇਂਡੂ ਹੈ ਜਾਂ ਸ਼ਹਿਰੀ, ਆਪਣੇ ਹਾਲਾਤ ਬਦਲਣ ਲਈ ਤਤਪਰ ਹੈ। ਪੰਜਾਬ ਛੱਡ ਕੇ ਦੂਜੇ ਸੂਬਿਆਂ ਵਿਚ ਜਾਣ ਲੱਗ ਪਿਆ। ਜੇ ਆਪਣੇ ਦੇਸ਼ ਵਿਚ ਸੰਤੁਸ਼ਟ ਨਹੀਂ ਹੋਇਆ ਤਾਂ ਪਰਵਾਸ ਲਈ ਤਿਆਰ ਹੋ ਗਿਆ। ਨਰ ਜਾਂ ਨਾਰੀ ਸਭ ਅਣਦੇਖੇ ਰਾਹਾਂ ਉੱਤੇ ਤੁਰੇ।

ਪੜ੍ਹੀਆਂ ਲਿਖੀਆਂ ਪੰਜਾਬੀ ਨਾਰੀਆਂ ਨੇ ਵੀ ਨਵੇਂ ਕਿੱਤੇ ਅਪਣਾਏ। ਅਧਿਆਪਨ, ਨਰਸਿੰਗ, ਡਾਕਟਰੀ, ਕਲਰਕੀ, ਅਫ਼ਸਰੀ ਅਤੇ ਰਾਜਨੀਤਕ ਕਾਰਕੁਨ ਦੇ ਕਿੱਤੇ ਅਜ਼ਮਾਏ। ਬਹੁਤ ਸਾਰੀਆਂ ਨਾਰੀਆਂ ਸਾਹਿਤਕਾਰੀ ਕਰਨ ਲੱਗੀਆਂ। ਅੰਮ੍ਰਿਤਾ ਪ੍ਰੀਤਮ, ਅਜੀਤ ਕੌਰ, ਪ੍ਰਭਜੋਤ ਕੌਰ, ਦਲੀਪ ਕੌਰ ਟਿਵਾਣਾ, ਸੁਖਵੰਤ ਕੌਰ ਮਾਨ, ਸੁਖਵਿੰਦਰ ਅੰਮ੍ਰਿਤ ਪ੍ਰਸਿੱਧ ਨਾਰੀ ਲੇਖਕਾਵਾਂ ਬਣੀਆਂ।

ਅੰਮ੍ਰਿਤਾ ਪ੍ਰੀਤਮ ਤੇ ਅਜੀਤ ਕੌਰ ਨੇ ਰਵਾਇਤੀ ਤਰਜ਼ਿ-ਜ਼ਿੰਦਗੀ ਵਿਰੁੱਧ ਬਗ਼ਾਵਤ ਕੀਤੀ ਤੇ ਅਜਿਹੀ ਪੰਜਾਬੀ ਨਾਰੀ ਦਾ ਬਿੰਬ ਸਥਾਪਤ ਕੀਤਾ, ਜੋ ਵਿਆਹ ਦੀ ਸੰਸਥਾ ਤੋਂ ਵੀ ਨਾਬਰ ਹੈ। ਇਹ ਨਾਰੀ ਵਿਆਹ ਬਾਹਰੇ ਲਿੰਙ-ਸੰਬੰਧਾਂ ਨੂੰ ਅਪਣਾਉਣ ਤੋਂ ਵੀ ਝਿਜਕਦੀ ਨਹੀਂ।

ਇਹ ਦੋਵੇਂ ਲੇਖਕਾਵਾਂ ਬਹੁਤ ਹਰਮਨ ਪਿਆਰੀਆਂ ਹੋਈਆਂ। ਬਹੁਤ ਪੜ੍ਹੀਆਂ ਗਈਆਂ ਹਨ।

ਤਾਂ ਵੀ, ਮੈਂ 'ਨਾਰੀ' ਨਾਵਲ ਲਿਖਣਾ ਜ਼ਰੂਰੀ ਸਮਝਿਆ। ਕਾਰਨ ਇਹ ਸੀ, 95 ਫ਼ੀਸਦੀ ਪੜ੍ਹੀਆਂ ਲਿਖੀਆਂ ਪੰਜਾਬੀ ਨਾਰੀਆਂ ਦੀ ਜ਼ਿੰਦਗੀ ਦੀ ਯਥਾਰਥਕ ਤਸਵੀਰ ਤੇ ਉਨ੍ਹਾਂ ਦਾ ਕਿਰਦਾਰ ਪੇਸ਼ ਨਹੀਂ ਹੋਇਆ ਸੀ। ਇਹ ਨਾਰੀਆਂ ਵੀ ਰਵਾਇਤ ਤੋੜਦੀਆਂ ਹਨ। ਲੁਕਵੀਂ ਜਾਂ ਪਰਗਟ ਖੁਲ੍ਹ ਲੈਂਦੀਆਂ ਹਨ, ਤਾਂ ਵੀ ਸਮਾਜ ਵਿਚ ਪ੍ਰਵਾਨਤ ਹਨ। ਉਨ੍ਹਾਂ ਦੀ ਉਦਾਹਰਣ ਦੂਜੀਆਂ ਨਾਰੀਆਂ ਲਈ ਰੀਸ ਕਰਨਯੋਗ ਹੈ। ਇਉਂ ਕਹਿ ਲਉ, ਜੇ ਪੁਰਖਾਂ ਨੇ ਰਵਾਇਤ ਤੋੜ ਕੇ ਦੂਜਿਆਂ ਲਈ ਰਾਹ ਮੋਕਲ਼ਾ ਕੀਤਾ, ਤਾਂ ਇਹ ਨਾਰੀਆਂ ਕਿਉਂ ਨਾ ਕਰਨ? ਇਹ ਪਾਬੰਦੀਆਂ ਤੋੜ ਕੇ ਵੀ ਇਹ ਕਿਉਂ ਨਾ ਸਾਬਤ ਕਰਨ, ਅਸੀਂ ਪੁਰਖਾਂ ਵਾਂਗ ਸਤਿਕਾਰਯੋਗ ਹਾਂ।

'ਨਾਰੀ' ਦੀ ਮੁੱਖ ਪਾਤਰ ਸਰੋਜ ਸੁੰਦਰ ਤਾਂ ਹੈ ਹੀ, ਜ਼ਹੀਨ ਵੀ ਬਹੁਤ ਹੈ। ਪਹਿਲਾਂ ਸਕੂਲ ਅਧਿਆਪਕਾ ਬਣੀ, ਫੇਰ ਕਾਲਿਜ ਲੈਕਚਰਾਰ ਤੇ ਅਖੀਰ ਕਾਲਿਜ ਪ੍ਰਿੰਸੀਪਲ। ਸਹਿਕਰਮੀ ਤੇ ਸ਼ਾਗਿਰਦ ਸਭ ਉਸ ਦੇ ਪੈਰ-ਚਿੰਨ੍ਹਾਂ ਉੱਤੇ ਤੁਰਨਾ ਚਾਹੁੰਦੇ ਹਨ। ਉਸ ਦੇ ਆਪਣੇ ਆਦਰਸ਼ ਹਨ, ਨੈਤਿਕਤਾ ਹੈ, ਤਾਂ ਵੀ ਲੋਚਾ ਤੋਂ ਮੁਕਤ ਨਹੀਂ। ਪਹਿਲਾਂ ਸ਼ਾਗਿਰਦ ਰਾਜ ਕੁਮਾਰ ਜੋ ਉਨ੍ਹੀਵੀਂ ਸਦੀ ਦੇ ਕਾਂਗੜੇ ਦੇ ਰਾਜੇ ਸੰਸਾਰ ਚੰਦ, ਜਿਸ ਨੂੰ ਰਣਜੀਤ ਸਿੰਘ ਨੇ ਹਰਾਇਆ ਸੀ, ਦੀ ਆਲ ਔਲਾਦ ਹੈ, ਸਰੋਜ ਨੂੰ ਆਪਣੇ ਚੌੜੇ-ਚਕਲੇ ਚਿਹਰੇ ਤੇ ਮਿਕਨਾਤੀਸੀ ਅੱਖਾਂ ਨਾਲ ਕੀਲ ਲੈਂਦਾ ਹੈ। ਫੇਰ ਚੰਡੀਗੜ੍ਹ ਵਿਚ ਮਿਲਿਆ ਅਵਿਨਾਸ਼ ਚੰਦਰ ਉਸ ਨੂੰ ਮੋਹ ਲੈਂਦਾ ਹੈ। ਉਸ ਨੂੰ ਦੇਖਦੇ ਸਾਰ ਉਹ ਸੋਚਦੀ ਹੈ, 'ਮਰਦ ਵੀ ਏਨੇ ਸਮਾਰਟ ਹੁੰਦੇ ਐ।'ਪਰ ਇਹ ਲੋਕ ਸਰੋਜ ਦੇ ਮਨ ਦੇ ਮੀਤ ਨਹੀਂ ਬਣ ਸਕੇ। ਭਟਕਣ ਬਣੀ ਰਹੀ। ਜਦੋਂ ਸਰੋਜ ਦੀਆਂ ਹੋਣਹਾਰ ਸ਼ਾਗਿਰਦ ਲੜਕੀਆਂ ਆਪਣੇ ਪੁਰਖ-ਪ੍ਰੇਮੀਆਂ ਦੀ ਗੱਲ ਕਰਦੀਆਂ ਹਨ, ਤਾਂ ਸਰੋਜ ਦੇ ਮਨ ਦੀਆਂ ਤਰਬਾਂ ਵਿਚ

ਝਣਕਾਰ ਪੈਦਾ ਹੁੰਦੀ ਹੈ।

ਇਸ ਨਾਵਲ ਦਾ ਇਕ ਖ਼ਾਸ ਗੁਣ ਇਸ ਵਿਚ ਪੇਸ਼ ਕੀਤੇ ਗਏ ਬਹੁਤ ਵੱਡੀ ਗਿਣਤੀ ਵਿਚ ਪਾਤਰ ਹਨ। ਲੇਖਕ ਜਦੋਂ ਕੋਈ ਪਾਤਰ ਚਿਤਰਣਾ ਸ਼ੁਰੂ ਕਰਦਾ ਹੈ, ਤਾਂ ਉਸ ਨਾਲ ਸੰਬੰਧਤ ਬਹੁਤ ਸਾਰਾ ਵੇਰਵਾ ਪੇਸ਼ ਕਰਦਾ ਹੈ। ਪਾਤਰ ਭਾਵੇਂ ਇਕ ਕਾਂਡ ਵਿਚ ਆਵੇ, ਜਾਂ ਬਹੁਤੇ ਕਾਂਡਾਂ ਵਿਚ, ਲੇਖਕ ਥੋੜ੍ਹੇ 'ਚ ਬਹੁਤੀ ਗੱਲ ਦੱਸਣ ਦੀ ਜੁਗਤ ਨਾਲ ਉਸ ਦਾ ਵਿਸਥਾਰਤ ਚਰਿੱਤਰ-ਚਿਤਰਣ ਕਰਦਾ ਹੈ। ਜਗਦੀਸ਼ ਸ਼ਰਮਾ, ਸਰੋਜ ਦੇ ਮਾਸੜ ਰਾਮ ਲਾਲ ਅਤੇ ਰੇਲਵੇ ਅਧਿਕਾਰੀ ਵਿੱਦਿਆ ਭਾਸਕਰ ਇਸ ਨਾਵਲ ਵਿਚ ਆਏ ਪਾਤਰਾਂ ਦੀ ਧਿਆਨ-ਯੋਗ ਉਦਾਹਰਣ ਹਨ। ਲੇਖਕ ਮੁੱਖ ਕਹਾਣੀ ਵਿਚ ਇਨ੍ਹਾਂ ਸਭ ਪਾਤਰਾਂ ਦੀ ਕਹਾਣੀ ਇਉਂ ਪ੍ਰੋਂਦਾ ਹੈ, ਜਿਵੇਂ ਹਾਰ ਵਿਚ ਫੁੱਲ ਜਾਂ ਮੋਤੀ ਪ੍ਰੋਏ ਹੁੰਦੇ ਹਨ। ਸਭ ਪਾਤਰ ਅਤੇ ਘਟਨਾਵਾਂ ਜਿਉਂਦੇ ਮਨੁੱਖ ਦੇ ਤਨ ਦੀਆਂ ਹੱਡੀਆਂ ਤੇ ਨਾੜੀਆਂ ਵਾਂਗ ਇਕ ਦੂਜੇ ਨਾਲ ਜੁੜੇ ਹੋਏ ਹਨ। ਪੂਰਾ ਨਾਵਲ ਜੀਵਤ ਮਨੁੱਖ ਦੇ ਤਨ ਵਾਂਗ ਧੜਕਦਾ ਹੈ।

ਪੱਛਮੀ ਵਿਦਵਾਨ ਰਾਲਫ਼ ਫ਼ਾਕਸ ਨੇ ਆਪਣੀ ਪੁਸਤਕ 'ਨਾਵਲ ਤੇ ਲੋਕ' ਵਿਚ ਲਿਖਿਆ ਸੀ- 'ਨਾਵਲ ਲਿਖਣਾ ਦਾਰਸ਼ਨਿਕ ਕਾਰਜ ਹੈ'। ਇਹ ਕਥਨ 'ਨਾਰੀ' ਉੱਤੇ ਢੁੱਕਦਾ ਹੈ। ਇਸ ਲਿਖਤ ਵਿਚ ਲੇਖਕ ਆਪਣੇ ਵਸਤੂ ਨੂੰ ਬੌਧਿਕ ਅਤੇ ਦਾਰਸ਼ਨਿਕ ਦ੍ਰਿਸ਼ਟੀ ਨਾਲ ਸਮੇਟਦਾ ਹੈ। ਸਿਆਣਾ ਪਾਠਕ ਨਾਵਲ ਪੜ੍ਹਦਾ ਪੜ੍ਹਦਾ ਗੰਭੀਰ ਹੋਈ ਜਾਂਦਾ ਹੈ। ਆਖਰੀ ਕਾਂਡ 'ਜਵਾਰ ਭਾਟਾ' ਵਿਚ ਉਹ ਸੋਚਦਾ ਹੈ, ਲੇਖਕ ਨੇ ਨਾਵਲ ਲਿਖਿਆ ਹੈ ਜਾਂ ਕਿਸੇ ਦੀ ਜ਼ਿੰਦਗੀ ਦੀ ਸੱਚਮੁੱਚ ਦੀ ਕਹਾਣੀ ਪੇਸ਼ ਕਰ ਦਿੱਤੀ ਹੈ? ਸ਼ੁਰੂ ਦੀ ਕਹਾਣੀ ਚੜ੍ਹਦੀ ਸਵੇਰ ਵਾਂਗ ਸੂਹੀ ਸੂਹੀ ਤਾਜ਼ੀ ਤਾਜ਼ੀ ਹੈ। ਵਿਚਕਾਰ ਦੀ ਕਹਾਣੀ ਇਹ ਅਹਿਸਾਸ ਕਰਾਉਂਦੀ ਹੈ, ਦੁਪਹਿਰ ਆ ਗਈ ਹੈ, ਚਿਲਕਣੀ, ਤਪਸ਼ ਵਾਲੀ, ਸਿਖ਼ਰ ਦੀ ਰੌਸ਼ਨੀ ਵਾਲੀ ਤੇ ਤੜਫਾਉਣ ਵਾਲੀ ਵੀ। ਪਰ ਅਖੀਰ ਵਿਚ ਜਦੋਂ ਪ੍ਰੋ: ਜਗਦੀਸ਼ ਲਾਲ ਵਰਮਾ ਪ੍ਰਾਣ ਤਿਆਗ ਗਏ, ਪੁੱਰ ਰਾਘਵ ਨੇ ਵਿਆਹ ਕਰਾ ਲਿਆ ਤਾਂ ਸਰੋਜ ਦੀ ਮਾਤਾ ਮਹਿਸੂਸ ਕਰਦੀ ਹੈ, ਇਹ ਤਾਂ ਤਿਰਕਾਲਾਂ ਪੈ ਗਈਆਂ ਹਨ। ਇਹ ਜ਼ਿੰਦਗੀ ਦਾ ਕੈਸਾ ਉਦਾਸੀ ਪੈਦਾ ਕਰਨ ਵਾਲਾ ਅੰਤ ਹੈ?

ਨਾਵਲ ਲਿਖਣ ਤੋਂ ਪਹਿਲਾਂ ਕਹਾਣੀਆਂ ਲਿਖੀਆਂ। 2000 ਈਸਵੀ ਸ਼ੁਰੂ ਹੋਣ ਤੋਂ ਬਾਅਦ ਵੀ ਕਹਾਣੀਆਂ ਲਿਖੀਆਂ। ਲਗਪਗ ਡੇਢ ਸੌ ਕਹਾਣੀਆਂ ਲਿਖ ਚੁੱਕਾ ਹਾਂ। 1990 ਤਕ ਕਹਾਣੀ ਸੰਗ੍ਰਹਿ ਛਪੇ। ਉਸ ਤੋਂ ਬਾਅਦ ਕੋਈ ਕਹਾਣੀ ਸੰਗ੍ਰਹਿ ਨਹੀਂ ਛਪ ਸਕਿਆ। ਲਗਪਗ 50 ਕਹਾਣੀਆਂ ਸੰਗ੍ਰਹਿਆਂ ਵਿਚ ਛਪਣ ਵਾਲੀਆਂ ਹਨ।

ਕਹਾਣੀਆਂ ਵਿਚ ਵੀ ਆਪਣੇ ਨਾਵਲਾਂ ਵਾਂਗ ਪੰਜਾਬੀ ਬੰਦੇ ਦੇ ਜੀਵਨ ਦੇ ਬਿਰਤਾਂਤ ਹੀ ਪੇਸ਼ ਕੀਤੇ ਹਨ। ਇਨ੍ਹਾਂ ਵਿਚ ਵੀ ਨਰ-ਨਾਰੀ ਦੇ ਸੰਬੰਧਾਂ ਦਾ ਚਿਤਰਣ ਹੋਇਆ ਹੈ। ਕਿਉਂਕਿ ਪੰਜਾਬੀ ਬੰਦਾ ਰੁਜ਼ਗਾਰ ਕਮਾਉਣ ਅਤੇ ਪਰਿਵਾਰ ਪਾਲਣ ਤੇ ਆਰਥਿਕ ਹਾਲਤ ਸੁਧਾਰਨ ਵੱਲ ਮੁੱਖ ਧਿਆਨ ਦਿੰਦਾ ਰਿਹਾ ਹੈ, ਇਸ ਕਰ ਕੇ ਇਹ ਕਹਾਣੀਆਂ ਇਨਸਾਨੀ ਜ਼ਿੰਦਗੀ ਦਾ ਗਹਿ-ਗੱਚ ਚਿਤਰਣ ਪੇਸ਼ ਕਰਦੀਆਂ ਹਨ। 000

***(628 ਗਰੀਨ ਮਾਡਲ ਟਾਊਨ, ਜਲੰਧਰ-144 001)***

# ਮੁਖਤਿਆਰ ਸਿੰਘ ਨਾਲ ਗੱਲਬਾਤ: ਅਵਤਾਰ ਸਿੰਘ ਬਿਲਿੰਗ

*ਆਪਣੇ ਬਾਰੇ ਕੋਈ ਸ਼ੋਰ ਮਚਾਏ ਬਗ਼ੈਰ ਮੁਖਤਿਆਰ ਸਿੰਘ ਚਾਰ ਚਹਾਕਿਆਂ ਤੋਂ ਲਗਾਤਾਰ ਸਾਹਿਤ ਸਿਰਜਣਾ ਕਰਦਾ ਆਇਆ ਹੈ। 'ਛੁਪੇ ਰਹਿਣ ਦੀ ਚਾਹ' ਤਾਂ ਭਾਵੇਂ ਨਾ ਹੋਵੇ, ਪਰ ਆਪਣੀ ਸਮੁੱਚੀ ਜ਼ਿੰਦਗੀ ਵਿਚ ਵੀ ਤੇ ਸਾਹਿਤ-ਰਚਨਾ ਵਿਚ ਵੀ ਉਹ ਬਹੁਤ ਸਹਿਜਤਾ ਨਾਲ ਵਿਚਰਿਆ ਹੈ। ਲੁਧਿਆਣੇ ਜ਼ਿਲ੍ਹੇ ਦੇ ਢਾਹਾਂ ਇਲਾਕੇ ਦੇ ਇਕ ਪਿੰਡ ਦੇ ਜੰਮਪਲ ਮੁਖਤਿਆਰ ਸਿੰਘ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਿਚ ਕਲਰਕ ਦੀ ਨੌਕਰੀ ਤੋਂ ਸ਼ੁਰੂ ਕਰਕੇ ਸਾਰੀ ਉਮਰ ਉੱਥੇ ਹੀ ਬਿਤਾਈ ਹੈ। ਸੇਵਾ ਮੁਕਤ ਹੋਣ ਮਗਰੋਂ ਉਹ ਮੁੜ ਖੰਨੇ ਵਿਚ ਆ ਕੇ ਜਿਵੇਂ ਚੁੱਪ ਚਾਪ ਰਹਿ ਰਿਹਾ ਹੈ, ਉਸੇ ਤਰ੍ਹਾਂ ਹੀ ਉਹ ਨੌਕਰੀ ਦੌਰਾਨ ਅਤੇ ਪਿੱਛੋਂ ਲਿਖਣ ਕਾਰਜ ਕਰਦਾ ਆ ਰਿਹਾ ਹੈ। ਮੁਖ ਤੌਰ 'ਤੇ ਉਸਦੀ ਪਛਾਣ ਇਕ ਕਹਾਣੀਕਾਰ ਵਜੋਂ ਹੈ ਪਰ ਉਸਨੇ ਨਾਵਲ ਤੇ ਵਾਰਤਕ ਦੀ ਰਚਨਾ ਵੀ ਕੀਤੀ ਹੈ। 1982 ਵਿਚ ਛਪੀ 'ਲੁੱਕ ਵਿਚ ਫਸੇ ਪੈਰ' ਨਾਂ ਦੀ ਪਲੇਠੀ ਦੀ ਕਥਾ ਰਚਨਾ ਤੋਂ ਲੈ ਕੇ 2018 ਵਿਚ ਪ੍ਰਕਾਸ਼ਤ ਹੋਏ ਕਹਾਣੀ ਸੰਗ੍ਰਹਿ 'ਚੜ੍ਹਦੇ ਸੂਰਜ ਦੀ ਲਾਲੀ' ਤਕ ਉਸਦੀਆਂ ਕੁੱਲ ਗਿਆਰਾਂ ਪੁਸਤਕਾਂ ਛਪ ਚੁੱਕੀਆਂ ਹਨ, ਜਿਹਨਾਂ ਵਿਚ ਤਿੰਨ ਨਾਵਲ, ਇਕ ਸਫਰਨਾਮਾ,ਇਕ ਜੀਵਨੀ ਅਤੇ ਬਾਕੀ ਕਹਾਣੀ ਸੰਗ੍ਰਹਿ ਹਨ। 'ਖਾਲੀ ਸਲੰਡਰ', 'ਗੰਢ ਪਰਾਏ ਹੱਥ' ਅਤੇ 'ਕੱਚੀ ਖੂਹੀ' ਕਹਾਣੀ ਪੁਸਤਕਾਂ ਤੋਂ ਬਿਨਾਂ 'ਤਾਇਆ ਰੱਬ' ਅਤੇ 'ਤੈਂ ਕੀ ਦਰਦ ਨਾ ਆਇਆ' ਉਸੇ ਜ਼ਿਕਰਯੋਗ ਨਾਵਲ ਹਨ। ਕੁਝ ਸਮਾਂ ਪਹਿਲਾਂ ਮੁਖਤਿਆਰ ਸਿੰਘ ਦੇ ਹੀ ਇਲਾਕੇ ਦੇ ਨਾਮਵਰ ਗਲਪਕਾਰ ਅਵਤਾਰ ਸਿੰਘ ਬਿਲਿੰਗ ਨੇ ਉਸਨੂੰ ਕੁਝ ਸਵਾਲ ਕੀਤੇ ਸਨ ਜਿਨ੍ਹਾਂ ਨੂੰ ਉਸਨੇ ਕਿਵੇਂ ਨਜਿੱਠਿਆ, ਵੇਖੋ ਹੇਠਲੀ ਲਿਖਤ ਵਿਚ।*

**ਮੁਖਤਿਆਰ ਸਿੰਘ ਜੀ ਤੁਹਾਨੂੰ ਕਹਾਣੀ ਲਿਖਣ ਦਾ ਦੌਰਾ ਅਜਿਹੀ ਕਿਹੜੀ ਪੱਕੀ ਥਾਂ ਤੋਂ ਪਿਆ ਕਿ ਮੁੜ ਕੇ ਤੁਸੀਂ ਇਹ ਲਿਖਣੀ ਛੱਡੀ ਹੀ ਨਹੀਂ?**

--ਅਵਤਾਰ ਜੀ ਕਹਾਣੀ ਲਿਖਣ ਦਾ ਦੌਰਾ ਕਹਿ ਲਓ ਜਾਂ ਮੌਕਾ ਮੇਲ। ਦਸਵੀਂ ਕਰਕੇ ਕਾਲਿਜ ਗਿਆ, ਇਲੈਕਟਿਵ ਪੰਜਾਬੀ ਵਿਸ਼ੇ ਵਿਚ ਸੰਤੋਖ ਸਿੰਘ ਧੀਰ ਦੀ ਕਹਾਣੀ *ਕੋਈ ਇਕ ਸਵਾਰ* ਤੇ *ਸਵੇਰ ਹੋਣ ਤਕ*, ਸੁਜਾਨ ਸਿੰਘ ਦੀ *ਖ਼ੂਨ* ਅਤੇ *ਕੁਲਫੀ*, ਸੰਤ ਸਿੰਘ ਸੇਖੋਂ ਦੀ *ਪੇਮੀ ਦੇ ਨਿਆਣੇ*, ਕੁਲਵੰਤ ਸਿੰਘ ਵਿਰਕ ਦੀ *ਦੁੱਧ ਦਾ ਛੱਪੜ* ਵਰਗੀਆਂ ਕਹਾਣੀਆਂ ਪੜ੍ਹੀਆਂ। ਜਾਪਿਆ, ਕਹਾਣੀਆਂ ਮੇਰੀਆਂ ਅਤੇ ਮੇਰੇ ਆਲ਼ੇ ਦੁਆਲ਼ੇ ਦੀਆਂ ਹਨ। ਮੈਂ ਕਿਉਂ ਨਾ ਆਪਣੇ ਬਾਰੇ ਲਿਖ ਕੇ ਵੇਖਾਂ? ਮੈਂ ਆਪਣੇ ਹੀ ਘਰ ਵਿਚ ਵਾਪਰ ਰਹੇ ਸੰਘਰਸ਼ ਨੂੰ ਲਿਖਣ ਦੀ ਕੋਸ਼ਿਸ਼ ਕੀਤੀ। *ਤੀਜਾ ਪਹਿਰ ਹੋਣ ਤਕ* ਕਹਾਣੀ ਲਿਖ ਲਈ। ਇਸ ਵਿਚ ਬਾਪੂ ਜੀ ਅਤੇ ਚਾਚਾ ਜੀ ਫਲ੍ਹੇ ਨਾਲ ਗਾਹੀ ਕਣਕ ਦੀ ਧੜ ਤੰਗ਼ਲੀਆਂ ਨਾਲ ਉਡਾ ਰਹੇ ਸਨ। ਹਵਾ ਕਦੇ ਆ ਜਾਂਦੀ ਕਦੇ ਮਰ ਜਾਂਦੀ। ਉਹ ਦੁਪਹਿਰ ਦੀ ਰੋਟੀ ਖਾਣ ਲੱਗਦੇ, ਹਵਾ ਦਾ ਬੁੱਲਾ ਆ ਜਾਂਦਾ ਤਾਂ ਰੋਟੀ ਉੱਥੇ ਹੀ ਛੱਡ ਕੇ ਧੜ 'ਤੇ ਜਾ ਚੜ੍ਹਦੇ। ਉਹ ਕਦੇ ਰੋਟੀ ਖਾਣ ਬੈਠਦੇ, ਕਦੇ ਧੜ ਉਡਾਉਣ ਲੱਗਦੇ। ਇਸੇ ਕਸ਼ਮਕਸ਼ ਵਿਚ ਰੋਟੀ ਖਾਣ ਨੂੰ ਤੀਜਾ ਪਹਿਰ ਹੋ ਜਾਂਦਾ। ਮੇਰੀ ਭੈਣ ਰੋਟੀ ਖੁਆਉਣ ਲਈ ਕਿੱਕਰ ਹੇਠ ਬੈਠੀ ਰਹਿੰਦੀ। ਉਸ ਦੇ ਵਿਆਹ ਲਈ ਪੈਸੇ ਇਕੱਠੇ ਨਾ ਹੁੰਦੇ। ਤੀਜਾ ਪਹਿਰ ਹੋਣ ਵਾਂਗ ਉਸ ਦੇ ਵਿਆਹ ਦਾ ਦੁਪਹਿਰ ਤੋਂ ਤੀਜਾ ਪਹਿਰ ਲੰਘਦਾ ਜਾ ਰਿਹਾ ਸੀ। ਇਹ ਕਹਾਣੀ ਮੈਂ ਝਕਦੇ ਝਕਦੇ ਆਪਣੇ ਪ੍ਰੋਫੈਸਰ, ਐੱਚ. ਕੇ. ਰਤਨ ਜੀ, ਨੂੰ ਵਿਖਾਈ। ਉਨ੍ਹਾਂ ਨੇ ਕੋਲ਼ ਬਿਠਾ ਕੇ ਠੀਕ ਕਰਾ ਦਿੱਤੀ ਤੇ ਕਾਲਿਜ ਮੈਗਜ਼ੀਨ ਵਿਚ ਛਪ ਗਈ। ਇਸੇ

ਹੌਸਲੇ ਨਾਲ ਜਦੋਂ ਵੀ ਮੇਰੇ ਨਾਲ ਜਾਂ ਸਾਹਮਣੇ ਕੁਝ ਗ਼ਲਤ ਮਲਤ ਵਾਪਰਦਾ ਮਹਿਸੂਸ ਹੁੰਦਾ, ਕਹਾਣੀ ਲਿਖਣ ਦਾ ਦੌਰਾ ਪੈ ਜਾਂਦਾ। ਇਸੇ ਤਰ੍ਹਾਂ ਦੌਰੇ ਪੈਂਦੇ ਰਹਿੰਦੇ ਨੇ।

**ਤੁਸੀਂ ਕਿਸੇ ਨਿਰਾਸ਼ਾ ਵਿਚੋਂ ਲਿਖਣਾ ਸ਼ੁਰੂ ਕੀਤਾ ਜਾਂ ਹਰਸ਼-ਹੁਲਾਸ ਵਜੋਂ?**

--ਜਿਵੇਂ ਮੈਂ ਹੁਣ ਦੱਸਿਆ ਮੈਨੂੰ ਕਹਾਣੀਆਂ ਪੜ੍ਹ ਕੇ ਪਤਾ ਲੱਗਾ ਕਿ ਇਹ ਤਾਂ ਮੇਰੇ ਆਲ਼ੇ ਦੁਆਲ਼ੇ ਦੇ ਦੁੱਖ-ਸੁੱਖ ਦੇ ਸੰਘਰਸ਼ ਦੀਆਂ ਬਾਤਾਂ ਪਾਈਆਂ ਹੋਈਆਂ ਨੇ। ਇਹੋ ਜਿਹਾ ਕੁਝ ਮੇਰੇ ਸਾਹਮਣੇ ਸਾਫ ਖਿਲਰਿਆ ਪਿਆ ਸੀ। ਖੇਤੀ ਕਰਨ ਵਿਚ ਕਿਸਾਨ ਦੇ ਮਿੱਟੀ ਨਾਲ ਮਿੱਟੀ ਹੋਣ ਦਾ ਯਥਾਰਥ ਮੇਰੇ ਸਾਹਮਣੇ ਅਤੇ ਆਪ ਬੀਤਿਆ ਸੀ, ਜੋ ਮੈਂ ਸਿੱਧੀਆਂ ਸਾਦੀਆਂ ਗੱਲਾਂ ਦੀ ਕਹਾਣੀ *ਤੀਜਾ ਪਹਿਰ* ਬਣਾ ਲਈ। ਇਉਂ ਮੈਂ ਕਿਸੇ ਵੀ ਨਿਰਾਸ਼ਾ ਜਾਂ ਹਰਸ਼-ਹੁਲਾਸ ਵਜੋਂ ਕਹਾਣੀ ਲਿਖਣੀ ਸ਼ੁਰੂ ਨਹੀਂ ਕੀਤੀ। ਬਾਅਦ 'ਚ ਇਹੋ ਕਹਾਣੀ 'ਸਿਰਜਣਾ' ਵਿਚ ਛਪਣ ਦਾ ਮਾਣ ਮਹਿਸੂਸ ਹੋਇਆ। ਮਾਫ ਕਰਨਾ ਹਰਸ਼-ਹੁਲਾਸ ਦੀ ਮਾਰ ਝੱਲਣ ਵਾਲੇ ਬਹੁਤੇ, ਆਪਣੇ ਮਨ ਦੇ ਵਲਵਲੇ ਪ੍ਰਗਟ ਕਰਨ ਲਈ ਕਵਿਤਾ ਵੱਲ ਚਲੇ ਜਾਂਦੇ ਹਨ।

**ਤੁਸੀਂ ਆਪਣੇ ਨਿਜੀ ਜੀਵਨ/ਘਟਨਾਵਾਂ ਨੂੰ ਆਪਣੀਆਂ ਰਚਨਾਵਾਂ ਵਿਚ ਕਿੰਨਾ ਕੁ ਪਰੋਇਆ ਹੈ?**

--ਮੇਰੇ ਬਾਰੇ ਕਿਰਪਾਲ ਕਜ਼ਾਕ ਕਹਿੰਦਾ ਰਹਿੰਦੈ, 'ਤੇਰੀਆਂ ਤਕਰੀਬਨ ਸਾਰੀਆਂ ਕਹਾਣੀਆਂ ਹੀ ਤੇਰੇ ਨਿਜੀ ਜੀਵਨ ਅਤੇ ਸੁਭਾਅ ਦੀ ਝਲਕ ਪੇਸ਼ ਕਰਦੀਆਂ ਹਨ। *ਦੋ ਖਣ ਦੋ ਸਿਆੜ* ਸਾਡੇ ਘਰ ਦੀ ਕਹਾਣੀ ਹੈ ਜਿਸ ਵਿਚ ਘਰਦਿਆਂ ਨੇ ਦੂਜੇ ਪਿੰਡ ਜ਼ਮੀਨ ਲਈ ਸੀ। ਚਾਚਿਆਂ ਨਾਲੋਂ ਅੱਡ ਹੋਏ, ਇਕ ਕੱਚੀ ਕੋਠੜੀ ਵਿਚ ਰਹੇ। ਜਿੰਨੀ ਕੁ ਫਸਲ ਹੁੰਦੀ ਓਦੋਂ ਵੱਧ ਖਰਚ, ਭੈਣ ਦੇ ਵਿਆਹ ਆਦਿ ਦਾ, ਪਹਿਲਾਂ ਹੀ ਹੋਇਆ ਹੁੰਦਾ। *ਚੀਸ* ਕਹਾਣੀ ਸਾਡੇ ਸਕਿਆਂ ਨਾਲ ਸੀਰੀ ਚਾਨਣ ਦੀ ਹੈ। ਮੈਂ ਉਸ ਨੂੰ ਵੱਡੀਆਂ ਵੱਡੀਆਂ ਖੰਦਕਾਂ ਕਹੀ ਨਾਲ ਪੱਧਰੀਆਂ ਕਰਦਿਆਂ ਦੇਖਦਾ। ਖੰਦਕਾਂ ਉੱਤੇ ਝਾੜੀਆਂ, ਅੱਕ-ਢੱਕ, ਚੂਹਿਆਂ ਤੇ ਸੱਪਾਂ ਦੀਆਂ ਸਿਰੀਆਂ ਦੀ ਵੀ ਉਹ ਪਰਵਾਹ ਨਾ ਕਰਦਾ। ਚਾਨਣ ਨੂੰ ਸ਼ਾਮ ਨੂੰ ਘਰ ਦੀ ਕੱਢੀ ਦਾਰੂ ਪਿਲ਼ਾ ਦਿੰਦੇ। ਉਸਦੇ ਜ਼ਖਮੀ ਹੋਏ ਪੈਰ 'ਤੇ ਦਾਰੂ ਡੋਲ੍ਹ ਦਿੰਦੇ। ਦਾਰੂ ਨਾਲ ਉਸ ਦਾ ਥਕੇਵਾਂ ਲਹਿ ਜਾਂਦਾ ਤੇ ਉਹ ਜ਼ਖਮ ਦੀ ਚੀਸ ਭੁੱਲ ਜਾਂਦਾ। *ਲੁੱਕ ਵਿਚ ਫਸੇ ਪੈਰ* ਦਫਤਰੀ ਮਾਹੌਲ ਦੀ ਮੇਰੇ ਨਿਜੀ ਜੀਵਨ 'ਤੇ ਆਧਾਰਤ ਕਹਾਣੀ ਹੈ। *ਕੱਚੀ ਖੂਹੀ* ਮੇਰੇ ਸਕਿਆਂ ਵਿਚੋਂ ਲੱਗਦੇ ਅੰਨ੍ਹੇ ਚਾਚੇ ਦੀ ਕਹਾਣੀ ਹੈ। *ਖਾਲੀ ਸਲੰਡਰ* ਗੈਸ ਵੰਡਣ ਵਾਲੇ ਮੁੰਡੇ ਦੇ ਦੁੱਖਾਂ-ਸੁੱਖਾਂ ਨੂੰ ਮਹਿਸੂਸ ਕਰਦਿਆਂ ਲਿਖੀ ਗਈ। *ਗੰਢ ਪਰਾਏ ਹੱਥ* ਸਮੁੱਚੇ ਪੰਜਾਬ ਵਿਚਲੀ ਕਿਰਸਾਣੀ ਦੀ ਵਾਰਤਾ ਹੈ, ਪੰਜਾਬੀ ਕਿਸਾਨ ਆਪ ਕੰਮ ਕਰਨ ਤੋਂ ਹਟਣੇ ਸ਼ੁਰੂ ਹੋਏ ਭਈਆਂ ਦੇ ਆਉਣ ਨਾਲ ਸੁਖੀਏ ਹੋ ਗਏ। ਹੁਣ ਤਾਂ ਕਿਸਾਨ ਸਾਰੇ ਕੰਮਾਂ ਲਈ ਹੀ ਦੂਜਿਆਂ 'ਤੇ ਨਿਰਭਰ ਹੋ ਗਿਆ। *ਇਕ ਮੁੱਠ ਚੁੱਕ ਲੈ* ਮੇਰੇ ਤੰਗੀ ਵਾਲੇ ਸਮੇਂ ਦੀ ਕਹਾਣੀ ਹੈ ਜੋ ਆਪਣੇ ਭਰਾ ਤੋਂ ਹਿੱਸਾ ਲੈਣ ਲਈ ਭਟਕਿਆ ਰਿਹਾ। *ਸੂਏ ਦਾ ਪਾਣੀ* ਮੇਰੇ ਬਚਪਨ ਦੇ ਆੜੀ ਦੀ ਕਹਾਣੀ ਹੈ। ਅਸੀਂ ਦੋਵੇਂ ਸੂਏ 'ਚ ਪਾਣੀ ਆਉਂਦਾ ਦੇਖਣ ਤੁਰ ਪਏ ਸੀ ਪਰ ਪਾਣੀ ਨਹੀਂ ਸੀ ਆਇਆ। *ਖ਼ੋਲੇ* ਕਹਾਣੀ ਵਿਚ ਮੇਰਾ ਓਹੀ ਆੜੀ ਫੌਜੀ ਹੈ, ਜਿਸ ਨੇ ਨੰਬਰਦਾਰ ਨੂੰ ਸਾਂਭਿਆ। ਬਹੁਤ ਥੋੜ੍ਹੀਆਂ ਕਹਾਣੀਆਂ ਹੋਣਗੀਆਂ, ਜਿਨ੍ਹਾਂ ਵਿਚ ਮੈਂ ਸਿੱਧੇ ਤੌਰ 'ਤੇ ਸ਼ਾਮਲ ਨਹੀਂ ਹੋਵਾਂਗਾ। *ਧੀਏ ਤੂੰ ਵੀ* ਕਹਾਣੀ ਅੱਧੀ ਮੇਰੀ ਅੱਧੀ ਕਲਪਨਾ। *'ਤਾਇਆ ਰੱਬ'* ਮੇਰੇ ਗੁਆਂਢ ਦਾ ਸੱਚਾ ਪਾਤਰ ਹੈ। ਉਹ ਮੇਰੇ ਬਚਪਨ 'ਚ ਹੀ ਮਰ ਗਿਆ ਸੀ ਪਰ ਮੇਰੇ ਮਨ ਵਿਚੋਂ ਨਿਕਲ ਨਹੀਂ ਸੀ ਰਿਹਾ। *ਤੈਂ ਕੀ ਦਰਦ ਨਾ ਆਇਆ* ਨਾਵਲ ਦਾ ਹੈਪੀ ਵੀ ਮੇਰੇ ਸਾਹਮਣੇ ਸੀ। ਜੋ ਕੁਝ ਉਸ ਨਾਲ ਹੋਇਆ ਜਾਂ ਉਸ ਨੇ ਕੀਤਾ, ਉਹ ਸਾਰਾ ਮੇਰਾ ਦੇਖਿਆ ਹੋਇਆ ਸੀ।

**ਤੁਹਾਡੇ ਸਾਕ ਸੰਬੰਧੀ ਇਹ ਗਿਲਾ ਨਹੀਂ ਕਰਦੇ ਕਿ ਤੁਸੀਂ ਉਹਨਾਂ ਦੀਆਂ ਹੋਈਆਂ ਵਾਪਰੀਆਂ ਗੱਲਾਂ ਨੂੰ ਹੀ ਸਾਹਿਤ ਵਿਚ ਪੇਸ਼ ਕਰੀ ਜਾਂਦੇ ਹੋ?**

--ਕਦੇ ਕਿਸੇ ਨੇ ਕੋਈ ਖਾਸ ਗਿਲਾ ਨਹੀਂ ਕੀਤਾ। ਕਈ ਰਿਸ਼ਤੇਦਾਰ ਮੇਰੇ ਭਰਾ ਨੂੰ ਮੇਰੇ ਸਾਹਮਣੇ ਹੀ ਕਹਿ ਦਿੰਦੇ, 'ਇਸ ਨੇ ਕਹਾਣੀ ਲਿਖ ਦੇਣੀ ਹੈ।' ਭਰਾ ਦਾ ਹੱਸ ਕੇ ਜੁਆਬ ਹੁੰਦਾ, 'ਪਿਆ ਲਿਖੇ ਅਸੀਂ ਪੜ੍ਹਦੇ ਹੀ ਨ੍ਹੀ।' ਇਕ ਵਾਰ ਜੌੜੇ ਪੁਲਾਂ ਦੇ ਰੈੱਸਟ ਹਾਊਸ ਵਿਚ *ਕੱਚੀ ਖੂਹੀ* ਕਿਤਾਬ ਰੀਲੀਜ਼ ਕੀਤੀ ਗਈ। ਐੱਸ. ਤਰਸੇਮ, ਰਾਮ ਸਰੂਪ ਅਣਖੀ, ਕਿਰਪਾਲ ਕਜ਼ਾਕ ਅਤੇ ਹੋਰ ਬਹੁਤ ਸਾਰੇ ਕਹਾਣੀਕਾਰ ਆਏ ਹੋਏ ਸਨ। ਮੇਰਾ ਭਰਾ ਅਤੇ ਭਰਜਾਈ ਖਾਸ ਤੌਰ 'ਤੇ ਵੇਖਣ ਸੁਣਨ ਆਏ ਕਿ ਲੇਖਕ ਗੋਸ਼ਟੀਆਂ ਵਿਚ ਕੀ ਕਰਦੇ ਨੇ। ਉਨ੍ਹਾਂ ਨੂੰ ਸਾਡੀਆਂ ਗੱਲਾਂ ਚੰਗੀਆਂ ਲੱਗੀਆਂ ਸਨ। ਹਾਲਾਂਕਿ ਕਹਾਣੀਆਂ ਵਿਚ ਸਿੱਧੇ ਜਾਂ ਅਸਿੱਧੇ ਰੂਪ 'ਚ ਟੱਬਰ ਦੇ ਜੀਆਂ ਦਾ ਚੰਗਾ ਮਾੜਾ ਕਾਫੀ ਜ਼ਿਕਰ ਆਉਂਦਾ ਹੈ। ਪਰ ਕਿਸੇ ਨੇ ਗਿਲਾ ਸ਼ਿਕਵਾ ਕੋਈ ਨਹੀਂ ਕੀਤਾ। ਮੇਰੇ ਸਕੇ ਚਾਚੇ ਦੀ ਪੋਤੀ ਨੇ *ਗੰਢ ਪਰਾਏ ਹੱਥ* ਕਿਤਾਬ 'ਤੇ ਐੱਮ. ਫਿਲ ਦਾ ਖੋਜ ਪੱਤਰ ਲਿਖਿਆ। ਉਸ ਨੇ ਮੇਰੇ ਨਾਲ ਕਹਾਣੀਆਂ ਦੇ ਪਾਤਰਾਂ ਬਾਰੇ ਵਿਚਾਰ ਵਟਾਂਦਰਾ ਵੀ ਕੀਤਾ। ਭਾਵੇਂ ਮੇਰੀਆਂ ਲਿਖਤਾਂ ਬਹੁਤ ਘੱਟ ਪੜ੍ਹਦੇ ਨੇ, ਪਰ ਸਾਰੇ ਰਿਸ਼ਤੇਦਾਰ ਖੁਸ਼ ਨੇ ਕਿ ਇਹ ਲੇਖਕ ਹੈ। ਵੈਸੇ ਦੂਰੋਂ ਨੇੜਿਉਂ ਕਿਸੇ ਵੀ ਰਿਸ਼ਤੇਦਾਰ ਨੂੰ ਪੜ੍ਹਨ-ਲਿਖਣ ਦਾ ਸਾਹਿਤਕ ਸ਼ੌਕ ਨਹੀਂ। ਇਸ ਦਾ ਮੈਨੂੰ ਫਾਇਦਾ ਹੈ। ਜੋ ਮਰਜ਼ੀ ਲਿਖੀ ਜਾਵਾਂ। ਹਾਂ, ਯੂਨੀਵਰਸਿਟੀ ਵਾਲੇ ਮੁਲਾਜ਼ਮ ਅਤੇ ਅਧਿਆਪਕ ਜ਼ਰੂਰ ਡਰਦੇ ਰਹਿੰਦੇ ਸਨ ਕਿ ਇਸ ਦੇ ਨੇੜੇ ਨਾ ਜਾਓ, ਕਹਾਣੀ ਲਿਖ ਦਏਗਾ। ਜਦੋਂ ਕੋਈ ਕਹਾਣੀ ਉਨ੍ਹਾਂ ਉੱਤੇ ਢੁਕ ਜਾਂਦੀ ਤਾਂ ਮਨੋ ਮਨੀ ਮੇਰੇ 'ਤੇ ਔਖੇ ਹੁੰਦੇ। ਕਈ ਬਹੁਤ ਖੁਸ਼ ਵੀ ਹੁੰਦੇ। ਇਕ ਵਾਰ ਭਾਅ ਜੀ ਗੁਰਸ਼ਰਨ ਸਿੰਘ ਦੀ ਟੀਮ ਨੇ *ਲੁੱਕ 'ਚ ਫਸੇ ਪੈਰ* ਕਹਾਣੀ ਨੂੰ ਆਧਾਰ ਬਣਾ ਕੇ ਕੈਂਪਸ ਦੇ ਕੁਆਟਰਾਂ ਵਿਚ ਡਰਾਮਾ ਖੇਡਿਆ। ਗੁਆਂਢੀਆਂ ਦੇ ਘਰੋਂ ਸਬਜ਼ੀ ਦੀਆਂ ਕੌਲੀਆਂ ਦੇ ਲੈਣ ਦੇਣ ਬਾਰੇ ਡਰਾਮੇ ਵਿਚ ਡਾਇਲਾਗ ਸਨ। ਸਾਡੀ ਗੁਆਂਢਣ ਸੁਣ ਕੇ ਬੁਰਾ ਭਲਾ ਕਹਿੰਦੀ ਹੋਈ ਉਠ ਕੇ ਆ ਗਈ ਸੀ। ਉਸ ਦੇ ਵਿਵਹਾਰ 'ਤੇ ਗੱਲ ਢੁਕਦੀ ਸੀ।ਉਹ ਸਦਾ ਲਈ ਸਾਡੇ ਨਾਲ ਬੋਲਣ ਤੋਂ ਬੰਦ ਹੋ ਗਈ।

**ਕੀ ਤੁਹਾਨੂੰ ਨਹੀਂ ਜਾਪਦਾ ਕਿ ਅੱਜੋਕਾ ਯਥਾਰਥ ਸੱਠਵਿਆਂ ਤੋਂ ਪਾਰ ਲੰਘੇ ਲੇਖਕਾਂ ਦੀ ਪਕੜ ਵਿਚ ਆਉਣਾ ਮੁਸ਼ਕਲ ਹੈ?**

-- ਅੱਜ ਤੋਂ ਤੀਹ ਚਾਲ਼ੀ ਸਾਲ ਪਹਿਲਾਂ ਨਾਲੋਂ ਬਹੁਤ ਕੁਝ ਬਦਲ ਗਿਆ ਹੈ। ਨਵੇਂ ਦੇ ਅਸੀਂ ਆਦੀ ਨਹੀਂ ਹੋ ਸਕੇ। ਟੈਕਨਾਲੋਜੀ ਹਰ ਦਿਨ ਬਦਲ ਰਹੀ ਹੈ। ਪੀੜ੍ਹੀ ਦਾ ਪਾੜਾ ਹਮੇਸ਼ਾ ਰਹਿੰਦਾ ਹੀ ਹੈ। ਯਥਾਰਥ ਵੀ ਬਦਲਿਆ ਹੈ।ਖੇਤੀ ਕਰਨ ਦੇ ਢੰਗ ਤਰੀਕੇ ਬਦਲ ਗਏ। ਪਹਿਲਾਂ ਵਰਗਾ ਹੱਥੀਂ ਕੰਮ ਨਹੀਂ ਹੈ । ਜਾਂ ਮੇਰੇ ਵਰਗਾ ਪਿੰਡ 'ਤੋਂ ਸ਼ਹਿਰ ਵਿਚ ਆ ਗਿਆ। ਐਨੇ ਸਾਲਾਂ ਬਾਅਦ ਪਿੰਡ ਦਾ ਅੱਜੋਕਾ ਯਥਾਰਥ ਮੁਕੰਮਲ ਤੌਰ 'ਤੇ ਪਕੜ ਵਿਚ ਆਉਣਾ ਮੁਸ਼ਕਲ ਹੈ। ਟੈਕਨੌਲੋਜੀ ਕਰਕੇ ਮਾਨਸਿਕਤਾ ਹੀ ਬਦਲ ਗਈ।ਅਗਲੇ ਦਸ ਸਾਲਾਂ ਦਾ ਯਥਾਰਥ ਵੀ ਹੁਣ ਵਾਲਿਆਂ ਨਾਲੋਂ ਹਰੇਕ ਦੇ ਵਸ ਵਿਚ ਨਹੀਂ ਹੋਵੇਗਾ।

**ਇਨਾਮਾਂ ਸਨਮਾਨਾਂ ਬਾਰੇ ਤੁਹਾਡੀ ਕੀ ਰਾਇ ਹੈ? ਸੱਚੋ ਸੱਚ ਦੱਸੋਗੇ?**

--ਅਵਤਾਰ ਜੀ ਜਿਵੇਂ ਹੋਰਨਾਂ ਦੀਆਂ ਵੱਖ ਵੱਖ ਰਾਵਾਂ ਹਨ, ਮੈਂ ਵੀ ਉਨ੍ਹਾਂ ਦੇ ਨਾਲ ਹੀ ਹਾਂ। ਸਹੀ ਵੀ ਦਿੱਤੇ ਜਾਂਦੇ ਹਨ ਤੇ ਨਹੀਂ ਵੀ। ਅਪਣਿਆਂ ਨੂੰ ਵੀ ਦਿੱਤੇ ਜਾਂਦੇ ਨੇ।ਪਿਛਲੇ ਵਰ੍ਹੇ ਮੋਹਨਜੀਤ ਨੂੰ ਸਾਹਿਤ ਅਕਾਦਮੀ ਦਾ ਵਕਾਰੀ ਪੁਰਸਕਾਰ ਮਿਲਿਆ। ਮੋਹਨਜੀਤ ਨੇ ਸਾਫ ਹੀ ਕਰ ਦਿੱਤਾ ਕਿ ਹੁਣ ਤਕ ਉਸ ਦੇ ਵਿਰੋਧੀਆਂ ਕਰਕੇ ਨਹੀਂ ਸੀ ਮਿਲ ਸਕਿਆ। ਸਾਰੇ ਲੇਖਕਾਂ ਦੇ ਹਾਵ ਭਾਵ ਉਸ ਦੇ ਨਾਲ ਹਨ। ਜੋਗਿੰਦਰ ਕੈਰੋਂ ਨੇ ਮੋਹਨਜੀਤ ਦੇ ਇਨਾਮ ਮਿਲਣ ਤੋਂ ਕਾਫੀ ਪਹਿਲਾਂ ਕਿਤੇ ਕਿਹਾ ਸੀ ਕਿ ਸੁਰਜੀਤ ਪਾਤਰ ਤੋਂ ਬਾਅਦ ਕਿਸੇ ਨੂੰ ਵੀ ਸਹੀ ਇਨਾਮ ਨਹੀਂ ਮਿਲਿਆ। ਵਰਿਆਮ ਸੰਧੂ ਨੇ ਕਿਤੇ ਲਿਖਿਆ ਸੀ ਕਿ ਇਨਾਮ ਦਿਵਾਉਣ ਵਾਲੀ ਧਿਰ, ਆਪਣੀ

ਧਿਰ ਵਾਲੇ ਦੀ ਮਦਦ ਕਰਦੀ ਹੀ ਹੈ। ਜਦੋਂ ਵੀ ਕੋਈ ਵਕਾਰੀ ਇਨਾਮ ਮਿਲਦਾ ਹੈ ਤਾਂ ਕਈਆਂ ਦੀ ਨਾਖੁਸ਼ੀ ਵੀ ਵੇਖਣ ਨੂੰ ਮਿਲਦੀ ਹੈ। ਸਹੀ ਇਨਾਮ ਉੱਤੇ ਸਾਰੇ ਖੁਸ਼ ਹੁੰਦੇ ਹਨ। ਬਾਕੀ ਨਿੱਜੀ ਅਦਾਰਿਆਂ ਵੱਲੋਂ ਦਿੱਤੇ ਜਾਂਦੇ ਇਨਾਮ/ ਸਨਮਾਨ ਤਾਂ ਥੋੜ੍ਹੇ ਹੀ ਹਨ ਜੋ ਇਮਾਨਦਾਰੀ ਨਾਲ ਦਿੱਤੇ ਜਾਂਦੇ ਹਨ, ਆਪਣਿਆਂ ਨੂੰ ਹੀ ਦਿੱਤੇ ਜਾਂਦੇ ਹਨ। ਇਨ੍ਹਾਂ ਵਿਚੋਂ ਡਾ. ਜਗਤਾਰ ਹਰ ਵਰ੍ਹੇ ਇਨਾਮ ਦਿੰਦੇ ਸਨ। ਮੈਨੂੰ ਇਸ ਬਾਰੇ ਪਹਿਲਾਂ ਪਤਾ ਨਹੀਂ ਸੀ। ਅਚਾਨਕ ਉਨ੍ਹਾਂ ਨੇ ਫੋਨ 'ਤੇ ਦੱਸਿਆ ਕਿ ਐਤਕੀ ਤੈਨੂੰ ਇਨਾਮ ਦੇਣਾ ਹੈ। ਇਸੇ ਤਰ੍ਹਾਂ 'ਸਾਹਿਤਕ ਕਲਾਕਾਰ' ਵਾਲੇ ਸੰਪਾਦਕ ਕੰਵਰਜੀਤ ਭੱਠਲ ਵੱਲੋਂ ਇਨਾਮ ਮਿਲਿਆ ਸੀ। ਉਨ੍ਹਾਂ ਨੂੰ ਮੈਂ ਕਦੇ ਨਹੀਂ ਸੀ ਮਿਲਿਆ। ਤੁਹਾਡੇ ਪਹਿਲੇ ਛਪੇ ਨਾਵਲ 'ਨਰੰਜਣ ਮਸ਼ਾਲਚੀ' ਨੂੰ ਸਹੀ ਇਨਾਮ ਮਿਲਣ ਵਾਲਾ ਸੀ।ਇਕ ਮੈਂਬਰ ਨੇ ਢੁੱਚਰ ਅੜਾ ਦਿੱਤੀ। ਸਹੀ ਰਚਨਾ ਨੂੰ ਤਾਂ ਮਿਲ ਨਾ ਸਕਿਆ। ਸੋ ਹਰ ਤਰ੍ਹਾਂ ਚਲਦਾ ਹੈ।

**ਪਬਲਿਸ਼ਰ ਇਹ ਗਿਲਾ ਕਰਦੇ ਹਨ ਕਿ ਪੰਜਾਬੀ ਸਾਹਿਤ ਵਿਕਦਾ ਨਹੀਂ, ਫੇਰ ਧੜਾ ਧੜ ਪੁਸਤਕਾਂ ਕਿਉਂ ਛਾਪੀ ਜਾ ਰਹੇ? ਕੀ ਤੁਸੀਂ ਇਹਨਾਂ ਤੋਂ ਸੰਤੁਸ਼ਟ ਹੋ?**

--ਕਿਸੇ ਵੀ ਵਪਾਰੀ ਨੂੰ ਪੁੱਛ ਲਓ, ਉਹ ਕਹੇਗਾ ਮਾਲ ਵਿਕਦਾ ਨਹੀਂ, ਕੀ ਕਰੀਏ। ਉਹ ਆਪਣਾ ਬਿਜ਼ਨਸ ਛੱਡਦਾ ਵੀ ਨਹੀਂ। ਪਬਲਿਸ਼ਰ ਵੀ ਉਨ੍ਹਾਂ ਵਪਾਰੀਆਂ ਵਿਚੋਂ ਇਕ ਹੈ। ਜਦੋਂ ਪੁਸਤਕ ਮੇਲੇ ਲੱਗਦੇ ਹਨ, ਲੱਖਾਂ ਦੀਆਂ ਕਿਤਾਬਾਂ ਵਿਕਦੀਆਂ। ਕਾਲਿਜਾਂ ਦੀਆਂ ਲਾਇਬਰੇਰੀਆਂ ਵਿਚ ਜਾਂਦੀਆਂ ਨੇ। ਕਈ ਸਰਕਾਰੀ ਤੇ ਅਰਧ ਸਰਕਾਰੀ ਅਦਾਰੇ ਦੋ ਦੋ ਸੌ ਖਰੀਦ ਲੈਂਦੇ ਹਨ। ਵੈਸੇ ਤਾਂ ਅਜਿਹੇ ਅਦਾਰੇ ਲੇਖਕ ਤੋਂ ਹੀ ਕਿਤਾਬਾਂ ਖਰੀਦਦੇ ਹਨ। ਪਰ ਪਬਲਿਸ਼ਰ, ਲੇਖਕ ਨੂੰ ਆਏ ਪੈਸੇ ਆਪ ਲੈ ਜਾਂਦੇ ਹਨ। ਉਹ ਕਹਿੰਦੇ ਹਨ, ਸਾਡਾ ਹੱਕ ਹੈ। ਭਾਅ ਗੁਰਸ਼ਰਨ ਸਿੰਘ ਚੰਗਾ ਪਬਲਿਸ਼ਰ ਸੀ।ਉਸ ਵਰਗਾ ਹਰ ਕੋਈ ਨਹੀਂ ਬਣ ਸਕਦਾ। ਉਹ ਲੇਖਕ ਤੋਂ ਕੋਈ ਪੈਸਾ ਨਹੀਂ ਸੀ ਲੈਂਦਾ। ਸਸਤੇ ਮੁੱਲ 'ਤੇ ਪਿੰਡ ਪਿੰਡ ਜਾ ਕੇ ਕਿਤਾਬਾਂ ਵੇਚਦਾ ਸੀ। ਮੇਰੀ *ਲੁੱਕ ਵਿਚ ਫਸੇ ਪੈਰ* ਕਿਤਾਬ ਗਿਆਰਾਂ ਸੌ ਛਪੀ ਸੀ, ਉਸ ਦੀ ਇਕ ਵੀ ਕਾਪੀ ਨਹੀਂ ਬਚੀ। ਅਕਸਰ ਪਬਲਿਸ਼ਰ ਕੀਮਤਾਂ ਜ਼ਿਆਦਾ ਰੱਖਦੇ ਨੇ। ਕਈ ਪਬਲਿਸ਼ਰ, ਲੇਖਕ ਉੱਤੇ ਰੋਹਬ ਪਾਉਂਦੇ ਹੋਏ ਉਸਨੂੰ ਆਪਣੇ ਅਨੁਸਾਰ ਚੱਲਣ ਲਈ ਮਜਬੂਰ ਕਰ ਦਿੰਦੇ ਹਨ। ਮੇਰਾ ਇਕ ਦਿੱਲੀ ਦੇ ਪਬਲਿਸ਼ਰ ਨਾਲ ਵਾਹ ਪਿਆ। ਉਹ ਫੋਨ ਉੱਤੇ ਕੁਝ ਜ਼ਿਆਦਾ ਹੀ ਰੋਹਬ ਪਾਉਣ ਦੀ ਕੋਸ਼ਿਸ਼ ਕਰਿਆ ਕਰੇ। ਮੈਂ ਉਸ ਦਾ ਪੱਤਾ ਹੀ ਕੱਟ ਦਿੱਤਾ। ਵੈਸੇ ਜਿਨ੍ਹਾਂ ਨੇ ਮੇਰੀਆਂ ਬਾਕੀ ਕਿਤਾਬਾਂ ਛਾਪੀਆਂ ਹਨ, ਮੈਂ ਉਨ੍ਹਾਂ ਤੋਂ ਸੰਤੁਸ਼ਟ ਹਾਂ।

**ਪੰਜਾਬੀ ਆਲੋਚਕਾਂ ਬਾਰੇ ਕਿਹਾ ਜਾਂਦਾ ਹੈ ਕਿ ਇਹ ਮੂੰਹ ਦੇਖ ਕੇ ਟਿੱਕੇ ਲਾਉਂਦੇ ਹਨ। ਕੀ ਤੁਸੀਂ ਸਹਿਮਤ ਹੋ? ਹਾਂ ਜਾਂ ਨਾਂਹ ਵਿਚ ਆਪਣੀ ਰਇ ਦੱਸੋ?**

--ਜਦੋਂ ਆਲੋਚਨਾ ਅਤੇ ਪੰਜਾਬੀ ਆਲੋਚਕਾਂ ਬਾਰੇ ਗੱਲ ਤੁਰਦੀ ਹੈ ਤਾਂ ਬਹੁਤੇ ਹਾਂ ਹੀ ਕਹਿੰਦੇ ਨੇ। ਆਮ ਵਿਚਾਰ ਇਹ ਹੈ ਕਿ ਕਿਸੇ ਨਾ ਕਿਸੇ ਤਰੀਕੇ ਜੋੜ ਤੋੜ ਕਰਨ ਵਾਲੀ ਧਿਰ ਪੈਦਾ ਕਰ ਲੈਂਦੇ ਨੇ। ਬੌਸ ਬਣ ਚੁੱਕੇ ਆਲੋਚਕਾਂ ਦਾ ਇਹ ਹਾਲ ਹੈ ਕਿ ਇਕ ਵਾਰ ਜਿਹੜਾ ਨਾਵਾਂ ਦਾ ਢਾਂਚਾ ਬਣ ਗਿਆ ਉਸ ਵਿਚ ਥੋੜ੍ਹੀ ਬਹੁਤ ਤਬਦੀਲੀ ਕਰ ਕੇ ਆਲੋਚਨਾ ਦਾ ਲੇਖ ਤਿਆਰ। ਅਗਲੀ ਵਾਰੀ ਫਿਰ ਕੁਝ ਕੁ ਪਹਿਲੇ ਨਾਂ ਛੱਡ ਕੇ ਨਵੇਂ ਪਾ ਲਏ ਜਾਂਦੇ ਹਨ। ਬਹੁਤੇ ਲੇਖਕ ਆਪ ਹੀ ਆਲੋਚਕਾਂ ਦੇ ਮਗਰ ਮਗਰ ਫਿਰਦੇ ਨੇ। ਬਹੁਤ ਘੱਟ ਅਜਿਹੇ ਆਲੋਚਕ ਹਨ ਜੋ ਬੇਬਾਕ ਹਨ ਅਤੇ ਮੂੰਹ ਦੇਖ ਕੇ ਟਿੱਕਾ ਨਹੀਂ ਲਾਉਂਦੇ। ਕਈ ਆਲੋਚਕ ਲੇਖਕਾਂ ਨੂੰ ਨਰਾਜ਼ ਨਹੀਂ ਕਰਨਾ ਚਾਹੁੰਦੇ। ਇਸ ਤਰ੍ਹਾਂ ਰਲਿਆ ਮਿਲਿਆ ਹੀ ਚੱਲਦਾ ਹੈ।ਆਲੋਚਕਾਂ ਤੋਂ ਸਾਰਾ ਸਾਹਿਤ ਪੜ੍ਹਿਆ ਵੀ ਨਹੀਂ ਜਾਂਦਾ। ਉਨ੍ਹਾਂ ਨੇ ਵੀ ਰੋਟੀ ਰੋਜ਼ੀ ਦਾ ਪ੍ਰਬੰਧ ਕਰਨਾ ਹੁੰਦਾ ਹੈ।

**ਤੁਹਾਨੂੰ ਨਹੀਂ ਲੱਗਦਾ ਨਵੀਂ ਪੀੜ੍ਹੀ ਸਾਹਿਤ ਪੜ੍ਹਨ ਤੋਂ ਮੁਨਕਿਰ ਹੈ?**

--ਠੀਕ ਹੈ, ਸਾਹਿਤ ਪੜ੍ਹਨ ਦੀ ਰੁਚੀ ਪਹਿਲਾਂ ਨਾਲੋਂ ਘਟ ਰਹੀ ਹੈ। ਸੋਸ਼ਲ ਮੀਡੀਏ ਨੇ ਨਵੀਂ ਪੀੜ੍ਹੀ ਖੱਸੀ ਕਰ ਦਿੱਤੀ। ਸਮਾਂ ਬਰਬਾਦ ਕੀਤਾ ਹੈ।ਹਰ ਇਕ ਦੇ ਹੱਥ 'ਚ ਨੈੱਟ। ਸਾਹਿਤ

ਸਭਾਵਾਂ ਵਿਚ ਬਹੁਤੇ ਕਵੀ ਮੋਬਾਇਲ ਤੋਂ ਕਵਿਤਾ ਪੜ੍ਹਦੇ ਨੇ। ਫੇਸ ਬੁੱਕ 'ਤੇ ਲਾਈਕ ਕਰਦੇ। ਮੈਂ ਇਕ ਨਵੇਂ ਕਵੀ ਨੂੰ ਪੁਛਿਆ, 'ਕਿੰਨੇ ਕੁ ਮੈਗਜ਼ੀਨ ਤੇ ਕਿਤਾਬਾਂ ਪੜ੍ਹਦੇ ਹੋ?' ਉਸ ਨੇ ਦੱਸਿਆ ਕਿ ਮੋਬਾਇਲ ਤੋਂ ਅਖਬਾਰ ਪੜ੍ਹਦਾ ਹਾਂ। ਮੈਂ ਮੈਗਜ਼ੀਨ ਸੈਕਸ਼ਨ ਦੇ ਪੜ੍ਹਨ ਬਾਰੇ ਪੁੱਛ ਲਿਆ। ਉਸ ਦਾ ਉਤਰ ਸੀ, 'ਓ ਤਾਂ ਜੀ ਕਦੇ ਦੇਖਿਆ ਨੀਂ। ਉਸ ਨੇ ਕਿਤਾਬਾਂ ਕਿੱਥੋਂ ਪੜ੍ਹਨੀਆਂ। ਫਿਰ ਵੀ ਇਸ ਵਾਰ ਦਿੱਲੀ ਵਿਚ ਲੱਗੇ ਪੁਸਤਕ ਮੇਲੇ ਦੀ ਇਕ ਰੀਪੋਰਟ ਅਨੁਸਾਰ 21 ਸਾਲ ਤੋਂ 35 ਸਾਲ ਦੀ ਉਮਰ ਵਾਲਿਆਂ ਨੇ ਜ਼ਿਆਦਾ ਕਿਤਾਬਾਂ ਖਰੀਦੀਆਂ। ਪਰ ਪੰਜਾਬੀ ਸਟਾਲਾਂ 'ਤੇ ਨਵੀਂ ਪੀੜ੍ਹੀ ਘੱਟ ਸੀ। ਪਿਛਲੇ ਸਾਲਾਂ ਤੋਂ ਸੋਸ਼ਲ ਮੀਡੀਆ, ਬੇਰੁਜ਼ਗਾਰੀ, ਨਸ਼ਾ, ਸਿਸਟਮ ਵਿਚ ਫੈਲੀ ਹੋਈ ਅਸਹਿਣਸ਼ੀਲਤਾ ਵੀ ਪੜ੍ਹਨ ਵਿਚ ਰੁਚੀ ਘਟਣ ਦੇ ਕਾਰਨ ਹੋ ਸਕਦੇ ਹਨ।

**ਪੰਜਾਬੀ ਵਿਚ ਕਿੰਨੇ ਹੀ ਨਵੇਂ ਮੈਗਜ਼ੀਨ ਆ ਰਹੇ ਹਨ। ਇਹਨਾਂ ਦਾ ਕੀ ਭਵਿੱਖ ਹੈ? ਕੀ ਮੈਗਜ਼ੀਨ ਕੱਢਣ ਲਈ ਮਾਲਕ ਜਾਂ ਸੰਪਾਦਕ ਦਾ ਸਾਹਿਤ ਨਾਲ ਜੁੜੇ ਹੋਣਾ ਜ਼ਰੂਰੀ ਹੈ?**

--ਬਿਲਕੁਲ ਸਹੀ ਹੈ ਕਿ ਬਹੁਤ ਸਾਰੇ ਨਵੇਂ ਮੈਗਜ਼ੀਨ ਆ ਰਹੇ ਹਨ। ਆਪਣੇ ਆਪਣੇ ਗਰੁੱਪਾਂ ਵਿਚ ਮੈਗਜ਼ੀਨ ਪੈਦਾ ਹੋਣ ਲੱਗ ਪਏ ਹਨ। ਜਿਹੜਾ ਵੀ ਨਵਾਂ ਲੇਖਕ ਬਣਦਾ ਹੈ, ਉਹ ਝੱਟ ਮੈਗਜ਼ੀਨ ਕੱਢਣ ਦੀ ਕਰਦੈ ਤਾਂ ਕਿ ਆਪਣੇ ਗਰੁੱਪ ਦੇ ਨਵੇਂ ਲੇਖਕਾਂ ਨੂੰ ਛਾਪ ਸਕੇ। ਚੰਗੇ ਮੈਗਜ਼ੀਨਾਂ ਵਿਚ ਨਾ ਛਪਣ ਦੀ ਨਿਰਾਸ਼ਾ ਕਰਕੇ ਵੀ ਆਪ ਮੈਗਜ਼ੀਨ ਸ਼ੁਰੂ ਕਰ ਲੈਂਦੇ ਹਨ। ਕਈ ਚੰਗੇ ਲੇਖਕ ਆਪਣੀ ਵੱਖਰੀ ਸੋਚ ਦਾ ਸੁਨੇਹਾ ਦੇਣ ਲਈ ਵੀ ਨਵਾਂ ਮੈਗਜ਼ੀਨ ਕੱਢ ਲੈਂਦੇ ਹਨ। ਕਈ ਮੈਗਜ਼ੀਨ ਕਾਹਲ 'ਚ ਨਿਕਲੇ ਬੰਦ ਹੋ ਜਾਂਦੇ ਹਨ। ਬਾਕੀ ਮਾਲਕ ਜਾਂ ਸੰਪਾਦਕ ਦਾ ਸਾਹਿਤ ਨਾਲ ਸੰਬੰਧ ਹੋਣਾ ਜ਼ਰੂਰੀ ਹੈ ਤਾਂ ਹੀ ਆਈਆਂ ਰਚਨਾਵਾਂ ਵਿਚੋਂ ਪਾਏਦਾਰ ਰਚਨਾਵਾਂ ਦੀ ਚੋਣ ਕਰ ਸਕਣ। 'ਸਿਰਜਣਾ', 'ਸਮਕਾਲੀ ਸਾਹਿਤ', 'ਸ਼ਬਦ', 'ਲਕੀਰ', 'ਹੁਣ', 'ਰਾਗ', 'ਨਜ਼ਰੀਆ, 'ਏਕਮ', 'ਪ੍ਰਵਚਨ' 'ਕਹਾਣੀ ਪੰਜਾਬ', 'ਕਹਾਣੀ ਧਾਰਾ' ਆਦਿ ਮੈਗਜ਼ੀਨਾਂ ਦੇ ਸੰਪਾਦਕ ਜਾਂ ਮਾਲਕ, ਲੇਖਕ ਜਾਂ ਪੰਜਾਬੀ ਸਾਹਿਤ ਨਾਲ ਸਿੱਧਾ ਸੰਬੰਧ ਰੱਖਣ ਵਾਲੇ ਲੋਕ ਹਨ। ਇਹੋ ਕਾਰਨ ਹੈ ਕਿ ਇਨ੍ਹਾਂ ਵਿਚ ਛਪੀਆਂ ਰਚਨਾਵਾਂ ਚੰਗੀਆਂ ਹੁੰਦੀਆਂ ਹਨ।

**ਆਪਣੇ ਮੁੱਢਲੇ ਜੀਵਨ ਬਾਰੇ ਦੱਸੋ। ਆਪਣੇ ਜਨਮ, ਜਨਮ ਸਥਾਨ, ਮਾਤਾ ਪਿਤਾ ਅਤੇ ਪਰਿਵਾਰ ਬਾਰੇ ਸੰਖੇਪ ਵਿਚ ਚਾਨਣਾ ਪਾਓ।**

--ਅਵਤਾਰ ਜੀ ਮੇਰਾ ਜਨਮ ਇਕ ਸਾਧਾਰਣ ਪਰਿਵਾਰ ਦੇ ਕਿਸਾਨ, ਸ.ਬੰਤਾ ਸਿੰਘ ਘੁਮਾਣ ਦੇ ਘਰ, ਮਾਤਾ ਕਰਤਾਰ ਕੌਰ ਦੀ ਕੁੱਖੋਂ ਚੌਦਾਂ ਭਾਦੋਂ ਨੂੰ ਪਿੰਡ ਸਰਵਰਪੁਰ, ਤਸੀਲ ਸਮਰਾਲਾ (ਲੁਧਿਆਣਾ) ਹੋਇਆ ਦੱਸਿਆ ਗਿਆ ਹੈ। ਸੰਨ ਦਾ ਕਿਸੇ ਨੂੰ ਯਾਦ ਨਹੀਂ। ਪਰ ਸਕੂਲ ਦੇ ਦਾਖਲੇ ਵੇਲੇ 17 ਮਈ 1943 ਲਿਖਵਾਇਆ ਗਿਆ, ਜੋ ਸੰਨਤ ਬਣ ਗਿਆ। ਬਾਬਾ ਜੀ ਦੇ ਛੇ ਪੁੱਤਰ ਤੇ ਦੋ ਧੀਆਂ ਸਨ। ਬਾਪੂ ਜੀ ਦੂਜੇ ਨੰਬਰ 'ਤੇ ਵੱਡੇ ਸਨ। ਇਸ ਵੇਲੇ ਦੋ ਭੂਆ ਹੀ ਬਚੀਆਂ ਨੇ ਜੋ ਪਿੰਡ ਦੀਵਾਲੇ (ਸਮਰਾਲਾ) ਸੁੱਖੀ-ਸਾਂਦੀ ਹਨ। ਬਾਪੂ ਜੀ ਹੋਰੀਂ ਸਾਰੇ ਅਨਪੜ੍ਹ ਸਨ। ਖੇਤੀ ਦੇ ਕੰਮ ਤੋਂ ਬਿਨਾ ਉਨ੍ਹਾਂ ਨੂੰ ਕੋਈ ਗਿਆਨ ਨਹੀਂ ਸੀ। ਸਿਰਫ ਤਾਇਆ ਜੀ ਦਸਵੀਂ ਕਰਕੇ ਬਰਮਾ, ਲਾਹੌਰ ਥੋੜ੍ਹਾ ਚਿਰ ਰਹਿ ਕੇ ਖੰਨੇ-ਕੋਟਾਲੇ (ਸਮਰਾਲਾ) ਰਹਿਣ ਲੱਗ ਪਏ ਸਨ। ਉਨ੍ਹਾਂ ਦਾ ਟੱਬਰ ਅੱਗੇ ਅਮਰੀਕਾ, ਕਨੇਡਾ ਆਸਟ੍ਰੇਲੀਆ ਤਕ ਫੈਲ ਗਿਆ। ਬਾਕੀ ਟੱਬਰ ਨੇ 1954-55 ਦੇ ਲਗ ਭੱਗ ਪਿੰਡ ਭਰਪੂਰਗੜ੍ਹ ਤਸੀਲ-ਅਮਲੋਹ(ਫਤਿਹਗੜ੍ਹ ਸਾਹਿਬ) ਜ਼ਮੀਨ ਲੈ ਲਈ ਸੀ। ਸੋ ਹੌਲੀ ਹੌਲੀ ਬਾਪੂ ਜੀ ਅਤੇ ਇਕ ਚਾਚਾ ਜੀ ਨੂੰ ਪੱਕੀ ਹੀ ਇਸ ਪਿੰਡ ਦੀ ਜ਼ਮੀਨ ਸੰਭਾਲ ਦਿੱਤੀ। ਦੂਜੇ ਤਿੰਨ ਚਾਚੇ ਸਰਵਰਪੁਰ ਦੀ ਜ਼ਮੀਨ 'ਤੇ ਹੀ ਰਹਿ ਗਏ। ਉਨ੍ਹਾਂ ਦੇ ਬੱਚੇ ਵੀ ਕਈ ਦੇਸ਼-ਵਿਦੇਸ਼ 'ਚ ਫੈਲ ਗਏ। ਮੇਰਾ ਪਿੰਡ ਤਾਂ ਭਰਪੂਰਗੜ੍ਹ ਹੋ ਗਿਆ। ਪਰ ਬੱਚਿਆਂ ਲਈ, ਸੇਵਾ ਮੁਕਤੀ ਤੋਂ ਬਾਅਦ ਮੇਰਾ ਟੱਬਰ ਖੰਨੇ ਰਹਿਣ ਲੱਗ ਪਿਆ। ਸਾਡੇ ਬੇਟਾ ਤੇ ਬੇਟੀ ਹਨ। ਬੇਟੀ, ਖੰਨੇ

ਤੋਂ ਨਜ਼ਦੀਕ ਹੀ ਵਿਆਹੀ ਹੋਈ। ਬੇਟੇ ਦੇ ਵੀ ਬੇਟਾ ਤੇ ਬੇਟੀ ਜੋ ਕਨੇਡਾ ਪੜ੍ਹਾਈ ਕਰਨ ਚਲੇ ਗਏ। ਨੂੰਹ, ਲੋਕਲ ਹੀ ਅਧਿਆਪਕਾ ਹੈ। ਉਸ ਕਰਕੇ ਹੀ ਖੰਨੇ ਰਹਿਣ ਲੱਗੇ ਸੀ। ਬੇਟਾ ਵੀ ਚੰਗੀ ਪ੍ਰਾਈਵੇਟ ਨੌਕਰੀ ਲੁਧਿਆਣੇ ਕਰ ਰਿਹਾ ਹੈ। ਪਹਿਲਾਂ ਤੋਂ ਹੀ ਅਸੀਂ ਇਕੱਠੇ ਰਹਿੰਦੇ ਹਾਂ। ਪਿੰਡ ਦੀ ਜ਼ਮੀਨ ਭਰਾ ਕੋਲ ਦਿੱਤੀ ਹੋਈ ਹੈ।

**ਬਚਪਨ ਅਤੇ ਮੁੱਢਲੀ ਪੜ੍ਹਾਈ ਕਿਵੇਂ ਰਹੀ। ਅਤੇ ਕਾਲਿਜ ਦੀ ਵਿਦਿਆ ਕਿੱਥੋਂ ਪ੍ਰਾਪਤ ਕੀਤੀ?**

--ਬਚਪਨ ਪਿੰਡ ਸਰਵਰਪੁਰ ਹੀ ਬੀਤਿਆ। ਮੁੱਢਲੀ ਪੜ੍ਹਾਈ ਵੀ ਉਥੇ ਰਹਿੰਦਿਆਂ ਸਰਕਾਰੀ ਸਕੂਲ ਵਿਚ ਪੰਜਵੀਂ ਤਕ ਕੀਤੀ। ਪਹਿਲੀ ਜਮਾਤ ਦੇ ਕਾਇਦੇ ਸ਼ੁਰੂ ਕੀਤਿਆਂ ਦੋ ਕੁ ਮਹੀਨੇ ਹੀ ਹੋਏ ਸੀ। ਸਰਕਾਰੀ ਹੁਕਮ ਆ ਗਏ ਕਿ ਉਰਦੂ ਦੇ ਕਾਇਦੇ ਬੰਦ ਕਰਕੇ ਪੰਜਾਬੀ ਦੇ ਪੜ੍ਹਾਓ। ਦੇਸ਼ ਆਜਾਦ ਹੋ ਗਿਆ ਹੈ। ਉਰਦੂ ਪਾਕਿਸਤਾਨ ਵਿਚ ਚਲਾ ਗਿਆ। ਸਾਡੇ ਅਧਿਆਪਕ ਉਰਦੂ ਹੀ ਪੜ੍ਹੇ ਹੋਏ ਸਨ। ਉਹ ਆਪਸ ਵਿਚ ਮਖੌਲ ਕਰਕੇ ਹੱਸਦੇ ਕਿ ਹੁਣ ਪੰਜਾਬੀ ਲਿਖਣੀ ਸਿਖਣੀ ਪਏਗੀ। ਅਸੀਂ ਸਾਰੇ ਖੁਸ਼ ਕਿ ਜਿਹੜੀ ਬੋਲੀ ਬੋਲਦੇ ਹਾਂ ਉਹ ਪੜਿਆ ਕਰਾਂਗੇ। ਮੇਰੀ ਮੁੱਢਲੀ ਪੜ੍ਹਾਈ ਸ਼ੁਰੂ ਹੋਣ ਵੇਲੇ ਹੀ ਪੰਜਾਬੀ ਪੜ੍ਹਾਉਣੀ ਸ਼ੁਰੂ ਹੋਈ ਸੀ। ਛੇਵੀਂ ਤੋਂ ਦਸਵੀਂ ਤੱਕ, ਸਰਕਾਰੀ ਸਕੂਲ ਸਮਰਾਲੇ ਤੇ ਬੀ.ਏ.ਭਾਗ ਦੂਜੇ ਤੱਕ ਏ.ਐਸ.ਕਾਲਜ ਖੰਨੇ ਪੜ੍ਹਿਆ। ਇਸੇ ਦੌਰਾਨ ਮਲੇਰਕੋਟਲੇ ਜੇ.ਬੀ.ਟੀ. ਵਿਚ ਦਾਖਲਾ ਲੈ ਲਿਆ। ਉਥੇ ਸਕੂਲ ਦੇ ਨਿਆਣਿਆਂ ਵਿਚ ਤੱਪੜਾਂ ਉੱਤੇ ਬੈਠਣਾ ਚੰਗਾ ਨਾ ਲੱਗਣ ਕਰਕੇ ਦਿਲ ਨਾ ਲੱਗਾ। ਫਿਰ ਜੇ.ਬੀ.ਟੀ. ਵਿਚੇ ਛੱਡ ਕੇ ਅਗਲੇ ਸਾਲ ਮਾਲਵਾ ਕਾਲਜ ਬੌਂਦਲੀ(ਸਮਰਾਲੇ) ਤੋਂ ਬੀ.ਏ.ਕੀਤੀ। ਮੇਰੇ ਮਨ 'ਚ ਸੀ ਕਿ ਬੀ.ਏ. ਕਰਕੇ ਬੀ. ਐਡ. ਕਰਾਂਗਾ ਪਰ ਉਸੇ ਸਾਲ ਟੀਚਰਾਂ ਦੇ ਗਰੇਡ ਵੱਧ ਗਏ। ਮੈਂ ਅਣਜਾਣ ਸੀ ਫਿਰ ਬੀ.ਐਡ. 'ਚ ਕਿਤੇ ਦਾਖਲਾ ਨਾ ਮਿਲਿਆ। ਪਰਿਵਾਰ ਅਣਪੜ੍ਹ ਸੀ। ਤਾਇਆ ਜੀ ਉਸ ਵੇਲੇ ਦਸਵੀਂ ਪਾਸ ਬਹੁਤ ਪਹਿਲਾਂ ਪਰੇ ਹੋ ਗਏ ਸੀ। ਐਮ.ਏ.ਪੰਜਾਬੀ 'ਚ ਦਾਖਲਾ ਲੈਣ ਲਈ ਲਾਣੇਦਾਰ ਚਾਚੇ ਤੋਂ ਫੀਸ ਲੈ ਲਈ ਪਰ ਸਭ ਤੋਂ ਛੋਟੇ ਚਾਚੇ ਜੋ ਅੱਠਵੀਂ ਪੜਿਆ ਹੋਇਆ ਸੀ, ਨੇ ਢੁੱਚਰ ਅੜਾਅ ਦਿੱਤੀ ਕਿ ਯੂਨੀਵਰਸਿਟੀ 'ਚ ਮਾਹੌਲ ਠੀਕ ਨਹੀਂ ਹੁੰਦਾ,ਮੁੰਡੇ ਵਿਗੜ ਜਾਂਦੇ ਨੇ। ਬਾਕੀ ਤੇਰੀ ਮਰਜੀ। ਬਾਪੂ ਜੀ ਖੇਤੀ 'ਚ ਜੁਟੇ ਰਹਿੰਦੇ। ਮੈਂ ਪੰਜਾਬੀ ਯੂਨੀਵਰਸਿਟੀ ਚਲਾ ਤਾਂ ਗਿਆ ਪਰ ਢੁੱਚਰ ਕਰਕੇ ਦਾਖਲੇ ਲਈ ਮਨ ਨਾ ਮੰਨਿਆ। ਮੈਂ ਮਿਥਿਆ ਹੋਇਆ ਸੀ ਕਿ ਅਗੇ ਪੜ੍ਹਨਾ ਜਰੂਰ ਹੈ। ਪ੍ਰਾਈਵੇਟ ਦਾਖਲਾ ਭਰ ਦਿੱਤਾ। ਪਹਿਲਾ ਭਾਗ ਪਾਸ ਹੋ ਗਿਆ। ਉਦੋਂ ਹੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ 1969 ਵਿਚ ਸਥਾਪਤ ਹੋ ਗਈ। ਮੇਰੇ ਦੋਸਤ ਸਰਦੂਲ ਸਿੰਘ ਨੇ ਮੈਨੂੰ ਵੀ ਕਲੱਰਕ ਦਾ ਫਾਰਮ ਭਰਾ ਦਿੱਤਾ। ਸੌਖੀ ਹੀ ਨੌਕਰੀ ਮਿਲ ਗਈ। ਐਮ.ਏ. ਭਾਗ ਦੂਜਾ ਨੌਕਰੀ ਦੌਰਾਨ ਉਥੇ ਕੀਤਾ।

**ਕਿਸੇ ਅਧਿਆਪਕ ਪਾਸੋਂ ਸਾਹਿਤ ਲਿਖਣ ਦੀ ਪ੍ਰੇਰਨਾ ਮਿਲੀ ਜਾਂ ਤੁਹਾਡਾ ਪ੍ਰੇਰਨਾ ਸ੍ਰੋਤ ਕੋਈ ਹੋਰ ਸੀ?**

--ਸਾਹਿਤ ਲਿਖਣ ਦੀ ਪ੍ਰੇਰਨਾ ਖੰਨੇ ਕਾਲਿਜ ਵਿਚ ਪ੍ਰੋ: ਐਚ.ਕੇ. ਰਤਨ ਜੀ ਤੋਂ ਮਿਲੀ। ਜਿਵੇਂ ਮੈਂ ਪਹਿਲਾਂ ਦੱਸਿਆ ਸੇਖੋਂ, ਧੀਰ,ਵਿਰਕ, ਸੁਜਾਨ ਸਿੰਘ ਆਦਿ ਦੀਆਂ ਕਹਾਣੀਆਂ ਮੈਨੂੰ ਆਪਣੀਆਂ ਜਾਪਦੀਆਂ। ਮੈਂ ਵੀ ਆਪਣਾ ਆਲਾ ਦੁਆਲਾ ਨੀਝ ਨਾਲ ਵੇਖਣਾ ਸ਼ੁਰੂ ਕਰ ਦਿੱਤਾ। ਲਾਇਬਰੇਰੀ ਵਿਚ ਆਉਂਦੇ 'ਆਰਸੀ', 'ਕਵਿਤਾ', 'ਪ੍ਰੀਤਲੜੀ', 'ਪੰਜ ਦਰਿਆ' ਵਰਗੇ ਰਸਾਲੇ ਵੇਖਕੇ ਪੜ੍ਹਨ ਲਈ ਬੁੱਕਸਟਾਲ ਤੋਂ ਖਰੀਦ ਲਿਆਉਂਦਾ। 'ਤੀਜਾ ਪਹਿਰ ਹੋਣ ਤਕ' ਕਹਾਣੀ ਲਿਖਣ ਤੋਂ ਪਿੱਛੋਂ ਪ੍ਰੋ:ਐਚ.ਕੇ.ਰਤਨ ਨੇ ਮੈਨੂੰ ਕਾਲਿਜ ਮੈਗਜੀਨ ਦੇ ਪੰਜਾਬੀ ਭਾਗ ਦਾ ਸੰਪਾਦਕ ਬਣਾ ਦਿੱਤਾ। ਰਤਨ ਜੀ ਦੀ ਪ੍ਰੇਰਨਾ ਸਦਕਾ ਮੈਂ ਅੱਗੇ ਲਿਖ ਸਕਿਆ। ਇਸੇ ਦੌਰਾਨ ਪਿੰਡ ਦੇ ਸਕੂਲ ਵਿਚ

ਮਾਸਟਰ ਮੁਹਿੰਦਰ ਸਿੰਘ ਰੂਮੀ ਕੋਲ, ਛੁੱਟੀਆਂ ਵਿਚ ਕੇਸਰ ਸਿੰਘ ਨੀਰ ਆ ਕੇ ਰਹਿੰਦੇ ਸੀ। ਉਹਨਾਂ ਦੀਆਂ ਸਾਹਿਤਕ ਗੱਲਾਂ ਸੁਣੀ ਜਾਣੀਆਂ। ਇਉਂ ਸਾਹਿਤ ਵਿਚ ਰੁਚੀ ਹੋਰ ਵੱਧਦੀ ਗਈ। ਫਿਰ 1970 ਤੋਂ ਅੰਮ੍ਰਿਤਸਰ ਯੂਨੀਵਰਸਿਟੀ ਵਿਚ ਜਾਣ ਕਰਕੇ ਡਾ. ਸੁਰਜੀਤ ਹਾਂਸ, ਐੱਸ. ਐੱਸ. ਸਾਗਰ, ਸ਼ਹਰਯਾਰ, ਜੋਗਿੰਦਰ ਕੈਰੋਂ, ਰਾਬਿੰਦਰ ਬਾਠ ਵਰਗਿਆਂ ਦੇ ਮੇਲ ਨਾਲ ਲਿਖਣ ਪੜ੍ਹਨ ਦਾ ਸ਼ਿਲਸਿਲਾ ਚਲਦਾ ਗਿਆ ਅਤੇ ਸਾਹਿਤਕ ਹੋਰ ਦਾਇਰਾ ਵੱਧਦਾ ਗਿਆ।

**ਕੀ ਤੁਹਾਨੂੰ ਵੀ ਬੇਰੁਜਗਾਰੀ ਦਾ ਸਾਹਮਣਾ ਕਰਨਾ ਪਿਆ?**

--ਬੀ.ਏ.ਕਰਨ ਤੋਂ ਬਾਅਦ ਨੌਕਰੀ ਦੇ ਇਸ਼ਤਿਹਾਰ ਦੇਖਣ ਲਈ ਮੈਂ ਖੰਨੇ ਤੋਂ ਐਤਵਾਰ ਨੂੰ 'ਟ੍ਰਿਬਿਊਨ' ਲੈ ਆਉਂਦਾ ਅਤੇ ਅਪਲਾਈ ਕਰਦਾ ਰਿਹਾ। ਇਨਕਮ ਟੈਕਸ ਵਿਭਾਗ ਵਿਚ ਇੰਸਪੈਕਟਰਾਂ ਦੀਆਂ ਆਸਾਮੀਆਂ ਨਿਕਲੀਆਂ। ਅਪਲਾਈ ਕਰਕੇ ਸਿਫਾਰਸ਼ਾਂ ਲੱਭੀਆਂ। ਐੱਮ.ਐੱਲ.ਏ.ਅਤੇ ਉੱਚ ਅਫਸਰ ਦੀ ਸਿਫਾਰਸ਼ ਪੁਆਈ। ਦੂਰੋਂ ਦੂਰੋਂ ਉਮੀਦਵਾਰ ਇੰਟਰਵਿਊ ਲਈ ਆਏ ਪਰ ਨਿਕਮ ਟੈਕਸ ਵਿਭਾਗ ਨੇ ਇੰਟਰਵਿਊ ਹੀ ਕੈਂਸਲ ਕਰ ਦਿੱਤੀ। ਕਾਫੀ ਦੇਰ ਅਖਬਾਰ ਵਿਚ ਵੇਕੈਂਸੀ ਦੇਖ ਕੇ ਅਪਲਾਈ ਕਰਦਾ ਰਿਹਾ। ਪਰ ਕਿਤੋਂ ਇੰਟਰਵਿਊ ਦਾ ਸੱਦਾ ਨਾ ਆਇਆ। ਅਖੀਰ ਬਿਜਲੀ ਬੋਰਡ 'ਚ ਕਲਰਕ ਦੀ ਨਿਯੁਕਤੀ ਹੋਈ ਪਰ ਮਗਰ ਹੀ ਉਹ ਕੈਂਸਲ ਕੀਤੇ ਜਾਣ ਦੀ ਚਿੱਠੀ ਮਿਲ ਗਈ। ਤੀਜੇ ਦਰਜੇ ਵਿਚ ਬੀ.ਏ.ਪਾਸ ਨੂੰ ਕਿਤੇ ਥਾਂ ਨਾ ਮਿਲੀ। ਖੈਰ 1969 ਵਿਚ ਅੰਮ੍ਰਿਤਸਰ ਵਿਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਸਥਾਪਨਾ ਨਾਲ ਅਗਲੇ ਸਾਲ ਉੱਥੇ ਮੈਨੂੰ ਸੌਖਿਆਂ ਹੀ ਰੱਖ ਲਿਆ। ਮੇਰਾ ਮਨ ਵੀ ਖੇਤੀ ਕਰਨ ਨੂੰ ਰਾਜ਼ੀ ਨਹੀਂ ਸੀ ਅਤੇ ਮੇਰੀ ਸਿਹਤ ਵੀ ਖੇਤੀ ਕਰਨ ਯੋਗ ਨਹੀਂ। ਛੋਟੀ-ਮੋਟੀ ਨੌਕਰੀ ਲੱਭ ਕੇ ਮੈਂ ਪਿੰਡ ਤੋਂ ਨਿਕਲਣਾ ਚਾਹੁੰਦਾ ਸਾਂ।

**ਯੂਨੀਵਰਸਿਟੀ ਵਿਚ ਸਰਵਿਸ ਕਰਦਿਆਂ ਤੁਹਾਨੂੰ ਕਿਹੋ ਜਿਹੇ ਤਜਰਬੇ ਹੋਏ?**

--ਯੂਨੀਵਰਸਿਟੀ ਵਿਚ ਜਾ ਕੇ ਜ਼ਿੰਦਗੀ ਦਾ ਨਵਾਂ ਹੀ ਅਧਿਆਏ ਖੁੱਲ੍ਹ ਗਿਆ। ਪਿੰਡ ਵਿਚੋਂ ਮੈਂ ਕਦੇ ਬਹੁਤਾ ਬਾਹਰ ਨਿਕਲਿਆ ਹੀ ਨਹੀਂ ਸੀ। ਦਫਤਰ ਵਿਚ, ਪੰਜਾਬ ਯੂਨਵਿਰਸਿਟੀ ਵਿਚੋਂ ਨੌਕਰੀ ਛੱਡ ਕੇ ਆਏ ਅਫਸਰਾਂ ਅਤੇ ਮੁਲਾਜ਼ਮਾਂ ਨੇ ਪਿਆਰ ਨਾਲ ਸਾਨੂੰ ਕੰਮ ਸਿਖਾਇਆ। ਮੈਂ ਦਫਤਰ ਦੇ ਕੰਮ ਪ੍ਰਤੀ ਪੂਰੀ ਇਮਾਨਦਾਰੀ ਰੱਖੀ। ਵਿਹਲੇ ਸਮੇਂ ਲਾਇਬਰੇਰੀ ਵਿਚ ਕਾਫੀ ਸਾਹਿਤ ਪੜ੍ਹਿਆ। ਜਦੋਂ ਕਹਾਣੀਆਂ ਛਪਣ ਲੱਗੀਆਂ ਤਾਂ ਅਫਸਰ ਤੇ ਮੁਲਾਜ਼ਮ ਮੇਰੇ ਤੋਂ ਥੋੜ੍ਹਾ ਝਿਜਕਣ ਲੱਗ ਪਏ। *ਲੁੱਕ 'ਚ ਫਸੇ ਪੈਰ* ਕਹਾਣੀ ਛਪਣ 'ਤੇ ਬਹੁਤ ਸਾਰੇ ਅੰਦਰੋ ਅੰਦਰੀ ਦੁਖੀ ਹੋਏ। ਕਹਾਣੀ ਲੁੱਕ 'ਚ ਫਸੇ ਕਤੂਰੇ ਵਾਂਗ ਮੁਲਾਜ਼ਮਾਂ ਦੇ ਚੀਕਣ ਦੀ ਹੈ। ਇਸ ਕਹਾਣੀ ਨੇ ਸਾਹਿਤ ਵਿਚ ਮੇਰੀ ਪਹਿਚਾਣ ਗੂਹੜੀ ਕੀਤੀ। ਟੀਚਿੰਗ ਵਿਭਾਗਾਂ ਦੇ ਕਈ ਅਧਿਆਪਕ ਤੇ ਸਕਾਲਰ ਵੀ ਮੈਤੋਂ ਝਿਜਕਣ ਲੱਗ ਪਏ ਸੀ। ਮੈਂ ਬਿਨਾਂ ਦਫਤਰੀ ਕੰਮ ਤੋਂ ਕਦੇ ਕਿਸੇ ਵੀ ਟੀਚਿੰਗ ਵਿਭਾਗ ਵਿਚ ਨਹੀਂ ਗਿਆ। ਹਾਂ,ਜਿਹੜੇ ਪ੍ਰੋਫੈਸਰ ਮੇਰੀਆਂ ਕਹਾਣੀਆਂ ਨੂੰ ਚੰਗੀਆਂ ਸਮਝਦੇ ਸੀ ਉਹਨਾਂ ਕੋਲ ਮੈਂ ਬਿਨਾਂ ਝਿਜਕ ਜਾਂਦਾ ਅਤੇ ਆਪਣੀਆਂ ਲਿਖਤਾਂ ਉਹਨਾਂ ਨੂੰ ਪੜ੍ਹਾਉਂਦਾ। ਅਸੀਂ ਵਿਚਾਰ ਵਿਟਾਂਦਰਾ ਵੀ ਕਰਦੇ।

ਯੂਨੀਵਰਸਿਟੀ ਵਿਚ ਸ਼ਹਰਯਾਰ, ਸ ਸ ਸਾਗਰ, ਜੋਗਿੰਦਰ ਕੈਰੋਂ, ਹਰਚੰਦ ਸਿੰਘ ਬੇਦੀ, ਰਾਬਿੰਦਰ ਬਾਠ ਅਤੇ ਮੈਂ ਰਲ ਕੇ ਸਾਹਿਤ ਸਭਾ ਬਣਾਈ। ਅਸੀਂ ਹਰ ਸਨਿਚਰਵਾਰ ਨੂੰ ਕੈਂਪਸ ਦੇ ਖੁੱਲ੍ਹੇ ਲਾਅਨ 'ਚ ਮੀਟਿੰਗ ਕਰਨ ਲੱਗ ਪਏ। ਸ਼ਹਿਰ ਤੋਂ ਵੀ ਹੋਰ ਲੇਖਕ ਆ ਜਾਂਦੇ। ਉਦੋਂ ਕੁ ਹੀ ਸ਼ਹਰਯਾਰ ਨੇ ਪੀਐਚ. ਡੀ. ਦੀ ਡਿਗਰੀ ਕੀਤੀ। ਨਾਨ-ਟੀਚਿੰਗ ਕਰਮਚਾਰੀਆਂ ਵਿਚੋਂ ਇਹ ਪਹਿਲਾ ਸਾਹਿਤ ਦਾ ਡਾਕਟਰ ਬਣਿਆ ਸੀ। ਅਸੀਂ ਉਸ ਦਾ ਵੱਡੇ ਪੱਧਰ 'ਤੇ ਸੈਨੇਟ ਹਾਲ ਵਿਚ ਸਨਮਾਨ ਕੀਤਾ। ਸਾਹਿਤ ਸਭਾ ਵੱਲੋਂ ਹੋਰ ਵੀ ਕਈ ਵੱਡੇ ਸਮਾਗਮ ਕੀਤੇ।

ਦਫਤਰ ਦੇ ਕੰਮ ਦੇ ਮਾਮਲੇ ਵਿਚ ਮੈਂ ਕਿਸੇ ਦੀ ਸਿਫਾਰਸ਼ ਨਹੀਂ ਸੀ ਮੰਨਦਾ। ਇਕ ਵਾਰ ਐਜੂਕੇਸ਼ਨ ਸੈਕਟਰੀ ਦਾ ਯੂਨੀਵਰਸਿਟੀ ਨੂੰ ਫੋਨ ਆਇਆ ਕਿ ਬੀ. ਕਾਮ. ਦੇ ਇਕ ਪੇਪਰ ਦੀ ਡੇਟ ਸ਼ੀਟ ਪਹਿਲਾਂ ਕਰਨੀ ਹੈ। ਮੈਂ ਅੜ ਗਿਆ ਕਿ ਛਪੀ ਹੋਈ ਤਾਰੀਖ ਨਹੀਂ ਬਦਲੀ ਜਾ ਸਕਦੀ। ਵਿਦਿਆਰਥੀਆਂ ਨੇ ਪਹਿਲੀ ਛਪੀ ਤਾਰੀਖ ਹੀ ਵੇਖਣੀ ਹੈ, ਐਡਵਾਂਸ ਕਰਨ ਨਾਲ ਬਹੁਤੇ ਵਿਦਿਆਰਥੀਆਂ ਦਾ ਪੇਪਰ ਰਹਿ ਜਾਵੇਗਾ। ਰਜਿਸਟਰਾਰ ਤਕ ਯੂਨੀਵਰਸਿਟੀ ਦੇ ਵੱਡੇ ਅਧਿਕਾਰੀ ਡਰ ਰਹੇ ਸਨ ਪਰ ਮੈਂ ਅੜਿਆ ਰਿਹਾ। ਆਖਰ ਮੇਰੀ ਗੱਲ ਹੀ ਮੰਨੀ ਗਈ ਅਤੇ ਬੀ.ਕਾਮ ਦੇ ਪੇਪਰ ਦੀ ਡੇਟ ਨਹੀਂ ਬਦਲੀ। ਮੇਰੇ ਸਹੀ ਅੜਨ ਦੀ ਪੁਸ਼ਟੀ,ਮੇਰੀ ਸੇਵਾ ਮੁਕਤੀ 'ਤੇ ਬੋਲਦਿਆਂ ਉਸ ਸਮੇਂ ਦੇ ਵੀ.ਸੀ. ਡਾ.ਐੱਸ.ਪੀ ਸਿੰਘ ਤੋਂ ਹੋਈ। ਉਹਨਾਂ ਕਿਹਾ ਕਿ ਇਸ ਨੂੰ ਤਾਂ ਮੈਂ ਵੀ ਕੋਈ ਕੰਮ ਨਹੀਂ ਸੀ ਕਹਿ ਸਕਦਾ। ਸੋ ਬੇਦਾਗ ਸੇਵਾ ਮੁਕਤ ਹੋਇਆ। ਗੱਲਾਂ ਤਾਂ ਹੋਰ ਵੀ ਹਨ। ਕੁੱਲ ਮਿਲਾ ਕੇ ਹਰ ਤਰ੍ਹਾਂ ਦਾ ਤਜਰਬਾ ਹੋਇਆ।

**ਤੁਹਾਡਾ ਪਹਿਲਾ ਕਹਾਣੀ ਸੰਗ੍ਰਹਿ 'ਲੁੱਕ ਵਿਚ ਫਸੇ ਪੈਰ' ਛਪਦਿਆਂ ਹੀ ਚਰਚਾ ਵਿਚ ਆ ਗਿਆ ਸੀ। ਤੁਹਾਡੇ ਖਿਆਲ ਵਿਚ ਇਸ ਦਾ ਕੀ ਕਾਰਨ ਸੀ?**

--'ਲੁੱਕ ਵਿਚ ਫਸੇ ਪੈਰ' ਦਾ ਚਰਚਾ ਵਿਚ ਆਉਣਾ ਮੇਰੇ ਖਿਆਲ ਵਿਚ ਆਮ ਜ਼ਿੰਦਗੀ ਦੀਆਂ ਦਫਤਰੀ ਮੁਸੀਬਤਾਂ ਝੱਲ ਰਹੇ ਪਾਤਰਾਂ ਦੀ ਪੇਸ਼ਕਾਰੀ ਕਰਕੇ ਹੈ। ਉਹ ਸਖਤ ਮਿਹਨਤ ਕਰਕੇ ਵੀ ਗੁਜ਼ਾਰਾ ਨਹੀਂ ਕਰ ਸਕਦੇ। ਉਹ ਜ਼ਿੰਦਗੀ ਨਾਲ ਲੜ ਤਾਂ ਰਹੇ ਹਨ ਪਰ ਉਪਰ ਉਠਣ ਦਾ ਉਹਨਾਂ ਨੂੰ ਰਾਹ ਨਹੀਂ ਲੱਭਦਾ। ਉਹ ਦਫਤਰੀ ਮਾਹੌਲ ਦੀ ਘੁਟਣ ਵਿਚੋਂ ਨਿਕਲਣ ਦੀਆਂ ਗੱਲਾਂ ਤਾਂ ਕਰਦੇ ਹਨ ਪਰ ਨੌਕਰੀ ਛੱਡ ਕੇ ਵੀ ਨਹੀਂ ਜਾ ਰਹੇ। ਇਹ ਕਹਾਣੀ ਹਰ ਇਕ ਕੰਮ ਕਰਨ ਵਾਲੇ ਉੱਤੇ ਢੁਕਦੀ ਹੈ। ਪਾਠਕ ਨੂੰ ਮਨ ਦੀ ਪੀੜਾ ਮਹਿਸੂਸ ਹੁੰਦੀ ਹੈ। ਉਸੇ ਤਰ੍ਹਾਂ ਦੇ ਬਾਕੀ ਕਹਾਣੀਆਂ ਦੇ ਪਾਤਰ ਆਪਣੇ ਆਪਣੇ ਰੋਲ ਵਿਚ ਹਨ। ਹਰ ਵਰਗ ਨਾਲ ਸੰਬੰਧਤ ਕਹਾਣੀਆਂ ਹਨ। *ਨੀਂਹ* ਕਹਾਣੀ ਵਿਚ ਪ੍ਰਾਇਮਰੀ ਸਕੂਲ ਦਾ ਟੀਚਰ ਸਾਹਮਣੇ ਬੈਠੇ ਬੱਚਿਆਂ ਨੂੰ ਤਾਂ ਪੜ੍ਹਾ ਨਹੀਂ ਰਿਹਾ। ਉਹ ਆਪਣੇ ਬੱਚੇ ਨੂੰ ਅੰਗਰੇਜ਼ੀ ਸਕੂਲ 'ਚ ਪੜ੍ਹਾ ਰਿਹੈ, ਕਹਿੰਦਾ ਨੀਂਹ ਪੱਕੀ ਹੋਜੂ। *ਗੁਬਾਰੇ* ਵਿਚ ਗਰੀਬ ਬੱਚੇ,ਅਰਥੀ ਨਾਲ ਬੰਨ੍ਹੇ ਗੁਬਾਰੇ ਲੁੱਟਣ ਦਾ ਇੰਤਜ਼ਾਰ ਕਰਦੇ ਹਨ। ਇਹ ਕਹਾਣੀਆਂ ਸਹਿਜ-ਸੁਭਾਅ ਹੀ ਲਿਖੀਆਂ ਗਈਆਂ।

**ਕੱਚੀ ਖੂਹੀ ਦੀਆਂ ਕਹਾਣੀਆਂ ਦੇ ਵਿਸ਼ਿਆਂ ਬਾਰੇ ਕੁਝ ਦੱਸੋ?**

--'ਕੱਚੀ ਖੂਹੀ' ਦੀਆਂ ਕਹਾਣੀਆਂ ਦੇ ਵਿਸ਼ੇ ਵੀ ਵੱਖ ਵੱਖ ਹਨ। ਉਦੋਂ ਬਲਿਊ ਸਟਾਰ ਵਾਪਰ ਚੁੱਕਿਆ ਸੀ। ਅੰਮ੍ਰਿਤਸਰ 'ਚ ਹੋਣ ਕਰਕੇ ਇਸ ਅਣਹੋਣੀ ਦੀ ਤਕਲੀਫ ਤਾਂ ਸਾਨੂੰ ਹੋਣੀ ਹੀ ਸੀ। ਓਸ ਦਰਦ ਨੂੰ ਸਾਰਿਆਂ ਨੇ ਹੰਢਾਇਆ ਅਤੇ ਉਸੇ ਤਰ੍ਹਾਂ ਦੇ ਵਿਸ਼ੇ ਆਉਣੇ ਸੁਭਾਵਕ ਸਨ। *ਕੱਚੀ ਖੂਹੀ* ਵਿਚ ਡਿੱਗੇ ਅੰਨ੍ਹੇ ਬੰਦੇ ਦੀ ਤ੍ਰਾਸਦੀ ਸੀ ਕਿ ਉਹ ਮਿੱਟੀ ਨੂੰ ਫੜ ਫੜ ਕੇ ਉਪਰ ਚੜ੍ਹਨ ਦੀ ਕੋਸ਼ਿਸ਼ ਕਰਦਾ ਹੈ ਪਰ ਮਿੱਟੀ ਭੁਰਨ ਕਰਕੇ ਚੜ੍ਹ ਨਹੀਂ ਹੁੰਦਾ। ਉਸ ਦੇ ਸਿਰ ਉੱਤੇ ਹੈਲੀਕਾਪਟਰ ਘੁੰਮ ਰਿਹਾ ਹੈ। ਅੰਨ੍ਹਾ ਬੰਦਾ ਉਸ ਨੂੰ ਵੰਗਾਰਦਾ ਹੈ ਕਿ ਆ ਮਾਰ ਮੈਨੂੰ। ਇਹੀ ਸਥਿਤੀ ਹਰ ਬੰਦੇ ਦੀ ਸੀ। ਉਹ ਦੋ ਪਾਸਿਆਂ ਤੋਂ ਪਿਸ ਰਹੇ ਸੀ। ਦਫਤਰ ਵਿਚ ਬੈਠਿਆਂ ਨੂੰ ਅਤੇ ਘਰ ਦੇ ਅੰਦਰ ਬੈਠੇ ਟੱਬਰ ਨੂੰ ਕੋਈ ਪਤਾ ਨਹੀਂ ਸੀ ਕਿ ਕਦੋਂ ਪੁਲਿਸ ਜਾਂ ਖਾੜਕੂਆਂ ਨੇ ਕੁੰਡਾ ਖੜਕਾ ਦੇਣਾ ਹੈ। ਹਵਾ ਦੇ 'ਬੁੱਲ੍ਹੇ' ਨਾਲ ਤਖ਼ਤੇ ਹਿਲਦੇ ਤਾਂ ਵੀ ਸਾਰੇ ਦਹਿਲ ਜਾਂਦੇ। ਇਹੋ ਕੁਝ ਕਹਾਣੀਆਂ ਵਿਚ ਆਇਆ। *ਸਰ੍ਹੋਂ* ਕਹਾਣੀ ਵਿਚ ਸਰ੍ਹੋਂ ਵਾਂਗ ਜੁਆਨ ਹੋ ਰਹੇ ਮੁੰਡੇ ਤੇ ਕੁੜੀ ਦੇ ਅਹਿਸਾਸਾਂ ਦਾ ਚਿਤਰਨ ਹੈ। ਉਹ ਇਕ ਦੂਜੇ ਨੂੰ ਚਾਹੁੰਦੇ ਹੋਏ ਵੀ ਮਿਲ ਨਹੀਂ ਸਕੇ। *ਤੂੜੀ ਦਾ ਕੁੱਪ* ਕਹਾਣੀ ਵਿਚ ਫੌਜੀ ਤੂੜੀ ਦਾ ਸਾਰਾ ਕੁੱਪ ਖਿਲਾਰ ਕੇ ਹਥਿਆਰ ਲੱਭਣ ਲਈ ਉਸਨੂੰ ਬੂਟਾਂ ਨਾਲ ਮਿਧਦੇ ਹਨ ਪਰ ਮਿਲਦਾ ਕੁੱਝ ਵੀ ਨਹੀਂ। *ਅਜੇ ਪੰਡ ਨਹੀਂ ਹੋਈ* ਕਹਾਣੀ ਵਿਚ ਦਲਿਤ ਬੱਚਿਆਂ

ਨਾਲ ਜੱਟ ਸ਼ੋਸ਼ਣ ਕਰਨ ਦਾ ਯਤਨ ਕਰਦਾ ਹੈ। *ਖਾਲੀ ਝੋਲਾ* ਕਹਾਣੀ ਵਿਚ ਦੋ ਭਰਾਵਾਂ ਵਿਚ ਤਣਾਅ ਬਣਿਆ ਹੋਇਆ ਹੈ। ਖੇਤੀ ਕਰਨ ਵਾਲਾ ਨੌਕਰੀ ਵਾਲੇ ਤੋਂ ਮਦਦ ਦੀ ਆਸ ਕਰਦਾ ਹੈ। ਨੌਕਰੀ ਕਰਨ ਵਾਲਾ ਖੇਤੀ ਵਾਲੇ ਵੱਲ ਆਸ ਨਾਲ ਵੇਖਦਾ ਹੈ ਕਿ ਉਹ ਹੁਣੇ ਜੇਬ ਵਿਚੋਂ ਪੈਸੇ ਕੱਢ ਕੇ ਫੜਾ ਦਏਗਾ। ਗੱਡੀ ਚੱਲ ਪੈਣ ‘ਤੇ ਖੇਤੀ ਵਾਲਾ ਭਰਾ ਜਾਂਦੀ ਗੱਡੀ ਵੱਲ ਖਾਲੀ ਝੋਲ਼ਾ ਲਹਿਰਾਉਂਦਾ ਹੈ, ਨੌਕਰੀ ਵਾਲਾ ਖਾਲੀ ਹੱਥ ਗੱਡੀ ਵਿਚੋਂ ਹਿਲਾਉਂਦਾ ਹੈ। *ਕੁੱਤੇ ਦੀ ਪੂਛ* ਕਹਾਣੀ ਵਿਚ ਦੋ ਦੋਸਤਾਂ ਦੇ ਮਨਾਂ ਵਿਚੋਂ ਜਾਤ ਪਾਤ ਨਹੀਂ ਜਾਂਦੀ। *ਖਾਈ* ਕਹਾਣੀ ਦਫਤਰ ਦੇ ਕੰਮ ਦਾ ਦੱਬਿਆ ਬੰਦਾ ਟੇਢਾ-ਮੇਢਾ ਤੁਰਦਾ, ਬੈਠਦਾ, ਪੈਂਦਾ ਹੈ। ਉਹ ਸਿੱਧਾ ਹੁੰਦਾ ਹੀ ਨਹੀਂ। ਇਕ ਕਹਾਣੀ ਵਿਚ ਮੋਚੀ ਦਾ ਹਾਲ ਹੈ। ‘ਰਜਿਸਟਰੀ’ ਕਹਾਣੀ ਤਹਿਸੀਲ ਦਫਤਰ ਵੱਲੋਂ ਹੁੰਦੇ ਸ਼ੋਸ਼ਣ ਨੂੰ ਛੋਂਹਦੀ ਹੈ। ਇਸ ਤਰ੍ਹਾਂ ਸਾਰੇ ਵੱਖਰੇ ਵਿਸ਼ੇ ਹਨ।

**_ਗੰਢ ਪਰਾਏ ਹੱਥ_ ਨਾਂ ਦੀ ਕਹਾਣੀ ਕਾਫੀ ਚਰਚਿਤ ਰਹੀ ਹੈ? ਤੁਸੀਂ ਇਸ ਦਾ ਕੀ ਕਾਰਨ ਸਮਝਦੇ ਹੋ?**

--ਇਹ ਕਹਾਣੀ, ਪੰਜਾਬ ਦੀ ਡਾਵਾਂਡੋਲ ਹੋ ਗਈ ਕਿਰਸਾਨੀ ਬਾਰੇ ਹੈ। ਖੇਤੀ ਤੋਂ ਜੋ ਪੈਦਾਵਾਰ ਹੁੰਦੀ ਹੈ ਉਹ ਲਾਗਤ ਕੀਮਤ ਨਾਲੋਂ ਬਹੁਤ ਘੱਟ ਹੈ। ਗ੍ਰੀਨ ਰੈਵੋਲਿਊਸ਼ਨ ਤੋਂ ਬਾਅਦ ਉਹ ਸੁਫਨੇ ਪੂਰੇ ਨਹੀਂ ਹੋ ਰਹੇ ਜੋ ਲਾਭਦਾਇਕ ਹੋਣੇ ਸਨ। ਇਸ ਲਈ ਕਿਰਸਾਨਾਂ ਦੇ ਬੱਚਿਆਂ ਨੇ ਹੋਰ ਪਾਸੇ ਹੱਥ ਪੈਰ ਮਾਰਨੇ ਸ਼ੁਰੂ ਕਰ ਦਿੱਤੇ। ਵੱਡੀ ਗੱਲ ਕਾਰਪੋਰੇਟ ਸੈਕਟਰ ਨੇ ਛੇਤੀ ਛੇਤੀ ਕੰਮ ਨਬੇੜਨ ਲਈ ਧੜਾ ਧੜ ਮਸ਼ੀਨਰੀ ਲਿਆ ਕੇ ਕਿਰਸਾਨਾਂ ਦੇ ਅੱਗੇ ਸੁੱਟ ਦਿੱਤੀ। ਜੀਰੀ ਦੀ ਫਸਲ ਐਗਰੀਕਲਚਰ ਯੂਨੀਵਰਸਿਟੀ ਨੇ ਕਿਰਸਾਨਾਂ ਦੇ ਗਲ਼ ਪਾ ਦਿੱਤੀ। ਉਸ ਨੂੰ ਪੰਜਾਬ ਦਾ ਕਿਰਸਾਨ ਲਾ ਹੀ ਨਹੀਂ ਸਕਦਾ। ਉਸ ਨੂੰ ਲਾਉਣ ਲਈ ਯੂ.ਪੀ.ਤੇ ਬਿਹਾਰੀ ਮਜ਼ਦੂਰ ਮੋਟਰਾਂ ’ਤੇ ਆ ਬੈਠੇ। ਘਰਾਂ ’ਚ ਬਿਜਲੀ ਵਾਲੀਆਂ ਛੋਟੀਆਂ ਮੋਟਰਾਂ ਲੱਗ ਗਈਆਂ। ਮਕਾਨ ਵੱਡੇ ਪਾ ਲਏ। ਰੀਸੋ ਰੀਸ ਮੋਟਰ-ਸਾਇਕਲ, ਕਾਰਾਂ ਤੇ ਟਰੈਕਟਰ ਆ ਗਏ। ਇਹਨਾਂ ਦੇ ਸੁੱਖ ਅਤੇ ਕੰਮ ਛੇਤੀ ਹੋਣ ਕਰਕੇ ਕਿਰਸਾਨ ਆਪਣਾ ਹੱਥੀਂ ਕੰਮ ਕਰਨਾ ਛੱਡਦਾ ਗਿਆ। ਜ਼ਿਆਦਾ ਸਮਾਂ ਵਿਹਲਾ ਹੋ ਗਿਆ। ਵਿਹਲਾ ਕਿਰਸਾਨ ਸੁੱਖੀਆ ਹੋ ਗਿਆ। ਮੁੰਡਿਆਂ ਨੂੰ ਨੌਕਰੀਆਂ ਨਹੀਂ ਸਨ ਮਿਲ ਰਹੀਆਂ। ਉਹ ਵਿਦੇਸ਼ ਜਾਣ ਲਈ ਮਾਂ-ਬਾਪ ਦੇ ਗਲ ਗੂਠਾ ਦੇਣ ਲੱਗ ਪਏ। ਮਾਂ-ਬਾਪ ਵਿਚਾਲੇ ਫੱਸ ਗਏ। ਵਿਹਲੇ ਮੁੰਡੇ ਨਸ਼ੇ ਕਰਨ ਲੱਗ ਪਏ। ਜਦੋਂ ਹਰ ਕੰਮ ਯੂ.ਪੀ. ਤੇ ਬਿਹਾਰ ਵਾਲੇ ਕਰਨ ਲੱਗ ਪਏ। ਪੰਜਾਬੀ ਕਿਰਸਾਨ ਉਹਨਾਂ ਅਤੇ ਮਸ਼ੀਨਰੀ ’ਤੇ ਨਿਰਭਰ ਹੋ ਗਿਆ। ਜਨਾਨੀਆਂ ਵੀ ਘਰ ਦਾ ਕੰਮ ਔਖਾ ਮਹਿਸੂਸ ਕਰਨ ਲੱਗ ਪਈਆਂ। ਉਹ ਵੀ ਉਹਨਾਂ ਤੋਂ ਹੀ ਘਰਦਾ ਕੰਮ ਕਰਾਉਣ ਲੱਗ ਪਈਆਂ। ‘ਗੰਢ’ ਤਾਂ ਪਰਾਏ ਹੱਥ ਜਾਣੀ ਹੀ ਸੀ।

**ਤੁਹਾਡੇ ਅਸਲੀ ਪਿੰਡ ਸਰਵਰਪੁਰ ਦਾ ਮੇਰੇ ਪਿੰਡ ‘ਸੇਹ’ ਨਾਲ ਬੰਨਾ ਜੁੜਦਾ ਹੈ। ਕਹਾਵਤ ਵੀ ਹੈ: _ਸੇਹ ਸਲੌਦੀ ਸਰਵਰਪੁਰ, ਗੋਹ ਗੋਸਲਾਂ ਮਾਨੂੰਪੁਰ, ਚੱਕ ਨੌਲੜੀ ਦਾਉਦਪੁਰ_। ਇਹ ਢਾਹੇ ਦੇ ਪ੍ਰਸਿੱਧ ਪਿੰਡਾਂ ਵਿਚੋਂ ਹਨ। ਤੁਸੀਂ ਕੀ ਇਸ ਮਲਵਈ ਉਪ ਖੰਡ ‘ਢਾਹੇ’ ਦੀ ਬੋਲੀ ਹੀ ਆਪਣੇ ਪਾਤਰਾਂ ਪਾਸੋਂ ਬੁਲਵਾਈ ਹੈ। ਜਾਂ ਸਾਰੀ ਸਰਵਿਸ ਮਾਝੇ ਵਿਚ ਕਰਨ ਕਾਰਨ ਹੋਰ ਉਪਭਾਸ਼ਾਈ ਦਖਲ ਵੀ ਕਬੂਲਿਆ ਹੈ?**

--ਹਾਂ ਜੀ ਆਪਣੇ ਪਿੰਡਾਂ ਦਾ ਬੰਨਾ ਜੁੜਦਾ ਹੈ। ਪਰ ਸਿੱਧਾ ਰਸਤਾ ਹੈ ਨਹੀਂ। ਬਰਵਾਲੀ ਪੁਲ ਜਾਂ ਬਘੌਰ ਪਿੰਡਾਂ ਤੋਂ ਵਲ ਪਾ ਕੇ ਆਉਣਾ ਪੈਂਦਾ ਹੈ। ਇਕ ਹੋਰ ਵੀ ਕਹਾਵਤ ਹੈ: *ਚੜੀ ਭੜੀ ਨਗਾਰਾ ਵੱਜੇ, ਭੁੱਟੇ ਵੱਜੇ ਟੱਲੀ। ਸੇਹ ਵਿਚਾਰੀ ਕੀ ਕਰੇ, ਸਲੌਦੀ ਉਜੜ ਚੱਲੀ* । ਮੇਰੀਆਂ ਲਿਖਤਾਂ ਵਿਚ ਬੋਲੀ ਤਾਂ ਇਸ ਢਾਹੇ ਦੇ ਇਲਾਕੇ ਦੀ ਹੀ ਵਰਤੀ ਗਈ ਹੈ। ਕਿਤੇ ਕਿਤੇ ਕੋਈ ਹੋਰ ਉਪਭਾਸ਼ਾਈ ਸ਼ਬਦ ਆਉਣਾ ਸੁਭਾਵਕ ਹੀ ਹੈ। ਮਝੈਲਾਂ ’ਚ ਰਹਿੰਦਿਆਂ ਹੋਇਆਂ ਜੇ ਮੈਂ ਆਪਣੀ

ਬੋਲੀ ਨਹੀਂ ਛੱਡੀ ਤਾਂ ਹੀ ਉੱਥੇ ਮੈਨੂੰ ਮਲਵਈ ਕਹਿੰਦੇ ਸਨ। ਬਚਪਨ ਸਾਰਾ ਢਾਹੇ ਵਿਚ ਬੀਤਿਆ ਹੋਣ ਕਰਕੇ ਬੋਲੀ ਨਹੀਂ ਬਦਲੀ। *ਚੜ੍ਹਦੇ ਸੂਰਜ ਦੀ ਲਾਲੀ* ਕਹਾਣੀ ਵਿਚ ਮਾਝੇ ਦਾ ਪਾਤਰ ਹੋਣ ਕਰਕੇ ਮਾਝੀ ਬੋਲੀ ਆਈ ਹੈ।

**ਚੰਗੇ ਭਲੇ ਕਹਾਣੀ ਕਹਿੰਦੇ ਕਹਿੰਦੇ ਤੁਹਾਨੂੰ ਨਾਵਲ ਲਿਖਣ ਦਾ ਸ਼ੌਕ ਕਿਵੇਂ ਜਾਗਿਆ?**

--ਨਾਵਲ ਲਿਖਣ ਦਾ ਸ਼ੌਕ ਨਹੀਂ ਸੀ, ਵਿਸ਼ੇ ਹੀ ਅਜਿਹੇ ਸਨ ਜੋ ਕਹਾਣੀ ਵਿਚ ਕਾਬੂ ਨਹੀਂ ਆਏ। ਨਾਵਲ ਬਣਦਾ ਚਲਾ ਗਿਆ। 'ਤਾਇਆ ਰੱਬ' ਬਚਪਨ ਤੋਂ ਹੀ ਮੇਰੇ ਮਨ ਵਿਚ ਵਸਿਆ ਹੋਇਆ ਸੀ ਉਸ ਬਾਰੇ ਕਹਾਣੀ ਲਿਖਣੀ ਸ਼ੁਰੂ ਕੀਤੀ,ਉਹ ਲੰਮੀ ਹੁੰਦੀ ਗਈ। ਨਾਵਲ ਦਾ ਉਸ ਵੇਲੇ ਵੀ ਖਿਆਲ ਨਹੀਂ ਸੀ। ਇਹ ਕਹਾਣੀ ਬੰਬੇ ਸੁਖਵੀਰ ਨੂੰ ਭੇਜੀ। ਉਨ੍ਹਾਂ ਨੇ ਆਰਸੀ ਵਿਚ ਛਾਪ ਦਿੱਤੀ ਪਰ ਤਾਏ ਰੱਬ ਨੇ ਮੇਰਾ ਖਹਿੜਾ ਨਾ ਛੱਡਿਆ। ਸਮਾਂ ਪਾ ਕੇ ਚਾਰ ਵੱਡੀਆਂ ਕਹਾਣੀਆਂ ਤਾਏ ਰੱਬ ਨੇ ਹੋਰ ਲਿਖਵਾ ਲਈਆਂ। ਦੋਸਤਾਂ ਦੀ ਸਲਾਹ ਨਾਲ ਪੰਜੇ ਕਹਾਣੀਆਂ ਦਾ ਨਾਵਲ ਬਣ ਗਿਆ। ਇਹੋ ਹਾਲ 'ਰੁਲਦੂ ਦੀ ਆਕਾਸ਼ ਗੰਗਾ' ਅਤੇ 'ਤੈਂ ਕੀ ਦਰਦ ਨਾ ਆਇਆ' ਨਾਵਲਾਂ ਨਾਲ ਹੋਇਆ। ਮੈਂ ਪਹਿਲਾਂ ਮਿਥ ਕੇ ਕੋਈ ਨਾਵਲ ਨਹੀਂ ਸ਼ੁਰੂ ਕੀਤਾ ਅਤੇ ਨਾ ਹੀ ਲਿਖਣ ਦਾ ਸ਼ੌਕ ਸੀ। ਇਨ੍ਹਾਂ ਦੇ ਪਾਤਰਾਂ ਨੇ ਲਿਖਵਾ ਲਏ।

**ਤੁਹਾਡੇ ਖਿਆਲ ਵਿਚ ਇਕ ਚੰਗੀ ਨਾਵਲ ਰਚਨਾ ਦੇ ਕੀ ਗੁਣ ਹੁੰਦੇ ਹਨ?**

--ਜਿਹੜੀ ਵੱਡੇ ਵਿਸ਼ੇ ਵਾਲੀ ਗੱਲ ਅਸੀਂ ਕਿਸੇ ਹੋਰ ਵਿਧਾ ਵਿਚ ਨਾ ਕਹਿ ਸਕੀਏ । ਉਸ ਵਿਚ ਵਿਸਥਾਰ ਦੀ ਜਰੂਰਤ ਹੋਵੇ। ਜੋ ਕੁਝ ਸਮਾਝ ਵਿਚ ਬੀਤਿਆ ਜਾਂ ਬੀਤ ਰਿਹਾ ਹੋਵੇ,ਉਸ ਨੂੰ ਆਪਣੇ ਕਲਾਵੇ ਵਿਚ ਲੈ ਕੇ ਸਮੁੱਚੀ ਮਨੁੱਖਤਾ ਦੀ ਗੱਲ ਕਰਨੀ ਹੋਵੇ ਤਾਂ ਨਾਵਲ ਹੀ ਲਿਖਿਆ ਜਾਣਾ ਚਾਹੀਦਾ ਹੈ। ਨਾਵਲ ਦਿਲਚਸਪ ਵੀ ਹੋਵੇ। ਸ਼ੁਰੂਆਤ ਅਜੇਹੀ ਹੋਵੇ, ਪਾਠਕ ਦਾ ਪੜ੍ਹਨ ਲਈ ਆਪੇ ਦਿਲ ਕਰੇ। ਪਾਠਕ ਨੂੰ ਜਾਪੇ ਉਸ ਦੇ ਦਿਲ ਦੀ ਗੱਲ ਜਾਂ ਉਸ ਦੇ ਆਲੇ-ਦੁਆਲੇ ਦੀ ਬਾਤ ਪਾਈ ਜਾ ਰਹੀ ਹੈ। ਬੋਲੀ ਮੁਹਾਵਰੇ ਵਾਲੀ ਖੜਕਵੀਂ, ਤੁਹਾਡੇ ਨਾਵਲਾਂ ਵਾਂਗ ਹੋਣੀ ਚਾਹੀਦੀ ਹੈ। ਪਾਠਕ, ਨਾਵਲ ਦੇ ਪਾਤਰਾਂ ਨਾਲ ਰੋ ਵੀ ਸਕੇ ਤੇ ਹੱਸ ਵੀ ਸਕੇ। ਪਾਠਕ ਨੂੰ ਚੰਗੇ ਮਾੜੇ ਬਾਰੇ ਸੋਚਣ ਲਈ ਮਜਬੂਰ ਕਰੇ। ਇਮਾਨਦਾਰੀ ਨਾਲ ਮਿਹਨਤ ਕਰਨ ਵਾਲਿਆਂ ਨਾਲ ਹਮਦਰਦੀ ਅਤੇ ਬੇਈਮਾਨੀ ਨਾਲ ਲੁਟਣ ਵਾਲਿਆਂ ਖਿਲਾਫ ਘਿਰਣਾ ਮਹਿਸੂਸ ਹੋਣੀ ਚਾਹੀਦੀ ਹੈ।

**ਤੁਸੀਂ ਚੰਗੀ ਕਹਾਣੀ ਕਿਸ ਨੂੰ ਮੰਨਦੇ ਹੋ?**

--ਚੰਗੀ ਕਹਾਣੀ ਤਾਂ ਘੱਟ ਸ਼ਬਦਾਂ ਵਿਚ ਤਿੱਖੀ ਤੋਰ ਵਾਲੀ ਹੋਣੀ ਚਾਹੀਦੀ ਹੈ। ਵਿਸ਼ੇ ਤੋਂ ਬਾਹਰ ਦੀ ਵਾਧੂ ਗੱਲ ਨਾ ਹੋਵੇ। ਪੜ੍ਹਨ ਵਾਲੇ ਲਈ ਦਿਲਚਸਪੀ ਪੈਦਾ ਕਰੇ। ਜੀਵਨ ਦੀਆਂ ਮਨੋਵਿਗਆਨਿਕ ਬਰੀਕ ਪਰਤਾਂ ਦੀ ਘੁੰਡੀ ਖੋਲ੍ਹਦੀ ਹੋਵੇ। ਕਹਾਣੀ ਪੜ੍ਹਨ ਤੋਂ ਬਾਅਦ ਪਾਠਕ ਨੂੰ ਸੋਚਣ ਲਈ ਮਜਬੂਰ ਕਰੇ। ਪਾਠਕ ਦੇ ਮਨ 'ਤੇ ਅਮਿਟ ਛਾਪ ਛੱਡਣੀ ਚਾਹੀਦੀ ਹੈ,ਜਿਹੜੀ ਚਿਰਾਂ ਤਕ ਯਾਦ ਰਹਿ ਸਕੇ। ਅੱਜ ਕੱਲ ਤਾਂ ਕਹਿੰਦੇ, ਕਹਾਣੀ 'ਚ ਸੰਬਾਦ ਹੀ ਹੋਣਾ ਚਾਹੀਦਾ ਹੈ। ਬਾਕੀ ਆਪੋ ਆਪਣਾ ਖਿਆਲ ਪਰ ਰਸ ਹੋਣਾ ਜ਼ਰੂਰੀ ਹੈ। ਬਾਦ ਵਿਵਾਦ ਤੋਂ ਮੁਕਤ ਹੋਵੇ। ਸਮੇਂ ਸਮੇਂ ਨਾਲ ਕਹਾਣੀ ਦਾ ਰੂਪ ਬਦਲਦਾ ਰਹਿਣਾ ਕੁਦਰਤੀ ਹੈ।

**ਤੁਸੀਂ ਨਿੱਕੀ ਹੁਨਰੀ ਕਹਾਣੀ ਦੇ ਨਾਲ ਨਾਲ ਲੰਬੀਆਂ ਕਹਾਣੀਆਂ ਉੱਤੇ ਵੀ ਹੱਥ ਅਜ਼ਮਾਇਆ। ਕੀ ਫਰਕ ਸਮਝਦੇ ਹੋ?**

--ਨਿੱਕੀ ਜਾਂ ਵੱਡੀ ਕਹਾਣੀ ਜਾਣ ਬੁਝ ਕੇ ਜਾਂ ਆਪਣੀ ਮਰਜ਼ੀ ਨਾਲ ਨਹੀਂ ਲਿਖੀ। ਜਿਸ ਵਿਸ਼ੇ ਨੂੰ ਲੈ ਕੇ ਕਹਾਣੀ ਸ਼ੁਰੂ ਕੀਤੀ ,ਉਸ ਅਨੁਸਾਰ ਆਪਣੇ ਆਪ ਹੀ ਵੱਡੀ-ਛੋਟੀ ਬਣਦੀ ਗਈ। ਜਿਸ ਕਹਾਣੀ ਵਿਚ ਵਿਸ਼ੇ ਤੋਂ ਵਾਧੂ ਵਿਸਥਾਰ ਨਹੀਂ ਆਇਆ,ਉਹ ਕਹਾਣੀ ਛੋਟੀ ਲਿਖੀ ਗਈ। ਜਿਸ ਕਹਾਣੀ ਵਿਚ ਪਾਤਰਾਂ ਅਨੁਸਾਰ ਉਹਨਾਂ ਦੀ ਗੱਲ ਮੁੱਕੀ ਨਹੀਂ ,ਉਹ ਕਹਾਣੀ ਆਪਣੇ

ਆਪ ਲੰਮੀ ਹੋ ਜਾਂਦੀ ਰਹੀ। ਜਿਹੜੀ ਕਹਾਣੀ ਲੰਮੇ ਸਮੇਂ ਤਕ ਹੰਢਾਈ ਹੋਵੇ,ਉਹ ਆਪਣੇ ਆਪ ਲੰਮੀਆਂ ਲਿਖੀਆਂ ਜਾ ਸਕੀਆਂ। ਜਿਹੜੀ ਕਹਾਣੀ ਕੁਝ ਪਲ ਦੇ ਅਹਿਸਾਸ ਦੀ ਮਹਿਸੂਸ ਹੋਈ,ਉਹ ਛੋਟੀ ਰਹਿ ਗਈ।

**ਤੁਹਾਨੂੰ ਨਹੀਂ ਜਾਪਦਾ ਕਿ ਲੰਬੀ ਕਹਾਣੀ ਉਹ ਪ੍ਰਭਾਵ ਨਹੀਂ ਸਿਰਜਦੀ ਜੋ ਨਿੱਕੀ ਹੁਨਰੀ ਕਹਾਣੀ ਸਿਰਜਣ ਦੇ ਸਮਰੱਥ ਸੀ?**

--ਨਿੱਕੀ ਜਾਂ ਵੱਡੀ ਕਹਾਣੀ ਦਾ ਕੋਈ ਫਰਕ ਨਹੀਂ ਰਹਿੰਦਾ ਜਦੋਂ ਪਾਠਕ ਅਖੀਰ ਤੱਕ ਕਹਾਣੀ ਨਾਲ ਜੁੜਿਆ ਰਹੇ। ਜੇ ਪਾਠਕ ਦੇ ਦਿਲ ਨੂੰ ਕਹਾਣੀ ਟੁੰਬਦੀ ਨਹੀਂ ਤਾਂ ਚਾਹੇ ਕਹਾਣੀ ਨਿੱਕੀ ਹੋਵੇ ਚਾਹੇ ਵੱਡੀ। ਉਹ ਨਹੀਂ ਪੜ੍ਹੇਗਾ। ਕਹਾਣੀਆਂ ਯਾਦ ਰਹਿਣ ਵਾਲੀਆਂ ਹੋਣੀਆਂ ਚਾਹੀਦੀਆਂ ਹਨ।

**ਤੁਹਾਨੂੰ ਨਹੀਂ ਜਾਪਦਾ ਕਿ ਕੁਝ ਕਹਾਣੀਕਾਰ ਲੱਸੀ ਵਿਚ ਪਾਣੀ ਪਾਉਣ ਵਾਂਗ ਐਵੇਂ ਹੀ ਛੋਟੀ ਜਿਹੀ ਗੱਲ ਨੂੰ ਵਿਸਥਾਰ ਦੇਣ ਦੀ ਜ਼ਿਦ ਕਰਦੇ ਹਨ?**

--ਤੁਹਾਡੀ ਗੱਲ ਠੀਕ ਵੀ ਕਹੀ ਜਾ ਸਕਦੀ ਹੈ ਪਰ ਪਾਠਕ/ਅਲੋਚਕ ਦੇ ਵੀ ਤਾਂ ਕੁਝ ਇਹੋ ਜਿਹੇ ਹੀ ਵਿਚਾਰ ਹੁੰਦੇ ਹਨ। ਇਹੋ ਜਿਹਾ ਕੁਝ ਉਸ ਵੇਲੇ ਹੁੰਦਾ ਜਦੋਂ ਲੇਖਕ ਅਪਣਾ ਕੁਝ ਦਰਸਾਉਂਣ ਲੱਗ ਪੈਂਦਾ ਹੈ। ਮਤਲਬ ਕਿਸੇ ਥਾਂ ਦੇ ਵੇਰਵੇ ਦੇਣ ਲੱਗ ਪੈਂਦਾ ਹੈ। ਕਹਾਣੀ ਵਿਚ ਪਾਤਰ ਕਲੱਰਕ ਦੀ ਨੌਕਰੀ ਕਰਦਾ ਹੈ। ਉਸ ਦਾ ਆਪਣੇ ਬੌਸ ਨਾਲ ਕਿਸੇ ਗੱਲ ਪਿੱਛੇ ਤਕਰਾਰ ਹੋ ਰਿਹਾ ਹੈ। ਉਨ੍ਹਾਂ ਨੂੰ ਛੱਡ ਕੇ ਪਾਠਕ ਮੇਜ,ਕੁਰਸੀਆਂ,ਫਾਈਲਾਂ,ਕੰਧਾਂ ਕਮਰੇ ਬਾਰੇ ਵੇਰਵੇ ਦੇਣ ਲੱਗ ਪਵੇ। ਇਹ ਵਾਧੂ ਵਿਸਥਾਰ ਹੀ ਹੈ। ਜਾਂ ਕਿਸੇ ਪਾਤਰ ਨਾਲ ਕੋਈ ਘਟਨਾ ਹੋ ਗਈ। ਉਹ ਬਸ ਵਿਚ ਬੈਠਾ ਉਸ ਘਟਨਾ ਬਾਰੇ ਸੋਚਦਾ ਹੈ। ਓਥੇ ਲੇਖਕ ਬਸ ਦੀਆਂ ਸਵਾਰੀਆਂ,ਡਰਾਈਵਰ,ਕੰਡਕਟਰ,ਬਸ ਦੀਆਂ ਸੀਟਾਂ ਆਦਿ ਗਿਣਨ ਲੱਗ ਪਵੇ,ਇਹ ਵਾਧੂ ਹੀ ਹੈ। ਇਹੋ ਜਿਹਾ ਥੋੜਾ ਬਹੁਤਾ ਹਰ ਲੇਖਕ ਵਿਚ ਸਮੇਤ ਮੇਰੇ, ਪਾਠਕ/ਅਲੋਚਕ ਨੂੰ ਲੱਭ ਜਾਂਦਾ ਹੈ।

**ਆਪਣੇ ਵੱਡ ਆਕਾਰੀ ਨਾਵਲ 'ਤੈਂ ਕੀ ਦਰਦ ਨਾ ਆਇਆ' ਬਾਰੇ ਦੱਸੋ ?**

--ਇਸ ਨਾਵਲ ਬਾਰੇ ਪਿੱਛੇ ਵੀ ਗੱਲ ਹੋਈ ਹੈ ਫਿਰ ਵੀ ਜੋ ਕੁਝ ਰਹਿ ਗਿਆ ਉਸ ਬਾਰੇ ਹੋਰ ਵਿਸਥਾਰ ਨਾਲ ਅੱਗੇ ਵੱਧਦੇ ਹਾਂ। ਨਾਵਲ ਬਾਰੇ ਇਹੋ ਕਿਹਾ ਜਾ ਸਕਦਾ ਹੈ ਕਿ ਉਸ ਵਿਚ ਪਾਤਰ ਹੀ ਅਜੇਹੇ ਹਨ ਜੋ ਆਪਣੇ ਆਪ ਹੀ ਵੱਡ ਆਕਾਰੀ ਬਣਦਾ ਗਿਆ। ਇਕ ਬੱਚਾ ਪਾਤਰ ਜੋ ਗਭਰੂ ਹੋ ਰਿਹੈ , ਆਪਣੇ ਅਤੇ ਨਿੱਕੀ ਭੈਣ ਲਈ ਜਿਊਣ ਦਾ ਸੰਘਰਸ਼ ਕਰਦੈ। ਜਿਥੇ ਵੀ ਉਹ ਕੰਮ ਕਰਨ ਜਾਂਦਾ, ਉਸ ਦਾ ਸ਼ੋਸ਼ਣ ਹੁੰਦਾ। ਗਰੀਬੀ ਕਾਰਨ ਉਹ ਮਾਂ-ਪਿਓ ਤੋਂ ਵਿਰਵੇ ਨੇ। ਉਹ ਭੈਣ ਦੇ ਭਵਿਖ ਲਈ ਚਿੰਤਾ 'ਚ ਹੈ ਕਿ ਉਹ ਪੜ੍ਹ ਲਿਖ ਕੇ ਚੰਗੀ ਨੌਕਰੀ 'ਤੇ ਲੱਗੇ। ਹੈਪੀ ਛੋਟੀ ਉਮਰ 'ਚ ਕਹੀ ਚਲਾਉਣ ਕਰਕੇ, ਭਾਰੀ ਰਿਕਸ਼ਾ-ਰੇਹੜੀ ਖਿਚਣ ਕਰਕੇ, ਸਰੀਰਕ ਜ਼ੋਰ ਲੱਗਣ ਕਰਕੇ, ਆਪਣੇ ਆਪ ਨੂੰ ਅਜਿਹਾ ਰੋਗ ਲਾ ਬੈਠਾ। ਜਿਸ ਦਾ ਇਲਾਜ ਨਹੀਂ ਕਰਾ ਸਕਿਆ। ਉਸ ਕੋਲ ਨਾ ਪੈਸਾ ਨਾ ਕੰਮ ਤੋਂ ਵਿਹਲ ਮਿਲਦਾ। ਉਸ ਨੂੰ ਆਪਣੀ ਬਿਮਾਰੀ ਹੀ ਕੰਮ ਵਿਚ ਅੜਿਕਾ ਬਣ ਗਈ। ਹੈਪੀ ਦਾ ਮਹੱਲਾ ਅਜੇਹੀ ਜਗ੍ਹਾ ਹੈ ਜਿਨ੍ਹਾਂ ਨੂੰ ਹਾਸ਼ੀਏ 'ਚ ਧੱਕੇ ਹੋਏ ਕਹਿੰਦੇ ਨੇ। ਅਜੇ ਵੀ ਕਸਬਿਆਂ ਵਿਚ ਅਣਗੌਲੇ ਘਰਾਂ ਦਾ ਝੁੰਡ ਵਸ ਰਿਹੈ। ਉਹ ਮਜ਼ਦੂਰੀ ਕਰਕੇ ਦੇਰ ਨਾਲ ਘਰ ਆਉਂਦੇ ਨੇ। ਬੱਚੇ,ਬੁੱਢੇ,ਜ਼ਨਾਨੀਆਂ ਟੱਬਰਾਂ ਦੇ ਸਾਰੇ ਜੀਅ ਨਿਕੀ-ਮੋਟੀ ਮਜ਼ਦੂਰੀ ਲਈ ਸਵੇਰੇ ਨਿਕਲਦੇ ਨੇ। ਜਿਥੇ ਜਿਥੇ ਵੀ ਉਹ ਸਾਰੇ ਜਾਂਦੇ ਨੇ, ਜੋ ਜੋ ਕੰਮ ਉਹ ਕਰਦੇ ਨੇ, ਉਸ ਕਸਬੇ ਦੇ ਸਾਰੇ ਕੰਮ-ਧੰਦੇ ਕਰਨ ਕਰਾਉਣ ਵਾਲਿਆਂ ਨਾਲ ਸਿਧਾ ਸੰਬੰਧ ਹੈ। ਮਜ਼ਦੂਰੀ ਕਰਨ ਵਾਲਿਆਂ ਨਾਲ ਦੁਰਵਿਵਹਾਰ ਤੇ ਸ਼ੋਸ਼ਣ ਵੀ ਹੁੰਦਾ ਹੈ। ਹੈਪੀ ਦੇ ਇਹੋ ਜਿਹੇ ਮੁਹੱਲਿਆਂ ਵਿਚ ਰਹਿੰਦਿਆਂ ਓਹੋ ਜਿਹੇ ਹੀ ਉਸ ਦੇ ਆੜੀ ਹੋਣੇ ਸੁਭਾਵਿਕ ਨੇ। ਹੈਪੀ ਦੀ ਮਾਂ ,ਬੁਧੂ ਦੇ ਸ਼ਰਾਬੀਪੁਣੇ ਤੋਂ ਤੰਗ ਹੈ। ਉਹ ਜੋ ਕਮਾਉਂਦਾ ਹੈ ,

ਥਕੇਵਾਂ ਦੂਰ ਕਰਨ ਲਈ ਦਾਰੂ ਰਾਹੀਂ ਖਤਮ ਕਰ ਦਿੰਦਾ ਹੈ। ਠੇਕੇਦਾਰ ਉਸ ਨੂੰ ਦਾਰੂ ਤੇ ਨਾਗਣੀ ਦੇ ਕੇ ਕੰਮ ਲੈਂਦਾ ਹੋਇਆ ਆਪਣੇ ਕੋਲ ਹੀ ਰੱਖ ਲੈਂਦਾ ਹੈ। ਫਿਰ ਸੰਤੀ ਚੰਗੀ ਰੋਟੀ ਅਤੇ ਸੈਕਸ ਦੀ ਭੁੱਖ ਮਿਟਾਉਣ ਲਈ ਕਰਨੈਲ ਸਿੰਘ ਨਾਲ ਜਾ ਮਿਲਦੀ ਹੈ। ਪੇਟ ਅਤੇ ਸੈਕਸ ਦੀ ਭੁੱਖ ਮਿਟਾਉਣ ਤੋਂ ਕੋਈ ਕਿਸੇ ਨੂੰ ਰੋਕ ਨਹੀਂ ਸਕਦਾ। ਇਹੋ ਹਾਲ ਮੁਹੱਲੇ ਦੀਆਂ ਬੰਤੋ ਵਰਗੀਆਂ ਜ਼ਨਾਨੀਆਂ ਦੀ ਹੈ। ਹੈਪੀ ਵਰਗਾ ਜੋ ਨੇੜੇ ਦਿਸਦਾ ਹੈ। ਉਸ ਨਾਲ ਸਰੀਰਕ ਭੁੱਖ ਮਿਟਾਉਂਦੀਆਂ ਨੇ। ਅਜੇਹੇ ਦਲਿਤ ਵਰਗ ਦਾ ਯਥਾਰਥ ਨਾਵਲ ਵਿਚ ਆਉਣਾ ਸੁਭਾਵਕ ਹੀ ਸੀ। ਝੁਗੀਆਂ ਵਾਲਿਆਂ ਦੀ ਕੁੜੀ ਲਾਚੀ ਆਪਣੇ ਆਪ ਨੂੰ ਰੋਕ ਨਹੀਂ ਸਕੀ। ਉਹ ਹੈਪੀ ਨੂੰ ਖਿਚ ਕੇ ਝੁਗੀ ਵਿਚ ਲੈ ਗਈ। ਅਖੀਰ ਤਕ ਉਸ ਨਾਲ ਡਟ ਕੇ ਖੜਦੀ ਹੈ। ਕੁਦਰਤੀ ਸਾਰਾ ਕਸਬਾ ਨਾਵਲ ਦੀ ਲਪੇਟ ਵਿਚ ਆਉਣਾ ਹੀ ਸੀ। ਮੇਰੇ ਖਿਆਲ 'ਚ 300 ਸੌ ਸਫੇ ਦਾ ਵੱਡ ਆਕਾਰੀ ਵੀ ਨਹੀਂ ਕਿਹਾ ਜਾ ਸਕਦਾ।

**ਤੁਹਾਨੂੰ ਨਹੀਂ ਮਹਿਸੂਸ ਹੁੰਦਾ ਕਿ 'ਰੁਲਦੂ ਦੀ ਆਕਾਸ਼ ਗੰਗਾ' ਦਾ ਵਿਸ਼ਾ ਵਸਤੂ ਕੁਝ ਜਿਆਦਾ ਹੀ ਕਲਪਨਿਕ ਹੈ?ਜਾਂ ਤੁਸੀਂ ਇਸ ਵਿਚ ਫੈਨਟੈਸੀ ਉੱਤੇ ਹੱਥ ਅਜ਼ਮਾਇਆ ਹੈ?**

--ਇਸ ਨਾਵਲ ਦੇ ਪਾਤਰ ਦੀ ਕਹਾਣੀ ਕਿਸੇ ਦੇ ਮੂੰਹੋਂ ਸੁਣੀ ਸੀ। ਉਸ ਨੇ ਇਹ ਸੱਚੀ ਘਟਨਾ ਦੱਸੀ। ਇਕ ਹੋਰ ਨੇ ਘੁਮਿਆਰਾਂ ਦੇ ਬਾਹਰਲੇ ਦੇਸ਼ ਜਾ ਕੇ ਮਿੱਟੀ ਦੇ ਭਾਂਡੇ ਵੇਚਣ ਦੀ ਕਹਾਣੀ ਸੁਣਾਈ ਸੀ। ਉਹ ਵੀ ਆਪਣੇ ਵਪਾਰ ਨਾਲ ਅਮੀਰ ਹੋ ਗਏ ਸਨ। ਅਣਜਾਣ ਦੇਸ਼ ਅਤੇ ਅਣੋਬੜ ਜਗ੍ਹਾ 'ਤੇ ਸੰਘਰਸ਼ ਦੀ ਕਹਾਣੀ ਹੈ। ਬਾਕੀ ਕਲਪਨਾ ਤਾਂ ਹਰ ਲੇਖਕ ਕਰਦਾ ਹੀ ਹੈ। ਇਸ ਬਿਨਾ ਕਹਾਣੀ ਜਾਂ ਨਾਵਲ ਬਣਦਾ ਹੀ ਨਹੀਂ। ਨਾਵਲ ਵਿਚ ਕਾਮਿਆਂ ਦਾ ਸੰਘਰਸ਼ ਹੈ। ਇਹ ਵੀ ਆਉਦਾ ਹੈ ਕਿ ਸਟੇਟ ਨਾਲ ਪੰਗਾ ਵੀ ਨਹੀਂ ਲਿਆ ਜਾ ਸਕਦਾ। ਸਟੇਟ ਆਪਣੇ ਖਿਲਾਫ ਕਿਸੇ ਨੂੰ ਉਠਣ ਨਹੀਂ ਦਿੰਦੀ। ਪਰ ਰੁਲਦੂ ਆਪਣੀ ਮਿਹਨਤ ਨਾਲ ਗਰੀਬ ਤੋਂ ਆਮੀਰ ਬਣਿਆਂ। ਉਸੇ ਤਰ੍ਹਾਂ ਉਹ ਮਿਹਨਤੀ ਕਾਮਿਆਂ ਦਾ ਸਮਾਜ ਸਿਰਜਣ ਵੱਲ ਵੱਧਣ ਦੀ ਤਾਕ ਵਿਚ ਹੈ। ਰਾਜੇ ਮਹਾਰਾਜੇ ਅਜੇਹਾ ਹੋਣ ਨਹੀਂ ਦਿੰਦੇ, ਉਹ ਗਰੀਬੀ ਅਤੇ ਅਮੀਰੀ ਦਾ ਪਾੜਾ ਰੱਖਣਾ ਚਾਹੁੰਦੇ ਨੇ। ਅੱਜ ਕੱਲ ਵੀ ਇਹੋ ਕੁਝ ਹੋ ਰਿਹਾ ਹੈ। ਸ਼ਕਤੀ ਵਾਲਾ ਦੂਜਿਆਂ ਨੂੰ ਦਬਾਈ ਰੱਖਦਾ ਹੈ। ਮੈਨੂੰ ਨਹੀਂ ਪਤਾ ਇਸ ਨੂੰ ਫੈਨਟੈਸੀ ਕਹਿੰਦੇ ਹਨ ਜਾਂ ਕੁਝ ਹੋਰ। ਰੁਲਦੂ ਦਾ ਸਮਾਜ ਵਿਚ ਇਕ-ਸਾਰਤਾ ਲਿਆਉਣ ਦਾ ਸੁਫਨਾ ਹੈ ਜੋ ਹਰ ਇਕ ਅਗਾਹਾਂ-ਵਧੂ ਮਨੁੱਖ ਸੋਚਦਾ ਹੈ।

**ਪੰਜਾਬੀ ਕਹਾਣੀ ਵਿਚ ਆਈ ਮੌਜੂਦਾ ਖੜੋਤ ਬਾਰੇ ਕੀ ਕਹਿਣਾ ਚਾਹੋਗੇ?**

--ਪੰਜਾਬੀ ਕਹਾਣੀ ਵਿਚ ਖੜੋਤ ਨਹੀਂ ਕਹੀ ਜਾ ਸਕਦੀ। ਖਾਸ ਕਰ ਨਵੇਂ ਕਹਾਣੀਕਾਰ ਮਾਰਕੇ ਦੀਆਂ ਕਹਾਣੀਆਂ ਲਿਖ ਰਹੇ ਹਨ। ਜਦੋਂ ਕੋਈ ਵਿਦਵਾਨ ਹੋਰ ਜਿਆਦਾ ਪੜ੍ਹ ਕੇ ਆਪਣੇ ਆਪ ਨੂੰ ਬੁਧੀਮਾਨ ਸਮਝਣ ਲੱਗ ਪੈਂਦਾ ਹੈ। ਉਸ ਨੂੰ ਲੱਗਣ ਲੱਗ ਪੈਂਦਾ ਹੈ ਕਿ ਕਹਾਣੀ ਵਿਚ ਖੜੋਤ ਆ ਗਈ। ਬਹੁਤੀਆਂ ਕਹਾਣੀਆਂ ਅੱਜ ਦੇ ਪੱਧਰ ਦੀਆਂ ਨਹੀਂ ਹੁੰਦੀਆਂ। ਮੈਗਜ਼ੀਨ ਬਹੁਤੇ ਨਿਕਲਣ ਕਰਕੇ ਵੀ ਸੰਪਾਦਕਾਂ ਨੂੰ ਛਾਪਣ ਲਈ ਮੈਟਰ ਚਾਹੀਦਾ ਹੈ। ਕਈ ਮੈਗਜ਼ੀਨਾਂ ਵਿਚ ਛੱਪਣ ਲਈ ਵਾਰੀ ਦੀ ਉਡੀਕ ਕਰਨੀ ਪੈਂਦੀ ਹੈ। ਕੁਦਰਤੀ ਇਹੋ ਜਿਹੇ ਮੈਗਜ਼ੀਨ ਵਿਚ ਛੱਪੀ ਕਹਾਣੀ ਖੜੋਤ ਨੂੰ ਤੋੜਨ ਵਾਲ਼ੀ ਹੁੰਦੀ ਹੈ।

**ਨਵੇਂ ਛਪੇ ਤੁਹਾਡੇ ਦੱਖਣੀ ਭਾਰਤ ਦੇ ਸਫਰਨਾਮੇ 'ਵੈਟਰਨ ਐਥਲੈਟਿਕਸ ਰਾਹੀਂ ਦੱਖਣ ਯਾਤਰਾ' ਦੀ ਕੀ ਵਿਸ਼ੇਸ਼ਤਾ ਹੈ ?**

-ਇਸ ਵਿਚ ਦੱਖਣ ਦੇ ਬਹੁਤੇ ਵੱਡੇ ਸ਼ਹਿਰ ਆ ਗਏ ਹਨ। ਉਹਨਾਂ ਬਾਰੇ ਇਤਿਹਾਸਕ,ਭੁਗੋਲਕ ਅਤੇ ਹੋਰ ਜ਼ਰੂਰੀ ਜਾਣਕਾਰੀ ਦਿੱਤੀ ਗਈ ਹੈ। ਜਿਸ ਨੂੰ ਪੜ੍ਹ ਕੇ ਹਰ ਇਕ ਦਾ ਉਥੇ ਜਾਣ ਲਈ ਦਿਲ ਕਰ ਆਉਂਦਾ ਹੈ। ਮੈਂ ਸਮੁੰਦਰ ਇਸ ਬਹਾਨੇ ਹੀ ਵੇਖਿਆ ਸੀ। ਕਰੂਜ਼ ਵਿਚ ਸੈਰ ਵੀ ਕੀਤੀ। ਗੋਆ ਹਰ ਕੋਈ ਵੇਖਣਾ ਚਾਹੁੰਦਾ। ਬਾਹਰਲੇ ਮੁਲਕਾਂ ਵਰਗਾ ਮਹੌਲ,ਸਾਫ ਸੁਥਰੀ ਹਵਾ,ਦੁਨੀਆਂ

ਭਰ ਦੇ ਲੋਕ ਆਉਂਦੇ ਹਨ। ਕੰਨਿਆਂ ਕੁਮਾਰੀ,ਜਿਥੇ ਭਾਰਤ ਦਾ ਸਿਰਾ ਦੋ ਸਮੁੰਦਰਾਂ ਦਾ ਸੰਗਮ ਦਾ। ਬੈਂਗਲੌਰ ਦਾ ਲਾਲ ਬਾਗ,ਇਕੋ ਜਿਹਾ ਮੌਸਮ,ਪੁਡੂਚਰੀ ਨੇੜੇ ਔਰਵਿਲ ਮਾਤਰੀ ਮੰਦਰ, ਚਨੱਈ ਦੀ ਮਰੀਨਾ ਬੀਚ , ਮੈਸੂਰ ਦਾ ਮਹਿਲ, ਜ਼ੂ , ਲਖਨਊ ਦੀਆਂ ਭੁਲ ਭਲਾਈਆਂ ਅਤੇ ਪੁਡੂਚਰੀ ਦਾ ਵਿਦੇਸ਼ੀਆਂ ਵਰਗਾ ਮਾਹੌਲ ਵੇਖ ਕੇ ਰੂਹ ਖੁਸ਼ ਹੋ ਜਾਂਦੀ ਹੈ। ਬਹੁਤ ਲੋਕ ਸੈਰ ਕਰਦੇ ਨੇ। ਕਈ ਸਾਰੀ ਉਮਰ ਤੜਫਦੇ ਰਹਿ ਜਾਂਦੇ। ਕਦੇ ਮੌਕਾ ਹੀ ਨਹੀਂ ਮਿਲਦਾ। ਸੋ ਮੈਂ ਤਾਂ ਸਿਹਤ ਦੀ ਫਿਟਨਸ ਲਈ ਹੀ ਸੈਰ ਦਾ ਬਹਾਨਾ ਬਣਾਇਆ। ਓਸ ਤਰ੍ਹਾਂ ਜਾਣ ਲਈ ਕੋਈ ਘੱਟ ਹੀ ਹੌਸਲਾ ਕਰਦਾ ਹੈ। ਦੱਖਣ ਵਿਚ  ਆਪਣੇ ਨਾਲੋਂ ਬਿਲਕੁਲ ਵੱਖਰਾ ਹੀ ਮਾਹੌਲ ਹੈ। ਬਾਕੀ ਆਪਣੀ ਸਿਹਤ ਤੰਦਰੁਸਤ ਰੱਖਣ ਦੇ ਬਹਾਨੇ ਘਰ ਤੋਂ ਬਾਹਰ ਦੀ ਯਾਤਰਾ ਹੋ ਜਾਂਦੀ ਹੈ। ਸਿਹਤ ਨੂੰ ਫਿਟ ਰੱਖਣ ਲਈ ਹਰ ਕੋਈ ਜਾਨਣ ਦਾ ਚਾਹਵਾਨ ਹੁੰਦਾ ਹੈ। ਇਸ ਕਿਤਾਬ ਨੂੰ ਪੜ੍ਹਕੇ ਉਤਸ਼ਾਹ ਮਿਲਦਾ ਹੈ। ਮੈਂ ਦਾਵੇ ਨਾਲ ਕਹਿ ਸਕਦਾ ਹਾਂ ਜਿਹੜਾ ਵੀ ਕਿਤਾਬ ਨੂੰ ਪੜ੍ਹੇਗਾ ਉਹ ਆਪਣੀ ਉਮਰ ਹੋਰ ਲੰਮੀ ਕਰ ਲਏਗਾ। ਉਹ ਗਰਾਉਂਡ ਜ਼ਰੂਰ ਜਾਣ ਲੱਗ ਪਏਗਾ। ਉਥੋਂ ਤਾਜਾ-ਦਮ ਹੋ ਕੇ ਨਿਕਲੇਗਾ। ਸਿਹਤ ਫਿਟ ਹੋ ਜਾਣ ਕਰਕੇ ਉਸ ਦੀਆਂ ਦਵਾਈਆਂ ਘੱਟ ਜਾਣਗੀਆਂ। ਇਕ ਪੰਥ ਦੋ ਕਾਜ਼।

**? ਜੇ ਤੁਹਾਨੂੰ ਗਲਪਕਾਰ ਮੁਖਤਿਆਰ ਸਿੰਘ ਵੈਟਰਨ ਯਾਤਰੀ ਮੁਖਤਿਆਰ ਸਿੰਘ – ਦੋਹਾਂ ਵਿਚੋਂ ਇਕ ਚੁਣਨ ਲਈ ਕਿਹਾ ਜਾਵੇ ਤਾਂ ਕਿਸ ਨੂੰ ਚੁਣੋਗੇ?  ਅਤੇ – ਕਿਉਂ?**

--ਬਿਲਿੰਗ ਜੀ ਯਾਤਰਾ ਸਿਰਫ ਸਾਲ ਵਿਚ ਇਕ ਵਾਰ ਦਸ ਜਾਂ ਬਾਰਾਂ ਦਿਨ ਦੀ ਹੁੰਦੀ ਹੈ। ਬਾਕੀ ਸਾਲ ਭਰ ਸੁਭਾ-ਸਵੇਰੇ ਹੀ ਸੈਰ ਕਰਨੀ ਹੁੰਦੀ ਹੈ ਜੋ ਹਰ ਇਕ ਇਨਸਾਨ ਆਪਣੇ ਆਪ ਨੂੰ ਤੰਦਰੁਸਤ ਰੱਖਣ ਲਈ ਕਰਦਾ ਹੈ ਉਸੇ ਤਰ੍ਹਾਂ ਮੈਂ ਕਰਦਾ ਹਾਂ। ਕੁਦਰਤੀ ਗਲਪ ਲਈ ਜਿਆਦਾ ਸਮਾਂ ਬਚਦਾ ਹੈ। ਪੜ੍ਹਨਾ-ਲਿਖਣਾ ਰੂਹ ਦੀ ਖੁਰਾਕ, ਵੈਟਰਨ ਸਰੀਰਕ ਫਿਟਨਸ। ਗਲਪ ਹੀ ਹਿੱਸੇ ਆਉਂਦਾ ਹੈ।

**? 'ਚੜ੍ਹਦੇ ਸੂਰਜ ਦੀ ਲਾਲੀ' ਤੁਹਾਡਾ ਨਵਾਂ ਛੇਵਾਂ ਕਹਾਣੀ ਸੰਗ੍ਰਹਿ ਹੈ। ਤੁਹਾਡੇ ਮੁਲਾਂਕਣ ਅਨੁਸਾਰ ਇਹਨਾਂ ਕਹਾਣੀਆਂ ਦਾ ਪਹਿਲੇ ਸੰਗ੍ਰਹਿਾਂ ਵਿਚਲੀਆਂ ਕਹਾਣੀਆਂ ਨਾਲੋਂ ਮੁੱਖ ਫਰਕ ਕੀ ਹੈ?**

--ਪਹਿਲਾਂ ਨਾਲੋਂ ਨਵੇਂ ਵਿਸ਼ਿਆਂ ਵਾਲੀਆਂ ਹਨ। ਪਹਿਲੇ ਸਮੇਂ ਨਾਲੋਂ ਹੁਣ ਸਮਾਜਕ,ਆਰਥਕ,ਕਾਰਪੋਰੇਟ ਦੀ ਹਰ ਪਾਸੇ ਪਕੜ, ਬੇਰੁਜ਼ਗਾਰੀ, ਆਮ ਆਦਮੀ ਦੀ ਕੋਈ ਪੁੱਛ-ਗਿਛ ਨਹੀਂ , ਇਹਨਾਂ ਕਾਰਨਾਂ ਕਰਕੇ ਹੀ ਹਰ ਬੰਦਾ ਮਾਨਸਿਕ ਤਣਾਅ ਝੱਲ ਰਿਹਾ ਹੈ। ਆਪਣੇ ਆਪ ਨੂੰ ਇਕੱਲਾ ਮਹਿਸੂਸ ਕਰਦਾ ਭਟਕਦਾ ਫਿਰਦਾ ਹੈ। ਕਹਾਣੀਆਂ 'ਬੋਲੀ ਜਾਣਦੋ' 'ਹੰਝੂ' 'ਚਿਹਰੇ'  'ਹੋਰ ਕਿੰਨਾ ਕੁ ਚਿਰ' ਆਦਿ ਦੇ ਪਾਤਰ , ਪਹਿਲੀਆਂ ਕਹਾਣੀਆਂ ਦੇ ਪਾਤਰਾਂ ਨਾਲੋਂ ਵਖਰੇ ਹਨ। ਸਾਰੇ ਸਾਧਨ ਬਦਲ ਗਏ ਨੇ। ਕਾਹਲ ਅਤੇ ਤੇਜੀ ਦਾ ਸਮਾਂ ਆ ਗਿਆ ਹੈ। ਪਾਤਰਾਂ ਵਿਚ ਸਹਿਜਤਾ ਨਹੀਂ ਰਹੀ। 'ਚੜ੍ਹਦੇ ਸੂਰਜ ਦੀ ਲਾਲੀ' ਇਕ ਖਾੜਕੂ ਰਹੇ ਦੇ ਪਛਤਾਵੇ ਦੀ ਹੈ। ਇਹ ਉਸ ਵੇਲੇ ਦੇ ਮਹੌਲ ਨੂੰ ਦਿਖਾਉਣ ਦੇ ਨਾਲ ਨਾਲ ਉਨ੍ਹਾਂ ਦੇ ਮਨ ਵਿਚ ਡਰ ਵੀ ਬੈਠਿਆ ਹੋਇਆ ਹੈ। ਜੇ ਇਹ ਕਹਾਣੀ ਉਸ ਵੇਲੇ ਲਿਖੀ ਹੁੰਦੀ ਤਾਂ ਏਥੇ ਤਕ ਹੀ ਛੱਡ ਦੇਣੀ ਸੀ। ਪਰ ਇਨ੍ਹਾਂ ਦੇ ਬੱਚੇ ਉਸ ਪਿਤਾ ਪੁਰਖੀ ਕਾਰਜ ਵਿਚ ਨਹੀਂ ਪੈਣਾ ਚਾਹੁੰਦੇ। ਉਹ ਆਪਣੇ ਢੰਗ ਨਾਲ ਹੁਣ ਦੇ ਜ਼ਬਰ ਵਿਰੁਧ ਸ਼ਾਂਤ ਰਹਿ ਕੇ ਲੜਨਾ ਚਾਹੁੰਦੇ ਹਨ। 'ਖੋਲ਼ੇ' ਕਹਾਣੀ ਫੌਜੀ ਦੇ ਘਰ ਬੇਸਹਾਰਾ ਨੰਬਰਦਾਰ ਦੀ ਲਾਸ਼ ਪਈ ਹੈ। ਫੌਜੀ ਦੇ ਸਕੇ ਉਸ ਦੀ ਮੱਦਦ ਨਹੀਂ ਕਰਦੇ। ਬੁੱਢੇ ਬੰਦਿਆਂ ਦੇ ਵਸ ਦਾ ਕੰਮ ਨਹੀਂ। ਨਸ਼ੱਈ ਮੁੰਡੇ ਸਸਕਾਰ ਕਰਨ ਲਈ ਨਸ਼ੇ ਤੋਂ ਬਿਨਾ ਚੁੱਕਦੇ ਨਹੀਂ। ਉਹ ਫੌਜੀ ਤੋਂ ਬੋਤਲ ਲੈ ਕੇ ਪਿੰਡ ਵਿਚ ਨਸ਼ਾ ਕਰਨ ਚਲੇ ਗਏ। ਪਹਿਲੇ ਸਮਿਆਂ ਵਿਚ ਫਟਾ ਫਟ ਅਜੇਹੇ ਕੰਮ ਨਿਪਟਾ ਲੈਂਦੇ ਸਨ। ਹੁਣ ਹਰ ਪਾਸੇ ਮਨੁੱਖ ਨਪੀੜਿਆ ਜਾ ਰਿਹਾ ਹੈ।  ਇਹੋ ਕੁਝ

ਕਹਾਣੀਆਂ ਵਿਚ ਆ ਰਿਹਾ ਹੈ। ਪਹਿਲਾਂ ਇਹ ਕੁਝ ਘੱਟ ਸੀ। ਜਿਹੋ ਜਿਹੀ ਜ਼ਿੰਦਗੀ ਨਾਲ ਮਨੁੱਖ ਓਸ ਵੇਲੇ ਦੋ ਚਾਰ ਹੁੰਦਾ ਸੀ, ਓਹੋ ਜਿਹੀਆਂ ਕਹਾਣੀਆਂ ਦੇ ਵਿਸ਼ੇ ਹੁੰਦੇ। ਹੁਣ ਮਸ਼ੀਨੀ ਯੁਗ ਵਰਗੀਆਂ ਕਹਾਣੀਆਂ ਹਨ। ਪਹਿਲੀਆਂ ਕਹਾਣੀਆਂ ਦੇ ਵਿਸ਼ੇ ਇਕਹਿਰੇ ਵਿਸ਼ੇ ਵਾਲੀਆਂ ,ਹੁਣ ਬਹੁਪਰਤੀ ਵਿਸ਼ਿਆਂ ਵਾਲੀਆਂ ਹਨ। ਹੁਣ ਮਾਨਸਿਕ ਤਣਾਅ ਜਿਆਦਾ ਹੈ। ਪਹਿਲਾਂ ਰੋਟੀ ਦਾ ਫਿਕਰ ਘੱਟ, ਹੁਣ ਜਿਆਦਾ ਹੈ। ਅਫਸਰਸ਼ਾਹੀ/ਕਰਪੋਰੇਟ ਵਰਗ ਆਮ ਲੋਕਾਂ ਨੂੰ ਲੁੱਟ ਰਿਹਾ ਹੈ। ਕਿਸੇ ਦਾ ਕੰਮ ਨਹੀਂ ਹੋ ਰਿਹਾ।

**ਅੱਜ ਕੱਲ ਨਵਾਂ ਕੀ ਲਿਖ ਰਹੇ ਹੋ?**

--ਕਹਾਣੀਆਂ ਹੀ ਲਿਖ ਰਿਹਾ ਹਾਂ। ਕਈ ਵਾਰ ਲੰਮਾ ਸਮਾਂ ਖਾਲੀ ਹੀ ਨਿਕਲ ਜਾਂਦਾ ਹੈ। ਕਈ ਵਾਰ ਦੋ ਦੋ ਤਿੰਨ ਤਿੰਨ ਲਿਖੀਆਂ ਜਾਂਦੀਆਂ ਹਨ। ਕਦੇ ਕਦੇ ਕੋਈ ਲੇਖ ਵਗੈਰਾ ਲਿਖ ਹੋ ਜਾਂਦਾ।

**ਤੁਹਾਡੇ ਖਿਆਲ ਵਿਚ ਕਹਾਣੀ ਨਾਵਲ ਦਾ ਭਵਿੱਖ ਕਿਹੋ ਜਿਹਾ ਹੈ?**

--ਕਹਾਣੀ ਨਾਵਲ ਦਾ ਭਵਿੱਖ ਬਹੁਤ ਵਧੀਆ ਹੈ। ਇਹ ਅੱਜ ਕੱਲ ਜ਼ਿਆਦਾ ਪੜ੍ਹੇ ਜਾਂਦੇ ਹਨ। ਨਾਵਲ/ਕਹਾਣੀ ਵਿਚ ਸਮੁੱਚਾ ਸਮਾਜ ਆ ਜਾਂਦਾ ਹੈ। ਹੋਰ ਵਿਧਾ ਵਿਚ ਨਹੀਂ ਆ ਸਕਦਾ। ਕਹਾਣੀ ਵਿਚ ਮਨੁੱਖੀ ਮਨ ਦੀ ਤੇ ਉਸ ਦੀਆਂ ਖਾਹਸ਼ਾਂ ਦੀ ਬਾਤ ਪਾਈ ਜਾ ਸਕਦੀ ਹੈ। ਉਸ ਨੂੰ ਪਾਠਕ ਦਿਲਚਸਪੀ ਨਾਲ ਪੜ੍ਹਦੇ ਨੇ। ਹੁਣ ਕਿਉਂਕਿ ਬਹੁ ਦਿਸ਼ਾਵੀ ਪਰਤਾਂ ਵਾਲੀਆਂ ਕਹਾਣੀਆਂ ਲਿਖੀਆਂ ਜਾ ਰਹੀਆਂ ਨੇ। ਇਹੋ ਪਾਠਕ ਦੀਆਂ ਆਪਣੀਆਂ ਉਲਝਣਾਂ ਹਨ। ਉਹ ਆਪਣੀਆਂ ਉਲਝਣਾਂ ਦਾ ਹੱਲ ਲੱਭਣਾ ਚਾਹੁੰਦਾ ਹੈ। ਇਸੇ ਤਰ੍ਹਾਂ ਨਾਵਲ ਵਿਚੋਂ ਸਮੁੱਚੇ ਸਮਾਜ ਨੂੰ ਸਮਝਣਾ ਚਾਹੁੰਦਾ ਹੈ। ਹੁਣ ਸਿਧੇ ਲਕੀਰੀ ਨਾਵਲ ਨਹੀਂ ਲਿਖੇ ਜਾਂਦੇ। ਇਕ ਪਿੰਡ ਜਾਂ ਪੂਰੇ ਸ਼ਹਿਰ ਜਾਂ ਪੂਰੇ ਦੇਸ਼/ਵਿਦੇਸ਼ ਵਿਚਲੇ ਢਾਂਚੇ ਨੂੰ ਸਮਝਣ ਲਈ ਹਨ। ਇਹੋ ਪਾਠਕ ਦੀ ਦਿਲੀ ਖਾਹਿਸ਼ ਹੈ ਫਿਰ ਨਾਵਲ /ਕਹਾਣੀ ਦਾ ਭਵਿੱਖ ਰੋਸ਼ਨ ਕਿਵੇਂ ਨਾ ਹੋਵੇ?

**ਕੀ ਕਦੇ ਸਵੈ ਜੀਵਨੀ ਲਿਖਣ ਦਾ ਵਿਚਾਰ ਮਨ ਵਿਚ ਆਇਆ?**

--ਲੇਖਕਾਂ ਦੀਆਂ ਜੀਵਨੀਆਂ ਪੜ੍ਹ ਕੇ ਕਦੇ ਕਦੇ ਖਿਆਲ ਆ ਵੀ ਜਾਂਦਾ ਹੈ ਪਰ ਅਜੇ ਹੌਸਲਾ ਨਹੀਂ ਪੈਂਦਾ। ਦੂਜੇ ਸਵੈ ਜੀਵਨੀ ਲਿਖਣ ਲਈ ਮੇਰੇ ਕੋਲ ਹੈ ਵੀ ਕੁਝ ਨਹੀਂ। ਇਹ ਤਾਂ ਤੁਹਾਡੇ ਵਰਗੇ ਵੱਡੇ ਕੱਦਾਵਰ ਲੇਖਕਾਂ ਦਾ ਕੰਮ ਹੈ।

**ਕੋਈ ਗੱਲ,ਜੋ ਪੁਛਣੋਂ ਰਹਿ ਗਈ ਹੋਵੇ?**

--ਅਵਤਾਰ ਜੀ ਤੁਹਾਡਾ ਧੰਨਵਾਦ ਕਰਨਾ ਹੀ ਰਹਿੰਦਾ ਹੈ ਕਿ ਤੁਸੀਂ ਆਪਣਾ ਕੀਮਤੀ ਸਮਾਂ ਕੱਢਿਆ।000

***(ਮੁਖਤਿਆਰ ਸਿੰਘ,***

***ਸੁਨੇਤ ਨਗਰ, ਅਮਲੋਹ ਰੋਡ, ਖੰਨਾ, ਜ਼ਿਲ੍ਹਾ ਲੁਧਿਆਣਾ-141 401***

***mukhtiarsingh43@gmail.com)***

# 'ਸਿਰਜਣਾ' ਲਈ: ਕੁਝ ਮੁਹੱਬਤੀ ਬੋਲ

## 'ਸਿਰਜਣਾ' ਦਾ ਸਫਰ

ਸਾਢੇ ਪੰਜ ਦਹਾਕੇ ਪਹਿਲਾਂ, ਰਘਬੀਰ ਸਿੰਘ ਨੇ ਆਪਣੇ ਕੁਝ ਅਤਿਅੰਤ ਨਿਕਟਵਰਤੀ ਦੋਸਤਾਂ ਤੇ ਵਿਚਾਰਧਾਰਕ ਹਮਜੋਲੀਆਂ- ਹਰਦਿਆਲ, ਨਰਿੰਦਰ ਜੋਸ਼ੀ, ਸੁਹੇਲ, ਹਰਭਜਨ ਹੁੰਦਲ ਤੇ ਸੁਰਿੰਦਰ ਗਿੱਲ ਹੋਰਾਂ ਨਾਲ ਮਸ਼ਵਰਾ ਕਰਕੇ ਇਕ ਸਾਹਿਤਕ ਤ੍ਰੈਮਾਸਕ ਪ੍ਰਕਾਸ਼ਤ ਕਰਨ ਦਾ ਸੁਫਨਾ ਲਿਆ ਸੀ। ਵਕਤ ਦੇ ਬੀਤਣ ਨਾਲ ਇਨ੍ਹਾਂ ਸਭ ਜ਼ਹੀਨ ਤੇ ਸੁਹਿਰਦ ਸੱਜਣਾਂ ਨੇ ਆਪੋ ਆਪਣੀਆਂ ਪ੍ਰਤਿਭਾਵਾਂ ਦੀ ਸਾਰਥਿਕਤਾ ਆਪਣੇ ਸਮਿਆਂ ਦੀਆਂ ਹੋਰ ਸਮਾਜੀ, ਸਿਆਸੀ ਤੇ ਜੱਥੇਬੰਦਕ ਸਰਗਰਮੀਆਂ ਵਿਚ ਲੱਭ ਲਈ ਸੀ। ਭਾਵੇਂ ਇਨ੍ਹਾਂ ਦੀਆਂ ਸ਼ੁਭ ਇੱਛਾਵਾਂ ਤਾਂ ਬਰਕਰਾਰ ਰਹੀਆਂ ਪਰ 'ਸਿਰਜਣਾ' ਨੂੰ ਬਾਕਾਇਦਗੀ ਨਾਲ ਸਜਿੰਦ ਰੱਖਣ ਦੀ ਬਹੁਤੀ ਤੇ ਤਿੰਨ ਕੁ ਸਾਲ ਪਿੱਛੋਂ ਸਾਰੀ ਹੀ ਜ਼ਿੰਮੇਵਾਰੀ ਇਕੱਲੇ ਰਘਬੀਰ ਸਿੰਘ ਦੇ ਮੋਢਿਆਂ 'ਤੇ ਹੀ ਆਣ ਪਈ ਸੀ।

ਰਘਬੀਰ ਸਿੰਘ ਨੇ ਹੁਣ ਤਕ 'ਸਿਰਜਣਾ' ਦੇ ਸੰਪਾਦਨ ਤੇ ਪ੍ਰਕਾਸ਼ਨ ਨੂੰ ਮਹਿਜ਼ ਇਕ ਕੰਮ ਵਾਂਗ ਹੀ ਨਹੀਂ, ਸਗੋਂ ਇਸ਼ਕ ਤੇ ਇਸ਼ਟ ਦੀ ਅਰਾਧਨਾ ਵਾਂਗ ਨਿਰੰਤਰ ਤੌਰ 'ਤੇ ਬਰਕਰਾਰ ਰੱਖਿਆ ਹੈ।

ਜਿੱਥੇ ਆਪਣੇ ਸਮਿਆਂ ਦੇ ਸਿਰਕੱਢ ਤੇ ਸਥਾਪਤ ਸਾਹਿਤਕਾਰਾਂ ਦੀਆਂ ਰਚਨਾਵਾਂ 'ਸਿਰਜਣਾ ਦਾ ਸ਼ਿੰਗਾਰ ਬਣਦੀਆਂ ਰਹੀਆਂ ਹਨ, ਉੱਥੇ ਇਸਨੇ ਨਵੀਂ ਪੀੜ੍ਹੀ ਦੇ ਪੂਰਾਂ ਦੇ ਪੂਰ ਕਹਾਣੀਕਾਰਾਂ, ਕਵੀਆਂ ਤੇ ਸਮਾਲੋਚਕਾਂ ਦੀਆਂ ਲਿਖਤਾਂ ਨੂੰ ਆਪਣੇ ਪੰਨਿਆਂ ਵਿਚ ਯੋਗ ਥਾਂ ਦੇ ਕੇ ਦੇਸ਼-ਦੇਸ਼ਾਂਤਰਾਂ ਵਿਚ ਵਸਦੇ ਪੰਜਾਬੀਆਂ ਦੇ ਚੇਤਿਆਂ ਵਿਚ ਵਸਾਉਣ ਦੇ ਸਾਰਥਿਕ ਤੇ ਸੁਹੰਢਣੇ ਉਪਰਾਲੇ ਕਰਨ ਦਾ ਮਾਣ ਵੀ ਕਮਾਇਆ ਹੈ।

ਰਘਬੀਰ ਸਿੰਘ ਦਾ ਜਮਹੂਰੀ, ਧਰਮ-ਨਿਰਪੇਖ ਸਮਾਜਵਾਦੀ ਪੈਂਤੜਾ ਕਿਸੇ ਤੋਂ ਗੁੱਝਾ ਨਹੀਂ। ਉਹ ਆਪਣੇ ਸੰਪਾਦਕੀ ਲੇਖਾਂ ਵਿਚ ਸ਼ੁਰੂ ਤੋਂ ਅੱਜ ਤੀਕ ਆਪਣੇ ਇਨ੍ਹਾਂ ਆਦਰਸ਼ਾਂ ਦੀ ਸਲਾਮਤੀ ਲਈ ਪੂਰੀ ਸਾਬਤ-ਕਦਮੀ ਨਾਲ ਅਡਿੱਗ ਤੇ ਅਡੋਲ ਤੌਰ 'ਤੇ ਪਹਿਰਾ ਦਿੰਦਾ ਆ ਰਿਹਾ ਹੈ। ਪਰ ਵਿਚਾਰਧਾਰਕ ਪ੍ਰਤਿਬੱਧਤਾ ਰਘਬੀਰ ਸਿੰਘ ਦੀ ਸਮਾਲੋਚਨਾਤਮਕ ਦ੍ਰਿਸ਼ਟੀ ਤੇ ਸੰਪਾਦਕੀ ਸੂਝ ਦੇ ਪੈਰਾਂ ਦਾ ਪੈਂਖੜ ਕਿਤਈ ਨਹੀਂ ਬਣੀ।

'ਸਿਰਜਣਾ' ਵਿਚ ਇਹਦੇ ਸ਼ੁਰੂਆਤੀ ਦੌਰ ਤੋਂ ਮਾਰਕਸਵਾਦੀ ਦ੍ਰਿਸ਼ਟੀਕੋਣ ਨਾਲ ਵਿਰੋਧ ਦੀ ਹੱਦ ਤੀਕ ਵੱਖਰਤਾ ਰੱਖਣ ਵਾਲੇ ਪ੍ਰੀਤਮ ਸਿੰਘ ਪੀ.ਸੀ.ਐੱਸ./ਆਈ.ਏ.ਐੱਸ. ਵਰਗੇ ਚਿੰਤਕਾਂ ਦੀਆਂ ਲਿਖਤਾਂ ਨੂੰ ਵੀ ਸਨਮਾਨਯੋਗ ਸਥਾਨ ਮਿਲਦਾ ਰਿਹਾ ਹੈ। ਪ੍ਰਤਿਬੱਧਤਾ ਨੂੰ ਸਿਧਾਂਤਕ ਸੰਕੀਰਣਤਾ ਤੇ ਹੱਠਧਰਮੀ ਤੋਂ ਮੁਕਤ ਰੱਖਣ ਦਾ ਕੰਮ ਸਹਿਲ ਨਹੀਂ ਹੁੰਦਾ ਤੇ ਨਾ ਹੀ 'ਧਰਮ' ਨੂੰ 'ਧੜੇ' ਦੀ ਧੜਵੈਲਤਾ ਤੋਂ ਅਛੂਤਾ ਰੱਖ ਸਕਣਾ ਸੌਖਾ ਹੁੰਦਾ ਹੈ। ਜਿੱਥੋਂ ਤੀਕ ਹੋ ਸਕਿਆ 'ਸਿਰਜਣਾ' ਦੇ ਸੰਪਾਦਕ ਨੇ ਆਪਣੇ ਪਰਚੇ ਨੂੰ ਕਿਸੇ ਵੀ ਕਿਸਮ ਦੀ ਸੰਕੀਰਣਤਾ ਦੀ ਦਾਸਤਾ ਤੋਂ ਅਛੂਤਾ ਰੱਖਿਆ ਹੈ।

ਇਹ ਮੁਅਜਜ਼ਾ ਕੋਈ 'ਐਵੇਂ ਕਿਵੇਂ' ਨਹੀਂ ਵਾਪਰਿਆ ਕਿ 'ਸਿਰਜਣਾ' ਤੇ ਰਘਬੀਰ ਸਿੰਘ ਆਪਣੇ ਤੌਰ 'ਤੇ ਇਕ ਦੂਜੇ ਦੇ ਪਛਾਣ-ਚਿੰਨ੍ਹ ਬਣ ਗਏ ਹਨ। ਇਸ ਤਦਾਮਤਾ ਦਾ ਰਾਜ਼ ਰਘਬੀਰ ਸਿੰਘ ਦੇ ਆਪਣੇ ਕੰਮ ਪ੍ਰਤੀ ਸਮੂਹਕ ਸਮਰਪਣ ਵਿਚ ਹੈ। ਇਹ ਕੋਈ ਮਹਿਜ਼ ਸਬੱਬ ਨਹੀਂ ਕਿ ਰਘਬੀਰ ਸਿੰਘ ਦੀ ਜੇਠੀ ਧੀ ਦਾ ਨਾਂ ਸਿਰਜਣਾ ਤੇ ਛੋਟੀ ਦਾ ਰਚਨਾ ਹੈ ਅਤੇ ਆਪਣੇ ਪਾਸਪੋਰਟ

ਲਈ ਫਾਰਮ ਭਰਨ ਵੇਲੇ ਰਘਬੀਰ ਸਿੰਘ ਨੇ ਸਿਰਜਣਾ ਨੂੰ ਹੀ ਆਪਣੇ ਉਪ-ਨਾਮ ਵਜੋਂ ਧਾਰਨ ਕਰ ਲਿਆ ਸੀ। ਰਘਬੀਰ ਸਿੰਘ ਦਾ 'ਸਿਰਜਣਾ' ਨਾਲ ਸੰਬੰਧ ਆਪਣੀ ਸੰਤਾਨ ਤੇ ਜਿੰਦ-ਜਾਨ ਵਰਗਾ ਹੈ।

'ਸਿਰਜਣਾ' ਦੇ ਦੂਸਰੇ ਸ਼ਤਾਬਦੀ ਅੰਕ ਦੇ ਪ੍ਰਕਾਸ਼ਨ ਦੇ ਅਵਸਰ 'ਤੇ 'ਸਿਰਜਣਾ' ਪਰਿਵਾਰ ਦੀ ਮਾਂ ਸੁਲੇਖਾ ਸਮੇਤ ਸਭ ਨੂੰ ਤਹਿ ਦਿਲੋਂ ਮੁਬਾਰਕਬਾਦ। **--ਸਾਧੂ ਸਿੰਘ**

## ਸਿਰਜਣਾ: ਸ਼ੁਰੂਆਤੀ ਵਰ੍ਹੇ

ਪਿਛਲੀ ਸਦੀ ਦਾ ਸੱਤਵਾਂ ਦਹਾਕਾ। ਸੰਸਾਰ ਪੱਧਰ 'ਤੇ ਸਮਾਜਵਾਦੀ ਵਿਚਾਧਾਰਾ ਵਿਰੁੱਧ ਭੰਡੀ ਪਚਾਰ ਦੇ ਜ਼ੋਰ ਦਾ ਦੌਰ ਦੋਰਾ। ਆਧੁਨਿਕਤਾ ਦੇ ਨਾਂ ਥੱਲੇ ਜੀਵਨ ਅਤੇ ਸਾਹਿਤ ਵਿਚ ਬੀਮਾਰ ਮਾਨਸਿਕਤਾ ਦਾ ਉਭਾਰ। ਪ੍ਰਗਤੀਸ਼ੀਲ ਵਿਚਾਰਧਾਰਾ ਨੂੰ ਪਰਨਾਏ ਬਜ਼ੁਰਗ ਵਿਦਵਾਨ ਤੇ ਸਾਹਿਤਕਾਰ ਸਮਾਜਵਾਦ ਵਿਰੁੱਧ ਇਸ ਭੰਡੀ ਪਰਚਾਰ ਦੀ ਵਾਛੜ ਨਾਲ ਝੰਬੇ ਤੇ ਨਿੰਮੋਝੂਣ ਅਜੀਬ ਦੁਚਿੱਤੀ ਦਾ ਸ਼ਿਕਾਰ।

ਪੰਜਾਬੀ ਸਾਹਿਤ-ਜਗਤ ਵੀ ਉਪਰੋਕਤ ਸਥਿਤੀ ਵਿਚੋਂ ਲੰਘ ਰਿਹਾ। ਪ੍ਰਯੋਗਵਾਦ ਦੇ ਪਰਚਮ ਨਾਲ ਜਸਬੀਰ ਸਿੰਘ ਆਹਲੂਵਾਲੀਆ ਨੇ ਪ੍ਰਗਤੀਸ਼ੀਲ ਪੰਜਾਬੀ ਸਾਹਿਤ-ਸਿਰਜਣਾ ਅਤੇ ਚਿੰਤਨ ਵਿਰੁੱਧ ਮੁਹਿੰਮ ਦੇ ਸਿਧਾਂਤਕਾਰ ਵਜੋਂ ਜ਼ਿੰਮੇਵਾਰੀ ਸੰਭਾਲੀ ਹੋਈ। ਤੁਰੰਤ ਪ੍ਰਸਿੱਧੀ ਪ੍ਰਾਪਤ ਕਰਨ ਅਤੇ ਚਰਚਾ ਦੇ ਪਾਤਰ ਬਣਨ ਦੀ ਲਾਲਸਾ ਵਾਲੇ ਸਾਹਿਤਕਾਰ, ਖਾਸਕਰ ਕਵੀ, ਪ੍ਰਯੋਗਵਾਦ ਦਾ ਪੱਲਾ ਫੜਨ ਅਤੇ ਆਹਲੂਵਾਲੀਆ ਦੀ ਛਤਰੀ ਹੇਠ ਸ਼ਰਨ ਲੈਣ ਲਈ ਕਾਹਲ਼ੇ। ਸਾਧਾਰਨ ਪੰਜਾਬੀ ਪਾਠਕ ਭੰਬਲ ਭੂਸੇ ਦਾ ਸ਼ਿਕਾਰ।

ਉਪਰੋਕਤ ਵਰਤਾਰੇ ਨੂੰ ਗੰਭੀਰਤਾ ਨਾਲ ਵਿਚਾਰਦਿਆਂ ਪ੍ਰਗਤੀਸ਼ੀਲ ਵਿਚਾਰਧਾਰਾ ਦੇ ਧਾਰਨੀ ਕੁਝ ਨੌਜਵਾਨ ਲੇਖਕਾਂ ਤੇ ਵਿਚਾਰਵਾਨਾਂ ਨੇ ਤਤਕਾਲੀ ਡਾਵਾਂ ਡੋਲ ਹਾਲਾਤ ਦਾ ਸਾਹਮਣਾ ਕਰਨ ਦੇ ਉਦੇਸ਼ ਨਾਲ ਪੰਜਾਬੀ ਸਾਹਿਤ-ਸਿਰਜਣਾ ਅਤੇ ਚਿੰਤਨ ਵਿਚ ਯਥਾਰਥਕਤਾ ਅਤੇ ਪ੍ਰਗਤੀਸ਼ੀਲਤਾ ਨੂੰ ਉਭਾਰਨ ਲਈ ਕੁਝ ਸਾਰਥਕ ਯਤਨ ਕਰਨ ਦੀ ਲੋੜ ਅਨੁਭਵ ਕੀਤੀ, ਅਤੇ ਇਕ ਨਵਾਂ ਤ੍ਰੈਮਾਸਕ ਪਰਚਾ ਪ੍ਰਕਾਸ਼ਤ ਕਰਨ ਦਾ ਫੈਸਲਾ ਕੀਤਾ। ਇਸ ਸੋਚ ਦੇ ਨੌਜਵਾਨ ਲੇਖਕਾਂ ਵਿਚਾਰਵਾਨਾਂ ਵਿਚ ਰਘਬੀਰ ਸਿੰਘ, ਸੁਹੇਲ ਸਿੰਘ, ਹਰਭਜਨ ਸਿੰਘ ਹੁੰਦਲ, ਨਰਿੰਦਰ ਜੋਸ਼ੀ, ਐਡਵੋਕੇਟ ਹਰਦਿਆਲ ਸਿੰਘ ਉਰਫ ਨੇਤਾ ਜੀ, ਜਗੀਰ ਸਿੰਘ ਜਗਤਾਰ ਅਤੇ ਇਹਨਾਂ ਸਤਰਾਂ ਦਾ ਲੇਖਕ ਸ਼ਾਮਲ ਸਨ। ਪ੍ਰਸਤਾਵਤ ਤ੍ਰੈਮਾਸਕ ਦਾ ਨਾਂ 'ਸਿਰਜਣਾ' ਰਖਿਆ ਗਿਆ ਅਤੇ ਸਰਬ ਸੰਮਤੀ ਨਾਲ ਰਘਬੀਰ ਸਿੰਘ ਨੂੰ ਇਸਦਾ ਸੰਪਾਦਕ ਥਾਪਿਆ ਗਿਆ। ਪ੍ਰਿੰਸੀਪਲ ਸੰਤ ਸਿੰਘ ਸੇਖੋਂ ਨੇ 'ਸਿਰਜਣਾ' ਦਾ ਸਰਪ੍ਰਸਤ ਬਣਨਾ ਪ੍ਰਵਾਨ ਕਰ ਲਿਆ। ਇਹਨਾਂ ਸਾਰੇ ਯਤਨਾਂ ਦੇ ਫਲ ਸਰੂਪ ਜੁਲਾਈ 1965 ਵਿਚ 'ਸਿਰਜਣਾ ਦਾ ਪਹਿਲਾ ਅੰਕ ਪਾਠਕਾਂ ਦੇ ਹੱਥਾਂ ਵਿਚ ਸੀ।

ਪਹਿਲਾ ਅੰਕ ਪ੍ਰਕਾਸ਼ਤ ਹੋਣ ਦੀ ਦੇਰ ਸੀ ਕਿ ਸਮੁੱਚੇ ਪੰਜਾਬ, ਭਾਰਤ, ਇੰਗਲੈਂਡ, ਅਮਰੀਕਾ ਅਤੇ ਕੈਨੇਡਾ ਵਿਚ ਵਸਦੇ ਸੁਹਿਰਦ ਪੰਜਾਬੀ ਲੇਖਕ ਦੋਸਤਾਂ ਨੇ ਉਤਸ਼ਾਹ ਨਾਲ ਹੁੰਗਾਰਾ ਭਰਿਆ ਅਤੇ ਹਰ ਪੱਖ ਤੋਂ ਸਹਿਯੋਗ ਦਿੱਤਾ। ਥਾਉਂ ਥਾਈਂ ਲੇਖਕਾਂ, ਪੱਤਰਕਾਰਾਂ ਤੇ ਜਾਗਰੂਕ ਸਾਹਿਤ-ਪ੍ਰੇਮੀਆਂ ਵਿਚ ਇਸਦੀ ਚਰਚਾ ਛਿੜੀ। ਜਲੰਧਰ ਦਾ 'ਕੌਫੀ ਹਾਊਸ' ਇਸ ਚਰਚਾ ਦਾ ਵੱਡਾ ਕੇਂਦਰ ਸੀ। ਪ੍ਰਤੀਗਾਮੀ ਤੇ ਸੰਕੀਰਣ ਸੋਚ ਵਾਲੇ ਕੁਝ ਲੇਖਕਾਂ ਦੇ ਹਿਰਦੇ ਵਿਚ ਭੱਖੜੇ ਦੇ ਕੰਡੇ ਵੀ ਚੁਭੇ ਜਦਕਿ ਇਸ ਵਿਚ ਰਚਨਾਵਾਂ ਪ੍ਰਕਾਸ਼ਤ ਕਰਵਾਉਣ ਦੇ ਇੱਛਕ ਕਈ ਫਸਲੀ ਬਟੇਰੇ ਅੰਮ੍ਰਿਤਸਰ, ਚੰਡੀਗੜ੍ਹ ਵਰਗੀਆਂ ਥਾਵਾਂ ਤੋਂ ਜਲੰਧਰ ਦੇ ਚੱਕਰ ਵੀ ਲਾਉਣ ਲੱਗੇ। ਆਹਲੂਵਾਲੀਆ ਦਾ ਸਾਥੀ ਰਵਿੰਦਰ ਰਵੀ ਦੋਸਤਾਨਾ ਚੋਹਲ ਕਰਦਾ ਰਹਿੰਦਾ। ਕੌਫੀ ਹਾਊਸ ਵਿਚ ਰਘਬੀਰ ਸਿੰਘ, ਸੁਹੇਲ, ਜੋਸ਼ੀ, ਨੇਤਾ ਜੀ ਤੇ

ਮੈਨੂੰ ਬੈਠਾ ਦੇਖ ਕੇ ਉਹ ਫਿਕਰਾ ਕੱਸਦਾ, "ਬੈਠਾ, ਸਿਰਜਣਾ ਦਾ ਰਸਾਲਾ।"

ਦੋ ਢਾਈ ਵਰ੍ਹੇ ਏਸੇ ਤਰ੍ਹਾਂ ਸਾਂਝ ਬਣੀ ਰਹੀ। ਪਰ ਹੌਲ਼ੀ ਹੌਲ਼ੀ ਸਾਥੀ ਹੱਥ ਘੁੱਟਣ ਲੱਗੇ। ਅਤੇ ਫਿਰ 'ਸਿਰਜਣਾ' ਦੀ ਸਾਰੀ ਜ਼ਿੰਮੇਵਾਰੀ ਰਘਬੀਰ ਸਿੰਘ ਦੇ ਮੋਢਿਆਂ 'ਤੇ ਆ ਪਈ। ਪਰ ਰਘਬੀਰ ਡਟਿਆ ਰਿਹਾ--ਅਤੇ ਨਿਰੰਤਰ ਘਰ ਫੂਕ ਤਮਾਸ਼ਾ ਦੇਖਦਾ ਰਿਹਾ। ਉਸਦੀ ਨਿਰੰਤਰ ਲਗਨ, ਸਿਰੜ, ਮਿਹਨਤ ਤੇ ਸਮਰਪਣ ਦੀ ਭਾਵਨਾ ਦੇ ਫਲ ਸਰੂਪ ਅੱਜ 'ਸਿਰਜਣਾ' ਦਾ 200ਵਾਂ ਅੰਕ ਪ੍ਰਕਾਸ਼ਤ ਹੋਣਾ ਪੰਜਾਬੀ ਭਾਸ਼ਾ ਅਤੇ ਸਾਹਿਤ ਵਾਸਤੇ ਜਸ਼ਨਾਂ ਦਾ ਦਿਨ ਹੈ, ਰਘਬੀਰ ਸਿੰਘ ਵਾਸਤੇ ਮਾਣ ਅਤੇ ਸਨਮਾਨ ਦਾ। **--ਸੁਰਿੰਦਰ ਗਿੱਲ**

## 'ਸਿਰਜਣਾ' ਦੇ ਝੰਡੇ ਹੇਠ...

1991 ਦਾ ਸਾਲ। ਇਕ ਦਿਨ ਮਿਲੇ ਮੇਰੇ ਮੈਟਰਿਕ ਦੇ ਜਮਾਤੀ ਕੇਸਰ ਸਿੰਘ ਬਰਵਾਲੀ ਨੇ ਇਹ ਚਿਤਾਵਨੀ ਦਿੱਤੀ: 'ਬੇਸ਼ੱਕ ਤੇਰੀਆਂ ਕਹਾਣੀਆਂ ਕਈ ਚਰਚਿਤ ਰਸਾਲਿਆਂ, ਅਖ਼ਬਾਰਾਂ 'ਚ ਛਪਦੀਆਂ ਨੇ, ਪਰ ਜਦ ਤਕ ਤੇਰੀ ਕੋਈ ਰਚਨਾ 'ਸਿਰਜਣਾ' ਵਿਚ ਨਹੀਂ ਲੱਗਦੀ, ਤੈਨੂੰ ਸਾਹਿਤਕ ਹਲਕਿਆਂ ਨੇ ਕਹਾਣੀਕਾਰ ਨਹੀਂ ਮੰਨਣਾ।' ਸੱਚ ਜਾਣਿਓਂ, ਮੈਨੂੰ ਉਦੋਂ ਤਕ ਪੰਜਾਬੀ ਦੇ ਇਸ ਪ੍ਰਸਿੱਧ ਤ੍ਰੈਮਾਸਕ ਬਾਰੇ ਕੋਈ ਇਲਮ ਨਹੀਂ ਸੀ। ਸੋ ਉਸ ਦੇ ਦੱਸੇ ਅਨੁਸਾਰ ਮੈਂ ਡਾਕਟਰ ਰਘਬੀਰ ਸਿੰਘ ਨੂੰ ਪੱਤਰ ਲਿਖ ਕੇ ਮੈਗਜ਼ੀਨ ਦੀ ਇਕ ਕਾਪੀ ਭੇਜਣ ਲਈ ਬੇਨਤੀ ਕੀਤੀ। 'ਸਿਰਜਣਾ' ਮਿਲਿਆ। ਉਤਾਵਲੇ ਹੋਏ ਨੇ ਤੁਰੰਤ ਇਕ ਕਹਾਣੀ 'ਗੋਲ਼ੀ ਦੀ ਆਵਾਜ਼' ਲਿਫ਼ਾਫ਼ੇ ਵਿਚ ਪਾ ਕੇ ਚੰਡੀਗੜ੍ਹ ਵੱਲ ਤੋਰ ਦਿੱਤੀ। ਉਦੋਂ ਤੱਤੀ ਲਹਿਰ ਦਾ ਪੰਜਾਬ ਵਿਚ ਜ਼ੋਰ ਸੀ। ਇਹ ਕਹਾਣੀ ਪਹਿਲਾਂ ਸਟੇਟ ਦੇ ਸਤਾਏ ਹੋਏ, ਅਖੀਰ ਤੱਤੇ ਮੁੰਡਿਆਂ ਦੇ ਭੇਸ ਵਿਚ ਆਏ ਭਾੜਚੀਆਂ ਵੱਲੋਂ ਮਾਰੇ ਗਏ ਇਕ ਕਿਸਾਨ ਦੀ ਵਿਥਿਆ ਸੀ, ਜੋ ਮੁੜਦੀ ਡਾਕ ਖੜਕਦੀ ਹੋਈ ਵਾਪਸ ਆ ਗਈ। 'ਇਹ ਤਾਂ ਨਿਰਾ ਫਾਰਮੂਲਾ ਜਿਹਾ ਲੱਗਦਾ', ਸੰਪਾਦਕੀ ਨੋਟ ਨਾਲ ਨੱਥੀ ਸੀ। ਮੈਂ ਇਕ ਹੋਰ ਭੇਜ ਦਿੱਤੀ,'ਆਪਣਾ ਖ਼ੂਨ'। ਜਿਸ ਨੂੰ ਉਹਨਾਂ ਪ੍ਰਵਾਨ ਕੀਤਾ ਅਤੇ 'ਸਿਰਜਣਾ' ਦੇ ਪਾਠਕਾਂ ਨਾਲ ਨਵੇਂ ਕਹਾਣੀਕਾਰ ਵਜੋਂ ਮੇਰੀ ਜਾਣ ਪਛਾਣ ਕਰਵਾਉਂਦਿਆਂ ਅਗਲੇ ਅੰਕ ਵਿਚ ਹੀ ਛਾਪ ਦਿੱਤੀ। ਬੱਸ ਫੇਰ ਚੱਲ ਸੋ ਚੱਲ। ਮੈਂ ਹਰ ਨਵੀਂ ਲਿਖੀ ਕਹਾਣੀ 'ਸਿਰਜਣਾ' ਨੂੰ ਭੇਜਦਾ। ਸਾਲ ਵਿਚ ਕੇਵਲ ਇਕ ਜਾਂ ਕਦੇ ਕਦਾਈਂ ਦੋ ਕਹਾਣੀਆਂ ਛਪਦੀਆਂ। ਪਰ ਉਹ ਇਕ ਤੋਂ ਵੱਧ ਕਹਾਣੀ ਨੂੰ ਉਸੇ ਸਾਲ ਨਾ ਛਾਪ ਸਕਣ ਦੀ ਮਜਬੂਰੀ ਦੱਸਦੇ ਹੋਏ ਸਾਰਥਕ ਰਾਇ ਜ਼ਰੂਰ ਭੇਜਦੇ। ਡਾਕਟਰ ਰਘਬੀਰ ਸਿੰਘ ਵੱਲੋਂ ਕਹਾਣੀ ਬਾਰੇ ਕੀਤੀ ਉਸਾਰੂ ਟਿੱਪਣੀ ਆਪਣੇ ਆਪ ਵਿਚ ਕੋਈ ਮਾਇਨਾ ਰੱਖਦੀ।

ਮੈਂ ਅਸਲ ਵਿਚ ਅੰਗਰੇਜ਼ੀ ਸਾਹਿਤ ਦਾ ਵਿਦਿਆਰਥੀ ਸੀ। ਦੋ ਦਹਾਕੇ ਪਹਿਲਾਂ ਦਸਵੀਂ ਗਿਆਰਵੀਂ ਤਕ ਦੇ ਸਿਲੇਬਸ ਵਿਚ ਪੜ੍ਹੀਆਂ ਪੰਜਾਬੀ ਕਹਾਣੀਆਂ ਕਵਿਤਾਵਾਂ ਬਾਰੇ ਹੀ ਜਾਣਦਾ ਸਾਂ। ਬੀ. ਏ. ਤਕ ਵੀ ਨਾਨਕ ਸਿੰਘ ਜਸਵੰਤ ਸਿੰਘ ਕੰਵਲ ਦੇ ਕੁਝ ਨਾਵਲ ਜ਼ਰੂਰ ਪੜ੍ਹੇ ਸਨ। ਸੋ ਜਦੋਂ ਕਦੇ ਵੀ ਚੰਡੀਗੜ੍ਹ ਜਾਂਦਾ, ਅੱਜੋਕੇ ਪੰਜਾਬੀ ਸਾਹਿਤ ਨਾਲ ਬਾਕਾਇਦਾ ਜੁੜੀ ਇਸ ਹਸਤੀ ਨੂੰ ਮਿਲ ਕੇ ਮਨ ਵਿਚ ਨਵਾਂ ਉਤਸ਼ਾਹ ਉਪਜਦਾ। ਹੌਸਲਾ ਮਿਲਦਾ। ਖ਼ਾਸ ਗੱਲ। ਉਹ ਕਿਸੇ ਦੀ ਨਿੰਦਿਆ ਚੁਗਲੀ ਨਾ ਕਰਦੇ, ਨਾ ਸੁਣਨ ਵਿਚ ਯਕੀਨ ਰੱਖਦੇ। ਵਿਚਾਰਧਾਰਾ ਪੱਖੋਂ ਕਿਸੇ ਵਿਰੋਧੀ ਦਾ ਚਰਿੱਤਰਹਰਨ ਕਰਨ ਜਾਂ ਸਾਧਾਰਨ ਜੀਵਨ ਵਿਚ ਵੀ ਕਿਸੇ ਬਾਰੇ ਇਖ਼ਲਾਕ ਤੋਂ ਗਿਰੀ ਹੋਈ ਗੱਲ ਕਹਿਣ ਸੁਣਨ ਦਾ ਸਵਾਲ ਹੀ ਪੈਦਾ ਨਾ ਹੁੰਦਾ। ਸਿਰਫ਼ ਸਾਹਿਤ ਦੀਆਂ ਗੱਲਾਂ। ਹੌਸਲਾ ਅਫਜ਼ਾਈ। ਚੜ੍ਹਦੀ ਕਲਾ ਵਾਲਾ ਸੰਦੇਸ਼। ਪਹਿਲੀਆਂ ਵਿਚ 'ਸਿਰਜਣਾ' ਵਿਚ ਛਪਦੇ ਰਹੇ, ਉਸ ਵੇਲੇ ਦੇ ਸਫਲ ਤੇ ਸਥਾਪਤ ਹੋਏ ਲੇਖਕਾਂ ਦੀਆਂ ਗੱਲਾਂ।

ਨੱਬੇ ਦੇ ਦਹਾਕੇ ਦੌਰਾਨ ਮਿਲੇ ਅਜਿਹੇ ਉਤਸ਼ਾਹ ਨੇ ਅਤੇ ਮੇਰੇ ਵੱਲੋਂ ਛਪੀਆਂ ਪੁਸਤਕਾਂ ਦੇ ਹੀਲੇ ਸਾਡੇ ਆਪਣੇ ਢਾਹੇ ਦੇ ਏਰੀਏ ਵਿਚ ਮਹਿੰਦਰ ਸਿੰਘ ਮਾਨੂੰਪੁਰੀ, ਕੇਸਰ ਸਿੰਘ ਬਰਵਾਲੀ,

ਕਹਾਣੀਕਾਰ ਮੁਖ਼ਤਿਆਰ ਸਿੰਘ, ਕਵੀਸ਼ਰਾਂ ਅਤੇ ਸਾਹਿਤਕ ਮੱਸ ਰੱਖਦੇ ਹੋਰ ਸਾਹਿਤ ਰਸੀਆਂ ਵੱਲੋਂ ਬਣਾਈ ਸੰਸਥਾ 'ਨਿਰਾਲਾ ਕਾਵਿ ਮੰਚ ਮਲਕਪੁਰ' ਕੋਲੋਂ ਸੱਤ ਸਮਾਗਮ ਵੀ ਕਰਵਾਏ। ਸਾਡੇ ਇਲਾਕੇ ਦੇ ਨਾਮਵਰ ਕਵੀਸ਼ਰ ਜਰਨੈਲ ਸਿੰਘ ਨਿਰਾਲਾ ਦੀ ਪੁਸਤਕ 'ਸਿਦਕੀ ਪਰਵਾਨੇ' ਸੰਬੰਧੀ ਪਿੰਡ ਮਲਕਪੁਰ ਵਿਖੇ ਵੱਡਾ ਕਵੀਸ਼ਰੀ ਸਮਾਗਮ, ਨਵੇਂ ਛਪੇ ਕਹਾਣੀ ਸੰਗ੍ਰਹਿ 'ਆਪਣਾ ਖ਼ੂਨ' ਬਾਰੇ ਮੇਰੇ ਪਿੰਡ ਸੇਹ ਵਿਖੇ ਕਹਾਣੀ ਗੋਸ਼ਟੀ, ਅਤੇ ਡਾਕਟਰ ਕੇਸਰ ਸਿੰਘ ਦੇ ਪਿੰਡ ਛੋਟੀ ਬਰਵਾਲੀ ਵਿਖੇ 'ਪੰਜਾਬੀ ਸੱਥ ਬਰਵਾਲੀ' ਦੇ ਸਾਲਾਨਾ ਪ੍ਰੋਗਰਾਮ ਨੇ ਸਾਡੇ ਢਾਹੇ ਦੇ ਪਿੰਡਾਂ ਵਿਚ ਨਵੀਂ ਕਿਸਮ ਦੇ ਸਾਹਿਤਕ ਇਕੱਠ ਕਰਨ ਦਾ ਮੁੱਢ ਬੰਨ੍ਹਿਆਂ। ਸ਼ਹਿਰੀ ਕਮਰਿਆਂ ਵਿਚਲੀ ਸੀਮਿਤ ਹਾਜ਼ਰੀ ਦੇ ਮੁਕਾਬਲੇ ਪਿੰਡਾਂ ਵਿਚ ਡਾਕਟਰ ਰਘਬੀਰ ਸਿੰਘ ਦੀ ਪ੍ਰਧਾਨਗੀ ਹੇਠ ਰਚਾਏ ਇਹਨਾਂ ਤਿੰਨ ਵੱਖਰੀ ਕਿਸਮ ਦੇ ਭਰਵੇਂ ਸਾਹਿਤਕ ਸਮਾਗਮਾਂ ਦੀ ਇਲਾਕੇ ਵਿਚ ਬੜੀ ਪ੍ਰਸ਼ੰਸਾ ਹੋਈ।

'ਆਪਣਾ ਖ਼ੂਨ' ਮੇਰਾ ਦੂਜਾ ਕਹਾਣੀ ਸੰਗ੍ਰਹਿ ਸੀ ਜਿਸ ਦੀ ਭੂਮਿਕਾ ਜਸਵੰਤ ਸਿੰਘ ਵਿਰਦੀ ਨੇ ਲਿਖੀ ਸੀ। ਉਹਨਾਂ ਮੈਨੂੰ ਨਾਵਲ ਲਿਖਣ ਦੀ ਸਲਾਹ ਵੀ ਦਿੱਤੀ। ਉਦੋਂ ਤਕ ਮੈਂ ਡਾਕਟਰ ਰਘਬੀਰ ਸਿੰਘ ਅਤੇ ਆਪਣੇ ਟੀਚਰ ਮਹਿੰਦਰ ਸਿੰਘ ਮਾਨੂੰਪੁਰੀ ਦੀ ਹੱਲਾਸ਼ੇਰੀ ਸਦਕਾ 'ਨਰੰਜਣ ਮਸ਼ਾਲਚੀ' ਲਿਖ ਚੁੱਕਾ ਸੀ, ਜਿਸ ਨੂੰ ਵਿਰਦੀ ਹੋਰਾਂ ਨੇ ਖਰੜਾ ਰੂਪ ਵਿਚ ਪੜ੍ਹਿਆ ਅਤੇ ਸਲਾਹਿਆ ਵੀ। ਡਾਕਟਰ ਰਘਬੀਰ ਸਿੰਘ ਨੇ ਖਰੜੇ ਨੂੰ ਪੜ੍ਹਨ ਉਪਰੰਤ ਇਸ ਦਾ ਮੁੱਖਬੰਦ ਲਿਖਿਆ ਅਤੇ ਭਾਸ਼ਾ ਵਿਭਾਗ ਪੰਜਾਬ ਦੇ ਸਹਿਯੋਗ ਨਾਲ ਛਪੇ ਇਸ ਨਾਵਲ ਨੂੰ 'ਸਿਰਜਣਾ' ਦੇ ਦਫ਼ਤਰ ਤੋਂ ਨਿਵੇਕਲੇ ਢੰਗ ਨਾਲ ਰਿਲੀਜ਼ ਕਰਨ ਦਾ ਮਾਣ ਬਖਸ਼ਿਆ। ਰਵੀ ਸਾਹਿਤ ਪ੍ਰਕਾਸ਼ਨ ਅੰਮ੍ਰਿਤਸਰ ਵੱਲੋਂ ਪ੍ਰਕਾਸ਼ਤ ਮੇਰੀ ਇਹ ਪਲੇਠੀ ਨਾਵਲ ਰਚਨਾ ਛਪਦੇ ਸਾਰ ਚਰਚਾ ਵਿਚ ਆ ਗਈ। ਇਸ ਨਾਵਲ ਨੇ ਸਰਕਾਰੀ ਕਾਲਿਜ ਲੁਧਿਆਣਾ ਵਿਖੇ ਮੇਰੇ ਐੱਮ. ਏ. ਦੇ ਅਧਿਆਪਕ ਰਹੇ ਡਾਕਟਰ ਤੇਜਵੰਤ ਸਿੰਘ ਗਿੱਲ ਨਾਲ ਮੇਰਾ ਮੁੜ ਸੰਪਰਕ ਬਣਾ ਦਿੱਤਾ, ਜੋ ਕਿੰਨਾ ਅਰਸਾ ਪਹਿਲਾਂ ਗੌਰਮਿੰਟ ਕਾਲਿਜ ਲੁਧਿਆਣਾ ਛੱਡ ਕੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਿਖੇ ਅੰਗਰੇਜ਼ੀ ਵਿਭਾਗ ਦੇ ਮੁਖੀ ਬਣ ਚੁੱਕੇ ਸਨ। 'ਨਰੰਜਣ ਮਸ਼ਾਲਚੀ' ਤੋਂ ਬਾਅਦ ਮੈਂ ਜਿਹੜੇ ਸੱਤ ਨਾਵਲ ਹੋਰ ਰਚੇ ਹਨ, ਮੇਰੀ ਹਰੇਕ ਰਚਨਾ ਨੂੰ ਖਰੜਾ ਰੂਪ ਵਿਚ ਇਹਨਾਂ ਦੋ ਸ਼ਖ਼ਸੀਅਤਾਂ ਵੱਲੋਂ ਪੜ੍ਹਨ ਤੇ ਵਾਚਣ ਦਾ ਸੁਭਾਗ ਪ੍ਰਾਪਤ ਹੈ। ਬੇਸ਼ੱਕ ਇਹਨਾਂ ਤੋਂ ਪਹਿਲਾਂ ਨਾਵਲ ਦੀ ਪਰਖ ਪੜਚੋਲ ਕਰਨ ਲਈ ਮੈਂ ਵੱਖੋ ਵੱਖਰੇ ਵਿੱਦਿਅਕ ਪੱਧਰ ਵਾਲੇ ਆਪਣੇ ਹੋਰ ਨਜ਼ਦੀਕੀ ਸ਼ੁਭਇੱਛਕਾਂ ਨੂੰ ਵੀ ਖਰੜਾ ਜ਼ਰੂਰ ਪੜ੍ਹਾਉਂਦਾ। ਮੇਰੇ ਦੂਜੇ ਨਾਵਲ 'ਖੇੜੇ ਸੁੱਖ ਵਿਹੜੇ ਸੁੱਖ' ਦਾ ਮੁੱਖਬੰਦ-'ਨਾਵਲ ਦੇ ਨਾਲ ਦਸਤਾਵੇਜ਼ ਵੀ' ਡਾਕਟਰ ਤੇਜਵੰਤ ਸਿੰਘ ਗਿੱਲ ਨੇ ਲਿਖਿਆ ਅਤੇ ਇਹ ਨਾਵਲ 'ਮੇਰੇ ਪ੍ਰੇਰਨਾ ਸਰੋਤ ਡਾਕਟਰ ਰਘਬੀਰ ਸਿੰਘ ਸਿਰਜਣਾ ਨੂੰ ਸਮਰਪਿਤ ਸੀ।

'ਸਿਰਜਣਾ' ਦੇ 100ਵੇਂ ਅੰਕ ਵਿਚ ਛਪੀ ਮੇਰੀ ਕਹਾਣੀ 'ਸੁਫਨਾ ਅਤੇ ਸੱਚ' ਪਲਾਟ ਦੀ ਨਵੀਨਤਾ ਕਰ ਕੇ ਬਹੁਤ ਚਰਚਿਤ ਹੋਈ। ਇਸੇ ਕਹਾਣੀ ਨੂੰ ਆਧਾਰ ਬਣਾ ਕੇ ਮੈਂ 2013 ਵਿਚ ਆਪਣਾ ਵੱਡ ਆਕਾਰੀ ਛੇਵਾਂ ਨਾਵਲ 'ਖ਼ਾਲੀ ਖੂਹਾਂ ਦੀ ਕਥਾ' ਲਿਖਿਆ, ਜਿਸ ਨੂੰ 2014 ਵਿਚ ਪਹਿਲੇ ਉਦਘਾਟਨੀ ਇੰਟਰਨੈਸ਼ਨਲ 'ਢਾਹਾਂ ਪੰਜਾਬੀ ਸਾਹਿਤ ਐਵਾਰਡ' ਨਾਲ ਸਨਮਾਨਿਆ ਗਿਆ। ਸੋ 'ਸਿਰਜਣਾ' ਨੇ ਮੇਰੀ ਹਰ ਰਚਨਾ ਦਾ ਭਰਪੂਰ ਹੁੰਗਾਰਾ ਹੀ ਨਹੀਂ ਭਰਿਆ, ਇਹ ਸਾਹਿਤਕ ਮੈਗਜ਼ੀਨ ਵਿਸ਼ਵਾਸ ਪੱਖੋਂ ਵੀ ਮੇਰਾ ਰਾਹ ਦਿਸੇਰਾ ਬਣਿਆ ਹੈ ਕਿਉਂਕਿ ਡਾਕਟਰ ਰਘਬੀਰ ਸਿੰਘ ਦੇ ਸੰਪਰਕ ਵਿਚ ਆਉਣ ਤੋਂ ਪਹਿਲਾਂ ਮੈਂ ਇਹ ਨਹੀਂ ਸੀ, ਜੋ ਹੁਣ ਹਾਂ। ਮੈਂ ਕਿਸੇ ਲਹਿਰ ਵਿਚੋਂ ਉਪਜਿਆ ਲੇਖਕ ਨਹੀਂ ਹਾਂ। ਯਾਨੀ ਕਿ ਅਗਾਂਹਵਧੂ ਸੋਚ ਦਾ ਧਾਰਨੀ ਬਣਾਉਣ ਵਿਚ ਮੇਰੇ ਅਧਿਆਪਕਾਂ, ਉਹਨਾਂ ਦੇ ਸੁਝਾਏ ਸਾਹਿਤ ਸਮੇਤ ਇਸ ਮਾਨਵਵਾਦੀ ਪਹੁੰਚ ਵਾਲੇ ਮੈਗਜ਼ੀਨ ਅਤੇ ਇਸ ਦੇ ਸੰਪਾਦਕ ਨੇ ਵੱਡਾ ਯੋਗਦਾਨ ਪਾਇਆ ਹੈ। ਏਹੀ ਕਾਰਨ ਹੈ ਕਿ ਮੈਂ ਆਪਣੇ ਨਾਵਲਾਂ ਵਿਚ ਪੰਜਾਬੀ ਸਮਾਜ ਦੇ ਹਰੇਕ ਵਰਗ ਦੇ ਪਾਤਰਾਂ ਨੂੰ ਕਿਸੇ ਖ਼ਾਸ ਵਿਚਾਰਧਾਰਾ ਦੇ

ਮਖੌਟੇ ਧਾਰਨ ਕਰਵਾਉਣ ਦੀ ਥਾਂ ਮਾਨਵਵਾਦੀ ਨਜ਼ਰੀਏ ਤੋਂ ਸਹਿਜ ਸੁਭਾਵਕ, ਨਿਰਪੱਖ ਵਿਚਰਦੇ ਦਿਖਾ ਸਕਿਆਂ ਹਾਂ। ਕਿਸੇ ਵਿਸ਼ੇਸ਼ ਵਾਦ ਦਾ ਬੁਲਾਰਾ ਬਣਨ ਦੀ ਬਜਾਏ ਮੇਰੇ ਗਲਪ ਦੇ ਹਰੇਕ ਪਾਤਰ ਦੀ ਆਪਣੇ ਸਮਾਜਕ ਪਿਛੋਕੜ ਅਨੁਸਾਰ ਸੁਭਾਵਕ ਹੋਂਦ ਹੈ।

ਇੰਝ 'ਸਿਰਜਣਾ' ਦੇ ਝੰਡੇ ਹੇਠ ਮੈਂ ਸੌੜੀ ਸੋਚ ਅਖ਼ਤਿਆਰ ਕਰਨ ਤੋਂ ਬਚਿਆ ਰਿਹਾ ਹਾਂ। ਇਸ ਨੇ ਮੈਨੂੰ ਧਰਮ, ਰਾਜਨੀਤੀ, ਅਤੇ ਸਮਾਜ ਬਾਰੇ ਉਸਾਰੂ ਦ੍ਰਿਸ਼ਟੀਕੋਣ ਧਾਰਨ ਕਰਨ ਵਿਚ ਮਦਦ ਕੀਤੀ ਅਤੇ ਥਿੜਕਣ ਤੋਂ ਬਚਾਇਆ ਹੈ। ਸਿਰਫ ਇਕ ਮਿਸਾਲ ਦੇਣੀ ਚਾਹਾਂਗਾ। ਨੱਬੇ ਦੇ ਦਹਾਕੇ ਦੇ ਅਖੀਰ ਵਿਚ ਜਦੋਂ ਅਜੇ ਮੇਰੀਆਂ ਚਾਰ ਪੁਸਤਕਾਂ ਹੀ ਛਪੀਆਂ ਸਨ, ਜਲੰਧਰ ਦੇ ਇਕ ਪਰਮ ਮਿੱਤਰ ਨੇ ਇਨਾਮਾਂ ਸਨਮਾਨਾਂ ਬਾਰੇ ਛੇੜੀ ਨਾਂਹ-ਪੱਖੀ ਲਿਖਤੀ ਚਰਚਾ ਵਿਚ ਮੇਰੇ ਕੋਲ਼ੋਂ ਵੀ ਪੰਜ ਸੱਤ ਸਤਰਾਂ ਦੀ ਟਿੱਪਣੀ ਲਿਖਵਾ ਕੇ ਛਾਪ ਦਿੱਤੀ ਜੋ ਮੇਰੇ ਸੁਭਾਗਵੱਸ ਡਾਕਟਰ ਰਘਬੀਰ ਸਿੰਘ ਦੀ ਨਜ਼ਰ ਚੜ੍ਹ ਗਈ। ਮੈਂ ਉਹਨਾਂ ਨੂੰ ਮਿਲਣ ਗਿਆ ਤਾਂ ਉਹੀ ਮੈਗਜ਼ੀਨ ਮੇਰੇ ਮੂਹਰੇ ਕਰਦਿਆਂ ਡਾਕਟਰ ਸਾਹਿਬ ਨੇ ਆਖਿਆ: "ਤੈਨੂੰ ਤਾਂ ਪੰਜਾਬੀ ਦੇ ਆਲੋਚਕਾਂ ਤੇ ਪਾਠਕਾਂ ਨੇ ਖ਼ੂਬ ਸਲਾਹਿਆ ਹੈ। ਤੂੰ ਅੱਗੇ ਤੋਂ ਅਜਿਹੀ ਨਾਂਹਵਾਚਕ ਟਿੱਪਣੀ ਨਹੀਂ ਕਰਨੀ। ਚੰਗਾ ਸਾਹਿਤ ਪੜ੍ਹਦਿਆਂ ਆਪਣੇ ਲਿਖਣ ਕਾਰਜ ਵੱਲ ਧਿਆਨ ਕੇਂਦਰਤ ਕਰੋ, ਬਸ ਮਿਹਨਤ ਕਰਦੇ ਜਾਓ। ਏਹੀ ਹੈ ਲੇਖਕ ਦਾ ਧਰਮ। ਚੰਗੀ ਰਚਨਾ ਅਣਗੌਲ਼ੀ ਰਹਿ ਸਕਦੀ, ਪਰ ਚੰਗੇ ਲੇਖਕ ਦਾ ਮੁੱਲ ਦੇਰ ਸਵੇਰ ਜ਼ਰੂਰ ਪੈ ਜਾਂਦਾ।" ਡਾਕਟਰ ਸਾਹਿਬ ਦੀ ਇਹ ਭਵਿੱਖਬਾਣੀ ਸਹੀ ਸਾਬਤ ਹੋਈ। ਮੇਰੀ ਹਰੇਕ ਨਾਵਲ ਰਚਨਾ ਅਤੇ ਹੁਣ ਤਕ ਦੀ ਸਮੁੱਚੀ ਸਾਹਿਤਕ ਦੇਣ ਦਾ ਪੰਜਾਬੀ ਪਾਠਕਾਂ ਆਲੋਚਕਾਂ ਨੇ ਭਰਵਾਂ ਹੁੰਗਾਰਾ ਹੀ ਨਹੀਂ ਭਰਿਆ, ਅੱਠ ਵਕਾਰੀ ਇਨਾਮ ਵੀ ਮੇਰੀ ਝੋਲ਼ੀ ਪਾਏ ਹਨ, ਜਿਸ ਲਈ ਮੈਂ ਪੰਜਾਬੀ ਸਾਹਿਤ ਜਗਤ ਦੇ ਜੌਹਰੀਆਂ ਦਾ ਰਿਣੀ ਹਾਂ।

ਇਕ ਹੋਰ ਗੱਲ! 'ਸਿਰਜਣਾ' ਨਾਲ ਮੇਰੇ ਸਾਥ ਦੇ ਇਹਨਾਂ ਤਿੰਨ ਦਹਾਕਿਆਂ ਦੌਰਾਨ ਮੈਂ ਇਹ ਵੀ ਦੇਖਿਆ ਹੈ ਕਿ ਡਾਕਟਰ ਰਘਬੀਰ ਸਿੰਘ ਅੰਦਰ ਬੜਾ ਵਿਸ਼ਾਲ ਹਿਰਦਾ ਅਤੇ ਸੰਪਾਦਕ ਵਜੋਂ ਲੋਹੜੇ ਦੀ ਨਿਰਪੱਖਤਾ ਅਤੇ ਦਿਆਨਤਦਾਰੀ ਹੈ। ਉਹ ਕਿਸੇ ਇਕ ਲੇਖਕ ਦੇ ਨਹੀਂ। ਚੰਗੀ ਰਚਨਾ ਕਰਨ ਵਾਲਾ ਹਰੇਕ ਲੇਖਕ ਉਹਨਾਂ ਨੂੰ ਪਿਆਰਾ ਹੈ। ਅਸਲ ਵਿਚ ਉਹ ਨਿੱਗਰ ਸਾਹਿਤ ਦੇ ਹਾਮੀ ਹਨ। ਮਾੜੀ ਰਚਨਾ ਨਾਲ ਲਿਹਾਜ਼ ਕੋਈ ਨਹੀਂ। ਪਰ ਚੰਗੀ ਰਚਨਾ ਦੀ ਉਹ ਭਰਪੂਰ ਪ੍ਰਸ਼ੰਸਾ ਕਰਦੇ ਹਨ ਅਤੇ ਹਲਕੀ ਨੂੰ ਨਿੰਦਣ ਦੀ ਵੀ ਉਹਨਾਂ ਕੋਲ਼ ਘੌਲ਼ ਨਹੀਂ। ਮੈਂ ਪੰਜਾਬੀ ਵਿਚ ਏਹੀ ਇਕ ਰਿਸਾਲਾ ਦੇਖਿਆ ਹੈ ਜੋ ਸੰਪਾਦਕ ਤੋਂ ਵਿਰੋਧੀ ਮਾਨਤਾਵਾਂ ਰੱਖਣ ਵਾਲੇ ਕਿੰਨੇ ਆਲੋਚਕਾਂ ਦਾਨਸ਼ਵਰਾਂ ਨੂੰ ਛਾਪਦਾ ਰਿਹਾ ਹੈ। 'ਸਿਰਜਣਾ' ਨੇ ਪਿਛਲੀ ਅੱਧੀ ਸਦੀ ਦੇ ਸਫਲ ਸਾਹਿਤਕ ਸਫ਼ਰ ਦੌਰਾਨ ਮੇਰੇ ਜਿਹੇ ਕਿੰਨੇ ਲੇਖਕਾਂ/ਆਲੋਚਕਾਂ ਨੂੰ ਇਸ ਵਿਚ ਸਮੇਂ ਸਮੇਂ ਉੱਤੇ ਢੁਕਵੀਂ ਥਾਂ ਦੇ ਕੇ ਉਹਨਾਂ ਦੀ ਸਾਹਿਤਕ/ਆਲੋਚਨਾਤਮਕ ਪ੍ਰਤਿਭਾ ਨੂੰ ਨਿਖਾਰਨ ਵਿਚ ਭਰਵੀਂ ਮਦਦ ਕੀਤੀ ਹੈ। ਇਹ ਮੈਗਜ਼ੀਨ ਕੇਵਲ ਸਿਰਜਣਾ ਪਰਿਵਾਰ ਦਾ ਹੀ ਨਹੀਂ ਸਾਡੇ ਪੰਜਾਬੀ ਸਾਹਿਤ ਜਗਤ ਦਾ ਮਾਣਮੱਤਾ ਹਾਸਲ ਹੈ। ਇਸ ਦਾ 200ਵਾਂ ਅੰਕ ਪ੍ਰਕਾਸ਼ਤ ਹੋਣ ਉੱਤੇ ਮਾਣ ਮਹਿਸੂਸ ਕਰਦਾ ਹਾਂ।

**--ਅਵਤਾਰ ਸਿੰਘ ਬਿਲਿੰਗ**

## 'ਸਿਰਜਣਾ' ਮੇਰਾ ਜੀਵਨ ਸਾਥੀ

ਮੈਂ 'ਸਿਰਜਣਾ' ਦਾ 1974-75 ਤੋਂ ਲਗਾਤਾਰ ਪਾਠਕ ਰਿਹਾ ਹਾਂ। ਇਸ ਵਿਚ ਛਪ ਰਹੀਆਂ ਰਚਨਾਵਾਂ ਤੋਂ ਨਿਰਪੱਖ ਮਾਨਵਵਾਦੀ ਸੋਚ ਨੂੰ ਹੁਲਾਰਾ ਮਿਲਦਾ। ਬੀਤੇ ਅਤੇ ਭਵਿੱਖ ਵਾਲੇ ਯਥਾਰਥਕ ਸਮੇਂ ਦੀ ਨਬਜ਼ ਪਛਾਣ ਕੇ ਕਰੂੜ ਜ਼ਿੰਦਗੀ ਨਾਲ ਵਿਚਰਨਾ ਸਹਾਈ ਹੁੰਦਾ। ਮੈਂ ਪਹਿਲੀਆਂ ਹੀ ਲਿਖੀਆਂ ਤਿੰਨ ਕੁ ਕਹਾਣੀਆਂ ਵਿਚੋਂ 'ਤੀਜਾ ਪਹਿਰ ਹੋਣ ਤਕ' ਕਹਾਣੀ ਦੋਸਤਾਂ

ਮਿੱਤਰਾਂ ਨੂੰ ਪੜ੍ਹਾਈ। ਉਨ੍ਹਾਂ ਨੇ ਸਲਾਹ ਦਿੱਤੀ 'ਸਿਰਜਣਾ' ਨੂੰ ਭੇਜਦੇ। ਮੈਂ ਝਕਦੇ ਝਕਦੇ 1976-77 ਵਿਚ ਭੇਜ ਦਿੱਤੀ। ਉਦੋਂ ਮੈਂ ਡਾ. ਰਘਬੀਰ ਸਿੰਘ ਜੀ ਹੋਰਾਂ ਨੂੰ ਜਾਣਦਾ ਨਹੀਂ ਸੀ। ਕਹਾਣੀ ਛਪ ਗਈ। ਮੇਰਾ ਚਾਅ ਲੱਥਿਆ ਨਾ ਜਾਵੇ। ਦੋਸਤਾਂ ਮਿੱਤਰਾਂ 'ਚ ਬਹਿ ਜਾ ਬਹਿ ਜਾ ਹੋ ਗਈ। ਕਹਿੰਦੇ ਜਿਹੜਾ 'ਸਿਰਜਣਾ' ਵਿਚ ਛਪ ਗਿਆ, ਉਹ ਲੇਖਕ ਸਥਾਪਤ ਹੋ ਗਿਆ। ਸੋ 'ਸਿਰਜਣਾ' ਦੇ ਸੰਪਾਦਕ ਨਵੇਂ ਪੁਰਾਣੇ ਲੇਖਕ ਨੂੰ ਨਹੀਂ ਵੇਖਦੇ, ਸਿਰਫ ਰਚਨਾ ਨੂੰ ਵੇਖਦੇ ਹਨ ਕਿ ਛਪਣ ਯੋਗ ਹੈ ਜਾਂ ਨਹੀਂ। 'ਸਿਰਜਣਾ' ਦੇ ਮੈਟਰ ਨੇ ਸਾਹਿਤਕ ਪੱਧਰ ਹਾਂ-ਪੱਖੀ ਸੋਚ ਨਾਲ ਜੋ ਬਣਾਈ ਸੀ ਉਹ ਹੁਣ ਤਕ ਬਣਾਈ ਹੋਈ ਹੈ। ਜਿਸ ਪਾਠਕ ਨੇ ਇਕ ਵਾਰ 'ਸਿਰਜਣਾ' ਪੜ੍ਹ ਲਿਆ, ਉਹ ਪੱਕਾ ਪਾਠਕ ਬਣ ਗਿਆ। ਸੰਪਾਦਕ ਦੀ ਚੋਣ ਪ੍ਰਕਿਰਿਆ ਬੇਲਿਹਾਜ਼ੀ ਤੇ ਦੂਰ ਦ੍ਰਿਸ਼ਟੀ ਵਾਲੀ ਸੋਚ ਹੈ। ਉਨ੍ਹਾਂ ਕੋਲ ਨਵੇਂ ਪੁਰਾਣੇ ਲੇਖਕ ਦਾ ਲਿਹਾਜ਼ ਨਹੀਂ। ਸਿਰਫ ਰਚਨਾ ਨੂੰ ਹੀ ਵੇਖਦੇ ਹਨ। ਉਦੋਂ ਤੋਂ ਹੁਣ ਤਕ ਗਾਹੇ-ਬ-ਗਾਹੇ ਮੇਰੀਆਂ ਕਹਾਣੀਆਂ ਛਪਦੀਆਂ ਆ ਰਹੀਆਂ ਹਨ। ਜੇ ਕੋਈ ਕਹਾਣੀ 'ਸਿਰਜਣਾ' ਦੇ ਪੱਧਰ ਦੀ ਨਹੀਂ ਤਾਂ ਵਾਪਸ ਵੀ ਭੇਜ ਦਿੰਦੇ ਹਨ। ਇਹੋ 'ਸਿਰਜਣਾ' ਦੀ ਨਿਰਪੱਖ ਸਾਧਨਾ ਦਾ ਸਬੂਤ ਹੈ ਕਿ 200ਵਾਂ ਅੰਕ ਪਾਠਕਾਂ ਦੇ ਹੱਥਾਂ ਵਿਚ ਹੈ। ਅਦਾਰਾ 'ਸਿਰਜਣਾ' ਨੂੰ ਬਹੁਤ ਬਹੁਤ ਵਧਾਈ।

**--ਮੁਖਤਿਆਰ ਸਿੰਘ**

## 'ਸਿਰਜਣਾ'- ਮੇਰੇ ਸਾਹਿਤਕ ਸਫਰ ਵਿਚ ਰਾਹ-ਦਿਸੇਰਾ

ਬੇਹੱਦ ਖ਼ੁਸ਼ੀ ਦਾ ਅਹਿਸਾਸ ਹੋ ਰਿਹਾ ਹੈ ਕਿ 'ਸਿਰਜਣਾ' ਦਾ 200ਵਾਂ ਵਿਸ਼ੇਸ਼ ਅੰਕ ਪ੍ਰਕਾਸ਼ਤ ਹੋ ਰਿਹਾ ਹੈ। 'ਸਿਰਜਣਾ' ਦਾ ਮੇਰੇ ਸਾਹਿਤਕ ਸਫ਼ਰ ਵਿਚ ਸ਼ੁਮਾਰ ਤਕਰੀਬਨ ਸਾਢੇ ਚਾਰ ਦਹਾਕੇ ਪੁਰਾਣਾ ਹੈ ਜਦੋਂ ਮੈਂ ਕਾਲਿਜ ਵਿਦਿਆਰਥੀ ਸੀ। ਉਦੋਂ ਸੰਪਾਦਕੀ ਤੋਂ ਲੈ ਕੇ ਚਿੱਠੀਆਂ ਤਕ ਪੜ੍ਹਦਾ ਤਾਂ ਚਿੱਤ 'ਚ ਆਉਂਦਾ ਕਿ 'ਸਿਰਜਣਾ' ਨੂੰ ਚਿੱਠੀ ਲਿਖਾਂ! ਇਸ ਬਹਾਨੇ ਮੇਰਾ ਨਾਂ ਉਸ ਵਿਚ ਛਪ ਜਾਵੇ ਪਰ ਸੋਚਾਂ ਵਿਚ ਸੰਕੋਚ ਦਾ ਪੱਲਾ ਭਾਰੂ ਰਹਿੰਦਾ। ਮਗਰੋਂ ਜਦੋਂ 'ਨਵਚੇਤਨ ਪੰਜਾਬੀ ਸਾਹਿਤ ਸਭਾ, ਭੋਗਪੁਰ' ਦੀਆਂ ਮਾਸਿਕ ਇਕੱਤਰਤਾਵਾਂ ਵਿਚ ਜਾਣ ਲੱਗਾ ਤਾਂ ਸਾਡੇ ਨਾਲੋਂ ਉਮਰੋਂ ਵੱਡੇ ਤੇ ਸਾਹਿਤ ਦੀ ਨਿੱਗਰ ਸੂਝ ਰੱਖਣ ਵਾਲੇ ਕਵੀ 'ਸਿਰਜਣਾ' ਦਾ ਅੰਕ ਆਪਣੇ ਬਗਲ ਵਾਲੇ ਝੋਲ਼ੇ 'ਚ ਪਾ ਕੇ ਲਿਆਉਂਦੇ। ਕਈ ਰਚਨਾਵਾਂ ਉੱਤੇ ਸਹਿਜ ਹੀ ਵਿਚਾਰ-ਚਰਚਾ ਹੋ ਜਾਂਦੀ ਜਿਵੇਂ ਸਾਹਿਤ-ਸਭਿਆਚਾਰ ਬਾਰੇ ਸਕੂਲਿੰਗ ਹੁੰਦੀ ਹੋਵੇ। ਤੇ ਫਿਰ ਮੈਂ ਵੀ 'ਸਿਰਜਣਾ' ਦਾ ਪੱਕਾ ਪਾਠਕ ਬਣ ਗਿਆ। ਉਨ੍ਹੀਂ ਦਿਨੀਂ ਸੋਵੀਅਤ ਸਾਹਿਤ ਦਾ ਪ੍ਰਚਾਰ-ਪ੍ਰਸਾਰ ਸਿਖ਼ਰਾਂ 'ਤੇ ਸੀ। ਆਪਣੀ ਵਿਤ ਮੂਜਬ ਪ੍ਰਗਤੀਵਾਦੀ-ਮਾਨਵਵਾਦੀ, ਸਮਾਜਵਾਦੀ ਤੇ ਸੰਸਾਰ ਅਮਨ ਦੀ ਸਲਾਮਤੀ ਨੂੰ ਉਭਾਰਦੀਆਂ ਕਿਤਾਬਾਂ, ਮੈਗਜ਼ੀਨ ਤੇ ਅਖ਼ਬਾਰਾਂ ਖਰੀਦ ਕੇ ਪੜ੍ਹਦਾ। ਇਨ੍ਹਾਂ ਵਿਚਲੀਆਂ ਰਚਨਾਵਾਂ/ਸਮੱਗਰੀ ਨੂੰ ਮੁੜ-ਮੁੜ ਪੜ੍ਹਦਾ-ਗੁੜ੍ਹਦਾ ਜਿਨ੍ਹਾਂ ਵਿਚ 'ਸਿਰਜਣਾ' ਰਿਸਾਲਾ ਵੀ ਹੁੰਦਾ। ਸੋਚਦਾ ਕਿ ਮੈਨੂੰ ਵੀ ਇਉਂ ਦੀ ਲਿਖਣ ਸੂਝ-ਸਮਝ ਆ ਜਾਵੇ ਜੋ ਸਮੁੱਚੀ ਮਨੁੱਖਤਾ ਨੂੰ ਮੁਖ਼ਾਤਿਬ ਹੋਵੇ ਤੇ ਇਨਸਾਨੀਅਤ ਪੱਖੀ ਨਜ਼ਰੀਆ ਝਲਕਾਰੇ ਮਾਰਦਾ ਦਿਸੇ। ਖ਼ੈਰ, ਮੈਂ ਆਪਣੇ ਲੇਖਣ-ਅਭਿਆਸ ਵਿਚ ਲਗਾਤਾਰ ਰੁੱਝਿਆ ਰਿਹਾ। ਨਤੀਜਨ, ਮੇਰੀਆਂ ਕਵਿਤਾਵਾਂ 'ਸਿਰਜਣਾ' ਵਿਚ ਛਪਣ ਲੱਗੀਆਂ, ਮੈਂ ਹੁੱਬ-ਹੁੱਬ ਆਪਣੇ ਸਹਿਯੋਗੀ ਸਾਥੀਆਂ ਨੂੰ ਇਹ ਰਿਸਾਲਾ ਦਿਖਾਉਂਦਾ। ਉਨ੍ਹਾਂ ਦੀਆਂ ਹੈਰਾਨੀ ਭਰੀਆਂ ਨਜ਼ਰਾਂ 'ਚੋਂ ਵਡਿਆਈ ਹਾਸਿਲ ਕਰਦਾ।

...ਤੇ ਫਿਰ ਉਹ ਦਿਨ ਆਏ ਜਦੋਂ 'ਸਿਰਜਣਾ' ਵਿਚ ਮੇਰੀ ਸਵੈਜੀਵਨੀ ਦੇ ਅੰਸ਼ ਪੁਸਤਕ 'ਛਾਂਗਿਆ ਰੁੱਖ' ਦੇ ਛਪਣ ਤੋਂ ਪਹਿਲਾਂ ਛਪੇ ਅਤੇ ਸਾਹਿਤਕ ਹਲਕਿਆਂ ਵਿਚ ਗੰਭੀਰ ਚਰਚਾ ਦਾ ਵਿਸ਼ਾ ਬਣੇ। ਜਦੋਂ ਸਵੈਜੀਵਨੀ 2003 ਵਿਚ 'ਨਵਯੁਗ' ਨੇ ਛਾਪੀ ਤਾਂ 'ਸਿਰਜਣਾ' (ਜੁਲਾਈ-ਸਤੰਬਰ 2003) ਵਿਚ ਇਸਦਾ ਰੀਵੀਊ ਛਪਿਆ। ਤੇ ਸਿਖਰਾਂ ਦੀ ਹੈਰਾਨੀ ਉਦੋਂ ਹੋਈ ਜਦੋਂ

ਡਾ. ਰਘਬੀਰ ਸਿੰਘ ਨੇ 'ਸਿਰਜਣਾ' ਵਿਚ 'ਛਾਂਗਿਆ ਰੁੱਖ' ਦੇ ਸਰਵਰਕ ਨੂੰ ਤਿੰਨ ਅੰਕਾਂ ਵਿਚ ਲਗਾਤਾਰ ਪਿਛਲੇ ਪਾਸੇ ਦੇ ਰੰਗਦਾਰ ਟਾਇਟਲ ਪੰਨੇ 'ਤੇ ਆਪਣੀ ਖ਼ੁਸ਼ੀ ਨਾਲ ਮੁਫ਼ਤੋ-ਮੁਫ਼ਤ ਛਾਪ ਕੇ ਇਸ ਨੂੰ ਪੰਜਾਬੀ ਸਾਹਿਤ ਵਿਚ ਬਣਦਾ ਸਥਾਨ ਦਿਵਾਉਣ ਵਿਚ ਮਦਦ ਕੀਤੀ। ਇਉਂ ਹੀ, 'ਆਦਿ ਧਰਮ ਦੇ ਬਾਨੀ ਗਦਰੀ ਬਾਬਾ ਮੰਗੂ ਰਾਮ' ਕਿਤਾਬ ਦਾ ਰੀਵੀਊ ਬਹੁਤ ਹੀ ਆਦਰ ਨਾਲ ਛਾਪਿਆ ਭਾਵੇਂ ਕਿ ਪੁਸਤਕ ਬਾਰੇ 'ਮੇਰੇ ਆਪਣਿਆਂ' ਨੇ ਵਾਦ-ਵਿਵਾਦ ਖੜ੍ਹੇ ਕੀਤੇ ਹੋਏ ਸਨ। ਇਕ ਹੋਰ ਹਕੀਕਤ; 'ਸਿਰਜਣਾ' 'ਚ ਮੇਰੀ ਇੰਟਰਵੀਊ ਛਪੀ ਜਿਸ ਵਿਚ ਖੱਬੇ ਪੱਖੀ ਧਿਰਾਂ ਦੀ ਆਲੋਚਨਾ ਸੀ। ਗਿਣਵੇਂ ਲੇਖਕਾਂ/ਪਾਠਕਾਂ ਦੇ ਫ਼ੋਨ ਆਏ ਕਿ ਤੂੰ ਪ੍ਰਗਤੀਵਾਦੀ ਤੇ ਸਮਾਜਵਾਦੀ ਵਿਚਾਰਧਾਰਾ ਦੇ ਹਮਜੋਲੀਆਂ ਨਾਲ ਵਿਚਰਦਾਂ, ਨਾਲੇ ਉਨ੍ਹਾਂ ਬਾਰੇ ਸਖ਼ਤ ਟਿੱਪਣੀਆਂ ਕਰਦਾ ਹੈਂ! ਮੈਂ ਆਪਣੀ ਮਨੁੱਖ-ਮੁਖੀ ਸੁਰ ਅਲਾਪਦਿਆਂ ਵਿਚਾਰ ਸਾਂਝੇ ਕੀਤੇ ਸਨ। ਬਹੁਤੇ ਪਰੰਪਰਕ ਸੋਚ ਦੇ ਧਾਰਨੀ ਪਰ ਅਗਾਂਹਵਧੂ ਕਹਾਉਣ ਵਾਲੇ ਲੇਖਕਾਂ ਦੀ ਮਾਨਸਿਕਤਾ ਵਿਚ ਵੱਡਾ ਪਰਿਵਰਤਨ ਨਹੀਂ ਆਇਆ। ਉਨ੍ਹਾਂ ਦੀਆਂ ਲਿਖਤਾਂ ਦੇ ਕੇਂਦਰ ਵਿਚ ਸਰਵਹਾਰਾ ਨਾਂ ਮਾਤਰ ਹੈ। ਖ਼ਾਸ ਨੁਕਤਾ ਇਹ ਕਿ ਸਦੀਆਂ ਤੋਂ ਸਮਾਜ ਨੂੰ ਜਾਤਪਾਤ, ਊਚ-ਨੀਚ ਦੇ ਲੱਗੇ ਕਲੰਕ ਨੂੰ ਧੋਣ-ਮਿਟਾਉਣ ਲਈ ਕੋਈ ਸੁਹਿਰਦ ਉਪਰਾਲਾ ਨਹੀਂ ਹੋਇਆ। ਅਧਿਕਾਰਹੀਣ ਬਹੁ-ਗਿਣਤੀ ਲਈ ਸਮਾਜਕ ਸਨਮਾਨ ਪਹਿਲੀ ਤਰਜੀਹ ਹੈ। ਆਰਥਿਕ ਬਰਾਬਰੀ ਦਾ ਥੋਥਾ-ਫੋਕਾ ਨਾਅਰਾ ਗ਼ਰੀਬ-ਗ਼ੁਰਬਿਆਂ 'ਚ ਹੁਣ ਤਕ ਕਿੰਨਾ ਕੁ ਸਮਾਜਕ ਬਦਲਾਅ ਲਿਆਇਆ! ਇਹ ਨੁਕਤੇ ਉਚੇਚੇ ਧਿਆਨ ਦੀ ਮੰਗ ਕਰਦੇ ਹਨ। ... ਮੇਰੇ ਅਜਿਹੇ ਖ਼ਿਆਲਾਂ ਨੂੰ ਪ੍ਰਗਤੀਵਾਦ ਤੇ ਮਾਨਵਵਾਦ ਨੂੰ ਪ੍ਰਣਾਏ ਸੰਪਾਦਕ ਸਿਰਜਣਾ ਨੇ ਬਹੁਤ ਹੀ ਸੋਹਣੇ ਤਰੀਕੇ ਤੇ ਸਲੀਕੇ ਨਾਲ ਉਭਾਰਿਆ। ਡਾ. ਰਘਬੀਰ ਸਿੰਘ ਹੁਰਾਂ ਦੇ ਨਿਰਪੱਖ, ਨਿਰਲੇਪ ਤੇ ਰਚਨਾ-ਮੁਖੀ ਨਜ਼ਰੀਏ ਸਦਕਾ ਮੇਰੇ ਦਿਲ-ਦਿਮਾਗ਼ ਵਿਚ ਉਨ੍ਹਾਂ ਨੇ ਬਹੁਤ ਹੀ ਅਦਬ ਨਾਲ ਡੂੰਘੀ ਤੇ ਭਰਵੀਂ ਥਾਂ ਮੱਲੀ ਹੋਈ ਹੈ। ਇਸ ਦ੍ਰਿਸ਼ਟੀ ਤੋਂ ਇਹ ਕਹਿਣ ਵਿਚ ਮਾਣ ਮਹਿਸੂਸਦਾ ਹਾਂ ਕਿ ਸੋਵੀਅਤ ਸਾਹਿਤ ਵਾਂਗ 'ਸਿਰਜਣਾ' ਤੇ 'ਨਵਾਂ ਜ਼ਮਾਨਾਂ' ਨੇ ਮੇਰੀਆਂ ਲਿਖਤਾਂ ਨੂੰ ਪੁਖ਼ਤਾ ਕਰਨ ਵਿਚ ਵੱਡੀ ਭੂਮਿਕਾ ਨਿਭਾਈ ਤੇ ਅੱਜ ਵੀ ਮੇਰੇ ਸਾਹਿਤਕ ਸਫ਼ਰ ਵਿਚ 'ਸਿਰਜਣਾ' ਮੇਰਾ ਰਾਹ-ਦਸੇਰਾ ਹੈ।

ਮੈਂ ਅਕਸਰ 'ਸਿਰਜਣਾ' ਦੀ ਅਮੁੱਕ ਧਾਰਾ ਦੇ ਵਹਿੰਦੇ ਰਹਿਣ ਤੇ ਡਾ. ਰਘਬੀਰ ਸਿੰਘ ਜੀ ਦੇ ਤਨ-ਮਨ ਦੀ ਚੜ੍ਹਦੀ ਕਲਾ ਦੀਆਂ ਸ਼ੁਭ ਕਾਮਨਾਵਾਂ ਆਪਣੇ ਸਰੀਰ 'ਚ ਚਲਦੇ ਲਹੂ ਵਾਂਗ ਕਰਦਾ ਹਾਂ।

**--ਬਲਬੀਰ ਮਾਧੋਪੁਰੀ**

## ਮੇਰੀ ਕਹਾਣੀ ਤੇ 'ਸਿਰਜਣਾ'

ਮੈਂ ਜਦੋਂ ਨਵਾਂ-ਨਵਾਂ ਲਿਖਣ ਲੱਗਿਆ ਸਾਂ, ਉਹਨਾਂ ਦਿਨਾਂ ਵਿਚ ਮੇਰੀ ਸਾਂਝ ਪੰਜਾਬੀ ਸਾਹਿਤ ਸਭਾ ਚੋਗਾਵਾਂ ਦੇ ਸਰਗਰਮ ਮੈਂਬਰਾਂ ਨਾਲ ਬਣ ਗਈ। ਸਬੱਬ ਨਾਲ, ਉਸ ਸਾਲ ਸਭਾ ਦਾ ਸਾਲਾਨਾ ਸਮਾਗਮ ਪ੍ਰੀਤਨਗਰ ਕਰਵਾਇਆ ਗਿਆ। ਜਗ੍ਹਾ ਸੀ ਕਹਾਣੀਕਾਰ ਮੁਖਤਾਰ ਗਿੱਲ ਦਾ ਘਰ। ਮੁਖਤਾਰ ਗਿੱਲ ਉਸ ਸਭਾ ਦੇ ਸਰਪ੍ਰਸਤ ਸਨ। ਗਿੱਲ ਹੁਣਾਂ ਨਾਲ ਮੇਰੀ ਕੋਈ ਪਹਿਚਾਣ ਨਹੀਂ ਸੀ ਤੇ ਹੋਰ ਕੋਈ ਮੈਂਬਰ ਚਰਚਿਤ ਲੇਖਕ ਨਹੀਂ ਸੀ। ਸਭ ਸਾਹਿਤਕ ਰੁਚੀਆਂ ਵਾਲੇ ਜ਼ਰੂਰ ਸਨ ਤੇ ਚੰਗੇ ਸਮਾਗਮ ਰਚਾਉਂਦੇ ਰਹਿੰਦੇ ਸਨ। ਉਸ ਸਮਾਗਮ ਵਿਚ ਮੈਨੂੰ ਜਤਿੰਦਰ ਹਾਂਸ ਤੇ ਜਸਵੀਰ ਰਾਣਾ ਮਿਲੇ। ਮੈਂ ਉਦੋਂ ਬਾਲ ਕਹਾਣੀਆਂ ਲਿਖਦਾ ਸਾਂ। ਹਾਂਸ ਜਾਂ ਰਾਣੇ ਬਾਰੇ ਕੁਝ ਨਹੀਂ ਸੀ ਪਤਾ। ਕਿਸੇ ਨੇ ਮੇਰਾ ਨਾਮ ਲਿਆ ਤੇ ਕੋਲ ਬੈਠੇ ਜਸਵੀਰ ਰਾਣਾ ਨੇ ਹੱਸ ਕੇ ਆਖਿਆ, "ਯਾਰ ਮੈਂ ਤਾਂ ਤੇਰਾ ਪਾਠਕ ਹਾਂ। ਤੇਰੀਆਂ ਬਾਲ ਕਹਾਣੀਆਂ ਅਖਬਾਰਾਂ ਵਿਚ ਪੜ੍ਹੀਆਂ ਮੈਂ।"

ਰਸਮੀ ਜਿਹਾ ਮੈਂ ਧੰਨਵਾਦ ਕੀਤਾ। ਰਾਣਾ ਨੇ ਹਾਂਸ ਨਾਲ ਤੁਆਰੁਫ ਕਰਵਾਇਆ। ਫਿਰ ਉਹ ਕਿਸੇ ਹੋਰ ਪਾਸੇ ਤੁਰ ਗਏ ਤੇ ਮੈਂ ਕੁਕਨੁਸ ਪ੍ਰਕਾਸ਼ਨ ਦੇ ਬੁੱਕ ਸਟਾਲ 'ਤੇ ਖੜ੍ਹਾ ਕਿਤਾਬਾਂ ਦੇਖਣ

ਲੱਗਾ। ਨਵਾਂ ਸਾਂ, ਕਿਤਾਬਾਂ ਨਾਲ ਅੱਜ ਜਿੰਨਾ ਮੋਹ ਨਹੀਂ ਸੀ। ਸਿਲੇਬਸ ਦੀਆਂ ਕਿਤਾਬਾਂ ਬਿਨਾਂ ਹੋਰ ਕਿਤਾਬਾਂ ਕਦੇ ਨਹੀਂ ਸੀ ਪੜ੍ਹੀਆਂ। ਉੱਥੋਂ ਰਾਣਾ ਤੇ ਹਾਂਸ ਦੀਆਂ ਕਿਤਾਬਾਂ ਸਮੇਤ ਦੋ ਕੁ ਕਿਤਾਬਾਂ ਹੋਰ ਖਰੀਦ ਲਈਆਂ। ਇੰਝ ਰਾਣਾ ਜਾਂ ਹਾਂਸ ਦੇ ਮਿਲਣ ਕਾਰਨ ਕਹਾਣੀ ਨਾਲ ਨਾਤਾ ਜੁੜ ਗਿਆ। ਕਹਾਣੀ ਪੜ੍ਹੀ, ਕਹਾਣੀ ਲਿਖਣ ਦਾ ਮਨ ਹੋਇਆ। ਇਹਨਾਂ ਦੋਵਾਂ ਦੋਸਤਾਂ ਕਰਕੇ ਹੀ ਪਤਾ ਲੱਗਿਆ ਸੀ ਕਿ ਕੋਈ ਮੈਗੇਜ਼ੀਨ ਵਰਗੀ ਚੀਜ਼ ਵੀ ਹੁੰਦੀ ਹੈ। ਪੰਜਾਬੀ ਵਿਚ ਕਈ ਸਾਰੇ ਰਸਾਲੇ ਛਪਦੇ ਹਨ। ਅਖ਼ਬਾਰਾਂ ਵਿਚ ਛਪਣ ਵਾਲੇ ਨੂੰ ਬਹੁਤਾ ਨਹੀਂ ਗੌਲ਼ਿਆ ਜਾਂਦਾ। ਇਹਨਾਂ ਪਰਚਿਆਂ ਵਿਚ ਛਪ ਕੇ ਹੀ ਲੇਖਕ ਨੂੰ ਸੰਜੀਦਾ ਲੇਖਕ ਵਜੋਂ ਮਾਨਤਾ ਮਿਲਦੀ ਹੈ। ਮੈਂ ਰਾਣਾ ਤੇ ਹਾਂਸ ਕੋਲੋਂ ਹੀ ਰਸਾਲਿਆਂ ਬਾਰੇ ਪੁੱਛਦਾ ਸੀ ਤੇ ਕਹਾਣੀਆਂ ਲਿਖਣ ਦਾ ਅਭਿਆਸ ਕਰਦਾ। ਮੈਂ ਤਿੰਨ ਚਾਰ ਕਹਾਣੀਆਂ ਲਿਖ ਕੇ 'ਲਕੀਰ' ਨੂੰ ਭੇਜੀਆਂ। 'ਲਕੀਰ' ਉਦੋਂ ਪ੍ਰੇਮ ਪ੍ਰਕਾਸ਼ ਹੁਣੀ ਕੱਢਦੇ ਸਨ। ਉਹ ਕਹਾਣੀ ਮੋੜ ਦਿੰਦੇ ਤੇ ਨਾਲ ਜਵਾਬੀ ਕਾਰਡ ਲਿਖਦੇ ਕਿ ਇਹ ਕਹਾਣੀ ਸਾਡੇ ਕੰਮ ਨਹੀਂ ਆ ਸਕਦੀ ਤੇ ਨਾਲ ਹੀ ਅਭਿਆਸ/ਮਿਹਨਤ ਕਰਨ ਨੂੰ ਆਖਦੇ। ਮੈਂ ਸਿਰੜ ਨਾਲ ਲੱਗਿਆ ਰਿਹਾ। ਆਖਿਰ 'ਲਕੀਰ' ਵਿਚ ਇਕ ਕਹਾਣੀ ਛਾਪਣ ਦੀ ਸਹਿਮਤੀ ਪ੍ਰੇਮ ਪ੍ਰਕਾਸ਼ ਹੁਣਾਂ ਵੱਲੋਂ ਆ ਗਈ। ਉਹਨਾਂ ਹੀ ਦਿਨਾਂ ਵਿਚ ਜਸਵੀਰ ਰਾਣਾ ਨੇ 'ਸਿਰਜਣਾ' ਦਾ ਜ਼ਿਕਰ ਕੀਤਾ ਸੀ ਤੇ ਆਖਿਆ ਸੀ, "ਵੱਡਾ ਮੈਗਜ਼ੀਨ ਹੈ ਪਰ ਡਾਕਟਰ ਰਘਬੀਰ ਸਿੰਘ ਦੀ ਸਿਲੈਕਸ਼ਨ ਬੜੀ ਹਾਰਡ ਹੈ।" ਇਉਂ ਤਕਰੀਬਨ ਮੈਂ ਛੇ ਸਾਲ ਪੰਜਾਬੀ ਦੇ ਸਭ ਪਰਚਿਆਂ ਵਿਚ ਛਪਦਾ ਰਿਹਾ, ਪਰ ਕਦੀ 'ਸਿਰਜਣਾ' ਨੂੰ ਕੋਈ ਰਚਨਾ ਨਾ ਭੇਜੀ। 2012 ਵਿਚ ਮੇਰੀ ਕਹਾਣੀਆਂ ਦੀ ਪਹਿਲੀ ਕਿਤਾਬ 'ਆਸ ਅਜੇ ਬਾਕੀ ਹੈ' ਛਪ ਗਈ। ਉਦੋਂ ਤਕ ਮੇਰਾ ਆਪਣਾ ਘੇਰਾ ਵੀ ਕਾਫੀ ਵਸੀਹ ਹੋ ਚੁੱਕਾ ਸੀ। ਬਾਲ ਕਹਾਣੀਆਂ ਲਿਖਣੀਆਂ ਛੱਡ ਕੇ ਮੈਂ ਸਿਰਫ ਕਹਾਣੀਆਂ ਲਿਖ ਰਿਹਾ ਸਾਂ। ਕਿਤਾਬ ਛਪ ਗਈ ਸੀ। ਕਿਤਾਬ ਦੀ ਚਰਚਾ ਵੀ ਹੋ ਰਹੀ ਸੀ। ਮੈਂ ਸਭ ਪਰਚਿਆਂ ਨੂੰ ਆਪਣੀ ਕਿਤਾਬ ਰੀਵਿਊ ਲਈ ਭੇਜੀ। ਪਰ ਫੇਰ 'ਸਿਰਜਣਾ' ਨੂੰ ਛੱਡ ਦਿੱਤਾ। ਮਨ ਵਿਚ ਸ਼ਾਇਦ ਰਾਣਾ ਦੀ ਗੱਲ ਹੀ ਬੈਠੀ ਸੀ।

ਅਚਾਨਕ ਉਸਤੋਂ ਅਗਲੇ ਵਰ੍ਹੇ ਪਤਾ ਨਹੀਂ ਕੀ ਹੋਇਆ। ਮੈਂ ਕਿਤਿਉਂ ਡਾਕਟਰ ਰਘਬੀਰ ਸਿੰਘ ਦਾ ਨੰਬਰ ਲੈ ਕੇ ਫੋਨ ਕੀਤਾ। ਪੁੱਛਿਆ ਕਿ ਜੇ ਉਹ ਇੰਡੀਆਂ ਹੋਣ ਤਾਂ ਮੈਂ ਪਰਚੇ ਵਿਚ ਰੀਵਿਊ ਲਈ ਆਪਣੀ ਕਿਤਾਬ ਭੇਜਣੀ ਚਾਹੁੰਦਾ ਹਾਂ। ਉਹਨਾਂ ਆਖਿਆ ਚੰਡੀਗੜ੍ਹ ਹੀ ਹਾਂ, ਭੇਜ ਦਿਓ। ਸ਼ਾਇਦ ਉਹ ਹੈਰਾਨ ਵੀ ਹੋਏ ਹੋਣ। ਜਾਣਦੇ ਤਾਂ ਮੈਨੂੰ ਉਦੋਂ ਬਿਲਕੁਲ ਨਹੀਂ ਸਨ। 'ਸਿਰਜਣਾ' ਦਾ ਕੰਮ ਉਹਨਾਂ ਦੇ ਇੰਡੀਆਂ ਹੋਣ ਤੋਂ ਬਿਨਾਂ ਵੀ ਚੱਲਦਾ ਰਹਿੰਦਾ ਹੈ। ਕਿਤਾਬਾਂ ਵੀ ਪਹੁੰਚਦੀਆਂ ਹਨ, ਰਿਵਿਊ ਵੀ ਲਿਖੇ ਤੇ ਲਿਖਵਾਏ ਜਾਂਦੇ ਹਨ। ਮੇਰਾ ਇਉਂ ਪੁੱਛਣਾ ਹੈ ਤਾਂ ਅਜੀਬ ਹੀ ਸੀ,ਖੈਰ ਮੈਂ ਕਿਤਾਬ ਭੇਜੀ। ਕੁਝ ਦਿਨਾਂ ਬਾਅਦ ਉਹਨਾਂ ਦਾ ਫੋਨ ਆਇਆ। ਕਹਾਣੀਆਂ ਦੀ ਉਹਨਾਂ ਖੁਲ੍ਹ ਕੇ ਪ੍ਰਸ਼ੰਸਾ ਕੀਤੀ। ਆਖਿਆ ਕਿ ਉਹ ਕਿਤਾਬ ਬਾਰੇ ਪਰਚੇ ਵਿਚ ਲਿਖਣਗੇ। ਅਗਲੇ ਹੀ ਮਹੀਨੇ ਆਏ 'ਸਿਰਜਣਾ' ਦੇ ਨਵੇਂ ਅੰਕ ਵਿਚ ਮੇਰੀ ਕਿਤਾਬ ਬਾਰੇ ਉਹਨਾਂ ਖ਼ੁਦ ਲਿਖਿਆ ਅਤੇ ਨਾਲ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਚ ਕਹਾਣੀ ਉੱਤੇ ਹੋਏ ਇਕ ਸਾਹਿਤ ਸੰਮੇਲਨ ਵਿਚ ਮੁਖ ਵਕਤਾ ਵਜੋਂ ਉਹਨਾਂ ਇਸ ਕਿਤਾਬ ਦਾ ਚੰਗਾ ਜ਼ਿਕਰ ਵੀ ਕੀਤਾ। ਇੰਝ ਉਹਨਾਂ ਵੱਲੋਂ ਮੇਰੀਆਂ ਕਹਾਣੀਆਂ ਦੀ ਹੋਈ ਪ੍ਰਸ਼ੰਸਾ ਨੇ ਮੈਨੂੰ 'ਸਿਰਜਣਾ' ਨੂੰ ਕਹਾਣੀ ਭੇਜਣ ਲਈ ਪ੍ਰੇਰਿਆ। ਮੈਂ 2014 ਵਿਚ 'ਸਿਰਜਣਾ' ਨੂੰ ਪਹਿਲੀ ਕਹਾਣੀ ਭੇਜੀ। ਡਰ ਮਨ ਵਿਚ ਉਹੀ ਸੀ, ਨਾ ਪਸੰਦ ਆਉਣ ਦਾ, ਵਾਪਸ ਹੋ ਜਾਣ ਦਾ ਤੇ ਡਾਕਟਰ ਰਘਬੀਰ ਸਿੰਘ ਹੁਣਾਂ ਦੀ ਸਖ਼ਤ ਚੋਣ ਦਾ। ਪਰ ਕਹਾਣੀ ਉਹਨਾਂ ਨੂੰ ਪਸੰਦ ਆਈ। ਛਪੀ ਵੀ ਤੇ ਮੁੜ ਉਸ ਕਹਾਣੀ ਦੀ ਖ਼ੂਬ ਗੱਲ ਵੀ ਹੋਈ।ਉਹ ਕਹਾਣੀ ਸੀ 'ਹੁਣ ਮੈਂ ਝੂਠ ਨਹੀਂ ਬੋਲਦਾ'।

ਉਸ ਤੋਂ ਮਗਰੋਂ ਹੁਣ ਤਕ ਮੇਰੀਆਂ ਬਹੁਤੀਆਂ ਕਹਾਣੀਆਂ 'ਸਿਰਜਣਾ' ਵਿਚ ਹੀ ਛਪਦੀਆਂ ਨੇ। ਪਰ ਹਰ ਵਾਰ ਕਹਾਣੀ ਭੇਜ ਕੇ ਮਨ ਵਿਚ ਇਕ ਡਰ ਹੁੰਦਾ ਹੈ। ਪਰ ਹਾਂ...ਹੁਣ ਜਦ ਕਦੇ

ਕੋਈ ਕਹਾਣੀ ਉਹਨਾਂ ਨੂੰ ਜਚਦੀ ਨਹੀਂ ਤਾਂ ਉਹਨਾਂ ਦਾ ਈ ਮੇਲ ਸੁਨੇਹਾ ਮਿਲ ਜਾਂਦਾ ਹੈ ਕਿ ਉਹ ਇਹ ਕਹਾਣੀ ਪਰਚੇ ਵਿਚ ਨਹੀਂ ਛਾਪ ਸਕਦੇ। ਇਸ ਵਿਚ ਇਹ ਕਮੀ ਹੈ। ਬੇਸ਼ੱਕ ਮੇਰੀ ਕਿਤਾਬ ਪਹਿਲਾਂ ਛਪ ਚੁੱਕੀ ਸੀ ਤੇ ਮੈਂ 'ਸਿਰਜਣਾ' ਵਿਚ ਬਾਅਦ ਵਿਚ ਛਪਿਆ। ਪਰ ਮੇਰੀ ਸ਼ਨਾਖਤ ਨੂੰ 'ਸਿਰਜਣਾ' ਨੇ ਯਕੀਨਨ ਗੂੜ੍ਹਿਆਂ ਕੀਤਾ। ਮੈਂ ਇਸ ਪਰਚੇ ਨਾਲ ਦੇਰ ਨਾਲ ਜੁੜ ਸਕਿਆ ਪਰ ਫੇਰ ਵੀ ਇਸ ਵਿਚ ਛਪ ਕੇ ਤਸੱਲੀ ਹੋਈ। ਪੰਜਾਬੀ ਦਾ ਹਰ ਕਹਾਣੀਕਾਰ 'ਸਿਰਜਣਾ' ਵਿਚ ਛਪਣਾ ਚਾਹੁੰਦਾ ਹੈ ਤੇ ਬਹੁਤ ਸਾਰੀਆਂ ਨਾਮੀ ਕਹਾਣੀਆਂ 'ਸਿਰਜਣਾ' ਰਾਹੀਂ ਪਾਠਕਾਂ ਤੀਕ ਪੁੱਜੀਆਂ ਨੇ। ਖੁਸ਼ੀ ਹੈ ਕਿ ਮੈਂ ਇਸ ਪਰਚੇ ਦਾ ਹਿੱਸਾ ਬਣ ਸਕਿਆ। 'ਸਿਰਜਣਾ' ਵਿਚ ਛਪਣ ਮਗਰੋਂ ਮੇਰੀ ਕਹਾਣੀ ਦੀ ਗੱਲ ਲੋਕਾਂ ਤਕ ਅਲੋਚਕਾਂ ਤਕ ਹੋਰ ਬਿਹਤਰ ਪੁੱਜੀ ਹੈ। ਮੇਰੀ ਰਚਨਾਕਾਰੀ ਦਾ ਆਗਾਜ਼ ਬੇਸ਼ੱਕ 'ਸਿਰਜਣਾ' ਤੋਂ ਨਹੀਂ ਹੋਇਆ ਪਰ 'ਸਿਰਜਣਾ' ਨੇ ਮੈਨੂੰ ਇਕ ਪਹਿਚਾਣ ਜ਼ਰੂਰ ਦਵਾਈ ਹੈ।'ਸਿਰਜਣਾ' ਦਾ ਦੋ ਸੌਵਾਂ ਅੰਕ ਛਪਣਾ, ਉਸਦੇ ਮਾਣਮੱਤੇ ਸਫ਼ਰ ਦਾ ਗਵਾਹ ਹੈ। ਦੁਆ ਹੈ ਇਹ ਪਰਚਾ ਹੋਰ ਸੋਹਣਾ ਚੱਲਦਾ ਰਹੇ।ਚੰਗਾ ਸਾਹਿਤ ਸਾਡੇ ਤਕ ਲੈ ਕੇ ਆਵੇ।ਆਮੀਨ!! **--ਸਿਮਰਨ ਧਾਲੀਵਾਲ**

## 'ਸਿਰਜਣਾ'- ਨਿਵੇਕਲਾ ਤੇ ਅਹਿਮ

'ਸਿਰਜਣਾ' ਪੰਜਾਬੀ ਦਾ ਇਕ ਨਿਵੇਕਲਾ ਤੇ ਅਹਿਮ ਪਰਚਾ ਹੈ। ਇਸ ਪਰਚੇ ਨਾਲ ਤਕਰੀਬਨ ਪੰਦਰਾਂ ਸਾਲ ਤੋਂ ਜੁੜੀ ਹੋਈ ਹਾਂ। ਇਹ ਪਰਚਾ ਮੈਰਾਥਨ ਦੀ ਦੌੜ ਵਾਂਗ ਇਕਸਾਰ ਚੱਲ ਰਿਹਾ ਹੈ। ਇਸਨੇ ਲੰਮਾ ਸਮਾਂ ਬੀਤਣ ਦੇ ਬਾਵਜੂਦ ਆਪਣੀ ਪ੍ਰਗਤੀਵਾਦੀ ਸੋਚ ਤੇ ਮੌਲਿਕਤਾ ਨੂੰ ਸਾਂਭੀ ਰੱਖਿਆ ਹੈ। ਜਿਸ ਕਾਰਨ ਵਿਦਵਾਨ ਇਸ ਵਿਚਲੀਆਂ ਛਪੀਆਂ ਰਚਨਾਵਾਂ ਨੂੰ ਉਚੇਚੇ ਤੌਰ 'ਤੇ ਗੌਲ਼ਦੇ ਹਨ ਤੇ ਆਮ ਪਾਠਕ ਸੁਹਜ-ਸੁਆਦ ਪ੍ਰਾਪਤ ਕਰਦਾ ਹੋਇਆ ਆਪਣੀ ਦ੍ਰਿਸ਼ਟੀ ਨੂੰ ਵਿਸਥਾਰਦਾ ਹੈ। 'ਸਿਰਜਣਾ' ਨੇ ਹਮੇਸ਼ਾ ਨਵੇਂ ਪੁਰਾਣੇ ਲੇਖਕਾਂ ਵਿਚ ਭੇਦ-ਭਾਵ ਕਰਨ ਤੋਂ ਬਿਨਾਂ ਹਰ ਯੋਗ ਲੇਖਕ ਨੂੰ ਜਗ੍ਹਾ ਦਿੱਤੀ ਹੈ। ਇਸ ਪਰਚੇ ਦਾ 200ਵਾਂ ਅੰਕ ਛਪਣ 'ਤੇ ਮੈਂ ਡਾ. ਰਘਬੀਰ ਸਿੰਘ ਜੀ ਦੀ ਅਣਥੱਕ ਮਿਹਨਤ ਤੇ ਸਾਹਿਤ ਪ੍ਰਤੀ ਸੁਹਿਰਦਤਾ ਨੂੰ ਸਲਾਮ ਕਰਦਿਆਂ ਦਿਲੀ ਮੁਬਾਰਕਬਾਦ ਦਿੰਦੀ ਹਾਂ। ਕਾਮਨਾ ਕਰਦੀ ਹਾਂ ਕਿ ਇਹ ਪਰਚਾ ਇਸੇ ਤਰ੍ਹਾਂ ਹਰ ਤਿੰਨ ਮਹੀਨੇ ਬਾਅਦ ਪਾਠਕਾਂ ਦੇ ਦਰਾਂ ਉੱਤੇ ਦਸਤਕ ਦਿੰਦਾ ਰਹੇ। **--ਸਰਬਜੀਤ ਕੌਰ ਜਸ**

## ਮੁਬਾਰਕਾਂ

ਦੋ ਸੌਵੇਂ ਅੰਕ ਦੀਆਂ ਵਧਾਈਆਂ। 'ਸਿਰਜਣਾ' ਦਾ ਸਫਰ ਲਾਜਵਾਬ ਰਿਹਾ। ਨਾ ਧੜਕਿਆ ਨਾ ਖੜ੍ਹਿਆ। ਨਿਰੰਤਰ ਕੂੜੇ ਕਰਕਟਾਂ, ਅੜਿੱਕਿਆਂ ਨੂੰ ਮਾਤ ਦਿੰਦਾ ਵਗਦਾ ਰਿਹਾ। ਨਾ ਕੋਈ ਪੱਖਪਾਤ, ਨਾ ਛੋਟਾ-ਬੜਾ। ਸਭ ਇਕੋ ਰਸਤਿਉਂ ਲੰਘਾਏ। ਸੱਚ 'ਤੇ ਪਹਿਰਾ ਦਿੰਦਿਆਂ, ਚਾਹੇ ਕਿਸੇ ਦੇ ਗਿੱਟੇ ਲੱਗੇ ਜਾਂ ਗੋਡੇ। ਕਿਸੇ ਟੁੰਡੀਲਾਟ ਦੀ ਪਰਵਾਹ ਨਾ ਕੀਤੀ। ਸੋ ਝੂਠ 'ਤੇ ਸੱਚ ਦਾ ਪੱਲਾ ਭਾਰੂ ਰਿਹਾ। ਹੋਰ ਕਿਸੇ ਅਖਬਾਰ ਰਿਸਾਲੇ ਦੇ ਲੱਖਾਂ ਪਾਠਕ ਹੋ ਸਕਦੇ ਪਰ ਗੁਣਾਤਮਕ ਪੱਖੋਂ ਬਾਜ਼ੀ ਮਾਰੀ ਰੱਖੀ। ਮੰਜ਼ਿਲ ਲਈ ਸੰਘਰਸ਼ ਅਜੇ ਵੀ ਜਾਰੀ ਹੈ। **--ਜੋਗੇ ਭੰਗਲ, ਨਵਾਂਸ਼ਹਿਰ**

## ਮਿੱਟੀ ਬੋਲ ਪਈ (ਨਾਵਲ) ਬਲਬੀਰ ਮਾਧੋਪੁਰੀ

ਸਾਹਿਤ ਜਗਤ ਵਿਚ ਕਈ ਦਹਾਕਿਆਂ ਤੋਂ ਸਰਗਰਮ ਬਲਬੀਰ ਮਾਧੋਪੁਰੀ ਹੁਣ ਆਪਣੇ ਪਲੇਠੇ ਨਾਵਲ 'ਮਿੱਟੀ ਬੋਲ ਪਈ' (ਨਵਯੁਗ ਪਬਲਿਸ਼ਰਜ਼ ਨਵੀਂ ਦਿੱਲੀ, ਪੰਨੇ 302, ਮੁੱਲ 600 ਰੁਪਏ) ਨਾਲ ਹਾਜ਼ਰ ਹੋਇਆ ਹੈ। ਨਾਵਲ ਆਰੰਭ ਕਰਨ ਤੋਂ ਪਹਿਲਾਂ ਇਸ ਕਿਤਾਬ ਵਿਚ ਦਿੱਤੀ ਦੱਸ ਮੁਤਾਬਿਕ ਉਹ 40 ਤੋਂ ਵੱਧ ਕਿਤਾਬਾਂ ਦਾ ਸੰਪਾਦਨ ਕਰ ਚੁੱਕਾ ਹੈ ਅਤੇ ਤਰਜਮੇ ਵਾਲੀਆਂ ਕਿਤਾਬਾਂ ਦੀ ਸੂਚੀ 36 ਦਾ ਅੰਕੜਾ ਪਾਰ ਕਰ ਗਈ ਹੈ। ਪਰ ਉਸ ਦੀ ਸਾਹਿਤਕ ਪਛਾਣ ਉਸ ਦੀ ਸਵੈ-ਜੀਵਨੀ 'ਛਾਂਗਿਆ ਰੁੱਖ' (2002) ਨਾਲ ਗੂੜ੍ਹੀ ਹੁੰਦੀ ਹੈ। ਇਸ ਕਿਤਾਬ ਵਿਚ ਉਸ ਨੇ ਸਮਾਜ ਦਾ ਜਿਹੜਾ ਨਕਸ਼ਾ ਖਿੱਚਿਆ ਹੈ, ਉਹ ਮਿਸਾਲੀ ਹੋ ਨਿੱਬੜਿਆ ਹੈ। ਇਹ ਕਿਤਾਬ ਬਹੁਤ ਸਾਰੀਆਂ ਦੇਸੀ-ਪਰਦੇਸੀ ਭਾਸ਼ਾਵਾਂ ਵਿਚ ਅਨੁਵਾਦ ਹੋ ਕੇ ਲੱਖਾਂ ਪਾਠਕਾਂ ਤਕ ਰਸਾਈ ਕਰ ਚੁੱਕੀ ਹੈ ਅਤੇ ਸਾਹਿਤਕ ਹਲਕਿਆਂ ਵਿਚ ਫੈਲੀ ਇਸ ਦੀ ਮਹਿਮਾ ਕਰ ਕੇ ਔਕਸਫੋਰਡ ਯੂਨੀਵਰਸਿਟੀ ਪ੍ਰੈੱਸ ਨੇ ਇਸ ਦਾ ਅੰਗਰੇਜ਼ੀ ਅਨੁਵਾਦ ਵੀ ਪਾਠਕਾਂ ਤਕ ਪੁੱਜਦਾ ਕਰ ਦਿੱਤਾ ਹੈ। 'ਛਾਂਗਿਆ ਰੁੱਖ' ਵਿਚ ਪੇਸ਼ ਹੋਏ ਦਲਿਤ ਜੀਵਨ ਨੇ ਪਾਠਕਾਂ ਦਾ ਧਿਆਨ ਖੂਬ ਖਿੱਚਿਆ। ਹੁਣ ਤਕ 'ਛਾਂਗਿਆ ਰੁੱਖ' ਦੇ 15 ਐਡੀਸ਼ਨ ਛਪ ਚੁੱਕੇ ਹਨ।

'ਮਿੱਟੀ ਬੋਲ ਪਈ' ਇਕ ਲਿਹਾਜ਼ ਨਾਲ ਬਲਬੀਰ ਮਾਧੋਪੁਰੀ ਦੀ ਸਵੈ-ਜੀਵਨੀ 'ਛਾਂਗਿਆ ਰੁੱਖ' ਦਾ ਹੀ ਅਗਲਾ ਹਿੱਸਾ ਹੈ; ਬੱਸ ਵਿਧਾ ਹੀ ਬਦਲੀ ਹੈ, ਵਿਸ਼ਾ ਉਹੀ ਖਾਸ ਵੇਲ਼ਿਆਂ ਦੇ ਸਮਾਜਕ ਇਤਿਹਾਸ (social history) ਵਾਲਾ ਹੈ। 'ਛਾਂਗਿਆ ਰੁੱਖ' ਵਿਚ ਉਹਨੇ ਪਾਠਕਾਂ ਨੂੰ ਆਪਣੇ ਪਰਿਵਾਰ ਦੇ ਬਹਾਨੇ ਸਮਾਜਕ ਹਕੀਕਤਾਂ ਦੇ ਰੂ-ਬ-ਰੂ ਕੀਤਾ ਸੀ, ਐਤਕੀਂ ਉਹਨੇ ਗ਼ਦਰੀ ਜਿਊੜੇ ਮੰਗੂ ਰਾਮ ਮੁੱਗੋਵਾਲ ਦੇ ਜ਼ਰੀਏ ਹਕੀਕਤ ਬਿਆਨ ਕੀਤੀ ਹੈ। ਹਕੀਕਤਾਂ ਦੇ ਇਸ ਬਿਆਨ ਵਿਚ ਬਲਬੀਰ ਮਾਧੋਪੁਰੀ ਨੇ ਜਿਹੜਾ ਨਜ਼ਰੀਆ ਅਖ਼ਤਿਆਰ ਕੀਤਾ ਹੈ, ਉਹ ਇਸ ਲਿਖਤ ਨੂੰ ਜ਼ੋਰਦਾਰ ਬਣਾ ਦਿੰਦਾ ਹੈ। ਇਸ ਨਜ਼ਰੀਏ ਅੰਦਰ ਰੂੜ੍ਹ ਰਵਾਇਤਾਂ ਨੂੰ ਸਿੱਧੀ ਵੰਗਾਰ ਤਾਂ ਹੈ ਹੀ; ਪਾਤਰਾਂ, ਘਟਨਾਵਾਂ ਅਤੇ ਹਾਲਾਤ ਦੀਆਂ ਲੜੀਆਂ ਜਿਸ ਤਰ੍ਹਾਂ ਇਕਜੁੱਟ ਹੋ ਕੇ ਅਗਾਂਹ ਤੋਂ ਅਗਾਂਹ ਜੁੜਦੀਆਂ ਜਾਂਦੀਆਂ ਹਨ, ਉਸ ਨਾਲ 'ਮਿੱਟੀ ਬੋਲ ਪਈ' ਸੱਚਮੁੱਚ ਸੁਣਨ, ਪੜ੍ਹਨ ਅਤੇ ਵਿਚਾਰਨ ਵਾਲੀ ਜ਼ਰੂਰੀ ਸ਼ੈਅ ਬਣ ਗਈ ਹੈ।

ਨਾਵਲ ਦੇ ਦੋ ਪਾਤਰ ਬਾਬਾ ਤੇ ਪੋਤਾ, ਬਹੁਤ ਅਹਿਮ ਹਨ ਅਤੇ ਲੇਖਕ ਨੇ ਦੋ ਜਮਾਤਾਂ-ਦਲਿਤਾਂ ਤੇ ਔਰਤਾਂ, ਦੇ ਮਸਲੇ ਆਪਣੇ ਇਸ ਨਾਵਲ ਦੀ ਚੂਲ ਬਣਾਏ ਹਨ। ਉਂਞ, ਇਸ ਲਿਖਤ ਦਾ ਚੌਖਟਾ ਬਹੁਤ ਵਸੀਹ ਹੈ। ਬਾਬੇ ਦੀ ਲਗਨ ਸੈਆਂ ਲੜੀਆਂ ਨੂੰ ਲਗਾਤਾਰ ਜ਼ਰਬ ਦਿੰਦੀ ਹੈ। ਉਹ ਕਿਰਤੀ ਹੈ ਅਤੇ ਕਾਰਕੁਨ ਵੀ ਹੈ। ਇਹੀ ਗੱਲ ਉਹਨੂੰ ਬਾਕੀਆਂ ਨਾਲੋਂ ਨਿਆਰਾ ਅਤੇ ਨਵੇਕਲਾ ਬਣਾਉਂਦੀ ਹੈ। ਉਹ ਸੰਗੀਤ ਦੀ ਸੁਰ ਪਛਾਣਦਾ ਹੈ ਅਤੇ ਚਿੱਤਰਾਂ ਦੇ ਰੰਗ ਦੀ ਖ਼ੂਬ ਸ਼ਨਾਖ਼ਤ ਕਰਦਾ ਹੈ। ਜ਼ਿੰਦਗੀ ਦਾ ਸੰਗੀਤ ਉਹਦੀ ਆਪਣੀ ਤੋਰ ਅੰਦਰ ਮੜਕ ਰੱਖਣ ਲਈ ਪ੍ਰੇਰਦਾ ਹੈ। ਉਹ ਆਪਣੀ ਕੌਮ ਦੇ ਪਈ ਕੰਨ੍ਹ ਅਤੇ ਉਸ ਵਿਚੋਂ ਸਿੰਮਦੇ ਲਹੂ ਦਾ ਦਰਦ ਆਪਣੇ ਨਾਲ ਲਈ ਫਿਰਦਾ ਹੈ। ਇਹ ਦਰਦ ਬੇਵੱਸ ਜਿਊੜਿਆਂ ਨੂੰ ਹੋਰ ਨਪੀੜਦਾ ਹੈ, ਇਸੇ ਕਰ ਕੇ ਬਾਬਾ ਆਖਦਾ ਹੈ- 'ਅਸੀਂ ਖੋਪੇ ਬੱਧੇ ਬਲ਼ਦ-ਬੋਤੇ ਹਾਂ'। ਇਹ ਜੰਜਾਲ ਤੋੜਨ ਲਈ ਉਸ ਨੂੰ ਪੜ੍ਹਾਈ ਵੱਡਾ ਹਥਿਆਰ ਜਾਪਦਾ ਹੈ। ਆਪਣੇ ਪੋਤੇ ਨੂੰ ਪੜ੍ਹਾਈ ਦੇ ਰਾਹ ਪਾਉਣ ਲਈ ਹਰ ਤਰੱਦਦ ਕਰਦਾ ਹੈ।

ਸਭ ਤੋਂ ਵੱਡੀ ਗੱਲ, ਬਾਬੇ ਦੀ ਲਗਨ ਅਤੇ ਸਿਰੜ ਬਹੁਤ ਸਹਿਜ ਨਾਲ ਪੋਤੇ ਅੰਦਰ ਜਜ਼ਬ ਹੋ ਰਹੇ ਹਨ। ਜ਼ਰਾ ਪੋਤੇ ਦੀਆਂ ਗੱਲਾਂ ਸੁਣੋ: 'ਮੈਨੂੰ ਮੰਗੂ ਰਾਮ ਅਤੇ ਆਪਣੇ ਬਾਬੇ ਦਾ ਆਖਿਆ ਮੁੜ-ਮੁੜ ਚੇਤੇ ਆਇਆ ਕਿ ਜਾਤ ਦਾ ਹੰਕਾਰ- ਮਨ ਦਾ ਰੋਗ ਹਿੰਦੋਸਤਾਨ ਵਿਚ ਫੈਲਿਆ ਹੋਇਆ ਹੈ। ਉਨ੍ਹਾਂ ਲਈ ਦਾਬਾ, ਧੌਂਸ ਤੇ ਖਹਿਬੜਬਾਜ਼ੀ ਜ਼ਿੰਦਗੀ 'ਚ ਸਾਹਾਂ ਵਾਂਗ ਅਹਿਮ ਬਣੀ ਹੋਈ ਹੈ। ... ਸਾਂਝਾ ਨਿਸ਼ਾਨਾ ਹੈ; ਪੜ੍ਹਨਾ ਲਿਖਣਾ ਹੈ, ਪੜ੍ਹਾਈ ਨਾਲ ਬੰਦੇ ਦੀ ਬਿਰਤੀ-ਪਰਵਿਰਤੀ ਬਦਲ ਜਾਂਦੀ ਹੈ।'

ਇਹ ਬਿਰਤੀ-ਪਰਵਿਰਤੀ ਬਦਲਣ ਲਈ ਬਾਬੇ ਪੈਰੀਂ ਚੱਕਰ ਪਿਆ ਹੋਇਆ ਹੈ ਜਿਸ ਨੂੰ ਉਹਦੀ ਪਤਨੀ, ਭਾਵ ਗੋਰੇ ਦੀ ਦਾਦੀ 'ਪੈਰੀਂ ਬਿੱਲੀ ਬੱਧੀਆਂ ਹੋਈਆਂ' ਆਖਦੀ ਹੈ। ਉਂਞ, ਇਸ ਬਿਰਤੀ-ਪਰਵਿਰਤੀ ਦੇ ਬਦਲਣ ਤੋਂ ਪਹਿਲਾਂ ਬਾਬਾ ਆਪ ਬਦਲ ਚੁੱਕਾ ਹੈ, ਇਸੇ ਕਰ ਕੇ ਫ਼ਾਤਿਮਾ ਵਰਗੀ ਨਪੀੜੀ ਜਾ ਰਹੀ ਕੁੜੀ ਉਸ ਉੱਤੇ ਯਕੀਨ ਕਰਦੀ ਹੈ। ਫ਼ਾਤਿਮਾ ਨਾਵਲ ਦੀ ਬੜੀ ਦਿਲਦਾਰ ਤੇ ਦਲੇਰ ਪਾਤਰ ਹੈ ਜਿਹੜੀ ਦੇਹ ਵਪਾਰ ਦੀ ਦਲ-ਦਲ ਵਿਚੋਂ ਬਾਹਰ ਨਿੱਕਲਣ ਲਈ ਛਟਪਟਾ ਰਹੀ ਹੈ। ਉਹ ਬਾਬੇ ਦੇ ਦਿੱਤੇ ਕਾਇਦਿਆਂ ਨਾਲ ਸੁਰ ਹੋ ਰਹੀ ਹੈ, ਤੇ ਅਖ਼ੀਰ ਉਹਦੀ ਜ਼ਿੰਦਗੀ ਅੰਬਰ ਜਿੱਡੀ ਉਡਾਣ ਭਰਦੀ ਹੈ। ਇਸ ਤੋਂ ਪਹਿਲਾਂ ਉਸ ਦੀ ਦਗਦੀ ਸ਼ਖ਼ਸੀਅਤ 'ਜੇ ਰੱਬ ਜ਼ਨਾਨੀ ਹੁੰਦੀ ਤਾਂ ਜ਼ਨਾਨੀ ਬਾਰੇ ਜ਼ਰੂਰ ਸੋਚਦੀ' ਵਰਗੀਆਂ ਸੋਚਾਂ ਨਾਲ ਦੋ-ਚਾਰ ਹੁੰਦੀ ਹੈ। ਉਹ ਪਿੜ ਅੰਦਰ ਜੂਝ ਰਹੇ ਬਾਬੇ ਨੂੰ ਛੇੜਦੀ ਹੈ: "ਕਦੇ ਔਰਤ ਜਾਤ ਨੂੰ ਵੀ ਨਜਾਤ ਹਾਸਲ ਹੋਊਗੀ ਬਾਬਾ ਕਿ ਤੇਰੀਆਂ ਬਣਾਈਆਂ ਜੁੱਤੀਆਂ ਵਾਂਗੂ ਸਾਰਿਆਂ ਦੇ ਪੈਰਾਂ ਥੱਲੇ ਘਿਸਦੀ ਰਹੂਗੀ?"

ਅਸਲ ਵਿਚ ਇਹ ਫ਼ਾਤਿਮਾ, ਗੋਰੇ, ਗੋਰੇ ਦੇ ਬਾਬੇ ਅਤੇ ਮੰਗੂ ਰਾਮ ਦੀ ਸੋਚ ਹੀ ਹੈ ਜਿਹੜੀ ਉਨ੍ਹਾਂ ਨੂੰ ਰਵਾਇਤਾਂ ਦੇ ਸੰਗਲ ਤੋੜਨ ਦੇ ਰਾਹ ਪਾਉਂਦੀ ਹੈ। ਸੋਚਾਂ ਦੀ ਇਸੇ ਰਿੜਕਣ ਕਾਰਨ ਹੀ ਗੱਡੀ ਵਿਚ ਸਫ਼ਰ ਕਰ ਰਿਹਾ ਇਕ ਬਜ਼ੁਰਗ ਰਵਾਇਤਾਂ ਨੂੰ ਸਿਰ ਭਾਰ ਕਰ ਦਿੰਦਾ ਹੈ: 'ਜਿਹੜੇ ਮੁਹੱਬਤ ਤੇ ਜੰਗ ਵਿਚ 'ਸਭ ਕੁਛ' ਨੂੰ ਜਾਇਜ਼ ਠਹਿਰਾਉਂਦੇ ਨੇ, ਉਨ੍ਹਾਂ ਬੇਇਨਸਾਫ਼ੀ ਦੀ ਤੱਕੜੀ ਫੜੀ ਹੋਈ ਜੇ। ... ਗਰੀਬ ਮਾਰ ਹੋ ਰਹੀ ਜੇ ਤੇ ਹਾਅ ਦਾ ਨਾਅਰਾ ਮਾਰਨ ਵਾਲਾ ਕੋਈ ਨਹੀਂ। ਮਾਸੂਮ, ਬੇਕਸੂਰ ਹੱਦ ਦਰਜੇ ਦਾ ਜ਼ੁਲਮ ਬਰਦਾਸ਼ਤ ਕਰਦੇ ਹੋਏ ਬਹੁਤ ਕੁਛ ਆਪਣੇ ਨਾਲ ਈ ਕਬਰ ਤਕ ਲੈ ਜਾਂਦੇ ਜੇ...।' ਬਾਬੇ ਨੇ ਇਸ ਜ਼ੁਲਮ ਦੀ ਕਾਟ ਲਈ ਹੀ 'ਵਕਤ ਦੇ ਖ਼ਿਲਾਫ਼ ਬੁਰਦ' ਲਾਈ ਹੋਈ ਹੈ। ਇਸੇ ਪ੍ਰਸੰਗ ਵਿਚ ਹੀ ਮੰਗੂ ਰਾਮ ਮੁੱਗੋਵਾਲੀਏ ਦੀ 'ਆਦਿ ਧਰਮ' ਵਾਲੀ ਸਿਆਸਤ ਦਾ ਪਿੜ ਬੱਝਦਾ ਹੈ। ਇਸ ਵਿਚ ਮੁਲਕ ਦੇ ਮੂਲ ਵਾਸੀ ਹੋਣ ਦਾ ਹੋਕਾ ਹੈ। ਇਉਂ ਲੇਖਕ ਇਸ ਸਿਆਸਤ ਨੂੰ ਸਿਰੇ ਤਕ ਲੈ ਕੇ ਜਾਣ ਦਾ ਯਤਨ ਕਰਦਾ ਹੈ। ਉਹ 'ਆਦਿ ਧਰਮੀਆਂ' ਨੂੰ ਹਿੰਦੂ, ਸਿੱਖਾਂ, ਮੁਸਲਮਾਨਾਂ ਤੋਂ ਵੱਖ ਕਰਦਾ ਹੈ, ਲੋਕਾਂ ਨੂੰ ਸਵਾਲ-ਦਰ-ਸਵਾਲ ਦੇ ਰੂ-ਬ-ਰੂ ਕਰਦਾ ਹੈ।

ਇਨ੍ਹਾਂ ਸਵਾਲਾਂ ਨਾਲ ਹੀ ਭਗਤ ਸਿੰਘ ਦੇ ਲੇਖ 'ਅਛੂਤ ਦਾ ਸਵਾਲ' ਵਾਲਾ ਸਵਾਲ ਜੁੜਦਾ ਹੈ ਤਾਂ ਇਸ ਸਿਆਸਤ ਦੀਆਂ ਰਮਜ਼ਾਂ ਸਮਝ ਪੈਣ ਲੱਗਦੀਆਂ ਹਨ। ਨਾਵਲ ਵਿਚ ਦੂਜੇ ਸੰਸਾਰ ਯੁੱਧ ਦੌਰਾਨ ਜੂਝਦੇ ਰੂਸ ਅਤੇ ਇਸ ਦੇ ਨੇਤਾ ਸਤਾਲਿਨ ਦੀਆਂ ਗੱਲਾਂ ਵੀ ਤੁਰਦੀਆਂ ਹਨ। ਬਾਬਾ ਜੰਗ ਦੀ ਮਾਰ ਦਾ ਜ਼ਿਕਰ ਛੇੜਦਾ ਹੈ ਪਰ ਇਹ ਵੀ ਸਵੀਕਾਰ ਕਰਦਾ ਹੈ ਕਿ ਜੰਗ ਲੱਗਣ ਕਾਰਨ ਉਨ੍ਹਾਂ ਦੇ ਕਾਰੋਬਾਰ ਵਿਚ ਚੋਖਾ ਵਾਧਾ ਹੋਇਆ ਹੈ। ਦਰਅਸਲ, ਬਾਬਾ ਵਸੀਲਿਆਂ ਦੀ ਸਿਆਸਤ ਨੂੰ ਅੱਖੋਂ-ਪਰੋਖੇ ਨਹੀਂ ਕਰਦਾ। ਉਹ 'ਛੂਤਛਾਤ ਦੇ ਕਾਰਖਾਨੇ' ਪਿੰਡ ਵਿਚੋਂ ਕੱਢਣਾ ਚਾਹੁੰਦਾ ਹੈ।

ਇਸ ਨਾਵਲ ਦੇ ਪ੍ਰਸੰਗ ਵਿਚ ਇਹ ਵਿਚਾਰ-ਚਰਚਾ ਵੀ ਕੋਈ ਘੱਟ ਦਿਲਚਸਪ ਨਹੀਂ ਹੋਵੇਗੀ ਕਿ ਬਲਬੀਰ ਮਾਧੋਪੁਰੀ ਨੇ ਦਲਿਤਾਂ ਦੀ ਦਾਸਤਾਨ ਬਿਆਨ ਕਰਨ ਲਈ ਮੰਗੂ ਰਾਮ ਮੁੱਗੋਵਾਲੀਆ ਦੀ ਚੋਣ ਕੀਤੀ। ਨਾਵਲ ਵਿਚ ਦਲਿਤਾਂ ਦੇ ਅਲਮ-ਬਰਦਾਰ ਵਜੋਂ ਚਰਚਿਤ ਡਾਕਟਰ ਭੀਮ ਰਾਓ ਅੰਬੇਦਕਰ ਦਾ ਜ਼ਿਕਰ ਸਿਰਫ ਦੋ ਵਾਰ ਮਹਿਜ਼ ਹਵਾਲੇ ਵਜੋਂ ਆਇਆ ਹੈ।

ਇਕ ਪੂਨਾ ਪੈਕਟ ਦੇ ਪ੍ਰਸੰਗ ਵਿਚ ਅਤੇ ਦੂਜੀ ਵਾਰ ਪੜ੍ਹਨ ਲਈ ਹਰ ਹਾਲ ਅਹੁਲਣ ਬਾਬਤ। ਦਲਿਤਾਂ ਦੇ ਵੱਖ-ਵੱਖ ਮਸਲਿਆਂ ਦੇ ਦ੍ਰਿਸ਼ਟੀਕੋਣ ਤੋਂ ਇਨ੍ਹਾਂ ਦੋਹਾਂ ਲੀਡਰਾਂ ਦੀ ਸਿਆਸਤ ਬਾਰੇ ਪੁਣ-ਛਾਣ ਅਜੇ ਬਾਕੀ ਹੈ। ਇਹ ਤੱਥ ਤਾਂ ਜੱਗ-ਜ਼ਾਹਿਰ ਹੈ ਕਿ ਦਲਿਤਾਂ ਲਈ ਜੂਝਣ ਦੇ ਬਾਵਜੂਦ ਡਾ. ਅੰਬੇਦਕਰ ਮੁੱਖਧਾਰਾ ਸਿਆਸਤ ਦਾ ਹਿੱਸਾ ਬਣੇ। ਮੰਗੂ ਰਾਮ ਵੀ ਭਾਵੇਂ ਮੁੱਖਧਾਰਾ ਸਿਆਸਤ ਦਾ ਹਿੱਸਾ ਬਣਿਆ ਪਰ ਉਸ ਨੇ ਦਲਿਤਾਂ ਦੇ ਮੂਲਵਾਸੀ ਹੋਣ ਅਤੇ ਅਜਿਹੇ ਹੋਰ ਮਸਲੇ ਜਿਹੜੇ ਦਲਿਤਾਂ ਨਾਲ ਸਿੱਧੇ ਜੁੜੇ ਹਨ, ਉੱਤੇ ਡਟ ਕੇ ਪਹਿਰਾ ਦਿੱਤਾ। ਇਸੇ ਕਰ ਕੇ ਨਾਵਲ ਵਿਚ ਕੁਝ ਥਾਵਾਂ 'ਤੇ ਦਲਿਤਾਂ ਦੇ ਹਿੰਦੂ, ਸਿੱਖਾਂ, ਮੁਸਲਮਾਨਾਂ ਤੋਂ ਵਖਰੇਵੇਂ ਵਾਲੀ ਜਿਹੜੀ ਗੱਲ ਆਉਂਦੀ ਹੈ, ਉਸ ਅਸਲ ਵਿਚ ਇਨ੍ਹਾਂ ਵਿਚਾਰਾਂ ਦਾ ਪ੍ਰਚੰਡ ਪ੍ਰਗਟਾਓ ਹੈ।

ਖੈਰ! ਨਾਵਲ ਦਾ ਆਧਾਰ ਸਿਰਫ ਮੰਗੂ ਰਾਮ ਦੀ ਸਿਆਸਤ ਹੀ ਨਹੀਂ, ਉਹ ਇਲਾਕਾ ਵੀ ਹੈ ਜਿਹੜਾ ਇਸ ਨਾਵਲ ਵਿਚ ਨੁਮਾਇਆ ਰੂਪ ਵਿਚ ਪੇਸ਼ ਹੋਇਆ ਹੈ। ਜੇਜੋਂ ਦੇ ਆਲੇ-ਦੁਆਲੇ ਦਾ ਇਹ ਇਲਾਕਾ ਆਪਣੇ ਸਾਰੇ ਦੇ ਸਾਰੇ ਪੱਖਾਂ ਨਾਲ ਨਾਵਲ ਦਾ ਹਿੱਸਾ ਬਣਿਆ ਹੈ। ਇੱਥੇ ਖਾਸ ਕਰ ਕੁਦਰਤੀ ਨਜ਼ਾਰਿਆਂ ਦਾ ਵਰਣਨ ਜ਼ਰੂਰੀ ਹੈ। ਲੇਖਕ ਕੁਦਰਤ ਦੇ ਇਨ੍ਹਾਂ ਨਜ਼ਾਰਿਆਂ ਨੂੰ ਵੀ ਖਾਸ ਪੁੱਠ ਨਾਲ ਪੇਸ਼ ਕਰਦਾ ਹੈ। ਜਦੋਂ ਵੀ ਕਿਤੇ ਖ਼ੁਸ਼ੀ ਦਾ ਲਹਿਰੀਆ ਉਠਦਾ ਹੈ ਤਾਂ ਇਸ ਦੀ ਤਸ਼ਬੀਹ ਖੱਡਾਂ, ਚੋਆਂ ਵਿਚ ਵਗਦੇ ਪਾਣੀਆਂ ਨਾਲ ਹੁੰਦੀ ਹੈ। ਥਾਂ-ਪੁਰ-ਥਾਂ ਦ੍ਰਿਸ਼ ਚਿਤਰਨ ਤਾਂ ਇਉਂ ਹੈ ਕਿ ਪਾਠਕ ਖ਼ੁਦ ਇਹ ਨਜ਼ਾਰੇ ਮਾਣਦਾ ਪ੍ਰਤੀਤ ਹੁੰਦਾ ਹੈ। ਇਹੀ ਬਿਰਤਾਂਤ ਅਸਲ ਵਿਚ ਇਸ ਨਾਵਲ ਦੀ ਤਾਕਤ ਬਣ ਗਿਆ ਹੈ। ਜਿਵੇਂ ਨਾਵਲ ਦਾ ਅਹਿਮ ਪਾਤਰ ਬਾਬਾ ਬੇਅੰਤ ਔਕੜਾਂ ਦੇ ਬਾਵਜੂਦ ਜ਼ਿੰਦਗੀ ਦੀ ਲੈਅ ਟੁੱਟਣ ਨਹੀਂ ਦਿੰਦਾ, ਬਿਲਕੁਲ ਉਸੇ ਤਰ੍ਹਾਂ ਲੇਖਕ ਬਾਬੇ ਦੀ ਸਾਰੰਗੀ ਵਾਂਗ ਲਿਖਤ ਨੂੰ ਸੁਰ ਕਰ ਕੇ ਰੱਖਦਾ ਹੈ। ਇਸ ਦੇ ਨਾਲ ਹੀ ਇਲਾਕੇ ਦੇ ਭੁੱਲ-ਭੁਲਾ ਦਿੱਤੇ ਗਏ ਸ਼ਬਦ ਜਿਸ ਤਰ੍ਹਾਂ ਰਚਨਾ ਅੰਦਰ ਲੱਫਾਂ ਮਾਰਦੇ ਹਨ, ਉਹ ਵੀ ਕਿਸੇ ਕ੍ਰਿਸ਼ਮੇ ਤੋਂ ਘੱਟ ਨਹੀਂ। ਮੁਕਾਮੀ ਸ਼ਬਦਾਂ ਦਾ ਇਹ ਨਾਚ ਨਾਵਲ ਦੇ ਤਾਣੇ-ਬਾਣੇ ਨੂੰ ਅਮੀਰੀ ਬਖ਼ਸ਼ਦਾ ਹੈ।

ਇਤਿਹਾਸ ਨੂੰ ਗਲਪ ਵਿਚ ਢਾਲਣਾ ਅਤੇ ਦਿਲਚਸਪੀ ਵੀ ਦੂਣ-ਸਵਾਈ ਕਰ ਦੇਣੀ ਸਾਧਾਰਨ ਕਾਰਜ ਨਹੀਂ। ਬਲਬੀਰ ਮਾਧੋਪੁਰੀ ਨੇ ਇਹ ਕਾਰਜ ਬਹੁਤ ਸਹਿਜ ਨਾਲ ਨੇਪਰੇ ਚਾੜ੍ਹਿਆ ਹੈ। ਇਸ ਵਿਚ ਸਾਧਨ ਅਤੇ ਸੱਤਾ ਹੀਣੇ ਜਿਊੜਿਆਂ ਦੇ ਦਿਲਾਂ ਅੰਦਰ 'ਪਾਣੀ ਵਰਗੀ ਨਰਮ ਚੀਜ਼ ਨਫ਼ਰਤਾਂ ਦੇ ਪਹਾੜ ਨੂੰ ਵੀ ਖਿਸਕਾਅ ਦਿੰਦੀ ਆ' ਵਾਲਾ ਵੇਗ ਹੈ। ਨਾਵਲ ਵਿਚ ਇਹ ਵੇਗ ਸਫ਼ਾ-ਦਰ-ਸਫ਼ਾ ਜ਼ਾਹਿਰ ਹੁੰਦਾ ਹੈ। ਪਤਾ ਨਹੀਂ, ਇਹ ਲੇਖਕ ਨੇ ਸੁਚੇਤ ਰੂਪ ਵਿਚ ਕੀਤਾ ਹੈ ਜਾਂ ਅਚੇਤ ਰੂਪ ਵਿਚ ਹੀ ਅਜਿਹਾ ਹੋਇਆ ਹੈ, ਨਾਵਲ ਦੇ ਅੱਠ-ਦਸ ਕਾਂਡਾਂ ਦਾ ਅੰਤ ਪੋਤੇ (ਗੋਰੇ) ਨੂੰ ਨੀਂਦ ਦੇ ਬੁੱਲਿਆਂ ਨਾਲ ਹੁੰਦਾ ਹੈ। ਇਸ ਲੱਖਣ ਦੀ ਲੜੀ ਅਸਲ ਵਿਚ ਮੰਗੂ ਰਾਮ ਅਤੇ ਬਾਬੇ ਦੇ ਸੁਫ਼ਨਿਆਂ ਨਾਲ ਜੁੜਦੀ ਜਾਪਦੀ ਹੈ ਜਿਹਦੇ ਲਈ ਉਹ ਦਿਨ-ਰਾਤ ਇਕ ਕਰ ਰਹੇ ਹਨ। ਇਹ ਬਦਲਵੀਂ ਸਿਆਸਤ ਅਤੇ ਸਮਾਜਕ ਜੀਵਨ ਵੱਲ ਵਧਦੇ ਕਦਮਾਂ ਦੀ ਪੈੜਚਾਲ ਵੀ ਹੈ। ਇਸ ਅੰਦਰ ਗ਼ਦਰੀ ਰੰਗ ਵੀ ਅਛੋਪਲੇ ਜਿਹੇ ਆਣ ਹਾਜ਼ਰ ਹੋਇਆ ਹੈ। 'ਆਦਿ ਡੰਕਾ' ਵਾਲੀਆਂ ਰਚਨਾਵਾਂ 'ਗਦਰ ਦੀ ਗੂੰਜ' ਦਾ ਭੁਲੇਖਾ ਪਾਉਂਦੀਆਂ ਹਨ। ਨਾਵਲ ਵਿਚ ਗੁਰੂ ਰਵਿਦਾਸ ਅਤੇ ਕਬੀਰ ਦੀਆਂ ਰਚਨਾਵਾਂ ਜਿਸ ਤਰ੍ਹਾਂ ਚੋਟ ਕਰਦੀਆਂ ਹਨ, ਉਨ੍ਹਾਂ ਦੇ ਰਾਹ ਵੀ ਬਦਲਵੇਂ ਢਾਂਚੇ ਵੱਲ ਮੋੜ ਕੱਟਦੇ ਹਨ। 'ਰਾਮ ਰਾਮ' ਦੀ ਥਾਂ 'ਜੈ ਗੁਰੂਦੇਵ' ਕਹਿਣ ਵਰਗੀਆਂ ਅਣਗਿਣਤ ਸੀਰਾਂ ਹਨ ਜਿਨ੍ਹਾਂ ਦਾ ਮੂੰਹ ਸੁਫ਼ਨਿਆਂ ਦੀ ਡਾਰ ਵੱਲ ਹੈ। ਇਹ ਮੂੰਹ-ਜ਼ੋਰ ਸੁਫ਼ਨਿਆਂ ਦਾ ਹੀ ਪ੍ਰਤਾਪ ਹੈ ਕਿ ਜ਼ਿੰਦਗੀ ਦੇ ਸਕੂਲ ਅਤੇ ਕਾਰੋਬਾਰ ਵਿਚ ਉਡਾਰ ਹੋਇਆ ਗੋਰਾ ਚਿਰਾਂ ਤੋਂ ਲਾਪਤਾ ਆਪਣੇ ਪਿਤਾ ਦਾ ਖੋਜ-ਖੁਰਾ ਵੀ ਲੱਭ ਲਿਆਂਦਾ ਹੈ। ਨਾਵਲ ਦਾ ਅੰਤ ਇਨ੍ਹਾਂ ਸੁਫ਼ਨਿਆਂ ਦਾ ਹੀ ਇਕ ਵੱਖਰਾ ਅਤੇ ਨਿਆਰਾ ਅਧਿਆਏ ਹੈ। ਗੋਰੇ (ਪੋਤੇ) ਦੀ ਮਾਂ ਅਤੇ ਫ਼ਾਤਿਮਾ ਦਾ ਬਣਵਾਸ ਟੁੱਟਦਾ ਹੈ। ਇੱਥੇ

ਪੁੱਜ ਕੇ ਜਾਪਦਾ ਹੈ, ਜਿਵੇਂ ਲੇਖਕ ਦਲਿਤ ਸਿਆਸਤ ਅਤੇ ਸਮਾਜ ਦਾ ਚੌੜੇਰਾ ਪਿੜ ਵਗਲ਼ ਰਿਹਾ ਹੈ। ਸੱਚਮੁੱਚ ਬਲਬੀਰ ਮਾਧੋਪੁਰੀ ਦਾ ਇਹ ਨਾਵਲ ਮਾਣ-ਸਨਮਾਨ ਲਈ ਜੂਝਦੇ ਮਰਜੀਵੜਿਆਂ ਦੇ ਸੰਘਰਸ਼ ਦੀ ਦਾਸਤਾਨ ਹੈ। ਇਹ ਹਾਸ਼ੀਏ ਉੱਤੇ ਸੁੱਟੇ ਜਿਊੜਿਆਂ ਦੀ ਉਹ ਕਥਾ ਹੈ ਜਿਹੜੀ ਲੇਖਕ ਨੇ ਪੂਰੀ ਮੜਕ ਨਾਲ ਸੁਣਾਈ ਹੈ। ਇਸ ਕਥਾ ਦੇ ਪਾਤਰ ਥੋੜ੍ਹੀ ਕੀਤਿਆਂ ਭੁਲਾਏ ਨਹੀਂ ਜਾ ਸਕਣੇ। **–ਜਸਬੀਰ**

## ਬੇਸਮਝੀਆਂ (ਸਵੈ-ਜੀਵਨਕ ਕਥਾਵਾਂ) ਲਾਲ ਸਿੰਘ

ਲਾਲ ਸਿੰਘ ਪੰਜਾਬੀ ਸਾਹਿਤ ਦਾ ਅਜਿਹਾ ਸਾਹਿਤਕ ਲਾਲ ਹੈ ਜਿਸਨੇ ਸੰਨ 1984 ਤੋਂ ਲੈ ਕੇ 2017 ਤਕ 'ਮਾਰਖੋਰੇ', 'ਬਲੌਰ', 'ਧੁੱਪ ਛਾਂ', 'ਕਾਲੀ ਮਿੱਟੀ', 'ਅੱਧੇ ਅਧੂਰੇ', 'ਗੜ੍ਹੀ ਬਖ਼ਸ਼ਾ ਸਿੰਘ' ਅਤੇ 'ਸੰਸਾਰ' ਨਾਂਵਾਂ ਵਾਲੀਆਂ ਸੱਤ ਕਥਾ-ਪੁਸਤਕਾਂ ਦੀ ਸਿਰਜਣਾ ਰਾਹੀਂ ਪੰਜਾਬੀ ਕਥਾਕਾਰੀ ਨੂੰ ਇਕ ਨਵੀਂ ਰੂਪਕ ਨੁਹਾਰ ਦਿੱਤੀ ਹੈ। ਹਾਲ ਹੀ ਵਿਚ ਛਪੀ ਉਸਦੀ ਸਵੈ-ਜੀਵਨਕ ਕਥਾਵਾਂ ਵਾਲੀ 'ਬੇਸਮਝੀਆਂ' (ਪੰਨੇ 111, ਮੁੱਲ 250 ਰੁਪਏ, ਲੋਕਗੀਤ ਪ੍ਰਕਾਸ਼ਨ, ਮੁਹਾਲੀ) ਨਾਂ ਦੀ ਰਚਨਾ ਵੀ ਇਕ ਨਵੀਂ ਰੂਪਕ ਲੱਭਤ ਲੈ ਕੇ ਪੰਜਾਬੀ ਸਵੈ-ਜੀਵਨੀ ਦੇ ਇਤਿਹਾਸ ਵਿਚ ਜ਼ਿਕਰਯੋਗ ਵਾਧਾ ਕਰਦੀ ਹੈ।

'ਬੇਸਮਝੀਆਂ' ਵਿਚਲੀਆਂ ਸੱਤ ਸਵੈ-ਜੀਵਨਕ ਕਥਾਵਾਂ ਰਾਹੀਂ ਲਾਲ ਸਿੰਘ ਇਕ ਐਸੇ ਪਾਂਧੀ ਦੇ ਰੂਪ ਵਿਚ ਵਿਚਰਿਆ ਹੈ ਜਿਸਦੀ ਅੱਖੋਂ ਉਸਦੇ ਆਪਣੇ ਤੇ ਪਰਾਏ ਸਮਾਜਕ ਤੇ ਸਾਹਿਤਕ ਰਾਹ ਪਰੋਖੇ ਨਹੀਂ ਰਹੇ। ਕਿਉਂ ਜੁ, ਇਹਨਾਂ ਕਥਾਵਾਂ ਵਿਚਲਾ ਸੱਚ ਲਾਲ ਸਿੰਘ ਦੇ ਜੀਵਨ-ਬਿਰਤਾਂਤ ਨੂੰ ਪੂਰੀ ਤਰ੍ਹਾਂ ਸਮਰਪਤ ਹੋਣ ਦੇ ਨਾਲ ਨਾਲ ਉਸਦੇ ਸਮਕਾਲ ਦੀ ਵੀ ਪ੍ਰਮਾਣਿਕ ਰਿਪੋਰਟ ਪੇਸ਼ ਕਰਦਾ ਹੈ। ਲਾਲ ਸਿੰਘ ਨੇ ਜਿਸ ਈਮਾਨਦਾਰੀ ਨਾਲ ਆਪਣੇ ਅੰਦਰ ਝਾਕ ਕੇ ਸਮਕਾਲੀਨ ਸਥਿਤੀਆਂ ਦਾ ਕਰੂਰ ਸੱਚ ਪ੍ਰਸਤੁਤ ਕੀਤਾ ਹੈ ਉਸ ਸਦਕਾ ਇਹ ਸਵੈ-ਜੀਵਨਕ ਕਥਾਵਾਂ ਇਕ ਸੁੰਦਰ ਕਲਾ-ਕ੍ਰਿਤੀ ਦਾ ਰੂਪ ਧਾਰ ਜਾਂਦੀਆ ਹਨ।

ਹੱਥਲੀ ਸਵੈ-ਜੀਵਨੀ ਦੇ ਆਰੰਭ ਵਿਚ ਪੰਜਾਂ ਕੁ ਵਰ੍ਹਿਆਂ ਦਾ ਇਕ ਬਾਲ ਆਪਣੇ ਹਾਣੀਆਂ ਨਾਲ ਖੇਡ ਖੇਡਦਾ ਛੱਡ ਕੇ ਪੌੜੀ ਦੇ ਪਹਿਲੇ ਡੰਡੇ ਉੱਤੇ ਚੜ੍ਹਨ ਦੇ ਆਹਰ 'ਚ ਲੱਗਾ ਵਿਖਾਇਆ ਗਿਆ ਹੈ। ਇਹ ਬਾਲ ਕੋਈ ਹੋਰ ਨਹੀਂ ਸਗੋਂ ਲਾਲ ਸਿੰਘ ਦਾ ਸਿਰਜਿਆ ਉਸਦਾ ਬਾਲ-ਰੂਪ ਹੀ ਹੈ। ਲਗਪਗ ਸਾਰੀਆਂ ਹੀ ਕਥਾਵਾਂ ਦੇ ਬਿਰਤਾਂਤ ਵਿਚ ਇਹ ਬਾਲ ਝਕਾਣੀ ਦੇ ਕੇ ਓਹਲੇ ਹੋ ਜਾਂਦਾ ਹੈ। ਉਸਦੇ ਓਹਲੇ ਹੋਣ ਦੀ ਜੁਗਤ ਰਾਹੀਂ ਜਿਵੇਂ ਲਾਲ ਸਿੰਘ ਇਹ ਦਰਸਾ ਰਿਹਾ ਹੋਵੇ ਕਿ ਹਰ ਵਿਅਕਤੀ ਅੰਦਰ ਹਮੇਸ਼ਾ ਇਕ ਬਾਲ ਮੌਜੂਦ ਰਹਿੰਦਾ ਹੈ। ਵਿਅਕਤੀ ਅੰਦਰ ਉਸਦੀ ਮੌਜੂਦਗੀ ਉਸਦੇ ਵਿਕਾਸ ਦੀ ਪਾਕੀਜ਼ਗੀ ਬਣਾਈ ਰੱਖਦੀ ਹੈ। ਬੱਚੇ ਜਿਵੇਂ ਮਿੱਟੀ ਦਾ ਘਰ ਘਰ ਬਣਾਉਣ ਦੀ ਖੇਡ ਖੇਡਦੇ ਪਹਿਲਾਂ ਘਰ ਨੂੰ ਬਣਾਉਂਦੇ ਹਨ, ਤੇ ਜੇ ਘਰ ਉਹਨਾਂ ਨੂੰ ਚੰਗਾ ਨਾ ਲੱਗੇ ਤਾਂ ਠੁੱਡਾ ਮਾਰ ਕੇ ਉਸਨੂੰ ਢਾਹ ਸੁੱਟਦੇ ਹਨ, ਉਹਨਾਂ ਬਾਲਾਂ ਵਾਂਗ ਹੀ ਜੀਵਨ ਉੱਤੇ ਪਏ ਅਨੇਕਾਂ ਪ੍ਰਕਾਰ ਦੇ ਬੋਝਾਂ ਨੂੰ ਵਿਅਕਤੀ ਰਲ਼-ਮਿਲ ਕੇ ਹੀ ਘਟਾ ਸਕਦੇ ਹਨ। ਜੀਵਨ-ਪੌੜੀ ਦੇ ਅੱਸੀਵੇਂ ਪੌਡੇ ਨੂੰ ਪਾਰ ਕਰਦਾ ਲਾਲ ਸਿੰਘ ਆਪਣੀ ਬਾਲ-ਮਨ ਵਾਲੀ ਸਾਫ-ਸ਼ਫਾਫ-ਦ੍ਰਿਸ਼ਟੀ ਰਾਹੀਂ ਮਨੁੱਖੀ ਰਿਸ਼ਤਿਆਂ ਨੂੰ ਕਾਇਮ ਰੱਖਦਾ ਹੋਇਆ ਆਪਣੇ ਸਮਕਾਲ ਦੀ ਪਛਾਣ ਕਰਦਾ ਹੈ।

ਇਸ ਸਵੈ-ਜੀਵਨੀ 'ਚ ਲਾਲ ਸਿੰਘ ਨੇ ਸਵੈ-ਇਤਿਹਾਸ ਨੂੰ ਪਰ-ਇਤਿਹਾਸ ਨਾਲ ਮੇਲ ਕੇ ਇਤਿਹਾਸਕ ਸੋਝੀ ਦਾ ਪ੍ਰਮਾਣ ਵੀ ਦਿੱਤਾ ਹੈ। ਇਸ ਵਿਚੋਂ ਅਨੇਕਾਂ ਵੇਰਵੇ ਪੁਸ਼ਟੀ ਲਈ ਪੇਸ਼ ਕੀਤੇ ਜਾ ਸਕਦੇ ਹਨ। ਪਰ ਏਥੇ ਕੇਵਲ ਤਿੰਨ ਵੇਰਵੇ ਹੀ ਪ੍ਰਸਤੁਤ ਕੀਤੇ ਜਾਂਦੇ ਹਨ। ਪਹਿਲਾ ਵੇਰਵਾ ਇਹ ਹੈ; ਜਦ ਲਾਲ ਸਿੰਘ ਲਿਖਦਾ ਹੈ ਕਿ "ਸੰਨ ਸੰਤਾਲੀ ਤਕ ਹੁਨਰੀ ਹੱਥਾਂ ਵਾਲੇ ਮੇਰੇ ਦਾਦੇ ਦੇ

ਚਾਰ ਪੁੱਤਰਾਂ ਵਿਚੋਂ ਵੱਡੇ ਤਿੰਨ ਰਾਵਲਪਿੰਡੀ ਐੱਮ.ਈ.ਐੱਸ. ਵਿਚ ਮਿਸਤਰੀ ਸਨ। ਚੌਥਾ ਛੋਟਾ ਮੇਰਾ ਪਿਤਾ ਪਿੰਡ ਰਿਹਾ, ਮਾਤਾ-ਪਿਤਾ ਦੀ ਸਾਂਭ-ਸੰਭਾਲ ਲਈ।...ਸੰਤਾਲੀ ਦਾ ਧੂੰਆਂ ਕਾਫੀ ਚਿਰ ਪਹਿਲਾਂ ਹੀ ਪਸਰਨ ਲੱਗ ਪਿਆ ਸੀ, ਹੋਰਨਾਂ ਥਾਵਾਂ ਵਾਂਗ ਰਾਵਲਪਿੰਡੀ ਵਿਚ ਵੀ।...ਰਾਵਲਪਿੰਡੀਓਂ ਇਧਰ ਆਇਆਂ ਨੂੰ ਸਾਰੇ ਟੱਬਰਾਂ ਨੂੰ ਪਹਿਲੀ ਸਮੱਸਿਆ ਸਿਰ ਢਕਣ ਦੀ ਬਣੀ।" ਅਸਲ ਵਿਚ, ਇਸ ਵੇਰਵੇ ਦੀ ਤਹਿ ਹੇਠ ਸੰਨ ਸੰਤਾਲੀ ਦੀ ਵੰਡ ਵੇਲੇ ਵਾਪਰੀਆਂ ਦਰਦਨਾਕ ਘਟਨਾਵਾਂ ਦਾ ਵੇਦਨਾਮਈ ਦੁਖਾਂਤਕ ਇਤਿਹਾਸ ਸਾਹ ਲੈ ਰਿਹਾ ਹੈ ਜੋ ਦੇਸ਼-ਵੰਡ ਬਾਅਦ ਵੀ ਪੂਰਬੀ ਤੇ ਪੱਛਮੀ ਪੰਜਾਬ ਦੇ ਵਾਸੀਆਂ ਦੀ ਸ਼ਾਹਰਗ ਦਾ ਪੱਕਾ ਹਿੱਸਾ ਬਣ ਚੁੱਕਾ ਹੈ। ਪੰਜਾਬ ਦੇ ਦੁਆਬੇ ਇਲਾਕੇ ਦੇ ਦੋ ਪਿੰਡਾਂ (ਨੈਣੋਵਾਲ ਵੈਦ ਤੇ ਬਢਾਲਾ) ਦੇ ਉਜਾੜੇ ਦਾ ਜ਼ਿਕਰ ਲਾਲ ਸਿੰਘ ਨੇ ਏਸੇ ਪ੍ਰਸੰਗ 'ਚ ਕੀਤਾ ਹੈ।ਦੂਸਰਾ ਵੇਰਵਾ ਹੈ; "ਸੰਨ ਅੱਸੀ ਅੱਵਲ ਪੰਝੱਤਰ ਸੰਨ ਤੋਂ ਹੀ ਪੈਰ-ਦਰ-ਪੈਰ ਧੁੰਦਲਾ-ਗੰਧਲ਼ਾ ਹੁੰਦਾ ਗਿਆ ਪੰਜਾਬ, ਚੁਰਾਸੀ ਸੰਨ 'ਚ ਪੂਰੀ ਤਰ੍ਹਾਂ ਅੰਧਕਾਰ 'ਚ ਘਿਰ ਗਿਆ। ਦਿਨ ਵੇਲੇ ਰਾਜਸੀ ਆਤੰਕ, ਰਾਤ ਵੇਲੇ ਆਤੰਕੀਆਂ ਦੀ ਦਹਿਸ਼ਤ। ਪੰਜਾਬੀ ਜਨ-ਜੀਵਨ ਲਗਪਗ ਘਰਾਂ-ਕੋਠਿਆਂ 'ਚ ਬੰਦ। ਸੜਕਾਂ 'ਤੇ ਆਵਾਜਾਈ ਦਿਨ-ਖੜ੍ਹੇ ਅਲੋਪ। ਅਜਿਹੀਆਂ ਹਾਲਤਾਂ 'ਚ ਭੰਗਾਲੇ ਸਕੂਲ ਜਾਣ-ਆਉਣਾ ਵੱਡੀ ਸਮੱਸਿਆ ਬਣ ਗਈ"। ਹੁਸ਼ਿਆਰਪੁਰ ਦੇ ਦਸੂਹਾ ਕਸਬੇ ਵਿਚ ਵਾਪਰੇ 'ਖੁੱਡਾ ਬੱਸ ਕਾਂਡ' ਤੇ ਤਲਵਾੜਾ ਬੈਂਕ ਡਕੈਤੀ ਦੀਆਂ ਘਟਨਾਵਾਂ ਦਾ ਵਰਨਣ ਲਾਲ ਸਿੰਘ ਨੇ ਏਸੇ ਦਹਿਸ਼ਤ ਤੇ ਵਹਿਸ਼ਤ ਕਾਰਨ ਪੈਦਾ ਹੋਈ ਖਾਮੋਸ਼ ਲੋਕ-ਸੰਵੇਦਨਾ ਨੂੰ ਜ਼ੁਬਾਨ ਦੇਣ ਲਈ ਕੀਤਾ ਹੈ। ਲਾਲ ਸਿੰਘ ਦੀ ਲੋਕ-ਪੱਖੀ ਦ੍ਰਿੜ ਚੇਤਨਾ ਨੂੰ ਪ੍ਰਗਟ ਕਰਨ ਵਾਲਾ ਤੀਸਰਾ ਵੇਰਵਾ ਹੈ: "ਖੱਬੀ ਲਹਿਰ ਦੀ ਫਿਲਾਸਫੀ ਨੇ ਨਿੱਜ ਨੂੰ ਕਦੇ ਪਹਿਲ ਨਹੀਂ ਸੀ ਦਿੱਤੀ। ਕੇਵਲ ਤੇ ਕੇਵਲ ਸਮੂਹਕ ਹਿਤਾਂ ਲਈ ਹੀ ਸੰਘਰਸ਼-ਸ਼ੀਲਤਾ ਦਾ ਪੱਲਾ ਫੜੀ ਰੱਖਿਆ। ਪਰ ਪਤਾ ਨਹੀਂ ਕਿਹੜੀ ਧਿਰ ਨੇ ਇਸ ਕਲਿਆਣਕਾਰੀ ਵਹੀਰ ਅੰਦਰ ਫੁੱਟ ਦੇ ਬੀਜ ਬੀਜੇ, ਕਿ ਕੁਝ ਵੀ ਪ੍ਰਾਪਤ ਕਰਨ ਤੋਂ ਪਹਿਲਾਂ ਅਜਿਹੇ ਲੋਕ ਇਕ-ਦੋ-ਚਾਰ ਨਹੀਂ, ਸਗੋਂ ਦਰਜਨ ਤੋਂ ਵੱਧ ਹਿੱਸਿਆਂ 'ਚ ਵੰਡ ਹੋ ਕੇ ਖੇਰੂੰ-ਖੇਰੂੰ ਹੋ ਗਏ। ਸਿੱਟੇ ਵਜੋਂ ਕਿਸੇ ਵੀ ਸੱਜ-ਪਿਛਾਖੜ ਬੁਲਾਰੇ ਨਾਲੋਂ ਕਿਤੇ ਵੱਧ ਇਹ ਖੱਬੇ ਟੋਲੇ,ਆਪੋ-ਵਿਚ ਦੀ ਉਲਝੇ ਇਕ ਦੂਜੇ 'ਤੇ ਅਜਿਹੀ ਚਿੱਕੜ-ਉਛਾਲ਼ੀ ਕਰਦੇ ਰਹੇ ਕਿ ਇਹਨਾਂ ਨਾਲ ਜੁੜਿਆ ਥੋੜ੍ਹਾ-ਬਹੁਤ ਜਨ-ਸਮੂਹ ਵੀ ਹਾਰ ਕੇ ਇਹਨਾਂ ਦਾ ਸਾਥ ਛੱਡ ਗਿਆ।" ਇਸ ਵੇਰਵੇ 'ਚੋਂ ਰਾਜਸੀ ਪੱਧਰ ਦੇ ਜਮਾਤੀ ਸਮਾਜ ਦੀਆਂ ਪਰਤਾਂ ਫਰੋਲਦੀ ਲਾਲ ਸਿੰਘ ਦੀ ਲੋਕ-ਪੱਖੀ ਸੋਚਧਾਰਾ ਦੇ ਦਰਸ਼ਨ ਕੀਤੇ ਜਾ ਸਕਦੇ ਹਨ।

ਇਹਨਾਂ ਸਵੈ-ਜੀਵਨਕ ਕਥਾਵਾਂ ਵਿਚੋਂ ਪੰਜਾਬੀ ਲੇਖਕਾਂ ਤੇ ਸਾਹਿਤ-ਚਿੰਤਕਾਂ ਦੀ ਇਕ ਲੰਮੀ ਸੂਚੀ ਤਿਆਰ ਕੀਤੀ ਜਾ ਸਕਦੀ ਹੈ। ਇਸ ਵੱਲ ਨਾ ਜਾਂਦਿਆਂ ਕਿਹਾ ਜਾ ਸਕਦਾ ਹੈ ਕਿ ਲਾਲ ਸਿੰਘ ਕੇਵਲ ਤੇ ਕੇਵਲ ਆਪਣੇ ਆਪ 'ਚ ਰਹਿਣ ਵਾਲਾ ਲੇਖਕ ਨਹੀਂ ਹੈ, ਸਗੋਂ ਦੂਸਰੇ ਪੰਜਾਬੀ ਲੇਖਕਾਂ/ਲੋਕਾਂ ਨਾਲ ਰਲ-ਮਿਲ, ਉੱਠ-ਬੈਠ ਕੇ ਵਿਚਾਰ-ਵਟਾਂਦਰਾ ਕਰਨਾ ਵੀ ਉਸਦੇ ਸੁਭਾਅ ਦਾ ਇਕ ਅਹਿਮ ਪੱਖ ਹੈ। ਏਹੋ ਪੱਖ ਉਸਨੂੰ ਇਕ ਚੰਗਾ ਸਾਹਿਤ-ਸਭਾਈ ਬਣਾਉਂਦਾ ਹੈ, ਹਰ ਪ੍ਰਕਾਰ ਦੇ ਸਮਾਜਕ ਸੰਘਰਸ਼ ਵਿਚ ਉਸਨੂੰ ਆਪਣੇ ਵਰਗਿਆਂ ਦੇ ਨਾਲ ਰਲਣ/ਚੱਲਣ ਵਿਚ ਮਾਣ ਮਹਿਸੂਸ ਕਰਵਾਉਂਦਾ ਹੈ ਅਤੇ ਉਸਨੂੰ ਉਸਦੀਆਂ ਨਜ਼ਰਾਂ ਵਿਚ ਵੀ ਉੱਚਾ ਬਣਾਉਂਦਾ ਹੈ।'ਬੇਸਮਝੀਆਂ' ਇਕ ਐਸੇ ਸਾਹਿਤਕ ਤੇ ਸਮਾਜਕ ਸੂਰਮੇ ਦੀ ਸੰਘਰਸ਼-ਗਾਥਾ ਹੈ ਜੋ ਉਸਦੇ ਮੁਹੱਬਤੀ ਇਨਸਾਨ ਹੋਣ ਦੀ ਸ਼ਾਹਦੀ ਵੀ ਭਰਦੀ ਹੈ। ਇਸ ਗਾਥਾ 'ਚੋਂ ਇਸ ਸੂਰਮੇ ਦਾ ਆਪਣੇ ਇਲਾਕੇ ਪ੍ਰਤਿ ਝਲਕਦਾ ਮੋਹ ਵੀ ਸਾਫ-ਸਾਫ ਵਿਖਾਈ ਦਿੰਦਾ ਹੈ। ਇਹ ਵੀ ਪਤਾ ਚਲਦਾ ਹੈ ਕਿ ਉਸਦੀ ਗ਼ਰੀਬੀ ਉਸਦੀ ਸਮਾਜਕ ਤੇ ਬੌਧਿਕ ਉੱਨਤੀ ਦੇ ਰਾਹ ਵਿਚ ਰੋੜਾ ਨਹੀਂ ਬਣ ਸਕੀ। ਆਪਣੇ ਲਈ ਆਰਥਿਕ, ਸਮਾਜਕ ਤੇ ਸਭਿਆਚਾਰਕ ਪੱਖਾਂ ਤੋਂ ਮਦਦਗਾਰ ਸਾਬਤ ਹੋਏ

ਵਿਅਕਤੀਆਂ ਨਾਲ ਤਰਕਸ਼ੀਲ ਰਹਿ ਕੇ ਵੱਧ ਤੋਂ ਵੱਧ ਯਥਾਰਥਕ ਰਹਿਣ ਵਾਲਾ ਇਹ ਸੂਰਮਾ ਇਕ ਆਮ ਸ਼ਖ਼ਸ, ਸਾਹਿਤਕ ਕਾਮੇ ਤੇ ਜਥੇਬੰਦਕ ਕਾਰਕੁਨ ਦੇ ਰੂਪਾਂ ਵਿਚ ਸਮਕਾਲੀ ਯਥਾਰਥ ਨਾਲ ਟਕਰਾਉਂਦਾ ਇਕ ਪ੍ਰਕਾਰ ਦਾ ਨਾਇਕ ਹੀ ਸਾਬਤ ਹੁੰਦਾ ਹੈ। ਕਠੋਰ ਤੋਂ ਕਠੋਰ ਸਥਿਤੀਆਂ ਵੀ ਉਸਦੀ ਦ੍ਰਿੜਤਾ ਨੂੰ ਪਿਘਲਾ ਨਹੀਂ ਸਕੀਆਂ।

ਠੋਸ ਸ਼ਖਸੀਅਤ ਵਾਲਾ ਇਹ ਵਿਅਕਤੀ ਆਪਣੀ ਅੱਸੀ ਸਾਲਾ ਜੀਵਨ-ਯਾਤਰਾ ਦੌਰਾਨ ਭਾਰਤ ਦੇ ਵਿਭਿੰਨ ਸ਼ਹਿਰਾਂ ਦਾ ਭ੍ਰਮਣ ਕਰਦਾ ਹੈ। ਅਨੇਕਾਂ ਕੰਮ-ਕਿੱਤੇ ਕਰਨ ਦੌਰਾਨ ਬਣੀਆਂ ਉਸ ਦੀਆਂ ਚਾਰ ਠਹਿਰਾਂ (ਜੱਦੀ ਪਿੰਡ ਝੱਜਾਂ, ਨੰਗਲ, ਜਲੰਧਰ ਤੇ ਹੁਣਵੀਂ ਦਸੂਹਾ) ਉਸਦੇ ਅਨੁਭਵ ਨੂੰ ਚੁੜੇਰਾ ਤੇ ਡੂੰਘੇਰਾ ਕਰਦੀਆਂ ਹਨ। ਉਸ ਦੇ ਯਥਾਰਥਕ ਅਨੁਭਵਾਂ ਦੀ ਕੀਤੀ ਪੇਸ਼ਕਾਰੀ ਕਿਸੇ ਸਫਰਨਾਮੇ ਤੋਂ ਘੱਟ ਨਹੀਂ ਜਾਪਦੀ। ਪੇਸ਼ਕਾਰੀ ਲਈ ਵਰਤੀਆਂ ਕਾਲਿਕ ਜੁਗਤਾਂ ਡਾਇਰੀ ਸਾਹਿਤ-ਰੂਪ ਵਾਲਾ ਪ੍ਰਭਾਵ ਸਿਰਜਦੀਆਂ ਹਨ। ਇਹ ਪ੍ਰਭਾਵ ਸੰਸਮਰਣ ਦੀ ਯਾਦ ਵੀ ਦੁਆਉਂਦਾ ਹੈ। ਕੇਂਦਰੀ ਧਰੁਵ ਵਜੋਂ ਭੂਮਿਕਾ ਨਿਭਾਉਂਦਾ ਬਾਲ-ਪਾਤਰ ਇਸ ਰਚਨਾ ਨੂੰ ਲੁਕਵੇਂ ਰੂਪ ਵਾਲਾ ਗਲਪੀ ਜਾਮਾ ਵੀ ਪਹਿਨਾ ਦਿੰਦਾ ਹੈ। ਚੂੰਕਿ ਲਾਲ ਸਿੰਘ ਖੋਜੀ ਬਿਰਤੀ ਦਾ ਮਾਲਕ ਹੈ, ਉਹ ਇਤਿਹਾਸਕ ਤੱਥਾਂ ਤੇ ਪ੍ਰਚੱਲਤ ਸਮਾਜਕ ਵਿਚਾਰਾਂ ਨੂੰ ਮਾਰਕਸਵਾਦੀ ਸਮਝ ਦੀ ਕੁਠਾਲੀ ਵਿਚ ਤਪਾ ਕੇ ਆਪਣੀਆਂ ਮੌਲਿਕ ਧਾਰਨਾਵਾਂ ਬਣਾਉਣਾ ਜਾਣਦਾ ਹੈ।

ਲਾਲ ਸਿੰਘ ਇਹ ਮੰਨਦਾ ਹੈ ਕਿ ਬਚਪਨ ਤੋਂ ਹੀ ਉਹ ਹਿਸਾਬ ਵਿਚ ਕਮਜ਼ੋਰ ਅਤੇ ਅਲਜਬਰਾ ਤੇ ਜੁਮੈਟਰੀ ਵਿਚ ਹੁਸ਼ਿਆਰ ਰਿਹਾ ਹੈ। ਉਸਦੇ ਜੀਵਨ ਦਾ ਇਹ ਬਿੰਦੂ ਹੀ ਹੈ ਜੋ ਉਸਦੀ ਸ਼ਖਸੀਅਤ ਦਾ ਨਿਰਮਾਣ ਤੇ ਵਿਕਾਸ ਕਰਕੇ ਉਸਨੂੰ ਮੌਲਿਕ ਦ੍ਰਿਸ਼ਟੀ ਦੇ ਘੜਨਹਾਰਿਆਂ ਵਿਚ ਸ਼ੁਮਾਰ ਕਰਦਾ ਹੈ। ਉਸਨੂੰ ਕਵਿਤਾਕਾਰੀ ਤੇ ਕਥਾਕਾਰੀ ਲਈ ਪ੍ਰੇਰਦਾ ਹੈ। ਕਥਾਕਾਰੀ ਵਿਚ ਨਵੇਂ ਪੂਰਨੇ ਪਾਉਣ ਲਈ ਉਕਸਾਉਂਦਾ ਹੈ। ਆਪਣੇ ਵੇਲੇ ਦੇ ਪੰਜਾਬੀ ਸਮਾਜ ਵਿਚ ਸਿਆਣਿਆਂ ਦੀ ਇਸ ਧਾਰਨਾ ਨੂੰ ਸਵੀਕਾਰ ਕਰਨ ਵਿਚ ਉਸਨੂੰ ਕੋਈ ਇਤਰਾਜ਼ ਨਹੀਂ ਕਿ 'ਅਲਜਬਰਾ ਬਾਈ ਅਕਲ, ਜੁਮੈਟਰੀ ਬਾਈ ਸ਼ਕਲ ਤੇ ਹਿਸਾਬ ਬਾਈ ਨਕਲ'। ਨਕਲ ਤੋਂ ਪਰਹੇਜ਼ ਕਰਨ ਕਰਕੇ ਹੀ ਉਹ ਜੀਵਨ ਤੇ ਸਾਹਿਤ ਬਾਰੇ ਆਪਣੀਆਂ ਮੌਲਿਕ ਧਾਰਨਾਵਾਂ ਬਣਾ ਸਕਿਆ ਹੈ। ਅਕਲ ਦੇ ਨਾਲ ਸੰਸਾਰ ਸਾਹਿਤ ਨੂੰ ਪੜ੍ਹ ਕੇ ਆਪਣੇ ਸਮਕਾਲੀ ਵਰਤਾਰੇ ਦੀ ਅਸਲ ਸ਼ਕਲ ਨੂੰ ਕਹਾਣੀਆਂ ਵਿਚ ਕਲਾਤਮਕਤਾ ਨਾਲ ਉਤਾਰ ਸਕਿਆ ਹੈ।

'ਬੇਸਮਝੀਆਂ' ਨਾਂ ਦੇ ਵਿਅੰਗਾਤਮਕ ਸਿਰਲੇਖ ਦੇ ਢੱਕਣ ਹੇਠ ਢਕੇ ਇਸ ਪੁਸਤਕ ਦੇ ਗੂੜ੍ਹ ਵਿਚਾਰ ਲਾਲ ਸਿੰਘ ਦੇ ਸਮਕਾਲੀ ਤੇ ਭਵਿੱਖ ਵਿਚ ਉਭਰਨ ਵਾਲੇ ਨਵੇਂ ਪੰਜਾਬੀ ਲੇਖਕਾਂ/ ਚਿੰਤਕਾਂ ਦੀ ਸੋਚ ਲਈ ਰਾਹ-ਦਿਸੇਰਾ ਬਣ ਸਕਦੇ ਹਨ। ਪੁਸਤਕ ਦਾ ਇਹ ਸਿਰਲੇਖ, 'ਬੇਸਮਝੀਆਂ', ਜਿੱਥੇ ਲਾਲ ਸਿੰਘ ਦੀ ਨਿਰਮਾਣਤਾ ਨੂੰ ਦਰਸਾਉਂਦਾ ਹੈ, ਉੱਥੇ ਉਸਦੀ ਵਿਚਾਰਧਾਰਾ ਦੀ ਤਹਿ ਹੇਠਲੇ ਵਿਚਾਰਕ ਬਿੰਦੂਆਂ ਨੂੰ ਬਾਹਰਮੁਖੀ ਰੰਗ ਨਾਲ ਵੀ ਰੰਗਦਾ ਹੈ। ਸਰਲਤਾ, ਤਰਲਤਾ ਤੇ ਸੰਖੇਪਤਾ ਇਸ ਪੁਸਤਕ ਦੇ ਮੀਰੀ ਗੁਣ ਹਨ। ਕਿਉਂ ਜੁ, ਲਾਲ ਸਿੰਘ ਨੇ ਆਪਣੇ ਜੀਵਨਕ ਅਤੇ ਸਾਹਿਤਕ ਪਹਿਲੂਆਂ ਨੂੰ ਸਮਕਾਲੀਨ ਬਾਹਰੀ ਵਰਤਾਰਿਆਂ ਦੀ ਗਤੀਸ਼ੀਲਤਾ ਨਾਲ ਮੇਲ ਕੇ ਸਰਲ ਅਤਿ-ਸੰਜਮੀ ਸ਼ੈਲੀ ਰਾਹੀਂ ਪੇਸ਼ ਕੀਤਾ ਹੈ।

ਅੰਤਲੀ ਗੱਲ – ਪੁਸਤਕ ਦਾ ਰਚੈਤਾ 'ਉਮਰ ਪੌੜੀ ਦਾ ਅੱਠਵਾਂ ਪੌਡਾ' ਪਾਰ ਕਰਕੇ, 'ਕੀ ਖੱਟਿਆ, ਕੀ ਗੁਆਇਆ' ਵਿਚ ਨਹੀਂ ਪਿਆ; ਉਹ ਤਾਂ,'ਘਰ ਬਨਾਮ ਕਮਰਾ' ਨੂੰ ਮਾਨਤਾ ਦੇਣ ਵਾਲੇ ਅਜਿਹੇ ਸਾਹਿਤਕ ਸ਼ਖ਼ਸ ਦੇ ਰੂਪ ਵਿਚ ਉਭਰਿਆ ਹੈ ਜੋ ਸਮਕਾਲ ਦੇ ਲੁਭਾਉਣੇ ਪੂੰਜੀਕ੍ਰਿਤ ਵਰਤਾਰਿਆਂ ਦੇ 'ਮਾਇਆ ਜਾਲ' ਦੀ 'ਤਿਲਕਵੀਂ ਲਿਸ਼ਕੋਰ' ਤੋਂ ਬਚਣ ਬਚਾਉਣ ਦਾ ਸੁਨੇਹਾ ਦੇਣ ਲਈ ਇਹਨਾਂ ਨੂੰ ਆਪਣੀ 'ਕਲਮਕਾਰੀ ਦੀ ਪਿੱਠ-ਭੂਮੀ' ਵਜੋਂ ਚੁਣ ਕੇ ਸਿਰਜਣਾਤਮਕ ਪ੍ਰਚੱਲਤ ਪੈਂਡਿਆਂ ਨਾਲੋਂ 'ਬਦਲਵਾਂ ਪੈਂਡਾ' ਸਿਰਜਦਾ ਹੈ। **–ਚੰਦਰ ਮੋਹਨ**

## ਆਪਣੇ ਆਪਣੇ ਮਰਸੀਏ (ਕਹਾਣੀ ਸੰਗ੍ਰਹਿ) ਸਰਘੀ

ਡਾ. ਸਰਘੀ ਪੰਜਾਬੀ ਕਹਾਣੀ ਦੇ ਖੇਤਰ ਵਿਚ ਚਰਚਿਤ ਨਾਂ ਹੈ। ਆਲੋਚਨਾ ਦੀਆਂ ਦੋ ਪੁਸਤਕਾਂ ਰਚਣ ਦੇ ਨਾਲ-ਨਾਲ ਉਹ ਤਿੰਨ ਪੁਸਤਕਾਂ ਸੰਪਾਦਿਤ ਵੀ ਕਰ ਚੁੱਕੀ ਹੈ। ਹੱਥਲੀ ਪੁਸਤਕ 'ਆਪਣੇ ਆਪਣੇ ਮਰਸੀਏ' (ਚੇਤਨਾ ਪ੍ਰਕਾਸ਼ਨ ਲੁਧਿਆਣਾ, ਪੰਨੇ 120, ਮੁੱਲ 200 ਰੁਪਏ) ਉਸ ਦਾ ਮੌਲਿਕ ਅਤੇ ਪਲੇਠਾ ਸੰਗ੍ਰਹਿ ਹੈ, ਜਿਸ ਵਿਚ 9 ਕਹਾਣੀਆਂ ਸ਼ਾਮਲ ਹਨ। ਪੰਜਾਬੀ ਵਿਸ਼ੇ ਦੇ ਅਧਿਆਪਨ ਨਾਲ ਜੁੜੀ ਡਾ. ਸਰਘੀ ਨੂੰ ਗਲਪ ਸਾਹਿਤ ਵਿਰਸੇ ਵਿਚੋਂ ਮਿਲਿਆ ਹੋਣ ਕਰ ਕੇ ਉਹ ਕਹਾਣੀ ਰਚਨਾ ਦੇ ਖੇਤਰ ਵਿਚ ਪੀਡੀ ਪਕੜ ਨਾਲ ਪ੍ਰਵੇਸ਼ ਕਰਦੀ ਹੈ। ਇਸ ਕਹਾਣੀ ਸੰਗ੍ਰਹਿ ਦੀਆਂ ਕਹਾਣੀਆਂ ਉਸ ਦੀ ਅਕਾਦਮਿਕ, ਸਾਹਿਤਕ ਤੇ ਆਲੋਚਨਾਤਮਕ ਸੂਝ ਦਾ ਪਰਤੌ ਹਨ।

ਕਹਾਣੀ ਸੰਗ੍ਰਹਿ ਦੀ ਪਹਿਲੀ ਕਹਾਣੀ 'ਹੋਲੀਡੇ ਵਾਈਫ਼' ਆਪਣੇ ਸਿਰਲੇਖ ਕਾਰਨ ਪਾਠਕਾਂ ਦਾ ਧਿਆਨ ਖਿੱਚਦੀ ਹੈ। ਮੇਮ ਨਾਲ ਘਰ ਵਸਾ ਕੇ ਵਿਦੇਸ਼ ਰਹਿੰਦਾ, ਕਹਾਣੀ ਦੀ ਮੁਖ ਪਾਤਰ 'ਚੰਨ ਵਰਗੀ ਖੂਬਸੂਰਤ' ਔਰਤ ਦਾ ਪਤੀ, ਕੁਝ ਸਮੇਂ ਦੀ ਸਾਲਾਨਾ ਫੇਰੀ ਦੌਰਾਨ ਹੀ ਉਸ ਕੋਲ਼ ਠਹਿਰਦਾ ਹੈ। ਭਾਵੇਂ ਇਸ ਦੇਸੀ ਪਤਨੀ ਵਿਚੋਂ ਉਸਨੂੰ ਗੋਰੀਆਂ ਵਰਗਾ ਡੰਗ ਨਹੀਂ ਲੱਭਦਾ, ਤਦ ਵੀ 'ਹਾਲੀਡੇ ਵਾਈਫ' ਵਜੋਂ ਉਹ ਉਸਨੂੰ ਖੂਬ ਮਾਣਦਾ ਹੈ। ਲੰਮੇਂ ਸਮੇਂ ਤਕ ਸਬਰ ਨਾਲ ਰਹਿੰਦੀ ਰਹੀ ਕਹਾਣੀ ਦੀ ਇਹ ਉਤਮਪੁਰਖੀ ਪਾਤਰ ਇਕ ਪੜਾਅ 'ਤੇ ਇਸ ਸਥਿਤੀ 'ਚੋਂ ਬਾਹਰ ਨਿਕਲ ਆਉਂਦੀ ਹੈ ਅਤੇ ਜੇਠ ਨਾਲ ਸੰਬੰਧ ਜੋੜ ਲੈਂਦੀ ਹੈ। ਹੁਣ ਪਤੀ ਦੀ ਅਜਿਹੀ ਫੇਰੀ ਦੌਰਾਨ ਮਿਲਾਪ ਸਮੇਂ 'ਨ੍ਹੇਰੀਆਂ ਲਿਆਉਣ ਵਾਲੀ' ਪਤਨੀ ਉਸ ਲਈ 'ਵੰਡਰਫੁਲ ਵਾਈਫ਼' ਹੈ। ਪਰ ਪਤੀ ਨੂੰ ਇਹ ਨਹੀਂ ਪਤਾ ਕਿ ਹਕੀਕਤ ਵਿਚ ਉਹ ਪਤਨੀ ਲਈ 'ਹੌਲੀਡੇ ਹਸਬੈਂਡ' ਹੋ ਚੁੱਕਾ ਹੈ। ਔਰਤ ਜ਼ਿੰਦਗੀ ਵਿਚ ਬਰਾਬਰੀ ਦਾ ਅਹਿਸਾਸ ਕਿਵੇਂ ਭਾਲਦੀ ਹੈ, ਇਹ ਕਹਾਣੀ ਦਰਸਾ ਜਾਂਦੀ ਹੈ।

ਦੂਜੀ ਕਹਾਣੀ 'ਰਾਡ' ਦਾ ਕਥਾਨਕ ਸਾਡੇ ਰੋਗੀ ਸਮਾਜ ਦੀ ਮਾਨਸਿਕਤਾ ਪੇਸ਼ ਕਰਦਾ ਪਿਆਰ ਸੰਬੰਧਾਂ ਅਤੇ ਕਤਲ ਦੀਆਂ ਵਾਰਦਾਤਾਂ ਦੀਆਂ ਖ਼ਬਰਾਂ ਦੁਆਲੇ ਉਸਰਿਆ ਹੈ। ਜੁਆਨ ਹੋ ਰਹੀ ਧੀ ਦੀ ਮਾਂ ਦੇ ਮਨ 'ਤੇ ਖਬਰਾਂ ਅਜਿਹਾ ਅਸਰ ਪਾਉਂਦੀਆਂ ਹਨ ਕਿ ਉਹ ਡਰ ਕਾਰਨ ਹੀ ਸਾਲਾਂ ਤੋਂ ਕੰਮ ਕਰ ਰਹੇ ਬਜ਼ੁਰਗ ਘਰੋਗੀ ਨੌਕਰ ਨੂੰ ਕੱਢ ਦਿੰਦੀ ਹੈ। ਨੌਕਰੀਉਂ ਕੱਢੇ ਜਾਣ ਉਪਰੰਤ ਜਦੋਂ ਨੌਕਰ ਮਰ ਜਾਂਦਾ ਹੈ ਤਾਂ ਇਕ ਤਰ੍ਹਾਂ ਪਰਿਵਾਰ ਦੇ ਜੀਅ ਵਾਂਗ ਉਹ ਉਸ ਦੀਆਂ ਅੰਤਿਮ ਰਸਮਾਂ ਵੀ ਨਿਭਾਉਂਦੀ ਹੈ। ਇਸ ਤੋਂ ਬਾਅਦ ਸਮੂਹਕ ਬਲਾਤਕਾਰ ਉਪਰੰਤ ਇਕ ਕੁੜੀ ਨੂੰ ਰਾਡ ਨਾਲ ਵਿੰਨ੍ਹ ਕੇ ਮਾਰਨ ਦੀ ਹਿਰਦੇਵੇਧਕ ਖਬਰ ਦਾ ਅਸਰ ਉਸ ਦੇ ਮਨ 'ਤੇ ਏਨਾ ਹੁੰਦਾ ਹੈ ਕਿ ਉਸ ਨੂੰ ਆਪਣੇ ਪਤੀ ਦਾ ਸਾਥ ਵੀ ਬੇਮਤਲਬ ਤੇ ਰਾਡ ਵਾਂਗ ਵਿੰਨ੍ਹਣ ਵਰਗਾ ਲੱਗਦਾ ਹੈ, ਅਤੇ ਉਹ ਬ੍ਰਹਮਚਾਰੀ ਸ਼ਿਵਰ ਵਿਚ ਚਲੀ ਜਾਂਦੀ ਹੈ। ਐਪਰ ਉੱਥੇ ਚਿੱਟ-ਕੱਪੜੀਆਂ ਦੀ ਹਕੀਕਤ ਪਤਾ ਲੱਗਣ 'ਤੇ ਉਹ ਮੰਥਨ ਕਰਦੀ ਹੈ ਕਿ ਅਸੀਂ ਰੇਪ ਬੰਦ ਹੋਣ ਬਾਰੇ ਪ੍ਰਚਾਰ ਕਰਦੇ ਹਾਂ ਪਰ ਇਹਨਾਂ ਦੇ ਵਾਪਰਨ ਦੇ ਕਾਰਨ 'ਜ਼ਿੰਦਗੀ ਵਿਚੋਂ ਪਿਆਰ ਮਨਫੀ ਹੋਣ' ਨੂੰ ਨਹੀਂ ਜਾਣਦੇ। ਕਹਾਣੀ ਦੀ ਮੁੱਖ ਪਾਤਰ ਅੰਤ 'ਤੇ ਆਪਣੇ ਡਰ ਤੋਂ ਮੁਕਤ ਹੁੰਦੀ ਹੋਈ ਪਿਆਰ ਦੇ ਅਹਿਸਾਸ ਨਾਲ ਸੋਚ 'ਚ ਆਏ ਸੁਖਦ ਪਰਿਵਰਤਨ ਦਾ ਸੁਨੇਹਾ ਦਿੰਦੀ ਹੈ।

'ਰਬਾਬੀ' ਨਾਂ ਦੀ ਕਹਾਣੀ ਵਿਚ ਅਕਾਦਮਿਕ ਬੌਧਿਕਤਾ ਨੂੰ ਦਰਪੇਸ਼ ਸੰਕਟ ਦਾ ਚਿਤਰਨ ਹੈ ਕਿ ਅੱਜ ਦੇ ਦੌਰ ਵਿਚ ਸਾਡਾ ਅਕਾਦਮਿਕ ਮਾਹੌਲ, ਰਾਜਨੀਤੀ ਤੇ ਸੁਆਰਥਾਂ ਕਾਰਨ, ਕਿਵੇਂ ਗੰਧਲਾ ਹੋ ਰਿਹਾ ਹੈ। ਸੰਗੀਤ ਦੀ ਲਗਨ ਵਾਲਾ ਨੌਜੁਆਨ ਕਾਲਿਜ ਅਧਿਆਪਕ ਇਸ ਕਹਾਣੀ ਵਿਚ ਅੱਜ ਦੇ ਯੁਗ ਦੇ ਮਰਦਾਨੇ ਵਜੋਂ ਉਭਰਦਾ ਹੈ। ਬਾਬੇ ਨਾਨਕ ਦੀਆਂ ਸਿੱਖਿਆਵਾਂ ਤੋਂ ਕੋਰੇ ਲੋਕ ਬਾਬੇ ਨਾਨਕ ਦੇ ਨਾਂ 'ਤੇ ਸਿੱਖਿਆ ਦਾ ਵਪਾਰ ਕਰ ਰਹੇ ਹਨ। ਬਾਬੇ ਦੇ ਅਸਲੀ ਪੈਰੋਕਾਰ ਮਰਦਾਨੇ ਰਬਾਬੀ ਵਰਗਿਆਂ ਨੂੰ ਮਾਣ ਤਾਣ ਮਿਲਣਾ ਤਾਂ ਇਕ ਪਾਸੇ ਰਿਹਾ ਸਗੋਂ ਉਹਨਾਂ ਨਾਲ ਅਜਿਹੀਆਂ

ਸੰਸਥਾਵਾਂ ਵਿਚ ਬੌਧਿਕ ਅਪਰਾਧ ਹੁੰਦਾ ਹੈ। ਅਜਿਹੇ ਮਨੁੱਖ ਲਈ ਆਪਣਾ ਸਿਧਾਂਤਕ ਆਪਾ ਸੁਰੱਖਿਅਤ ਰੱਖਣਾ ਹੀ ਬਹੁਤ ਔਖਾ ਹੈ।

ਪੁਸਤਕ ਦੇ ਸਿਰਲੇਖ ਵਾਲੀ ਕਹਾਣੀ 'ਆਪਣੇ ਆਪਣੇ ਮਰਸੀਏ' ਵਿਚ ਨਿੰਦੀ, ਨਾਇਕਾ ਦੀ ਬਚਪਨ ਦੀ ਸਹੇਲੀ ਹੈ। ਦੋਵੇਂ ਇਕੋ ਪਿੰਡ ਦੇ ਦੋਸਤਾਂ ਨਾਲ ਵਿਆਹੀਆਂ ਜਾਂਦੀਆਂ ਹਨ ਅਤੇ ਦੋਵਾਂ ਦੋਸਤਾਂ ਦੇ ਇਕ ਹਾਦਸੇ ਵਿਚ ਮਰਨ ਨਾਲ ਉਹ ਇਕੱਠੀਆਂ ਹੀ ਵਿਧਵਾ ਹੋ ਜਾਂਦੀਆਂ ਹਨ। ਨਾਇਕਾ ਪੁੱਤਰ ਪ੍ਰਾਪਤੀ ਲਈ ਪਿੰਡ ਦੇ ਮਰਦ ਜੋਗੇ ਨੂੰ ਮਨ ਤੇ ਤਨ ਸੌਂਪਦੀ ਹੈ। ਪਤੀ ਦੀ ਮੌਤ ਉਪਰੰਤ ਪੁੱਤਰ ਨੂੰ ਹੋਸਟਲ ਭੇਜ ਕੇ ਬਿਜ਼ਨਸ ਪਾਰਟਨਰ ਬਲਜੀਤ ਦਾ ਸਾਥ ਭਾਲਦੀ ਹੈ। ਦੂਜੇ ਪਾਸੇ ਨਿੰਦੀ ਪਤੀ ਦੀ ਮੌਤ ਉਪਰੰਤ ਜਦੋਂ ਗੁਰਦੇਵ ਨਾਲ ਨਾਤਾ ਜੋੜਦੀ ਹੈ ਤੇ ਤਣਾਉ ਕਾਰਨ ਉਸਦਾ ਬੇਟਾ ਬਰੇਨ ਹੈਮਰੇਜ ਦਾ ਸ਼ਿਕਾਰ ਹੁੰਦਾ ਹੈ ਤਾਂ ਉਹ ਇੰਗਲੈਂਡ ਜਾ ਕੇ ਗੁਰਦੇਵ ਨਾਲ ਆਪਣੀ ਜ਼ਿੰਦਗੀ ਜਿਉਂਦੀ ਹੈ। ਇਹ ਔਰਤਾਂ ਜ਼ਿੰਦਗੀ ਵਿਚ ਹੋਣੀ ਅੱਗੇ ਗੋਡੇ ਨਹੀਂ ਟੇਕਦੀਆ ਸਗੋਂ ਆਪਣੇ ਢੰਗ ਨਾਲ ਸਮਾਜ ਨੂੰ ਨਜਿੱਠਦੀਆਂ ਹਨ। ਮਰਸੀਆ ਮੌਤ ਉਪਰੰਤ ਪੜ੍ਹਿਆ ਜਾਂਦਾ ਹੈ ਪਰ ਇਹ ਕਹਾਣੀ ਇਹਨਾਂ ਔਰਤਾਂ ਦੀ ਜ਼ਿੰਦਗੀ ਦਾ ਮਰਸੀਆ ਹੈ।

ਕਹਾਣੀ 'ਹੌਂਟਡ ਹਾਊਸ' ਬਿਗਾਨੀ ਧਰਤੀ 'ਤੇ ਬਹੁਤ ਵੱਡੇ ਘਰ ਦੇ ਮਾਲਕ ਬਣੇ ਰੌਣਕ ਦੇ ਜੀਵਨ ਦੀ ਕਥਾ ਹੈ, ਜੋ ਵਿਦੇਸ਼ ਸੈੱਟ ਹੋਣ ਲਈ ਅੱਧੀ ਅਧੂਰੀ ਭਾਵ, ਇਕ ਬਾਂਹ ਤੋਂ ਹੀਣੀ, ਸ਼ਰਨ ਨਾਲ ਵਿਆਹ ਕਰਾਉਂਦਾ ਹੈ ਅਤੇ ਦੋ ਬੇਟੀਆਂ ਦਾ ਬਾਪ ਬਣਦਾ ਹੈ। ਪਰ ਉਹ ਆਪਣੀ ਪਤਨੀ ਤੋਂ ਸੰਤੁਸ਼ਟ ਨਹੀਂ ਅਤੇ ਉਸ ਨਾਲ ਨਫ਼ਰਤ ਭਰਿਆ ਵਰਤਾਓ ਕਰਦਾ ਹੈ। ਰੌਣਕ ਦੇ ਵਿਹਾਰ ਤੋਂ ਪਰੇਸ਼ਾਨ ਸ਼ਰਨ ਉਸ ਤੋਂ ਵੱਖ ਹੋ ਕੇ ਰਹਿਣ ਲੱਗਦੀ ਹੈ ਪਰ ਬਹੁਤਾ ਚਿਰ ਨਹੀਂ ਜਿਉਂਦੀ। ਸ਼ਰਨ ਦੀ ਮੌਤ ਤੋਂ ਮਗਰੋਂ ਰੌਣਕ ਮੁੜ ਇੰਡੀਆ ਤੋਂ ਸੁਖਜੀਤ ਨਾਂ ਦੀ ਹੋਰ ਔਰਤ ਵਿਆਹ ਲਿਆਉਂਦਾ ਹੈ। ਪਰਿਵਾਰ ਵਜੋਂ ਫਿਰ ਇਕੱਠੇ ਰਹਿਣ ਦੀ ਇੱਛਾ ਨਾਲ ਜਦੋਂ ਰੌਣਕ ਬੇਟੀਆਂ ਨੂੰ ਆਪਣੇ ਨਵੇਂ ਆਲੀਸ਼ਾਨ ਘਰ ਵਿਚ ਲਿਆਉਂਦਾ ਹੈ ਤਾਂ ਵੱਡੀ ਬੇਟੀ ਇੰਦਰ ਮਾਂ ਦੀ ਫੋਟੋ ਘਰ ਵਿਚ ਨਾ ਹੋਣ 'ਤੇ ਇਤਰਾਜ਼ ਕਰਦੀ ਹੈ। ਵੱਡਾ ਸੋਹਣਾ ਘਰ ਭਾਵੇਂ ਇੰਦਰ ਦਾ ਸੁਪਨਾ ਸੀ ਪਰ ਮਾਂ ਬਿਨਾਂ ਇਹ ਘਰ ਉਸਨੂੰ ਪਰੇਤਾਂ ਦਾ ਡੇਰਾ ਯਾਨੀ ਹੌਂਟਡ ਹਾਊਸ' ਲਗਦਾ ਹੈ।

'ਸਭ ਦੇਸ ਪਰਾਇਆ' ਕਹਾਣੀ ਦਾ ਨਾਇਕ ਬਖਤਾਵਰ ਸਿੰਘ ਬਾਜਵਾ ਵਿਦੇਸ਼ ਰਹਿੰਦੇ ਨੂੰਹ ਪੁੱਤ ਦੇ ਵਰਤਾਓ ਤੋਂ ਉਦਾਸ ਹੈ ਕਿਉਂਕਿ ਉਹ ਜ਼ਿੰਦਗੀ ਆਪਣੇ ਢੰਗ ਨਾਲ ਜੀਅ ਰਹੇ ਹਨ। ਸਹੁਰਿਆਂ ਵੱਲੋਂ ਮਿਲੀ ਆਰਥਿਕ ਮਦਦ ਨਾਲ ਬਣਿਆ ਪੁੱਤਰ ਦਾ ਘਰ ਬਖਤਾਵਰ ਸਿੰਘ ਦੀ ਨੂੰਹ ਦੇ ਨਾਂ ਹੈ ਜੋ ਉਸਨੂੰ ਹੋਰ ਵੀ ਪਰੇਸ਼ਾਨ ਕਰਦਾ ਹੈ। ਨੂੰਹ ਪੁੱਤ ਆਪਸ ਵਿਚ ਖੁਸ਼ ਹਨ ਪਰ ਰਿਸ਼ਤਿਆਂ ਦੇ ਮਾਮਲੇ ਵਿਚ ਪੁਰਾਣੀ ਰਵਾਇਤੀ ਮਾਨਸਿਕਤਾ ਨਾਲ ਜੁੜੇ ਬਖਤਾਵਰ ਸਿੰਘ ਲਈ 'ਸਭ ਦੇਸ ਪਰਾਇਆ' ਹੋ ਚੁੱਕਿਆ ਜਾਪਦਾ ਹੈ। ਉਸ ਮੁਤਾਬਕ ਬੇਗਾਨੇ ਦੇਸ਼ ਵਿਚ ਤਾਂ ਜੜ੍ਹਾਂ ਮਜ਼ਬੂਤ ਹਨ ਪਰ ਆਪਣੇ ਦੇਸ਼ ਵਿਚ ਇਹ ਖੋਖਲੀਆਂ ਹੋ ਰਹੀਆਂ ਜਾਪਦੀਆਂ ਹਨ।

'ਬਰਸੇ ਮੇਘ' ਕਹਾਣੀ ਵਿਚ ਪ੍ਰੋਫੈਸਰ ਸ਼ਿਵਦੇਵ ਸੰਧੂ ਅਤੇ ਉਸ ਦੀ ਖੋਜਾਰਥਣ ਰੂਹਮੀਤ ਰਾਹੀਂ ਉਚੇਰੀ ਸਿੱਖਿਆ ਦੇ ਖੇਤਰ ਵਿਚ ਖੋਜ ਦੌਰਾਨ ਬਣਦੇ ਰਿਸ਼ਤਿਆਂ ਦੇ ਸੱਚ ਨੂੰ ਦਰਸਾਇਆ ਗਿਆ ਹੈ। ਅਜਿਹੇ ਰਿਸ਼ਤੇ ਤੇ ਸਾਂਝਾਂ ਕਿਵੇਂ ਬਣਦੀਆਂ ਹਨ, ਪੂਰੇ ਪਰਿਪੇਖ ਨੂੰ ਸਾਡੇ ਸਾਹਮਣੇ ਇਹ ਕਹਾਣੀ ਨੰਗਾ ਕਰ ਜਾਂਦੀ ਹੈ। ਜਿਸਮਾਂ ਦੀ ਸੜਕ 'ਤੇ ਲਗਾਤਾਰ ਤੁਰਦੇ ਅੰਗਰੇਜ਼ੀ ਸ਼ਾਇਰ ਬਾਇਰਨ ਦੇ ਹਵਾਲੇ ਨਾਲ ਖੋਜਾਰਥਣ ਦਾ ਗਾਈਡ ਪ੍ਰੋਫੈਸਰ ਆਪਣੇ ਸੰਬੰਧਾਂ ਦਾ ਉਲੇਖ ਕਰ ਜਾਂਦਾ ਹੈ ਜਿਸ ਲਈ ਕੋਈ ਵੀ ਔਰਤ ਆਖਰੀ ਨਹੀਂ। ਉਚੇਰੀ ਸਿੱਖਿਆ ਦੇ ਗੰਧਲ਼ੇ ਮਾਹੌਲ ਵਿਚ ਗਾਈਡ ਦੀ ਚੋਣ, ਖੋਜ ਦੀ ਪ੍ਰਕਿਰਿਆ ਤੇ ਨੌਕਰੀ ਦੀ ਜੁਗਾੜਬੰਦੀ, ਸਭ ਕੁਝ ਤੈਅਸ਼ੁਦਾ ਹੈ। ਅੱਧਖੜ ਪ੍ਰੋਫੈਸਰਾਂ ਦੇ ਆਪਣੇ ਤੋਂ ਅੱਧੀ ਉਮਰ ਦੀਆਂ ਕੁੜੀਆਂ ਨਾਲ ਬਣਦੇ ਰਿਸ਼ਤਿਆਂ ਦਾ ਕੱਚ

ਸੱਚ ਸਹਿਜ ਨਾਲ ਇਸ ਕਹਾਣੀ ਵਿਚ ਪੇਸ਼ ਹੋਇਆ ਹੈ। ਆਖਰ ਅਜਿਹੇ ਰਿਸ਼ਤੇ ਦੀ ਹਕੀਕਤ ਧਰਤੀ ਦੀ ਮੇਘ ਲਈ ਤੜਫ ਅਤੇ ਬੱਦਲ਼ ਦੇ ਬਰਸਣ ਦੀ ਥਾਂ ਪਾਟ ਜਾਣ ਤੋਂ ਬਿਨਾਂ ਹੋਰ ਕੀ ਹੋ ਸਕਦੀ ਹੈ। 'ਕੁੜੀਆਂ' ਕਹਾਣੀ ਔਰਤ ਦੇ ਹੀ ਔਰਤ ਦੀ ਦੁਸ਼ਮਣ ਹੋਣ, ਪੁੱਤਰ ਜਾਂ ਵਾਰਿਸ ਦੀ ਲੋਚਾ, ਕੁੜੀਆਂ ਜੰਮਣ ਲਈ ਔਰਤ ਨੂੰ ਜ਼ਿੰਮੇਵਾਰ ਠਹਿਰਾਉਣ ਅਤੇ ਇਸ ਲਈ ਉਸ ਉਪਰ ਮਾਨਸਿਕ ਤਸ਼ੱਦਦ ਕਰਨ, ਕੁੱਖ 'ਚ ਧੀਆਂ ਮਾਰਨ ਦੇ ਗੁਨਾਹ, ਡਾਕਟਰ ਦੁਆਰਾ ਬੱਚੇ ਦੇ ਲਿੰਗ ਨਿਰਧਾਰਨ ਦੀ ਪ੍ਰਕਿਰਿਆ ਦੀ ਜਾਣਕਾਰੀ- ਕਿੰਨਾ ਕੁਝ ਪੇਸ਼ ਕਰਦੀ ਜਾਂਦੀ ਹੈ। ਇਹ ਕਹਾਣੀ ਅੱਜੋਕੇ ਯੁਗ ਵਿਚ ਵੀ ਨੰਨ੍ਹੀ ਛਾਂ ਦੇ ਪਿਛੋਕੜ 'ਚ ਵਾਪਰਦੇ ਵਰਤਾਰਿਆਂ ਦੇ ਸੱਚ ਨੂੰ ਉਭਾਰਦੀ ਹੈ। ਕਹਾਣੀ ਸੰਗ੍ਰਹਿ ਦੀ ਅੰਤਿਮ ਕਹਾਣੀ 'ਜਿਸ ਦਿਹਾੜੇ ਮੇਰਾ ਹਰਿਆਂ ਨੀ...' ਵਿਚ ਜਵਾਨ ਫ਼ੌਜੀ ਪੁੱਤਰ ਦੀ ਮੌਤ 'ਤੇ ਮਾਂ ਦੇ ਵਿਰਲਾਪ ਅਤੇ ਮਰਨ ਵਾਲੇ ਦੀ ਮਾਨਸਿਕ ਸਥਿਤੀ ਨੂੰ ਰੁਦਨਮਈ ਬਿਰਤਾਂਤ ਰਾਹੀਂ ਪੇਸ਼ ਕੀਤਾ ਗਿਆ ਹੈ। ਸੱਥਰ ਤਾਂ ਸਮੇਂ ਨਾਲ ਉਠ ਜਾਂਦਾ ਪਰ ਮਨਾਂ 'ਚ ਵਿਛੇ ਸੱਥਰ ਕਦੇ ਨਹੀਂ ਚੁੱਕੇ ਜਾਂਦੇ।

ਸਰਘੀ ਦਾ ਇਹ ਪਲੇਠਾ ਕਹਾਣੀ ਸੰਗ੍ਰਹਿ ਉਸ ਦੀ ਕਹਾਣੀ ਕਲਾ ਦੇ ਪੱਕੇ ਪੈਰੀਂ ਸ਼ੁਰੂ ਹੋਣ ਦਾ ਸਬੂਤ ਹੈ। ਲੋਕ ਬੋਲੀਆਂ ਅਤੇ ਮੁਹਾਵਰਿਆਂ, ਕਵਿਤਾ ਅਤੇ ਗੁਰਬਾਣੀ ਦੀਆਂ ਟੂਕਾਂ ਨਾਲ ਉਸਨੇ ਕਹਾਣੀਆਂ ਦੇ ਕਥਾਨਕ ਨੂੰ ਸੋਹਣੀ ਤਰ੍ਹਾਂ ਗੁੰਦਿਆ ਹੈ। ਅੰਤਰ ਮਨ ਦੀਆਂ ਤਾਂਘਾਂ ਨੂੰ ਫਰੋਲ ਕੇ ਪਾਠਕਾਂ ਸਾਹਮਣੇ ਪੇਸ਼ ਕਰਨ ਦੀ ਉਸਦੀ ਕਲਾਤਮਕ ਸੂਝ ਨੂੰ ਬਾਖੂਬੀ ਇਹ ਕਹਾਣੀ ਸੰਗ੍ਰਹਿ ਪੇਸ਼ ਕਰਦਾ ਹੈ। ਹਰ ਕਹਾਣੀ ਇਕ ਰਿਸ਼ਤੇ ਦਾ ਮਰਸੀਆ ਪੇਸ਼ ਕਰਦੀ ਹੈ, ਚਾਹੇ ਉਹ ਰਿਸ਼ਤਾ ਪਤੀ-ਪਤਨੀ, ਪਿਓ-ਪੁੱਤ, ਪਿਓ-ਧੀ, ਮਾਂ-ਪੁੱਤ ਜਾ ਹੋਰ ਮਨ ਦੇ ਰਿਸ਼ਤੇ ਦਾ ਹੈ। ਜਿਉਣ ਦਾ ਵੱਲ ਸਿੱਖ ਰਹੀ ਨਵੀਂ ਔਰਤ ਦੀ ਵੀ ਸਰਘੀ ਦੀਆਂ ਕਹਾਣੀਆਂ ਵਿਚੋਂ ਸੂਹ ਮਿਲਦੀ ਹੈ, ਜੋ ਨਿਰਸੰਦੇਹ ਉਸਦੀ ਪ੍ਰਾਪਤੀ ਹੈ।ਮਨ ਦੇ ਭੇਤ ਗੂਗਲ 'ਤੇ ਨਹੀਂ ਮਿਲਦੇ, ਉਨ੍ਹਾਂ ਦੇ ਜਾਨਣ ਲਈ ਅਜਿਹੇ ਕਹਾਣੀ ਸੰਗ੍ਰਹਿ ਨੂੰ ਪੜ੍ਹਨਾ ਜ਼ਰੂਰੀ ਹੈ। **-ਪੁਸ਼ਵਿੰਦਰ ਕੌਰ**

## ਬੋਸਕੀ ਦਾ ਪਜਾਮਾ (ਕਹਾਣੀ ਸੰਗ੍ਰਹਿ) ਕਰਮ ਸਿੰਘ ਮਾਨ

ਸਮਕਾਲੀ ਪੰਜਾਬੀ ਕਹਾਣੀ ਵਿਚ ਕਰਮ ਸਿੰਘ ਮਾਨ ਲਗਾਤਾਰ ਲਿਖਦੇ ਰਹਿਣ ਵਾਲਾ ਲੇਖਕ ਹੈ। ਉਸਦੀ ਕਹਾਣੀ ਆਪਣੀ ਸਤ੍ਹਾ 'ਤੇ ਤਰਦੀ ਤਰਦੀ ਵਿਚਾਰਧਾਰਾ ਪੇਸ਼ ਕਰਨ ਵਾਲੀ ਅਤੇ ਲਕੀਰੀ ਬਿਰਤਾਂਤ ਵਾਲੀ ਰਹੀ ਹੈ। ਕਥਾ ਦ੍ਰਿਸ਼ਟੀ ਪੱਖੋਂ ਕਰਮ ਸਿੰਘ ਮਾਨ ਦੀਆਂ ਕਹਾਣੀਆਂ ਮਾਨਵਵਾਦ ਦੇ ਵਿਸ਼ਾਲ ਘੇਰੇ ਵਾਲੀਆਂ ਹਨ। ਉਸ ਕੋਲ਼ ਪੰਜਾਬ ਦੀਆਂ ਜਗੀਰੂ ਰਵਾਇਤਾਂ ਸਮੇਤ ਪੱਛਮ ਦੇ ਪੂੰਜੀਵਾਦੀ ਦੇਸ਼ਾਂ ਵਿਚ ਵਿਚਰਦੇ ਪਰਵਾਸੀ ਬੰਦੇ ਦੀਆਂ ਵਿਸੰਗਤੀਆਂ ਦਾ ਅਨੁਭਵ ਹੈ, ਜਿਹੜਾ ਉਸਦੀਆਂ ਕਹਾਣੀਆਂ ਵਿਚ ਸੰਵੇਦਨਸ਼ੀਲ ਲਹਿਜੇ ਵਿਚ ਰੂਪਮਾਨ ਹੁੰਦਾ ਹੈ। ਕਰਮ ਸਿੰਘ ਮਾਨ ਦੀਆਂ ਇਹ ਕਹਾਣੀਆਂ ਵਿਸ਼ਿਆਂ ਦੀ ਵਿਭਿੰਨਤਾ ਵਾਲੀਆਂ ਵੀ ਹਨ।

'ਬੋਸਕੀ ਦਾ ਪਜਾਮਾ' (ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, ਪੰਨੇ 128, ਮੁੱਲ 250 ਰੁਪਏ) ਕਰਮ ਸਿੰਘ ਮਾਨ ਦਾ ਪੰਜਵਾਂ ਕਹਾਣੀ ਸੰਗ੍ਰਿਹ ਹੈ। ਇਸ ਤੋਂ ਪਹਿਲਾਂ ਉਸ ਵੱਲੋਂ ਰਚੇ ਚਾਰ ਕਥਾ ਸੰਗ੍ਰਿਹਾਂ ਵਿਚ 'ਹੇਠ ਵਗੇ ਦਰਿਆ' ਅਤੇ 'ਫਲਾਈਓਵਰ' ਕਹਾਣੀ ਸੰਗ੍ਰਿਹ ਚਰਚਿਤ ਰਹੇ ਹਨ। ਮਾਨ ਦੀਆਂ ਕਹਾਣੀਆਂ ਵਿਚ ਪੰਜਾਬ ਦੇ ਪੇਂਡੂ ਸਮਾਜਕ ਯਥਾਰਥ ਦੇ ਅਨੇਕਾਂ ਦ੍ਰਿਸ਼ ਹਨ। ਉਹ ਹਰੀ ਕ੍ਰਾਂਤੀ ਦੀ ਭ੍ਰਾਂਤੀ ਨੂੰ ਸਮਝਣ ਵਾਲਾ ਕਥਾਕਾਰ ਹੈ ਜਿਸਦੀਆਂ ਕਹਾਣੀਆਂ ਵਿਚ ਹਰੀ ਕ੍ਰਾਂਤੀ ਤੋਂ ਬਾਅਦ ਦੇ ਪੰਜਾਬੀ ਸਮਾਜ ਦੀ ਟੁੱਟ ਭੱਜ, ਨਸ਼ੇਖੋਰੀ, ਸਿਆਸੀ ਸਫਬੰਦੀ ਅਤੇ ਨਵੀਂ ਕਿਸਮ ਦੀ ਜੀਵਨ-ਜਾਚ ਨਾਲ ਪੈਦਾ ਹੁੰਦੀਆਂ ਬੇਤਰਤੀਬੀਆਂ ਪੇਸ਼ ਹੋਈਆਂ ਹਨ। ਪਰਵਾਸੀ ਜੀਵਨ ਯਥਾਰਥ ਨੂੰ ਪੇਸ਼ ਕਰਦਿਆਂ ਉਸਦੀ ਕਹਾਣੀ ਨੇ ਪੰਜਾਬੀ ਬੰਦੇ ਸਮੇਤ ਪਰਵਾਸੀ ਸਮਾਜ ਦੇ

ਮੂਲਵਾਸੀ ਪਾਤਰਾਂ ਦੀ ਸੰਵੇਦਨਾ ਨੂੰ ਵੀ ਬਰਾਬਰ ਸਪੇਸ ਦਿੱਤੀ ਹੈ। ਹੱਥਲੇ ਸੰਗ੍ਰਿਹ ਦੀਆਂ ਕਹਾਣੀਆਂ ਵਿਚ ਉਹ ਬਹੁਭਾਂਤੀ ਜੀਵਨ ਯਥਾਰਥ ਨੂੰ ਸੰਵੇਦਨਸ਼ੀਲ ਲਹਿਜੇ ਵਿਚ ਪੇਸ਼ ਕਰਦਾ ਕਹਾਣੀਕਾਰ ਸਿੱਧ ਹੋਇਆ ਹੈ। ਪੁਸਤਕ ਦੇ ਸਿਰਲੇਖ ਵਾਲੀ ਕਹਾਣੀ 'ਬੋਸਕੀ ਦਾ ਪਜਾਮਾ' ਪੰਜਾਬ ਅਰਧ ਜਗੀਰੂ ਕਿਸਾਨੀ ਸਮਾਜ ਦੇ ਜੀਵਨ-ਮੁੱਲਾਂ ਨੂੰ ਪੇਸ਼ ਕਰਦੀ ਰਚਨਾ ਹੈ। ਕਹਾਣੀ ਵਿਚ ਜਗੀਰੋ ਭਾਬੀ ਆਪਣੇ ਭਰਾ ਦੇ ਪਿਆਰ ਦੀ ਥੁੜ ਵਿਚ ਗਹਿਰਾ ਸੰਤਾਪ ਭੋਗਦੀ ਹੈ ਪਰ ਆਪਣੇ ਸਹੁਰੇ ਪਰਿਵਾਰ ਵਿਚ ਨਿੱਕੀਆਂ ਨਿੱਕੀਆਂ ਜੀਵਨ ਰਮਜ਼ਾਂ ਵਿਚੋਂ ਖੁਸ਼ੀ ਹਾਸਿਲ ਕਰਨ ਦਾ ਯਤਨ ਕਰਦੀ ਹੈ। ਕਹਾਣੀ ਵਿਚ ਬੋਸਕੀ ਦੇ ਕੱਪੜੇ ਦਾ ਪਜਾਮਾ ਕਹਾਣੀ ਦੇ ਬਿਰਤਾਂਤਕਾਰ ਪਾਤਰ ਅਤੇ ਭਾਬੀ ਜਗੀਰੋ ਦੇ ਆਪਸੀ ਮੋਹ ਦਾ ਪ੍ਰਤੀਕ ਬਣ ਕੇ ਪੇਸ਼ ਹੁੰਦਾ ਹੈ। ਜਗੀਰੋ ਵਰਗੀਆਂ ਔਰਤਾਂ ਪ੍ਰਤੀਕੂਲ ਸਮਾਜਕ ਹਾਲਾਤ ਵਿਚ ਵੀ ਜੀਉਣ ਥੀਣ ਦਾ ਸਬੱਬ ਲੱਭ ਲੈਂਦੀਆਂ ਹਨ। ਅਜਿਹੇ ਨਾਰੀ ਪਾਤਰ ਲੇਖਕ ਦੀਆਂ ਹੋਰ ਕਹਾਣੀਆਂ ਵਿਚ ਵੀ ਪੇਸ਼ ਹੋਏ ਹਨ, ਜਿਵੇਂ 'ਧੂੰਆਂ' ਕਹਾਣੀ ਵਿਚ ਦਲਜੀਤ ਨਾਂ ਦੀ ਪਾਤਰ ਜੋ ਅੱਤਵਾਦੀਆਂ ਵੱਲੋਂ ਮਾਰੇ ਗਏ ਏ ਐੱਸ ਆਈ ਪਤੀ ਦੀ ਮੌਤ ਤੋਂ ਬਾਅਦ ਵਿਦੇਸ਼ ਚਲੇ ਜਾਂਦੀ ਹੈ। ਉਹ ਆਪਣੇ ਬੱਚੇ ਟੋਨੀ ਨੂੰ ਪੰਜਾਬੀ ਸਮਾਜ ਵਿਚ ਧਰਮ, ਜਾਤੀ ਅਤੇ ਸਿਆਸੀ ਬੁਰਛਾਗਰਦੀ ਵਿਚੋਂ ਬਾਹਰ ਕੱਢਣਾ ਚਾਹੁੰਦੀ ਹੈ ਤਾਂ ਜੋ ਉਸਦਾ ਜੀਵਨ ਨਫਰਤੀ ਮਾਹੌਲ ਵਿਚ ਦੂਸ਼ਿਤ ਨਾ ਹੋਵੇ। ਇਸੇ ਤਰ੍ਹਾਂ 'ਨੂਰਾਂ ਅਜੇ ਮਰੀ ਨਹੀਂ' ਕਹਾਣੀ ਸੰਤਾਲੀ ਦੇ ਸੰਤਾਪ ਦੀ ਮਾਰਮਿਕ ਪੇਸ਼ਕਾਰੀ ਕਰਦੀ ਹੈ। ਇਸ ਕਹਾਣੀ ਵਿਚ ਲੇਖਕ ਉਤਮਪੁਰਖੀ ਬਿਰਤਾਂਤ ਸ਼ੈਲੀ ਦੁਆਰਾ ਵੱਖ ਵੱਖ ਧਾਰਮਿਕ ਸਾਂਝਾਂ ਵਾਲੇ ਪੰਜਾਬੀ ਪਿੰਡ ਦਾ ਤਸੱਵਰ ਕਰਦਾ ਹੈ ਪਰ ਸੰਤਾਲੀ ਦੀ ਵੰਡ ਇਸ ਸਾਂਝ ਨੂੰ ਤਾਰ ਤਾਰ ਕਰ ਦਿੰਦੀ ਹੈ। ਨੂਰਾਂ ਦੇ ਪਾਤਰ ਦੁਆਰਾ ਪੰਜਾਬੀ ਬੰਦੇ ਦੀ ਸੁਰਤ ਦੀਆਂ, ਮਾਨਵੀ ਅਤੇ ਗੈਰ ਮਾਨਵੀ, ਦੋਹਾਂ ਸਥਿਤੀਆਂ ਦੇ ਭਾਵੁਕ ਬਿਰਤਾਂਤ ਦੀ ਉਸਾਰੀ ਹੋਈ ਹੈ। ਸੰਤਾਲੀ ਦਾ ਦੁਖਾਂਤ, ਹਰੇ ਇਨਕਲਾਬ ਤੋਂ ਪੈਦਾ ਸਮਾਜਕ ਸੰਕਟ ਅਤੇ ਨੌਵੇਂ ਦਹਾਕੇ ਦਾ ਪੰਜਾਬ ਸੰਤਾਪ - ਪੰਜਾਬ ਨਾਲ ਜੁੜੀਆਂ ਤਿੰਨੋਂ ਹੀ ਇਤਿਹਾਸਕ ਘਟਨਾਵਾਂ ਸਿੱਧੇ ਅਸਿੱਧੇ ਤੌਰ 'ਤੇ ਕਰਮ ਸਿੰਘ ਮਾਨ ਦੀਆਂ ਕਹਾਣੀਆਂ ਵਿਚ ਪੇਸ਼ ਹੋਈਆਂ ਹਨ। ਕਹਾਣੀ 'ਭਾਰੀ ਗੰਨ' ਵਿਚ ਪੰਜਾਬ ਵਿਚ ਹਰੀ ਕ੍ਰਾਂਤੀ ਤੋਂ ਪੈਦਾ ਹੋਈ ਅਲਪ ਖੁਸ਼ਹਾਲੀ ਦੇ ਕਿਸਾਨੀ ਜੀਵਨ 'ਤੇ ਪਏ ਪ੍ਰਭਾਵ ਰਜਿਸਟਰ ਹੋਏ ਹਨ। ਇਸਦੇ ਨਾਲ ਨਵੇਂ ਖੇਤੀ ਅਰਥਚਾਰੇ ਦੁਆਰਾ ਕਿਸਾਨੀ ਵਰਗ ਅੰਦਰ ਪੱਕੀਆਂ ਹੋਈਆਂ ਜਮਾਤੀ ਵੰਡ ਦੀਆਂ ਲਕੀਰਾਂ ਤੋਂ ਉਪਜਦੇ ਸੰਤਾਪ ਵੀ ਪੇਸ਼ ਹੋਏ ਹਨ। ਇਸ ਤਹਿਤ ਨਿਮਨ ਕਿਸਾਨੀ ਦੇ ਪਿਛੋਕੜ ਵਾਲਾ ਕਿਸਾਨ ਮਿਹਰ ਸਿੰਘ ਕਿਸਾਨੀ ਧੰਦੇ ਵਿਚੋਂ ਬਾਹਰ ਹੋ ਕੇ ਖੇਤ ਮਜ਼ਦੂਰ ਬਣ ਜਾਂਦਾ ਹੈ ਪਰ ਉਸਦਾ ਜਾਤੀਗਤ ਅਭਿਮਾਨ ਉਸਨੂੰ ਕਿਸੇ ਤਣ ਪੱਤਣ ਨਹੀਂ ਲੱਗਣ ਦਿੰਦਾ। ਕਹਾਣੀ ਦਾ ਦਰਸ਼ਨ ਸਿੱਧ ਕਰਦਾ ਹੈ ਕਿ ਅਸਾਵਾਂ ਪੂੰਜੀਵਾਦੀ ਪ੍ਰਬੰਧ ਕਿਰਤੀ ਬੰਦੇ ਦੇ ਸ਼ੋਸ਼ਣ ਦੌਰਾਨ ਉਸਨੂੰ ਜਮਾਤੀ ਸੱਟ ਹੀ ਨਹੀਂ ਮਾਰਦਾ ਸਗੋਂ ਉਸਦੇ ਵਜੂਦ ਨੂੰ ਢਹਿ ਢੇਰੀ ਕਰਨ ਤਕ ਜਾਂਦਾ ਹੈ। ਕਹਾਣੀ 'ਖੁਸ਼ਹਾਲ ਸਿੰਘ' ਸੱਤਵੇਂ ਅੱਠਵੇਂ ਦਹਾਕੇ ਵਿਚਲੇ ਸਿੱਖਿਆ ਪ੍ਰਬੰਧ ਦੀਆਂ ਖਾਮੀਆਂ ਉਜਾਗਰ ਕਰਦੀ ਹੈ, ਜਿਸ ਵਿਚ ਸਕੂਲ ਮਾਸਟਰ ਖੁਸ਼ਹਾਲ ਸਿੰਘ ਨੂੰ ਜਗੀਰੂ ਰਵਾਇਤਾਂ ਅਤੇ ਨਵੀਂ ਕਿਸਮ ਦੀ ਤਤਕਾਲੀ ਜੀਵਨ-ਜਾਚ ਵਿਚ ਦਵੰਦ ਭਰਿਆ ਜੀਵਨ ਬਤੀਤ ਕਰਦਿਆਂ ਪੇਸ਼ ਕੀਤਾ ਗਿਆ ਹੈ। ਉਕਤ ਕਹਾਣੀਆਂ ਵਿਚ ਕਰਮ ਸਿੰਘ ਮਾਨ ਪੇਂਡੂ ਸੰਵੇਦਨਾ ਦੇ ਕਈ ਪਾਸਾਰ ਪੇਸ਼ ਕਰਦਾ ਹੈ। ਉਹ ਨਿਮਨ ਕਿਸਾਨੀ ਦੇ ਸੰਕਟ, ਰਿਸ਼ਤਿਆਂ ਦੀ ਟੁੱਟ ਭੱਜ, ਮਰਦ ਪ੍ਰਧਾਨ ਸਮਾਜਕ ਵਿਵਸਥਾ ਵਿਚ ਔਰਤ ਦੀ ਹੋਣੀ ਅਤੇ ਪੂੰਜੀਵਾਦੀ ਪ੍ਰਬੰਧ ਦੀਆਂ ਦੁਸ਼ਵਾਰੀਆਂ ਆਦਿ ਸਰੋਕਾਰਾਂ ਨੂੰ ਪਿੰਡ ਦੀ ਸਾਂਝੀ ਸਭਿਆਚਾਰਕ ਇਕਾਈ ਦੇ ਪ੍ਰਸੰਗ ਵਿਚ ਪੇਸ਼ ਕਰਦਾ ਹੈ। ਉਸਦੀਆਂ ਇਹ ਕਹਾਣੀਆਂ ਜਿੱਥੇ ਮਾਨਵਵਾਦੀ ਕਥਾ ਦ੍ਰਿਸ਼ਟੀ ਦੀਆਂ ਵਾਹਕ ਹਨ, ਉੱਥੇ ਵਿਰੋਧੀ ਸਥਿਤੀਆਂ ਵਿਚ ਵੀ ਪੰਜਾਬੀ ਬੰਦੇ ਦੀ ਸਮਰੱਥਾ ਤੇ ਹੌਂਸਲੇ ਦੀਆਂ ਜਾਮਨ ਹਨ।

ਇਸ ਸੰਗ੍ਰਿਹ ਵਿਚ ਕੁਝ ਕਹਾਣੀਆਂ ਪਰਵਾਸੀ ਜੀਵਨ ਯਥਾਰਥ ਦੇ ਕੱਚ ਸੱਚ ਨੂੰ ਪੇਸ਼ ਕਰਦੀਆਂ ਹਨ। 'ਕੁੱਤੇ ਦਾ ਡਰ' ਕਹਾਣੀ ਵਿਧਵਾ ਔਰਤ ਮੀਨਾ ਦੀ ਮਰਦ ਪ੍ਰਧਾਨ ਸਮਾਜਕ ਵਿਵਸਥਾ ਪ੍ਰਤੀ ਸ਼ੰਕਾ ਅਤੇ ਬੇਭਰੋਸਗੀ ਦਾ ਬਿਰਤਾਂਤ ਹੈ। ਕੈਂਸਰ ਨਾਲ ਪਤੀ ਦੀ ਮੌਤ ਤੋਂ ਬਾਅਦ ਉਹ ਆਪਣੇ ਬੱਚੇ ਦਾ ਪਾਲਣ ਪੋਸ਼ਣ ਕਰਦੀ ਹੈ ਪਰ ਮਰਦ ਜਾਤ ਪ੍ਰਤੀ ਉਹ ਸੰਕੋਚਵੀਂ ਅਤੇ ਹਿਕਾਰਤ ਭਰੀ ਜੀਵਨ ਦ੍ਰਿਸ਼ਟੀ ਰੱਖਦੀ ਹੈ। ਹਰਮੀਤ ਵਰਗੇ ਆਦਰਸ਼ਵਾਦੀ ਪਾਤਰ ਦੇ ਉਸਦੀ ਜ਼ਿੰਦਗੀ ਵਿਚ ਪ੍ਰਵੇਸ਼ ਕਰਨ ਨਾਲ ਉਹ ਨਵੇਂ ਜੀਵਨ ਨਜ਼ਰੀਏ ਦੀ ਧਾਰਨੀ ਬਣਦੀ ਹੈ। 'ਹੰਝੂ' ਕਹਾਣੀ ਉੱਤਮ ਪੁਰਖੀ ਬਿਰਤਾਂਤਕਾਰ ਦੀ ਪਰਵਾਸੀ ਜੀਵਨ ਦੌਰਾਨ ਇਕ ਬੱਚੇ ਨਾਲ ਅਚਾਨਕ ਹੋਈ ਦੋਸਤੀ ਤੋਂ ਸ਼ੁਰੂ ਹੁੰਦੀ ਹੈ ਪਰ ਇਸ ਦੋਸਤੀ ਦੌਰਾਨ ਮੈਂ ਪਾਤਰ ਨੂੰ ਆਪਣੇ ਬੱਚੇ ਦੀ ਆਉਂਦੀ ਯਾਦ ਕਹਾਣੀ ਅੰਦਰ ਭਾਵੁਕਤਾ ਭਰ ਦਿੰਦੀ ਹੈ। ਕੁਝ ਸਮੇਂ ਤੋਂ ਪੰਜਾਬੀ ਕਥਾ ਸਾਹਿਤ ਵਿਚ ਵਿਗਿਆਨਕ ਗਲਪ ਦੀਆਂ ਕਹਾਣੀਆਂ ਦਾ ਪ੍ਰਵੇਸ਼ ਹੋ ਰਿਹਾ ਹੈ। ਮਾਨ ਦੀ ਇਕ ਕਹਾਣੀ 'ਪੱਕਾ ਪੈਂਚਰ' ਡੀਐਨਏ ਟੈੱਸਟ ਨਾਲ ਮਨੁੱਖੀ ਰਿਸ਼ਤਿਆਂ ਵਿਚ ਪੈਦਾ ਹੁੰਦੀ ਦਰਾੜ ਦੀ ਦਾਸਤਾਨ ਹੈ ਜਿਸ ਵਿਚ ਇਕ ਪਾਸੇ ਵਿਗਿਆਨ ਦੀ ਰੌਸ਼ਨੀ ਵਿਚ ਨਵੀਂਆਂ ਲੱਭਤਾਂ ਦੇ ਜ਼ਿਕਰ ਦੇ ਸਮਾਨਾਂਤਰ ਜਗੀਰੂ ਜਮਾਤੀ ਪ੍ਰਬੰਧ ਦਾ ਦਮਨ ਭਰਪੂਰ ਵਿਹਾਰ ਪੇਸ਼ ਹੋਇਆ ਹੈ। ਕਹਾਣੀ 'ਦਰਦ ਵਿਛੋੜੇ ਦਾ' ਪਰਵਾਸੀ ਜੀਵਨ ਵਿਚ ਬਜ਼ੁਰਗ ਪੰਜਾਬੀ ਦੰਪਤੀ ਦੀ ਸੰਵੇਦਨਾ ਪੇਸ਼ ਕਰਦੀ ਰਚਨਾ ਹੈ ਜਿਸ ਵਿਚ ਉੱਤਮ ਪੁਰਖੀ ਬਿਰਤਾਂਤਕਾਰ ਦੀ ਪਤਨੀ ਇਕ ਪਾਸੇ ਜਗੀਰੂ ਸਮਾਜ ਵਾਲੀ ਬੰਦ ਮਾਨਸਿਕਤਾ ਤੇ ਦੂਜੇ ਪਾਸੇ ਪੱਛਮੀ ਦੇਸ਼ਾਂ ਵਾਲੀ 'ਖੁੱਲ੍ਹ' ਦੇ ਦਵੰਦ ਵਿਚ ਫਸੀ ਪੇਸ਼ ਹੋਈ ਹੈ।

ਕਹਾਣੀਆਂ ਦਾ ਵੱਡਾ ਦੋਸ਼ ਇਨ੍ਹਾਂ ਵਿਚ ਵਿਚਾਰਾਂ ਦਾ ਭਾਰੂਪਣ ਅਤੇ ਬੋਝਲਤਾ ਹੈ। ਲੇਖਕ ਵਿਚਾਰਾਂ ਦੀ ਫੋਰਸ ਵਿਚ ਕਹਾਣੀ ਦਾ ਸੁਹਜ ਗੁਆ ਲੈਂਦਾ ਹੈ ਅਤੇ ਕਹਾਣੀ ਲੇਖਨੁਮਾ ਰਚਨਾ ਵਿਚ ਢਲ ਜਾਂਦੀ ਹੈ। ਇਸ ਲਈ ਉਸਦੀ ਕਹਾਣੀ ਆਮ ਪੱਧਰ ਦੇ ਪਾਠਕ ਨੂੰ ਥੋੜ੍ਹੇ ਚਿਰ ਲਈ ਪ੍ਰਭਾਵਤ ਤਾਂ ਕਰ ਲੈਂਦੀ ਹੈ ਪਰ ਚਿਰਸਥਾਈ ਪ੍ਰਭਾਵ ਤੋਂ ਊਣੀ ਰਹਿ ਜਾਂਦੀ ਹੈ। ਮਾਨ ਕੋਲ ਆਵਾਸ ਅਤੇ ਪਰਵਾਸ ਦੀ ਜ਼ਿੰਦਗੀ ਦਾ ਵੱਡਾ ਅਨੁਭਵ ਹੈ। ਇਸ ਅਨੁਭਵ ਨੂੰ ਉਹ ਜ਼ਿਆਦਾ ਕਰਕੇ ਸਵੈ ਜੀਵਨੀ ਮੂਲਕ ਕਥਾ ਸ਼ੈਲੀ ਵਿਚ ਪੇਸ਼ ਕਰਦਾ ਹੈ। ਪਾਤਰਾਂ ਦੀ ਪੱਕੀ ਪੀਡੀ ਪੇਸ਼ਕਾਰੀ, ਲਕੀਰੀ ਬਿਰਤਾਂਤ, ਘਟਨਾਵਾਂ ਦੀ ਸੂਚਨਾਮੁੱਖ ਵਿਉਂਤਬੰਦੀ ਅਤੇ ਸੁਖਾਂਤਕ ਅੰਤ ਵੱਲ ਜਾਣ ਵਾਲੀਆਂ ਉਸਦੀਆਂ ਕਹਾਣੀਆਂ ਰਵਾਇਤੀ ਪੰਜਾਬੀ ਕਹਾਣੀ ਦੀ ਯਾਦ ਤਾਜ਼ਾ ਕਰ ਦਿੰਦੀਆਂ ਹਨ। ਕਰਮ ਸਿੰਘ ਮਾਨ ਦੀਆਂ ਕਹਾਣੀਆਂ ਵਿਚ ਬਾਲ ਪਾਤਰਾਂ ਨੂੰ ਵੀ ਸਪੇਸ ਮਿਲਦੀ ਹੈ। ਇਹ ਪੰਜਾਬੀ ਕਹਾਣੀ ਲਈ ਚੰਗਾ ਪਹਿਲੂ ਹੈ ਕਿਉਂਕਿ ਬਾਲ ਮਾਨਸਿਕਤਾ ਨੂੰ ਪੰਜਾਬੀ ਗਲਪ ਨੇ ਅਣਗੌਲ਼ਿਆਂ ਕੀਤੀ ਰਖਿਆ ਹੈ। ਕੁੱਲ ਮਿਲਾ ਕੇ ਇਸ ਪੁਸਤਕ ਦਾ ਸਵਾਗਤ ਹੈ। **–ਜੇ.ਬੀ.ਸੇਖੋਂ**

## ਉਰਫ ਰੋਸ਼ੀ ਜੱਲਾਦ (ਕਹਾਣੀ ਸੰਗ੍ਰਹਿ) ਜਸਵੀਰ ਸਿੰਘ ਰਾਣਾ

ਜਸਵੀਰ ਸਿੰਘ ਰਾਣਾ ਪੰਜਾਬੀ ਕਹਾਣੀ ਵਿਚ ਵੱਖਰੇ ਕਥਾਨਕ ਦੀ ਸਿਰਜਣਾ ਕਰਨ ਵਾਲਾ ਚਰਚਿਤ ਕਹਾਣੀਕਾਰ ਹੈ। ਉਸਦੀਆਂ ਕਹਾਣੀਆਂ ਵਿਚ ਪੇਸ਼ ਵੱਖਰੀ ਆਭਾ ਵਾਲੇ ਪਾਤਰ ਆਪਣੇ ਜਮਾਤੀ ਗੁਣਾਂ-ਔਗੁਣਾਂ ਸਮੇਤ ਪਾਠਕ ਦੇ ਮਨ 'ਤੇ ਵਿਸ਼ੇਸ਼ ਪ੍ਰਭਾਵ ਛੱਡਦੇ ਹਨ। ਉਸਨੇ ਮੁੱਖ ਧਾਰਾ ਨਾਲ ਜੁੜੇ ਪਾਤਰਾਂ ਦੀ ਮਨੋਵੇਦਨਾ ਵੀ ਉਭਾਰੀ ਹੈ ਤੇ ਮੁੱਖ ਧਾਰਾ ਤੋਂ ਬਾਹਰ ਰਹਿ ਗਏ ਪਾਤਰਾਂ ਦੇ ਦਰਦ ਨੂੰ ਵੀ ਛੋਹਿਆ ਹੈ। ਉਸਦੇ ਬਿਰਤਾਂਤ ਵਿਚ ਖੁਰਦੇ-ਭੁਰਦੇ ਤੇ ਝੁਰਦੇ ਪੰਜਾਬ ਤੇ ਪੰਜਾਬੀ ਬੰਦੇ ਦੀ ਫਿਕਰ ਵੀ ਸ਼ਾਮਲ ਹੈ। ਕਹਾਣੀ ਸੰਗ੍ਰਹਿ 'ਉਰਫ ਰੋਸ਼ੀ ਜੱਲਾਦ' (ਔਟਮ ਆਰਟਸ, ਪਟਿਆਲਾ, ਪੰਨੇ 96, ਮੁੱਲ 175 ਰੁਪਏ) ਦੀਆਂ ਪੰਜ ਕਹਾਣੀਆਂ ਵਿਚ ਵੀ ਉਹ ਰਵਾਇਤੀ ਵਿਸ਼ਿਆਂ ਨੂੰ ਚੁਣਨ ਦੀ ਥਾਂ ਸਮਾਜ ਦੀ ਮੁੱਖ ਧਾਰਾ ਵੱਲੋਂ ਤ੍ਰਿਸਕਾਰੇ ਪਾਤਰਾਂ ਦਾ ਦਰਦ ਛੋਂਹਦਾ ਹੈ।

'ਉਰਫ ਰੋਸ਼ੀ ਜੱਲਾਦ' ਕਹਾਣੀ, ਜਿਸ 'ਤੇ ਕਹਾਣੀ ਸੰਗ੍ਰਹਿ ਦਾ ਨਾਮ ਰਖਿਆ ਗਿਆ ਹੈ, ਸਮਾਜ ਵਿਚ ਜੱਲਾਦ ਦੀ ਜਲਾਵਤਨੀ ਨੂੰ ਪੇਸ਼ ਕਰਦੀ ਹੈ। ਕਹਾਣੀ ਦੀਆਂ ਦੋ ਮਹੀਨ ਵਿਸ਼ੈਗਤ ਪਰਤਾਂ ਹਨ। ਇਕ ਪਰਤ ਮਾਨਸਿਕ ਵਲਵਲਿਆਂ ਤੇ ਦੁਖਾਂਤ ਦੀ ਗੱਲ ਕਰਦੀ ਹੈ। ਜਿਸ ਵਿਚ ਰੋਸ਼ਨ ਦੇ ਜੱਲਾਦ ਬਣਨ ਦੀ ਪ੍ਰਕਿਰਿਆ ਤੇ ਜੱਲਾਦ ਬਣਨ ਤੋਂ ਪਹਿਲਾਂ ਅਤੇ ਬਾਅਦ ਵਿਚ ਸਮਾਜ ਦੀ ਮੁੱਖ ਧਾਰਾ ਨਾਲੋਂ ਟੁੱਟ ਜਾਣ ਦਾ ਰੁਦਨ ਹੈ। ਰੋਸ਼ਨ ਨੂੰ ਆਪਣੇ ਪੱਕੇ ਰੰਗ ਕਾਰਨ ਕਾਲਿਜ ਵਿਚ ਆਪਣੀ ਹੀ ਇਕਪਾਸੜ ਪਸੰਦ ਰੋਜ਼ੀ ਵੱਲੋਂ ਤ੍ਰਿਸਕਾਰੇ ਜਾਣ ਦੀ ਪੀੜ ਹਮੇਸ਼ਾ ਰੜਕਦੀ ਰਹਿੰਦੀ ਹੈ। ਦੂਜੀ ਪਰਤ ਪਰਿਵਾਰ ਦੀ ਆਰਥਿਕ ਸਥਿਤੀ ਨਾਲ ਜੁੜੀ ਹੋਈ ਹੈ ਜਿਸਦੇ ਵੱਖ-ਵੱਖ ਕਾਰਨਾਂ ਵਜੋਂ ਪਰਿਵਾਰ ਦੇ ਸਾਰੇ ਜੀਅ (ਮਾਂ, ਬਾਪ ਤੇ ਭਰਾ ਟੋਨੀ) ਖੁਦਕੁਸ਼ੀ ਕਰ ਜਾਂਦੇ ਹਨ। ਰੋਸ਼ਨ ਇਹਨਾਂ ਖੁਦਕੁਸ਼ੀਆਂ ਦੇ ਦੋਸ਼ੀ ਸਰਮਾਏਦਾਰ ਨਿਸ਼ਾਨ ਨੂੰ ਮਾਰ ਕੇ ਜੇਲ੍ਹ ਚਲਾ ਜਾਂਦਾ ਹੈ ਤੇ ਉੱਥੋਂ ਜੱਲਾਦ ਬਣ ਕੇ ਬਾਹਰ ਆਉਂਦਾ ਹੈ। ਜੇਲ੍ਹ ਵਿਚ ਸਜ਼ਾ ਯਾਫਤਾ ਕੈਦੀਆਂ ਨੂੰ ਜੱਲਾਦ ਬਣਨ ਦਾ ਮੌਕਾ ਦਿੱਤਾ ਜਾਂਦਾ ਤੇ ਇਸ ਬਦਲੇ ਉਹਨਾਂ ਦੀ ਸਜ਼ਾ ਘੱਟ ਹੋ ਜਾਂਦੀ ਹੈ। ਰੋਸ਼ਨ ਦੇ ਜੱਲਾਦ ਬਣਨ ਦਾ ਇਕ ਕਾਰਨ ਇਹ ਹੈ। ਬੇਸ਼ੱਕ ਰੋਸ਼ਨ ਕੋਲ ਹੋਰ ਵੀ ਰਾਹ ਹੋ ਸਕਦੇ ਸੀ ਪਰ ਉਹ ਆਪਣੇ ਦੁੱਖ ਨੂੰ ਘੱਟ ਕਰਨ ਲਈ ਅਜਿਹਾ ਜਾਣ ਬੁੱਝ ਕੇ ਕਰਦਾ ਹੈ। ਜਦੋਂ ਸਾਰਾ ਪਰਿਵਾਰ ਖੁਦਕੁਸ਼ੀ ਕਰ ਗਿਆ ਹੋਵੇ ਉਦੋਂ ਇਸ ਦੁੱਖ ਨੂੰ ਲੈ ਕੇ ਜਿਉਣਾ ਬਹੁਤ ਔਖਾ ਹੁੰਦਾ ਹੈ। ਆਪਣੀਆਂ ਭਾਵਨਾਵਾਂ ਨੂੰ ਪੱਥਰ ਬਣਾ ਕੇ ਹੀ ਜਿਉਂਦਾ ਰਿਹਾ ਜਾ ਸਕਦਾ ਹੈ। ਜੱਲਾਦ ਹੋਣਾ ਆਪਣੀਆਂ ਭਾਵਨਾਵਾਂ ਨੂੰ ਪੱਥਰ ਬਣਾਉਣਾ ਹੈ। ਜੱਲਾਦ ਹੋਣ ਦਾ ਦਰਦ ਹੰਢਾਉਂਦਿਆਂ ਰੋਸ਼ਨ ਨੂੰ ਪਰਿਵਾਰਕ ਦੁਖਾਂਤ ਭੁੱਲਣ ਵਿਚ ਸੌਖ ਰਹਿੰਦੀ ਹੈ।ਵੈਸੇ ਹੁਣਵੇਂ ਦੌਰ ਵਿਚ ਖੁਦਕੁਸ਼ੀਆਂ ਐਨੀਆਂ ਵਧ ਗਈਆਂ ਹਨ ਕਿ ਜੱਲਾਦ ਦੀ ਕੋਈ ਲੋੜ ਨਹੀਂ ਰਹਿ ਗਈ। ਕਹਾਣੀ ਦੇ ਬਿਰਤਾਂਤ ਵਿਚ ਇਸਦੀ ਧੁਨੀ ਵੀ ਸੁਣਾਈ ਦਿੰਦੀ ਹੈ। ਰੋਸ਼ਨ ਤੇ ਨਿਸ਼ਾਨ ਵਿਅਕਤੀ ਦੀ ਹੋਂਦ ਦੇ ਪ੍ਰਤੀਕਮਈ ਕੋਡ ਹਨ ਜਿਨ੍ਹਾਂ ਨੂੰ ਕੁੱਲ ਦਾ ਨਾਮ ਰੌਸ਼ਨ ਕਰਨਾ ਅਤੇ ਨਾਮੋ-ਨਿਸ਼ਾਨ ਮਿਟਾ ਦੇਣਾ ਦੇ ਅਰਥਾਂ ਵਿਚ ਡੀਕੋਡ ਕੀਤਾ ਜਾ ਸਕਦਾ ਹੈ।

ਜਸਵੀਰ ਸਿੰਘ ਰਾਣਾ ਦੀ ਸਿਰਜਣ ਪ੍ਰਕਿਰਿਆ ਵਿਚ ਕਿੰਨਰਾਂ ਨੂੰ ਖਾਸ ਸਪੇਸ ਦਿੱਤੀ ਹੋਈ ਹੁੰਦੀ ਹੈ। ਕਿੰਨਰਾਂ 'ਤੇ ਕਹਾਣੀਆਂ ਲਿਖਣ ਦੇ ਨਾਲ-ਨਾਲ ਇਕ ਕਥਾ ਪੁਸਤਕ ਦੀ ਸੰਪਾਦਨਾ ਕਰਕੇ ਰਾਣਾ ਨੇ ਇਸ ਵਿਸ਼ੇ ਸੰਬੰਧੀ ਆਪਣਾ ਲਗਾਓ ਸਪੱਸ਼ਟ ਕੀਤਾ ਹੈ। ਹੱਥਲੇ ਸੰਗ੍ਰਹਿ ਵਿਚਲੀ ਕਹਾਣੀ 'ਕੁਝ ਸ਼ੀਸ਼ੇ ਝੂਠ ਬੋਲਦੇ ਨੇ' ਬਦਲਦੇ ਸਮਾਜਕ ਯਥਾਰਥ ਵਿਚ ਕਿੰਨਰਾਂ ਦੀ ਜੀਵਨ ਸ਼ੈਲੀ ਦੇ ਵੱਖ-ਵੱਖ ਪੱਖਾਂ ਨੂੰ ਰੂਪਮਾਨ ਕਰਦੀ ਹੈ। ਕਿੰਨਰਾਂ ਵੱਲੋਂ ਧਨ-ਦੌਲਤ ਦੀ ਖੁੱਲ੍ਹੀ ਵਰਤੋਂ ਨੇ ਕਿਰਤ ਕਲਚਰ ਨਾਲੋਂ ਟੁੱਟੇ ਵਿਹਲੜਾਂ ਨੂੰ ਇਸ ਪਾਸੇ ਤੋਰ ਦਿੱਤਾ ਹੈ। ਅਜਿਹੇ ਵਿਹਲੜ ਕੋਈ ਕੰਮ ਕਰਨ ਦੀ ਥਾਂ ਆਪਣਾ ਲਿੰਗ ਬਦਲਵਾ ਕੇ ਤੇ ਕਿੰਨਰਾਂ ਦੀਆਂ ਅਦਾਵਾਂ ਸਿੱਖ ਕੇ ਮੰਗਣ ਦੇ ਰਾਹ ਪਏ ਹੋਏ ਹਨ। ਪਿਛਲੇ ਕੁਝ ਸਾਲਾਂ ਤੋਂ ਛੋਟੇ ਵੱਡੇ ਸ਼ਹਿਰਾਂ ਦੇ ਟਰੈਫਿਕ ਚੌਕਾਂ, ਬੱਸਾਂ, ਬੱਸ ਅੱਡਿਆਂ, ਰੇਲਾਂ ਵਿਚ ਨਕਲੀ ਕਿੰਨਰਾਂ ਨੂੰ ਪੈਸੇ ਮੰਗਦਿਆਂ ਦੇਖਿਆ ਜਾ ਸਕਦਾ ਹੈ। ਕਿੰਨਰਾਂ ਦਾ ਦੇਹ ਵਪਾਰ ਅਤੇ ਲੁੱਟ-ਖੋਹ ਦੀਆਂ ਵਾਰਦਾਤਾਂ ਵਿਚ ਸ਼ਾਮਲ ਹੋਣਾ ਇਸ ਵਿਚ ਆਏ ਵਿਗਾੜਾਂ ਨੂੰ ਸਪੱਸ਼ਟ ਕਰਦਾ ਹੈ। ਜਸਵੀਰ ਰਾਣਾ ਨੇ ਕਹਾਣੀ ਨੂੰ ਛੇ ਭਾਗਾਂ ਵਿਚ ਵੰਡ ਕੇ ਵੱਖ-ਵੱਖ ਸਿਰਲੇਖਾਂ ਰਾਹੀਂ ਕਿੰਨਰ ਜੀਵਨ ਸ਼ੈਲੀ ਵਿਚ ਇਸ ਪੱਖ ਤੋਂ ਆਏ ਬਦਲਾਵ ਨੂੰ ਛੋਹਿਆ ਹੈ।

ਜਸਵੀਰ ਸਿੰਘ ਰਾਣਾ ਦੇ ਕਥਾ ਵਸਤੂ ਵਿਚ ਹਾਸ਼ੀਆਗਤ ਧਿਰਾਂ ਦੇ ਦੁੱਖ-ਦਰਦ, ਡਰ, ਚਿੰਤਾ ਨੂੰ ਸਮਾਜਕ ਯਥਾਰਥ ਨਾਲ ਟਕਰਾਓ ਵਿਚੋਂ ਨਿਕਲਦੇ ਰੁਦਨ ਦੇ ਰੂਪ ਵਿਚ ਪੇਸ਼ ਕੀਤਾ ਹੁੰਦਾ ਹੈ। 'ਖ਼ੌਫ਼-84' ਤੇ 'ਇਕ ਛੋਟੀ ਜਿਹੀ ਬੇ-ਵਫ਼ਾਈ' ਕਹਾਣੀਆਂ ਵਿਚ ਇਸਦੀ ਪੇਸ਼ਕਾਰੀ ਹੋਈ ਹੈ। 'ਖ਼ੌਫ਼-84' ਕਹਾਣੀ ਵਿਚ ਮਨੁੱਖ ਦੇ ਅੰਦਰਲੇ ਅਤੇ ਬਾਹਰਲੇ ਖ਼ੌਫ਼ ਦੇ ਮੋਟਿਫ਼ ਰਾਹੀਂ ਦਿੱਲੀ ਵਿਚ ਘੱਟ ਗਿਣਤੀ ਸਿੱਖਾਂ ਦੇ ਕਤਲੇਆਮ ਉਪਰੰਤ ਪੈਦਾ ਹੋਏ ਦੁਖਾਂਤ ਨੂੰ ਉਭਾਰਿਆ ਹੈ। ਜਸਵੀਰ

ਰਾਣਾ ਦੀ ਸਿਆਸੀ ਚੇਤਨਾ ਦਾ ਪ੍ਰਗਟਾਵਾ ਇਸ ਗੱਲ ਵਿਚੋਂ ਹੁੰਦਾ ਹੈ ਕਿ ਉਹ ਇਤਿਹਾਸ ਵਿਚੋਂ ਸਿੱਖਾਂ ਦੇ ਹੋਏ ਕਤਲੇਆਮ ਨੂੰ ਲੱਭਦਾ ਹੋਇਆ ਚੁਰਾਸੀ ਦੇ ਦੁਖਾਂਤ ਨਾਲ ਜੋੜ ਕੇ ਉਸਦੀ ਸਮਰੂਪਤਾ ਲੱਭਦਾ ਹੈ। ਨੱਥੂ ਰਾਮ ਗੌਡਸੇ ਦੇ ਮਹਾਤਮਾ ਗਾਂਧੀ ਨੂੰ ਮਾਰਨ 'ਤੇ ਅਜਿਹੇ ਦੰਗੇ ਕਿਉਂ ਨਹੀਂ ਭੜਕਦੇ ? ਅਤੇ ਕਹਾਣੀ ਦੇ ਅੰਤ ਵਿਚ ਉਠਾਇਆ ਇਹ ਸਵਾਲ ਕਿ, "ਜਦੋਂ ਤੇਰਾ ਕੋਈ ਵੱਡਾ ਰੁੱਖ ਡਿੱਗਦਾ।...ਤਾਂ ਇਕੱਲੇ ਸਿੱਖਾਂ ਲਈ ਹੀ ਧਰਤੀ ਕਿਉਂ ਹਿੱਲਦੀ ਐ...?" ਕਹਾਣੀ ਦਾ ਹਾਸਲ ਹੈ। 'ਇਕ ਛੋਟੀ ਜਿਹੀ ਬੇ-ਵਫ਼ਾਈ' ਕਹਾਣੀ ਸਮਾਜ ਦੀ ਮੁੱਖ ਧਾਰਾ ਵੱਲੋਂ ਦੁਰਕਾਰੀ ਤੇਜ਼ਾਬ ਪੀੜਤ ਨਾਰੀ ਅਤੇ ਮੁੱਖ ਧਾਰਾ ਵਿਚ ਸਵੀਕ੍ਰਿਤੀ ਪ੍ਰਾਪਤ ਨਾਰੀ ਦੀ ਮਾਨਸਿਕ ਵੇਦਨਾ ਨੂੰ ਸੂਖਮ ਦ੍ਰਿਸ਼ਟੀ ਤੋਂ ਪੇਸ਼ ਕਰਦੀ ਹੈ। ਕਹਾਣੀ ਦਾ ਮੁੱਖ ਪਾਤਰ ਆਪਣੀ ਤੇਜ਼ਾਬ ਪੀੜਤ ਭੈਣ ਸਾਹਿਲ ਲਈ ਵਰ ਦੀ ਤਲਾਸ਼ ਕਰਦਾ ਹੈ। ਬੇਸ਼ੱਕ ਉਹ ਸਮਾਜ ਦੀ ਮੁੱਖ ਧਾਰਾ ਵਿਚ ਸ਼ਾਮਲ ਨਹੀਂ ਤੇ ਉਸਦਾ ਚਿਹਰਾ ਕਰੂਪ ਹੋ ਗਿਆ ਹੈ ਪਰ ਉਸਦੀਆਂ ਇੱਛਾਵਾਂ ਅਜੇ ਵੀ ਜਿਉਂਦੀਆਂ ਹਨ। ਇਹਨਾਂ ਨੂੰ ਜਿਉਂਦੇ ਰੱਖਣ ਲਈ ਉਹ ਆਪਣੀ ਝਲਕ ਤੋਂ ਦੂਰ ਰਹਿੰਦੀ ਹੈ। ਮੁੱਖ ਪਾਤਰ ਜਦੋਂ ਉਸ ਲਈ ਤੇਜ਼ਾਬ ਪੀੜਤ ਮੁੰਡਾ ਲੱਭਦਾ ਹੈ ਤਾਂ ਉਸਨੂੰ ਦੇਖਕੇ ਸਾਹਿਲ ਨੂੰ ਆਪਣਾ ਅਕਸ ਨਜ਼ਰ ਆਉਂਦਾ ਹੈ। ਉਹ ਉਸ ਮੁੰਡੇ ਨਾਲ ਵਿਆਹ ਕਰਾਉਣ ਤੋਂ ਇਹ ਕਹਿ ਕੇ ਜਵਾਬ ਦੇ ਦਿੰਦੀ ਹੈ: 'ਵੀਰੇ ਤੈਨੂੰ ਜਦੋਂ ਪਤਾ ਸੀ ਮੈਂ ਸ਼ੀਸ਼ਾ ਨਹੀਂ ਵੇਖਦੀ!.. ਤੂੰ ਮੈਨੂੰ ਸ਼ੀਸ਼ਾ ਕਿਉਂ ਦਿਖਾਇਆ!'

ਸਾਹਿਲ ਦੇ ਇਹ ਸ਼ਬਦ ਉਸਦੇ ਨਾਰੀਤਵ ਨੂੰ ਪ੍ਰਗਟਾਉਂਦੇ ਹਨ। ਨਾਰੀ ਮਨ ਦੀ ਥਾਹ ਪਾਉਣੀ ਬਹੁਤ ਔਖੀ ਹੈ। ਜਸਵੀਰ ਰਾਣਾ ਨੇ ਸਾਹਿਲ ਤੇ ਮੁੱਖ ਪਾਤਰ ਦੀ ਪਤਨੀ ਰਵਨੀਤ ਰਾਹੀਂ ਨਾਰੀ ਮਨ ਦੀਆਂ ਵਿਭਿੰਨ ਤੈਹਾਂ ਨੂੰ ਖੋਲ੍ਹਿਆ ਹੈ। ਸਾਹਿਲ ਪੜ੍ਹੀ ਲਿਖੀ ਹੈ ਤੇ ਤੇਜ਼ਾਬ ਨਾਲ ਕਰੂਪ ਹੋਏ ਚਿਹਰੇ ਦਾ ਦੁਖਾਂਤ ਹੰਢਾ ਰਹੀ ਹੈ। ਇਸਦੇ ਬਾਵਜੂਦ ਉਹ ਉਸ ਮੁੰਡੇ ਨਾਲ ਵਿਆਹ ਕਰਾਉਣ ਤੋਂ ਇਨਕਾਰ ਕਰ ਦਿੰਦੀ ਹੈ ਜਿਸਦਾ ਚਿਹਰਾ ਵੀ ਤੇਜ਼ਾਬ ਨਾਲ ਕਰੂਪ ਹੋਇਆ ਹੈ। ਹਾਲਾਂਕਿ ਉਹਨਾਂ ਵਿਚ ਭਾਵਨਾਵਾਂ ਅਤੇ ਇਕ ਦੂਜੇ ਨੂੰ ਸਮਝਣ ਦੀ ਸ਼ਕਤੀ ਵਧੇਰੇ ਹੋਣੀ ਚਾਹੀਦੀ ਸੀ। ਦੂਜੇ ਪਾਸੇ ਰਵਨੀਤ ਨੂੰ ਬੇਸ਼ੱਕ ਆਪਣਾ ਪਤੀ ਪਸੰਦ ਨਹੀਂ ਪਰ ਫਿਰ ਵੀ ਉਹ ਆਪਣੀ ਮਰਜ਼ੀ ਦੇ ਉਲਟ ਵਿਆਹੁਤਾ ਜੀਵਨ ਜਿਉਂ ਰਹੀ ਹੈ। ਕਿਸੇ ਨਾਰੀ ਜਾਂ ਪੁਰਸ਼ ਦੇ ਮਨ ਵਿਚ ਕੀ ਹੈ ? ਇਸ ਗੱਲ ਦੀ ਥਾਹ ਪਾਉਣੀ ਮੁਸ਼ਕਲ ਹੁੰਦੀ ਹੈ। ਉਸਦੇ ਵਿਹਾਰ ਤੇ ਉਸਦੀਆਂ ਆਦਤਾਂ ਤੋਂ ਅਸੀਂ ਉਸਦੀ ਮਾਨਸਿਕਤਾ ਤੇ ਸੋਚ ਦਾ ਅੰਦਾਜ਼ਾ ਲਗਾਉਂਦੇ ਹਾਂ। ਕਾਮ, ਕਰੋਧ, ਲੋਭ, ਮੋਹ ਤੇ ਹੰਕਾਰ ਆਦਿ ਵਿਕਾਰਾਂ ਦਾ ਵਿਗੜਿਆ ਸੰਤੁਲਨ ਰਿਸ਼ਤਿਆਂ ਵਿਚ ਵਿਗਾੜ ਪਾ ਦਿੰਦਾ ਹੈ। 'ਤਾਂ ਫਿਰ ਮੈਂ ਕਿੱਥੇ ਹਾਂ' ਕਹਾਣੀ ਦੇ ਮੈਂ ਪਾਤਰ ਅੰਦਰ ਉਕਤ ਵਿਕਾਰਾਂ ਦਾ ਸੰਤੁਲਨ ਵਿਗੜਨ ਨਾਲ ਪਤੀ ਪਤਨੀ ਦੇ ਰਿਸ਼ਤੇ ਵਿਚ ਵਿਗਾੜ ਆਉਣ ਦੀ ਨੌਬਤ ਆ ਜਾਂਦੀ ਹੈ। ਕਹਾਣੀ ਵਿਚ ਇਹਨਾਂ ਵਿਕਾਰਾਂ ਨੂੰ ਸ਼ਨੀ ਕਿਹਾ ਹੈ। ਇਸ ਸਭ ਕੁਝ ਵਿਚ ਬੰਦੇ ਦੀ ਬੰਦਿਆਈ ਕਿਧਰੇ ਗੁੰਮ ਗਵਾਚ ਗਈ ਹੈ। ਕਹਾਣੀਕਾਰ ਨੇ ਇਸ ਬੰਦਿਆਈ ਨੂੰ ਮੁੜ ਪ੍ਰਾਪਤ ਕਰਨ ਅਤੇ ਵਿਕਾਰਾਂ ਦੀ ਭਟਕਣਾ ਵਿਚੋਂ ਬਾਹਰ ਨਿਕਲਣ ਦਾ ਰਾਹ ਰਿਸ਼ਤਿਆਂ ਨਾਲ ਜੁੜਨਾ ਹੀ ਦੱਸਿਆ ਹੈ।

ਜਸਵੀਰ ਰਾਣਾ ਨੂੰ ਕਹਾਣੀ ਬੁਣਨੀ ਆਉਂਦੀ ਹੈ। ਉਸਦੀਆਂ ਕਹਾਣੀਆਂ ਦਾ ਆਰੰਭ ਉਤਸੁਕਤਾ ਵਾਲਾ ਹੁੰਦਾ ਹੈ ਤੇ ਅੰਤ ਵਿਸਫੋਟਕ ਰੂਪ ਵਿਚ ਹੁੰਦਾ ਹੈ। ਸਮੁੱਚੀ ਕਹਾਣੀ ਦੇ ਬਿਰਤਾਂਤ ਵਿਚ ਇਕ ਡਰ ਤੇ ਰੋਹ ਦਾ ਮਾਹੌਲ ਬਣਿਆ ਰਹਿੰਦਾ ਹੈ। ਅਜਿਹਾ ਇਸ ਲਈ ਹੁੰਦਾ ਹੈ ਕਿ ਉਸਦੇ ਜ਼ਿਆਦਾਤਰ ਪਾਤਰ ਉਹਨਾਂ ਦੁਖਾਂਤਕ ਸਥਿਤੀਆਂ ਨੂੰ ਭੋਗ ਰਹੇ ਹੁੰਦੇ ਹਨ। ਰਾਣਾ ਉਹਨਾਂ ਸਥਿਤੀਆਂ ਨੂੰ ਵਧੇਰੇ ਸ਼ਿੱਦਤ ਨਾਲ ਚਿਤਰਦਾ ਹੈ। ਰਾਣਾ ਆਪਣੀਆਂ ਕਹਾਣੀਆਂ ਵਿਚ ਕੁਝ ਮੋਟਿਫ਼ ਅਜਿਹੇ ਵਰਤਦਾ ਜਿਹੜੇ ਉਸਦੀ ਕਥਾ ਸੂਝ ਨੂੰ ਦਰਸਾਉਂਦੇ ਹਨ। 'ਉਰਫ ਰੋਸ਼ੀ ਜੱਲਾਦ' ਕਹਾਣੀ ਵਿਚ ਰੋਸ਼ਨ ਦੇ ਬਾਪ ਦਾ ਬਲਦਾਂ ਵਾਲੀ ਰੱਸੀ ਨਾਲ ਖੁਦਕੁਸ਼ੀ ਕਰਨਾ ਅਤੇ ਜੇਲ੍ਹ ਵਿਚ ਦੋਸ਼ੀਆਂ ਨੂੰ ਘਿਉ ਵਿਚ ਨਰਮ ਕੀਤੀ ਰੇਸ਼ਮ ਦੀ ਰੱਸੀ ਨਾਲ ਫਾਂਸੀ ਲਾਉਣ ਦਾ ਵਖਰੇਵਾਂ, ਟਾਹਲੀ

ਉੱਪਰ ਘੁੱਗੀ ਦਾ ਬੋਲਣਾ ਅਜਿਹੇ ਹੀ ਪ੍ਰਤੀਕ ਹਨ। ਇੱਥੋਂ ਤਕ ਕਿ ਜ਼ਿਆਦਾਤਰ ਪਾਤਰਾਂ ਦੇ ਨਾਮ ਵੀ ਉਸਦੀ ਇਸੇ ਪ੍ਰਤੀਕਮਈ ਸੂਝ ਵਿਚੋਂ ਨਿਕਲੇ ਹੋਏ ਹਨ। ਆਪਣੇ ਦੁੱਖ ਦਰਦਾਂ ਕਾਰਨ ਇਹਨਾਂ ਪਾਤਰਾਂ ਵਿਚ ਸਮਰੂਪਤਾ ਦੇਖਣ ਨੂੰ ਮਿਲਦੀ ਹੈ। ਮੁੱਖ ਧਾਰਾ ਤੋਂ ਟੁੱਟੇ ਹੋਏ ਪਾਤਰਾਂ ਦੇ ਦੁੱਖਾਂ-ਦਰਦਾਂ ਦੀ ਬਾਤ ਪਾਉਂਦੇ ਜਸਵੀਰ ਰਾਣਾ ਦੇ ਇਸ ਕਹਾਣੀ ਸੰਗ੍ਰਹਿ ਦਾ ਪੰਜਾਬੀ ਕਹਾਣੀ ਵਿਚ ਸਵਾਗਤ ਕਰਨਾ ਬਣਦਾ ਹੈ।

**–(ਡਾ.) ਹਰਿੰਦਰ ਸਿੰਘ**

## ਹੱਦ ਤੋਂ ਪਰ੍ਹੇ (ਨਾਵਲ) ਮਹਿੰਦਰ ਸਿੰਘ ਤਤਲਾ

ਮਹਿੰਦਰ ਸਿੰਘ ਤਤਲਾ ਆਪਣੇ ਨਾਵਲ 'ਹੱਦ ਤੋਂ ਪਰ੍ਹੇ' (ਸਾਹਿਬਦੀਪ ਪਬਲੀਕੇਸ਼ਨ, ਪਟਿਆਲਾ, ਪੰਨੇ 190, ਮੁੱਲ 250 ਰੁਪਏ) ਨਾਲ ਕਹਾਣੀਕਾਰ ਤੋਂ ਨਾਵਲਕਾਰ ਵੱਲ ਪਹਿਲੀ ਪੁਲਾਂਘ ਪੁੱਟਦਾ ਹੈ। ਨਾਵਲ ਦੀ ਆਦਿਕਾ ਪੜ੍ਹਨ ਸਮੇਂ ਇਸ ਤਰ੍ਹਾਂ ਮਹਿਸੂਸ ਹੋਇਆ ਜਿਵੇਂ ਨਾਨਕ ਸਿੰਘ ਦਾ ਕੋਈ ਨਾਵਲ ਪੜ੍ਹਨ ਲੱਗੇ ਹੋਈਏ। ਨਾਵਲ ਦੀ ਕਹਾਣੀ ਦਾ ਰਹੱਸ ਪਾਠਕ ਦੇ ਮਨ ਵਿਚ ਪੈਦਾ ਕਰਦੇ ਹੋਏ ਉਹ ਪਹਿਲਾਂ ਹੀ ਪਾਠਕ ਨੂੰ ਆਪਣੇ ਬਿਰਤਾਂਤ ਨਾਲ ਜੋੜ ਲੈਂਦਾ ਹੈ। ਨਾਵਲ ਦੀ ਕਹਾਣੀ ਸਾਧਾਰਨ ਹੈ ਪਰ ਇਸਦੇ ਅਰਥ ਡੂੰਘੇ ਤੇ ਸੁਝਾਊ ਹਨ। ਮੱਧਕਾਲੀ ਚਿੰਤਨ ਪਰੰਪਰਾ ਵਿਚ ਜਿਨ੍ਹਾਂ ਵਿਸ਼ੈ ਵਿਕਾਰਾਂ (ਕਾਮ, ਕਰੋਧ, ਲੋਭ, ਮੋਹ, ਹੰਕਾਰ) ਨੂੰ ਮਨੁੱਖ ਦੀ ਘਾੜਤ ਅਤੇ ਤਬਾਹੀ ਦੇ ਸੂਚਕ ਮੰਨ ਕੇ ਗੱਲ ਕੀਤੀ ਗਈ ਹੈ, ਤਤਲਾ ਨੇ ਉਹਨਾਂ ਵਿਕਾਰਾਂ ਨੂੰ ਆਪਣੇ ਨਾਵਲੀ ਬਿਰਤਾਂਤ ਵਿਚ ਬੁਣਿਆ ਹੈ। ਇਹਨਾਂ ਵਿਕਾਰਾਂ ਦੇ ਵਾਹਕ ਵਿਅਕਤੀ ਦੇ ਮਨ ਵਿਚ ਇਸਤੋਂ ਬਿਨਾਂ ਕੁਝ ਵੀ ਨਹੀਂ ਆਉਂਦਾ। ਉਸਦੀ ਸੋਚ-ਸਮਝ ਦੇ ਸਾਰੇ ਦਰਵਾਜੇ ਬੰਦ ਹੋ ਜਾਂਦੇ ਹਨ। ਸਭਿਆਚਾਰਕ ਵਿਗਿਆਨੀਆਂ ਨੇ ਮਨੁੱਖ ਦੇ ਇਕ ਸਮਾਜਕ ਪ੍ਰਾਣੀ ਵਜੋਂ ਸਮਾਜ ਵਿਚ ਰਹਿਣ ਲਈ ਕੁਝ ਨੇਮ ਤਹਿ ਕੀਤੇ ਹਨ। ਇਹਨਾਂ ਨੇਮਾਂ ਦੀ ਪਾਲਣਾ ਮਨੁੱਖ ਨੂੰ ਉਸਦੇ ਸਭਿਅਕ ਤੇ ਸਮਾਜਕ ਪ੍ਰਾਣੀ ਹੋਣ 'ਤੇ ਮੋਹਰ ਛਾਪ ਲਾਉਂਦੀ ਹੈ। ਮਨੁੱਖ ਦਾ ਸੁਭਾਅ ਅਜਿਹਾ ਹੈ ਕਿ ਉਹ ਸਮੇਂ-ਸਮੇਂ ਕਿਸੇ ਵੀ ਤਰ੍ਹਾਂ ਦੇ ਬੰਧਨਾਂ/ਵਰਜਣਾਵਾਂ ਤੋਂ ਪਾਰ ਜਾਣ ਦੀ ਕੋਸ਼ਿਸ਼ ਕਰਦਾ ਰਹਿੰਦਾ ਹੈ। ਮਨੁੱਖ ਦੀ ਇਸੇ ਪ੍ਰਵਿਰਤੀ ਲਈ ਉਸਦੇ ਅਵਚੇਤਨ ਵਿਚ ਪਏ ਉਕਤ ਵਿਕਾਰਾਂ ਨੂੰ ਜ਼ੁੰਮੇਵਾਰ ਮੰਨਿਆ ਜਾਂਦਾ ਹੈ। ਇਹ ਵਿਕਾਰ ਹਰ ਇਕ ਵਿਅਕਤੀ ਅੰਦਰ ਮੌਜੂਦ ਹੁੰਦੇ ਹਨ। ਇਹਨਾਂ ਵਿਕਾਰਾਂ ਨੂੰ ਸਮਤੋਲ ਬਣਾ ਕੇ ਅਤੇ ਆਪਣੇ ਮਨ 'ਤੇ ਹਾਵੀ ਨਾ ਹੋਣ ਦੇਣ ਵਾਲਾ ਮਨੁੱਖ ਸਮਾਜਕ ਤੌਰ 'ਤੇ ਸਨਮਾਨਤ ਤੇ ਪ੍ਰਵਾਨਤ ਹੋ ਜਾਂਦਾ ਹੈ ਜਦਕਿ ਇਹਨਾਂ ਵਿਕਾਰਾਂ ਵਿਚ ਗ੍ਰੱਸਿਆ ਮਨੁੱਖ ਸਮਾਜਕ ਤੌਰ 'ਤੇ ਅਪਮਾਨਤ ਅਤੇ ਅਪ੍ਰਵਾਨਤ ਹੋ ਜਾਂਦਾ ਹੈ। ਇਹਨਾਂ ਵਿਚ ਫਸਿਆ ਹੋਇਆ ਵਿਅਕਤੀ ਆਪਣੀਆਂ ਸਭਿਆਚਾਰਕ ਵਰਜਣਾਵਾਂ ਦੀ ਹੱਦ ਤੋਂ ਬਾਹਰ ਚਲਾ ਜਾਂਦਾ ਹੈ। ਇਹ ਨਾਵਲ ਇਹਨਾਂ ਵਰਜਣਾਵਾਂ ਦੀ ਹੱਦ ਤੋਂ ਪਰੇ ਜਾਣ ਦਾ ਬਿਰਤਾਂਤ ਹੈ।

ਸਾਇੰਸ ਮਾਸਟਰ ਹਰਿੰਦਰ ਸਭਿਆਚਾਰਕ ਵਰਜਣਾਵਾਂ ਦੀ ਹੱਦ ਵਿਚ ਰਹਿਣ ਵਾਲਾ ਚੇਤਨ ਵਿਅਕਤੀ ਹੈ। ਉਸਦੇ ਮਾਂ-ਬਾਪ ਦੀ ਮੌਤ ਤੋਂ ਬਾਅਦ ਸਕੂਲ ਅਧਿਆਪਕਾ ਕੁਲਦੀਪ ਨਾਲ ਵਿਆਹ ਹੋਣ ਉਪਰੰਤ ਉਸਦੀਆਂ ਮਨ ਇੱਛਤ ਖੁਸ਼ੀਆਂ ਨੂੰ ਤਾਂ ਜ਼ਮੀਨ ਮਿਲ ਜਾਂਦੀ ਹੈ ਪਰ ਹੌਲ਼ੀ-ਹੌਲ਼ੀ ਉਹ ਨੈਤਿਕ ਪੱਖ ਤੋਂ ਗਿਰਾਵਟ ਦਾ ਸ਼ਿਕਾਰ ਹੋ ਜਾਂਦਾ ਹੈ। ਉਸਨੂੰ ਗਿਰਾਵਟ ਵੱਲ ਲੈ ਕੇ ਜਾਣ ਵਾਲੀ ਉਸਦੀ ਸਾਲ਼ੀ ਹਰਦੀਪ ਹੁੰਦੀ ਹੈ। ਹਰਦੀਪ ਵਿਚ ਵੀ ਉਕਤ ਵਿਕਾਰਾਂ ਦਾ ਪ੍ਰਬਲ ਵਹਿਣ ਵਗਦਾ ਰਹਿੰਦਾ ਹੈ ਜਿਹੜਾ ਉਸਨੂੰ ਕਦੇ ਵੀ ਸਥਿਰ ਨਹੀਂ ਰਹਿਣ ਦਿੰਦਾ। ਇਹ ਕਹਿਣਾ ਮੁਸ਼ਕਿਲ ਹੁੰਦਾ ਹੈ ਕਿ ਕਿਹੜਾ ਵਿਕਾਰ ਵਧੇਰੇ ਤਬਾਹਕੁਨ ਹੈ ਤੇ ਕਿਹੜਾ ਘੱਟ! ਸਾਰੇ ਵਿਕਾਰ ਇਕ ਦੂਜੇ ਨਾਲ ਜੁੜੇ ਹੁੰਦੇ ਹਨ। ਇਕ ਦੇ ਵਧ ਜਾਣ ਨਾਲ ਸਾਰੇ ਵਧ ਜਾਂਦੇ ਹਨ। ਹਰਦੀਪ ਅੰਦਰ ਪੈਦਾ ਹੋਈਆਂ ਕਾਮੁਕ ਰੁਚੀਆਂ ਉਸਦੇ ਦੂਜੇ ਵਿਕਾਰਾਂ ਨੂੰ ਵੀ ਵਧਾ ਦਿੰਦੀਆਂ ਹਨ। ਉਸਨੂੰ ਆਪਣੀ ਭੈਣ

ਕੁਲਦੀਪ ਦਾ ਘਰ ਵਸ ਜਾਣ ਤੇ ਉਸਨੂੰ ਹਰਿੰਦਰ ਵਰਗਾ ਪਤੀ ਮਿਲ ਜਾਣ ’ਤੇ ਈਰਖਾ ਹੁੰਦੀ ਹੈ। ਸਿੱਟੇ ਵਜੋਂ ਉਸ ਅੰਦਰ ਹਰਿੰਦਰ ਨੂੰ ਹਾਸਲ ਕਰਨ ਦੀ ਇੱਛਾ ਪੈਦਾ ਹੁੰਦੀ ਹੈ। ਹਰਿੰਦਰ ਨੂੰ ਸਰੀਰਕ ਤੌਰ ’ਤੇ ਹਾਸਲ ਕਰਨ ਉਪਰੰਤ ਉਸਦੀ ਇੱਛਾ ਹੋਰ ਵਧ ਜਾਂਦੀ ਹੈ। ਕੁਲਦੀਪ ਇਸ ਸੰਕਟ ਦਾ ਸਾਹਮਣਾ ਕਰਨ ਦੀ ਥਾਂ ਨਿਰਾਸ਼ ਹੋਈ ਆਤਮਦਾਹ ਕਰ ਜਾਂਦੀ ਹੈ। ਹਰਦੀਪ ਦੇ ਹਰਿੰਦਰ ਨਾਲ ਵਿਆਹ ਉਪਰੰਤ ਉਸ ਅੰਦਰ ਆਪਣੇ ਬਾਪ ਤੋਂ ਜ਼ਮੀਨ ਦਾ ਹਿੱਸਾ ਲੈਣ ਦਾ ਲਾਲਚ ਪੈਦਾ ਹੋ ਜਾਂਦਾ ਹੈ। ਸਰਦਾਰਾ ਸਿੰਘ ਦੀ ਤੀਹ ਕਿੱਲੇ ਜ਼ਮੀਨ ਦੀਆਂ ਵਾਰਿਸ ਉਹ ਤਿੰਨ ਭੈਣਾਂ ਹੀ ਹੁੰਦੀਆਂ ਹਨ। ਸਰਦਾਰਾ ਸਿੰਘ ਤੇ ਉਸਦੀ ਪਤਨੀ ਆਪਣੀ ਛੋਟੀ ਧੀ ਲਵਪ੍ਰੀਤ ਤੇ ਉਸਦੇ ਪਤੀ ਗੁਰਚਰਨ ਨੂੰ ਘਰ ਜਵਾਈ ਬਣਾ ਕੇ ਰੱਖਣਾ ਚਾਹੁੰਦੇ ਹਨ। ਹਰਦੀਪ ਤੇ ਹਰਿੰਦਰ ਜ਼ਮੀਨ ਨੂੰ ਹਾਸਲ ਕਰਨ ਲਈ ਬਿਮਾਰ ਸਰਦਾਰਾ ਸਿੰਘ ਨੂੰ ਹਸਪਤਾਲ ਵਿਚ ਡਾਕਟਰ ਨੂੰ ਪੈਸੇ ਦੇ ਕੇ ਮਰਵਾ ਦਿੰਦੇ ਹਨ ਤੇ ਲਵਪ੍ਰੀਤ ਤੇ ਗੁਰਚਰਨ ਨੂੰ ਅੱਤਵਾਦੀਆਂ ਤੋਂ ਮਰਵਾ ਦਿੰਦੇ ਹਨ। ਆਪਣੀ ਮਾਂ ਦਾ ਜਾਅਲੀ ਮੌਤ ਸਰਟੀਫਿਕੇਟ ਬਣਾ ਕੇ ਜ਼ਮੀਨ ਆਪਣੇ ਨਾਂਅ ਲਗਵਾ ਲੈਂਦੇ ਹਨ। ਮਨ ਇੱਛਤ ਸਭ ਕੁਝ ਪ੍ਰਾਪਤ ਕਰਨ ’ਤੇ ਵੀ ਉਹਨਾਂ ਦੀ ਸੰਤੁਸ਼ਟੀ ਨਹੀਂ ਹੋ ਪਾਉਂਦੀ। ਡਾਕਟਰੀ ਇਲਾਜ ਨਾਲ ਲਿਆ ਇਕੋ ਇਕ ਪੁੱਤਰ ਰਣਵੀਰ ਉਲੱਥ ਨਿਕਲ ਜਾਂਦਾ ਹੈ। ਪੈਸੇ ਦੇ ਕੇ ਉਸਨੂੰ ਵਿਦੇਸ਼ ਭੇਜ ਦਿੱਤਾ ਜਾਂਦਾ ਹੈ ਤੇ ਬਾਅਦ ਵਿਚ ਉਸਦਾ ਮੁੱਲ ਵੱਟਣ ਲਈ ਯੋਗ ਕੁੜੀ ਦੀ ਤਲਾਸ਼ ਕੀਤੀ ਜਾਂਦੀ ਹੈ। ਪੜ੍ਹੀ-ਲਿਖੀ ਜਸਪਾਲ ਸਭ ਦੇ ਸਾਹਮਣੇ ਰਣਵੀਰ ਦੀਆਂ ਕਰਤੂਤਾਂ ਨੰਗੀਆਂ ਕਰ ਦਿੰਦੀ ਹੈ। ਨਮੋਸ਼ੀ ਦਾ ਮਾਰਿਆ ਰਣਵੀਰ ਘਰੋਂ ਨਿਕਲ ਜਾਂਦਾ ਹੈ। ਸ਼ਰਾਬ ਦੇ ਨਸ਼ੇ ਵਿਚ ਐਕਸੀਡੈਂਟ ਨਾਲ ਮਾਰਿਆ ਜਾਂਦਾ ਹੈ। ਪੁੱਤਰ ਦੀ ਮੌਤ ’ਤੇ ਪਾਗਲ ਹੋਈ ਹਰਦੀਪ ਵੀ ਗੰਦੇ ਨਾਲੇ ਵਿਚ ਡੁੱਬ ਕੇ ਮਰ ਜਾਂਦੀ ਹੈ। ਨਾਵਲ ਦੇ ਦੁਖਾਂਤਕ ਅੰਤ ਰਾਹੀਂ ਇਹਨਾਂ ਵਿਕਾਰਾਂ ਵਿਚ ਫਸੇ ਵਿਅਕਤੀ ਦੀ ਹੋਣੀ ਦਰਸਾਈ ਹੈ।

ਨਾਵਲਕਾਰ ਨੇ ਉਕਤ ਵਿਕਾਰਾਂ ਦੀ ਗੱਲ ਕਰਨ ਤੋਂ ਇਲਾਵਾ ਕੁਝ ਹੋਰ ਉਪ ਵਿਸ਼ੇ ਵੀ ਛੋਹੇ ਹਨ। ਨਾਵਲ ਦਾ ਵਾਪਰਨ ਕਾਲ 1980 ਵਿਆਂ ਤੋਂ ਬਾਅਦ ਦਾ ਹੈ। ਇਸ ਸਮੇਂ ਵਿਚ ਪੈਦਾ ਹੋਏ ਅੱਤਵਾਦ ਦਾ ਇਕ ਪੱਖ ਅੱਤਵਾਦੀਆਂ ਤੇ ਕਾਮਰੇਡਾਂ ਦੇ ਟਕਰਾਓ ਵਜੋਂ ਛੋਹਿਆ ਹੈ। ਇਸ ਆੜ ਵਿਚ ਇਕ ਧਿਰ ਤੋਚੀ ਵਰਗਿਆਂ ਦੀ ਪੈਦਾ ਹੋ ਜਾਂਦੀ ਹੈ ਜੋ ਅੱਤਵਾਦ ਦੇ ਨਾਂਅ ਹੇਠ ਨਜਾਇਜ਼ ਕੰਮਾਂ ਰਾਹੀਂ ਚੰਗੀ ਪੂੰਜੀ ਕਮਾਉਂਦੇ ਹਨ। ਨਾਵਲ ਵਿਚ ਸਕੂਲ ਅਧਿਆਪਕਾਂ, ਪੁਲਿਸ ਤੇ ਨਿਆਂ ਪ੍ਰਬੰਧ ਦੇ ਸੰਕੇਤਕ ਵੇਰਵੇ ਮਿਲਦੇ ਹਨ। ਪਿੰਡ ਦਾ ਬਿਰਤਾਂਤ ਹੋਣ ਦੇ ਬਾਵਜੂਦ ਇਸ ਵਿਚੋਂ ਵਿਹੜਾ ਗ਼ੈਰ ਹਾਜ਼ਰ ਹੈ। ਦਲਿਤ ਜਾਂ ਕਿਸੇ ਹੋਰ ਵਰਗ ਦੇ ਪ੍ਰਭਾਵ ਅੰਕਿਤ ਨਹੀਂ ਕੀਤੇ ਗਏ। ਕਿਉਂਕਿ ਨਾਵਲ ਕਿਸੇ ਇਕਾਈ ਨੂੰ ਉਸਦੇ ਸਮੁੱਚ ਵਿਚ ਹੀ ਪੇਸ਼ ਕਰਨ ਦਾ ਹੈ। ਨਾਵਲ ਦੇ ਬਿਰਤਾਂਤ ਵਿਚ ਫੋਕਸ ਕੀਤੀ ਧਿਰ ਦਾ ਸੰਵਾਦ ਪ੍ਰਮੁੱਖ ਹੋਣ ਦੇ ਨਾਲ-ਨਾਲ ਲੋੜ ਅਨੁਸਾਰ ਬਾਕੀ ਧਿਰਾਂ ਦਾ ਸੰਵਾਦ ਵੀ ਸ਼ਾਮਲ ਹੁੰਦਾ ਹੈ।

ਨਾਵਲ ਰੋਚਕ ਹੋਣ ਕਰਕੇ ਇਕ ਵਾਰ ਪੜ੍ਹਨਾ ਸ਼ੁਰੂ ਕਰਨ ’ਤੇ ਛੱਡਣ ਨੂੰ ਮਨ ਨਹੀਂ ਕਰਦਾ। ਨਾਵਲ ਦੀ ਆਦਿਕਾ ਵਿਚ ਪੈਦਾ ਕੀਤੀ ਉਤਸੁਕਤਾ ਦਾ ਰਹੱਸ ਨਾਵਲ ਦੀ ਅੰਤਿਕਾ ਵਿਚ ਜਾ ਕੇ ਖੋਲ੍ਹਿਆ ਹੈ। ਪਾਤਰਾਂ ਦਾ ਮਨੋਵਿਗਿਆਨਕ ਪਹਿਲੂ ਬਹੁਤ ਬਰੀਕ ਹੈ। ਉਹਨਾਂ ਦੇ ਅੰਤਰ ਮਨ ਦੀਆਂ ਭਾਵਨਾਵਾਂ ਨੂੰ ਘਟਨਾਵਾਂ ਦੇ ਬਿਆਨ ਵਿਚੋਂ ਸਹਿਜ ਰੂਪ ਵਿਚ ਉਭਾਰਿਆ ਹੈ।ਨਾਵਲ ਦੇ ਬਿਰਤਾਂਤ ਵਿਚ ਕਾਲਪਨਿਕ ਅੰਸ਼ ਯਥਾਰਥ ਦੇ ਅਨੁਕੂਲ ਨਾ ਹੋਣ ਕਾਰਨ ਕੁਝ ਘਟਨਾਵਾਂ ਯਥਾਰਥ ਤੋਂ ਦੂਰ ਚਲੀਆਂ ਜਾਂਦੀਆਂ ਹਨ। ਨਾਵਲੀ ਬਿਰਤਾਂਤ ਵਿਚ ਲੇਖਕ ਦੁਆਰਾ ਦਿੱਤੇ ਮਨ ਇੱਛਤ ਮੋੜ ਇਸਦੀ ਨਾਵਲੀਅਤਾ ਨੂੰ ਥੋੜ੍ਹਾ ਜਿਹਾ ਭੰਗ ਕਰਦੇ ਨਜ਼ਰ ਆਉਂਦੇ ਹਨ। ਪਰੰਤੂ ਨਾਵਲ ਦੀ ਪ੍ਰਾਪਤੀ ਵਿਕਾਰਾਂ ਦੀ ਵਿਕਰਾਲਤਾ ਨੂੰ ਦਰਸਾਉਣਾ ਹੈ। ਮਨੁੱਖੀ ਜ਼ਿੰਦਗੀ ਵਿਚ ਇਹਨਾਂ ਦੇ ਸੰਤੁਲਨ ਦੀ ਅਹਿਮੀਅਤ ਨੂੰ ਦਰਸਾਉਣਾ ਹੈ। ਸੰਤੁਲਨ ਵਿਗੜਨ ਨਾਲ ਕਿਸ ਤਰ੍ਹਾਂ ਜ਼ਿੰਦਗੀ ਵਿਚ ਵਿਗਾੜ

ਆ ਜਾਂਦੇ ਹਨ, ਨਾਵਲ ਦਾ ਵਧੇਰੇ ਫੋਕਸ ਇਸ ਗੱਲ 'ਤੇ ਕੇਂਦਰਤ ਹੋਣ ਕਰਕੇ ਉਕਤ ਊਣਤਾਈਆਂ ਨਜ਼ਰ ਨਹੀਂ ਆਉਂਦੀਆਂ। ਨਾਵਲਕਾਰ ਦਾ ਇਹ ਪਹਿਲਾ ਯਤਨ ਹੋਣ ਕਰਕੇ ਪ੍ਰਸ਼ੰਸਾਮਈ ਹੈ।

**-(ਡਾ.) ਹਰਿੰਦਰ ਸਿੰਘ**

## ਸਵਾਹਾ (ਨਾਵਲ) ਗੁਰਸੇਵਕ ਸਿੰਘ ਪ੍ਰੀਤ

'ਸਵਾਹਾ' ਗੁਰਸੇਵਕ ਸਿੰਘ ਪ੍ਰੀਤ ਦਾ ਪਲੇਠਾ ਨਾਵਲ ਹੈ। ਇਸ ਤੋਂ ਪਹਿਲਾਂ ਉਹ ਕਹਾਣੀ ਰਚਨਾ ਵਿਚ ਆਪਣੀ ਕਲਮ ਅਜ਼ਮਾ ਚੁੱਕਿਆ ਹੈ ਅਤੇ ਉਸਦੇ ਦੋ ਕਹਾਣੀ ਸੰਗ੍ਰਹਿ ਕ੍ਰਮਵਾਰ 'ਮਿਹਣਾ' ਅਤੇ 'ਘੋੜ ਦੌੜ ਜਾਰੀ ਹੈ' ਪ੍ਰਕਾਸ਼ਤ ਹੋ ਚੁੱਕੇ ਹਨ। ਹੱਥਲਾ ਨਾਵਲ (ਸਵਾਹਾ, ਪੰਨੇ 240, ਮੁੱਲ 350 ਰੁਪਏ, ਚੇਤਨਾ ਪ੍ਰਕਾਸ਼ਨ, ਲੁਧਿਆਣਾ) ਅੱਜੋਕੇ ਅਖੌਤੀ ਵਿਕਾਸ ਰਾਹੀਂ ਪੈਦਾ ਹੋਈਆਂ ਸਥਿਤੀਆਂ-ਪਰਿਸਥਿਤੀਆਂ ਅਤੇ ਸਿੱਟਿਆਂ ਨੂੰ ਆਪਣੇ ਕਲਾਵੇ ਵਿਚ ਸਮੇਟਦਾ ਹੈ। ਨਾਵਲ ਵਿਚ ਪ੍ਰਮੁੱਖ ਸਵਾਲ ਇਹ ਉਠਾਇਆ ਗਿਆ ਹੈ ਕਿ ਵਿਕਾਸ ਦਾ ਮਤਲਬ ਕੀ ਹੈ, ਵਸਾਉਣਾ ਜਾਂ ਉਜਾੜਨਾ? ਅੱਜੋਕੇ ਵਿਕਾਸ ਦੇ ਨਾਂ ਹੇਠ ਆਮ ਲੋਕਾਈ ਨੂੰ ਉਜਾੜਿਆ ਜਾ ਰਿਹਾ ਹੈ, ਜ਼ਮੀਨਾਂ ਖੋਹੀਆਂ ਜਾ ਰਹੀਆਂ ਹਨ। ਤਾਂ ਫਿਰ ਵਿਕਾਸ ਕਿਸ ਧਿਰ ਦਾ ਹੋ ਰਿਹਾ ਹੈ? ਕੀ ਇਸ ਉਜਾੜੇ ਨੂੰ ਵਿਕਾਸ ਕਹਿਣਾ ਯੋਗ ਹੈ ਜਾਂ ਇਸਨੂੰ ਵਿਨਾਸ਼ ਸਮਝਣਾ ਚਾਹੀਦਾ ਹੈ?

'ਸਵਾਹਾ' ਟਿੱਬੀ ਰਾਮ ਸਿੰਘ ਵਾਲੀ ਦੇ ਭੁਰ-ਭੁਰ ਕੇ ਰਾਮਲੀ ਬਣ ਜਾਣ ਅਤੇ ਇਸ ਦੇ ਵਸਨੀਕਾਂ ਦੇ ਭੋਲੇਪਣ ਤੇ ਸਾਦਗੀ ਨੂੰ ਰਾਜਨੀਤੀ ਤੇ ਵਿਕਾਸ ਦੇ ਟਿੱਡੀ ਦਲ ਦੁਆਰਾ ਚਟਮ ਕਰ ਜਾਣ ਦੀ ਕਹਾਣੀ ਪੇਸ਼ ਕਰਦਾ ਹੈ। ਨਾਵਲ ਵਿਚ ਕਿਸੇ ਇਕਹਿਰੇ ਪਾਤਰ ਦੀ ਥਾਂ ਟਿੱਬੀ ਰਾਮ ਸਿੰਘ ਵਾਲੀ ਕੇਂਦਰੀ ਪਾਤਰ ਵਜੋਂ ਵਿਚਰਦੀ ਹੈ। ਨਾਵਲ ਵਿਚ ਆਧੁਨਿਕ ਵਿਕਾਸ, ਕਾਰਪੋਰੇਟ ਤੰਤਰ, ਬੇਰੁਜ਼ਗਾਰੀ, ਸਿੱਖਿਆ, ਸਿਹਤ, ਨਿਆਂ ਅਤੇ ਸੁਰੱਖਿਆ ਆਦਿ ਸਮਾਜਕ ਸਮੱਸਿਆਵਾਂ ਨੂੰ ਛੋਹਿਆ ਗਿਆ ਹੈ।

ਨਾਵਲ ਵਿਚ ਗੋਕਲ ਦਾਸ, ਖੱਬੀ ਖ਼ਾਨ, ਬੱਲੀ ਬਾਬਾ, ਜੱਗੀ ਗਾਲ੍ਹੜ, ਮੁੱਖ ਮੰਤਰੀ ਮਹਾਤਮਾ ਸਿੰਘ, ਪ੍ਰਧਾਨ ਮੰਤਰੀ ਈਸ਼ਵਰ ਚੰਦਰ, ਦਰਸ਼ਨ ਪਟਵਾਰੀ, ਕਾਰੂ, ਫੌਜੀ, ਗਿਆਨੀ ਗਿਆਨ ਸਿੰਘ, ਸਰਪੰਚ ਡੀਸੀ, ਪੰਡਤ ਹਜ਼ਾਰੀ ਆਦਿ ਪਾਤਰ ਵਿਕਾਸ ਪੱਖੀ ਧਿਰ ਦੇ ਪ੍ਰਤੀਨਿਧੀਆਂ ਵਜੋਂ ਕਾਰਜਸ਼ੀਲ ਹੋਏ ਹਨ। ਵਾਸਤਵ ਵਿਚ ਟਿੱਬੀ ਰਾਮ ਸਿੰਘ ਵਾਲੀ ਦਾ ਵਿਕਾਸ ਇਹਨਾਂ ਪਾਤਰਾਂ ਦਾ ਨਿੱਜੀ ਹੋਣ ਤਕ ਮਹਿਦੂਦ ਰਹਿ ਜਾਂਦਾ ਹੈ। ਬੰਤ ਸਿੰਘ ਬਿੱਛੂ ਕਾਮਰੇਡ, ਸੁਖਦੇਵ, ਮਾੜੂ ਡਾਕੀਆ, ਘੀਚਰ, ਧਰਮੂ, ਜੰਗੀ, ਨੈਬਾ ਆਦਿ ਪਾਤਰ ਨਾਵਲ ਵਿਚ ਨਾਇਕ ਧਿਰ ਦੇ ਕਾਰਕੁਨਾਂ ਵਜੋਂ ਰੂਪਮਾਨ ਹੁੰਦੇ ਹਨ। ਬਿੱਛੂ ਕਾਮਰੇਡ ਤੇ ਸੁਖਦੇਵ ਤੋਂ ਛੁੱਟ ਬਾਕੀ ਪਾਤਰ ਬਿਨਾਂ ਵਿਰੋਧ ਕੀਤਿਆਂ ਵਿਕਾਸ ਦੀ ਹਨ੍ਹੇਰੀ ਵਿਚ ਉੱਡਦੇ ਹਨ ਅਤੇ ਆਖਰ ਵਿਚ ਜੰਗੀ ਆਪਣੀ ਕੁੜੀ, ਭੀਂਡੀ ਦੇ ਭਵਾਨੀ ਨਾਂ ਦੇ ਭਈਏ ਨਾਲ ਨਿਕਲ ਜਾਣ ਕਾਰਨ ਆਤਮ ਹੱਤਿਆ ਕਰਕੇ, ਨੈਬਾ ਆਪਣੇ ਪੁੱਤਰਾਂ ਦੇ ਨਸ਼ੱਈ ਹੋਣ ਦੇ ਦੁੱਖੋਂ ਰੇਲਗੱਡੀ ਦੇ ਹੇਠਾਂ ਆ ਕੇ ਆਤਮ ਹੱਤਿਆ ਕਰਕੇ ਅਤੇ ਘੀਚਰ ਸ਼ਰਾਬ ਦੇ ਨਸ਼ੇ 'ਚ ਗਰਕ ਕੇ ਮਿੱਟੀ ਵਿਚ ਮਿਲ ਜਾਂਦੇ ਹਨ। ਧਰਮੂ ਤੇ ਮਾੜੂ ਵੀ ਇਸੇ ਵਿਕਾਸ ਦੀ ਉੱਡਦੀ ਗਰਦ ਵਿਚ ਰੁਲ਼ ਜਾਂਦੇ ਹਨ। ਬਿੱਛੂ ਕਾਮਰੇਡ ਅਤੇ ਸੁਖਦੇਵ ਪ੍ਰਮੁੱਖ ਰੂਪ ਵਿਚ ਸਥਾਪਤੀ ਤੇ ਬੁਰਜੁਆ ਸ਼੍ਰੇਣੀ ਵਿਰੁੱਧ ਐਲਾਨੀਆ ਰੂਪ ਵਿਚ ਆਵਾਜ਼ ਬੁਲੰਦ ਕਰਦੇ ਹਨ। ਸੁਖਦੇਵ ਜੋ ਸ਼ਹਿਰ ਵਿਚ ਬਤੌਰ ਕਾਲਿਜ ਪ੍ਰੋਫੈਸਰ ਕੰਮ ਕਰਦਾ ਹੈ, ਨੂੰ ਕਾਲਿਜ ਵੱਲੋਂ ਸਾਜ਼ਿਸ਼ ਰਚਣ ਦੇ ਜੁਰਮ ਅਧੀਨ ਫਾਰਗ ਕਰ ਦਿੱਤਾ ਜਾਂਦਾ ਹੈ ਅਤੇ ਉਹ ਆਪਣੇ ਹੱਕਾਂ ਲਈ ਅਦਾਲਤ ਦੇ ਦਰਾਂ ਵਿਚ ਜਾ ਖੜ੍ਹਦਾ ਹੈ। ਸੁਖਦੇਵ ਦੇ ਪਾਤਰ ਰਾਹੀਂ ਆਧੁਨਿਕ ਸਮਾਜ ਵਿਚਲੀਆਂ ਉਚੇਰੀ ਸਿਖਿਆ ਸੰਸਥਾਵਾਂ ਤੇ ਸਿੱਖਿਆ ਪ੍ਰਬੰਧ ਦੀ ਵਾਸਤਵਿਕਤਾ ਨੂੰ ਯਥਾਰਥ ਦੇ ਧਰਾਤਲ 'ਤੇ ਚਿਤਰਿਆ ਗਿਆ ਹੈ। ਬਿੱਛੂ ਕਾਮਰੇਡ ਨੂੰ ਸਥਾਪਤੀ ਨਾਲ ਆਢਾ ਲਾਉਣ ਦਾ ਖਮਿਆਜ਼ਾ ਭੁਗਤਣਾ ਪੈਂਦਾ ਹੈ। ਉਸਨੂੰ ਬਿਨਾਂ

ਕਿਸੇ ਕਸੂਰ ਦੇ ਵਾਰ-ਵਾਰ ਝੂਠੇ ਮੁਕੱਦਮਿਆਂ ਵਿਚ ਟੰਗਿਆ ਜਾਂਦਾ ਹੈ ਅਤੇ ਉਹ ਜੇਲ੍ਹ ਦਾ ਪੱਕਾ ਵਾਸੀ ਬਣ ਜਾਣ ਤਕ ਸੁੰਗੜ ਜਾਂਦਾ ਹੈ। ਕਾਮਰੇਡ ਆਪਣੇ ਨਾਲ ਵਾਪਰ ਰਹੇ ਘਟਨਾਕ੍ਰਮ ਦੀ ਪ੍ਰਸੰਗਕਤਾ ਤੋਂ ਵਿਸ਼ਵੀ ਵਿਵੇਕ ਦੀ ਘਾਟ ਕਾਰਨ ਅਣਜਾਣ ਰਹਿੰਦਾ ਹੈ ਅਤੇ ਉਹ ਦਿਸਦੇ ਦੇ ਪਿੱਛੇ ਕਾਰਜਸ਼ੀਲ ਅਣਦਿਸਦੇ ਨੂੰ ਵੇਖਣ ਤੋਂ ਅਸਮਰੱਥ ਹੈ। ਆਖ਼ਰਕਾਰ ਬੁਰਜੁਆ ਧਿਰਾਂ ਦੇ ਵਿਕਾਸ ਦੇ ਰੋਡ ਰੋਲਰ ਹੇਠ ਮਿੱਧ ਉਸ ਦੀ ਹੋਂਦ ਨੂੰ ਮਿਟਾ ਦਿੱਤਾ ਜਾਂਦਾ ਹੈ। ਕਾਮਰੇਡ ਦੇ ਮੁਕੱਦਮਿਆਂ ਵਿਚ ਪੁਲਿਸ ਵੱਲੋਂ ਭੁਗਤਾਈਆਂ ਗਵਾਹੀਆਂ (ਬੋਕ ਦੀ) ਅਤੇ ਦੋਸ਼ਾਂ (ਜਾਨਵਰ ਭੜਕਾਊ ਕੇਸ) ਆਦਿ ਸਮਕਾਲੀ ਨਿਆਂ ਪ੍ਰਬੰਧ ਤੇ ਪੁਲਿਸ ਪ੍ਰਸ਼ਾਸ਼ਨ 'ਤੇ ਕਰੜਾ ਵਿਅੰਗ ਹੈ, ਜੋ ਇਹਨਾਂ ਪ੍ਰਬੰਧਾਂ ਦੀ ਵਾਸਤਵਿਕ ਕਾਰਗੁਜ਼ਾਰੀ 'ਤੇ ਸਵਾਲੀਆ ਨਿਸ਼ਾਨ ਲਗਾਉਂਦਾ ਹੈ।

ਨਾਵਲ ਵਿਚ ਵਿਕਾਸ ਦੇ ਨਾਂ ਹੇਠ ਰਿਆਇਆ ਨੂੰ ਕੰਗਾਲ ਤੇ ਬੇਰੁਜ਼ਗਾਰ ਕਰਨ ਦੇ ਅਣਦਿਸਦੇ ਪ੍ਰਪੰਚ ਦੇ ਰਹੱਸ ਨੂੰ ਉਜਾਗਰ ਕੀਤਾ ਗਿਆ ਹੈ। ਟਿੱਬੀ ਦੀ ਜ਼ਮੀਨ ਮਹਿੰਗੇ ਭਾਅ ਲੈ ਕੇ ਕਾਰਪੋਰੇਟ ਦੇ ਹਵਾਲੇ ਕਰ ਦਿੱਤੀ ਜਾਂਦੀ ਹੈ। ਜ਼ਮੀਨਾਂ ਤੋਂ ਟੁੱਟੇ ਤੇ ਕੰਮ ਦੀ ਚਾਲ ਤੋਂ ਥਿੜਕੇ ਹੋਏ ਟਿੱਬੀ ਦੇ ਵਸਨੀਕ ਛੇਤੀ ਹੀ ਨਸ਼ਿਆਂ ਅਤੇ ਕਾਰਖਾਨਿਆਂ ਦੁਆਰਾ ਕੀਤੇ ਪ੍ਰਦੂਸ਼ਤ ਵਾਤਾਵਰਨ ਕਾਰਨ ਪੈਦਾ ਹੋਈਆਂ ਭਿਆਨਕ ਬਿਮਾਰੀਆ ਦੀ ਭੇਂਟ ਚੜ੍ਹ ਕੰਗਾਲ ਹੋ ਜਾਂਦੇ ਹਨ। ਉਹਨਾਂ ਦੀ ਅਗਲੀ ਪੀੜ੍ਹੀ ਐਸ਼ਪ੍ਰਸਤੀ ਵਿਚ ਗ੍ਰੱਸੀ, ਨਸ਼ਿਆਂ, ਮਹਿੰਗੀਆਂ ਕਾਰਾਂ, ਵੱਡੀਆਂ ਕੋਠੀਆਂ ਆਦਿ ਦੀ ਚਕਾਚੌਂਧ ਵਿਚ ਉਲਝ ਕੇ ਰਹਿ ਜਾਂਦੀ ਹੈ ਅਤੇ ਆਪਣੇ ਭਵਿੱਖ ਦੇ ਗਰਕਣ ਤੋਂ ਅਚੇਤ ਰਹਿੰਦੀ ਹੈ। ਅਸਲ ਵਿਚ ਵਿਕਾਸ ਵਿਕਰਾਲ ਦਲਦਲ ਦਾ ਰੂਪ ਧਾਰਨ ਕਰ ਜਾਂਦਾ ਹੈ, ਜਿਸ ਵਿਚੋਂ ਟਿੱਬੀ ਰਾਮ ਸਿੰਘ ਵਾਲੀ ਤੇ ਉਸਦੇ ਵਸਨੀਕਾਂ ਦਾ ਨਿਕਲ ਸਕਣਾ ਅਸੰਭਵ ਹੋ ਨਿਬੜਦਾ ਹੈ।

ਸਵਾਹਾ' ਵਿਚ ਧਰਮ ਦੇ ਲਿਬਾਸ ਹੇਠ ਹੋਣ ਵਾਲੇ ਗੋਰਖਧੰਦੇ ਦਾ ਵੀ ਪਰਦਾ ਚਾਕ ਕੀਤਾ ਗਿਆ ਹੈ। ਗੋਕਲ ਦਾਸ ਤੇ ਖੱਬੀ ਖ਼ਾਨ ਵਰਗੇ ਦਲਿਤਾਂ ਦੇ ਟੋਇਆਂ ਵਾਲੀ ਜ਼ਮੀਨ ਹੱਥਿਆਉਣ ਲਈ, ਗਿਆਨੀ ਗਿਆਨ ਸਿੰਘ ਨੂੰ ਸਾਧਨ ਵਜੋਂ ਵਰਤ, ਗੁਰਦੁਆਰਾ ਬਣਾਉਂਦੇ ਹਨ ਅਤੇ ਲੰਬੀ ਵਿਉਂਤਬੰਦੀ ਨਾਲ ਸਫ਼ਲਤਾ ਪ੍ਰਾਪਤ ਕਰਦੇ ਹਨ। ਪੰਡਤ ਹਜਾਰੀ ਤੇ ਧਰਮੂ ਦੁਆਰਾ ਗਊਸ਼ਾਲਾ ਦੀ ਉਤਪਤੀ ਇਸੇ ਧਰਮ ਸ਼ਾਸਤਰ ਦਾ ਅੰਗ ਸਾਬਤ ਹੁੰਦੀ ਹੈ। ਸਮਾਜ ਸੇਵੀ ਸੰਸਥਾਵਾਂ ਦੀ ਸਥਾਪਤੀ ਅਤੇ ਉਹਨਾਂ ਦੀ ਘਾੜਤ, ਜੋੜ-ਤੋੜ ਆਦਿ ਨੂੰ ਨਾਵਲ ਵਿਚ ਬਾਖੂਬੀ ਚਿਤਰਿਆ ਗਿਆ ਹੈ। ਇਹ ਸੰਸਥਾਵਾਂ ਸਮਾਜ ਸੇਵਾ ਦੀ ਥਾਂ ਆਪਣੇ ਨਿੱਜੀ ਮੁਫ਼ਾਦ ਲਈ ਵਧੇਰੇ ਕਿਰਿਆਸ਼ੀਲ ਹੁੰਦੀਆਂ ਹਨ ਅਤੇ ਜੋਤੀ ਪ੍ਰਕਾਸ਼ ਵਰਗੇ ਸੱਚੇ ਸਮਾਜ ਸੇਵਕਾਂ ਦੀ ਰੱਤੀ ਭਰ ਵੁੱਕਤ ਨਹੀਂ ਪੈਂਦੀ।

ਨਾਵਲ ਵਿਚ ਪੰਜਾਬ ਵਿਚ ਬਾਹਰੀ ਰਾਜਾਂ ਦੇ ਵੱਧਦੇ ਪ੍ਰਭਾਵ ਨੂੰ ਜੰਗੀ ਦੀ ਲੜਕੀ ਭੀਂਡੀ ਤੇ ਭਵਾਨੀ ਦੇ ਪਿਆਰ ਸੰਬੰਧਾਂ ਜ਼ਰੀਏ ਪੇਸ਼ ਕੀਤਾ ਗਿਆ ਹੈ। ਇਸ ਘਟਨਾ ਰਾਹੀਂ ਪੰਜਾਬੀ ਸਭਿਆਚਾਰ ਵਿਚ ਹੋ ਰਹੀ ਟੁੱਟ-ਭੱਜ ਕਾਰਨ ਪੈਦਾ ਹੋਏ ਖਲਾਅ ਤੇ ਖੋਖਲੇਪਣ ਨੂੰ ਪ੍ਰਤੀਬਿੰਬਤ ਕੀਤਾ ਗਿਆ ਹੈ। ਵਾਸਤਵ ਵਿਚ ਨਾਵਲਕਾਰ ਟਿੱਬੀ ਰਾਮ ਸਿੰਘ ਵਾਲੀ ਤੋਂ ਰਾਮਲੀ ਬਣ ਜਾਣ ਨੂੰ, ਵਿਸ਼ਵੀਕਰਨ ਦੇ ਪ੍ਰਭਾਵ ਸਦਕਾ ਉਸਰ ਰਹੇ ਗਲੋਬਲੀ ਪਿੰਡ ਦੇ ਉਸਾਰੂ ਤੇ ਨਿਘਾਰੂ ਪ੍ਰਭਾਵਾਂ ਦੀ ਨਿਸ਼ਾਨਦੇਹੀ ਕਰਨ ਹਿੱਤ, ਪ੍ਰਤੀਕ ਵਜੋਂ ਪ੍ਰਤੀਪਾਦਤ ਕਰਦਾ ਹੈ। ਨਾਵਲ ਵਿਚ ਬਿਰਤਾਂਤਕਾਰ ਘਟਨਾਵਾਂ ਪੇਸ਼ ਕਰਨ ਦੇ ਨਾਲ-ਨਾਲ ਵਿਆਖਿਆ ਕਰਨ ਦੇ ਕਾਰਜ ਵੱਲ ਵੀ ਤੁਰ ਪੈਂਦਾ ਹੈ ਜਿਸ ਕਾਰਨ ਨਾਵਲ ਵਿਚ ਨਾਵਲਕਾਰ ਦੇ ਸਿੱਧੇ ਦਖ਼ਲ ਦੀ ਪ੍ਰਤੀਤੀ ਹੁੰਦੀ ਹੈ। ਘਟਨਾਵਾਂ ਤੇ ਸਮੱਸਿਆਵਾਂ ਦੀ ਬਹੁਤਾਤ ਨਾਲ ਕਿਤੇ-ਕਿਤੇ ਕਥਾ ਦੂਜੈਲੇ ਸਥਾਨ 'ਤੇ ਚਲੀ ਜਾਂਦੀ ਹੈ, ਜਿਸ ਕਾਰਨ ਕਥਾ ਰਸ ਦੀ ਘਾਟ ਪਣਪਦੀ ਹੈ। ਵਿਸ਼ਾ ਪੱਖ ਤੋਂ ਨਾਵਲਕਾਰ ਦੀ ਪਕੜ ਮਜ਼ਬੂਤ ਹੈ ਅਤੇ ਉਸਦੀ ਵਿਸ਼ਾ ਚੋਣ ਦਾਦ ਦੀ ਹੱਕਦਾਰ ਹੈ। ਨਾਵਲਕਾਰ ਦਾ ਪਹਿਲਾ ਨਾਵਲ ਹੋਣ ਕਾਰਨ ਇਸ ਵਿਚ ਊਣਤਾਈਆਂ ਦਾ ਅਹਿਸਾਸ ਹੁੰਦਾ ਹੈ। ਪਰ ਆਉਂਦੇ ਸਮੇਂ ਵਿਚ ਅਵੱਸ਼ ਉਸ ਤੋਂ ਊਣਤਾਈਆਂ 'ਤੇ ਅਬੂਰ ਹਾਸਲ ਕਕੇ ਨਿੱਗਰ ਰਚਨਾਵਾਂ ਦੀ ਉਮੀਦ ਕੀਤੀ ਜਾ ਸਕਦੀ ਹੈ। **-ਪਰਗਟ ਸਿੰਘ ਬਰਾੜ**

# ਸੌਵੇਂ ਅੰਕ ਤੋਂ ਦੋ ਸੌਵੇਂ ਅੰਕ ਤਕ: ਮਸ਼ਾਲ ਜਗਦੀ ਰਹੇਗੀ

## ਸਤੀਸ਼ ਕੁਮਾਰ ਵਰਮਾ

ਜਰਮਨ ਨਾਟਕਕਾਰ, ਨਿਰਦੇਸ਼ਕ, ਨਾਟ-ਚਿੰਤਕ ਅਤੇ ਨਾਟ-ਸਿਧਾਂਤਕਾਰ ਬਰਤੋਲਤ ਬਰੈਖ਼ਤ ਦੇ ਨਾਟ-ਗੀਤ ਦੀਆਂ ਪ੍ਰਸਿੱਧ ਸਤਰਾਂ ਹਨ:

*ਕੀ ਜ਼ੁਲਮਤਾਂ ਦੇ ਦੌਰ ਵਿਚ ਵੀ ਗੀਤ ਗਾਏ ਜਾਣਗੇ*
*ਹਾਂ, ਜ਼ੁਲਮਤਾਂ ਦੇ ਦੌਰ ਵਿਚ ਹੀ ਗੀਤ ਗਾਏ ਜਾਣਗੇ*

ਅਰਬੀ, ਫਾਰਸੀ, ਉਰਦੂ ਤੋਂ ਜਬਰਨ ਮਹਿਰੂਮ ਕੀਤੀ ਗਈ, ਦੇਸ਼-ਵੰਡ ਤੋਂ ਬਾਅਦ ਪੈਦਾ ਹੋਈ, ਸਾਡੇ ਵਾਲੀ ਪੀੜ੍ਹੀ ਵਿਚਲੇ ਬਹੁਤੇ ਪਾਠਕ, ਸਰੋਤੇ ਤੇ ਦਰਸ਼ਕ ਆਮ ਤੌਰ 'ਤੇ ਇਨ੍ਹਾਂ ਸਤਰਾਂ ਵਿਚਲੇ ਮੁਖ ਸ਼ਬਦ ਨੂੰ 'ਜ਼ੁਲਮ' ਦਾ ਹੀ ਪ੍ਰਤੀਰੂਪ ਸਮਝ ਕੇ ਮੁੱਠੀਆਂ ਮੀਚਦੇ ਰਹੇ ਹਨ ਜਦਕਿ 'ਜ਼ੁਲਮਤ' ਦਾ ਅਰਥ 'ਹਨੇਰਾ' ਹੈ। ਬਰੈਖ਼ਤ ਪਹਿਲੀ ਸਤਰ ਵਿਚ ਖ਼ੁਦ ਹੀ ਸਵਾਲ ਉਠਾਉਂਦਾ ਹੈ: ਕੀ ਹਨੇਰਿਆਂ ਦੇ ਦੌਰ ਵਿਚ ਵੀ ਗੀਤ ਗਾਏ ਜਾਣਗੇ, ਭਾਵ ਕੀ ਹਨੇਰਿਆਂ ਵਿਚ ਗੀਤ ਗਾਏ ਜਾਣ ਦੇ ਇਮਕਾਨ ਹਨ? ਦੂਜੀ ਸਤਰ ਵਿਚ ਆਪ ਹੀ ਉੱਤਰ ਦਿੰਦਾ ਹੈ: ਹਾਂ ਹਨੇਰਿਆਂ ਦੇ ਦੌਰ ਵਿਚ ਹੀ ਗੀਤ ਗਾਏ ਜਾਣਗੇ। 1956 ਵਿਚ ਗੁਜ਼ਰੇ ਬਰੈਖ਼ਤ ਦੀ ਇਸ ਦੂਜੀ ਸਤਰ ਨੂੰ ਪੰਜਾਬੀ ਸਾਹਿਤ- ਜਗਤ ਵਿਚ 56 ਵਰ੍ਹੇ ਪਹਿਲਾਂ 1965 ਵਿਚ ਕੁਝ ਨੌਜਵਾਨਾਂ ਨੇ ਉਦੋਂ ਅਮਲੀ ਜਾਮਾ ਪਹਿਨਾਉਣ ਦਾ ਫੈਸਲਾ ਕੀਤਾ ਸੀ ਜਦੋਂ ਉਸ ਵਰ੍ਹੇ ਤੋਂ ਤੀਹ ਵਰ੍ਹੇ ਪਹਿਲਾਂ ਪੂਰੇ ਜਾਹੋ ਜਲਾਲ ਨਾਲ 1935 ਵਿਚ ਪ੍ਰਕਾਸ਼ਮਾਨ ਹੋਈ ਅਤੇ ਪੰਜਾਬੀ ਸਾਹਿਤ ਵਿਚ ਜੜ੍ਹਾਂ ਜਮਾ ਚੁੱਕੀ 'ਪ੍ਰਗਤੀਵਾਦੀ ਲਹਿਰ' ਨੂੰ ਢਾਹ ਲਾਉਣ ਦੀਆਂ ਕੋਸ਼ਿਸ਼ਾਂ ਦੇ ਸਿੱਟੇ ਵਜੋਂ ਸਮਾਜਕ ਪ੍ਰਤੀਬੱਧਤਾ ਨੂੰ ਨਕਾਰਦੀ 'ਪ੍ਰਯੋਗਸ਼ੀਲ ਲਹਿਰ' ਉਭਰੀ ਸੀ। ਇਸ ਸਥਿਤੀ ਦਾ ਤੋੜ ਲੱਭਣ ਦਾ ਯਤਨ ਹੀ 'ਸਿਰਜਣਾ' ਰੂਪੀ ਸਾਹਿਤਕ ਮੈਗਜ਼ੀਨ ਦਾ ਉਦਯ ਹੋਣਾ ਸੀ। ਇਹ 'ਸੰਪਾਦਕੀ ਕਾਫ਼ਲਾ' ਵਕਤ ਪੈਣ ਨਾਲ ਰੂਪ ਬਦਲ ਕੇ ਰਘਬੀਰ ਸਿੰਘ ਨਾਂ ਦੇ 'ਇਕੱਲੇ ਦੇ ਕਾਫਲੇ' ਵਿਚ ਵਟ ਗਿਆ ਜਿਸ ਨੇ ਹਨੇਰਿਆਂ ਵਿਚ ਗੀਤ ਗਾਉਣਾ ਜਾਰੀ ਰਖਿਆ ਅਤੇ ਅਗਲੇ ਤੀਹ ਸਾਲਾਂ ਦੌਰਾਨ ਇਸ ਗੀਤ ਦੀ ਉਮਰ ਸੌਵੇਂ ਅੰਕ ਤਕ ਪੁੱਜ ਗਈ। ਇਸ ਇਤਿਹਾਸਿਕ ਵਰਤਾਰੇ ਦੇ ਪਿਛੋਕੜ ਨੂੰ ਜਾਣਨ ਲਈ 'ਸੰਪਾਦਕ' ਦੇ ਆਪਣੇ ਸ਼ਬਦਾਂ ਨੂੰ ਪੜ੍ਹਨਾ ਵਧੇਰੇ ਪ੍ਰਭਾਵਕਾਰੀ ਹੋਵੇਗਾ:

*ਇਸ ਤਰ੍ਹਾਂ ਦੇ ਮੁੱਦਿਆਂ ਦੇ ਸਨਮੁੱਖ ਸਾਡਾ, ਕੁਝ ਦੋਸਤਾਂ ਦਾ ਵਿਚਾਰ ਸੀ ਕਿ ਪ੍ਰਗਤੀਵਾਦੀ ਸਾਹਿਤਕ ਲਹਿਰ ਅਤੇ ਪ੍ਰਗਤੀਵਾਦੀ ਸਾਹਿਤਕਾਰਾਂ ਨੂੰ ਸਮੇਂ ਦਾ ਹਾਣੀ ਬਣੇ ਰਹਿਣ ਲਈ ਜਿੱਥੇ ਆਪਣੀਆਂ ਸੀਮਾਵਾਂ ਤੇ ਤਰੁਟੀਆਂ ਨੂੰ ਸਮਝਣ ਦੀ ਲੋੜ ਹੈ, ਉਥੇ ਪ੍ਰਯੋਗਵਾਦ ਦੇ ਹਮਲੇ ਦਾ ਡਟ ਕੇ ਸਾਹਮਣਾ ਕਰਨਾ ਬਹੁਤ ਹੀ ਜ਼ਰੂਰੀ ਹੈ। ਇਸ ਸਮਝ ਅਨੁਸਾਰ ਜਿਨ੍ਹਾਂ ਕੁਝ ਦੋਸਤਾਂ ਨੇ ਇਕ ਸਾਹਿਤਕ ਪੱਤਰ ਜਾਰੀ ਕਰਨ ਦਾ ਨਿਸ਼ਚਾ ਕੀਤਾ ਉਹਨਾਂ ਵਿਚ ਇਹਨਾਂ ਸਤਰਾਂ ਦੇ ਲੇਖਕ ਤੋਂ ਬਿਨਾਂ ਹਰਭਜਨ ਸਿੰਘ ਹੁੰਦਲ, ਸੁਰਿੰਦਰ ਗਿੱਲ, ਸੁਹੇਲ ਸਿੰਘ, ਹਰਦਿਆਲ ਸਿੰਘ ਚੱਠਾ, ਨ.ਕ. ਜੋਸ਼ੀ ਅਤੇ ਜਗੀਰ ਸਿੰਘ ਜਗਤਾਰ ਸ਼ਾਮਲ ਸਨ। ਅਸੀਂ ਇਹ ਵੀ ਸਮਝਦੇ ਸਾਂ ਕਿ ਉਸ ਸਮੇਂ ਦੇ ਸਥਾਪਤ ਪੱਤਰ, 'ਪ੍ਰੀਤ ਲੜੀ' ਅਤੇ 'ਆਰਸੀ' ਆਦਿ ਇਹਨਾਂ ਪ੍ਰਸ਼ਨਾਂ ਦੇ ਵਿਚਾਰਧਾਰਕ ਪਹਿਲੂਆਂ ਨੂੰ ਵਿਚਾਰਨ ਵੱਲ ਜਾਂ ਤਾਂ ਰੁਚਿਤ ਹੀ ਨਹੀਂ ਸਨ ਅਤੇ ਜਾਂ ਇਹਨਾਂ ਨਾਲ ਨਿਪਟਣ ਦੇ*

*ਪੂਰੀ ਤਰ੍ਹਾਂ ਸਮਰੱਥ ਨਹੀਂ ਸਨ। ਇਸ ਲਈ ਲੋੜ ਸੀ ਇਕ ਅਜਿਹੇ ਪੱਤਰ ਦੀ, ਜੋ ਪ੍ਰਗਤੀਵਾਦੀ ਦਿੱਖ ਦੇ ਸਹੀ ਸਿਰਜਣਾਤਮਕ ਪ੍ਰਗਟਾਅ ਦੇ ਨਾਲ ਨਾਲ ਸਾਹਿਤ ਦੀ ਸਮਝ ਤੇ ਦ੍ਰਿਸ਼ਟੀ ਦੇ ਵਿਚਾਰਧਾਰਕ ਪੱਖਾਂ ਨੂੰ ਵੀ ਗੰਭੀਰਤਾ ਨਾਲ ਪੇਸ਼ ਕਰ ਸਕੇ। ਇਸ ਆਸ਼ੇ ਨੂੰ ਸਾਹਮਣੇ ਰੱਖ ਕੇ ਪਰਚਾ ਜਾਰੀ ਕਰਨ ਤੋਂ ਪਹਿਲਾਂ ਇਕ ਗਸ਼ਤੀ ਪੱਤਰ ਪੰਜਾਬੀ ਦੇ ਸਾਹਿਤਕ ਹਲਕਿਆਂ ਵਿਚ ਵੰਡਿਆ ਗਿਆ ਅਤੇ ਕਈ ਵਿਦਵਾਨ ਲੇਖਕਾਂ, ਖਾਸਕਰ ਸੰਤ ਸਿੰਘ ਸੇਖੋਂ ਤੇ ਅਤਰ ਸਿੰਘ, ਨਾਲ ਨਿੱਜੀ ਸੰਪਰਕ ਕਰਕੇ ਵਿਚਾਰ-ਵਟਾਂਦਰਾ ਵੀ ਕੀਤਾ ਗਿਆ। ਇੰਝ ਲੰਮੇ ਵਿਚਾਰ-ਵਟਾਂਦਰੇ ਉਪਰੰਤ ਬਣੀ ਸਾਂਝੀ ਸੋਚ ਦੇ ਪਰਿਣਾਮ ਸਰੂਪ 'ਸਿਰਜਣਾ' ਦਾ ਪ੍ਰਵੇਸ਼ ਅੰਕ ਅਗਸਤ 1965 ਵਿਚ ਪ੍ਰਕਾਸ਼ਤ ਹੋਇਆ। ਸਿਰਜਣਾ ਨੂੰ ਜਾਰੀ ਕਰਨ ਵਾਲਾ ਦੋਸਤੀ ਦਾ ਇਹ ਸਰਕਲ ਸਾਹਿਤ-ਸਿਰਜਣਾ ਅਤੇ ਸਾਹਿਤ-ਚਿੰਤਨ ਪ੍ਰਤੀ ਆਪਣੇ ਲਗਾਉ ਅਤੇ ਵਿਚਾਰਧਾਰਕ ਪ੍ਰਤਿਬੱਧਤਾ ਵਿਚ ਜਿੰਨਾ ਸੁਦ੍ਰਿੜ ਸੀ, ਆਰਥਿਕ ਵਸੀਲਿਆਂ ਦੇ ਪੱਖ ਤੋਂ ਉਨਾਂ ਹੀ ਕਮਜ਼ੋਰ ਸੀ। ਫੈਸਲਾ ਇਹ ਕੀਤਾ ਗਿਆ ਕਿ ਸਾਰੇ ਦੋਸਤ ਹਰ ਅੰਕ ਲਈ ਪੱਚੀ ਪੱਚੀ ਰੁਪਏ ਆਪਣੀ ਜੇਬ ਵਿਚੋਂ ਪਾਉਣਗੇ ਜੋ ਉਹਨਾਂ ਦਿਨਾਂ ਵਿਚ ਖਾਸੀ ਵੱਡੀ ਰਕਮ ਸੀ। ਸੰਪਾਦਕ ਦੀ ਜ਼ਿੰਮੇਵਾਰੀ ਸ਼ੁਰੂ ਤੋਂ ਹੀ ਇਹਨਾਂ ਸਤਰਾਂ ਦੇ ਲੇਖਕ ਨੂੰ ਸੌਂਪੀ ਗਈ ਪਰ ਸਮਝ ਇਹ ਸੀ ਕਿ ਪਰਚਾ ਸਾਰੇ ਦੋਸਤਾਂ ਦੀ ਸਾਂਝੀ ਸੋਚ ਦੀ ਤਰਜਮਾਨੀ ਕਰੇਗਾ। ਇਸੇ ਲਈ ਪ੍ਰਵੇਸ਼ ਅੰਕ ਦਾ ਸੰਪਾਦਕੀ ਭਾਵੇਂ ਲਿਖਿਆ ਸੰਪਾਦਕ ਵਜੋਂ ਇਹਨਾਂ ਸਤਰਾਂ ਦੇ ਲੇਖਕ ਵੱਲੋਂ ਹੀ ਗਿਆ ਸੀ ਪਰ ਇਸ ਵਿਚ ਅਪਨਾਈ ਗਈ ਪਹੁੰਚ ਸਾਰੇ ਦੋਸਤਾਂ ਦੀ ਸਾਂਝੀ ਸੋਚ ਦਾ ਸਿੱਟਾ ਸੀ। ਇਹੀ ਗੱਲ ਪਰਚੇ ਦੀ ਸਮੁੱਚੀ ਸਮੱਗਰੀ, ਅਥਵਾ ਛਾਪੀਆਂ ਜਾਣ ਵਾਲੀਆਂ ਜਾਂ ਰੱਦ ਕੀਤੀਆਂ ਜਾਣ ਵਾਲੀਆਂ ਲਿਖਤਾਂ ਉੱਤੇ ਲਾਗੂ ਹੁੰਦੀ ਸੀ। ਅਕਸਰ ਜਿਵੇਂ ਇਸ ਤਰ੍ਹਾਂ ਦੇ ਢਿੱਲੇ ਜਿਹੇ ਸੰਗਠਨਾਂ ਨਾਲ ਵਾਪਰਦਾ ਹੈ, 'ਸਿਰਜਣਾ' ਦਾ ਇਹ ਪ੍ਰਬੰਧ ਤਿੰਨ ਅੰਕਾਂ ਤਕ ਹੀ ਮਸਾਂ ਪਹੁੰਚ ਸਕਿਆ। ਸਾਰਿਆਂ ਦੋਸਤਾਂ ਦੀ ਇਸ ਗੱਲ ਉਤੇ ਸੰਮਤੀ ਸੀ ਕਿ ਵਿਚਾਰਧਾਰਕ ਸਾਂਝ ਦੇ ਬਾਵਜੂਦ ਸਭਨਾਂ ਲਈ ਇਕੋ ਜਿੰਨੇ ਉਤਸ਼ਾਹ ਨਾਲ ਪਰਚੇ ਲਈ ਕੰਮ ਕਰ ਸਕਣਾ ਸੰਭਵ ਨਹੀਂ ਅਤੇ ਨਾ ਹੀ ਹਰ ਤਿੰਨ ਮਹੀਨਿਆਂ ਪਿੱਛੋਂ ਮਿਥੀ ਗਈ ਰਾਸ਼ੀ ਦੇ ਸਕਣਾ ਹੀ ਮੁਮਕਿਨ ਹੈ। ਇਸ ਲਈ ਸਾਰਿਆਂ ਰਲ਼ਕੇ ਇਹ ਫੈਸਲਾ ਕੀਤਾ ਕਿ ਜੇ ਰਘਬੀਰ ਸਿੰਘ ਆਪਣੇ ਬਲ-ਬੋਤੇ ਇਸ ਯਤਨ ਨੂੰ ਜਾਰੀ ਰੱਖ ਸਕੇ ਤਾਂ ਇਹ ਖ਼ੁਸ਼ੀ ਵਾਲੀ ਗੱਲ ਹੋਵੇਗੀ। ਬਿਨਾਂ ਕਿਸੇ ਬੰਧਨ ਦੇ ਹਰ ਕੋਈ ਆਪਣਾ ਸਿਰਜਣਾਤਮਕ ਤੇ ਆਰਥਿਕ ਸਹਿਯੋਗ ਦੇ ਸਕਦਾ ਹੈ ਪਰ ਅਗਾਂਹ ਤੋਂ ਪਰਚੇ ਦੀ ਹਰ ਤਰ੍ਹਾਂ ਦੀ ਜ਼ਿੰਮੇਵਾਰੀ ਰਘਬੀਰ ਸਿੰਘ ਦੀ ਹੀ ਹੋਵੇਗੀ। ਇੰਝ ਜਨਵਰੀ-ਮਾਰਚ 1966 ਦੇ ਤੀਜੇ ਅੰਕ ਦੇ ਪ੍ਰਕਾਸ਼ਨ ਪਿੱਛੋਂ 'ਸਿਰਜਣਾ' ਦੀ ਸਮੁੱਚੀ ਜ਼ਿੰਮੇਵਾਰੀ ਇਕੱਲੇ ਇਹਨਾਂ ਸਤਰਾਂ ਦੇ ਲੇਖਕ ਦੇ ਸਿਰ ਉਪਰ ਆ ਗਈ। ਇਹ ਜ਼ਿੰਮੇਵਾਰੀ ਹੁਣ ਤਕ ਕਿਵੇਂ ਨਿਭਾਈ ਜਾਂਦੀ ਰਹੀ ਹੈ, ਇਹ ਇਕ ਵੱਖਰੀ ਤੇ ਲੰਮੀ ਕਹਾਣੀ ਹੈ। ਜੂਨ 1969 ਤਕ ਕੁਝ ਖੱਪਿਆ ਨਾਲ ਕੁੱਲ 14 ਅੰਕ ਪ੍ਰਕਾਸ਼ਤ ਹੋਏ। ਫਿਰ ਇਕ ਲੰਮੇ ਵਕਫੇ ਪਿਛੋਂ 1974 ਵਿਚ ਅੰਕ 15 ਤੋਂ ਪਰਚਾ ਮੁੜ ਛਪਣਾ ਸ਼ੁਰੂ ਹੋਇਆ ਜੋ ਹੁਣ ਤਕ ਅਨੇਕਾਂ ਉਤਰਾਵਾਂ-ਚੜ੍ਹਾਵਾਂ ਦੇ ਬਾਵਜੂਦ ਨਿਰਵਿਘਨ ਛਪਦਾ ਆਇਆ ਹੈ।* (ਸਿਰਜਣਾ ਦੇ ਸੌਵੇਂ ਅੰਕ ਦੀ ਸੰਪਾਦਕੀ: 100ਵੇਂ ਅੰਕ ਤਕ ਪੁੱਜਦਿਆਂ)

ਕਮਾਲ ਦੀ ਗੱਲ ਇਹ ਹੀ ਕਿ ਇਕ ਪਾਸੇ ਅਲਪ ਵਿਘਨ ਕਾਰਨ ਪੱਚੀ ਸਾਲਾਂ ਦੇ ਬਣਦੇ 100 ਤ੍ਰੈਮਾਸਿਕ ਅੰਕ ਪਹਿਲੇ 30 ਸਾਲਾਂ ਵਿਚ ਨਿਕਲੇ ਪਰੰਤੂ ਦੂਜੇ ਪਾਸੇ ਅਗਲੇ 25 ਅੰਕ 25 ਸਾਲਾਂ ਦੌਰਾਨ ਨਿਰਵਿਘਨ ਚਲਦੇ ਰਹੇ ਤੇ ਅੱਗੋਂ ਤੋਂ ਇਨ੍ਹਾਂ ਦੇ ਵਿਘਨਰਹਿਤ ਹੋਣ ਦੀ ਸੰਭਾਵਨਾ ਵੀ ਬਣ ਗਈ। ਉੱਤੋਂ ਕਮਾਲ ਇਸ ਗੱਲ ਦੀ ਵੀ ਹੈ ਕਿ ਜੇ ਪਹਿਲੇ ਪੱਚੀ ਅੰਕ ਸੰਪਾਦਕ ਦੀ ਆਪਣੀ ਉਮਰ ਦੇ ਤੀਹਵਿਆਂ ਤੋਂ ਸੱਠਵਿਆਂ ਤਕ ਦੇ ਸਨ ਤਾਂ ਅਗਲੇ ਪੱਚੀ ਅੰਕ ਸੱਠਵਿਆਂ ਤੋਂ ਲੈ ਕੇ ਉਮਰ ਦੇ

ਅੱਸੀਵਿਆਂ ਤਕ ਦੇ ਰਹੇ ਹਨ। ਉਮਰ ਦੇ ਤੀਜੇ ਪਹਿਰ ਵਿਚ ਏਨਾ ਸਿਰੜ, ਏਨਾ ਸਮਰਪਣ, ਏਨੀ ਇਕਾਗਰਤਾ ਕਿਸੇ 'ਇਕੱਲੇ ਦੇ ਕਾਫ਼ਲੇ' ਦਾ ਹੀ ਹੋ ਸਕਦਾ ਹੈ ਜਿਸ ਦਾ ਨਾਂ ਹੈ: ਰਘਬੀਰ ਸਿੰਘ।

ਅਸਲ ਵਿਚ ਉਪਰੋਕਤ ਪਿੱਛਲਝਾਤ (Retrospection) ਉਸ ਅੰਤਰਝਾਤ (Introspection) ਦਾ ਬੀਜ ਹੈ ਜੋ ਇਸ ਲੇਖ ਦਾ ਸਿਰਲੇਖ ਹੈ: ਸੌਵੇਂ ਅੰਕ ਤੋਂ ਦੋ ਸੌਵੇਂ ਅੰਕ ਤਕ: ਮਸ਼ਾਲ ਜਗਦੀ ਰਹੇਗੀ। ਮੈਨੂੰ ਯਾਦ ਹੈ ਕਿ ਜਦ 'ਸਿਰਜਣਾ' ਦਾ ਸੌਵਾਂ ਅੰਕ ਨਿਕਲ ਰਿਹਾ ਸੀ ਤਾਂ ਸੰਪਾਦਕ ਨੇ ਸੌਵੇਂ ਅੰਕ ਵਿਚਲੀ ਆਪਣੀ 'ਸੰਪਾਦਕੀ' ਨੂੰ ਸਿਰਲੇਖ ਦਿੱਤਾ ਸੀ: 100 ਅੰਕ ਤਕ ਪੁਜਦਿਆਂ। ਇਤਫ਼ਾਕਨ ਉਸ ਸਮੇਂ ਮੈਂ ਅਤੇ 'ਸਿਰਜਣਾ' ਦੇ ਸੰਪਾਦਕ ਭਾਵ ਡਾ. ਰਘਬੀਰ ਸਿੰਘ ਇਕੱਠੇ ਵਿਚਰ ਰਹੇ ਸਾਂ। ਉਹ ਪੰਜਾਬੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਮੁਖੀ ਸਨ ਅਤੇ ਮੈਂ ਅਧਿਆਪਕ ਹੋਣ ਦੇ ਨਾਲ ਸਟਾਫ ਸੈਕਟਰੀ ਹੋਣ ਦੀ ਸੂਰਤ ਵਿਚ ਉਨ੍ਹਾਂ ਦੇ ਅੰਗ ਸੰਗ ਸਾਂ। ਇਕ ਦਿਨ ਡਾ. ਸਾਹਿਬ ਨੇ 'ਸਾਹਿਤਕ ਸਭਿਆਚਾਰਕ ਸਮਾਗਮਾਂ ਸੰਬੰਧੀ ਮੇਰੀ ਪ੍ਰਬੰਧਕੀ ਕਾਰਜ ਕੁਸ਼ਲਤਾ' ਦੇ ਮੱਦੇਨਜ਼ਰ ਮੇਰੇ ਨਾਲ ਵਿਚਾਰ ਸਾਂਝਾ ਕੀਤਾ ਕਿ 'ਸਿਰਜਣਾ' ਦੇ ਸੌਵੇਂ ਅੰਕ, ਜੋ ਲਗਪਗ ਅਲਵਿਦਾਈ ਅੰਕ ਹੀ ਹੋਵੇਗਾ, ਦਾ ਸਮਾਗਮ ਉਲੀਕਣਾ ਹੈ। ਮੈਂ ਪੁੱਛਿਆ ਕਿ ਮੈਗਜ਼ੀਨ ਛਪ ਗਿਆ ਹੈ ਤਾਂ ਕਿ ਸਮਾਗਮ ਦੀ ਮਿਤੀ ਰੱਖੀ ਜਾ ਸਕੇ। ਉਨ੍ਹਾਂ ਕਿਹਾ ਕਿ ਬਾਈਂਡ ਹੋਣਾ ਰਹਿੰਦਾ ਹੈ। ਮੈਂ ਉਨ੍ਹਾਂ ਨੂੰ ਕਿਹਾ ਕਿ ਬਾਈਡਿੰਗ ਤੋਂ ਪਹਿਲਾਂ ਇਕ-ਦੋ ਸਫ਼ੇ ਮੈਨੂੰ ਦੇ ਦਿਉ, ਮੈਂ ਕੁਝ ਲਿਖਣਾ ਹੈ। ਉਦੋਂ ਮੈਂ ਡਾ. ਰਘਬੀਰ ਸਿੰਘ ਦੀ 'ਸੰਪਾਦਕੀ' ਦੇ ਸਿਰਲੇਖ '100ਵੇਂ ਅੰਕ ਤਕ ਪੁੱਜਦਿਆਂ' ਨੂੰ ਅੱਗੇ ਤੋਰਦਿਆਂ ਇਸ ਅੰਕ ਦੀ 'ਅੰਤਿਕਾ' ਵਜੋਂ 'ਇਕ ਪਾਠਕ ਵੱਲੋਂ' ਨਾਂ ਦੇ ਉਪ-ਸਿਰਲੇਖ ਅਧੀਨ ਨਿੱਕੀ ਜਿਹੀ ਟਿੱਪਣੀ (ਪੰਨਾ 237 ਤੋਂ 239 ਤਕ) ਲਿਖੀ ਜਿਸ ਦਾ ਅਨੁਵਾਨ ਸੀ: ਸੌਵੇਂ ਅੰਕ ਤੋਂ ਬਾਅਦ। ਇਹ ਟਿੱਪਣੀ 'ਪਿੱਛਲਝਾਤ' ਦੇ ਰੂਪ ਵਿਚ ਸਾਂਝੀ ਕਰਨੀ ਵਾਜਬ ਜਾਪਦੀ ਹੈ:

ਸਿਆਣੇ ਕਹਿੰਦੇ ਨੇ ਕਿ ਵਿਆਹ ਵਿਚ ਬੀਅ ਦਾ ਲੇਖਾ ਨਹੀਂ ਪਾਉਣਾ ਚਾਹੀਦਾ। ਲੇਕਿਨ ਮੈਂ ਸਿਆਣਿਆਂ ਦੀ 'ਨੇਕ ਸਲਾਹ' ਤੋਂ ਉਲਟ ਇਹ ਲੇਖਾ ਪਾਉਣ ਲੱਗਾ ਹਾਂ- ਗੁਸਤਾਖ਼ੀ ਮੁਆਫ਼ ਹੋਵੇ। 'ਸਿਰਜਣਾ' ਦੇ ਸੌਵੇਂ ਅੰਕ ਦੇ ਧੂਮਧਾਮ ਨਾਲ ਆਉਣ ਦੀ ਖ਼ਬਰ ਬੜੀ ਚੰਗੀ ਲੱਗੀ। ਇਹ ਜਸ਼ਨ ਵਰਗਾ ਸਮਾਂ ਲੱਗਿਆ। ਪੰਜਾਬੀ ਜ਼ੁਬਾਨ ਦੇ ਇਸ ਉੱਚ-ਪਾਏ ਦੇ ਮੈਗਜ਼ੀਨ ਦੀਆਂ ਪ੍ਰਾਪਤੀਆਂ ਦਾ ਸੌਵਾਂ ਸਿਖਰ ਬੜਾ ਖ਼ੂਬਸੂਰਤ ਹੈ। ਕ੍ਰਿਕਟ ਦੇ ਮੈਦਾਨ ਵਿਚ ਹਰ ਸੈਂਕੜਾ ਇਕ ਜਸ਼ਨ ਹੁੰਦਾ ਹੈ। ਪੰਜਾਬੀ ਸਾਹਿਤ ਵਿਚ ਅਜਿਹੇ 'ਸੈਂਕੜੇ' ਦਾ ਜਸ਼ਨ ਘੱਟ ਵੱਧ ਹੀ ਕਿਸੇ ਦਾ ਹਾਸਿਲ ਬਣਦਾ ਹੈ। ਜੇ 'ਸਿਰਜਣਾ' ਵਰਗੇ ਗੰਭੀਰ, ਮਿਆਰੀ, ਵਿਚਾਰਧਾਰਕ ਮੈਗਜ਼ੀਨ ਨੇ ਇਹ ਮੱਲ ਮਾਰ ਲਈ ਹੈ ਤਾਂ ਮੁਬਾਰਕ-ਸਦ ਮੁਬਾਰਕ! ਲੇਕਿਨ ਜਿਉਂ-ਜਿਉਂ ਸੌਵੇਂ ਅੰਕ ਦੀ ਤਿਆਰੀ ਦੀ ਖ਼ਬਰ ਮਿਲਣ ਲੱਗੀ ਅਤੇ ਮੇਰੇ ਨੇੜੇ ਵਿਚਰਦੇ ਇਸ ਦੇ ਸੰਪਾਦਕ ਪਰੂਫਾਂ ਵਿਚ ਰੁੱਝੇ ਨਜ਼ਰ ਆਉਣੇ ਲੱਗੇ ਤਾਂ ਪਤਾ ਨਹੀਂ ਕਿਉਂ 'ਚਾਅ' ਦੀ ਥਾਂ ਮੈਨੂੰ 'ਚਿੰਤਾ' ਨੇ ਘੇਰ ਲਿਆ। ਚਿੰਤਾ ਇਹ ਨਹੀਂ ਸੀ ਕਿ ਵੱਡਆਕਾਰੀ ਸੌਵਾਂ ਅੰਕ ਕਿਵੇਂ ਛਪੇਗਾ? ਇਹ ਚਿੰਤਾ ਸੰਪਾਦਕ ਦੀ ਹੈ ਤੇ ਉਸ ਨੂੰ ਨਜਿੱਠਣੀ ਵੀ ਆਉਂਦੀ ਹੈ। ਜੇ ਪਿਛਲੇ ਤੀਹ ਵਰ੍ਹਿਆਂ ਵਿਚ ਉਨ੍ਹਾਂ ਆਪਣੀ ਇਹ 'ਚਿੰਤਾ' 'ਸਾਡੀ ਚਿੰਤਾ' ਨਹੀਂ ਬਣਨ ਦਿੱਤੀ ਤਾਂ ਇਹ ਕਮਾਲ ਦੀ ਹੀ ਗੱਲ ਹੈ। ਲਿਹਾਜ਼ਾ ਮੇਰੀ ਚਿੰਤਾ 'ਸੌਵੇਂ' ਅੰਕ ਦੀ ਨਹੀਂ ਸਗੋਂ 'ਸੌਵੇਂ ਅੰਕ ਤੋਂ ਬਾਅਦ' ਦੀ ਹੈ। ਇਕ ਬੜਾ ਗੰਭੀਰ ਮਸਲਾ ਮੇਰੇ ਆਸ ਪਾਸ ਵਿਚਰ ਰਿਹਾ ਹੈ ਕਿ ਕੀ ਸੰਪਾਦਕ ਹੀ ਇਸ ਬੇੜੀ ਨੂੰ ਠੇਲ੍ਹੀ ਜਾਵੇਗਾ ਤੇ ਮੁਸਾਫ਼ਿਰ ਸਫ਼ਰ ਦਾ ਆਨੰਦ ਹੀ ਲੈਣਗੇ? ਜਦੋਂ ਸੰਪਾਦਕ ਹੰਭ ਗਿਆ ਤਾਂ ਫੇਰ ਬੇੜੀ ਰੁਕ ਜਾਵੇਗੀ ਜਾਂ ਜਦੋਂ ਸੰਪਾਦਕ ਨਾ ਰਿਹਾ ਤਾਂ ਇਹ ਸਫ਼ਰ ਰੁਕ ਜਾਵੇਗਾ? ਯਾਨੀ ਇਕ 'ਵਿਅਕਤੀ' ਨੇ 'ਸੰਸਥਾ' ਖੜ੍ਹੀ ਕੀਤੀ ਤਾਂ 'ਸੰਸਥਾ' 'ਵਿਅਕਤੀ' ਦੇ ਨਾਲ ਹੀ ਖਾਰਜ ਹੋ ਜਾਵੇਗੀ ? ਕੀ ਸੰਸਥਾਵਾਂ ਨੂੰ ਸਾਂਭਣ,

ਸੰਭਾਲਣ, ਚਲਾਉਣ ਦੀ ਜ਼ੁੰਮੇਵਾਰੀ ਸਮਾਜ ਦੀ ਨਹੀਂ ਭਾਵ 'ਸਾਡੀ ਸਭ' ਦੀ ਨਹੀਂ? ਇਸੇ ਸੋਚ ਅਧੀਨ ਮੈਂ ਇਹ ਪੰਨੇ ਲਿਖਣ ਦੀ ਗੁਸਤਾਖ਼ੀ ਕਰ ਰਿਹਾ ਹਾਂ। ਇਹ ਕੰਮ ਸੰਪਾਦਕ ਨਹੀਂ ਕਰ ਸਕਦਾ, ਨਾ ਹੀ ਉਸ ਨੇ ਕਰਨਾ ਹੈ ਕਿਉਂਕਿ ਨਾ ਇਹ ਸੰਪਾਦਕ ਦੇ ਸੁਭਾਅ ਵਿਚ ਹੈ ਤੇ ਨਾ ਹੀ ਸ਼ਾਇਦ ਸੰਪਾਦਕ ਕੋਠੇ ਚੜ੍ਹ ਕੇ ਅਜਿਹੀ ਹਾਕ ਮਾਰੇ। ਇਹ ਕੰਮ ਕਿਸੇ ਪਾਠਕ ਜਾਂ ਪਾਠਕਾਂ ਦਾ ਹੀ ਹੋ ਸਕਦਾ ਹੈ। ਮੈਨੂੰ ਜਾਪਦਾ ਹੈ ਕਿ ਸੌਵੇਂ ਅੰਕ ਦੇ ਜਸ਼ਨ ਦੇ ਮੌਕੇ ਇਸ ਅੰਕ ਦਾ ਸੁਆਗਤ ਇੰਝ ਹੀ ਹੋ ਸਕਦਾ ਹੈ ਕਿ 'ਸਿਰਜਣਾ' ਹੁਣ ਡਾ. ਰਘਬੀਰ ਸਿੰਘ ਦੀ ਬਪੌਤੀ ਨਾ ਰਹਿ ਕੇ ਸਾਡੀ ਸਭ ਦੀ ਹੋਵੇ। ਅਜਿਹਾ ਮਿਆਰੀ ਤੇ ਗੰਭੀਰ ਮੈਗਜ਼ੀਨ ਚਲਦਾ ਰਹਿਣਾ ਚਾਹੀਦਾ ਹੈ– ਇਸ ਬਾਰੇ ਕੋਈ ਦੋ ਰਾਵਾਂ ਨਹੀਂ। ਇਸ ਲਈ ਜ਼ਰੂਰੀ ਇਹ ਹੈ ਕਿ 'ਸਿਰਜਣਾ' ਦੇ ਜਾਰੀ ਰਹਿਣ ਲਈ 'ਸਿਰਜਣਾ ਲਿਟਰੇਰੀ ਟਰਸਟ' ਵਰਗੀ ਕੋਈ ਸੰਸਥਾ ਹੋਂਦ ਵਿਚ ਆਵੇ ਜਿਸ ਵਿਚ 'ਅਸੀਂ ਸਾਰੇ' ਹਿੱਸਾ ਪਾਈਏ। 'ਸਿਰਜਣਾ' ਦੇ ਅਨੇਕ ਪਾਠਕ, ਲੇਖਕ ਤੇ ਸ਼ੁਭਚਿੰਤਕ ਹਨ ਜਿਹੜੇ ਰਲ਼ ਕੇ ਅਜਿਹਾ ਪਲੇਟਫਾਰਮ ਸਿਰਜ ਸਕਦੇ ਹਨ। ਇਸ ਦਾ ਕੋਈ ਅਜਿਹਾ 'ਕਾਰਪਸ ਫੰਡ' ਹੋਵੇ ਜਿਸ ਦੇ ਵਿਆਜ ਵਿਚੋਂ ਹੀ 'ਸਿਰਜਣਾ' ਦਾ ਛਪਣ ਦਾ ਖਰਚਾ ਨਿਕਲ ਸਕੇ ਅਤੇ ਸੰਪਾਦਕ ਦੀ ਜ਼ਿੰਮੇਵਾਰੀ ਕੇਵਲ 'ਸੰਪਾਦਨਾ' ਹੋਵੇ। ਇਸ ਵਿਚ ਅਸੀਂ ਸਾਰੇ ਆਪਣੀ ਵਿਤ ਅਨੁਸਾਰ ਹਿੱਸਾ ਪਾ ਸਕਦੇ ਹਾਂ। ਮੇਰੀ ਸਮਝ ਅਨੁਸਾਰ ਘੱਟੋ ਘੱਟ ਇਕ ਹਜ਼ਾਰ ਰੁਪਏ (ਜੋ ਅੱਜ ਦੇ ਸਮੇਂ ਵਿਚ ਨਿਗੂਣੀ ਰਾਸ਼ੀ ਹੈ) ਤੋਂ ਲੈ ਕੇ ਆਪਣੀ ਸਮਰੱਥਾ ਅਨੁਸਾਰ ਵੱਧ ਤੋਂ ਵੱਧ ਅਸੀਂ ਸ਼ਾਮਿਲ ਕਰ ਸਕਦੇ ਹਾਂ। ਇਹ ਇਕ ਹਜ਼ਾਰ ਰੁਪਏ ਜਾਂ ਵੱਧ ਰਾਸ਼ੀ ਦੂਜੇ ਰੂਪ ਵਿਚ 'ਸਿਰਜਣਾ' ਦੀ ਲਾਈਫ਼ ਮੈਂਬਰਸ਼ਿਪ ਵੀ ਹੋਵੇਗੀ ਅਤੇ ਇਨ੍ਹਾਂ ਮੈਂਬਰਾਂ ਨੂੰ 'ਸਿਰਜਣਾ' ਕੰਪਲੀਮੈਂਟਰੀ ਕਾਪੀ ਵਜੋਂ ਭੇਜਣਾ ਸੰਭਵ ਹੋ ਸਕੇਗਾ। ਅੱਜ ਜੇ ਇਕ ਪਾਸੇ ਮਹਿੰਗਾਈ ਹੈ ਤਾਂ ਦੂਜੇ ਪਾਸੇ ਸਾਧਨਾਂ ਦੀ ਵੀ ਬਹੁਲਤਾ ਹੈ। ਸਾਡੇ ਮੁਲਕ ਵਿਚ ਹਜ਼ਾਰਾਂ ਖੇਤਰ ਐਸੇ ਹਨ ਜਿੱਥੇ ਪੈਸੇ ਦੇ ਖਰਚ ਦੀ ਕੋਈ ਸੀਮਾ ਨਹੀਂ। ਹਜ਼ਾਰਾਂ ਕਰੋੜ ਰੁਪਏ ਇਕ ਇਕ ਵਿਅਕਤੀ ਦੇ ਆਮਦਨ ਕਰ ਬਕਾਏ ਹਨ। ਉਸੇ ਮੁਲਕ ਵਿਚ ਦੂਜੇ ਪਾਸੇ ਸਾਹਿਤ ਤੇ ਕਲਾ ਲਈ ਪੈਸਿਆਂ ਦੀ ਹਮੇਸ਼ਾ ਕਮੀ ਹੈ। ਵਿਸ਼ੇਸ਼ ਕਰ ਜਿੱਥੇ ਗੰਭੀਰ ਕਿਸਮ ਦਾ ਕਾਰਜ ਹੋ ਰਿਹਾ ਹੋਵੇ। ਇਸ ਕਮੀ ਦੀ ਪੂਰਤੀ ਅਸੀਂ ਆਪਣੇ ਸਾਧਨ ਆਪ ਪੈਦਾ ਕਰਕੇ ਕਰ ਸਕਦੇ ਹਾਂ। ਕੁਝ ਦਿਨ ਪਹਿਲਾਂ ਅਖ਼ਬਾਰ ਵਿਚ ਜਸਵੰਤ ਸਿੰਘ ਕੰਵਲ ਹੁਰਾਂ ਦਾ ਬਿਆਨ ਸੀ ਕਿ ਉਨ੍ਹਾਂ ਵੱਲੋਂ ਚਲਾਏ ਜਾ ਰਹੇ 'ਲਿਟਰੇਰੀ ਟਰਸਟ ਢੁੱਡੀਕੇ' ਪਾਸ ਦੋ ਲੱਖ ਪਚਾਸੀ ਹਜ਼ਾਰ ਰੁਪਏ ਜਮ੍ਹਾਂ ਹਨ ਜਿਸ ਦੇ ਵਿਆਜ ਵਿਚੋਂ ਉਹ ਹੁਣ ਤਕ 40 ਲੇਖਕਾਂ ਨੂੰ ਸਨਮਾਨ ਦੇ ਚੁੱਕੇ ਹਨ। ਚਾਰ ਵਰ੍ਹੇ ਪਹਿਲਾਂ ਅਸੀਂ (ਆਤਮਜੀਤ, ਮੈਂ ਅਤੇ ਸਾਥੀ) ਇਕ ਲੱਖ ਰੁਪਇਆ 'ਵੁੱਲ ਮੈਮੋਰੀਅਲ ਮੰਚਣ ਐਵਾਰਡ' ਵਾਸਤੇ ਇਕੱਠਾ ਕੀਤਾ ਸੀ ਅਤੇ 'ਮੰਚਣ ਆਰਟਸ ਐਂਡ ਰੀਸਰਚ ਸੈਂਟਰ' ਵੱਲੋਂ ਇਹ ਐਵਾਰਡ ਆਰੰਭ ਕਰਕੇ ਦੋ ਲੇਖਕਾਂ ਨੂੰ ਦਸ ਦਸ ਹਜ਼ਾਰ ਰੁਪਏ ਦਾ ਐਵਾਰਡ ਦਿੱਤਾ ਵੀ ਜਾ ਚੁੱਕਾ ਹੈ। ਕਹਿਣ ਦਾ ਭਾਵ ਇਹ ਹੈ ਕਿ ਇਹ ਕੋਈ ਮੁਸ਼ਕਿਲ ਕੰਮ ਨਹੀਂ ਅਤੇ ਇਸ ਦੀ ਵੱਥ ਨੂੰ ਸਮਝਦੇ ਹੋਏ ਸਾਨੂੰ ਇਹ ਹੰਭਲਾ ਮਾਰਨਾ ਚਾਹੀਦਾ ਹੈ ਤਾਂ ਕਿ ਇਹ ਮੈਗਜ਼ੀਨ ਆਪਣਾ ਵਕਾਰ ਹਮੇਸ਼ਾ ਕਾਇਮ ਰੱਖ ਸਕੇ। ਵਰਨਾ 'ਪੰਜ ਦਰਿਆ', 'ਦ੍ਰਿਸ਼ਟੀ', 'ਚੇਤਨਾ' ਆਦਿ ਪਰਚਿਆਂ ਵਾਂਗ ਇਹ ਨਾਂ ਵੀ ਕਿਤੇ ਇਤਿਹਾਸ ਵਿਚ ਨਾ ਰਹਿ ਜਾਵੇ। ਸੌਵੇਂ ਅੰਕ ਦੇ ਜਸ਼ਨ ਦੇ ਮੌਕੇ ਇਕ ਪਾਠਕ ਵਜੋਂ ਆਪਣੇ ਵਰਗੇ ਸੈਂਕੜੇ ਪਾਠਕਾਂ ਨੂੰ ਇਲਤਜਾ ਹੈ ਕਿ ਉਹ ਮੇਰੀ ਭਾਵੁਕ ਅਪੀਲ ਨੂੰ 'ਯਥਾਰਥ' ਵਿਚ ਬਦਲਨ ਲਈ ਅੱਗੇ ਆਉਣ। ਮੈਨੂੰ ਇਹ ਪੱਕਾ ਪਤਾ ਹੈ ਕਿ ਮੇਰੇ ਨਾਲੋਂ ਉਮਰ, ਅਕਲ, ਸਿਆਣਪ ਵਿਚ ਵੱਡੇ ਬਹੁਤ ਸਾਰੇ ਸੱਜਣ, 'ਸਿਰਜਣਾ' ਨਾਲ ਮੇਰੇ ਨਾਲੋਂ ਵੱਧ ਮੋਹ ਪਾਲਣ ਵਾਲੇ, ਮੌਜੂਦ ਹਨ। 'ਸੌਵੇਂ ਅੰਕ ਤੋਂ ਬਾਅਦ'... 'ਸਿਰਜਣਾ' ਕੇਵਲ ਡਾ. ਰਘਬੀਰ ਸਿੰਘ ਦਾ ਹੀ ਨਾ ਹੋਵੇ ਸਗੋਂ ਇਸ ਦੇ ਮਾਲਕ 'ਅਸੀਂ ਸਾਰੇ' ਹੋਈਏ। ਇਸ ਉਮੀਦ ਤੇ ਵਿਸ਼ਵਾਸ ਨਾਲ।

ਜਦੋਂ 'ਸਿਰਜਣਾ' ਦਾ 100ਵਾਂ ਅੰਕ ਛਪ ਕੇ ਹੱਥ ਵਿਚ ਆਇਆ ਤਾਂ 'ਸੰਪਾਦਕੀ' ਦਾ ਆਖਰੀ ਪੈਰਾ ਮੇਰੀ ਅਜਿਹੀ ਭਾਵਨਾ ਦੀ ਹੀ ਚੁਗਲੀ ਕਰ ਰਿਹਾ ਸੀ:

*ਖਿਆਲ ਸੀ ਕਿ ਸੌਵੇਂ ਅੰਕ ਦੇ ਖ਼ੂਬਸੂਰਤ ਮੋੜ 'ਤੇ ਪੁੱਜਕੇ ਇਸ ਸਾਰੇ ਯਤਨ ਨੂੰ ਅਲਵਿਦਾ ਆਖ ਦਿੱਤੀ ਜਾਵੇ। ਇਉਂ ਇਸ ਲਿਖਤ ਦਾ ਸ਼ੀਰਸ਼ਕ ਵੀ ਮਿਥਿਆ ਹੋਇਆ ਸੀ - ਫ਼ੈਜ਼ ਅਹਿਮਦ ਫ਼ੈਜ਼ ਦਾ ਇਹ ਸ਼ਿਅਰ:*

*ਹਮ ਚਲੇ ਆਏ ਲਾਏ ਜਹਾਂ ਤਕ ਕਦਮ*

*ਅਤੇ ਇਉਂ ਹੱਥਲਾ 100ਵਾਂ ਅੰਕ 'ਸਿਰਜਣਾ' ਦਾ ਅਲਵਿਦਾਈ ਅੰਕ ਮਿਥ ਲਿਆ ਗਿਆ ਸੀ। 'ਸਿਰਜਣਾ' ਵੱਲੋਂ ਕਿਸੇ ਅੰਤਿਮ ਨਿਰਣੇ 'ਤੇ ਪੁੱਜਣ ਤੋਂ ਪਹਿਲਾਂ ਹੀ ਇਹ ਕਨਸੋ ਏਨੀ ਫੈਲੀ ਕਿ ਇਸਦੇ ਪ੍ਰਸ਼ੰਸਕਾਂ ਤੇ ਸਨੇਹੀਆਂ ਵੱਲੋਂ ਅਜਿਹੀ ਸੰਭਾਵਨਾ ਉੱਤੇ ਚਿੰਤਾ ਪ੍ਰਗਟ ਕਰਨ ਦੇ ਨਾਲ ਨਾਲ ਬਦਲਦੇ ਹਾਲਾਤ ਦੀ ਮੰਗ ਅਨੁਸਾਰ ਇਸਨੂੰ ਚਲਦਾ ਰੱਖਣ ਲਈ ਠੋਸ ਤੇ ਸਾਰਥਕ ਸੁਝਾਉ ਵੀ ਦਿੱਤੇ ਗਏ। ਦੂਰ ਦੂਰ ਤਕ ਫੈਲੇ 'ਸਿਰਜਣਾ' ਦੇ ਸੂਝਵਾਨ ਪਾਠਕਾਂ, ਲੇਖਕਾਂ, ਬੁੱਧੀਮਾਨਾਂ ਤੇ ਸ਼ੁਭ ਚਿੰਤਕਾਂ ਦੀ ਭਾਵਨਾ ਦਾ ਸਤਿਕਾਰ ਕਰਦਿਆਂ ਏਸੇ ਲਈ ਇਸ ਲਿਖਤ ਦਾ ਸ਼ੀਰਸ਼ਕ ਬਦਲ ਦਿੱਤਾ ਗਿਆ ਹੈ। ਇਸ ਲਈ 'ਸਿਰਜਣਾ' ਦੇ ਇਸ ਸੌਵੇਂ ਕਦਮ ਨੂੰ ਆਖਰੀ ਕਦਮ ਨਹੀਂ ਮਿਥਿਆ ਜਾ ਰਿਹਾ। ਸੰਕਲਪ ਇਹ ਹੈ ਕਿ ਪੰਜਾਬੀ ਸਾਹਿਤ-ਜਗਤ ਵਿਚ ਪ੍ਰਗਤੀਵਾਦੀ-ਮਾਨਵਵਾਦੀ ਦਿੱਖ ਦੇ ਪ੍ਰਸਾਰ ਹਿਤ ਨਵੀਆਂ ਦਿਸ਼ਾਵਾਂ ਵੱਲ ਅੱਗੇ ਵਧਣ ਲਈ ਇਹ ਇਕ ਹੋਰ ਅਹਿਮ ਕਦਮ ਸਾਬਤ ਹੋਵੇ।*

ਜ਼ਾਹਿਰ ਹੈ ਕਿ ਜਦੋਂ 'ਸੰਪਾਦਕੀ' ਏਨੀ ਹੁਲਾਸਮਈ ਹੋ ਗਈ ਤਾਂ ਸੌਵੇਂ ਅੰਕ ਦਾ ਸਮਾਗਮ ਇਸ ਤੋਂ ਵੀ ਵੱਧ ਹੁਲਾਸਮਈ ਹੋਣਾ ਚਾਹੀਦਾ ਸੀ। ਲਿਹਾਜ਼ਾ ਇਸ ਸਮਾਗਮ ਦਾ ਪ੍ਰਬੰਧ ਕਰਦਿਆਂ ਮੈਂ ਇਸ ਸਮਾਗਮ ਦਾ ਨਾਂ ਸੁਝਾਇਆ: ਜਸ਼ਨ। ਪੰਜਾਬੀ ਯੂਨੀਵਰਸਿਟੀ ਕੈਂਪਸ ਦੇ 'ਵਿਦਿਆਰਥੀ ਭਵਨ' ਵਿਚ ਇਸ ਸਮਾਗਮ ਦਾ ਆਯੋਜਨ ਕਰਨਾ ਪ੍ਰਚਲਿਤ ਮੁਹਾਵਰੇ ਅਨੁਸਾਰ ਮੇਰੀ 'ਖੱਬੇ ਹੱਥ ਦੀ ਖੇਡ' ਸੀ ਕਿਉਂਕਿ ਉਸੇ ਬਿਲਡਿੰਗ ਵਿਚ ਸਥਿਤ 'ਯੁਵਕ ਭਲਾਈ ਵਿਭਾਗ' ਦੇ ਕੈਂਪਸ ਯੂਨਿਟ ਦਾ ਇਨਚਾਰਜ ਹੋਣ ਕਾਰਨ ਪੰਜਾਬੀ ਵਿਭਾਗ ਦੇ ਸਮਾਨਾਂਤਰ ਇਹ ਮੇਰਾ ਹੀ ਦੂਜਾ ਵਿਭਾਗ ਸੀ। ਇਸ ਕਾਰਨ ਇਸ ਦੇ ਤਤਕਾਲੀ ਡਾਇਰੈਕਟਰ ਦਲਜੀਤ ਸਿੰਘ ਸਮੇਤ ਸਾਰਾ ਸਟਾਫ ਵਿਆਹ ਵਾਲੇ ਚਾਅ ਸਮੇਤ ਇਸ ਸਮਾਗਮ ਦੇ ਆਯੋਜਨ ਦਾ ਹਿੱਸਾ ਸੀ। ਲਿਹਾਜ਼ਾ 'ਸਿਰਜਣਾ' ਦਾ ਸਿਰਜਣਾਤਮਕ 'ਜਸ਼ਨ' ਧੂਮ ਧਾਮ ਨਾਲ ਮਨਾਇਆ ਗਿਆ ਜਿਸ ਵਿਚ ਉਸ ਸਮੇਂ ਦੇ ਅਹਿਮ ਸਾਹਿਤਕ ਤੇ ਅਕਾਦਮਿਕ ਹਸਤਾਖਰ ਸ਼ਾਮਿਲ ਹੋਏ।

ਉਸ ਤੋਂ ਬਾਅਦ ਦਾ ਇਤਿਹਾਸ ਤਾਂ ਸਾਨੂੰ ਸਭ ਨੂੰ ਹੀ ਪਤਾ ਹੈ, ਮੇਰੇ ਦੱਸਣ ਦੀ ਲੋੜ ਨਹੀਂ, ਕਿਉਂਕਿ ਅਜਿਹੇ ਹੁਲਾਸਮਈ 'ਜਸ਼ਨ' ਦੇ ਸਿੱਟੇ ਵਜੋਂ ਹੀ ਅੱਜ ਅਸੀਂ 'ਸਿਰਜਣਾ' ਦੇ 200ਵੇਂ ਅੰਕ ਦੇ ਦੀਦਾਰ ਕਰਨ ਤਕ ਪੁੱਜੇ ਹਾਂ। ਪਿਛਲੇ ਸਮੇਂ ਦੌਰਾਨ ਡਾ. ਰਘਬੀਰ ਸਿੰਘ ਨੇ ਇਕੋ ਸਮੇਂ ਕੈਨੇਡਾ ਤੇ ਭਾਰਤ ਵਿਚ ਵਿਚਰਦਿਆਂ 'ਸਿਰਜਣਾ' ਦੇ ਅੰਕ ਵੇਲੇ ਸਿਰ ਨਿਕਲਣ ਤੋਂ ਲੈ ਕੇ ਪਾਠਕਾਂ ਤਕ ਪਹੁੰਚਾਉਣ ਅਤੇ 'ਸਿਰਜਣਾ' ਦੇ ਮਿਆਰ ਨੂੰ ਇੰਨ ਬਿੰਨ ਕਾਇਮ ਰੱਖਣ ਸਮੇਤ ਕਿਵੇਂ ਮੈਨੇਜ ਕੀਤਾ ਹੋਵੇਗਾ, ਇਹ ਭੇਤ ਤਾਂ ਉਨ੍ਹਾਂ ਨੂੰ ਹੀ ਪਤਾ ਹੈ ਜਿਹੜਾ ਉਨ੍ਹਾਂ ਨੇ ਆਪਣੇ ਸਹਿਜਮਤੇ ਸੁਭਾਅ ਕਾਰਨ ਸ਼ਾਇਦ ਕਦੇ ਵੀ ਕਿਸੇ ਨਾਲ ਸਾਂਝਾ ਨਹੀਂ ਕਰਨਾ। ਲੇਕਿਨ ਸਾਨੂੰ ਤਾਂ ਪਿਛਲੇ 25 ਸਾਲ ਅੱਖ ਦੇ ਫੋਰ ਵਿਚ ਹੀ ਲੰਘੇ ਪ੍ਰਤੀਤ ਹੁੰਦੇ ਹਨ। ਇਸ ਸਥਿਤੀ ਦਾ ਸਿੱਟਾ ਇਹ ਨਿਕਲਿਆ ਕਿ ਰਘਬੀਰ ਸਿੰਘ ਦੇ ਈਮੇਲ ਸੁਨੇਹੇ 'ਕੋਰੋਨਾਵਾਇਰਸ ਕਰਕੇ ਸਮਾਗਮ ਤਾਂ ਹਾਲ ਦੀ ਘੜੀ ਹੋ ਨਹੀਂ ਸਕਦਾ ਅਤੇ ਮੇਰਾ ਆ ਸਕਣਾ ਵੀ ਸੰਭਵ ਨਹੀਂ। ਇਸ ਲਈ ਸਮਾਗਮ ਫੇਰ ਕਰ ਲਵਾਂਗੇ ਪਰ ਪਰਚਾ ਵੇਲੇ ਸਿਰ ਹੀ ਕੱਢਣਾ ਹੈ' ਦੇ ਉੱਤਰ ਵਜੋਂ ਕੋਰੋਨਾ ਸੰਕਟ ਨੂੰ ਸ਼ੀਘਰ ਢਾਹੁਣ ਦੀ ਆਸ ਨਾਲ ਮੈਂ ਵੀ 'ਜਸ਼ਨ' ਦੀ ਅਗਲੀ ਕੜੀ ਵਜੋਂ ਹੋਣ ਵਾਲੇ 200ਵੇਂ ਅੰਕ ਦੇ ਸਮਾਗਮ ਦਾ ਸਿਰਲੇਖ ਅਗਾਊਂ ਹੀ ਮਿਥ ਲਿਆ: ਜਸ਼ਨ ਜਾਰੀ ਰਹੇਗਾ। ਇਹ ਗੱਲ ਵੱਖਰੀ ਹੈ ਕਿ ਪੱਚੀ ਸਾਲ ਪਹਿਲਾਂ ਦਾ

'ਜਸ਼ਨ' ਇਕ ਦੇਸ਼ ਦੇ ਇਕ ਸ਼ਹਿਰ ਭਾਵ ਪਟਿਆਲੇ ਹੋਇਆ ਸੀ ਪਰ ਹੁਣ ਫਿਲਮਾਂ ਦੇ ਸੀਕੁਅਲ ਵਾਂਗ 'ਜਸ਼ਨ 2' ਦੋ ਦੇਸ਼ਾਂ, ਭਾਰਤ ਅਤੇ ਕੈਨੇਡਾ ਦੇ ਦੋ ਅਹਿਮ ਸ਼ਹਿਰਾਂ ਵਿਚ ਹੋਵੇਗਾ।

ਉਪਰੋਕਤ ਦੀ ਲੋਅ ਵਿਚ 'ਸਿਰਜਣਾ' ਦੇ ਦੋ ਸੌਵੇਂ ਅੰਕ ਦੇ ਮੌਕੇ 'ਪਿੱਛਲਝਾਤ' ਤੋਂ 'ਅੰਤਰਝਾਤ' ਵੱਲ ਆਉਂਦਿਆਂ 'ਭਵਿੱਖਝਾਤ' ਵੀ ਮਾਰਨੀ ਜ਼ਰੂਰੀ ਹੈ। ਇਹ ਇਕ ਇਤਿਹਾਸਕ ਤੱਥ ਹੈ ਕਿ ਸਾਹਿਤਕ ਪੱਤਰਕਾਰੀ ਦੇ ਪ੍ਰਸੰਗ ਵਿਚ 'ਸਿਰਜਣਾ' ਦੀ ਭੂਮਿਕਾ ਇਤਿਹਾਸਕ ਹੈ। ਇਸ ਦਾ ਮਿਆਰ ਤਾਂ ਕਿਸੇ ਵੀ ਸਾਹਿਤਕ ਮੈਗਜ਼ਿਨ ਦੇ ਮਿਆਰ ਲਈ ਮਿਸਾਲ ਬਣ ਚੁੱਕਾ ਹੈ। ਇਸ ਮੁਕਾਮ ਤਕ ਪੁੱਜਣ ਦੀ ਯਾਤਰਾ ਨੂੰ ਸਮਝਣ ਲਈ ਇਹ ਜਾਣਨਾ ਵੀ ਜ਼ਰੂਰੀ ਹੈ ਕਿ ਪਹਿਲੇ ਅੰਕ ਤੋਂ ਲੈ ਕੇ ਸੌਵੇਂ ਅੰਕ ਤਕ ਅਤੇ ਸੌਵੇਂ ਅੰਕ ਤੋਂ ਲੈ ਕੇ ਦੋ ਸੌਵੇਂ ਅੰਕ ਤਕ ਆਉਂਦਿਆਂ ਤਿੰਨ ਪੱਖ ਹਮੇਸ਼ਾ ਉਭਰ ਕੇ ਸਾਹਮਣੇ ਆਏ ਹਨ :

1. ਸਾਹਿਤ ਦੀ ਸਮਾਜੀ ਰਾਜਸੀ ਭੂਮਿਕਾ ਦੀ ਪੁਸ਼ਟੀ ਅਤੇ ਪੁਸ਼ਤ ਪਨਾਹੀ
2. ਸਾਹਿਤਕ ਰਚਨਾਵਾਂ ਦੀ ਪੇਸ਼ਕਾਰੀ ਵਿਚ ਮਾਸਾ ਜਿੰਨੀ ਵੀ ਲਿਹਾਜ਼ਗਿਰੀ ਤੋਂ ਸੰਕੋਚ
3. ਧੁੰਦ ਨੂੰ ਚੀਰ ਕੇ ਰੋਸ਼ਨੀ ਦੀ ਕਿਰਨ ਦੀ ਤਲਾਸ਼ ਵਾਂਗ ਹਮੇਸ਼ਾ ਨਵੇਂ ਪਰ ਪ੍ਰਤਿਭਾਵਾਨ ਲੇਖਕਾਂ ਨੂੰ ਪ੍ਰੋਤਸਾਹਨ।

ਇਸੇ ਲਈ ਮੇਰੇ ਸਮੇਤ 'ਸਿਰਜਣਾ' ਦੇ ਹਰ ਪਾਠਕ ਤੇ ਸ਼ੁਭ ਚਿੰਤਕ ਦੇ ਮਨ ਦੀ ਭਾਵਨਾ ਹੋਵੇਗੀ ਕਿ ਅਜਿਹਾ ਮਿਆਰੀ 'ਮੈਗਜ਼ੀਨ' ਹਮੇਸ਼ਾ ਜ਼ਿੰਦਾ ਰਹਿਣਾ ਚਾਹੀਦਾ ਹੈ। ਜੇ ਇਕ 'ਵਿਅਕਤੀ' ਦੀ ਨਿੱਜੀ 'ਮਿਹਨਤ' ਨਾਲ ਇਕ ਮੈਗਜ਼ੀਨ 'ਸੰਸਥਾ' ਬਣ ਗਿਆ ਹੈ ਤਾਂ ਇਸ ਸੰਸਥਾ ਦਾ ਸੰਸਥਾਗਤ ਢਾਂਚਾ ਉਸਾਰਨਾ ਬਹੁਤ ਜ਼ਰੂਰੀ ਹੈ ਜਿਹੜਾ 100ਵੇਂ ਅੰਕ ਤੋਂ ਬਾਅਦ ਉਸਰਨਾ ਆਰੰਭ ਹੋ ਗਿਆ ਸੀ ਤੇ ਹੁਣ ਦੋ ਸੌਵੇ ਅੰਕ ਤਕ ਆਉਂਦਿਆਂ ਉਸ ਢਾਂਚੇ ਦਾ ਵਿਸਤਾਰ ਹੋ ਰਿਹਾ ਹੈ। ਅੱਜੋਕੇ ਡਿਜੀਟਲ ਯੁਗ ਵਿਚ ਸੁਖਵੰਤ ਹੁੰਦਲ ਨੇ ਹਿੰਮਤ ਕਰਕੇ 'ਸਿਰਜਣਾ' ਦੇ ਸਾਰੇ ਅੰਕ 'ਆਨਲਾਈਨ' ਉਪਲਬਧ ਕਰਨ ਦਾ ਟੀਚਾ ਮਿਥ ਕੇ ਇਤਿਹਾਸਕ ਕੰਮ ਕੀਤਾ ਹੈ। ਇਸ ਨਾਲ 'ਸਿਰਜਣਾ' ਦਾ 'ਅਤੀਤ' ਸਾਂਭਿਆ ਗਿਆ ਹੈ ਪਰ 'ਭਵਿੱਖ' ਦੇ ਸਾਹਮਣੇ ਹਾਲੇ ਵੀ ਪ੍ਰਸ਼ਨ ਚਿੰਨ੍ਹ ਲੱਗਾ ਹੋਇਆ ਹੈ? ਆਮ ਤੌਰ 'ਤੇ ਅਸੀਂ ਪੰਜਾਬੀ ਲੋਕ ਵਰਤਮਾਨ ਵਿਚ ਜੀਊਂਦੇ ਹਾਂ, ਅਤੀਤ ਨੂੰ ਸਿਮਰਦੇ ਹਾਂ ਪਰੰਤੂ ਭਵਿਖ ਦੀ ਵਿਉਂਤਬੰਦੀ ਨਹੀਂ ਕਰਦੇ। ਇਹੀ ਕਾਰਨ ਹੈ ਕਿ ਸਾਹਿਤਕ ਪੱਤਰਕਾਰੀ ਵਿਚ ਵੀ ਕੋਈ 'ਵਿਅਕਤੀ' ਜਦੋਂ ਸੰਸਥਾ ਬਣ ਜਾਏ ਤਾਂ 'ਵਿਅਕਤੀ' ਦੇ ਮੰਚ ਤੋਂ ਲਾਂਭੇ ਹੋਣ ਦੇ ਨਾਲ ਹੀ ਉਹ ਵਿਅਕਤੀ ਰੂਪੀ ਸੰਸਥਾ ਦੀ ਹਯਾਤੀ ਸਮਾਪਤ ਹੋ ਜਾਂਦੀ ਰਹੀ ਹੈ। ਇਸ ਪੱਖੋਂ ਦੋ ਅਹਿਮ ਪਰਚਿਆਂ ਐੱਸ ਸਵਰਨ ਦੇ 'ਚੇਤਨਾ' ਅਤੇ ਬਰਜਿੰਦਰ ਸਿੰਘ ਹਮਦਰਦ ਦੇ 'ਦ੍ਰਿਸ਼ਟੀ' ਤੋਂ ਬਿਨਾਂ, ਜਿਨ੍ਹਾਂ ਦੇ ਬੰਦ ਹੋਣ ਦੇ ਕਾਰਨ ਹੋਰ ਹਨ, ਕਰਤਾਰ ਸਿੰਘ ਬਲੱਗਣ ਦੇ 'ਕਵਿਤਾ', ਪ੍ਰੋ. ਮੋਹਨ ਸਿੰਘ ਦੇ 'ਪੰਜ ਦਰਿਆ', ਭਾਪਾ ਪ੍ਰੀਤਮ ਸਿੰਘ ਦੇ 'ਆਰਸੀ', ਅੰਮ੍ਰਿਤਾ ਪ੍ਰੀਤਮ ਦੇ 'ਨਾਗਮਣੀ' ਦਾ ਗੌਰਵ ਸਭ ਨੇ ਹੰਢਾਇਆ ਹੈ। ਲੇਕਿਨ ਹੁਣ ਇਹ ਸਾਰੇ ਸ਼ੁਭ ਕਾਰਜ ਇਤਿਹਾਸ ਬਣ ਕੇ ਸਾਡੇ ਚੇਤਿਆਂ ਦਾ ਹੀ ਹਿੱਸਾ ਰਹਿ ਗਏ ਹਨ। ਦੂਜੇ ਪਾਸੇ ਭਵਿੱਖੀ ਪੀੜ੍ਹੀ ਲਈ ਇਹ 'ਚੇਤਾ' ਵੀ ਇਤਿਹਾਸ ਬਣ ਜਾਵੇਗਾ। ਹੁਣ 'ਸਿਰਜਣਾ' ਬਾਰੇ ਵੀ ਇਹੀ ਡਰ ਮੇਰੇ ਸਾਹਮਣੇ ਆ ਰਿਹਾ ਹੈ ਕਿ ਡਾ. ਰਘਬੀਰ ਸਿੰਘ ਦੇ ਲਾਂਭੇ ਹੋਣ ਨਾਲ ਕੀ 'ਸਿਰਜਣਾ' ਵੀ ਇਤਿਹਾਸ ਦੇ ਪੰਨਿਆਂ ਤਕ ਸਿਮਟ ਜਾਵੇਗਾ। ਇਸ ਲਈ ਇਹ ਬਹੁਤ ਜ਼ਰੂਰੀ ਹੈ ਕਿ ਜਿਵੇਂ ਪੁਰਾਣੇ ਅੰਕਾਂ ਨੂੰ ਡਿਜੀਟਲ ਕਰਨ ਦੀ ਜ਼ਿੰਮੇਵਾਰੀ ਸੁਖਵੰਤ ਹੁੰਦਲ ਨੇ ਚੁੱਕੀ ਹੈ, ਉਵੇਂ ਹੀ ਆਉਂਦੇ ਅੰਕਾਂ ਦੀ ਵਿਉਂਤਬੰਦੀ ਤੋਂ ਲੈ ਕੇ ਪ੍ਰਕਾਸ਼ਨ ਤਕ ਦੀ ਜ਼ਿੰਮੇਵਾਰੀ ਵਿਚ ਡਾ. ਰਘਬੀਰ ਸਿੰਘ ਦੇ ਦੋ ਹੱਥਾਂ ਨਾਲ ਹੁਣ ਹੋਰ ਹੱਥ ਜੁੜਨੇ ਚਾਹੀਦੇ ਹਨ। ਇਹ ਮੈਗਜ਼ੀਨ 100ਵੇਂ ਅੰਕ ਤਕ 'ਭਾਰਤੀ' ਪੰਜਾਬ ਤੋਂ ਨਿਕਲਦਾ ਸੀ ਜੋ ਹੁਣ 200ਵੇਂ ਅੰਕ ਤਕ ਆਉਂਦਿਆਂ ਡਾ. ਰਘਬੀਰ ਸਿੰਘ ਦੀ ਕੈਨੇਡਾ ਤੇ ਭਾਰਤ ਦੀ 'ਸਾਂਝੀ ਕਰਮਭੂਮੀ' ਦਾ ਦਿਲਕਸ਼ ਪ੍ਰਮਾਣ ਬਣ ਚੁੱਕਾ ਹੈ। ਇਹ ਕੋਈ ਹਵਾਈ ਗੱਲ ਨਹੀਂ ਕਿ ਅੱਜ ਕੈਨੇਡਾ ਪੂਰੀ ਤਰ੍ਹਾਂ ਪੰਜਾਬੀ ਰੰਗ ਵਿਚ ਰੰਗਿਆ ਜਾ ਰਿਹਾ ਹੈ।

ਜਿਵੇਂ ਪੰਜਾਬ ਦੀ ਜਵਾਨੀ ਕੈਨੇਡਾ ਵੱਲ ਆ ਰਹੀ ਹੈ, ਉਹ ਦਿਨ ਦੂਰ ਨਹੀਂ ਜਦੋਂ ਕੈਨੇਡਾ 'ਪੰਜਾਬੀਅਤ' ਦਾ ਪ੍ਰਤੀਰੂਪ ਬਣਿਆ ਨਜ਼ਰ ਆਵੇਗਾ। ਮੇਰੇ ਵਰਗੇ ਭਾਰਤੀ ਸ਼ੁਭਚਿੰਤਕਾਂ ਦੇ ਸਮਾਨਾਂਤਰ ਡਾ. ਰਘਬੀਰ ਸਿੰਘ ਦੇ 'ਜੈਵਿਕ ਵਾਰਿਸਾਂ' ਅਮਰੀਕਾ ਵਸਦੀ ਭੈਣ ਸਿਰਜਣਾ ਦੇ ਨਾਲ ਭੈਣ ਰਚਨਾ ਸਮੇਤ ਉਨ੍ਹਾਂ ਦੇ 'ਸਾਹਿਤਕ ਵਾਰਿਸ' ਵੱਡੀ ਗਿਣਤੀ ਵਿਚ ਕੈਨੇਡਾ ਵੱਸਦੇ ਹਨ। ਇਹ ਕੋਈ ਅਲੋਕਾਰ ਗੱਲ ਨਹੀਂ ਹੋਵੇਗੀ ਕਿ ਜੇ ਡਾ. ਰਘਬੀਰ ਸਿੰਘ ਦੇ ਨੇੜੇ ਰਹਿੰਦੀ ਕੈਨੇਡੀਅਨ ਟੀਮ 'ਸਿਰਜਣਾ' ਦਾ ਭਾਰ ਚੁੱਕਣ ਲਈ ਡਾ. ਰਘਬੀਰ ਸਿੰਘ ਦੇ ਦੋ ਹੱਥਾਂ ਦਾ ਵਿਸਤਾਰ ਬਣ ਜਾਵੇ ਅਤੇ ਜੀਵਨ ਬੀਮਾ ਨਿਗਮ ਦੇ ਲੋਗੋ ਅਨੁਸਾਰ ਦੋ ਹੱਥਾਂ ਵਿਚਲੇ ਦੀਵੇ ਨੂੰ ਬੁਝਣ ਤੋਂ ਬਚਾਵੇ। ਇਸ 'ਸਿਰਜਣਾ' ਰੂਪੀ ਦੀਵੇ ਨੂੰ ਜਗਦਾ ਰੱਖਣ ਲਈ ਸਾਹਿਤਕ ਤੇ ਆਰਥਿਕ ਯੋਗਦਾਨ ਦੇ ਰੂਪ ਵਿਚਲਾ ਤੇਲ ਅਸੀਂ ਏਧਰੋਂ ਮੁਹੱਈਆ ਕਰਦੇ ਰਹਾਂਗੇ – ਇਹ 'ਕੈਨੇਡੀਅਨ ਪੰਜਾਬੀ' ਭੈਣਾਂ ਭਰਾਵਾਂ ਨੂੰ 'ਭਾਰਤੀ ਪੰਜਾਬੀ' ਭੈਣਾਂ ਭਰਾਵਾਂ ਵੱਲੋਂ ਮੇਰਾ ਵਾਇਦਾ ਹੈ। ਫੇਰ 'ਸਿਰਜਣਾ' ਦੇ ਤਿੰਨ ਸੌਵੇਂ, ਚਾਰ ਸੌਵੇਂ, ਪੰਜ ਸੌਵੇਂ ਅੰਕ ਤੋਂ ਲੈ ਕੇ ਕਈ ਸੌਵੇਂ ਅੰਕ ਦੁਨੀਆ ਵੇਖੇਗੀ ਅਤੇ ਮੇਰੇ ਇਸ ਲੇਖ ਦਾ ਸਿਰਲੇਖ ਅਰਥ ਗ੍ਰਹਿਣ ਕਰ ਜਾਵੇਗਾ: ਮਸ਼ਾਲ ਜਗਦੀ ਰਹੇਗੀ। ਇਸ ਦੇ ਨਾਲ ਹੀ ਹੋਰ ਬਹੁਤ ਸਾਰੇ ਖੇਤਰਾਂ ਦੇ ਸਮਾਨਾਂਤਰ 'ਸਾਹਿਤਕ ਪੱਤਰਕਾਰੀ' ਦੇ ਖੇਤਰ ਵਿਚ ਵੀ ਹੋਈ ਪੰਜਾਬੀਆਂ ਦੀ ਬੱਲੇ ਬੱਲੇ ਇਹ ਸੰਦੇਸ਼ ਦੇਵੇਗੀ ਕਿ ਅਸੀਂ ਪੰਜਾਬੀ ਲੋਕ ਵਰਤਮਾਨ ਵਿਚ ਜੀਉਣ ਅਤੇ ਅਤੀਤ ਦੇ ਗੌਰਵ ਨੂੰ ਸਿਮਰਨ ਦੇ ਨਾਲ ਨਾਲ ਭਵਿੱਖ ਨੂੰ ਜੀਵਾਲਣ ਦੇ ਰਾਹ 'ਤੇ ਵੀ ਸਾਬਤਕਦਮੀਂ ਤੁਰਨਾ ਜਾਣਦੇ ਹਾਂ। 'ਸਿਰਜਣਾ' ਦਾ ਦੋ ਸੌਵਾਂ ਅੰਕ ਇਸ ਮਸ਼ਾਲ ਨੂੰ ਜਗਦੀ ਰੱਖਣ ਦੀ ਜ਼ਾਮਨੀ ਦੇ ਰਿਹਾ ਹੈ। ਆਮੀਨ! 000


***(ਸਾਬਕਾ ਡੀਨ ਭਾਸ਼ਾਵਾਂ, ਡਾਇਰੈਕਟਰ ਯੁਵਕ ਭਲਾਈ, ਮੁਖੀ ਪੰਜਾਬੀ ਵਿਭਾਗ,***
***ਵਿਦੇਸ਼ੀ ਭਾਸ਼ਾਵਾਂ ਵਿਭਾਗ,ਪੰਜਾਬੀ ਯੂਨੀਵਰਸਿਟੀ, ਪਟਿਆਲਾ***
***ਪ੍ਰੋਫ਼ੈਸਰ ਅਮੈਰੀਟਸ,ਦੇਸ਼ ਭਗਤ ਯੂਨੀਵਰਸਿਟੀ, ਮੰਡੀ ਗੋਬਿੰਦਗੜ੍ਹ***
***ਫੋਨ: 0091-99157-06407, ਈਮੇਲ: v.skverma@yahoo.com)***



## 'ਸਿਰਜਣਾ' ਬਾਰੇ ਜਾਣਕਾਰੀ

| | |
|---|---|
| 1. ਪ੍ਰਕਾਸ਼ਨ ਸਥਾਨ | 225-ਬੀ, ਮਖਦੂਮਪੁਰਾ, ਜਲੰਧਰ |
| 2. ਪ੍ਰਕਾਸ਼ਨ ਕਾਲ | ਤ੍ਰੈਮਾਸਕ |
| 3. ਛਾਪਕ, ਪ੍ਰਕਾਸ਼ਕ ਤੇ ਮਾਲਕ | ਸੁਰਿੰਦਰ ਮੋਹਨ ਸਿੰਘ |
| 4. ਕੌਮੀਅਤ | ਭਾਰਤੀ |
| 5. ਪਤਾ | 225-ਬੀ, ਮਖਦੂਮਪੁਰਾ, ਜਲੰਧਰ |
| 6. ਸੰਪਾਦਕ | ਰਘਬੀਰ ਸਿੰਘ |
| 7. ਕੌਮੀਅਤ | ਭਾਰਤੀ |
| 8. ਪਤਾ | 1728, ਸੈਕਟਰ 43-ਬੀ, ਚੰਡੀਗੜ੍ਹ |

ਮੈਂ ਸੁਰਿੰਦਰ ਮੋਹਨ ਸਿੰਘ, ਐਲਾਨ ਕਰਦਾ ਹਾਂ ਕਿ ਉਪਰੋਕਤ ਵੇਰਵਾ ਮੇਰੇ ਗਿਆਨ ਤੇ ਵਿਸ਼ਵਾਸ ਅਨੁਸਾਰ ਸਹੀ ਹੈ।

ਮਿਤੀ: 28 ਫਰਵਰੀ 2021 ਦਸਤਖਤ: ਸੁਰਿੰਦਰ ਮੋਹਨ ਸਿੰਘ, ਪ੍ਰਕਾਸ਼ਕ

ਪ੍ਰਿੰਟਰ, ਪਬਲਿਸ਼ਰ ਤੇ ਮਾਲਕ ਸੁਰਿੰਦਰ ਮੋਹਨ ਸਿੰਘ ਨੇ ਸਿਰਜਣਾ ਪ੍ਰਿੰਟਰਜ਼ ਐਂਡ ਸਟੇਸ਼ਨਰਜ਼, ਸ਼ੋਅਰੂਮ ਨੰਬਰ 443, ਮਟੌਰ, ਸੈਕਟਰ 70, ਮੁਹਾਲੀ ਤੋਂ ਛਪਵਾ ਕੇ 225-ਬੀ, ਮਖਦੂਮਪੁਰਾ, ਜਲੰਧਰ ਤੋਂ ਪ੍ਰਕਾਸ਼ਤ ਕੀਤਾ।

ਸੰਪਾਦਕ: **ਰਘਬੀਰ ਸਿੰਘ** ਪ੍ਰਕਾਸ਼ਨ ਮਿਤੀ: 15 ਅਪਰੈਲ, 2021




'ਸਿਰਜਣਾ' ਦੇ ਪਲੇਠੇ ਅੰਕ (ਜੁਲਾਈ-ਅਗਸਤ-ਸਤੰਬਰ 1965) ਦਾ ਸਰਵਰਕ

**SIRJANA** Literary Punjabi Quarterly Chandigarh
No. 200 ISSN 2455-1058 APRIL-JUNE 2021
Registered with the Registrar of Newspapers for India vide R.N. 10215/65

**ਪ੍ਰਮੁੱਖ ਪ੍ਰੌਗਰੈਸਿਵ ਪੰਜਾਬੀ ਸ਼ਾਇਰ**

# ਗੁਰਚਰਨ ਰਾਮਪੁਰੀ

ਦਾ

(ਧੀਆਂ - ਦੇਵਿੰਦਰ, ਹਰਮੋਹਿੰਦਰ, ਪੁੱਤਰਾਂ - ਜਸਬੀਰ
ਤੇ ਰਵਿੰਦਰ ਰਾਮਪੁਰੀ ਸਮੇਤ) ਸਮੁੱਚਾ ਪਰਿਵਾਰ




**ਨਵਯੁਗ ਪਬਲਿਸ਼ਰਜ਼ ਹੌਜ਼ ਖਾਸ, ਦਿੱਲੀ**

ਪੇਸ਼ ਕਰਨ ਦੇ ਨਾਲ

ਸਾਹਿਤਕ ਤ੍ਰੈਮਾਸਕ ਪੱਤਰ

# ਸਿਰਜਣਾ

ਦੇ

**200ਵੇਂ ਅੰਕ ਦੇ ਪ੍ਰਕਾਸ਼ਨ 'ਤੇ**

**ਪੰਜਾਬੀ ਸਾਹਿਤ ਜਗਤ ਨਾਲ ਖੁਸ਼ੀ ਸਾਂਝੀ ਕਰਦਾ ਹੈ।**